

Original Uploaded by Punjab Archives
Digitized by Punjab Digital Library



Original with;
Punjab
Digitized
Panjab Digital Library.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

PUNJAB VIDHAN SABHA

DEBATES

15th March, 1974

Vol. I—No. 16

OFFICIAL REPORT

Chief Reporter
Punjab Vidhan Sabha
Chandigarh

CONTENTS

Friday, the 15th March, 1974

	PAGE
Starred Questions and Answers ..	(16)1
Walk-out ..	(16)11
Starred Questions and Answers (*Resumption*) ..	(16)11
Written Answers to Starred Questions laid on the Table of the House Under Rule 38. ..	(16)23
Unstarred Question and Answer ..	(16)39
Short Notice Question and Answer ..	(16)43
Questions of Privilege ..	(16)59
Walk-out ..	(16)67
Call Attention Notice Under Rule 66 ..	(16)67
Papers laid on the Table of the House ..	(16)68

Punjab Vidhan Sabha Secretariat, Chandigarh.

Price Re. 1.47-30

Original with;
Punjab Vidhan Sabha
Digitized by;
Panjab Digital Library

Statements laid on the Table of the House in reply to Call-Attention Notices .. (16)68

Motion for the Constitution of the Committee on Welfare of Scheduled Castes and Scheduled Tribes .. (16)80

Adjournment Motions .. (16)83

Presentation of the Committee Reports .. (16)92

Discussion on the 20th Report of the Commissioner for Scheduled Castes and Scheduled Tribes for the year 1970-71 .. (16)92

Short Adjournment of the House .. (16)129

Discussion on the 20th Report of the Commissioner for Scheduled Castes and Scheduled Tribes for the year 1970-71 (*Resumption*) .. (16)129

Motion under Rule 77 .. (16)149

Extension of time of the Sitting .. (16)166

Motion Under Rule 77 (*Resumption of Discussion*) .. (16)168

Appendix I .. (i)

Appendix II .. (i)

Original with:
Punjab Vidhan Sabha
Digitized by:
Panjab Digital Library

PUNJAB VIDHAN SABHA

Friday, the 15th March, 1974

The Vidhan Sabha met in the Punjab Vidhan Sabha Hall, Vidhan Bhavan, Sector—1, Chandigarh, at 9.00 a.m. of the Clock. Mr. Speaker (Doctor Kewal Krishan) in the Chair.

STARRED QUESTIONS AND ANSWERS

PROPOSED LEVY OF PROFESSION TAX IN THE AREA OF PANCHAYAT SAMITI, NAUSHEHRA PANNUAN, DISTRICT AMRITSAR

*2518. **1.Comrade Achhra Singh**
Comrade Satya Pal Dang : Will the Minister for Excise and Taxation be pleased to state whether there is any proposal under the consideration of the Government to levy/impose profession tax in the area of Panchayat Samiti, Naushehra Pannuan in District Amritsar ?

Finance Minister (Shri Hans Raj Sharma) : No please.

[ਨਹੀਂ ਜੀ]

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬ ਇਹ ਦੱਸਣਗੇ ਕਿ ਆਇਆ ਪਹਿਲਾਂ ਕੋਈ ਐਸੀ ਤਜਵੀਜ਼ ਜ਼ੇਰੇ ਗੌਰ ਸੀ ਔਰ ਆਇਆ ਕੋਈ ਇਸ ਦੇ ਬਾਰੇ ਨੋਟੀਫੀਕੇਸ਼ਨ ਵੀ ਇਸ਼ੂ ਕੀਤਾ ਗਿਆ ਸੀ ?

ਵਿੱਤ ਮੰਤਰੀ : ਇਸ ਬਾਰੇ ਕੋਈ ਪ੍ਰੋਪੋਜ਼ਲ ਅੰਡਰ ਕੰਨਸਿਡਰੇਸ਼ਨ ਨਹੀਂ ਹੈ। ਬਾਕੀ ਜੇਕਰ ਕੋਈ ਹੋਰ ਇਨਫਰਮੇਸ਼ਨ ਇਹ ਲੈਣਾ ਚਾਹੁੰਦੇ ਹਨ ਤਾਂ ਉਹ ਮੈਂ ਦਫ਼ਤਰ ਵਿਚੋਂ ਲੈ ਕੇ ਦੱਸ ਦਿਆਂਗਾ ।

ਕਾਮਰੇਡ ਅੱਛਰਾ ਸਿੰਘ : ਸਪੀਕਰ ਸਾਹਿਬ, ਜਿਹੜਾ ਇਹ ਪੇਸ਼ਾ ਟੈਕਸ ਦਾ ਇਨਸੀਡੈਂਸ ਹੈ ਇਹ ਗਰੀਬ ਵਰਗ ਤੇ ਹੀ ਲਗਦਾ ਹੈ । ਇਸ ਗੱਲ ਨੂੰ ਮੱਦੇ ਨਜ਼ਰ ਰਖਦੇ ਹੋਏ ਇਸ ਨੂੰ ਅਬਾਲਿਸ਼ ਕਰਨ ਨੂੰ ਤਿਆਰ ਹਨ ?

ਮੰਤਰੀ : ਇਹ ਤਾਂ ਅਬਾਲਿਸ਼ ਅੱਗੇ ਹੀ ਕੀਤਾ ਹੋਇਆ ਹੈ ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਜਦੋਂ ਇਹ ਟੈਕਸ ਲਗਿਆ ਹੋਇਆ ਸੀ ਉਸ ਸਮੇਂ ਦੇ ਕਈ ਥਾਈਂ ਏਰੀਅਰਜ਼ ਰਹਿੰਦੇ ਹਨ । ਇਹ ਸਮਾਂ ਸੰਨ 1955 ਤੋਂ 1960 ਦਾ ਹੈ । ਉਸ ਸਮੇਂ ਦੇ ਏਰੀਅਰ ਹਨ । ਮੈਂ ਮਨਿਸਟਰ ਸਾਹਿਬ ਨੂੰ ਬੇਨਤੀ ਵੀ ਕਰਨੀ ਚਾਹੁੰਦਾ ਹਾਂ ਔਰ ਪੁੱਛਣਾ ਵੀ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਪੈਸਿਆਂ ਨੂੰ, ਜਿਹੜੇ ਕਿ ਥੋੜ੍ਹੇ ਥੋੜ੍ਹੇ ਹਨ, ਛੱਡਣ ਨੂੰ ਤਿਆਰ ਹਨ, ਕਿਉਂਕਿ ਹੁਣ ਦਸਾਂ ਸਾਲਾਂ ਤੋਂ ਬਾਅਦ ਵੀ ਲੋਕਾਂ ਦੇ ਘਰੀਂ ਨੋਟਿਸ ਲਗਾਏ ਜਾਂਦੇ ਹਨ?

ਮੰਤਰੀ : ਇਹ ਹਾਈਪੋਥੈਟੀਕਲ ਕੁਅਸਚਨ ਹੈ, ਇਸ ਲਈ ਸੇਪਰੇਟ ਨੋਟਿਸ ਦੇ ਦਿਓ।

Original from Punjab Vidhan Sabha
Digitized by Panjab Digital Library

REGULARISATION OF SERVICES OF AD HOC EMPLOYEES IN P.W.D., B. & R.

*1904. **Shri Sardari Lal Kapur**: Will the Minister of State for Public Works be pleased to state whether the services of the employees of Punjab, P.W.D. (B and R)who are at present employed on an *ad hoc* basis, will be regularised; if so, when?

Shri Joginder Pal Pandey: Yes Sir,, shortly.

[ਹਾਂ ਜੀ, ਛੇਤੀ ਹੀ ।]

ਸ਼੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਦਸ ਦਸ ਸਾਲ ਹੋ ਗਏ, ਵੀਹ ਵੀਹ ਸਾਲ ਹੋ ਗਏ, ਔਰ ਇਸ ਦੇ ਮੁਤੱਲਿਕ ਕੋਰਟ ਦਾ ਵੀ ਫੈਸਲਾ ਹੈ, ਇਸ ਲਈ ਮੇਰੀ ਪ੍ਰਾਰਥਨਾ ਹੈ ਕਿ ਇਹ ਮੈਨੂੰ ਸ਼ਾਰਟਲੀ ਦੇ ਲਫ਼ਜ਼ ਦਾ ਮਤਲਬ ਦੱਸ ਦੇਣ ਕਿ ਕੀ ਹੁੰਦਾ ਹੈ ? ਇਨ੍ਹਾਂ ਨੇ ਜਵਾਬ ਵਿਚ ਕਿਹਾ ਹੈ ਕਿ ਸ਼ਾਰਟਲੀ ਰੈਗੂਲਰ ਕਰ ਦਿੱਤੇ ਜਾਣਗੇ ?

ਸ਼੍ਰੀ ਸਪੀਕਰ : ਇਸ ਦਾ ਮਤਲਬ ਤਾਂ ਤੁਹਾਨੂੰ ਵੀ ਪਤਾ ਹੈ, ਤੁਸੀਂ ਸਵਾਲ ਕਰੋ ਜੇਕਰ ਕਰਨਾ ਹੈ । (You also know the meaning of it. You may please put a supplementary, if you so desire.)

ਸ਼੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਮੈਂ ਸਵਾਲ ਹੀ ਕਰਦਾ ਹਾਂ ਕਿ ਕੀ ਇਹ ਇਸ ਕੰਮ ਲਈ ਕੋਈ ਡੇਟ ਫਿਕਸ ਕਰਨਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦਸ ਦੇਵਾਂ ਕਿ ਚੀਫ ਸੈਕਟਰੀ ਸਾਹਿਬ ਵਲੋਂ 29 ਜਨਵਰੀ, 1973 ਨੂੰ ਇਸ ਚੀਜ਼ ਦੇ ਬਾਰੇ ਸਰਕੂਲਰ ਕਰ ਦਿਤਾ ਗਿਆ ਸੀ ਔਰ ਉਸ ਦੇ ਮੁਤਾਬਿਕ ਜਿਨ੍ਹਾਂ ਇੰਪਲਾਈਜ਼ ਦੀਆਂ ਸਰਵਿਸਿਜ਼ ਇਕ ਸਾਲ ਦੀਆਂ ਹੋ ਗਈਆਂ ਸਨ, ਉਨ੍ਹਾਂ ਨੂੰ ਰੈਗੂਲਰ ਕਰ ਦਿਤਾ ਗਿਆ । ਇਸ ਤਰ੍ਹਾਂ 118 ਨੂੰ ਰੈਗੂਲਰ ਕੀਤਾ ਔਰ ਕੁਝ ਨੂੰ ਜੇਕਰ ਕੰਡੀਸ਼ਨਜ਼ ਫੁਲਫਿਲ ਕਰਨਗੇ ਤਾਂ ਕਮੇਟੀ ਪਾਸੋਂ ਕੇਸ ਆਉਣ ਤੇ ਕੀਤਾ ਜਾਵੇਗਾ । ਪਰ 20 ਸਾਲਾਂ ਦਾ ਪੁਰਾਣਾ ਕੋਈ ਕੇਸ ਨਹੀਂ ਹੈ ।

ਸ਼੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਸਰਕੂਲਰ ਦਾ ਰੈਫਰੈਂਸ ਦਿਤਾ ਹੈ ਗੌਰਮਿੰਟ ਨੇ ਜਿਹੜਾ ਫੈਸਲਾ ਕੀਤਾ ਸੀ ਕਿ ਜਿਹੜੇ ਮੁਲਾਜ਼ਮ 1 ਜਨਵਰੀ, 1973 ਨੂੰ ਐਡਹਾਕ ਬੇਸਿਜ਼ ਤੇ ਲਗੇ ਹੋਏ ਹਨ, ਔਰ ਇਕ ਸਾਲ ਦੀ ਸਰਵਿਸ ਪੂਰੀ ਕਰਦੇ ਹਨ, ਉਨ੍ਹਾਂ ਨੂੰ ਰੈਗੂਲਰ ਕਰ ਦਿਤਾ ਜਾਵੇ । ਬੰਦੇ ਤਾਂ, ਸਪੀਕਰ ਸਾਹਿਬ, ਉਹ ਹੀ ਐਡਹਾਕ ਤੇ ਵੀ ਲਗੇ ਹੋਣਗੇ ਜਿਹੜੇ ਕਿ ਕਨਡੀਸ਼ਨਜ਼ ਫੁਲਫਿਲ ਕਰਦੇ ਹੋਣਗੇ । ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਿਤਨੇ ਇੰਪਲਾਈਜ਼ ਟੋਟਲ ਸਨ ਐਡਹਾਕ ਬੇਸਿਜ਼ ਤੇ, ਕਿਤਨੇ ਰੈਗੂਲਰ ਕਰ ਦਿਤੇ ਗਏ, ਔਰ ਕਿਤਨੇ ਰਹਿੰਦੇ ਹਨ, ਔਰ ਜਿਹੜੇ ਰਹਿ ਗਏ ਉਨ੍ਹਾਂ ਦੇ ਕੇਸਿਜ਼ ਨੂੰ ਕਿਤਨੇ ਸਮੇਂ ਵਿਚ ਕਲੀਅਰ ਕਰ ਦਿਉਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਸ਼ਾਇਦ ਮੇਰੇ ਦੋਸਤਾਂ ਨੂੰ ਪੂਰੀ ਇਨਫਰਮੇਸ਼ਨ ਨਹੀਂ ਹੋਵੇਗੀ ਕਿ ਇਹ ਕਿਨ੍ਹਾਂ ਇੰਪਲਾਈਜ਼ ਦੇ ਬਾਰੇ ਹੈ । ਕਿਤਨੇ ਰਹਿੰਦੇ ਹਨ

Original with;
Punjab Vidhan Sabha
Digitized by:
Panjab Digital Library

ਜੇਕਰ ਇਸ ਬਾਰੇ ਵੱਖਰਾ ਸਵਾਲ ਆ ਜਾਂਦਾ ਤਾਂ ਮੈਂ ਇਨ੍ਹਾਂ ਨੂੰ ਫਿੱਗਰਜ਼ ਵੀ ਦੇ ਦਿੰਦਾ । ਜਿਹੜੇ ਮੇਰੇ ਪਾਸ ਫਿੱਗਰਜ਼ ਹਨ ਉਹ ਹਨ 180 ਔਰ ਇਨ੍ਹਾਂ ਤੋਂ ਇਲਾਵਾ 18 ਕਲਰਕ ਹਨ, ਸਟੈਨੋ-ਟਾਈਪਿਸਟਸ ਵਰਕਿੰਗ ਇਨ ਦੀ ਹੈਡਕੁਆਰਟਰਜ਼, ਚਾਰ ਸੈਕਸ਼ਨਲ ਆਫੀਸ਼ਰਜ਼ ਹਨ ਜਿਨ੍ਹਾਂ ਦੇ ਕੇਸਿਜ਼ ਜ਼ੇਰੇਗੌਰ ਹਨ । ਇਸ ਤੋਂ ਇਲਾਵਾ ਕੋਈ ਕੇਸ ਨਹੀਂ ਹੈ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਐਡਹਾਕ ਸਿਸਟਮ ਦੀ ਦੁਰਵਰਤੋਂ ਜਿਹੜੀ ਕਿ ਪਹਿਲਾਂ ਹੇਠਾਂ ਹੁੰਦੀ ਸੀ, ਹੁਣ ਉਹ ਉਪਰ ਵੀ ਚਲ ਪਈ ਹੈ । ਜੂਨ ਔਰ ਜਨਵਰੀ, 1973 ਵਿਚ ਪੀ. ਡਬਲਯੂ. ਡੀ. ਵਿਚ ਸੀਨੀਅਰ-ਮੋਸਟ ਐਸ. ਡੀ. ਓਜ਼ ਨੂੰ ਪ੍ਰੋਮੋਟ ਕਰਨ ਦੀ ਥਾਂ ਜੂਨੀਅਰ ਐਸ. ਡੀ. ਓਜ਼ ਨੂੰ ਪ੍ਰੋਮੋਟ ਕਰਕੇ ਐਕਸ. ਈ. ਐਨ. ਲਗਾਇਆ ਗਿਆ ਹੈ ਜਿਸ ਨਾਲ ਕਿ ਅੱਠ ਹਰੀਜਨਾਂ ਦਾ ਹੱਕ ਮਾਰਿਆ ਗਿਆ ਹੈ । ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਹ ਠੀਕ ਗੱਲ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਡਾਂਗ ਸਾਹਿਬ ਨੂੰ ਕੋਈ ਭੁਲੇਖਾ ਹੈ ਜਾਂ ਉਨ੍ਹਾਂ ਨੂੰ ਕਿਸੇ ਪਾਸਿਉਂ ਰੌਂਗ ਇਨਫਰਮੇਸ਼ਨ ਮਿਲੀ ਹੈ । ਕਿਸੇ ਨਾਲ ਜ਼ਿਆਦਤੀ ਨਹੀਂ ਕੀਤੀ ਗਈ ਔਰ ਨਾਂ ਹੀ ਕਿਸੇ ਨਾਲ ਜ਼ਿਆਦਤੀ ਕਰਨ ਦਾ ਸਵਾਲ ਹੀ ਪੈਦਾ ਹੁੰਦਾ ਹੈ । ਅਗਰ ਕੋਈ ਕੇਸ ਅਜਿਹਾ ਹੋਇਆ ਹੋਵੇ ਤਾਂ ਇਹ ਮੈਨੂੰ ਦੱਸ ਦੇਣ, ਫੌਰੀ ਐਕਸ਼ਨ ਲਿਆ ਜਾਵੇਗਾ ।

ਸਰਦਾਰ ਬਸ਼ੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਜੇਕਰ ਹਰੀਜਨਾਂ ਨਾਲ ਧੱਕਾ ਹੋਇਆ ਤਾਂ ਕੀ ਇਹ ਇਨਕੁਆਇਰੀ ਕਰਵਾਉਣ ਲਈ ਤਿਆਰ ਹਨ ?

ਰਾਜ ਮੰਤਰੀ : ਹਾਂ ਜੀ, ਇਨਕੁਆਇਰੀ ਕਰਵਾਉਣ ਲਈ ਤਿਆਰ ਹਾਂ ਔਰ ਧੱਕਾ ਕਰਨ ਵਾਲੇ ਨੂੰ ਸਜ਼ਾ ਦਿਤੀ ਜਾਵੇਗੀ। (ਵਿਘਨ)

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਇਨ੍ਹਾਂ ਨੇ 13 ਐਕਸ. ਈ.ਐਨ. ਪ੍ਰੋਮੋਟ ਕੀਤੇ ਹਨ, ਕੀ ਇਹ ਗਲ ਠੀਕ ਹੈ ਕਿ ਜਿਹੜੇ ਐਡਹਾਕ ਬੇਸਿਜ਼ ਤੇ ਐਕਸ. ਈ. ਐਨ. ਲਗਾਏ ਗਏ ਹਨ, ਉਨ੍ਹਾਂ ਲਈ ਜਿਹੜੀ ਪਹਿਲਾਂ ਤੇਰ੍ਹਾਂ ਆਦਮੀਆਂ ਦੀ ਲਿਸਟ ਬਣੀ ਸੀ, ਉਹ ਨਹੀਂ ਲਏ ਗਏ ਬਲਕਿ ਲਿਸਟ ਵਿਚੋਂ 68 ਨੰਬਰ ਤਕ ਡਾਇਰੈਕਟ ਲਏ ਗਏ ਹਨ ? ਕੀ ਇਸ ਨਾਲ ਜਿਹੜੇ ਬੰਦੇ ਦਰਮਿਆਨ ਵਿਚੋਂ ਰਹਿ ਗਏ ਹਨ ਉਨ੍ਹਾਂ ਦਾ ਹੱਕ ਨਹੀਂ ਮਾਰਿਆ ਗਿਆ ਕਿਉਂਕਿ ਉਨ੍ਹਾਂ ਨੂੰ ਨਹੀਂ ਲਾਇਆ ਗਿਆ ? ਉਨ੍ਹਾਂ ਨੂੰ ਪ੍ਰੋਮੋਟ ਨਹੀਂ ਕੀਤਾ ਗਿਆ ?

ਰਾਜ ਮੰਤਰੀ : ਸਪੀਕਰ ਸਾਹਿਬ, ਕੋਈ ਵੀ ਪ੍ਰੋਮੋਸ਼ਨ ਨਹੀਂ ਕੀਤੀ ਗਈ ਜਿਸ ਨੂੰ ਕਿ ਇਹ ਪ੍ਰੋਮੋਸ਼ਨ ਸਮਝਦੇ ਹਨ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਫਰਮਾਇਆ ਹੈ ਕਿ ਕਿਸੇ ਸ਼ੈਡਿਊਲਡ ਕਾਸਟ ਐਸ. ਡੀ. ਓ. ਨਾਲ ਬੇਇਨਸਾਫੀ ਨਹੀਂ ਹੋਈ ਔਰ ਨਾਲ ਹੀ ਕਹਿੰਦੇ ਹਨ ਕਿ ਬੇਇਨਸਾਫੀ ਨਹੀਂ ਹੋਣ ਦਿਆਂਗੇ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ 16 ਅਕਤੂਬਰ, 1973 ਨੂੰ ਤੁਹਾਡੇ

Original with;
Punjabi Vidhan Sabha
Panjab Digital Library

ਪੀ.ਡਬਲਯੂ.ਡੀ. ਨੇ ਇਕ ਸਿਨਿਆਰਿਟੀ ਲਿਸਟ ਬਣਾਈ ਹੈ । ਉਸ ਦੇ ਨੰਬਰ ਤਿੰਨ ਤੇ ਸ਼ਮਸ਼ੇਰ ਸਿੰਘ ਹੈ, ਪੰਜਵੇਂ ਤੇ ਭੀਮ ਚੰਦ ਹੈ ਜਿਹੜਾ ਕਿ ਸ਼ੈਡਿਊਲਡ ਕਾਸਟ ਹੈ, ਉਸ ਤੋਂ ਬਾਅਦ 18 ਨੰਬਰ ਤੇ ਜਗਦੀਸ਼ ਚੰਦਰ ਹੈ, ਇਸ ਤਰ੍ਹਾਂ ਅੱਠ ਸ਼ੈਡਿਊਲਡ ਕਾਸਟ ਹਨ ਜਿਨ੍ਹਾਂ ਦੇ ਨਾਮ ਮੈਂ ਦੱਸ ਸਕਦਾ ਹਾਂ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਾਰਨ ਹੈ ਕਿ ਤਿੰਨ ਨੰਬਰ ਦਾ ਸ਼ਡਿਊਲਡ ਕਾਸਟ ਤਾਂ ਐਕਸ. ਈ. ਐਨ. ਨਹੀਂ ਬਣਿਆਂ ਲੇਕਿਨ ਜਿਹੜਾ 63 ਨੰਬਰ ਤੇ ਸ੍ਰੀ ਇੰਦਰ ਸਿੰਘ ਹੈ ਉਸ ਨੂੰ ਬਣਾ ਦਿਤਾ ਹੈ, ਇਸ ਦਾ ਕੀ ਕਾਰਨ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਅਰਜ਼ ਕੀਤੀ ਹੈ ਕਿ ਮੈਂਬਰ ਸਾਹਿਬ ਨੋਟਿਸ ਦੇਣ ਮੈਂ ਜਵਾਬ ਦੇ ਦਿਆਂਗਾ । ਸਪੀਕਰ ਸਾਹਿਬ, ਇਹ ਕੋਈ ਪ੍ਰੋਮੋਸ਼ਨ ਨਹੀਂ ਹੁੰਦੀ ਬਲਕਿ ਕਨਕਰੰਟ ਡਿਊਟੀ ਦਾ ਚਾਰਜ ਹੁੰਦਾ ਹੈ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਪ੍ਰੋਮੋਸ਼ਨ ਨਹੀਂ ਹੁੰਦੀ ਕਨਕਰੰਟ ਡਿਊਟੀ ਚਾਰਜ ਹੁੰਦਾ ਹੈ । ਸਪੀਕਰ ਸਾਹਿਬ, ਜਿਹੜਾ ਬੰਦਾ ਐਕਸ. ਈ. ਐਨ. ਬਣ ਜਾਂਦਾ ਹੈ, ਉਸ ਨੂੰ ਐਕਸ. ਈ.ਐਨ. ਵਾਲੀ ਕੋਠੀ ਮਿਲਦੀ ਹੈ, ਕਾਰ ਮਿਲਦੀ ਹੈ, ਭੱਤਾ ਮਿਲਦਾ ਹੈ, ਔਰ ਦੂਜੇ ਐਕਸ.ਈ.ਐਨ. ਵਾਂਗ ਹੇਰਾ ਫੇਰੀ ਕਰ ਸਕਦਾ ਹੈ, ਉਸ ਨੂੰ ਕਾਨੰਟਰੈਕਟ ਕਰਨ ਦੀ ਪਾਵਰ ਦਿਤੀ ਜਾਂਦੀ ਹੈ। ਫਰਕ ਸਿਰਫ ਇਹ ਹੈ ਕਿ ਇਨ੍ਹਾਂ ਨੇ ਇਕ ਨਵਾਂ ਪ੍ਰੋਸੀਜਰ ਅਡਾਪਟ ਕਰ ਲਿਆ ਹੈ । (ਵਿਘਨ) ਸਪੀਕਰ ਸਾਹਿਬ, ਉਹ ਐਕਸ.ਈ.ਐਨ. ਵਾਲੀਆਂ ਸਾਰੀਆਂ ਹੀ ਡਿਊਟੀਆਂ ਦਿੰਦਾ ਹੈ ।

ਸ੍ਰੀ ਸਪੀਕਰ: ਤੁਸੀਂ ਤਾਂ ਇਨਫਰਮੇਸ਼ਨ ਦੇ ਰਹੇ ਹੋ, ਤੁਸੀਂ ਸਵਾਲ ਕਰੋ। (You are giving the information. Please put the question.)

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਕੁਐਸਚਨ ਹੀ ਕਰਾਂਗਾ ਜੀ ਕਿ ਉਹ ਸਾਰੀਆਂ ਡਿਊਟੀਆਂ ਦਿੰਦਾ ਹੈ ਅਤੇ ਸਾਰੀਆਂ ਡਿਊਟੀਆਂ ਦੇ ਵਾਸਤੇ.....

ਸ੍ਰੀ ਸਪੀਕਰ : ਸੰਧੂ ਸਾਹਿਬ, ਕੋਈ ਸਵਾਲ ਕਰੋ, ਤੁਸੀਂ ਤਾਂ ਇਨਫਰਮੇਸ਼ਨ ਦੇ ਰਹੇ ਹੋ (ਵਿਘਨ) (The hon. Member should put a question. He is giving information.)

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਪੁਛਣਾ ਚਾਹੁੰਦਾ ਹਾਂ ਕਿ ਐਕਸ. ਈ. ਐਨ. ਦੀਆਂ ਸਾਰੀਆਂ ਡਿਊਟੀਆਂ ਅਤੇ ਸਾਰੇ ਅਖਤਿਆਰ ਹਨ । ਇਹ ਨਵਾਂ ਤਰੀਕਾ ਸਿਰਫ ਸ਼ੈਡਿਊਲਡ ਕਾਸਟਾਂ ਨੂੰ ਨੁਕਸਾਨ ਕਰਨ ਵਾਸਤੇ ਅਤੇ ਉਨ੍ਹਾਂ ਨੂੰ ਇਗਨੋਰ ਕਰਨ ਵਾਸਤੇ ਕਢਿਆ ਗਿਆ ਹੈ ।

ਰਾਜ ਮੰਤਰੀ : ਜੇ ਕਿਸੇ ਜ਼ਿਲ੍ਹੇ ਦਾ ਡੀ. ਸੀ. ਛੁੱਟੀ ਚਲਾ ਜਾਵੇ ਤਾਂ ਜਿਹੜਾ ਐਸ.ਡੀ.ਐ ਉਸ ਦੀਆਂ ਡਿਊਟੀਆਂ ਪਰਫਾਰਮ ਕਰਦਾ ਹੈ, ਉਹ ਆਈ. ਏ. ਐਸ. ਨਹੀਂ ਬਣ ਜਾਵੇ ਜਾਂ ਡੀ. ਸੀ. ਨਹੀਂ ਬਣ ਜਾਵੇਗਾ ਸਿਰਫ ਡਿਊਟੀ ਪਰਫਾਰਮ ਕਰਦਾ ਹੈ ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਇਹ ਸਪਲੀਮੈਂਟਰੀ. ਮੇਰੇ ਦੋਸਤ ਕਰ ਹਨ ਇਹ ਹੋਰ ਹੀ ਕਰੀ ਜਾ ਰਹੇ ਹਨ, ਸਵਾਲ ਤਾਂ ਐਡਹਾਕ ਬੇਸਿਜ਼ ਤੇ ਲਗਾਉਣ ਦ ਇਨ੍ਹਾਂ ਨੂੰ ਬੰਦ ਕੀਤਾ ਜਾਵੇ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਇਨ੍ਹਾਂ ਨੂੰ ਬੰਦ ਕਰਨ ਦਾ ਤੁਹਾਡਾ ਅਧਿਕਾਰ ਨਹੀਂ ਹੈ। (ਵਿਘਨ) (The hon. Member has got no right to stop the other hon. Member from speaking) (*Interruption*).

ਸ਼੍ਰੀ ਪ੍ਰੇਮ ਗੁਪਤਾ : ਮੈਂ ਸਪੀਕਰ ਸਾਹਿਬ, ਮਨਿਸਟਰ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਮਹਿਕਮੇ ਵਿਚ ਇਹੋ ਜਿਹੇ ਰੂਲਜ਼ ਹਨ ਕਿ ਜਦੋਂ ਕਲਾਸ ਟੂ ਵਿਚ ਪਰਮੋਸ਼ਨ ਜਾਂ ਡਾਇਰੈਕਟ ਕਿਸੇ ਨੂੰ ਲਿਆ ਜਾਂਦਾ ਹੈ ਤਾਂ ਬੰਦਿਆਂ ਦੀ ਸੀਨੀਆਰੇਟੀ ਕੋਆਰਡੀਨੇਟ ਕਰਦੇ ਹਨ? ਕੀ ਇਹੋ ਜਿਹੀ ਕੰਡੀਸ਼ਨ ਹੈ ਕਿ ਐਕਸ. ਈ. ਐਨ. ਬਣਨ ਵਾਸਤੇ ਸਪੈਸਿਫਿਕ ਨੰਬਰ ਆਫ ਈਯਰਜ਼ ਆਫ ਸਰਵਿਸ ਹੋਣੀ ਜ਼ਰੂਰੀ ਹੈ ? ਕੀ ਜਿਸ ਦੀ ਸੀਨੀਆਰੇਟੀ ਵੀ ਨਾ ਹੋਵੇ ਅਤੇ ਐਕਸਪੀਰੀਐਂਸ ਵੀ ਨਾ ਹੋਵੇ, ਉਨ੍ਹਾਂ ਨੂੰ ਐਕਸ. ਈ. ਐਨ. ਤਾਂ ਨਹੀਂ ਲਗਾਇਆ ਜਾਂਦਾ ?

ਰਾਜ ਮੰਤਰੀ : ਇਹ ਸਵਾਲ ਦੇ ਦੇਣ, ਜਵਾਬ ਦੇ ਦੇਵਾਂਗੇ।

ਸਰਦਾਰ ਦਰਬਾਰਾ ਸਿੰਘ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਠੀਕ ਨਹੀਂ ਕਿ ਜਦੋਂ ਹਰੀਜਨ ਅਫਸਰ ਦੀ ਪਰਮੋਸ਼ਨ ਦੀ ਵਾਰੀ ਆਉਂਦੀ ਹੈ ਤਾਂ ਉਸ ਦੀਆਂ 2—3 ਸਾਲਾਂ ਦੀਆਂ ਰਿਪੋਰਟਾਂ ਖਰਾਬ ਕਰ ਦਿਤੀਆਂ ਜਾਂਦੀਆਂ ਹਨ ਅਤੇ ਇਹ ਪਰਮੋਸ਼ਨ ਨਹੀਂ ਦੇਣ ਦਾ ਬਹਾਨਾ ਬਣਾਇਆ ਜਾਂਦਾ ਹੈ। ਇਸ ਕਰਕੇ ਕੀ ਵਜ਼ੀਰ ਸਾਹਿਬ ਹਰੀਜਨ ਅਫਸਰਾਂ ਦੇ ਇੰਟਰੈਸਟ ਵਿਚ ਇਕ ਹਰੀਜਨਾਂ ਦੀ ਕਮੇਟੀ ਬਣਾਉਣ ਨੂੰ ਤਿਆਰ ਹਨ, ਜਿਸ ਦੇ ਸਰਦਾਰ ਹਰਚੰਦ ਸਿੰਘ ਪ੍ਰਧਾਨ ਹੋਣ ਅਤੇ ਕੇ. ਪੀ. ਸਾਹਿਬ, ਗੁਲਸ਼ਨ ਜੀ ਅਤੇ ਦਾਨਾ ਰਾਮ ਜੀ ਮੈਂਬਰ ਹੋਣ ਤਾਂ ਜੋ ਇਸ ਮਾਮਲੇ ਵਿਚ ਸਭ ਦੀ ਤਸੱਲੀ ਹੋਵੇ ?

ਰਾਜ ਮੰਤਰੀ : ਜਿਹੜਾ ਅਸੈਂਬਲੀ ਵਿਚ ਸਵਾਲ ਆਇਆ ਸੀ, ਉਸ ਦਾ ਜਵਾਬ ਦੇ ਦਿੱਤਾ ਹੈ। ਜੇ ਕੋਈ ਹੋਰ ਇਨਫਰਮੇਸ਼ਨ ਲੈਣੀ ਹੈ ਜਾਂ ਕਿਸੇ ਨਾਲ ਜ਼ਿਆਦਤੀ ਹੋਈ ਹੈ, ਤਾਂ ਨੋਟਿਸ ਦੇ ਦੇਵੋ, ਜਵਾਬ ਦੇ ਦੇਵਾਂਗੇ।

ਕਾਮਰੇਡ ਸੱਤ ਪਾਲ ਡਾਂਗ : ਮਨਿਸਟਰ ਸਾਹਿਬ ਨੇ ਫਰਮਾਇਆ ਹੈ ਕਿ ਐਸ. ਡੀ. ਓ. ਤੇ ਐਕਸ. ਈ. ਐਨ. ਦੀ ਕੋਈ ਪਰਮੋਸ਼ਨ ਨਹੀਂ, ਕਰੰਟ ਡਿਊਟੀ ਜਾਂ ਕਰੰਟ ਚਾਰਜ ਦਿੱਤਾ ਅਤੇ ਕੁਝ ਐਸ. ਡੀ. ਓ. ਐਕਸ. ਈ. ਐਨ. ਲਗਾਏ ਗਏ ਹਨ ਅਤੇ ਕੁਝ ਜੂਨ, 1973 ਵਿਚ ਅਤੇ ਕੁਝ ਜਨਵਰੀ, 1974 ਵਿਚ ਲਗਾਏ ਗਏ ਹਨ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੇ ਕੁਝ ਐਕਸ. ਈ. ਐਨ. ਲਗਾਣੇ ਸਨ, ਤਾਂ ਜੇ ਪਰਮੋਟ ਕਰਦੇ ਤਾਂ ਸੀਨੀਅਰ-ਮੋਸਟ ਐਸ. ਡੀ. ਓ. ਵਿਚੋਂ ਕਰਦੇ। ਕੀ ਇਹ ਇਸ ਕਰਕੇ ਨਹੀਂ ਕੀਤਾ ਗਿਆ ਕਿ ਉਨ੍ਹਾਂ ਦਾ ਹੱਕ ਖੋਹਿਆ ਜਾਵੇ ਅਤੇ ਇਸ ਕਰਕੇ ਜੂਨੀਅਰ ਐਸ. ਡੀ. ਉਜ਼. ਨੂੰ ਲਗਾ ਦਿੱਤਾ ?

ਰਾਜ ਮੰਤਰੀ : ਸਵਾਲ ਜਿਹੜਾ ਇਨ੍ਹਾਂ ਨੇ ਕੀਤਾ ਹੈ, ਮੈਂ ਉਸ ਨੂੰ ਐਗਜ਼ਾਮਿਨ ਵੀ ਕਰ ਲਵਾਂਗਾ। ਡਾਂਗ ਸਾਹਿਬ ਨੂੰ ਮੈਂ ਇਹ ਵੀ ਕਿਹਾ ਹੈ ਕਿ ਜੇ ਕਿਸੇ ਨਾਲ ਕੋਈ ਜ਼ਿਆਦਤੀ ਹੋਈ ਹੋਵੇਗੀ ਤਾਂ ਐਕਸ਼ਨ ਲਵਾਂਗੇ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ-ਅਤੇ ਨਾਲ ਚਾਰਜ ਵੀ ਲਗਾਉਂਦਾ ਹਾਂ— ਕਿ ਸ਼ੈਡਿਊਲਡ ਕਾਸਟਾਂ ਨਾਲ ਜ਼ਿਆਦਤੀ ਹੋਈ ਹੈ ਅਤੇ ਜੇ ਇਹ ਠੀਕ ਨਹੀਂ ਕਰਦੇ ਤਾਂ ਅਸੀਂ ਇਨ੍ਹਾਂ ਨੂੰ ਐਂਟੀ-ਹਰੀਜਨ ਸਮਝਦੇ ਹਾਂ।

Original with;
Punjab Vidhan Sabha
Digitized by:
Panjab Digital Library

ਸ਼੍ਰੀ ਸਪੀਕਰ : ਸੰਧੂ ਸਾਹਿਬ, ਤੁਸੀਂ ਸਵਾਲ ਕਰੋ (ਵਿਘਨ) (The hon. Member may please put a question). (*Interruption*)

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਸਵਾਲ ਹੀ ਕਰ ਰਿਹਾ ਹਾਂ.....

ਸ਼੍ਰੀ ਸਪੀਕਰ : ਤੁਸੀਂ ਜਦੋਂ ਖੜੇ ਹੁੰਦੇ ਹੋ ਕੁਝ ਨਾ ਕੁਝ ਝਗੜਾ ਕਰ ਲੈਂਦੇ ਹੋ। (Whenever the hon. Member rises to speak, he creates some trouble.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਨ੍ਹਾਂ ਨੂੰ ਸਨੱਬ ਕੀਤਾ ਜਾਵੇ। (ਵਿਘਨ)

ਸਰਦਾਰ ਹਰਚੰਦ ਸਿੰਘ : ਤੁਸੀਂ ਬੁਲੀ ਕਿਉਂ ਕਰਦੇ ਹੋ ? (ਵਿਘਨ)

Mr. Speaker : Order please.

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਕਿ ਡੀ.ਸੀ. ਜੇ ਛੁਟੀ ਤੇ ਜਾਵੇ ਤਾਂ ਐਸ.ਡੀ.ਓ. ਉਸ ਦੀ ਜਗ੍ਹਾ ਲਗਦਾ ਹੈ। ਜਦੋਂ ਡੀ.ਸੀ. ਛੁੱਟੀ ਜਾਵੇ ਤਾਂ ਸੀਨੀਅਰ-ਮੋਸਟ ਐਸ.ਡੀ.ਓ. ਉਸ ਦੀ ਥਾਂ ਲਗਦਾ ਹੈ ਜਾਂ ਉਸ ਦੇ ਮੁਕਾਬਲੇ ਦਾ ਅਫਸਰ ਲਗਦਾ ਹੈ, ਜੂਨੀਅਰ-ਮੋਸਟ ਨੂੰ ਕਿਤੇ ਨਹੀਂ ਲਗਾਇਆ ਜਾਂਦਾ, ਤਹਿਸੀਲਦਾਰ ਨੂੰ ਡੀ. ਸੀ. ਦੀ ਜਗ੍ਹਾ ਨਹੀਂ ਲਗਾਇਆ ਜਾਂਦਾ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਸ਼ੈਡਿਊਲਡ ਕਾਸਟਾਂ ਦੇ ਅਫਸਰ ਨੰਬਰ 3, 4 ਅਤੇ 11 ਤੇ ਹਨ, ਇਨਾਂ ਨੂੰ ਕਿਉਂ ਨਹੀਂ ਲਗਾਇਆ ਗਿਆ ?

ਰਾਜ ਮੰਤਰੀ : ਸਵਾਲ ਦੇ ਦੇਵੋ, ਜਵਾਬ ਦੇ ਦੇਵਾਂਗੇ। ਕਿਸੇ ਸ਼ੈਡਿਊਲਡ ਕਾਸਟ ਨਾਲ ਕੋਈ ਜ਼ਿਆਦਤੀ ਨਹੀਂ ਹੋਈ ਅਤੇ ਇਸ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਇਸ ਗੱਲ ਦੀ ਮੈਂ ਤਸੱਲੀ ਕਰਵਾ ਸਕਦਾ ਹਾਂ। ਅਕਾਲੀ ਪਾਰਟੀ ਦੇ ਡਿਪਟੀ ਲੀਡਰ ਨੇ ਕਿਹਾ ਕਿ ਹਰੀਜਨਾਂ ਨਾਲ ਜ਼ਿਆਦਤੀ ਕੀਤੀ ਗਈ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਾਂਗਰਸ ਤਾਂ ਹਰੀਜਨਾਂ ਅਤੇ ਬੈਕਵਰਡ ਕਲਾਸਾਂ ਨਾਲ ਹਮੇਸ਼ਾ ਹੀ ਪਿਆਰ ਕਰਦੀ ਰਹੀ ਹੈ ਅਤੇ ਹੋਰ ਜ਼ਿਆਦਾ ਪਿਆਰ ਕਰਦੀ ਰਹੇਗੀ। (ਵਿਘਨ)

ਸ਼੍ਰੀ ਸਪੀਕਰ : ਗੁਲਸ਼ਨ ਜੀ ਅਗਲਾ ਸਵਾਲ ਕਰੋ ਜੀ। (ਵਿਘਨ) (ਸ਼ੋਰ) (Sardar Dhanna Singh Gulshan, please put the next question.) (*Interruption*) (*Noise*)

(ਇਸ ਵੇਲੇ ਸੰਧੂ ਸਾਹਿਬ ਅਤੇ ਹੋਰ ਕਈ ਮੈਂਬਰ ਸਪਲੀਮੈਂਟਰੀ ਸਵਾਲ ਕਰਨ ਲਈ ਖੜੇ ਹੋ ਗਏ)

Original with;
Punjab Vidhan Sabha
Digitized by
Panjab Digital Library

ਸ਼੍ਰੀ ਸਪੀਕਰ : ਹੁਣ ਅਗਲਾ ਸਵਾਲ ਚਲਣਾ ਚਾਹੀਦਾ ਹੈ । ਸੰਧੂ ਸਾਹਿਬ, ਕਾਫੀ ਸਪਲੀਮੈਂਟਰੀਜ਼ ਹੋ ਚੁਕੀਆਂ ਹਨ । ਬਾਦਲ ਸਾਹਿਬ ਵੀ ਬੈਠੇ ਹਨ, ਕਿੰਨੀਆਂ ਸਪਲੀਮੈਂਟਰੀਜ਼ ਹੋ ਚੁਕੀਆਂ ਹਨ । ਇਹ ਇਨ੍ਹਾਂ ਤੋਂ ਪੁਛ ਲਵੋ । (Sandhu Sahib now, we may take up the next question. Sufficient number of supplementary questions have been put on this question. Shri Badal has been present here and you can enquire from him the number of supplementary questions put on this question.)

ਸਰਦਾਰ ਧੰਨਾ ਸਿੰਘ ਗੁਲਸ਼ਨ : ** **

ਸਰਦਾਰ ਅਜਾਇਬ ਸਿੰਘ ਸੰਧੂ : ** **

ਕਈ ਮਾਨਯੋਗ ਮੈਂਬਰ : ** **

ਸ਼ੀ ਸਪੀਕਰ : ਇਹ ਜਿਹੜੇ ਮੈਂਬਰ ਬਗੈਰ ਚੇਅਰ ਦੀ ਇਜਾਜ਼ਤ ਦੇ ਬੋਲ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ । (ਵਿਘਨ) ਜੇ ਲੀਡਰ ਸਾਹਿਬਾਨ ਚਾਹੁੰਦੇ ਹਨ ਤਾਂ ਇਕ ਦੋ ਸਪਲੀਮੈਂਟਰੀਜ਼ ਹੋਰ ਪੁਛ ਲਈਆਂ ਜਾਣ । (Whatever is being said by the hon. Members should not be recorded. If the Party Leaders desire then a few supplementaris may be allowed.)

आचार्य पृथवी सिंह आजाद : मंत्री जी ने हाऊस में जवाब देते हुए फरमाया है कि एड-हाक बेसिज़ पर जो प्रोमोशन्ज़ हुई हैं, उन को करंट चार्जिज दिए गए हैं और उन्हों ने मिसाल दी कि अगर डी. सी. कुछ दिन कीछुट्टी पर चला जाए तो ऐस. डी. ऐम. उस का चार्ज ले लेता है । I fully agree with it but I would like to know from the hon. Minister as to who are those S.D.Os. and where were they working before their promotion as XENs ?

Sardar Ajaib Singh Sandhu : Nowhere.

ਰਾਜ ਮੰਤਰੀ : ਜਿਹੜੀਆਂ ਐਡਹਾਕ ਪਰੋਮੋਸ਼ਨਜ਼ ਹਨ, ਇਨ੍ਹਾਂ ਨੂੰ ਟੈਂਪਰੇਰੀ ਤੌਰ ਤੇ ਚਾਰਜ ਦਿਤੇ ਗਏ ਹਨ ਅਤੇ ਇਹ ਪਰੋਮੋਸ਼ਨ ਨਹੀਂ ਹੈ ਅਤੇ ਇਹ ਪਰਮਾਨੈਂਟ ਨਹੀਂ ਹਨ, ਇਸ ਵਿਚ ਪਰਮੋਸ਼ਨ ਦਾ ਸਵਾਲ ਪੈਦਾ ਨਹੀਂ ਹੁੰਦਾ । ਇਸ ਬਾਰੇ ਹਾਊਸ ਦੇ ਅੰਦਰ ਵੀ ਸਵਾਲ ਆਇਆ ਅਤੇ ਮੈਂ ਇਹ ਕਿਹਾ ਹੈ ਕਿ ਜੇ ਕੋਈ ਜ਼ਿਆਦਤੀ ਹੋਈ ਹੋਵੇ ਤਾਂ ਮੇਰੇ ਨੋਟਿਸ ਵਿਚ ਲਿਆਈ ਜਾਵੇ, ਉਸ ਤੇ ਐਕਸ਼ਨ ਲਵਾਂਗੇ ।

(ਕਈ ਮਾਨਯੋਗ ਮੈਂਬਰਾਂ ਵਲੋਂ ਵਿਘਨ)

**Not recorded as ordered by the Chair.

Original with;
Punjab Vidhan Sabha
Digitized by
Panjab Digital Library

ਸ਼੍ਰੀ ਸਪੀਕਰ : ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਕੋਈ ਜ਼ਿਆਦਤੀ ਨਹੀਂ ਹੋਈ ਅਤੇ ਇਸ ਗਲ ਨੂੰ ਦੋਬਾਰਾ ਵੀ ਵੇਖ ਲੈਣਗੇ । (The hon. Minister has said that no injustice has been done to anybody and that he will again examine the matter.)

ਸਰਦਾਰ ਧੰਨਾ ਸਿੰਘ ਗੁਲਸ਼ਨ : ਹਰ ਇਕ ਡਿਪਾਰਟਮੈਂਟ ਵਿਚ, ਪੁਲਿਸ, ਐਜੂਕੇਸ਼ਨ ਅਤੇ ਬਾਕੀ ਜਿਹੜੇ ਕਿੰਨੇ ਹੀ ਮਹਿਕਮੇ ਹਨ, ਉਨ੍ਹਾਂ ਵਿਚ 2, 3 ਨੰਬਰ ਵਾਲੇ ਹਰੀਜਨਾਂ ਨੂੰ ਨਹੀਂ ਲਿਆ ਅਤੇ ਉਨ੍ਹਾਂ ਨੂੰ ਛਡ ਕੇ 10, 15 ਨੰਬਰ ਵਾਲਿਆਂ ਨੂੰ ਪਰਮੋਟ ਕਰ ਦਿਤਾ ਹੈ । ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬ ਕੋਈ ਪਛੜੀਆਂ ਜਾਤੀਆਂ ਦੇ ਮੈਂਬਰਾਂ ਦੀ ਇਕ ਕਮੇਟੀ ਦੀ ਨਿਯੁਕਤੀ ਕਰਨ ਨੂੰ ਤਿਆਰ ਹਨ, ਜਿਹੜੀ ਕਿ ਇਹ ਖੋਜ ਕਰ ਸਕੇ ਕਿ ਕਿਨ੍ਹਾਂ ਕਿਨ੍ਹਾਂ ਨਾਲ ਬੇਇਨਸਾਫੀ ਹੋਈ ਹੈ ?

ਰਾਜ ਮੰਤਰੀ : ਇਹ ਸਵਾਲ ਪੈਦਾ ਨਹੀਂ ਹੁੰਦਾ ।

ਸਰਦਾਰ ਦਰਸ਼ਨ ਸਿੰਘ ਕੇ.ਪੀ. : ਸਪੀਕਰ ਸਾਹਿਬ, ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਜੇ ਬੇਇਨਸਾਫੀ ਹੋਈ ਮੈਂ ਇਨਕੁਆਇਰੀ ਕਰਾਂਗਾ, ਅਸੀਂ ਕਹਿੰਦੇ ਹਾਂ ਕਿ ਜਿਸ ਨੇ ਲਗਾਏ ਉਸ ਨੇ ਬੇਇਨਸਾਫੀ ਕੀਤੀ । ਜੇ ਮਨਿਸਟਰ ਸਾਹਿਬ ਨੇ ਹੀ ਲਗਾਏ ਹੋਣ ਤਾਂ ਫੇਰ ਕੌਣ ਇਨਕੁਆਇਰੀ ਕਰੇਗਾ ?

ਰਾਜ ਮੰਤਰੀ : ਹੋਰ ਮੰਤਰੀ ਹਨ, ਸੀ.ਐਮ. ਸਾਹਿਬ ਹਨ, ਸਭ ਕਰ ਸਕਦੇ ਹਨ, ਜੇ ਮੇਰੀ ਕੋਈ ਗਲਤੀ ਹੋਵੇ ।

ਸਰਦਾਰ ਦਰਸ਼ਨ ਸਿੰਘ ਕੇ.ਪੀ. : ਇਹ ਮਨਿਸਟਰ ਸਾਹਿਬ ਦੀ ਜ਼ਿਮੇਵਾਰੀ ਹੈ, ਜਿਹੜੇ ਉਨ੍ਹਾਂ ਦੀ ਮਰਜ਼ੀ ਨਾਲ ਲਗੇ ਹਨ । ਕੀ ਉਹ ਦਸ ਸਕਦੇ ਹਨ ਸੌਦਾ ਜੋ ਕੀਤਾ ਉਹ ਕਿਸ ਕਿਸਮ ਦਾ ਸੀ ?

ਵਿਦਿਆ ਮੰਤਰੀ : ਸਾਡੇ ਨੋਟਿਸ ਵਿਚ ਕੋਈ ਐਸੀ ਗਲ ਨਹੀਂ ਆਈ । .. .. (ਵਿਘਨ)

ਸਰਦਾਰ ਹਰਚੰਦ ਸਿੰਘ : ਆਈ ਹੈ । (ਸ਼ੋਰ)

ਵਿਦਿਆ ਮੰਤਰੀ : ਜੇ ਉਹ ਕਹਿੰਦੇ ਹਨ ਕਿ ਆਈ ਹੈ, ਮੈਂ ਕਹਾਂਗਾ ਕਿ ਅਸੀਂ ਇਸ ਮੈਟਰ ਨੂੰ ਲੁਕ ਇਨਟੂ ਕਰ ਰਹੇ ਹਾਂ, ਜੇ ਵਿਤਕਰਾ ਹੋਇਆ ਜਾਂ ਬੇਇਨਸਾਫੀ ਹੋਈ ਤਾਂ ਅਸੀਂ ਦੂਰ ਕਰਾਂਗੇ । (ਸ਼ੋਰ)

ਸ਼੍ਰੀ ਸਪੀਕਰ : ਸਮੇਂ ਬਾਰੇ ਮੇਰੀ ਲੀਡਰਜ਼ ਨਾਲ ਗਲ ਹੋਈ ਸੀ । ਕੀ ਮੈਂਬਰਜ਼ ਇਸੇ ਤਰ੍ਹਾਂ ਹੀ ਟਾਈਮ ਇਸਤੇਮਾਲ ਕਰਨ ਦਾ ਵਿਚਾਰ ਕਰਦੇ ਹਨ ਕਿਉਂਕਿ ਬਾਰ ਬਾਰ ਇਕੋ ਸਵਾਲ ਤੇ ਸਪਲੀਮੈਂਟਰੀ ਕੀਤੇ ਜਾ ਰਹੇ ਹਨ । (I had a talk with the party leaders about earmarking of the time of the House. Would the hon. Members like to devote the entire question hour to the putting of supplementary questions concerning a single question ?)

Original with;
Punjab Vidhan Sabha
Digitized by;
Panjab Digital Library

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੇਰੀ ਰਿਕੁਐਸਟ ਹੈ ਕਿ ਜੇ ਕੋਈ ਇਮਪਾਰਟੈਂਟ ਕੁਐਸਚਨ ਹੋਵੇ ਅਤੇ ਉਸ ਤੇ ਦੋ ਮਿੰਟ ਜੇ ਵਧ ਵੀ ਲਗ ਜਾਣ ਤਾਂ ਇਸ ਵਿਚ ਕੋਈ ਹਰਜ ਨਹੀਂ।

ਸ੍ਰੀ ਪਿਆਰਾ ਰਾਮ ਧਨੋਵਾਲੀ: ਸਪੀਕਰ ਸਾਹਿਬ, ਇਹ ਆਮ ਗਲ ਹੈ ਕਿ ਸ਼ੈਡਿਊਲਡ ਕਾਸਟ ਐਂਪਲਾਈਜ਼ ਦਾ ਸੀਨੀਅਰ ਆਫੀਸਰ ਰਿਕਾਰਡ ਖਰਾਬ ਕਰ ਦੇਂਦੇ ਹਨ। .. .. (ਵਿਘਨ)

ਸ੍ਰੀ ਸਪੀਕਰ : ਇਹ ਸਵਾਲ ਐਡਹਾਕ ਬੇਸਿਜ਼ ਤੇ ਲਗੇ ਇਮਪਲਾਈਜ਼ ਆਫ ਦੀ ਪੀ. ਡਬਲੀਉ. ਡੀ. ਬਾਰੇ ਹੈ, ਤੁਸੀਂ ਇਸ ਤੇ ਗਲ ਕਰ ਸਕਦੇ ਹੋ। (You can refer to the question which relates to the employees of the P. W. D. employed on ad-hoc basis.)

ਸ੍ਰੀ ਪਿਆਰਾ ਰਾਮ ਧੰਨੋਵਾਲੀ : ਮੈਂ ਉਥੇ ਹੀ ਆਉਂਦਾ ਹਾਂ, ਮੈਂ ਕਹਾਂਗਾ ਕਿ ਰੀਕਾਰਡ ਠੀਕ ਕਰਨ ਜੇ ਕੋਈ ਗਲ ਹੈ ਜਿਥੇ ਐਮਪਲਾਈਜ਼ ਦਾ ਰੀਕਾਰਡ ਸੈਟਿਸਫੈਕਟਰੀ ਹੋਵੇ ਉਸ ਨੂੰ ਗੁਡ, ਗੁਡ ਨੂੰ ਵੈਰੀ ਗੁਡ ਅਤੇ ਵੈਰੀ ਗੁਡ ਨੂੰ ਬੈਸਟ ਸਮਝ ਲਿਆ ਜਾਵੇ। ਕੀ ਸਰਕਾਰ ਦੀਆਂ ਕੋਈ ਇਸ ਤਰ੍ਹਾਂ ਦੀਆਂ ਹਦਾਇਤਾਂ ਹਨ।

(ਕੋਈ ਜਵਾਬ ਨਹੀਂ ਦਿਤਾ ਗਿਆ)

ਸਰਦਾਰ ਹਰਚੰਦ ਸਿੰਘ : ਸਪੀਕਰ ਸਾਹਿਬ, ਪਾਂਡੇ ਸਾਹਿਬ ਨੇ ਫਰਮਾਇਆ ਹੈ ਕਿ ਜਿਹੜਾ ਐਕਸ. ਈ. ਐਨ. ਲਾਇਆ ਹੈ ਅਸੀਂ ਠੀਕ ਲਾਇਆ ਹੈ ਕਿਸੇ ਨਾਲ ਕੋਈ ਬੇਇਨਸਾਫੀ ਨਹੀਂ ਕੀਤੀ। ਮੈਂ ਸਿਧੂ ਸਾਹਿਬ ਨੂੰ ਜਿਹੜਾ ਕਿ 3 ਨੰਬਰ ਤੇ ਹੈ ਅਤੇ ਉਹ ਬੈਕਵਰਡ ਕਲਾਸਿਜ਼ ਦਾ ਹੈ, ਮਨਿਸਟਰ ਸਾਹਿਬ ਕੋਲ ਲੈ ਕੇ ਗਿਆ ਕਿ ਇਸ ਨੂੰ ਲਾਉ। ਇਹ ਹੁਣ ਮੈਨੂੰ ਦਸਣ ਕਿ ਉਹ ਕਿਉਂ ਇਗਨੋਰ ਕੀਤਾ ਗਿਆ ? ਉਦੋਂ ਸਾਡੀ ਪੁਕਾਰ ਕਿਸੇ ਨੇ ਨਹੀਂ ਸੁਣੀ। ਹੁਣ ਇਹ ਕਹਿੰਦੇ ਹਨ ਕਿ ਸਾਨੂੰ ਕੋਈ ਪਤਾ ਨਹੀਂ।

ਸ੍ਰੀ ਸਪੀਕਰ : ਇਸ ਤਰ੍ਹਾਂ ਦੇ ਸਵਾਲ ਲਈ ਨੋਟਿਸ ਆਉਣਾ ਚਾਹੀਦਾ ਹੈ। (Notice is required for such a question.)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਇਸ ਲਿਸਟ ਵਿਚ 78 ਆਦਮੀਆਂ ਦੇ ਨਾਉਂ ਹਨ ਜੋ ਨਿਯੁਕਤ ਕੀਤੇ ਗਏ ਹਨ। ਕੀ ਵਜ਼ੀਰ ਸਾਹਿਬ ਦਸਣਗੇ ਕਿ 13 ਬਦਿਆਂ ਵਿਚੋਂ ਸੀਨੀਆਰਟੀ ਦੇ ਲਿਹਾਜ਼ ਨਾਲ 11 ਬੰਦੇ ਕਿਉਂ ਇਗਨੋਰ ਕੀਤੇ ਗਏ।

ਰਾਜ ਮੰਤਰੀ : ਜੋ ਸਵਾਲ ਆਇਆ ਹੈ ਉਸ ਦਾ ਜਵਾਬ ਦੇ ਦਿਤਾ ਹੈ। ਇਹ ਸਪਲੀਮੈਂਟਰੀ ਉਸ ਵਿਚੋਂ ਪੈਦਾ ਨਹੀਂ ਹੁੰਦਾ।

ਸਰਦਾਰ ਪਰਕਾਸ਼ ਸਿੰਘ ਬਾਦਲ : ਇਸ ਸਵਾਲ ਦੇ ਬਾਰੇ ਦੋਵਾਂ ਸਾਈਡਾਂ ਤੋਂ ਕਾਫੀ ਪੁਛ ਗਿਛ ਕੀਤੀ ਜਾ ਰਹੀ ਹੈ, ਕੀ ਸਰਕਾਰ ਇਸ ਸਿਲਸਿਲੇ ਵਿਚ ਐਮ.ਐਲ.ਏਜ਼. ਦੀ ਕਮੇਟੀ ਬਣਾ ਕੇ ਕੋਈ ਇਨਕੁਆਇਰੀ ਕਰਾਉਣ ਲਈ ਤਿਆਰ ਹੋਵੇਗੀ ?

Original with;
Punjab Vidhan Sabha
Digitized by
Panjab Digital Library

ਮਾਲ ਮੰਤਰੀ : ਇਸ ਹਾਊਸ ਦੀ ਜੋ ਬੈਠਕ ਹੋ ਰਹੀ ਹੈ ਇਹ ਐਮ.ਐਲ.ਏਜ਼. ਦੀ ਇਕ ਕਮੇਟੀ ਹੈ ਹੋਰ ਕੀ ਚਾਹੁੰਦੇ ਹੋ ? (ਹਾਸਾ) (ਸ਼ੋਰ)

ਕਈ ਮਾਨਯੋਗ ਮੈਂਬਰ : ** **

ਸ਼੍ਰੀ ਸਪੀਕਰ : ਜੋ ਕੁਝ ਵੀ ਆਨਰੇਬਲ ਮੈਂਬਰ ਸਾਹਿਬਾਨ ਚੇਅਰ ਦੀ ਪਰਮਿਸ਼ਨ ਤੋਂ ਬਗੈਰ ਕਹਿ ਰਹੇ ਹਨ, ਉਹ ਰੀਕਾਰਡ ਨਾ ਕੀਤਾ ਜਾਵੇ । (Whatever is being said without the permission of the Chair, should not be recorded.)

ਚੌਧਰੀ ਸੁੰਦਰ ਸਿੰਘ : ਮੈਂ, ਸਪੀਕਰ ਸਾਹਿਬ, ਤੁਹਾਡੀ ਮਾਰਫਤ .. .. ਮਾਰਫਤ ਕੀ ਮੈਂ ਤੰਗ ਬੜਾ ਹਾਂ (ਹਾਸਾ) ਇਹ ਸਵਾਲ ਦੇ ਜਿਹੜੇ ਜਵਾਬ ਮਿਲੇ ਹਨ ਕਿ ਰਿਕਾਰਡ ਵੀ ਠੀਕ ਹੈ, ਸਭ ਕੁਝ ਠੀਕ, ਫੇਰ ਮਨਿਸਟਰ ਸਾਹਿਬ, ਸ਼ੈਡਿਊਲਡ ਕਾਸਟਸ ਦੇ ਕਿਉਂ ਮਗਰ ਪਏ ਹੋਏ ਹਨ, ਸਰੀਹਨ ਇਗਨੋਰ ਕੀਤਾ ਹੈ । ਇਨਕੁਆਇਰੀ ਕੀ ਕਰਾਉਣੀ ਹੈ, ਸਰਕਾਰ ਝਟ-ਪਟ ਉਸ ਆਦਮੀ ਦੇ ਖਿਲਾਫ ਐਕਸ਼ਨ ਕਿਉਂ ਨਹੀਂ ਲੈਂਦੀ ਜਿਸ ਨੇ ਇਸ ਤਰ੍ਹਾਂ ਦੀ ਗਲ ਕੀਤੀ ਹੈ ।

ਰਾਜ ਮੰਤਰੀ : ਇਸ ਸਵਾਲ ਦੇ ਮੁਤਾਲਿਕ ਜੋ ਮੈਂ ਇਨਫਰਮੇਸ਼ਨ ਹਾਸਲ ਕੀਤੀ ਉਹ ਸਾਰੀ ਹਾਊਸ ਦੇ ਸਾਹਮਣੇ ਰਖ ਦਿਤੀ । ਮੈਂ ਇਸ ਮੁਆਮਲੇ ਨੂੰ ਹੋਰ ਜ਼ਿਆਦਾ ਬਹਿਸ ਦਾ ਮੌਜੂ ਨਹੀਂ ਬਣਾਉਣਾ ਚਾਹੁੰਦਾ । ਹੋ ਸਕਦਾ ਹੈ ਕਿਸੇ ਦਾ ਰਿਕਾਰਡ ਚੰਗਾ ਹੋਵੇ, ਹੋ ਸਕਦਾ ਹੈ ਕਿਸੇ ਦਾ ਰਿਕਾਰਡ ਮਾੜਾ ਹੋਵੇ । ਮੈਂ ਇਸ ਬਾਰੇ ਇਨਕੁਆਇਰੀ ਕਰ ਸਕਦਾ ਹਾਂ, ਪਰ ਇਹ ਕਹਾਂਗਾ ਕਿ ਜ਼ਿਆਦਤੀ ਕਿਸੇ ਦੇ ਨਾਲ ਨਹੀਂ ਹੋਈ ।

(ਇਸ ਵਕਤ ਕਈ ਮਾਨਯੋਗ ਮੈਂਬਰ ਸਪਲੀਮੈਂਟਰੀ ਕਰਨ ਲਈ ਖੜੇ ਹੋ ਗਏ) (ਸ਼ੋਰ)

Mr. SPeaker : No more supplementaries, please. ਮੈਂ ਆਨਰੇਬਲ ਮੈਂਬਰਜ਼ ਨੂੰ ਬੇਨਤੀ ਕਰਾਂਗਾ ਕਿ ਇਸ ਸਵਾਲ ਤੇ ਬਹਿਸ ਚਲਦੀ ਨੂੰ ਲਗਭਗ ਅੱਧਾ ਘੰਟਾ ਹੋ ਗਿਆ ਹੈ । ਮਨਿਸਟਰ ਸਾਹਿਬ ਨੇ ਇਨਕੁਆਇਰੀ ਦਾ ਯਕੀਨ ਵੀ ਦਵਾਇਆ ਹੈ । ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਕੋਈ ਬੇਜ਼ਾਬਤੀ ਦੀ ਗਲ ਨਹੀਂ ਹੋਣ ਦੇਵਾਂਗੇ । ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਹੋਰ ਸਪਲੀਮੈਂਟਰੀਜ਼ ਨਾ ਕੀਤੇ ਜਾਣ । ਅਪਣੀ ਸੀਟਸ ਰਿਜ਼ੀਉਮ ਕਰੋ । (No more supplementaries, please. I will submit to the Hon'ble Members, that discussion on this question has been going on for the last half an hour. The Minister concerned has assured that an enquiry in the matter would be held. He has also stated that no illegality would be tolerated. Please resume your seats now.)

**Not recorded as ordered by the Chair.

Original from
Punjab Vidhan Sabha
Digitized by
Panjab Digital Library

STARRED QUESTION No. 2098

(ਇਸ ਵੇਲੇ ਸਵਾਲ ਨੰ: 2098 ਕਾਲ ਕੀਤਾ ਗਿਆ ਪਰ ਮੈਂਬਰ ਸਾਹਿਬ ਨੇ ਪੇਸ਼ ਨਾ ਕੀਤਾ ।)

ਸ਼੍ਰੀ ਸਪੀਕਰ : ਗੁਲਸ਼ਨ ਜੀ ਜੇ ਤੁਸੀਂ ਆਪਣਾ ਸਵਾਲ ਨਹੀਂ ਕਰਨਾ ਚਾਹੁੰਦੇ ਤਾਂ 2098 ਦੀ ਬਜਾਏ ਮੈਂ 2220 ਨੰਬਰ ਕਾਲ ਕਰਦਾ ਹਾਂ । (Sardar Dhanna Singh Gulshan, if you do not want to put question No. 2098, then I call the next question No. 2220.)

(ਅਕਾਲੀ ਬੈਂਚਾਂ ਤੋਂ ਸ਼ੋਰ)

WALK OUT

(ਇਸ ਵੇਲੇ ਨਾਹਰੇ ਲਾਉਂਦੇ ਹੋਏ ਅਕਾਲੀ ਪਾਰਟੀ ਦੇ ਸਾਰੇ ਹਾਜ਼ਰ ਮੈਂਬਰ ਸਦਨ ਵਿਚੋਂ ਵਾਕ ਆਉਟ ਕਰ ਗਏ । ** ** **)

ਸ਼੍ਰੀ ਸਪੀਕਰ : ਜੋ ਕੁਝ ਵੀ ਆਨਰੇਬਲ ਮੈਂਬਰਜ਼ ਬੋਲ ਰਹੇ ਹਨ, ਚੇਅਰ ਦੀ ਪਰਮਿਸ਼ਨ ਤੋਂ ਬਗੈਰ ਇਹ ਰੀਕਾਰਡ ਨਾ ਕੀਤਾ ਜਾਵੇ । (Whatever is being said without the permission of the Chair, should not be recorded.)

STARRED QUESTIONS AND ANSWERS (*Resumption*)

ROPAR—PATHANKOT ROAD

*2220. **Master Dalip Chand :** Will the Minister of State for Public Works be pleased to state whether it is a fact that Ropar—Pathankot road has been declared as a National Highway; if so, the time by which the construction of the said road is likely to be started together with the time by which the portion of the said road from Ropar to Garhshankar will be completed ?

Shri Joginder Pal Pandey : (a) Ropar—Hoshiarpur—Dasuya road has been recommended to be declared as National Highway but final decision from Govt. of India has not been received as yet. Dasuya-Pathankot road is already a part of National Highway No. 1-A i.e. Jullundur-Pathankot Road.

**Not recorded as ordered by the Chair.

Original with;
Punjab Vidhan Sabha
Digitized by
Panjab Digital Library

[Minister of State for Public Works]

(b) Ropar—Hoshiarpur—Tanda road has been included under the Strategic Road scheme to be financed by Govt. of India. The estimates for widening and strengthening of Ropar—Balachaur, Balachaur—Garhshankar and Hoshiarpur—Tanda have recently been received from Govt. of India duly approved. It is expected that widening and strengthening of above Sections is likely to be completed by the end of March, 1976 subject to the availability of funds from Government of India.

[(ੳ) ਰੋਪੜ—ਹੁਸ਼ਿਆਰਪੁਰ—ਦਸੂਆ ਸੜਕ ਨੂੰ ਕੌਮੀ ਸੜਕ ਡਿਕਲੇਅਰ ਕਰਨ ਲਈ ਭਾਰਤ ਸਰਕਾਰ ਨੂੰ ਸਿਫਾਰਸ਼ ਕੀਤੀ ਗਈ ਹੈ ਪਰ ਅਜੇ ਤਕ ਭਾਰਤ ਸਰਕਾਰ ਵਲੋਂ ਕੋਈ ਫੈਸਲਾ ਨਹੀਂ ਪ੍ਰਾਪਤ ਹੋਇਆ । ਦਸੂਹਾ—ਪਠਾਨਕੋਟ ਸੜਕ ਅਗੇ ਹੀ ਜਲੰਧਰ—ਪਠਾਨਕੋਟ ਕੌਮੀ ਸੜਕ ਨੰ: 1-ਏ ਦਾ ਹਿਸਾ ਹੈ ।

(ਅ) ਰੋਪੜ—ਹੁਸ਼ਿਆਰਪੁਰ—ਟਾਂਡਾ ਸੜਕ ਭਾਰਤ ਸਰਕਾਰ ਦੇ ਸਟਰੇਟੇਜਿਕ ਪਰੋਗਰਾਮ ਵਿਚ ਸ਼ਾਮਲ ਕੀਤੀ ਗਈ ਹੈ । ਜਿਸ ਦਾ ਖਰਚਾ, ਭਾਰਤ ਸਰਕਾਰ ਦੇਵੇਗੀ । ਰੋਪੜ-ਬਲਾਚੌਰ; ਬਲਾਚੌਰ—ਗੜ੍ਹਸ਼ੰਕਰ ਤੇ ਹੁਸ਼ਿਆਰਪੁਰ—ਟਾਂਡਾ ਦੇ ਚੌੜਾ ਤੇ ਪੱਕਾ ਕਰਨ ਦੇ ਲਈ ਅਨੁਮਾਨ ਭਾਰਤ ਸਰਕਾਰ ਪਾਸੋਂ ਸ਼ਿਪਿੰਗ ਐਂਡ ਟਰਾਂਸਪੋਰਟ ਮੰਤਰਾਲਾ ਤੋਂ ਹੁਣ ਹੀ ਮਨਜ਼ੂਰ ਹੋ ਕੇ ਆ ਗਏ ਹਨ । ਇਹ ਆਸ ਕੀਤੀ ਜਾਂਦੀ ਹੈ ਕਿ ਜੇਕਰ ਭਾਰਤ ਸਰਕਾਰ ਤੋਂ ਫੰਡ ਮਿਲ ਗਏ, ਤਾਂ ਇਹ ਕੰਮ ਮਾਰਚ 1976 ਦੇ ਅੰਤ ਤਕ ਪੂਰਾ ਹੋ ਜਾਵੇਗਾ ।]

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਰੋਪੜ ਤੋਂ ਗੜ੍ਹਸ਼ੰਕਰ ਤੱਕ 30 ਮੀਲ ਦੇ ਟੋਟੇ ਤੇ ਪੱਥਰ ਸੁਟਿਆ ਹੈ, ਬਜਰੀ ਵੀ ਪਾਈ ਹੋਈ ਹੈ, ਭਾਰਤ ਸਰਕਾਰ ਤੋਂ ਮਾਰਚ 76 ਤਕ ਦੇ ਇਹ ਸੜਕ ਬਨਾਉਣ ਲਈ ਫੰਡ ਵੀ ਆ ਚੁਕੇ ਹਨ, ਸਰਕਾਰ ਇਸ ਸੜਕ ਨੂੰ ਬਣਾਉਣ ਦਾ ਕੰਮ ਕਦੋਂ ਤੱਕ ਸ਼ੁਰੂ ਕਰੇਗੀ ?

ਰਾਜ ਮੰਤਰੀ : ਹਿੰਦ ਸਰਕਾਰ ਤੋਂ ਸਾਡੇ ਪਾਸ ਰੋਪੜ-ਬਲਾਚੌਰ ਤਕ ਦੀ ਸੜਕ ਲਈ 56,93,500 ਰੁਪਏ, ਬਲਾਚੌਰ ਤੋਂ ਗੜ੍ਹਸ਼ੰਕਰ ਤੱਕ 55,27,100 ਰੁਪਏ ਅਤੇ ਗੜ੍ਹਸ਼ੰਕਰ ਤੋਂ ਹੁਸ਼ਿਆਰਪੁਰ ਤਕ 53,76,400 ਰੁਪਏ ਆ ਚੁਕੇ ਹਨ, ਕੁਝ ਮੈਟੀਰੀਅਲ ਇਕੱਠਾ ਹੋ ਚੁਕਾ ਹੈ ਅਤੇ ਕੁਝ ਕੀਤਾ ਜਾ ਰਿਹਾ ਹੈ, ਜਦੋਂ ਸਾਰਾ ਕੁਲੈਕਟ ਹੋ ਗਿਆ ਤਾਂ ਇਸ ਦੀ ਵਾਈਡਨਿੰਗ ਦਾ ਕੰਮ ਸ਼ੁਰੂ ਕਰ ਦਿਤਾ ਜਾਵੇਗਾ ।

ਆਚਾਰਯ ਪ੍ਰਿਥਵੀ ਸਿੰਘ ਆਜ਼ਾਦ : यह जो National Highway का काम चण्डीगढ़ से खरड़ और खरड़ से रोपड़ तक हो रहा है इसमें खरड़ तक काम already हो चुका है, मगर खरड़ से रोपड़ तक कब तक widening का काम किया जायेगा ?

ਰਾਜ ਮੰਤਰੀ : ਇਹ ਲਿਖ ਕੇ ਦੇ ਦੇਣ, ਜਵਾਬ ਦੇ ਦਿਤਾ ਜਾਵੇਗਾ ।

ਡਾਕਟਰ ਅਮੀਰ ਸਿੰਘ ਕਲਸੱਟ : ਹੁਸ਼ਿਆਰਪੁਰ ਦਾ ਜ਼ਿਲ੍ਹਾ ਬਰਸਾਤ ਦੇ ਦਿਨਾਂ ਵਿਚ ਚਾਰੋਂ ਪਾਸਿਓਂ ਕਟ ਜਾਂਦਾ ਹੈ, ਜੇ ਉਸ ਏਰੀਆ ਵਿਚ ਪੁਲ ਬਣਾ ਦਿਤੇ ਜਾਣ ਤਾਂ ਆਲ ਵੈਦਰ ਰੋਡ ਬਣ ਸਕਦੀ ਹੈ । ਆਇਆ ਇਹ ਉਥੇ ਪੁਲਾਂ ਨੂੰ ਜਲਦੀ ਬਣਾਉਣਗੇ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਇਹ ਸਪੈਸੇਫਿਕ ਕੁਐਸਚਨ ਦੇ ਦੇਣ ਜਵਾਬ ਦੇ ਦਿਤਾ ਜਾਏਗਾ ?

ਭਗਤ ਗੁਰਾਂ ਦਾਸ ਹੰਸ : ਕੀ ਇਹ ਹੁਸ਼ਿਆਰਪੁਰ-ਟਾਂਡਾ ਰੋਡ ਜਲਦੀ ਬਣਾ ਦੇਣਗੇ ।

ਰਾਜ ਮੰਤਰੀ : 58,76,400 ਰੁਪਏ ਸਰਕਾਰ ਨੂੰ ਗੌਰਮਿੰਟ ਆਫ਼ ਇੰਡੀਆ ਤੋਂ ਮਿਲ ਚੁਕੇ ਹਨ ।

ਭਗਤ ਗੁਰਾਂ ਦਾਸ ਹੰਸ : ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਫੰਡਜ਼ ਮਿਲ ਚੁਕੇ ਹਨ, ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਸੜਕ ਹੁਸ਼ਿਆਰਪੁਰ-ਟਾਂਡਾ ਸ਼ੁਰੂ ਕਦੋਂ ਹੋਵੇਗੀ ?

ਰਾਜ ਮੰਤਰੀ : ਜਦੋਂ ਮੈਟੀਰੀਅਲ ਇਕੱਠਾ ਹੋ ਜਾਏਗਾ ਉਦੋਂ ਸ਼ੁਰੂ ਕਰ ਦਿਤੀ ਜਾਏਗੀ ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਮੈਂ ਪੁਛਣਾ ਚਾਹੁੰਦਾ ਹਾਂ ਕਿ ਗੜ੍ਹਸ਼ੰਕਰ ਤੋਂ ਹੁਸ਼ਿਆਰਪੁਰ ਦੇ ਹਿੱਸੇ ਤੇ ਜੋ ਚੋਅ ਤੇ ਪੁਲ ਬਣਣੇ ਹਨ, ਉਨ੍ਹਾਂ ਦੀ ਮਨਜ਼ੂਰੀ ਕਦੋਂ ਤਕ ਆ ਜਾਏਗੀ ।

ਰਾਜ ਮੰਤਰੀ : ਗੌਰਮਿੰਟ ਆਫ਼ ਇੰਡੀਆ ਨਾਲ ਐਸਟੀਮੇਟਸ ਕਲੀਅਰ ਹੋਣ ਉਪਰੰਤ ਮਨਜ਼ੂਰੀ ਆਵੇਗੀ । ਜੋ ਹੁਸ਼ਿਆਰਪੁਰ ਵਿਚ ਚੋਅ ਹਨ, ਕੁਝ ਜਗ੍ਹਾ ਤੇ ਤਾਂ ਪਰੋਗਰਾਮ ਬਣ ਗਿਆ ਹੈ ਅਤੇ ਕੰਮ ਸ਼ੁਰੂ ਹੋ ਗਿਆ ਹੈ । ਇਕ ਦੋ ਪੁਲਾਂ ਤੇ ਕੰਮ ਹੋ ਰਿਹਾ ਹੈ । ਜਿਉਂ-ਜਿਉਂ ਪੈਸੇ ਆਉਂਦੇ ਜਾਣਗੇ ਤਿਉਂ-ਤਿਉਂ ਕੰਮ ਹੁੰਦਾ ਜਾਏਗਾ । (ਵਿਘਨ)

ਸਰਦਾਰ ਸੁਖਦੇਵ ਸਿੰਘ ਢਿਲੋਂ : ਤੁਹਾਡੇ ਰਾਹੀਂ ਮੈਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਸੰਗਰੂਰ-ਬਰਨਾਲਾ-ਬਠਿੰਡਾ ਦੀਆਂ ਸੜਕਾਂ ਕਦੋਂ ਤਕ ਚੌੜੀਆਂ ਕਰ ਦੇਣਗੇ ?

ਰਾਜ ਮੰਤਰੀ : ਇਸ ਬਾਰੇ ਸਵਾਲ ਦੇ ਦੇਣ, ਜਵਾਬ ਦੇ ਦਿਤਾ ਜਾਏਗਾ ।

VETERINARY HOSPITALS OPENED IN FEROZEPUR DISTRICT DURING 1972-73

*2392. **Comrade Mehtab Singh Nokerian** : Will the Minister of State for Development be pleased to state —

(a) the number of the New Veterinary Hospitals opened by the Government in district Ferozepur during 1972-73;

(b) the number of the Veterinary Hospitals opened in Jalalabad Constituency during the said period together with the number of those which have started functioning ?

Original with;
Punjab Vidhan Sabha
Digitized by;
Panjab Digital Library

Sardar Santokh Singh Randhawa :

(a) (i) Hospitals .. Nil

(ii) Dispensary .. One

(b) Nil please.

[(ੳ) (1) ਹਸਪਤਾਲ .. ਨਿਲ

(2) ਡਿਸਪੈਂਸਰੀ .. ਇਕ

(ਅ) ਨਿਲ ।]

ਮਾਸਟਰ ਚੰਦ ਸਿੰਘ : ਜੇ ਕਿਸੇ ਪਿੰਡ ਵਿਚ ਹਸਪਤਾਲ ਜਾਂ ਡਿਸਪੈਂਸਰੀਆਂ ਖੋਲ੍ਹੀਆਂ ਜਾਂਦੀਆਂ ਹਨ ਤਾਂ ਉਸ ਲਈ ਕੀ ਕੀ ਸ਼ਰਤਾਂ ਹੁੰਦੀਆਂ ਹਨ ?

ਰਾਜ ਮੰਤਰੀ (ਵਿਕਾਸ) : ਜਿਹੜੀਆਂ ਸ਼ਰਤਾਂ ਇਸ ਲਈ ਹਨ ਉਸ ਬਾਰੇ ਮੈਂ ਦਸਦਾ ਹਾਂ ਕਿ ਜਿਸ ਪਿੰਡ ਵਿਚ ਡਿਸਪੈਂਸਰੀ ਖੋਲ੍ਹੀ ਜਾਣੀ ਹੈ ਉਥੇ ਦਸ ਹਜ਼ਾਰ ਰੁਪਏ ਉਸ ਪਿੰਡ ਨੇ ਦੇਣੇ ਹਨ, ਜਗ੍ਹਾ ਦੇਣੀ ਹੈ, ਡਿਸਪੈਂਸਰੀ 5 ਮੀਲ ਤੇ ਕੋਈ ਹੋਰ ਨਹੀਂ ਹੋਣੀ ਚਾਹੀਦੀ, ਡਿਪਾਰਟਮੈਂਟ ਰਿਕੁਮੈਂਡ ਕਰੇ ਤਾਂ ਫੇਰ ਡਿਸਪੈਂਸਰੀ ਖੋਲ੍ਹੀ ਜਾਂਦੀ ਹੈ ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿਥੇ ਡਿਸਪੈਂਸਰੀ ਲਈ ਬਿਲਡਿੰਗ ਬਣੀ ਹੋਈ ਹੋਵੇ, ਦਸ ਹਜ਼ਾਰ ਰੁਪਿਆ ਦਿਤਾ ਹੋਇਆ ਹੋਵੇ, ਫੇਰ ਉਸ ਥਾਂ ਲਈ ਕਿਉਂ ਡਾਕਟਰ ਭੇਜਣ ਵਿਚ ਦੇਰੀ ਕੀਤੀ ਜਾਂਦੀ ਹੈ । ਇਕ ਇਕ ਸਾਲ ਤੋਂ ਡਾਕਟਰ ਨਹੀਂ ਭੇਜੇ ਗਏ, ਇਹ ਡਾਕਟਰ ਉਥੇ ਕਦੋਂ ਤਕ ਭੇਜੇ ਜਾਣਗੇ ?

ਰਾਜ ਮੰਤਰੀ : ਇਹ ਲਿਖਕੇ ਦੇ ਦੇਣ, ਮੈਂ ਦੇਖ ਲਵਾਂਗਾ ।

ਕਾਮਰੇਡ ਮਹਿਤਾਬ ਸਿੰਘ ਨੋਕੇਰੀਆਂ : ਮਨਿਸਟਰ ਸਾਹਿਬ ਨੇ ਉਤਰ ਦਿਤਾ ਹੈ ਕਿ ਡਿਸਪੈਂਸਰੀ ਹਲਕਾ ਜਲਾਲਾਬਾਦ ਵਿਚ ਖੋਲ੍ਹੀ ਹੈ ਪਰ ਇਹ ਪਤਾ ਨਹੀਂ ਕਿ ਕਿਥੇ ਖੋਲ੍ਹੀ ਹੈ । ਜਦੋਂ ਸਰਕਾਰ ਵਿਸ਼ਵਾਸ ਦਿਵਾ ਚੁਕੀ ਹੈ ਹਾਊਸ ਵਿਚ ਕਿ ਅੰਡਰ ਡਿਵੈਲਪਡ ਏਰੀਆ ਵਿਚ, ਬਾਰਡਰ ਏਰੀਆ ਵਿਚ ਵੱਧ ਤੋਂ ਵੱਧ ਸਹਾਇਤਾ ਦਿਤੀ ਜਾਏਗੀ, ਪਰ ਇਸ ਦੇ ਬਾਵਜੂਦ ਲੱਖਾਂ ਰੁਪਏ ਦੇ ਪਸ਼ੂ ਉਥੇ ਮਰ ਰਹੇ ਹਨ ਕੀ ਮਨਿਸਟਰ ਸਾਹਿਬ ਇਸ ਮਾਮਲੇ ਵਲ ਧਿਆਨ ਦੇਣ ਨੂੰ ਤਿਆਰ ਹਨ ?

ਰਾਜ ਮੰਤਰੀ : ਪਿਛਲੀ ਚੌਥੀ ਪੰਜ ਸਾਲਾ ਯੋਜਨਾ ਵਿਚ 100 ਡਿਸਪੈਂਸਰੀਆਂ ਖੋਲ੍ਹਣੀਆਂ ਸਨ ਪਰ ਉਹਦੀ ਬਜਾਏ 110 ਖੋਲ੍ਹੀਆਂ ਗਈਆਂ । 8 ਡਿਸਟ੍ਰਿਕਟ ਫ਼ਿਰੋਜ਼ਪੁਰ ਵਿਚ ਖੁਲ੍ਹੀਆਂ ਹਨ । 1972-73 ਵਿਚ 17 ਖੋਲ੍ਹੀਆਂ ਹਨ । ਜਿਸ ਵਿਚੋਂ ਇਕ ਡਿਸਪੈਂਸਰੀ ਦਿਤੀ ਹੈ ਅਜੋਹਰ ਨੂੰ । ਜਿਹੜਾ ਇਥੇ ਕਿਹਾ ਗਿਆ ਹੈ ਕਿ ਜ਼ਿਆਦਾ ਬਾਰਡਰ ਏਰੀਆ ਵਿਚ ਖੋਲ੍ਹੀਆਂ ਜਾਣੀਆਂ ਚਾਹੀਦੀਆਂ ਹਨ, ਐਤਕੀਂ ਸਬ-ਮਾਊਂਟੇਨੀਅਸ ਏਰੀਆ ਵਿਚ 16 ਮੋਬਾਈਲ ਡਿਸਪੈਂਸਰੀਆਂ ਖੋਲ੍ਹਣੀਆਂ ਹਨ । ਦੋ ਗੱਡੀਆਂ ਆ ਗਈਆਂ ਹਨ ਅਤੇ ਇਹ ਬਹੁਤ ਜਲਦੀ ਕੰਮ ਸ਼ੁਰੂ ਕਰ ਦੇਣਾ ਹੈ । ਅੱਗੇ ਆਉਣ ਵਾਲੇ ਸਾਲ ਵਿਚ 30 ਪਲੇਨ ਏਰੀਆ ਵਿਚ ਖੋਲ੍ਹਣੀਆਂ ਹਨ ਅਤੇ ਹਰ ਇਕ ਬਾਰਡਰ ਬਲਾਕ ਵਿਚ ਇਕ ਇਕ ਡਿਸਪੈਂਸਰੀ ਖੋਲ੍ਹਣੀ ਹੈ ।

Original with;
Punjab Vidhan Sabha
Digitized by;
Panjab Digital Library

ਸਰਦਾਰ ਸਾਧੂ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਹੜਾ ਬੇਟ ਦਾ ਬੈਕਵਰਡ ਏਰੀਆ ਹੈ ਉਥੇ ਜਿਹੜੇ ਆਦਮੀ ਵਸਦੇ ਹਨ ਉਹ ਬੜੇ ਗਰੀਬ ਹਨ। ਕੀ ਉਹਨਾਂ ਲਈ ਦਸ ਹਜ਼ਾਰ ਰੁਪਏ ਦੀ ਰਕਮ ਨੂੰ ਘਟਾਇਆ ਜਾਏਗਾ ਜਿਸ ਨਾਲ ਕਿ ਉਨ੍ਹਾਂ ਦਾ ਫ਼ਾਇਦਾ ਹੋ ਸਕੇ ?

ਰਾਜ ਮੰਤਰੀ : ਇਸ ਤੇ ਜ਼ਰੂਰ ਗੌਰ ਕਰਾਂਗੇ ।

ਸਰਦਾਰ ਲਛਮਣ ਸਿੰਘ : ਮੈਂ ਜਾਨਣਾ ਚਾਹਾਂਗਾ ਕਿ ਇਹ ਜੋ ਇਨ੍ਹਾਂ ਨੇ ਦਸ ਹਜ਼ਾਰ ਰੁਪਏ ਦੀ ਸ਼ਰਤ ਰਖੀ ਹੈ, ਇਸ ਵਿਚ ਕੀ ਇਹ ਬਾਰਡਰ ਏਰੀਆ ਵਾਸਤੇ ਰਿਆਇਤ ਦੇਣ ਨੂੰ ਤਿਆਰ ਹਨ ?

ਰਾਜ ਮੰਤਰੀ : ਮੈਂ ਅੱਗੇ ਹੀ ਕਿਹਾ ਹੈ ਕਿ ਇਹ ਬੜੀ ਅੱਛੀ ਤਜਵੀਜ਼ ਹੈ । ਇਸ ਤੇ ਜ਼ਰੂਰ ਗੌਰ ਕਰਾਂਗੇ ਜੋ ਕੁਝ ਕਿਹਾ ਹੈ ।

ਸਰਦਾਰ ਗੁਰਦੇਵ ਸਿੰਘ ਬਾਦਲ : ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਮੇਰੇ ਹਲਕੇ ਫਰੀਦਕੋਟ ਵਿਚ ਕੌਨੀ ਪਿੰਡ ਹੈ ਉਨ੍ਹਾਂ ਨੇ ਦਸ ਹਜ਼ਾਰ ਰੁਪਿਆ ਜਮ੍ਹਾਂ ਕਰਾਇਆ ਹੋਇਆ ਹੈ । ਕੀ ਸਰਕਾਰ ਉਥੇ ਡਿਸਪੈਂਸਰੀ ਖੋਲ੍ਹਣ ਦਾ ਵਿਚਾਰ ਰਖਦੀ ਹੈ ਜਦ ਕਿ ਉਨ੍ਹਾਂ ਨੇ ਸਾਰੀਆਂ ਸ਼ਰਤਾਂ ਪੂਰੀਆਂ ਕੀਤੀਆਂ ਹੋਈਆਂ ਹਨ ।

(ਕੋਈ ਉਤਰ ਨਹੀਂ ਦਿਤਾ ਗਿਆ)

ਸਰਦਾਰ ਗੁਰਦੇਵ ਸਿੰਘ ਬਾਦਲ : ਕੀ ਪੱਛੜੀਆਂ ਸ਼ਰੇਣੀਆਂ ਕਰਕੇ ਕੋਈ ਜਵਾਬ ਨਹੀਂ ਦਿਤਾ ਜਾਂਦਾ ਹੈ ।

ਸ਼੍ਰੀ ਸਪੀਕਰ : ਇਸ ਦਾ ਸਵਾਲ ਨਾਲ ਕੋਈ ਸਬੰਧ ਨਹੀਂ ਹੈ । (This does not relate to the question.)

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਨੂੰ ਫੇਰ ਦਸਣਾ ਚਾਹੁੰਦਾ ਹਾਂ ਕਿ ਸਿਰਫ ਦਸ ਹਜ਼ਾਰ ਰੁਪਏ ਹੀ ਇਸਦੇ ਵਿਚ ਸ਼ਰਤ ਨਹੀਂ ਬਲਕਿ ਇਸਦੇ ਵਿਚ ਸ਼ਰਤ ਇਹ ਵੀ ਹੈ ਕਿ ਉਸ ਏਰੀਆ ਵਿਚ ਪੰਜ ਮੀਲ ਦੇ ਏਰੀਆ ਵਿਚ ਹੋਰ ਕੋਈ ਡਿਸਪੈਂਸਰੀ ਨਾ ਹੋਵੇ ।

(ਸਰਦਾਰ ਗੁਰਦੇਵ ਸਿੰਘ ਬਾਦਲ ਵਲੋਂ ਵਿਘਨ)

ਸਰਦਾਰ ਸੁਰਜੀਤ ਸਿੰਘ ਅਟਵਾਲ : ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਹੁਣੇ ਹੀ ਇਨ੍ਹਾਂ ਨੇ ਕਿਹਾ ਹੈ ਕਿ ਮੋਬਾਇਲ ਡਿਸਪੈਂਸਰੀਆਂ ਦਾ ਪ੍ਰਬੰਧ ਕੀਤਾ ਗਿਆ ਹੈ । ਕੀ ਇਸ ਚੀਜ਼ ਨੂੰ ਮੁੱਖ ਰਖਦੇ ਹੋਏ ਕਿ ਬੇਟ ਅੰਦਰ ਬੈਕਵਰਡ ਏਰੀਆ ਦਾ ਜ਼ਿਆਦਾ ਖ਼ਿਆਲ ਰਖਣਾ ਚਾਹੀਦਾ ਹੈ, ਇਹਨਾਂ ਸਪੈਸ਼ਲ ਮੋਬਾਈਲ ਗੱਡੀਆਂ ਨੂੰ ਉਸ ਏਰੀਆ ਵਾਸਤੇ ਰਿਜ਼ਰਵ ਕਰ ਦੇਣਗੇ ।

ਰਾਜ ਮੰਤਰੀ : ਇਹ ਅੱਛੀ ਤਜਵੀਜ਼ ਹੈ ।

Original with;
Punjab Vidhan Sabha
Digitized by;
Panjab Digital Library

ਡਾਕਟਰ ਅਮੀਰ ਸਿੰਘ ਕਲਕਟ : ਇਹ ਬੜਾ ਅੱਛਾ ਕੰਮ ਕੀਤਾ ਹੈ ਕਿ 16 ਮੋਬਾਈਲ ਡਿਸਪੈਂਸਰੀਆਂ ਚਲਾਈਆਂ । ਕੀ ਇਹ ਮੋਬਾਇਲ ਡਿਸਪੈਂਸਰੀਆਂ ਕੰਡੀ ਏਰੀਆ ਵਿਚ ਵੀ ਚਲਾਈਆਂ ਜਾਣਗੀਆਂ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਜੋ 16 ਮੁਬਾਇਲ ਡਿਸਪੈਂਸਰੀਆਂ ਦੀਆਂ ਗੱਡੀਆਂ ਦੇਣੀਆਂ ਹਨ, ਇਨ੍ਹਾਂ ਦਾ ਕੰਮ ਸਬ-ਮਾਊਂਟੇਨੀਅਸ ਏਰੀਆ ਵਿਚ ਹਰ ਬਲਾਕ ਵਿਚ ਸ਼ੁਰੂ ਹੋ ਜਾਵੇਗਾ ।

ਕਾਮਰੇਡ ਅਰਜਨ ਸਿੰਘ ਮਸਤਾਨਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਬਾਰਡਰ ਦਾ ਉਹ ਏਰੀਆ ਜਿਥੇ ਕਿ ਮਾਲ ਸਭ ਤੋਂ ਚੰਗਾ ਹੁੰਦਾ ਹੈ ਅਤੇ ਹਿੰਦੁਸਤਾਨ ਵਿਚੋਂ ਸਭ ਤੋਂ ਚੰਗੀ ਕੁਆਲਿਟੀ ਦਾ ਮਾਲ ਉਥੇ ਹੁੰਦਾ ਹੈ ਅਤੇ ਲੋਕਾਂ ਦਾ ਗੁਜ਼ਾਰਾ ਮਾਲ ਤੇ ਹੈ, ਇਸ ਲਈ ਇਹ ਜਿਹੜੀ 5 ਮੀਲ ਦੀ ਸ਼ਰਤ ਬਾਰਡਰ ਏਰੀਆ ਤੇ ਰੱਖੀ ਗਈ ਹੈ ਕੀ ਇਸ ਸ਼ਰਤ ਨੂੰ ਇਹ ਹਟਾਉਣਗੇ ਕਿਉਂਕਿ ਉਥੇ ਜ਼ਿਆਦਾ ਮਾਲ ਦੀ ਵਸੋਂ ਹੈ । ਇਸ ਲਈ ਕੀ ਇਹ ਉਥੇ ਵੀ ਡਿਸਪੈਂਸਰੀਜ਼ ਖੋਲ੍ਹਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਬਾਰਡਰ ਦੇ ਵਾਸਤੇ ਜ਼ਰੂਰ ਗੌਰ ਕਰਾਂਗੇ ।

STARRED QUESTION No. *2394

Mr. Speaker : Extension has been asked for in respect of Starred Question No. *2394.

DHARAMSALAS CONSTRUCTED IN JALALABAD CONSTITUENCY

*2393. **Comrade Mehtab Singh Nokerian** : Will the Minister of State for Social Welfare be pleased to state—

(a) the total number of Dharamsalas sanctioned in Jalalabad Assembly Constituency during 1972-73 ;

(b) the names of the villages wherein Dharamshalas referred to in part (a) above are to be constructed ;

(c) whether all the Dharamshalas sanctioned have since been constructed ?

Miss Sarla Parasher : (a) One

(b) Village Tahliwala

(c) Under construction

[(ੳ) ਇਕ

(ਅ) ਪਿੰਡ ਟਾਹਲੀਵਾਲਾ

(ਏ) ਉਸਾਰੀ ਹੇਠ ।]

For Starred Question No. 2394 and reply there to please see appendix I to this Debate.

Original with;
Punjab Vidhan Sabha
Digitized by;
Panjab Digital Library

ਕਾਮਰੇਡ ਮਹਿਤਾਬ ਸਿੰਘ ਨੋਕੇਚੀਆਂ : ਸਪੀਕਰ ਸਾਹਿਬ, ਹਲਕਾ ਜਲਾਲਾਬਾਦ ਜਿਸ ਦੇ ਵਿਚ ਗਰੀਬ ਹਰੀਜਨ ਰਹਿੰਦੇ ਹਨ ਅਤੇ ਬਾਕਾਇਦਾ ਤੌਰ ਤੇ ਮਨਿਸਟਰ ਸਾਹਿਬ ਨੂੰ ਉਨ੍ਹਾਂ ਪਿੰਡਾਂ ਦੇ ਨਾਮ ਦਿੱਤੇ ਗਏ ਹਨ ਜਿਨ੍ਹਾਂ ਵਿਚ ਕਿ 80%, 50% ਅਤੇ 60% ਹਰੀਜਨਾਂ ਦੀ ਵਸੋਂ ਹੈ । ਕੀ ਇਹ ਉਥੇ ਧਰਮਸ਼ਾਲਾਂ ਦੇਣਗੇ । ਪਹਿਲਾਂ ਉਥੇ ਕੋਈ ਧਰਮਸ਼ਾਲਾ ਨਹੀਂ ਹੈ । ਹੁਣ ਇਨ੍ਹਾਂ ਨੇ ਇਕ ਧਰਮਸ਼ਾਲਾ ਪਿੰਡ ਟਾਹਲੀਵਾਲ ਵਿਚ ਦਿੱਤੀ ਹੈ ਅਤੇ ਉਹ ਵੀ ਉਸਾਰੀ ਅਧੀਨ ਹੈ । ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਇਸ ਤਰ੍ਹਾਂ ਸਾਡੇ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ ਇਹ ਕਦੋਂ ਤੱਕ ਹਟ ਜਾਵੇਗਾ । ਕੀ ਇਹ ਵਿਤਕਰਾ ਜਿਹੜਾ ਕੀਤਾ ਜਾ ਰਿਹਾ ਹੈ ਇਸ ਨੂੰ ਹਟਾਕੇ ਜਿਸ ਤਰ੍ਹਾਂ ਦੂਜੀਆਂ ਥਾਵਾਂ ਤੇ ਧਰਮਸ਼ਾਲਾਵਾਂ ਦਿੰਦੇ ਹਨ ਉਥੇ ਵੀ ਦੇਣਗੇ ?

ਰਾਜ ਮੰਤਰੀ, : ਸਪੀਕਰ ਸਾਹਿਬ, ਸੰਨ 1973 ਵਿਚ ਐਮ. ਐਲ. ਏ. ਨੇ 5 ਧਰਮਸ਼ਾਲਾਵਾਂ ਦੀ ਲਿਸਟ ਦਿੱਤੀ ਸੀ ਜਿਨ ਦੇ ਵਿਚੋਂ 2 ਧਰਮਸ਼ਾਲਾਵਾਂ ਜਿਹੜੀਆਂ ਹਨ ਉਹ ਸੈਂਕਸ਼ਨ ਹੋ ਗਈਆਂ ਹਨ ਅਤੇ ਉਨ੍ਹਾਂ ਵਿਚੋਂ ਇਕ ਵਿਚ ਕੰਮ ਸ਼ੁਰੂ ਹੋ ਗਿਆ ਹੈ ਅਤੇ ਦੂਸਰੀ ਵਿਚ ਵੀ ਸ਼ੁਰੂ ਹੋ ਜਾਣਾ ਹੈ । ਫੰਡ ਅਲਾਟ ਹੋ ਗਏ ਹਨ। ਬਾਕੀਆਂ ਧਰਮਸ਼ਾਲਾਵਾਂ ਦੇ ਬਾਰੇ ਵਿਚ ਬਾਕਾਇਦਾ ਡਿਸਟ੍ਰਿਕਟ ਵੈਲਫੇਅਰ ਅਫਸਰ ਦੀ ਤਰਫੋਂ ਪਰਵਾਨਗੀ ਹੋ ਗਈ ਹੈ ਪਰ ਉਹ ਇਥੇ ਰਿਸੀਵ ਨਹੀਂ ਹੋਈ । ਇਸ ਲਈ ਜਦ ਉਨ੍ਹਾਂ ਦੀ ਪਰਵਾਨਗੀ ਆਵੇਗੀ, ਉਨ੍ਹਾਂ ਤੇ ਐਕਸ਼ਨ ਹੋਵੇਗਾ । ਇਸ ਤੋਂ ਇਲਾਵਾ ਇਨ੍ਹਾਂ ਦੇ ਹਲਕੇ ਦੇ ਵਿਚ 16 ਹੋਰ ਧਰਮਸ਼ਾਲਾਵਾਂ ਹਨ ਜਿਹੜੀਆਂ ਦਿੱਤੀਆਂ ਜਾ ਚੁੱਕੀਆਂ ਹਨ । ਪਤਾ ਨਹੀਂ ਇਨ੍ਹਾਂ ਨੂੰ ਇਸ ਚੀਜ਼ ਦਾ ਪਤਾ ਨਹੀਂ ਹੈ ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬਾ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਗੱਲ ਦੇ ਪੇਸ਼ੇਨਜ਼ਰ ਕਿ ਕਈਆਂ ਥਾਵਾਂ ਤੇ ਧਰਮਸ਼ਾਲਾਵਾਂ ਬਨਣੀਆਂ ਸ਼ੁਰੂ ਹੋ ਗਈਆਂ ਹਨ ਪਰ ਲੋਕਾਂ ਨੂੰ ਇੱਟਾਂ ਅਤੇ ਸੀਮਿੰਟ ਨਹੀਂ ਮਿਲਦਾ, ਇਸ ਲਈ ਕੀ ਸਰਕਾਰ ਇਸ ਸਬੰਧ ਵਿਚ ਕਦਮ ਚੁੱਕੇਗੀ ਕਿ ਪਹਿਲਾਂ ਜਿਥੇ ਧਰਮਸ਼ਾਲਾਂ ਬਣਦੀਆਂ ਹੋਣ ਉਥੇ ਇੱਟਾਂ ਦਾ ਅਤੇ ਸੀਮਿੰਟ ਆਦਿ ਦਾ ਇੰਤਜ਼ਾਮ ਕੀਤਾ ਜਾਵੇ ਅਤੇ ਇਹ ਕੰਟਰੋਲ ਰੇਟ ਤੇ ਦਿੱਤੇ ਜਾਣ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਗੱਲ ਡਿਪਾਰਟਮੈਂਟ ਦੇ ਜ਼ੇਰੇ ਗੌਰ ਹੈ। ਡਿਪਾਰਟਮੈਂਟ ਸਿਵਿਲ ਸਪਲਾਈ ਨੂੰ ਲਿਖਿਆ ਹੈ ਕਿ ਉਨ੍ਹਾਂ ਨੂੰ ਪਰਾਇਰਿਟੀ ਬੇਸਿਜ਼ ਤੇ ਇੱਟਾਂ ਅਤੇ ਸੀਮਿੰਟ ਦੇਣ ਦਾ ਇੰਤਜ਼ਾਮ ਕੀਤਾ ਜਾਵੇ । ਅਸੀਂ ਇਸ ਤੋਂ ਵੀ ਅੱਗੇ ਸੋਚ ਰਹੇ ਹਾਂ ਕਿ ਜਿਹੜੀ 55 ਸੌ ਰੁਪਏ ਦੀ ਰਕਮ ਮਿਲਦੀ ਹੈ ਉਸ ਦੇ ਵਿਚ ਹੀ 30 ਹਜ਼ਾਰ ਇੱਟਾਂ ਦਾ ਅਤੇ 30 ਸੀਮਿੰਟ ਬੈਗਨਜ਼ ਦਾ ਪ੍ਰਬੰਧ ਵੀ ਨਾਲ ਹੀ ਕੀਤਾ ਜਾਵੇ ।

ਗਿਆਨੀ ਅਰਜਨ ਸਿੰਘ ਲਿੱਟ : ਸਪੀਕਰ ਸਾਹਿਬ, ਇਸ ਵੇਲੇ ਇੱਟਾਂ ਦਾ ਭਾਅ 150 ਰੁਪਏ ਹੈ ਅਤੇ ਲੋਹੇ ਦਾ ਭਾਅ 350 ਰੁਪਏ ਹੈ । ਸੋ ਜਿਤਨੀਆਂ ਚੀਜ਼ਾਂ ਮਹਿੰਗੀਆਂ ਹੋਣ ਤਾਂ ਇਹ ਜਿਹੜੇ 5 ਹਜ਼ਾਰ ਜਾਂ 55 ਸੌ ਰੁਪਏ ਮਿਲਦੇ ਹਨ ਇਨ੍ਹਾਂ ਨਾਲ ਕੀ ਬਣਦਾ ਹੈ । ਕੀ ਇਸ ਰਕਮ ਨੂੰ ਵਧਾਉਣ ਲਈ ਤਿਆਰ ਹਨ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਬਾਰੇ ਵਿਚ ਸਰਕਾਰ ਪਹਿਲਾਂ ਹੀ ਗੌਰ ਕਰ ਰਹੀ ਹੈ ਅੱਤੇ ਡਿਪਾਰਟਮੈਂਟ ਦੀ ਜਿਹੜੀ ਸੁਜੈਸ਼ਨ ਹੈ, ਜਿਹੜੀ ਮੰਗ ਹੈ ਉਹ 8 ਹਜ਼ਾਰ ਰੁਪਏ ਦੀ ਹੈ । ਫਾਈਨੈਂਸ ਮਨਿਸਟਰ ਸਾਹਿਬ ਨੇ ਮਿਹਰਬਾਨੀ ਕਰਕੇ ਹੁਣ 7 ਹਜ਼ਾਰ ਰੁਪਿਆ ਦੇਣ ਦਾ ਵਾਅਦਾ ਕੀਤਾ ਹੈ ਅਤੇ ਇਸ ਤੇ ਛੇਤੀ ਹੀ ਅਮਲ ਹੋਵੇਗਾ ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦਾ ਧਿਆਨ ਆਪਣੇ ਪਿੰਡ ਮਰੜ੍ਹੀ ਵੱਲ ਦਿਵਾਉਣਾ ਚਾਹੁੰਦਾ ਹਾਂ । ਸਾਡੇ ਪਿੰਡ ਦੇ ਵਿਚ ਅਕਾਲੀ ਸਰਕਾਰ ਦੇ ਵੇਲੇ ਦੀ ਧਰਮਸ਼ਾਲਾ ਸੈਂਕਸ਼ਨ ਹੋਈ ਹੋਈ ਹੈ । (ਵਿਘਨ)

ਸ਼੍ਰੀ ਸਪੀਕਰ : ਇਹ ਸਵਾਲ ਤਾਂ ਜਲਾਲਾਬਾਦ ਕੰਸਟੀਚਿਊਐਂਸੀ ਦਾ ਹੈ । (This question relates to Jallalabad constituency)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਸਪੀਕਰ ਸਾਹਿਬ, ਉਥੇ ਧਰਮਸ਼ਾਲਾ ਮਨਜ਼ੂਰ ਹੋ ਗਈ ਸੀ । ਉਸ ਦੀ ਇਕ ਕਿਸ਼ਤ ਜਿਹੜੀ ਸੀ ਉਹ ਪਹਿਲਾਂ ਸਰਪੰਚ ਲੈ ਗਿਆ ਅਤੇ ਪੰਚਾਇਤ ਨੂੰ ਉਹ ਪੈਸੇ ਨਹੀਂ ਦੇ ਰਿਹਾ ਅਤੇ ਨਾ ਹੀ ਉਹ ਧਰਮਸ਼ਾਲਾ ਬਣਦੀ ਪਈ ਹੈ । ਇਸ ਬਾਰੇ ਮੈਂ ਡੀ. ਸੀ. ਨੂੰ ਵੀ ਕਿਹਾ ਸੀ । ਮਹਿਕਮੇ ਨੂੰ ਵੀ ਕਿਹਾ ਹੈ ਪਰ ਇਸ ਦੀ ਕੋਈ ਇਨਕੁਆਇਰੀ ਨਹੀਂ ਹੋਈ । ਮੈਂ ਵਜ਼ੀਰ ਸਾਹਿਬ ਨੂੰ ਵੀ ਕਿਹਾ ਹੈ ਕਿ ਇਹ ਜਿਹੜਾ ਗਬਨ ਹੋਇਆ ਹੈ ਇਸ ਦੀ ਇਨਕੁਆਇਰੀ ਕੀਤੀ ਜਾਵੇ ਪਰ ਕੁਝ ਨਹੀਂ ਕਰਦੇ । ਇਹ ਸਾਡੇ ਪਿੰਡ ਵਿਚ ਹਾਲਤ ਹੈ । (ਵਿਘਨ) ਇਸ ਲਈ ਉਹ ਪੈਸੇ ਲੈ ਕੇ ਕੰਮ ਸ਼ੁਰੂ ਕੀਤਾ ਜਾਵੇ । (ਵਿਘਨ)

ਸ਼੍ਰੀ ਸਪੀਕਰ : ਤੁਸੀਂ ਆਪ ਹੀ ਜਵਾਬ ਦੇਈ ਜਾਂਦੇ ਹੋ । (ਵਿਘਨ) ਤੁਹਾਨੂੰ ਸਵਾਲ ਕਰਨਾ ਨਹੀਂ ਆਉਂਦਾ (You are giving reply yourself (*Interruption*) You don't know how to put a question.)

ਸਰਦਾਰ ਕਰਨੈਲ ਸਿੰਘ ਮਰੜ੍ਹੀ : ** **

ਸ਼੍ਰੀ ਸਪੀਕਰ : ਇਹ ਜੋ ਕਹਿੰਦੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ ।

(ਇਸ ਸਮੇਂ ਸਰਦਾਰ ਕਰਨੈਲ ਸਿੰਘ ਮਰੜ੍ਹੀ ਫਿਰ ਬੋਲਣ ਵਾਸਤੇ ਉਠੇ ।)

ਮਰੜ੍ਹੀ ਜੀ ਤੁਹਾਡੇ ਸਵਾਲ ਦਾ ਜਵਾਬ ਮਨਿਸਟਰ ਸਾਹਿਬ ਦੇਣਗੇ । ਮਸਤਾਨਾ ਜੀ ਤੁਸੀਂ ਸਵਾਲ ਕਰੋ । (Whatever is being said by the hon. Member, should not be recorded (*Interruption*) Marhari Ji, Minister concerned will give reply to your question. Mastana Ji, please put a question.)

ਕਾਮਰੇਡ ਅਰਜਨ ਸਿੰਘ ਮਸਤਾਨਾ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਈ ਪਿੰਡਾਂ ਵਿਚ ਧਰਮਸ਼ਾਲਾਂ ਦੇ ਪੈਸੇ ਸਰਪੰਚ ਖਾ ਜਾਂਦੇ ਹਨ ।

(ਇਸ ਸਮੇਂ ਸਰਦਾਰ ਕਰਨੈਲ ਸਿੰਘ ਮਰੜ੍ਹੀ ਬੋਲਣ ਵਾਸਤੇ ਖੜ੍ਹੇ ਹੋਏ ।)

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਬਾਦਲ ਸਾਹਿਬ ਉਨ੍ਹਾਂ ਨੂੰ ਸਮਝਾਓ । ਉਨ੍ਹਾਂ ਨੂੰ ਕੋਈ ਮੈਨਰ, ਢੰਗ ਦੱਸੋ । (Badal Sahib, please guide him. Teach him the proper procedure.)

ਸਰਦਾਰ ਧੰਨਾ ਸਿੰਘ ਗੁਲਸ਼ਨ : ** **

ਸਰਦਾਰ ਬਸੰਤ ਸਿੰਘ ਖਾਲਸਾ : ** ** **

ਸ਼੍ਰੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (Whatever the hon. Members are saying should not be recorded.)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਤੁਸੀਂ ਸਾਡੀ ਗੱਲ ਨਹੀਂ ਸੁਣਦੇ । (ਵਿਘਨ) ਮੈਂ ਇਸ ਤਰ੍ਹਾਂ ਹਾਊਸ ਨਹੀਂ ਚੱਲਣ ਦੇਣਾ । (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਤੁਸੀਂ ਹਾਊਸ ਦੀ ਕਾਰਵਾਈ ਨਹੀਂ ਚੱਲਣ ਦਿੰਦੇ । (Please resume your seat.)

(ਇਸ ਸਮੇਂ ਸਰਦਾਰ ਕਰਨੈਲ ਸਿੰਘ ਮਰੜ੍ਹੀ ਫਿਰ ਬੋਲਣ ਵਾਸਤੇ ਖੜ੍ਹੇ ਹੋਏ ।)

ਤੁਸੀਂ ਹਾਊਸ ਦੀ ਕਾਰਵਾਈ ਨਹੀਂ ਚੱਲਣ ਦਿੰਦੇ । ਇਸ ਦਾ ਮਤਲਬ ਕਿ ਮੈਂ ਤੁਹਾਡਾ ਨਾਮ ਲਵਾਂਗਾ (ਵਿਘਨ) ਉਨ੍ਹਾਂ ਦੇ ਬਾਅਦ ਤੁਸੀਂ ਸਪਲੀਮੈਂਟਰੀ ਕਰ ਲੈਣਾ । (You are interrupting the proceedings of the House (*Interruption*) Please resume your seat (*Interruption by Sardar Karnail Singh Markari*) You are interrupting the proceedings of the House. It means that I shall have to name you. (*Interruption*) You may put your supplementary after the hon. Member who is in possession of the House.)

ਕਾਮਰੇਡ ਅਰਜਨ ਸਿੰਘ ਮਸਤਾਨਾ : ਸਪੀਕਰ ਸਾਹਿਬ, ਮੇਰਾ ਸਵਾਲ ਇਹ ਹੈ ਕਿ ਕਈਆਂ ਪਿੰਡਾਂ ਵਿਚ ਸਰਪੰਚ ਧਰਮਸ਼ਾਲਾਂ ਦੇ ਪੈਸੇ ਖਾ ਜਾਂਦੇ ਹਨ । (ਵਿਘਨ) ਮੈਂ ਤੁਹਾਡੇ ਰਾਹੀਂ ਵਜ਼ੀਰ-ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਈਆਂ ਪਿੰਡਾਂ ਵਿਚ ਸਰਪੰਚ, ਜਿਹੜੇ ਕਿ ਹਰੀਜਨਾਂ ਦੇ ਵਿਰੋਧੀ ਹੁੰਦੇ ਹਨ, ਉਹ ਧਰਮਸ਼ਾਲਾਵਾਂ ਦੇ ਪੈਸੇ ਖਾ ਜਾਂਦੇ ਹਨ । ਇਹੋ ਜਿਹੇ ਸਰਪੰਚਾਂ ਨੂੰ ਵਿਚੋਂ ਕੱਢਿਆ ਜਾਵੇ ।

ਨੰਬਰ ਦੋ, ਸਪੀਕਰ ਸਾਹਿਬ, ਮੈਂ ਇਹ ਪਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਹਲਕਿਆਂ ਨੂੰ ਸ਼੍ਰੀ ਗੁਲਸ਼ੇਲ ਸਿੰਘ ਜੀ ਨੇ ਨਜ਼ਰ ਅੰਦਾਜ਼ ਕੀਤਾ ਹੈ ਕੀ ਵਜ਼ੀਰ ਸਾਹਿਬਾ ਉਨ੍ਹਾਂ ਹਲਕਿਆਂ ਨੂੰ ਪਹਿਲ ਦੇਣਗੇ ?

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਨੂੰ ਰਿਕੁਐਸਟ ਕਰਨਾ ਚਾਹੁੰਦੀ ਹਾਂ ਕਿ ਜਦੋਂ ਕੋਈ ਆਨਰੇਬਲ ਮੈਂਬਰ ਸਵਾਲ ਕਰਨ ਤਾਂ ਇਸ ਤਰ੍ਹਾਂ ਇਨਟ੍ਰੱਪਟ ਨਾ ਕਰਿਆ ਕਰਨ, ਸਵਾਲ ਦਾ ਕੁਝ ਪਤਾ ਹੀ ਨਹੀਂ ਲਗਦਾ । (ਵਿਘਨ) ਮੇਰਾ ਖਿਆਲ ਹੈ ਕਿ ਮਰੜੀ ਸਾਹਿਬ ਦਾ ਅਤੇ ਇਨ੍ਹਾਂ ਦੇ ਸਵਾਲ ਦਾ ਇਕੋ ਹੀ ਮਤਲਬ ਹੈ ।

ਇਕ ਆਵਾਜ਼ : ਪਹਿਲਾਂ ਮਰੜੀ ਸਾਹਿਬ ਦਾ ਸਵਾਲ ਸੁਣ ਲਓ । (ਵਿਘਨ)

ਰਾਜ ਮੰਤਰੀ : ਮੈਂ ਸੁਣ ਲਿਆ ਹੈ । (ਸਰਦਾਰ ਕਰਨੈਲ ਸਿੰਘ ਮਰੜੀ ਵਲੋਂ ਵਿਘਨ)

ਸ਼੍ਰੀ ਸਪੀਕਰ : ਬਾਦਲ ਸਾਹਿਬ, ਮੈਂ ਰਿਕੁਐਸਟ ਕਰਾਂਗਾ ਕਿ ਤੁਸੀਂ ਮਰੜੀ ਸਾਹਿਬ ਨੂੰ ਕੁਝ ਸਮਝਾਓ । (ਵਿਘਨ) ਆਰਡਰ, ਆਰਡਰ ਪਲੀਜ਼ । (Badal Sahib, I would request you to ask Marhari Sahib not to interrupt the proceedings of the House. (*Interruption*) Order, Order, please.)

ਰਾਜ ਮੰਤਰੀ : ਸਪੀਕਰ ਸਾਹਿਬ, ਧਰਮਸ਼ਾਲਾ ਦਾ ਪੈਸਾ ਸਾਰਾ ਸਰਪੰਚ ਦੇ ਨਾਮ ਤੇ ਜਾਂਦਾ ਹੈ ਕਿਉਂਕਿ ਪੰਚਾਇਤ ਰੈਜ਼ੋਲਿਊਸ਼ਨ ਕਰਦੀ ਹੈ ਅਤੇ ਸਾਰੀ ਜ਼ਿੰਮੇਵਾਰੀ ਪੰਚਾਇਤ ਦੀ ਅਤੇ ਸਰਪੰਚ ਦੀ ਹੁੰਦੀ ਹੈ । ਜਿਹੜਾ ਵੀ ਕੋਈ ਸਰਪੰਚ ਪੈਸੇ ਖਾ ਜਾਵੇਗਾ ਜਾਂ ਕਿਸੇ ਤਰੀਕੇ ਨਾਲ ਧਰਮਸ਼ਾਲਾ ਬਣਾਉਣ ਦੇ ਵਿਚ ਕੋਈ ਰੁਕਾਵਟ ਪਾਉਣਗੇ ਤਾਂ ਉਨ੍ਹਾਂ ਦੇ ਖਿਲਾਫ ਸਰਕਾਰ ਸਖਤ ਤੋਂ ਸਖਤ ਕਾਰਵਾਈ ਕਰੇਗੀ ।

ਸ਼੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬਾ ਨੂੰ ਪੁਛਣਾ ਚਾਹੁੰਦਾ ਹਾਂ ਕਿ ਸ਼ਹਿਰਾਂ ਦੇ ਵਿਚ ਜਿਹੜੀਆਂ ਧਰਮਸ਼ਾਲਾ ਅਲਾਟ ਹੋ ਚੁਕੀਆਂ ਹਨ ਅਤੇ ਉਨ੍ਹਾਂ ਦੇ ਲਈ ਜ਼ਮੀਨ ਦੀ ਫਰਦ ਦੀ ਜ਼ਰੂਰਤ ਹੁੰਦੀ ਹੈ ਕੀ ਉਹ ਇਹ ਜਿਹੜੀ ਫਰਦ ਦੀ ਸ਼ਰਤ ਹੈ ਉਹ ਉਡਾ ਦੇਣਗੇ ? ਜਾਂ ਉਡਾਉਣ ਨੂੰ ਤਿਆਰ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਤੇ ਅਸੀਂ ਗੌਰ ਕਰਾਂਗੇ ।

ਗਿਆਨੀ ਕੁੰਦਨ ਸਿੰਘ ਪਤੰਗ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬਾ ਨੂੰ ਪੁਛਣਾ ਚਾਹੁੰਦਾ ਹਾਂ ਕਿ ਹਲਕਾ ਧਰਮਕੋਟ ਵਿਚ ਇਕ ਪਿੰਡ ਸੇਖਾ ਹੈ ਉਥੇ ਧਰਮਸ਼ਾਲਾ ਲਈ ਸਰਕਾਰ ਨੇ ਪੈਸੇ ਦੇ ਦਿਤੇ ਹਨ, ਇਕ ਕਿਸ਼ਤ ਦੇ ਦਿਤੀ ਹੈ ਪਰ ਉਹ ਕਈ ਸਾਲਾਂ ਤੋਂ ਧਰਮਸ਼ਾਲਾ ਉਥੇ ਦੀ ਉਥੇ ਹੀ ਖੜੀ ਹੈ ਅਤੇ ਉਸ ਨੂੰ ਇਕ ਆਦਮੀ ਬਣਨ ਨਹੀਂ ਦਿੰਦਾ । ਇਹ ਮੈਂ ਮਨਿਸਟਰ ਸਾਹਿਬ ਨੂੰ ਮੀਟਿੰਗ ਵਿਚ ਵੀ ਕਿਹਾ ਸੀ । ਕੀ ਇਹ ਹੁਣ ਛੇਤੀ ਤੋਂ ਛੇਤੀ ਬਣਾਉਣ ਦਾ ਯਤਨ ਕਰਨਗੇ ?

ਰਾਜ ਮੰਤਰੀ : ਇਹ ਸਾਨੂੰ ਲਿਖ ਕੇ ਦੇ ਦੇਣ ਉਸ ਤੇ ਛੇਤੀ ਤੋਂ ਛੇਤੀ ਅਮਲ ਕੀਤਾ ਜਾਵੇਗਾ ।

Original with;
Punjab Vidhan Sabha
Digitized by;
Panjab Digital Library

REGULARISATION OF SERVICES OF AD-HOC EMPLOYEES IN THE PUBLIC HEALTH DEPARTMENT

*1906. **Shri Sardari Lal Kapur** : Will the Minister of State for Public Health be pleased to state the services of the employees of Public Health Department who are at present employed on the ad-hoc basis will be regularised; if so when ?

Shri Khushal Behl : (Deputy Minister for Cottage Industry) : If and when the employees become eligible to be so under rules/ instructions.

(ਜੇਯਰ ਅਤੇ ਜਦੋਂ ਉਹ ਕਰਮਚਾਰੀ ਨਿਯਮਾਂ/ਹਦਾਇਤਾਂ ਅਧੀਨ ਯੋਗ ਹੋ ਜਾਣਗੇ ।)

ਸ਼੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਇਹ ਜਿਹੜਾ ਇਨ੍ਹਾਂ ਨੇ ਦਸਿਆ ਹੈ ਕਿ 'ਜਿਸ ਵੇਲੇ ਸ਼ਰਤਾਂ ਪੂਰੀਆਂ ਕਰ ਦੇਣਗੇ' ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਲੋਕਾਂ ਨੇ ਸ਼ਰਤਾਂ ਪੂਰੀਆਂ ਕਰ ਦਿੱਤੀਆਂ ਹਨ ਉਨ੍ਹਾਂ ਦੇ ਮੁਤੱਲਕ ਇਨ੍ਹਾਂ ਦਾ ਕੀ ਜਵਾਬ ਹੈ, ਉਨ੍ਹਾਂ ਨੂੰ ਹਾਲੇ ਤਕ ਕਿਉਂ ਨਹੀਂ ਕੀਤਾ ਗਿਆ ?

ਉਪ ਮੰਤਰੀ, : ਸਪੀਕਰ ਸਾਹਿਬ, ਜਿਨ੍ਹਾਂ ਨੇ ਹਦਾਇਤਾਂ ਮੁਤਾਬਕ ਸ਼ਰਤਾਂ ਪੂਰੀਆਂ ਕਰ ਦਿਤੀਆਂ ਹਨ ਐਡਹਾਕ ਬੇਸਿਜ਼ ਤੇ ਉਨ੍ਹਾਂ ਦੀਆਂ ਸਰਵਿਸਿਜ਼ ਰੈਗੂਲਰ ਕਰ ਦਿਤੀਆਂ ਹਨ ।

REGULARISATION OF SERVICES OF AD-HOC EMPLOYEES IN THE P. W. D. (IRRIGATION BRANCH)

*1905. **Shri Sardari Lal Kapur** : Will the Minister of State for Irrigation & Power be pleased to state whether the services of the employees of Punjab P. W. D. (I. B.) who are at present employed on an ad-hoc basis will be regularised; if so, when ?

Sardar Gurbakhsh Singh Sibia : If and when, they become eligible to be so under the Rules.

(ਜਦੋਂ ਵੀ ਉਹ ਰੂਲਾਂ ਦੇ ਤਹਿਤ ਇਸ ਦੇ ਯੋਗ ਹੋ ਜਾਣਗੇ ।)

ਸ਼੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਇਸ ਤਰ੍ਹਾਂ ਮਾਲੂਮ ਹੁੰਦਾ ਹੈ ਕਿ ਦੋਨਾਂ ਮਨਿਸਟਰ ਸਾਹਿਬਾਨ ਨੇ ਮੀਟਿੰਗ ਕਰਕੇ ਜਵਾਬ ਦਿਤਾ ਹੈ । (ਵਿਘਨ) ਕੀ ਮਨਿਸਟਰ ਸਾਹਿਬ ਦਸਣਗੇ ਕਿ ਜਿਹੜੇ ਬੰਦੇ ਸ਼ਰਤਾਂ ਪੂਰੀਆਂ ਕਰ ਚੁਕੇ ਹਨ ਜਿਨ੍ਹਾਂ ਦੀ ਤਾਦਾਦ 300 ਦੇ ਕਰੀਬ ਹੈ ਉਨ੍ਹਾਂ ਨੂੰ ਹਾਲੇ ਤਕ ਕਿਉਂ ਨਹੀਂ ਰੈਗੂਲਰ ਕੀਤਾ ਗਿਆ ?

ਰਾਜ ਮੰਤਰੀ, : ਸਪੀਕਰ ਸਾਹਿਬ, ਇਸ ਦੇ ਵਿਚੋਂ ਇਹ ਸਵਾਲ ਪੈਦਾ ਨਹੀਂ ਹੁੰਦਾ । (ਵਿਘਨ) 29 ਨਵੰਬਰ, 1973 ਦੀ ਚੀਫ਼ ਸੈਕਟਰੀ ਦੀ ਇਕ ਚਿੱਠੀ ਹੈ । ਇਸ ਦੇ ਲਈ ਇਕ ਸਕਰੀਨਿੰਗ ਕਮੇਟੀ ਬਣਾਈ ਹੋਈ ਹੈ ਜਿਹੜੇ ਜਿਹੜੇ ਵੀ ਸ਼ਰਤਾਂ ਪੂਰੀਆਂ ਕਰਨਗੇ ਉਹ ਰੈਗੂਲਰ ਕਰ ਦਿਤੇ ਜਾਣਗੇ । (ਵਿਘਨ)

Original with;
Punjab Vidhan Sabha
Digitized by;
Panjab Digital Library

ਸਰਦਾਰ ਸੁਰਿੰਦਰ ਸਿੰਘ ਕੈਰੋਂ : ਕੀ ਮਨਿਸਟਰ ਸਾਹਿਬ ਦਸਣਗੇ ਕਿ ਇਨ੍ਹਾਂ ਨੂੰ ਰੈਗੂਲੇਰਾਈਜ਼ ਕਰਨ ਲਈ ਕੀ ਕੀ ਸ਼ਰਤਾਂ ਚਾਹੀਦੀਆਂ ਹਨ ?

ਰਾਜ ਮੰਤਰੀ : ਜਿਹੜੀਆਂ ਵੀ ਅੰਡਰ ਰੂਲਜ਼ ਸ਼ਰਤਾਂ ਹਨ ਉਹ ਪੂਰੀਆਂ ਕਰ ਦੇਣ । ਇਕ ਸਰਕੀਨਿੰਗ ਕਮੇਟੀ ਬਣਾਈ ਹੋਈ ਹੈ ਉਸ ਦੇ ਵਿਚ ਸਾਰਾ ਕੁਝ ਸਕਰੀਨ ਕਰਕੇ ਰੈਗੂਲਰ ਕਰ ਦਿਤਾ ਜਾਵੇਗਾ ।

ਸਰਦਾਰ ਸੁਰਿੰਦਰ ਸਿੰਘ ਕੈਰੋਂ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ । ਮੈਂ ਵਜ਼ੀਰ ਸਾਹਿਬ ਨੂੰ ਪੁਛਿਆ ਹੈ ਕਿ ਰੈਗੂਲੇਰਾਈਜ਼ ਹੋਣ ਵਾਸਤੇ ਕੀ ਕੀ ਸ਼ਰਤਾਂ ਚਾਹੀਦੀਆਂ ਹਨ ।

ਰਾਜ ਮੰਤਰੀ : ਇਸ ਦੇ ਲਈ ਨੋਟਿਸ ਦੇ ਦੇਣ ਜੀ । ਇਸ ਵੇਲੇ ਮੇਰੇ ਪਾਸ ਨਹੀਂ ਹਨ । (ਵਿਘਨ)

Sardar Surinder Singh Kairon : This is the A. B. C. of the department. I want to know.

Mr. Speaker : Please resume your seat.

Sardar Surinder Singh Kairon : I won't sit like this.

(ਇਸ ਵਕਤ ਸਪੀਕਰ ਸਾਹਿਬ ਨੇ ਸ਼੍ਰੀ ਸਰਦਾਰੀ ਲਾਲ ਕਪੂਰ ਨੂੰ ਕਾਲ ਅਪੋਨ ਕੀਤਾ ।)

ਸਰਦਾਰ ਸੁਰਿੰਦਰ ਸਿੰਘ ਕੈਰੋਂ : ਮੈਨੂੰ ਇਜਾਜ਼ਤ ਦਿਉ ਮੈਂ ਹੋਰ ਸਵਾਲ ਪੁਛ ਲੈਂਦਾ ਹਾਂ ਜੀ । (ਵਿਘਨ)

ਸ਼੍ਰੀ ਸਪੀਕਰ : ਕਪੂਰ ਸਾਹਿਬ ਦੇ ਬਾਅਦ ਤੁਸੀਂ ਪੁਛ ਲੈਣਾ । (ਵਿਘਨ) (You may put your supplementary question after Kapoor Sahib has done so.)

ਸਰਦਾਰ ਸੁਰਿੰਦਰ ਸਿੰਘ ਕੈਰੋਂ : ਮੈਂ ਬਿਲਕੁਲ ਨਹੀਂ ਬੈਠਾਂਗਾ । (ਵਿਘਨ)

ਸ਼੍ਰੀ ਸਪੀਕਰ : ਕੈਰੋਂ ਸਾਹਿਬ ਮੈਂ ਬੇਨਤੀ ਕੀਤੀ ਹੈ ਕਿ ਕਪੂਰ ਸਾਹਿਬ ਦੇ ਬਾਅਦ ਤੁਸੀਂ ਸਵਾਲ ਕਰ ਲੈਣਾ ।(ਵਿਘਨ) (Kairon Sahib, I have requested you to put your supplementary question after Kapoor Sahib has done so.) (*Interruption*)

ਸ਼੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਉਹ ਕਿਹੜੀਆਂ ਸ਼ਰਤਾਂ ਪੂਰੀਆਂ ਕਰਨਗੇ, ਮਨਿਸਟਰ ਸਾਹਿਬ ਨੂੰ ਆਪ ਤਾਂ ਪਤਾ ਨਹੀਂ ਕਿ ਕਿਹੜੀਆਂ ਕਿਹੜੀਆਂ ਸ਼ਰਤਾਂ ਹਨ ? (ਵਿਘਨ)

ਸ਼੍ਰੀ ਸਪੀਕਰ : ਉਨ੍ਹਾਂ ਨੇ ਕਿਹਾ ਹੈ ਕਿ ਇਸ ਵੇਲੇ ਉਹ ਸ਼ਰਤਾਂ ਨਹੀਂ ਦਸ ਸਕਦੇ । (ਵਿਘਨ)(ਸਰਦਾਰ ਸਰਿੰਦਰ ਸਿੰਘ ਕਰੋਂ ਵਲੋਂ (ਇਸ ਵਕਤ ਸਪੀਕਰ ਸਾਹਿਬ ਨੇ ਸ਼੍ਰੀ ਪ੍ਰੇਮ ਗੁਪਤਾ ਨੂੰ ਕਾਲ ਅਪਾਨ ਕੀਤਾ) ਗੁਪਤਾ ਜੀ ਦੇ ਬਾਅਦ ਤੁਸੀਂ ਕਰ ਲੈਣਾ । (ਵਿਘਨ) (The hon Minister has stated that the information about the terms and conditions is not readily available with him.) (*Interruption*) by Sardar Surinder Singh Kairon) (At this stage the Speaker has kalled upon Shri Prem Gupta.)

Original with;
Punjab Vidhan Sabha
Digitized by;
Panjab Digital Library

(The hon. Member Sardar Surinder Singh Kairon may put his supplementary question after Shri Prem Gupta.)
(*Interruption*)

ਸ਼੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੈਂ ਇਹ ਗੱਲ ਜਾਣਨਾ ਚਾਹੁੰਦਾ ਹਾਂ ਕਿ ਕੀ ਜਿਹੜੇ ਐਡਹਾਕ ਇਮਪਲਾਈਜ਼ ਹਨ ਉਨ੍ਹਾਂ ਨੂੰ ਰੈਗੂਲਰ ਕਰਨ ਵਾਸਤੇ ਸਰਕਾਰ ਨੇ ਇਹ ਸ਼ਰਤਾਂ ਲਾਈਆਂ ਹਨ ਕਿ 1 ਜਨਵਰੀ, 1973 ਨੂੰ ਇਕ ਸਾਲ ਦੀ ਸਰਵਿਸ ਪੂਰੀ ਹੋਵੇ, ਪ੍ਰਮਾਨੈਂਟ ਬੇਸਿਜ਼ ਤੇ ਕੰਮ ਕਰਦਾ ਹੋਵੇ ? (ਵਿਘਨ)

(ਕੋਈ ਜਵਾਬ ਨਹੀਂ ਦਿਤਾ ਗਿਆ)

Mr. Speaker : Question hour is over. The remaining questions shall be deemed to have been answered under Rule 38 of the Rules of Procedure and Conduct of Business in the Punjab Legislative Assembly.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ANANDPUR HYDEL PROJECT

*2202 **Comrade Shamsher Singh Josh** : Will the Minister of State for Irrigation & Power be pleased to state whether the Anandpur Hydel Project is proposed to be constructed by the State Government under its own management ; if so, the reasons for taking this project out of the purview of the Punjab State Electricity Board ?

Sardar Gurbakhsh Singh Sibia : (i) The Anandpur Sahib Hydel Project is being constructed by Hydel Administration under the control of High Powered Hydel Committee headed by the Irrigation & Power Minister in which Punjab State Electricity Board is duly represented. This Committee was set up in 1961 to execute Hydro-electric Projects in the State.

(ii) As the constitution of such Hydel Projects fall within the purview of the said Hydel Committee the question of having withdrawn Anandpur Hydel Project from the Punjab State Electricity Board does not arise.

[ਆਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ ਦੀ ਉਸਾਰੀ ਦਾ ਕੰਮ ਹਾਈਡਲ ਪ੍ਰਸ਼ਾਸਨ ਕਰ ਰਿਹਾ ਹੈ। ਇਹ ਹਾਈਡਲ ਪ੍ਰਸ਼ਾਸਨ ਇਕ ਉਚ ਅਧਿਕਾਰਾਂ ਵਾਲੀ ਹਾਈਡਲ ਕਮੇਟੀ (ਹਾਈ ਪਾਵਰ ਕਮੇਟੀ) ਜਿਸ ਦੇ ਚੇਅਰਮੈਨ ਪੰਜਾਬ ਦੇ ਸਿੰਜਾਈ ਅਤੇ ਬਿਜਲੀ ਮੰਤਰੀ ਹਨ ਦੇ ਅਧੀਨ ਕੰਮ ਕਰਦਾ ਹੈ । ਇਸ ਹਾਈ ਪਾਵਰ ਕਮੇਟੀ ਵਿਚ ਪੰਜਾਬ ਰਾਜ ਬਿਜਲੀ ਬੋਰਡ ਦੀ ਪੂਰੀ ਪ੍ਰਤੀਨਿਧਤਾ ਹੈ । ਇਹ ਹਾਈਡਲ ਕਮੇਟੀ 1961 ਵਿਚ ਪੰਜਾਬ ਸਰਕਾਰ ਦੇ ਹਾਈਡਲ ਪ੍ਰਾਜੈਕਟ (Hydro Electric Project) ਦੀ ਉਸਾਰੀ ਦੇ ਕੰਮ ਲਈ ਬਣਾਈ ਗਈ ਸੀ । ਹਾਈਡਲ ਪ੍ਰਾਜੈਕਟ ਇਸ ਕਮੇਟੀ ਦੇ ਅਧਿਕਾਰ ਖੇਤਰ ਵਿਚ ਹਨ । ਇਸ ਲਈ ਆਨੰਦਪੁਰ ਹਾਈਡਲ ਦਾ ਉਨ੍ਹਾਂ ਕੋਲੋਂ ਖਿੱਚ ਲੈਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।]

Original with;
Punjab Vidhan Sabha
Digitized by;
Panjab Digital Library

SYPHON ON THE BIST DOAB CANAL NEAR BALACHAUR

*2222. **Master Dalip Chand** : Will the Minister for Irrigation and Power be pleased to state :

(a) whether it is a fact that a large area of land continue to remain adversely affected due to the incompletion of the syphon on the Bist Doab Canal near Balachaur in front of village Mahindipur;

(b) if the reply to part (a) above be in the affirmative whether there is any proposal under the consideration of the Government to dig a drain from the said syphon up to the river ?

Sardar Gurbakhsh Singh Sibia : (a) Yes, Sir,. The area involved is small. It was adversely affected on account of high flood in the Choe crossing Bist Doab Canal at R. D. 79,700 near village Balachaur. The flood was due to unprecedented rainfall in the catchment area during the last Monsoons.

(b) Yes, Sir.

[(ੳ) ਹਾਂ ਜੀ : ਕੇਵਲ ਥੋੜ੍ਹੇ ਰਕਬੇ ਵਿਚ ਤੇ ਉਹ ਵੀ ਪਿੰਡ ਬਲਾਚੌਰ ਦੇ ਨੇੜੇ ਜਹੜੀ ਚੋ ਬਿਸਤ ਦੋਆਬ ਨਹਿਰ ਦੀ ਬੁਰਜੀ ਨੰ: 79,700 ਤੋਂ ਲੰਘਦਾ ਹੈ ਦੇ ਕੈਚਮੈਂਟ ਏਰੀਏ ਵਿਚ ਪਿਛਲੀ ਵਾਰੀ ਵਰਖਾ ਦੇ ਕਾਰਨ ਚੋ ਵਿਚ ਭਾਰੀ ਹੜ੍ਹ ਆ ਜਾਣ ਕਰਕੇ ।

(ਅ) ਹਾਂ ਜੀ ।]

COUPONS FOR WHEAT BONUS GIVEN TO FARMERS IN THE STATE

*2100. **Sardar Dhanna Singh Gulshan** : Will the Minister of State for Food and Supplies be pleased to state—

(a) whether it is a fact that the Government made an announcement to give coupons for wheat bonus to the farmers from April, 1973;

(b) if the reply to part (a) above be in the affirmative, the district-wise number of farmers to whom the said bonus coupons have so far been issued and of those to whom these are still to be issued stating the form in which such coupons have been given ?

Sardar Gurdarshan Singh: (a) Yes, Sir.

(b) Bonus coupons were issued to all those persons who sold wheat to the Government agencies in Punjab. The amount of bonus under the scheme was payable in the form of cash or fertilizers. The

Original with;
Punjab Vidhan Sabha
Digitized by;
Panjab Digital Library

details of the amount disbursed under the scheme in cash or in the form of fertilizers are as under :—

Amount of bonus disbursed in cash alongwith cost of wheat purchased from 17th September 1973 to 31st October, 1973.	Amount of bonus disbursed through coupons upto 12th February, 1974 for Wheat procured between 1st April, 1973 and 15th September, 1973.	
	In the form of fertilizers	In cash
Rs. 23,06,400/-	Rs. 73.59 lac	Rs. 1,210.93 lac

Detailed information about the district-wise number of farmers to whom the said bonus coupons have so far been issued and of those to whom these are still to be issued is not readily available. The time and labour involved in collecting this information will not be commensurate with the benefit expected to be derived therefrom.

[(ਓ) ਹਾਂ ਜੀ ।

(ਅ) ਬੋਨਸ ਕੂਪਨ ਉਨ੍ਹਾਂ ਸਾਰੇ ਵਿਅਕਤੀਆਂ ਨੂੰ ਦਿੱਤਾ ਗਿਆ ਜਿਨ੍ਹਾਂ ਨੇ ਪੰਜਾਬ ਵਿਚ ਸਰਕਾਰੀ ਏਜੰਸੀਆਂ ਨੂੰ ਕਣਕ ਵੇਚੀ । ਇਸ ਸਕੀਮ ਅਧੀਨ ਬੋਨਸ ਦੀ ਰਕਮ ਨਕਦ ਜਾਂ ਖਾਦ ਦੀ ਸ਼ਕਲ ਵਿਚ ਦਿੱਤੀ ਗਈ ਹੈ । ਇਸ ਸਕੀਮ ਅਧੀਨ ਨਕਦ ਜਾਂ ਖਾਦ ਦੀ ਸ਼ਕਲ ਵਿਚ ਦਿੱਤੀ ਗਈ ਰਕਮ ਦਾ ਵੇਰਵਾ ਹੇਠ ਅਨੁਸਾਰ ਹੈ :—

17 ਸਤੰਬਰ, 1973 ਤੋਂ 31 ਅਕਤੂਬਰ, 1973 ਤਕ ਖਰੀਦੀ ਗਈ ਕਣਕ ਤੇ ਬੋਨਸ ਦੀ ਰਕਮ ਜੋ ਕਣਕ ਦੀ ਕੀਮਤ ਨਾਲ ਦਿੱਤੀ ਗਈ ।	1 ਅਪ੍ਰੈਲ, 1973 ਤੋਂ 15 ਸਤੰਬਰ, 1973 ਤਕ ਖਰੀਦੀ ਗਈ ਕਣਕ ਤੇ 12 ਫਰਵਰੀ, 1974 ਤਕ ਦਿਤੇ ਗਏ ਬੋਨਸ ਦੀ ਰਕਮ ।	
	ਖਾਦ ਦੀ ਸ਼ਕਲ ਵਿਚ	ਨਕਦ
ਰੁ: 23,06,400	ਰੁ: 73.59 ਲੱਖ	ਰੁ: 1210.93 ਲੱਖ

ਜਿਨ੍ਹਾਂ ਕਿਸਾਨਾਂ ਨੂੰ ਹੁਣ ਤਕ ਬੋਨਸ ਦਿਤਾ ਜਾ ਚੁਕਾ ਹੈ ਅਤੇ ਜਿਨ੍ਹਾਂ ਨੂੰ ਬੋਨਸ ਹਾਲੇ ਦਿੱਤਾ ਜਾਣਾ ਹੈ, ਦੀ ਜ਼ਿਲ੍ਹੇਵਾਰ ਸੰਖਿਆ ਬਾਰੇ ਵੇਰਵੇ ਸਹਿਤ ਸੂਚਨਾ ਤਿਆਰ ਨਹੀਂ ਹੈ । ਇਹ ਸੂਚਨਾ ਇਕੱਤਰ ਕਰਨ ਵਿਚ ਬਹੁਤ ਸਮਾਂ ਤੇ ਮਿਹਨਤ ਖਰਚ ਹੋਣਗੇ ਅਤੇ ਇਸ ਤੋਂ ਜਿਸ ਲਾਭ ਦੀ ਆਸ ਕੀਤੀ ਜਾਂਦੀ ਹੈ ਉਹ ਨਹੀਂ ਹੋਵੇਗਾ ।]

Original with;
Punjab Vidhan Sabha
Digitized by;
Panjab Digital Library

F.I.R. NO. 196 DATED 17TH DECEMBER, 1971 LODGED IN POLICE STATION PATHANKOT

*2166. **Sardar Gurdev Singh Bakhshiwala**: Will the Chief Minister be pleased to state—

(a) whether a F. I. R. No. 196 dated 17th December, 1971 was lodged in the Police Station Pathankot regarding an embezzlement amounting to Rs. 6,29,000 by any officer pertaining to the year 1966-67;

(b) whether any action has been taken by the police authorities against the officials involved in the said case ?

ਗਿਆਨੀ ਜ਼ੈਲ ਸਿੰਘ : [(ੳ) ਹਾਂ ਜੀ। ਮੁਕਦਮਾ ਨੰ: 196 ਮਿਤੀ 17 ਸਤੰਬਰ, 1971 ਅਧੀਨ ਧਾਰਾ 409/379 ਭ: ਦ: ਥਾਨਾ ਸਿਟੀ ਪਠਾਨਕੋਟ ਦਰਜ ਹੋਇਆ ਸੀ ਪਰ ਇਹ ਮੁਕਦਮਾ ਕੇਵਲ 32,355 ਰੁਪਏ ਦੇ ਗਬਨ ਬਾਰੇ ਸੀ ।

(ਅ) ਹਾਂ ਜੀ ।

WHEAT BAGS BELONGING TO MARKFED RECOVERED BY POLICE OF PATRAN IN SAMANA POLICE STATION FROM A PRIVATE GODOWN ON OR ABOUT 7TH JULY, 1973.

*2314. **Comrade Shamsher Singh Josh** : Will the Chief Minister be pleased to state :—

(a) whether it is a fact that 120 bags of wheat belonging to Markfed were recovered from the godown of a private grain dealer by the authorities of Police Post Patran in Samana Police Station on or near about 7th July, 1973;

(b) whether any case was registered against the grain dealer and his accomplices;

(c) whether he received a representation in July, 1973 from Shri Gurdit Singh member of Market Committee Samana, District Patiala in this connection; if so, the action taken against the defaulting officer and the above grain dealer ?

Giani Zail Singh: (a) 120 bags of wheat reportedly brought to the shop of Shri Pritam Singh arhtia of Patran Mandi by Gurdeep Singh an employee of the Samana Cooperative Marketing Society Ltd. alleged to belong to Markfed, were taken into custody by the Police on a complaint lodged by the aforesaid arhtia on 4th July, 1973.

(b) Yes, a case was registered by the police against Shri Gurdeep Singh the aforesaid employee of the Marketing Society under section 411/414 I. P. C. on the complaint of Shri Pritam Singh Arhtia.

Original with;
Punjab Vidhan Sabha
Digitized by;
Panjab Digital Library

(c) There is no such representations in the records of the Co-operative Department.

[(ੳ) ਕਣਕ ਦੀਆਂ 120 ਬੋਰੀਆਂ ਜਿਹੜੀਆਂ ਕਿ ਮਾਰਕਫੈਡ ਦੀ ਮਲਕੀਅਤ ਦਸੀਆਂ ਗਈਆਂ, ਸਮਾਨਾ ਸਹਿਕਾਰੀ ਮੰਡੀਕਰਨ ਸਭਾ ਦੀ ਪਾਤੜਾਂ ਬਰਾਂਚ ਦੇ ਇਕ ਕਰਮਚਾਰੀ ਸ਼੍ਰੀ ਗੁਰਦੀਪ ਸਿੰਘ ਵਲੋਂ ਪਾਤੜਾਂ ਮੰਡੀ ਵਿਚ ਪ੍ਰੀਤਮ ਸਿੰਘ ਆੜ੍ਹਤੀ ਦੀ ਦੁਕਾਨ ਤੇ 4 ਜੁਲਾਈ, 1973 ਨੂੰ ਲਿਆਂਦੀਆਂ ਦਸੀਆਂ ਜਾਂਦੀਆਂ ਹਨ । ਜਿਹੜੀਆਂ ਕਿ ਪੁਲਿਸ ਚੌਕੀ ਪਾਤੜਾਂ ਦੇ ਅਧਿਕਾਰੀਆਂ ਨੈ ਪ੍ਰੀਤਮ ਸਿੰਘ ਆੜ੍ਹਤੀ ਦੀ ਸ਼ਿਕਾਇਤ ਤੇ ਪੁਲਿਸ ਕਬਜ਼ੇ ਵਿਚ ਲੈ ਲਈਆਂ ।

ਸ਼੍ਰੀ ਸਪੀਕਰ : ਹਾਊਸ ਨੂੰ ਵੋਟ ਕਰਨ ਲਈ ਕਾਲ ਅਪਾਨ ਕਰ ਲਿਆ ਸੀ । (When the Members rose to speak I had already put the motion to the vote of the House.)

**Not recorded as ordered by the Chair.

Original with;
Punjab Vidhan Sabha
Digitized by;
Panjab Digital Library

Comrade Satya Pal Dang : When the Minister moved the motion, 4/5 Members rose to speak. Under what Rule you did not call upon them to speak ?

ਸ਼੍ਰੀ ਸਪੀਕਰ : ਉਦੋਂ ਮੋਸ਼ਨ ਪਾਸ ਹੋ ਗਈ ਸੀ, ਉਸ ਤੋਂ ਬਾਅਦ ਉਠੇ ਹੋ ਤੁਸੀਂ । (You rose to speak after the motion was carried.)

ਕਈ ਮਾਨਯੋਗ ਮੈਂਬਰਜ਼ : ** **

ਸ਼੍ਰੀ ਸਪੀਕਰ : ਇਹ ਜੋ ਆਨਰੇਬਲ ਮੈਂਬਰਜ਼ ਬੋਲ ਰਹੇ ਹਨ ਚੇਅਰ ਦੀ ਆਗਿਆ ਤੋਂ ਬਗੈਰ, ਇਹ ਰਿਕਾਰਡ ਨਾ ਕੀਤਾ ਜਾਵੇ । (Whatever the hon. Members are saying without the permission of the Chair, should not be recorded.)

ਸਰਦਾਰ ਸੁਰਿੰਦਰ ਸਿੰਘ ਕੈਰੋਂ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਅਸੀਂ ਇਸ ਤੋਂ ਵੀ ਅਗਾਂਹ ਮਹਿਸੂਸ ਕਰਦੇ ਹਾਂ ਕਿ ਇਸ ਤੋਂ ਬਾਅਦ ਵੀ ਕੁਝ ਇਨ੍ਹਾਂ ਲੋੜਾਂ ਲਈ ਹੋਣਾ ਚਾਹੀਦਾ ਹੈ । ਅਸੀਂ ਕੁਝ ਕਹਿਣਾ ਚਾਹੁੰਦੇ ਸੀ ਅਤੇ ਸੁਝਾਓ ਦੇਣਾ ਚਾਹੁੰਦੇ ਸੀ ਕਿ ਕੋਟੀ ਡਿਫੈਕਟਿ ਮੈਂਬਰਜ਼ ਲਿਆ ਕੇ ਸਿਰਫ ਆਈ-ਵਾਸ਼ ਹੀ ਨਹੀਂ ਕਰਨਾ ਚਾਹੀਦਾ ।

ਸ਼੍ਰੀ ਸਪੀਕਰ : ਜਿਸ ਵੇਲੇ ਮੋਸ਼ਨ ਪੁਟ ਕੀਤੀ ਸੀ, ਉਸ ਵੇਲੇ ਤੁਹਾਨੂੰ ਖੜਾ ਹੋਣਾ ਚਾਹੀਦਾ ਸੀ । (ਵਿਘਨ) (You should have risen to speak before the motion was put to the vote of the House.) *(Interruptions)*

ADJOURNMENT MOTIONS

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਸਰਦਾਰ ਹਰਬੰਸ ਸਿੰਘ ਜਲਾਲ ਨੇ ਇਹ ਐਡਜਰਨਮੈਂਟ ਮੋਸ਼ਨ ਦਿੱਤੀ ਸੀ । ਉਸ ਬਾਰੇ ਮੈਂ ਸਮਝਦਾ ਹਾਂ ਕਿ ਇਹ ਸਾਰੇ ਪੰਜਾਬ ਦੇ ਹਿਤ ਦੀ ਗੱਲ ਹੈ । ਸਾਡਾ ਸੈਸ਼ਨ ਉਠ ਜਾਵੇਗਾ ਅਤੇ ਇਸ ਵਾਸਤੇ ਇਹ ਐਡਜਰਨਮੈਂਟ ਮੋਸ਼ਨ ਤੁਸੀਂ ਐਕਸੈਪਟ ਕਰ ਲਵੋ । ਸਪੀਕਰ ਸਾਹਿਬ ਤੁਹਾਨੂੰ ਯਾਦ ਹੋਵੇਗਾ.....

ਸ਼੍ਰੀ ਸਪੀਕਰ : ਇਹ ਐਡਜਰਨਮੈਂਟ ਮੋਸ਼ਨ 8.55 ਤੇ ਆਈ ਸੀ, 24 ਘੰਟੇ ਪਹਿਲਾਂ ਆਉਣੀ ਚਾਹੀਦੀ ਸੀ । (This Adjournment Motion was received at 8.55 a.m. It should have been sent 24 hours earlier.)

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਪਰਕਾਸ਼ ਸਿੰਘ ਬਾਦਲ : ਤੁਹਾਨੂੰ ਯਾਦ ਹੋਵੇਗਾ ਕਿ ਗਵਰਨਰਜ਼ ਐਡਰੈਸ ਤੇ ਬੋਲਦਿਆਂ ਮੈਂ ਕਿਹਾ ਸੀ ਕਿ ਸਾਡੇ ਪੰਜਾਬ ਨਾਲ ਇਕ ਬਹੁਤ ਵੱਡਾ ਧੱਕਾ ਹੋ ਰਿਹਾ ਹੈ ਜਿਸ ਨਾਲ ਸੈਂਟਰਲ ਗਵਰਨਮੈਂਟ ਨੇ ਜੋ ਫੌਜ ਵਿਚ ਭਰਤੀ ਹੈ, ਉਹ ਪੰਜਾਬ ਦੀ 15% ਤੋਂ ਘੱਟਾ ਕੇ ਢਾਈ ਪਰਸੈਂਟ ਕਰ ਦਿੱਤੀ ਹੈ । ਜਿਨ੍ਹਾਂ ਨੂੰ ਇਹ ਕਹਿੰਦੇ ਹਨ ਕਿ ਪੰਜਾਬ ਨਾਲ ਬੜਾ ਇਨਸਾਫ ਹੈ ਅਤੇ ਇਹ ਕਹਿੰਦੇ ਹਨ ਕਿ ਖਬਰ ਗਲਤ ਹੈ, ਇਹ ਸਾਰਿਆਂ ਬੈਂਚਾਂ ਤੋਂ ਆਵਾਜ਼ ਆਈ । ਇਸ ਬਾਰੇ ਹੁਣ ਮੈਂ ਤੁਹਾਨੂੰ ਬਾਬੂ ਜਗਜੀਵਨ ਰਾਮ ਦੀ ਇਸ ਬਾਰੇ ਪਾਰਲੀਮੈਂਟ ਵਿਚ ਸਟੇਟਮੈਂਟ ਜਿਹੜੀ ਹੈ ਉਹ ਪੜ੍ਹ ਕੇ ਸੁਣਾਉਂਦਾ ਹਾਂ : "ਪੰਜਾਬ, ਹਿਮਾਚਲ, ਹਰਿਆਣਾ ਤੋਂ ਫੌਜੀ ਭਰਤੀ ਦੇ ਕੋਟੇ ਵਿਚ ਭਾਰੀ ਕਮੀ—ਪੰਜਾਬ ਦਾ ਕੋਟਾ 15.30 ਫੀਸਦੀ ਤੋਂ ਘਟਾ ਕੇ ਸਿਰਫ 2.6 ਫੀਸਦੀ ਕਰ ਦਿੱਤਾ ਗਿਆ" ।

(ਅਕਾਲੀ ਮੈਂਬਰਾਂ ਵਲੋਂ ਸ਼ੇਮ ਸ਼ੇਮ)

ਸ਼੍ਰੀ ਸਪੀਕਰ : ਬਾਦਲ ਸਾਹਿਬ, ਐਡਜਰਨਮੈਂਟ ਮੋਸ਼ਨ ਤਾਂ ਇਹ ਨਹੀਂ ਹੋ ਸਕਦੀ । ਤੁਸੀਂ ਆਪਣੇ ਵਿਚਾਰ ਰਖ ਦਿਤੇ ਹਨ । ਇਹ ਐਡਜਰਨਮੈਂਟ ਮੋਸ਼ਨ ਅਜ ਸਵੇਰੇ 8.50 ਬੇ ਆਈ ਸੀ ਅਤੇ 24 ਘੰਟੇ ਪਹਿਲਾਂ ਆਉਣੀ ਚਾਹੀਦੀ ਸੀ । (Sardar Parkash Singh Badal, this is not a proper Adjournment Motion. It was received only at 8.50 a.m. today while 24 hours notice is necessary.)

ਸਰਦਾਰ ਪਰਕਾਸ਼ ਸਿੰਘ ਬਾਦਲ : ਮੈਂ ਗੱਲ ਕੰਪਲੀਟ ਕਰ ਲਵਾਂ ਜੀ ।

ਸ਼੍ਰੀ ਸਪੀਕਰ : ਗੱਲ ਕਰ ਲਵੋ ਜੀ । (Yes, carry on.)

ਸਰਦਾਰ ਪਰਕਾਸ਼ ਸਿੰਘ ਬਾਦਲ : ਇਹ ਐਂਟੀ-ਪੰਜਾਬ ਫੈਸਲਾ ਹੈ । ਸਾਡੇ ਪੰਜਾਬ ਦਾ ਸਾਰੇ ਹਿੰਦੁਸਤਾਨ ਦੀ ਸੇਫਟੀ ਦਾ ਮਸਲਾ ਹੈ । ਮੈਂ ਸਮਝਦਾ ਹਾਂ ਕਿ ਸਾਨੂੰ ਜੋ ਤੋਹਫਾ ਮਿਲਿਆ ਹੈ, ਇਹ ਸਾਡੀਆਂ ਕੁਰਬਾਨੀਆਂ ਦਾ ਇਸ ਸਾਲ ਦਾ ਤੋਹਫਾ ਮਿਲਿਆ ਹੈ (ਵਿਘਨ) ਮੈਂ ਇਸ ਗੱਲ ਨੂੰ ਪਾਲੀਟੀਕਲ ਪਵਾਇੰਟ ਆਫ ਵਿਊ ਨਾਲ ਨਹੀਂ ਕਹਿੰਦਾ, ਬਲਕਿ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਸਾਹਮਣੇ ਬੈਠੇ ਇਸ ਚੀਜ਼ ਨਾਲ ਸਹਿਮਤ ਹੋਣ ਅਤੇ ਸਾਨੂੰ ਇਸ ਹਾਊਸ ਦਾ ਇਕ ਰੈਜ਼ੋਲਿਊਸ਼ਨ ਪਾਸ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਆਪਣੇ ਸੈਂਟੀਮੈਂਟਸ, ਪੰਜਾਬ ਦੇ ਲੋਕਾਂ ਦੇ ਸੈਂਟੀਮੈਂਟਸ ਇਸ ਹਾਊਸ ਦੇ ਥਰੂ ਸੈਂਟਰਲ ਸਰਕਾਰ ਨੂੰ ਭੇਜ ਸਕੀਏ । ਇਹ ਕੋਈ ਮਾਮੂਲੀ ਗੱਲ ਨਹੀਂ ਅਤੇ ਇਹ ਆਮ ਐਡਜਰਨਮੈਂਟ ਵਾਲੀ ਗੱਲ ਨਹੀਂ । ਇਹ ਫੈਸਲਾ ਜਦੋਂ ਸਾਡੇ ਫੌਜੀ ਜਿਹੜੇ ਪਹਾੜਾਂ ਦੀਆਂ ਚੋਟੀਆਂ ਤੇ ਬੈਠੇ ਹਨ, ਉਹਨਾਂ ਨੂੰ ਪਤਾ ਲਗੇਗਾ ਤਾਂ ਉਹਨਾਂ ਦੀ ਫੀਲਿੰਗਜ਼ ਕੀ ਹੋਣਗੀਆਂ, ਇਸ ਗੱਲ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ । 18 ਤਰੀਕ ਨੂੰ ਗਵਰਨਰ, ਪੰਜਾਬ ਨੂੰ ਸਾਡੇ ਪੰਜਾਬ ਦੇ ਜਰਨੈਲਾਂ ਦਾ ਇਕ ਡੈਪੂਟੇਸ਼ਨ ਮਿਲਿਆ ਕਿ ਸਾਡੇ ਨਾਲ ਬੇਇਨਸਾਫੀ ਹੋਈ ਹੈ। ਮੈਂ ਇਸ ਕਰਕੇ ਤੁਹਾਨੂੰ ਅਪੀਲ ਕਰਦਾ ਹਾਂ ਕਿ ਸਾਨੂੰ ਇਕ ਵਕਤ ਇਸ ਹਾਊਸ ਦਾ ਰੈਜ਼ੋਲਿਊਸ਼ਨ ਪਾਸ ਕਰਕੇ ਸਾਡੀਆਂ ਜੋ ਫੀਲਿੰਗਜ਼ ਹਨ ਉਹ ਸੈਂਟਰ ਸਰਕਾਰ ਤਕ ਪਹੁੰਚਾਉਣੀਆਂ ਚਾਹੀਦੀਆਂ ਹਨ ਅਤੇ ਜੇ ਇਸ ਤਰ੍ਹਾਂ ਨਾ ਕੀਤਾ ਗਿਆ ਤਾਂ ਇਸ ਚੀਜ਼ ਦੇ

Original with;
Punjab Vidhan Sabha
Digitized by;
Panjab Digital Library

ਨਤਾਇਜ ਬੜੇ ਖਤਰਨਾਕ ਹੋ ਸਕਦੇ ਹਨ । ਇਸ ਗੱਲ ਵਾਸਤੇ ਸਾਨੂੰ ਪੂਰੀ ਤਰ੍ਹਾਂ ਫਾਈਟ ਕਰਨਾ ਚਾਹੀਦਾ ਹੈ ਅਤੇ ਇਸ ਬੇਇਨਸਾਫੀ ਨੂੰ ਦੂਰ ਕਰਵਾਉਣਾ ਚਾਹੀਦਾ ਹੈ । ਪੰਜਾਬ ਜਿਹੜਾ ਵਾਰਜ਼ ਵਿਚ ਮਰੇ ਅਤੇ ਫੂਡਗਰੇਨਜ਼ ਦੇਵੇ, ਉਸ ਨਾਲ ਬੇਇਨਸਾਫੀ ਹੋ ਰਹੀ ਹੈ । ਇਸ ਬਾਰੇ ਮੈਂ ਇਹ ਕਹਾਂਗਾ ਕਿ ਜੇ ਇਹ ਗੱਲ ਹੈ ਤਾਂ ਭਰਤੀ ਦੇ ਹਿਸਾਬ ਨਾਲ ਦਾਣੇ ਲੈ ਆਉਣ, ਫੂਡਗਰੇਨਜ਼ ਲੈ ਆਉਣ । ਇਸ ਕਰਕੇ ਸਾਨੂੰ ਇਹ ਰੈਜ਼ੋਲਿਊਸ਼ਨ ਪਾਸ ਕਰਨਾ ਚਾਹੀਦਾ ਹੈ । ਮੈਨੂੰ ਯਕੀਨ ਹੈ ਕਿ ਸਾਡੇ ਵਜ਼ੀਰਾਂ ਨੇ ਕੁਝ ਨਹੀਂ ਕਰਨਾ । ਇਸ ਫੈਸਲੇ ਨੂੰ ਬਦਲਾਉਣ ਵਾਸਤੇ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ ।

ਮਾਲ ਅਤੇ ਚੋਣ ਮੰਤਰੀ (ਸਰਦਾਰ ਉਮਰਾਓ ਸਿੰਘ) :ਮਿਲਟਰੀ ਸਰਵਿਸ ਦੇ ਮੁਆਮਲੇ ਬਾਰੇ ਮੇਰੀ ਮੁੱਖ ਮੰਤਰੀ ਜੀ ਨਾਲ ਗੱਲ ਹੋਈ ਸੀ, ਮੁੱਖ ਮੰਤਰੀ ਨੇ ਕਿਹਾ ਹੈ ਕਿ ਮੈਂ ਇਹ ਗਲ ਸੈਂਟਰ ਦੇ ਨਾਲ ਟੇਕ ਅਪ ਕਰਾਂਗਾ । ਅਗੇ ਵੀ ਜਦੋਂ ਪੰਜਾਬ ਵਿਚ ਇਸ ਤਰ੍ਹਾਂ ਦਾ ਕੋਈ ਸਵਾਲ ਪੈਦਾ ਹੁੰਦਾ ਹੈ ਤਾਂ ਖੁਦ ਮੁੱਖ ਮੰਤਰੀ ਜੀ ਸੈਂਟਰ ਦੇ ਨਾਲ ਗੱਲ ਕਰਦੇ ਹਨ । ਜਦੋਂ ਬਾਦਲ ਸਾਹਿਬ ਮੁੱਖ ਮੰਤਰੀ ਸਨ ਉਸ ਵੇਲੇ ਵੀ ਇਹ ਆਪ ਜਾਕੇ ਸੈਂਟਰ ਨਾਲ ਗੱਲ ਕਰਦੇ ਸੀ । ਇਹ ਹਰ ਮੁੱਖ ਮੰਤਰੀ ਦਾ ਫਰਜ਼ ਬਣਦਾ ਹੈ ਕਿ ਜਦੋਂ ਵੀ ਕੋਈ ਪੰਜਾਬ ਦੇ ਬਾਰੇ ਇਸ ਤਰ੍ਹਾਂ ਦਾ ਮਸਲਾ ਹੋਵੇ, ਉਹ ਸੈਂਟਰ ਨਾਲ ਜਾ ਕੇ ਸੁਲਝਾਉਣ । ਮੁੱਖ ਮਤਰੀ ਜੀ ਵੀ, ਇਹ ਮਸਲਾ, ਮੈਂਬਰ ਪਾਰਲੀਮੈਂਟ ਨੂੰ ਵੀ ਕਹਿਣਗੇ ਤਾਂ ਜੋ ਗਵਰਨਮੈਂਟ ਨਾਲ ਕੋਈ ਪੁਰਅਸਤ ਗੱਲ ਹੋ ਸਕੇ । ਸਾਡੀ ਇਹ ਕੋਸ਼ਿਸ਼ ਹੈ ਕਿ ਕਿਸੇ ਵਜਾਹ ਨਾਲ ਵੀ ਅਸੀਂ ਪੰਜਾਬ ਦੇ ਨਾਲ ਧਕਾ ਨਹੀਂ ਹੋਣ ਦੇਵਾਂਗੇ । ਆਖਿਰ ਵਿਚ ਮੈਂ ਕਹਾਂਗਾ ਕਿ ਇਸ ਗੱਲ ਨੂੰ ਹੋਰ ਤੂਲ ਨਾ ਦਿਤਾ ਜਾਵੇ । ਤੁਸੀਂ ਆਪਣੇ ਲੀਡਰ ਨੂੰ ਪੰਜਾਬ ਦੀ ਵਾਗ ਡੋਰ ਸੰਭਾਲੀ ਹੈ, ਉਹ ਸੈਂਟਰ ਨਾਲ ਜਦੋਂ ਇਫੈਕਟਿਵ ਗੱਲ ਕਰ ਸਕਦੇ ਹਨ ਤਾਂ ਕੋਈ ਵਜਾਹ ਨਹੀਂ ਕਿ ਉਹ ਇਸ ਮੁਆਮਲੇ ਤੇ ਵੀ ਕੋਈ ਢਿਲ ਕਰਨ । ਤੁਹਾਨੂੰ ਪਤਾ ਹੀ ਹੈ ਕਿ ਜਿਸ ਤਰ੍ਹਾਂ ਕਣਕ ਦੀਆਂ ਕੀਮਤਾਂ ਵਧਾਉਣ ਵੇਲੇ ਗੱਤ ਕੀਤੀ ਇਸੇ ਤਰ੍ਹਾਂ ਜੇ ਲੋੜ ਪਈ ਤਾਂ ਇਹ ਮੈਟਰ ਪ੍ਰਾਈਮ ਮਨਿਸਟਰ ਨਾਲ ਵੀ ਟੇਕ-ਅਪ ਕਰਕੇ ਕੋਈ ਨਾ ਕੋਈ ਫੈਸਲਾ ਕਰਨਗੇ । ਮੇਰੀ ਵੀ ਬਾਦਲ ਜੀ ਦੇ ਖਿਆਲਾਤ ਨਾਲ ਸਹਿਮਤੀ ਹੈ, ਸਾਨੂੰ ਇਸ ਮੈਟਰ ਨੂੰ ਹੋਰ ਪ੍ਰੈਸ ਨਹੀਂ ਕਰਨਾ ਚਾਹੀਦਾ ।

ਸਰਦਾਰ ਦਰਬਾਰਾ ਸਿੰਘ : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਅਖਬਾਰ ਵਿਚ ਮਿਲਟਰੀ ਸਰਵਿਸਿਜ਼ ਬਾਰੇ ਖਬਰ ਆਈ ਹੈ ਕਿ ਪੰਜਾਬ ਦਾ ਕੋਟਾ 12-13% ਘੱਟ ਕਰ ਦਿਤਾ ਗਿਆ ਹੈ । ਜੇ ਇਸ ਤਰ੍ਹਾਂ ਦੀ ਗੱਲ ਹੋ ਗਈ ਤਾਂ ਇਸ ਦੇ ਬੜੇ ਰੀਪੀਟਿੰਗ ਰਿਜ਼ਲਟਸ ਹੋਣਗੇ । ਸਾਡੀ ਸਟੇਟ ਇਕ ਬਾਰਡਰ ਸਟੇਟ ਹੈ, ਜੇ ਕਿਸੇ ਵੇਲੇ ਹਮਲਾ ਹੋਇਆ ਤਾਂ ਪਹਿਲਾਂ ਪੰਜਾਬ ਤੇ ਹੋਣਾ ਹੈ । ਜੇ ਅਸੀਂ ਆਪਣੀ ਆਰਮੀ ਵੀ ਨਾ ਮਜ਼ਬੂਤ ਕਰ ਸਕੇ, ਤਾਂ ਇਕ ਬੜੀ ਦੁਖਦਾਇਕ ਗੱਲ ਹੋਵੇਗੀ । ਸਾਡੇ ਜਵਾਨ ਘਰਾਂ ਤੋਂ ਇਤਨੀ ਦੂਰ ਸਰਹੱਦਾਂ ਤੇ ਬੈਠੇ ਹਨ, ਇਸ ਤਰ੍ਹਾਂ ਦੀ ਖਬਰ ਜਦੋਂ ਉਹ ਸੁਨਣਗੇ ਤਾਂ ਉਹਨਾਂ ਦੇ ਮਨ ਤੇ ਕੀ ਅਸਰ ਹੋਵੇਗਾ । ਆਇੰਦਾ ਲਈ ਇਸ ਤਰ੍ਹਾਂ ਪੰਜਾਬ ਦਾ ਡੀਫੈਂਸ ਖਤਰੇ ਵਿਚ ਪੈ ਸਕਦਾ ਹੈ । ਇਹ ਪੰਜਾਬ ਨਾਲ ਇਕ ਬੜਾ ਭਾਰੀ ਧੱਕਾ ਹੈ । ਸਾਨੂੰ ਸਾਰਿਆਂ ਨੂੰ ਰਲ ਕੇ ਪੂਰਾ ਜ਼ੋਰ ਲਾਉਣਾ ਚਾਹੀਦਾ ਹੈ । ਇਹ ਉਹ ਲੋਕ ਹਨ ਜਿਹੜੇ ਮੁਲਕ ਦੇ ਲਈ ਛਾਤੀਆਂ ਤਾਣ ਕੇ ਲੜੇ ਹਨ । ਜਦੋਂ ਹਿੰਦੁਸਤਾਨ ਲਈ ਆਜ਼ਾਦੀ ਦੀ ਲੜਾਈ ਲੜੀ ਜਾ ਰਹੀ ਸੀ

Original with;
Punjab Vidhan Sabha
Digitized by:
Panjab Digital Library

[ਸਰਦਾਰ ਦਰਬਾਰਾ ਸਿੰਘ]

ਤਾਂ, ਉਸ ਵਲੇ ਇਨ੍ਹਾਂ ਨੇ ਆਪਣਾ ਖੂਨ ਡੋਲ੍ਹਿਆ, ਚਾਇਨਾਂ ਨਾਲ ਲੜਦਿਆਂ 1962 ਵਿਚ ਸ਼ਹਾਦਤਾਂ ਪਾਈਆਂ, ਪਾਕਿਸਤਾਨ ਨਾਲ 1965 ਵਿਚ ਜੰਗ ਲੜੀ ਫੇਰ 1971-72 ਵਿਚ ਲੜੀ, ਸਭ ਤੋਂ ਜ਼ਿਆਦਾ ਪੰਜਾਬੀਆਂ ਨੇ ਕੁਰਬਾਨੀਆਂ ਕੀਤੀਆਂ ਅਤੇ ਆਪਣਾ ਖੂਨ ਡੋਲ੍ਹਿਆ । ਜੇ ਇਹ ਸਾਰੀਆਂ ਕੁਰਬਾਨੀਆਂ ਦਾ ਰਿਜ਼ਲਟ ਇਹ ਨਿਕਲਣਾ ਸੀ ਤਾਂ ਇਕ ਬੜਾ ਭਾਰਾ ਤੁਸੀਂ ਧੱਕਾ ਕਰੋਗੇ । ਇਸ ਤਰ੍ਹਾਂ ਉਹਨਾਂ ਦੀ ਹਾਲਤ ਖ਼ਤਰੇ ਵਿਚ ਪਾਈ ਜਾ ਰਹੀ ਹੈ ।

ਸ਼੍ਰੀ ਸਪੀਕਰ : ਜੇਕਰ ਮੈਂਬਰ ਸਾਹਿਬਾਨ ਚਾਹੁੰਦੇ ਹਨ ਕਿ ਇਸ ਮਸਲੇ ਤੇ ਕੋਈ ਰੈਜ਼ੋਲੀਊਸ਼ਨ ਮੂਵ ਕਰਨਾ ਹੈ, 11½ ਵਜੇ ਪਾਰਟੀ ਲੀਡਰਜ਼ ਦੀ ਮੀਟਿੰਗ ਹੈ, ਜੇ ਉਸ ਵੇਲੇ ਫੈਸਲਾ ਹੋ ਗਿਆ ਤਾਂ ਡਿਸਕਸ਼ਨ ਕਰ ਲਵਾਂਗੇ । (If it is desired by the hon. Members to move a Resolution on this matter then this may be done provided this course is decided upon in the meeting of the Party Leaders to be held at 11.30 a.m.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਕ ਬੜਾ ਇਮਪਾਰਟੈਂਟ ਇਸ਼ੂ ਹੈ, ਪਰ ਸਾਡੀ ਪਾਰਟੀ ਦੇ ਡਿਪਟੀ ਲੀਡਰ ਨੂੰ ਦੋ ਮਿੰਟ ਵੀ ਬੋਲਣ ਲਈ ਨਹੀਂ ਦਿਤੇ ਗਏ ਭਾਵੇਂ ਤੁਸੀਂ ਹੋਰਨਾਂ ਪਾਰਟੀਆਂ ਦੇ ਸਾਰੇ ਲੀਡਰਾਂ ਨੂੰ ਬੁਲਾਇਆ ਹੈ, ਅਫਸੋਸ ਦੀ ਗੱਲ ਹੈ ਕਿ ਸਾਨੂੰ ਮੌਕਾ ਨਹੀਂ ਦਿੱਤਾ ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਪੰਜਾਬ ਨੂੰ ਹਰ ਵੇਲੇ ਬਾਰਡਰ ਤੋਂ ਖ਼ਤਰਾ ਬਣਿਆ ਰਹਿੰਦਾ ਹੈ । ਇਹ ਪੰਜਾਬੀਆਂ ਦੀ ਰੋਜ਼ੀ ਦਾ ਸਵਾਲ ਕਹੋ ਜਾਂ ਸ਼ੌਕ ਕਹੋ ਕਿ ਪੰਜਾਬ ਵਿਚ ਹਜ਼ਾਰਾਂ ਲੱਖਾਂ ਟੱਬਰ ਇਹੋ ਜੇਹੇ ਹਨ, ਜਿਨ੍ਹਾਂ ਦੇ ਪੁਤਰ ਫੌਜ ਵਿਚ ਹਨ । ਪਾਕਿਸਤਾਨ ਦੇ ਹਮਲੇ ਵੇਲੇ ਬੜੇ ਲੋਕਾਂ ਨੇ ਸ਼ਹਾਦਤਾਂ ਪਾਈਆਂ । ਪੰਜਾਬੀਆਂ ਨੂੰ ਉਹਨਾਂ ਦਾ ਪੂਰਾ ਹਿਸਾ ਫੌਜ ਵਿਚ ਮਿਲਣਾ ਚਾਹੀਦਾ ਹੈ । ਇਹ ਮੁਆਮਲਾ ਸੈਂਟਰ ਵਿਚ ਜਾ ਕੇ ਚੁਕਣਾ ਚਾਹੀਦਾ ਹੈ ਨਹੀਂ ਫੇਰ ਇਸ ਹਾਊਸ ਵਿਚੋਂ ਰੈਜ਼ੋਲੀਊਸ਼ਨ ਦੀ ਸ਼ਕਲ ਵਿਚ ਕੋਈ ਚੀਜ਼ ਜਾਣੀ ਚਾਹੀਦੀ ਹੈ।

ਸ਼੍ਰੀ ਸਪੀਕਰ : ਮੈਂ ਬੇਨਤੀ ਕਰਾਂਗਾ ਕਿ ਬਾਦਲ ਸਾਹਿਬ ਨੇ ਇਕ ਵਾਕਈ ਗੰਭੀਰ ਮਸਲਾ ਹਾਊਸ ਦੇ ਸਾਹਮਣੇ ਲਿਆਂਦਾ ਹੈ । ਇਸ ਬਾਰੇ 11½ ਵਜੇ ਪਾਰਟੀ ਲੀਡਰਜ਼ ਦੀ ਮੀਟਿੰਗ ਵਿਚ ਪਹਿਲਾਂ ਵਿਚਾਰ ਕਰਾਂਗੇ । ਹੁਣ ਇਸ ਮਸਲੇ ਨੂੰ ਕਲੋਜ਼ ਕਰ ਦਿੱਤਾ ਜਾਵੇ । (Sardar Parkash Singh Badal has raised a very important issue before the House. It will be discussed first in the meeting of the party leaders to be held at 11.30 a.m. This discussion may please be closed now.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਆਨ ਏ ਪੁਆਇੰਟ ਆਫ ਆਰਡਰ ਸਰ, ਮੈਂ ਇਹ ਕੰਮ ਰੋਕੂ ਮਤੇ ਦੇ ਮੁਤਾਲਿਕ ਇਕ ਬਹੁਤ ਹੀ ਅਹਿਮ ਗੱਲ ਕਰਨੀ ਚਾਹੁੰਦਾ ਹਾਂ ।

Original with;
Punjab Vidhan Sabha
Digitized by;
Panjab Digital Library

(ਸ਼ੋਰ) ਮੈਂ ਇਹ ਗੱਲ ਅੱਜ ਸਰਕਾਰ ਦੇ ਧਿਆਨ ਵਿਚ ਲਿਆਉਣੀ ਚਾਹੁੰਦਾ ਹਾਂ ਖ਼ਾਸ ਤੌਰ ਤੇ ਰੋਪੜ, ਜਲੰਧਰ ਅਤੇ ਲੁਧਿਆਣੇ ਦੇ ਗਰੀਬ ਆਬਾਦਕਾਰਾਂ ਦੇ ਮੁਤਾਲਿਕ। ਜਿਥੇ ਉਨ੍ਹਾਂ ਤੋਂ ਸਿਰਫ 8 ਗੁਣਾ ਮੁਆਮਲਾ ਲਿਆ ਜਾਣਾ ਸੀ ਮਾਲ ਮੰਤਰੀ ਜੀ ਦੇ ਹੁਕਮ ਨਾਲ 80 ਗੁਣਾ ਲੈਣ ਦਾ ਆਰਡਰ ਕਰ ਦਿਤਾ, ਉਨ੍ਹਾਂ ਨੂੰ ਨੋਟਿਸ ਸਰਵ ਹੋ ਗਏ ਹਨ। ਉਹ ਤਾਂ ਪਹਿਲਾਂ ਹੀ ਗਰੀਬੀ ਦਾ ਸ਼ਿਕਾਰ ਹਨ, ਵਜ਼ੀਰ ਸਾਹਿਬ ਇਸ ਮੁਆਮਲੇ ਤੇ ਤੁਰੰਤ ਧਿਆਨ ਦੇਂਦੇ ਹੋਏ ਸਰਵ ਕੀਤਾ ਹੋਇਆ 80 ਗੁਣਾ ਦਾ ਨੋਟਿਸ ਵਾਪਸ ਲੈਣ।

Mr. Speaker : Please resume your seat.

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ। ਮੇਰੀ ਬੇਨਤੀ ਹੈ ਕਿ ਪਿਛਲੇ ਹਫ਼ਤੇ ਵਿਚ ਇਕ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਹੋਈ ਸੀ। ਉਥੇ ਇਕ ਐਗਰੀਮੈਂਟ ਹੋਇਆ ਸੀ ਕਿ ਇਸ ਹਾਊਸ ਵਿਚੋਂ ਸਰਵਸੰਮਤੀ ਨਾਲ ਇਕ ਰੈਜ਼ੋਲੀਊਸ਼ਨ ਲਿਆਕੇ ਇੰਗਲਿਸਤਾਨ ਦੀ ਸਰਕਾਰ ਨੂੰ ਭੇਜਿਆ ਜਾਵੇ। ਇਸ ਤੇ ਸਰਦਾਰ ਸ਼ਮਸ਼ੇਰ ਸਿੰਘ ਜੋਸ਼ ਦੇ ਵੀ ਦਸਤਖਤ ਸਨ। ਉਥੇ ਦੀ ਸਰਕਾਰ ਤੋਂ ਇਸ ਹਾਊਸ ਰਾਹੀਂ ਮੰਗ ਕੀਤੀ ਜਾਵੇ ਉਥੇ ਦੇ ਸਿੱਖਾਂ ਨੂੰ ਜਿਹੜੇ ਮੋਟਰ ਸਾਈਕਲ ਜਾਂ ਸਕੂਟਰ ਚਲਾਉਂਦੇ ਹਨ, ਉਹਨਾਂ ਨੂੰ ਟੋਪੀ ਪਾਉਣੀ ਜ਼ਰੂਰੀ ਹੈ। ਟੋਪੀ ਪਾਉਣ ਲਈ ਉਹਨਾਂ ਨੂੰ ਮਜ਼ਬੂਰ ਨਹੀਂ ਕਰਨਾ ਚਾਹੀਦਾ।

ਸ਼੍ਰੀ ਸਪੀਕਰ : ਇਹ ਵੀ $11\frac{1}{2}$ ਵਜੇ ਵਾਲੀ ਮੀਟਿੰਗ ਦੇ ਵਿਚ ਹੀ ਕਨਸਿਡਰ ਕਰ ਲਵਾਂਗੇ। (It will also be considered in the meeting to be held at 11.30)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਮੈਂ ਇਕ ਪ੍ਰਿਵਿਲੇਜ ਮੋਸ਼ਨ ਦਿੱਤੀ ਸੀ ਸਰਦਾਰ ਉਮਰਾਓ ਸਿੰਘ ਨੂੰ....(ਸ਼ੋਰ)

ਸ਼੍ਰੀ ਸਪੀਕਰ : ਤੁਸੀਂ ਤਸ਼ਰੀਫ ਰੱਖੋ, ਉਸ ਦਾ ਜਵਾਬ ਦੇ ਦਿੱਤਾ ਗਿਆ ਹੈ। (Please resume your seat. Reply has already been given).

(ਇਸ ਵੇਲੇ ਬਹੁਤ ਸਾਰੇ ਮੈਂਬਰ ਬੋਲ ਰਹੇ ਸਨ) (ਸ਼ੋਰ)

ਕਈ ਮਾਨਯੋਗ ਮੈਂਬਰ : ** ** **

ਸ਼੍ਰੀ ਸਪੀਕਰ : ਜੋ ਕੁਝ ਵੀ ਆਨਰੇਬਲ ਮੈਂਬਰਜ਼ ਚੇਅਰ ਦੀ ਪਰਮਿਸ਼ਨ ਤੋਂ ਬਗੈਰ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ। (Whatever is being said without the permission of the Chair should not be recorded.)

(ਇਸ ਵੇਲੇ ਸਰਦਾਰ ਦਰਬਾਰਾ ਸਿੰਘ ਕੋਈ ਬੁਕਲੈਟ ਹਾਊਸ ਦੀ ਟੇਬਲ ਤੇ ਰਖਣ ਲਈ ਗੱਲ ਕਰ ਰਹੇ ਸਨ, ਪਰ ਉਹ ਹਾਊਸ ਦੀ ਟੇਬਲ ਤੇ ਰੱਖੀ ਨਹੀਂ ਗਈ।)

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਕਈ ਮਾਨਯੋਗ ਮੈਂਬਰ : ** ** ** (ਸ਼ੋਰ)

ਸ਼੍ਰੀ ਸਪੀਕਰ : ਜੋ ਕੁਝ ਵੀ ਆਨਰੇਬਲ ਮੈਂਬਰਜ਼ ਕਹਿ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ । ਸਰਦਾਰ ਬਲਵਿੰਦਰ ਸਿੰਘ, you are interrupting the proceedings of the House. (Whatever is being said by the hon. Members, should not be recorded. Sardar Balwinder Singh, you are interrupting the proceedings of the House.)

ਸਰਦਾਰ ਜਸਵਿੰਦਰ ਸਿੰਘ ਬਰਾੜ : ** ** **

ਮਾਸਟਰ ਚੰਦ ਸਿੰਘ : ** ** **

(ਇਸ ਵੇਲੇ ਕੋਈ ਕਾਗਜ਼ ਮਾਸਟਰ ਚੰਦ ਸਿੰਘ ਨੇ ਮੇਜ਼ ਤੇ ਰੱਖਣਾ ਚਾਹਿਆ ਜੋ ਕਿ ਸ਼੍ਰੀ ਸਪੀਕਰ ਨੂੰ ਭੇਜ ਦਿਤਾ ਗਿਆ ।)†

ਸ਼੍ਰੀ ਸਪੀਕਰ : ਜੋ ਕੁਝ ਵੀ ਆਨਰੇਬਲ ਮੈਂਬਰ ਸਾਹਿਬ ਬਗੈਰ ਪਰਮਿਸ਼ਨ ਆਫ ਦੀ ਚੇਅਰ ਦੇ ਕਹਿ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ । (Whatever the hon. Member is saying without the permission of the Chair, should not be recorded.)

ਸਰਦਾਰ ਜਸਵਿੰਦਰ ਸਿੰਘ ਬਰਾੜ : ਆਨ ਏ ਪੁਆਇੰਟ ਆਫ ਆਰਡਰ ਸਰ । ** ** **

ਸ਼੍ਰੀ ਸਪੀਕਰ : ਕੀ ਇਸ ਬਾਰੇ ਕੋਈ ਮੋਸ਼ਨ ਦਿਤੀ ਸੀ ? ਇਹ ਰਿਕਾਰਡ ਨਾ ਕੀਤਾ ਜਾਏ । ਕਿਸੇ ਮਨਿਸਟਰ ਜਾਂ ਮੈਂਬਰ ਦੇ ਖਿਲਾਫ ਜੇ ਕੋਈ ਕੀਜ਼ ਹੈ ਤਾਂ ਉਹ ਮੇਰੇ ਕੋਲ ਭੇਜ ਦਿਉ । ਕੋਈ ਸਬਸਟਾਂਟਿਵ ਮੋਸ਼ਨ ਲਿਆਉਣੀ ਚਾਹੀਦੀ ਸੀ । (ਵਿਘਨ) (Was any motion tabled about it ? This reference should not be recorded. In case there is anything against the Minister or the members it may be sent to me. You should have given notice of a Substantive Motion.)

ਜੱਥੇਦਾਰ ਗੁਰਬਚਨ ਸਿੰਘ : ** ** **

ਸ਼੍ਰੀ ਸਪੀਕਰ : ਇਹ ਰਿਕਾਰਡ ਨਾ ਕੀਤਾ ਜਾਏ । (It should not be recorded.)

**Not recorded as ordered by the Chair.

†The Speaker not having subsequently accorded the necessary permission, paper was not treated as laid on the Table.

Original with;
Punjab Vidhan Sabha
Digitized by;
Panjab Digital Library

ਕਾਮਰੇਡ ਅਰਜਨ ਸਿੰਘ ਮਸਤਾਨਾ : ਸਪੀਕਰ ਸਾਹਿਬ, ਮੈਂ ਕਾਲ ਅਟੈਨਸ਼ਨ ਮੋਸ਼ਨ ਦਿਤੀ ਸੀ । (ਵਿਘਨ) ਮੇਰੇ ਖੇਮਕਰਨ ਦੇ ਲੋਕ ਤਬਾਹ ਹੋਏ (ਵਿਘਨ) ਨਹਿਰ ਦਾ ਪਾਣੀ ਕਾਣੀ ਵੰਡ ਕਰਕੇ ਦਿਤਾ ਜਾ ਰਿਹਾ ਹੈ (ਵਿਘਨ) (ਸ਼ੋਰ) ਉਨ੍ਹਾਂ ਨਾਲ ਬੇਇਨਸਾਫੀ ਕੀਤੀ ਹੈ ; (ਸ਼ੋਰ-ਵਿਘਨ)

ਸ਼੍ਰੀ ਸਪੀਕਰ : ਤਸ਼ਰੀਫ ਰਖੋ । (Please resume your seat.)

(ਇਸ ਸਮੇਂ ਬਹੁਤ ਸ਼ੋਰ ਪੈ ਰਿਹਾ ਸੀ)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਆਨ ਏ ਪੁਆਇੰਟ ਆਫ ਆਰਡਰ, ਸਰ । (ਸ਼ੋਰ-ਵਿਘਨ) ਸਪੀਕਰ ਸਾਹਿਬ, ਮੈਂ ਤਿੰਨ ਤਰੀਖ ਨੂੰ ਜਨਾਬ ਨੂੰ ਕਾਲ ਅਟੈਨਸ਼ਨ ਦਿਤੀ ਸੀ। ਬਹੁਤ ਗੰਭੀਰ ਮਸਲਾ ਹੈ । ਮੈਨੂੰ ਮੌਕਾ ਦਿਤੀ ਗਈ ਹੈ । (ਵਿਘਨ) ਫੇਰ ਸ਼ਾਰਟ ਨੋਟਿਸ ਕੁਐਸਚਨ ਦਿਤਾ, ਉਹ ਰੱਦ ਕਰ ਦਿਤਾ ਕਿ ਮਾਮਲਾ ਸਬਜੁਡਿਸ ਹੈ । (ਵਿਘਨ)

ਸ਼੍ਰੀ ਸਪੀਕਰ : ਸਬਜੁਡਿਸ ਮਾਮਲਾ ਇਥੇ ਡਿਸਕਸ ਨਹੀਂ ਕਰ ਸਕਦੇ । (Subjudice matter cannot be discussed here.)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਤੁਸੀ ਗੱਲ ਤਾਂ ਕਰਨ ਦਿਆ ਕਰੋ (ਵਿਘਨ) ।

Mr. Speaker : Please resume your seat.

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ** ** **

ਸ਼੍ਰੀ ਸਪੀਕਰ : ਇਹ ਰਿਕਾਰਡ ਨਾ ਕੀਤਾ ਜਾਏ (ਵਿਘਨ) (It should not be recorded.) (*Interruption*)

ਚੌਧਰੀ ਦਰਸ਼ਨ ਸਿੰਘ : ** ** ** (ਵਿਘਨ)

ਸ਼੍ਰੀ ਸਪੀਕਰ : ਉਹ ਤਾਂ ਰੈਫਰ ਹੋ ਗਿਆ ਹੈ । (ਵਿਘਨ) (That has already been referred to.) (*Interruption*)

ਚੌਧਰੀ ਦਰਸ਼ਨ ਸਿੰਘ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order.)

ਚੌਧਰੀ ਦਰਸ਼ਨ ਸਿੰਘ : ** ** **

Mr. Speaker : Sit down please.

**Not recorded/Expunged as ordered by the Chair.

Original with;
Punjab Vidhan Sabha
Digitized by;
Panjab Digital Library

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਆਨ ਏ ਪੁਆਇੰਟ ਆਫ ਆਰਡਰ, ਸਰ । ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜੋ ਤੁਸੀਂ ਫੈਸਲਾ ਕੀਤਾ ਹੈ ਉਸ ਨੂੰ ਮੈਂ ਚੈਲੰਜ ਨਹੀਂ ਕਰਦਾ ਹਾਂ । (ਵਿਘਨ)

ਸ਼੍ਰੀ ਸਪੀਕਰ : ਉਸ ਤੇ ਡਿਸਕਸ਼ਨ ਨਾ ਕਰੋ । ਉਹ ਪ੍ਰਿਵਲੇਜ਼ ਕਮੇਟੀ ਨੂੰ ਰੈਫਰ ਹੋ ਗਿਆ ਹੈ । (Please don't discuss this issue, since it has been referred to the Committee of Privileges.)

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਘੰਟਾ ਅਧ ਘੰਟਾ ਤਾਂ ਅੱਜ ਹੀ । (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਆਨ ਏ ਪੁਆਇੰਟ ਆਫ ਆਰਡਰ, ਸਰ । ਤੁਹਾਡੇ ਚੈਂਬਰ ਵਿਚ ਤੁਸੀਂ, ਸੀ. ਐਮ., ਬਾਦਲ ਸਾਹਿਬ ਅਤੇ ਮੈਂ ਸੀ । (ਵਿਘਨ) ਜਗਰਾਉਂ ਇਨਕੁਆਇਰੀ ਦੇ ਬਾਰੇ ਚੀਫ ਮਨਿਸਟਰ ਸਾਹਿਬ ਨੇ ਪਰੋਪੋਜ਼ਲ ਦਿਤੀ ਸੀ ਅਫਸਰ ਨੇਮ ਕੀਤਾ ਸੀ । ਚੀਫ ਮਨਿਸਟਰ ਸਾਹਿਬ ਨੇ ਇਹ ਵੀ ਕਿਹਾ ਸੀ ਕਿ ਇਸ ਬਾਰੇ ਦੋ-ਤਿੰਨ ਦਿਨਾਂ ਵਿਚ ਅਨਾਊਂਸਮੈਂਟ ਕਰ ਦਿਆਂਗੇ । ਇਹ ਨਾ ਐਸੰਬਲੀ ਵਿਚ ਅਨਾਊਂਸਮੈਂਟ ਹੋਈ ਹੈ ਨਾ ਹੀ ਕਿਤੇ ਹੋਰ ਹੋਈ ਹੈ । ਇਹ ਅਨਾਊਂਸਮੈਂਟ ਹੋਣੀ ਚਾਹੀਦੀ ਹੈ ।

ਮਾਲ ਮੰਤਰੀ : ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਕਿਹਾ ਸੀ ਕਿ ਪਟਿਆਲਾ ਡਵੀਜ਼ਨ ਦੇ ਕਮਿਸ਼ਨਰ ਸਾਰੇ ਵਾਕੇ ਦੀ ਇਨਕੁਆਇਰੀ ਕਰਨਗੇ ।

ਸਰਦਾਰ ਪ੍ਰੇਮ ਸਿੰਘ ਪ੍ਰੇਮ : ਆਨ ਏ ਪੁਆਇੰਟ ਆਫ ਆਰਡਰ, ਸਰ । ਚੌਧਰੀ ਦਰਸ਼ਨ ਸਿੰਘ ਨੇ ਜਿਹੜਾ ਮਾਮਲਾ ਰੇਜ਼ ਕੀਤਾ ਹੈ । ਇਸ ਵਿਚ ਇਕ ਗੱਲ ਸੀਰੀਅਸ ਹਾਂ ਇਨ੍ਹਾਂ ਜਦੋਂ ਅਸੈਂਬਲੀ ਦੀ ਸਾਰੀ ਕਾਰਵਾਈ ਦਾ ਜ਼ਿਕਰ ਕੀਤਾ ਅਤੇ ਨਾਲ ਹੀ ਤੁਹਾਡੀ ਰੂਲਿੰਗ ਦਾ ਵੀ ਜ਼ਿਕਰ ਕੀਤਾ, ਇਹ ਚੇਅਰ ਤੇ ਐਸਪਰਸ਼ਨ ਹੈ ।

ਸ਼੍ਰੀ ਸਪੀਕਰ : ਉਸਦਾ ਪ੍ਰਿਵਿਲੇਜ ਕਮੇਟੀ ਤੇ ਅਸਰ ਹੋਵੇਗਾ ਜੋ ਚੌਧਰੀ ਦਰਸ਼ਨ ਸਿੰਘ ਨੇ ਕਿਹਾ ਹੈ ਉਹ ਐਕਸਪੰਜ ਕਰ ਦਿਤਾ ਜਾਵੇ । (That will affect the working of the Committee of Privileges. Whatever Chaudhri Darshan Singh has said, should be expunged.)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ । ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਿਹੜਾ ਹੁਣੇ ਚੌਧਰੀ ਦਰਸ਼ਨ ਸਿੰਘ ਨੇ ਪੁਆਇੰਟ ਆਫ ਆਰਡਰ ਰੇਜ਼ ਕੀਤਾ ਸੀ । (ਵਿਘਨ)

ਸ਼੍ਰੀ ਸਪੀਕਰ : ਉਸ ਨੂੰ ਛੱਡ ਦਿਉ । ਉਹ ਚੰਗੀ ਗੱਲ ਨਹੀਂ ਹੈ । (ਵਿਘਨ) (Please leave it. It is not in good taste.)

Original with;
Punjab Vidhan Sabha
Digitized by;
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ : ** ** **

ਸ਼੍ਰੀ ਸਪੀਕਰ : ਇਹ ਰਿਕਾਰਡ ਨਾ ਕੀਤਾ ਜਾਏ। (It should not be recorded.)

ਸ਼੍ਰੀ ਪ੍ਰੇਮ ਗੁਪਤਾ : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਸੀ ਪੰਜਾਬ ਸਰਕਾਰ ਦੇ ਕਰਮਚਾਰੀਆਂ ਦੇ ਸਬੰਧ ਵਿਚ, ਇਥੇ ਹਾਊਸ ਵਿਚ ਚੀਫ ਮਨਿਸਟਰ ਸਾਹਿਬ ਅਤੇ ਵਿੱਤ ਮੰਤਰੀ ਸਾਹਿਬ ਨੇ ਐਲਾਨ ਕੀਤਾ ਸੀ ਕਿ 21 ਅਤੇ 22 ਤਾਰੀਖ ਦੀ ਹੜਤਾਲ ਦੇ ਬਾਅਦ ਸਦਭਾਵਨਾ ਹੋ ਗਈ ਹੈ ਪਰ ਸ਼੍ਰੀ ਹਨਬੀਰ ਢਿੱਲੋਂ ਨੇ ਭੁਖ ਹੜਤਾਲ ਰੱਖੀ ਹੋਈ ਹੈ। ਪਰ ਉਸ ਨੇ ਹੁਣ ਭੁੱਖ ਹੜਤਾਲ ਖਤਮ ਕਰ ਦਿੱਤੀ ਹੈ। ਇਸ ਲਈ ਮੈਂ ਬੇਨਤੀ ਕਰਦਾ ਕਿ ਜਿਹੜੀਆਂ ਉਨ੍ਹਾਂ ਦੀਆਂ ਮੰਗਾਂ ਹਨ ਉਨ੍ਹਾਂ ਨੂੰ ਮੰਨਕੇ ਇਥੇ ਐਲਾਨ ਕੀਤਾ ਜਾਵੇ।

ਕਾਮਰੇਡ ਅਰਜਨ ਸਿੰਘ ਮਸਤਾਨਾ : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਇਕ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਸੀ। ਇਕ ਪਿੰਡ ਜਿਹੜਾ ਕਿ ਪਾਕਿਸਤਾਨ ਦੇ ਕਬਜ਼ੇ ਵਿਚ ਚਲਾ ਗਿਆ ਉਥੇ ਦੇ ਲੋਕ ਬਾਹਿਰ ਬੈਠੇ ਹਨ। ਉਨ੍ਹਾਂ ਕੋਲ ਕੋਈ ਮਕਾਨ ਨਹੀਂ ਹੈ। ਜਿਹੜਾ ਉਨ੍ਹਾਂ ਨੂੰ ਰਿਲੀਫ ਏਟ ਦਾ ਇੰਚਾਰਜ ਅਫਸਰ ਹੈ, ਮੈਨੂੰ ਸਰਪੰਚ ਦੀ ਤਾਰ ਆਈ ਹੈ ਕਿ ਉਹ ਅਫਸਰ 10 ਹਜ਼ਾਰ ਰੁਪਿਆ ਮੰਗਦਾ ਪਿਆ ਹੈ। ਇਹੋ ਜਿਹੀਆਂ ਗੱਲਾਂ ਹੋ ਰਹੀਆਂ ਹਨ। (ਵਿਘਨ) ਉਨ੍ਹਾਂ ਨੂੰ ਮਕਾਨਾਂ ਲਈ ਗਰਾਂਟ ਨਹੀਂ ਮਿਲ ਰਹੀ। ਕੋਈ ਉਨ੍ਹਾਂ ਨੂੰ ਰਾਸ਼ਨ ਨਹੀਂ ਮਿਲਦਾ ਪਰ ਤੁਸੀਂ ਕਾਲ ਅਟੈਨਸ਼ਨ ਮੋਸ਼ਨ ਰੱਦ ਕਰ ਦਿੱਤੀ ਹੈ। ਫਿਰ ਅਸੀਂ ਕਿਥੇ ਜਾਈਏ। ਉਨ੍ਹਾਂ ਵਿਚਾਰਿਆਂ ਕੋਲ ਕੋਈ ਮਕਾਨ ਨਹੀਂ ਹੈ। (ਵਿਘਨ) ਉਮਰਾਓ ਸਿੰਘ ਉਸ ਨੂੰ ਕਹਿਦਾ ਕੁਝ ਨਹੀਂ ਹੈ। ਜੇ ਤੁਹਾਨੂੰ ਕਹਿੰਦੇ ਹਾਂ ਤਾਂ ਤੁਸੀਂ ਸਾਡੀਆਂ ਕਾਲ-ਅਟੈਨਸ਼ਨ ਮੋਸ਼ਨਾਂ ਰੱਦ ਕਰ ਦਿੰਦੇ ਹੋ।

ਸ਼੍ਰੀ ਸਪੀਕਰ: ਜਿਹੜੀ ਰੱਦ ਹੋ ਗਈ, ਉਹ ਤਾਂ ਹੋ ਗਈ। (ਵਿਘਨ) ਕਾਲ ਅਟੈਨਸ਼ਨ ਮੋਸ਼ਨਾਂ ਬਾਬਤੇ ਵੀ ਕੁਝ ਰੂਲਜ਼ ਹਨ। (We should leave out that Call Attention Notice which has been rejected (*Interruption*) There are certain rules governing the tabling of Call Attention Notices.)

ਸਰਦਾਰ ਅਜਾਇਬ ਸਿੰਘ ਸੰਧੂ : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਇਕ ਮੋਸ਼ਨ ਮੂਵ ਕੀਤੀ ਸੀ ਕਿ 5 ਮੈਂਬਰਾਂ ਦੀ ਕਮੇਟੀ, ਜਿਸ ਵਿਚ ਅਚਾਰਿਆ ਜੀ, ਸਰਦਾਰ ਹਰਚੰਦ ਸਿੰਘ, ਚੌਧਰੀ ਸੁੰਦਰ ਸਿੰਘ, ਅਜਾਇਬ ਸਿੰਘ ਸੰਧੂ ਅਤੇ ਕਾਮਰੇਡ ਸੱਘੜ ਸਿੰਘ, ਦੀ ਇਕ ਕਮੇਟੀ ਬਣਾਓ।

ਸ਼੍ਰੀ ਸਪੀਕਰ : ਤੁਸੀਂ ਲਿਖਤੇ ਭੇਜਿਆ ਹੈ, ਅਸੀਂ ਅੰਗਜ਼ਾਮਿਨ ਕਰਾਂਗੇ (You have sent it in writing, I will examine the same.)

**Not recorded as ordered by the Chair.

Original with;
Punjab Vidhan Sabha
Digitized by:
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ : ਤੁਸੀਂ ਕਦੋਂ ਐਗਜਾਮਿਨ ਕਰੋਗੇ ।

ਸ਼੍ਰੀ ਸਪੀਕਰ : ਮੈਂ ਐਗਜ਼ਾਮਿਨ ਕਰ ਲਵਾਂਗਾ, 11.30 ਵਜੇ ਮੀਟਿੰਗ ਤੋਂ ਬਾਅਦ । (I will examine it after the meeting which is being held at 11-30 a.m.)

PRESENTATION OF THE COMMITTEE REPORTS

Comrade Satya Pal Dang: Sir, I beg to present the Sixth Report of the Committee on Public Undertakings for the year 1973-74.

Sir, I also beg to present the Seventh Report of the Committee on Punjab Undertakings relating to the Industrial Development Corporation.

Sardar Ajaib Singh Sandhu: Sir, I beg to present the Twelfth Report of the Committee on Subordinate Legislation for the year 1973-74.

Sir, it has not been possible to get the copies of the report printed for want of time. I have presented a typed copy of the report. The printed copies of the report are expected to be received from the Press in a few days and the same will be distributed amongst the hon'ble Members immediately there after.

DISCUSSION ON THE 20TH REPORT OF THE COMMISSIONER FOR SCHEDULED CASTES AND SCHEDULED TRIBES FOR THE YEAR 1970-71

Mr. Speaker: With the sense of the House, the Notices of Motions for the discussion of the 20th Report of the Commissioner for Scheduled Castes and Scheduled Tribes for the year 1970-71, which was laid on the Table of the House on the 18th February, 1974, will be deemed to have been read and moved. Now Sardar Darbara Singh will speak.

1. Comrade Satya Pal Dang.
2. Comrade Darshan Singh Canadian.
3. Comrade Shamsher Singh Josh.
4. Comrade Raj Kumar.
5. Comrade Dana Ram.
6. Comrade Saghar Singh.
7. Comrade Jangir Singh Joga.
8. Comrade Achhra Singh.
9. Comrade Arjan Singh Mastana.

To move that the 20th Report of the Commissioner for Scheduled Castes and Scheduled Tribes for the year 1970-71, which was laid on the Table of the House on the 18th February, 1974, be discussed.

Original with;
Punjab Vidhan Sabha
Digitized by;
Panjab Digital Library

Discussion on the 20th Report of the Commissioner for Scheduled Castes and Scheduled Tribes for the year 1970-71

10. **Sardar Ajaib Singh, Sandhu** : to move that the 20th Report of the Commissioner for Scheduled Castes and Scheduled Tribes for the year 1970-71, which was laid on the Table of the House on the 18th February, 1974, be discussed.

11. Acharya Prithvi Singh Azad.

12. Shri Piara Ram Dhanowali.

13. Sardar Ujagar Singh.

14. Chaudhri Sunder Singh.

15. Sardar Darshan Singh, K. P.

16. Sardar Harchand Singh.

17. Bhagat Guran Dass Hans.

18. Shri Jai Muni.

19. Shri Prem Gupta.

20. Chaudhri Jagat Ram.

21. Sardar Gurdit Singh.

22. Sardar Sadhu Singh.

To move that the 20th Report of the Commissioner for Scheduled Castes and Scheduled Tribes for the year 1970-71, which was laid on the Table of the House on the 18th February, 1974, be discussed.

23. Sardar Surjit Singh Barnala.

24. Sardar Gurdev Singh Sidhu.

25. Sardar Prehlad Singh.

26. Sardar Surjit Singh Sidhu.

27. Giani Arjan Singh Litt.

28. Sardar Sukhdev Singh Dhillon.

29. Sardar Karnail Singh.

30. Sardar Jagdev Singh.

31. Sardar Dhanna Singh Gulshan.

32. Sardar Basant Singh Khalsa.

33. Sardar Gurbachan Singh.

34. Giani Kundan Singh Patang.

35. Sardar Jaswinder Singh Brar.

36. Sardar Randhir Singh Cheema.

To move that the 20th Report of the Commissioner for Scheduled Castes and Scheduled Tribes for the year 1970-71, which was laid on the Table of the House on the 18th February, 1974, be discussed.

Original with;
Punjab Vidhan Sabha
Digitiz
Panjab Digital Library

ਸਰਦਾਰ ਦਰਬਾਰਾ ਸਿੰਘ (ਨਕੋਦਰ): ਸਪੀਕਰ ਸਾਹਿਬ, ਕਿਉਂਕਿ ਇਹ ਹਰੀਜਨਾਂ ਦਾ ਮਸਲਾ ਹੈ ਇਸ ਲਈ ਮੈਂ ਇਸ ਤੇ ਜ਼ਿਆਦਾ ਟਾਈਮ ਨਹੀਂ ਲੈਣਾ, ਮੈਂ ਮੁਖਤਸਰ ਜਿਹਾ ਹੀ ਬੋਲਣਾ ਹੈ। ਸ਼ੈਡਿਊਲਡ ਕਾਸਟਸ ਜਾਂ ਪਛੜੀਆਂ ਸ਼੍ਰੇਣੀਆਂ ਜਿਨ੍ਹਾਂ ਨੂੰ ਅਸੀਂ ਕਹਿੰਦੇ ਹਾਂ ਇਹ ਉਹ ਵਰਗ ਹੈ ਜਿਸ ਵੱਲ ਆਦ ਜੁਗਾਦ ਤੋਂ ਸਾਡੇ ਸਮਾਜ ਨੇ ਇਸ ਵੱਲ ਧਿਆਨ ਨਹੀਂ ਕੀਤਾ ਅਤੇ ਉਨ੍ਹਾਂ ਨੂੰ ਪਾਸੇ ਰੱਖਕੇ ਉਨ੍ਹਾਂ ਨੂੰ ਆਰਥਿਕ ਗੁਲਾਮੀ ਦਾ ਗੁਲਾਮ ਰਖਿਆ। ਇਹ ਰਿਪੋਰਟ ਉਸ ਵਰਗ ਦੇ ਬਾਰੇ ਹੈ। ਮੈਂ ਬੇਨਤੀ ਕਰਾਂਗਾ ਕਿ ਇਹ ਉਨ੍ਹਾਂ ਦੀ ਤਹਿਜ਼ੀਬ ਦੇ ਉਤੇ ਇਕ ਦਾਗ ਹੈ। ਮੈਨੂੰ ਇਸ ਗੱਲ ਦਾ ਅਫਸੋਸ ਹੈ ਕਿ ਅਸੀਂ 27-28 ਸਾਲ ਆਜ਼ਾਦੀ ਦੇ ਜ਼ਮਾਨੇ ਵਿਚ ਵੀ ਇਸ ਦਾਗ ਨੂੰ ਕਤਨ ਧੋਹ ਨਹੀਂ ਸਕੇ ਸਗੋਂ ਉਨ੍ਹਾ ਦੀਆਂ ਅੱਖਾਂ ਪ੍ਰੁਝਣ ਦਾ ਹੀ ਕੰਮ ਕੀਤਾ ਹੈ ਇਸ ਤੋਂ ਵੱਧ ਕੁਝ ਨਹੀਂ ਕੀਤਾ। ਇਸ ਵਰਗ ਦੀ ਇਹ ਹਾਲਤ ਹੈ ਪਰ ਇਸ ਦਾ ਇਲਾਜ ਕੀ ਹੋਇਆ ਹੈ ? ਇਹ ਕਹਿ ਦੇਣਾ ਕਿ ਮਨੂੰ ਜੀ ਵੇਲੇ ਇਕ ਮਜ਼ਹਬੀ ਹੁਕਮਨਾਮਾ ਸੀ। ਉਸ ਨੂੰ ਸਮਾਜ ਨੇ ਹੁਕਮਨਾਮਾ ਕਿਹਾ। ਉਨ੍ਹਾਂ ਨੂੰ ਰੱਬ ਦਾ ਹੁਕਮ, ਈਸ਼ਵਰ ਦਾ ਹੁਕਮ ਜਾਂ ਉਨ੍ਹਾਂ ਦੀ ਤਕਦੀਰ ਕਹਿਕੇ ਕਿ ਉਨ੍ਹਾਂ ਦੀ ਕਿਸਮਤ ਵਿਚ ਇਹ ਸੀ, ਇਸ ਤਰ੍ਹਾਂ ਕਰਕੇ ਉਨ੍ਹਾਂ ਨੂੰ ਅੱਜ ਤੱਕ ਲਿਤਾੜਿਆ ਗਿਆ ਅਤੇ ਇਸ ਦੀ ਕਮਾਈ ਸਮਾਜ ਖਾਂਦਾ ਹੈ।

ਸ਼੍ਰੀ ਪਿਆਰਾ ਰਾਮ ਧੰਨੋਵਾਲੀ: ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੈਂ ਭੁਹਾਡੇ ਰਾਹੀਂ ਸਰਦਾਰ ਦਰਬਾਰਾ ਸਿੰਘ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਇਨ੍ਹਾਂ ਨੇ ਕਿਹਾ ਹੈ ਕਿ ਜੁਗਾਂ ਜੁਗਾਂਤਰਾਂ ਤੋਂ ਇਨ੍ਹਾਂ ਲੋਕਾਂ ਉਤੇ ਜ਼ੁਲਮ ਅਤੇ ਅਤਿਆਚਾਰ ਹੋਏ ਹਨ। ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਜ਼ੁਲਮ ਅਤੇ ਅਤਿਆਚਾਰ ਉਨ੍ਹਾਂ ਤੇ ਕਰਦਾ ਕੌਣ ਹੈ ?

ਸਰਦਾਰ ਦਰਬਾਰਾ ਸਿੰਘ: ਸਪੀਕਰ ਸਾਹਿਬ, ਇਨ੍ਹਾਂ ਨੇ ਪੁਛਿਆ ਹੈ ਕਿ ਉਨ੍ਹਾਂ ਤੇ ਜ਼ੁਲਮ ਕੌਣ ਕਰਦਾ ਰਿਹਾ ਹੈ ਮੈਂ ਕਹਿੰਦਾ ਹਾਂ ਕਿ ਅੱਗੇ ਮੈਂ ਕਰਦਾ ਰਿਹਾ ਹੋਵਾਂ ਜਾਂ ਮੇਰੇ ਬਜ਼ੁਰਗ ਕਰਦੇ ਰਹੇ ਹੋਣ ਪਰ ਹੁਣ ਇਹ ਧੰਨੋਵਾਲੀ ਜਿਹੜੇ ਨਵੇਂ ਇਜ਼ਾਰੇਦਾਰ ਬਣ ਗਏ ਹਨ, ਇਹ ਕਰਦੇ ਹਨ। (ਤਾੜੀਆਂ) ਮੈਂ ਅਰਜ਼ ਕਰ ਰਿਹਾ ਸੀ ਕਿ ਇਸ ਚੀਜ਼ ਨੂੰ, ਉਸ ਵਰਗ ਦੀ ਕਮਜ਼ੋਰੀ ਨੂੰ, ਜਿਹੜਾ ਵੀ ਸਿਆਸੀ, ਸਮਾਜੀ ਔਰ ਆਰਥਿਕ ਤਾਕਤ ਦੇ ਵਿਚ ਸੀ ਭਾਵੇਂ ਉਹ ਮੈਂ ਸੀ ਅਤੇ ਭਾਵੇਂ ਕੋਈ ਹੋਰ ਸੀ, ਉਸ ਨੂੰ ਇਨ੍ਹਾਂ ਨੇ ਅੱਜ ਤੱਕ ਅਕਸਪਲਾਇਟ ਕੀਤਾ ਹੈ। ਉਨ੍ਹਾਂ ਨੂੰ ਉਨ੍ਹਾਂ ਦੀ ਨੇਕ ਕਮਾਈ ਦਾ ਹਿੱਸਾ ਵੀ ਨਹੀਂ ਦਿੱਤਾ। ਜਿੰਨੀ ਕਮਾਈ ਸਾਡੇ ਦੇਸ਼ ਵਿਚ ਹੁੰਦੀ ਹੈ ਉਸ ਦਾ 90% ਹਿੱਸਾ ਇਹ ਵਰਗ ਕਰਦਾ ਹੈ। ਕਿਸੇ ਦੇਸ਼ ਦੀ ਦੌਲਤ ਉਸ ਦੇ ਲੱਕ ਨਹੀਂ ਹੁੰਦੇ। ਕਿਸੇ ਦੇਸ਼ ਦੀ ਦੌਲਤ ਉਸ ਦੇ ਸੋਨੇ ਦੇ ਭੰਡਾਰ ਨਹੀਂ ਹੁੰਦੇ। ਕਿਸੇ ਦੇਸ਼ ਦੀ ਦੌਲਤ ਉਹ ਹੈ ਜਿਹੜਾ ਉਥੋਂ ਦਾ ਕੰਮ ਕਰਨ ਵਾਲਾ ਹੈ ਜਿਸ ਦੇ ਹੱਥ, ਡੌਲੇ ਅਤੇ ਬਾਹਵਾਂ ਅਤੇ ਜਿਸ ਦੀ ਹਸਤੀ ਕੰਮ ਕਰਨ ਦੀ ਹੁੰਦੀ ਹੈ, ਉਸ ਦੇਸ਼ ਦੀ ਦੌਲਤ ਹੈ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਸਾਰੇ ਔਖੇ ਸੌਖੇ ਕੰਮ ਕਰਨ ਵਾਲਾ 90% ਇਹ ਸਾਡੇ ਦੇਸ਼ ਦਾ ਵਰਗ ਹੈ।

(ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ।)

ਪਰ ਇੰਹ ਜਿਹੜੀ ਕਮਾਈ ਦਾ 90% ਹਿੱਸਾ ਇਹ ਵਰਗ ਕਰਦਾ ਹੈ ਇਸ ਵਿਚੋਂ ਅਸੀਂ ਇਨ੍ਹਾਂ ਨੂੰ ਹਿੱਸਾ ਕਿੰਨਾ ਦਿੰਦੇ ਹਾਂ ? ਸਪੀਕਰ ਸਾਹਿਬ, ਇਹ ਸਾਡਾ ਕੰਸਟੀਚਿਊਸ਼ਨ ਹੈ, ਇਸ

Original with;
Punjab Vidhan Sabha
Digitized by;
Panjab Digital Library

ਦੇ ਵਿਚ ਆਰਟੀਕਲ 46 ਥੱਲੇ ਅਤੇ ਹੋਰਨਾਂ ਆਰਟੀਕਲਜ਼ ਦੇ ਥੱਲੇ ਇਨ੍ਹਾਂ ਦੀ ਇਕਨਾਮਿਕ, ਕਲਚਰਲ ਅਤੇ ਐਜੂਕੇਸ਼ਨਲ ਐਕਟਿਵਿਟੀਜ਼ ਨੂੰ ਪਰੋਟੈਕਟ ਕਰਨ ਅਤੇ ਉਨ੍ਹਾਂ ਨੂੰ ਪਰਮੋਟ ਕਰਨ ਲਈ ਸਾਡ ਦਿੱਤਾ ਗਿਆ ਹੈ। ਪਰ ਇਸ ਦਾ ਸਿੱਟਾ ਕੀ ਹੈ ? ਇਹ ਜਿਹੜੀ ਰਿਜ਼ਰਵੇਸ਼ਨ ਵਾਲੀ ਗੱਲ ਹੈ ਇਹ ਇਸ ਦੇ ਅਪੈਂਡਿਕਸ 8 ਵਿਚ ਹੈ। ਸਾਡੇ ਹਿੰਦੁਸਤਾਨ ਵਿਚ ਸੈਂਟਰਲ ਗੌਰਮਿੰਟ ਨੇ ਮੁਲਾਜ਼ਮਾਂ ਦੀ ਜਿਹੜੀ ਅਦਾਦੋਸ਼ੁਮਾਰ ਕੀਤੀ ਹੈ ਉਸ ਦੇ ਵਿਚ ਇਨ੍ਹਾਂ ਦਾ 8-9% ਹਿੱਸਾ ਹੈ ਜਦ ਕਿ ਇਨ੍ਹਾਂ ਦੀ ਰਿਜ਼ਰਵੇਸ਼ਨ 22% ਕੀਤੀ ਗਈ ਹੈ। ਇਸੇ ਤਰ੍ਹਾਂ ਕਲਾਸ 1 ਅਤੇ ਕਲਾਸ 2 ਦੀ ਗੱਲ ਹੈ। ਇਨ੍ਹਾਂ ਵਿਚ ਮਸਾਂ ਹੀ 1 ਜਾਂ ਡੇਢ ਫੀ ਸਦੀ ਇਹ ਹਨ। ਸਾਨੂੰ ਕੰਸਟੀਚਿਊਸ਼ਨ ਨੇ ਇਸ ਗੱਲ ਦੀ ਪਰੋਟੈਕਸ਼ਨ ਦਿੱਤੀ ਹੈ ਪਰ ਇਨ੍ਹਾਂ ਮਸਲਿਆਂ ਦਾ ਕਤੀਅਨ ਕੋਈ ਹੱਲ ਨਹੀਂ ਹੁੰਦਾ। ਇਥੇ ਸਾਡੇ ਹਾਊਸ ਵਿਚ ਵੀ ਗੱਲ ਹੋਈ ਹੈ ਅੱਜ ਐਫ. ਐਮ. ਸਾਹਿਬ ਨੂੰ ਬੇਨਤੀ ਵੀ ਕੀਤੀ ਹੈ ਕਿ ਤੁਸੀਂ ਉਨ੍ਹਾਂ ਨੂੰ ਇਹ ਜਿਹੜੇ ਇੰਡਸਟਰੀਅਲ ਕਨਸਰਨਜ਼ ਜਾਂ ਅਸਟੈਬਲਿਸ਼ਮੈਂਟਸ ਹਨ ਇਨ੍ਹਾਂ ਵਿਚ ਉਨ੍ਹਾਂ ਨੂੰ ਪਰੋਟੈਕਸ਼ਨ ਦਿਵਾਓ ਪਰ ਇਹ ਕਹਿੰਦੇ ਹਨ ਕਿ ਉਨ੍ਹਾਂ ਕੋਲ ਟੈਕਨੀਕਲ ਨੋ ਹਾਓ ਹੈ। ਉਨ੍ਹਾਂ ਕੋਲ ਜਾਣਕਾਰੀ ਨਹੀਂ ਹੈ, ਇਸ ਕਰਕੇ ਅਸੀਂ ਉਨ੍ਹਾਂ ਨੂੰ ਕਿਸ ਤਰ੍ਹਾਂ ਮਜ਼ਬੂਰ ਕਰ ਸਕਦੇ ਹਾਂ ਰੱਖਣ ਲਈ। ਇਹ ਕਹਿੰਦੇ ਹਨ ਕਿ ਉਹ ਟੈਕਨੀਕਲ ਨੋ ਹਾਓ ਹਨ, ਉਨ੍ਹਾਂ ਨੂੰ ਜਾਣਕਾਰੀ ਨਹੀਂ ਹੈ। ਮੈਂ ਕਹਿੰਦਾ ਹਾਂ ਕਿ ਇਹ ਜਾਣਕਾਰੀ ਕਿਸ ਨੇ ਦੇਣੀ ਹੈ ? ਇਹ ਸਰਕਾਰ ਨੇ ਦੇਣੀ ਹੈ ਪਰ ਉਸ ਵਿਚ ਇਹ ਫੇਲ੍ਹ ਹੋਏ ਹਨ। ਹਰੀਜਨ ਅਤੇ ਪਛੜੀਆਂ ਸ਼ਰੇਣੀਆਂ ਕੰਮ ਕਰਨ ਲਈ ਤਿਆਰ ਹਨ ਉਨ੍ਹਾਂ ਵਿਚ ਸਿਆਣਪ ਹੈ, ਉਨ੍ਹਾਂ ਵਿਚ ਕਿਸੇ ਕਿਸਮ ਦਾ ਘਾਟਾ ਨਹੀਂ ਹੈ। ਮੈਂ ਬੇਨਤੀ ਕਰਦਾ ਹਾਂ ਕਿ ਹਰ ਪੱਖ ਤੋਂ ਇਸ ਵਰਗ ਨੂੰ ਇੜ ਵਿਧਵਾਏ ਰਖਿਆ ਗਿਆ ਹੈ, ਉਨ੍ਹਾਂ ਨੂੰ ਦਬਾਇਆ ਗਿਆ ਹੈ। ਪਰ ਇਹ ਚੀਜ਼ ਅੱਗੇ ਨੂੰ ਨਹੀਂ ਚਲਣੀ ਚਾਹੀਦੀ। ਉਨ੍ਹਾਂ ਦੀ ਰਿਜ਼ਰਵੇਸ਼ਨ 22% ਹੈ ਪਰ ਹੁਣ 25% ਦਾ ਐਲਾਨ ਕੀਤਾ ਹੈ। ਮੈਂ ਕਹਿੰਦਾ ਹਾਂ ਕਿ ਜੇ ਤੁਸੀਂ 50% ਵੀ ਕਰ ਦਿਓ ਪਰ ਉਸ ਤੇ ਅਮਲ ਕੋਈ ਨਾ ਕਰੇ ਤਾਂ ਫਿਰ ਉਸ ਦਾ ਕੋਈ ਫਾਇਦਾ ਨਹੀਂ ਹੋਣਾ। ਇਹ 14-15% ਤੋਂ ਕਤੀਅਨ ਨਹੀਂ ਵਧਣੀ। ਇਸ ਤਰ੍ਹਾਂ ਉਨ੍ਹਾਂ ਨੂੰ ਕੋਈ ਰਿਲੀਫ ਨਹੀਂ ਮਿਲਣਾ। ਮੈਂ ਅਰਜ਼ ਕਰਾਂਗਾ ਕਿ ਹਰ ਮਜ਼ਹਬ ਨੇ ਯਤਨ ਕੀਤਾ ਕਿ ਇਨ੍ਹਾਂ ਦੀ ਕਿਸੇ ਢੰਗ ਨਾਲ ਹਾਲਤ ਅੱਛੀ ਨਾ ਹੋਵੇ, ਇਸ ਤੇ ਪੂਰਾ ਪਾਇਆ ਗਿਆ। ਪਹਿਲਾਂ ਬੁੱਧ ਧਰਮ ਸੀ, ਫਿਰ ਇਸਲਾਮ ਧਰਮ ਆਇਆ ਅਤੇ ਫਿਰ ਸਿੱਖ ਧਰਮ ਇਨ੍ਹਾਂ ਸਾਰਿਆਂ ਨੇ ਹੀ ਉਨ੍ਹਾਂ ਦੇ ਇਸ ਵੱਡੇ ਉਤੇ ਥੱਬਾ ਲਾਕੇ ਉਸ ਨੂੰ ਲੁਕਾਉਣ ਦਾ ਯਤਨ ਕੀਤਾ ਹੈ। ਇਸ ਦਾ ਇਹ ਕੋਈ ਹੱਲ ਤਾਂ ਨਹੀਂ। ਇਨ੍ਹਾਂ ਲੋਕਾਂ ਦੀ ਗਰੀਬੀ, ਮਜਬੂਰੀ, ਲਾਚਾਰੀ ਵੱਲ ਕੋਈ ਧਿਆਨ ਨਹੀਂ ਦਿਤਾ ਗਿਆ। ਉਨ੍ਹਾਂ ਦੇ ਸਿਆਸੀ ਰਾਈਟ ਹੁੰਦੇ ਹੋਏ, 27 ਨੁਮਾਇੰਦੇ ਉਨ੍ਹਾਂ ਦੇ ਇਸ ਸਦਨ ਵਿਚ ਬੈਠੇ ਹੋਏ ਹਨ ਪਰ ਉਨ੍ਹਾਂ ਦੇ ਹੱਕ ਉਨ੍ਹਾਂ ਨੂੰ ਨਹੀਂ ਮਿਲ ਰਹੇ ਅਤੇ ਇਸ ਸਮਾਜ ਵਿਚ ਉਨ੍ਹਾਂ ਦੇ ਭਲੇ ਦਾ ਹੱਲ ਕਤੀਅਨ ਨਹੀਂ ਕਰ ਸਕਦੇ। ਜਿਹੜੇ ਰੂਲਜ਼ ਉਨ੍ਹਾਂ ਦੇ ਮੁਤੱਲਕ ਹਨ ਅਤੇ ਜਿਹੜੀਆਂ ਧਾਰਾਂ ਕਾਨਸਟੀਚਿਊਸ਼ਨ ਵਿਚ ਹਨ ਇਹ ਕਹਿਣਾ ਕਿ ਲਾਗੂ ਕੀਤੀਆਂ ਜਾਣਗੀਆਂ ਤਾਂ ਇਹ ਕੋਈ ਹੱਲ ਨਹੀਂ। ਧਾਰਾਜਿਹੜੀਆਂ ਹਨ ਉਹ 27 ਸਾਲਾਂ ਵਿਚ ਲਾਗੂ ਨਹੀਂ ਹੋਈਆਂ ਅਤੇ ਬਾਰ ਬਾਰ ਇਹ ਗੱਲਾਂ ਰਿਪੀਟ ਹੁੰਦੀਆਂ ਰਹੀਆਂ। ਜਿਹੜੇ ਇਸ ਵੇਲੇ ਰੂਲਜ਼ ਲਾਗੂ ਕਰਦੇ ਹਨ ਜਦੋਂ ਤਕ ਇਨ੍ਹਾਂ ਵਲੋਂ ਕੋਈ ਇਨਕਲਾਬ ਨਾ ਉਠੇ, ਜਿਹੜੀਆਂ ਪਿਛੜੀਆਂ ਨਾ ਇਨਸਾਫੀਆਂ ਉਨ੍ਹਾਂ ਲੋਕਾਂ ਨਾਲ

Original with;
Punjab Vidhan Sabha
Digitized by:
Panjab Digital Library

[ਸਰਦਾਰ ਦਰਬਾਰਾ ਸਿੰਘ]

ਹੋਈਆਂ ਹਨ ਉਨ੍ਹਾਂ ਵਿਚ ਇਨਸਾਫ ਜੇਤੂ ਹੋਵੇ ਤਾਂ ਉਸ ਦੇ ਲਈ ਇਕ ਨਵਾਂ ਵਿਸ਼ੇਸ਼ ਹੱਲ ਕਢਣ ਅਤੇ ਇਹ ਹੱਲ ਲਭਣ ਲਈ ਇਕੋ ਹੀ ਰਾਹ ਹੈ ਕਿ ਜਿਹੜਾ ਇਸ ਸਮਾਜ ਦਾ ਕਮਜ਼ੋਰ ਵਰਗ ਹੈ, ਵਿਮੁਕਤ ਜਾਤੀਆਂ ਦੇ ਰੂਪ ਵਿਚ ਉਨ੍ਹਾਂ ਨੂੰ ਆਰਥਕ ਤੌਰ ਤੇ ਪੂਰਾ ਸਹਿਯੋਗ ਦਿਤਾ ਜਾਵੇ ਜਿਹੜਾ ਕਿ ਪਹਿਲਾਂ ਬਿਲਕੁਲ ਨਹੀਂ ਦਿਤਾ ਗਿਆ । ਮੈਂ ਤਾਂ ਸਮਝਦਾ ਹਾਂ ਕਿ ਅਜੇ ਤਕ ਉਨ੍ਹਾਂ ਲਈ ਕੁਝ ਨਹੀਂ ਕੀਤਾ ਗਿਆ । ਜੋ ਥੋੜਾ ਬਹੁਤ ਕੀਤਾ ਗਿਆ ਹੈ ਉਹ ਕੋਈ ਇਸ ਕਮਜ਼ੋਰ ਵਰਗ ਨੂੰ ਉਚਾ ਚੁਕਣ ਲਈ ਕੋਈ ਹੱਲ ਨਹੀਂ । ਸੰਨ 1962 ਤੋਂ ਲੈ ਕੇ ਉਨ੍ਹਾਂ ਨੂੰ ਇਨਫੀਰੀਅਰ ਲੈਂਡ ਦੇਣੀ ਸ਼ੁਰੂ ਹੋਈ ਅਤੇ ਜੇ ਉਸ ਦਾ ਅੱਜ ਤਕ ਹਿਸਾਬ ਲਾ ਕੇ ਦੇਖੀਏ ਤਾਂ ਪਤਾ ਲਗੇਗਾ ਕਿ ਕੁਝ ਹਜ਼ਾਰ ਏਕੜ ਤੋਂ ਵੱਧ ਇਹ ਜ਼ਮੀਨ ਨਹੀਂ । ਇਹ ਜਿਹੜੀ ਜ਼ਮੀਨ ਉਨ੍ਹਾਂ ਨੂੰ ਦਿਤੀ ਵੀ ਗਈ ਹੈ ਉਹ ਗੈਰ ਉਪਜਾਊ, ਬੰਜਰ ਜ਼ਮੀਨ ਦਿਤੀ ਗਈ ਹੈ ਜਿਸ ਤੇ ਉਹ ਮਾੜਾ ਮੋਟਾ ਕੰਮ ਕਰਦੇ ਹਨ। ਮੈਂ ਪਹਿਲਾਂ ਵੀ ਇਹ ਸੁਝਾਵ ਦਿਤਾ ਸੀ ਕਿ ਜੇ ਉਨ੍ਹਾਂ ਨੂੰ ਜ਼ਮੀਨ ਇਹ ਦੇਣੀ ਹੈ ਤਾਂ ਉਨ੍ਹਾਂ ਨੂੰ ਇਸ ਦੇ ਨਾਲ ਸਾਧਨ ਵੀ ਦਿਓ । ਕਾਰਪੋਰੇਸ਼ਨ ਦੇ ਰਾਹੀਂ ਉਨ੍ਹਾਂ ਨੂੰ ਜ਼ਮੀਨ ਵਾਹ ਕੇ, ਟਿਊਬਵੈਲਜ਼ ਲਗਾ ਕੇ, ਵਾਹੀ ਯੋਗ ਬਣਾ ਕੇ, ਜ਼ਮੀਨ ਉਪਜਾਊ ਬਣਾ ਕੇ ਦਿਓ । (ਵਿਘਨ) ਮੇਰਾ ਖਿਆਲ ਹੈ ਕਿ ਇਹ ਜਿਹੜਾ ਹੈਫਹੇਜ਼ਰਡ ਵੇ ਨਾਲ ਯਤਨ ਕੀਤਾ ਜਾ ਰਿਹਾ ਹੈ ਇਹ ਵੀ ਨੇਪਰੇ ਨਹੀਂ ਚੜ੍ਹਨਾ । ਮੈਨੂੰ ਇਸ ਗੱਲ ਦਾ ਦੁੱਖ ਹੈ ਕਿ ਜਦੋਂ ਦੀ ਮੌਜੂਦਾ ਸਰਕਾਰ ਆਈ ਹੈ ਇਨ੍ਹਾਂ ਨੇ ਇਹ ਸਿਲਸਿਲਾ ਵੀ ਬੰਦ ਕਰ ਦਿਤਾ ਹੈ । 5 ਲੱਖ ਏਕੜ ਜ਼ਮੀਨ ਇਸ ਵੇਲੇ ਅਵੇਲੇਬਲ ਹੈ ਹਰੀਜਨਾਂ ਨੂੰ ਦੇਣ ਲਈ ਪਰ ਉਸ ਦੇ ਵਿਚੋਂ ਇਕ ਮਰਲਾ ਵੀ ਹਰੀਜਨਾਂ ਨੂੰ ਨਹੀਂ ਦਿਤਾ ਗਿਆ । ਲੈਂਡ ਰਿਫਾਰਮ ਐਕਟ ਜਿਹੜਾ ਕਿ ਪਾਸ ਕੀਤਾ ਗਿਆ ਹੈ ਉਸ ਤੇ ਕੋਈ ਅਮਲ ਨਹੀਂ ਕੀਤਾ ਗਿਆ । ਸਿਰਫ ਪਾਸ ਕਰਕੇ ਆਪਣੀ ਵਾਹ ਵਾਹ ਖਟਣ ਲਈ ਹੀ ਕੀਤਾ ਗਿਆ ਹੈ । ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਜ਼ਮੀਨ ਨਿਕਲਣੀ ਸੀ, ਬੇ-ਜ਼ਮੀਨ ਮੁਜ਼ਾਰਿਆਂ ਲਈ ਨਿਕਲਣੀ ਸੀ ਉਹ ਵੀ ਅੱਜ ਤਕ ਦਬਾਈ ਜਾ ਰਹੀ ਹੈ । (ਵਿਘਨ)

ਇਸ ਦੇ ਨਾਲ ਹੀ ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਜੇ ਇਸ ਦਾ ਹੱਲ ਕਢਿਆ ਸੀ ਤਾਂ ਹੱਲ ਕਢਿਆ ਸੀ ਮਾਰਕਸ ਨੇ ਅਤੇ ਉਸ ਤੋਂ ਅਗੇ ਏਂਜਲ ਨੇ । ਮੇਰਾ ਸਿਰ ਝੁਕ ਜਾਂਦਾ ਹੈ ਉਹ ਮਹਾਨ ਲੈਨਿਨ ਅਗੇ ਜਿਸ ਨੇ ਸਮਾਜ ਦੀਆਂ ਬੁਰਾਈਆਂ ਕੱਢ ਕੇ ਰਖ ਦਿਤੀਆਂ.... (ਘੰਟੀ) ਇਹ ਸਮਾਜਵਾਦ ਦੇ ਬਿਲਕੁਲ ਢੱਕੇ ਨਾਹਰੇ ਹਨ। (ਵਿਘਨ)

ਸ਼੍ਰੀ ਡਿਪਟੀ ਸਪੀਕਰ: ਮੈਂ ਸਿਰਫ ਤੁਹਾਡਾ ਧਿਆਨ ਇਸ ਗਲ ਵਲ ਦੁਆਉਣਾ ਚਾਹੁੰਦਾ ਹਾਂ ਕਿ ਹਾਊਸ ਦੇ ਸਾਹਮਣੇ ਜਿਹੜੀ ਰਿਪੋਰਟ ਕਮਿਸ਼ਨਰ ਸਾਹਿਬ ਦੀ 1970-71 ਦੀ ਹੈ ਉਸ ਤੇ ਆਪਣੇ ਆਪ ਨੂੰ ਕਨਫਾਈਨ ਰਖੋ । (I would like to draw your attention towards the fact that you should only confine your speech to the Report of the Commissioner for the Scheduled Castes and Scheduled Tribes for the year 1970-71 which is under discussion in the House.)

ਸਰਦਾਰ ਦਰਬਾਰਾ ਸਿੰਘ : ਡਿਪਟੀ ਸਪੀਕਰ ਸਾਹਿਬ, ਇਸ ਰਿਪੋਰਟ ਦੇ ਸਫੇ ਸਫੇ ਤੇ ਅੱਖਰ ਅੱਖਰ ਤੇ ਲਿਖਿਆ ਹੋਇਆ ਹੈ ਕਿ ਇਸ ਵਰਗ ਨਾਲ ਬੇ-ਇਨਸਾਫੀ ਹੋਈ ਹੈ, ਅਨਿਆਏ ਹੋਇਆ ਹੈ । ਮੈਂ ਉਸ ਬੇਇਨਸਾਫੀ ਦੀ, ਉਸ ਅਨਿਆਏ ਦੀ ਹੀ ਗੱਲ ਕਰ ਰਿਹਾ ਹਾਂ। (ਵਿਘਨ)

Original with;
Punjab Vidhan Sabha
Digitized by;
Panjab Digital Library

ਸਰਦਾਰ ਗੁਰਮੇਜ ਸਿੰਘ: ** ** **

ਸ਼੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। (This is no point of order).

ਸਰਦਾਰ ਸੁਰਿੰਦਰ ਸਿੰਘ ਕੈਰੋਂ: ਆਨ ਏ ਪੁਆਇੰਟ ਆਫ਼ ਆਰਡਰ, ਸਰ। (ਵਿਘਨ) ਮੈਂ ਪੁਆਇੰਟ ਆਫ਼ ਆਰਡਰ ਰੇਜ਼ ਕਰਨਾ ਚਾਹੁੰਦਾ ਹਾਂ।

Mr. DePuty SPeaker: Please resume your seat.

Sardar Surinder Singh Kairon: I have the right to rise on a point of order.

Mr. DePuty Speaker: But you can't compel the Chair.

Sardar Surinder Singh Kairon: I can press my right of point of order.

Mr. Deputy Speaker: I have also to protect my rights. My rights are also the rights of the House.

Sardar Surinder Singh Kairon: But I can eertainly impress upon you my right of point of order.

Mr. Deputy Speaker: But yon can't compel and threaten the Chair. What is your point of order?

ਸਰਦਾਰ ਸੁਰਿੰਦਰ ਸਿੰਘ ਕੈਰੋਂ: ** ** ** (ਵਿਘਨ)

ਸ਼੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। ਜਿਹੜਾ ਵੀ ਕੋਈ ਪੁਆਇੰਟ ਆਫ਼ ਆਰਡਰ ਨਾ ਹੋਵੇ That will not form part of the record. I will not allow anybody to waste the time of the House. (This is no point of order. Any point which is not a point of order that will not form part of the record. I will not allow anybody to waste the time of the House.)

Sardar Dhanna Singh Gulshan: ** ** **

Mr. Deputy SPeaker: It should not be recorded.

ਸਰਦਾਰ ਦਰਬਾਰਾ ਸਿੰਘ: ਤੋ ਮੈਂ ਅਰਜ਼ ਕਰ ਰਿਹਾ ਸੀ ਦੁਨੀਆਂ ਦੇ ਵਿਚ ਇਸ ਦੇ ਲਈ ਹੱਲ ਦਿਤਾ ਹੈ ਤਾਂ ਉਹ ਹੱਲ ਦਿੱਤਾ ਹੈ ਲੈਨਿਨ ਨੇ। ਉਨ੍ਹਾਂ ਦਾ ਤਜਰਬਾ ਕੋਈ ਦੂਰ ਦਾ ਤਜਰਬਾ ਨਹੀਂ। ਸਾਡਾ ਬੜਾ ਮਿਤਰ ਦੇਸ਼ ਹੈ ਅਤੇ ਸਾਡੀ ਹਰ ਵੇਲੇ ਉਹ ਰਾਖੀ ਕਰਦਾ ਹੈ। ਔਕੜ ਵੇਲੇ ਸਾਡੇ ਕੰਮ ਆਉਂਦਾ ਹੈ ...(ਵਿਘਨ)

**Not recorded as ordered by the Chair.

Original with;
Punjab Vidhan Sabha
Digitized by;
Panjab Digital Library

Mr. Deputy Speaker : Sardar Darbara Singh, whatever you are saying is it relevant with the Report under discussion of the House?

ਸਰਦਾਰ ਦਰਬਾਰਾ ਸਿੰਘ: ਮੈਂ ਸੋਸ਼ਲਿਜ਼ਮ ਦੀ ਗੱਲ ਕਰਦਾ ਹਾਂ ਜੀ। ਇਸ ਦਾ ਹੱਲ ਕਿਸ ਨੇ ਕਢਿਆ ਹੈ।

Mr. Deputy Speaker: Whatever you say, should be relevant. You have been holding a very high position.

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ: ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਇਹ ਸਮਾਜੀ ਇਨਕਲਾਬ ਨਾਲ ਸਬੰਧ ਰਖਦਾ ਹੈ... (ਵਿਘਨ) ਉਸ ਦਾ ਤਜਰਬਾ ਦਸਿਆ ਹੈ, ਤੁਹਾਡੇ ਵਰਗੇ ਸਜਣਾਂ ਨੂੰ ਇਸ ਤਰ੍ਹਾਂ ਦੀ ਗੱਲ ਨਹੀਂ ਸੋਚਣੀ ਚਾਹੀਦੀ। (ਵਿਘਨ)

Mr. Deputy Speaker: I am not anti Lenin or Marx. ਐਸੀ ਕੋਈ ਗੱਲ ਨਹੀਂ। (ਵਿਘਨ) (I am not anti Lenin or anti Marx. Nothing of the sort) (*Interruption*)

ਸਰਦਾਰ ਦਰਬਾਰਾ ਸਿੰਘ: ਉਨ੍ਹਾਂ ਨੇ 5-4 ਸਾਲ ਵਿਚ ਹੀ ਮਸਲਾ ਹੱਲ ਕਰ ਲਿਆ ਸੀ। (ਵਿਘਨ)

Mr. Deputy Speaker: You must have studied the history of Russia. ਕੀ ਉਥੇ ਵੀ ਕੋਈ ਹਰੀਜਨ ਜਾਂ ਸ਼ਡਿਊਲਡ ਕਾਸਟਸ ਸਨ ? (ਵਿਘਨ) (You must have studied the history of Russia. Were there any Harijans or Scheduled Castes?) (*Interruption*).

ਸਰਦਾਰ ਦਰਬਾਰਾ ਸਿੰਘ: ਡਿਪਟੀ ਸਪੀਕਰ ਸਾਹਿਬ, ਜਦੋਂ ਦਾ ਇਨਸਾਨ ਪੈਦਾ ਹੋਇਆ ਹੈ, ਇਸ ਵੀਕਰ ਸੈਕਸ਼ਨ ਨਾਲ ਧੱਕਾ ਸ਼ੁਰੂ ਹੋਇਆ ਹੈ ਅਤੇ ਉਹ ਦੁਨੀਆਂ ਦੇ ਹਰ ਕੋਨੇ ਵਿਚ ਐਕਸਪਲਾਇਟ ਹੁੰਦਾ ਰਿਹਾ ਹੈ। (ਵਿਘਨ)

ਸ਼੍ਰੀ ਡਿਪਟੀ ਸਪੀਕਰ: ਵੀਕਰ ਸੈਕਸ਼ਨ ਤਾਂ ਨਾਨ ਹਰੀਜਨ ਵੀ ਹੋ ਸਕਦਾ ਹੈ। (ਵਿਘਨ) ਤੁਸੀਂ ਇਸ ਰਿਪੋਰਟ ਦੇ ਉਤੇ ਆਪਣੀ ਸਪੀਚ ਕਰੋ ਅਤੇ ਉਸ ਦੇ ਉਤੇ ਜੋ ਮਰਜ਼ੀ ਤੁਸੀਂ ਕਰੋ। (Weaker section may be non-Harijan also. (*Interruption*) You should confine yourself to the Report only.)

ਕਾਮਰੇਡ ਅੱਛਰਾ ਸਿੰਘ: ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਇਹ ਕਰਨੀ ਚਾਹੁੰਦਾ ਹਾਂ....(ਵਿਘਨ)

ਸ਼੍ਰੀ ਡਿਪਟੀ ਸਪੀਕਰ: ਤੁਸੀਂ ਅਰਜ਼ ਨਾ ਕਰੋ, ਆਪਣਾ ਪੁਆਇੰਟ ਆਫ਼ ਆਰਡਰ ਰੇਜ਼ ਕਰੋ। (You may not make any request, but raise your point of order.)

Original with;
Punjab Vidhan Sabha
Digitized by;
Panjab Digital Library

ਕਾਮਰੇਡ ਅੱਛਰਾ ਸਿੰਘ: ਅੱਛਾ ਜੀ । ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਸਜੈਸ਼ਨਜ਼ ਦੇ ਰਹੇ ਹਨ ਕਿ ਇਸ ਤਰ੍ਹਾਂ ਵਿਮੁਕਤ ਜਾਤੀਆਂ ਦਾ ਮਸਲਾ ਹੱਲ ਹੋ ਸਕਦਾ ਹੈ । ਇਹ ਜਿਹੜੀਆਂ ਅਨੁਸੂਚਿਤ ਜਾਤੀਆਂ ਹਨ ਇਨ੍ਹਾਂ ਦਾ ਨਾਮ ਲੈ ਕੇ ਇਸ ਤਰ੍ਹਾਂ ਬੁਰਜੁਆ ਕਲਾਸ ਐਕਸਪਲਾਇਟ ਕਰ ਰਹੀ ਹੈ । ਮਹਾਤਮਾ ਗਾਂਧੀ ਜੀ ਨੇ ਇਨ੍ਹਾਂ ਦਾ ਕੇਵਲ ਨਾਮ ਧਰਿਆ ਸੀ....(ਵਿਘਨ)

ਸ਼੍ਰੀ ਡਿਪਟੀ ਸਪੀਕਰ: ਠੀਕ ਹੈ । ਤੁਸੀਂ ਤਸ਼ਰੀਫ਼ ਰਖੋ । ਤੁਹਾਨੂੰ ਵੀ ਟਾਈਮ ਮਿਲੇਗਾ ਤੁਸੀਂ ਉਸ ਵੇਲੇ ਕਹਿ ਲੈਣਾ । (Please resume your seat. You may express your views while taking part in the debate. You will get time for that.)

ਸਰਦਾਰ ਦਰਬਾਰਾ ਸਿੰਘ: ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਦੋ ਹੱਲ ਕਹੇ ਹਨ ਇਕ ਤਾਂ ਹੈ ਸੁਧਾਰਵਾਦੀ । ਇਹ ਵੀ ਹੋ ਸਕਦਾ ਹੈ ਕਿ ਜਿਸ ਤਰ੍ਹਾਂ ਗਾਂਧੀ ਜੀ ਨੇ ਕੀਤਾ । ਆਪਣਾ ਸੂਟ ਲਾਹ ਕੇ ਉਤਾਰ ਦਿਤਾ ਅਤੇ ਭਾਵੇਂ ਰਿਹਾਇਸ਼ ਬਿਰਲੇ ਟਾਟਿਆਂ ਦੇ ਪ੍ਰਬੰਧ ਥਲੇ ਹੋਵੇ । ਦੂਸਰੇ ਪਾਸੇ ਇਕ ਪੱਕੀ ਅਤੇ ਅਸਟੈਬਲਿਸ਼ਡ ਸਿਸਟਮ ਹੈ ਜਿਸ ਨੇ ਇਸ ਦਾ ਹਲ ਕੀਤਾ ਹੈ । ਜੇ ਇਹ ਇਸ ਤਰ੍ਹਾਂ ਨਹੀਂ ਕਰਦੇ ਤਾਂ ਮੈਂ ਇਸ ਦਾ ਇਕ ਛੋਟਾ ਜਿਹਾ ਹਲ ਦਸਣਾ ਹੈ । ਜੋ ਇਨ੍ਹਾ ਦਾ ਇਹ ਬਾਹਰ ਦਾ ਹਲ ਲਗਦਾ ਹੈ ਇਸ ਤਰ੍ਹਾਂ ਹਲ ਤਾਂ ਹੋਣਾ ਹੈ ।

ਸ਼੍ਰੀ ਡਿਪਟੀ ਸਪੀਕਰ: ਮੈਨੂੰ ਇਸ ਤਰ੍ਹਾਂ ਲਗਦਾ ਹੈ ਕਿ ਤੁਸੀਂ ਰਿਪੋਰਟ ਪੜ੍ਹੀ ਨਹੀਂ । ਸਾਡੇ ਸਾਹਮਣੇ ਜੋ ਰਿਪੋਰਟ ਹੈ ਉਸ ਨੂੰ ਡਿਸਕਸ ਕਰੋ....(ਵਿਘਨ) ਅੱਧੇ ਘੰਟੇ ਵਿਚ ਤੁਸੀਂ ਰਿਪੋਰਟ ਬਾਰੇ ਕੋਈ ਗੱਲ ਨਹੀਂ ਕੀਤੀ । (I feel you have not read the report. Please discuss the report which is before the House....(*Interruption*) You have not referred to the report during the last half an hour.)

ਸਰਦਾਰ ਦਰਬਾਰਾ ਸਿੰਘ: ਰਿਪੋਰਟ ਬਾਰੇ ਮੇਰੀ ਬੇਨਤੀ ਇਹ ਹੈ ਕਿ ਇਸ ਦਾ ਇਕੋ ਇਕ ਹਲ ਜਿਹੜੀ ਇਕਤਸਾਦੀ ਨਾਬਰਾਬਰੀ ਹੈ ਉਸ ਨੂੰ ਦੂਰ ਕੀਤਾ ਜਾਵੇ । ਜਿਹੜਾ ਇਨ੍ਹਾਂ ਭਰਾਵਾਂ ਨੂੰ ਧੱਕੇ ਨਾਲ, ਜ਼ੁਲਮ ਨਾਲ ਦਬਾਈ ਰਖਿਆ ਹੁਣ ਤਕ ਉਹ ਬੇਇਨਸਾਫ਼ੀ ਨਹੀਂ ਚੱਲਣ ਦੇਣੀ ਚਾਹੀਦੀ। ਉਨ੍ਹਾਂ ਨੂੰ ਸਾਰੇ ਵਸੀਲਿਆਂ ਵਿਚ ਜਿਵੇਂ ਜ਼ਮੀਨ ਦਾ ਹੈ । ਇਥੇ ਵਡੇ ਵੱਡੇ ਲੈਂਡਲਾਰਡ ਹਨ ਜਿਸ ਤਰ੍ਹਾਂ ਬਾਦਲ ਸਾਹਿਬ ਨੇ, ਬੀਬੀ ਬਰਾੜ ਸਾਹਿਬਾ ਹਨ ਚਾਹੇ ਮੈਂ ਹਾਂ, ਉਨ੍ਹਾਂ ਭਰਾਵਾਂ ਨੂੰ ਫ਼ੌਰੀ ਤੌਰ ਤੇ ਜ਼ਮੀਨਾਂ ਵਿਚ ਸ਼ਾਮਲ ਕਰਨਾ ਚਾਹੀਦਾ ਹੈ ।

ਸ਼੍ਰੀ ਡਿਪਟੀ ਸਪੀਕਰ: ਸਰਦਾਰ ਦਰਬਾਰਾ ਸਿੰਘ ਜੀ ਇਹ 1970 ਦੀ ਰਿਪੋਰਟ ਡਿਸਕਸ ਹੋ ਰਹੀ ਹੈ....(ਵਿਘਨ) (Sardar Darbara Singh Ji, the report of 1970 is under discussion....(*Interruption*)

Original with;
Punjab Vidhan Sabha
Digitized by
Panjab Digital Library

ਸਰਦਾਰ ਦਰਬਾਰਾ ਸਿੰਘ : ਡਿਪਟੀ ਸਪੀਕਰ, ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਨੂੰ ਭੁਲੇਖਿਆਂ ਵਿਚ ਰਖਿਆ ਜਾਂਦਾ ਰਿਹਾ ਹੈ । ਜਿਸ ਵੇਲੇ ਵੋਟਾਂ ਚਲਦੀਆਂ ਹਨ ਤਾਂ ਇਸ਼ਤਿਹਾਰ ਲਗਾ ਦਿਤੇ ਜਾਂਦੇ ਹਨ ਕਿ ਹਰ ਇਕ ਹਰੀਜਨ ਨੂੰ 10 ਕਿਲੇ ਜ਼ਮੀਨ ਦਿਤੀ ਜਾਵੇਗੀ ਜਾਂ ਰਿਜ਼ਰਵੇਸ਼ਨ 25% ਕਰ ਦਿਤੀ ਜਾਂਦੀ ਹੈ, ਪਰ ਜਦੋਂ ਵੋਟਾਂ ਖਤਮ ਹੋ ਗਈਆਂ ਤਾਂ ਸਾਰੀਆਂ ਚੀਜ਼ਾਂ ਖਤਮ ਹੋ ਜਾਂਦੀਆਂ ਹਨ । ਇਸ ਦਾ ਹੋਰ ਕੋਈ ਇਲਾਜ ਨਹੀਂ ਜਦ ਤਕ ਇਨ੍ਹਾਂ ਨੂੰ ਸਾਰੇ ਸੋਰਸਿਜ਼, ਵਿਚ ਹਿੱਸਾ ਨਾ ਦਿਤਾ ਜਾਏ, ਜਦ ਤਕ ਮਨਾਪਲੀਜ਼, ਫੈਸਟਿਡ ਇੰਟਰੈਸਟਸ ਨੂੰ ਖਤਮ ਕਰਕੇ ਨੈਸ਼ਨਾਲਾਈਜ਼ ਨਾ ਕੀਤਾ ਜਾਵੇ । ਇਨ੍ਹਾਂ ਭਰਾਵਾਂ ਵਿਚ ਚੇਂਜ ਲਿਆਉਣ ਦੀ ਜ਼ਰੂਰਤ ਹੈ । ਇਨ੍ਹਾਂ ਦੀ ਤਾਲੀਮ ਕੰਮ ਹੈ, ਸੈਲਫ ਕਾਨਫੀਡੈਂਸ ਦੀ ਕਮੀ ਹੈ, ਇਹ ਪੂੰਜੀ ਕੀਤੀ ਜਾਵੇ । ਜਦੋਂ ਕਿਸੇ ਪਰਾਹੁਣੇ ਨਾਲ ਇਹ ਮੇਹਾ ਭਰਾ ਖੇਤਾਂ ਵਿਚੋਂ ਲੰਘਦਾ ਹੈ ਤਾਂ ਕਹਿੰਦਾ ਹੈ ਕਿ ਇਹ ਖੇਤ ਆਪਣਾ ਹੈ ਅਤੇ ਉਹ ਵੀ ਆਪਣਾ ਹੈ, ਪਰ ਜਦੋਂ ਪਰਾਹੁਣਾ ਕਹਿੰਦਾ ਹੈ ਕਿ ਇਕ ਗੰਨਾ ਪੁਟ ਲਵਾਂ ਤਾਂ ਕਹਿੰਦਾ ਹੈ ਨਹੀਂ ਜਟ ਮਾਰੇਗਾ । ਜਦ ਤਾਈਂ ਅਸੀਂ ਇਨ੍ਹਾਂ ਲੋਕਾਂ ਨੂੰ ਉਚਾ ਨਹੀਂ ਚੁਕਦੇ ਤਦ ਤਾਈ ਅਸੀਂ ਇਨ੍ਹਾਂ ਨਾਲ ਅਤੇ ਆਪਣੇ ਨਾਲ ਬੇਇਨਸਾਫ਼ੀ ਕਰਾਂਗੇ । ਇਹ ਸਾਡੇ ਸੋਸਾਇਟੀ ਦਾ ਸਭ ਤੋਂ ਵੱਡਾ, ਚੰਗਾ ਕੰਮ ਕਰਨ ਵਾਲਾ ਪੈਟਰੀਆਇ ਅਤੇ ਸੋਸਾਇਟੀ ਦਾ ਸੁਚੱਜਾ ਅੰਗ ਹੈ ਜਿਸ ਨੂੰ ਅਸੀਂ ਅੱਜ ਤਾਈਂ ਐਕਸਪਲਾਇਟ ਕੀਤਾ ਹੈ ਲਤਾੜਿਆ ਹੈ ਅਤੇ ਦੁਤਕਾਰਿਆ ਹੈ ਅਤੇ ਛੋਟਾ ਕਿਹਾ ਹੈ । ਮੈਂ ਜੋ ਘੜੀ ਮੁੜੀ ਇਨ੍ਹਾਂ ਲਈ ਲੜਦਾ ਹਾਂ ਜਾਂ ਸਪਲੀਮੈਂਟਰੀਜ਼ ਕਰਦਾ ਰਹਿੰਦਾ ਹਾਂ, ਮੇਰਾ ਭਾਵ ਉਹ ਨਹੀਂ ਜੋ ਸਰਦਾਰ ਗੁਰਮੇਜ ਸਿੰਘ ਨੇ ਕਿਹਾ ਹੈ । ਮੇਰਾ ਕੋਈ ਪੁਲੀਟੀਕਲ ਮੋਟਿਵ ਨਹੀਂ ਇਹ ਮੇਰੇ ਜ਼ਜ਼ਬਾਤ ਨੇ ਅਤੇ ਮੈਂ ਸਮਝਦਾ ਹਾਂ ਕਿ ਮੇਰਾ ਇਥੇ ਆਉਣ ਦਾ ਮਨੋਰਥ ਹੀ ਇਹੀ ਹੈ ਕਿ ਜਿੰਨਾ ਚਿਰ ਇਹ ਬੇਇਨਸਾਫ਼ੀ, ਇਹ ਧੱਕਾ ਦੂਰ ਨਹੀਂ ਕੀਤਾ ਜਾਂਦਾ ਮੈਂ ਲੜਦਾ ਰਹਾਂਗਾ (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਸਾਡੇ ਬੜੇ ਅੱਛੇ ਨੇਤਾ ਹਨ ਸਰਦਾਰ ਦਰਬਾਰਾ ਸਿੰਘ, ਕੀ ਉਨ੍ਹਾਂ ਨੇ ਜਿਹੜੀ ਕਣਕ ਦੀ ਪ੍ਰਾਈਸ ਹੈ ਉਸ ਵਲ ਵੀ ਧਿਆਨ ਦਿਤਾ ਹੈ ਕਿ ਇਨ੍ਹਾਂ ਗਰੀਬਾਂ ਨੂੰ ਸਸਤੀ ਦਿਤੀ ਜਾਏ.....(ਵਿਘਨ)

ਸਰਦਾਰ ਦਰਬਾਰਾ ਸਿੰਘ : ਸਾਡੀ ਪਾਰਟੀ ਦੀ ਗਲ ਹੈ (ਵਿਘਨ) ਮੇਰੀ ਪਾਰਟੀ ਨੇ, ਸਾਡੀ ਪ੍ਰਧਾਨ ਮੰਤ੍ਰੀ ਨੇ ਜਿਹੜੀ ਸਾਡੀ ਮਹਾਨ ਨੇਤਾ ਹੈ ਉਸ ਨੂੰ ਸਟੇਟ ਟਰੇਡਿੰਗ ਦਾ ਜਿਹੜਾ ਫੂਡ ਗਰੇਨ ਲਈ ਇਲਾਨ ਕੀਤਾ ਹੈ ਸਾਨੂੰ ਉਸ ਨੂੰ ਪੂਰੇ ਜ਼ੋਰ ਨਾਲ ਇੰਪਲੀਮੈਂਟ ਕਰਨਾ ਚਾਹੀਦਾ ਹੈ ਅੌਰ ਇਹ ਉਸ ਹੱਦ ਤਕ ਹੋਣਾ ਚਾਹੀਦਾ ਹੈ ਕਿ ਇਕ ਸਿੱਟੇ ਵਿਚੋਂ ਇਕ ਦਾਣਾ ਵੀ ਜਿਹੜਾ ਹੈ ਉਹ ਕਿਸੇ ਇਤ ਦੇ ਹੱਥ ਵਿਚ ਨਾ ਜਾਵੇ । ਜਿਹੜਾ ਇਹ ਸਾਡੀ ਸਰਕਾਰ ਨੇ ਕੀਤਾ ਹੈ ਕਿ ਕਦੇ ਜ਼ੋਨ ਖੋਲ੍ਹ ਦਿਤੇ ਕਦੇ ਬੰਦ ਕਰ ਦਿਤੇ ਇਹ ਠੀਕ ਨਹੀਂ । ਮੇਰੇ ਇਹ ਜਿਹੜੇ ਪੰਜ ਸੱਤ ਸੱਜਣ ਇਥੇ ਬੈਠੇ ਹਨ ਜਿਹੜੇ ਬਹੁਤ ਜ਼ਿਆਦਾ ਕਣਕ ਪੈਦਾ ਕਰਦੇ ਹਨ ਜਿਨ੍ਹਾਂ ਵਿਚੋਂ ਮੈਂ ਵੀ ਇਕ ਹਾਂ ਇਹ ਆਪਣੇ ਲਈ ਨਹੀਂ ਬਲਕਿ ਦੇਸ਼ ਵਾਸਤੇ ਕਰਦੇ ਹਨ ।

ਸ਼੍ਰੀ ਡਿਪਟੀ ਸਪੀਕਰ : ਸਰਦਾਰ ਦਰਬਾਰਾ ਸਿੰਘ ਜੀ, ਤੁਸੀਂ ਆਫ਼ ਦੀ ਟ੍ਰੈਕ ਜਾ ਰਹੇ ਹੋ । ਤੁਸੀਂ ਕਣਕ ਦੀ ਪ੍ਰਾਈਸ ਵਲ ਚਲੇ ਗਏ । ਇੰਜ ਲਗਦਾ ਹੈ ਕਿ ਤੁਸੀਂ

Original with;
Punjab Vidhan Sabha
Digitized by;
Panjab Digital Library

ਰਿਪੋਰਟ ਪੜ੍ਹੀ ਨਹੀਂ (Sardar Darbara Singh ji, you are going off the track. You are talking about the wheat price. It appears that you have not read the report.)

ਸਰਦਾਰ ਦਰਬਾਰਾ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਉਨ੍ਹਾਂ ਦੀ ਗਲ ਦਾ ਜਵਾਬ ਦੇ ਰਿਹਾ ਸਾਂ ।

ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਛੂਤ ਛਾਤ ਜਾਂ ਸ਼ਡਿਊਲਡ ਕਾਸਟਸ ਨੂੰ ਟਰਮ ਕਰਨਾ ਜਾਂ ਕੰਸਟੀਚਿਊਸ਼ਨ ਵਿਚ 2— 4 ਆਰਟੀਕਲ ਪਾ ਲੈਣਾ ਇਹ ਕਤਈ ਹਲ ਨਹੀਂ ਇਨ੍ਹਾਂ ਦਾ । ਇਨ੍ਹਾਂ ਨੂੰ ਇਮੀਜੀਏਟਲੀ ਉਹ ਸਾਰੇ ਉਨ੍ਹਾਂ ਦੇ ਅਸਲ ਹੱਕ ਜਿਹੜੇ ਬਾਕੀਆਂ ਦੇ ਹਨ (ਵਿਘਨ) ਉਨ੍ਹਾਂ ਵਿਚ ਵੀ ਇਨ੍ਹਾਂ ਦਾ ਹੱਕ ਹੈ । ਉਨ੍ਹਾਂ ਸਜਨਾਂ ਨੂੰ ਜਿਹੜੇ ਸਿਰਫ ਬੈਠੇ ਹਨ, ਜਿਨ੍ਹਾਂ ਦੇ ਪਿਉ ਦੇ ਹਿੱਸੇ ਵਿਚ 100 ਕਿਲੇ ਜ਼ਮੀਨ ਆਈ ਸੀ, ਕਮਾਈ ਇਹ ਜਾਣ ਅਤੇ ਖਾਈ ਉਹ ਜਾਣ ਖ਼ਤਮ ਕਰਨਾ ਚਾਹੀਦਾ ਹੈ । ਇਹ ਬੇਇਨਸਾਫੀ ਦੂਰ ਕਰਨੀ ਚਾਹੀਦੀ ਹੈ । ਇਹ ਕੁਦਰਤ ਦੇ ਅਸੂਲਾਂ ਦੇ ਖਿਲਾਫ ਹੈ ਇਸ ਨੂੰ ਠੀਕ ਕੀਤਾ ਜਾਵੇ । ਇਹ ਜਿਹੜੀ ਸੀਲਿੰਗ ਲਾਈ ਹੈ ਇਹ ਜਿਹੜੀਆਂ ਅਸੀਂ . . .(ਵਿਘਨ)

ਸ਼੍ਰੀ ਡਿਪਟੀ ਸਪੀਕਰ : ਸਰਦਾਰ ਦਰਬਾਰਾ ਸਿੰਘ ਜੀ, ਵਾਈਂਡ ਅੱਪ ਕਰੋ . . . .(ਵਿਘਨ)
(Sardar Darbara Singh ji, please wind up now.)
(Interruption)

ਸਰਦਾਰ ਦਰਬਾਰਾ ਸਿੰਘ : ਵਾਈਂਡ ਅੱਪ ਕਰਨ ਲਗਾ ਹਾਂ ਜੀ । ਮੈਂ ਅਰਜ਼ ਕਰਦਾ ਹਾਂ ਕਿ ਸਰਵਿਸਿਜ਼ ਦੀ ਭਰਤੀ ਵਾਲੇ ਸਾਰੇ ਅਦਾਰੇ ਇਨ੍ਹਾਂ ਨੂੰ ਦੇ ਦਿਉ । ਜਿਥੇ ਜ਼ਮੀਨ ਵਾਲੀ ਗਲ ਹੈ ਇਨ੍ਹਾਂ ਨੂੰ ਫੋਰੀ ਤੌਰ ਤੇ ਜ਼ਮੀਨਾਂ ਵਿਚ ਹਿੱਸੇਦਾਰ ਬਣਾਉ ਅਤੇ ਇਨ੍ਹਾਂ ਨੂੰ ਜ਼ਮੀਨਾਂ ਦਿਓ । ਜਿਥੋਂ ਤਕ ਕਾਰਖਾਨਿਆਂ ਦੀ ਗਲ ਹੈ, ਮੈਂ ਕਹਿੰਦਾ ਹਾਂ ਕਿ ਕੰਮ ਕਰਨ ਹਰੀਜਨ ਅਤੇ ਏਅਰ ਕੰਡੀਸ਼ਨ ਕਮਰਿਆਂ ਵਿਚ ਬੈਠੇ ਖਾਈ ਜਾਣ ਇੰਡਸਟਰੀਆਲਿਸਟਸ (ਵਿਘਨ) ਇਸ ਲਈ ਫੌਰੀ ਤੌਰ ਤੇ ਸਾਰੇ ਦੇ ਸਾਰੇ ਰਿਸੋਰਸਿਜ਼ ਨੈਸ਼ਨਾਲਾਈਜ਼ ਕਰਕੇ ਇਨ੍ਹਾਂ ਦੀ ਸਰਦਾਰੀ ਕਾਇਮ ਕਰਨੀ ਚਾਹੀਦੀ ਹੈ । ਤਦ ਤਾਂ ਕੁਝ ਹੋ ਜਾਏਗਾ । ਜੇ ਕਰ ਇਹ ਕੇਵਲ ਰਿਆਇਤਾਂ ਦੀਆਂ ਗੱਲਾਂ ਕਰੀ ਜਾਣਗੇ ਤਾਂ ਇਹ ਬਿਲਕੁਲ ਵਰਗ ਲਾਉਣ ਵਾਲੀ ਗਲ ਹੈ ਇਹ ਕੋਈ ਇਲਾਜ ਨਹੀਂ । ਮੈਂ ਅੰਤ ਵਿਚ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੈਂ ਜਿਹੜੀਆਂ ਤਰੁਟੀਆਂ ਦੱਸੀਆਂ ਹਨ ਇਹ ਬਹੁਤ ਥੋੜ੍ਹੀਆਂ ਹਨ ਇਸ ਤੋਂ ਕਈ ਗੁਣਾ ਵੱਧ ਹਨ । ਇਸ ਸੋਸਾਇਟੀ ਨੂੰ ਕਲਾਸਲੈਸ ਸੋਸਾਇਟੀ ਬਣਾ ਕੇ ਜਿਸ ਤਰ੍ਹਾਂ ਚਾਈਨਾਂ ਅਤੇ ਰਸ਼ੀਆਂ ਵਿਚ ਹੋਇਆ ਹੈ ਇਨ੍ਹਾਂ ਦਾ ਸੁਧਾਰ ਕਰਨਾ ਚਾਹੀਦਾ ਹੈ । ਜਿਸ ਤਹਿਜ਼ੀਬ, ਸਭਿੱਅਤਾ, ਅਤੇ ਸੰਸਕ੍ਰਿਤੀ ਤੇ ਸਾਨੂੰ ਮਾਣ ਹੈ ਉਸ ਦਾ ਆਦਰ ਮਾਣ ਕਰਦੇ ਹੋਏ ਇਨ੍ਹਾਂ ਨਾਲ ਹੋ ਰਹੀ ਬੇਇਨਸਾਫੀ ਨੂੰ ਦੂਰ ਕਰਨਾ ਚਾਹੀਦਾ ਹੈ ।

ਕਾਮਰੇਡ ਸੱਘੜ ਸਿੰਘ (ਨਿਹਾਲ ਸਿੰਘ ਵਾਲਾ, ਐਸ.ਸੀ.) ਡਿਪਟੀ ਸਪੀਕਰ ਸਾਹਿਬ ਅੱਜ ਸਾਡੇ ਸਾਹਮਣੇ ਕਮਿਸ਼ਨਰ ਦੀ ਰਿਪੋਟ ਹੈ ਜਿਹੜੀ ਕਿ ਸ਼ਡਿਊਲਡ ਕਾਸਟਸ ਅਤੇ ਸ਼ਡਿਊਲਡ ਟਰਾਈਬਜ਼ ਬਾਰੇ ਹੈ, ਮੈਂ ਉਸ ਤੇ ਬੋਲਣ ਲਈ ਖੜਾ ਹੋਇਆ ਹਾਂ । ਸਾਡੇ ਜਿਹੜੇ ਸ਼ਡਿਊਲਡ ਟਰਾਈਬਜ਼ ਹਨ ਉਨ੍ਹਾਂ ਵਿਚ ਸਾਡੇ ਰਾਏ ਸਿੱਖ ਭਰਾ ਵੀ ਆਉਂਦੇ ਹਨ, ਉਨ੍ਹਾਂ ਦਾ ਵੀ ਇਸ ਵਿਚ ਜ਼ਿਕਰ ਆਇਆ ਹੈ । (ਵਿਘਨ)

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ : ਕਾਮਰੇਡ ਸੱਘੜ ਸਿੰਘ ਜੀ, ਰਿਪੋਰਟ ਬਾਰੇ ਹੀ ਗਲ ਕਰਨੀ ਹੈ । ਪਹਿਲਾਂ ਵਾਂਗ ਨਹੀਂ ਕਰਨੀ । ਮੈਂ ਤੁਹਾਨੂੰ ਪਹਿਲਾਂ ਹੀ ਕਹਿ ਦਿਤਾ ਹੈ । ਭਾਵੇਂ ਤੁਸੀਂ ਆਊਟ ਆਫ ਦੀ ਵੇ ਨਹੀਂ ਗਏ..(ਵਿਘਨ) (Comrade Saghar Singh ji, you are to discuss the report only. You may not follow the preceding speaker. I have pointed this thing out to you in advance although you have not been irrelevant)

(Interruption)

ਕਾਮਰੇਡ ਸੱਘੜ ਸਿੰਘ : ਡਿਪਟੀ ਸਪੀਕਰ ਸਾਹਿਬ ਸਾਡੇ ਵਿਧਾਨ ਵਿਚ ਲਿਖਿਆ ਹੈ ਕਿ ਜਿਹੜੇ ਪੱਛੜੇ ਵਰਗ ਦੇ ਆਦਮੀ ਹਨ ਇਨ੍ਹਾਂ ਨੂੰ ਉਚਾ ਚੁਕਣਾ ਹੈ ਅਤੇ ਇਨ੍ਹਾਂ ਦੀ ਗਰੀਬੀ ਦੂਰ ਕਰਨੀ ਹੈ । 25, 26 ਸਾਲ ਤੋਂ ਇਹ ਚੀਜ਼ ਚਲੀ ਆ ਰਹੀ ਹੈ । ਡਿਪਟੀ ਸਪੀਕਰ ਸਾਹਿਬ ਮੈਂ ਇਸ ਦੇ ਬਾਰੇ ਹੀ ਬੋਲਾਂਗਾ, ਪਾਸੇ ਨਹੀਂ ਜਾਂਦਾ, ਤੁਹਾਡੀ ਗਲ ਨੂੰ ਸਵੀਕਾਰ ਕਰਾਗਾਂ । ਵਿਧਾਨ ਦੇ ਵਿਚ ਇਹ ਵੀ ਲਿਖਿਆ ਹੈ ਕਿ ਇਨ੍ਹਾਂ ਨੂੰ ਬਹੁਤ ਛੇਤੀ ਹਰ ਪਲਾਨ ਦੇ ਵਿਚ ਹਰ ਰਿਆਇਤ ਦਿੱਤੀ ਜਾਵੇਗੀ । ਪਰ ਇਸ ਰਿਪੋਰਟ ਦੇ ਸਫਾ ਚਾਰ ਤੇ ਇਹ ਲਿਖਿਆ ਹੈ ਕਿ ਅਸੀਂ ਬਹੁਤ ਕੋਸ਼ਿਸ਼ ਕਰਦੇ ਰਹੇ ਹਾਂ ਪਰ ਅੱਜ ਤਕ ਇਨ੍ਹਾਂ ਨੂੰ ਜ਼ਿਹੜੀਆਂ ਰਿਆਇਤਾਂ ਦੇਣੀਆਂ ਸਨ ਉਹ ਪੂਰੀਆਂ ਨਹੀਂ ਹੋ ਸਕੀਆਂ । ਇਸ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਨੂੰ ਰਿਆਇਤਾਂ ਅੱਜੇ ਤਕ ਪੂਰੀਆਂ ਨਹੀਂ ਦਿੱਤੀਆਂ ਗਈਆਂ । ਇਹ ਹੋ ਸਕਦਾ ਹੈ ਕਿ ਇਹ ਜਿਹੜਾ ਇੰਤਜ਼ਾਮ ਹੈ ਇਹ ਠੀਕ ਨਾ ਹੋਵੇ । ਵਾਇਦੇ ਕੀਤੇ ਗਏ ਹਨ, ਕਾਗਜ਼ਾਂ ਵਿਚ ਲਿਖਿਆ ਜਾਂਦਾ ਹੈ, ਪਰ ਇਸ ਤੇ ਪੂਰਾ ਅਮਲ ਨਹੀਂ ਹੁੰਦਾ । ਮੈਂ ਆਪਣੇ ਪੰਜਾਬ ਦੀ ਗਲ ਵੀ ਕਰਾਂਗਾ । ਲੱਖਾਂ ਦੇ ਹਿਸਾਬ ਨਾਲ ਰਾਏ ਸਿੱਖ ਵਸਦੇ ਹਨ ਜਿਨ੍ਹਾਂ ਨੂੰ ਕਿ ਕੋਈ ਪ੍ਰਤੀਨਿਧਤਾ ਅਜੇ ਤਕ ਨਹੀਂ ਦੇ ਸਕੇ । ਮੈਂ ਸੁਝਾਉ ਦਿਆਂਗਾ ਕਿ ਜਿਹੜੇ ਰਾਏ ਸਿੱਖ ਭਰਾ ਹਨ ਇਨ੍ਹਾਂ ਨੂੰ ਪ੍ਰਤੀਨਿਧਤਾ ਦਿੱਤੀ ਜਾਵੇ ਜਿਵੇਂ ਕਿ ਇਸ ਰਿਪੋਰਟ ਵਿਚ ਵੀ ਲਿਖਿਆ ਗਿਆ ਹੈ । ਰਿਜ਼ਰਵੇਸ਼ਨ ਦੇ ਬਾਰੇ ਬੜੇ ਚਿਰ ਤੋਂ ਰੋਲਾ ਪੈਂਦਾ ਰਿਹਾ ਹੈ । ਸਾਡੀ ਸਰਕਾਰ ਇਸ ਗਲ ਦੇ ਵਾਇਦੇ ਕਰਦੀ ਰਹੀ ਹੈ, ਭਾਵੇਂ ਇਥੇ ਅਕਾਲੀ ਸਰਕਾਰ ਆਈ ਜਾਂ ਹੁਣ ਕਾਂਗਰਸ ਦੀ ਸਰਕਾਰ ਹੈ, ਇਹ ਕਹਿੰਦੀ ਰਹੀ ਹੈ ਕਿ ਸੈਂਟਰ ਦੀ ਸਰਕਾਰ ਦੇ ਬੱਸ ਦੀ ਗਲ ਹੈ । ਪਰ ਇਨ੍ਹਾਂ ਦੇ ਵਾਇਦੇ ਪੂਰੇ ਨਹੀਂ ਹੋਏ । ਹਰੀਜਨ ਐਮ. ਐਲ. ਏਜ਼. ਨੇ ਆਵਾਜ਼ ਚੁੱਕੀ । ਇਹ ਬੜਾ ਚੰਗਾ ਹੋਇਆ ਹੈ ਕਿ ਗਿਆਨੀ ਜ਼ੀ ਨੇ ਹਰੀਜ਼ਨਾਂ ਨੂੰ 25 ਫੀ ਸਦੀ ਰਿਜ਼ਰਵੇਸ਼ਨ ਸਰਵਿਸਿਜ਼ ਵਿਚ ਦੇਣ ਦਾ ਐਲਾਨ ਕੀਤਾ ਹੈ । ਪਰ ਮੈਂ ਇਹ ਬੇਨਤੀ ਕਰਾਂਗਾ ਕਿ ਇਹ ਜਿਹੜਾ 25 ਫ਼ੀ ਸਦੀ ਦਾ ਇਨ੍ਹਾਂ ਦਾ ਹੱਕ ਰਾਖਵਾਂ ਰਖਿਆ ਗਿਆ ਹੈ ਇਸ ਦਾ ਠੀਕ ਪ੍ਰਬੰਧ ਕਰਨ ਅਤੇ ਇਸ ਨੂੰ ਚੰਗੀ ਤਰ੍ਹਾਂ ਲਾਗੂ ਕਰਨ ਦੀ ਜਿੰਮੇਵਾਰੀ ਸਰਕਾਰ ਤੇ ਆਉਂਦੀ ਹੈ । ਸਰਕਾਰ ਨੂੰ ਇਸ ਪਾਸੇ ਪੂਰਾ ਪੂਰਾ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਇਨ੍ਹਾਂ ਨੂੰ 25 ਫੀ ਸਦੀ ਰਿਜ਼ਰਵੇਸ਼ਨ ਠੀਕ ਤੌਰ ਤੇ ਮਿਲੇ ਅਤੇ ਇਨ੍ਹਾਂ ਦੀ ਤਸੱਲੀ ਹੋਵੇ । ਡਿਪਟੀ ਸਪੀਕਰ ਸਾਹਿਬ ਇਸ ਵੇਲੇ ਪਲਾਟਾਂ ਦਾ ਮਸਲਾ ਪੰਜਾਬ ਵਿਚ ਚਲ ਰਿਹਾ ਹੈ । ਸਰਕਾਰ ਨੇ ਬਹੁਤ ਦਫਾ ਐਲਾਨ ਕੀਤਾ ਹੈ ਕਿ ਅਸੀਂ ਹਰੀਜਨਾਂ ਨੂੰ 1 ਲੱਖ 84 ਹਜ਼ਾਰ ਪਲਾਟ ਦੇ ਦਿਤੇ ਹਨ । ਇਸ ਦੀ ਰਿਪੋਰਟ ਸੈਂਟਰ ਤਕ ਭੇਜੀ ਜਾ ਚੁੱਕੀ ਹੈ । ਸਾਡੇ ਪੰਜਾਬ ਦੇ ਅੰਦਰ ਹਜ਼ਾਰਾਂ ਦੀ ਗਿਣਤੀ ਵਿਚ ਹਰੀਜਨਾਂ ਨੂੰ ਪਲਾਟ ਨਹੀਂ ਦਿਤੇ ਹੋਏ । ਇਹੋ ਜਿਹੀਆਂ ਰਿਪੋਰਟਾਂ ਕਾਗਜ਼ਾਂ ਤੇ ਹੋ ਜਾਂਦੀਆਂ ਹਨ । ਥੱਲੇ ਬੈਠੇ ਡੀ.ਸੀ. ਜਾਂ

Original with;
Punjab Vidhan Sabha
Digitized by;
Panjab Digital Library

ਏ.ਡੀ.ਸੀ., ਐਸ.ਡੀ. ਐਮਜ਼. ਤੋਂ ਇਹ ਰਿਪੋਰਟ ਲੈ ਕੇ ਉਪਰ ਭੇਜਦੇ ਹਨ । ਮੈਂ ਇਹ ਸਮਝਦਾ ਹਾਂ ਕਿ ਇਹ ਇਨ੍ਹਾਂ ਮੁਲਾਜ਼ਮਾਂ ਦਾ ਸਾਡੇ ਨਾਲ ਇੱਕ ਮਜ਼ਾਕ ਹੈ । ਇਹ ਕੰਮ ਤਸੱਲੀ ਬਖਸ਼ ਨਹੀਂ ਹੈ । ਇਹ ਪਤਾ ਨਾ ਲੱਗੇ ਕਿ ਹਲਕੇ ਵਾਰ ਕਿਤਨੇ ਪਲਾਟ ਦਿਤੇ ਹਨ ਪਰ ਇਸੇ ਤਰ੍ਹਾਂ ਰਿਪੋਰਟ ਭੇਜ ਦੇਣ, ਇਕ ਪਾਸੇ ਨਾਹਰੇ ਲਾਉਣ ਕਿ ਅਸੀਂ ਇਤਨੇ ਪਲਾਟ ਦੇ ਦਿੱਤੇ ਹਨ ਅਤੇ ਦੂਜੇ ਪਾਸੇ ਇਹ ਦਿੱਤੇ ਨਾ ਗਏ ਹੋਣ, ਇਹ ਬੜੇ ਅਫਸੋਸ ਦੀ ਗੱਲ ਹੈ । ਮੈਨੂੰ ਇਸ ਬਾਰੇ ਜਾਣਕਾਰੀ ਵੀ ਹੈ । ਸੈਂਟਰ ਦੀ ਸਰਕਾਰ ਨੇ ਇਸ ਦੇ ਲਈ ਪੈਸਾ ਦੇਣਾ ਸੀ । ਅਜੇ ਤਕ ਸਾਡੇ ਇਥੇ 104 ਬਲਾਕ ਹਨ । ਜਦੋਂ ਹੋਰ ਵੱਧਣਗੇ ਤਾਂ ਦੇਖਾਂਗੇ । ਤਿੰਨ ਬਲਾਕਾਂ ਲਈ ਸੈਂਟਰ ਦੀ ਸਰਕਾਰ ਨੇ ਰੁਪਇਆ ਦਿਤਾ ਹੈ ਜਿਹੜਾ ਕਿ 32 ਲੱਖ ਦੇ ਕਰੀਬ ਹੈ । ਇਹ ਤਿੰਨੇ ਬਲਾਕ ਅੰਮ੍ਰਿਤਸਰ ਵਿਚ ਹਨ । ਬਾਕੀ ਦੇ ਬਲਾਕਾਂ ਲਈ ਅਜੇ ਤਕ ਪੈਸਾ ਨਹੀਂ ਆਇਆ । ਜ਼ਮੀਨ ਅਕੁਆਇਰ ਨਹੀਂ ਕੀਤੀ ਗਈ । ਸੈਂਟਰ ਦੀ ਸਰਕਾਰ ਕਹਿੰਦੀ ਹੈ ਕਿ ਜ਼ਮੀਨ 6000 ਰੁਪਏ ਦੇ ਰੇਟ ਤੇ ਲੈ ਲਉ ਪਰ ਇਥੇ 10000 ਤੋਂ ਘੱਟ ਰੇਟ ਤੇ ਮਿਲਦੀ ਨਹੀਂ । ਪਤਾ ਨਹੀਂ ਕਿਸ ਤਰ੍ਹਾਂ ਪਲਾਟ ਦਿੱਤੇ ਜਾਣਗੇ । ਜੇ ਸਾਡਾ ਚੀਫ ਮਨਿਸਟਰ ਤਸੱਲੀ ਕਰਾ ਦੇਵੇ ਕਿ ਇਤਨੇ ਪਲਾਟ ਅਸੀਂ ਵੰਡ ਕੇ ਦੇ ਦਿੱਤੇ ਹਨ ਤਾਂ ਅਸੀਂ ਉਸ ਨੂੰ ਜੀ ਆਇਆਂ ਕਹਿੰਦੇ ਹਾਂ ਕਿ ਹਰੀਜਨਾਂ ਦਾ ਕਾਰਜ ਹੋ ਗਿਆ ਹੈ । ਪਰ ਅਜੇ ਤਕ ਹਜ਼ਾਰਾਂ ਦੀ ਗਿਣਤੀ ਵਿਚ ਹਰੀਜਨਾਂ ਨੂੰ ਪਲਾਟ ਨਹੀਂ ਦਿੱਤੇ ਗਏ । ਡਿਪਟੀ ਸਪੀਕਰ ਸਾਹਿਬ ਇਥੇ ਪਲਾਟਾਂ ਦਾ ਸਵਾਲ ਉਠਾਇਆ ਗਿਆ ਹੈ । ਮੇਰਾ ਸੁਝਾਉ ਹੈ ਕਿ ਉਹ ਗਰੀਬ ਲੋਕ ਜਿਹੜੇ ਆਪ ਬੜੀ ਮੁਸ਼ਕਲ ਦੇ ਨਾਲ ਟਾਈਮ ਕੱਟ ਰਹੇ ਹਨ ਉਨ੍ਹਾਂ ਨੂੰ ਪੰਜ ਪੰਜ ਮਰਲੇ ਥਾਂ ਦਿੱਤੀ ਜਾਵੇ ਅਤੇ ਫਿਰ ਮਕਾਨ ਬਣਾਉਣ ਲਈ ਸਰਕਾਰ ਗਰਾਂਟ ਦੇਵੇ ਤਾਂ ਬਹੁਤ ਚੰਗੀ ਗਲ ਹੈ । ਪਰ ਸਰਕਾਰ ਇਸ ਪਾਸੇ ਪੂਰਾ ਧਿਆਨ ਨਹੀਂ ਦੇ ਰਹੀ । ਡਿਪਟੀ ਸਪੀਕਰ ਸਾਹਿਬ ਜਿਥੇ ਪਿੰਡਾਂ ਦੇ ਲੋਕਾਂ ਵਾਸਤੇ ਇਨ੍ਹਾਂ ਨੇ ਪਲਾਟ ਦਿੱਤੇ ਹਨ ਅਤੇ ਦੇਣ ਲਈ ਕਿਹਾ ਹੈ ਮੈਂ ਮੰਗ ਕਰਦਾ ਹਾਂ ਕਿ ਸਰਕਾਰ ਨੂੰ ਸ਼ਹਿਰਾਂ ਦੇ ਲੋਕਾਂ ਨੂੰ ਵੀ ਇਤਨੀ ਜਗਾ ਦੇਣੀ ਚਾਹੀਦੀ ਹੈ । ਅੱਗੇ ਇਹ ਗਲ ਚਲ ਰਹੀ ਸੀ ਕਿ ਪਿੰਡਾਂ ਤੇ ਸ਼ਹਿਰਾਂ ਦੇ ਲੋਕਾਂ ਵਿਚ ਵਿਤਕਰਾ ਸੀ । ਸ਼ਹਿਰ ਵਾਲਿਆਂ ਨੂੰ ਚੀਜ਼ ਜ਼ਿਆਦਾ ਮਿਲਦੀ ਸੀ ਅਤੇ ਪਿੰਡਾਂ ਵਾਲਿਆਂ ਨੂੰ ਘੱਟ । ਸ਼ਹਿਰ ਵਿਚ ਜੇ ਕਿਲੋ ਖੰਡ ਮਿਲਦੀ ਸੀ ਤਾਂ ਪਿੰਡਾਂ ਵਿਚ ਅੱਧਾ ਕਿਲੋ । ਹੁਣ ਸਰਕਾਰ ਦੂਜੇ ਪਾਸੇ ਚਲ ਰਹੀ ਹੈ । ਪਿੰਡਾਂ ਵਿਚ ਹਰੀਜਨਾਂ ਨੂੰ ਰਿਆਇਤਾਂ ਦੇਣ ਲੱਗੀ ਹੈ ਪਰ ਸ਼ਹਿਰਾਂ ਵਾਲਿਆਂ ਨਾਲ ਇਹ ਬਹੁਤ ਧੱਕਾ ਹੈ । ਸ਼ਹਿਰਾਂ ਵਿਚ ਕੋਈ ਰਿਕਸ਼ਾ ਵਾਹੁੰਦਾ ਹੈ, ਕੋਈ ਰੇੜ੍ਹੀ ਚਲਾਉਂਦਾ ਹੈ, ਕੋਈ ਟੈਂਪੂ ਚਲਾਉਂਦਾ ਹੈ । ਰਿਕਸ਼ਾ ਤਿੰਨ ਰੁਪਏ ਕਿਰਾਏ ਤੇ ਲੈ ਕੇ ਮਜ਼ਦੂਰੀ ਕਰਦੇ ਹਨ । ਉਹ ਕਿਰਾਏ ਦੇ ਮਕਾਨ ਵਿਚ ਕਿਸ ਤਰ੍ਹਾਂ ਰਹਿ ਸਕਦੇ ਹਨ । ਉਨ੍ਹਾਂ ਨੂੰ ਵੀ ਸਰਕਾਰ ਨੂੰ ਪਲਾਟ ਦੇਣੇ ਚਾਹੀਦੇ ਹਨ । ਮੈਂ ਇਹ ਮੰਗ ਕਰਦਾ ਹਾਂ ਕਿ ਸਰਕਾਰ ਸ਼ਹਿਰਾਂ ਵਿਚ ਵੀ ਇਸ ਪਲਾਟਾਂ ਦੇ ਮਸਲੇ ਨੂੰ ਫੌਰੀ ਤੌਰ ਤੇ ਹਲ ਕਰੇ । ਮੇਰਾ ਖਿਆਲ ਹੈ ਕਿ ਤੁਸੀਂ ਵੀ ਡਿਪਟੀ ਸਪੀਕਰ ਸਾਹਿਬ, ਇਹ ਸੁਝਾਉ ਦਿਉਗੇ ।

ਡਿਪਟੀ ਸਪੀਕਰ ਸਾਹਿਬ, ਜਿਹੜਾ ਬੇਟ ਦੀ ਜ਼ਮੀਨ ਦਾ ਸਵਾਲ ਉਠਿਆ ਹੈ ਇਹ ਅੱਜ ਦਾ ਨਹੀਂ, ਬਹੁਤ ਚਿਰ ਤੋਂ ਚਲ ਰਿਹਾ ਹੈ । ਹਰੀਜਨਾਂ ਨੇ ਇਸ ਬਾਰੇ ਬੜੀਆਂ ਦਰਖਾਸਤਾਂ ਦਿੱਤੀਆਂ । ਕਈ ਵਾਰੀ ਇਨ੍ਹਾਂ ਦੀਆਂ ਨਿਲਾਮੀਆਂ ਵੀ ਰੋਕੀਆਂ ਗਈਆਂ । ਮੈਂ ਜ਼ਿਆਦਾ ਡੂੰਘਾਈ ਵਿਚ ਨਹੀਂ ਜਾਂਦਾ । ਹਜ਼ਾਰਾਂ ਰੁਪਏ ਗਰੀਬ ਹਰੀਜਨਾਂ ਨੇ ਖਰਚ ਕਰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਘੜ ਸਿੰਘ]

ਲਈ ਪਰ ਉਨ੍ਹਾਂ ਨੂੰ ਜ਼ਮੀਨ ਦਿੱਤੀ ਨਹੀਂ ਗਈ ! ਇਹ ਵੀ ਉਨ੍ਹਾਂ ਨੂੰ ਕਚਹਿਰੀਆਂ ਵਿਚ ਹਰਾ ਛਕਣ ਵਾਸਤੇ ਸੱਦਿਆ ਜਾਂਦਾ ਹੈ । ਪਿੱਛੇ ਜਿਹੇ ਵੀ ਦਰਖਾਸਤਾਂ ਲਈਆਂ ਗਈਆਂ । ਪਰ ਸਰਕਾਰ ਨੇ ਕੋਈ ਅਮਲ ਨਹੀਂ ਕੀਤਾ । ਸਰਕਾਰ ਕੋਲ ਜ਼ਮੀਨ ਪਈ ਹੈ ਪਰ ਦੇ ਨਹੀਂ ਰਹੀ । ਪਤਾ ਨਹੀਂ ਕਿਤਨੇ ਕੁ ਪਲਾਨ ਲੱਗਣੇ ਹਨ । ਹੋ ਸਕਦਾ ਹੈ ਉਦੋਂ ਤਕ ਕੋਈ ਤਕੜਾ ਬੰਦਾ ਜਿਵੇਂ ਕੇ ਅੱਗੇ ਹੀ ਕਬਜ਼ੇ ਕਰਕੇ ਬੈਠੇ ਹਨ ਕਬਜ਼ਾ ਕਰਕੇ ਬੈਠ ਜਾਵੇ ਅਤੇ ਹਰੀਜਨਾਂ ਨੂੰ ਜ਼ਮੀਨ ਮਿਲੇ ਹੀ ਨਾਂ । ਮੈਂ ਮੰਗ ਕਰਦਾ ਹਾਂ ਕਿ ਜਿਹੜੇ ਲੋਕ ਆਬਾਦਕਾਰ ਇਸ ਬੇਟ ਦੀ ਜ਼ਮੀਨ ਤੇ ਬੈਠੇ ਹਨ । ਮੈਂ ਨਹੀਂ ਕਹਿੰਦਾ ਕਿ ਇਕੱਲੇ ਹਰੀਜਨਾਂ ਅਤੇ ਰਾਏ ਸਿੱਖਾਂ ਨੂੰ ਦਿਓ । ਭਾਵੇਂ ਉਹ ਕਿਸੇ ਵੀ ਬਿਰਾਦਰੀ ਦਾ ਹੋਵੇ । ਜਿਹੜੇ ਬੇਮਾਲਕਾ ਹਨ ਉਨ੍ਹਾਂ ਨੂੰ ਮਾਲਕੀ ਦਾ ਹੱਕ ਦਿੱਤਾ ਜਾਵੇ ਅਤੇ ਕਿਸ਼ਤਾਂ ਤੇ ਉਨ੍ਹਾਂ ਤੋਂ ਪੈਸਾ ਲਿਆ ਜਾਵੇ । ਇਹ ਮਸਲਾ ਇਸੇ ਤਰ੍ਹਾਂ ਨਹੀਂ ਲਟਕਾਉਣਾ ਚਾਹੀਦਾ ਪਰ ਇਸ ਨੂੰ ਹੱਲ ਕਰਨਾ ਚਾਹੀਦਾ ਹੈ । ਸਰਕਾਰ ਇਸ ਦੇ ਬਾਰੇ ਕਈ ਸਕੀਮਾਂ ਬਣਾ ਰਹੀ ਹੈ । ਹਰੀਜਨ ਐਮ.ਐਲ. ਏਜ਼ ਦੀ ਮੀਟਿੰਗ ਸਦੀ ਗਈ ਪਰ ਕੋਈ ਗੱਲ ਨਿਬੜੀ ਨਹੀਂ । ਪਤਾ ਨਹੀਂ ਸਰਕਾਰ ਦਾ ਕੀ ਇਰਾਦਾ ਹੈ । ਮੈਂ ਮੰਗ ਕਰਦਾ ਹਾਂ ਕਿ ਇਸ ਦਾ ਫੌਰੀ ਤੌਰ ਤੇ ਪ੍ਰਬੰਧ ਕਰਕੇ ਜਿਹੜੇ ਲੋਕ ਉਥੇ ਬੈਠੇ ਹਨ ਉਨ੍ਹਾਂ ਨੂੰ ਮਾਲਕ ਬਣਾਇਆ ਜਾਵੇ । ਬਾਕੀ ਪਈ ਜ਼ਮੀਨ ਨੂੰ ਬੇਮਾਲਕਿਆਂ ਨੂੰ ਲਾਟਰੀ ਸਿਸਟਮ ਦੇ ਨਾਲ ਵੰਡ ਦਿੱਤੀ ਜਾਵੇ । ਡਿਪਟੀ ਸਪੀਕਰ ਸਾਹਿਬ ਸਾਡੀ ਸਰਕਾਰ ਬੜੇ ਦਾਹਵੇ ਬੰਨ੍ਹਦੀ ਹੈ ਕਿ ਅਸੀਂ ਬਾਈਕਾਟ ਨਹੀਂ ਹੋਣ ਦਿੰਦੇ । ਥਾਂ ਥਾਂ ਤੋਂ ਬਾਈਕਾਟ ਦੇ ਸੁਨੇਹੇ ਆਉਂਦੇ ਹਨ ਫਿਰ ਉਥੇ ਜਾ ਕੇ ਅੱਖਾਂ ਨਾਲ ਦੇਖਦੇ ਹਾਂ। ਲੋਕਾਂ ਦੇ ਬਾਈਕਾਟ ਦਾ ਅੱਜ ਤਕ ਕੋਈ ਹੱਲ ਨਹੀਂ ਕੀਤਾ ਗਿਆ । ਬਾਈਕਾਟ ਕਰਦੇ ਕੌਣ ਹਨ । ਇਥੇ ਕਿਸਾਨ ਲੋਕ ਅੱਡ ਅੱਡ ਪਾਰਟੀਆਂ ਵਿਚ ਵੰਡੇ ਹਨ । ਸਮਾਜਵਾਦ ਦੇ ਨਾਹਰੇ ਇਥੇ ਦਿੰਦੇ ਹਨ । ਗਰੀਬਾਂ ਨੂੰ ਉਚਾ ਚੁਕਣ ਲਈ ਵੀ ਕਹਿੰਦੇ ਹਨ । ਪਰ ਜਦੋਂ ਬਾਈਕਾਟ ਹੁੰਦੇ ਹਨ ਉਦੋਂ ਕਿਸਾਨ ਇੱਕ ਪਾਸੇ ਹੁੰਦੇ ਹਨ ਅਤੇ ਗੈਰ ਕਿਸਾਨ ਦੂਜੇ ਪਾਸੇ ਹੁੰਦੇ ਹਨ । ਮਹੀਨਾ ਮਹੀਨਾ, ਵੀਹ ਵੀਹ ਦਿਨ ਲੋਕਾਂ ਨੂੰ ਬਾਹਰੋਂ ਬੰਦ ਕੀਤਾ ਜਾਂਦਾ ਹੈ । ਗੱਲ ਇਥੋਂ ਤਕ ਵੱਧ ਜਾਂਦੀ ਹੈ ਕਿ ਫੌਜਦਾਰੀ ਝਗੜੇ ਹੋ ਜਾਂਦੇ ਹਨ । ਪਰ ਸਰਕਾਰ ਨੇ ਇਸ ਪਾਸੇ ਉਚੇਚਾ ਧਿਆਨ ਨਹੀਂ ਦਿਤਾ ।

ਡਿਪਟੀ ਸਪੀਕਰ ਸਾਹਿਬ ਮੈਂ ਮੰਗ ਕਰਦਾ ਹਾਂ ਕਿ ਸਭ ਨੂੰ ਬਰਾਬਰ ਦੇ ਹੱਕ ਦੇਣੇ ਚਾਹੀਦੇ ਹਨ ਅਤੇ ਇਹ ਜਿਹੜਾ ਬਾਈਕਾਟ ਦਾ ਸਿਸਟਮ ਹੈ ਇਸ ਨੂੰ ਛੇਤੀ ਛੇਤੀ ਬੰਦ ਕਰ ਦੇਣਾ ਚਾਹੀਦਾ ਹੈ ਇਸ ਵਾਸਤੇ ਕੋਈ ਅਜਿਹਾ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ ਜਿਸ ਨਾਲ ਕਿ ਬਾਈਕਾਟ ਨਾ ਹੋਵੇ (ਸ਼ੋਰ)

ਸਰਕਾਰ ਕਰਨੈਲ ਸਿੰਘ ਮਰੜ੍ਹੀ : ਡਿਪਟੀ ਸਪੀਕਰ ਸਾਹਿਬ ਕੀ ਸੁਤੇ ਪਏ ਹੋ ?

Mr. Deputy Speaker : You sit down. Don't behave in such a way.

ਸਰਦਾਰ ਕਰਨੈਲ ਸਿੰਘ ਮਰੜ੍ਹੀ : ** **

ਸ਼੍ਰੀ ਡਿਪਟੀ ਸਪੀਕਰ : ਇਹ ਰਿਕਾਰਡ ਨਾ ਕੀਤਾ ਜਾਵੇ । (It should not be recorded)

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਕਾਮਰੇਡ ਸੱਘੜ ਸਿੰਘ : ਡਿਪਟੀ ਸਪੀਕਰ ਸਾਹਿਬ ਮੈਂ ਕਹਿੰਦਾ ਹਾਂ ਕਿ ਜਿਹੜੇ ਨਾਕਾ ਬੰਦੀ ਕਰਦੇ ਹਨ ਉਨ੍ਹਾਂ ਦੇ ਖਿਲਾਫ ਕਾਨੂੰਨ ਬਣਾਏ ਜਾਣੇ ਚਾਹੀਦੇ ਹਨ, ਜਿਹੜੇ ਗਰੀਬਾਂ ਦੇ ਖਿਲਾਫ ਗੱਲਾਂ ਕਰਦੇ ਹਨ ਉਨ੍ਹਾਂ ਦੇ ਵਾਸਤੇ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਮੰਗ ਕਰਦਾ ਹਾਂ ਕਿ ਇਸ ਬਾਰੇ ਛੇਤੀ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ ਤਾਕਿ ਪਿੰਡਾਂ ਵਿਚ ਕੋਈ ਅਜਿਹੀ ਬਦਅਨਮੀ ਨਾ ਫੈਲੇ ।

ਜਿਹੜੇ ਪਿੰਡਾਂ ਦੇ ਰਹਿਣ ਵਾਲੇ ਹਨ ਉਨ੍ਹਾਂ ਨੂੰ ਜ਼ਮੀਨਾਂ ਦਿੱਤੀਆਂ ਜਾਂਦੀਆਂ ਹਨ ਜਿਵੇਂ ਕਿ ਸਰਕਾਰ ਨੇ ਪਾਸ ਕੀਤਾ ਹੈ ਕਿ ਤੀਜੇ ਹਿੱਸੇ ਦੀ ਜ਼ਮੀਨ ਪਹਿਲੇ ਹਰੀਜਨਾਂ ਨੂੰ ਠੇਕੇ ਤੇ ਅਲਾਟ ਕੀਤੀ ਜਾਵੇ ਅਤੇ ਬਾਕੀ 2 ਹਿੱਸੇ ਦੀ ਜ਼ਮੀਨ ਕਿਸਾਨਾਂ ਨੂੰ ਬੋਲੀ ਤੇ ਦਿੱਤੀ ਜਾਵੇ । ਮੈਂ, ਡਿਪਟੀ ਸਪੀਕਰ ਸਾਹਿਬ ਸਿਰਫ ਆਪਣੇ ਹੀ ਜ਼ਿਲੇ ਦੀ ਗੱਲ ਨਹੀਂ ਕਰ ਰਿਹਾ ਇਹ ਪੰਜਾਬ ਦੇ ਬਹੁਤ ਸਾਰਿਆਂ ਜ਼ਿਲ੍ਹਿਆਂ ਦੇ 2/3 ਲੋਕ ਅਜਿਹੀ ਚਰਚਾ ਕਰ ਰਹੇ ਹਨ ਕਿ ਸਾਡੇ ਪਿੰਡਾਂ ਵਿਚ ਜ਼ਮੀਨ ਨਹੀਂ ਦਿੱਤੀ ਗਈ । ਮੈਂ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਜਿਹੜੀ ਇਹ ਤੀਜੇ ਹਿੱਸੇ ਦੀ ਜ਼ਮੀਨ ਹੈ ਇਸ ਤੇ ਸਰਕਾਰ ਨੂੰ ਫੌਰਨ ਐਕਸ਼ਨ ਲੈਣਾ ਚਾਹੀਦਾ ਹੈ । ਸ਼ਾਮਲਾਤ ਦੀ ਜਿਹੜੀ ਜ਼ਮੀਨ ਹੈ ਉਹ ਠੇਕੇ ਤੇ ਦਿੱਤੀ ਜਾਣੀ ਚਾਹੀਦੀ ਹੈ । ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਸਰਕਾਰ ਕਰ ਰਹੀ ਹੈ ਇਹ ਲੋਕਾਂ ਨਾਲ ਬੇਇਨਸਾਫੀ ਕਰ ਰਹੀ ਹੈ ਲੋਕਾਂ ਨੂੰ ਵਾਇਦੇ ਕੁਝ ਕਰਦੀ ਹੈ ਪਰ ਉਨ੍ਹਾਂ ਵਾਇਦਿਆਂ ਤੇ ਪੂਰੀ ਨਹੀਂ ਰਹਿੰਦੀ ।

ਡਿਪਟੀ ਸਪੀਕਰ ਸਾਹਿਬ ਬੜੀਆਂ ਥਾਵਾਂ ਤੋਂ ਮੁਰੱਬੇ-ਬੰਦੀ ਵਿਚ ਜ਼ਮੀਨ ਕੱਢੀ ਗਈ ਹੈ ਹਰੀਜਨਾਂ ਨੂੰ ਰੂੜੀ ਸੁਟਣ ਵਾਸਤੇ ਵੀ ਥਾਂ ਨਹੀਂ ਦਿੱਤੀ ਗਈ, ਜਿਥੇ ਉਹ ਰੂੜੀ ਸੁਟਦੇ ਸਨ ਉਥੇ ਆਮ ਲੋਕਾਂ ਨੇ ਰੇਤ ਰਖ ਦਿੱਤੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਮੰਗ ਕਰਦਾ ਹਾਂ ਕਿ ਜਿਹੜੀ ਇਨ੍ਹਾਂ ਲੋਕਾਂ ਨੂੰ ਥਾਂ ਦਿੱਤੀ ਗਈ ਸੀ ਉਹ ਜਲਦੀ ਵੇਹਲੀ ਕਰਵਾ ਕੇ ਉਸ ਤੇ ਉਨ੍ਹਾਂ (ਹਰੀਜਨਾਂ) ਨੂੰ ਕਬਜ਼ਾ ਦਿੱਤਾ ਜਾਵੇ ।

ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਹਰੀਜਨਾਂ ਦੀ ਬਸਤੀਆਂ ਦਾ ਸਵਾਲ ਹੈ ਇਹ ਸਰਕਾਰ ਨੂੰ ਆਪਣੇ ਧਿਆਨ ਵਿਚ ਲੈਣਾ ਚਾਹੀਦਾ ਹੈ (ਸ਼ੋਰ) ਡਿਪਟੀ ਸਪੀਕਰ ਸਾਹਿਬ, ਮੈਂ ਦਸਦਾ ਹਾਂ ਕਿ ਸਾਡਾ ਕੋਈ ਮਨਿਸਟਰ ਤਕੜਾ ਨਹੀਂ ਹੈ ਭਾਵੇਂ ਗੁਰਮੇਲ ਸਿੰਘ ਜੀ ਨਰਾਜ਼ ਹੀ ਹੋਣ, ਇਨ੍ਹਾਂ ਨੂੰ ਹਰੀਜਨਾਂ ਦੇ ਹੱਕਾਂ ਵਾਸਤੇ ਕੈਬਨਟ ਵਿਚ ਲੜਨਾ ਚਾਹੀਦਾ ਹੈ ਪਰ ਕੋਈ ਵੀ ਮਨਿਸਟਰ ਹਰੀਜਨਾਂ ਦੇ ਹੱਕਾਂ ਵਾਸਤੇ ਲੜਨ ਨੂੰ ਤਿਆਰ ਨਹੀਂ ਇਹ ਹਰੀਜਨਾਂ ਦਾ ਭਲਾ ਨਹੀਂ ਕਰ ਸਕਦੇ .. (ਸ਼ੋਰ)

ਸਰਦਾਰ ਬਅੰਤ ਸਿੰਘ : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮਾਨਯੋਗ ਮੈਂਬਰ ਨੇ ਕਿਹਾ ਹੈ ਕਿ ਸਾਡੇ ਮਨਿਸਟਰ ਜਿਹੜੇ ਹਨ ਉਹ ਕੈਬਨਟ ਵਿਚ ਹਰੀਜਨਾਂ ਵਾਸਤੇ ਲੜਦੇ ਨਹੀਂ । ਮੈਂ ਪੁਛਦਾ ਹਾਂ ਕਿ ਕੈਬਨਟ ਦੀ ਪਰੋਸੀਡਿੰਗਜ਼ ਤਾਂ ਸੀਕਰਟ ਹੁੰਦੀਆਂ ਹਨ ਫਿਰ ਇਨ੍ਹਾਂ ਨੂੰ ਇਹ ਕਿਸ ਤਰ੍ਹਾਂ ਪਤਾ ਹੈ ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਸੱਘੜ ਸਿੰਘ: ਮੈਂ ਡਿਪਟੀ ਸਪੀਕਰ ਸਾਹਿਬ, ਇਹ ਪੁਛਦਾ ਹਾਂ ਕਿ ਹਰੀਜਨਾਂ ਦੀ ਬਸਤੀਆਂ ਵਾਸਤੇ ਮਨਿਸਟਰ ਸਾਹਿਬ ਨੇ ਕੀ ਕੀਤਾ ਹੈ ਇਹ ਆਪਣੀਆਂ ਬਾਵਾਂ ਤੇ ਤਾਂ ਰਿਆਇਤਾਂ ਦਿੰਦੇ ਹਨ ਪਰ ਹੋਰ ਬਾਵਾਂ ਤੇ ਨਹੀਂ ਦਿੰਦੇ । ਡਿਪਟੀ ਸਪੀਕਰ ਸਾਹਿਬ, ਮੈਂ ਦਸਦਾ ਹਾਂ ਕਿ ਮੈਂ ਪਿੰਡ ਨਿਹਾਲ ਸਿੰਘ ਤੋਂ 10 ਦਰਖਾਸਤਾਂ ਦਿੱਤੀਆਂ ਅਤੇ ਸਰਦਾਰ ਉਜਾਗਰ ਸਿੰਘ ਨੇ ਵੀ ਦਰਖਾਸਤਾਂ ਦਿੱਤੀਆਂ ਹਰੀਜਨਾਂ ਦੀਆਂ ਬਸਤੀਆਂ ਵਾਸਤੇ, ਉਨ੍ਹਾਂ ਨੂੰ ਤਾਂ ਕਈ ਪਿੰਡ ਮਿਲ ਗਏ ਜਿਥੇ ਕਿ ਹਰੀਜਨਾਂ ਦੀ ਬਸਤੀਆਂ ਦਾ ਸੁਧਾਰ ਕਰਨਾ ਸੀ ਪਰ ਮੇਰੇ ਕੋਲ ਤਾਂ ਇਕ ਪਿੰਡ ਵੀ ਨਹੀਂ ਆਇਆ । ਡਿਪਟੀ ਸਪੀਕਰ ਸਾਹਿਬ, ਜੇ ਮੈਂ ਇਹ ਕਹਾਂ ਕਿ ਇਹ ਸਰਕਾਰ ਹਰੀਜਨਾਂ ਦੀ ਬਸਤੀਆਂ ਵਿਚ ਵਿਤਕਰਾ ਕਰਦੀ ਹੈ ਤਾਂ ਕੋਈ ਮਾੜੀ ਗਲ ਨਹੀਂ ਹੈ । ਇਸ ਵਾਸਤੇ ਮੈਂ ਮਨਿਸਟਰ ਸਾਹਿਬ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਲੋਕਾਂ ਨੂੰ ਬਸਤੀਆਂ ਵਾਸਤੇ ਪੈਸਾ ਨਹੀਂ ਮਿਲਿਆ ਉਨ੍ਹਾਂ ਵਲ ਵੀ ਇਸ ਸਰਕਾਰ ਨੂੰ ਧਿਆਨ ਕਰਨਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਇਸ ਤੋਂ ਅੱਗੇ ਇਕ ਅਰਜ਼ ਮੈਂ ਹੋਰ ਕਰਨੀ ਹੈ ਕਿ ਇਹ ਹਰੀਜਨਾਂ ਦੇ ਬੱਚਿਆਂ ਨੂੰ ਵਜ਼ੀਫੇ ਦਿੰਦੇ ਹਨ ਪਰ ਇਹ ਵਜ਼ੀਫੇ ਦੀ ਰਕਮ ਉਹੀ ਚਲੀ ਆ ਰਹੀ ਹੈ ਜਿਸ ਵੇਲੇ ਕਿ ਇਕ ਰੁਪਏ ਗਜ਼ ਕਪੜਾ ਅਤੇ 16 ਰੁਪਏ ਮਨ ਕਣਕ ਹੁੰਦੀ ਸੀ । ਇਸ ਵਾਸਤੇ ਮੈਂ ਇਸ ਦੇ ਵਾਸਤੇ ਵੀ ਮੰਗ ਕਰਦਾ ਹਾਂ ਕਿ ਹਰੀਜਨਾਂ ਦੇ ਬੱਚਿਆਂ ਦੇ ਵਜ਼ੀਫੇ ਦੀ ਰਕਮ ਇਸ ਸਰਕਾਰ ਨੂੰ ਵਧਾ ਦੇਣੀ ਚਾਹੀਦੀ ਹੈ । ਇਹ ਸਰਕਾਰ ਹੁਣ ਤਕ ਉਹ 6 ਰੁਪਏ ਮਹੀਨਾ ਹੀ ਵਜ਼ੀਫਾ ਵਜੋਂ ਦਿੰਦੀ ਹੈ । ਇਨ੍ਹਾਂ ਨੂੰ ਇਹ ਰਕਮ ਵਧਾ ਦੇਣੀ ਚਾਹੀਦੀ ਹੈ ਤਾਕਿ ਹਰੀਜਨਾਂ ਦੇ ਬੱਚੇ ਪੜ੍ਹ ਸਕਣ ।

ਇਕ ਗੱਲ ਹੋਰ ਵੀ ਮੈਂ ਦਸਣੀ ਚਾਹੁੰਦਾ ਹਾਂ ਜਿਹੜੀ ਕਿ ਹਰੀਜਨਾਂ ਤੇ ਜ਼ਿਆਦਤੀ ਹੋ ਰਹੀ ਹੈ । ਇਸ ਸਰਕਾਰ ਨੇ ਇਕ ਕਾਨੂੰਨ ਬਣਾਇਆ ਹੈ ਜਿਸ ਰਾਹੀਂ ਹੁਣ ਥਾਣੇਦਾਰ ਜ਼ਮਾਨਤ ਨਹੀਂ ਲੈ ਸਕਦਾ ਅਤੇ ਇਸ ਜ਼ਮਾਨਤ ਵਾਸਤੇ ਮਜਿਸਟ੍ਰੇਟ ਕੋਲ ਜਾਣਾ ਪੈਂਦਾ ਹੈ । ਪਿੰਡਾਂ ਵਿਚ ਜੋ ਸ਼ਰਾਬ ਵਰਤੀ ਜਾਂਦੀ ਹੈ ਜਾਂ ਲਾਹਨ ਵਰਤੀ ਜਾਂਦੀ ਹੈ ਅਤੇ ਇਸ ਦੇ ਜੁਰਮ ਵਿਚ ਹਰੀਜਨ ਦੇ ਮੁੰਡੇ ਨੂੰ ਹੀ ਫੜਿਆ ਜਾਂਦਾ ਹੈ ਪਰ ਅਸਲ ਵਿਚ ਇਸ ਲਾਹਨ ਬਣਾਉਣ ਵਿਚ ਇਕ ਹਰੀਜਨ ਹੁੰਦਾ ਹੈ ਅਤੇ ਇਕ ਉਸ ਦਾ ਸੀਰੀ ਹੁੰਦਾ ਹੈ ਪਰ ਇਹ ਸਰਕਾਰ ਸੀਰੀ ਨੂੰ ਛੱਡ ਦਿੰਦੀ ਹੈ ਤੇ ਹਰੀਜਨ ਤੇ ਜ਼ਬਰ ਹੁੰਦਾ ਹੈ । ਡਿਪਟੀ ਸਪੀਕਰ ਸਾਹਿਬ, ਇਥੇ ਜੋ ਸਰਕਾਰ ਕਾਨੂੰਨ ਬਣਾਉਂਦੀ ਹੈ ਉਹ ਆਪਣੀ ਮੈਜਾਰਟੀ ਤੇ ਬਣਾ ਲੈਂਦੀ ਹੈ, ਸਰਕਾਰ ਦਾ ਇਹ ਜਿਹੜਾ ਰਵੀਆ ਹੈ ਇਹ ਹਰੀਜਨਾਂ ਲਈ ਚੰਗਾ ਨਹੀਂ ।

ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਪੁਲੀਸ ਨੂੰ ਹਦਾਇਤਾਂ ਕਰਨੀਆਂ ਚਾਹੀਦੀਆਂ ਹਨ ਕਿ ਜਿਸ ਕੋਲੋਂ ਕੋਈ ਚੀਜ਼ ਨਿਕਲੇ ਉਸ ਤੇ ਹੀ ਕੇਸ ਬਣੇ, ਇਹ ਨਾ ਹੋਵੇ ਕਿ ਹਰੀਜਨਾਂ ਦੇ ਮੁੰਡੇ ਤੇ ਉਹ ਚੀਜ਼ ਪਾ ਦਿਤੀ ਜਾਵੇ । ਡਿਪਟੀ ਸਪੀਕਰ ਸਾਹਿਬ, ਮੈਂ ਪੁਲੀਸ ਬਾਰੇ ਹੋਰ ਵੀ ਜ਼ਿਕਰ ਕਰਨਾ ਚਾਹੁੰਦਾ ਸੀ ਪਰ ਮੈਂ ਜ਼ਿਆਦਾ ਟਾਈਮ ਨਹੀਂ ਲੈਂਦਾ ਔਰ ਹੁਣ ਆਪਣੇ ਹਲਕੇ ਦੀਆਂ ਹੀ ਗੱਲਾਂ ਕਹਾਂਗਾ ।

ਮੇਰੇ ਹਲਕੇ ਵਿਚ, ਡਿਪਟੀ ਸਪੀਕਰ ਸਾਹਿਬ, ਕਰਾਇਆ ਕੰਟਰੋਲ ਲਾਗੂ ਹੋਇਆ, ਮੰਡੀ ਨਿਹਾਲ ਸਿੰਘ ਵਾਲੇ । ਮੈਂ ਮੰਗ ਕਰਦਾ ਹਾਂ ਕਿ ਛੇਤੀ ਤੋਂ ਛੇਤੀ ਉਸ ਤੇ ਅਮਲ ਕੀਤਾ ਜਾਵੇ ਔਰ ਉਥੇ ਮਿਉਂਸਪੈਲਿਟੀ ਬਣਾਈ ਜਾਵੇ । ਮੈਂ ਸਿਰਫ ਉਸ ਮੰਡੀ ਦੀ ਹੀ ਨਹੀਂ ਗੱਲ

Original with;
Punjab Vidhan Sabha
Digitized by;
Punjab Digital Library

ਕਰਦਾ ਸਗੋਂ ਸਾਰੇ ਪੰਜਾਬ ਵਿਚ ਹੀ ਪੰਚਾਇਤਾਂ ਦੀ ਥਾਂ ਮਿਊਂਸਪੈਲਿਟੀਆਂ ਬਨਾਉਣੀਆਂ ਚਾਹੀਦੀਆਂ ਹਨ । ਜਿਹੜੀ ਸੜਕ ਜਫ਼ਰਨਾਮਾਂ ਰੋਡ ਨਾਲ ਮਸ਼ਹੂਰ ਹੈ, ਮੋਗੇ ਤੋਂ ਬਠਿੰਡੇ ਨੂੰ ਜਾਂਦੀ ਹੈ ਉਥੇ ਇਕ ਡਰੇਨ ਦਾ ਪੁਲ ਬਣਿਆ ਹੋਇਆ ਹੈ । ਪੰਜ ਛੇ ਸਾਲ ਹੋ ਗਏ ਹਨ ਪੱਕੇ ਪੁਲ ਦਾ ਸਰਕਾਰ ਨੇ ਕਿਸੇ ਠੇਕੇਦਾਰ ਨਾਲ ਠੇਕਾ ਕੀਤਾ ਸੀ । ਉਥੇ ਥਮਲੇ ਬਣੇ ਹੋਏ ਹਨ । ਉਹ ਠੇਕੇਦਾਰ ਭੱਜ ਗਿਆ ਹੋਇਆ ਹੈ ਅੱਰ ਉਹ ਪੁਲ ਹਰ ਸਾਲ ਟੁੱਟ ਜਾਂਦਾ ਹੈ । ਗੱਡੀਆਂ ਜਿਹੜੀਆਂ ਕਿ ਬਠਿੰਡੇ ਵਾਲੀਆਂ ਹੁੰਦੀਆਂ ਹਨ ਉਹ ਵਾਇਆ ਬਰਨਾਲਾ ਆਉਂਦੀਆਂ ਹਨ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਉਸ ਪੁਲ ਨੂੰ ਛੇਤੀ ਤੋਂ ਛੇਤੀ ਬਣਵਾ ਕੇ ਆਵਾਜਾਈ ਦੇ ਸਾਧਨ ਬਨਾਉਣੇ ਚਾਹੀਦੇ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਹੋਰ ਬਹੁਤ ਸਾਰੀਆਂ ਗੱਲਾਂ ਕਰਨੀਆਂ ਚਾਹੁੰਦਾ ਸੀ ਪਰ ਮੈਂ ਜ਼ਿਆਦਾ ਟਾਈਮ ਨਹੀਂ ਲੈਣਾ ਚਾਹੁੰਦਾ । ਮੈਂ ਟਾਈਮ ਦੀ ਕਦਰ ਕਰਦਾ ਹਾਂ । ਧੰਨਵਾਦ ।

(ਇਸ ਸਮੇਂ ਕਈ ਮੈਂਬਰ ਸਾਹਿਬਾਨ ਬੋਲਣ ਲਈ ਖੜ੍ਹੇ ਹੋਏ)

ਸਰਦਾਰ ਧੰਨਾ ਸਿੰਘ ਗੁਲਸ਼ਨ : ਜਨਾਬ ਮੈਨੂੰ ਬੋਲਣ ਲਈ ਟਾਈਮ ਜ਼ਰੂਰ ਮਿਲਣਾ ਚਾਹੀਦਾ ਹੈ ।

ਸ਼੍ਰੀ ਡਿਪਟੀ ਸਪੀਕਰ : ਤੁਹਾਨੂੰ ਵੀ ਟਾਈਮ ਮਿਲੇਗਾ ਗੁਲਸ਼ਨ ਸੀ । ਤੁਸੀਂ ਬੈਠੋ । (Gulshan Ji, you will also get time. Please resume your seat.)

(ਇਸ ਸਮੇਂ ਸਰਦਾਰ ਬੇਅੰਤ ਸਿੰਘ ਜੀ ਬੋਲਣ ਲਈ ਖੜੇ ਹੋਏ)

ਸਰਦਾਰ ਧੰਨਾ ਸਿੰਘ ਗੁਲਸ਼ਨ : ਜਨਾਬ ਇਨ੍ਹਾਂ ਨੇ ਕੀ ਕਹਿਣਾ ਹੈ । ਇਨ੍ਹਾਂ ਨੇ ਤਾਂ ਸਰਕਾਰ ਦੇ ਗੁਣ ਹੀ ਗਾਣੇ ਹਨ ।

ਸਰਦਾਰ ਬੇਅੰਤ ਸਿੰਘ : ਡਿਪਟੀ ਸਪੀਕਰ ਸਾਹਿਬ, ਮੇਰੀ ਇਕ ਇਤਨੀ ਅਰਜ਼ ਹੈ ਕਿ ਜੱਟਾਂ ਦੀ ਵੀ ਹਰੀਜਨਾਂ ਨਾਲ ਸਾਂਝ ਹੈ । ਇਸ ਲਈ ਭਾਵੇਂ ਤੁਸੀਂ ਪੰਜ ਮਿੰਟ ਹੀ ਦਿਓ ਲੇਕਿਨ ਸਾਨੂੰ ਜੱਟਾਂ ਨੂੰ ਵੀ ਇਸ ਮਸਲੇ ਤੇ ਬੋਲਣ ਲਈ ਟਾਈਮ ਦਿਓ ।

ਸ਼੍ਰੀ ਡਿਪਟੀ ਸਪੀਕਰ : ਠੀਕ ਹੈ, ਤੁਸੀ ਬੈਠੋ । (You are right. Please resume your seat.)

ਆਚਾਰਯ ਪ੍ਰਿਥਵੀ ਸਿੰਹ ਆਜ਼ਾਦ (ਖੰਨਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਪਿਛਲੇ ਸਾਲ ਭੀ ਏਕ ਰਿਪੋਰਟ ਇਸ ਹਾਊਸ ਕੇ ਸਾਮਨੇ ਆਈ ਥੀ, ਅਚ੍ਛਾ ਹੋਤਾ ਅਗਰ ਸਰਕਾਰ ਪਿਛਲੇ ਸਾਲ ਕੀ ਜੋ ਬਹਸ ਹੁਈ ਥੀ, ਉਸ ਰਿਪੋਰਟ ਪਰ ਮੈਮ੍ਬਰਾਨ ਨੇ ਜੋ ਸੁਝਾਵ ਦਿਯੇ ਥੇ ਔਰ ਉਨ ਸੁਝਾਵੋਂ ਪਰ ਜੋ ਸਰਕਾਰ ਨੇ ਕਾਰ੍ਯਵਾਹੀ ਕੀ ਹੋ ਵਹ ਭੀ ਰਿਪੋਰ੍ਟ ਕੇ ਸਾਥ ਅਗਰ ਮਿਲ ਸਕਤੀ ਤੋ ਇਸ ਰਿਪੋਰ੍ਟ ਪਰ ਡਿਸਕਸ਼ਨ ਕਰਨੇ ਕਾ ਜੋ ਮਤਲਬ ਥਾ ਵਹ ਪੂਰਾ ਹੋ ਜਾਤਾ ।

Original with;
Punjab Vidhan Sabha
Digitized by;
Panjab Digital Library

[आचार्य पृथ्वी सिंह आज़ाद]

दूसरी बात डिप्टी स्पीकर साहिब यह है कि इस रिपोर्ट को डिसकस करने के बाद इस हाऊस ने एक पूरे अधिकारों वाली कमेटी मुकर्रर की थी । उसके चेयरमैन मेरे माननीय दोस्त सरदार हरचन्द सिंह जी थे । अगर वह रिपोर्ट भी आ जाती तो हमें पता लगता कि पहले सदन में रिपोर्ट पेश होने के बाद जो सुझाव दिये गये थे उन पर भी सरकार ने कोई ऐक्शन लिया है या नहीं ।

(ਇਸ ਸਮੇਂ ਸਰਦਾਰ ਹਰਚੰਦ ਸਿੰਘ ਜੀ ਸ਼੍ਰੀਮਤੀ ਸਾਜਿਦਾ ਬੇਗਮ ਦੀ ਸੀਟ ਤੇ ਜਾ ਕੇ ਉਸ ਨਾਲ ਗੱਲਾਂ ਕਰ ਰਹੇ ਸਨ)

ਸਰਦਾਰ ਸਾਧੂ ਸਿੰਘ : ਡਿਪਟੀ ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ, ਸਰ । ਜਨਾਬ ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਤੁਸੀਂ ਵੇਖ ਲਵੋ ਕਿ ਨਵਾਬ ਮਲੇਰਕੋਟਲਾ ਦੀ ਬੇਗਮ ਸਾਹਿਬਾ ਔਰ ਇਕ ਇਸ ਹਾਊਸ ਦੇ ਕਾਂਗਰਸੀ ਹਰੀਜਨ ਲੀਡਰ ਇਕੱਠੇ ਬੈਠੇ ਗੱਲਾਂ ਕਰ ਰਹੇ ਹਨ ਕੀ ਇਹ ਸਮਾਜਵਾਦ ਦੀ ਨਿਸ਼ਾਨੀ ਨਹੀਂ ਹੈ ? (ਹਾਸਾ)

ਸ਼੍ਰੀ ਡਿਪਟੀ ਸਪੀਕਰ : ਕੋਈ ਗਲ ਨਹੀਂ, ਬੇਗਮ ਸਾਹਿਬਾ ਵੀ ਪੱਕੇ ਕਾਂਗਰਸੀ ਹਨ । (ਹਾਸਾ) (Nothing to worry. Begum Sahiba is also a loyal Congress party member.)

आचार्य पृथ्वी सिंह आज़ाद : सो डिप्टी स्पीकर साहिब, अगर वह रिपोर्ट भी आ जाती तो मैं अर्ज़ कर रहा था कि पता लग जाता कि पंजाब सरकार इस हाऊस की बनाई हुई कमेटी को कितना सहयोग देती है । और उसके सहयोग के आधार पर जो कमेटी बहस करती उसको देख कर फैसला कर लेते कि अब हम ने क्या करना है ।

तीसरी बात मैं आपकी मारफत यह अर्ज़ करना चाहता हूँ कि हरिजनों के कल्याण के लिये पंजाब की सरकार ने क्या किया है । Mr. Deputy Speaker the Minister is not serious about it. It an important matter.

ਸ਼੍ਰੀ ਡਿਪਟੀ ਸਪੀਕਰ : ਤੁਸੀਂ ਬੋਲੋ । Every body is serious. ਸਰਦਾਰ ਹਰਚੰਦ ਸਿੰਘ ਜੀ ਨੂੰ ਕਹੋ ਕਿ ਆਪਣੀ ਸੀਟ ਤੇ ਚਲੇ ਜਾਣ । (Please go on. Every body is serious. You may ask Sardar Harchand Singh to go to his seat.)

Acharya Prithvi Singh Azad : Sir, only you can ask him to do so.

ਸ਼੍ਰੀ ਡਿਪਟੀ ਸਪੀਕਰ : ਉਹ ਚਲੇ ਜਾਣਗੇ । ਇਸ਼ਾਰਾ ਹੀ ਕਾਫੀ ਹੈ । (He will go to his seat. This indication is sufficient for him.)

Original with;
Punjab Vidhan Sabha
Digitized by;
Panjab Digital Library

आचार्य पृथ्वी सिंह आज़ाद : अगर उस महकमे की रिपोर्ट भी इस रिपोर्ट के साथ आ जाए तो मैम्बरान को पता चल सकता है कि पंजाब में हरिजन कल्याण के लिये कोई अच्छा काम हो रहा है तो हम दूसरी रियासतों के साथ उसका मुकाबला कर सकें ताकि पता लग सके कि काम हुआ है या नहीं ।

ਕਾਮਰੇਡ ਦਾਨਾ ਰਾਮ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਿਥੇ ਇਸਤਰੀ ਜਾਤੀ ਨਾਲ ਬਾਹਰ ਧੱਕਾ ਹੁੰਦਾ ਹੈ ਉਥੇ ਅਸੈਂਬਲੀ ਵਿਚ ਵੀ ਹੁੰਦਾ ਹੈ । ਇਥੇ ਇਕ ਇਸਤਰੀ ਜਾਤੀ ਨਾਲ ਮਖੌਲ ਉਡਾਇਆ ਗਿਆ ਹੈ ।

श्री डिपटी स्पीकर : ਬਿਲਕੁਲ ਗਲਤ ਗਲ ਹੈ । ਕਿਸੇ ਦਾ ਮਜ਼ਾਕ ਨਹੀਂ ਉਡਾਇਆ ਗਿਆ । (It is totally incorrect. No one has made fun of any one else.)

आचार्य पृथ्वी सिंह आज़ाद : डिप्टी स्पीकर साहिब, मैं आपकी मार्फत सरकार को यह दर्खास्त करूंगा , पंजाब सरकार के वैलफेयर डिपार्टमैंट की रिपोर्ट और इस हाऊस की कमेटी की रिपोर्ट यह सारी चीज़ हमारे सामने आ जाया करे ताकि हम राए निश्चित कर सकें डिप्टी स्पीकर साहिब, यह जो रिपोर्ट है इसका आधार है Constitution का Article 46 जिसमें लिखा है कि :—

> "The State shall promote with special care the educational and economic interests of the weaker section of the people, and in, particular of the Scheduled Castes and the Scheduled Tribes, and shall protect them from social injustice and all forms of exploitation."

यह आर्टीकल जो है जहां इस रिपोर्ट की बुनियाद है वहां यह आर्टीकल हिन्दुस्तान के हरिजनों के कल्याण का सब से बड़ा ज़ामन है । इस लिये इस आर्टीकल के अधीन हर राज्य सरकार हरीजनों के कल्याण के लिये काम करने के लिये बाध्य है । वह खुशी से करती है या जिन भी हालात में करती है वह करती ज़रूर है । इस आर्टीकल के अधीन जब मैं सारी रिपोर्ट को पढ़ता हूँ तो मुझे अफसोस के साथ कहना पड़ता है :—

"पक्षी समझते हैं कि बागबान बदला है, हंस समझते हैं कि गगन बदला है, शमशान की खामोशी बताती है कि लाश वही है पर कफन बदला है ।"

पंजाब सारे हिन्दुस्तान में पहली रियास्त है जिसने अपनी रियास्त के हरिजनों का ठीक तरीके से कल्याण करने के लिए सब से पहले कदम उठाया था। चाहे आर्थिक पहलू से देखें, चाहे सामाजिक पहलू से देखें और चाहे राजनीतिक पहलू से देखें । डिप्टी स्पीकर साहिब, आपको याद होगा कि पंजाब के हरिजनों को पांवो तले रौंदने के लिये ब्रिटिश सरकार ने एक बहुत भयानक किस्म का, जिसे लैंड लैजिस्लेशन कहते हैं, कानून बनाया था । उस कानून का आशय यह था कि पंजाब का कोई हरिजन अपना सर छुपाने

Original with;
Punjab Vidhan Sabha
Digitized by;
Panjab Digital Library

[आचार्य पृथ्वी सिंह आज़ाद]

के लिये कुछ ज़मीन भी नहीं खरीद सकता था। कांग्रेस सरकार ने सब से पहले हिन्दुस्तान में उस ऐक्ट को उड़ा कर के यह किया कि इन लोगों को घर मिले और ज़मीन खरीदने का अधिकार दिया गया । यह सामाजिक जिन्दगी में एक बहुत बड़ा कदम था जो पंजाब सरकार ने उठाया । डिप्टी स्पीकर साहिब, किसी समाज को ऊपर उठाने के लिये सबसे ज़रूरी काम जो होता है वह सामाजिक तालीम की तर्फ ध्यान देने का होता है। सबसे बड़ी बात यह है कि भारत के भविष्य का जो इतिहास है स्कूलों की चार दिवारी के अंदर लिखा जाता है। पंजाब सरकार ने समझा कि जब तक पंजाब के हरिजनों के पिछड़े वर्ग के लोगों को तालीम नहीं दी जायेगी तब तक वे दूसरों के बराबर नहीं आ सकते। डिप्टी स्पीकर साहिब, यह मैं आगे चल कर बताऊंगा कि यह तालीम देने का पग उठाया किस लिये था। डिप्टी स्पीकर साहिब, अगर इस रिपोर्ट के सफा 5 को आप देखने की कृपा करेंगे और पैरा 2.9 को देखें तो इस में शैड्यूल्ड कास्टस की जो एनरोलमैंट हुई है जो शैडयूल्ड कास्टस् की तरक्की की सबसे बड़ी ज़ामन और तरक्की का ज़रिया है उस का इस में ज़िक्र है। बाकी तो बाद में पूछूंगा लेकिन यह लाइन मैं आपकी मार्फत सरकार के ध्यान में लाना चाहता हूँ। अगर आप यह लाइनें देखें तो लिखा है:

> "The largest increase during the 5 year period was in primary schools (about 16 lakhs). Increase in middle schools was about 6.56 lakhs and in secondary schools about 4.24 lakhs. The enrolment position of Scheduled Caste students was satisfactory in the States of Assam, Gujrat, Kerala, Maharashtra, Tamil Nadu, Manipur, Tripura and in the Union Territory of Pondicherry."

The next line is very important and that should be considered by the Punjab Government. About Punjab, the Commissioner for Scheduled Castes says as under :—

> "But it remained unsatisfactory in the States of Jammu and Kashmir, Punjab, Himachal Pradesh.....etc. etc."

I am not concerned with other States, but I am very much concerned with the State of Punjab.

तो, डिप्टी स्पीकर साहिब, जो निहायत ज़िमेवारी का सरकार का काम था और जिस काम को तेज़ी से करना था और इस तरह किया जाता तो पंजाब के अंदर सही मायनों में पिछड़े हुए वर्ग के अंदर इन्कलाब आ सकता था। लेकिन उस काम की तर्फ सरकार ने तवज्जो नहीं दी, जिस की गवाही यह रिपोर्ट दे रही है और, डिप्टी स्पीकर साहिब, मैं आपकी मार्फत हाऊस को यह जानकारी देना चाहता हूँ कि जब हम 1961 के जो तालीमी आँकड़े हैं उनकी तर्फ ध्यान देते हैं तो आसाम में शैड्युल्ड कास्टस् 24.41 गुजरात में 22.46, महाराष्ट्रा में 15.78 और इसी तरह से यह सब, मनीपुर, कैरला वगैरा में है। लेकिन पंजाब का जो आंकड़ा है वह 9.64 है। तो यह जो तरक्की की रफ्तार पंजाब में 24-25 सालों में हुई है वह है 9.64 और अगर इसको मान लिया जाये और क्योंकि यह 9.50 से ऊपर है इस लिये हिसाब की दृष्टि से 10 से ऊपर मान लिया जाये तो इस का अर्थ यह हुआ कि हमने 25 साल में 10 प्रतिशत बच्चों को तालीम दी है और इसी हिसाब से अगर 25,25 साल को एक तरफ रहने दें और 10, 10 साल का

Original with;
Punjab Vidhan Sabha
Digitized by;
Panjab Digital Library

स मय लें तो 2050 में जाकर कहीं अपने बच्चों को 100 परसैंट तालीम दे सकेंगे और उस में 90 परसैंट बच्चे रहेंगे जो या तो आठवीं या कहीं अक्षर ज्ञान लेकर ही हट जायेंगे और 10 परसैंट ऐसे रह जायेंगे जिन्हें कि आज के समाज में पढ़ा लिखा कहा जा सकता है। मैं आपकी मार्फत कुछ सुझाव देना चाहता हूँ स्कूल्ज़ के मुताल्लिक ताकि हम अपने इस राज्य के बच्चों को दूसरों के बराबर ला सकें । डिप्टी स्पीकर साहिब, इसी रिपोर्ट के सफा 3 का 1.19 पैरा अगर आप देखें तो लिखा है :—

> "Education is the only sector in which some concrete achievements have been made in its spread amongst the Scheduled Castes and the Scheduled Tribes. This is clear from the fact that while in 1948-49 only 731 scholarships for post matric studies had been granted to the Scheduled Castes (647) and the Scheduled Tribes (84), in 1970-71 this figure rose to 2,00,000 (1,68,000 in the case of Scheduled Castes and 32,000 in the case of Scheduled Tribes.)"

तो यह जो बच्चों को तालीम हासिल करने का शौक पैदा हो उसका एक बड़ा ज़रिया जैसा कि फीस की माफी थी वहां बच्चों को स्कालरशिप देना भी था । डिप्टी स्पीकर साहिब, सरकार अपना काम किया हुआ बताना भी नहीं चाहती । कल के सवालों में सरदार अजायब सिंह संधू का सवाल था और उन्होंने सरकार से पूछा था कि शैड्यूल्ड कास्टस् के लड़कों को कितने स्कालरशिप दिये गये । अगर सरकार यह बता देती कि कितने स्कालरशिप बच्चों को हर साल दिये जाते हैं और इतने सालों मे हमने इतने दिये हैं तो आज मुझे शिकायत करने का मौका न मिलता और मैं अपनी छाती ठोक कर कहता कि पंजाब के अंदर सरकार इस मामले में पीछे नहीं, लेकिन वे आंकड़े नहीं हैं और इसलिऐ मैं अपनी सरकार का पक्ष पूरी ताकत के साथ ले नहीं सकता । दूसरे, डिप्टी स्पीकर साहिब, 1949 में वज़ीफे मुकर्रर हुए थे । आपतो इक्नामिकस पढ़े हुए हैं और आपको पता है कि 1949 में रुपये की क्या कीमत थी और वह आज क्या रह गई है यह सब को पता है लेकिन यह सरकार आज भी वही वज़ीफे दिये जा रही है । तो पहली बात तो यह है कि जो वज़ीफे हर पढ़ने वाले हरिजनों के लड़के को दिये जाने चाहिए विशेष करके जितने बालमीकियों के लड़के हैं चाहे वे पहली में हों, चाहे छटी में, चाहे दसवीं में हों और चाहे कालेज में हों, सब को दिये जाने चाहिऐं ।

डिप्टी स्पीकर साहिब, आपको याद होगा, कि उस दिन हमारे चीफ मिनिस्टर साहिब ने ऐलान किया था कि वालमीकि भाई पिछड़े हुओं में से भी पिछड़े हुए हैं । इन लोगों को और लोगों के बराबर खड़ा करने के लिये education के क्षेत्र में आर्थिक अवस्था में ऊपर लाने के लिये दूसरों से विशेष ट्रीट करना होगा । अगर ऐसा नहीं करेंगे तो उनको दूसरे लोगों के बराबर नहीं खड़ा कर सकेंगे । कई भाई एतराज़ करते हैं कि पृथ्वी सिंह आज़ाद. मास्टर गुरबंता सिंह आगे बढ़ गये हैं मगर यह भाई भूल जाते हैं कि जागृती इन दो तीन सालों में नहीं आई । जाग्रति तो सन 1933 में ही आ गई थी जब कि गुरु रविदास ने अपने हक के लिये लड़ाई लड़ी । गुरु रविदास के पड़पोते धर्मदास जी जब गुरु गोबिंद सिंह की शरण में आ गये और आप पांच प्यारों में से भाई धर्म सिंह के नाम से जाने गये । इनका एक

Original with;
Punjab Vidhan Sabha
Digitized by:
Panjab Digital Library

[आचार्य पृथ्वी सिंह आजाद]

भाई राठी सिंह था एक भाई वीर सिंह एक भाई मोदन सिंह और एक भाई जोध सिंह थे यह सब शहीद हुए और बरादरी में जाग्रति आई । जाग्रति आने के बाद यह बरादरी आहिस्ता आहिस्ता आगे बढ़ती गई । गुरु गोबिंद सिंह के सिखों में से मज़हबी सिखों में जाग्रती आई । मगर मुझे दुख होता है कि इतनी देर से जाग्रती आने के बावजूद भी आज भी यह मेरे भाई शहरों में अपने सर पर गंद की टोकरी उठाये काम करते हैं और दूसरी तरफ हम उनमें सभ्यता के विस्तार की आशा करते हैं । मगर किसी की सभ्यता को उठाने के लिये पहले उन को बाकी सोसाइटी के बराबर लाना होगा । कानूनी तौर पर गंदगी उठाने का काम बंद होना चाहिए; अगर गंदगी उठा कर ही रोटी मिलेगी तो हमें इन लोगों को बराबर लाने के लिये 200 साल से ऊपर लगेंगे । पहले यह लोग मुरदार खाया करते थे पर अब इन्होंने मुरदार उठाना छोड़ दिया है । मगर पूरी जाग्रती तब तक नहीं आ सकती जब तक गंदा काम छुड़वाया नहीं जाता । आजकल equality की बात चलती है । मगर उनको पता नहीं है कि सरदार बादल और सरदार सुरजीत सिंह के बच्चे आज पब्लिक स्कूलों में पढ़ते हैं (एक माननीय सदस्य: आपके भी पढ़ते हैं) । मेरे बच्चे तो आम लोगों के बच्चों के साथ पढ़ते हैं । वह साधारण लोगों के बच्चों के स्कूलों में पढ़ते हैं जहां उन लोगों के बच्चे भी पढ़ते हैं, जहां उन हरिजनों के बच्चे पढ़ते हैं जो टट्टी अपने सिर पर उठाते हैं । हरिजनों में आज बच्चे पढ़ाने की न कोई ताकत है न किताबें खरीद सकते हैं आगे कैसे आयें। इस तरह Public Service Commission में हमारे बच्चों का बुरा हाल होता है । Inferiority Complex इतना होता है कि हमारे बच्चे ज़रा सी बात में घबरा जाते हैं। वह मामूली सी बात के भी मार्क्स होते हैं । अगर चौधरी सुन्दर सिंह की तरह कपड़े डाल कर कोई जाता है तो वह जाते ही topple down हो जायेगा क्योंकि इस तरह की activity के नम्बर कट जायेंगे मगर अगर आपकी तरह कोई well dressed जाता है तो उसके नम्बर बढ़ जायेंगे (विघ्न)

चौधरी जगत राम : आन ए पुआइंट आफ आरडर, सर । डिपटी सपीकर साहिब, आज़ाद जी ने चौधरी सुंदर सिंघ दे मुताबिक कुझ लफज़ कहे हन । इस दा मतलब तां इह है कि जे चौधरी सुंदर सिंघ जी कल्ह नूं इंटरविउ ते जाणगे तां की उह कामयाब हो जाणगे ? उह तां आज़ाद जी ने इस भरे हाउस विच अज ही फेल्ह कर दित्ते ।

चौधरी सुंदर सिंघ : डिपटी सपीकर साहिब, मेरे बारे आज़ाद साहिब ने किहा है कि मैं बड़ा जलदी टापल डाउन हो जांदा हां । मैं उन्हां नूं दस देवां कि मैं जिस राह ते पिआ हां उस उते ही चल रिहा हां, मैं 1947 तों असैंबली दा मैंबर बण के चलिआ आ रिहा हां (शेर) पर मैं जिहड़े कपड़े पाउंदा हां उह उन्हां नालों अज वी चंगे हन । पर पाउडर शाउडर लाके उन्हां वांगू मैनूं मेक अप नहीं करना आउंदा । (हासा)

चौधरी जगत राम : आन ए पुआइंट आफ आरडर, सर । डिपटी सपीकर साहिब, आज़ाद जी ने चौधरी सुंदर सिंघ दे मुताबिक कुझ लफज़ कहे हन । पर आज़ाद

Original with;
Punjab Vidhan Sabha
Digitized by;
Panjab Digital Library

ਜੀ ਦੇ ਆਪਣੇ ਮੁੰਡੇ ਨੇ ਹਰੀਜਨਾਂ ਦੀ ਕੁੜੀ ਨਹੀਂ ਪਸੰਦ ਕੀਤੀ, ਜੇ ਉਹ ਕੋਈ ਹਰੀਜਨਾਂ ਦੀ ਕੁੜੀ ਲੈਂਦੇ ਤਾਂ ਉਸ ਗਰੀਬ ਕੁੜੀ ਦਾ ਗੁਜ਼ਾਰਾ ਚੰਗੇ ਠਿਕਾਣੇ ਵਿਚ ਹੁੰਦਾ । ਦੂਸਰੇ ਇਹ ਕਹਿੰਦੇ ਹਨ ਕਿ ਸਾਡੇ ਮੁੰਡਿਆਂ ਦੇ ਵਿਚ ਸੁਧਾਰ ਨਹੀਂ ਹੋਇਆ। ਇਹ ਕੋਈ ਘੱਟ ਹੋਇਆ ਹੈ ਕਿ ਹਰੀਜਨਾਂ ਦੇ ਮੁੰਡੇ ਹੋਰ ਬਰਾਦਰੀਆਂ ਦੀਆਂ ਕੁੜੀਆਂ ਲੈਂਦੇ ਹਨ । (ਹਾਸਾ)

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਇਸ ਵਿਚਾਰੇ ਨੂੰ ਕੀ ਪਤਾ ਹੈ ਕਿ ਇਸ ਤਰ੍ਹਾਂ ਕਾਂਸਟੀਚਿਊਸ਼ਨਲੀ ਇਕ ਕਾਸਟਲੈਸ ਸੋਸਾਇਟੀ ਪੈਦਾ ਹੋ ਰਹੀ ਹੈ । (ਹਾਸਾ)

ਸਰਦਾਰ ਬਸੰਤ ਸਿੰਘ ਖਾਲਸਾ : ਹੁਣੇ ਆਜ਼ਾਦ ਜੀ ਨੇ ਕਾਸਟਲੈਸ ਸੋਸਾਇਟੀ ਦਾ ਜ਼ਿਕਰ ਕੀਤਾ ਹੈ। ਇਹ ਕਿਉਂਕਿ ਹੁਣ ਇਕ ਅਪਰ ਕਲਾਸ ਦੇ ਵਿਚ ਆਪਣੇ ਆਪ ਨੂੰ ਆਏ ਸਮਝਦੇ ਹਨ, ਕੀ ਉਹ ਹੁਣ ਜਿਤਨੀਆਂ ਵੀ ਰਿਆਇਤਾਂ ਸ਼ੈਡਿਊਲਡ ਕਾਸਟਸ ਨੂੰ ਦਿੱਤੀਆਂ ਜਾ ਰਹੀਆਂ ਹਨ, ਅਤੇ ਇਹ ਲੈ ਰਹੇ ਹਨ, ਉਹ ਸਾਰੀਆਂ ਛੱਡਣ ਦੇ ਲਈ ਤਿਆਰ ਹਨ ?

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਜਦ ਤੱਕ ਸ਼ਡਿਊਲਡ ਕਾਸਟਸ ਨੂੰ ਸਰਕਾਰ ਰਿਆਇਤਾਂ ਦੇਵੇਗੀ, ਮੈਂ ਕਿਸੇ ਹਾਲਤ ਵਿਚ ਵੀ ਛੱਡਣ ਨੂੰ ਤਿਆਰ ਨਹੀਂ । ਪਰ ਖਾਲਸਾ ਜੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਮੈਂ ਰਿਜ਼ਰਵ ਸੀਟ ਦੀ ਬਜਾਏ ਹਮੇਸ਼ਾ ਜਨਰਲ ਸੀਟ ਤੋਂ ਲੜਕੇ ਆਉਂਦਾ ਹਾਂ । ਉਨ੍ਹਾਂ ਨੂੰ ਮੈਂ ਹੁਣ ਵੀ ਯਕੀਨ ਦਿਲਾਉਂਦਾ ਹਾਂ ਕਿ ਆਇੰਦਾ ਮੈਂ ਕਦੇ ਵੀ ਰਿਜ਼ਰਵ ਸੀਟ ਤੋਂ ਲੜ ਕੇ ਨਹੀਂ ਆਵਾਂਗਾ । (ਘੰਟੀ)

I was just going to close my speech but these friends raised so many points of order and snatched my time. I will take only five minutes more.

ਇਨ ਬੈਂਚਾਂ ਦੀ ਵਾਕਫਿਯਤ ਕੇ ਲਿਯੇ ਮੈਂ ਅਰਜ਼ ਕਰਤਾ ਹੂੰ ਕਿ ਇਸ ਰਿਪੋਰਟ ਕੇ ਸਫਾ 14 ਪਰ para 2.43 ਮੇਂ ਆਸ਼ਰਮ ਸਕੂਲਜ਼ ਕਾ ਜ਼िਕ੍ਰ ਹੈ, ਇਸਮੇਂ ਪਿਛੜੀ ਸ਼੍ਰੇਣੀ ਕੇ ਲੋਗੋਂ ਕੇ ਬਚ੍ਚੋਂ ਕੋ School Education ਕੇ ਇਲਾਵਾ Technical Training ਭੀ ਦੀ ਜਾਤੀ ਹੈ। ਅਗਰ ਇਸ ਤਰਹ ਕੇ Schools ਕੀ ਤਰਹ ਐਸੇ Schools ਖੋਲੇ ਜਾਯੇਂ ਜਿਨਮੇਂ 200 ਬਚ੍ਚੇ ਅਮੀਰ ਘਰਾਨੇ ਕੇ, 200 ਬਚ੍ਚੇ ਗਰੀਬ ਪਰਿਵਾਰੋਂ ਕੇ ਔਰ 100 ਬਚ੍ਚੇ ਰਮਦਾਸਿਯੋਂ Scheduled Castes and Scheduled Tribes ਕੇ ਹੋਂ ਤੋ ਮੈਂ ਸਮਝਤਾ ਹੂੰ ਕਿ ਆਜ ਜਿਤਨੇ ਭੀ ਸਿਯਾਸੀ ਝਗੜੇ ਹੈਂ ਵਹ ਸਬ ਕੇ ਸਬ ਖਤਮ ਹੋ ਜਾਯੇਂਗੇ ਔਰ ਯਹ ਜ਼ਾਤ ਪਾਤ ਕੀ ਤਮੀਜ਼ ਆਨੇ ਵਾਲੀ ਨਸਲੋਂ ਮੇਂ ਅਪਨੇ ਆਪ ਮਿਟ ਜਾਯੇਗੀ ।

ਡਿਪਟੀ ਸਪੀਕਰ ਸਾਹਿਬ, ਮੈਂ ਆਪਕੀ ਸੇਵਾ ਮੇਂ ਯਹ ਭੀ ਅਰਜ ਕਰਨਾ ਚਾਹਤਾ ਹੂੰ ਕਿ ਵਾਲਮੀਕਿ ਬਚ੍ਚੋਂ ਕੇ ਲਿਯੇ ਵਿਸ਼ੇਸ਼ ਰੂਪ ਸੇ ਆਸ਼ਰਮ ਸਕੂਲ ਪੰਜਾਬ ਸਟੇਟ ਕੀ ਸਤਹ ਪਰ ਖੋਲਨੇ ਚਾਹਿਏਂ, ਤਜੁਰਬਾ ਕਰਨਾ ਚਾਹਿਏ । ਮੁਲ੍ਲਾਂਪੁਰ ਜਗਹ ਹੈ $2\frac{1}{2}$ ਬੀਘੇ ਜ਼ਮੀਨ ਵਹਾਂ ਪਰ ਪੜੀ ਹੈ, ਸਮਾਜ ਸੇਵਾ ਕਾ ਕਾਮ ਕਰਨੇ ਵਾਲੇ ਲੋਗ ਉਸ ਸਕੂਲ ਕੋ ਚਲਾਯਾ ਕਰੇਂ ਤਾਕਿ ਉਨ ਬਚ੍ਚੋਂ ਕੀ ਕਾਯਾ ਕਲਪ ਕਰ ਸਕੇਂ (ਵਿਘ੍ਨ) ਮੈਂ ਏਕ ਦੂਸਰੀ ਮਹਤ੍ਵਪੂਰ੍ਣ ਬਾਤ ਆਪਕੇ ਦ੍ਵਾਰਾ ਸਰਕਾਰ ਕੇ ਧ੍ਯਾਨ ਮੇਂ ਲਾਨਾ ਚਾਹਤਾ ਹੂੰ ਸਰਕਾਰ ਨੇ ਬਹੁਤ ਕ੍ਰੁਪਾ ਕੀ, ਪੀਛੇ ਜ੍ਞਾਨੀ ਜ਼ੈਲ ਸਿਹ ਜੀ ਨੇ 25 ਪ੍ਰਤਿਸ਼ਤ ਨੌਕਰਿਯਾ Scheduled Castes ਕੇ ਲਿਯੇ reserve ਕਰ ਦੀਂ । ਸਬ ਨੇ ਬਧਾਈ ਭੀ ਦੀ ਔਰ ਬਧਾਈ ਕੇ ਸਾਥ ਸਾਥ, ਡਿਪਟੀ ਸਪੀਕਰ ਸਾਹਿਬ, ਮੈਂ ਭੀ ਉਨ ਲੋਗੋਂ ਮੇਂ ਸੇ ਹੂੰ ਜੋ ਇਸਕੀ ਪ੍ਰਸ਼ੰਸਾ ਕਰਤੇ ਹੈਂ; ਸਰਕਾਰ ਨੇ ਹਰਿਜਨੋਂ ਕੇ ਲਿਯੇ

Original with;
Punjab Vidhan Sabha
Digitized by;
Panjab Digital Library

[आचार्य पृथ्वी सिंह आज़ाद]

नौकरियां reserve कर दीं । (विघ्न) यह जो नौकरियां reserve की हैं, डिप्टी स्पीकर साहिब, यह कोई नई बात नहीं है । मैं हाऊस का समय बचाने के लिये हवाले नहीं दूंगा । यह महकमे की तर्फ से छपी हुई लालकिताब है। इसमें एक नहीं 75 order हैं सरकार के जो सारे डील करते हैं reservation के मुताल्लिक जो जो रियायतें दी गई हैं।Reservation के मुताल्लिक 1955 में यह नौकरियां सरकार ने reserve कीं पहली बार। जब देखा गया कि कुछ नहीं हो रहा तब अकाली सरकार ने—जिसकी बात अच्छी है उसको अच्छी कहना पड़ेगा और जो बुरी है उसको बुरा कहना पड़ेगा —अकाली सरकार ने पहली बार 30-7-1970 को एक notification निकाला और उस notification का आधार यह था कि 22% (विघ्न) initial stage पर appointment और 22 प्रतिशत ही class III और IV में reservation. इसका मतलब यह हुआ, डिप्टी स्पीकर साहिब,कि पंजाब में रखी जिस हिसाब से reservation class II and III में थी उसी हिसाब से reservation और promotion class II और III में सरकार ने दीं । अब हमारी अपनी सरकार जिसके नेता माननीय ज्ञानी ज़ैल सिंह जी हैं इन्होंने ऐलान किया है कि 25 प्रतिशत reservation class I, II, III and IV में देनी है । डिप्टी स्पीकर साहिब, मैं आपकी मार्फत इनको उस पिछले असूल को सामने रखते हुए दरखास्त करूंगा कि 25 प्रतिशत reservation in promotion की न कि जाए 20 प्रतिशत reservation जैसा कि उनका सुझाव है । (विघ्न)

इस रिपोर्ट के सफा 244 की तर्फ आपका ध्यान दिलाना चाहता हूँ और सफा 244 में appendix के 13 नम्बर पर पंजाब का ज़िक्र आता है । डिप्टी स्पीकर साहिब, देखिए 1970-71 से लेकर class I, Scheduled Castes की नुमायंदगी 3.80, class II में 3.90, class III में 9.81 और, डिप्टी स्पीकर साहिब, class IV में यह नुमांयदगी 27% है जिसमें पाखाना साफ करने वाले, दफ्तरों की सफाई करने वाले, पानी पिलाने वाले, अगर इनको निकाल दिया जाय तो यह नौकरियां 10 फीसदी से ज्यादा नहीं बनेंगी । मैं कहना चाहता हूँ कि जहां यह रियायतें दी हैं जब तक इनको implement करने की तरफ सरकार कोई कदम न उठाएगी उस वक्त तक यह रियायतें ऐलान के इलावा और कुछ नहीं रहेगा । मैं आपका ज्यादा समय नहीं लेना चाहता लेकिन मैं एक एक महकमे की जानकारी दे सकता हूँ । सारे पंजाब के अन्दर धांधली मची हुई है (विघ्न) पिछले दो सालों में किस किस महकमे के अन्दर किस किस के साथ क्या क्या बेइन्साफी हो रही, है यह मैं सब जानता हूँ ।(ਚੇਪਤੀ ਜਗਤ ਰਾਮ ਵਲੋਂ ਵਿਘਨ) Will you please remain silent? डिप्टी स्पीकर साहिब, यह mentality जो है यह हरिजनों की बेहतरी के खिलाफ जाती है । यह झोली चुक की पालेसी है । (विघ्न) सुबह सरदार हरचंद सिंह जी ने एक केस के बारे में बताया कि adhoc basis पर S.D.O की promotion हुई है और जितने हरिजन थे वह सब के सब छोड़ दिए और सरदार हरचंद सिंह जी उसको मिनिस्टर के पास ले गए । मैं अर्ज करना चाहता हूँ कि अगर implementation ऐसी ही होनी है तो 25 प्रतिशत की बजाए अगर 100 प्रतिशत भी यह कर दें तब भी इन्साफ नहीं मिलेगा । Rules of Business में (विघ्न) अगर किसी

Original with;
Punjab Vidhan Sabha
Digitized by;
Panjab Digital Library

की तरक्की हो तो उसको फैसला करने का मजाज़ Welfare Department के Secretary को होना चाहिए। लेकिन यहां क्या होता है ? नीचे से केस तैयार हो कर जाता है Chief Secretary के पास जहां एक cell बनाया हुआ है जो इनको कन्ट्रोल करता है। नाम Chief Secretary का बड़ा हुसीनो जमील– जो उस cell को कन्ट्रोल करता है।जो केस महकमे की तर्फ से recomend होके जाता है, कि promotion होनी चाहिए, वह वहां पर turn down हो जाता है। तो जो इस सिलसिले में हाऊस की कमेटी बनी हुई है वह ही तमाम केसिज़ को मंगाए। (विघ्न) (घंटी) मैं दो मिनिटस और लूंगा । अभी इस हाऊस के अन्दर मेरे सवाल पर झगड़ा हुआ। (विघ्न)

श्री डिपटी स्पीकर : ਆਜ਼ਾਦ ਜੀ, ਹੁਣ ਤਕ ਤੁਸੀਂ ਬਹਿਸ ਕਰਦੇ ਰਹੇ ਹੋ । ਹੁਣ ਕਹਿੰਦੇ ਹੋ I will take two minutes. (Azad ji, you have been making the speech since quite long and yet you say that you will take two minutes.)

आचार्य पृथ्वी सिंह आजाद : इस हाऊस के अन्दर मेरा एक सवाल आया। अगर उस सवाल को ठीक ढंग से समझ जाते तब ऐसा झगड़ा न पैदा होता। डिप्टी स्पीकर साहिब, reservation या promotion का इतना मुतबरर्क सिद्धांत हैकि यह जो नान पी.सी.एस. आफीसरों के नाम I.A.S के लिये गये थे उनमें से एक आदमी का record इतना अच्छा है मगर उसके record को नहीं देखा गया। उसको इगनोर किया गया। इस तरह एक हरिजन की कुरबानी करने के बाद जिस सज्जन को लगाया गया अगर उसका कोई M.P. कुड़म न होता, उसका वज़ीर कुड़म न होता या कोई लीडर उसका कुड़म न होता तो जिस हरिजन की कुरबानी दी गई है वह I.A.S ज़रूर बनता।(तालियां) डिप्टी स्पीकर साहिब, मैं आपके द्वारा सरकार से अर्ज़ करना चाहता हूँ और खास कर मास्टर गुरबन्ता सिंह से कि आप एक ऐसा cell बनायें कि जो हरिजनों की reservation या appointments जो होती हैं और उसमें जो बेकायदगियें होती हैं उनकी तरफ ध्यान करें।ठीक है High Powered Committee हो और उस में तीन चार मैम्बर opposition के हों, Communist हों, कुछ हमारी पार्टी के भी उसके मैंबर हों और एक Senior IAS,Officer उस कमेटी में हो। इस तरह से 5 आदमी बैठ कर scrutinise करें । मगर यहां पर तो यह होता है कि पोस्ट रिज़र्व हो जाती है ।(विघ्न) मेरे पास केस बहुत से हैं मगर टाइम इतना नहीं है कि आपको बता सकूं। मैं बताना चाहता हूँ कि Medical Deptt. में class I की पोस्ट reserve हुई । Public Service Commission ने उस पोस्ट की advertisement की। एक सज्जन वहाँ है जो कि उनसे मिला हुआ है। उसने जाकर High Courtमें writ कर दी कि एक पोस्ट है इसलिये 100% Reservation नहीं हो सकती। लेकिन इस चीज़ को न तो L.R ने बताया,ना Advocate Generalने बताया और न ही महकमे के Secretary ने बताया कि उससे पहिले वहां पर 4 पोस्टें डायरैक्ट भर चुके हैं।Dr.M.R.Chadha,Sutantra Rai,Dr. T.D.Sharmaऔर एक सज्जन वे हैं। इस लिये जब पांचवीं पोस्ट Scheduled Castes

Original with;
Punjab Vidhan Sabha
Digitized by
Panjab Digital Library

[आचार्य पृथ्वी सिंह आज़ाद]

को जानी है तो reservation होनी चाहिए मगर यह कहना कि इस तरह 100प्रतिशत reservationनहीं हो सकती और High Court में writ कर दी सैक्रेटरी साहिब ने जो दफ्तर की तरफ से गये उसने जाकर कहा कि हमारी गलती थी इसलिये हम promotion विदडरा करते हैं। मैं इस तरह की 10 मिसालें दे सकता हूँ। एक हफता पहले एक और वाक्या हुआ (घंटी) सरकार ने एक हरिजन कीpromotion कर दी और एक ने जाकर उस के खिलाफ High Court में अपील कर दी । डिप्टी स्पीकर साहिब , ** ** ** उन्होंने वहां जाकर कहा कि यह promotion नहीं होनी चाहिए थी। मैं Judgement की कापी लाया हूँ । वे उनकी promotion नहीं चाहते । वे उनकी तरक्की नहीं चाहते । इस लिये मैं आपके द्वारा निहायत अदब से कहना चाहता हूँ कि न तो चौधरी दर्शन सिंह बोलेगा और न आज़ाद ही बोलेगा क्योंकि वे Congress के हितेषी हैं और Congressको कायम रखना चाहते हैं और सरकार को कायम रखना चाहते हैं। मगर हरिजनों का ख्याल रखते हुए हमें इस तरह कहना पड़ेगा और मास्टर जी इसमें कुछ परिवर्तन करें ।

डिपटी स्पीकर साहिब, आखिर में मैं आपका धन्यवाद करता हूं कि आप ने मुझे बोलने का टाईम दिया है ।

ਸ਼੍ਰੀ ਡਿਪਟੀ ਸਪੀਕਰ : ਇਹ ਜਿਹੜੇ ਸ਼ਬਦ ਚੀਫ ਸੈਕਟਰੀ ਅਤੇ ਏ. ਜੀ. ਦਾ ਨਾਮ ਲੈ ਕੇ ਕਹਿ ਗਏ ਹਨ ਇਹ ਕੱਟ ਦਿਤੇ ਜਾਣ । (The words uttered by the hon. Member with reference to the Chief Secretary and Advocate General should be expunged.)

Acharya Prithvi Singh Azad : Sir, I am within my rights to mention the Chief Secretary, Secretary of the Department, Advocate General and the Legal Remembrancer as on their advice the decision is taken. Sir, I am within my rights if a reference is made to them.

Mr. Deputy Speaker : The relevant rule on the point is as under :—

"A member while speaking shall not—

(i) reflect upon the conduct of persons in high authority unless the discussion is based on a substantive motion drawn in proper terms."

ਸੈਕਟਰੀਜ਼ ਬਹੁਤ ਹਨ ਇਸ ਕਰਕੇ ਇਹ ਤਾਂ ਕੋਈ ਗੱਲ ਨਹੀਂ ਹੈ । ਪਰ ਚੀਫ ਸੈਕਟਰੀ ਕਿਉਂਕਿ ਇਕ ਹੈ ਇਸ ਕਰਕੇ ਉਸ ਦਾ ਕੰਡਕਟ ਨਹੀਂ ਆ ਸਕਦਾ । ਏ. ਜੀ. ਵੀ ਕਿਉਂਕਿ ਇਕ ਹੈ ਇਸ ਕਰਕੇ ਉਸ ਦਾ ਵੀ ਕੰਡਕਟ ਨਹੀਂ ਆ ਸਕਦਾ । ਇਸੇ ਤਰ੍ਹਾਂ ਹੀ ਐਲ. ਆਰ. ਪੰਜਾਬ ਦਾ ਇਕ ਹੈ ਇਸ ਕਰਕੇ ਉਸ ਦਾ ਨਾਮ ਵੀ ਨਹੀਂ ਆਉਣਾ ਚਾਹੀਦਾ । ਇਸ ਲਈ ਇਹ ਕੱਟਣੇ ਚਾਹੀਦੇ ਹਨ । (ਵਿਘਨ) (ਸ਼ੋਰ)

The relevant rules on the point is as under.

"A member while speaking shall not—

(i) reflect upon upon the conduct of pesson in high authority unless the discussion is based on a substantive motion drawn in proper terms."

**Expunged as ordered by the Chair.

Original with;
Punjab Vidhan Sabha
Digitized by;
Panjab Digital Library

(There are so many Secretaries hence a general reference to them does not matter. But there is only one Chief Secretary. So his conduct can not be discussed here. There is one A. G. in Punjab hence his conduct cannot be discussed here. Similarly there is only one L.R. in Punjab, and his conduct also cannot be discussed here. Therefore, these words should be expunged.)

ਡਾਕਟਰ ਅਮੀਰ ਸਿੰਘ ਕਲਕਟ : ਡਿਪਟੀ ਸਪੀਕਰ ਸਾਹਿਬ, ਆਚਾਰਿਆ ਜੀ ਨੇ ਕਿਹਾ ਹੈ ਕਿ ਚੀਫ਼ ਸੈਕਟਰੀ ਦੇ ਦਫ਼ਤਰ ਨੂੰ ਅੱਗ ਲੱਗ ਗਈ। ਉਨ੍ਹਾਂ ਨੇ ਚੀਫ਼ ਸੈਕਟਰੀ ਦੇ ਦਫ਼ਤਰ ਦਾ ਨਾਮ ਲਿਆ ਹੈ ਉਨ੍ਹਾਂ ਨੇ ਚੀਫ਼ ਸੈਕਟਰੀ ਨਹੀਂ ਕਿਹਾ। (ਵਿਘਨ)

ਸਰਦਾਰ ਗੁਰਦੇਵ ਸਿੰਘ ਸਿੱਧੂ : ਆਨ ਏ ਪੁਆਇੰਟ ਆਫ਼ ਆਰਡਰ, ਸਰ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਬੈਠ ਜਾਓ। I will not allow you. (Please resume your seat. I will not allow you.)

ਸਰਦਾਰ ਗੁਰਦੇਵ ਸਿੰਘ ਸਿੱਧੂ : ਤੁਸੀਂ ਕਿਉਂ ਰੋਕਦੇ ਹੋ, ਮੈਂ ਜ਼ਰੂਰ ਬੋਲਣਾ ਹੈ।

Mr. Deputy Speaker : Please resume your seat. I will not allow you.

ਸਰਦਾਰ ਬਸੰਤ ਸਿੰਘ ਖਾਲਸਾ : ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਜੇ ਤੁਸੀਂ ਮੈਨੂੰ ਆਗਿਆ ਦੇ ਦਿੱਤੀ ਹੈ ਤਾਂ ਫਿਰ ਸਿੱਧੂ ਜੀ ਦਾ ਪੁਆਇੰਟ ਆਫ਼ ਆਰਡਰ ਬੁਰਾ ਲਗਦਾ ਸੀ। (ਵਿਘਨ) ਆਚਾਰਿਆ ਜੀ ਨੇ ਚੀਫ਼ ਸੈਕਟਰੀ ਦੇ ਬਾਰੇ ਕਿਹਾ ਹੈ ਅਤੇ ਉਹ ਕੇਵਲ ਸੈਕਟਰੀ ਹੈ। ਉਹ ਉਨ੍ਹਾਂ ਸਾਰਿਆਂ ਦਾ ਇੰਚਾਰਜ ਹੈ ਇਸ ਲਈ ਉਸ ਦਾ ਨਾਮ ਲੈ ਸਕਦੇ ਹਾਂ। ਕਿਉਂਕਿ ਉਸ ਦੇ ਸਮੇਂ ਵਿਚ ਉਸ ਮਹਿਕਮੇ ਦੇ ਵਿਚ ਸਾਡੇ ਨਾਲ ਧੱਕਾ ਹੋਇਆ ਹੈ। ਉਹ ਸਿਰਫ਼ ਸੈਕਟਰੀ ਹੈ। ਇਸ ਲਈ ਇਹ ਲਫਜ਼ ਕੱਟਣੇ ਨਹੀਂ ਚਾਹੀਦੇ। ਜੇ ਤੁਸੀਂ ਇਸ ਤਰ੍ਹਾਂ ਕਰੋਗੇ ਤਾਂ ਅਸੀਂ ਤੁਹਾਨੂੰ ਐਂਟੀ-ਹਰੀਜਨ ਕਹਾਂਗੇ ਅਤੇ ਕਹਾਂਗੇ ਕਿ ਤੁਸੀਂ ਉਨ੍ਹਾਂ ਨਾਲ ਮਿਲੇ ਹੋਏ ਹੋ।

Mr. Deputy Speaker : I have already given my ruling.

ਕਈ ਮਾਨਯੋਗ ਮੈਂਬਰ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਜੋ ਕੁਝ ਆਨਰੇਬਲ ਮੈਂਬਰ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ। (Whatever the hon. Members are saying that should not be recorded.)

ਖੇਤੀਬਾੜੀ ਅਤੇ ਜੰਗਲਾਤ ਮੰਤਰੀ : ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਐਵੇਂ ਹੀ ਘਬਰਾ ਗਏ ਹਨ। ਸੈਕਟਰੀ ਕਹਿ ਦੇਣ ਤਾਂ ਕੋਈ ਹਰਜ ਨਹੀਂ ਹੈ ਪਰ ਚੀਫ਼ ਸੈਕਟਰੀ ਨਹੀਂ ਕਹਿਣਾ ਚਾਹੀਦਾ। (ਵਿਘਨ) (ਸ਼ੋਰ)

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਬਸੰਤ ਸਿੰਘ ਖਾਲਸਾ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ It should not form part of the record. (ਵਿਘਨ) (Whatever the hon. Member is saying, should not form part of the record.) (*Interruption*)

ਆਚਾਰਯ ਪ੍ਰਿਥਵੀ ਸਿੰਘ ਆਜ਼ਾਦ : ਪ੍ਵਾਯੰਟ ਆਫ, ਆਰਡੰਰ ਸਰ । ਡਿਪਟੀ ਸਪੀਕਰ ਸਾਹਿਬ, ਮੇਰੀ ਬੜੀ ਮੁਅਦਬਾਨਾ ਦਰਖਾਸਤ ਹੈ ਕਿ ਹਰਿਜਨੋਂ ਕਾ ਮਹਕਮਾ ਯਾ ਉਸ ਮਹਕਮੇ ਕੀ ਤਮਾਮ Services ਕਾ ਜੋ ਝਗੜਾ ਹੈ ਉਸਕੀ ਨਿਗਰਾਨੀ Chief Secretary ਕਰਤਾ ਹੈ। Incharge Chief Secretary ਹੈ । ਡਿਪਟੀ ਸਪੀਕਰ ਸਾਹਿਬ, ਮੈਂ Chief Secretary ਕੀ ਬਾਤ ਨਹੀਂ ਕਹ ਰਹਾ, ਨ ਹੀ ਮੈਂ ਜਿਸ ਤਰਹ ਆਜ ਕਲ R.S.Talwar,Chief Secretaryਹੈ, ਮੈਂ ਉਸਕੋ ਡਿਸ੍ਕਸ ਕਰ ਰਹਾ ਹੂੰ ਮੈਂ ਤੋ ਜੋ ਸਰਕਾਰ ਕਾ Chief Secretary ਹੈ ਔਰ ਜੋ ਸਰਕਾਰ ਕਾ ਕਾਮ ਚਲਾਤਾ ਹੈ, ਜੋ ਸਰਕਾਰ ਕਾ ਸੈਕ੍ਰੇਟਰੀ ਇਸ ਮਹਕਮੇ ਕੀ ਰਾਏ ਕੋ ਰਦ ਕਰਤਾ ਹੈ ਯਾ ਮਨ੍ਜੂਰ ਕਰਤਾ ਹੈ, ਵਹ ਜੋ Chief Secretary ਹੈ, ਮੈਨੇ ਉਸਕੋ discuss ਕਿਯਾ ਹੈ। ਯਦਿ ਆਪ ਵਹ ਭੀ ਨਹੀਂ ਰਖਨਾ ਚਾਹਤੇ ਤੋ ਮੈਂ ਦਰ੍ਖਾਸ੍ਤ ਕਰੂੰਗਾ ਕਿ ਮੇਰੀ ਸਾਰੀ ਸ੍ਪੀਚ ਐਕ੍ਸਪੰਜ ਕਰ ਦੀ ਜਾਏ ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਬਹੁਤ ਅੱਛਾ ਬੋਲਿਆ ਹੈ । ਮੈਂ ਸਾਰੀ ਸਪੀਚ ਐਕਸਪੰਜ ਨਹੀਂ ਕਰ ਸਕਦਾ । (You have spoken very well. I cannot expunge your whole speech.)

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਜਦੋਂ ਤੁਸੀਂ ਉਸ ਦੀ ਜਾਨ ਹੀ ਕੱਢ ਲਈ ਤਾਂ ਫਿਰ ਲਾਸ਼ ਨੂੰ ਕੀ ਕਰਨਾ ਹੈ ।

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜੋ ਚੀਫ਼ ਸੈਕਟਰੀ ਬਾਰੇ ਗਲ ਹੋਈ ਹੈ ਕੀ ਉਹ ਤੁਸੀਂ ਕਟਾ ਦਿੱਤੀ ਹੈ ? (ਵਿਘਨ)

ਸ਼੍ਰੀ ਡਿਪਟੀ ਸਪੀਕਰ: ਸੰਧੂ ਸਾਹਿਬ ਜਿਹੜਾ ਪ੍ਰੈਜੈਂਟ ਚੀਫ਼ ਸੈਕਟਰੀ ਹੈ ਉਸ ਦਾ ਕੰਡਕਟ ਡਿਸਕਸ ਕਰਨਾ ਸਾਡੇ ਹਾਊਸ ਦੇ ਸਾਹਮਣੇ ਨਹੀਂ ਹੈ । (ਵਿਘਨ) ਸਾਰੀ ਗਲ ਤਾਂ ਸੁਣ ਲਓ । ਜਿਹੜੀ ਰਿਪੋਰਟ ਹਾਊਸ ਦੇ ਸਾਹਮਣੇ ਡਿਸਕਸ਼ਨ ਲਈ ਹੈ ਉਹ ਹੈ 1970-71 ਦੀ ਸ਼ਡਿਊਲਡ ਕਾਸਟਸ ਅਤੇ ਸ਼ਡਿਊਲਡ ਟਰਾਈਬਜ਼ ਦੀ ਰਿਪੋਰਟ । ਅਸੀਂ ਉਸ ਨੂੰ ਡਿਸਕਸ ਕਰਨਾ ਹੈ, ਪ੍ਰੈਜੈਂਟ ਚੀਫ਼ ਸੈਕਟਰੀ ਦਾ ਕੰਡਕਟ ਸਾਡੀ ਡਿਸਕਸ਼ਨ ਵਿਚ ਨਹੀਂ ਇਸ ਲਈ ਮੈਂ ਡਿਸਅਲਾਓ ਕੀਤਾ ਹੈ । (ਵਿਘਨ) (Sandhu Sahib, the conduct of the present Chief Secretary is not under discussion of the House. (*Interruption*) Please listen to me. The 20th Report of the Commissioner for Scheduled

**Expunged as ordered by the Chair.

Original with;
Punjab Vidhan Sabha
Digitized by;
Panjab Digital Library

Castes and Scheduled Tribes is under discussion in the House. So we have to discuss that report and not the conduct of the present Chief Secretary; so I disallowed it.) (*Interruption*)

ਸਰਦਾਰ ਅਜਾਇਬ ਸਿੰਘ ਸੰਧੂ: ਡਿਪਟੀ ਸਪੀਕਰ ਸਾਹਿਬ, ਸਾਰੀ ਪੰਜਾਬ ਗੌਰਮਿੰਟ ਅੰਡਰ ਡਿਸਕਸ਼ਨ ਹੈ । (ਵਿਘਨ)

ਸ਼੍ਰੀ ਡਿਪਟੀ ਸਪੀਕਰ: ਇਹ ਫਿਰ ਤੁਹਾਨੂੰ ਗਲਤ ਫਹਿਮੀ ਹੈ । 1970-71 ਦੀ ਜੋ ਸ਼ਡਿਊਲਡ ਕਾਸਟਸ ਅਤੇ ਸ਼ਡਿਊਲਡ ਟਰਾਈਬਜ਼ ਦੀ ਰਿਪੋਰਟ ਕਮਿਸ਼ਨਰ ਦੀ ਹੈ ਉਹ ਅੰਡਰ ਡਿਸਕਸ਼ਨ ਹੈ । (ਵਿਘਨ) (You are again under wrong notion. The 20th Report of the Commissioner for Scheduled Castes and Scheduled Tribes, 1970-71, is under discussion.)

ਸਰਦਾਰ ਅਜਾਇਬ ਸਿੰਘ ਸੰਧੂ : ਹੁਣ ਜਿਹੜੀਆਂ ਅਸੀਂ ਗੱਲਾਂ ਕਰ ਰਹੇ ਹਾਂ ਉਹ ਨਾ ਕਰੀਏ ਫਿਰ....(ਵਿਘਨ) ਬਜਾਏ ਇਸ ਦੇ ਕਿ ਤੁਸੀਂ ਕਹੋ ਕਿ ਸਾਡੇ ਹਰੀਜਨਾਂ ਨਾਲ ਕੋਈ ਇਨਸਾਫ ਹੋਵੇ.... (ਵਿਘਨ)

ਸ਼੍ਰੀ ਡਿਪਟੀ ਸਪੀਕਰ : ਅਸੀਂ ਕਹਿੰਦੇ ਹਾਂ ਕਿ ਉਨ੍ਹਾਂ ਨਾਲ ਇਨਸਾਫ ਕਰਨਾ ਚਾਹੀਦਾ ਹੈ । (We stress that justice should be given to the Harijans.)

ਸਰਦਾਰ ਅਜਾਇਬ ਸਿੰਘ ਸੰਧੂ : ਤਾਂ ਇਹ ਫਿਰ ਬਿਲਕੁਲ ਨਹੀਂ ਕੱਟਣੇ ਚਾਹੀਦੇ । ਅਸੀਂ ਟਾਲਰੇਟ ਨਹੀਂ ਕਰ ਸਕਦੇ । (ਵਿਘਨ)

ਚੌਧਰੀ ਸੁੰਦਰ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਆਜ਼ਾਦ ਸਾਹਿਬ ਦੀ ਸਪੀਚ ਤੇ ਕੋਈ ਫੁਲ ਨਹੀਂ ਚੜ੍ਹਾਉਂਦਾ ਪਰ ਜਦੋਂ ਉਨ੍ਹਾਂ ਅਖੀਰਲੇ ਲਫਜ਼ ਕਹੇ ਹਨ ਤਾਂ ਕੁਝ ਤਸੱਲੀ ਹੋਈ ਹੈ । ਤੁਸੀਂ ਭਾਵੇਂ ਉਹ ਕਟਾਓ ਜਾਂ ਰਖੋ ਲੇਕਿਨ ਅਸਲ ਜਿਹੜਾ ਝਗੜਾ ਹੈ ਉਹ ਹੈ ਹੀ ਚੀਫ ਸੈਕਟਰੀ ਦਾ ਹੋਰ ਕਿਸੇ ਦਾ ਨਹੀਂ । ਇਸ ਲਈ ਨਾ ਕਟਾਓ ਤਾ ਚੰਗਾ ਹੈ ।

ਸ਼੍ਰੀ ਡਿਪਟੀ ਸਪੀਕਰ : ਫਿਰ ਤੁਸੀਂ ਇਸ ਤਰ੍ਹਾਂ ਕਰੋ ਕਿ ਸਬਸਟਾਂਟਿਵ ਮੋਸ਼ਨ ਲੈ ਆਓ ਕਿ ਉਸ ਦਾ ਕੰਡਕਟ ਠੀਕ ਨਹੀਂ.... (ਵਿਘਨ) (ਨੋ, ਨੋ) (You may bring a Substantive Motion against the conduct of the Chief Secretary) (*Interruption*) (*Voices* : No no).

ਸਰਦਾਰ ਅਜਾਇਬ ਸਿੰਘ ਸੰਧੂ : ਫਿਰ, ਡਿਪਟੀ ਸਪੀਕਰ ਸਾਹਿਬ, ਸਾਨੂੰ ਸਬਸਟਾਂਟਿਵ ਮੋਸ਼ਨ ਜਨਾਬ ਦੇ ਖਿਲਾਫ ਲਿਆਉਣੀ ਪੈਣੀ ਹੈ । (ਵਿਘਨ) (ਸ਼ੋਰ)

Mr. Deputy Speaker : You have the right to bring such a Motion against me. If you bring such a Motion against me, I will request Chaudhri Sunder Singh, a member of Panel of Chairman to occupy the Chair, and I will withdraw from the Chair, otherwise you should withdraw your words. (*Interruption, Noise*).

Original with;
Punjab Vidhan Sabha
Digitized by;
Panjab Digital Library

ਖੇਤੀਬਾੜੀ ਅਤੇ ਜੰਗਲਾਤ ਮੰਤਰੀ: ਸੰਧੂ ਸਾਹਿਬ, ਤੁਸੀਂ ਇਹ ਲਫਜ਼ ਵਿਦਡਰਾ ਕਰੋ । (ਵਿਘਨ) (ਸ਼ੋਰ) (ਇਸ ਵਕਤ ਕਈ ਆਨਰੇਬਲ ਮੈਂਬਰਜ਼ ਖੜ੍ਹੇ ਸਨ) ਤੁਸੀਂ ਚੇਅਰ ਦੇ ਖਿਲਾਫ ਨਹੀਂ ਕਹਿ ਸਕਦੇ । ਤੁਸੀਂ ਮੇਰੇ ਖਿਲਾਫ ਕਹੋ ਕਿਸੇ ਹੋਰ ਦੇ ਖਿਲਾਫ਼ ਕਹੋ ਪਰ ਚੇਅਰ ਦੇ ਖਿਲਾਫ ਨਹੀਂ ਕਹਿ ਸਕਦੇ । (ਵਿਘਨ)

ਸਰਦਾਰ ਹਰਚੰਦ ਸਿੰਘ : ਡਿਪਟੀ ਸਪੀਕਰ ਸਾਹਿਬ, ਆਜ਼ਾਦ ਸਾਹਿਬ ਨੇ ਜੋ ਮਿਸਾਲਾ ਦਿਤੀਆਂ ਹਨ.... (ਵਿਘਨ) ਉਹ ਮੌਜੂਦਾ ਚੀਫ਼ ਸੈਕਟਰੀ ਅਮਲ ਕਰ ਰਿਹਾ ਹੈ । ਉਸ ਦੇ ਉਤੇ ਡਿਸਕਸ਼ਨ ਹੋ ਸਕਦੀ ਹੈ ।

Mr. Deputy Speaker : You may bring a Substantive Motion in this behalf. I will not allow you to discuss it like this.

Sardar Ajaib Singh Sandhu : Sir, rule 109 of the Rules of Procedure and Conduct of Business in the Punjab Legislative Assembly reads like this :—

> "If the Speaker is of the opinion that a word or words has or have been used in debate which is or are defamatory or indecent or un-parliamentary or undignified, he may, in his discretion order that such word or words be expunged from the proceedings of the Assembly.
>
> (2) The portion of the proceedings of the Assembly so expunged shall be marked by asterisks and an explanatory foot-note shall be inserted in the proceedings as follows—
>
> 'Expunged as ordered by the Chair.'

ਜਨਾਬ, ਨਾ ਤਾਂ ਡੈਫਾਮੇਟਰੀ ਹਨ, ਨਾ ਇਨਡੀਸੈਂਟ ਅਤੇ ਨਾ ਹੀ ਅਨਪਾਰਲੀਮੈਂਟਰੀ ਹਨ । ਮੈਨੂੰ ਦਸੋ ਕਿਸ ਦੇ ਮੁਤੱਲਕ ਹੈ ?

ਸ਼੍ਰੀ ਡਿਪਟੀ ਸਪੀਕਰ : ਮੈਂ ਇਸ ਤੇ ਪਹਿਲਾਂ ਵੀ ਰੂਲਿੰਗ ਦੇ ਚੁੱਕਾ ਹਾਂ । ਇਹ ਠੀਕ ਹੈ ਕਿ ਰੂਲ 109 ਕਹਿੰਦਾ ਹੈ ਕਿ 4 ਪੁਆਇੰਟਸ ਤੇ ਕਹ ਸਕਦੇ ਹਾਂ ਪਰ ਨਾਲ ਹੀ ਮੈਂ ਕਹਾਂਗਾ ਕਿ ਰੂਲ 93 ਤੁਸੀਂ ਪੜ੍ਹ ਲਓ । ਉਸ ਦੇ ਮੁਤਾਬਿਕ ਕੁਝ ਚੀਜ਼ਾਂ ਐਸੀਆਂ ਹਨ ਜਿਹੜੀਆਂ ਆਪਣੀ ਸਪੀਚ ਵਿਚ ਅਸੀਂ ਨਹੀਂ ਕਹਿ ਸਕਦੇ । ਜਿਹੜੀਆਂ ਇਰਰੈਲੇਵੈਂਟ ਹੋਣਗੀਆਂ ਉਹ ਰਿਕਾਰਡ ਤੇ ਨਹੀਂ ਆ ਸਕਦੀਆਂ । ਇਸ ਲਈ ਮੇਰੀ ਹਾਊਸ ਨੂੰ ਰਿਕੁਐਸਟ ਹੈ ਕਿ ਉਹ ਇਸ ਮਸਲੇ ਤੇ ਹੋਰ ਅਗੇ ਨਾ ਜਾਣ । (I have already given my ruling. It is correct that it is provided in Rule 109 that expunction can be made on these four points but I will also suggest that you should read Rule 93. According to this Rule there are certain things which we cannot mention in our speech. The irrelevant remarks cannot come on the record of the House. Therefore, I would request the hon. Members of this House that they should not pursue this matter further.)

Sardar Ajaib Singh Sandhu : Rule 93(1) of the Rules of Procedure and Conduct of Business in the Punjab Legislative Assembly reads—

> "The matter of every speech shall be strictly relevant to the matter before the Assembly."

Original with;
Punjab Vidhan Sabha
Digitized by;
Panjab Digital Library

Mr. Deputy Speaker : The matter before the Assembly is 20th Report of the Commissioner for Scheduled Castes and Scheduled Tribes for the year 1970-71. (*Interruption*)

ਕੈਪਟਨ ਰਤਨ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਤੁਸੀਂ ਜਿਹੜੀ ਰੂਲਿੰਗ ਦਿੱਤੀ ਹੈ ਰੂਲ 93 ਦੀ ਮੈਂ ਸਸਝਦਾ ਹਾਂ ਕਿ ਇਹ ਹਾਊਸ ਦੀ ਮਰਯਾਦਾ ਰਹੀ ਹੈ ਕਿ ਉਸ ਦਾ ਨਾਮ ਇਥੇ ਨਹੀਂ ਲਿਆ ਜਾਂਦਾ ਜਿਹੜਾ ਇਥੇ ਡੀਫੈਂਡ ਨਹੀਂ ਕਰ ਸਕਦਾ । ਲੇਕਿਨ ਤੁਸੀਂ ਰੂਲ 93 ਕੋਟ ਕੀਤਾ ਹੈ ਉਹ ਇਥੇ ਅਪਲਾਈ ਨਹੀਂ ਹੋ ਸਕਦਾ । ਸਬਸਟਾਂਟਿਵ ਮੋਸ਼ਨ ਜਿਹੜੀ ਹੈ ਉਸ ਦੇ ਵਿਚ ਦਿਹ ਹੈ—

Explanation to rule 93(2) (i) of the Rules of Procedure and Conduct of Business in the Punjab Legislative Assembly reads—

> "The words 'persons in high authority' mean persons whose conduct can only be discussed on a substantive motion drawn in proper terms under the Constitution or such other persons whose conduct, in the opinion of the Speaker, should be discussed on a substantive motion drawn in terms to be approved by him."

ਸਬਟਾਂਟਿਵ ਮੋਸ਼ਨ ਕਿਸੇ ਵਜ਼ੀਰ ਦੇ ਖਿਲਾਫ ਆ ਸਕਦੀ ਹੈ, ਸਬਸਟਾਂਟਿਵ ਮੋਸ਼ਨ ਕਿਸੇ ਆਨਰੇਬਲ ਮੈਂਬਰ ਦੇ ਖਿਲਾਫ ਆ ਸਕਦੀ ਹੈ ਕਿਉਂਕਿ ਦਿਹਨਾਂ ਦੇ ਕੰਡਕਟ ਨੂੰ ਡਿਸਕਸ ਕਰਨ ਦਾ ਹੋਰ ਕੋਈ ਤਰੀਕਾ ਨਹੀਂ । ਜਿੱਥੋਂ ਤਕ ਆਫਿਸਰਜ਼ ਦਾ ਤਾਲੁਕ ਹੈ ਉਹ ਹਾਈ ਅਥਾਰਟੀ ਦੇ ਵਿਚ ਕਵਰ ਨਹੀਂ ਹੁੰਦੇ । ਲੇਕਿਨ ਮੈਂ ਤੁਹਾਡੇ ਨਾਲ ਐਗਰੀ ਕਰਦਾ ਹਾਂ ਪਰ ਪਰੰਪਰਾ ਜਿਸ ਤਰ੍ਹਾਂ ਇਥੇ ਆਫੀਸਰਜ਼ ਦਾ ਨਾਮ ਲੈਣ ਦੀ ਰਹੀ ਹੈ, ਉਹਨਾਂ ਦੇ ਖਿਲਾਫ ਕੋਈ ਬਿਆਨ ਬਾਜ਼ੀ ਕਰਨੀ ਹੈ ਉਹਨਾਂ ਨੂੰ ਡਰੱਮਬੀਟ ਕੀਤਾ ਜਾਂਦਾ ਹੈ । ਉਹ ਕੋਈ ਗੌਰਮਿੰਟ ਹੋਵੇ, ਭਾਵੇਂ ਇਹ ਗੌਰਮਿੰਟ ਤੇ ਭਾਵੇਂ ਕੋਈ ਹੋਰ । ਮੈਂ ਦੱਸ ਸਕਦਾ ਹਾਂ ਕਿ ਜਦੋਂ ਦਿਹਨਾਂ ਦੀ (ਆਪੋਜ਼ੀਸ਼ਨ ਵਲ ਇਸ਼ਾਰਾ ਕਰਦੇ ਹੋਏ) ਗੌਰਮਿੰਟ ਸੀ ਤਾਂ ਉਸ ਵੇਲੇ ਵੀ ਇਜਾਜ਼ਤ ਨਹੀਂ ਦਿਤੀ ਗਈ । ਦਿਹ ਰੂਲਿਗ ਨਹੀਂ ਸੀ ਦਿਤੀ ਗਈ....(ਵਿਘਨ) ਜਿਹੜੇ ਅਫਸਰ ਦਾ ਨਾਮ ਲੈਣਾ ਹੈ ਉਨ੍ਹਾਂ ਨੂੰ ਅਸੈਂਬਲੀ ਦੇ ਵਿਚ ਰੋਕ ਨਹੀਂ ਸਕਦੇ ਔਰ, ਡਿਪਟੀ ਸਪੀਕਰ ਸਾਹਿਬ, ਐਕਸਪੰਜ ਵੀ ਨਹੀਂ ਕਰ ਸਕਦੇ ਜੇ ਕਰ ਉਹ ਵਰਡਜ਼ ਅਨਡਿਗਨੀਫਾਈਡ ਨਾ ਹੋਣ । ਇਹ ਜਿਹੜੀ ਐਕਸਪੰਜ ਕਹਨ ਦੀ ਆਦਤ ਹੈ ਇਸ ਨੂੰ ਨਹੀਂ ਪਾਉਣਾ ਚਾਹੀਦਾ ਅਨਲੈਸ ਜਿਹੜੇ ਵਰਡਜ਼ ਪਬਲਿਕ ਇੰਟਰੈਸਟ ਦੇ ਖਿਲਾਫ ਹਨ ਅਤੇ ਰੂਲਜ਼ ਦੇ ਮੁਤਾਬਕ ਤੁਸੀਂ ਐਕਸਪੰਜ ਕਰ ਸਕਦੇ ਹੋ । ਲੇਕਿਨ ਮੈਂ ਅਪੀਲ ਕਰਾਂਗਾ ਤੁਹਾਡੇ ਸਾਹਮਣੇ ਹਾਊਸ ਨੂੰ ਕਿ ਜਿਥੋਂ ਡਿਸਕਸ਼ਨ ਕਰਨੀ ਹੈ, ਜਿਹੜਾ ਮਨਿਸਟਰ ਇੰਚਾਰਜ ਹੈ ਮਹਿਕਮੇ ਦਾ ਜਾਂ ਚੀਫ ਮਨਿਸਟਰ ਸਾਹਿਬ ਹਨ, ਉਹਨਾਂ ਦੇ ਖਿਲਾਫ ਕਹਿ ਸਕਦੇ ਹਨ ਕਿ ਇਹ ਕੰਮ ਠੀਕ ਨਹੀਂ । ਉਹਨਾਂ ਦੇ ਖਿਲਾਫ ਨੋ ਕਾਨਫੀਡੈਂਸ ਮੋਸ਼ਨ ਲਿਆ ਸਕਦੇ ਹੋ, ਆਫੀਸਰਜ਼ ਨੂੰ ਹਾਊਸ ਵਿਚ ਲਿਆ ਕੇ ਬਰੋਬੀਟ ਤੁਸੀਂ ਕਰ ਰਹੇ ਹੋ । ਤੁਹਾਡੇ ਜਿਹੜੇ ਕੰਸਟੀਚਿਊਸ਼ਨ ਦੇ ਫਰੇਮਰ ਸੀ ਉਹਨਾਂ ਦੀ ਦਿਹ ਕੋਈ ਇੰਟੈਨਸ਼ਨ ਨਹੀਂ ਸੀ ਕਿ ਤੁਸੀਂ ਕੋਈ ਸਬਸਟਾਂਟਿਵ ਮੋਸ਼ਨ ਅਫਸਰਾਂ ਦੇ ਖਿਲਾਫ ਲਿਆਓ । ਮੈਂ ਸਮਝਦਾ ਹਾਂ ਕਿ ਜੋ ਕੁਝ ਉਨ੍ਹਾਂ ਦਾ ਖ਼ਿਆਲ ਸੀ ਉਹ ਹਾਊਸ ਦੇ ਸਾਹਮਣੇ ਕਿਹਾ ਹੈ । ਗੌਰਮਿੰਟ ਸ਼ੁਡ ਟੇਕ ਨੋਟਿਸ ਆਫ ਫੀਲਿੰਗ ਆਫ ਦੀ ਹਾਊਸ । ਐਕਸਪੰਕਸ਼ਨ ਜਿਹੜੀ ਹੈ ਉਹ ਘੱਟ ਤੋਂ ਘੱਟ ਕਰਿਆ ਕਰੋ ਕਿਉਂਕਿ ਉਸ ਦੇ ਲਈ ਕਲੀਅਰ ਕਟ ਰੂਲਜ਼ ਹਨ ।

Original with;
Punjab Vidhan Sabha
Digitized by:
Panjab Digital Library

ਸਰਦਾਰ ਬਸੰਤ ਸਿੰਘ ਖ਼ਾਲਸਾ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜਿਵੇਂ ਤੁਸੀਂ ਲਫਜ਼ ਐਕਸਪੰਜ ਕਰਾ ਦਿਤੇ ਹਨ, ਮੈਂ ਕਹਿਦਾ ਹਾ ਕਿ ਜਿਹੜੀਆਂ ਕਮੇਟੀਆਂ ਅਸੀਂ ਹਾਊਸ ਦੀਆਂ ਇਲੈਕਟ ਕਰਕੇ ਭੇਜਦੇ ਹਾਂ, ਜਿਨ੍ਹਾਂ ਨੂੰ ਛੋਟਾ ਹਾਊਸ ਕਿਹਾ ਜਾਂਦਾ ਹੈ, ਜਿਨ੍ਹਾਂ ਦੀ ਰਿਪੋਰਟ ਇਸ ਹਾਊਸ ਦੀ ਪ੍ਰੋਸੀਡਿੰਗ ਬਣਦੀ ਹੈ, ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਨਾਂ ਤਾਂ ਉਹਨਾਂ ਕਮੇਟੀਆਂ ਦੀ ਰਿਪੋਰਟ ਵਿਚ ਉਨ੍ਹਾਂ ਦੇ ਨਾਮ ਲਿਖ ਸਕਾਂਗੇ ਅਤੇ ਨਾ ਹੀ ਉਹ ਕਮੇਟੀਆਂ ਚੀਫ ਸੈਕਟਰੀ ਨੂੰ ਬੁਲਾ ਸਕਣਗੀਆਂ । ਜਿਹੜੀ ਤੁਹਾਡੀ ਪਰਮਪਰਾ ਹੈ ਇਹ ਮਾੜੀ ਹੈ ।

ਸ਼੍ਰੀ ਡਿਪਟੀ ਸਪੀਕਰ : ਕਮੇਟੀ ਦੇ ਰੂਲਜ਼ ਅਲੱਗ ਹਨ ਉਹਨਾਂ ਵਿਚ ਲਿਖਿਆ ਹੋਇਆ ਹੈ ਕਿ ਤੁਸੀਂ ਬੁਲਾ ਸਕਦੇ ਹੋ । (ਵਿਘਨ) (There are seperate rules for the Committee and according to those rules the Committees can send for the officer.) (*Interruption*)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਡਿਪਟੀ ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਆਜ਼ਾਦ ਜੀ ਨੇ ਆਪਣੀ ਸਪੀਚ ਦੇ ਆਖ਼ਰ ਵਿਚ ਕੁਝ ਸ਼ਬਦ ਕਹੇ ਚੀਫ਼ ਸੈਕਟਰੀ ਸਾਹਿਬ ਤੇ ਨੁਕਤਾਚੀਨੀ ਕੀਤੀ । ਤੁਸੀਂ ਉਹ ਲਫਜ਼ ਕਢਾ ਦਿਤੇ ਅਤੇ ਨਾਲ ਹੀ ਕਿਹਾ ਕਿ ਇਹ ਮਜ਼ਮੂਨ ਡਿਸਕਸ਼ਨ ਦੇ ਥਲੇ ਨਹੀਂ ਹੈ.... (ਵਿਘਨ)

Mr. Deputy Speaker : I said that the conduct of the Chief Secretary is not under discussion.

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਤੁਸੀਂ ਕਿਹਾ ਕਿ ਇਸ ਰਿਪੋਰਟ ਤੋਂ ਬਾਹਰ ਕੋਈ ਗੱਲ ਨਹੀਂ ਹੋ ਸਕਦੀ ।

ਸ਼੍ਰੀ ਡਿਪਟੀ ਸਪੀਕਰ : ਮੈਂ ਅਲਾਉ ਕਰਦਾ ਰਿਹਾ ਹਾਂ, ਜਿਹੜਾ ਕੁਝ ਸਰਕਾਰ ਦੇ ਖਿਲਾਫ਼ ਕਹਿੰਦੇ ਰਹੇ । The conduct of the Chief Secretary is not under discussion. (I have been allowing whatever was being said against the Government. The conduct of the Chief Secretary is not under disscussion.)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਕੈਂਡਕਟ ਦਾ ਇਕ ਆਸਪੈਕਟ ਤਾਂ ਸਾਹਮਣੇ ਸੀ । ਰਿਪੋਰਟ ਦੇ ਸਫ਼ਾ 4 ਪੈਰਾ 1(3) ਵਿਚ ਲਿਖਿਆ ਹੋਇਆ ਹੈ :

> "A cursory look at the balance-sheet of our socio-economic achievements will show that we are far behind our goal before we can claim to have uplifted the Scheduled Castes and the Scheduled Tribes in the right sense." Further it has been mentioned in the same para that "the fact, however, remains that these communities have not, generally, been able to derive benefits of the socio-economic progress in the country to any appreciable extent, with the result that the gap between the scheduled and the non-scheduled classes, which was already fairly wide at the time of securing political freedom, has continued to become wider and wider during all these years.

Original with;
Punjab Vidhan Sabha
Digitized by;
Punjab Digital Library

ਆਜ਼ਾਦ ਜੀ ਸਿਰਫ਼ ਇਸ ਗੱਲ ਨੂੰ ਪੁਆਇੰਟ ਆਊਟ ਕਰ ਰਹੇ ਸੀ ਕਿ ਇਹ ਜਿਹੜੀ ਪਾਵਰ ਹੈ ਸ਼ਡਿਊਲਡ ਕਾਸਟਸ ਦੇ ਉਤੇ ਇਹ ਨਹੀਂ ਚਾਹੀਦੀ ਇਸ ਦਾ ਇਹ ਕਾਰਨ ਹੈ ਕਿ ਅਫ਼ਸਰਾਂ ਦੀ ਜ਼ਹਿਨੀਅਤ ਠੀਕ ਨਹੀਂ (ਵਿਘਨ) ਉਨ੍ਹਾਂ ਨੇ ਕਿਹਾ ਕਿ ਹਰੀਜਨ ਜਿਹੜ ਉੱਚੇ ਨਹੀਂ ਉਠ ਰਹੇ ਇਸ ਦੇ ਲਈ ਅਫ਼ਸਰ ਵੀ ਜ਼ਿਮੇਂਵਾਰ ਹਨ । ਇਸ ਤੇ ਵੀ ਤੁਹਾਡੀਆਂ ਬੰਦਸ਼ਾ ਲਗ ਗਈਆਂ । ਕਿਸੇ ਦਾ ਨਾਮ ਲਓ ਉਸ ਤੇ ਵੀ ਤੁਹਾਡੀਆਂ ਬੰਦਸ਼ਾਂ ਹਨ (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਜਿਹੜੇ ਹਾਊਸ ਦੇ ਰੂਲਜ਼ ਹਨ ਇਨ੍ਹਾਂ ਨੂੰ ਪੜ੍ਹ ਕੇ ਕਿਰਪਾ ਕਰਕੇ ਮੈਨੂੰ ਦਸ ਦਿਓ ਕਿ ਕਿਸ ਰੂਲ ਥੱਲੇ ਚੀਫ਼ ਸੈਕਟਰੀ ਸਾਹਿਬ ਦੇ ਖਿਲਾਫ ਸਬਸਟਾਂਟਿਵ ਮੋਸ਼ਨ ਆ ਸਕਦੀ ਹੈ ।

ਨੰਬਰਦਾਰ ਜਨਾਬ ਨੇ ਫ਼ਰਮਾਇਆ ਹੈ ਕਿ 1970-71 ਦੀ ਰਿਪੋਰਟ ਜ਼ੋਰੇ ਗੌਰ ਹੈ । ਮੈਂ ਜਨਾਬ ਦਾ ਧਿਆਨ ਉਸ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਇਕੱਲੀ ਰਿਪੋਰਟ ਦੀ ਕਾਪੀ ਡਿਸਕਸ਼ਨ ਵਿਚ ਨਹੀਂ ਹੈ ਬਲਕਿ ਇਸ ਦੀ ਇੰਪਲੀਮੈਂਟੇਸ਼ਨ ਵੀ ਡਿਸਕਸ਼ਨ ਥੱਲੇ ਹੈ । 1970-71 ਵਿਚ ਜੋ ਗੱਲਾਂ ਹੋਈਆਂ ਜਾਂ ਜੋ ਬਾਅਦ ਵਿਚ ਕਰਨੀਆਂ ਹਨ They all are under discussion ; ਇਸ ਤਰ੍ਹਾਂ ਕੋਈ ਬਹਾਨਾ ਕਰਕੇ ਚੀਫ ਸੈਕਟਰੀ ਸਾਹਿਬ ਦੀ ਯਾਰੀ ਨਿਭਾਉਣ ਦੀ ਕੋਸ਼ਿਸ਼ ਨਾ ਕਰੋ ।

ਸ਼੍ਰੀ ਡਿਪਟੀ ਸਪੀਕਰ : ਮੈਂ ਕਿਸੇ ਦੀ ਯਾਰੀ ਨਿਭਾਉਣ ਦੀ ਕੋਸ਼ਿਸ਼ ਨਹੀਂ ਕੀਤੀ । ਜੋ ਹਾਊਸ ਦੇ ਰੂਲਜ਼ ਹਨ ਮੈਂ ਉਨ੍ਹਾਂ ਮਤਾਬਕ ਹੀ ਚਲ ਰਿਹਾ ਹਾਂ । (I have not tried to defend any body. I am conducting the proceedings of the House according to the Rules of the Procedure.)

(ਇਸ ਵਕਤ ਸ਼੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਸਰਦਾਰ ਧੰਨਾ ਸਿੰਘ ਗੁਲਸ਼ਨ (ਨਥਾਣਾ ਐਸ. ਸੀ.) : ਸਪੀਕਰ ਸਾਹਿਬ, ਕਮਿਸ਼ਨਰ ਆਫ ਇੰਡੀਆ ਦੀ ਰਿਪੋਰਟ 1970-71 ਜਿਹੜੀ ਹੈ ਉਸ ਤੇ ਵਿਚਾਰ ਕਰਨ ਲਈ ਮੈਂ ਖੜਾ ਹੋਇਆ ਹਾਂ । ਸਪੀਕਰ ਸਾਹਿਬ, ਸਾਡੀ ਹਿੰਦੁਸਤਾਨ ਦੀ ਸਰਕਾਰ ਨੇ ਕਮਿਸ਼ਨਰ ਫਾਰ ਸ਼ਡਿਊਲਡ ਕਾਸਟਸ ਇਸ ਲਈ ਬਣਾਇਆ ਕਿ ਸਾਡੇ ਹਿੰਦੁਸਤਾਨ ਦਾ ਵਿਧਾਨ ਘੜਨ ਵਾਲੇ ਡਾਕਟਰ ਅੰਬੇਦਕਰ ਜਿਨ੍ਹਾਂ ਨੇ ਉਸ ਵਿਧਾਨ ਵਿਚ ਹਿੰਦੁਸਤਾਨ ਦੀ ਆਬਾਦੀ ਦਾ ਚੌਥਾ ਹਿੱਸਾ ਵੱਸਣ ਵਾਲੇ ਲੋਕਾਂ ਨੂੰ ਹੱਕ ਦਿਤਾ ਔਰ ਸਰਕਾਰਾਂ ਉਨ੍ਹਾਂ ਨੂੰ ਨਹੀਂ ਦੇ ਰਹੀਆਂ ਉਹ ਕਮਿਸ਼ਨਰ ਉਨ੍ਹਾਂ ਸਰਕਾਰਾਂ ਦੇ ਕੰਮ ਆਪਣੀ ਰਿਪੋਰਟ ਵਿਚ ਜ਼ਾਹਰ ਕਰਦਾ ਹੈ । ਇਸ ਰਿਪੋਰਟ ਤੇ ਡਿਸਕਸ਼ਨ ਪਾਰਲੀਮੈਂਟ ਵਿਚ ਵੀ ਹੁੰਦੀ ਹੈ ਅਤੇ ਬਾਕੀ ਦੇ ਸੂਬਿਆਂ ਦੀਆਂ ਅਸੈਂਬਲੀਆਂ ਵਿਚ ਵੀ । ਮੈਂ ਸਮਝਦਾ ਹਾਂ ਇਸ ਲਈ ਇਸ ਰਿਪੋਰਟ ਤੇ ਜੋ ਸਦਨ ਨੇ ਵਿਚਾਰ ਪਰਗਟ ਕਰਨੇ ਹਨ ਇਹ ਬੜੀ ਗੰਭੀਰਤਾ ਨਾਲ ਸਰਕਾਰ ਤਕ ਆਪਣੀ ਗੱਲ ਜੋ ਕਮਿਸ਼ਨਰ ਸਾਹਿਬ ਨੇ ਆਖੀ ਹੈ ਉਹ ਪਹੁੰਚਾਣ ਦੇ ਯਤਨ ਕੀਤੇ ਜਾ ਰਹੇ ਹਨ ਮੈਂਬਰ ਸਾਹਿਬਾਨ ਵਲੋਂ । ਸਪੀਕਰ ਸਾਹਿਬ, ਦੇਸ਼ ਦੇ ਅੰਦਰ ਅੱਜ ਬੜੀ ਭਾਰੀ ਮਹਿੰਗਾਈ ਦੇ ਕਾਰਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਧੰਨਾ ਸਿੰਘ ਗੁਲਸ਼ਨ]

ਤਰਥੱਲੀ ਮਚੀ ਹੋਈ ਹੈ । ਇਸ ਤਰਥੱਲੀ ਦਾ ਸਭ ਤੋਂ ਜ਼ਿਆਦਾ ਅਸਰ ਸ਼ਡਿਊਲਡ ਕਾਸਟਸ ਦੇ ਲੋਕਾਂ ਤੇ ਪੈ ਰਿਹਾ ਹੈ । ਇਸ ਵੇਲੇ ਪੰਜਾਬ ਦੇ ਵੱਸਣ ਵਾਲੇ ਲੋਕਾਂ ਦੀ ਜਨ ਸੰਖਿਆ 1,37,91,060 ਹੈ ਜਿਨ੍ਹਾਂ ਵਿਚੋਂ ਅਨੁਸੂਚਿਤ ਜਾਤੀਆਂ ਦੀ 33,48,217 ਹੈ ਔਰ ਜਿਸ ਦੀ ਗਿਣਤੀ ਲਗਭਗ 24% ਬਣਦੀ ਹੈ । ਇਨ੍ਹਾਂ ਲੋਕਾਂ ਵਿਚ ਇਕ ਪਾਸੇ ਇਨ੍ਹਾਂ ਨੇ ਨਾਅਰਾ ਲਗਾਇਆ ਸੀ ਕਿ ਗਰੀਬੀ ਦੂਰ ਕਰਨੀ ਹੈ । ਗਰੀਬੀ ਦੂਰ ਤਾਂ ਕੀ ਕਰਨੀ ਹੈ ਬਲਕਿ ਗਰੀਬੀ ਇਨ੍ਹਾਂ ਵਿਚ ਵਧਦੀ ਜਾ ਰਹੀ ਹੈ । ਸਾਡੇ ਪੰਜਾਬ ਵਿਚ ਖੇਤ ਮਜ਼ਦੂਰ 31 ਦਸੰਬਰ, 1972 ਤਕ 7,58,613 ਸਨ ਜਿਹੜੇ ਕਿ ਕੇਵਲ ਖੇਤਾਂ ਵਿਚ ਕੰਮ ਕਰਦੇ ਸਨ । ਜਿਨ੍ਹਾਂ ਦੀ ਆਮਦਨ ਮਹੀਨੇ ਦੀ ਗਿਣੀ ਜਾਏ ਤਾਂ ਮੈਂ ਸਮਝਦਾ ਹਾਂ ਕਿ ਅੱਸਤਨ ਰੁਪਏ ਤੋਂ ਘੱਟ ਹੈ ਜਿਸ ਨਾਲ ਉਸ ਨੂੰ ਆਪਣੇ ਸਾਰੇ ਪਰਿਵਾਰ ਨੂੰ ਰੋਟੀ ਖਿਲਾਉਣੀ ਹੁੰਦੀ ਹੈ ।

ਸਪੀਕਰ ਸਾਹਿਬ, ਸਮਾਜਵਾਦ ਲਿਆਉਣ ਦਾ ਅਤੇ ਗਰੀਬੀ ਹਟਾਉਣ ਦਾ ਨਾਅਰਾ ਲਾਇਆ ਗਿਆ । ਜੋ ਇਹ ਨਾਅਰਾ ਲਾਇਆ ਗਿਆ ਉਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਅੱਜ ਅੰਨ ਸੰਕਟ ਹੋ ਗਿਆ ਹੈ । ਬਿਜਲੀ, ਤੇਲ, ਡੀਜ਼ਲ ਖਾਦ ਦੀ ਕਮੀ ਦੇਸ਼ ਵਿਚ ਹੋ ਗਈ ਹੈ । ਬਾਰਿਸ਼ ਨਾ ਹੋਣ ਕਾਰਣ ਅੰਨ ਸੰਕਟ ਦਾ ਹੋਰ ਵੀ ਦੇਸ਼ ਨੂੰ ਜ਼ਿਆਦਾ ਸਾਹਮਣਾ ਕਰਨਾ ਪਵੇਗਾ । ਅੱਜ ਮੱਕੀ ਦੀ ਕੀਮਤ 190 ਰੁਪਏ ਕੁਇੰਟਲ ਪਹੁੰਚ ਗਈ ਹੈ, ਕਣਕ 150 ਰੁਪਏ ਕੁਇੰਟਲ ਹੋ ਗਈ ਹੈ, ਚੀਨੀ ਪੰਜ ਰੁਪਏ ਕਿਲੋ ਵਿਕ ਰਹੀ ਹੈ, 13 ਰੁਪਏ ਕਿਲੋ ਤਕ ਘੀ ਪਹੁੰਚ ਗਿਆ ਹੈ ਅਤੇ ਪੰਜ ਚਾਰ ਰੁਪਏ ਤਕ ਦਾਲਾਂ ਦਾ ਰੇਟ ਹੋ ਗਿਆ ਹੈ । ਲੋਹਾ, ਸੀਮਿੰਟ, ਕੋਇਲਾ, ਕਪੜਾ ਅੱਜ ਦੇਸ਼ ਵਿਚ ਮਹਿੰਗਾ ਹੋ ਗਿਆ ਹੈ ਜਾਂ ਅਲੋਪ ਹੋ ਗਿਆ ਹੈ ਅਤੇ ਇਸ ਦਾ ਅਸਰ ਸਭ ਤੋਂ ਜ਼ਿਆਦਾ ਇਨ੍ਹਾਂ ਗਰੀਬ ਲੋਕਾਂ ਉਤੇ ਪੈਂਦਾ ਹੈ । ਗਰੀਬ ਇਕ ਦੋ ਦਿਨ ਦਿਹਾੜੀ ਕਰਦਾ ਹੈ ਤਾਂ ਜਾ ਕੇ ਆਪਣੇ ਬੱਚਿਆਂ ਨੂੰ ਰੋਟੀ ਖਵਾ ਸਕਦਾ ਹੈ । ਜੇ ਦੋ ਚਾਰ ਦਿਨ ਮਜ਼ਦੂਰੀ ਨਾ ਮਿਲੇ ਤਾਂ ਸਾਰਾ ਪਰਿਵਾਰ ਭੁੱਖਾ ਮਰ ਜਾਂਦਾ ਹੈ । ਮੈਂ ਸਮਝਦਾ ਹਾਂ ਕਿ ਇਹੋ ਜਿਹੀਆਂ ਗੱਲਾਂ ਦੀ ਜਾਂਚ ਪੜਤਾਲ ਕਰਾਉਣ ਵਾਸਤੇ ਹਿੰਦੁਸਤਾਨ ਦੀ ਸਰਕਾਰ ਨੇ ਇਹ ਕਮਿਸ਼ਨਰ ਨਿਯੁਕਤ ਕੀਤਾ ਜਿਹੜਾ ਕਿ ਹਿੰਦੁਸਤਾਨ ਦੇ ਸਾਰੇ ਸੂਬਿਆਂ ਦੇ ਵਿਚ ਘੁੰਮ ਕੇ ਆਪਣੀ ਰਿਪੋਰਟ ਦਿੰਦਾ ਹੈ । ਮੈਂ ਤੁਹਾਡੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਪੰਜਾਬ ਸਰਕਾਰ ਨੇ ਸਮਾਜਵਾਦ ਲਿਆਉਣ ਦੀ ਗੱਲ ਕੀਤੀ । ਹਿੰਦੁਸਤਾਨ ਦੀ ਸਰਕਾਰ ਨੇ ਵੀ ਇਹ ਗੱਲ ਕੀਤੀ । ਅਨੁਸੂਚਿਤ ਜਾਤੀਆਂ ਵਾਸਤੇ ਕਮਿਸ਼ਨ ਬਣਾਇਆ ਗਿਆ । ਅੱਜ ਇਨ੍ਹਾਂ ਗਰੀਬਾਂ ਦੀ ਕੀ ਹਾਲਤ ਹੈ । ਪੰਜਾਬ ਬਾਰੇ ਇਸ ਕਮਿਸ਼ਨਰ ਨੇ ਆਪਣੀ ਰਿਪੋਰਟ ਦੇ 241 ਸਫੇ ਤੇ ਲਿਖਿਆ ਹੈ ਕਿ ਕਿਸ ਤਰ੍ਹਾਂ ਇਨ੍ਹਾਂ ਨਾਲ ਬੇਇਨਸਾਫੀ ਹੋਈ ਹੈ । ਤੁਸੀਂ, ਸਪੀਕਰ ਸਾਹਿਬ, ਦੇਖੋਗੇ ਕਿ ਪੰਜਾਬ ਵਿਚ ਵੱਡੇ ਅਫਸਰ ਕਲਾਸ ਵਨ ਦੇ ਜਿਹੜੇ ਹਨ ਉਨ੍ਹਾਂ ਸਾਰਿਆਂ ਦੀ ਗਿਣਤੀ ਕਮਿਸ਼ਨਰ ਨੇ ਆਪਣੀ ਰਿਪੋਰਟ ਵਿਚ ਦਿੱਤੀ ਹੈ । ਡਿਪਟੀ ਸਪੀਕਰ ਸਾਹਿਬ ਤਾਂ ਨਾਂ ਲੈਣ ਹੀ ਨਹੀਂ ਦਿੰਦੇ । ਕਲਾਸ ਵਨ ਦੇ 8,023 ਵਿਚੋਂ ਅਨੁਸੂਚਿਤ ਜਾਤੀਆਂ ਦੇ ਕੇਵਲ 31 ਹਨ। ਕਲਾਸ ਟੂ ਦੇ ਸਾਰੇ 4,408 ਹਨ ਜਿਨ੍ਹਾਂ ਵਿਚੋਂ ਪੱਛੜੀਆਂ ਜਾਤੀਆਂ ਦੇ ਕੇਵਲ 134 ਹਨ। ਕਲਾਸ ਥਰੀ ਦੇ 1,26,341 ਹਨ ਜਿਨ੍ਹਾਂ ਵਿਚੋਂ ਪੱਛੜੀਆਂ ਜਾਤੀਆਂ ਦੇ 12,431 ਹਨ, ਇਸੇ ਤਰ੍ਹਾਂ ਹੀ ਫੋਰਥ ਕਲਾਸ ਦੀ ਹਾਲਤ ਹੈ ।

ਸ਼੍ਰੀ ਸਪੀਕਰ : ਗੁਲਸ਼ਨ ਜੀ, ਟਾਈਮ ਬਹੁਤ ਥੋੜ੍ਹਾ ਹੈ । ਮਾਸਟਰ ਚੰਦ ਸਿੰਘ ਜੀ ਨੇ ਵੀ ਪੰਜ ਮਿੰਟ ਲਈ ਬੋਲਣਾ ਹੈ । ਮਾਸਟਰ ਗੁਰਬੰਤਾ ਸਿੰਘ ਜੀ ਨੇ ਵੀ ਥੋੜ੍ਹਾ

Original with;
Punjab Vidhan Sabha
Digitized by;
Panjab Digital Library

ਟਾਈਮ ਲੈਣਾ ਹੈ । ਮਨਿਸਟਰ ਸਾਹਿਬ ਨੇ ਵੀ ਜਵਾਬ ਦੇਣਾ ਹੈ । ਤੁਸੀਂ ਇਸ ਲਈ ਦੋ ਚਾਰ ਮਿੰਟਾਂ ਵਿਚ ਆਪਣੀ ਸਪੀਚ ਖਤਮ ਕਰ ਦਿਉ । (Gulshan Ji, the time at your disposal is very short. Master Chand Singh is also to speak for five minutes. Master Gurbanta Singh also wants to participate in the discussion. The Minister concerned is also to give reply to the discussion. Therefore, please wind up your speech within four or five minutes.)

ਸਰਦਾਰ ਧੰਨਾ ਸਿੰਘ ਗੁਲਸ਼ਨ : ਅੱਛਾ ਜੀ । ਮੈਂ ਚਾਰ ਪੰਜ ਮਿੰਟਾਂ ਵਿਚ ਕੁਝ ਜ਼ਰੂਰੀ ਗੱਲਾਂ ਕਰਨੀਆਂ ਚਾਹੁੰਦਾ ਹਾਂ । ਨੌਕਰੀਆਂ ਦੀ ਇਹ ਹਾਲਤ ਹੈ । ਖੁਸ਼ੀ ਦੀ ਗੱਲ ਹੈ ਕਿ ਚੀਫ ਮਨਿਸਟਰ ਸਾਹਿਬ ਨੇ ਇਸ ਸਦਨ ਦੇ ਚਲਦਿਆਂ ਹੋਇਆਂ ਐਲਾਨ ਕੀਤਾ ਕਿ ਸ਼ਡਿਊਲਡ ਕਾਸਟਸ ਵਾਸਤੇ 25 ਫੀ ਸਦੀ ਰਿਜ਼ਰਵੇਸ਼ਨ ਨੌਕਰੀਆਂ ਵਿਚ ਰੱਖੀ ਜਾਵੇਗੀ । ਉਨ੍ਹਾਂ ਨੇ ਪਿਛਲੇ ਸਾਲ ਵੀ ਕਮੇਟੀ ਦੀ ਮੀਟਿੰਗ ਵਿਚ ਐਲਾਨ ਕੀਤਾ ਸੀ ਕਿ ਜਿਹੜੇ ਪਿੱਛੇ ਕੰਮ ਰਹਿ ਗਏ ਹਨ, ਹਾਈ ਕੋਰਟ ਅਤੇ ਸੁਪਰੀਮ ਕੋਰਟ ਨੇ ਫੈਸਲੇ ਜਿਹੜੇ ਸ਼ਡਿਊਲਡ ਕਾਸਟਸ ਦੀਆਂ ਅਪੀਲਾਂ ਉਤੇ ਕੀਤੇ ਹਨ ਉਨ੍ਹਾਂ ਨੂੰ ਹੁਣ ਤੋਂ ਹੀ ਲਾਗੂ ਕੀਤਾ ਜਾਵੇਗਾ । ਐਲਾਨ ਉਸ ਵੇਲੇ ਵੀ ਇਹ ਕੀਤਾ ਸੀ ਲੇਕਿਨ ਸਾਲ ਤੋਂ ਉਤੇ ਸਮਾਂ ਗੁਜ਼ਰ ਗਿਆ ਹੈ ਪਰ ਉਸ ਦੇ ਵਿਚ ਕੋਈ ਪ੍ਰੀਵਰਤਨ ਨਹੀਂ ਹੋਇਆ । ਇਸੇ ਤਰ੍ਹਾਂ ਹੁਣ ਫਿਰ ਐਲਾਨ ਹੋਇਆ । ਸਾਨੂੰ ਇਸ ਦੀ ਖੁਸ਼ੀ ਹੈ ਲੇਕਿਨ ਐਲਾਨ ਸਿਰਫ ਐਲਾਨ ਹੀ ਨਾ ਰਹਿ ਜਾਣ । ਇਨ੍ਹਾਂ ਤੇ ਅਮਲ ਵੀ ਜ਼ਰੂਰ ਹੋਵੇ । ਸ਼ਡਿਊਲਡ ਕਾਸਟਸ ਦਾ ਕੋਈ ਹਾਈ ਕੋਰਟ ਦਾ ਜੱਜ ਨਹੀਂ ਹੈ । ਕੋਈ ਡਿਸਟ੍ਰਿਕਟ ਮੈਜਿਸਟਰੇਟ ਜਾਂ ਸੈਸ਼ਨ ਜੱਜ ਸ਼ਡਿਊਲਡ ਕਾਸਟਸ ਦਾ ਨਹੀਂ ਹੈ । ਜਿਤਨੇ ਅਟਾਰਨੀ ਜਨਰਲ ਹਨ ਉਨ੍ਹਾਂ ਵਿਚ ਕੋਈ ਸ਼ਡਿਊਲਡ ਕਾਸਟ ਨਹੀਂ । ਜਿਹੜੀਆਂ ਪ੍ਰਾਈਵੇਟ ਕੰਪਨੀਆਂ ਹਨ ਜਿਨ੍ਹਾਂ ਵਿਚ ਸਰਕਾਰ ਦੇ ਬਹੁਤ ਵੱਡੇ ਵੱਡੇ ਹਿੱਸੇ ਹਨ ਉਨ੍ਹਾਂ ਵਿਚ ਕੋਈ ਸ਼ਡਿਊਲਡ ਕਾਸਟ ਨਹੀਂ । ਇਸ ਕਰਕੇ ਜਾਂ ਤਾਂ ਸ਼ੁਰੂ ਤੋਂ ਹੀ ਉਨ੍ਹਾਂ ਦੀਆਂ ਰਿਪੋਰਟਾਂ ਗੰਦੀਆਂ ਕਰ ਦਿੱਤੀਆਂ ਜਾਂਦੀਆਂ ਹਨ ਅਤੇ ਜਦੋਂ ਉਨ੍ਹਾਂ ਦੀ ਪਰਮੋਸ਼ਨ ਨੇੜੇ ਆਉਂਦੀ ਹੈ ਤਾਂ ਉਨ੍ਹਾਂ ਨੂੰ ਇਸ ਬੇਸਿਜ਼ ਤੇ ਪਿੱਛੇ ਸੁੱਟ ਦਿੱਤਾ ਜਾਂਦਾ ਹੈ । ਇਹ ਅਨਿਆਇ ਵੱਡੇ ਅਤੇ ਮੁੱਖ ਅਫਸਰ ਵਲੋਂ ਕੀਤਾ ਜਾਂਦਾ ਹੈ । ਇਸ ਲਈ ਅਸੀਂ ਚਾਹੁੰਦੇ ਹਾਂ ਕਿ ਪਿਛਲੇ ਸਾਲ ਵੀ ਇਹ ਮੈਮੋਰੰਡਮ ਸ਼ਡਿਊਲਡ ਕਾਸਟਸ ਦੀ ਇਕ ਫੈਡਰੇਸ਼ਨ ਨੇ ਮੁੱਖ ਮੰਤਰੀ ਨੂੰ ਦਿੱਤਾ ਸੀ, ਜਿਸ ਨੂੰ ਕਿ ਇਕ ਸਾਲ ਹੋ ਗਿਆ ਹੈ ਅਤੇ ਉਨ੍ਹਾਂ ਨੂੰ ਯਕੀਨ ਦਿਵਾਇਆ ਗਿਆ ਸੀ ਕਿ ਇਸ ਤੇ ਐਕਸ਼ਨ ਲਿਆ ਜਾਵੇਗਾ ਲੇਕਿਨ ਅਜੇ ਤਕ ਉਸ ਉਤੇ ਕੋਈ ਅਮਲ ਨਹੀਂ ਹੋਇਆ । ਇਕ ਇਹ ਮੈਮੋਰੰਡਮ ਮੁੱਖ ਮੰਤਰੀ ਨੂੰ 5 ਜੂਨ, 1973 ਨੂੰ ਦਿੱਤਾ ਗਿਆ ਲੇਕਿਨ ਇਸ ਦੇ ਉਤੇ ਵੀ ਕੋਈ ਅਮਲ ਨਹੀਂ ਹੋਇਆ । ਮੈਂ ਤੁਹਾਡੀ ਸੇਵਾ ਵਿਚ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਰਕਾਰ ਕਹਿੰਦੀ ਹੈ ਕਿ ਅਸੀਂ ਹਰੀਜਨਾਂ ਲਈ ਧਰਮਸ਼ਾਲਾਵਾਂ ਬਣਾ ਦਿੱਤੀਆਂ ਹਨ, ਉਨ੍ਹਾਂ ਨੂੰ ਮਕਾਨਾਂ ਵਾਸਤੇ ਪਲਾਟ ਦੇ ਦਿੱਤੇ ਹਨ ।

Original with;
Punjab Vidhan Sabha
Digitized by;
Panjab Digital Library

ਸ਼ੀ· ਸਪੀਕਰ : ਹੁਣ ਤੁਸੀਂ ਤਸ਼ਰੀਫ ਰਖੋ । (Please resume your seat now)

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਧਰਮਸ਼ਾਲਾਵਾਂ ਦੀ ਅਸਲ ਪੋਜੀਸ਼ਨ ਮੈਂ ਆਪ ਨੂੰ ਦਸਦਾ ਹਾਂ । (ਘੰਟੀ) ਸਪੀਕਰ ਸਾਹਿਬ, ਸਰਕਾਰ ਨੇ ਕਿਹਾ ਹੈ ਕਿ ਅਸੀਂ ਸੈਂਟ ਪਰਸੈਂਟ ਪਲਾਟ ਦੇ ਦਿਤੇ ਹਨ । ਕਪੂਰਥਲੇ ਦੀ ਅਖਬਾਰ ਦੀ ਕਟਿੰਗ ਹੈ । ਇਸ ਦੇ ਵਿਚ ਲਿਖਿਆ ਹੈ ਕਿ ਅਜੇ ਤਕ 26% ਲੋਕਾਂ ਨੂੰ ਪਲਾਟ ਦਿੱਤੇ ਗਏ ਹਨ । ਮੇਰੇ ਕੋਲ ਉਨ੍ਹਾਂ ਦੀਆਂ ਰਿਪੋਰਟਾਂ ਹਨ । ਪੁਲਿਸ ਦੀ ਜਿਹੜੀ ਭਰਤੀ ਹੁੰਦੀ ਹੈ ਉਸ ਦੇ ਵਿਚ ਵੀ ਇਨ੍ਹਾਂ ਲੋਕਾਂ ਨਾਲ ਕਿਤਨਾ ਧੱਕਾ ਅਤੇ ਅਨਿਆਇ ਹੋਇਆ ਹੈ । ਸ਼ਡਿਊਲਡ ਕਾਸਟਸ ਦਾ ਆਦਮੀ ਜਿਹੜਾ ਕਿ ਲਿਸਟ ਵਿਚ ਚੌਥੇ ਨੰਬਰ ਤੇ ਆਉਂਦਾ ਸੀ, ਉਸ ਨੂੰ ਛੱਡ ਕੇ ਬਾਕੀ ਦੀ ਪਰਮੋਸ਼ਨ ਕਰ ਦਿੱਤੀ ਗਈ । ਇਸੇ ਤਰ੍ਹਾਂ ਹੀ ਸਿਖਿਆ ਬੋਰਡ ਅਤੇ ਸਿੰਜਾਈ ਵਿਭਾਗ ਵਿਚ ਕੀਤਾ ਗਿਆ ਹੈ । ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਮੇਰੇ ਕੋਲ ਦਰਖਾਸਤਾਂ ਹਨ, ਅਖਬਾਰਾਂ ਦੀਆਂ ਕਟਿੰਗਜ਼ ਹਨ । ਮੇਰੇ ਸਾਹਮਣੇ ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ ਬੈਠੇ ਹਨ । ਇਨ੍ਹਾਂ ਦੇ ਨੇੜੇ ਇਕ ਪਿੰਡ ਲੰਡਕੇ ਹੈ । ਮੇਰੇ ਕੋਲ ਇਨ੍ਹਾਂ ਦੀ ਦਰਖਾਸਤ ਆਈ ਹੈ । ਜੇ ਕਹੋ ਤਾਂ ਮੈਂ ਇਹ ਦਰਖਾਸਤ ਸਦਨ ਦੀ ਮੇਜ਼ ਤੇ ਰੱਖ ਦਿਆਂ । ਉਨ੍ਹਾਂ ਨੇ ਲਿਖਿਆ ਹੈ ਕਿ ਸਾਨੂੰ ਪਲਾਟ ਅਲਾਟ ਕਰ ਦਿਤੇ ਗਏ ਪਰ ਕਬਜ਼ਾ ਕਿਸੇ ਹੋਰ ਨੇ ਕਰ ਲਿਆ ਸੀ । ਇਸ ਤਰ੍ਹਾਂ ਦੀਆਂ ਹੇਰਾ ਫੇਰੀਆਂ ਹੋ ਰਹੀਆਂ ਹਨ (ਘੰਟੀ) ਸਪੀਕਰ ਸਾਹਿਬ, ਮੈਂ ਇਕ ਦੋ ਮਿੰਟ ਵਿਚ ਹੀ ਕੁਝ ਜ਼ਰੂਰੀ ਗੱਲਾਂ ਕਹਿ ਦਿੰਦਾ ਹਾਂ । ਸਪੀਕਰ ਸਾਹਿਬ, ਮੇਰੇ ਕੁਝ ਸੁਝਾਓ ਹਨ :

ਬੇਰੁਜ਼ਗਾਰ ਅਤੇ ਵੇਹਲਿਆਂ ਲਈ ਪਿੰਡਾਂ ਵਿਚ ਕੁਝ ਪਿੰਡਾਂ ਦੀਆਂ ਲੋੜਾਂ ਅਨੁਸਾਰ ਉਦਯੋਗਿਕ ਸਿਖਿਆ ਕੇਂਦਰ ਸਥਾਪਿਤ ਹੋਣੇ ਚਾਹੀਦੇ ਹਨ । ਸਿਖਿਆਰਥੀਆਂ ਲਈ ਉਦਯੋਗ ਤੇ ਵਿਦਿਅਕ ਸਿਖਿਆ ਲਈ 100 ਰੁਪਿਆ ਹਰ ਮਹੀਨੇ ਹਰ ਵਿਦਿਆਰਥੀ ਨੂੰ ਦੇਣ ਦਾ ਸਰਕਾਰ ਵਲੋਂ ਪਰਬੰਧ ਕੀਤਾ ਜਾਣਾ ਚਾਹੀਦਾ ਹੈ । ਦੁਪਿਹਰ ਦੇ ਖਾਣੇ ਅਤੇ ਕਪੜੇ ਦਾ ਪ੍ਰਬੰਧ ਸਰਕਾਰ ਮੁਫਤ ਕਰਕੇ ਦੇਵੇ । ਉਦਯੋਗਿਕ ਮਸ਼ੀਨਰੀ ਸਰਕਾਰ ਲਗਾਵੇ ਤੇ ਉਤਪਾਦਨ ਕੀਤੇ ਮਾਲ ਦੀ ਖਪਤ ਸਰਕਾਰ ਕਰੇ । ਉਤਪਾਦਨ ਦਾ ਮੁਨਾਫਾ 40% ਸਿਖਿਆਰਥੀਆਂ ਨੂੰ ਦਿਤਾ ਜਾਵੇ । ਜੋ ਸਿਖਿਆਰਥੀ ਉਸ ਵਿਦਿਆ ਵਿਚ ਪੂਰੀ ਤਰ੍ਹਾਂ ਜਾਣੂ ਅਤੇ ਮੁਨਾਫਾਯੋਗ ਹੋ ਜਾਣ ਤਾਂ ਲਗੀਆਂ ਹੋਈਆਂ ਉਹ ਸਰਕਾਰੀ ਮਸ਼ੀਨਾਂ ਸਿਖਿਆਰਥੀਆਂ ਦੀ ਸਾਂਝੀ ਸਭਾ ਬਣਾ ਕੇ ਉਨ੍ਹਾਂ ਨੂੰ ਕਿਸ਼ਤਾਂ ਉਤੇ ਦੇ ਦਿਤੀਆਂ ਜਾਣ ਤੇ ਸਰਕਾਰ ਆਪਣਾ ਹੱਥ ਉਸ ਵਿਚੋਂ ਕੱਢ ਲਵੇ । (ਸ਼ੋਰ)

ਸ਼ੀ ਸਪੀਕਰ : ਤੁਸੀਂ ਹੁਣ ਤਸ਼ਰੀਫ ਰਖੋ । ਤੁਸੀਂ ਤਕਰੀਰ ਪੜ੍ਹ ਕੇ ਨਹੀਂ ਕਰ ਸਕਦੇ । ਇਹ ਰੂਲਜ਼ ਦੀ ਉਲੰਘਣਾ ਹੈ । (Please resume your seat. You cannot make a written speech. This is violation of the Rules.)

ਸਰਦਾਰ ਧੰਨਾ ਸਿੰਘ ਗੁਲਸ਼ਨ : ਮੈਂ ਸਦਨ ਦੀ ਮੇਜ਼ ਤੇ ਰੱਖ ਦਿੰਦਾ ਹਾਂ ।

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਤੁਸੀਂ ਮੇਰੇ ਕੋਲ ਭੇਜ ਦਿਉ । ਮੇਰੀ ਪਰਮਿਸ਼ਨ ਤੋਂ ਬਿਨਾਂ ਤੁਸੀਂ ਸਦਨ ਦੀ ਮੇਜ਼ ਤੇ ਨਹੀਂ ਰਖ ਸਕਦੇ । (Please send it to me, you cannot place any paper on the Table of the House without my permission.)

(ਇਸ ਸਮੇਂ ਗੁਲਸ਼ਨ ਜੀ ਨੇ ਉਹ ਕਾਗਜ਼* ਸਪੀਕਰ ਸਾਹਿਬ ਨੂੰ ਭੇਜ ਦਿਤਾ ।)

ਚੌਧਰੀ ਜਗਤ ਰਾਮ : ਸਪੀਕਰ ਸਾਹਿਬ ਮੇਰਾ ਪੁਆਇੰਟ ਆਫ ਆਰਡਰ ਇਹ ਹੈ ਇਹ ਗੱਲ ਜਿਹੜੀ ਇਥੇ ਕਹੀ ਗਈ ਹੈ ਕਿ ਇਹ ਸਾਰੇ ਦਾ ਸਾਰਾ ਇਜਲਾਸ ਹਰੀਜਨਾਂ ਦੇ ਹਿੱਤਾਂ ਲਈ ਰਿਹਾ ਹੈ ਮੈਂ ਤਾਂ ਇਹ ਕਹਿੰਦਾ ਹਾਂ ਕਿ ਹੁਣ ਸਮਾਜ ਇਸ ਤਰ੍ਹਾਂ ਦਾ ਆ ਰਿਹਾ ਹੈ ਕਿ ਸਾਰਾ ਯੁਗ ਹੀ ਹਰੀਜਨਾਂ ਦਾ ਆਉਣਾ ਹੈ ।

ਸ੍ਰੀ ਸਪੀਕਰ : ਠੀਕ ਹੈ ਇਸੇ ਤਰ੍ਹਾਂ ਦਾ ਯੁੱਗ ਹੋਣਾ ਚਾਹੀਦਾ ਹੈ । (Yes, that era should dawn.)

ਖੇਤੀ ਬਾੜੀ ਅਤੇ ਜੰਗਲਾਤ ਮੰਤਰੀ (ਮਾਸਟਰ ਗੁਰਬੰਤਾ ਸਿੰਘ) : ਸਪੀਕਰ ਸਾਹਿਬ, ਮੈਂ ਡਿਬੇਟ ਦਾ ਜਵਾਬ ਦੇਣ ਲਈ ਖੜਾ ਨਹੀਂ ਹੋਇਆ । ਡਿਬੇਟ ਦਾ ਜਵਾਬ ਤਾਂ ਸੋਸ਼ਲ ਵੈਲਫੇਅਰ ਮਨਿਸਟਰ ਸਾਹਿਬ ਹੀ ਦੇਣਗੇ ਮੈਂ ਤਾਂ ਸਿਰਫ 4, 5 ਮਿੰਟ ਹੀ ਤੁਹਾਡੇ ਕੋਲੋਂ ਲੈਣੇ ਹਨ । ਮੇਰੀ ਅਰਜ਼ ਇਹ ਹੈ ਕਿ ਇਥੇ ਬਹੁਤ ਤੌਖਲਾ ਜ਼ਾਹਿਰ ਕੀਤਾ ਗਿਆ ਅਤੇ ਇਹ ਕਿਹਾ ਗਿਆ ਕਿ ਜਦੋਂ ਦੀ ਇਹ ਸਰਕਾਰ ਬਣੀ ਹੈ ਜਾਂ ਜਦੋਂ ਦੀ ਆਜ਼ਾਦੀ ਮਿਲੀ ਹੈ ਇਹ ਸ਼ਡਿਊਲਡ ਕਾਸਟਾਂ ਵਾਸਤੇ ਹੀ ਸਭ ਕੁਝ ਕਰਦੇ ਰਹੇ ਹਨ, ਪਰ ਹੁਣ ਤਕ ਕੁਝ ਨਹੀਂ ਹੋਇਆ । ਸਪੀਕਰ ਸਾਹਿਬ, ਮੈਂ ਮੰਨਦਾ ਹਾਂ ਕਿ ਜਿੰਨੀ ਹਰੀਜਨਾਂ ਦੀ ਡਿਵੈਲਪਮੈਂਟ ਹੋਣੀ ਚਾਹੀਦੀ ਸੀ ਉਤਨੀ ਡਿਵੈਲਪਮੈਂਟ ਨਹੀਂ ਹੋ ਸਕੀ । ਲੇਕਿਨ ਮੈਂ ਅਰਜ਼ ਕਰਾਂ ਕਿ ਜੇ ਅਸੀਂ ਆਂਕੜੇ ਵੇਖੀਏ ਤਾਂ, ਸਪੀਕਰ ਸਾਹਿਬ, ਇਹ ਪਤਾ ਲਗਦਾ ਹੈ ਜਿਹੜੀ ਹੁਣ ਅਸੀਂ 25% ਰਿਜ਼ਰਵੇਸ਼ਨ ਰਖੀ ਹੈ ਕਈ ਮਹਿਕਮਿਆਂ ਵਿਚ ਜਿਥੇ ਕਿ ਸਿੱਧੀ ਰਿਕਰੂਟਮੈਂਟ ਹੁੰਦੀ ਹੈ ਉਥੇ ਤਾਂ ਇਹ ਰਿਜ਼ਰਵੇਸ਼ਨ 25% ਤੋਂ ਵੀ ਟੱਪ ਗਈ ਹੈ । (ਸ਼ੋਰ)

ਸਪੀਕਰ ਸਾਹਿਬ, ਇਹ ਚੀਜ਼ ਠੀਕ ਹੈ ਕਿ ਜਿਹੜੀ ਚੀਜ਼ ਹੁਣ ਤਕ ਹੋਣੀ ਚਾਹੀਦੀ ਸੀ ਉਹ ਹੁਣ ਤਕ ਵੀ ਨਹੀਂ ਹੋ ਸਕੀ ਹੈ ਕਿਉਂਕਿ ਉਸ ਵਿਚ ਕਈ ਰੁਕਾਵਟਾਂ ਪੈਂਦੀਆਂ ਰਹੀਆਂ ਹਨ । ਮੈਂ ਅਰਜ਼ ਕਰਦਾ ਹਾਂ ਕਿ ਇਥੇ ਜ਼ਮੀਨ ਦਾ ਮਸਲਾ ਲਿਆ ਗਿਆ । ਸਭ ਤੋਂ ਪਹਿਲਾਂ ਪੈਪਸੂ ਦੇ ਇਲਾਕੇ ਵਿਚ 60 ਹਜ਼ਾਰ ਏਕੜ ਜ਼ਮੀਨ ਹਰੀਜਨਾਂ ਨੂੰ ਉਸ ਵੇਲੇ ਦੀ ਸਰਕਾਰ ਨੇ ਦਿੱਤੀ ਸੀ । ਇਥੇ ਵੀ ਵੈਲਫੇਅਰ ਡਿਪਾਰਟਮੈਂਟ ਨੇ ਜ਼ਮੀਨ ਖਰੀਦ ਕੇ ਹਰੀਜਨਾਂ ਨੂੰ ਦਿੱਤੀ ਹੈ ਅਤੇ ਜਿਤਨੀ ਨਿਕਾਸੀ ਜ਼ਮੀਨ 1963 ਵਿਚ ਸੀ ਉਸ ਦੇ ਬਾਰੇ ਵੀ ਚੌਧਰੀ ਸੁੰਦਰ ਸਿੰਘ ਅਤੇ ਹੋਰ ਮੇਰੇ ਦੋਸਤਾਂ ਨੇ ਫੈਸਲਾ ਕੀਤਾ ਸੀ ਕਿ ਇਹ ਨਿਲਾਮੀ ਰਾਹੀਂ ਹਰੀਜਨਾਂ ਨੂੰ ਦਿੱਤੀ ਜਾਵੇਗੀ । ਲੇਕਿਨ ਇਥੇ ਕਈ ਸਰਕਾਰਾਂ ਐਸੀਆਂ ਆ ਗਈਆਂ ਜਿਨ੍ਹਾਂ ਨੇ ਰੁਕਾਵਟਾਂ ਪਾ ਦਿੱਤੀਆਂ ਅਤੇ ਉਹ ਨਿਲਾਮੀ ਰੁਕ ਗਈ । (ਸ਼ੋਰ)

*The Speaker not having subsequently accorded the necessary permission, the paper was not treated as laid on the Table.

Original with;
Punjab Vidhan Sabha
Digitized by;
Panjab Digital Library

ਸ਼੍ਰੀ ਪਿਆਰਾ ਰਾਮ ਧੰਨੋਵਾਲੀ : ਮੈਂ, ਸਪੀਕਰ ਸਾਹਿਬ, ਇਹ ਇਨਫਰਮੇਸ਼ਨ ਲੈਣਾ ਚਾਹੁੰਦਾ ਹਾਂ ਕਿ ਮਾਸਟਰ ਜੀ ਨੇ ਦਸਿਆ ਹੈ ਕਿ ਪੰਜਾਬ ਵਿਚ ਇਕ ਮਹਿਕਮਾ ਅੈਸਾ ਹੈ ਜਿਥੇ ਕਿ ਹਰੀਜਨਾਂ ਦੀ ਰਿਜ਼ਰਵੇਸਨ 25% ਤੋਂ ਵੀ ਵੱਧ ਗਈ ਹੈ ਉਹ ਕਿਹੜਾ ਮਹਿਕਮਾ ਹੈ ?

ਖੇਤੀ ਬਾੜੀ ਅਤੇ ਜੰਗਲਾਤ ਮੰਤਰੀ : ਸਪੀਕਰ ਸਾਹਿਬ, ਇਹ ਮੇਰੇ ਪਾਸ ਆ ਜਾਣ ਮੈਂ ਇਨ੍ਹਾਂ ਨੂੰ ਵਿਖਾ ਦੇਵਾਂਗਾ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਜੇ ਇਹ ਇਨਫਰਮੇਸ਼ਨ ਨਹੀਂ ਦੇ ਸਕਦੇ ਤਾਂ ਫਿਰ ਇਹ ਹਾਊਸ ਦਾ ਟਾਇਮ ਕਿਉਂ ਖਰਾਬ ਕਰ ਰਹੇ ਹਨ । ਇਹ ਦੱਸਣ ਕਿ ਉਹ ਕਿਹੜਾ ਮਹਿਕਮਾ ਹੈ ਜਿਥੇ ਰਿਜ਼ਰਵੇਸ਼ਨ 25% ਤੋਂ ਵੱਧ ਹੈ । ਕੀ ਉਹ ਸਵੀਪਰਜ਼ ਦਾ ਮਹਿਕਮਾ ਹੈ ?

ਖੇਤੀ ਬਾੜੀ ਅਤੇ ਜੰਗਲਾਤ ਮੰਤਰੀ : ਇਹ ਕਲਾਸ 4 ਦਾ ਮਹਿਕਮਾ ਨਹੀਂ ਅਤੇ ਨਾ ਹੀ ਇਹ ਭੰਗੀਆਂ ਦਾ ਮਹਿਕਮਾ ਹੈ । ਇਹ ਮੇਰੇ ਕੋਲ ਆ ਜਾਣ ਮੈਂ ਵਿਖਾ ਦੇਵਾਂਗਾ ।

ਸ਼੍ਰੀ ਸਪੀਕਰ : ਇਸ ਵਾਸਤੇ ਵਜ਼ੀਰ ਸਾਹਿਬ ਨੂੰ ਮਜ਼ਬੂਰ ਨਹੀਂ ਕੀਤਾ ਜਾ ਸਕਦਾ । (We cannot compel the Minister to give this information)

ਸਰਦਾਰ ਬਸੰਤ ਸਿੰਘ ਖਾਲਸਾ : ਮਾਸਟਰ ਜੀ ਨੇ ਜ਼ਮੀਨਾਂ ਦੇ ਮੁਤੱਲਕ ਦਸਿਆ ਹੈ ਮੈਂ ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਕਾਂਗਰਸ ਤੋਂ ਬਗੈਰ ਕਿਹੜੀ ਸਰਕਾਰ ਹੈ ਜਿਹੜੀ ਕਿ ਜ਼ਮੀਨ ਹਰੀਜਨਾਂ ਵਿਚ ਨਹੀਂ ਵੰਡਣਾ ਚਾਹੁੰਦੀ ਸੀ ? (ਸ਼ੋਰ)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਮਾਸਟਰ ਜੀ ਨੇ ਫਰਮਾਇਆ ਹੈ ਕਿ ਹਰੀਜਨਾਂ ਨੂੰ ਜ਼ਮੀਨ ਦੇ ਕੇ ਉਨ੍ਹਾਂ ਦੀ ਬੇਹਤਰੀ ਕੀਤੀ ਗਈ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਹਰੀਜਨ ਲੀਡਰਾਂ ਦੀ ਬੇਹਤਰੀ ਹੋਣ ਤੋਂ ਇਲਾਵਾ ਹੋਰ ਕਿਸ ਦੀ ਬੇਹਤਰੀ ਹੋਈ ਹੈ ? (ਸ਼ੋਰ)

ਸ਼੍ਰੀ ਸਪੀਕਰ : ਮੈਂ ਉਸ ਦਿਨ ਵੀ ਬੇਨਤੀ ਕੀਤੀ ਸੀ ਕਿ ਹਾਊਸ ਵਿਚ ਇਸ ਤਰ੍ਹਾਂ ਇਨਟਰੱਪਸ਼ਨ ਕਰਨਾ ਚੰਗਾ ਨਹੀਂ ਲਗਦਾ । ਤੁਸੀਂ ਜਨਤਾ ਦੇ ਨੁਮਾਇੰਦੇ ਹੋ ਇਸ ਦਾ ਜਨਤਾ ਤੇ ਇੰਪਰੈਸ਼ਨ ਚੰਗਾ ਨਹੀਂ ਪੈਂਦਾ । (I have already requested the hon. Members that it does not look nice to interrupt the proceedings of the House. You are the representatives of the people, who do not carry good impression of such behaviour.)

Original with;
Punjab Vidhan Sabha
Digitized by;
Panjab Digital Library

ਸਰਦਾਰ ਕਰਨੈਲ ਸਿੰਘ ਮਰੜੀ : ** ** ** (ਸ਼ੋਰ)

Mr. Speaker : Please resume your seat. This is no point of ord.r.

ਖੇਤੀਬਾੜੀ ਅਤੇ ਜੰਗਲਾਤ ਮੰਤਰੀ : ਸਪੀਕਰ ਸਾਹਿਬ, ਮੈਂ ਦਸ ਰਿਹਾ ਸੀ ਕਿ ਅਸੀਂ ਨਿਕਾਸੀ ਜ਼ਮੀਨ ਹਰੀਜਨਾਂ ਵਾਸਤੇ ਅਲਾਟ ਕੀਤੀ ਹੈ। ਵੈਲਫੇਅਰ ਡਿਪਾਰਟਮੈਂਟ ਨੇ ਜ਼ਮੀਨ ਖ਼ਰੀਦੀ ਹੈ। (ਵਿਘਨ) ਇਹ ਹਰੀਜਨਾਂ ਵਿਚ ਨਿਲਾਮੀ ਕਰ ਕੇ ਦਿਆਂਗੇ। (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ਵਜ਼ੀਰ ਸਾਹਿਬ ਨੇ ਫਰਮਾਇਆ ਹੈ ਕਿ ਅਸੀਂ ਜ਼ਮੀਨ ਹਰੀਜਨਾਂ ਨੂੰ ਦਿੱਤੀ ਹੈ। ਮੈਂ ਇਨ੍ਹਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਦ ਦੀ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਆਈ ਹੈ ਕੀ ਇਕ ਇੰਚ ਜ਼ਮੀਨ ਵੀ ਹਰੀਜਨਾਂ ਨੂੰ ਦਿੱਤੀ ਹੈ। (ਸ਼ੋਰ)

SHORT ADJOURNMENT OF THE HOUSE

ਸ਼੍ਰੀ ਸਪੀਕਰ : ਹੁਣ ਹਾਊਸ ਐਡਜਰਨ ਕੀਤਾ ਜਾਂਦਾ ਹੈ ਢਾਈ ਵਜੇ ਅਸੀਂ ਫਿਰ ਬੈਠਾਂਗੇ। (Now the House is adjourned till 2-30 P. M.)

1-30 P. M. | *(The Sabha then adjourned and re-assembled at 2-30 P. M.)*

DISCUSSION ON THE 20TH REPORT OF THE COMMISSIONER FOR SCHEDULED CASTES AND SCHEDULED TRIBES FOR THE YEAR 1970-71
(Resumption)

ਸ਼੍ਰੀ ਸਪੀਕਰ : ਜਦੋਂ ਹਾਊਸ ਐਡਜਰਨ ਹੋਇਆ ਤਾਂ ਮਾਸਟਰ ਗੁਰਬੰਤਾ ਸਿੰਘ ਜੀ ਬੋਲ ਰਹੇ ਸਨ! ਹੁਣ ਫਿਰ ਇਹ ਬੋਲਣਗੇ। (Master Gurbanta Singh Ji was on his legs when the House adjourned. Now he will resume his speech.)

ਖੇਤੀਬਾੜੀ ਅਤੇ ਜੰਗਲਾਤ ਮੰਤਰੀ : ਸਪੀਕਰ ਸਾਹਿਬ, ਮੈਂ ਬੇਨਤੀ ਕਰ ਰਿਹਾ ਸੀ ਕਿ ਜਿਥੋਂ ਤਕ ਜ਼ਮੀਨ ਦਾ ਸਵਾਲ ਹੈ ਅਸੀਂ ਕੋਸ਼ਿਸ਼ ਕੀਤੀ ਹੈ ਕਿ ਜ਼ਮੀਨ ਦੇਈਏ ਅੌਰ ਜਿਹੜੀ ਜ਼ਮੀਨ ਪਈ ਹੈ ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਉਸ ਨੂੰ ਵੀ ਜਲਦੀ ਤੋਂ ਜਲਦੀ ਤਕਸੀਮ ਕਰ ਦੇਈਏ।

(ਇਸ ਸਮੇਂ ਚੌਧਰੀ ਸੁੰਦਰ ਸਿੰਘ ਜੀ ਖੜੇ ਹੋਏ।)

ਸ਼੍ਰੀ ਸਪੀਕਰ : ਚੌਧਰੀ ਸਾਹਿਬ, ਅਜੇ ਤਾਂ ਮਨਿਸਟਰ ਸਾਹਿਬ ਬੋਲਣ ਹੀ ਲਗੇ ਹਨ। ਤੁਹਾਡਾ ਕਿਹੜਾ ਪੁਆਇੰਟ ਆਫ ਆਰਡਰ ਆ ਗਿਆ ਹੈ? (Chaudhri Sahib, what is your point of order; the hon Minister has just started to speak ?)

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਚੌਧਰੀ ਸੁੰਦਰ ਸਿੰਘ : ਸਪੀਕਰ ਸਾਹਿਬ, ਮੈਂ ਤਾਂ ਇਹ ਹੀ ਬੇਨਤੀ ਕਰਨੀ ਹੈ ਕਿ ਮੈਨੂੰ ਵੀ ਬੋਲਣ ਲਈ ਦੋ ਚਾਰ ਮਿੰਟ ਦਿਤੇ ਜਾਣ।

ਸ਼੍ਰੀ ਸਪੀਕਰ : ਠੀਕ ਹੈ, ਤੁਹਾਨੂੰ ਵੀ ਟਾਈਮ ਮਿਲੇਗਾ (Yes, you will also get the time.)

ਖੇਤੀ ਬਾੜੀ ਅਤੇ ਜੰਗਲਾਤ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਚੌਧਰੀ ਸੁੰਦਰ ਸਿੰਘ ਤੇ ਸਰਦਾਰ ਹਰਚੰਦ ਸਿੰਘ ਜੀ ਨੂੰ ਬੇਨਤੀ ਕਰਾਂਗਾ ਕਿ ਤੁਸੀਂ ਸਾਡੇ ਨਾਲ ਰਹੋ। ਜਿਹੜਾ, ਸਪੀਕਰ ਸਾਹਿਬ, ਇਨ੍ਹਾਂ ਨੇ ਡਰ ਜ਼ਾਹਿਰ ਕੀਤਾ ਹੈ ਉਸ ਦੇ ਬਾਰੇ ਮੈਂ ਇਨ੍ਹਾ ਨੂੰ ਦੱਸਣਾ ਚਾਹੰਦਾ ਹਾਂ ਕਿ ਸਰਕਾਰ ਦਾ ਕੋਈ ਵੀ ਵੱਡਾ ਕਰਮਚਾਰੀ ਜਿਹੜਾ ਵੀ ਇਸ ਕੰਮ ਦੇ ਰਸਤੇ ਵਿਚ ਆਵੇਗਾ ਉਸ ਨੂੰ ਨਹੀਂ ਆਉਣ ਦਿਆਂਗੇ। ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਇਹ ਜਿਹੜਾ ਸਟੈਪ ਸਰਕਾਰ ਨੇ ਰਿਜ਼ਰਵੇਸ਼ਨ ਦਾ ਲਿਆ ਹੈ ਇਕ ਬੜਾ ਹੀ ਜ਼ਬਰਦਸਤ ਸਟੈਪ ਹੈ ਔਰ ਜੇਕਰ ਅਸੀਂ ਰਲ ਮਿਲ ਕੇ ਇਸ ਨੂੰ ਕਾਮਯਾਬ ਕਰ ਦੇਈਏ ਤਾਂ ਜਿਹੜੀਆਂ ਸ਼ਕਾਇਤਾਂ ਹਨ, ਜਿਨ੍ਹਾਂ ਦਾਂ ਰਿਪੋਰਟ ਵਿਚ ਵੀ ਜ਼ਿਕਰ ਕੀਤਾ ਗਿਆ ਹੈ ਤਾਂ ਉਹ ਸਾਰੀਆਂ ਸ਼ਕਾਇਤਾਂ ਦੂਰ ਹੋ ਜਾਣਗੀਆਂ। ਔਰ ਕੋਈ ਵੀ ਝਗੜਾ ਹੋਵੇ, ਕਿਸੇ ਦਾ ਵੀ ਕੋਈ ਸਰਕੂਲਰ ਹੋਵੇ, ਹਦਾਇਤਾਂ ਹੋਣ, ਕਿਸੇ ਨੂੰ ਵੀ ਮੁਦਾਖਲਿਤ ਨਹੀਂ ਕਰਨ ਦਿਤੀ ਜਾਵੇਗੀ ਔਰ ਬਿਲਕੁਲ ਅੱਛੇ ਤਰੀਕੇ ਨਾਲ ਇਸ ਨੂੰ ਕਾਮਯਾਬ ਕਰਵਾਵਾਂਗੇ। (ਥੰਪਿੰਗ) ਸੀ. ਐਮ. ਸਾਹਿਬ ਨੇ ਇਹ ਬੜੀ ਹੀ ਅੱਛੀ ਪੇਸ਼ਕਸ਼ ਕੀਤੀ ਹੈ। ਮੈਂ ਹਾਊਸ ਦੇ ਮੈਂਬਰਾਂ ਨੂੰ ਇਹ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਇਹ ਤੌਖਲਾ ਬਿਲਕੁਲ ਨਹੀਂ ਹੋਣਾ ਚਾਹੀਦਾ। ਅੱਗੇ ਜੋ ਹੋ ਗਿਆ ਹੈ ਉਸ ਦੇ ਮੁਤੱਲਿਕ ਮੈਂ ਕੁਝ ਨਹੀਂ ਕਹਿਣਾ ਚਾਹੁੰਦਾ ਲੇਕਿਨ ਅਗਾਂਹ ਵਾਸਤੇ ਜਿਹੜੀਆਂ ਇਹ ਰਿਆਇਤਾਂ ਸ਼ਡਿਊਲਡ ਕਾਸਟਸ ਨੂੰ ਸਰਕਾਰ ਨੇ ਦਿਤੀਆਂ ਹਨ, ਉਨ੍ਹਾਂ ਤੇ ਬਿਲਕੁਲ ਪੂਰੀ ਤਰ੍ਹਾ ਨਾਲ ਅਮਲ ਹੋਵੇਗਾ ਔਰ ਕਰਵਾਵਾਂਗੇ। (ਥੰਪਿੰਗ) ਸਾਨੂੰ ਤਾਂ, ਸਪੀਕਰ ਸਾਹਿਬ, ਸਰਦਾਰ ਹਰਚੰਦ ਸਿੰਘ ਨਾਲ ਚਾਹੀਦਾ ਹੈ, ਚੌਧਰੀ ਸੁੰਦਰ ਸਿੰਘ ਨਾਲ ਚਾਹੀਦਾ ਹੈ। ਜਿਹੜੀ ਪਿਛਲੇ ਸਾਲ ਸਰਦਾਰ ਹਰਚੰਦ ਸਿੰਘ ਜੀ ਨੇ ਕਮੇਟੀ ਵਿਚ ਖੋਜ ਕੀਤੀ ਹੈ ਮੈਂ ਵੀ ਉਸ ਕਮੇਟੀ ਦਾ ਮੈਂਬਰ ਸੀ। ਉਸ ਰਿਪੋਰਟ ਤੋਂ ਹੀ ਤੁਹਾਨੂੰ ਪਤਾ ਲਗ ਜਾਵੇਗਾ ਕਿ ਸਰਕਾਰ ਕੀ ਕਰਦੀ ਰਹੀ ਹੈ ਔਰ ਉਸ ਨੇ ਅੱਗੇ ਤੋਂ ਕੀ ਕਰਨਾ ਹੈ।

ਸਪੀਕਰ ਸਾਹਿਬ, ਮੇਰਾ ਯਕੀਨ ਹੈ ਕਿ ਜਿਸ ਢੰਗ ਨਾਲ ਸਾਡੀ ਸਰਕਾਰ ਲਗੀ ਹੋਈ ਹੈ ਇਸ ਕੰਮ ਨੂੰ ਜ਼ਰੂਰ ਹੀ ਪੂਰਾ ਕਰਕੇ ਹੀ ਰਹੇਗੀ। ਸਪੀਕਰ ਸਾਹਿਬ, ਇਸ ਰਿਪੋਰਟ ਵਿਚ ਹੋਰ ਕਈ ਗੱਲਾਂ ਦੱਸੀਆਂ ਗਈਆਂ ਹਨ। ਹਰੀਜਨਾਂ ਦੀ ਗੱਲ ਦੱਸੀ ਗਈ ਹੈ। ਹਰੀਜਨਾਂ ਵਾਸਤੇ, ਸਪੀਕਰ ਸਾਹਿਬ, ਪਲਾਟ ਵੀ ਦਿਤੇ ਹਨ। ਇੰਪਰੂਵਮੈਂਟ ਟਰੱਸਟਾਂ ਨੂੰ ਕਿਹਾ ਹੈ। ਹਰੀਜਨਾਂ ਵਾਸਤੇ 35% ਕਰਜ਼ਾ ਵੀ ਮਨਜ਼ੂਰ ਕੀਤਾ ਹੈ।

ਇਸ ਤੋਂ ਇਲਾਵਾ ਹੋਰ ਵੀ ਮੈਂ ਅਰਜ਼ ਕਰਨੀ ਹੈ ਕਿ ਆਜ਼ਾਦ ਸਾਹਿਬ ਨੇ ਕਿਹਾ ਹੈ ਕਿ ਵਜ਼ੀਫੇ ਘਟ ਹਨ। ਖੈਰ ਉਹ ਤਾਂ ਵਜ਼ੀਰ ਸਾਹਿਬਾ ਹੀ ਦੱਸਣਗੇ

Original with;
Punjab Vidhan Sabha
Digitized by;
Panjab Digital Library

ਕਿ ਕਿਤਨੇ ਕਿਤਨੇ ਵਜ਼ੀਫੇ ਦਿਤੇ ਜ਼ਾਂਦੇ ਹਨ ਔਰ ਅੱਗੇ ਤੋਂ ਕੀ ਤਜਵੀਜ਼ ਕੀਤਾ ਹੈ। ਅਸੀਂ ਤਾਂ ਇਹ ਵੀ ਤਜਵੀਜ਼ ਕੀਤਾ ਹੈ ਕਿ ਜਿਹੜੇ ਲਾਅ ਕਾਲਜਾਂ ਵਿਚ, ਮੈਡੀਕਲ ਕਾਲਜਾਂ ਵਿਚ ਲੜਕੇ ਪੜ੍ਹਦੇ ਹਨ ਉਨ੍ਹਾਂ ਨੂੰ ਪੰਜ ਹਜ਼ਾਰ ਤਕ ਕਰਜ਼ਾ ਬਗੈਰ ਸੂਦ ਦੇ ਦਿਵਾਇਆ ਕਰੀਏ ਤਾਂਕਿ ਉਨ੍ਹਾਂ ਨੂੰ ਸਹੂਲਤ ਮਿਲ ਸਕੇ। ਸਪੀਕਰ ਸਾਹਿਬ, ਜਿਥੇ ਬਚੇ ਕਾਲਜਾਂ ਵਿਚ ਪੜ੍ਹਦੇ ਹਨ ਔਰ ਵਜ਼ੀਫਿਆਂ ਨਾਲ ਗੁਜ਼ਾਰਾ ਨਹੀਂ ਹੁੰਦਾ, ਅਸੀਂ ਉਸ ਬਾਰੇ ਵੀ ਸੋਚ ਵਿਚਾਰ ਕਰ ਰਹੇ ਹਾਂ ਕਿ ਉਹ ਵਜ਼ੀਫਿਆਂ ਦਾ ਰੇਟ ਵਧਾ ਦਿਤਾ ਜਾਵੇ। ਇਹ ਖੁਸ਼ੀ ਦੀ ਗੱਲ ਹੈ ਕਿ ਸਰਕਾਰ ਨੇ ਪਹਿਲਾਂ ਜਿਹੜੀ ਹੱਦ 1800 ਰੁਪਈਏ ਰੱਖੀ ਸੀ ਕਿ 1800 ਰੁਪਈਏ ਸਾਲਾਨਾ ਆਮਦਨ ਤੋਂ ਘੱਟ ਵਾਲੇ ਮਨੁੱਖ ਦੇ ਬੱਚਿਆਂ ਨੂੰ ਹੀ ਵਜ਼ੀਫੇ ਮਿਲਣਗੇ ਉਹ ਹੱਦ ਵਧਾ ਕੇ 3600 ਰੁਪਈਏ ਕੀਤੀ ਤੇ ਫਿਰ 6000 ਰੁਪਈਏ ਕਰ ਦਿਤੀ ਗਈ ਹੈ। ਹੁਣ ਜਿਨ੍ਹਾਂ ਆਦਮੀਆਂ ਦੀ ਆਮਦਨ ਛੇ ਹਜ਼ਾਰ ਸਾਲਾਨਾਂ ਤੋਂ ਘੱਟ ਹੋਵੇਗੀ ਉਨ੍ਹਾਂ ਦੇ ਬਚਿਆਂ ਨੂੰ ਵੀ ਵਜ਼ੀਫਾ ਮਿਲੇਗਾ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਮਾਸਟਰ ਜੀ ਪਾਸੋਂ ਇਕ ਇਨਫਰਮੇਸ਼ਨ ਲੈਣੀ ਚਾਹੁੰਦਾ ਹਾਂ ਕਿ ਜਿਥੇ ਬੈਕਵਰਡ ਕਲਾਸਿਜ਼ ਦੇ ਇੰਪਲਾਈਜ਼ ਦੀ ਪ੍ਰੋਮੋਸ਼ਨ ਦਾ ਤੁਅੱਲਕ ਹੈ ਉਥੇ ਇਹ ਇਨਕਮ ਨਹੀਂ ਵਧੀ ਉਥੇ 1800 ਰੁਪਏ ਦੀ ਇਨਕਮ ਦਾ ਅਸੂਲ ਹੀ ਲਾਗੂ ਹੈ। ਅੱਜ ਕਲ ਚਪੜਾਸੀ ਦੀ ਵੀ ਸਲਾਨਾ ਆਮਦਨ 1800 ਰੁਪਏ ਤੋਂ ਉਪਰ ਹੈ ਤਾਂ ਕੀ ਇਹ ਪ੍ਰੋਮੋਸ਼ਨਾਂ ਵਿਚ ਵੀ ਇਸ ਲਿਮਿਟ ਨੂੰ ਰੇਜ਼ ਕਰਕੇ ਬੇਇਨਸਾਫੀ ਨੂੰ ਦੂਰ ਕਰੋਗੇ ?

ਖੇਤੀ ਬਾੜੀ ਅਤੇ ਜੰਗਲਾਤ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੂੰ ਸ਼ਾਇਦ ਪਤਾ ਨਹੀਂ ਹੈ। ਸਾਡੇ ਫ਼ਾਇਨੈਂਸ ਮਨਿਸਟਰ ਸਾਹਿਬ ਦੀ ਸਪੀਚ ਪੜ੍ਹ ਲਵੇ ਅਸੀਂ 6000 ਰੁਪਈਏ ਸਾਲਾਨਾ ਲੈਣ ਵਾਲੇ ਨੂੰ ਵੀ ਰਿਆਇਤ ਦਿੰਦੇ ਹਾਂ।.....(ਵਿਘਨ)

ਆਵਾਜ਼ਾਂ : ਨਹੀਂ ਦਿੰਦੇ, ਨਹੀਂ ਦਿੰਦੇ।

ਖੇਤੀ ਬਾੜੀ ਅਤੇ ਜੰਗਲਾਤ ਮੰਤਰੀ : ਮੇਰੀ ਗੱਲ ਤਾਂ ਸੁਣ ਲਓ। (ਵਿਘਨ)

(ਇਸ ਸਮੇਂ ਸਰਦਾਰ ਅਜਾਇਬ ਸਿੰਘ ਸੰਧੂ ਖੜੇ ਹੋਏ)

ਸ਼੍ਰੀ ਸਪੀਕਰ : ਤੁਸੀਂ ਉਨ੍ਹਾਂ ਦੀ ਗੱਲ ਆਰਾਮ ਨਾਲ ਸੁਣੋ, ਇਸ ਤਰ੍ਹਾਂ ਤਾਂ ਫਿਰ ਇਨਟਰੱਪਸ਼ਨ ਦਾ ਪੁਆਇੰਟ ਬਣ ਜਾਂਦਾ ਹੈ ਤੁਸੀਂ ਬੈਠੇ ਬੈਠੇ ਬੋਲੀ ਜਾਂਦੇ ਹੋ। ਇਸ ਤਰ੍ਹਾਂ ਇਨਟਰੱਪਟ ਨਾ ਕਰੋ। (You please listen to the Minister patiently. This becomes a point of interruption, as you are speaking while seated in your seat. Do not interrupt in such a manner.)

Original with;
Punjab Vidhan Sabha
Digitized by;
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਹ ਤਾਂ ਪਏ ਪਏ ਵੀ ਬੋਲਦੇ ਹਨ । ਤੁਸੀਂ ਮੇਰੀ ਗੱਲ ਤਾਂ ਸੁਣ ਲਓ ।....

Mr. Speaker : Please resume your seat.

ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ : ਸਪੀਕਰ ਸਾਹਿਬ, ਜਿਹੜੀ ਰਿਪੋਰਟ ਪੇਸ਼ ਹੋਈ ਹੈ ਇਸ ਵਿਚ ਸ਼ਡਿਊਲਡ ਕਾਸਟਸ ਐਂਡ ਸ਼ਡਿਊਲਡ ਟਰਾਈਬਜ਼ ਲਈ ਰਿਆਇਤਾਂ ਦਾ ਜ਼ਿਕਰ ਹੈ । ਸ਼ਡਿਊਲਡ ਕਾਸਟਸ ਲਈ ਤਾਂ ਸਰਕਾਰ ਨੇ ਰਿਆਇਤਾਂ ਦਿਤੀਆਂ ਹਨ ਭਾਵੇਂ ਘੱਟ ਹੀ ਦਿਤੀਆਂ ਹਨ ਪਰ ਸ਼ਡਿਊਲਡ ਟਰਾਈਬਜ਼ ਲਈ ਕੋਈ ਰਿਆਇਤ ਨਹੀਂ ਦਿਤੀ ਗਈ, ਇਸ ਦਾ ਕੀ ਕਾਰਣ ਹੈ ? ਕੀ ਇੰਪਲੀਮੈਂਟੇਸ਼ਨ ਕੀਤੀ ਹੈ ਇਨ੍ਹਾਂ ਨੇ ?

ਖਤੀ ਬਾੜੀ ਅਤੇ ਜੰਗਲਾਤ ਮੰਤਰੀ : ਸਪੀਕਰ ਸਾਹਿਬ, ਲਾਹੁਲ ਸਪਿਤੀ ਵਿਚ ਸ਼ਡਿਊਲਡ ਟਰਾਈਬਜ਼ ਸਨ ਅੱਰ ਫਿਰ ਵੰਡ ਹੋ ਗਈ ਤਾਂ ਉਹ ਹਿਮਾਚਲ ਪ੍ਰਦੇਸ਼ ਨੂੰ ਇਲਾਕਾ ਚਲਾ ਗਿਆ ਇਸ ਲਈ ਇੰਪਲੀਮੈਂਟੇਸ਼ਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ : ਸਪੀਕਰ ਸਾਹਿਬ, ਪੰਜਾਬ ਵਿਚ ਸੱਤ ਅੱਠ ਲੱਖ ਸ਼ਡਿਊਲਡ ਟਰਾਈਬਜ਼ ਹਨ । ਰਾਏ ਸਿੱਖ ਸਾਰੇ ਹੀ ਸ਼ਡਿਊਲਡ ਟਰਾਈਬਜ਼ ਹੀ ਹਨ ।

ਖੇਤੀ ਬਾੜੀ ਅਤੇ ਜੰਗਲਾਤ ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਦੱਸ ਚੁਕਾ ਹਾਂ ਕਿ ਸ਼ਡਿਊਲਡ ਟਰਾਈਬਜ਼ ਉਸ ਇਲਾਕੇ ਵਿਚ ਹੀ ਰਹਿ ਗਏ ਹਨ । ਜਦੋਂ ਕਾਂਗੜਾ ਪੰਜਾਬ ਪਾਸ ਸੀ ਉਸ ਵੇਲੇ ਤਾਂ ਇਹ ਰਿਆਇਤ ਸੀ ਪਰ ਇਥੇ ਪੰਜਾਬ ਵਿਚ ਤਾਂ ਸ਼ਡਿਊਲਡ ਟਰਾਈਬਜ਼ ਨਹੀ ਹਨ, ਇਸ ਕਰਕੇ ਉਨ੍ਹਾਂ ਨੂੰ ਰਿਆਇਤ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

ਸੋ ਮੈਂ ਅਰਜ਼ ਕਰ ਰਿਹਾ ਸੀ ਕਿ ਹਰ ਕੋਈ ਇਹ ਹੀ ਗੱਲ ਕਹਿੰਦਾ ਸੀ ਕਿ ਹਰੀਜਨਾਂ ਨੂੰ ਪਲਾਟ ਦਿਤੇ ਜਾਣ । ਮੈਨੂੰ ਖੁਸ਼ੀ ਹੈ ਕਿ ਹਰੀਜਨਾਂ ਦੇ ਮਨਿਸਟਰ ਸਾਹਿਬ ਨੇ ਉਸ ਦਿਨ ਦਸਿਆ ਸੀ ਕਿ ਇਕ ਲੱਖ 80 ਹਜ਼ਾਰ ਪਲਾਟ ਦੇ ਦਿਤੇ ਹਨ । ਜੇਕਰ ਕਿਸੇ ਨੂੰ ਸ਼ੱਕ ਹੈ ਤਾਂ ਦੱਸ ਦੇਵੋ ।

ਸਰਦਾਰ ਗੁਰਦੇਵ ਸਿੰਘ ਬਾਦਲ : ** ** **

Mr Speaker : This is no point of order. Please resume your seat.

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਤੁਸੀਂ ਸੁਣ ਤਾਂ ਲਉ ਕਿ ਮੈਂ ਕੀ ਕਹਿਣਾ ਹੈ ।

Mr. Speaker : This is only an interruption. Please resume your seat.

ਸਰਦਾਰ ਜਸਦੇਵ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਬੜੇ ਅਫ਼ਸੋਸ ਦੀ ਗੱਲ ਹੈ ਕਿ ਤੁਸੀਂ ਵਜ਼ੀਰ ਸਾਹਿਬ ਨੂੰ ਇਸ ਤਰ੍ਹਾਂ ਇਨਟਰੱਪਟ ਕਰ ਰਹੇ ਹੋ। ਆਨਰੇਬਲ ਮੈਂਬਰਜ਼ ਦੀ ਇਹ ਆਦਤ ਨਹੀਂ ਜਾਂਦੀ। (I am very sorry to remark that you are interrupting the Minister in this way. The hon. Members are not giving up this habit.)

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਇਸ ਦਾ ਮਤਲਬ ਇਹ ਹੈ ਕਿ ਤੁਸੀਂ ਹਾਊਸ ਦੀ ਗੱਲ ਸੁਣਨਾ ਵੀ ਨਹੀਂ ਚਾਹੁੰਦੇ।

ਚੌਧਰੀ ਸੁੰਦਰ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਮਨਿਸਟਰ ਇਨਚਾਰਜ ਨੇ ਅਖੀਰ ਤੇ ਬੋਲਣਾ ਹੈ ਜੇਕਰ ਇਨ੍ਹਾਂ ਨੇ ਕੋਈ ਇਨਫਰਮੇਸ਼ਨ ਲੈਣੀ ਹੈ ਤਾਂ ਉਦੋਂ ਲੈ ਲੈਣ।

ਖੇਤੀਬਾੜੀ ਅਤੇ ਜੰਗਲਾਤ ਮੰਤਰੀ : ਮੈਂ, ਸਪੀਕਰ ਸਾਹਿਬ, ਬਸ ਖਤਮ ਹੀ ਕਰਨ ਲਗਾ ਹਾਂ। ਸਪੀਕਰ ਸਾਹਿਬ, ਇਥੇ ਅਨਟੱਚੇਬਿਲਟੀ ਦਾ ਜ਼ਿਕਰ ਕੀਤਾ ਗਿਆ ਹੈ....

ਸਰਦਾਰ ਸੁਰਜੀਤ ਸਿੰਘ ਅਟਵਾਲ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਜੀ। ਸਪੀਕਰ ਸਾਹਿਬ, ਤੁਸੀਂ ਚਹਿੰਦੇ ਹੋ ਕਿ ਅੱਜ ਹਾਊਸ ਦਾ ਅਖੀਰਲਾ ਦਿਨ ਹੈ....(ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਸਾਨੂੰ ਤੁਸੀਂ ਸੁਣਨ ਨੂੰ ਵੀ ਤਿਆਰ ਨਹੀਂ ਹੋ। ** ** ** । ਇਹ ਬੇਇਨਸਾਫੀ ਹੈ। ਤੁਹਾਡੇ ਕਹਿਣ ਤੇ ਅਸੀਂ ਵਿਦਡਰਾਅ ਕਰ ਲਿਆ ਪਰ ਹੁਣ ਤੁਸੀਂ ਪੁਆਇੰਟ ਆਫ ਆਰਡਰ ਉਨ੍ਹਾਂ ਨੂੰ ਅਲਾਓ ਕਰ ਦਿੱਤਾ ਹੈ।

ਸ਼੍ਰੀ ਸਪੀਕਰ: ਤੁਸੀਂ ਮਨਿਸਟਰ ਸਾਹਿਬ ਦੀਆਂ ਗੱਲਾਂ ਸੁਣਨਾ ਨਹੀਂ ਚਾਹੁੰਦੇ। (It means you are not interested in listening to the views of the hon. Minister.)

ਖੇਤੀ ਬਾੜੀ ਅਤੇ ਜੰਗਲਾਤ ਮੰਤਰੀ : ਸਪੀਕਰ ਸਾਹਿਬ, ਇਥੇ ਅਨਟੱਚੇਬਿਲਟੀ ਦਾ ਜ਼ਿਕਰ ਵੀ ਆਇਆ ਹੈ। ਬਾਈਕਾਟ ਤਾਂ, ਸਪੀਕਰ ਸਾਹਿਬ, ਹੁੰਦੇ ਹਨ ਗਰੀਬੀ ਔਰ ਅਮੀਰੀ ਦੇ ਕਰਕੇ। ਗਰੀਬੀ ਔਰ ਅਮੀਰੀ ਦਾ ਸਵਾਲ ਹੈ। ਛੂਤ ਛਾਤ ਦੀ ਗੱਲ ਨਹੀਂ ਹੈ।

ਸ਼੍ਰੀ ਸਪੀਕਰ : ਅਗਲੀ ਮੋਸ਼ਨ ਵੀ ਆਉਣੀ ਹੈ, ਅਗਲੀ ਕਾਰਵਾਈ ਵੀ ਸ਼ੁਰੂ ਹੋਣੀ ਹੈ, ਇਸ ਕਰਕੇ ਮਾਸਟਰ ਜੀ ਤੁਸੀਂ ਵਾਇੰਡ-ਅਪ ਕਰੋ। (The next Motion is also to be taken up. Master ji may please wind up so that next item may be taken up.)

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਖੇਤੀ ਬਾੜੀ ਅਤੇ ਜੰਗਲਾਤ ਮੰਤਰੀ : ਜਿੱਥੇ ਕਿਤੇ ਵੀ ਬਾਈਕਾਟ ਹੁੰਦਾ ਹੈ ਇਸ ਬਾਰੇ ਸਰਕਾਰੀ ਅਫਸਰਾਂ ਨੂੰ ਇਹ ਹਦਾਇਤਾਂ ਕੀਤੀਆਂ ਹਨ ਕਿ ਉਸ ਤੇ ਐਕਸ਼ਨ ਲੈਣ । ਮੈਂਬਰ ਸਾਹਿਬਾਨ ਵੀ ਸਾਡੇ ਨੋਟਿਸ ਵਿਚ ਲਿਆਉਣ, ਅਸੀਂ ਉਨ੍ਹਾਂ ਬਾਈਕਾਟਾਂ ਨੂੰ ਚੰਗੇ ਤਰੀਕੇ ਨਾਲ ਦੂਰ ਕਰਵਾਵਾਂਗੇ ਅਤੇ ਸਜ਼ਾ ਵੀ ਦੇਵਾਂਗੇ ਅਤੇ ਇਸ ਗੱਲ ਨੂੰ ਪਿਆਰ ਨਾਲ ਵੀ ਹਲ ਕਰਾਂਗੇ । ਹਾਊਸ ਦੇ ਮੈਂਬਰਾਂ ਨੇ ਇਹ ਬੜਾ ਤੌਖਲਾ ਪਰਗਟ ਕੀਤਾ ਅਤੇ ਹਾਊਸ ਦੇ ਮੈਂਬਰਾਂ ਨੇ ਕਵੈਸਚਨ ਆਵਰ ਵਿਚ ਵੀ ਬੜਾ ਤੌਖਲਾ ਜ਼ਾਹਿਰ ਕੀਤਾ ਕਿ ਜਿਹੜੀਆਂ ਰਿਜ਼ਰਵੇਸ਼ਨਜ਼ ਇਨ੍ਹਾਂ ਵਾਸਤੇ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਵਿਚ ਫੈਸਲੇ ਗਲਤ ਹੋਏ ਅਤੇ ਹਰੀਜਨਾਂ ਨਾਲ ਧੱਕਾ ਹੋਇਆ ਹੈ । ਮੈਂ ਇਹ ਗੱਲ ਕਹਿ ਦੇਣਾ ਚਾਹੁੰਦਾ ਹਾਂ ਅਤੇ ਇਸ ਗੱਲ ਦਾ ਯਕੀਨ ਦਵਾਉਂਦਾ ਹਾਂ, ਚੀਫ ਮਨਿਸਟਰ ਸਾਹਿਬ ਨੇ ਵੀ ਕਲ ਐਲਾਨ ਕਰ ਦਿੱਤਾ ਸੀ, ਕਿ ਜਿਥੇ ਰਿਜ਼ਰਵੇਸ਼ਨ ਦਾ ਸਵਾਲ ਹੈ, ਕੋਈ ਵੱਡੇ ਤੋਂ ਵੱਡਾ ਅਫਸਰ ਜਾਂ ਛੋਟੇ ਤੋਂ ਛੋਟਾ ਹੋਵੇ, ਕਿੰਨੀ ਹੀ ਵੱਡੀ ਹਸਤੀ ਹੋਵੇ, ਜਿਹੜਾ ਵੀ ਰਿਜ਼ਰਵੇਸ਼ਨ ਦੇ ਰਸਤੇ ਵਿਚ ਰੁਕਾਵਟ ਪੈਦਾ ਕਰੇਗਾ, ਉਸ ਤੇ ਵੱਧ ਤੋਂ ਵੱਧ ਐਕਸ਼ਨ ਲਿਆ ਜਾਵੇਗਾ । ਅਤੇ ਇਸ ਤਰ੍ਹਾਂ ਦਾ ਐਕਸ਼ਨ ਲਿਆ ਜਾਵੇਗਾ ਕਿ ਉਸ ਦੀਆਂ ਪੁਸ਼ਤਾਂ ਵੀ ਯਾਦ ਰੱਖਣ । ਜਿਹੜਾ ਵੀ ਰਿਜ਼ਰਵੇਸ਼ਨ ਵਿਚ, ਜਿਹੜੀ ਕਿ ਕੰਸਟੀਚਿਊਸ਼ਨ ਵਿਚ ਦਿੱਤੀ ਗਈ ਹੈ, ਰੋੜਾ ਅਟਕਾਏਗਾ, ਉਸ ਦੇ ਖਿਲਾਫ ਸਖ਼ਤ ਐਕਸ਼ਨ ਲਿਆ ਜਾਵੇਗਾ ।

ਰਾਜ ਮੰਤਰੀ, ਖੁਰਾਕ ਅਤੇ ਸਪਲਾਈਜ਼ (ਸਰਦਾਰ ਗੁਰਦਰਸ਼ਨ ਸਿੰਘ) : ਸਪੀਕਰ ਸਾਹਿਬ, ਮੈਂ ਇਕ ਸਬਮਿਸ਼ਨ ਕਰਨੀ ਹੈ । ਅਜੇ ਅਸੀਂ ਡੇਢ ਘੰਟਾ ਡੀਜ਼ਲ ਤੇ ਵੀ ਡਿਸਕਸ਼ਨ ਕਰਨੀ ਹੈ । ਇਸ ਕਰਕੇ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਸ ਨੂੰ ਸ਼ੁਰੂ ਕਰ ਲਿਆ ਜਾਵੇ ਕਿਉਂਕਿ ਕਲ ਚੀਫ ਮਨਿਸਟਰਜ਼ ਅਤੇ ਫੂਡ ਮਨਿਸਟਰਜ਼ ਦੀ ਕਾਨਫਰੰਸ ਹੈ ਅਤੇ ਉਥੇ ਵੀਟ ਦੀ ਪਰਾਈਸ ਦਾ ਵੀ ਫੈਸਲਾ ਹੋਣਾ ਹੈ । ਇਸ ਕਰਕੇ ਡੀਜ਼ਲ ਤੇ ਡਿਸਕਸ਼ਨ ਸ਼ੁਰੂ ਕਰ ਦਿੱਤੀ ਜਾਵੇ ।

ਸ਼੍ਰੀ ਸਪੀਕਰ : 15 ਮਿੰਟ ਤਾਂ ਸਰਲਾ ਪਰਾਸ਼ਰ ਜੀ ਨੇ ਬੋਲਣਾ ਹੈ । ਮੈਂ ਸਮਝਦਾ ਹਾਂ ਕਿ ਉਹ ਜਵਾਬ ਦੇ ਦੇਣ। (Minister of State for Social Welfare, Miss Sarla Prasher is to speak for fifteen minutes. So it would be proper if she replies to the debate now.)

ਸਰਦਾਰ ਜਸਦੇਵ ਸਿੰਘ ਸੰਧੂ : ਮੈਂ ਇਹ ਇਨਫਰਮੇਸ਼ਨ ਲੈਣੀ ਚਾਹੁੰਦਾ ਹਾਂ ਕਿ ਕਾਮਰੇਡ ਮਹਿਤਾਬ ਸਿੰਘ ਨੇ ਕਿਹਾ ਹੈ ਕਿ ਪੰਜਾਬ ਵਿਚ ਸ਼ਡਿਊਲਡ ਟਰਾਈਬਜ਼ ਹਨ । ਮੈਂ ਇਹ ਕਹਿੰਦਾ ਹਾਂ ਕਿ ਸ਼ਡਿਊਲਡ ਟਰਾਈਬਜ਼ ਨਹੀਂ ਹਨ, ਪਰ ਵਿਮੁਕਤ ਜਾਤੀਆਂ ਹਨ, ਜਿਨ੍ਹਾਂ ਨੂੰ ਕਰੀਮੀਨਲ ਟਰਾਈਬਜ਼ ਕਿਹਾ ਜਾਂਦਾ ਸੀ ਅਤੇ ਉਨ੍ਹਾਂ ਦੀ ਬੜੀ ਭਾਰੀ ਤਾਦਾਦ ਹੈ ਅਤੇ ਉਨ੍ਹਾਂ ਵਿਚ ਰਾਏ ਸਿਖ, ਸੈਂਸੀ ਅਤੇ ਬਾਜੀਗਰ ਹਨ ਅਤੇ ਉਹ ਸ਼ਡਿਊਲਡ ਕਾਸਟਾਂ ਨਾਲੋਂ ਵੀ ਪਿਛੜੇ ਹੋਏ ਹਨ । ਕੀ ਸਰਕਾਰ ਉਨ੍ਹਾਂ ਦੇ ਭਲੇ ਵਾਸਤੇ ਵੀ ਕੋਈ ਉਚੇਚੇ ਸਟੈਪ ਲੈ ਰਹੀ ਹੈ ?

ਸ਼੍ਰੀ ਸਪੀਕਰ : ਜਿਹੜੇ ਆਨਰੇਬਲ ਮੈਂਬਰਜ਼ ਖੜੇ ਹਨ, ਉਨ੍ਹਾਂ ਨੂੰ ਮੈਂ ਬੇਨਤੀ ਕਰਾਂਗਾ ਕਿ ਮਨਿਸਟਰ ਸਾਹਿਬਾ ਨੂੰ ਬੋਲਣ ਦਾ ਟਾਈਮ ਦਿੱਤਾ ਜਾਵੇ ਤਾਂ ਕੰਮ ਠੀਕ ਚਲੇਗਾ । ਮਾਸਟਰ ਚੰਦ ਸਿੰਘ ਚੋਪੜਾ ਨੂੰ 5 ਮਿੰਟ ਅਤੇ ਚੌਧਰੀ ਸੁੰਦਰ ਸਿੰਘ ਨੂੰ 5 ਮਿੰਟ ਦੇ ਹਿਸਾਬ

Original with;
Punjab Vidhan Sabha
Digitized by;
Panjab Digital Library

ਨਾਲ ਟਾਈਮ ਦਿੱਤਾ ਜਾਵੇਗਾ। (I would request the hon. Members, who have risen to speak to let the hon. Minister give the reply to the debate. Only then the business of the House can be regulated. Both Master Chand Singh and Chaudhri Sunder Singh will be allowed to speak for five minutes each.)

ਸ਼੍ਰੀ ਸਰਦਾਰੀ ਲਾਲ ਕਪੂਰ : ਆਨ-ਏ-ਪੁਆਇੰਟ ਆਫ ਆਰਡਰ, ਸਰ। ਤੁਸੀਂ ਹੁਣ ਕਿਹਾ ਸੀ ਕਿ ਸਿਰਫ ਮਨਿਸਟਰ ਨੇ ਜਵਾਬ ਦੇਣਾ ਹੈ। ਪਰ ਜੇ ਤੁਸੀਂ ਇਸ ਤਰ੍ਹਾਂ ਕਰੋਗੇ ਅਤੇ ਚੋਪੜਾ ਜੀ ਅਤੇ ਚੌਧਰੀ ਜੀ ਨੂੰ ਟਾਇਮ ਦਿੱਤਾ ਹੈ ਤਾਂ ਸਾਨੂੰ ਵੀ ਇਜ਼ਾਜਤ ਦੇਵੋ।

ਸ਼੍ਰੀ ਸਪੀਕਰ : ਮਾਸਟਰ ਚੰਦ ਸਿੰਘ ਜੀ ਇਕ ਪਾਰਟੀ ਨੂੰ ਬਿਲਾਂਗ ਕਰਦੇ ਹਨ। ਅਤੇ ਉਹ ਇੱਕਲੇ ਹੀ ਮੈਂਬਰ ਹਨ, ਉਨ੍ਹਾਂ ਨੂੰ ਟਾਈਮ ਮਿਲਣਾ ਚਾਹੀਦਾ ਹੈ। (Master Chand Singh is the only Member from his Party and he should be given time to speak.)

ਸ਼੍ਰੀ ਸਰਦਾਰੀ ਲਾਲ ਕਪੂਰ : ਜਵਾਬ ਤਾਂ ਦੇ ਦਿੱਤਾ ਗਿਆ ਹੈ।

ਸ਼੍ਰੀ ਸਪੀਕਰ : ਨਹੀਂ ਜੀ। ਸਰਲਾ ਜੀ ਜਵਾਬ ਦੇਣਗੇ। (No. Miss Sarla Prasher will give reply to the debate.)

ਕਾਮਰੇਡ ਮਹਿਤਾਬ ਸਿੰਘ ਨੱਕੇਰੀਆਂ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ। ਤੁਸੀਂ ਹਾਊਸ ਦਾ ਸਮਾਂ ਨਸ਼ਟ ਨਾ ਕਰੋ, ਬੈਠ ਜਾਵੋ ਜੀ। (This is no point of order. Please, don't waste the time of the House. Please resume your seat.)

ਮਾਸਟਰ ਚੰਦ ਸਿੰਘ (ਸ਼ੇਰ ਪੁਰ, ਐਸ. ਸੀ.) : ਸਪੀਕਰ ਸਾਹਿਬ, ਸ਼ਡਿਊਲਡ ਕਾਸਟਸ ਦੇ ਕਮਿਸ਼ਨਰ ਦੀ ਰਿਪੋਰਟ ਤੇ ਬਹਿਸ ਹੋ ਰਹੀ ਹੈ ਅਤੇ ਇਹ ਇਕ ਬੜੀ ਅਹਿਮ ਬਹਿਸ ਹੈ। ਇਸ ਦੇ ਵਿਚ ਸਾਫ਼ ਦੱਸਿਆ ਹੈ ਕਿ 27 ਸਾਲ ਆਜ਼ਾਦੀ ਮਿਲੇ ਹੋ ਗਏ ਹਨ ਪਰ ਹਰੀਜਨਾਂ ਦੀ ਪੋਜ਼ੀਸ਼ਨ ਨਿੱਘਰਦੀ ਹੀ ਜਾ ਰਹੀ ਹੈ। ਹਰੀਜਨ ਚੰਗੇ ਨਹੀਂ ਬਣੇ, ਮਾੜੇ ਬਣੀ ਜਾ ਰਹੀ ਹਨ, ਇਕਨੋਮੀਕਲੀ ਵੀ, ਸੋਸ਼ਲੀ ਵੀ ਅਤੇ ਸਭ ਤਰ੍ਹਾਂ ਨਾਲ ਪਿਛੇ ਹੀ ਰਹਿ ਰਹੇ ਹਨ। ਸਪੀਕਰ ਸਾਹਿਬ, ਇਹ ਸਰਕਾਰ ਕਹਿੰਦੀ ਹੈ ਕਿ ਇਹ ਹਰੀਜਨਾਂ ਵਾਸਤੇ ਬੜਾ ਕੁਝ ਕਰਦੀ ਹੈ। ਪਰ ਜੋ ਹਰੀਜਨਾਂ ਨਾਲ ਹੋ ਰਿਹਾ ਹੈ.....।

ਸ਼੍ਰੀ ਸਪੀਕਰ : ਮੈਂ ਮਾਸਟਰ ਜੀ ਨੂੰ ਕਹਾਂਗਾ ਕਿ ਉਹ ਰੈਲੇਵੈਂਟ ਪੁਆਇੰਟਸ ਤੇ ਹੀ ਬੋਲਣ। (I would ask Masterji to refer to the relevant points only.)

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪਿੰਡਾਂ ਵਿਚ ਅਜੇ ਵੀ ਵਗਾਰ ਚਲਦੀ ਹੈ ਕਿਉਂਕਿ ਜਿਹੜੇ ਗਰੀਬ ਆਦਮੀ ਹੁੰਦੇ ਹਨ, ਉਨ੍ਹਾਂ ਕੋਲ ਪੈਸੇ ਨਹੀਂ ਹੁੰਦੇ ਅਤੇ ਉਹ ਆਪਣੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਵੱਡੇ ਵੱਡੇ ਜਾਗੀਰਦਾਰਾਂ ਤੋਂ ਪੈਸੇ ਲੈਂਦੇ ਹਨ ਜਿਹੜੇ ਕਿ ਉਨ੍ਹਾਂ ਤੋਂ 5 ਰੁਪਏ ਸੈਂਕੜਾ ਦਾ ਵਿਆਜ ਲੈਂਦੇ ਹਨ ਅਤੇ ਉਨ੍ਹਾਂ ਗਰੀਬ ਲੋਕਾਂ ਦੇ ਨਾਬਾਲਗ ਬੱਚੇ, ਬੱਚੀਆਂ ਜਿਹੜੇ ਹਨ, ਉਨ੍ਹਾਂ ਤੋਂ ਵੀ ਅਗਾਂਹ ਜਾ ਕੇ ਪੂਰਾ ਕਰਦੇ ਹਨ । ਇਸ ਕਰਕੇ ਮੈਂ ਇਹ ਕਹਿਣਾ ਚਾਹੁੰਦਾ ਹਾ ਕਿ ਜਿਹੜੀ ਇਹ ਪੰਜਾਬ ਵਿਚ, ਹਿੰਦੁਸਤਾਨ ਵਿਚ ਵਗਾਰ ਚਲ ਰਹੀ ਹੈ, ਇਸ ਨੂੰ ਬੰਦ ਕੀਤਾ ਜਾਵੇ ਅਤੇ ਇਨ੍ਹਾਂ ਗਰੀਬ ਲੋਕਾਂ ਨੂੰ ਹੋਰ ਉੱਚੇ ਚੁੱਕਣਾ ਚਾਹੀਦਾ ਹੈ ਅਤੇ ਇਨ੍ਹਾਂ ਨੂੰ ਫਾਈਨੈਂਸ਼ਲੀ ਅਤੇ ਆਰਥਿਕ ਤੌਰ ਤੇ ਤਕੜਾ ਕਰਨਾ ਚਾਹੀਦਾ ਹੈ ਅਤੇ ਇਨ੍ਹਾਂ ਨੂੰ ਵੱਧ ਤੋਂ ਵੱਧ ਮਾਲੀ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ । ਫਿਰ, ਸਪੀਕਰ ਸਾਹਿਬ, ਫਾਈਨੈਂਸ਼ਲ ਕਾਰਪੋਰੇਸ਼ਨ ਹਰੀਜਨਾਂ ਨੂੰ ਕਰਜਾ ਦੇਂਦਾ ਹੈ। ਹਰੀਜਨ ਵਿਚਾਰੇ ਇਹ ਕਹਿੰਦੇ ਹਨ ਕਿ ਵਿਆਜ ਨਾ ਲਗੇ ਅਤੇ 3000 ਦਾ ਫਾਰਮ ਭਰ ਦੇਂਦੇ ਹਨ, ਜੋ ਬਿਨਾ ਵਿਆਜ ਮਿਲਦਾ ਹੈ ਪਰ ਜਦੋਂ ਉਹ ਫਾਰਮ ਚੰਡੀਗੜ੍ਹ ਵਿਚ ਆ ਜਾਂਦਾ ਹੈ ਤਾਂ ਕਿਸੇ ਦਾ 3200 ਅਤੇ ਕਿਸੇ ਦੀ 3500 ਕਰ ਦਿੱਤਾ ਜਾਂਦਾ ਹੈ ਤਾਂ ਕਿ ਉਹ ਵਿਆਜ ਜ਼ਰੂਰ ਦੇਣ । ਇਸ ਤਰ੍ਹਾਂ ਦੀਆਂ ਗੱਲਾਂ ਹਰੀਜਨਾਂ ਨਾਲ ਹੋ ਰਹੀਆਂ ਹਨ । ਇਸ ਕਰਕੇ ਮੈਂ ਇਨ੍ਹਾਂ ਨੂੰ ਕਹਾਂਗਾ ਕਿ ਇਸ ਗੱਲ ਦਾ ਧਿਆਨ ਰਖਿਆ ਜਾਵੇ ਕਿ ਜਿੰਨੇ ਅਮਾਊਂਟ ਦੀ ਕਿਸੇ ਦੀ ਦਰਖਾਸਤ ਆਉਂਦੀ ਹੈ, ਉਤਨੀ ਹੀ ਮਨਜ਼ੂਰ ਕੀਤੀ ਜਾਵੇ । ਹੁਣ ਮੈਂ ਪਿੰਡਾਂ ਵਿਚ ਹਰੀਜਨਾਂ ਦੀਆਂ ਬਸਤੀਆਂ ਦੀ ਹਾਲਤ ਬਾਰੇ ਕਹਿਣਾ ਚਾਹੁੰਦਾ ਹਾਂ । ਉਨ੍ਹਾਂ ਬਸਤੀਆਂ ਦੀ ਬਹੁਤ ਬੁਰੀ ਹਾਲਤ ਹੈ, ਉਥੇ ਹੀ ਰੂੜੀ ਪਈ ਹੁੰਦੀ ਹੈ, ਉਥੇ ਹੀ ਮਾਲ ਪਸ਼ੂ ਬੰਨ੍ਹੇ ਜਾਂਦੇ ਹਨ, ਉਥੇ ਹੀ ਹਰੀਜਨ ਸੌਂਦੇ ਹਨ । ਇਸ ਕਰਕੇ ਇਨ੍ਹਾਂ ਬਸਤੀਆਂ ਨੂੰ ਸੁਧਾਰਨ ਵਲ ਧਿਆਨ ਦਿੱਤਾ ਜਾਵੇ । ਹਰੀਜਨ ਬਸਤੀਆਂ ਦੇ ਘਰ ਪੱਕੇ ਬਣਾਏ ਜਾਣ । ਇਸ ਰਿਪੋਰਟ ਵਿਚ ਦਸਿਆ ਹੈ ਕਿ ਹਾਊਸਿੰਗ ਸਕੀਮ ਵਾਸਤੇ ਪੰਜਾਬ ਵਿਚ 1970-71 ਵਿਚ 0.40 ਲੱਖ ਰੁਪਿਆ ਰਖਿਆ ਗਿਆ । ਹੋਰ ਜਗ੍ਹਾ ਕਿੰਨਾ ਰਖਿਆ ਗਿਆ ਉਹ ਵੀ ਮੈਂ ਦਸਦਾ ਹਾਂ । ਕੇਰਾਲਾ ਵਿਚ 3.02 ਲੱਖ ਰੁਪਿਆ ਰਖਿਆ ਗਿਆ । ਪੰਜਾਬ ਵਿਚ 1 ਲੱਖ 68 ਹਜ਼ਾਰ, ਆਂਧਰਾ ਵਿਚ 2 ਲੱਖ 50 ਹਜ਼ਾਰ । ਪੰਜਾਬ ਵਿਚ ਬਹੁਤ ਥੋੜ੍ਹਾ ਰਖਿਆ ਗਿਆ । ਇਸ ਕਰਕੇ ਮੈਂ ਇਹ ਕਹਾਂਗਾ ਕਿ ਇਸ ਪਾਸੇ ਵਲ ਵੀ ਧਿਆਨ ਦਿੱਤਾ ਜਾਣਾ ਚਾਹੀਦਾ ਹੈ ।

ਸ਼੍ਰੀ ਪਿਆਰਾ ਰਾਮ ਧੰਨੋਵਾਲੀ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ (This is no point of order.)

ਸ਼੍ਰੀ ਗੁਰਦਿਆਲ ਸੈਣੀ : ** ** **

Mr. Speaker : This is po point of order. ਮੈਂ ਮਨਿਸਟਰ ਸਾਹਿਬ ਨੂੰ ਇਹ ਬੇਨਤੀ ਕਰਾਂਗਾ ਕਿ ਉਹ ਹਾਊਸ ਦੇ ਡੈਕੋਰਮ ਦਾ ਖਿਆਲ ਰੱਖਣ ਅਤੇ ਉਹਨਾਂ ਦਾ ਧਿਆਨ ਇਸ ਪਾਸੇ ਹੋਣਾ ਚਾਹੀਦਾ ਹੈ ਕਿਉਂਕਿ ਸ਼ਡਿਊਲਡ ਕਾਸਟ ਕਮਿਸ਼ਨਰ ਦੀ ਰਿਪੋਰਟ ਡਿਸਕਸ ਹੋ ਰਹੀ ਹੈ । (This is no point of order. I would

**Expunged as ordered by the Chair.

Original with;
Punjab Vidhan Sabha
Digitized by;
Panjab Digital Library

request the Minister concerned to maintain the decorum of the House. He should be attentive as the Report of the Commissioner for Scheduled Castes and Scheduled Tribes is being discussed.)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਗਰੀਬਾਂ ਨਾਲ ਬੜਾ ਧੱਕਾ ਹੋ ਰਿਹਾ ਹੈ ।

ਸ਼੍ਰੀ ਸਪੀਕਰ : ਹੁਣ ਤੁਸੀਂ ਵਾਇੰਡ-ਅਪ ਕਰੋ ਜੀ, ਤੁਹਾਡਾ ਸਮਾਂ ਖਤਮ ਹੋ ਗਿਆ ਹੈ। (Your time is over. Wind up your speech now.)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਹਰੀਜਨਾਂ ਵਾਸਤੇ ਰਿਜ਼ਰਵੇਸ਼ਨ 25% ਕਰ ਦਿਤੀ ਹੈ, ਪਰ ਮੈਂ ਕਹਿੰਦਾ ਹਾਂ ਕਿ ਇਹ ਕਿਸੇ ਜਗ੍ਹਾ ਲਾਗੂ ਹੀ ਨਹੀਂ ਹੁੰਦੀ, ਜਿਸ ਤਰ੍ਹਾਂ ਐਜੂਕੇਸ਼ਨ ਦਾ ਮਹਿਕਮਾ ਹੈ । ਐਜੂਕੇਸ਼ਨ ਬੋਰਡ ਹੈ ਜਿਥੇ 450 ਕਲਰਕਾਂ ਵਿਚੋਂ 90 ਸ਼ਡਿਊਲਡ ਕਾਸਟਸ ਹੋਣੇ ਚਾਹੀਦੇ ਹਨ, ਉਥੇ 15 ਹਨ । ਇਸ ਕਰਕੇ ਮੈਂ ਇਹ ਕਹਾਂਗਾ ਕਿ 25% ਰਿਜ਼ਰਵੇਸ਼ਨ ਦੀ ਇੰਪਲੀਮੈਂਟੇਸ਼ਨ ਪੂਰੀ ਹੋਣੀ ਚਾਹੀਦੀ ਹੈ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਹ ਰਿਪੋਰਟ ਆਫ ਦੀ ਕਮਿਸ਼ਨਰ ਫਾਰ ਸ਼ਡਿਊਲਡ ਕਾਸਟਸ ਅਤੇ ਸ਼ਡਿਊਲਡ ਟਰਾਈਬਜ਼ ਹੈ । ਰਾਏ ਸਿਖ ਵੀ ਸ਼ਡਿਊਲਡ ਟਰਾਈਬਜ਼ ਹਨ ਜਾਂ ਨਹੀਂ, ਇਹਨਾਂ ਬਾਰੇ ਹਾਈ ਕੋਰਟ ਕੀ ਕਹਿੰਦੀ ਹੈ, ਇਹਨਾਂ ਪੁਆਇੰਸ ਤੇ ਬੋਲਣ ਲਈ ਮੈਂ ਕਹਾਂਗਾ ਕਿ ਕਾਮਰੇਡ ਮਹਿਤਾਬ ਸਿੰਘ ਨੂੰ ਜ਼ਰੂਰ ਟਾਈਮ ਦੇ ਦਿਉ ਭਾਵੇਂ ਤੁਸੀਂ ਦੋ ਮਿੰਟ ਦੇ ਦਿਉ । (ਵਿਘਨ)

ਮਾਸਟਰ ਚੰਦ ਸਿੰਘ : ** **

ਸ਼੍ਰੀ ਸਪੀਕਰ : ਜੋ ਕੁਝ ਵੀ ਮਾਸਟਰ ਚੰਦ ਸਿੰਘ ਜੀ ਕਹਿ ਰਹੇ ਹਨ ਉਹ ਰੀਕਾਰਡ ਨਾ ਕੀਤਾ ਜਾਵੇ । He is obstructing the proceedings of the House. (Whatever is being said by the hon. Member, Master Chand Singh, should not be recorded. He is obstructing the proceedings of the House.)

ਚੌਧਰੀ ਸੁੰਦਰ ਸਿੰਘ (ਨਰੋਟ ਮਹਿਰਾ, ਐਸ. ਸੀ.) : ਇਹ ਰਿਪੋਰਟ ਜਿਹੜੀ ਸ਼ਡਿਊਲਡ ਟਰਾਈਬਜ਼ ਅਤੇ ਸ਼ਡਿਊਲਡ ਕਾਸਟਸ ਦੀ ਕਮਿਸ਼ਨਰ ਨੇ ਭੇਜੀ ਹੈ, ਮੈਂ ਸਮਝਦਾ ਹਾਂ ਇਸ ਤੇ ਬੋਲਣ ਦਾ ਕੋਈ ਮੈਨੂੰ ਹੁਣ ਚਾਰਮ ਨਹੀਂ ਕਿਉਂਕਿ ਤੁਸੀਂ ਮੈਨੂੰ ਅਖੀਰ ਦੇ ਵਿਚ ਟਾਈਮ ਦਿੱਤਾ ਹੈ । ਜਿਹੜੇ ਹਰੀਜਨਾਂ ਦੇ ਮੁਤਾਲਿਕ ਪੁਆਇੰਟਸ ਰਹਿ ਗਏ ਹਨ ਮੈਂ ਹੁਣ ਉਨ੍ਹਾਂ ਤੇ ਹੀ ਆਪਣੇ ਵਿਚਾਰ ਰਖਾਂਗਾ । ਨੌਕਰੀਆਂ ਦੇਣ ਦੇ ਮੁਤਅਲਕ ਕਾਫੀ ਕੁਝ ਗੱਲਾਂ ਹੋ ਗਈਆਂ

**Not recorded as ordered by the Chair.

Original with;
Punjab Vidhan Sabha
Digitized by
Panjab Digital Library

[ਚੌਧਰੀ ਸੁੰਦਰ ਸਿੰਘ]

ਹਨ, ਮੈਂ ਹੁਣ ਦਸਣ ਦੀ ਜ਼ਰੂਰਤ ਨਹੀਂ ਸਮਝਦਾ । ਗਵਰਨਮੈਂਟ ਇਸ ਪਾਸੇ ਬਹੁਤ ਕੁਝ ਕਰ ਰਹੀ ਹੈ ਤਾਂ ਜੋ ਉਹਨਾਂ ਦੀ ਭਲਾਈ ਹੋ ਜਾਵੇ । ਇਹ ਪਛੜੇ ਰਹਿਣ ਦਾ ਕਸੂਰ ਕਿਸਦਾ ਹੈ, ਇਹ ਸਾਰਾ ਹਿੰਦੂਸਤਾਨੀ ਸੁਸਾਇਟੀ ਦਾ ਹੈ । ਉਹ ਲੋਕ ਹਨ ਜਿਹੜੇ ਮੰਦਰਾਂ ਗੁਰਦਵਾਰਿਆਂ ਵਿਚ ਤਾਂ ਪਰਮਾਤਮਾ ਨੂੰ ਮੰਨਦੇ ਹਨ, ਪਰ ਉਹਨਾਂ ਦੇ ਸਾਹਮਣੇ ਜਿਹੜਾ ਆਦਮੀ, ਜਿਹੜਾ ਪਰਮਾਤਮਾ ਦਾ ਰੂਪ ਹੈ, ਉਸ ਨੂੰ ਨਹੀਂ ਮੰਨਦੇ । ਉਸ ਵਿਚਾਰੇ ਦੀ ਕਿਤਨੀ ਬੁਰੀ ਹਾਲਤ ਹੁੰਦੀ ਜਾਵੇ ਇਹਨਾਂ ਨੂੰ ਕੋਈ ਖਿਆਲ ਨਹੀਂ । ਹਿੰਦੁਸਤਾਨ ਦੀ ਸਰਕਾਰ ਇਹਨਾਂ ਲੋਕਾਂ ਲਈ ਬਹੁਤ ਕੁਝ ਕਰਦੀ ਹੈ, ਪੰਜਾਬ ਸਰਕਾਰ ਬਹੁਤ ਕੁਝ ਕਰਦੀ ਹੈ । ਜੋ ਕੁਝ ਇਹਨਾਂ ਨੇ ਕੀਤਾ ਉਹ ਪੇਜ 3 ਵਿਚੋਂ ਮੈਂ ਪੜ੍ਹ ਦੇਂਦਾ ਹਾਂ ।

"To sum up, unless radical measures are taken on priority basis, and all out efforts made in the right directions, for proper development of the Scheduled Castes and the Scheduled Tribes, the problem may assume the form of a crisis. To check that situation, the foremost and the most important requirement is to bring about a change in the thinking of all concerned, both at governmental and the people's level. What should be the right thinking for this purose, cannot be explained better than in the words of the Prime Minister, Shrimati Indira Gandhi herself. She says :—

> "As in family, the parents look upon their children with equal affection but a sick child gets additional attention, similarly, in the society the weaker sections have to be nursed by giving some preferential treatment and the privileged sections should make sacrifices willingly for the welfare of the have nots. All sections of people including the intelligentsia, youth and women should work to this end."

"The frequent occurrences of harassment and atrocities on these people clearly indicate the unresolved social tensions and the sickening state of our social order. The efforts made by the Government since Independence to help these communities to better their standards, for their proper integration with the mainstream of society have not met with due success. The welfare measures undertaken during the various Five Year Plans have also not made the desired impact on them and they continue to suffer from poverty and social degradation."

ਇਹ ਗੱਲ ਉਹਨਾਂ ਨੇ ਵੀ ਮੰਨੀ ਹੈ ਕਿ ਸਾਡੀ ਪੂਰੀ ਕੋਸ਼ਿਸ਼ ਦੇ ਬਾਵਜੂਦ ਵੀ ਸੁਧਾਰ ਦਾ ਜੋ ਪੂਰਾ ਕੰਮ ਹੋਣਾ ਚਾਹੀਦਾ ਸੀ ਉਹ ਨਹੀਂ ਹੋ ਸਕਿਆ । ਇਹ ਸਾਰੀ ਚੀਜ਼ ਇਸ ਰਿਪੋਰਟ ਵਿਚ ਉਹਨਾਂ ਆਪ ਮੰਨੀ ਹੈ । ਪੰਜਾਬ ਵਿਚ ਕਿਤਨੀ ਕੁ ਤਰੱਕੀ ਹੋ ਰਹੀ ਹੈ ਇਸ ਬਾਰੇ ਮੈਂ ਦਸਣਾ ਚਾਹੁੰਦਾ ਹਾਂ । ਇਹਦੇ ਵਿਚ ਸਾਫ ਲਿਖਿਆ ਹੈ ਕਿ ਛੂਤ ਛਾਤ ਦੀ ਵਜਾਹ ਨਾਲ 1100 ਆਦਮੀ ਮਰਿਆ, ਸ਼ਹੀਦ ਹੋਇਆ । ਮੈਂ ਹੁਣ ਕਹਿੰਦਾ ਹਾਂ ਸੋਸਾਇਟੀ ਜਿਹੜੀ ਇਸ ਪਾਸੇ ਖਰਾਬ ਕਰਦੀ ਹੈ ਆਖਿਰ ਉਸ ਦਾ ਹਲ ਕੀ ਹੈ । ਮੈਂ ਅਰਜ਼ ਕਰਾਂ ਕਿ ਸਾਰੀਆਂ ਅਸੈਂਬਲੀਆਂ ਦੇ ਸ਼ਡਿਊਲਡ ਕਾਸਟ ਅਤੇ ਸ਼ਡਿਊਲਡ ਟਰਾਈਬਜ਼ ਦੇ ਜੇ ਐਮ. ਐਲ. ਏ. ਪਾਈਏ ਤੇ ਉਹ ਸਾਰੇ 3625 ਹਨ । Scheduled Castes 495 and Scheduled Tribes 244, thus they are about one out of five of the whole strength of M.L.A.s of India. If they are helpless who will get their rights for them. ਇਹ ਕੋਈ ਇਕੱਲੇ ਆਦਮੀ ਦਾ ਕੰਮ ਨਹੀਂ ਇਹ ਕਾਂਗਰਸ ਦੀ ਤਾਕਤ ਹੈ ਉਸ ਦੀ ਬਰਕਤ ਹੈ । ਜੇ ਇਸ ਸੁਸਾਇਟੀ ਨੂੰ ਠੀਕ ਹੁਣ ਕਰਨਾ ਹੈ ਤਾਂ ਇਹਨਾਂ ਮੈਂਬਰਾਂ ਨੇ ਕਰਨਾ ਹੈ । ਡੈਮੋਕਰੇਸੀ ਨੇ ਬੜੀ ਤਾਕਤ ਇਹਨਾ ਮੈਂਬਰਾਂ ਨੂੰ ਦਿੱਤੀ ਹੈ, ਪਰ ਇਹ ਤਾਕਤ ਤਾਂ ਹੀ ਹੈ ਜੇ ਇਹ ਯੂਨਾਈਟਿਡ ਰਹਿਣ, ਇਹਨਾਂ ਨੂੰ ਆਪਸ ਦੀ ਯੂਨਿਟੀ ਰੱਖਣੀ ਚਾਹੀਦੀ ਹੈ, ਡੈਮੋਕਰੇਸੀ ਚਲ ਹੀ ਤਦੇ ਸਕਦੀ ਹੈ । ਜਿਹੜੀ ਲੈਂਡ

Original with;
Punjab Vidhan Sabha
Digitized by;
Panjab Digital Library

ਰੀਫਾਰਮ ਦੀ ਗੱਲ ਕਰਦੇ ਹਨ, ਮਹਾਰਾਜ ਜੀ, ਉਨ੍ਹਾਂ ਨੂੰ ਪਤਾ ਨਹੀਂ ਕਿ ਲੈਂਡ ਰੀਫਾਰਮ ਹੁੰਦੀ ਕੀ ਹੈ। ਉਹਨਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਹਿੰਦੁਸਤਾਨ ਇਕ ਐਗਰੀਕਲਚਰਲ ਮੁਲਕ ਹੈ ਇੰਡਸਟਰੀਅਲ ਨਹੀਂ, ਲੈਂਡ ਰੀਫਾਰਮ ਏਥੇ ਨਿਕੱਮੀ ਹੋਈ ਹੈ। ਲੈਂਡ ਰੀਫਾਰਮ ਜੇ ਕਿਸੇ ਨੇ ਕੀਤੀ ਤਾਂ ਕਸ਼ਮੀਰ ਵਿਚ ਸ਼ੇਖ ਅਬਦੁਲਾ ਨੇ ਕੀਤੀ ਹੈ। ਪਤਾ ਨਹੀਂ ਇਕ ਮੁਸਲਮਾਨ ਸਟੇਟ ਜਾਣਕੇ ਕੀਤੀ ਹੈ, ਹਿੰਦੂ ਤਾਂ ਦਿਨ ਤੇ ਰਾਤ ਇਹੋ ਗੱਲਾਂ ਸੋਚਦਾ ਰਹਿੰਦਾ ਹੈ ਕਿ ਮੈਂ ਆਪਣਾ ਹੀ ਕਰਾਂ। ਮਹਾਤਮਾ ਗਾਂਧੀ ਨੇ ਕਿਹਾ ਹੈ :—

> I do not want to be re-born but if I have to be re-born I should be born as untouchable, so that I may share the serious suffering inflicted upon them.

ਸਵਾਮੀ ਰਾਮਾ ਕ੍ਰਿਸ਼ਨਾ ਪਰਮ ਹੰਸ ਦੇਵਾ ਸਵਾਮੀ ਵਵੇਕਾਨੰਦ ਕਾ ਗੁਰੂ ਥਾ ਵੋਹ ਰਾਤ ਕੋ ਅਪਨੇ ਬਾਬੂ ਸੇ ਸਵੀਪਰ ਕੇ ਘਰ ਜਾ ਕਰ ਉਸ ਕਾ ਘਰ ਸਾਫ ਕਰਤਾ ਥਾ ਵਹਾਂ ਸੇ ਉਸ ਕੋ ਰੋਸ਼ਨੀ ਮਿਲੀ ਥੀ।

ਜਹਾਂ ਤਕ ਲੈਂਡ ਰੀਫਾਰਮਜ਼ ਕਾ ਤੁਅੱਲਿਕ ਹੈ, ਵੋਹ ਤੋ ਸਿਰਫ ਸ਼ੇਖ ਅਬਦੁੱਲਾ ਨੇ ਜੰਮੂ ਔਰ ਕਸ਼ਮੀਰ ਮੇਂ ਕੀ ਹੈ। ਬਿਲਾ ਮੁਆਵਜ਼ਾ ਲੈਂਡਲੈਸ ਟੈਨੈਂਟਸ ਕੋ ਜ਼ਮੀਨ ਦੇ ਦੀ ਹੈ। ਮੌਲਾਨਾ ਆਜ਼ਾਦ ਕੇ ਮਰਨੇ ਕੇ ਬਾਅਦ ਇਸ ਕੀ ਜਾਇਦਾਦ ਕੁੱਛ ਨਾ ਥੀ। ਕਿਦਵਈ ਮਰਾ ਤੋ ਬੱਚੋਂ ਕੇ ਲੀਏ ਕੁੱਛ ਨਾ ਛੋੜਾ। ਬੰਦੋਦਕਰ ਮਰੇ ਤੋਂ ਕਰੋੜੋਂ ਕੀ ਜਾਇਦਾਦ ਛੋੜ ਗਏ। ਹਿੰਦੂ ਔਰ ਸਿੱਖ ਧਰਮ ਮੇਂ ਬੇਸਿਕ ਕਮਜ਼ੋਰੀ ਹੈ। ਇਨਕਾ ਬੇਸ ਹੀ ਸੋਸ਼ਲਿਜ਼ਮ ਪਰ ਮਬਨੀ ਨਹੀਂ ਹੈ ਯੇਹ ਕਿਆ ਸੋਸ਼ਲਿਜ਼ਮ ਲਾਏਂਗੇ ? ਯੇਹ ਬਿਲਕੁਲ ਸੋਸ਼ਲਿਜ਼ਮ ਨਹੀਂ ਲਾ ਸਕਤੇ। ਮੈਂ ਕਹਿਤਾ ਹੂੰ ਕਿ—

No man gets his rights by request. Rights are wrested from unwilling hands.

ਮੈਂ ਤਾਂ ਇਕ ਸਿਧੀ ਗੱਲ ਕਹਿੰਦਾ ਹਾਂ, ਭਾਵੇਂ ਜਿਸ ਤਰ੍ਹਾਂ ਮਰਜ਼ੀ ਕਰ ਲਉ ਆਦਮੀ ਦੀ ਕਦਰ ਕਰੋ, ਉਹੀ ਪਰਮਾਤਮਾ ਹੈ।

ਮਾਸਟਰ ਗੁਰਬੰਤਾ ਸਿੰਘ ਜੀ ਨੇ ਕਿਹਾ ਹੈ ਕਿ ਤਕੜੇ ਹੋ ਕੇ ਕੰਮ ਕਰੋ। ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਇਹ ਦਸ ਦੇਣ ਕਿ ਮੇਰੇ ਵਿਚ ਕਮਜ਼ੋਰੀ ਕਿਹੜੀ ਹੈ। ਵਜ਼ੀਰੀ ਨੂੰ ਮੈਂ ਕੁਝ ਨਹੀਂ ਸਮਝਦਾ ਹਾਂ। ਦੋ ਭਾਈ ਮੇਰੇ ਬਣ ਗਏ ਹਨ (ਵਿਘਨ) ਆਚਾਰਿਆ ਜੀ ਇਥੇ ਕਾਫੀ ਕੁਝ ਬੋਲੇ ਹਨ, ਇਹ ਹੁਣ ਬੋਲਣ ਲਗੇ ਹਨ ਜਦ ਕਿ ਉਹ ਲੜੇ ਹੋਏ ਹਨ। (ਵਿਘਨ) ਮੈਂ ਸਭ ਨੂੰ ਜਾਣਦਾ ਹਾਂ। ਜੇ ਇਹ ਤਰੀਕੇ ਨਾਲ, ਢੰਗ ਨਾਲ ਚਲਦੇ ਰਹਿਣਗੇ ਤਾਂ ਮੈਂ ਵੀ ਇਨ੍ਹਾਂ ਨਾਲ ਰਹਾਂਗਾ। ਤੁਸੀਂ ਤਕੜੇ ਰਹੋ। ਕਈ ਮਨਿਸਟਰ ਬੜੇ ਸ਼ਾਨਦਾਰ ਹਨ, ਮੈਂ ਨਾਂ ਨਹੀਂ ਲੈਣਾ ਚਾਹੁੰਦਾ। (ਵਿਘਨ) ਇਹ ਲੈਂਡ ਰੀਫਾਰਮਜ਼ ਤੇ ਮੈਂ ਜ਼ਿਆਦਾ ਨਹੀਂ ਕਹਿਣਾ ਚਾਹੁੰਦਾ। ਹਿੰਦੂ ਧਰਮ ਅਤੇ ਸਿਖ ਧਰਮ ਬਚਿਆਂ ਦੀ ਸੇਫਟੀ ਚਾਹੁੰਦਾ ਹੈ। (ਵਿਘਨ)

Original with;
Punjab Vidhan Sabha
Digitized by;
Panjab Digital

ਸ਼੍ਰੀ ਸਪੀਕਰ : ਬੈਠੋ । (Please resume your seat.)

ਚੌਧਰੀ ਸੁੰਦਰ ਸਿੰਘ : ਆਪੋਜ਼ੀਸ਼ਨ ਵਾਲਿਆਂ ਨੂੰ ਤਕੜੇ ਰਹਿਣਾ ਚਾਹੀਦਾ ਹੈ । ਜੇ ਆਪੋਜ਼ੀਸ਼ਨ ਵਾਲੇ ਤਕੜੇ ਰਹਿਣਗੇ ਤਾਂ ਇਨ੍ਹਾਂ ਨੇ ਵੀ ਅੱਛਾ ਹੋ ਜਾਣਾ ਹੈ । ਅਸੀਂ ਤਾਂ ਬਿਲਕੁਲ ਠੀਕ ਹਾਂ ।

I seek God in the poor and it is for my salvation that I go to them and worship them. The poor and miserable are for our salvation.

ਤੁਸੀਂ ਗੁਰਦਵਾਰਿਆਂ ਅਤੇ ਮੰਦਰਾਂ ਵਿਚ ਜਾਂਦੇ ਹੋ ਪਰ ਗਰੀਬਾਂ ਨਾਲ ਪਿਆਰ ਕਰਨਾ ਚਾਹੀਦਾ ਹੈ । ਕੰਮ ਚੰਗੇ ਕਰਨੇ ਚਾਹੀਦੇ ਹਨ ।

ਸ਼੍ਰੀ ਸਪੀਕਰ : ਬੈਠੋ । (Please resume your seat.)

ਚੌਧਰੀ ਸੁੰਦਰ ਸਿੰਘ : ਮੈਂ ਤੁਹਾਡੇ ਨਾਲ ਹਾਂ । ਚੀਫ ਮਨਿਸਟਰ ਨੂੰ ਤਕੜਾ ਕਰੋ। ਚੀਫ ਮਨਿਸਟਰ ਤਾਂ ਚੰਗਾ ਹੈ ਪਰ ਜਿਹੜੇ ਇਹਦੇ ਨਾਲ ਚੰਬੜੇ ਹੋਏ ਹਨ ਇਨ੍ਹਾਂ ਨੂੰ ਹਟਾਇਆ ਜਾਏ । ਵਜ਼ੀਰ ਸਾਹਿਬਾਨ ਨੂੰ ਵੀ ਮੈਂ ਜਾਣਦਾ ਹਾਂ । ਜਿਹੜਾ ਗਰੀਬ ਦੀ ਮਦਦ ਕਰੇਗਾ ਉਹਦੇ ਰਸਤੇ ਵਿਚ ਮੈਂ ਰੁਕਾਵਟ ਨਹੀਂ ਬਣਾਂਗਾ । (ਵਿਘਨ) ਜੇ ਤੁਹਾਡਾ ਦਿਲ ਸਾਫ ਹੈ ਤਾਂ ਗਰੀਬਾਂ ਦੀ ਮਦਦ ਕਰੋ । ਗਰੀਬਾਂ ਦੀ ਆਹ ਮਾਰ ਲੈਂਦੀ ਹੈ । ਜਿਹੜਾ ਗਰੀਬਾਂ ਦੀ ਮਦਦ ਕਰੇਗਾ ਮੈਂ ਉਹਦੇ ਨਾਲ ਹਾਂ ।

ਕਾਮਰੇਡ ਮਹਿਤਾਬ ਸਿੰਘ ਨੋਕੇਰੀਆਂ (ਜਲਾਲਾਬਾਦ) : ਸਪੀਕਰ ਸਾਹਿਬ, ਇਹ ਜਿਹੜੀ ਰਿਪੋਰਟ ਸਾਡੇ ਸਾਹਮਣੇ ਪੇਸ਼ ਹੈ, ਇਨ੍ਹਾਂ ਆਨਰੇਬਲ ਮੈਂਬਰਾਂ ਨੇ ਜਿਨ੍ਹਾਂ ਨੇ ਹਾਊਸ ਵਿਚ ਮਹਿਸੂਸ ਕੀਤਾ ਹੈ, ਸਰਦਾਰ ਜਸਦੇਵ ਸਿੰਘ ਸੰਧੂ, ਸਰਦਾਰ ਦਰਸ਼ਨ ਸਿੰਘ ਕੇ. ਪੀ., ਸ਼੍ਰੀ ਗੁਰਦਿਆਲ ਸੈਣੀ ਹੋਰਾਂ ਨੇ ਵੀ ਅਨੁਭਵ ਕੀਤਾ ਹੈ ਕਿ ਰਾਏ ਸਿਖ ਬੜੀ ਮੁਸ਼ਕਿਲ ਵਿਚ ਹਨ। ਅੰਗਰੇਜ਼ ਰਾਜ ਵੇਲੇ ਵੀ ਜਦੋਂ ਕਿ ਉਨ੍ਹਾਂ ਤੇ ਤਸੱਦਦ ਹੋਇਆ, ਉਨ੍ਹਾਂ ਦੀ ਅਜ ਤਕ ਆਵਾਜ਼ ਨਹੀਂ ਆਈ । ਇਨ੍ਹਾਂ ਨੇ ਮੇਰੀ ਹੌਸਲਾ ਅਫਜ਼ਾਈ ਕੀਤੀ ਹੈ । ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ । ਰਾਏ ਸਿਖ 15 ਲਖ ਦੇ ਕਰੀਬ ਹਨ ਔਰ ਅੰਗਰੇਜ਼ ਰਾਜ ਦੇ ਵੇਲੇ ਇਨ੍ਹਾਂ ਨੂੰ ਨਜ਼ਰ ਬੰਦ ਰਖਿਆ ਜਾਂਦਾ ਸੀ । ਇਨ੍ਹਾਂ ਦੀਆਂ ਹਾਜ਼ਰੀਆਂ ਥਾਨਿਆਂ ਵਿਚ ਪੈਂਦੀਆਂ ਸਨ । ਉਦੋਂ ਵੀ ਇਨ੍ਹਾਂ ਲਈ ਸਕੂਲ ਖੋਲ੍ਹੇ ਗਏ ਸੀ ਹਾਲਾਂ ਕਿ ਇਨ੍ਹਾਂ ਤੇ ਉਦੋਂ ਐਨਾ ਜ਼ੁਲਮ ਹੁੰਦਾ ਸੀ । ਹਿੰਦੁਸਤਾਨ ਆਜ਼ਾਦ ਹੋ ਗਿਆ ਅਤੇ ਇਸ ਦੇ ਬਾਅਦ ਇਹ ਇਨ੍ਹਾਂ ਦੀਆਂ ਥਾਨਿਆਂ ਵਿਚ ਹਾਜ਼ਰੀਆਂ ਮੁਆਫ ਹੋ ਗਈਆਂ । ਪਰ ਇਨ੍ਹਾਂ ਦਾ ਪਛੜਾਪਨ, ਤਾਲੀਮ ਦਾ ਨਾ ਹੋਣਾ, ਇਹ ਗਲਾਂ ਉਸੇ ਤਰਾਂ ਰਹੀਆਂ। ਇਸੇ ਗਲ ਤੋਂ ਅੰਦਾਜ਼ਾ ਲਗਾ ਲਉ ਕਿ ਰਾਏ ਸਿਖ ਕੋਈ ਵੀ ਪੁਲਿਸ ਵਿਚ ਏ. ਐਸ. ਆਈ. ਦੀ ਆਸਾਮੀ ਤੇ ਨਹੀਂ ਹੋਵੇਗਾ ਜਾਂ ਨਾਇਬ ਤਹਿਸੀਲਦਾਰ ਨਹੀਂ ਹੋਵੇਗਾ । ਜੇ ਛੋਟੀਆਂ ਪੋਸਟਾਂ ਤੇ ਹੋਣਗੇ ਵੀ ਤਾਂ ਉਹੀ ਮਾਸਟਰ ਜਾਂ ਪਟਵਾਰੀ ਭਾਵੇਂ ਕਿਤੇ ਕਿਤੇ ਹੋਣ । ਇਨ੍ਹਾਂ ਵਿਚੋਂ ਕੋਈ ਵੀ ਅਜ ਤਕ ਆਈ.ਏ.ਐਸ. ਜਾਂ ਆਈ.ਪੀ.ਐਸ. ਨਹੀਂ ਲਗਾ । ਇਹ ਬੜੀ ਖੁਸ਼ੀ ਦੀ ਗਲ ਹੈ ਕਿ ਹਰੀਜਨ ਭਰਾ ਤਾਂ ਇਨ੍ਹਾਂ ਪੋਸਟਾਂ ਤੇ ਜਾਣ ਲਗ ਪਏ ਹਨ । ਕਮਿਸ਼ਨਰ ਦੀ ਰਿਪੋਰਟ ਪੇਸ਼ ਹੈ, 26 ਸਾਲਾਂ ਦੇ ਅੰਦਰ ਇਨ੍ਹਾਂ ਦਾ ਪਛੜਾਪਨ ਨਹੀਂ ਗਿਆ । ਜਿਸ ਤਰ੍ਹਾਂ ਮਾਸਟਰ

Original with;
Punjab Vidhan Sabha
Digitized by;
Panjab Digital Library

ਗੁਰਬੰਤਾ ਸਿੰਘ ਜੀ ਨੇ ਫੁਰਮਾਇਆ ਹੈ ਉਸ ਤਰ੍ਹਾਂ ਨਹੀਂ । ਇਕ ਪਾਸੇ ਦੇਸ਼ ਦੇ ਅੰਦਰ ਸਮਾਜਵਾਦ ਲਿਆਉਣਾ ਹੈ, ਇਨ੍ਹਾਂ ਨੂੰ ਬਰਾਬਰਤਾ ਤੇ ਲਿਆਉਣਾ ਹੈ ਅਤੇ ਦੂਜੇ ਪਾਸੇ ਐਡੀ ਵੱਡੀ ਵਸੋਂ ਹੋ ਕੇ ਇਨ੍ਹਾਂ ਵਾਸਤੇ ਕਾਲਜਾਂ ਦੀ ਤਾਲੀਮ ਦੀ ਸਹਾਇਤਾ ਵੀ ਨਾ ਹੋ ਸਕੇ । ਇਹ ਕੋਈ ਚੰਗੀ ਗਲ ਨਹੀਂ ਹੈ । ਹਾਈ ਕੋਰਟ ਨੇ ਇਸ ਗਲ ਨੂੰ ਮੰਨ ਲਿਆ ਹੈ ਕਿ ਰਾਏ ਸਿਖ ਸ਼ਡਿਊਲਡ ਟ੍ਰਾਈਬਜ਼ ਵਿਚ ਆਉਂਦੇ ਹਨ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ । ਕਾਮਰੇਡ ਮਹਿਤਾਬ ਸਿੰਘ ਕਹਿੰਦੇ ਹਨ ਕਿ ਹਾਈ ਕੋਰਟ ਨੇ ਕਹਿ ਦਿਤਾ ਹੈ ਕਿ ਰਾਏ ਸਿਖ ਸ਼ਡਿਊਲਡ ਟ੍ਰਾਈਬਜ਼ ਹੁੰਦੇ ਹਨ । ਲਾਹੌਰ ਹਾਈ ਕੋਰਟ ਦਾ ਫੈਸਲਾ ਹੈ ਕਿ ਸਾਰੇ ਜੱਟ ਸ਼ੂਦਰ ਹਨ ।

ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ : ਸਰਦਾਰ ਲਛਮਣ ਸਿੰਘ ਜੋ ਕਾਂਗਰਸ ਬੈਂਚਾਂ ਤੇ ਬੈਠੇ ਹਨ, ਜੋਸ਼ ਸਾਹਿਬ .. (ਵਿਘਨ)

ਸਰਦਾਰ ਬੇਅੰਤ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੇ ਲਾਹੌਰ ਹਾਈ ਕੋਰਟ ਦੇ ਫੈਸਲੇ ਨੂੰ ਇਹ ਮੰਨਣ ਨੂੰ ਤਿਆਰ ਹਨ ਤਾਂ ਅਸੀਂ ਵੀ ਇਸ ਨੂੰ ਮੰਨਣ ਨੂੰ ਤਿਆਰ ਹਾਂ ।

ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ : ਸਪੀਕਰ ਸਾਹਿਬ, ਇਸ ਇਸ਼ੂ ਦੇ ਉਤੇ ਸਰਦਾਰ ਲਛਮਣ ਸਿੰਘ ਅਤੇ ਮੇਰੇ ਹੋਰ ਬਹੁਤ ਸਾਰੇ ਮੈਂਬਰਾਂ ਨੇ ਅਤੇ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਨੇ ਗਲ ਕੀਤੀ ਅਤੇ ਅਸੀਂ ਚੀਫ ਮਨਿਸਟਰ ਸਾਹਿਬ ਨੂੰ ਮਿਲੇ । ਉਨ੍ਹਾਂ ਨੇ ਸਾਨੂੰ ਯਕੀਨ ਦਿਵਾਇਆ ਕਿ ਮੈਂ ਦੇਖਕੇ ਪੂਰੇ ਪੂਰੇ ਤੁਹਾਨੂੰ ਹਕ ਦਿਆਂਗਾ । ਇਸ ਕਰਕੇ ਮੈਂ ਕਹਿੰਦਾ ਹਾਂ ਕਿ ਜਦ ਸਾਡੇ ਚੀਫ ਮਨਿਸਟਰ ਸਾਹਿਬ ਮੰਨਦੇ ਹਨ, ਹਾਈ ਕੋਰਟ ਵੀ ਮੰਨਦੀ ਹੈ ਤਾਂ ਫਿਰ ਕਿਉਂ ਨਹੀਂ ਉਨ੍ਹਾਂ ਨੂੰ ਦੂਜਿਆਂ ਦੇ ਬਰਾਬਰ ਲਿਆਂਦਾ ਜਾਂਦਾ । ਇਹ ਚੀਜ਼ ਇਥੇ ਹਾਊਸ ਵਿਚ ਲਿਆਂਦੀ ਜਾਵੇ । (ਘੰਟੀ)

ਸ਼੍ਰੀ ਸਪੀਕਰ : ਤੁਸੀਂ ਵਾਈਂਡ ਅਪ ਕਰੋ । (Please wind up.)

ਕਾਮਰੇਡ ਮਹਿਤਾ ਬਸਿੰਘ ਨੌਕੇਰੀਆਂ : ਘਟੋ ਘਟ 10-12 ਮੈਂਬਰ ਉਨ੍ਹਾਂ ਵਿਚੋਂ ਚੁਣਕੇ ਆਏ ਹਨ । ਉਨ੍ਹਾਂ ਨੂੰ ਪਤਾ ਹੈ ਕਿ ਉਨ੍ਹਾਂ ਦੀ ਕੀ ਹਾਲਤ ਹੈ । ਇਹ ਜਿਹੜੀ ਸ਼ਡਿਊਲਡ ਕਾਸਟਸ ਦੇ ਸਬੰਧ ਵਿਚ ਰਿਪੋਰਟ ਆਈ ਹੈ ਉਸ ਦੇ ਉਤੇ ਕੁਝ ਮੈਂਬਰਾਂ ਨੇ ਕਿਹਾ ਹੈ ਕਿ ਹਾਲਾਂ ਤਕ ਵੀ ਪਿੰਡਾਂ ਵਿਚ ਸ਼ਡਿਊਲਡ ਕਾਸਟਸ ਦਾ ਬਾਈਕਾਟ ਹੁੰਦਾ ਹੈ । ਘਾਹ ਖੋਤਦੀਆਂ ਔਰਤਾਂ ਨੂੰ ਕੁਟਿਆ ਗਿਆ । ਇਸ ਤਰ੍ਹਾਂ ਦੇ ਜੁਲਮ ਉਨ੍ਹਾਂ ਤੇ ਹੋ ਰਹੇ ਹਨ । ਧੰਨਪੁਰੇ ਵਿਚ ਗੁੰਡਿਆਂ ਨੇ ਹਰੀਜਨਾਂ ਦੀਆਂ ਝੁੱਗੀਆਂ ਨੂੰ ਅਗ ਲਾ ਦਿਤੀ । (ਘੰਟੀ) ਪਤਾ ਨਹੀਂ ਇਹ ਚੀਜ਼ਾਂ ਇਹ ਕਿਸ ਤਰ੍ਹਾਂ ਭੁਲ ਜਾਂਦੇ ਹਨ । ਮਾਹਿਲਪੁਰ ਵਿਚ ਅਤੇ ਮੰਗੋਰਵਾਲ ਪਿੰਡ ਵਿਚ ਹਰੀਜਨਾਂ ਦਾ ਬਾਈਕਾਟ ਹੋਇਆ । (ਘੰਟੀ)

ਸ਼੍ਰੀ ਸਪੀਕਰ : ਤੁਸੀਂ ਬੈਠ ਜਾਓ । (Please resume your seat.)

Original with;
Punjab Vidhan Sabha
Digitized by;
Panjab Digital Library

ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ : ਸਪੀਕਰ ਸਾਹਿਬ, ਫਿਰੋਜ਼ਪੁਰ ਦੇ ਡਿਪੋ ਤੇ ਇਕ ਅਜਮੇਰ ਸਿੰਘ ਡਰਾਈਵਰ ਜੋ ਕਿ ਹਰੀਜਨ ਹੈ ਉਸ ਨੂੰ ਉਥੇ ਚੂਹੜਾ ਅਤੇ ਚਮਿਆਰ ਕਿਹਾ ਗਿਆ । ਉਸ ਨੇ ਕੋਰਟ ਵਿਚ ਇਸ ਗਲ ਨੂੰ ਚੈਲੰਜ ਕੀਤਾ ਇਸ ਤੇ ਕਹਿਣ ਵਾਲੇ ਨੂੰ ਸਜ਼ਾ ਮਿਲੀ, ਉਸ ਨੂੰ ਸਸਪੈਂਡ ਕੀਤਾ ਗਿਆ। (ਘੰਟੀ) ਸੋ ਇਸ ਤਰ੍ਹਾਂ ਦੇ ਜ਼ੁਲਮ ਸ਼ਡਿਊਲਡ ਕਾਸਟਸ ਤੇ ਹੋ ਰਹੇ ਹਨ ।

ਰਾਜ ਮੰਤਰੀ, ਸਮਾਜ ਭਲਾਈ (ਕੁਮਾਰੀ ਸਰਲਾ ਪ੍ਰਾਸ਼ਰ): ਸਪੀਕਰ ਸਾਹਿਬ, ਅੱਜ ਇਹ ਜਿਹੜਾ ਸਬਜੈਕਟ ਇਸ ਹਾਊਸ ਦੇ ਸਾਹਮਣੇ ਹੈ, ਇਹ ਬਹੁਤ ਇੰਪਾਰਟੈਂਟ ਅਤੇ ਗੰਭੀਰ ਹੈ । ਸਾਡੇ ਸੋਸ਼ਲਿਸਟਿਕ ਪੈਟਰਨ ਵਾਸਤੇ ਇਹ ਇਕ ਬਹੁਤ ਵੱਡਾ ਚੈਲੰਜ ਹੈ । ਸਾਡੀ ਸਰਕਾਰ ਅਤੇ ਪਾਰਟੀ ਸੋਸਾਇਟੀ ਦੇ ਇਸ ਪਛੜੇ ਵਰਗ ਨੂੰ ਜਿਸ ਨੂੰ ਅਸੀਂ ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਕਹਿੰਦੇ ਹਾਂ ਕਿ ਉਨ੍ਹਾਂ ਦੀ ਲਾਈਫ ਨੂੰ ਦੂਸਰਿਆਂ ਦੇ ਬਰਾਬਰ ਲਿਆਉਣ ਵਾਸਤੇ ਹਰ ਪੱਖ ਤੋਂ ਅੱਛੀ ਤਰ੍ਹਾਂ ਛਾਣ–ਬੀਣ ਕਰਕੇ ਉਨ੍ਹਾਂ ਵਾਸਤੇ ਪੂਰੀ ਕੋਸ਼ਿਸ਼ ਕਰ ਰਹੀ ਹੈ । ਜੇ ਅਸੀਂ ਇਸ ਬਰਾਦਰੀ ਨੂੰ, ਸਮਾਜ ਦੇ ਇਸ ਅੰਗ ਨੂੰ ਬਾਕੀ ਸਮਾਜ ਦੇ ਅੰਗ ਦੇ ਬਰਾਬਰ ਲਿਆਉਣਾ ਹੈ ਤਾਂ ਸਭ ਤੋਂ ਪਹਿਲਾਂ ਇਨ੍ਹਾਂ ਦੇ ਜੀਵਨ ਦੀ ਆਰਥਿਕ ਹਾਲਤ ਹੈ ਜਿਸ ਦੇ ਬਾਰੇ ਅਸੀਂ ਪੂਰੀ ਤਵੱਜੋ ਦੇ ਕੇ ਅਤੇ ਬੜੀ ਸੀਰੀਅਸਨੈਸ ਦੇ ਨਾਲ ਅਸੀਂ ਇਸ ਨੂੰ ਉਜਾਗਰ ਕਰਨਾ ਹੈ ਤੇ ਉਨ੍ਹਾਂ ਨੂੰ ਤਰੱਕੀ ਵੱਲ ਲਿਜਾਣਾ ਹੈ । ਉਨ੍ਹਾਂ ਦੀ ਆਰਥਿਕ ਹਾਲਤ ਸੁਧਾਰਨ ਵਾਸਤੇ ਸਭ ਤੋਂ ਪਹਿਲੀ ਗੱਲ ਇਹ ਹੈ ਕਿ ਬਹੁਤ ਸਾਰੇ ਸ਼ਡਿਊਲਡ ਕਾਸਟਸ ਬਰਾਦਰੀ ਦੇ ਲੋਕ ਜ਼ਮੀਨ ਦੇ ਉਤੇ ਨਿਰਭਰ ਕਰਦੇ ਹਨ । ਉਨ੍ਹਾਂ ਦਾ ਪੇਸ਼ਾ ਜ਼ਿਆਦਾ ਕਰਕੇ ਜ਼ਮੀਨ ਤੇ ਕੰਮ ਕਰਨ ਦਾ ਹੈ । ਲੇਕਿਨ ਜ਼ਮੀਨ ਦੇ ਉਤੇ ਉਨ੍ਹਾਂ ਦੇ ਕੰਮ ਕਰਦਿਆਂ ਦੀ ਕਿਸ ਤਰ੍ਹਾਂ ਐਕਸਪਲਾਇਟੇਸ਼ਨ ਹੁੰਦੀ ਰਹੀ ਹੈ ਹੁਣ ਤੱਕ । ਇਸ ਕਰਕੇ ਸਾਡੀ ਸਰਕਾਰ ਨੇ ਕਿ ਜ਼ਮੀਨ ਹਰੀਜਨਾਂ ਨੂੰ ਦਿੱਤੀ ਜਾਵੇ ਅਤੇ ਉਹ ਹਰੀਜਨ ਉਸ ਜ਼ਮੀਨ ਦੇ ਮਾਲਿਕ ਬਣ ਸਕਣ ਜਿਸ ਜ਼ਮੀਨ ਦੇ ਉਤੇ ਉਹ ਮਿਹਨਤ ਕਰਦੇ ਹਨ, ਇਸ ਦੀ ਪੜਤਾਲ ਕੀਤੀ ਹੈ ਅਤੇ ਪੂਰਾ ਇਸ ਦਾ ਪ੍ਰਬੰਧ ਕੀਤਾ ਹੈ । ਮੇਰੇ ਕੋਲ ਰਿਕਾਰਡ ਹੈ ਜਿਸ ਦੇ ਵਿਚ ਇਹ ਚੀਜ਼ ਜ਼ਾਹਿਰ ਹੈ ਕਿ ਪੰਜਾਬ ਦੇ ਵਿਚ ਰਿਹੈਬਿਲੀਟੇਸ਼ਨ ਡਿਪਾਰਟਮੈਂਟ ਨੇ, ਰੈਵੇਨਿਊ ਡਿਪਾਰਟਮੈਂਟ ਨੇ, ਪੰਚਾਇਤ ਡਿਪਾਰਟਮੈਂਟ ਨੇ ਅਤੇ ਸੋਸ਼ਲ ਵੈਲਫੇਅਰ ਡਿਪਾਰਟਮੈਂਟ ਨੇ ਜ਼ਮੀਨ ਦਿਵਾਉਣ ਵਿਚ ਵੱਖ ਵੱਖ ਆਪਣੇ ਹਿੱਸੇ ਪਾਏ ਹਨ । ਉਨ੍ਹਾਂ ਨੂੰ ਕਾਫੀ ਜ਼ਮੀਨ ਦਿੱਤੀ ਗਈ ਹੈ । (ਵਿਘਨ) ਜੇ ਕਿਸੇ ਨੇ ਅੰਕੜੇ ਪੁੱਛਣੇ ਹੋਣ ਤਾਂ ਬਾਅਦ ਵਿਚ ਪੁਛ ਸਕਦੇ ਹਨ । ਮੈਂ ਦੱਸ ਰਹੀ ਸੀ ਕਿ ਇਨ੍ਹਾਂ ਡਿਪਾਰਟਮੈਂਟਸ ਦੇ ਰਾਹੀਂ ਹਰੀਜਨਾਂ ਨੂੰ ਜ਼ਮੀਨ ਦਿੱਤੀ ਗਈ ਹੈ । ਔਰ ਇਸ ਜ਼ਮੀਨ ਨੂੰ ਖਰੀਦਣ ਵਾਸਤੇ ਕਿਉਂਕਿ ਹਰੀਜਨਾਂ ਕੋਲ ਕੋਈ ਪੈਸੇ ਨਹੀਂ ਹਨ । (ਵਿਘਨ) ਤੁਸੀਂ ਨੋਟ ਕਰੀ ਜਾਵੋ ਅਤੇ ਜਿਹੜੀ ਕੋਈ ਤੁਹਾਨੂੰ ਗਲਤ ਬਿਆਨੀ ਲੱਗਦੀ ਹੈ ਉਸ ਦੇ ਬਾਰੇ ਤੁਸੀਂ ਬਾਅਦ ਵਿਚ ਰੋਸ਼ਨੀ ਪਾ ਲੈਣਾ । ਜ਼ਮੀਨ ਨੂੰ ਖਰੀਦਣ ਵਾਸਤੇ 5 ਹਜ਼ਾਰ ਰੁਪਏ ਦੀ ਗਰਾਂਟ, ਜਿਸ ਦੇ ਵਿਚ ਕਿ ਹਰੀਜਨਾਂ ਨੇ ਆਪਣੇ ਲਈ ਜ਼ਮੀਨ ਖਰੀਦਣੀ ਹੈ ਅਤੇ ਉਹ ਜ਼ਮੀਨ ਉਸ ਦੀ ਮਲਕੀਅਤ ਹੋਣੀ ਹੈ ਅਤੇ ਇਸ ਜ਼ਮੀਨ ਨੂੰ ਖਰੀਦਣ ਦੇ ਦੌਰਾਨ ਵਿਚ ਜੋ ਸਟੈਂਪ ਡਿਊਟੀ ਲੱਗਣੀ ਹੈ ਉਹ ਡਿਊਟੀ ਵੀ ਗਰਾਂਟ ਦੀ ਸ਼ਕਲ ਵਿਚ ਹਰੀਜਨਾਂ ਨੂੰ ਦਿੱਤੀ ਹੈ । ਇਸ ਤੋਂ ਇਲਾਵਾ ਇਕ ਹੋਰ ਸਹੂਲਤ ਹੈ । ਸਾਡੀ ਸਰਕਾਰ ਨੇ ਸ਼ਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਐਂਡ ਫਾਈਨੈਂਸ ਕਾਰਪੋਰੇਸ਼ਨ ਬਣਾਈ ਹੈ । ਉਸ ਦੇ ਵਿਚ ਪਹਿਲੀ ਵਾਰ ਸਾਡੀ ਸਰਕਾਰ ਨੇ 3 ਹਜ਼ਾਰ ਰੁਪਏ ਦੀ ਰਕਮ ਰੱਖੀ ਹੈ । (ਤਾੜੀਆਂ) ਇਸ ਤਿੰਨ ਹਜ਼ਾਰ

Original with;
Punjab Vidhan Sabha
Digitized by;
Panjab Digital Library

ਰੁਪਏ ਦੀ ਰਕਮ ਉਤੇ ਕੋਈ ਵਿਆਜ ਨਹੀਂ ਦੇਣਾ ਪਵੇਗਾ । ਇਸ ਰਕਮ ਨੂੰ ਉਸ ਜ਼ਮੀਨ ਦੀ ਡਿਵੈਲਪਮੈਂਟ ਵਾਸਤੇ ਗਰੀਬ ਹਰੀਜਨ ਲਗਾ ਸਕਦਾ ਹੈ । ਇਸ ਤਰੀਕੇ ਨਾਲ 5 ਹਜ਼ਾਰ ਰੁਪਏ ਦੀ ਗਰਾਂਟ ਔਰ 3 ਹਜ਼ਾਰ ਰੁਪਏ ਦੀ ਇਹ ਰਕਮ ਜਿਸ ਦੇ ਉਤੇ ਕੋਈ ਵਿਆਜ ਨਹੀਂ ਹੈ, ਉਹ ਗਰੀਬ ਲੈ ਸਕੇਗਾ । ਇਸ ਤਰ੍ਹਾਂ ਅੱਠ ਹਜ਼ਾਰ ਰੁਪਿਆ ਫੈਮਿਲੀ ਨੂੰ ਜ਼ਮੀਨ ਖਰੀਦਣ ਵਾਸਤੇ ਔਰ ਜ਼ਮੀਨ ਦੀ ਡਿਵੈਲਪਮੈਂਟ ਵਾਸਤੇ ਮਿਲਦਾ ਹੈ । ਇਸ ਦੇ ਇਲਾਵਾ ਉਸ ਜ਼ਮੀਨ ਦੀ ਡਿਵੈਲਪਮੈਂਟ ਵਾਸਤੇ ਜਿਹੜਾ ਖੂਹ ਲਗਾਉਣਾ ਹੈ ਉਸ ਦੇ ਵਾਸਤੇ ਵੱਖਰੀ ਗਰਾਂਟ ਹੈ । ਲੇਕਿਨ ਜ਼ਮੀਨ ਕੋਈ ਇਹੋ ਜਿਹੀ ਚੀਜ਼ ਨਹੀਂ ਹੈ ਜਿਹੜੀ ਕਿ ਖੈਇਤਹਾ ਹੋਵੇ ਅਤੇ ਹਰ ਇਕ ਨੂੰ ਦਿੱਤੀ ਜਾ ਸਕੇ । ਅਗਰ ਉਸੀ ਜ਼ਮੀਨ ਤੇ ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਨੂੰ ਆਪਣੇ ਪੈਰਾਂ ਤੇ ਖੜਾ ਕਰਨਾ ਹੈ ਤਾਂ ਇਸ ਦੇ ਵਾਸਤੇ ਹੋਰ ਵੀ ਤਰੀਕੇ ਸੋਚਣੇ ਪੈਣਗੇ । ਉਸ ਦੇ ਵਾਸਤੇ ਇੰਡਸਟਰੀ ਦਾ ਜਿਹੜਾ ਹੈ ਉਹ ਆਪਣੇ ਹੱਥ ਵਿਚ ਲੈਣਾ ਪਵੇਗਾ । ਇੰਡਸਟਰੀ ਵਾਸਤੇ ਜਿਹੜੀ ਫਾਈਨੈਂਸ ਕਾਰਪੋਰੇਸ਼ਨ ਹੈ, ਸਾਡੀ ਸਰਕਾਰ ਤੋਂ ਪਹਿਲਾਂ ਫਾਈਨੈਂਸ ਕਾਰਪੋਰੇਸ਼ਨ ਦੇ ਵਿਚ ਸਿਰਫ 1 ਹਜ਼ਾਰ ਰੁਪਿਆ ਬਗੈਰ ਵਿਆਜ ਤੋਂ ਗੁੰਜਾਇਸ਼ ਸੀ ਅਤੇ 7% ਵਿਆਜ ਸੀ ਜਿਸ ਦੀ ਕਿ ਕੋਈ ਲਿਮਿਟ ਨਹੀਂ ਸੀ । ਇਸ ਲਈ ਇਹ ਵੀ ਮੈਂਬਰ ਸਾਹਿਬਾਨ ਨੂੰ ਦੇਖ ਲੈਣਾ ਚਾਹੀਦਾ ਹੈ ਕਿ ਇਹ ਪਹਿਲੀ ਵਾਰ ਸਾਡੀ ਸਰਕਾਰ ਨੇ ਲਿਮਿਟ ਲਗਾਈ ਹੈ । ਔਰ ਲਿਮਿਟ ਲਗਾ ਕੇ ਇਹ ਕੀਤਾ ਹੈ ਕਿ 10 ਹਜ਼ਾਰ ਰੁਪਿਆ ਲੈ ਸਕਦਾ ਹੈ ਉਸ ਦੇ ਉਤੇ 4% ਵਿਆਜ ਹੋਵੇਗਾ । 20 ਹਜ਼ਾਰ ਰੁਪਿਆ ਲੈ ਸਕਦਾ ਹੈ ਉਸ ਦੇ ਉਤੇ 5% ਵਿਆਜ ਹੋਵੇਗਾ ਅਤੇ 25 ਹਜ਼ਾਰ ਰੁਪਏ ਦੇ ਉਤੇ 6% ਵਿਆਜ ਹੋਵੇਗਾ ਜਦ ਕਿ ਇਸ਼ ਤੋਂ ਪਹਿਲਾਂ 9% ਦੀ ਗੁੰਜਾਇਸ਼ ਸੀ । ਹੁਣ ਅਗਰ ਇੰਡਸਟਰੀ ਅਸੀਂ ਸ਼ਡਿਊਲਡ ਕਾਸਟਸ ਅਤੇ ਬੈਕਵਰਡ ਨੂੰ ਰਿਹੈਬਿਲੀਟੇਟ ਕਰਨੀ ਹੈ ਤਾਂ ਸਭ ਤੋਂ ਪਹਿਲਾਂ ਜ਼ਰੂਰੀ ਹੈ ਕਿ ਅਸੀਂ ਉਨ੍ਹਾਂ ਦੇ ਬੱਚਿਆਂ ਨੂੰ ਟੈਕਨੀਕਲ ਟਰੇਨਿੰਗ ਦੇਈਏ ਤਾਂ ਹੀ ਉਹ ਆਪਣੇ ਕਾਰੋਬਾਰ ਨੂੰ ਸੰਭਾਲ ਸਕਣਗੇ । ਕੋਂਪ੍ਰੇਟਿਵ ਫੀਲਡ ਵਿਚ ਵੀ ਇਹ ਠੀਕ ਹੈ ਪੰਜਾਬ ਮਹਾਰਾਸ਼ਟਰ ਅਤੇ ਦੂਸਰੇ ਸੂਬਿਆਂ ਦੇ ਮੁਕਾਬਲੇ ਤੇ ਨਹੀਂ ਹੈ ਲੇਕਿਨ ਟੈਕਨੀਕਲ ਟਰੇਨਿੰਗ ਬੱਚਿਆਂ ਨੂੰ ਦੇਣ ਵਾਸਤੇ ਸਰਕਾਰ ਨੇ ਵਜ਼ੀਫੇ ਰੱਖੇ ਹਨ । ਜਦ ਉਹ ਟੈਕਨੀਕਲ ਟਰੇਨਿੰਗ ਲੈਣਗੇ ਤਾਂ ਉਨ੍ਹਾਂ ਨੂੰ ਵਜ਼ੀਫੇ ਮਿਲਦੇ ਹਨ । ਸਰਕਾਰ ਕੋਸ਼ਿਸ਼ ਕਰ ਰਹੀ ਹੈ ਕਿ ਉਨ੍ਹਾਂ ਦੇ ਬੱਚਿਆਂ ਨੂੰ ਜਿਹੜੇ ਕਿ ਆਈ.ਟੀ.ਆਈ, ਆਦਿ ਦੀ ਟਰੇਨਿੰਗ ਲੈ ਕੇ ਨਿਕਲਦੇ ਹਨ ਉਨ੍ਹਾਂ ਤੇ ਫਾਲੋ ਅੱਪ ਐਕਸ਼ਨ ਕੀਤਾ ਜਾਵੇ । ਅਸੀਂ ਪੁੱਛ ਗਿੱਛ ਕਰ ਰਹੇ ਹਾਂ ਕਿ ਉਨ੍ਹਾਂ ਵਿਚੋਂ ਕਿੰਨੇ ਬੱਚੇ ਨੌਕਰੀ ਨਹੀਂ ਲੱਗੇ, ਅਤੇ ਕਿੰਨੇ ਬੱਚੇ ਟਰੇਨਿੰਗ ਲੈ ਕੇ ਇਸ ਵੇਲੇ ਵਿਹਲੇ ਬੈਠੇ ਹੋਏ ਹਨ । ਔਰ ਕੋਸ਼ਿਸ਼ ਇਹ ਹੈ ਕਿ ਜਿਹੜੇ ਬੱਚੇ ਟੈਕਨੀਕਲ ਟਰੇਨਿੰਗ ਲੈ ਕੇ ਇਸ ਵੇਲੇ ਵਿਹਲੇ ਬੈਠੇ ਹਨ ਉਨ੍ਹਾਂ ਨੂੰ ਇਸ ਕਾਰਪੋਰੇਸ਼ਨ ਦੇ ਰਾਹੀਂ ਲੋਨ ਦੇ ਕੇ ਇੰਡਸਟਰੀਜ਼ ਦੇ ਵਿਚ ਉਨ੍ਹਾਂ ਨੂੰ ਐਸਟੈਬਲਿਸ਼ ਕੀਤਾ ਜਾਵੇਗਾ ਔਰ ਉਨ੍ਹਾਂ ਨੂੰ ਹੋਰ ਮਦਦ ਜਿਸ ਤਰ੍ਹਾਂ ਰਾਅ-ਮੈਟੀਰੀਅਲ ਦੀ ਹੈ ਉਹ ਵੀ ਦਿਤੀ ਜਾਵੇਗੀ ।

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਇਕ ਹੋਰ ਵੱਡੀ ਚੀਜ਼ ਜਿਹੜੀ ਕਿ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ ਕੀਤੀ ਹੈ ਉਹ ਐਨਵਾਇਰਮੈਂਟਲ ਸਕੀਮ ਹੈ । ਇਹ ਐਨਵਾਇਰਮੈਂਟਲ ਸਕੀਮ ਜਿਹੜੀ ਹੈ ਇਹ ਇਕ ਇਨਕਲਾਬੀ ਕਦਮ ਹੈ । ਜਿਸ ਵੇਲੇ ਇਹ ਸਕੀਮ 1972-73 ਵਿਚ ਚਲਾਈ ਗਈ ਸੀ ਤਾਂ ਉਸ ਵੇਲੇ ਇਸ ਦੇ ਵਾਸਤੇ 47.50 ਲੱਖ ਰੁਪਿਆ ਰਖਿਆ ਗਿਆ ਸੀ । 1973-74 ਦੇ ਵਿਚ ਫਿਰ ਇਹ ਰੁਪਿਆ 50 ਲੱਖ ਕਰ ਦਿਤਾ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਸਮਾਜ ਭਲਾਈ]

ਸੀ ਅਤੇ ਹੁਣ 1974-75 ਵਿਚ 93 ਲੱਖ ਰੁਪਏ ਇਸ ਦੇ ਵਾਸਤੇ ਰਖੇ ਗਏ ਹਨ। ਇਸ ਤਰੀਕੇ ਨਾਲ ਇਹ ਕੀਤਾ ਗਿਆ ਹੈ ਕਿ ਜਿਥੇ ਹਰੀਜਨ ਵਸਦੇ ਹਨ ਜਿਥੇ ਸਾਰੀ ਆਬਾਦੀ ਨੂੰ ਸਕੂਲ ਦਿਤੇ ਜਾ ਸਕਣ, ਉਥੇ ਉਨ੍ਹਾਂ ਦੀ ਰਿਹਾਇਸ਼ ਅੌਰ ਉਨ੍ਹਾਂ ਦੇ ਮੁਹੱਲਿਆਂ ਦੇ ਵਿਚ ਸੁਧਾਰ ਲਿਆਂਦਾ ਜਾਵੇ, ਗਲੀਆਂ ਪੱਕੀਆਂ ਕਰਵਾਈਆਂ ਜਾਣ ਅੌਰ ਉਨ੍ਹਾਂ ਦੀ ਸਫ਼ਾਈ ਕਰਵਾਈ ਜਾਵੇ ਅੌਰ ਉਨ੍ਹਾਂ ਦਾ ਜਿਹੜਾ ਰਿਹਾਇਸ਼ੀ ਇਲਾਕਾ ਹੈ ਉਹ ਚੰਗਾ ਬਣਾਇਆ ਜਾਵੇ।

ਸਪੀਕਰ ਸਾਹਿਬ, ਮੈਂ ਜਿਹੜੀ ਚੀਜ਼ ਤੁਹਾਡੇ ਸਾਹਮਣੇ ਰਖੀ ਹੈ, ਜ਼ਮੀਨ ਅੌਰ ਇੰਡਸਟਰੀ ਇਨ੍ਹਾਂ ਦੋਨਾਂ ਵਿਚ ਸ਼ਡਿਊਲਡ ਕਾਸਟਸ ਨੂੰ ਪੂਰੀ ਮਦਦ ਦੇਣ ਦੇ ਬਾਦ ਇਹ ਜ਼ਰੂਰੀ ਹੈ ਕਿ ਇਨ੍ਹਾਂ ਨੂੰ ਅੈਜੂਕੇਸ਼ਨ ਦੇ ਲਿਹਾਜ਼ ਨਾਲ ਵੀ ਪੂਰੀ ਮਦਦ ਦਿਤੀ ਜਾਵੇ ਤਾਂ ਕਿ ਇਹ ਵੱਧ ਤੋਂ ਵੱਧ ਅੈਜੂਕੇਸ਼ਨ ਹਾਸਲ ਕਰ ਸਕਣ। ਇਸ ਵੇਲੇ ਅੈਜੂਕੇਸ਼ਨ ਦੇ ਵਿਚ ਇਨ੍ਹਾਂ ਦੇ ਬੱਚਿਆਂ ਨੂੰ ਸਕਾਲਰਸ਼ਿਪ ਦਿਤਾ ਜਾਂਦਾ ਹੈ ਅੌਰ ਪ੍ਰੀ-ਮੈਟਰਿਕ ਜਿਹੜੀ ਅੈਜੂਕੇਸ਼ਨ ਹੈ ਉਸ ਦੇ ਵਿਚ ਵਖਰਾ ਸਕਾਲਰਸ਼ਿਪ ਦਿਤਾ ਜਾਂਦਾ ਹੈ। ਲੇਕਿਨ ਇਹ ਦੇਖਣ ਵਿਚ ਆਇਆ ਹੈ ਕਿ ਬੱਚਿਆਂ ਨੂੰ ਸਟਾਈਪੈਂਡ ਦੇਣ ਦੇ ਬਾਅਦ ਉਹ ਬਹੁਤ ਸਾਰੀਆਂ ਜ਼ਰੂਰਤਾਂ ਆਪਣੀਆਂ ਪੂਰੀਆਂ ਨਹੀਂ ਕਰ ਸਕਦੇ। ਇਸ ਕਰਕੇ ਜਿਹੜੇ ਮੈਡੀਕਲ, ਇੰਜੀਨੀਰਿੰਗ ਅੌਰ ਹੋਰ ਹਾਇਰ ਟੈਕਨੀਕਲ ਅੈਜੂਕੇਸ਼ਨ ਲੈਂਦੇ ਹਨ ਉਨ੍ਹਾਂ ਨੂੰ ਇਕ ਹੋਰ ਸਹੂਲਤ ਸਰਕਾਰ ਦੇ ਰਹੀ ਹੈ ਕਿ 3,000 ਰੁਪਏ ਦੀ ਰਕਮ ਉਨ੍ਹਾਂ ਨੂੰ ਫਰੀ ਇਨਟਰੈਸਟ ਲੋਨ ਦੇ ਤੌਰ ਤੇ ਦਿਤੀ ਜਾਵੇ ਤਾਂ ਕਿ ਉਹ ਅੱਛੀ ਤਰ੍ਹਾਂ ਆਪਣੀ ਟਰੇਨਿੰਗ ਲੈ ਸਕਣ ਅਤੇ ਟਰੇਨਿੰਗ ਲੈਣ ਤੋਂ ਬਾਅਦ ਜਦੋਂ ਉਹ ਨੌਕਰੀ ਤੇ ਲਗ ਜਾਣ ਜਾਂ ਕਿਸੇ ਹੋਰ ਕੰਮ ਕਾਜ ਤੇ ਲਗ ਜਾਣ ਤਾਂ ਉਹ ਰੁਪਿਆ ਵਾਪਸ ਲਿਆ ਜਾਵੇ। (ਬੰਪਿੰਗ)

ਸ਼੍ਰੀ ਸਪੀਕਰ: 5 ਮਿੰਟ ਵਿਚ ਵਾਈਂਡ ਅੱਪ ਕਰ ਦਿਉ ਜੀ। (ਵਿਘਨ) (Please wind up within five minutes.) (*interruption*)

ਰਾਜ ਮੰਤਰੀ, ਸਮਾਜ ਭਲਾਈ: ਇਸ ਤਰੀਕੇ ਨਾਲ ਮੈਂ ਕਹਿਣਾ ਚਾਹੁੰਦੀ ਹਾਂ ਕਿ ਸਰਕਾਰ ਦੀ ਇਸ ਪਾਸੇ ਵਲ਼ ਪੂਰੀ ਤਵੱਜੋ ਹੈ ਕਿ ਜੋ ਵਿਦਿਆਰਥੀ ਇਸ ਵੇਲੇ ਪੜ੍ਹ ਰਹੇ ਹਨ ਉਨ੍ਹਾਂ ਨੂੰ ਕਿਸੇ ਤਰੀਕੇ ਨਾਲ ਪੈਸੇ ਦੀ ਥੁੜ ਨਾ ਰਹੇ। ਸਰਕਾਰ ਇਹ ਵੀ ਕਰ ਰਹੀ ਹੈ ਕਿ ਜਿਹੜੇ ਬੱਚੇ ਸਕੂਲ ਵਿਚ ਨਹੀਂ ਆਉਂਦੇ ਉਨ੍ਹਾਂ ਨੂੰ ਸਕੂਲ ਵਿਚ ਲਿਆਉਣ ਵਾਸਤੇ ਇਨਸੈਨਟਿਵ ਦਿਤਾ ਜਾਵੇ। ਸ਼ੁਰੂ ਸ਼ੁਰੂ ਦੇ ਵਿਚ ਬੱਚਿਆਂ ਨੂੰ ਸਕੂਲ ਵਿਚ ਲਿਆਉਣ ਲਈ ਇਨਸੈਨਟਿਵ ਦੇ ਤੌਰ ਤੇ ਸਰਕਾਰ ਨੇ ਅੈਲਾਨ ਕੀਤਾ ਹੈ ਕਿ ਬੱਚਿਆਂ ਨੂੰ ਮੁਫਤ ਕਿਤਾਬਾਂ ਦਿਤੀਆਂ ਜਾਣ ਤਾਂ ਕਿ ਬੱਚੇ ਸਕੂਲ ਵਿਚ ਆ ਕੇ ਅੈਜੂਕੇਸ਼ਨ ਲੈ ਸਕਣ। (ਬੰਪਿੰਗ)

ਇਕ ਚੀਜ਼, ਸਪੀਕਰ ਸਾਹਿਬ, ਇਥੇ ਹੋਰ ਉਠਾਈ ਗਈ ਹੈ। ਇਥੇ ਮੈਂਬਰਜ਼ ਸਾਹਿਬਾਨ ਨੇ ਇਹ ਚੀਜ਼ ਠੀਕ ਕਹੀ ਹੈ ਕਿ ਜਦੋਂ ਤਕ ਅਸੀਂ ਸ਼ਡਿਊਲਡ ਕਾਸਟਸ ਅੌਰ ਬੈਕਵਰਡ ਕਲਾਸਿਜ਼ ਦੇ ਅੰਦਰ ਸੈਲਫ ਕਾਨਫੀਡੈਂਸ ਨਹੀਂ ਪੈਦਾ ਕਰਾਂਗੇ, ਉਨ੍ਹਾਂ ਦੇ ਅੰਦਰ ਆਤਮ ਵਿਸ਼ਵਾਸ ਦਾ ਵਾਤਾਵਰਣ ਪੈਦਾ ਨਹੀਂ ਕਰਾਂਗੇ ਉਦੋਂ ਤਕ ਇਹ ਸਮਾਜ ਦੇ ਬਰਾਬਰ ਨਹੀਂ ਆ ਸਕਣਗੇ। ਇਸ ਲਈ ਸਰਕਾਰ ਨੇ ਇਹੋ ਜਿਹੀਆਂ ਸਕੀਮਾਂ ਬਣਾਈਆਂ ਹਨ ਜਿਨ੍ਹਾਂ ਦੇ ਨਾਲ ਉਹ ਦੂਸਰੇ ਵਰਗ ਦੇ ਲੋਕਾਂ ਨਾਲ ਸੰਪਰਕ ਵਿਚ ਆ ਸਕਣ। ਇਸ ਦੇ ਲਈ

Original with;
Punjab Vidhan Sabha
Digitized by;
Panjab Digital Library

ਇਕ ਧਰਮਸ਼ਾਲਾ ਦੀ ਸਕੀਮ ਹੈ । ਇਹ ਧਰਮਸ਼ਾਲਾ ਦੀ ਸਕੀਮ ਨਾ ਸਿਰੋਫ ਹਰੀਜਨਾਂ ਦੀ ਬਲਕਿ ਦੂਸਰੇ ਵਰਗ ਦੇ ਪਿੰਡਾਂ ਦੇ ਜੋ ਲੋਕ ਹਨ ਉਨ੍ਹਾਂ ਦੀ ਬਰਾਤ ਠਹਿਰਾਉਣ ਲਈ ਵੀ ਇਸਤੇਮਾਲ ਹੋਣੀ ਚਾਹੀਦਾ ਹੈ । (ਵਿਘਨ)

Mr. Speaker: Order, order please.

ਰਾਜ ਮੰਤਰੀ, ਸਮਾਜ ਭਲਾਈ : ਇਕ ਚੀਜ਼, ਸਪੀਕਰ ਸਾਹਿਬ, ਹਾਊਸਿੰਗ ਦੇ ਬਾਰੇ ਕਹੀ ਗਈ ਹੈ । ਹਾਊਸਿੰਗ ਦੇ ਬਾਰੇ ਵਿਚ ਕਿਹਾ ਗਿਆ ਸੀ ਕਿ ਪਿੰਡਾਂ ਵਿਚ ਸਰਕਾਰ ਨੇ ਪਲਾਟ ਦਿਤੇ ਹਨ ਲੇਕਿਨ ਸ਼ਹਿਰਾਂ ਵਿਚ ਪਲਾਟ ਦੇਣ ਦੀ ਜਾਂ ਮਕਾਨ ਬਣਾਉਣ ਲਈ ਕੋਈ ਗੁਜਾਇਸ਼ ਨਹੀਂ ਰਖੀ ਗਈ । ਇਹ ਚੀਜ਼ ਕਈ ਸ਼ਕਲਾਂ ਵਿਚ ਹਾਊਸ ਦੇ ਸਾਹਮਣੇ ਆ ਚੁੱਕੀ ਹੈ ਕਿ ਜਿਹੜੀ ਅਰਬਨ ਅਸਟੇਟ ਹੈ ਇਸ ਅਰਬਨ ਅਸਟੇਟ ਦੇ ਵਿਚ ਵੀ 10% ਪਲਾਟ ਹਨ ਜੋ ਹਰੀਜਨਾਂ ਵਾਸਤੇ ਰਿਜ਼ਰਵ ਹਨ ਔਰ ਮਿਊਨਸਪਲ ਕਮੇਟੀਆਂ ਔਰ ਇਮਪਰੂਵਮੈਂਟ ਟਰੱਸਟਸ ਨੂੰ ਵੀ ਇਹੋ ਜਿਹੀਆਂ ਹਿਦਾਇਤਾਂ ਦਿਤੀਆਂ ਹਨ ਕਿ ਹਰੀਜਨਾਂ ਲਈ ਪਲਾਟ ਜਿਹੜੇ ਹਨ ਉਹ 10% ਘੱਟੋ ਘੱਟ ਰਿਜ਼ਰਵ ਰਖੇ ਜਾਣ । ਇਸ ਤਰੀਕੇ ਨਾਲ ਮੈਂ ਦਸਣਾ ਚਾਹੁੰਦੀ ਹਾਂ ਕਿ ਸ਼ਹਿਰਾਂ ਦੇ ਵਿਚ ਵੀ ਬੈਕਵਰਡ ਲੋਕ ਜੋ ਹਨ ਉਨ੍ਹਾਂ ਦੀ ਰਿਹਾਇਸ਼ ਵਾਸਤੇ ਸਰਕਾਰ ਨੇ ਪੂਰਾ ਧਿਆਨ ਰਖਿਆ ਹੈ ।

ਇਕ ਹੋਰ ਚੀਜ਼ ਸਰਵਿਸਿਜ਼ ਦੇ ਬਾਰੇ ਵਿਚ ਬੜੀ ਕਹੀ ਗਈ ਹੈ । ਰਿਜ਼ਰਵੇਸ਼ਨ ਜਿਹੜੀ ਕਿ ਪਹਿਲਾਂ 20% ਸੀ ਉਹ ਹੁਣ 25% ਡਾਇਰੈਕਟ ਰਿਕਰੂਟਮੈਂਟ ਦੇ ਵਿਚ ਕੀਤੀ ਗਈ ਹੈ ਔਰ 20% ਜਿਹੜੀ ਹੈ ਰਿਜ਼ਰਵੇਸ਼ਨ, ਉਹ ਇਨ ਪ੍ਰੋਮੋਸ਼ਨਜ਼ ਕੀਤੀ ਗਈ ਹੈ । ਕਲਾਸ ਵਨ ਅਤੇ ਟੂ ਦੇ ਵਿਚ ਹਾਈ ਪਾਵਰਡ ਕਮੇਟੀ ਔਰ ਸੈਂਟਰ ਗੌਰਮਿੰਟ ਦੀ ਲਾਈਨਜ਼ ਤੇ 10% ਰਿਜ਼ਰਵੇਸ਼ਨ ਦਿਤੀ ਜਾਣੀ ਸੀ ਪਰ ਸਾਡੀ ਸਰਕਾਰ ਨੇ ਇਹ ਰਿਜ਼ਰਵੇਸ਼ਨ 14 ਕੀਤੀ ਹੈ । ਇਕ ਹੋਰ ਅਸ਼ੰਕਾ ਸਪੀਕਰ ਸਾਹਿਬ, ਮੈਂਬਰ ਸਾਹਿਬਾਨ ਵਲੋਂ ਜ਼ਾਹਰ ਕੀਤਾ ਗਿਆ ਹੈ ਕਿ ਹੋ ਸਕਦਾ ਹੈ ਕਿ ਇਸ ਦੀ ਇਮਪਲੀਮੈਂਟੇਸ਼ਨ ਦੇ ਵਿਚ ਕੋਈ ਕਮੀ ਰਹਿ ਜਾਵੇ । ਇਸ ਅਸ਼ੰਕਾ ਨੂੰ ਦੂਰ ਕਰਨ ਦੇ ਵਾਸਤੇ ਮੈਂ ਦਸਦੀ ਹਾਂ ਕਿ ਰਿਜ਼ਰਵੇਸ਼ਨ ਇਨ ਪ੍ਰੋਮੋਸ਼ਨ ਦਾ ਜੋ ਕੇਸ ਹੈ ਉਸ ਕੇਸ ਨੂੰ ਕਰਨਾ ਚੀਫ਼ ਸੈਕਟਰੀ ਦੇ ਆਫਿਸ ਨੇ ਹੈ ਲੇਕਿਨ ਉਹ ਕਰਨਾ ਹੈ ਸੈਕਟਰੀ, ਵੈਲਫੇਅਰ ਆਫ਼ ਸ਼ਡਿਊਲਡ ਕਾਸਟਸ ਦੀ ਕਨਸਲਟੇਸ਼ਨ ਨਾਲ । ਇਸ ਲਈ ਇਸ ਦੇ ਵਿਚ ਕੋਈ ਲੂਪ ਹੋਲਜ਼ ਵਾਲੀ ਗੱਲ ਜਾਂ ਅਸ਼ੰਕੇ ਦੀ ਗੁੰਜਾਇਸ਼ ਨਹੀਂ ਹੈ । (ਥੰਪਿੰਗ)

ਸਪੀਕਰ ਸਾਹਿਬ, ਆਖਿਰ ਦੇ ਵਿਚ ਮੈਂ ਇਹ ਇਕ ਚੀਜ਼ ਜ਼ਰੂਰ ਕਹਾਂਗੀ ਕਿ ਇਹ ਜਿਹੜੀ ਬਹਿਸ ਹੈ ਉਹ ਹੈ ਰਿਪੋਰਟ ਦੇ ਬਾਰੇ ਵਿਚ । ਇਸ ਰਿਪੋਰਟ ਵਿਚ ਪਹਿਲੇ ਚੈਪਟਰ ਵਿਚ ਦੋ ਚੀਜ਼ਾਂ ਖਾਸ ਰਖੀਆਂ ਗਈਆਂ ਹਨ ਜਿਹੜੀਆਂ ਕਿ ਸਾਨੂੰ ਹਰ ਵੇਲੇ ਧਿਆਨ ਵਿਚ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਸਮਾਜ ਭਲਾਈ]

ਰਖਣੀਆਂ ਚਾਹੀਦੀਆਂ ਹਨ । ਇਮਪਲੀਮੈਨਟੇਸ਼ਨ ਬਾਰੇ ਮੈਂਬਰ ਸਾਹਿਬਾਨ ਨੇ ਕਿਹਾ ਹੈ ਕਿ ਸਾਨੂੰ ਸ਼ੰਕਾ ਹੈ । ਇਸ ਦੇ ਵਿਚ ਹੈ—

'General lack of sense of urgency on the part of those responsible for the implementation of the schemes.'

ਇਹ ਅਰਜੈਂਸੀ ਅਸੀਂ ਪੈਦਾ ਕਰਨੀ ਹੈ । ਅਸੀਂ ਸਾਰੇ ਲੋਕਾਂ ਦੇ ਨੁਮਾਇੰਦੇ ਹਾਂ ਅਤੇ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਇਸ ਦੇ ਬਾਰੇ ਇਸ ਤਰ੍ਹਾਂ ਦਾ ਵਾਤਾਵਰਣ ਬਣਾਈਏ ਅੰਰ ਸੈਨਸ ਆਫ਼ ਸਪਿਰਟ ਉਨ੍ਹਾਂ ਵਾਸਤੇ ਪੈਦਾ ਕਰੀਏ । ਇਸ ਦੇ ਨਾਲ ਹੀ—

'lack of people's participation in the implementation of the schemes'.

ਸੋ ਮੈਂ ਹਾਊਸ ਦੇ ਸਾਹਮਣੇ, ਮੈਂਬਰ ਸਾਹਿਬਾਨ ਦੇ ਸਾਹਮਣੇ ਇਹ ਚੀਜ਼ ਜ਼ਰੂਰ ਰੱਖਾਂਗੀ ਕਿ ਸਰਕਾਰ ਦੀ ਪੂਰੀ ਮਨਸ਼ਾ ਹੈ ਇਹ ਜੋ ਸਕੀਮਾਂ ਹਨ ਉਨ੍ਹਾਂ ਨੂੰ ਸੈਂਟ ਪਰਸੈਂਟ ਕਾਮਯਾਬ ਕਰਨ ਦੀ, ਇਮਪਲੀਮੈਂਟ ਕਰਨ ਦੀ ਅੰਰ ਇਸ ਵਰਗ ਨੂੰ ਦੂਸਰੇ ਵਰਗ ਦੇ ਬਰਾਬਰ ਲਿਆਉਣ ਦੀ । ਇਸ ਦੇ ਵਿਚ ਲੋਕਾਂ ਦੀ ਮਦਦ, ਤੁਹਾਡੇ ਸਹਿਯੋਗ ਦੀ ਜ਼ਰੂਰਤ ਹੈ ਅੰਰ ਇਸ ਵਾਤਾਵਰਣ ਵਿਚ....(ਵਿਘਨ) ।

ਸ਼੍ਰੀ ਬਾਲਮੁਕੰਦ ਸ਼ਰਮਾ : ਸਪੀਕਰ ਸਾਹਿਬ, ਮੈਂ ਇਕ ਇਨਫਰਮੇਸ਼ਨ ਲੈਣੀ ਚਾਹੁੰਦਾ ਹਾਂ ਮੈਂ ਜਾਣਨਾਂ ਚਾਹੁੰਦਾ ਹਾਂ ਕਿ ਸੋਸ਼ਲ ਵੈਲਫੇਅਰ ਡੀਪਾਰਟਮੈਂਟ ਇਕੁਵੈਲਿਟੀ ਲਿਆਉਣ ਵਾਸਤੇ ਸਾਡੇ ਵਿਚ ਜੋ ਜਾਤ ਪਾਤ ਦੀ ਫਿਰਕਾਦਾਰੀ ਚਲਦੀ ਹੈ ਉਸ ਨੂੰ ਖਤਮ ਕਰਨ ਵਾਸਤੇ ਇਕ ਦੂਜੇ ਮਜ਼ਹਬ ਵਿਚ ਸ਼ਾਦੀ ਕਰਨ ਦਾ ਪ੍ਰਚਾਰ ਕਰਨਗੇ ? (ਬੰਪਿੰਗ)

(ਇਸ ਵਕਤ ਕਈ ਮੈਂਬਰ ਸਾਹਿਬ ਕੁਝ ਸਵਾਲ ਪੁਛਣ ਲਈ ਆਪਣੀਆਂ ਸੀਟਾਂ ਤੇ ਖੜੇ ਸਨ....)

ਸ਼੍ਰੀ ਸਪੀਕਰ : ਮੈਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਮਨਿਸਟਰ ਸਾਹਿਬਾ ਨੂੰ ਜਵਾਬ ਦੇ ਲੈਣ ਦਿਓ ਅਤੇ ਆਪਣੀਆਂ ਸੀਟਾਂ ਤੇ ਤਸ਼ਰੀਫ਼ ਰਖੋ ਮੈਂਬਰ ਸਾਹਿਬ ਨੇ ਕੋਈ ਕੁਐਸਚਨ ਕੀਤਾ ਹੈ ਉਸ ਦਾ ਜਵਾਬ ਮਨਿਸਟਰ ਸਾਹਿਬਾ ਨੇ ਦੇਣਾ ਹੈ ਨਾ ਕਿ ਮੈਂਬਰ ਸਾਹਿਬਾਨ ਨੇ । (I request the hon. Members to resume their seats and let the hon. Minister proceed with the reply. The Minister concerned is supposed to give the reply and not the hon. Members.)

ਰਾਜ ਮੰਤਰੀ, ਸਮਾਜ ਭਲਾਈ : ਸਪੀਕਰ ਸਾਹਿਬ, ਇਹ ਜਿਹੜੀ ਇਨਫਰਮੇਸ਼ਨ ਮੈਂਬਰ ਸਾਹਿਬ ਨੇ ਮੰਗੀ ਹੈ ਕਿ ਦਰਅਸਲ ਜਦ ਤਕ ਸਮਾਜ ਦੇ ਸੋਚਣ ਦਾ ਤਰੀਕਾ ਨਹੀਂ ਬਦਲੇਗਾ ਉਦੋਂ ਤਕ ਇਹ ਪ੍ਰੋਗਰਾਮ ਡਿਪਾਰਟਮੈਂਟ ਵਿਚ ਕਿਸ ਤਰ੍ਹਾਂ ਲਿਆਂਦਾ ਜਾ ਸਕਦਾ ਹੈ ।

Original with;
Punjab Vidhan Sabha
Digitized by;
Panjab Digital Library

ਮੈਂਬਰ ਸਾਹਿਬ ਇਸ ਕੰਮ ਵਿਚ ਲੀਡ ਲੈਣ, ਮੇਰਾ ਮਹਿਕਮਾਂ ਇਨ੍ਹਾਂ ਦੇ ਨਾਲ ਰਹੇਗਾ। (ਵਿਘਨ)।

ਸਰਦਾਰ ਧੰਨਾ ਸਿੰਘ ਗੁਲਸ਼ਨ: ਸਪੀਕਰ ਸਾਹਿਬ, ਮੈਂ ਇਹ ਜਾਣਕਾਰੀ ਲੈਣਾ ਚਾਹੁੰਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਨੇ ਸ਼ਡਿਊਲਡ ਕਾਸਟਸ ਦੇ ਐਮ. ਐਲ. ਏਜ਼. ਨਾਲ ਹੋਈ 1 ਅਪਰੈਲ, 1973 ਦੀ ਮੀਟਿੰਗ ਵਿਚ ਵਿਸ਼ਵਾਸ ਦਿਲਾਇਆ ਸੀ ਕਿ ਜੋ ਪਰਮੋਸ਼ਨ ਦੇ ਕੇਸਿਜ਼ ਹਨ....(ਵਿਘਨ)।

ਸ਼੍ਰੀ ਸਪੀਕਰ : ਗੁਲਸ਼ਨ ਜੀ, ਇਹ ਕੋਈ ਕੁਅਸਚਨ ਆਵਰ ਤਾਂ ਨਹੀਂ, ਜਦ ਤੁਹਾਡੀ ਮਰਜ਼ੀ ਆਉਂਦੀ ਹੈ ਤੁਸੀਂ ਪੜ੍ਹਨਾ ਸ਼ੁਰੂ ਕਰ ਦਿੰਦੇ ਹੋ। ਤੁਸੀਂ ਪਾਰਲੀਮੈਂਟ ਦੇ ਮੈਂਬਰ ਰਹੇ ਹੋ, ਤੁਸੀਂ ਰੂਲਜ਼ ਨੂੰ ਸਮਝਦੇ ਹੋ (ਵਿਘਨ) ਤੁਸੀਂ ਤਸ਼ਰੀਫ ਰਖੋ। (Gulshan Ji, it is not the question hour. You start reading whenever you like. You had been a Member of the Parliament and you are well versed with the rules of the House. (*Interruption*) Please resume your seat.)

ਸ਼੍ਰੀ ਗੁਰਦਿਆਲ ਸੈਣੀ: ਸਪੀਕਰ ਸਾਹਿਬ, ਧਰਮਸ਼ਾਲਾਵਾਂ ਵਾਸਤੇ ਅਗੇ ਗੌਰਮੈਂਟ ਸਾਢੇ ਪੰਜ ਹਜ਼ਾਰ ਰੁਪਏ ਦਿੰਦੀ ਹੈ ਉਸ ਵਾਸਤੇ ਕੀ ਸਰਕਾਰ ਨੇ ਦਸ ਹਜ਼ਾਰ ਰੁਪਏ ਕਰ ਦਿਤੇ ਹਨ ਜਾ ਨਹੀਂ। ਦੂਸਰੀ ਗੱਲ ਇਹ ਹੈ ਕਿ ਸ਼ਹਿਰਾਂ ਵਿਚ ਜਿਹੜੀਆਂ ਧਰਮਸ਼ਾਲਾਵਾਂ ਮਿਲਦੀਆਂ ਹਨ ਉਨ੍ਹਾਂ ਵਾਸਤੇ ਫ਼ਰਦ ਮੰਗੀ ਜਾਂਦੀ ਹੈ ਕੀ ਸਰਕਾਰ ਉਸ ਨੂੰ ਖ਼ਤਮ ਕਰਨ ਲਈ ਤਿਆਰ ਹੈ ਜਾਂ ਨਹੀਂ ?

ਮਾਸਟਰ ਚੰਦ ਸਿੰਘ : ਬੀਬੀ ਜੀ ਨੇ ਕਿਹਾ ਹੈ ਕਿ ਪੰਜਾਬ ਵਿਚ ਭਰਤੀ ਵਿਚ ਰਿਜ਼ਰਵੇਸ਼ਨ 25% ਕਰ ਦਿਤੀ ਹੈ, ਇਹ 25% ਕਦੋਂ ਤਕ ਪੂਰੀ ਕਰ ਦੇਣਗੇ ?

ਸ਼੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ, ਮਨਿਸਟਰ ਸਾਹਿਬਾ ਨੇ ਹੁਣੇ ਕਿਹਾ ਹੈ ਕਿ ਇੰਮਪਲੀਮੈਂਟੇਸ਼ਨ ਆਫ ਰਿਜ਼ਰਵੇਸ਼ਨ ਇਨ ਪਰੋਮੋਸ਼ਨ ਜਿਹੜੀ ਹੈ ਉਹ ਚੀਫ ਸੈਕਟਰੀ ਦੀ ਬ੍ਰਾਂਚ ਨੇ ਕਰਨੀ ਹੈ। ਇਹ ਕਲੀਅਰ ਕਰ ਦੇਣ ਕਿ ਕੀ ਇਹ ਕਿਤੇ ਚੀਫ ਸੈਕਟਰੀ ਦੀ ਬ੍ਰਾਂਚ ਵਿਚ ਤਾਂ ਨਹੀਂ ਰਹਿ ਜਾਏਗੀ ?

ਡਾਕਟਰ ਅਮੀਰ ਸਿੰਘ ਕਲਕਟ : ਜਿਹੜੀਆਂ ਧਰਮਸ਼ਾਲਾਵਾਂ ਬਣਾਈਆਂ ਜਾਂਦੀਆਂ ਹਨ ਉਨ੍ਹਾਂ ਤੇ ਪਿਲੀਆਂ ਇੱਟਾਂ ਲਾਈਆਂ ਜਾਂਦੀਆਂ ਹਨ (ਵਿਘਨ) ਕੀ ਚੰਗੀਆਂ ਇੱਟਾਂ ਸਪਲਾਈ ਕਰਨ ਵਾਸਤੇ ਕੋਈ ਪ੍ਰਬੰਧ ਸਰਕਾਰ ਕਰੇਗੀ ? (ਵਿਘਨ)

Original with;
Punjab Vidhan Sabha
Digitized by;
Panjab Digital Library

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਰਿਪੋਰਟਾਂ ਹਰ ਸਾਲ ਇਥੇ ਡਿਸਕਸ ਹੁੰਦੀਆਂ ਹਨ, ਉਨ੍ਹਾਂ ਦੀ ਇੰਪਲੀਮੈਂਟੇਸ਼ਨ ਬਾਰੇ ਸਰਕਾਰ ਦਾ ਕੋਈ ਪਰੋਗਰਾਮ ਹੈ ਅਤੇ ਪਿਛਲੀ ਰਿਪੋਰਟ ਜਿਹੜੀ ਡਿਸਕਸ ਹੋਈ ਸੀ ਉਸ ਬਾਰੇ ਕਿੰਨੀ ਇੰਪਲੀਮੈਂਟੇਸ਼ਨ ਹੋਈ ਹੈ ?

ਕਾਮਰੇਡ ਜੰਗੀਰ ਸਿੰਘ ਜੋਗਾ : ਸਪੀਕਰ ਸਾਹਿਬ, ਮੈਂ ਇਹ ਜਾਣਕਾਰੀ ਚਾਹੁੰਦਾ ਹਾਂ ਕਿ ਜਿਹੜੇ ਲੜਕੇ ਮੈਡੀਕਲ ਕਾਲਜ ਵਿਚ ਦਾਖਲਾ ਲੈਂਦੇ ਹਨ ਉਨ੍ਹਾਂ ਦੀ ਇਸ ਵੇਲੇ ਪਰਸੈਂਟੇਜ ਨੰਬਰਾਂ ਦੀ 68 ਪ੍ਰਤਿਸ਼ਤ ਤਕ ਪਹੁੰਚ ਚੁੱਕੀ ਹੈ। ਜਿਹੜੀਆਂ 5 ਸੀਟਾਂ ਚੀਫ਼ ਮਨਿਸਟਰ ਸਾਹਿਬ ਨੇ ਭਰਨੀਆਂ ਹੁੰਦੀਆਂ ਹਨ ਕੀ ਉਨ੍ਹਾਂ ਵਿਚੋਂ ਕੋਈ ਹਰੀਜਨਾਂ ਨੂੰ ਦਿਤੀ ਜਾਏਗੀ ?

ਚੌਧਰੀ ਜਗਤ ਰਾਮ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮਨਿਸਟਰ ਸਾਹਿਬਾ ਨੇ ਬੋਲਦਿਆਂ ਹੋਇਆਂ ਇਹ ਗੱਲ ਕਹੀ ਹੈ ਕਿ ਜੇ ਕਿਸੇ ਨਾਲ ਪਰਮੋਸ਼ਨ ਵਿਚ ਧੱਕਾ ਹੋਵੇਗਾ ਉਸ ਦੀ ਕਲੈਰੀਫਿਕੇਸ਼ਨ ਚੀਫ਼ ਸੈਕਟਰੀ ਕਰੇਗਾ। ਹਰੀਜਨਾਂ ਲਈ ਇਕ ਮਹਿਕਮਾ ਬਣਾਇਆ ਹੋਇਆ ਹੈ, ਮੈਂ ਪੁਛਦਾ ਹਾਂ ਕਿ ਕਲੈਰੀਫਿਕੇਸ਼ਨ ਸੈਕਟਰੀ ਸੋਸ਼ਲ ਵੈਲਫੇਅਰ ਕਿਉਂ ਨਾ ਕਰੇ ?

ਰਾਜ ਮੰਤਰੀ, ਸਮਾਜ ਭਲਾਈ : ਸਪੀਕਰ ਸਾਹਿਬ, ਮੈਂ ਪਹਿਲੋਂ ਕਿਹਾ ਹੈ ਕਿ ਰਿਜ਼ਰਵੇਸ਼ਨ ਏਨ ਪਰਮੋਸ਼ਨ ਦਾ ਮਾਮਲਾ ਟੋਟਲੀ ਚੀਫ਼ ਸੈਕਟਰੀ ਦੇ ਆਫਸ ਵਿਚ ਨਹੀਂ ਛੱਡ ਰਹੇ ਬਲਕਿ ਚੀਫ ਸੈਕਟਰੀ ਸੋਸ਼ਲ ਵੈਲਫੇਅਰ ਦੀ ਕੰਨਸਲਟੇਸ਼ਨ ਨਾਲ ਕਰੇਗਾ। (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਇਹ ਜਾਣਕਾਰੀ ਲੈਣਾ ਚਾਹੁੰਦਾ ਹਾਂ ਕਿ ਗੌਰਮੈਂਟ ਦੇ ਜਿਹੜੇ ਰੂਲਜ਼ ਆਫ ਬਿਜ਼ਨਸ ਹਨ ਉਨ੍ਹਾਂ ਦੇ ਮੁਤਾਬਕ ਸੈਕਟਰੀ ਸੋਸ਼ਲ ਵੈਲਫੇਅਰ ਫਾਈਨਲ ਅਥਾਰਟੀ ਹੈ ਔਰ ਚੀਫ਼ ਸੈਕਟਰੀ ਉਸ ਦੇ ਉਪਰ ਨਹੀਂ ਹੈ। ਇਸ ਲਈ ਜਿਹੜਾ ਫੈਸਲਾ ਚੀਫ਼ ਸੈਕਟਰੀ ਦਾ ਹੋਵੇਗਾ ਉਹ ਬਾਈਂਡਿੰਗ ਹੋਵੇਗਾ ਜਾਂ ਜਿਹੜਾ ਸੈਕਟਰੀ ਸੋਸ਼ਲ ਵੈਲਫੇਅਰ ਦਾ ਹੋਵੇਗਾ ਉਹ ਬਾਈਂਡਿੰਗ ਹੋਵੇਗਾ ?

ਰਾਜ ਮੰਤਰੀ, ਸਮਾਜ ਭਲਾਈ : ਕੰਨਸਲਟੇਸ਼ਨ ਦਾ ਮਤਲਬ ਇਹ ਹੈ ਕਿ ਇਸ ਦੀ ਇੰਪਲੀਮੈਂਟੇਸ਼ਨ ਵਿਚ ਜਿਹੜੀ ਅਥਾਰਟੀ ਸੈਕਟਰੀ ਸੋਸ਼ਲ ਵੈਲਫੇਅਰ ਦੀ ਹੋਵੇਗੀ ਉਹ ਮੰਨੀ ਜਾਵੇਗੀ।

ਦੂਸਰੀ ਗੱਲ ਧਰਮਸ਼ਾਲਾਵਾਂ ਬਾਰੇ ਕਹੀ ਗਈ ਹੈ ਉਹ ਮੈਂ ਸਵੇਰੇ ਵੀ ਦਸਿਆ ਸੀ ਕਿ 5,500 ਤੋਂ ਵਧਾ ਕੇ 7 ਹਜ਼ਾਰ ਤਕ ਫਾਈਨੈਂਸ ਮਨਿਸਟਰ ਮੰਨ ਗਏ ਹਨ। ਦੂਸਰੀ ਗਲ ਜਿਹੜੀ ਸੈਣੀ ਸਾਹਿਬ ਨੇ ਦੱਸੀ ਹੈ ਮੈਂ ਕਹਿੰਦੀ ਹਾਂ ਕਿ ਜੇ ਕੋਈ ਪਰਟੀਕੁਲਰ ਕੇਸ ਹੈ ਤਾਂ ਉਹ ਮੇਰੇ ਨੋਟਿਸ ਵਿਚ ਲਿਆ ਦੇਣ ਮੈਂ ਵੇਖ ਲਵਾਂਗੀ ਬਾਕੀ ਜਿਹੜੀਆਂ ਲੋਨਜ਼ ਦੀਆਂ ਫਾਰਮੈਲਟੀਜ਼ ਹਨ ਉਨ੍ਹਾਂ ਨੂੰ ਸਿੰਪਲੀਫਾਈ ਕਰਨ ਦੀ ਪੂਰੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ।

ਆਖਰੀ ਗਲ, ਸਪੀਕਰ ਸਾਹਿਬ, ਮੈਂ ਵਿਮੁਕਤ ਜਾਤੀਆਂ ਬਾਰੇ ਕਹਿਣੀ ਹੈ। ਵੈਸੇ ਤਾਂ ਪੰਜਾਬ ਵਿਚ ਸ਼ਡਿਊਲਡ ਟਰਾਈਬਜ਼ ਨਹੀਂ ਹਨ। ਇਥੇ ਰਾਏ ਸਿੱਖਾਂ ਬਾਰੇ ਕਿਹਾ ਗਿਆ ਹੈ। ਵੇਖ ਲਵਾਂਗੇ ਕਿ ਅਗਰ ਰਾਏ ਸਿਖ ਸ਼ਡਿਊਲਡ ਟਰਾਈਬਜ਼ ਵਿਚ ਇੰਨਕਲੂਡ ਹੋਣਗੇ ਤਾਂ ਉਨ੍ਹਾਂ ਨੂੰ ਉਹ ਕੰਨਸੈਸ਼ਨ ਮਿਲੇਗਾ। ਜੋ ਸ਼ਡਿਊਲਡ ਟਰਾਈਬਜ਼ ਵਿਚ ਨਹੀਂ ਹਨ ਤਾਂ ਵਿਮੁਕਤ ਜਾਤੀਆਂ ਨੂੰ ਬੈਕਵਰਡ ਕਲਾਸਿਜ਼ ਵਾਲੇ ਸਾਰੇ ਕੰਨਸੈਸ਼ਨ ਦਿਤੇ ਜਾਣਗੇ।

Original with;
Punjab Vidhan Sabha
Digitized by;
Panjab Digital Library

MOTION UNDER RULE 77

Sardar Parkash Singh Badal (Giddarbaha) : Sir, I beg to move—

That the situation created by shortage and mal-distribution of diesel, fertilizers etc. in the State be taken into consideration

ਸਪੀਕਰ ਸਾਹਿਬ, ਅੱਜ ਅਸੀਂ ਡੀਜ਼ਲ ਔਰ ਫ਼ਰਟੇਲਾਈਜ਼ਰ ਦੀ ਸ਼ਾਰਟੇਜ ਤੇ ਸਪੈਸ਼ਲੀ ਇਥੇ ਬਹਿਸ ਰਖੀ ਹੈ .... (ਵਿਘਨ)

ਸ਼੍ਰੀ ਸਪੀਕਰ : ਇਸ ਦੇ ਲਈ ਕੇਵਲ ਚਾਰ ਸਪੀਕਰ ਬੋਲਣਗੇ, ਅੱਧਾ ਘੰਟਾ ਮਨਿਸਟਰ ਸਾਹਿਬ ਦੇ ਜਵਾਬ ਲਈ ਰਖਿਆ ਗਿਆ ਹੈ । (ਵਿਘਨ) (Only four speakers will be allowed to take part in the debate. Half an hour has been allotted to the hon Minister concerned to give reply to the debate.) *(Interruption)*

ਸਰਦਾਰ ਪਰਕਾਸ਼ ਸਿੰਘ ਬਾਦਲ : ਸਾਡੇ ਦੋ ਮੈਂਬਰ ਬੋਲਣਗੇ ਜੀ । (ਵਿਘਨ)

ਸ਼੍ਰੀ ਸਪੀਕਰ : ਫਿਰ ਤੁਹਾਡੇ ਇਕ ਸਪੀਕਰ ਨੂੰ ਸਾਢੇ ਸੱਤ ਮਿੰਟ ਦਿਤੇ ਜਾਣਗੇ । ਡੇਢ ਘੰਟਾ ਰਖਿਆ ਹੈ ਡਿਸਕਸ਼ਨ ਵਾਸਤੇ । ਮੈਂ ਲੀਡਰਜ਼ ਆਫ ਦੀ ਪਾਰਟੀਜ਼ ਨੂੰ ਬੇਨਤੀ ਕਰਾਂਗਾ ਕਿ ਜਿਹੜੇ ਮੋਸ਼ਨ ਮੂਵ ਕਰਨ ਵਾਲੇ ਹਨ ਉਹ ਤਿੰਨੇ ਬੋਲਣਗੇ । ਇਸ ਤੋਂ ਇਲਾਵਾ ਅਗਰ ਕੋਈ ਹੋਰ ਮੈਂਬਰ ਬੋਲਣਾ ਚਾਹੇ ਤਾਂ ਉਸ ਦਾ ਨਾਮ ਮੇਰੇ ਕੋਲ ਭੇਜ ਦਿਤਾ ਜਾਵੇ । (Then 7½ minutes shall be given to each of your party Members. One and a half hour has been allotted for this discussion. I would submit to the party leaders that all the three movers of the motion shall take part in the discussion and if any other hon. Member wants to take part in the debate his name may please be sent to me.)

ਕਾਮਰੇਡ ਜੰਗੀਰ ਸਿੰਘ ਜੋਗਾ : ਸਪੀਕਰ ਸਾਹਿਬ, ਇਸ ਤੇ ਸਿਰਫ ਡੇਢ ਘੰਟਾ ਬਹਿਸ ਹੋਣੀ ਹੈ । ਅੱਧਾ ਘੰਟਾ ਤੁਸੀਂ ਕਹਿੰਦੇ ਹੋ ਕਿ ਮਨਿਸਟਰ ਨੇ ਲੈਣਾ ਹੈ । ਇਕ ਘੰਟਾ ਬਾਕੀ ਰਹਿ ਜਾਂਦਾ ਹੈ । ਇਸ ਵਿਚ ਤਿੰਨਾਂ ਪਾਰਟੀਆਂ ਦੇ ਲੀਡਰਜ਼ ਨੇ ਬੋਲਣਾ ਹੈ ਅਤੇ ਬਾਅਦ ਵਿਚ ਮਨਿਸਟਰ ਸਾਹਿਬ ਨੇ ਜਵਾਬ ਦੇਣਾ ਹੈ । ਇਸ ਤਰ੍ਹਾਂ ਬੋਲਣ ਦਾ ਸਾਨੂੰ ਸਮਾਂ ਨਹੀਂ ਮਿਲਣਾ ।

ਸ਼੍ਰੀ ਸਪੀਕਰ : ਤੁਸੀਂ ਤਸ਼ਰੀਫ ਰਖੋ । (Please resume your seat.)

ਮਾਲ ਅਤੇ ਚੋਣ ਮੰਤਰੀ (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਫੂਡ ਮਨਿਸਟਰ ਸਾਹਿਬ ਨੇ ਦਿੱਲੀ ਜਾਣਾ ਹੈ । ਇਨ੍ਹਾਂ ਨੇ ਤਿੰਨ ਵਜੇ ਜਾਣਾ ਸੀ । ਇਹ ਆਲਰੇਡੀ ਲੇਟ ਹੋ ਗਏ ਹਨ । ਇਨ੍ਹਾਂ ਨੇ ਦਿੱਲੀ ਜਾ ਕੇ ਚੀਫ ਮਨਿਸਟਰ ਸਾਹਿਬ ਨਾਲ ਮੀਟਿੰਗ ਕਰਨੀ ਹੈ । ਇਹ ਸਾਰੇ ਪੰਜਾਬ ਦੇ ਇੰਟਰੈਸਟ ਦੀ ਗੱਲ ਹੈ । ਚੀਫ ਮਨਿਸਟਰ ਸਾਹਿਬ ਨੂੰ ਬਰੀਫ ਕਰਨਾ ਹੈ ।

Original with;
Punjab Vidhan Sabha
Digitized by;
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਅਸੀਂ ਦੋ-ਦਿਨ ਮੀਟਿੰਗਜ਼ ਕਰਕੇ ਇਹ ਫੈਸਲਾ ਕੀਤਾ ਹੈ ਕਿ ਫੌਜੀਆਂ ਦੀ ਭਰਤੀ ਬਾਰੇ ਰੈਜ਼ੋਲਿਊਸ਼ਨ ਲਿਆਉਣਾ ਹੈ । ਮੈਨੂੰ ਇਹ ਖਦਸ਼ਾ ਹੈ ਕਿ ਸਰਕਾਰ ਫਿਰ ਇਸ ਨੂੰ ਟੇਕ ਅਪ ਨਹੀਂ ਕਰਨਾ ਚਾਹੁੰਦੀ । (ਸ਼ੋਰ (ਵਿਘਨ)

ਸ਼੍ਰੀ ਸਪੀਕਰ : ਤੁਸੀਂ ਤਸ਼ਰੀਫ ਰਖੋ । (Please resume your seat.)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਡੀਜ਼ਲ ਅਤੇ ਫਰਟੇਲਾਈਜ਼ਰ ਦੀ ਸ਼ਾਰਟੇਜ ਨਾਲ ਸਾਡੇ ਸੂਬੇ ਦੀ ਇਕਾਨਮੀ ਤੇ ਬੜਾ ਬੁਰਾ ਅਸਰ ਪਿਆ ਹੈ। ਡੀਜ਼ਲ ਜਿਥੇ ਖੇਤ ਵਾਸਤੇ ਜ਼ਰੂਰ ਹੈ ਉਥੇ ਇੰਡਸਟਰੀ ਵਾਸਤੇ ਵੀ ਸਾਰੇ ਸੂਬੇ ਵਿਚ ਇਸ ਦਾ ਪਹੁੰਚਣਾ ਬਹੁਤ ਜ਼ਰੂਰੀ ਹੈ । ਲੇਕਿਨ ਮੈਨੂੰ ਬੜੀ ਅਫਸੋਸ ਹੈ ਕਿ ਪੰਜਾਬ ਸਰਕਾਰ ਨੂੰ ਡੀਜ਼ਲ ਦੀ ਜੋ ਪ੍ਰਾਬਲਮ ਹੈ ਇਸ ਨੂੰ ਸਾਲਵ ਕਰਨ ਵਾਸਤੇ ਜਿਤਨੇ ਕਦਮ ਚੁਕਣੇ ਚਾਹੀਦੇ ਸਨ ਉਹ ਨਹੀਂ ਚੁਕੇ । ਮੈਂ ਸਮਝਦਾ ਹਾਂ ਕਿ ਜੋ ਇਸ ਸ਼ਾਰਟੇਜ ਨਾਲ ਸਾਡੇ ਸੂਬੇ ਨੂੰ ਨੁਕਸਾਨ ਪਹੁੰਚਿਆ ਹੈ ਉਸ ਦਾ ਇਹ ਪੂਰਾ ਅੰਦਾਜ਼ਾ ਨਹੀਂ ਲਾ ਸਕਦੇ । ਮੈਨੂੰ ਅਫਸੋਸ ਹੈ ਕਿ ਸਾਡੇ ਦੇਸ਼ ਵਾਸੀਆਂ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ । ਭਾਵੇਂ ਉਹ ਦਿੱਲੀ ਵਿਚ ਬੈਠੇ ਹਨ, ਜਾਂ ਇਸ ਸੂਬੇ ਵਿਚ ਬੈਠੇ ਹਨ । ਵਰਲਡ ਦੇ ਸਭ ਤੋਂ ਵੱਡੇ ਸਾਈਂਟਿਸਟ, ਡਾਕਟਰ ਬਾਰਲੋਗ ਜਿਹੜਾ ਕਿ ਹਿੰਦੁਸਤਾਨ ਵਿਚ ਫੂਡ ਪ੍ਰਾਬਲਮ ਦੀ ਅਸੈਸਮੇਂਟ ਵਾਸਤੇ ਆਇਆ ਸੀ ਉਸ ਨੇ ਪੰਜਾਬ ਦਾ ਵੀ ਥੋੜੇ ਦਿਨ ਦੌਰਾ ਕੀਤਾ । ਉਸ ਨੇ ਪੰਜਾਬ ਦੀ ਐਗਰੀਕਲਚਰ ਯੂਨੀਵਰਸਿਟੀ ਵਿਚ ਅਤੇ ਪੰਜਾਬ ਦੇ ਕਿਸਾਨਾਂ ਨੂੰ ਮਿਲ ਕੇ ਤੇ ਸੜਕਾਂ ਤੇ ਸਫਰ ਕਰਕੇ ਉਸ ਨੇ ਪਿੰਡਾਂ ਦਾ ਦੌਰਾ ਕੀਤਾ । ਪੰਜਾਬ ਦੇ ਦੌਰੇ ਤੋਂ ਬਾਅਦ ਉਨ੍ਹਾਂ ਦੇ ਮਨ ਤੇ ਇੰਨਾਂ ਜ਼ਿਆਦਾ ਅਸਰ ਹੋਇਆ ਕਿ ਦਿਲੀ ਵਿਚ ਜਾ ਕੇ ਉਹ ਸੈਂਟਰ ਦੇ ਐਗਰੀਕਲਚਰ ਮਨਿਸਟਰ ਨੂੰ ਮਿਲੇ । (ਸ਼ੋਰ)

ਸ਼੍ਰੀ ਸਪੀਕਰ : ਮੈਂਬਰਜ਼ ਲਾਬੀ ਵਿਚ ਜਾ ਕੇ ਗਲ ਕਰ ਲੈਣ । (Members may exchange their views in the lobbies.)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਟਾਈਮ ਜ਼ਿਆਦਾ ਹੋ ਗਿਆ ਹੈ ਅਤੇ ਇਸ ਕਾਰਨ ਮੈਂਬਰਜ਼ ਦਾ ਵੀ ਡੀਜ਼ਲ ਖਤਮ ਹੋ ਗਿਆ ਹੈ ।

ਸ਼੍ਰੀ ਸਪੀਕਰ : ਇਹ ਗੱਲਾਂ ਕਰਕੇ ਆਪਣਾ ਡੀਜ਼ਲ ਪੂਰਾ ਕਰਦੇ ਹਨ । (They refresh themselves by talking.)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਉਨ੍ਹਾਂ ਨੇ ਜਾ ਕੇ ਸੈਂਟਰ ਦੇ ਐਗਰੀਕਲਚਰ ਮਨਿਸਟਰ ਨੂੰ ਦਸਿਆ ਕਿ ਜੇ ਪੰਜਾਬ ਵਿਚ 10 ਦਿਨਾਂ ਦੇ ਅੰਦਰ ਅੰਦਰ ਡੀਜ਼ਲ ਨਾ ਪਹੁੰਚਾਇਆ ਗਿਆ ਤਾਂ ਇਸ ਨਾਲ ਪੰਜਾਬ ਦੀ ਪੈਦਾਵਾਰ ਵਿਚ 1 ਮਿਲੀਅਨ ਟਨ ਦਾ ਘਾਟਾ ਪੈ ਜਾਣਾ ਹੈ । ਉਨ੍ਹਾਂ ਨੇ ਇਹ ਸਟੇਟਮੈਂਟ ਦਿੱਤੀ ਸੀ :

> "If the situation continues for another 10 days more then a million tons of wheat will be lost. Wheat plants are dying out in Punjab because farmers do not have diesel oil to run tubewells. He described the situation as tragic. Many of the farmers held on to their positions in the line for five or 6 days."

ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਪੰਜਾਬ ਦੇ ਟੂਰ ਤੋਂ ਬਾਅਦ ਜੋ ਦਿੱਲੀ ਦੀ ਸਰਕਾਰ ਨੂੰ ਚੇਤਾਵਨੀ ਦਿੱਤੀ, ਇਹ ਬੜੀ ਠੀਕ ਚੇਤਾਵਨੀ ਸੀ ਕਿਉਂਕਿ ਜਿਹੜੇ ਭਰਾ ਇਸ ਸਦਨ ਦੇ ਐਗਰੀਕਲਚਰ ਕਰਦੇ ਹਨ ਉਨ੍ਹਾਂ ਨੂੰ ਪਤਾ ਹੈ ਕਿ ਇਹ ਜੋ ਕਣਕ ਹੈ ਜੇ ਇਸ ਨੂੰ ਇਸ ਵਕਤ ਪਾਣੀ ਨਾ ਦਿਤਾ ਗਿਆ ਤਾਂ ਮੈਂ ਦਾਅਵੇ

Original with;
Punjab Vidhan Sabha
Digitized by;
Panjab Digital Library

ਨਾਲ ਕਹਿ ਸਕਦਾ ਹਾਂ ਕਿ ਇਸ ਦੀ ਪੈਦਾਵਾਰ ਵਿਚ ਘੱਟ ਤੋਂ ਘੱਟ 33 ਪ੍ਰਤੀ ਸ਼ਤ ਘਾਟਾ ਪੈ ਜਾਣਾ ਹੈ। ਇਸ ਦਫਾ ਫਰਟੇਲਾਈਜ਼ਰ ਅਤੇ ਡੀਜ਼ਲ ਦੀ ਸ਼ਾਰਟੇਜ ਨਾਲ ਇਹ ਵੀ ਅੰਦਾਜ਼ਾ ਲਗਿਆ ਹੈ ਕਿ ਸਾਰੇ ਹਿੰਦੁਸਤਾਨ ਵਿਚ 6 ਮਿਲੀਅਨ ਟਨ ਦੇ ਕਰੀਬ ਪੈਦਾਵਾਰ ਵਿਚ ਘਾਟਾ ਪੈਣਾ ਹੈ। ਤੁਸੀਂ ਅੰਦਾਜ਼ਾ ਲਾਓ ਕਿ ਜਿਥੇ ਅਸੀਂ ਇਸ ਵਾਰੀਂ ਬਾਹਰੋਂ ਅਨਾਜ ਮੰਗਵਾਉਂਦੇ ਰਹੇ ਹਾਂ, ਅਸੀਂ ਪੰਜਾਬ ਵਿਚ ਇਸ ਵਾਰੀ ਵੀ ਡੀਜ਼ਲ ਦੀ ਸਮਸਿਆ ਦਾ ਪ੍ਰਬੰਧ ਨਹੀਂ ਕਰ ਸਕੇ। ਇਸ ਨਾਲ ਮੈਂ ਸਮਝਦਾ ਹਾਂ ਕਿ ਪੰਜਾਬ ਦੇ ਕਿਸਾਨ ਨੂੰ ਬਹੁਤ ਭਾਰੀ ਧੱਕਾ ਲੱਗਣਾ ਹੈ। ਅਗਲੇ ਸਾਲ ਹਿੰਦੁਸਤਾਨ ਵਿਚ ਖੁਰਾਕ ਦਾ ਕਹਿਰ ਪੈ ਜਾਣਾ ਹੈ। ਸਪੀਕਰ ਸਾਹਿਬ, ਡੀਜ਼ਲ ਦੀ ਸ਼ਾਰਟੇਜ਼ ਨੇ ਕਾਫੀ ਸਾਡੇ ਸੂਬੇ ਤੇ ਅਸਰ ਪਾਇਆ ਹੈ। ਕਈ ਜਗ੍ਹਾ ਟੈਲੀਫੋਨ ਦੀ ਸਰਵਿਸ ਵਿਚ ਵੀ ਬਰੇਕ ਕਰਨੀ ਪਈ। ਅਖਬਾਰਾਂ ਵਿਚ ਆਇਆ ਕਿ ਬਠਿੰਡੇ ਵਿਚ ਟੈਲੀਫੋਨ ਕੁਨੈਕਸ਼ਨਜ਼ ਕਟ ਕਰ ਦਿੱਤੇ ਕਿਉਂਕਿ ਡੀਜ਼ਲ ਇੰਜਣ ਜਿਹੜੇ ਡੀਜ਼ਲ ਤੇ ਚਲਦੇ ਹਨ ਉਨ੍ਹਾਂ ਵਾਸਤੇ ਡੀਜ਼ਲ ਨਹੀਂ ਮਿਲਦਾ ਬਿਜਲੀ ਦੀ ਕਟ ਕਾਰਣ ਟੈਲੀਫੋਨਾਂ ਦੇ ਕੁਨੈਕਸ਼ਨ ਵੀ ਕਟ ਕਰ ਦਿਤੇ। ਇਥੇ ਹੀ ਬੱਸ ਨਹੀਂ ਅੱਜ ਤੁਸੀਂ ਵੇਖੋ ਟਰਾਂਸਪੋਰਟ ਸਿਸਟਮ ਸਾਰਾ ਦਰਹਮ ਬਰਹਮ ਹੋ ਗਿਆ ਹੈ। ਲੋਕਾਂ ਨੂੰ ਲਾਰੀਆਂ ਨਹੀਂ ਮਿਲਦੀਆਂ ਲਾਰੀਆਂ ਵਾਲੇ ਵੀ ਕੀ ਕਰਨ। ਉਨ੍ਹਾਂ ਦਾ ਕੋਈ ਕਸੂਰ ਨਹੀਂ ਕਿਉਂਕਿ ਉਨ੍ਹਾਂ ਨੂੰ ਡੀਜ਼ਲ ਨਹੀਂ ਮਿਲਦਾ। ਪੰਜਾਬ ਵਿਚ ਟਰੱਕ ਖੜੇ ਹੋ ਗਏ ਹਨ। ਲਾਅ ਐਂਡ ਆਰਡਰ ਦੀ ਸਿਚੁਏਸ਼ਨ ਮੈਂ ਸਮਝਦਾ ਹਾਂ ਕਿ ਬੜੀ ਗੰਭੀਰ ਹੋ ਗਈ ਹੈ। ਸਾਡੇ ਪੰਜਾਬ ਦੀ ਪੀਜ਼ੈਂਟਰੀ ਦੀ ਸੋਨੇ ਵਰਗੀ ਫਸਲ ਅੱਜ ਖਰਾਬ ਹੋ ਰਹੀ ਹੈ। ਉਸ ਦੇ ਕੋਲ ਕੋਈ ਚਾਰਾ ਨਹੀਂ ਸਿਵਾਏ ਮੁਜ਼ਾਹਰੇ ਕਰਨ ਦੇ ਅਤੇ ਇਸ ਤਰ੍ਹਾਂ ਦੇ ਕਦਮ ਚੁਕਣ ਦੇ ਜਿਸ ਦੇ ਨਾਲ ਕਿ ਉਹ ਆਪਣੇ ਗੁੱਸੇ ਦਾ ਪਰਗਟਾਵਾ ਕਰ ਸਕੇ। ਮੈਨੂੰ ਅਫਸੋਸ ਹੈ ਕਿ ਸਾਡੀ ਸਰਕਾਰ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ ਬਲਕਿ ਉਹ ਕਿਸਾਨ, ਉਹ ਗਰੀਬ ਮਜ਼ਦੂਰ ਜਿਹੜੇ ਕਿ ਆਪਣੇ ਟਿਊਬਵੈਲਾਂ ਵਾਸਤੇ ਡੀਜ਼ਲ ਲੈਣ ਦੀ ਖਾਤਰ ਆਉਂਦੇ ਸਨ ਉਨ੍ਹਾਂ ਨੂੰ ਗੋਲੀਆਂ ਮਾਰੀਆਂ ਗਈਆਂ। ਇਹ ਚੀਜ਼ ਤੁਹਾਡੇ ਸਾਹਮਣੇ ਹੈ (ਸ਼ੋਰ) ਕਿਸਾਨਾਂ ਨੇ ਡੀਜ਼ਲ ਲੈਣ ਲਈ ਸ਼ਹਾਦਤਾਂ ਦਿੱਤੀਆਂ। ਫਾਇਨਾਂਸ ਮਨਿਸਟਰ ਸਾਹਿਬ ਨੇ ਪਹਿਲਾਂ ਇਹ ਗਲ ਕਹੀ ਸੀ ਆਪਣੀ ਸਪੀਚ ਵਿਚ ਕਿ ਇਹ ਡੀਜ਼ਲ ਦੀ ਸ਼ਾਰਟੇਜ਼ ਇਸ ਕਰਕੇ ਹੋ ਗਈ ਹੈ ਕਿ ਲੋਕਾਂ ਦੇ ਵਿਚ ਕਾਨਫੀਡੈਂਸ ਨਹੀਂ ਕਿ ਅਗਲੇ ਦੋ ਮਹੀਨਿਆਂ ਵਿਚ ਡੀਜ਼ਲ ਪੂਰਾ ਮਿਲੇਗਾ ਜਾਂ ਨਹੀਂ। ਇਸ ਕਰਕੇ ਉਹ ਸਟਾਕ ਕਰ ਰਹੇ ਹਨ। ਮੈਂ ਕਹਿੰਦਾ ਹਾਂ ਕਿ ਜਿਸ ਸਰਕਾਰ ਵਿਚ ਲੋਕਾਂ ਦਾ ਕਾਨਫੀਡੈਂਸ ਨਹੀਂ ਹੈ ਜਿਨ੍ਹਾਂ ਲੋਕਾਂ ਨੂੰ ਇਹ ਆਸ ਨਹੀਂ ਕਿ ਅਗਲੇ ਦੋ ਮਹੀਨਿਆਂ ਵਿਚ ਸਰਕਾਰ ਸਾਨੂੰ ਡੀਜ਼ਲ ਦੇ ਸਕੇਗੀ ਜਾਂ ਨਹੀਂ ਦੇ ਸਕੇਗੀ ਮੈਂ ਸਮਝਦਾ ਹਾਂ ਕਿ ਉਹ ਸਰਕਾਰ, ਸਰਕਾਰ ਕਹਾਉਣ ਦੀ ਹੱਕਦਾਰ ਨਹੀਂ ਹੈ। ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਪੰਜਾਬ ਦੇ ਵਿਚ ਡੀਜ਼ਲ ਅਤੇ ਫਰਟੇਲਾਈਜ਼ਰ ਦੀ ਸ਼ਾਰਟੇਜ ਕਿਉਂ ਹੈ, ਸਾਨੂੰ ਇਸ ਦਾ ਪੂਰਾ ਕੋਟਾ ਕਿਉਂ ਨਹੀਂ ਮਿਲ ਰਿਹਾ ਇਸ ਦਾ ਕਾਰਣ ਮੈਂ ਸਭ ਤੋਂ ਜ਼ਿਆਦਾ ਇਹ ਮਹਿਸੂਸ ਕਰਦਾ ਹਾਂ ਕਿ ਦਿੱਲੀ ਵਿਚ ਜਿਹੜੀ ਸਾਡੀ ਲਾਬੀ ਹੈ ਉਹ ਬੜੀ ਘੱਟ ਹੈ। ਡੀਜ਼ਲ ਦੀ ਡਿਸਟਰੀਬਿਊਸ਼ਨ ਲਈ ਹਰ ਮਹੀਨੇ ਇੱਕ ਮੀਟਿੰਗ ਹੁੰਦੀ ਹੈ। ਭਾਵੇਂ ਇਹ ਦਿਲੀ ਹੋਵੇ ਜਾਂ ਬੰਬਈ ਵਿਚ ਹੋਵੇ, ਉਥੇ ਹਰ ਸਰਕਾਰ ਦੇ ਅਫਸਰ ਜਾਂਦੇ ਹਨ। ਕੰਪਨੀਆਂ ਜੋ ਪੈਟਰੋਲੀਅਮ ਦੀਆਂ ਹਨ ਉਨ੍ਹਾਂ ਦੇ ਅਫਸਰ ਵੀ ਜਾਂਦੇ ਹਨ। ਉਸ ਮੀਟਿੰਗ ਵਿਚ ਸਾਡੀ ਸਰਕਾਰ ਦਾ ਫਰਜ਼ ਬਣ ਜਾਂਦਾ ਹੈ ਕਿ ਇਸ ਤਰ੍ਹਾਂ ਦੇ ਵੋਕਲ ਆਫੀਸਰ ਭੇਜੇ, ਉਸ ਰੈਂਕ ਦੇ ਅਫਸਰ ਭੇਜੇ; ਜਿਹੜੇ ਆਪਣਾ ਅਸਰ ਪਾਕੇ ਆਪਣੇ ਹਿੱਸੇ ਦਾ ਡੀਜ਼ਲ ਉਸ ਮੀਟਿੰਗ ਵਿਚੋਂ ਲਿਆ ਸਕਣ। ਲੇਕਿਨ ਮੈਨੂੰ ਇਹ ਇਨਫਰਮੇਸ਼ਨ ਮਿਲੀ ਹੈ ਕਿ ਬਹੁਤ ਘੱਟ ਮੀਟਿੰਗ ਵਿਚ ਸਾਡਾ ਡਾਇਰੈਕਟਰ ਗਿਆ ਹੈ। ਕਦੇ ਕੋਈ ਅੰਡਰ-ਸੈਕਟਰੀ ਚਲਾ ਜਾਂਦਾ ਹੈ, ਕਦੇ ਡਿਪਟੀ ਸੈਕਟਰੀ ਚਲਾ ਜਾਂਦਾ ਹੈ। ਮੈਂ ਸਮਝਦਾ ਹਾਂ ਕਿ ਹਰ ਮੀਟਿੰਗ ਵਿਚ ਘੱਟ ਤੋਂ ਘੱਟ ਸੈਕਟਰੀ ਲੈਵਲ ਦਾ ਕੋਈ ਅਫਸਰ ਜਾਣਾ ਚਾਹੀਦਾ ਹੈ ਤਾਂ ਕਿ ਸਾਨੂੰ ਪੂਰਾ ਹਿੱਸਾ ਮਿਲੇ। ਇਸੇ ਕਾਰਣ ਕਰਕੇ ਸਾਡੀ ਡੀਜ਼ਲ ਅਤੇ ਫਰਟੇਲਾਈਜ਼ਰ ਦੀ ਸ਼ਾਰਟੇਜ ਹੈ। ਅੱਜ ਸਰਕਾਰ ਸਿਰਫ ਰੀਜ਼ਨਿੰਗ ਨਾਲ ਕੰਮ ਨਹੀਂ ਚਲਾ ਸਕਦੀ ਇਨ੍ਹਾਂ ਨੂੰ

Original with;
Punjab Vidhan Sabha
Digitized by;
Panjab Digital Library

[ਸਰਦਾਰ ਪਰਕਾਸ਼ ਸਿੰਘ ਬਾਦਲ]

ਤਕੜਾ ਹੋਣਾ ਚਾਹੀਦਾ ਹੈ ਤਾਂ ਕਿ ਸੈਂਟਰ ਦੀ ਸਰਕਾਰ ਨੂੰ ਥਰੈਟ ਕਰ ਸਕਣ ਅਤੇ ਲੜ ਸਕਣ ਤਾਂ ਕਿ ਸਾਡਾ ਡੀਜ਼ਲ ਅਤੇ ਫਰਟੇਲਾਈਜ਼ਰ ਦਾ ਮਸਲਾ ਹਲ ਹੋਵੇ । ਇਹ ਸਿਰਫ ਸਾਡੀ ਸਟੇਟ ਦਾ ਹੀ ਮਸਲਾ ਨਹੀਂ ਸਗੋਂ ਨੈਸ਼ਨਲ ਮਸਲਾ ਹੈ । ਡੀਜ਼ਲ ਦੀ ਵੰਡ ਵੇਲੇ ਇਹ ਨਹੀਂ ਸੋਚਿਆ ਜਾਂਦਾ ਕਿ ਕਿਤਨੀ ਕੰਜ਼ਮਪਸ਼ਨ ਕਿਸੇ ਸਟੇਟ ਦੀ ਹੈ । ਸਾਨੂੰ ਕੰਜ਼ਮਪਸ਼ਨ ਦੇ ਹਿਸਾਬ ਨਾਲ ਕੋਟਾ ਮਿਲਣਾ ਚਾਹੀਦਾ ਹੈ । ਮੈਂ ਸਮਝਦਾ ਹਾਂ ਕਿ ਪੰਜਾਬ ਨੂੰ ਇਸ ਗਲ ਵਿਚ ਬੜਾ ਨੁਕਸਾਨ ਉਠਾਉਣਾ ਪਿਆ ਹੈ । ਪੰਜਾਬ ਦਾ ਕਿਸਾਨ ਬੜਾ ਮਿਹਨਤੀ ਹੈ ਅਤੇ ਕਾਮਾ ਹੈ । ਅਸੀਂ ਆਪਣੀਆਂ ਔਰਤਾਂ ਅਤੇ ਬੱਚਿਆਂ ਦੇ ਜ਼ੇਵਰਾਤ ਗਹਿਣੇ ਰਖ ਕੇ ਟਿਊਬਵੈਲ ਲਾਉਂਦੇ ਹਾਂ । ਜਿਤਨੀ ਕੰਜ਼ਮਪਸ਼ਨ ਕਰਦੇ ਹਾਂ ਉਤਨਾ ਸਾਨੂੰ ਡੀਜ਼ਲ ਨਹੀਂ ਮਿਲਦਾ। ਇਸ ਕਰਕੇ ਸਾਡੀ ਸਰਕਾਰ ਨੂੰ ਜ਼ੋਰ ਦੇਣਾ ਚਾਹੀਦਾ ਹੈ ਕਿ ਕੰਜ਼ਮਪਸ਼ਨ ਦੇ ਹਿਸਾਬ ਨਾਲ ਸਾਨੂੰ ਡੀਜ਼ਲ ਮਿਲੇ । ਮੈਨੂੰ ਅਫਸੋਸ ਹੈ ਕਿ ਹੁਣ ਵੀ ਮਨਿਸਟਰ ਸਾਹਿਬ ਆਪਣੀ ਸਪੀਚ ਕਰਨ ਲਗਿਆਂ ਫਿਗਰਜ਼ ਦਸਣਗੇ ਕਿ ਪਿਛਲੇ ਸਾਲ ਨਾਲੋਂ ਸਾਨੂੰ ਵੱਧ ਅਲਾਟਮੈਂਟ ਹੋਈ ਹੈ । ਸਰਕਾਰ ਫੈਕਟਸ ਦੇ ਹਿਸਾਬ ਨਾਲ ਚਲਦੀ ਹੈ । ਪਤਾ ਨਹੀਂ ਇਹ ਫਿਗਰਜ਼ ਕਿਥੋਂ ਲੈਂ ਆਉਂਦੇ ਹਨ । ਉਨ੍ਹਾਂ ਫਿਗਰਜ਼ ਨਾਲ ਹਾਊਸ ਨੂੰ ਅਤੇ ਲੋਕਾਂ ਨੂੰ ਗੁਮਰਾਹ ਕਰਨ ਦਾ ਯਤਨ ਕੀਤਾ ਜਾਂਦਾ ਹੈ । ਲੇਕਿਨ ਮੈਂ ਦਸਣਾ ਚਾਹੁੰਦਾ ਹਾਂ ਕਿ ਜੋ ਅਲਾਟਮੈਂਟ ਇਸ ਵੇਲੇ ਇਨ੍ਹਾਂ ਮੀਟਿੰਗਾਂ ਵਿਚ ਹੋਈ ਹੈ .....।

ਰਾਜ ਮੰਤਰੀ, ਖੁਰਾਕ ਅਤ ਸਪਲਾਈ : ਸਪੀਕਰ ਸਾਹਿਬ ਮੈਂ ਇੱਕ ਇਨਫਰਮੇਸ਼ਨ ਲੈਣਾ ਚਾਹੁੰਦਾ ਹਾਂ। ਬਾਦਲ ਸਾਹਿਬ ਵੀ ਇਥੇ ਚੀਫ ਮਨਿਸਟਰ ਰਹੇ ਹਨ । ਕੀ ਇਹ ਉਦੋਂ ਗਲਤ ਇਨਫਰਮੇਸ਼ਨ ਦਿੰਦੇ ਹੁੰਦੇ ਸੀ । ਸਾਡੀ ਤਾਂ ਇਹ ਪ੍ਰੈਕਟਿਸ ਨਹੀਂ ਹੈ ।

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦਸਦਾ ਹਾਂ ਕਿ ਸਾਡੇ ਵੇਲੇ ਇਤਨੀ ਸ਼ਾਰਟੇਜ਼ ਹੀ ਨਹੀਂ ਸੀ ਹੁੰਦੀ ।

ਸਪੀਕਰ ਸਾਹਿਬ, ਜਿੰਨੀ ਸਾਨੂੰ ਅਲਾਟਮੈਂਟ ਹੁੰਦੀ ਹੈ, ਇਸ ਬਾਰੇ ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਸਾਨੂੰ ਇਹ ਦੱਸਣ ਕਿ ਪਿਛਲੇ ਮਹੀਨਿਆਂ ਵਿਚ ਕਿੰਨੀ ਅਲਾਟਮੈਂਟ ਹੋਈ ਸੀ ਅਤੇ ਪੰਜਾਬ ਨੇ ਕਿੰਨੀ ਰਸੀਵ ਕੀਤੀ ਸੀ (ਸ਼ੋਰ) ਤੁਸੀਂ ਅੰਦਾਜ਼ਾ ਲਗਾਓ, ਸਪੀਕਰ ਸਾਹਿਬ, ਕਿ 20 ਤੋਂ 28 ਫਰਵਰੀ ਤਕ ਜਦ ਕਿਸੇ ਸੂਬੇ ਵਿਚ ਅਲੈਕਸ਼ਨ ਹੋ ਰਹੇ ਸਨ, ਜਿੰਨਾ ਡੀਜ਼ਲ ਰਸੀਵ ਕੀਤਾ ਕੀ ਉਹ ਨੋਮੀਨਲ ਸੀ ? ਇਸ ਤਰ੍ਹਾਂ, ਸਪੀਕਰ ਸਾਹਿਬ, ਜਿਹੜੀ ਅਲਾਟਮੈਂਟ ਹੁੰਦੀ ਹੈ ਉਸ ਵਿਚ ਵੀ ਹੇਰਾ ਫੇਰੀ ਹੋ ਜਾਂਦੀ ਹੈ ।

ਸਪੀਕਰ ਸਾਹਿਬ, ਇਹ ਬੜਾ ਗੰਭੀਰ ਮਸਲਾ ਹੈ ਇਸ ਨੂੰ ਹੱਲ ਕਰਨ ਵਾਸਤੇ ਸਾਨੂੰ ਕੋਈ ਯਤਨ ਕਰਨੇ ਚਾਹੀਦੇ ਹਨ । ਮੈਂ ਤਾਂ ਇਥੋਂ ਤਕ ਕਹਾਂਗਾ ਜੇ ਸਾਨੂੰ ਇਹ ਟ੍ਰਾਂਸਪੋਰਟ ਜਿਹੜੀ ਚਲਦੀ ਹੈ ਇਹ ਅੱਧੀ ਬੰਦ ਵੀ ਕਰਨੀ ਪਵੇ ਕਚਹਿਰੀਆਂ ਨੂੰ ਬੰਦ ਵੀ ਕਰਨਾ ਪਵੇ ਤਾਂ ਵੀ ਇਹ ਬੰਦ ਕਰਕੇ ਇਹ ਡੀਜ਼ਲ ਕਿਸਾਨ ਨੂੰ ਦਿੱਤਾ ਜਾਵੇ ਤਾਕਿ ਕਿਸਾਨ ਆਪਣੇ ਟਿਊਬਵੈਲ ਚਲਾ ਸਕੇ ।.

ਮੈਂ ਸਮਝਦਾ ਹਾਂ ਕਿ ਜੇ ਹਿੰਦੁਸਤਾਨ ਦੀ ਸਹੀ ਮਾਹਨਿਆਂ ਵਿਚ ਹਿਸਟਰੀ ਲਿਖੀ ਜਾਵੇ ਤਾਂ ਆਉਣ ਵਾਲੇ ਲੋਕ ਇਹ ਪੜ੍ਹ ਕੇ ਹੈਰਾਨ ਹੋਣਗੇ ਕਿ ਸਾਡੇ ਦੇਸ਼ ਦੀ ਕਿਸ ਤਰ੍ਹਾਂ ਦੀ ਪਲੈਨਿੰਗ ਰਹੀ ਹੈ। ਜੇ ਇਨ੍ਹਾਂ ਨਾਲ ਗਲ ਕਰੋ ਤਾਂ ਇਹ ਕਹਿ ਦਿੰਦੇ ਹਨ ਕਿ ਇਹ ਵਰਲਡ ਸ਼ਾਰਟੇਜ ਹੈ ਜਾਂ ਇਹ ਵਰਲਡ ਫਿਨੋਮਨਾ ਹੈ। ਪਰ, ਸਪੀਕਰ ਸਾਹਿਬ, ਇਸ ਤਰ੍ਹਾਂ ਕਹਿਣ ਨਾਲ ਇਨ੍ਹਾਂ ਦਾ ਇਸ ਜ਼ਿਮੇ-ਵਾਰੀ ਤੋਂ ਛੁਟਕਾਰਾ ਨਹੀਂ ਹੋ ਸਕਦਾ । ਸਾਡੇ ਦੇਸ਼ ਵਿਚ ਕਰੂਡ ਆਇਲ ਵੀ ਮਿਲ ਜਾਂਦਾ ਹੈ ਪਰ

Original with;
Punjab Vidhan Sabha
Digitized by;
Panjab Digital Library

ਕਈ ਦੇਸ਼ ਐਸੇ ਹਨ ਜਿਥੇ ਕਿ ਇਹ ਕਰੂਡ ਆਇਲ ਬਿਲਕੁਲ ਹੀ ਨਹੀਂ ਮਿਲਦਾ ਉਹ ਵੀ ਕਈ ਤਰ੍ਹਾਂ ਦੀਆਂ ਸਕੀਮਾਂ ਬਣਾ ਕੇ ਅਤੇ ਹੋਰ ਕਈ ਰਿਸੋਰਸਿਜ਼ ਨਾਲ ਆਪਣਾ ਕੰਮ ਸਾਰ ਲੈਂਦੇ ਹਨ ਪਰ ਸਾਡੇ ਮੁਲਕ ਵਿਚ ਕਰੂਡ ਆਇਲ ਹੁੰਦੇ ਹੋਇਆਂ ਵੀ ਡੀਜ਼ਲ ਦੀ ਇਤਨੀ ਸ਼ਾਰਟੇਜ ਹੋ ਰਹੀ ਹੈ ।

ਸਪੀਕਰ ਸਾਹਿਬ, ਸਾਡੇ ਮੁਲਕ ਵਿਚ ਡੀਜ਼ਲ ਦੀ ਟੋਟਲ ਪਰੋਡਕਸ਼ਨ 7 ਮਿਲੀਅਨ ਟਨ ਹੈ ਜਦ ਕਿ ਇਥੇ 22 ਮਿਲੀਅਨ ਟਨ ਦੀ ਰਿਕੁਆਇਰਮੈਂਟ ਹੈ ਜਿਹੜੀ ਕਿ ਬਾਹਰਲੇ ਮੁਲਕਾਂ ਤੋਂ ਪੂਰੀ ਕੀਤੀ ਜਾਂਦੀ ਹੈ। ਇਸ ਵੇਲੇ ਸਾਡੇ ਦੇਸ਼ ਦੇ ਜੋ ਪਲੈਨਰ ਹਨ ਉਨ੍ਹਾਂ ਨੂੰ ਇਸ ਵਲ ਧਿਆਨ ਦੇਣਾ ਚਾਹੀਦਾ ਹੈ ਤਾਂਕਿ ਕੋਈ ਨਵੇਂ ਰਿਸੋਰਸਜ਼ ਬਣਾ ਕੇ ਮੁਲਕ ਵਿਚ ਜਿਹੜੀ ਡੀਜ਼ਲ ਦੀ ਕਮੀ ਹੈ ਉਹ ਦੂਰ ਹੋ ਸਕੇ ।

ਸਪੀਕਰ ਸਾਹਿਬ, ਹੋਰ ਬਹੁਤ ਸਾਰੇ ਮੁਲਕਾਂ ਵਿਚ ਔਫ ਸ਼ੋਰ ਆਇਲ ਡਰਿਲਿੰਗ ਸ਼ੁਰੂ ਕੀਤੀ ਗਈ ਹੈ ਜਿਸ ਨਾਲ ਕਿ ਉਨ੍ਹਾਂ ਦੀ ਡੀਜ਼ਲ ਦੀ ਮੁਸ਼ਕਲ ਨਹੀਂ ਰਹੀ । ਸਾਡੇ ਮੁਲਕ ਨੂੰ ਵੀ ਇਹ ਸ਼ੁਰੂ ਕਰ ਲੈਣੀ ਚਾਹੀਦੀ ਸੀ, ਇਨ੍ਹਾਂ ਨੇ ਸ਼ੁਰੂ ਤਾਂ ਕੀਤੀ ਹੈ ਪਰ ਹੁਣ ਆਕੇ ਚਾਲੂ ਕੀਤੀ ਹੈ ਅਤੇ ਉਹ ਵੀ ਡਰਿਲਿੰਗ ਇਸ ਤਰੀਕੇ ਨਾਲ ਚਲ ਰਹੀ ਹੈ ਕਿ ਇਹ ਮਸਲਾ ਹਲ ਨਹੀਂ ਹੋ ਸਕਦਾ । ਅਗਰ ਸਾਡੀ ਡਰਿਲਿੰਗ ਤੇਜ਼ੀ ਨਾਲ ਕੰਮ ਕਰੇ ਤਾਂ ਸਾਡੀ ਮਦਦ ਹੋ ਸਕਦੀ ਹੈ ।

ਸਪੀਕਰ ਸਾਹਿਬ, ਸਾਡੇ ਸੂਬੇ ਵਿਚ ਜਿਤਨੀ ਡੀਜ਼ਲ ਦੀ ਕਮੀ ਹੋ ਰਹੀ ਹੈ ਉਤਨੀ ਹੋਰ ਸੂਬਿਆਂ ਵਿਚ ਨਹੀਂ ਹੋ ਰਹੀ । ਜਿਤਨਾ ਸਾਡੇ ਸੂਬੇ ਨੂੰ ਡੀਜ਼ਲ ਮਿਲਦਾ ਹੈ ਉਸ ਵਿਚੋਂ ਵੀ ਬਲੈਕ ਵਿਚ ਬਾਹਰ ਦੂਜਿਆਂ ਸੂਬਿਆਂ ਵਿਚ ਚਲਾ ਜਾਂਦਾ ਹੈ ।

ਸਪੀਕਰ ਸਾਹਿਬ, ਮੈਂ ਇਸ ਸਰਕਾਰ ਨੂੰ ਇਕ ਸੁਝਾਓ ਦੇਵਾਂਗਾ ਕਿ ਜਿਹੜੇ ਸੇਲਜ਼ ਟੈਕਸ ਬੈਰਿਅਰਜ਼ ਹਨ ਉਥੇ ਇਸ ਤਰੀਕੇ ਦੇ ਪ੍ਰਬੰਧ ਕੀਤੇ ਜਾਣ ਕਿ ਸਾਡੇ ਸੂਬੇ ਵਿਚੋਂ ਇਹ ਡੀਜ਼ਲ ਬਾਹਰ ਨਾ ਜਾ ਸਕੇ । ਸਪੀਕਰ ਸਾਹਿਬ, ਮੈਂ ਦਸਦਾਂ ਹਾਂ ਕਿ ਜੇ ਸਾਡੇ ਮੁਲਕ ਵਿਚ ਡੀਜ਼ਲ ਦੀ ਬਲੈਕ ਨਾ ਹੁੰਦੀ ਤਾਂ ਦੂਜਿਆਂ ਸੂਬਿਆਂ ਵਿਚ ਵੀ ਇਤਨੀ ਡੀਜ਼ਲ ਦੀ ਸ਼ਾਰਟੇਜ ਹੋਣੀ ਚਾਹੀਦੀ ਸੀ ਪਰ, ਸਪੀਕਰ ਸਾਹਿਬ, ਹਰਿਆਣੇ ਅਤੇ ਰਾਜਸਥਾਨ ਵਿਚ ਇਸ ਤਰ੍ਹਾਂ ਦੇ ਹਾਲਾਤ ਨਹੀਂ ਹਨ ।

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਮੈਂ ਅਤੇ ਸ਼੍ਰੀ ਸਰਦਾਰੀ ਲਾਲ ਕਪੂਰ ਪਿਛੇ ਜਿਹੇ ਇਕ ਪੈਟ੍ਰੋਲ ਪੰਪ ਤੇ ਗਏ ਸੀ ਤਾਂ ਉਥੇ ਕਮ-ਅਜ਼-ਕਮ 2 ਮੀਲ ਲੰਬੀ ਲਾਇਨ ਲਗੀ ਹੋਈ ਸੀ । (ਹਾਸਾ)

ਸਰਦਾਰ ਪਰਕਾਸ਼ ਸਿੰਘ ਬਾਦਲ : ਮੈਂ, ਸਪੀਕਰ ਸਾਹਿਬ, ਸੇਲਜ਼ ਟੈਕਸ ਬੈਰਿਅਰਜ਼ ਦੀ ਗਲ ਕਰ ਰਿਹਾ ਸੀ ਕਿ ਜੇ ਉਥੋਂ ਦੇ ਅਫ਼ਸਰ ਠੀਕ ਹੋਣਗੇ ਤਾਂ ਉਹ ਇਸ ਕੁਰਪਸ਼ਨ ਨੂੰ ਬੰਦ ਕਰ ਸਕਣਗੇ ।

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਤੁਸੀਂ ਹਾਊਸ ਵਿਚ ਅਖ਼ਬਾਰ ਨਹੀਂ ਪੜ੍ਹ ਸਕਦੇ । (Dr. Sahib, you cannot read newspaper in the House.)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੂੰ ਚਾਹੀਦਾ ਹੈ ਕਿ ਜਿਸ ਤਰ੍ਹਾਂ ਇਹ ਫੂਡ ਪਰੋਡਕਸ਼ਨ ਵਿਖਾਉਣ ਵਾਸਤੇ ਸੈਂਟਰ ਦੇ ਮਨਿਸਟਰ ਪੰਜਾਬ ਵਿਚ ਲੈ ਆਏ ਸਨ ਉਸੇ ਤਰ੍ਹਾਂ ਹੁਣ ਫਿਰ ਉਨ੍ਹਾਂ ਨੂੰ ਇਥੇ ਡੀਜ਼ਲ ਦੀ ਸ਼ਾਰਟੇਜ ਵਿਖਾਉਣ ਵਾਸਤੇ ਲੈ ਆਉਣ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਪਰਕਾਸ਼ ਸਿੰਘ ਬਾਦਲ]

ਕੱਲ ਨੂੰ ਵਜ਼ੀਰ ਸਾਹਿਬ ਉਥੇ ਜਾ ਰਹੇ ਹਨ ਉਥੇ ਦੀ ਟੀਮ ਨੂੰ ਇਥੇ ਪੰਜਾਬ ਵਿਚ ਜ਼ਰੂਰ ਲੈ ਆਉਣ ਤਾਕਿ ਉਹ ਆਪ ਆ ਕੇ ਇਥੇ ਵੇਖਣ ਅਤੇ ਹੋ ਸਕਦਾ ਹੈ ਇਸ ਤਰ੍ਹਾਂ ਨਾਲ ਉਹ ਸਾਡੀ ਕੁਝ ਮਦਦ ਕਰਨ ।

ਸਪੀਕਰ ਸਾਹਿਬ, ਇਤਨੀ ਡੀਜ਼ਲ ਦੀ ਸ਼ਾਰਟੇਜ ਹੋਣ ਕਰਕੇ ਸਾਡੇ ਪੰਜਾਬ ਦੀ ਫਰਟੇਲਾਈਜ਼ਰ ਤੇ ਵੀ ਅਸਰ ਪਿਆ ਹੈ । ਮੈਂ ਸਮਝਦਾ ਹਾਂ ਕਿ ਸਾਡੇ ਪੰਜਾਬ ਵਿਚ ਫਰਟੇਲਾਈਜ਼ਰ ਦੀ ਵੀ ਬਹੁਤ ਸ਼ਾਰਟੇਜ ਹੋ ਗਈ ਹੈ । ਜਿਸ ਵੇਲੇ ਜਿਸ ਕਿਸਾਨ ਨੂੰ ਜਿਸ ਖਾਦ ਦੀ ਲੋੜ ਹੁੰਦੀ ਹੈ ਉਸ ਵੇਲੇ ਉਸ ਕੋਲ ਉਹ ਖਾਦ ਨਹੀਂ ਪਹੁੰਚਦੀ। 2 ਮਹੀਨੇ ਬਾਅਦ ਪਹੁੰਚਦੀ ਹੈ ਜਿਸ ਵੇਲੇ ਕਿ ਉਸ ਨੂੰ ਲੋੜ ਨਹੀਂ ਰਹਿੰਦੀ । ਮੈਂ ਸਮਝਦਾ ਹਾਂ ਕਿ ਇਸ ਚੀਜ਼ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਤਾਕਿ ਕਿਸਾਨ ਨੂੰ ਜਿਸ ਵੇਲੇ ਜਿਸ ਖਾਦ ਦੀ ਲੋੜ ਹੋਵੇ ਉਸ ਵੇਲੇ ਹੀ ਉਸ ਨੂੰ ਉਹ ਖਾਦ ਦਿੱਤੀ ਜਾ ਸਕੇ । ਸਪੀਕਰ ਸਾਹਿਬ, ਮੈਂ ਦਸਦਾ ਹਾਂ ਕਿ ਜਨਵਰੀ ਮਹੀਨੇ ਦੀ ਨਾਇਟਰੋਜਨ ਦੀ ਖਾਦ ਇਥੇ ਹੁਣ ਪੁਜੀ ਹੈ ਇਸ ਦਾ ਸਾਡੇ ਕਿਸਾਨ ਦੀ ਪਰੋਡਕਸ਼ਨ ਤੇ ਬਹੁਤ ਅਸਰ ਪੈਂਦਾ ਹੈ ।

ਫਰਟੇਲਾਈਜ਼ਰ ਦੇ ਸਿਲਸਿਲੇ ਵਿਚ ਸਾਡੀ ਸਰਕਾਰ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਜਿਤਨੀ ਕਿਸਾਨ ਦੀ ਕਨਜ਼ਮਪਸ਼ਨ ਪਰ ਹੈਕਟਰ ਹੈ ਉਸ ਹਿਸਾਬ ਨਾਲ ਕਿਸਾਨ ਨੂੰ ਖਾਦ ਮਿਲਣੀ ਚਾਹੀਦੀ ਹੈ ਲੇਕਿਨ ਹੋ ਕੀ ਰਿਹਾ ਹੈ। ਮੈਂ ਸਮਝਦਾ ਹਾਂ ਕਿ ਜੇ ਮੈਂ ਬੁਰੇ ਲਫਜ਼ ਕਹਾਂ ਤਾਂ ਚੰਗੇ ਨਹੀਂ ਲਗਣਗੇ। ਇਥੇ ਖੋਤੇ ਔਰ ਘੋੜੇ ਇਕੋ ਭਾ ਦੇ ਹਨ। ਪੰਜਾਬ ਦਾ ਕਿਸਾਨ ਦਿਨ ਰਾਤ ਮਿਹਨਤ ਕਰਦਾ ਹੈ ਜਿਤਨੀ ਪੰਜਾਬ ਵਿਚ ਪੈਦਾਵਾਰ ਹੁੰਦੀ ਹੈ ਉਤਨੀ ਹੋਰ ਕਿਸੇ ਸੂਬੇ ਵਿਚ ਨਹੀਂ ਹੁੰਦੀ। ਪਰ ਇਥੇ 3 ਕਿਲੋਗਰਾਮ ਦੇ ਹਿਸਾਬ ਨਾਲ ਖਾਦ ਦਿੱਤੀ ਜਾਂਦੀ ਹੈ । ਲੇਕਿਨ ਜਦੋਂ ਵੰਡ ਹੁੰਦੀ ਹੈ ਤਾਂ ਉਸ ਵੇਲੇ ਇਹ ਖਿਆਲ ਨਹੀਂ ਰਖਿਆ ਜਾਂਦਾ ਕਿ ਕਿਹੜਾ ਸੂਬਾ ਜ਼ਿਆਦਾ ਪੈਦਾਵਾਰ ਕਰਦਾ ਹੈ । ਇਸ ਵਲ ਵੀ ਸਾਡੀ ਸਰਕਾਰ ਨੂੰ ਖਾਸ ਖਿਆਲ ਕਰਨਾ ਚਾਹੀਦਾ ਹੈ ।

ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਖਾਦ ਦੀ ਡਿਸਟਰੀਬਿਊਸ਼ਨ ਵੀ ਠੀਕ ਨਹੀਂ ਹੈ । ਜਿਹੜੀਆਂ ਕੋਆਪਰੇਟਿਵ ਸੋਸਾਇਟੀਆਂ ਦੇ ਮੈਨੇਜਰ ਹੁੰਦੇ ਹਨ ਉਹ ਖਾਦ ਆਪਣੇ ਕੋਲ ਇਕੱਠੀ ਕਰ ਲੈਂਦੇ ਹਨ ਅਤੇ 100 ਰੁਪਏ ਬੋਰੀ ਬਲੈਕ ਵਿਚ ਖਾਦ ਵੇਚਦੇ ਹਨ । ਮੈਂ ਆਪਣੇ ਜ਼ਾਤੀ ਨਾਲਜ ਦੀ ਬਿਨਾ ਤੇ ਦਸਦਾ ਹਾਂ ਕਿ ਸਾਡੇ ਸੱਬ-ਡਿਵੀਜ਼ਨ ਵਿਚੋਂ ਖਾਦ ਦਾ 1/3 ਹਿੱਸਾ ਰਾਜਸਥਾਨ ਅਤੇ ਹਰਿਆਣੇ ਵਿਚ ਚਲਾ ਗਿਆ ਹੈ ਔਰ ਸਾਡੇ ਕਿਸਾਨਾਂ ਨੂੰ ਖਾਦ ਨਹੀਂ ਮਿਲੀ। ਸਰਕਾਰ ਦਾ ਸੋਸਾਇਟੀਆਂ ਤੇ ਕੰਟਰੋਲ ਨਹੀਂ । ਇਹ ਮਸਲਾ ਪਹਿਲੇ ਵੀ ਕਈ ਵਾਰੀ ਇਸ ਹਾਊਸ ਵਿਚ ਆ ਚੁਕਾ ਹੈ । ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ।

ਸਪੀਕਰ ਸਾਹਿਬ, ਪਿਛੇ ਸੀ. ਪੀ. ਐਸ. ਸਾਹਿਬ ਨੇ ਦਸਿਆ ਸੀ ਕਿ ਮੌੜ ਮੰਡੀ ਵਿਚ ਖਾਦ ਦਿੱਤੀ ਹੈ । ਪਰ ਇਹ ਸ਼ਿਕਾਇਤ ਕੀਤੀ ਗਈ ਕਿ ਇਹ ਅਡਲਟਰੇਟਿਡ ਹੈ ਉਸ ਦੀ ਪੜਤਾਲ ਕੀਤੀ ਗਈ । ਸਪੀਕਰ ਸਾਹਿਬ, ਉਸਦਾ ਰੀਜ਼ਲਟ ਆ ਗਿਆ ਹੈ । ਮੈਂ ਉਹ ਰੀਜ਼ਲਟ ਪੜ੍ਹਿਆ ਹੈ । ਉਸ ਰੀਜ਼ਲਟ ਵਿਚ ਕਲੀਅਰਲੀ ਦੱਸ ਦਿੱਤਾ ਗਿਆ ਹੈ ਕਿ ਉਹ ਖਾਦ ਦੀਆਂ ਬੋਰੀਆਂ ਅਡੱਲਟਰੇਟਿਡ ਹਨ ਪਰ ਜਿਹੜੇ ਬੰਦੇ ਅਡਲਟਰੇਸ਼ਨ ਕਰਦੇ ਹਨ ਸਰਕਾਰ ਉਨ੍ਹਾਂ ਨੂੰ ਸ਼ੀਲਡ ਕਰਦੀ ਹੈ । (ਸ਼ੋਰ) ਤਲਵੰਡੀ ਭਾਈ ਦਾ ਕੇਸ ਤੁਹਾਡੇ ਸਾਹਮਣੇ ਹੈ । ਉਥੇ ਦੇ ਕਿਸਾਨ ਡਿਪਟੀ ਕਮਿਸ਼ਨਰ ਸਾਹਿਬ ਨੂੰ

Original with;
Punjab Vidhan Sabha
Digitized by;
Panjab Digital Library

ਮਿਲੇ ਹਨ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਸਾਹਿਬ ਨੂੰ ਦੱਸਿਆ ਕਿ ਸਾਡੀ ਮਾਰਕਿਟ ਸੋਸਾਇਟੀ ਵਿਚ ਜਾਹਲੀ ਖਾਦ ਵਿਕਦੀ ਹੈ। ਡਿਪਟੀ ਕਮਿਸ਼ਨਰ ਸਾਹਿਬ, ਜਿਨ੍ਹਾਂ ਵਰਗੇ ਮੈਂ ਸਮਝਦਾ ਹਾਂ ਕਿ ਘੱਟ ਹੀ ਇਮਾਨਦਾਰ ਅੱਰ ਮੇਹਨਤੀ ਅਫਸਰ ਹਨ, ਉਨ੍ਹਾਂ ਨੇ ਐਗਰੀਕਲਚਰ ਅੱਰ ਹੋਰ ਅਫਸਰਾਂ ਨੂੰ ਉਥੇ ਭੇਜ ਕੇ ਛਾਪਾ ਮਰਵਾਇਆ ਅੱਰ ਖਾਦ ਫੜੀ ਗਈ, ਉਥੇ ਛਿਲਕਾ ਜਿਸ ਦੀ ਮਿਲਾਵਟ ਕਰਦੇ ਹਨ ਉਹ ਫੜਿਆ ਗਿਆ ਅੱਰ ਮਜ਼ਦੂਰਾਂ ਨੇ ਬਿਆਨ ਦਿੱਤਾ ਕਿ ਸੋਸਾਇਟੀ ਦਾ ਮੈਨੇਜਰ ਜਾਹਲੀ ਖਾਦ ਬਣਵਾਉਂਦਾ ਹੈ। ਲੇਕਿਨ, ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਉਸ ਬੰਦੇ ਵਲੋਂ ਉਸ ਸੋਸਾਇਟੀ ਵਲੋਂ ਇਤਨਾ ਪਰੈਸ਼ਰ ਪਾਇਆ ਗਿਆ ਹੈ ਕਿ ਡਿਪਟੀ ਕਮਿਸ਼ਨਰ ਜਿਸ ਨੂੰ ਮੈਂ ਸਮਝਦਾ ਹਾਂ ਕਿ ਅਪਰਾਈਟ ਡਿਪਟੀ ਕਮਿਸ਼ਨਰ ਹਨ ਉਹ ਵੀ ਮਜ਼ਬੂਰ ਹੋ ਗਏ ਹਨ ਕਿ ਉਨ੍ਹਾਂ ਆਦਮੀਆਂ ਤੇ ਕੋਈ ਐਕਸ਼ਨ ਨਾ ਲਿਆ ਜਾਵੇ। ਇਸ ਤਰ੍ਹਾਂ ਦੀਆਂ ਕੁਰੱਪਸ਼ਨਜ਼ ਹਨ। ਇਸ ਤਰ੍ਹਾਂ ਦੀਆਂ ਦੇਸ਼ ਧਰੋਹਦੀਆਂ ਗੱਲਾਂ ਜਿਹੜੇ ਕਰਦੇ ਹਨ ਜੇਕਰ ਉਨ੍ਹਾਂ ਨੂੰ ਤੁਸੀਂ ਸ਼ੀਲਡ ਹੀ ਕਰਨਾ ਹੈ ਤਾਂ ਮੈਂ ਸਮਝਦਾ ਹਾਂ ਕਿ ਇਥੇ ਸਟੇਟਮੈਂਟਾਂ ਦੇਣ ਦਾ ਕੋਈ ਫਾਇਦਾ ਨਹੀਂ ਹੈ। ਪਰ ਜੇਕਰ ਤੁਹਾਡੀ ਪੰਜਾਬ ਨਾਲ ਹਮਦਰਦੀ ਹੈ, ਮੁਲਕ ਨਾਲ ਹਮਦਰਦੀ ਹੈ, ਕਿਸਾਨ ਨਾਲ ਹਮਦਰਦੀ ਹੈ ਤਾਂ ਭਾਵੇਂ ਕੋਈ ਵੀ ਜਿਹੜਾ ਵੀ ਕੁਰੱਪਸ਼ਨ ਕਰਦਾ ਹੋਵੇ ਉਸ ਦੇ ਖਿਲਾਫ ਐਕਸ਼ਨ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਹੀ ਜਿਹੜੇ ਕੁਰੱਪਟ ਅਫਸਰ ਹਨ ਉਨ੍ਹਾਂ ਨੂੰ ਸਜ਼ਾ ਦੇਣੀ ਚਾਹੀਦੀ ਹੈ। (ਘੰਟੀ) ਸਪੀਕਰ ਸਾਹਿਬ, ਮੈਂ ਬਿਜਲੀ ਦੇ ਬਾਰੇ ਵੀ ਕਹਿਣਾ ਸੀ ਪਰ ਤੁਹਾਡੀ ਘੰਟੀ ਵੱਜ ਗਈ ਹੈ, ਇਸ ਲਈ ਮੈਂ ਇਕ ਮਿਸਾਲ ਹੀ ਇਸ ਬਾਰੇ ਦਿੰਦਾ ਹਾਂ।

ਸਪੀਕਰ ਸਾਹਿਬ, ਬਿਜਲੀ ਦੀ ਸ਼ਾਰਟੇਜ ਨਾਲ ਜੋ ਨੁਕਸਾਨ ਹੋ ਰਿਹਾ ਹੈ ਅੱਰ ਬਿਜਲ ਬੋਰਡ ਵਿਚ ਹੋ ਰਿਹਾ ਹੈ ਉਹ ਵੀ ਤੁਹਾਨੂੰ ਦੱਸਦਾ ਹਾਂ। 12 ਨਵੰਬਰ, 1973 ਤੋਂ 12 ਦਸੰਬਰ, 1973 ਤਕ ਪੰਜ ਲੱਖ ਯੂਨਿਟ ਬਿਜਲੀ ਪੰਜਾਬ ਸਟੇਟ ਇਲੈਕਟਰੀਸਿਟੀ ਬੋਰਡ ਦੇ ਚੇਅਰਮੈਨ ਨੇ ਬਗੈਰ ਸਰਕਾਰ ਨੂੰ ਦੱਸੇ ਹਰਿਆਣੇ ਨੂੰ ਲੋਨ ਤੇ ਦੇ ਦਿੱਤੀ। ਹੁਣ ਉਹ ਮੰਗਦੇ ਹਨ ਪਰ ਮਿਲ ਨਹੀਂ ਰਹੀ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਸੂਬੇ ਨਾਲ ਧਰੋਹ ਕੀਤਾ ਹੈ, ਧੋਖਾ ਕੀਤਾ ਗਿਆ ਹੈ। ਮੈਂ ਸਮਝਦਾ ਹਾਂ ਕਿ ਮਨਿਸਟਰ ਸਾਹਿਬ ਨੂੰ ਚਾਹੀਦਾ ਹੈ ਕਿ ਉਸ ਚੀਜ਼ ਦੀ ਇਨਕੁਆਇਰੀ ਕਰਵਾ ਕੇ ਉਸ ਦੇ ਖਿਲਾਫ ਸਖਤ ਤੋਂ ਸਖਤ ਐਕਸ਼ਨ ਲੈਣ।

ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਕੰਪਲੀਟਲੀ ਫੇਲ੍ਹ ਹੋ ਚੁਕੀ ਹੈ ਪੰਜਾਬ ਦੇ ਕਿਸਾਨਾਂ ਦੇ ਹਿੱਤਾਂ ਨੂੰ ਸੇਫਗਾਰਡ ਕਰਨ ਵਾਸਤੇ (ਥੰਪਿਗ) ਪੰਜਾਬ ਵਿਚ ਬਿਜਲੀ ਦੀ ਸ਼ਾਰਟੇਜ ਹੈ, ਡੀਜ਼ਲ ਦੀ ਸ਼ਾਰਟੇਜ ਹੈ, ਖਾਦ ਦੀ ਸ਼ਾਰਟੇਜ ਹੈ, ਪਾਣੀ ਦੀ ਸ਼ਾਰਟੇਜ ਹੈ। ਇਸ ਲਈ ਇਸ ਸਰਕਾਰ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ ਅੱਰ ਦੁਬਾਰਾ ਇਲੈਕਸ਼ਨ ਕਰਵਾਉਣੀਆਂ ਚਾਹੀਦੀਆਂ ਹਨ। (ਥੰਪਿਗ)

Mr. Speaker : Motion moved :—

That the situation created by shortage and mal distribution of diesel, fertilizers etc. in the State be taken into consideration.

ਚੌਧਰੀ ਦਰਸ਼ਨ ਸਿੰਘ (ਨੂਰ ਮਹਿਲ) : ਸਪੀਕਰ ਸਾਹਿਬ, ਅੱਜ ਦਾ ਇਹ ਮਸਲਾ ਡੀਜ਼ਲ ਤੇ ਸ਼ਾਰਟੇਜ ਦਾ ਬੜਾ ਹੀ ਗੰਭੀਰ ਮਸਲਾ ਹੈ। ਇਸ ਮਸਲੇ ਦੇ ਕਾਰਣ ਪੰਜਾਬ ਦੀ ਖੇਤ, ਨਾਲ ਸਬੰਧ ਰੱਖਣ ਵਾਲੀ 70/80 ਪ੍ਰਤੀਸ਼ਤ ਪੰਜਾਬੀ ਆਬਾਦੀ ਬੇਚੈਨ ਹੈ। ਸਪੀਕਰ ਸਾਹਿਬੀ ਬਿਜਲੀ ਦੀ ਸ਼ਾਰਟੇਜ ਹੋਣ ਕਰਕੇ, ਜਿਸ ਤਰ੍ਹਾਂ ਕਿ ਬਾਦਲ ਸਾਹਿਬ ਨੇ ਕਿਹਾ ਹੈ ਲੋਕ ਡੀਜ਼ਲ ਵਲ ਆਏ ਹਨ। ਉਨ੍ਹਾਂ ਨੇ ਦਰੁਸਤ ਕਿਹਾ ਹੈ ਕਿ ਪਾਣੀ ਦਾ ਲੈਵਲ ਘੱਟ ਹੋਣ ਕਰਕੇ, ਬਿਜਲੀ

Original with;
Punjab Vidhan Sabha
Digitized by;
Panjab Digital Library

[ਚੌਧਰੀ ਦਰਸ਼ਨ ਸਿੰਘ]

ਦੀ ਪ੍ਰੋਡਕਸ਼ਨ ਘੱਟ ਹੋਣ ਕਰਕੇ, ਪੰਜਾਬ ਦੇ ਕਿਸਾਨ ਨੇ ਮਹਿਸੂਸ ਕੀਤਾ ਅੌਰ ਉਸ ਨੇ ਡੀਜ਼ਲ ਪੰਪਿਗ-ਸੈਟ ਖਰੀਦੇ । ਡਿਵੈਲਪਿੰਗ ਅਕਾਨਿਮੀ ਵਿਚ ਉਸ ਨੇ ਟਰੈਕਟਰ ਖਰੀਦੇ । ਇਨਡਸਟਰੀ ਨੂੰ ਬਿਜਲੀ ਦੀ ਸਪਲਾਈ ਘੱਟ ਹੋਣ ਕਰਕੇ ਉਨ੍ਹਾਂ ਲੋਕਾਂ ਨੇ ਡੀਜ਼ਲ ਵਾਲੀ ਸਾਈਡ ਨੂੰ ਰੀਵਰਟ ਕੀਤਾ । ਇਹ ਤਿੰਨ ਚਾਰ ਕਾਰਣ ਐਸੇ ਸਨ ਜਿਨ੍ਹਾਂ ਕਾਰਣਾ ਕਰਕੇ ਡੀਜ਼ਲ ਤੇ ਡੀਪੈਂਡ ਕਰਨਾ ਸ਼ੁਰੂ ਕਰ ਦਿਤਾ । ਡੀਜ਼ਲ ਤੇ ਜ਼ਿਆਦਾ ਡੀਪੈਂਡ ਕਰਕੇ ਹੁ ਪੰਜਾਬ ਦੇ ਕਿਸਾਨ ਨੂੰ ਜਦੋਂ ਡੀਜ਼ਲ ਦੀ ਲੋੜ ਪਈ ਤਾਂ ਪੰਜਾਬ ਦਾ ਕਿਸਾਨ ਕੇਨੀਅ ਚੁੱਕ ਕੇ ਪਟਰੋਲ ਪੰਪਾਂ ਤੇ ।

ਸਪੀਕਰ ਸਾਹਿਬ, ਇਹ ਨੈਸ਼ਨਲ ਮਸਲਾ ਨਹੀਂ ਹੈ ਬਲਕਿ ਇੰਟਰਨੈਸ਼ਨਲ ਮਸਲਾ ਹੈ । Supply of diesel is an international problem । ਇਸ ਇਨਟਰਨੈਸ਼ਨਲ ਪ੍ਰਾਬਲਮ ਨੂੰ ਕੇਂਦਰ ਦੀ ਸਰਕਾਰ ਨਾਲ ਮਿਲ ਕੇ ਪੰਜਾਬ ਦੇ ਵਾਸਤੇ ਵੱਧ ਤੋਂ ਵੱਧ ਹਿੱਸਾ ਲੈਣ ਲਈ ਐਫਰਟ ਕਰਨੀ ਚਾਹੀਦੀ ਹੈ । ਇਹ ਸ਼ਾਰਟੇਜ ਪੰਜਾਬ ਸਰਕਾਰ ਦੀ ਕਰੀਏਟਿਡ ਸ਼ਾਰਟੇਜ ਨਹੀਂ ਹੈ ਬਲਕਿ ਇਨਟਰਨੈਸ਼ਨਲ ਮਸਲਾ ਹੋਣ ਕਰਕੇ ਪੰਜਾਬ ਦੇ ਹਿਸੇ ਆਉਣ ਵਾਲੇ ਕੋਟੇ ਦੀ ਤਕਸੀਮ ਦਾ ਮਸਲਾ ਹੈ । ਜੇਕਰ ਸਿਰਫ ਇਹ ਹੀ ਕਿਹਾ ਜਾਵੇ ਕਿ ਗਿਆਨੀ ਜੀ ਦੀ ਸਰਕਾਰ ਸੈਂਟਰ ਵਿਚੋਂ ਡੀਜ਼ਲ ਦੀਆਂ ਗੱਡੀਆਂ ਲੈ ਆਉਣਗੇ ਤਾਂ ਇਹ ਇਮਪਾਸੀਬਲ ਗੱਲ ਹੈ । ਪੰਜਾਬ ਸਰਕਾਰ ਤਾਂ ਐਫਰਟਸ ਕਰ ਸਕਦੀ ਹੈ । ਹੁਣ ਵੇਖਣਾ ਇਹ ਹੈ ਕਿ ਪੰਜਾਬ ਸਰਕਾਰ ਨੇ ਡੀਜ਼ਲ ਨੂੰ ਲੈਣ ਵਾਸਤੇ ਐਫਰਟਸ ਕੀਤੇ ਹਨ ਜਾਂ ਕਿ ਨਹੀਂ ਕੀਤੇ । ਉਹ ਚੀਜ਼ ਤਾਂ ਵਜ਼ੀਰ ਸਾਹਿਬ ਦੱਸਣਗੇ ਲੇਕਿਨ ਸ਼ਾਰਟੇਜ ਨੂੰ ਡੀਨਾਈ ਨਹੀਂ ਕੀਤਾ ਜਾ ਸਕਦਾ । 70-80 ਹਜ਼ਾਰ ਦੇ ਕਰੀਬ ਨਵੇਂ ਪੰਪਿਗ-ਸੈਟ ਲੱਗ ਜਾਣ, ਜ਼ਿਆਦਾ ਟਰੈਕਟਰ ਖਰੀਦੇ ਜਾਣ ਨਾਲ naturally the demand for diesel shall increase ਉਸ ਡੀਮਾਂਡ ਨੂੰ ਪੂਰਾ ਕਰਨ ਵਾਸਤੇ, ਸੈਂਟਰ ਤੋਂ ਜ਼ਿਆਦਾ ਡੀਜ਼ਲ ਲੈਣ ਵਾਸਤੇ ਪੰਜਾਬ ਦੀ ਸਰਕਾਰ ਨੂੰ ਹਰ ਯਤਨ ਕਰਨਾ ਚਾਹੀਦਾ ਹੈ । ਪਰ ਇਕ ਗਲ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਡੀਜ਼ਲ ਦੀ ਸਪਲਾਈ ਸਰਕਾਰ ਦੇ ਫਿੱਗਰਜ਼ ਮੁਤਾਬਿਕ ਪਹਿਲਾਂ ਨਾਲੋਂ ਦੋ ਗੁਣਾਂ ਤੋਂ ਥੋਹੜੀ ਜਿਹੀ ਘੱਟ ਹੈ ਅੌਰ ਡੇਢ ਗੁਣਾਂ ਤੋਂ ਜ਼ਿਆਦਾ ਹੈ । ਇਸ ਲਈ ਸਰਕਾਰ ਨੂੰ ਇਹ ਚੀਜ਼ ਚੈਕ ਅੱਪ ਕਰਨੀ ਚਾਹੀਦੀ ਹੈ ਕਿ ਇਹ ਡੀਜ਼ਲ ਗਿਆ ਕਿਥੇ ਹੈ । ਬਾਦਲ ਸਾਹਿਬ ਨੇ ਹਰਿਆਣੇ ਦੀ ਮਿਸਾਲ ਦਿੱਤੀ ਹੈ । ਉਥੇ ਤਾਂ ਡੀਪੂ ਹੈ , ਹਿਸਾਰ ਵਿਚ ਡਿਪੂ ਹੈ । ਇਸ ਤਰ੍ਹਾਂ ਹੀ ਇਕ ਹੋਰ ਡਿਪੂ ਹੈ । ਪਰ ਬਦਕਿਸਮਤੀ ਇਹ ਹੈ ਕਿ ਉਹ ਦੋਨੋਂ ਡੀਪੂ ਹੀ ਉਸ ਸਟੇਟ ਨੂੰ ਚਲੇ ਗਏ ਹਨ । ਜਿਤਨਾ ਚਿਰ ਤਕ ਵੱਡਾ ਡੀਪੂ ਨਹੀਂ ਹੋਵੇਗਾ ਉਤਨਾ ਚਿਰ ਤਕ ਸਟਾਕ ਇਨ ਹੈਂਡ ਨਹੀਂ ਹੋ ਸਕਦਾ shortage can be created at any time. ਇਹ ਕੰਮ ਛੋਟੇ ਛੋਟੇ ਡਿਪੂ ਨਹੀਂ ਕਰ ਸਕਦੇ । ਹਾਂ ਛੋਟੇ ਛੋਟੇ ਡੀਪੂਆਂ ਨਾਲ ਤਾਂ ਹੀ ਗੁਜ਼ਾਰਾ ਹੋ ਸਕਦਾ ਹੈ ਜੇਕਰ ਗੱਡੀਆਂ ਆਉਂਦੀਆਂ ਜਾਣ ਅਤੇ ਤਕਸੀਮ ਹੁੰਦੀ ਜਾਵੇ । ਪਰ ਇਹ ਚੀਜ਼ ਹੁੰਦੀ ਨਹੀਂ ਹੈ । ਪੰਜਾਬ ਸਰਕਾਰ ਨੇ ਦੱਸਿਆ ਹੈ ਕਿ ਮੱਥਰਾ ਤੋਂ ਪਾਈਪ ਲਾਈਨ ਲਿਆ ਰਹੇ ਹਾਂ । ਪੰਜਾਬ ਦਾ ਕਿਸਾਨ ਮਾਮੂਲੀ ਸ਼ਾਰਟੇਜ ਤਾਂ ਮਾਲੂਮ ਨਹੀਂ ਕਰਦਾ ਪਰ ਇਥੇ ਪੰਜਾਬ ਵਿਚ ਤਾਂ ਪੰਜ ਪੰਜ ਛੇ ਛੇ ਹਜ਼ਾਰ ਦੀ ਤਾਦਾਦ ਵਿਚ ਲੋਕ ਪਟਰੋਲ ਪੰਪਾਂ ਤੇ ਇਕੱਠੇ ਹੋਏ ਹਨ । ਸਰਕਾਰ ਨੂੰ ਇਹ ਡੀਜ਼ਲ ਦੀ ਤੰਗੀ ਕੱਢਣੀ ਚਾਹੀਦੀ ਹੈ ।

ਸਪੀਕਰ ਸਾਹਿਬ, ਮੈਂ ਇਕ ਥੋਹੜੀ ਜਿਹੀ ਗਲ ਰੀਲਾਈਬਲ ਸੋਰਸ ਤੋਂ ਜਿਹੜੀ ਮੈਨੂੰ ਪਤਾ ਲਗੀ ਹੈ ਉਹ ਕਰਦਾ ਹਾਂ । ਐਗਰੀਕਲਚਰ ਕਨਸਲਟੇਟਿਵ ਕਮੇਟੀ ਦੀ ਦਿੱਲੀ ਵਿਚ ਮੀਟਿੰਗ ਹੋਈ ਜਿਸ ਵਿਚ ਫਖਰ-ਉ-ਦੀਨ ਅਲੀ ਅਹਿਮਦ ਜੀ ਵੀ ਸਨ । ਉਥੇ ਰੀਮਾਰਕਸ ਪਾਸ ਹੋਏ ਕਿ ਪੰਜਾਬ ਨੂੰ ਡੀਜ਼ਲ ਦੀ ਸਪਲਾਈ ਘੱਟ ਨਹੀਂ ਹੋਈ ।

Original with;
Punjab Vidhan Sabha
Digitized by;
Panjab Digital Library

There is no shortage of diesel in the State of Punjab. These are the remarks from the Government of India and they say there is only something wrong with the distribution of diesel in the State.

ਮੈਂ ਪੰਜਾਬ ਦੀ ਸਰਕਾਰ ਨੂੰ ਕਹਿੰਦਾ ਹਾਂ ਕਿ ਜਦੋਂ ਤੁਸੀਂ ਇਤਨੀ ਸਪਲਾਈ ਵੀ ਕੀਤੀ ਹੈ ਔਰ ਤੁਸੀਂ ਮੰਨਦੇ ਹੋ ਕਿ ਤੁਹਾਡੀਆਂ ਫਿਗਰਜ਼ ਵੀ ਕੁਰੈਕਟ ਹਨ ਫਿਰ ਲੋਕਾਂ ਦੇ ਮਨਾਂ ਵਿਚੋਂ ਔਪ੍ਰੀਹੈਨਸ਼ਨ ਕੱਢਣ ਦਾ ਜ਼ਰੀਆ ਸੋਚੋ । ਸਪੀਕਰ ਸਾਹਿਬ, ਇਕ ਵਾਰ ਪੰਜਾਬ ਨੈਸ਼ਨਲ ਬੈਂਕ ਬਾਰੇ ਰੌਲਾ ਪੈ ਗਿਆ ਕਿ ਉਹ ਫੇਲ੍ਹ ਹੋ ਚਲੀ ਹੈ। ਜਿਤਨੇ ਵੀ ਡੀਪਾਜ਼ਿਟਰਜ਼ ਸਨ everybody ran to the Bank ਉਨ੍ਹਾਂ ਨੇ ਹਜ਼ਾਰ ਹਜ਼ਾਰ ਰੁਪਈਏ ਦੇ ਚੈਕ ਇਸ਼ੂ ਕਰ ਦਿਤੇ । ਪੰਜਾਬ ਨੈਸ਼ਨਲ ਬੈਂਕ ਦੇ ਡਾਇਰੈਕਟਰਾਂ ਨੇ ਆਪਣੀ ਜਾਇਦਾਦ ਗਹਿਣੇ ਕਰਕੇ ਜਿਸ ਡਿਪਾਜ਼ੇਟਰ ਨੇ ਹਜ਼ਾਰ ਰੁਪਿਆ ਮੰਗਿਆ ਉਸ ਨੂੰ ਇਹ ਨਹੀਂ ਕਿਹਾ ਕਿ ਤੂੰ ਨੌ ਸੌ ਜਾਂ ਪੌਣੇ ਨੌ ਲੈ ਲੈ ਬਲਕਿ ਹਜ਼ਾਰ ਦਾ ਹਜ਼ਾਰ ਰੁਪਿਆ ਦਿਤਾ । ਉਨ੍ਹਾਂ ਨੇ ਕਿਹਾ ਕਿ ਤੂੰ ਚੁੱਕ ਆਪਣਾ ਜਿਤਨਾ ਰੁਪਿਆ ਚੁੱਕਣਾ ਹੈ।

ਇਸ ਲਈ ਪੰਜਾਬ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਸੈਂਟਰ ਦੀ ਸਰਕਾਰ ਅਗੇ ਮਿੰਨਤ ਤਰਲਾ ਕਰਕੇ , ਆਪਣਾ ਸ਼ੇਅਰ ਜ਼ਿਆਦਾ ਤੋਂ ਜ਼ਿਆਦਾ ਲਵੇ । ਬਾਦਲ ਸਾਹਿਬ ਨੇ ਦਰੁਸਤ ਆਖਿਆ ਹੈ 25/26 ਨੂੰ ਸਪਲਾਈ ਪਲਾਂਟ ਕਮੇਟੀ ਦੀ ਮੀਟਿੰਗ ਹੋਈ, ਉਥੇ ਡਾਇਰੈਕਟਰ ਫੂਡ ਐਂਡ ਸਪਲਾਈ ਗਿਆ । ਉਸ ਦੀ ਥਾਂ ਕੋਈ ਹੋਰ ਵੱਡਾ ਅਫਸਰ ਭੇਜਿਆ ਜਾਂਦਾ, ਸੈਕਟਰੀ ਦੇ ਰੈਂਕ ਦਾ ਅਫਸਰ ਜਾਂਦਾ, ਜਾਂ ਮਨਿਸਟਰ ਇਨਚਾਰਜ਼ ਜਾਂਦਾ ਜਾਂ ਹੋਰ ਕਿਸੇ ਅਫਸਰ ਨੂੰ ਜਾਣਾ ਚਾਹੀਦਾ ਸੀ । ਉਨ੍ਹਾਂ ਨੇ ਪ੍ਰੈਸ ਅਪਾਨ ਕੀਤਾ ਕਿ 50 ਹਜ਼ਾਰ ਲਿਟਰ ਡੀਜ਼ਲ ਹੋਰ ਦਿਓ । 10,000 ਦੂਜਾ ਐਲ. ਡੀ. ਓ ਦਾ ਤੇ 50,000 ਹਾਈ ਸਪੀਡ ਡੀਜ਼ਲ ਦਾ ਆਉਣਾ ਹੈ Who bothers with the proposal or the contract for the supplies. ਤੁਸੀਂ ਪਰੈਸ ਕਰੋਗੇ ਤਾਂ ਜਾ ਕੇ ਡੀਜ਼ਲ ਪਹੁੰਚ ਸਕੇਗਾ । ਮੈਂ ਮਨਿਸਟਰ ਇਨਚਾਰਜ ਨੂੰ ਇਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਦੀ ਡਿਸਟ੍ਰੀ-ਬਿਊਸ਼ਨ ਨੂੰ ਠੀਕ ਕਰੋ ਅਤੇ ਲੋਕਾਂ ਦੇ ਮਨਾਂ ਵਿਚੋਂ ਔਪਰੀਹੈਨਸ਼ਨ ਕੱਢੀ ਜਾਵੇ । ਗੋਲੀਆਂ ਚਲੀਆਂ ਅਤੇ ਬੰਦੇ ਮਰੇ but for bad system of distribution ਉਸ ਨੂੰ ਚੈਕ ਕਰੋ । ਤੁਸੀਂ ਇਕ ਸਿਸਟਮ ਰਾਸ਼ਨ ਕਾਰਡਾਂ ਦਾ ਬਣਾ ਦਿੱਤਾ, ਪਰ ਇਸ ਦੇ ਵਿਚ ਕੀ ਹੁੰਦਾ ਹੈ ਕਿ ਜੇ ਇਕ ਇੰਜਨ ਹੈ ਅਤੇ 4 ਭਰਾ ਹਨ ਤਾਂ ਉਹ ਸਾਰੇ ਹੀ ਡੀਜ਼ਲ ਲੈ ਜਾਂਦੇ ਹਨ । ਸੋ, ਰਾਸ਼ਨ ਕਾਰਡਾਂ ਦਾ ਸਿਸਟਮ ਤਾਂ ਜਾਰੀ ਹੋ ਗਿਆ ਪਰ ਲੋਕਾਂ ਦੇ ਮਨਾਂ ਵਿਚ ਔਪਰੀਹੈਨਸ਼ਨ ਜਿਹੜੀ ਹੈ ਉਹ ਨਹੀਂ ਕੱਢੀ ਗਈ । ਕੁਝ ਔਪਰੀਹੈਨਸ਼ਨਜ਼ ਇਹ ਵੀ ਹਨ ਕਿ ਜਿਹੜੇ ਵੱਡੇ ਵੱਡੇ ਜ਼ਿਮੀਦਾਰ ਹਨ, ਉਨ੍ਹਾਂ ਨੇ ਟੈਂਕਾਂ ਦੇ ਟੈਂਕ ਇਕੱਠੇ ਕਰ ਲਏ ਹਨ ਅਤੇ ਕਈਆਂ ਨੇ ਤਾਂ 10-10 ਹਜ਼ਾਰ ਲਿਟਰ ਦਬਿਆ ਹੋਇਆ ਹੈ । ਜਿੰਨਾਂ ਚਿਰ ਪਬਲਿਕ ਦੀ ਤਵੱਜੋ ਹੋਰਡਰਜ਼ ਵਲ ਨਹੀਂ ਹੁੰਦੀ ਉਨਾ ਚਿਰ ਇਹ ਚੀਜ਼ ਠੀਕ ਨਹੀਂ ਹੋਣੀ। ਲੋਕ ਹੋਰਡ ਕਰੀ ਬੈਠੇ ਹਨ। ਇਸ ਕਰਕੇ ਜੇ ਪਰਾਪ ਰ ਡਿਸਟਰੀਬਿਊਸ਼ਨ ਨਾ ਹੋਵੇ ਤਾਂ ਵੀ ਹਾਲਤ ਨਹੀਂ ਸੁਧਰਨੀ । ਇਕ ਇਕ ਇੰਜਨ ਵਾਲਾ ਕਿੰਨਾ ਕਿੰਨਾ ਡੀਜ਼ਲ ਲੈ ਜਾਂਦਾ ਹੈ । ਇਸ ਚੀਜ਼ ਨੂੰ ਚੈਕ ਕਰਨਾ ਚਾਹੀਦਾ ਹੈ । ਤੁਹਾਡੇ ਕੋਲ ਗਰਾਮ ਸੇਵਕ ਹਨ, ਪਟਵਾਰੀ ਹਨ, ਇਕ ਦਿਨ ਵਿਚ ਫਰਿਸਤ ਬਣ ਜਾਂਦੀ ਹੈ ਅਤੇ ਉਸ ਦੇ ਹਿਸਾਬ ਨਾਲ ਉਨ੍ਹਾਂ ਨੂੰ ਕੋਟਾ ਮਿਲੇ ।

ਕਾਮਰੇਡ ਮਹਿਤਾਬ ਸਿੰਘ ਨੋਕੇਰੀਆਂ : ਚੌਧਰੀ ਸਾਹਿਬ ਕਹਿੰਦੇ ਹਨ ਕਿ ਪਬਲਿਕ ਹੋਰਡਰਜ਼ ਵਲ ਤਵੱਜੋ ਦੇਵੇ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੁਲਿਸ ਤਾਂ ਪਬਲਿਕ ਨੂੰ ਫੜਦੀ ਹੈ, ਵੱਡਿਆਂ ਨੂੰ ਤਾਂ ਕੋਈ ਨਹੀਂ ਫੜਦਾ ।

Original with;
Punjab Vidhan Sabha
Digitized by;
Panjab Digital Library

ਚੌਧਰੀ ਦਰਸ਼ਨ ਸਿੰਘ : ਮੈਂ ਸਰਕਾਰ ਨੂੰ ਸੰਬੋਧਤ ਕਰਦਾ ਹਾਂ ਕਿ ਜਿਥੇ ਡੀ. ਆਈ. ਆਰ. ਲਾਗੂ ਕੀਤੇ ਹਨ, ਉਥੇ ਹੋਰਡਰਜ਼ ਨੂੰ ਫੜੋ ਅਤੇ ਜਿਨ੍ਹਾਂ ਸਰਮਾਇਦਾਰਾਂ , ਵੱਡੇ ਜ਼ਿਮੀਂਦਾਰਾਂ ਨੇ 10-10 ਹਜ਼ਾਰ ਲਿਟਰ ਹੋਰਡ ਕੀਤਾ ਹੋਇਆ ਹੈ, ਉਨ੍ਹਾਂ ਨੂੰ ਅੰਦਰ ਕਰੋ ਅਤੇ ਡਿਸਟਰੀਬਿਊਸ਼ਨ ਨੂੰ ਠੀਕ ਕਰੋ । ਜਿਸ ਦੇ ਕੋਲ ਇਕ ਇੰਜਨ ਹੈ, ਇਕ ਟਰੈਕਟਰ ਹੈ, ਉਸ ਦਾ ਕੋਟਾ ਫਿਕਸ ਕੀਤਾ ਜਾਵੇ, ਇਹ ਨਹੀਂ ਕਿ ਸਾਰੇ ਘਰ ਦੇ ਆਦਮੀ ਜਾ ਕੇ ਵਾਰੀ ਵਾਰੀ ਲੈ ਆਉਣ, ਅਤੇ ਇਹ ਕਹਿ ਦਿੱਤਾ ਜਾਵੇ ਕਿ ਫਲਾਂ ਫਲਾਂ ਪੈਟਰੋਲ ਪੰਪ ਤੋਂ ਡੀਜ਼ਲ ਮਿਲੇਗਾ, ਇਕ ਲਾਈਨ ਨੂੰ ਕੰਟੀਨਿਊ ਕੀਤਾ ਜਾਵੇ, ਜਿਸ ਨਾਲ ਕਿ ਹਾਲਤ ਠੀਕ ਹੋ ਸਕੇ । ਇਹ ਨਹੀਂ ਹੋਣਾ ਚਾਹੀਦਾ ਕਿ ਕਿਤੇ ਡਬਲ ਸਪਲਾਈ ਵੀ ਹੋਵੇ ਅਤੇ ਕਿਤੇ ਸ਼ਾਰਟੇਜ ਵੀ ਹੋਵੇ। There should be some proper check ਸੋ ਜਿੰਨਾ ਚਿਰ ਕੋਈ ਇਹੋ ਜਿਹਾ ਕਦਮ ਨਹੀਂ ਚੁਕਿਆ ਜਾਂਦਾ, ਉਨਾ ਚਿਰ ਗੱਲ ਠੀਕ ਨਹੀਂ ਹੋਣੀ । ਇਸ ਦੇ ਨਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 5 ਲੱਖ ਯੂਨਿਟ ਬਿਜਲੀ ਯੂ. ਪੀ. ਨੂੰ ਜਾ ਰਹੀ ਹੈ ਅਤੇ ਅਗਾਂਹ ਵੀ ਦੇਣ ਦੀ ਪਾਸੀਬਿਲਟੀ ਹੈ, ਉਹ ਵਾਪਸ ਲੈਣੀ ਚਾਹੀਦੀ ਹੈ । ਜਿੰਨਾ ਚਿਰ ਅਸੀਂ ਜ਼ਿਮੀਦਾਰ ਨੂੰ ਇਨ੍ਹਾਂ 10 ਦਿਨਾਂ ਦੇ ਅੰਦਰ ਪਾਣੀ, ਖਾਦ ਅਤੇ ਡੀਜ਼ਲ ਨਹੀਂ ਦੇਵਾਂਗੇ ਤਾਂ ਸਾਡੀ 33 ਪ੍ਰਤੀਸ਼ਤ ਪਰੋਡਕਸ਼ਨ ਘੱਟ ਜਾਣੀ ਹੈ। 86 ਲੱਖ ਟੱਨ ਦਾ ਜਿਹੜਾ ਫੂਡ ਦਾ ਅੰਦਾਜ਼ਾ ਲਗਾਇਆ ਹੈ 1974-75 ਵਿਚ, ਉਸ ਦੇ ਵਿਚ ਪੂਰਾ ਹੋ ਨਹੀਂ ਸਕਣਾ । ਇਸ ਕਰਕੇ 10 ਦਿਨਾਂ ਦੇ ਅੰਦਰ ਅੰਦਰ ਮੈਕਸੀਮਮ ਡੀਜ਼ਲ, ਖਾਦ ਅਤੇ ਬਿਜਲੀ ਲੋਕਾਂ ਨੂੰ ਦਿੱਤੀ ਜਾਣੀ ਚਾਹੀਦੀ ਹੈ । ਇਕ ਵਾਰੀ ਡਿਸਟਰੀਬਿਊਸ਼ਨ ਪਰਾਪਰ ਕਰੋ ਸਟੋਰੇਜ ਦਾ ਸਿਸਟਮ ਆਪਣਾ ਬਣਾਉ, ਹੋਰਨਾਂ ਤੇ ਡਿਪੈਂਡ ਨਾ ਕਰੋ । ਪਿਛਲੇ ਦਿਨੀ ਹਰਿਆਣੇ ਨੇ ਆਪਣੇ ਡੀਪੂਆਂ ਤੇ ਬੈਨ ਲਗਾ ਦਿੱਤਾ ਕਿ ਉਥੋਂ ਸਪਲਾਈ ਨਾ ਹੋਵੇ ਅਤੇ ਪੰਜਾਬ ਸਰਕਾਰ ਨੂੰ ਸੈਂਟਰਲ ਗਵਰਨਮੈਂਟ ਨੂੰ ਐਪਰੋਚ ਕਰਨਾ ਪਿਆ । ਇਸ ਕਰਕੇ ਸਟੋਰੇਜ ਦਾ ਆਪਣਾ ਇੰਤਜ਼ਾਮ ਕੀਤਾ ਜਾਣਾ ਚਾਹੀਦਾ ਹੈ । ਬਿਜਲੀ ਦੀ ਸ਼ਾਰਟੇਜ ਜਿਹੜੀ ਹੈ, ਉਹ ਬਹੁਤ ਜ਼ਿਆਦਾ ਹੈ ਅਤੇ ਬੋਰਡ ਵਲ ਖਾਸ ਧਿਆਨ ਦੇਣ ਦੀ ਲੋੜ ਹੈ । The shortage could be self-created ਇਸ ਨੂੰ ਜਿੰਨਾ ਚਿਰ ਠੀਕ ਨਹੀਂ ਕੀਤਾ ਜਾਂਦਾ ਉਨਾ ਚਿਰ ਗੱਲ ਨਹੀਂ ਬਣਨੀ । Every year, the Board pays Rs. 15 crores for the loan which they have taken 34 ਪ੍ਰਤੀਸ਼ਤ ਪਲੱਸ ਚੋਰੀ more than 50% electricity is wasted through the negligence and mismanagement of the Board. It tops at No. 1 in the wastage of electricity. ਅਸੀਂ ਵੀ ਉਸੇ ਤਰ੍ਹਾਂ ਹੀ ਮੈਂਬਰ ਲੈ ਲੈਂਦੇ ਹਾਂ, ਇਸ ਗੱਲ ਦਾ ਖਾਸ ਖਿਆਲ ਰਖਣਾ ਚਾਹੀਦਾ ਹੈ । ਇਕ ਗੱਲ ਮੈਂ ਫਰਟੇਲਾਈਜ਼ਰ ਦੀ ਕਹਿਣਾ ਚਾਹੁੰਦਾ ਹਾਂ । ਬਾਦਲ ਸਾਹਿਬ ਨੂੰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ It is not a national problem. It is an international problem. ਖਾਦ ਵੀ ਸਾਨੂੰ ਬਾਹਰੋਂ ਮੰਗਵਾਉਣੀ ਪੈਂਦੀ ਹੈ । ਮੈਂ ਮਾਸਟਰ ਜੀ ਨੂੰ ਦੱਸਾਂ ਕਿ ਪਿਛਲੇ ਜੁਲਾਈ ਤੋਂ ਸਤੰਬਰ ਤਕ 80,000 ਟੱਨ ਦੀ ਡਿਮਾਂਡ ਸੀ, ਪਰ 22,000 ਟੱਨ ਆਈ ਅਤੇ ਉਸ ਦੇ ਵਿਚ ਵੀ ਅਡਲਟਰੇਸ਼ਨ , ਹੇਰਾਫੇਰੀ ਵਗੈਰਾ ਹੋਈ Unless you kill the creator of the poverty, the things will not be set right. ਹੁਣ ਵੀ 1973-74 ਵਿਚ 16 ਲੱਖ ਟੱਨ ਦੀ ਮੁਖਤਲਿਫ ਖਾਦਾਂ ਦੀ ਲੋੜ ਸੀ, ਪਰ 10.33 ਲੱਖ ਟੱਨ ਸਪਲਾਈ ਹੋਈ, 6 ਲੱਖ ਟੱਨ ਕਿਥੋਂ ਪੂਰੀ ਕਰਾਂਗੇ ।

ਖੇਤੀ ਬਾੜੀ ਅਤੇ ਜੰਗਲਾਤ ਮੰਤਰੀ : ਇਹ ਗਲਤ ਫਿਗਰਜ਼ ਹਨ ।

Original with;
Punjab Vidhan Sabha
Digitized by;
Panjab Digital Library

ਚੌਧਰੀ ਦਰਸ਼ਨ ਸਿੰਘ : ਇਹ ਮੇਰੇ ਕੋਲ ਫਿਗਰਜ਼ ਪਈਆਂ ਹੋਈਆਂ ਹਨ । ਇਸ ਖਾਦ ਵਿਚ ਇਸ ਕਰਕੇ ਮਿੱਟੀ ਮਿਲਾਈ ਜਾਂਦੀ ਹੈ ਕਿ ਡਿਸਟਰੀਬਿਊਸ਼ਨ ਅਜੈਂਸੀਆਂ ਗਲਤ ਹਨ, ਇਹ ਕੰਮ ਕੋਆਪਰੇਟਿਵ ਸੋਸਾਇਟੀਆਂ ਦੇ ਰਾਹੀਂ ਨਹੀਂ ਹੋਣਾ ਚਾਹੀਦਾ , ਇਸ ਦਾ ਪ੍ਰਬੰਧ ਡਾਇਰੈਕਟ ਤੁਹਾਡੇ ਕੋਲ ਹੋਣਾ ਚਾਹੀਦਾ ਹੈ ਅਤੇ ਇਸ ਨੂੰ ਚੈਕ ਕੀਤਾ ਜਾਵੇ ਕਿ ਇਸ ਦੇ ਵਿਚ ਐਡਲਟਰੇਸ਼ਨ ਤਾਂ ਨਹੀਂ ਅਤੇ ਕੋਈ ਹੋਰ ਹੇਰਾਫੇਰੀ ਨਾ ਹੋਵੇ ।

ਤੀਜੀ ਗੱਲ, ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਤਾਂ ਚਲੇ ਵੀ ਗਏ ਹਨ, ਅਤੇ ਫੂਡ ਮਨਿਸਟਰ ਸਾਹਿਬ ਨੇ ਵੀ ਉਥੇ ਜਾਣਾ ਹੈ । ਇਨ੍ਹਾਂ ਨੇ ਦਿੱਲੀ ਮੀਟਿੰਗ ਵਿਚ ਸ਼ਾਮਿਲ ਹੋਣਾ ਹੈ, ਜਿਸ ਦੇ ਵਿਚ ਇਨ੍ਹਾਂ ਨੇ ਡੀਜ਼ਲ ਵਾਸਤੇ ਵੀ ਯਤਨ ਕਰਨਾ ਹੈ ਕਿ ਵੱਧ ਤੋਂ ਵੱਧ ਮਿਲੇ । ਮੈਂ ਇਨ੍ਹਾਂ ਨੂੰ ਸੰਬੋਧਤ ਕਰਦਾ ਹਾਂ ਅਤੇ ਇਹ ਸਾਰੇ ਹਾਊਸ ਦੀ ਵੀ ਸੈਂਸ ਹੈ ਕਿ ਤਕਰੀਬਨ ਪੰਜਾਬ ਸਾਰੇ ਹਿੰਦੁਸਤਾਨ ਦੀ ਧਰਤੀ ਦਾ 1.54 ਪਰਸੈਂਟ ਹੈ, ਮਤਲਬ ਡੇਢ ਪਰਸੈਂਟ ਸਾਰੀ ਧਰਤੀ ਦਾ ਹੈ ਅਤੇ 60 ਪ੍ਰਤੀਸ਼ਤ ਕਣਕ ਨੈਸ਼ਨਲ ਪੂਲ ਵਿਚ ਸਪਲਾਈ ਕਰਦਾ ਹੈ। ਇਸ ਦਫਾ 40 ਲੱਖ ਟੱਨ ਦੇ ਕਰੀਬ ਦੇਣਾ ਹੈ । ਇਸ ਕਰਕੇ ਪੰਜਾਬ ਦੀ ਸਪਲਾਈ ਫੁਲ ਕਰਾਉਣੀ ਚਾਹੀਦੀ ਹੈ । 13 ਹਜ਼ਾਰ ਟਨ ਸੈਂਟਰ ਵਾਲੇ ਕਹਿੰਦੇ ਹਨ ਕਿ ਰਿਲੀਜ਼ ਕਰਾਂਗੇ, ਇਸ ਦੀ ਬਜਾਏ 15 ਹਜ਼ਾਰ ਟਨ ਰਿਲੀਜ਼ ਕਰਾਓ । 6 ਲੱਖ ਟਨ ਦਾ ਸਟੇਟ ਪੂਲ ਵੀ ਕਾਇਮ ਕਰਨਾ ਹੈ । ਜੇ 36 ਲੱਖ ਟਨ ਕਣਕ ਵੇਚਣ ਚਲੇ ਹੋ, ਜੇ ਗਿਆਨੀ ਜੀ ਕਣਕ ਦੇ ਗੱਡੇ ਅਤੇ ਟਰੈਕਟਰ ਲੱਦ ਕੇ ਵੇਚਣ ਚਲੇ ਹਨ ਤਾਂ ਉਥੇ ਸਾਰੀਆਂ ਗੱਲਾਂ ਦਾ ਖਿਆਲ ਵੀ ਰਖਿਆ ਜਾਵੇ । ਸਾਡੀ ਗੱਲ ਉਥੇ ਮੰਨੀ ਜਾਣੀ ਚਾਹੀਦੀ ਹੈ । ਸਪੀਕਰ ਸਾਹਿਬ, ਜੇ ਜੱਟ ਬਜ਼ਾਰ ਵਿਚ ਕਾਚੂ ਬਸਤਾ ਜਾਂ ਕੋਈ ਹੋਰ ਚੀਜ਼ ਪੁਛਦਾ ਹੈ ਤਾਂ ਦੁਕਾਨਦਾਰ ਕਹਿੰਦਾ ਹੈ ਕਿ 12 ਆਨੇ ਲਗਣੇ ਹਨ ਅਤੇ ਜੱਟ ਕਹਿੰਦਾ ਹੈ ਕਿ 10 ਆਨੇ ਲਗਾ ਲਵੋ, 50 ਪੈਸੇ ਲਗਾ ਲਵੋ ਤਾਂ ਦੁਕਾਨਦਾਰ ਕਹਿੰਦਾ ਹੈ ਕਿ ਦੁਕਾਨ ਦੇ ਥੱਡੇ ਤੋਂ ਥੱਲੇ ਉਤਰ ਜਾ । ਇਹ ਦਿੱਲੀ ਚਲੇ ਹਨ, ਇਹ ਉਥੇ ਥੋੜਾ ਬਹੁਤ ਤਾਂ ਜ਼ੋਰ ਪਾਉਣ, ਇਹ ਕਣਕ ਲੈ ਕੇ ਚਲੇ ਹਨ ਤਾਂ ਕਿਸਾਨ ਨੂੰ ਵੀ ਠੀਕ ਕੀਮਤ ਲਿਆ ਕੇ ਦੇਣਗੇ। ਅੱਜ ਤਾਂ ਇਹ ਗੱਲ ਹੈ ਕਿ ਵੇਚਣ ਵਾਲਾ ਖਰੀਦਣ ਵਾਲੇ ਕੋਲੋਂ ਕੀਮਤ ਘੱਟ ਲੈ ਰਿਹਾ ਹੈ ਅਤੇ ਜੇ ਗਿਆਨੀ ਜੀ ਵੀ ਕੋਸ਼ਿਸ਼ ਕਰਨ ਤਾਂ ਕੋਈ ਗੱਲ ਬਣ ਸਕਦੀ ਹੈ । ਹਰਿਆਣੇ ਦੀ ਸਰਕਾਰ ਨੇ ਤਾਂ ਬਿਆਨ ਦੇ ਵੀ ਦਿੱਤਾ ਕਿ ਉਹ 115 ਰੁਪਏ ਭਾਅ ਲਈ ਯਤਨ ਕਰਨਗੇ । ਪੰਜਾਬ, ਹਰਿਆਣਾ ਅਤੇ ਪਾਰਟ ਆਫ ਰਾਜਿਸਥਾਨ ਅਤੇ ਕੁਝ ਥੋੜਾ ਬਹੁਤ ਮਧਿਆ ਪ੍ਰਦੇਸ਼ ਯੂ. ਪੀ. ਵੀ ਥੋੜਾ ਜਿਹਾ ਹੈ ਕਣਕ ਪੈਦਾ ਕਰਦੇ ਹਨ । ਇਸ ਕਰਕੇ ਜੇ ਗਿਆਨੀ ਜੀ ਜ਼ੋਰ ਲਗਾਉਣ ਤਾਂ 120 ਜਾਂ 125 ਰੁਪਏ ਤੋਂ ਘੱਟ ਕੀਮਤ ਨਾ ਮੁਕਰੱਰ ਕਰਵਾਉਣ । ਮੈਂ ਗਿਆਨੀ ਜੀ ਨੂੰ ਦਾਅਵੇ ਨਾਲ ਕਹਿੰਦਾ ਹਾਂ ਕਿ ਸਟੇਟ ਵਿਚ ਵੱਸਣ ਵਾਲੇ ਲੋਕਾਂ ਲਈ 6 ਲੱਖ ਟੱਨ ਦਾ ਸਟੇਟ ਨੇ ਭੰਡਾਰ ਕਰਨਾ ਹੈ ਅਤੇ ਜੇ ਉਥੋਂ ਇਕ ਰੁਪਿਆ ਕੀਮਤ ਵੱਧ ਲੈ ਆਉਣ ਤਾਂ ਅਸੀਂ ਵੱਧ ਸਬਸਿਡੀ ਦੇ ਸਕਦੇ ਹਾਂ । ਇਸ ਕਰਕੇ ਮੇਰੀ ਬੇਨਤੀ ਹੈ ਕਿ ਸੈਂਟਰਲ ਗੌਰਮਿੰਟ ਤੋਂ 120-125 ਰੁਪਏ ਤੋਂ ਘੱਟ ਭਾਅ ਮੁਕਰੱਰ ਨਹੀਂ ਕਰਵਾਉਣਾ ਚਾਹੀਦਾ ਅਤੇ ਇਸ ਸਬੰਧ ਵਿਚ ਪੂਰਾ ਯਤਨ ਕਰਨਾ ਚਾਹੀਦਾ ਹੈ । ਮੈਂ ਇਨ੍ਹਾਂ ਅੱਖਰਾਂ ਨਾਲ ਪੰਜਾਬ ਅਸੈਂਬਲੀ ਵਿਚ ਬੈਠੇ ਹੋਏ ਮੈਂਬਰਜ਼ ਨੂੰ ਕਹਾਂਗਾ ਕਿ ਲੋਕਾਂ ਦੇ ਦਿਲਾਂ ਵਿਚ ਇਹ ਵੀ ਐਪਰੀ-ਹੈਨਸ਼ਨ ਪੈਦਾ ਕਰ ਦਿੱਤੀ ਹੈ ਕਿ ਪਾਵਰ ਦੀ ਕਿਲਤ ਹਲ ਕੀਤੀ ਨਹੀਂ ਜਾ ਸਕਦੀ unless you kill the creator of the poverty ਜਿਹੜਾ ਸ਼ਾਰਟੇਜ ਪੈਦਾ ਕਰਦਾ ਹੈ, ਭਾਵੇਂ ਉਹ ਕਿੰਨਾ ਵੱਡਾ ਹੋਵੇ, ਜਿਹੜਾ ਹੋਰਡ ਕਰਦਾ ਹੈ, ਜਿੰਨਾ ਚਿਰ ਉਨ੍ਹਾਂ ਲੋਕਾਂ ਨੂੰ ਨਹੀਂ ਫੜਿਆ

Original with;
Punjab Vidhan Sabha
Digitized by;
Panjab Digital Library

[ਚੌਧਰੀ ਦਰਸ਼ਨ ਸਿੰਘ]

ਜਾਂਦਾ, ਡੀਜ਼ਲ ਪੂਰੀ ਤਰ੍ਹਾਂ ਸਪਲਾਈ ਨਹੀਂ ਕੀਤਾ ਜਾ ਸਕੇਗਾ । ਇਸ ਦੀ ਡਿਸਟਰੀਬਿਊਸ਼ਨ ਪਰਾਪਰ ਹੈਂਡਜ਼ ਵਿਚ ਹੋਣੀ ਚਾਹੀਦੀ ਹੈ ਅਤੇ ਜਦੋਂ ਤਕ ਇਨ੍ਹਾਂ ਗੱਲਾਂ ਦਾ ਠੀਕ ਢੰਗ ਨਾਲ ਇੰਤਜ਼ਾਮ ਨਹੀਂ ਕੀਤਾ ਜਾਂਦਾ, ਹਾਲਾਤ ਚੰਗੇ ਨਹੀਂ ਹੋ ਸਕਦੇ ਅਤੇ ਇਸ ਤਰ੍ਹਾਂ ਨਾਲ ਸਾਡੀ ਪ੍ਰੋਡਕਸ਼ਨ 33 ਪ੍ਰਤੀਸ਼ਤ ਘੱਟ ਹੋ ਜਾਣੀ ਹੈ । ਇਸ ਦੇ ਨਾਲ ਸਾਰੇ ਹਿੰਦੁਸਤਾਨ ਦੇ ਲੋਕਾਂ ਦਾ ਨੁਕਸਾਨ ਹੋਵੇਗਾ ਅਤੇ ਉਨ੍ਹਾਂ ਨੂੰ ਫੂਡ ਦੀ ਸ਼ਾਰਟੇਜ ਦਾ ਸਾਹਮਣਾ ਕਰਨਾ ਪਵੇਗਾ । ਕੱਲ ਲੁਧਿਆਣੇ ਵਿਚ ਇਕ ਸੈਂਟਰ ਦੇ ਮਨਿਸਟਰ ਨੇ ਸਟੇਟਮੈਂਟ ਦਿੱਤੀ ਹੈ ਕਿ ਅਸੀਂ ਹੋਰ ਕਣਕ ਇੰਪੋਰਟ ਕਰ ਰਹੇ ਹਾਂ । ਸਰਕਾਰ ਨੇ ਕਣਕ ਇਮਪੋਰਟ ਕੀਤੀ ਅਤੇ 175/- ਤੋਂ ਲੈਕੇ 200/- ਤੱਕ ਕੁਇੰਟਲ ਦੇ ਹਿਸਾਬ ਨਾਲ ਬਾਹਰਲੇ ਮੁਲਕ ਮੰਗਦੇ ਸੀ, ਮੇਰਾ ਕਹਿਣ ਦਾ ਮਤਲਬ ਹੈ ਕਿ ਭਾਵੇਂ ਰਸ਼ੀਆ ਤੋਂ ਲਓ, ਅਮਰੀਕਾ ਤੋਂ ਲਓ, ਪੰਜਾਬ ਦੇ ਕਿਸਾਨ ਨੂੰ ਉਤਨਾ ਕੁ ਮੁੱਲ ਤਾਂ ਮਿਲਣਾ ਚਾਹੀਦਾ ਹੈ ਜੋ ਤੁਹਾਨੂੰ ਬਾਹਰੋਂ ਮੰਗਵਾਉਣ ਤੇ ਖਰਚ ਕਰਨਾ ਪੈਂਦਾ ਹੈ । ਉਸ ਨੂੰ ਉਸ ਦੀ ਜਿਨਸ ਦੀ ਪਰਾਪਰ ਪਰਾਈਸ ਮਿਲਣੀ ਚਾਹੀਦੀ ਹੈ, ਇਸ ਦੇ ਨਾਲ ਹੀ ਸਰਕਾਰ ਦੀ ਇਹ ਜ਼ਿਮੇਵਾਰੀ ਵੀ ਹੋਣੀ ਚਾਹੀਦੀ ਹੈ ਕਿ ਪਰਾਪਰ ਟਾਈਮ ਤੇ ਉਸ ਨੂੰ ਖਾਦ ਮਿਲੇ, ਡੀਜ਼ਲ ਮਿਲੇ । ਇਨ੍ਹਾਂ ਲਫਜ਼ਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ । ਮੈਂ, ਸਪੀਕਰ ਸਾਹਿਬ, ਕਹਾਂਗਾ ਕਿ ਇਹ ਦੋ ਸੀ ਆਈ. ਡੀ. ਦੇ ਬੰਦੇ ਖੜੇ ਕੀਤੇ ਹੋਏ ਹਨ । ਘੱਟੋ ਘੱਟ ਇਨ੍ਹਾਂ ਨੂੰ ਤਾਂ ਬਿਠਾ ਦਿਉ । ਨਾ ਤੁਹਾਨੂੰ ਕੋਈ ਖਤਰਾ ਹੈ ਨਾ ਸਾਨੂੰ ਹੈ, ਫੇਰ ਐਨੀ ਜਮਾਤ ਸੀ. ਆਈ. ਡੀ. ਦੀ ਨੂੰ ਕਿਉਂ ਤਕਲੀਫ ਦਿੱਤੀ ਹੈ । ਡੀਜ਼ਲ ਤਾਂ ਕਿਸੇ ਨੂੰ ਮਿਲਣਾ ਹੀ ਨਹੀਂ ।

ਸ਼੍ਰੀ ਸਪੀਕਰ : ਇਹ ਪਰਮਾਨੈਂਟ ਸਟਾਫ ਦੇ ਬੰਦੇ ਹਨ, ਤੁਸੀਂ ਕਿਉਂ ਫਿਕਰ ਕਰਦੇ ਹੋ, ਨਾ ਤੁਹਾਨੂੰ ਕੋਈ ਖ਼ਤਰਾ ਹੈ । (They are members of our permanent establishment. You need not worry as there is no danger to you.)

ਸਰਦਾਰ ਗੁਰਬਚਨ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੂੰ ਸੀ. ਆਈ. ਡੀ. ਦਾ ਖ਼ਤਰਾ ਹਰ ਵਕਤ ਲੱਗਿਆ ਰਹਿੰਦਾ ਹੈ ਇਹ ਤਾਂ ਸੁਫਨੇ ਵਿਚ ਵੀ ਡਰ ਡਰ ਕੇ ਉਠਦੇ ਹੋਣਗੇ । ਗੱਲ ਇਹ ਕਿ ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਿਵੇਂ ਕਬੀਰ ਸਾਹਿਬ ਨੇ ਕਿਹਾ ਸੀ ਕਿ "ਕਬੀਰਾ ਤੇਰੀ ਝੌਂਪੜੀ ਕਲ ਕਟਿਅਨ ਕੇ ਪਾਸ, ਕਰਨਗੇ ਸੋ ਭਰਨਗੇ ਤੂੰ ਕਿਉਂ ਭਯੋ ਉਦਾਸ" ਜੇ ਇਹ ਕੋਈ ਬੁਰਾ ਕੰਮ ਕਰਦੇ ਨਹੀਂ ਤਾਂ ਇਨ੍ਹਾਂ ਤੋਂ ਡਰਦੇ ਕਿਉਂ ਹਨ । (ਹਾਸਾ)

ਚੌਧਰੀ ਦਰਸ਼ਨ ਸਿੰਘ : ** **

Mr. Speaker : This is no point of order.

ਕਾਮਰੇਡ ਅੱਛਰਾ ਸਿੰਘ (ਧੂਰੀ) : ਮੈਂ ਸਮਝਦਾ ਹਾਂ ਅੱਜ ਜਿਹੜਾ ਡੀਜ਼ਲ ਬਾਰੇ ਸਮਾਂ ਰਖਿਆ ਹੈ ਆਖਰੀ ਦਿਨ ਇਸਦੀ ਇਤਨੀ ਇਮਪਾਰਟੈਂਸ ਨਹੀਂ ਹੋ ਸਕਦੀ ਜੇ ਪਹਿਲੇ ਦਿਨ ਹੀ ਇਹ ਦੱਸਿਆ ਜਾਂਦਾ, ਤਾਂ ਜੇ ਸਾਡੀ ਆਵਾਜ਼ ਸੈਂਟਰ ਤੱਕ ਪਹੁੰਚਦੀ ਅਤੇ ਹੁਣ ਤੱਕ ਜੋ ਪੰਜਾਬ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਦੇ ਲੋਕਾਂ ਨੂੰ ਦਿਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਸ਼ਾਇਦ ਇਸ ਤੋਂ ਬਚ ਜਾਂਦੇ। ਜਿਸ ਤਰ੍ਹਾਂ ਮੇਰੇ ਫਾਜ਼ਲ ਦੋਸਤਾਂ ਨੇ ਦਸਿਆ ਹੈ ਡੀਜ਼ਲ ਦੇ ਲਈ ਪਟਰੋਲ ਪੰਪਾਂ ਤੇ ਅਤੇ ਹੋਰ ਥਾਂਵਾਂ ਤੇ ਹਾਹਾਕਾਰ ਮੱਚੀ ਹੋਈ ਹੈ । ਅੱਜ ਉਸ ਸਟੇਟ ਦੇ ਕਿਸਾਨ ਦੀ ਇਹ ਹਾਲਤ ਹੈ ਜੋ ਸਾਰੇ ਹਿੰਦੁਸਤਾਨ ਨੂੰ ਖੁਰਾਕ ਭੇਜਣ ਵਾਲਾ ਹੈ । ਪੰਜਾਬ ਵਿਚ ਕੋਈ ਢਾਈ ਲੱਖ ਟਿਊਬਵੇਲ ਹੈ ਅਤੇ ਇਸ ਵਿਚੋਂ ਕੋਈ ਇਕ ਲੱਖ 20 ਹਜ਼ਾਰ ਇੰਜਨ ਡੀਜ਼ਲ ਨਾਲ ਚਲਦੇ ਹਨ । ਪੰਜਾਬ ਵਿਚ 80 ਲਖ ਦੇ ਕਰੀਬ ਟਰੈਕਟਰਜ਼ ਹਨ ਜਿਨ੍ਹਾਂ ਨੂੰ ਡੀਜ਼ਲ ਨਾਲ ਚਲਾਇਆ ਜਾਂਦਾ ਹੈ । ਪਰ ਜਿਤਨਾ ਕਿਸਾਨ ਨੂੰ ਡੀਜ਼ਲ ਚਾਹੀਦਾ ਸੀ ਜੇ ਉਸ ਦਾ 1/4 ਹਿੱਸਾ ਵੀ ਦਿੱਤਾ ਜਾਂਦਾ ਤਾਂ ਵੀ ਕੁਝ ਗੁਜ਼ਾਰਾ ਹੋ ਸਕਦਾ ਸੀ ।ਪਰ ਇਹ ਸਰਕਾਰ ਦੀ ਜ਼ਿੰਮੇਵਾਰੀ ਸੀ, ਇਹ ਸਰਕਾਰ ਇਸ ਇਲਜ਼ਾਮ ਤੋਂ ਬਚ ਨਹੀਂ ਸਕਦੀ । ਏਥੇ ਚੌਧਰੀ ਦਰਸ਼ਨ ਸਿੰਘ ਨੇ ਕਿਹਾ ਹੈ ਕਿ ਉਹ ਇੰਟਰਨੈਸ਼ਨਲ ਪ੍ਰਾਬਲਮ ਹੈ, ਸ਼ਾਇਦ ਉਹ ਆਪ ਵੀ ਇੰਟਰਨੈਸ਼ਨਲ ਬੰਦੇ ਹਨ । ਇਸ ਦੇਸ਼ ਦੇ ਮੰਦੇ ਭਾਗ ਹਨ ਕਿ ਇਸ ਦੇਸ਼ ਦੀ ਇਕਾਨੋਮੀ ਕੈਪੀਟਿਲਿਸਟਾਂ ਦੇ ਹੱਥਾਂ ਵਿਚ ਖੇਡਦੀ ਹੈ । ਇਸ ਤਰ੍ਹਾਂ ਦਾ ਮਸਲਾ ਉਹ ਮੈਨੂੰ ਕਿਸੇ ਸਮਾਜਵਾਦੀ ਦੇਸ਼ ਵਿਚ ਦੱਸਣ । ਜੇ ਸਰਕਾਰ ਨੂੰ ਪ੍ਰੋਕਿਉਰਮੈਂਟ ਦੀ ਪਾਲਿਸੀ ਰਖਣੀ ਸੀ ਤਾਂ ਸਰਕਾਰ ਨੂੰ ਗਰੀਬ ਆਦਮੀ ਨੂੰ ਅਨਾਜ ਸਸਤੇ ਰੇਟ ਤੇ ਦੇਣ ਦੀ ਜ਼ਿਮੇਵਾਰੀ ਲੈਣੀ ਚਾਹੀਦੀ ਸੀ । ਸਰਕਾਰ ਨੇ ਪ੍ਰੋਕਿਉਰਮੈਂਟ ਦੀ ਪਾਲਿਸੀ ਅਪਨਾਈ ਪਰ ਲੋਕਾਂ ਦੀ ਜ਼ਰੂਰੀਆਤ ਜ਼ਿੰਦਗੀ ਦਾ ਕੋਈ ਖ਼ਿਆਲ ਨਹੀਂ ਰੱਖਿਆ। ਗਵਰਮੈਂਟ ਨੂੰ ਪ੍ਰੋਡਿਊਸਰ ਦੀ ਇਨਪੁਟ ਦਾ ਵੀ ਕੋਈ ਨਾ ਕੋਈ ਖ਼ਿਆਲ ਰੱਖਣਾ ਚਾਹੀਦਾ ਸੀ । ਤੁਸੀਂ ਇਹ ਤਾਂ ਕਰ ਦਿਓ ਕਿ ਕਿਸਾਨ ਤੋਂ ਫਿਕਸ ਰੇਟ ਤੇ ਅਨਾਜ ਜ਼ਰੂਰ ਲੈਣਾ ਹੈ , ਪਰ ਤੁਸੀਂ ਇਹ ਨਹੀਂ ਸੋਚਿਆ ਕਿ ਜੋ ਉਸ ਦੀਆਂ ਇਨਪੁਟਸ ਹਨ, ਡੀਜ਼ਲ ਹੈ ਖਾਦ ਹੈ, ਬੀਜ ਹਨ, ਉਨ੍ਹਾਂ ਦਾ ਇੰਤਜ਼ਾਮ ਕਰਨਾ ਵੀ ਤਾਂ ਤੁਹਾਡੀ ਜ਼ਿਮੇਵਾਰੀ ਬਣਦੀ ਸੀ । ਉਸ ਨੂੰ ਫਿਕਸਡ ਰੇਟ ਤੇ ਡੀਜ਼ਲ ਮਿਲਦਾ । ਇਕ ਪਾਸੇ ਤਾਂ ਇਨ੍ਹਾਂ ਨੇ ਸਟੇਟ ਟਰੇਡਿੰਗ ਦੀ ਪਾਲਿਸੀ ਰੱਖੀ ਪਰ ਦੂਸਰੇ ਪਾਸੇ ਉਸ ਪ੍ਰੋਡਿਊਸਰ ਦੀ ਇਨਪੁਟਸ ਦਾ ਕੋਈ ਖ਼ਿਆਲ ਨਹੀਂ ਕੀਤਾ । ਪਲੈਨਿੰਗ ਕਮਿਸ਼ਨ ਅਤੇ ਬੜੇ ਬੜੇ ਪਲੈਨਿੰਗ ਬੋਰਡ ਇਨ੍ਹਾਂ ਨੇ ਬਣਾਏ, ਪਰ ਇਸ ਗੱਲ ਦਾ ਅਜੇ ਤਾਈਂ ਉਨ੍ਹਾਂ ਨੂੰ ਕੋਈ ਪਤਾ ਨਹੀਂ ਕਿ ਉਨ੍ਹਾਂ ਦੀ ਡੀਮਾਂਡ ਕੀ ਹੈ, ਕਦੋਂ ਅਤੇ ਕਿਤਨੀ ਸਪਲਾਈ ਕਰਨੀ ਹੈ । ਜਿਸ ਪਲੈਨਿੰਗ ਕਮਿਸ਼ਨ ਨੂੰ ਇਹ ਨਹੀਂ ਪਤਾ ਕਿ ਦੋ ਸਾਲ ਨੂੰ ਮੁਲਕ ਨੂੰ ਕਿਸੇ ਚੀਜ਼ ਦੀ ਕਿਤਨੀ ਡੀਮਾਂਡ ਹੋਵੇ ਗੀ, ਉਸ ਦਾ ਕੀ ਫਾਇਦਾ ਹੈ। ਇਹ ਨਹੀਂ ਜਾਣਦੇ ਕਿ ਬੀਜ ਵਾਸਤੇ ਕਿਤਨੀ ਕਣਕ ਚਾਹੀਦੀ ਹੈ, ਖੁਰਾਕ ਵਾਸਤੇ ਕਿਤਨੀ ਚਾਹੀਦੀ ਹੈ ਪਰ ਜਦੋਂ ਇਹ ਵੇਖਿਆ ਜਾਵੇ ਕਿ ਇਨ੍ਹਾਂ ਪ੍ਰੋਡਿਊਸਰਜ਼ ਦੀ ਇਨਪੁਟ ਬਾਰੇ ਕਦੇ ਸੋਚਿਆ ਤਕ ਨਹੀਂ ਤਾਂ ਫੇਰ ਸਾਰੇ ਦਾ ਸਾਰਾ ਪਲੈਨਿੰਗ ਕਮਿਸ਼ਨ ਐਕਸਪੋਜ਼ ਹੋ ਜਾਂਦਾ ਹੈ । ਇਨ੍ਹਾਂ ਨੂੰ ਜੇ ਖਾਦ ਦੀ ਜਾਂ ਡੀਜ਼ਲ ਦੀ ਸ਼ਾਰਟੇਜ ਨਜ਼ਰ ਆਉਂਦੀ ਸੀ ਤਾਂ ਇਨ੍ਹਾਂ ਨੂੰ ਪਹਿਲਾਂ ਇਮ-ਪੋਰਟ ਦਾ ਪ੍ਰਬੰਧ ਕਰਨਾ ਚਾਹੀਦਾ ਸੀ ਫੇਰ ਕੋਈ ਹੋਰ ਪਲੈਨ ਹੱਥ ਵਿਚ ਲੈਂਦੇ । ਜਾਂ ਜਦੋਂ ਇਨ੍ਹਾਂ ਨੂੰ ਤੇਲ ਦੇ ਭੰਡਾਰ ਦਾ ਬੰਬਈ ਤੋਂ ਪਤਾ ਲਗਿਆ ਸੀ ਤਾਂ ਇਹ ਐਕਸਪਰਟਸ ਨੂੰ ਸਪੀਡੀ ਸਟੈਪਸ ਲੈਣ ਲਈ ਕਹਿੰਦੇ ਤਾਂ ਜੋ ਹੁਣ ਸ਼ਾਰਟੇਜ ਮਹਿਸੂਸ ਨਾ ਕੀਤੀ ਜਾਂਦੀ । ਕਿਤੇ ਪਲੈਨਿੰਗ ਕਮਿਸ਼ਨ ਬੈਠਾ ਹੈ ਕਿਤੇ ਨੈਚੁਰਲ ਗੈਸ ਅਤੇ ਆਇਲ ਮਨਿਸਟਰੀ ਫਿਰਦੀ ਹੈ ਪਰ ਮਿਲ ਕਿਸੇ ਨੂੰ ਕੁਝ ਵੀ ਨਹੀਂ ਰਿਹਾ, ਇਹ ਸਾਰਾ ਪੈਸਾ ਲਾਇਆ ਹੋਇਆ ਜਾਇਆ ਜਾ ਰਿਹਾ ਹੈ । ਜਿਥੋਂ ਤੱਕ ਸਪਲਾਈ ਅਤੇ ਡਿਸਟਰੀਬਿਊਸ਼ਨ ਦਾ ਸਵਾਲ ਹੈ ਸਰਕਾਰ ਨੂੰ ਵਾਰ ਫੂਟਿੰਗ ਤੇ ਸੋਚਣਾ ਚਾਹੀਦਾ ਹੈ । ਜੇ ਸਰਕਾਰ ਦੀ ਸਪਲਾਈ ਘੱਟ ਹੈ ਤਾਂ ਸਪਲਾਈ ਦੀ ਡਿਸਟਰੀਬਿਊਸ਼ਨ ਕੈਲਕੁਲੇਟ ਕਰਕੇ ਸਰਕਾਰ ਨੂੰ ਉਸੇ ਹਿਸਾਬ ਨਾਲ ਕਰ ਦੇਣੀ ਚਾਹੀਦੀ ਸੀ ਅਤੇ ਅਗੇ ਲਈ ਜ਼ਿਆਦਾ ਹਾਸਲ ਕਰਨ ਦਾ ਕੋਈ ਪਹਿਲਾਂ ਹੀ ਪ੍ਰਬੰਧ ਕਰਨਾ ਚਾਹੀਦਾ ਸੀ। ਜੇ ਕੋਈ ਇਸ ਤਰ੍ਹਾਂ ਦੀ ਪਲੈਨਿੰਗ ਕਰਦੇ ਤਾਂ ਇਹ ਲ ਾਈਨਾਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਅੱਛਰਾ ਸਿੰਘ]

ਕਿਉਂ ਲਗਦੀਆਂ ਪੈਟਰੋਲ ਪੰਪਾਂ ਤੇ ਦਿਨ ਔਰ ਰਾਤ ਦੀਆਂ । ਬਲੈਕ ਕਰਨ ਵਾਲਿਆਂ ਨੂੰ ਜੇ ਚਾਹੁਣ ਤਾਂ ਡੀ. ਆਈ. ਆਰ. ਦੇ ਤਹਿਤ ਲਿਆ ਕੇ ਇਕ ਦਮ ਬੰਦ ਕਰ ਸਕਦੇ ਹਨ । ਪਰ ਮੈਨੂੰ ਇਹ ਗੱਲ ਅਫਸੋਸ ਦੇ ਨਾਲ ਕਹਿਣੀ ਪੈਂਦੀ ਹੈ ਕਿ ਇਹ ਉਸ ਦੀ ਵਰਤੋਂ ਨਹੀਂ ਕਰਦੇ ਸਗੋਂ ਆਈ. ਪੀ.ਸੀ. 7 ਦੇ ਤਹਿਤ ਮਿਲਾਵਟ ਕਰਨ ਵਾਲਿਆਂ ਦੇ, ਬਲੈਕ ਕਰਨ ਵਾਲਿਆਂ ਦੇ ਚਾਲਾਨ ਕਰਦੇ ਹਨ । ਮੈਂ ਇਹ ਗੱਲ ਦਾਵੇ ਨਾਲ ਕਹਿ ਸਕਦਾ ਹਾਂ ਕਿ ਜੇ ਇਕ ਕੇਸ ਵੀ ਡੀ. ਆਈ. ਆਰ. ਦੇ ਤਹਿਤ ਚਲਾ ਜਾਵੇ ਤਾਂ ਕੋਈ ਦੂਸਰਾ ਬਲੈਕ ਕਰਨ ਦੀ ਜੁਰਤ ਨਹੀਂ ਕਰ ਸਕਦਾ । ਪਰ ਉਨ੍ਹਾਂ ਨੂੰ ਪਤਾ ਹੈ ਕਿ ਆਈ. ਪੀ. ਸੀ. ਦੇ ਤਹਿਤ ਜੇ ਚਾਲਾਨ ਹੋ ਜਾਵੇ ਤਾਂ ਉਹ ਬੇਲਏਬਲ ਹੈ, ਜੁਰਮ ਕਰਨ ਵਾਲੇ ਨੂੰ ਅੱਧੇ ਘੰਟੇ ਤੋਂ ਵਧ ਨਹੀਂ ਲਗਦਾ ਉਹ ਮੁੜ ਕੇ ਘਰ ਆ ਜਾਂਦਾ ਹੈ । ਡੀ. ਆਈ. ਆਰ. ਦੀ ਵਰਤੋਂ ਹੁੰਦੀ ਹੈ ਜਦੋਂ ਕਿ ਲੋਕ ਆਪਣੀਆਂ ਮੰਗਾਂ ਮੰਗਦੇ ਹੋਏ ਐਜੀਟੇਸ਼ਨਜ਼ ਕਰਦੇ ਹਨ, ਹੜਤਾਲਾਂ ਕਰਦੇ ਹਨ, ਪੀਸਫੁਲ ਮੁਜ਼ਾਹਰੇ ਕਰਦੇ ਹਨ । ਪੁਲੀਟੀਕਲ ਟੈਨਸ਼ਨ ਨੂੰ ਖ਼ਤਮ ਕਰਨ ਵਾਸਤੇ ਇਨ੍ਹਾਂ ਨੇ ਡੀ. ਆਈ. ਆਰ. ਦੀ ਵਰਤੋਂ ਰੱਖੀ ਹੋਈ ਹੈ, ਕਿਸਾਨਾਂ ਨੇ ਕਪੂਰਥਲੇ ਐਜੀਟੇਸ਼ਨ ਕੀਤੀ ਇਨ੍ਹਾਂ ਨੇ ਡੀ. ਆਈ. ਆਰ. ਲਾ ਦਿੱਤੀ ਹੈ, ਜੋ ਕੁਝ ਸਰਕਾਰ ਦਾ ਕਾਨੂੰਨ ਹੈ ਉਹ ਮਹਿਜ਼ ਕਾਗ਼ਜ਼ੀ ਕਾਰਵਾਈ ਹੈ, ਪ੍ਰੈਕਟੀਕਲੀ ਕਿਵੇਂ ਹੋਰ ਵਰਤੋਂ ਵਿਚ ਆਉਂਦਾ ਹੈ । This is all on the paper ਡੀ. ਆਈ. ਆਰ. ਤਾਂ ਇਨ੍ਹਾਂ ਨੇ ਕਹਿਣ ਦੇ ਵਾਸਤੇ ਹੀ ਰੱਖਿਆ ਹੋਇਆ ਹੈ । ਜਦੋਂ ਤਕ ਸਰਕਾਰ ਕੋਈ ਰੈਡੀਕਲ ਪਾਲਿਸੀ ਨਹੀਂ ਅਪਣਾਉਂਦੀ ਪ੍ਰੋਕਿਉਰਮੈਂਟ ਅਤੇ ਪਰਾਪਰ ਡਿਸਟਰੀਬਿਊਸ਼ਨ, ਇਸ ਬੀਮਾਰੀ ਦਾ ਕੋਈ ਹੱਲ ਨਹੀਂ ਨਿਕਲਣਾ । ਜਿਹੜੇ ਲੋਕ ਅਡਲਟਰੇਸ਼ਨ ਕਰਦੇ ਹਨ, ਉਨ੍ਹਾਂ ਨੂੰ ਡੀ. ਆਈ. ਆਰ. ਦੇ ਤਹਿਤ ਤੁਰੰਤ ਫੜਨਾ ਚਾਹੀਦਾ ਹੈ । ਪਰ ਹੁੰਦਾ ਕੀ ਹੈ ਜੇ ਗਵਰਨਮੈਂਟ ਨੂੰ ਕੋਈ ਦੱਸੇ ਫਲਾਨੇ ਥਾਂ ਘਿਓ ਦੀ ਅਡਲਟਰੇਸ਼ਨ ਹੁੰਦੀ ਹੈ, ਭਾਵੇਂ ਉਹ ਸ਼ਕਾਇਤ ਟਰੇਜ਼ਰੀ ਬੈਂਚਿਜ਼ ਵਲੋਂ ਹੋਵੇ ਜਾਂ ਅਪੋਜ਼ੀਸ਼ਨ ਵਲੋਂ, ਮਨਿਸਟਰ ਨੂੰ ਮੌਕੇ ਤੇ ਖਿੜੇ ਮੱਥੇ ਪੁਜਣਾ ਚਾਹੀਦਾ ਹੈ । ਪਰ ਜਦੋਂ ਦੱਸਣ ਵਾਲੇ ਨੂੰ ਹੀ ਉਲਝਣ ਦਾ ਡਰ ਹੋਵੇ ਤਾਂ ਉਹ ਮਾਯੂਸ ਹੋਕੇ ਬੈਠ ਜਾਂਦੇ ਹਨ। ਇਸ ਤੋਂ ਬਾਅਦ ਮੈਂ ਅਰਜ਼ ਕਰ ਰਿਹਾ ਸੀ ਫਰਟੇਲਾਈਜ਼ਰ ਬਾਰੇ । ਫਰਟੇਲਾਈਜ਼ਰਜ਼ ਦੀ ਬੜੀ ਭੈੜੀ ਪਿਕਚਰ ਹੈ । ਪੰਜਾਬ ਜਿਹੜਾ ਹੈ ਇਹ ਸਾਰੇ ਦੇਸ਼ ਵਾਸਤੇ ਅੰਨ ਦਾ ਭੰਡਾਰ ਹੈ । ਇਸ ਨੂੰ ਫਰਟੇਲਾਈਜ਼ਰ ਜ਼ਰੂਰ ਮਿਲਣਾ ਚਾਹੀਦਾ ਹੈ । ਨੰਗਲ ਫੈਕਟਰੀ ਦੀ ਮਿਸਾਲ ਲੈ ਲਵੋ 36 ਫੀਸਦੀ ਲੋੜ ਪੰਜਾਬ ਦੀ ਇਥੋਂ ਪੂਰੀ ਹੁੰਦੀ ਹੈ । ਬਾਕੀ ਦੀ ਲੋੜ ਬਾਹਰੋਂ ਪੂਰੀ ਹੁੰਦੀ ਹੈ । ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਅਰਜ਼ ਕਰਾਂਗਾ ਕਿ ਸਾਰੀ ਲੋੜ ਪੰਜਾਬ ਦੀ ਭਾਖੜੇ ਫੈਕਟਰੀ ਅਤੇ ਨੰਗਲ ਫੈਕਟਰੀ ਤੋਂ ਪੂਰੀ ਕਰਨੀ ਚਾਹੀਦੀ ਹੈ । ਜਿਹੜਾ ਬਿਜਲੀ ਦਾ ਖ਼ਰਚ ਹੁੰਦਾ ਹੈ ਖਾਦ ਪੈਦਾ ਕਰਨ ਵਾਸਤੇ ਇਟ ਇਜ਼ ਐਟ ਦੀ ਕਾਸਟ ਆਫ ਪੰਜਾਬ ਐਗਰੀਕਲਚਰ ਐਂਡ ਇੰਡਸਟਰੀਜ਼ । ਇਥੋਂ ਸਾਰੀ ਮੰਗ ਨੂੰ ਪੂਰਾ ਕੀਤਾ ਜਾਏ । ਤੇਲ ਦੇ ਮਾਮਲੇ ਵਿਚ ਤੇਲ ਦੀ ਤਕਸੀਮ ਪੁਲਿਸ ਅਤੇ ਸਿਵਿਲ ਸਪਲਾਈਜ਼ ਦੇ ਅਫਸਰ ਰਲਕੇ ਬਲੈਕ ਕਰਦੇ ਹਨ । ਮੇਰੇ ਕੋਲ ਇਸ ਲਈ ਮਿਸਾਲਾਂ ਹਨ । ਅਬੋਹਰ ਵਿਖੇ ਜਿਥੋਂ ਦੇ ਕਿ ਚੌਧਰੀ ਸਾਹਿਬ ਮਨਿਸਟਰ ਹਨ ਉਥੇ 85 ਹਜ਼ਾਰ ਬੋਰੀ ਦੇ ਦਸਖ਼ਤ ਕਰਾ ਲਏ ਪਰ ਖਾਦ ਨਹੀਂ ਮਿਲਿਆ । ਪਟਿਆਲੇ ਵਿਚ ਵੀ ਕੋ-ਆਪਰੇਟਿਵ ਸਟੋਰਾਂ ਵਿਚ ਬਲੈਕ ਚਲਦੀ ਹੈ । ਪਿਛੇ ਜਿਹੇ ਪਟਿਆਲੇ ਵਿਚ 100/- ਥੈਲੇ ਮਗਰ ਡੇਢ ਸੌ ਮਿਲਦਾ ਹੈ । ਕੋ-ਆਪਰੇਟਿਵ ਸਟੋਰਾਂ ਤੋਂ ਬੋਰੀਆਂ ਪਰਾਈਵੇਟ ਦੁਕਾਨਾਂ ਤੇ ਚਲੀਆਂ ਜਾਂਦੀਆਂ ਹਨ । ਨਾ ਇਨ੍ਹਾਂ ਨੇ ਅਬੋਹਰ ਵਾਲੀ ਗੱਲ ਦਾ ਕੁਝ ਬਣਾਇਆ ਹੈ ਅਤੇ ਨਾ ਹੀ ਪਟਿਆਲੇ ਦੇ ਕੇਸ ਬਾਰੇ ਕੁਝ ਕੀਤਾ ਹੈ । ਮੈਂ ਆਸ ਕਰਾਂਗਾ ਕਿ ਵਜ਼ੀਰ ਸਾਹਿਬ ਇਹ ਸਾਰੀਆਂ ਗੱਲਾਂ ਤੇ ਚਾਨਣ ਪਾਉਣਗੇ ।

Original with;
Punjab Vidhan Sabha
Digitized by;
Panjab Digital Library

ਇਸ ਤੋਂ ਬਾਅਦ ਬਿਜਲੀ ਦੀ ਇਹ ਹਾਲਤ ਹੈ (ਵਿਘਨ) ਚੀਫ ਮਨਿਸਟਰ ਸਾਹਿਬ ਦਿੱਲੀ ਗਏ ਹਨ ਕਣਕ ਦੀਆਂ ਕੀਮਤਾਂ ਮਿਥਣ । ਮੈਂ ਆਸ ਕਰਦਾ ਹਾਂ ਕਿ ਇਹ ਚੰਗੀ ਤਰ੍ਹਾਂ ਪੰਜਾਬ ਦਾ ਕੇਸ ਉਥੇ ਪੁਟ ਕਰਨਗੇ । ਮੈਂ ਸਪੀਕਰ ਸਾਹਿਬ, ਪੰਜਾਬ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੇ ਸੈਂਟੇਫਿਕ ਤੌਰ ਤੇ ਕੋਈ ਰੱਲ ਨਾ ਕੀਤੀ ਗਈ ਤਾਂ ਕੋਈ ਹੱਲ ਨਹੀਂ ਨਿਕਲਣਾ । ਜਿਹੜੀਆਂ ਐਗਰੀਕਲਚਰ ਇਨਪੁਟਸ ਹਨ ਚਾਹੇ ਬਿਜਲੀ, ਖਾਦ ਜਾਂ ਬੀਜ ਹੋਵੇ, ਜੋ ਵੀ ਪਰੋਡਿਊਸ ਵਧਾਉਣ ਵਾਸਤੇ ਚੀਜ਼ਾਂ ਹਨ, ਜਿਸ ਦੀ ਕਿਸਾਨ ਨੂੰ ਲੋੜ ਹੈ, ਇਹ ਉਹਨੂੰ ਮਿਲਣੀਆਂ ਚਾਹੀਦੀਆਂ ਹਨ । ਨਹੀਂ ਤਾਂ ਐਂਟੀ ਕਿਸਾਨ ਪਾਲੇਸੀ ਹੋਵੇਗੀ । ਇਹ ਕਿਉਂ ਨਹੀਂ ਕੀਤਾ ਜਾਂਦਾ ਕਿਉਂਕਿ ਇਕ ਜਮਾਤ ਹੈ ਕੈਪੀਟਲ ਕਲਾਸ, ਉਸਦੇ ਨਾਲ ਐਡਮਨਿਸਟੇਸ਼ਨ ਰਲੀ ਹੋਈ ਹੈ, ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਇਸ ਵੀਸ਼ੀਅਸ ਸਰਕਲ ਨੂੰ ਤੋੜਨਾ ਚਾਹੀਦਾ ਹੈ । ਜੇ ਸਰਕਾਰ ਦੇਸ਼ ਦੇ ਡਿਫੈਂਸ ਦਾ ਕੰਮ ਕਰ ਸਕਦੀ ਹੈ, ਜੋ ਕਿ ਡੈਲੀਕੇਟ ਔਰ ਮੋਸਟ ਇੰਪਾਰਟੈਂਟ ਕੰਮ ਹੈ, ਤਾਂ ਐਸੰਸ਼ੀਅਲ ਕਮੋਡਿਟੀਜ਼ ਔਰ ਕਿਸਾਨ ਨੂੰ ਲੋੜੀਂਦੀਆਂ ਚੀਜ਼ਾਂ ਸਪਲਾਈ ਕਰਨ ਵਾਸਤੇ ਗਾਰੰਟੀ ਕਿਉਂ ਨਹੀਂ ਦੇ ਸਕਦੀ ਹੈ (ਵਿਘਨ) (ਘੰਟੀ) ਮੈਂ ਕਹਾਂਗਾ ਕਿ ਫੂਡ ਗਰੇਨਜ਼ ਦੀ ਪਰੋਡਕਸ਼ਨ ਵਾਸਤੇ ਜੋ ਕੁਝ ਵੀ ਕਿਸਾਨਾਂ ਨੂੰ ਚਾਹੀਦਾ ਹੈ ਉਹ ਉਨ੍ਹਾਂ ਨੂੰ ਸਰਕਾਰ ਨੂੰ ਸਪਲਾਈ ਕਰਨਾ ਚਾਹੀਦਾ ਹੈ, ਅਤੇ ਰੀਜ਼ਨੇਬਲ ਭਾਅ ਤੇ ਸਪਲਾਈ ਕਰਨਾ ਚਾਹੀਦਾ ਹੈ ।

ਪੈਟ੍ਰੋਲ ਪੰਪਾਂ ਲਈ, ਤੇਲ ਦੀ ਡਿਸਟ੍ਰੀਬਿਊਸ਼ਨ ਲਈ ਪਾਪੂਲਰ ਕਮੇਟੀਆਂ ਬਣਾ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਜਿਵੇਂ ਕਿ ਕਿਸਾਨ ਸਭਾਵਾਂ ਹਨ, ਇਹ ਤੇਲ ਇਨ੍ਹਾਂ ਕਮੇਟੀਆਂ ਰਾਹੀਂ ਡਿਸਟ੍ਰੀਬਿਊਟ ਹੋਣਾ ਚਾਹੀਦਾ ਹੈ । (ਵਿਘਨ)

ਮੈਂ ਤਾਂ ਇਹ ਵੀ ਸੁਜੈਸਟ ਕਰਾਂਗਾ ਕਿ ਸਾਰਾ ਆਗਸਤ ਹਾਊਸ ਰੈਜ਼ੋਲੂਸ਼ਨ ਕਰੇ ਕਿ ਜਿਹੜੀਆਂ ਸਾਰੀਆਂ ਫਾਰਨ ਕੰਪਨੀਆਂ ਹਨ ਉਨ੍ਹਾਂ ਨੂੰ ਨੈਸ਼ਨੇਲਾਈਜ਼ ਕਰਨ ਵਾਸਤੇ ਸੈਂਟ੍ਰਲ ਗੌਰਮੈਂਟ ਨੂੰ ਬੇਨਤੀ ਕੀਤੀ ਜਾਵੇ ।

ਇਨ੍ਹਾਂ ਸ਼ਬਦਾਂ ਨਾਲ ਤੁਹਾਡਾ ਧੰਨਵਾਦ ਕਰਦਾ ਹੋਇਆ ਮੈਂ ਬੈਠਦਾ ਹਾਂ ।

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ. ਸੀ.) : ਸਾਡੇ ਦੇਸ਼ ਵਿਚ ਆਰਿਥਕ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ । ਮਹਿੰਗਾਈ ਦਿਨੋਂ ਦਿਨ ਵਧ ਰਹੀ ਹੈ । ਕੋਈ ਚੀਜ਼ ਮਿਲਦੀ ਨਹੀਂ ਹੈ । ਤੇਲ ਬਿਜਲੀ ਔਰ ਖਾਦ ਦੇ ਸੰਕਟ ਦਿਨੋਂ ਦਿਨ ਵਧਦੇ ਚਲੇ ਜਾ ਰਹੇ ਹਨ । ਇਸ ਦਾ ਕਾਰਨ ਕੀ ਹੈ ? ਇਹ ਸਰਕਾਰ ਦੀਆਂ ਗਲਤ ਪਾਲਿਸੀਆਂ ਕਾਰਨ ਹੋ ਰਿਹਾ ਹੈ ਅਤੇ ਗਲਤ ਫੰਡ ਕਾਰਨ ਹੋ ਰਿਹਾ ਹੈ । ਸਪੀਕਰ ਸਾਹਿਬ, ਇਹ ਅਹਿਮ ਮਸਲਾ ਹੈ ਅਤੇ ਇਹ ਕਹਿਕੇ ਟਾਲਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਇਹ ਅੰਤਰ-ਰਾਸ਼ਟਰ ਦਾ ਮਸਲਾ ਹੈ । ਇਹ ਸੰਕਟ ਇਨ੍ਹਾਂ ਨੇ ਜਾਣ ਬੁਝਕੇ ਪੈਦਾ ਕੀਤਾ ਹੋਇਆ ਹੈ । ਸਪੀਕਰ ਸਾਹਿਬ, ਪਿਛਲੇ ਸਾਲ ਤੋਂ ਡੀਜ਼ਲ ਔਰ ਕਾਲਾ ਤੇਲ ਨਹੀਂ ਮਿਲ ਰਿਹਾ । ਹੁਣ ਕੀ ਹਾਲ ਹੈ, ਪੈਟ੍ਰੋਲ ਪੰਪਾਂ ਤੇ ਪੰਜ ਪੰਜ ਸੌ ਦੀ ਗਿਣਤੀ ਵਿਚ ਕਿਸਾਨ ਆਪਣੀਆਂ ਢੋਲੀਆਂ ਲੈਕੇ ਖੜੇ ਹਨ । ਇਸ ਨਾਲ, ਸਪੀਕਰ ਸਾਹਿਬ, ਸਾਡੇ ਪੰਜਾਬ ਦੀ ਲੇਬਰ ਦਾ ਕਿੰਨਾ ਲਾਸ ਹੋ ਰਿਹਾ ਹੈ । ਕਾਂਗਰਸੀ ਸਿਰ ਥੱਲੇ ਬਾਂਹ ਦੇ ਕੇ ਸੁੱਤੇ ਪਏ ਹਨ । ਕਿਉਂਕਿ ਇਨ੍ਹਾਂ ਨੂੰ ਤੇਲ ਮਿਲ ਜਾਂਦਾ ਹੈ । ਇਨ੍ਹਾਂ ਨੂੰ ਰਾਤ ਨੂੰ ਡਰੱਮਾਂ ਦੇ ਡਰੱਮ ਆ ਜਾਂਦੇ ਹਨ । ਕਿਸਾਨ ਦਾ ਕੋਈ ਖ਼ਿਆਲ ਨਹੀਂ ਰਖਿਆ ਜਾਂਦਾ ਹੈ । ਇਸ ਸਰਕਾਰ ਤੋਂ ਜਿਥੇ ਫਾਰਨ ਕੰਪਨੀਆਂ ਵਿਚ ਆਪਣਾ ਹਿੱਸਾ ਪਾਉਣ ਵਾਲੇ ਬੈਠੇ ਹੋਣ,

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਉਮਰਾਉ ਸਿੰਘ ਵਰਗੇ, ਹੋਰ ਵੀ ਕਈ ਇਨ੍ਹਾਂ ਵਲ ਅਮੀਰ ਬੈਠੇ ਹਨ, ਇਨ੍ਹਾਂ ਤੋਂ ਕਿਸਾਨ ਦੇ ਭਲੇ ਦੀ ਕਿਸੇ ਗੱਲ ਦੀ ਕਿਸ ਤਰ੍ਹਾਂ ਆਸ ਰੱਖ ਸਕਦੇ ਹਾਂ। ਤਹਿਸੀਲ ਲੈਵਲ ਤੇ ਹਰ ਪੈਟਰੋਲ ਪੰਪ ਦੀ ਗਿਣਤੀ ਹੋਣੀ ਚਾਹੀਦੀ ਹੈ। ਪੈਟਰੋਲ ਪੰਪਾਂ ਤੇ ਕੋਟਾ ਲਾਇਆ ਜਾਣਾ ਚਾਹੀਦਾ ਹੈ ਅਤੇ ਡੀਜ਼ਲ ਅਤੇ ਕਾਲਾ ਤੇਲ ਉਥੋਂ ਲਿਆ ਜਾਣਾ ਚਾਹੀਦਾ ਹੈ। ਇਹ ਕਾਰਡ ਸਿਸਟਮ ਠੀਕ ਨਹੀਂ ਰਹਿੰਦਾ ਹੈ।

ਖਾਦ ਦਾ ਮਸਲਾ, ਅਹਿਮ ਮਸਲਾ ਹੈ। ਯੂਰੀਆ ਗਾਇਬ ਹੋਇਆ ਹੋਇਆ ਹੈ। ਇਹ ਬਲੈਕ ਵਿਚ ਮਿਲਦਾ ਹੈ। ਸੰਗਰੂਰ ਵਿਖੇ ਮਿਤੀ 29 ਜਨਵਰੀ, 1974 ਨੂੰ ਇਕ ਕੇਸ ਫੜਾਇਆ ਗੁਰਦੇਵ ਸਿੰਘ ਨੇ ਪੰਜ ਬੋਰੀਆਂ ਯੂਰੀਆਂ ਰੇਤ ਦੀਆਂ ਖ਼ਰੀਦੀਆਂ ਹਨ ਜਿਸ ਵਿਚ ਕਿ ਅਡਲਟਰੇਸ਼ਨ ਸੀ, ਉਹਦੇ ਵਿਚ ਚੌਲਾਂ ਦਾ ਛਿਲਕਾ ਮਿਲਿਆ ਹੋਇਆ ਸੀ। ਇਹ ਡੀ. ਆਰ. ਨੂੰ ਕੇਸ ਫੜਾਇਆ ਸੀ। ਡੀ.ਆਰ. ਨੇ ਉਸ ਤੇ ਕੋਈ ਗੌਰ ਨਹੀਂ ਕੀਤਾ। ਮੈਂ, ਸਪੀਕਰ ਸਾਹਿਬ, ਆਪ ਦੇ ਰਾਹੀਂ ਸਰਕਾਰ ਨੂੰ ਕਹਾਂਗਾ ਕਿ ਇਹ ਸਪਲਾਈ ਨੂੰ ਬਾਕਾਇਦਾ ਤੌਰ ਤੇ ਚਾਲੂ ਕਰਾਉਣ (ਘੰਟੀ) ਜੋ ਬਲੈਕ ਮੇਲ ਹੋ ਰਹੀ ਹੈ ਉਹਨੂੰ ਛੱਡਣ ਨਾ। ਅਜਿਹੇ ਕੇਸਾਂ ਤੇ ਡੀ. ਆਈ. ਆਰ. ਲਾਗੂ ਕਰਨਾ ਚਾਹੀਦਾ ਹੈ। (ਵਿਘਨ)

ਸ਼੍ਰੀ ਸਪੀਕਰ : ਰੈਪੀਟੀਸ਼ਨ ਹੋ ਰਹੀ ਹੈ, ਬੈਠੋ ਹੁਣ। ਸਰਦਾਰ ਗੁਰਦਰਸ਼ਨ ਸਿੰਘ ਜੀ ਨੇ ਹੁਣ ਬੋਲਣਾ ਹੈ। ਆਨਰੇਬਲ ਮੈਂਬਰਜ਼ ਅਗੇ ਬੇਨਤੀ ਹੈ ਕਿ ਡੇਢ ਘੰਟਾ ਰਖਿਆ ਗਿਆ ਸੀ ਅੱਧਾ ਘੰਟਾ ਮਨਿਸਟਰ ਸਾਹਿਬ ਬੋਲਣਗੇ। I cant allow any Member now (You are repeating your arguments. Please resume your seat. Now Sardar Gurdarshan Singh is to speak. I would request the hon. Members that one and a half hour were fixed for this discussion. The hon. Minister has also to speak for half an hour. I can't allow any more Member now.)

(ਇਸ ਸਮੇਂ ਸ਼੍ਰੀ ਸਪੀਕਰ ਨੇ ਰਾਜ ਮੰਤਰੀ, ਖੁਰਾਕ ਅਤੇ ਸਪਲਾਈ ਨੂੰ ਕਾਲ ਅਪਾਨ ਕੀਤਾ।)

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੈਂ ਵੀ ਬੋਲਣਾ ਹੈ। ਬੜਾ ਜ਼ਰੂਰੀ ਮਸਲਾ ਹੈ। (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ : ਮੈਂ ਵੀ ਬੋਲਣਾ ਹੈ। (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਜੇ ਇਸ ਤਰ੍ਹਾਂ ਸਾਰਿਆਂ ਨੇ ਬੋਲਣਾ ਹੈ ਤਾਂ ਫਿਰ ਹਾਊਸ ਦਾ ਟਾਈਮ ਵਧਾਉਣਾ ਪਵੇਗਾ। (If more hon. Members want to speak then the time of the sitting will have to be extended.)

Original with;
Punjab Vidhan Sabha
Digitized by;
Panjab Digital Library

ਆਵਾਜ਼ਾਂ : ਟਾਈਮ ਐਕਸਟੈਂਡ ਕਰ ਲਓ ।

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਵਾਸਤੇ ਮੰਗ ਕਰ ਰਹੇ ਸਨ ।)

Mr. Speaker : I won't allow anybody. ਫਿਰ ਹਾਊਸ ਦਾ ਟਾਈਮ ਐਕਸਟੈਂਡ ਕਰਨਾ ਪਵੇਗਾ । (1 won't allow any body, otherwise the time of the sitting will have to be extended,) (*Interruption*)

ਆਵਾਜ਼ਾਂ : ਟਾਈਮ ਵਧਾ ਲਵੋ ।

ਕੁਝ ਹੋਰ ਆਵਾਜ਼ਾਂ : ਨਾ ਵਧਾਓ ।

ਸ਼੍ਰੀ ਸਪੀਕਰ : ਸਾਰੇ ਮੈਂਬਰ ਸਾਹਿਬਾਨ ਦੀਆਂ ਵਿਸ਼ਿਜ਼ ਆ ਗਈਆਂ ਹਨ । ਸਰਦਾਰ ਗੁਰਦਰਸ਼ਨ ਸਿੰਘ ਜੀ ਤੁਸੀਂ ਸ਼ੁਰੂ ਕਰੋ । (All the hon. Members have expressed their wishes. Sarder Gurdarshan Singh Ji, Please start your speech.)

ਰਾਜ ਮੰਤਰੀ ਖੁਰਾਕ ਅਤੇ ਸਪਲਾਈ (ਸਰਦਾਰ ਗੁਰਦਰਸ਼ਨ ਸਿੰਘ) : ਸਪੀਕਰ ਸਾਹਿਬ, ਇਹ ਜੋ ਆਨਰੇਬਲ ਮੈਂਬਰਜ਼ ਨੇ ਚਿੰਤਾ ਪਰਗਟ ਕੀਤੀ ਹੈ, ਭਾਵੇਂ ਉਹ ਇਧਰ ਬੈਠੇ ਹਨ ਅਤੇ ਭਾਵੇਂ ਉਹ ਉਧਰ ਬੈਠੇ ਹਨ....(ਵਿਘਨ) (ਸ਼ੋਰ)

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੈਨੂੰ ਦੋ ਮਿੰਟ ਦਿਓ, ਮੈਂ ਬੋਲਣਾ ਹੈ । (ਵਿਘਨ)

ਰਾਜ ਮੰਤਰੀ, ਖੁਰਾਕ ਅਤੇ ਸਪਲਾਈ : ਮੈਂ ਦੱਸਣ ਲਗਾ ਸੀ ਕਿ ਇਹ ਜਿਹੜੀ ਸ਼ਾਰਟੇਜ਼ ਆਈ ਹੈ, ਸਰਕਾਰ ਇਸ ਤੇ ਗੌਰ ਕਰ ਰਹੀ ਹੈ। ਮੈਂ ਇਹ ਵੀ ਦੱਸਾਂਗਾ ਕਿ ਸਰਕਾਰ ਨੇ ਇਸ ਸਬੰਧ ਵਿਚ ਕੀ ਕਦਮ ਉਠਾਏ ਹਨ। (ਵਿਘਨ) (ਸ਼ੋਰ)

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਤੁਸੀਂ ਸਾਨੂੰ ਬੋਲਣ ਵਾਸਤੇ ਟਾਈਮ ਨਹੀਂ ਦੇ ਰਹੇ । ਅਸੀਂ ਬੋਲਣਾ ਚਾਹੁੰਦੇ ਹਾਂ।

ਸ਼੍ਰੀ ਸਪੀਕਰ : ਸਾਰਾ ਹਾਊਸ ਮਨਿਸਟਰ ਸਾਹਿਬ ਨੂੰ ਸੁਣਨਾ ਚਾਹੁੰਦਾ ਹੈ । (The majority of the Members wish to listen to the hon. Minister.)

ਆਵਾਜ਼ਾਂ : ਅਸੀਂ ਬੋਲਣਾ ਹੈ, ਇਸ ਲਈ ਸਾਨੂੰ ਟਾਈਮ ਮਿਲਣਾ ਚਾਹੀਦਾ ਹੈ ।

ਸ਼੍ਰੀ ਸਪੀਕਰ : ਫਿਰ ਹਾਊਸ ਦਾ ਟਾਈਮ ਐਕਸਟੈਂਡ ਕਰਨਾ ਪਵੇਗਾ । (Then the time of the sitting will have to be extended.)

ਆਵਾਜ਼ਾਂ : ਟਾਈਮ ਐਕਸਟੈਂਡ ਕਰ ਲਉ ।

ਕੁਝ ਹੋਰ ਆਵਾਜ਼ਾਂ : ਟਾਈਮ ਐਕਸਟੈਂਡ ਨਾ ਕਰੋ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਹਾਊਸ ਚਾਹੁੰਦਾ ਹੈ ਕਿ ਟਾਈਮ ਐਕਸਟੈਂਡ ਨਾ ਕੀਤਾ ਜਾਵੇ । (House is not in favour of extending the time of the sitting.)

ਸਰਦਾਰ ਦਰਬਾਰਾ ਸਿੰਘ : ਬੜਾ ਜ਼ਰੂਰੀ ਮਸਲਾ ਹੈ, ਮੈਂ ਬੋਲਣਾ ਚਾਹੁੰਦਾ ਹਾਂ ।

Mr. Speaker : Please resume your seat.

ਸਰਦਾਰ ਦਰਬਾਰਾ ਸਿੰਘ : ** ** **

ਸ਼੍ਰੀ ਸਪੀਕਰ : ਜੋ ਕੁਝ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ । ਵਜ਼ੀਰ ਸਾਹਿਬ ਤੁਸੀਂ ਬੋਲੋ । (ਵਿਘਨ) (ਸ਼ੋਰ) (Whatever is being said without the permission of the Chair, should not be recorded. The hon. State Minister may continue his speech.) (*Interruption*) (*Noise*)

ਰਾਜ ਮੰਤਰੀ, ਖੁਰਾਕ ਅਤੇ ਸਪਲਾਈ : ਮੈਂ ਮੈਂਬਰ ਸਾਹਿਬਾਨ ਕੋਲ ਰਿਕੁਐਸਟ ਕਰਾਂਗਾ (ਵਿਘਨ) ਉਹ ਬੜੇ ਐਜੀਟੇਟਿਡ ਹਨ । ਉਨ੍ਹਾਂ ਦਾ ਐਜੀਟੇਟਿਡ ਹੋਣਾ ਵੀ ਠੀਕ ਹੈ ਕਿਉਂਕਿ ਪੰਜਾਬ ਦੇ ਕਿਸਾਨ ਦਾ ਮਸਲਾ ਹੈ ਅਤੇ ਉਹ ਇਸ ਦਾ ਅਹਿਸਾਸ ਕਰਦੇ ਹਨ (ਵਿਘਨ) (ਸ਼ੋਰ) ਇਹ ਜਿਹੜੀ ਸ਼ਾਰਟੇਜ ਹੋਈ ਇਸ ਬਾਰੇ ਮੈਂ ਦੱਸਦਾ ਹਾਂ ਕਿ ਟਿਊਬਵੈਲ ਬੰਦ ਹੋ ਗਏ . . .(ਵਿਘਨ) (ਸ਼ੋਰ)

(ਸਰਦਾਰ ਦਰਬਾਰਾ ਸਿੰਘ ਬੋਲਣ ਵਾਸਤੇ ਖੜੇ ਰਹੇ ।)

ਸ਼੍ਰੀ ਸਪੀਕਰ : ਵਜ਼ੀਰ ਸਾਹਿਬ ਖੜੇ ਹਨ ਅਤੇ ਉਹ ਜਵਾਬ ਦੇ ਰਹੇ ਹਨ । (ਵਿਘਨ) Please resume your seat (ਵਿਘਨ) (ਸ਼ੋਰ) (The hon. Minister is on his legs to give the reply to the discussion. (*Interruption*) Please resume your seat.) (*Interrpution*) (*Noise*)

EXTENSION OF TIME OF THE SITTING

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਹਾਊਸ ਚਾਹੁੰਦਾ ਹੈ ਕਿ ਹਾਊਸ ਦਾ ਸਮਾਂ ਵਧਾਇਆ ਜਾਵੇ ।

ਸ਼੍ਰੀ ਸਪੀਕਰ : ਅਗਰ ਹਾਊਸ ਚਾਹੇ ਤਾਂ ਮੈਂ ਵੋਟਾਂ ਮੰਗ ਲੈਂਦਾ ਹਾਂ । (If the you so desire, I can request the House for expressing its opinion.)

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਆਵਾਜ਼ਾਂ : ਠੀਕ ਹੈ ।

ਸਰਦਾਰ ਅਜਾਇਬ ਸਿੰਘ ਸੰਧੂ : ਤੁਸੀਂ ਹਾਊਸ ਤੋਂ ਵੋਟਾਂ ਲੈ ਲਵੋ ।

ਸਰਦਾਰ ਸੁਰਿੰਦਰ ਸਿੰਘ ਕੈਰੋਂ : ਸਪੀਕਰ ਸਾਹਿਬ, ਤੁਸੀਂ ਟਾਈਮ ਨਹੀਂ ਦਿੰਦੇ, ਮੈਂਬਰ ਸਾਹਿਬਾਨ ਬੋਲਣਾ ਚਾਹੁੰਦੇ ਹਨ ।

ਸ਼੍ਰੀ ਸਪੀਕਰ : ਜੇ ਹਾਊਸ ਚਾਹੇ ਤਾਂ ਜਿੰਨਾ ਸਮਾਂ ਚਾਹੇ ਵਧਾ ਲਿਆ ਜਾਵੇ । (ਵਿਘਨ) (ਸ਼ੋਰ) ਪਰੋਗਰਾਮ ਦੇ ਮੁਤਾਬਿਕ ਇਸ ਵਾਸਤੇ ਡੇਢ ਘੰਟਾ ਰੱਖਿਆ ਗਿਆ ਸੀ। (ਵਿਘਨ) (ਸ਼ੋਰ) ਹਾਊਸ ਨਹੀਂ ਚਾਹੁੰਦਾ ਕਿ ਸਮਾਂ ਵਧਾਇਆ ਜਾਏ । (If the House so desires the time of the sitting can be extended (*Interruption*) According to the programme one and a half hour was allotted for this purpose. It appears that the House is against extending the time of the sitting.)

ਆਵਾਜ਼ਾਂ : ਹਾਊਸ ਚਾਹੁੰਦਾ ਹੈ ਕਿ ਸਮਾਂ ਵਧਾਇਆ ਜਾਏ ।

ਕੁਝ ਹੋਰ ਆਵਾਜ਼ਾਂ : ਨਾ ਵਧਾਓ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਹਾਊਸ ਚਾਹੁੰਦਾ ਹੈ ਕਿ ਸਮਾਂ ਵਧਾਇਆ ਜਾਵੇ । ਸਰਦਾਰ ਦਰਬਾਰਾ ਸਿੰਘ ਅਤੇ ਸਰਦਾਰ ਸੁਰਿੰਦਰ ਸਿੰਘ ਕੈਰੋਂ ਬੋਲਣਾ ਚਾਹੁੰਦੇ ਹਨ ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੈਂ ਦੋ ਮਿੰਟ ਬੋਲਣਾ ਹੈ । ਬੜਾ ਜ਼ਰੂਰੀ ਮਸਲਾ ਹੈ । ਤੁਸੀਂ ਟਾਈਮ ਕਿਉਂ ਨਹੀਂ ਦੇ ਰਹੇ ?

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਸਪੀਕਰ ਸਾਹਿਬ, ਹਾਊਸ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣਾ ਚਾਹੁੰਦੇ ਹਨ। ਇਸ ਲਈ ਉਨ੍ਹਾਂ ਨੂੰ ਟਾਈਮ ਦਿਉ। ਹਾਊਸ ਦਾ ਸਮਾਂ 10 ਮਿੰਟ ਵਾਸਤੇ ਵਧਾ ਦਿਉ ।

(ਇਸ ਸਮੇਂ ਸਰਦਾਰ ਗੁਰਦਰਸ਼ਨ ਸਿੰਘ ਜੀ ਬੋਲਣ ਵਾਸਤੇ ਖੜੇ ਹੋਏ । ਪਰ ਹਾਊਸ ਵਿਚ ਕਾਫੀ ਸ਼ੋਰ ਸੀ ।)

ਸ਼੍ਰੀ ਸਪੀਕਰ : ਕੀ ਹਾਊਸ ਦਾ ਸਮਾਂ ਐਕਸਟੈਂਡ ਕਰਨਾ ਚਾਹੀਦਾ ਹੈ। (Is it the pleasure of the House that the time of the sitting be extended ?)

ਆਵਾਜ਼ਾਂ : ਹਾਂ ਜੀ । ਨਹੀਂ ਜੀ ।

ਸ਼੍ਰੀ ਸਪੀਕਰ : ਉਨ੍ਹਾਂ ਨੇ ਦਿੱਲੀ ਜਾਣਾ ਹੈ । (ਵਿਘਨ) (ਸ਼ੋਰ) ਵਜ਼ੀਰ ਸਾਹਿਬ ਨੇ ਦਿੱਲੀ ਜਾਣਾ ਹੈ ਉਥੇ ਕੱਲ ਨੂੰ ਉਨ੍ਹਾਂ ਨੇ ਮੀਟਿੰਗ ਵਿਚ ਸ਼ਾਮਲ ਹੋਣਾ ਹੈ। (ਵਿਘਨ) ਇਸ ਤਰ੍ਹਾਂ ਪੰਜਾਬ ਦਾ ਭਲਾ ਨਹੀਂ ਹੋਵੇਗਾ । (ਵਿਘਨ) (ਸ਼ੋਰ) (The Minister concerned has to go to Delhi (*Interruption*) (*Noise*) to attend a meeting to be held tomorrow. (*Interruption*) This behaviour is not in the interest of the State.)

Original with;
Punjab Vidhan Sabha
Digitized by;
Panj[illegible] Library

ਸਰਦਾਰ ਹਰਚੰਦ ਸਿੰਘ : ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੇਰੀ ਰਿਕੁਐਸਟ ਇਹ ਹੈ ਕਿ ਕਿਉਂਕਿ ਸਾਡੇ ਕਾਂਗਰਸ ਦੇ ਮੈਂਬਰ ਸਾਹਿਬਾਨ ਸਾਰੇ ਬੜੇ ਕੀਨ ਹਨ ਬੋਲਣ ਵਾਸਤੇ ਇਸ ਲਈ ਹਾਊਸ ਦਾ ਸਮਾਂ 15 ਮਿੰਟ ਵਧਾ ਦਿੱਤਾ ਜਾਵੇ ।

ਸ਼੍ਰੀ ਸਪੀਕਰ : ਫਿਰ 20 ਮਿੰਟ ਸਮਾਂ ਵਧਾ ਦਿੰਦੇ ਹਾਂ ਅਤੇ ਇਸ ਤਰ੍ਹਾਂ ਫਿਰ 5 ਸਪੀਕਰ ਬੋਲ ਸਕਣਗੇ । (Then the time of the sitting may be extended by 20 minutes which will enable 5 hon. Members to speak.)

ਆਵਾਜ਼ਾਂ : ਠੀਕ ਹੈ ਜੀ ।

ਸ਼੍ਰੀ ਸਪੀਕਰ : ਹਾਊਸ ਦਾ ਸਮਾਂ 20 ਮਿੰਟ ਵਧਾ ਦਿੱਤਾ ਜਾਂਦਾ ਹੈ । ਸਰਦਾਰ ਦਰਬਾਰਾ ਸਿੰਘ 5 ਮਿੰਟ ਬੋਲਣਗੇ। (The time of the House is extended by 20 minutes. Now Sardar Darbara Singh will speak for 5 minutes.)

MOTION UNDER RULE 77 (*Resumption of Discussion*)

ਸਰਦਾਰ ਦਰਬਾਰਾ ਸਿੰਘ (ਨਕੋਦਰ) : ਇਹ ਜਿਹੜਾ ਡੀਜ਼ਲ ਫਰਟੇਲਾਈਜ਼ਰ ਅਤੇ ਬਿਜਲੀ ਦੀ ਸ਼ਾਰਟੇਜ ਦਾ ਮਸਲਾ ਹੈ, ਇਹ ਬੜਾ ਗੰਭੀਰ ਮਸਲਾ ਹੈ । ਮੈਨੂੰ ਇੰਜ ਜਾਪਦਾ ਹੈ ਕਿ ਹਾਲਾਂ ਇਸ ਦੀ ਕਿੰਨੀ ਜ਼ਿਆਦਾ ਹਾਲਤ ਖਰਾਬ ਹੋਣੀ ਹੈ ਪਰ ਇਨ੍ਹਾਂ ਸਾਡੇ ਸੱਜਣਾਂ ਨੂੰ ਇਸ ਦਾ ਅਹਿਸਾਸ ਨਹੀਂ ਹੋਇਆ। ਇਹ ਜਿਹੜੀ ਇਨ੍ਹਾਂ ਚੀਜ਼ਾਂ ਦੀ ਇਤਨੀ ਸ਼ਾਰਟੇਜ ਹੈ ਜਾਂ ਸਕੇਅਰ-ਸਿਟੀ ਹੈ, ਜੇ ਇਹੀ ਹਿਸਾਬ ਰਿਹਾ ਤਾਂ ਇਸ ਦੇ ਨਾਲ ਕਾਲ ਪੈ ਜਾਵੇਗਾ ਸਾਡੇ ਦੇਸ਼ ਵਿਚ ਇਹ ਇਸ ਦੀਵਾਰ ਦੇ ਉਤੇ ਲਿਖਿਆ ਹੈ ਇਸ ਨੂੰ ਕੋਈ ਮਿਟਾ ਨਹੀਂ ਸਕਦਾ । ਅਜਿਹਾ ਗੰਭੀਰ ਮਸਲਾ ਹੋਵੇ ਪਰ ਇਸ ਤੇ ਮੈਂਬਰਜ਼ ਨੂੰ ਬੋਲਣ ਦੀ ਆਗਿਆ ਨਾ ਦਿੱਤੀ ਜਾਵੇ, ਉਨ੍ਹਾਂ ਨੂੰ ਸੁਣਿਆ ਨਾ ਜਾਵੇ, ਇਹ ਚੰਗੀ ਗੱਲ ਨਹੀਂ ਹੈ । ਮੇਰੀ ਬੇਨਤੀ ਇਹ ਹੈ ਕਿ ਜਿਥੋਂ ਤੱਕ ਫਰਟੇਲਾਈਜ਼ਰ ਦੀ ਇਸ ਸਾਲ ਸਾਨੂੰ ਲੋੜ ਹੈ ਇਸ ਦੀ ਸਾਨੂੰ 3 ਮਿਲੀਅਨ ਟਨ ਦੀ ਲੋੜ ਹੈ ਪਰ ਉਸ ਦੇ ਅਗੇਂਸਟ ਸਾਡੇ ਕੋਲ 58 ਪ੍ਰਤੀਸ਼ਤ ਸਪਲਾਈ ਹੈ ਅਤੇ ਇਸ ਤਰ੍ਹਾਂ 42 ਪ੍ਰਤੀਸ਼ਤ ਸ਼ਾਰਟੇਜ ਹੈ । ਇਹ ਐਨੀ ਵੱਡੀ ਸ਼ਾਰਟੇਜ ਹੈ ਜਿਸ ਦਾ ਸਾਡੇ ਕੋਲ ਕੋਈ ਇਲਾਜ਼ ਨਹੀਂ ਹੈ । ਦੁਨੀਆਂ ਦੇ ਕਿਸੇ ਮੁਲਕ ਵਿਚ ਚਲੇ ਜਾਓ ਉਥੋਂ ਸਾਨੂੰ ਫਰਟੇਲਾਈਜ਼ਰ ਨਹੀਂ ਮਿਲਦਾ । ਉਸ ਦਾ ਕਾਰਨ ਸਾਫ ਅਤੇ ਸਪੱਸ਼ਟ ਹੈ ਕਿ ਸਾਡੇ ਕੋਲ ਫਾਰਨ ਐਕਸਚੇਂਜ ਉਤਨੀ ਨਹੀਂ ਹੈ ਜਿੰਨੀ ਕਿ ਯੂ. ਐਸ. ਏ. ਦੇ ਫਾਰਮਰਜ਼ ਕੋਲ ਹੈ। ਪਹਿਲਾਂ ਉਥੇ ਫਾਰਮਰਜ਼ ਦੇ ਉਤੇ ਰਿਸਟ੍ਰਿਕਸ਼ਨ ਲੱਗੀ ਹੁੰਦੀ ਸੀ ਕਿ ਉਹ ਇਸ ਤੋਂ ਵੱਧ ਕਣਕ ਨਹੀਂ ਸੀ ਬੀਜ ਸਕਦੇ ਆਪਣੇ ਖੇਤਾਂ ਵਿਚ, ਪਰ ਹੁਣ ਉਨ੍ਹਾਂ ਨੇ ਉਸ ਦੇ ਉਲਟ ਕਰ ਦਿੱਤਾ ਹੈ ਅਤੇ ਉਨ੍ਹਾਂ ਨੂੰ ਸਬਸਿਡੀ ਦੇਣੀ ਸ਼ੁਰੂ ਕਰ ਦਿੱਤੀ ਹੈ ਕਿ ਉਹ ਵੱਧ ਤੋਂ ਵੱਧ ਬੀਜਣ ਅਤੇ ਅਨਾਜ ਪੈਦਾ ਕਰਨ । ਇੰਟਰਨੇਸ਼ਨਲ ਮਾਰਕਿਟ ਵਿਚ

Original with;
Punjab Vidhan Sabha
Digitized by;
Panjab Digital Library

ਭਾਵੇਂ ਜਾਓ, ਭਾਵੇਂ ਸੋਵੀਅਤ ਕੋਲ ਜਾਵੋ ਅਤੇ ਭਾਵੇਂ ਕਿਸੇ ਹੋਰ ਕੋਲ ਸਾਨੂੰ ਦੁੱਗਣੀ ਤਿੱਗਣੀ ਪਰਾਈਸ ਤੇ ਫਰਟੇਲਾਈਜ਼ਰ ਮਿਲਦਾ ਹੈ। ਸੋ ਇਸ ਤਰ੍ਹਾਂ ਸਾਡੇ ਦੇਸ਼ ਵਿਚ ਖੁਰਾਕ ਦੇ ਮਾਮਲੇ ਵਿਚ ਭਿਆਨਕ ਹਾਲਤ ਹੋਵੇਗੀ। ਸਾਨੂੰ 114 ਮਿਲੀਅਨ ਟਨ ਅਨਾਜ ਦੀ ਲੋੜ ਹੈ। ਇਨ੍ਹਾਂ ਚੀਜ਼ਾਂ ਦੀ ਸ਼ਾਰਟੇਜ ਨੂੰ ਮੁੱਖ ਰਖਦੇ ਹੋਏ ਚੌਹਾਨ ਜੀ ਨੇ ਇਕ ਸਟੇਟਮੈਂਟ ਦਿੱਤੀ ਸੀ ਕਿ ਅਸੀਂ ਇਸ ਸਾਲ ਇਹ ਸਾਰੀ ਕਮੀ ਪੂਰੀ ਕਰ ਲਵਾਂਗੇ। ਪਹਿਲਾਂ ਜਿਹੜੇ ਫਿੱਗਰਜ਼ ਹਨ ਉਹ 110 ਮਿਲੀਅਨ ਟਨ ਦੇ ਹਨ ਪਰ ਹੁਣ ਜਿਹੜੇ ਨਵੇਂ ਅੰਕੜੇ ਆਏ ਹਨ ਉਹ 104 ਮਿਲੀਅਨ ਟਨ ਤੇ ਆ ਗਏ ਹਨ ਅਤੇ ਮੈਨੂੰ ਡਰ ਹੈ ਕਿ ਉਹ ਬਦਲਕੇ 94 ਮਿਲੀਅਨ ਟਨ ਤੇ ਆ ਜਾਣੇ ਹਨ। ਇੰਨਾ ਵੱਡਾ ਖਪਾ ਹੈ ਪਰ ਸਾਡੇ ਤੋਂ ਕੁਝ ਨਹੀਂ ਹੋਣਾ। ਇੰਟਰਨੈਸ਼ਨਲ ਮਾਰਕਿਟ ਦੇ ਵਿਚ ਜਿਹੜਾ ਕਣਕ ਦਾ ਭਾਅ ਹੈ ਉਹ ਦੇ ਵਿਚ ਵੀ ਕੋਈ ਹਿਸਾਬ ਨਹੀਂ ਰਿਹਾ। ਪਹਿਲਾਂ 60-62 ਰੁਪਏ ਕੁਇੰਟਲ ਕਣਕ ਦਾ ਭਾਅ ਸੀ ਪਰ ਅੱਜ 225/- ਰੁਪਏ ਕੁਇੰਟਲ ਤੋਂ ਵੀ ਯੂ. ਐਸ. ਏ. ਸਾਡੀਆਂ ਕੁਟੇਸ਼ਨਜ਼ ਮਨਜ਼ੂਰ ਕਰਨ ਨੂੰ ਤਿਆਰ ਨਹੀਂ। ਬਾਹਰਲੇ ਮੁਲਕ ਦਾ ਭਾਅ ਉਚਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਇਸ ਦੇ ਵਾਸਤੇ ਉਚੇਚਾ ਸੈਸ਼ਨ ਬੁਲਾਉਣਾ ਚਾਹੀਦਾ ਹੈ ਅਤੇ ਫਿਰ ਡਿਸਕਸ਼ਨ ਕਰਨੀ ਚਾਹੀਦੀ ਹੈ ਤਾਂ ਕਿ ਅਸੀਂ ਵੱਧ ਤੋਂ ਵੱਧ ਆਪਣੀਆਂ ਰਾਵਾਂ ਪ੍ਰਗਟ ਕਰ ਸਕੀਏ। ਇਹ ਇਕ ਕੌਮੀ ਮਸਲਾ ਬਣ ਗਿਆ ਹੈ, ਇਹ ਕ੍ਰਿਟਿਸਿਜ਼ਮ ਦਾ ਮਸਲਾ ਨਹੀਂ ਬਲਕਿ ਅਸੀਂ ਦੇਖੀਏ ਕਿ ਕਿਸ ਤਰ੍ਹਾਂ ਇਹ ਨੈਸ਼ਨਲ ਸਮੱਸਿਆ ਬਣ ਗਈ ਹੈ ਜਿਸ ਨੂੰ ਅਸੀਂ ਸਾਰਿਆਂ ਨੇ ਰਲ ਕੇ ਹੱਲ ਕਿਸ ਤਰ੍ਹਾਂ ਕਰਨਾ ਹੈ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਡੀਜ਼ਲ ਦਾ ਮਸਲਾ ਹੈ ਜਿਸ ਦੇ ਅਸੀਂ ਸ਼ਿਕਾਰ ਹੋਏ ਹਾਂ। ਇਸ ਮਸਲੇ ਵਿਚ ਅਸੀਂ ਤਾਂ ਸ਼ਿਕਾਰ ਹੋਣਾ ਹੀ ਸੀ ਪਰ ਦੁਨੀਆਂ ਦੇ ਹੋਰ ਵਡੇ ਵਡੇ ਕੰਟਰੀਜ਼ ਵੀ ਇਸ ਦਾ ਸ਼ਿਕਾਰ ਹੋਏ ਹਨ ਪਰ ਸਾਡੇ ਸਿਆਣੇ ਸੈਂਟਰਲ ਮਨਿਸਟਰ ਸਾਹਿਬਾਨ ਨੇ ਇੰਦਰਾ ਗਾਂਧੀ ਜੀ ਦੀ ਅਗਵਾਈ ਹੇਠ ਸਾਡੇ ਫਾਰਨ ਮਨਿਸਟਰ ਸਾਹਿਬ ਨੇ ਈਰਾਨ ਨਾਲ ਅਤੇ ਹੋਰ ਦੂਸਰੇ ਮੁਲਕਾਂ ਨਾਲ ਗੱਲ ਬਾਤ ਕਰਕੇ ਸਾਡੀ ਇਹ ਜਿਹੜੀ ਸਪਲਾਈ ਹੈ ਉਹ ਐਸ਼ੋਅਰ ਕਰਵਾਈ ਹੈ ਸਾਨੂੰ ਉਸ ਗੱਲ ਦੀ ਚਿੰਤਾ ਨਹੀਂ; ਚਿੰਤਾ ਸਾਨੂੰ ਇਸ ਗਲ ਦੀ ਹੈ ਕਿ ਸਾਡੀ ਜਿਹੜੀ ਡਿਸਟਰੀ-ਬਿਊਸ਼ਨ ਹੈ ਉਹ ਬੋਸੀਦਾ ਹੈ, ਨਿਕੰਮੀ ਹੈ, ਆਊਟ ਡੇਟਿਡ ਹੈ, ਕੁਰੱਪਟ ਹੈ ਜਿਸ ਨੂੰ ਕਿ ਬਦਲਣ ਦੀ ਲੋੜ ਹੈ। ਫਰਟੇਲਾਈਜ਼ਰ ਦੇ ਸਿਸਟਮ ਵੱਲ ਵੀ ਸਾਨੂੰ ਧਿਆਨ ਦੇਣਾ ਚਾਹੀਦਾ ਹੈ। ਇਕ ਵੇਲਾ ਸੀ ਜਦੋਂ ਫਰਟੇਲਾਈਜ਼ਰ ਸਾਡੇ ਆਪਣੇ ਹੱਥਾਂ ਵਿਚ ਸੀ। ਮਾਰਕਫੈਡ, ਸੈਂਟਰਲ ਕੋਆਪਰੇਟਿਵ ਏਜੰਸੀਜ਼ ਦੁਆਰਾ, ਮਾਰਕਿਟਿੰਗ ਸੋਸਾਈਟੀਜ਼, ਪਿੰਡਾਂ ਦੀਆਂ ਸਰਵਿਸਿਜ਼ ਸੋਸਾਇਟੀਜ਼ ਵਲੋਂ ਡਿਸਟ੍ਰੀਬਿਊਟ ਹੁੰਦੀ ਸੀ ਅਤੇ ਜਦੋਂ ਦਾ ਅਸੀਂ ਸਮਾਜਵਾਦ ਵਲ ਜ਼ਿਆਦਾ ਦੂਰੇ ਹਾਂ ਸਾਡੀ ਫਰਟੇਲਾਈਜ਼ਰ ਦਾ ਜੋ ਸਿਸਟਮ ਹੈ ਉਹ ਬਿਲਕੁਲ ਇਸ ਦੇ ਉਲਟ ਹੋ ਰਿਆ ਹੈ। ਹੁਣ ਅਸੀਂ ਪ੍ਰਾਈਵੇਟ ਏਜੰਸੀਆਂ ਲੈ ਆਏ ਹਾਂ। ਇਸ ਦਾ ਨਤੀਜਾ ਇਹ ਹੋਇਆ ਹੈ ਕਿ ਚੋਰ ਬਾਜ਼ਾਰੀ ਵਿਚ ਵਾਧਾ ਹੋਇਆ ਹੈ, ਚੋਰ ਬਾਜ਼ਾਰੀ ਇਸ ਕਰਕੇ ਵੱਧੀ ਹੈ ਕਿਉਂਕਿ ਪ੍ਰਾਈਵੇਟ ਅਦਾਰੇ ਬਲੈਕ ਕਰਦੇ ਹਨ। ਪੈਰਲਲ ਏਜੰਸੀਆਂ ਜਿਹੜੀਆਂ ਪ੍ਰਾਈਵੇਟ ਹਨ ਉਹ ਬਲੈਕ ਕਰਦੀਆਂਹਨ ਅਤੇ ਗੌਰਮਿੰਟ ਦੀਆਂ ਏਜੰਸੀਆਂ ਵੀ ਜਿਹੜੀਆਂ ਹਨ ਉਹ ਵੀ ਕੁਰੱਪਟ ਹੋ ਗਈਆਂ ਹਨ.....(ਵਿਘਨ)

ਚੌਧਰੀ ਕਾਂਸ਼ੀ ਰਾਮ : ** ** (ਵਿਘਨ)

Mr. Speaker : This is no point of order.

**Expu nged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਦਰਬਾਰਾ ਸਿੰਘ : ਚੌਧਰੀ ਸਾਹਿਬ ਚੰਗੇ ਕੋਆਪਰੇਟਿਵ ਹਨ, ਮੈਨੂੰ ਇਸ ਗੱਲ ਦਾ ਚੰਗੀ ਤਰ੍ਹਾਂ ਪਤਾ ਹੈ। ਉਹ ਕੋਆਪਰੇਟਿਵ ਸੋਸਾਇਟੀਆਂ ਰਨ ਕਰਦੇ ਹਨ। ਮਾਸਟਰ ਜੀ ਨੇ ਵੀ ਬਾਅਦ ਵਿਚ ਸੋਸਾਇਟੀਆਂ ਚਲਾਈਆਂ ਹਨ। (ਵਿਘਨ) ਸਾਡੀਆਂ ਸਰਕਾਰੀ ਏਜੰਸੀਆਂ ਨੇ ਬਲੈਕ ਨਹੀਂ ਕੀਤਾ। ਇਹ ਸਾਰੇ ਦਾ ਸਾਰਾ ਜੋ ਐਬ ਇਸ ਦੇ ਵਿਚ ਆਇਆ ਹੈ ਦੋ ਰੰਗੀ ਪਾਲਿਸੀ ਨਾਲ ਆਇਆ ਹੈ ਜਦੋਂ ਦੀਆਂ ਦੋ ਪੈਰਲਲ ਏਜੰਸੀਆਂ ਬਣੀਆਂ ਪ੍ਰਾਈਵੇਟ ਵਾਲਿਆਂ ਦੀ ਅਤੇ ਕੋਆਪਰੇਟਿਵ, ਤਦ ਦਾ ਇਹ ਸਾਰੇ ਦਾ ਸਾਰਾ ਭੱਠਾ ਬੈਠ ਗਿਆ ਹੈ। ਇਸ ਸਾਰੇ ਦੇ ਸਾਰੇ ਸਿਸਟਮ ਨੂੰ ਬਦਲਣ ਦੀ ਲੋੜ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਇਹ ਜਿਹੜਾ ਫਰਟੇਲਾਈਜ਼ਰ ਦਾ ਸਿਸਟਮ ਹੈ ਡਿਸਟ੍ਰੀਬਿਊਸ਼ਨ ਦਾ ਇਹ ਐਗਰੀਕਲਚਰ ਡੀਪਾਰਟਮੈਂਟ ਤੋਂ ਲੈਣ ਅਤੇ ਇਸ ਦੇ ਲਈ ਸਰਕਾਰੀ ਮਸ਼ੀਨਰੀ ਕਾਇਮ ਕਰਨ ਅਤੇ ਹਰ ਢੰਗ ਨਾਲ ਇਹ ਦੇਖਣ ਕਿ ਪੂਰੀ ਪੂਰੀ ਡਿਸਟ੍ਰੀਬਿਊਸ਼ਨ ਕੀਤੀ ਗਈ ਹੈ ਜਾਂ ਨਹੀਂ ? ਜੇ ਇਹ ਕੰਮ ਸਰਕਾਰੀ ਪੱਧਰ ਤੇ ਹੋਵੇ ਤਾਂ ਹੀ ਇਹ ਗੱਲ ਸਿਰੇ ਚੜ੍ਹ ਸਕਦੀ ਹੈ। (ਘੰਟੀ)

ਤੇਲ ਦੇ ਬਾਰੇ ਮੈਂ, ਸਪੀਕਰ ਸਾਹਿਬ, ਦਸਣਾ ਚਾਹੁੰਦਾ ਹਾਂ ਕਿ ਤੇਲ ਅਸੀਂ ਨੈਸ਼ਨੇਲਾਈਜ਼ ਕਰ ਲਿਆ ਹੈ ਪਰ ਉਸ ਦਾ ਹਾਲੇ ਵੀ ਕੁਝ ਹਿੱਸਾ ਪ੍ਰਾਈਵੇਟ ਏਜੰਸੀਜ਼ ਕੋਲ ਹੈ। ਉਸ ਦੀ ਡਿਸਟ੍ਰੀਬਿਊਸ਼ਨ ਤੇ ਇੰਡੀਅਨ ਆਇਲ ਕੰਪਨੀ ਦਾ ਬੜਾ ਤਕੜਾ ਕੰਟ੍ਰੋਲ ਹੈ। ਸਰਕਾਰ ਉਹ ਸਾਰਾ ਕੰਟਰੋਲ ਆਪ ਕਰ ਸਕਦੀ ਹੈ। (ਵਿਘਨ) ਬੰਬਈ ਤੋਂ ਮਦਰਾਸ ਤੋਂ ਇਥੇ ਇਹ ਪੰਪਾਂ ਦੇ ਦੁਆਰਾ, ਟੈਂਕਰਾਂ ਦੇ ਦੁਆਰਾ ਤੇਲ ਆਉਂਦਾ ਹੈ ਜੇ ਉਸ ਦੀ ਡਿਸਟ੍ਰੀਬਿਊਸ਼ਨ ਪੈਟਰੋਲ ਪੰਪਾਂ ਰਾਹੀਂ ਜਾਂ ਡਰੰਮਾਂ ਰਾਹੀਂ ਥਾਂ ਥਾਂ ਤੇ ਰੱਖ ਕੇ ਹੋਣੀ ਹੈ ਤਾਂ ਇਸ ਦੇ ਵਿਚ ਬਹੁਤ ਅਡੱਲਟ੍ਰੇਸ਼ਨ ਹੋ ਸਕਦੀ ਹੈ ਜਿਸ ਨਾਲ ਕਿ ਸਾਡਾ ਇਹ ਜਿਹੜਾ ਸਿਸਟਮ ਹੈ ਕਾਮਯਾਬ ਨਹੀਂ ਹੋ ਸਕਦਾ। (ਘੰਟੀ) ਜੇ ਅਸੀਂ ਇਸ ਨੂੰ ਕਾਮਯਾਬ ਬਣਾਉਣਾ ਹੈ ਤਾਂ ਸਾਡੇ ਲਈ ਜ਼ਰੂਰੀ ਹੈ ਕਿ ਜਿਹੜੀ ਡਿਸਟ੍ਰੀਬਿਊਸ਼ਨ ਹੈ ਉਹ ਟੋਟਲ ਡਿਸਟ੍ਰੀਬਿਊਸ਼ਨ ਸਾਡੇ ਆਪਣੇ ਹੱਥਾਂ ਵਿਚ ਆ ਜਾਵੇ ਤੇ ਤੇਲ ਸਰਕਾਰੀ ਕੇਂਦਰਾਂ ਵਿਚ ਲੈ ਕੇ ਇਮਾਨਦਾਰ ਅਫ਼ਸਰਾਂ ਦੀ, ਕਰਮਚਾਰੀਆਂ ਦੀ ਐਸਟੈਬਲਿਸ਼ਮੈਂਟ ਇਕ ਕਾਇਮ ਕਰੀਏ ਅਤੇ ਤੇਲ ਦਾ ਇਕੱਲਾ ਇਕੱਲਾ ਕਤਰਾ ਸਰਕਾਰ ਵੰਡੇ ਤਾਂ ਕਿ ਆਉਣ ਵਾਲੇ ਸਮੇਂ, ਭਵਿਖ ਵਿਚ ਜੋ ਮੁਸੀਬਤ ਆਉਣੀ ਹੈ ਉਸ ਤੇ ਕਾਬੂ ਪਾਇਆ ਜਾ ਸਕੇ। ਜੇ ਇਥੇ ਇਸੇ ਤਰ੍ਹਾਂ ਗੱਲਾਂ ਕਰਕੇ ਹੀ ਚਲੇ ਗਏ ਤਾਂ ਇਸ ਦੇ ਨਾਲ ਕੋਈ ਮਸਲਾ ਹੱਲ ਨਹੀਂ ਹੋਣਾ। ਮੈਨੂੰ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਇਕ ਇਕ ਪੈਟਰੋਲ ਪੰਪ ਤੇ ਹਜ਼ਾਰਾਂ ਹਜ਼ਾਰਾਂ ਆਦਮੀ ਬੈਠੇ ਹਨ—(ਵਿਘਨ) ਇਹ ਕਹਿੰਦੇ ਹਨ ਕਿ ਕੋਈ ਸ਼ਾਰਟੇਜ ਨਹੀਂ। ਮੈਂ ਦਸਣਾ ਚਾਹੁੰਦਾ ਹਾਂ ਕਿ ਉਥੇ ਪੈਟਰੋਲ ਪੰਪਾਂ ਤੇ ਜਾਕੇ ਹਾਲ ਦੇਖੋ ਤਾਂ ਤੁਹਾਨੂੰ ਪਤਾ ਲਗੇਗਾ। ਲੋਕਾਂ ਨੂੰ ਉਥੇ ਫੇਸ ਕਰਨਾ ਮੁਸ਼ਕਲ ਹੋ ਜਾਵੇਗਾ। ਮੈਂ ਇਥੇ ਬੈਠਾ ਹਾਂ। ਮੈਨੂੰ 10 ਟੈਲੀਗਰਾਮਾਂ ਆ ਚੁਕੀਆਂ ਹਨ। ਕਿਸ ਤਰ੍ਹਾਂ ਲੋਕਾਂ ਦੀ ਇਤਨੀ ਭੀੜ ਹੈ ਅਤੇ ਲੋਕੀਂ ਸੜਕਾਂ ਤੇ ਬੈਠੇ ਹਨ ਅਤੇ ਕਿਸੇ ਵੇਲੇ ਵੀ ਸਿਚੂਏਸ਼ਨ ਮਾੜੀ ਹੋ ਸਕਦੀ ਹੈ। ਇਥੇ ਵਾਧੂ ਸਮਾਂ ਬੈਠਣ ਤੋਂ ਨਹੀਂ ਡਰਨਾ ਚਾਹੀਦਾ, ਸਾਨੂੰ ਪੂਰੀ ਗੰਭੀਰਤਾ ਨਾਲ ਇਸ ਤੇ ਵਿਚਾਰ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਇਹ ਮਸਲਾ ਹਲ ਨਹੀਂ ਹੋਣਾ ਜਿਸ ਤਰ੍ਹਾਂ ਸਾਡੀ ਸਰਕਾਰ ਕਰ ਰਹੀ ਹੈ।

ਇਲੈਕਟ੍ਰਿਸਿਟੀ ਬੋਰਡ ਦੀ ਗਲ ਹੈ। ਕਿੰਨੇ ਚਿਰ ਤੋਂ ਬਿਜਲੀ ਦੀ ਕਮੀ ਚਲੀ ਆ ਰਹੀ ਹੈ। (ਵਿਘਨ) ਡੀਜ਼ਲ ਦੀ ਕਮੀ ਆਈ ਹੈ ਪਰ ਅਸੀਂ ਉਸ ਦੇ ਲਈ ਵੀ ਕੁਝ ਨਹੀਂ ਕਰ ਸਕੇ। ਮੈਂ ਬੇਨਤੀ ਕਰਾਂਗਾ ਕਿ ਜਿਹੜੀ ਫੂਡ ਐਂਡ ਸਪਲਾਈ ਕਾਰਪੋਰੇਸ਼ਨ ਹੈ ਉਸ ਦੇ ਜਿਹੜੇ ਡਾਇਰੈਕਟਰਜ਼ ਬਣੇ ਹਨ ਉਹ ਆਪ ਦਸਣਗੇ ਕਿ ਅਗੇ ਜਾਕੇ ਕੀ ਕੀ ਹੋਣਾ ਹੈ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਤਸ਼ਰੀਫ ਰਖੋ ਹੁਣ ਜੀ । (ਵਿਘਨ) (Please resume your seat now.) (*Interruption*)

ਸਰਦਾਰ ਦਰਬਾਰਾ ਸਿੰਘ : ਇਕ ਇਨ੍ਹਾਂ ਨੇ ਰੀਹੈਬਲੀਟੇਸ਼ਨ ਡੀਪਾਰਟਮੈਂਟ ਬਣਾਇਆ ਹੋਇਆ ਹੈ। ਜਿਸ ਨੂੰ ਕੋਈ ਨਾ ਕਬੂਲੇ ਉਸ ਨੂੰ ਉਥੇ ਲਾ ਦਿਓ । (ਵਿਘਨ) (ਅੋਪੋਜ਼ੀਸ਼ਨ ਵੱਲੋਂ ਤਾੜੀਆਂ) ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਆਪਣੀ ਸਰਕਾਰ ਨੂੰ ਕਹਾਂਗਾ ਕਿ ਇਹ ਵੇਲਾ ਹੈ ਸੰਭਲਣ ਦਾ, ਇਹ ਸੰਭਲ ਜਾਣ ਨਹੀਂ ਤਾਂ ਲੋਕਾਂ ਨੇ ਆਪ ਹੀ ਸਭ ਕੁਝ ਸੰਭਾਲ ਲੈਣਾ ਹੈ। (ਵਿਘਨ) (ਆਪੋਜ਼ੀਸ਼ਨ ਵਲੋਂ ਤਾੜੀਆਂ) ਬਸ ਜੀ ਇਤਨਾਂ ਕਹਿਕੇ ਮੈਂ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ। (ਇਸ ਵਕਤ ਡਾਕਟਰ ਅਮੀਰ ਸਿੰਘ ਕਲੱਕਟ ਜੀ ਬੋਲਣ ਲਈ ਖੜੇ ਹੋਏ)

ਸਰਦਾਰ ਜਸਦੇਵ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਦਸਣਾ ਚਾਹੁੰਦਾ ਹਾਂ ਕਿ ਹਾਊਸ ਦੇ ਸਾਰੇ ਵਿਉਜ਼ ਆ ਗਏ ਹਨ, ਡਾਕਟਰ ਸਾਹਿਬ ਨੇ ਦਵਾਈਆਂ ਵਿਚ ਤਾਂ ਡੀਜ਼ਲ ਨਹੀਂ ਪਾਉਣਾ ਹੁਣ ਵਜ਼ੀਰ ਸਾਹਿਬ ਨੂੰ ਕਹੋ ਕਿ ਜਵਾਬ ਦੇ ਦੇਣ । (ਵਿਘਨ) (ਸ਼ੋਰ) (ਇਸ ਵਕਤ ਹਾਊਸ ਵਿਚ ਬਹੁਤ ਸ਼ੋਰ ਸੀ)

ਡਾਕਟਰ ਅਮੀਰ ਸਿੰਘ ਕਲੱਕਟ : (ਟਾਂਡਾ) ਸਪੀਕਰ ਸਾਹਿਬ, ਜਦੋਂ ਕਿਸੇ ਨੂੰ ਬਦਨਾਮ ਕਰਨਾ ਹੋਵੇ (ਵਿਘਨ) (ਸ਼ੋਰ) ਦੁਨੀਆਂ ਵਿਚ ਦੋ ਤਰੀਕੇ ਹੁੰਦੇ ਹਨ ਗਲ ਕਰਨ ਦੇ.....(ਵਿਘਨ) ਜੇ ਕਿਸੇ ਨੂੰ ਬਦਨਾਮ ਕਰਨਾ ਹੋਵੇ ਤਾਂ ਫੈਕਚੁਅਲ ਪੋਜ਼ੀਸ਼ਨ ਨੂੰ ਗਰਾਸ ਐਗਜ਼ੈਰੇਸ਼ਨ ਕਰਕੇ ਦਸਿਆ ਜਾਂਦਾ ਹੈ । ਅੱਜ ਸਾਡੇ ਐਕਸ ਸਪੀਕਰ ਸਾਹਿਬ ਨੇ ਜੋ ਸਪੀਚ ਕੀਤੀ ਹੈ, ਜੋ ਪਿਕਚਰ ਪੇਸ਼ ਕੀਤੀ ਹੈ ਉਹ ਉਨ੍ਹਾਂ ਨੇ ਬਆਇਸਡ ਮਾਈਂਡ ਨਾਲ ਸਪੀਚ ਕੀਤੀ ਹੈ । (ਵਿਘਨ) ਮੈਂ ਇਹ ਸਿੱਧ ਕਰਾਂਗਾ ਕਿ ਇਹੋ ਜਿਹੀ ਕੋਈ ਗਲ ਨਹੀਂ । ਇਹ ਠੀਕ ਹੈ ਪੰਜਾਬ ਦੇ ਵਿਚ ਕੁਝ ਸ਼ਾਰਟੇਜ ਹੈ ਵੀ ਪਰ ਇਤਨੀ ਸ਼ਾਰਟੇਜ਼ ਨਹੀਂ ਹੈ ਜਿਤਨੀ ਇਹ ਰੌਲਾ ਪਾਉਂਦੇ ਹਨ । (ਵਿਘਨ) (ਸ਼ੋਰ) (ਇਸ ਵਕਤ ਕਈ ਆਨਰੇਬਲ ਮੈਂਬਰਜ਼ ਖੜੇ ਹੋਕੇ ਬੋਲ ਰਹੇ ਸਨ) (ਬਹੁਤ ਸ਼ੋਰ)

(ਇਸ ਵਕਤ ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਕਈ ਆਨਰੇਬਲ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਬੋਲ ਰਹੇ ਸਨ ਅਤੇ ਹਾਊਸ ਵਿਚ ਬਹੁਤ ਜ਼ਿਆਦਾ ਸ਼ੋਰ ਸੀ ।)

ਸਰਦਾਰ ਸਾਧੂ ਸਿੰਘ : ਸਪੀਕਰ ਸਾਹਿਬ, ਅਜੇ ਸਾਡਾ ਸ਼ੇਰ ਬੋਲਣ ਹੀ ਲਗਾ ਹੈ ਤੇ ਇਹ ਇਸ ਤਰ੍ਹਾਂ ਕਰਦੇ ਪਏ ਹਨ....(ਵਿਘਨ) (ਸ਼ੋਰ)

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੋਂ ਬੋਲ ਰਹੇ ਸਨ ਅਤੇ ਹਾਊਸ ਵਿਚ ਬਹੁਤ ਜ਼ਿਆਦਾ ਸ਼ੋਰ ਸੀ ।)

ਸ਼੍ਰੀ ਸਪੀਕਰ : ਮੈਂ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਮੈਂਬਰ ਸਾਹਿਬ ਨੂੰ ਇੰਟਰੱਪਟ ਨਾ ਕਰੋ । (ਵਿਘਨ) (ਸ਼ੋਰ) (I would request the hon. Members not to interrupt the hon. Member who is speaking) (*Interruption*) (*Noise*)

Original with;
Punjab Vidhan Sabha
Digitized by;
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ : ** ** ** (ਸ਼ੋਰ)

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ (ਵਿਘਨ) ਇਹ ਲਫਜ਼ ਕੱਟ ਦਿੱਤੇ ਜਾਣ । (ਵਿਘਨ , (ਸ਼ੋਰ) (This is no point of order. (*Interruption*) These words should not form part of the proceedings (*Interruption*) (*Noise*)

(ਇਸ ਵਕਤ ਹਾਊਸ ਵਿਚ ਬਹੁਤ ਜ਼ਿਆਦਾ ਸ਼ੋਰ ਸੀ, ਕੁਝ ਸੁਣਾਈ ਨਹੀਂ ਸੀ ਦਿੰਦਾ ।)

ਸਰਦਾਰ ਅਜਾਇਬ ਸਿੰਘ ਸੰਧੂ : ** ** ** (ਸ਼ੋਰ)

ਸ਼੍ਰੀ ਸਪੀਕਰ : ਇਹ ਐਕਸਪੰਜ ਕਰ ਦਿੱਤਾ ਜਾਏ (ਵਿਘਨ) (ਸ਼ੋਰ) (It should be expunged) (*Interruption*) (*Noise*)

ਡਾਕਟਰ ਅਮੀਰ ਸਿੰਘ ਕਲਕੱਟ : ਸਪੀਕਰ ਸਾਹਿਬ, ਸਾਡੇ ਇਲਾਕੇ ਵਿਚ ਕੋਈ ਡੀਜ਼ਲ ਦੀ ਸ਼ਾਰਟੇਜ ਨਹੀਂ ਹੈ (ਵਿਘਨ) (ਸ਼ੋਰ) ਮੈਂ ਵੇਖਿਆ ਉਥੇ ਲੋਕੀਂ ਲਾਈਨ ਵਿਚ ਖੜੇ ਸੀ ਅਤੇ ਉਸ ਵਕਤ ਮੈਂ ਡੀ. ਸੀ. ਨੂੰ ਟੈਲੀਫੋਨ ਕੀਤਾ ਕਿ ਅਗਰ ਕੋਈ ਐਕਸੀਡੈਂਟ ਹੋ ਗਿਆ (ਵਿਘਨ) ਤਾਂ ਮੈਂ ਤੇਰੇ ਖਿਲਾਫ਼ ਕਰੀਮੀਨਲ ਕੇਸ ਵਿਚ ਗਵਾਹੀ ਦੇਵਾਂਗਾ । (ਸ਼ੋਰ) (ਵਿਘਨ) (ਬਹੁਤ ਸ਼ੋਰ) ਮੈਂ ਕਹਿੰਦਾ ਹਾਂ ਕਿ ਇਹ ਜਿਹੜਾ ਡੀਜ਼ਲ ਆਇਲ ਹੈ ਇਹ ਛੋਟੇ ਛੋਟੇ ਕਿਸਾਨਾਂ ਨੂੰ ਦਿਓ (ਵਿਘਨ) (ਸ਼ੋਰ) ਇਹ ਪਿਛਲੇ ਸਾਲ 50 ਰੁਪਏ ਡਰਮ ਮਿਲਦਾ ਸੀ ਅਤੇ ਇਨ੍ਹਾਂ ਨੇ (ਆਪੋਜ਼ੀਸ਼ਨ ਬੈਂਚਾਂ ਵਲ ਇਸ਼ਾਰਾ ਕਰਦੇ ਹਏ) (ਸ਼ੋਰ)(ਵਿਘਨ) ਇਹ ਕੰਮ ਕੀਤਾ ਕਿ ਹੁਣ 150 ਰੁਪਏ ਵਿਚ ਵ ਨਹੀਂ ਮਿਲਦਾ । (ਵਿਘਨ) (ਸ਼ੋਰ) (ਬਹੁਤ ਸ਼ੋਰ) ਬੜੇ ਬੜੇ ਜਿਮੀਂਦਾਰਾਂ ਨੇ ਪੰਜ ਪੰਜ ਸੌ ਲੀਟਰ ਇਕੱਠਾ ਕਰ ਰਖਿਆ ਹੈ (ਵਿਘਨ) ਇਨ੍ਹਾਂ ਦੀ ਤਲਾਸ਼ੀ ਕਰਾਓ (ਸ਼ੋਰ) (ਬਹੁਤ ਸ਼ੋਰ) ਮੈਂ ਕਹਿੰਦਾ ਹਾਂ ਕਿ ਜਿਹੜੀਆਂ ਇਨ੍ਹਾਂ ਨੇ ਸਪੀਚਾਂ ਕੀਤੀਆਂ ਹਨ, ਇਨ੍ਹਾਂ ਦੇ ਦਿਲ ਸਾਫ ਨਹੀਂ (ਵਿਘਨ) ਇਹ ਹੁਣ ਫਿਰ ਭੱਜਣਗੇ ਡੀਜ਼ਲ ਇਕੱਠਾ ਕਰਨ ਲਈ (ਵਿਘਨ) (ਸ਼ੋਰ) ਇਹ ਪੁਲੀਟੀਕਲ ਚਾਲਾਂ ਹਨ ਇਨ੍ਹਾਂ ਦੀਆਂ ਗੌਰਮਿੰਟ ਨੂੰ ਫੇਲ੍ਹ ਕਰਨ ਦੀਆਂ (ਵਿਘਨ)

(ਇਸ ਵਕਤ ਸ਼੍ਰੀ ਡਿਪਟੀ ਸਪੀਕਰ ਨੇ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਇਹ ਕਰੈਕਟਰ ਅਸੈਸੀਨੇਸ਼ਨ ਕਰਦੇ ਹਨ (ਵਿਘਨ) ਇਹ ਜ਼ਖੀਰਾਦਾਰ ਹਨ (ਵਿਘਨ) (ਬਹੁਤ ਸ਼ੋਰ) (ਕਈ ਮੈਂਬਰ ਸਾਹਿਬਾਨ ਬੈਂਚਾਂ ਥਪ ਥਪਾ ਰਹੇ ਸਨ) ਮੇਰੀ ਸਰਕਾਰ ਇਸ ਵੱਲ ਪੂਰਾ ਪੂਰਾ ਧਿਆਨ ਦੇ ਰਹੀ ਹੈ। (ਸ਼ੋਰ) (ਬਹੁਤ ਸ਼ੋਰ) (ਇਸ ਵਕਤ ਕਈ ਆਨਰੇਬਲ ਮੈਂਬਰ ਸਾਹਿਬਾਨ ਬੋਲ ਰਹੇ ਸਨ, ਸ਼ੋਰ ਬਹੁਤ ਜ਼ਿਆਦਾ ਸੀ ।)

ਸ਼੍ਰੀ ਡਿਪਟੀ ਸਪੀਕਰ : ਕਾਮਰੇਡ ਮਹਿਤਾਬ ਸਿੰਘ ਜੀ ਤੁਹਾਡਾ ਕੀ ਪੁਆਇੰਟ ਆਫ ਆਰਡਰ ਹੈ ? (ਵਿਘਨ) (ਸੋਰ) (Comrade Mehtab Singh Ji, what is your point of order ? (*Interruption*) (*Noise*)

(ਹਾਊਸ ਵਿਚ ਸ਼ੋਰ ਜ਼ਿਆਦਾ ਹੋਣ ਕਾਰਨ ਕੁਝ ਨਹੀਂ ਸੁਣਾਈ ਦਿੱਤਾ ਕਿ ਕਾਮਰੇਡ ਮਹਿਤਾਬ ਸਿੰਘ ਨੇ ਕੀ ਬੋਲਿਆ)

ਆਵਾਜ਼ਾਂ : ** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ : ਇਹ ਕਟ ਦਿਤਾ ਜਾਏ (ਵਿਘਨ) (ਸ਼ੋਰ) ਚੇਅਰ ਦੀ ਮਰਜ਼ੀ ਤੋਂ ਬਗੈਰ ਕੋਈ ਚੀਜ਼ ਨਾ ਕਹੀ ਜਾਏ (ਵਿਘਨ) (ਸ਼ੋਰ) (It should be expunged (*Interruption*) (*Noise*) Nothing should be said without the permission of the Chair (*Interruption*) (*Noise*)

ਸਰਦਾਰ ਧੰਨਾ ਸਿੰਘ ਗੁਲਸ਼ਨ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਵਜ਼ੀਰ ਸਾਹਿਬ ਤੋਂ ਜਾਣਕਾਰੀ ਲੈਣਾ ਚਾਹੁੰਦਾ ਹਾਂ ਕਿ ਡਾਕਟਰ ਕਲੱਕਟ ਨੇ ਕਿਹਾ ਹੈ ਕਿ ਡੀ.ਸੀ. ਨੂੰ ਟੈਲੀਫੋਨ ਕੀਤਾ ਤੇ ਤੇਲ ਆ ਗਿਆ (ਵਿਘਨ) (ਸ਼ੋਰ) ਇਸ ਦਾ ਮਤਲਬ ਹੈ ਕਿ ਇਨ੍ਹਾਂ ਦੇ ਘਰ ਤੇਲ ਪਿਆ ਹੈ । (ਵਿਘਨ)

ਡਾਕਟਰ ਅਮੀਰ ਸਿੰਘ ਕਲੱਕਟ : ਮੈਂ ਚੈਲੰਜ ਕਰਦਾ ਹਾਂ ਕਿ ਅਗਰ ਮੇਰੇ ਘਰ ਇਕ ਲਿਟਰ ਵੀ ਤੇਲ ਪਿਆ ਹੋਵੇ । (ਵਿਘਨ) (ਸ਼ੋਰ)

ਸ਼੍ਰੀ ਡਿਪਟੀ ਸਪੀਕਰ : ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਤਸ਼ਰੀਫ ਰੱਖਣ (ਵਿਘਨ) (All the hon. Members are requested to resume their seats.) (*Interruption*)

ਕਾਮਰੇਡ ਸੱਤ ਪਾਲ ਡਾਂਗ : ** ** ** (ਵਿਘਨ)

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ । ਇਹ ਪ੍ਰੋਸੀਡਿੰਗਜ਼ ਦਾ ਪਾਰਟ ਨਾ ਬਣੇ । (ਵਿਘਨ) (ਸ਼ੋਰ) (This is no point of order. It should not form part of the proceedings.) (*Interruption*) (*Noise*)

ਰਾਜ ਮੰਤਰੀ, ਖੁਰਾਕ ਅਤੇ ਸਪਲਾਈ (ਸਰਦਾਰ ਗੁਰਦਰਸ਼ਨ ਸਿੰਘ) : ਡਿਪਟੀ ਸਪੀਕਰ ਸਾਹਿਬ, ਦੋਨੋਂ ਪਾਸਿਆਂ ਦੇ ਮੈਂਬਰ ਸਾਹਿਬਾਨ ਨੇ ਜੋ ਚਿੰਤਾ ਪ੍ਰਗਟ ਕੀਤੀ ਹੈ ਸਰਕਾਰ ਉਸ ਤੇ ਪੂਰਾ ਗੌਰ ਕਰ ਰਹੀ ਹੈ । ਅਸੀਂ ਇਸ ਚੀਜ਼ ਤੋਂ ਗੁਰੇਜ਼ ਨਹੀਂ ਕਰਦੇ ਕਿ ਪੰਜਾਬ ਵਿਚ ਡੀਜ਼ਲ ਦੀ ਕੁਝ ਸ਼ਾਰਟੇਜ ਆਈ । ਇਸ ਦੇ ਕਾਰਣ ਸਨ, ਰੇਲਵੇ ਦੀ ਸਟਰਾਈਕ, ਜਿਸ ਕਾਰਣ ਜਿਹੜਾ ਡੀਜ਼ਲ ਸਪਲਾਈ ਹੋਣਾ ਸੀ ਉਹ ਪੂਰਾ ਨਹੀਂ ਹੋ ਸਕਿਆ । ਪੰਜਾਬ ਸਰਕਾਰ ਨੇ ਇਸ ਦੇ ਲਈ ਜੋ ਕਦਮ ਚੁਕੇ ਹਨ ਉਹ ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ । ਜਿਹੜਾ ਡੀਜ਼ਲ ਪਿਛਲੇ ਸਾਲ ਫ਼ਰਵਰੀ ਦੇ ਮਹੀਨੇ ਵਿਚ ਆਇਆ ਉਸ ਦੇ ਮੁਕਾਬਲੇ ਵਿਚ ਇਸ ਸਾਲ ਫ਼ਰਵਰੀ ਦੇ ਮਹੀਨੇ ਵਿਚ ਵੱਧ ਆਇਆ । ਮੈਂ ਸਰਕਾਰ ਨੂੰ ਸੁਰਖਰੂ ਨਹੀਂ ਕਰਦਾ ਡੀਜ਼ਲ ਦੀ ਖਪਤ ਪੰਜਾਬ ਵਿਚ ਬਹੁਤ ਵੱਧ ਗਈ ਹੈ । ਅਸੀਂ ਗੌਰਮਿੰਟ ਆਫ਼ ਇਡੀਆ ਨੂੰ ਪਰੈਸ ਕੀਤਾ ਹੈ ਕਿ ਸਾਡੀ ਖਪਤ ਵੱਧ ਗਈ ਹੈ ਅਤੇ ਸਾਨੂੰ ਜ਼ਿਆਦਾ ਡੀਜ਼ਲ ਦਿਤਾ ਜਾਏ । ਪਿਛਲੇ ਸਾਲ ਟਿਊਬਵੈਲ ਇਕ ਲੱਖ 35 ਹਜ਼ਾਰ ਸਨ ਜਿਹੜੇ ਕਿ ਹੁਣ 2 ਲੱਖ 14 ਹਜ਼ਾਰ ਹੋ ਚੁਕੇ ਹਨ । ਇਸ ਹਿਸਾਬ ਨਾਲ 79% ਟਿਊਬਵੈਲ ਵੱਧੇ ਹਨ । ਇਸ ਤਰ੍ਹਾਂ ਡੀਜ਼ਲ ਦੀ ਖਪਤ ਵੱਧ ਗਈ ਹੈ । ਵਾਧੂ ਖਪਤ ਕੋਈ 15,800 ਕਿਲੋ ਲੀਟਰ ਵੱਧੀ ਹੈ ।। (ਵਿਘਨ) ਇਸ ਤਰ੍ਹਾਂ ਟਰੈਕਟਰ ਪਿਛਲੇ ਸਾਲ ਨਾਲੋਂ 7 ਹਜ਼ਾਰ ਵੱਧ ਗਏ ਹਨ ਪੰਜਾਬ ਵਿਚ । ਇਸ ਹਿਸਾਬ ਨਾਲ 2350 ਕਿਲੋ ਲਿਟਰ ਖਪਤ ਵੱਧੀ

*Expuned as ordered by the Chair.

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਖੁਰਾਕ ਅਤੇ ਸਪਲਾਈ]

ਹੈ । ਕੇਵਲ ਐਗਰੀਕਲਚਰ ਵਿਚ ਕੋਈ 18150 ਕਿਲੋ ਲੀਟਰ ਖਪਤ ਵਧੀ ਹੈ । ਅਸੀਂ ਗੌਰਮਿੰਟ ਆਫ ਇੰਡੀਆ ਨੂੰ ਇਸ ਦੇ ਲਈ ਬੜਾ ਪਰੈਸ ਕੀਤਾ ਹੈ । ਇਸ ਤਰ੍ਹਾਂ ਬੱਸਾਂ, ਟਰਕਾਂ ਤੇ ਤਕਰੀਬਨ 4 ਹਜ਼ਾਰ ਕਿਲੋ ਲਿਟਰ ਖਪਤ ਵੱਧੀ ਹੈ । ਕੱਲੀ ਇੰਡਸਟਰੀ ਤੇ 3 ਹਜ਼ਾਰ ਕਿਲੋ ਲਿਟਰ ਖਪਤ ਵੱਧੀ ਹੈ । ਇਸ ਹਿਸਾਬ ਨਾਲ ਅਸੀਂ 25 ਹਜ਼ਾਰ ਕਿਲੋ ਲੀਟਰ ਦੀ ਮੰਗ ਕੀਤੀ । ਪਿਛਲੇ ਸਾਲ ਜੋ ਸਾਡੀ ਫ਼ਰਵਰੀ ਵਿਚ ਸਪਲਾਈ ਆਈ ..... (ਵਿਘਨ)

ਕੈਪਟਨ ਰਤਨ ਸਿੰਘ : ਡਿਪਟੀ ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਦਸਣਗੇ ਕਿ ਇਹ ਜਿਹੜੇ ਇਨਕਰੀਜ਼ ਦੇ ਆਂਕੜੇ ਦਸੇ ਹਨ ਪੰਪਿੰਗ ਸੈਟਸ ਅਤੇ ਬਸਿਜ਼ ਅੰਰ ਟਰੈਕਟਰਜ਼ ਅਤੇ ਟਰੱਕਾਂ ਦੇ ਇਸ ਦੀ ਪਰਸੈਂਟੇਜ ਆਫ ਇਨਕਰੀਜ਼ ਜਿਸ ਤਰ੍ਹਾਂ ਪਿਛਲੇ ਸਾਲਾਂ ਵਿਚ ਵੱਧੀ ਆ ਰਹੀ ਹੈ ਉਸ ਹਿਸਾਬ ਨਾਲ ਕਿੰਨੀ ਵੱਧੀ ਅਤੇ ਇਸ ਸਾਲ ਕੋਈ ਸਪੈਸ਼ਲ ਇਨਕਰੀਜ਼ ਹੋਈ ।

ਰਾਜ ਮੰਤਰੀ (ਖੁਰਾਕ ਅਤੇ ਸਪਲਾਈ) : ਜੇ ਆਨਰੇਬਲ ਮੈਂਬਰ ਸਾਹਿਬ ਐਗਜ਼ੈਕਟ ਪੁਛਣਾ ਚਾਹੁੰਦੇ ਹਨ ਤਾਂ ਮੈਂ ਇਨ੍ਹਾਂ ਨੂੰ ਬਾਅਦ ਵਿਚ ਦਸ ਦਿਆਂਗਾ ਪਰ ਐਤਕੀਂ ਪਿਛਲੇ ਸਾਲਾਂ ਨਾਲੋਂ ਜ਼ਿਆਦਾ ਇਨਕਰੀਜ਼ ਹੋਈ ਹੈ । ਇਸ ਦੇ ਹੋਰ ਵੀ ਕਾਰਨ ਹਨ । ਬਿਜਲੀ ਦੀ ਸ਼ਾਰਟੇਜ ਹੋ ਗਈ, ਬਾਰਸ਼ਾਂ ਨਹੀਂ ਹੋਈਆਂ ਜਿਸ ਕਰਕੇ ਪੰਪਿੰਗ ਸੈਟਸ ਜ਼ਿਆਦਾ ਚਲਾਉਣੇ ਪਏ । ਪਿਛਲੇ ਸਾਲ ਮਾਰਚ ਵਿਚ ਖਪਤ ਹੋਈ ਸੀ 26304 ਕਿਲੋ ਲਿਟਰ । ਡਿਪਟੀ ਸਪੀਕਰ ਸਾਹਿਬ, ਅਸੀਂ ਦਿੱਲੀ ਸਰਕਾਰ ਨੂੰ ਪ੍ਰੈਸ ਕੀਤਾ ਹੈ । ਜਿਹੜੀ ਸਾਡੀ ਟੀਮ ਬੰਬਈ ਗਈ ਸੀ ਉਸ ਨੇ ਦੱਸਿਆ ਸੀ ਕਿ ਜੇਕਰ ਤਕਰੀਬਨ 60,000 ਕਿਲੋ ਲਿਟਰ ਮਨਥਲੀ ਡੀਜ਼ਲ ਆਵੇ ਤਦ ਹੀ ਪੰਜਾਬ ਦੀ ਮੁਸ਼ਕਲ ਦੂਰ ਹੋ ਸਕਦੀ ਹੈ । ਹਾਊਸ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਬੰਬਈ ਦੀ ਸਪਲਾਈ ਪਲਾਂਟ ਕੁਆਰਡੀਨੇਸ਼ਨ ਕਮੇਟੀ ਹੈ, ਉਥੇ ਮਨਿਸਟਰੀ ਆਫ ਪੈਟਰੋਲੀਅਮ ਐਂਡ ਕੈਮੀਕਲਜ਼ ਦੀ ਮੀਟਿਗ ਹੋਈ ਹੈ ਅਤੇ ਉਨ੍ਹਾਂ ਨੇ ਵਿਸ਼ਵਾਸ਼ ਦਿਲਾਇਆ ਹੈ ਕਿ ਮਾਰਚ ਵਿਚ ਤਕਰੀਬਨ 50,000 ਕਿਲੋ ਲਿਟਰ ਡੀਜ਼ਲ ਦਿਆਂਗੇ । ਇਸ ਨਾਲ ਮੈਂ ਸਮਝਦਾ ਹਾਂ ਕਿ ਪੰਜਾਬ ਦੀ ਜੋ ਥੁੜ ਹੈ ਉਹ ਅਸੀਂ ਪੂਰੀ ਕਰ ਸਕਾਂਗੇ । ਇਹ ਵੀ ਦਸਣਾ ਜ਼ਰੂਰੀ ਸਮਝਦਾ ਹਾਂ ਕਿ ਪੰਜਾਬ ਵਿਚ ਤਕਰੀਬਨ 14700 ਕਿਲੋ ਲੀਟਰ ਡੀਜ਼ਲ 1 ਮਾਰਚ ਤੋਂ ਲੈਕੇ 13 ਮਾਰਚ ਤਕ ਅਸੀਂ ਪੰਜਾਬ ਦੇ ਲੋੜਵੰਦ ਲੋਕਾਂ ਨੂੰ ਵੰਡਿਆ ਹੈ ਜਿਸ ਵਿਚ ਇੱਕ ਛੁਟੀ ਵੀ ਆ ਗਈ ਸੀ । ਅਗਰ ਇਸ ਤਰ੍ਹਾਂ ਕੰਮ ਚਲਦਾ ਰਿਹਾ ਤਾਂ ਮੈਂ ਵਿਸ਼ਵਾਸ ਦਿਲਾਉਂਦਾ ਹਾਂ ਕਿ ਪੰਜਾਬ ਦੀ ਜਨਤਾ ਅਤੇ ਕਿਸਾਨ ਨੂੰ ਕਿ ਅਸੀਂ ਥੁੜ ਪੂਰੀ ਕਰ ਸਕਾਂਗੇ । ਜੋ ਲੰਮੀਆਂ ਲੰਮੀਆਂ ਲਾਈਨਾਂ ਅਤੇ ਕਤਾਰਾਂ ਲਗਦੀਆਂ ਹਨ, ਉਸ ਦਾ ਇੱਕ ਬਹੁਤ ਵੱਡਾ ਕਾਰਣ ਹੈ । ਅਸੀਂ ਲੋਕਾਂ ਦੇ ਕਾਰਡ ਬਣਾਏ ਹਨ । ਇਹ ਇਸ ਲਈ ਬਣਾਏ ਹਨ ਤਾਂਕਿ ਜਿਸ ਵੇਲੇ ਥੋੜੀ ਜਿਹੀ ਥੁੜ ਆਏ ਉਸ ਵੇਲੇ ਅਸੀਂ ਕਿਸਾਨਾਂ ਤਕ ਕਤਰਾ ਕਤਰਾ ਡੀਜ਼ਲ ਪਹੁੰਚਾ ਸਕੀਏ । ਉਹ ਪਹਿਲਾਂ ਨਹੀਂ ਪਹੁੰਚਦਾ ਸੀ । ਲੋਕਾਂ ਨੇ ਹੋਰਡਿੰਗ ਦੀ ਕੋਸ਼ਿਸ਼ ਕੀਤੀ । ਵੱਡੇ ਵੱਡੇ ਇੰਡਸਟਰੀਅਲਿਸਟਾਂ ਨੇ ਆਪਣੇ ਕਾਰਖਾਨੇ ਚਲਾਉਣ ਲਈ ਹੋਰਡਿੰਗ ਸ਼ੁਰੂ ਕਰ ਦਿੱਤੀ । ਅਸੀਂ ਅਸਲੀ ਖਪਤਕਾਰਾਂ ਤਕ ਡੀਜ਼ਲ ਪਹੁੰਚਾਉਣ ਲਈ ਅਤੇ ਬਲੈਕ ਮਾਰਕੀਟੀਆਂ ਨੂੰ ਪ੍ਰਾਫਿਟ ਕਮਾਉਣ ਤੋਂ ਰੋਕਣ ਲਈ ਕਾਰਡ ਬਣਾਏ ਹਨ ।

ਸਰਦਾਰ ਦਰਬਾਰਾ ਸਿੰਘ : ਸਾਨੂੰ ਡੀਜ਼ਲ ਦੀ ਬੜੀ ਲੋੜ ਹੈ । ਕੀ ਇਸ ਦੀ ਥਾਂ ਐਲ. ਡੀ. ਓ. ਨੂੰ ਇਸਤੇਮਾਲ ਵਿਚ ਲਿਆਂਦਾ ਜਾਵੇਗਾ ।

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ, ਖੁਰਾਕ ਤੇ ਸਪਲਾਈ : ਇਸ ਤੇ ਜ਼ਰੂਰ ਗੌਰ ਕਰ ਲਵਾਂਗੇ ਜੀ । ਸਪਲਾਈ ਅਤੇ ਡਿਸਟਰੀਬਿਊਸ਼ਨ ਸਿਸਟਮ ਨੂੰ ਠੀਕ ਰਖਣ ਵਾਸਤੇ ਅਸੀਂ ਕਾਰਡ ਬਣਾਏ ਸਨ । ਡਿਪਟੀ ਕਮਿਸ਼ਨਰਾਂ ਅਤੇ ਬਲਾਕ ਅਫਸਰਾਂ ਦੀਆਂ ਡਿਊਟੀਆਂ ਲਾਈਆਂ ਸਨ ਕਿ ਉਹ ਕਾਰਡ ਬਣਾ ਕੇ ਕਿਸਾਨਾਂ ਨੂੰ ਦੇਣ ਤਾਕਿ ਬਲੈਕ ਨਾ ਹੋ ਸਕੇ । ਪਿਛੇ ਸ਼ਾਰਟੇਜ ਕਿਸ ਕਾਰਣ ਹੋਈ ਹੈ । ਰੇਲਵੇ ਦੀਆਂ ਸਟਰਾਈਕਾਂ ਹੋ ਗਈਆਂ ਅਤੇ ਇਸ ਕਾਰਣ ਸਪਲਾਈ ਨਹੀਂ ਆਈ । ਸਾਨੂੰ ਉਸ ਸਮੇਂ ਇੱਕ ਇੱਕ ਕਤਰਾ ਲੋੜਵੰਦ ਕਿਸਾਨਾਂ ਤਕ ਪਹੁੰਚਾਣਾ ਹੈ। ਇਸ ਲਈ ਹੀ ਅਸੀਂ ਡਿਸਟ੍ਰੀਬਿਊਸ਼ਨ ਸਿਸਟਮ ਨੂੰ ਚੇਂਜ ਕੀਤਾ ਹੈ । ਅਸੀਂ ਫੈਸਲਾ ਕੀਤਾ ਹੈ ਕਿ ਇਸ ਵੇਲੇ ਪੰਜਾਬ ਵਿਚ ਤਕਰੀਬਨ 500 ਪੈਟਰੋਲ ਦੇ ਪੰਪ ਹਨ ਉਨ੍ਹਾਂ ਨੂੰ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਹਰ ਇੱਕ ਪੈਟਰੋਲ ਪੰਪ ਤੇ ਇਕ ਨਿਗਰਾਨ ਕਮੇਟੀ ਬਣਾਈ ਜਾਵੇ । ਉਥੇ ਕੋਈ ਅਫਸਰ ਬਠਾਇਆ ਜਾਵੇ । ਇਹ ਸ਼ਿਕਾਇਤ ਆਈ ਕਿ ਟੈਂਕਰਜ਼ ਜਦੋਂ ਚਲਦੇ ਹਨ ਤਾਂ ਉਹ ਪੈਟਰੋਲ ਪੰਪਾਂ ਤੇ ਨਹੀਂ ਪਹੁੰਚਦੇ ਅਤੇ ਰਸਤੇ ਵਿਚ ਹੀ ਬਲੈਕ ਤੇ ਵੇਚੇ ਜਾਂਦੇ ਹਨ । ਅਸੀਂ ਡਿਪਟੀ ਕਮਿਸ਼ਨਰ ਦੀ ਡਿਊਟੀ ਲਾਈ ਕਿ ਨਿਗਰਾਨ ਕਮੇਟੀਆਂ ਬਣਾਉਣ ਅਤੇ ਅਫਸਰਾਂ ਦੀਆਂ ਪੈਟਰੋਲ ਪੰਪਾਂ ਤੇ ਡਿਊਟੀਆਂ ਲਾਉਣ ਤਾਂਕਿ ਟੈਂਕਰਜ਼ ਜਿਹੜੇ ਆਉਣ ਉਨ੍ਹਾਂ ਦੀ ਸਹੀ ਡਿਸਟ੍ਰੀਬਿਊਸ਼ਨ ਹੋਵੇ । ਡਿਪਟੀ ਸਪੀਕਰ ਸਾਹਿਬ, ਹੋਰਡਿੰਗ ਦੀ ਬੜੀ ਸ਼ਿਕਾਇਤ ਆਈ ਸੀ । ਪਰਸੋਂ ਹੀ ਨੋਟੀਫੀਕੇਸ਼ਨ ਕੀਤੀ ਗਈ ਹੈ ਕਿ ਹੋਰਡਿੰਗ ਨਾ ਕੀਤੀ ਜਾਵੇ । ਸਿਰਫ 500 ਲਿਟਰ ਤੋਂ ਵੱਧ ਕੋਈ ਡੀਜ਼ਲ ਨਹੀਂ ਰੱਖ ਸਕਦਾ । ਇਹ ਸੁਣ ਕੇ ਇਸ ਹਾਊਸ ਨੂੰ ਅਤੇ ਜੰਤਾ ਨੂੰ ਖੁਸ਼ੀ ਹੋਵੇਗੀ ਕਿ ਮੇਰੇ ਕੋਲ ਰਿਪੋਰਟ ਆਈ ਹੈ ਕਿ ਇੱਕ ਦਿਨ ਵਿਚ ਤਕਰੀਬਨ 89 ਕੇਸ ਅਸੀਂ ਅਨਅਰਥ ਕੀਤੇ ਹਨ ਜਿਨ੍ਹਾਂ ਕੇਸਾਂ ਵਿਚ ਲੋਕਾਂ ਨੇ ਪੰਜ ਸੌ ਲੀਟਰ ਤੋਂ ਵੱਧ ਡੀਜ਼ਲ ਹੋਰਡ ਕੀਤਾ ਹੋਇਆ ਸੀ । ਮੈਨੂੰ ਆਸ ਹੈ ਕਿ ਹੋਰ ਵੀ ਜ਼ਿਆਦਾ ਇਹੋ ਜਿਹੇ ਕੇਸਿਜ਼ ਨਿਕਲਣਗੇ ।

ਸਰਦਾਰ ਗਰਬਚਨ ਸਿੰਘ : ਸਪੀਕਰ ਸਾਹਿਬ, ਮੇਰੀ ਤਜਵੀਜ਼ ਹੈ ਕਿ ਪੰਜ ਸੌ ਲਿਟਰ ਦੀ ਥਾਂ ਇਹ ਲਿਮਟ 300 ਲੀਟਰ ਕਰ ਦਿਤੀ ਜਾਵੇ ।

ਰਾਜ ਮੰਤਰੀ, ਖੁਰਾਕ ਅਤੇ ਸਪਲਾਈ: ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬਾਨ ਨੂੰ ਅਪੀਲ ਕਰਨਾ ਚਾਹੁੰਦਾ ਹਾਂ ਕਿ ਡੀਜ਼ਲ ਦਾ ਮਸਲਾ ਬੜਾ ਗੰਭੀਰ ਮਸਲਾ ਹੈ । ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ਕਿ ਪੰਜਾਬ ਦੇ ਕਿਸਾਨ ਦੇ ਜਜ਼ਬਾਤ ਨੂੰ ਕਿਸੇ ਤਰ੍ਹਾਂ ਚੜ੍ਹਾਇਆ ਜਾਂ ਉਛਾਲਿਆ ਜਾਵੇ । ਅਸੀਂ ਚਾਹੁੰਦੇ ਹਾਂ ਕਿ ਇਹ ਬੜਾ ਸੀਰੀਅਸ ਮਸਲਾ ਹੈ ਅਤੇ ਇਸ ਨੂੰ ਸੀਰੀਅਸਲੀ ਲੈਣਾ ਚਾਹੀਦਾ ਹੈ। ਪਰ ਕਈ ਦਫਾ ਦੇਖਿਆ ਗਿਆ ਹੈ ਕਿ ਕਈ ਪਾਰਟੀਆਂ ਅਤੇ ਖੁਦਗਰਜ਼ ਲੋਕ ਇਹ ਕੋਸ਼ਿਸ਼ ਕਰਦੀਆਂ ਹਨ ਕਿ ਇਸ ਮਸਲੇ ਨੂੰ ਚੁਕਿਆ ਜਾਵੇ ਅਤੇ ਇਸ ਡਿਸਟ੍ਰੀਬਿਊਸ਼ਨ ਸਿਸਟਮ ਨੂੰ ਖਰਾਬ ਕੀਤਾ ਜਾਵੇ ।

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ਼ ਇਨਫਰਮੇਸ਼ਨ, ਸਰ ।

5.16 P. M. (ਇਸ ਸਮੇਂ ਸ਼੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਹੁਣੇ ਫਰਮਾਇਆ ਹੈ ਕਿ ਇਸ ਡੀਜ਼ਲ ਦੀ ਕਿਉਂਕਿ ਕਿਸਾਨਾਂ ਨੂੰ ਲੋੜ ਹੈ ਅਤੇ ਇਸ ਕਾਰਣ ਕਿਸਾਨਾਂ ਦਾ ਬਿਲਕੁਲ ਨੁਕਸਾਨ ਨਹੀਂ ਹੋਣਾ ਚਾਹੀਦਾ । ਇਸ ਗਲ ਦੀ ਅਸੀਂ ਸ਼ਲਾਘਾ ਕਰਦੇ ਹਾਂ । ਲੇਕਿਨ ਇਹ ਗੱਲ ਕਿ ਕੁਝ ਖੁਦਗਰਜ਼ ਲੋਕ ਇਸ ਨੂੰ ਐਕਸਪਲਾਈਟ ਕਰਦੇ ਹਨ, ਇਹ ਮਾੜੀ ਗਲ ਹੈ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਤੁਸੀਂ ਇਨਫਰਮੇਸ਼ਨ ਲੈਣੀ ਹੈ ਜਾਂ ਤਕਰੀਰ ਕਰਨ ਲਗ ਪਏ ਹੋ । (Instead of seeking information you have started making a speech.)

ਸਰਦਾਰ ਅਜਾਇਬ ਸਿੰਘ ਸੰਧੂ : ਕਿਸਾਨ ਨੂੰ ਡੀਜ਼ਲ ਚਾਹੀਦਾ ਹੈ । ਚੀਫ਼ ਮਨਿਸਟਰ ਸਾਹਿਬ ਅੱਜ ਦਿੱਲੀ ਵਿਚ ਬੈਠੇ ਹਨ । ਅਸੀਂ ਕਿਉਂ ਨਾ ਯੂਨਾਨੀਮਸਲੀ ਇੱਕ ਰੈਜ਼ੋਲਿਊਸ਼ਨ ਪਾਸ ਕਰ ਦੇਈਏ ਕਿ ਜ਼ਿਮੀਂਦਾਰਾਂ ਦੀ ਕਣਕ ਦਾ ਭਾਅ 125 ਰੁਪਏ ਕੁਇੰਟਲ ਮੁਕਰਰ ਹੋਣਾ ਚਾਹੀਦਾ ਹੈ ।

ਰਾਜ ਮੰਤਰੀ, ਖੁਰਾਕ ਅਤੇ ਸਪਲਾਈ : ਸਪੀਕਰ ਸਾਹਿਬ, ਮੈਂ ਤਾਂ ਇਹ ਕਿਹਾ ਸੀ ਕਿ ਕੁਝ ਖੁਦਗਰਜ਼ ਲੋਕ ਡੀਜ਼ਲ ਨੂੰ ਬਲੈਕ ਵਿਚ ਵੇਚ ਕੇ ਪ੍ਰਾਫ਼ਿਟ ਕਮਾਉਣਾ ਚਾਹੁੰਦੇ ਹਨ । ਸਿਆਸੀ ਤੌਰ ਤੇ ਵੀ ਇਹੋ ਜਿਹਾ ਵਾਤਾਵਰਣ ਪੈਦਾ ਕਰਨਾ ਚਾਹੁੰਦੇ ਹਨ ਤਾਂਕਿ ਉਹ ਬਲੈਕ ਕਰ ਸਕਣ ਅਤੇ ਇਹੋ ਜਿਹੇ ਲੋਕਾਂ ਨੂੰ ਬਲੈਕ ਕਰਨ ਦੀ ਤਾਕਤ ਮਿਲੇ । ਸਪੀਕਰ ਸਾਹਿਬ, ਅਗਰ ਜ਼ਿਮੀਦਾਰ ਰਸਤੇ ਵਿਚ ਇੱਕ ਟੈਂਕਰ ਰੋਕ ਦਿੰਦੇ ਹਨ ਤਾਂ ਜਿਹੜੇ ਹੋਰ ਦਸ ਆਦਮੀ ਹਨ ਉਨ੍ਹਾਂ ਨੂੰ ਮੌਕਾ ਮਿਲ ਜਾਂਦਾ ਹੈ ਅਤੇ ਉਹ ਬਜਾਏ ਟੈਂਕਰ ਪਟਰੋਲ ਪੰਪ ਤੇ ਲਿਜਾਣ ਦੇ ਬਲੈਕ ਵਿਚ ਵੇਚ ਦਿੰਦੇ ਹਨ ਇਸ ਲਈ ਮੈਂ ਤੁਹਾਡੇ ਰਾਹੀਂ ਪੰਜਾਬ ਦੀ ਜਨਤਾ ਨੂੰ ਅਪੀਲ ਕਰਾਂਗਾ ਕਿ ਜੋ ਡਿਸਟ੍ਰੀਬਿਊਸ਼ਨ ਸਿਸਟਮ ਅਸੀਂ ਚਲਾਇਆ ਹੈ ਇਸ ਵਿਚ ਕੋਈ ਵਾਧਾ ਨਾ ਪਾਉਣ। ਅਸੀਂ ਹਰ ਇੱਕ ਕਿਸਾਨ ਨੂੰ ਡੀਜ਼ਲ ਦਿਆਂਗੇ । ਹੁਣ ਅਸੀਂ 20 ਲੀਟਰ ਦਿੰਦੇ ਹਾਂ । ਇਹ ਇਸ ਲਈ ਦਿੰਦੇ ਹਾਂ ਤਾਂਕਿ ਛੋਟੇ ਤੋਂ ਛੋਟੇ ਕਿਸਾਨ ਨੂੰ ਵੀ ਇਹ ਮਿਲੇ ! ਅਸੀਂ ਥੋੜੇ ਦਿਨਾਂ ਵਿਚ ਡਿਸਟਰੀਬਿਊਸ਼ਨ ਸਿਸਟਮ ਨੂੰ ਇੰਪਰੂਵ ਕਰ ਰਹੇ ਹਾਂ ।

ਸਰਦਾਰ ਬੇਅੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਇਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪੈਟਰੋਲ ਪੰਪ ਐਟਵਾਟ ਏਦ ਦਟ ਦਿੰਦੇ ਦਨ । ਇਟ ਮਾੜੀ ਗਲ ਹੈ । ਐਤਵਾਰ ਵੀ ਸਾਨੂੰ ਡੀਜ਼ਲ ਦੀ ਲੋੜ ਹੁੰਦੀ ਹੈ । ਮੈਂ ਵਜ਼ੀਰ ਸਾਹਿਬ ਨੂੰ ਅਰਜ਼ ਕਰਦਾ ਹਾਂ ਕਿ ਇਹ ਆਰਡਰਜ਼ ਦੇਣ ਕਿ ਐਤਵਾਰ ਨੂੰ ਪਟਰੋਲ ਪੰਪ ਖੁਲ੍ਹੇ ਰੱਖਣ ।

ਉਨ੍ਹਾਂ ਦੀਆਂ ਪੁਸਤਕਾਂ 'ਇੰਡੀਆ ਫ੍ਰਾਮ ਕਰਜ਼ਨ ਟੂ ਨਹਿਰੂ ਐਂਡ ਆਫਟਰ' ਅਤੇ 'ਸਰਦਾਰ ਪਟੇਲਜ਼ ਕਾਰਸਪਾਊਂਡੈਂਸ' ਰਾਹੀਂ ਉਨ੍ਹਾਂ ਨੇ ਬਹੁਤ ਨਾਮਣਾ ਖੱਟਿਆ ਅਤੇ ਇਹ ਉਨ੍ਹਾਂ ਦੀ ਯੋਗਤਾ ਦੀ ਯਾਦਗਰ ਹਨ । ਆਪ ਦੀਆਂ ਪੁਸਤਕਾਂ ਬੜੇ ਉਤਸ਼ਾਹ ਅਤੇ ਸਤਿਕਾਰ ਨਾਲ ਪੜ੍ਹੀਆਂ ਜਾਂਦੀਆਂ ਹਨ । ਉਹ ਇਕ ਪੰਜਾਬੀ ਜਰਨਲਿਸਟ ਸੀ । ਉਨ੍ਹਾਂ ਨੇ ਸਾਰੇ ਦੇਸ਼ ਦੀ ਜਰਨਲਿਜ਼ਮ ਦੇ ਖੇਤਰ ਵਿਚ ਬਹੁਤ ਵੱਡੀ ਸੇਵਾ ਕੀਤੀ ਹੈ। ਉਨ੍ਹਾਂ ਦੇ ਚਲੇ ਜਾਣ ਨਾਲ ਪੰਜਾਬ ਨੂੰ ਬਹੁਤ ਵੱਡਾ ਘਾਟਾ ਪਿਆ ਹੈ ।

ਸ਼੍ਰੀ ਮੋਤੀ ਲਾਲ ਚਮਨ ਲਾਲ ਸੀਤਲਵਾਦ ਨੂੰ ਭਾਰਤ ਦੀ ਇਕ ਬਹੁਤ ਉਘੀ ਕਾਨੂੰਨੀ ਹਸਤੀ ਸਮਝਿਆ ਜਾਂਦਾ ਸੀ । ਉਹ ਭਾਰਤ ਦੇ ਪਹਿਲੇ ਅਟਾਰਨੀ ਜਨਰਲ ਅਤੇ ਆਪਣੇ ਰਿਟਾਇਰ ਹੋਣ ਤਕ ਬਾਰ ਦੇ ਇਕ ਸੀਨੀਅਰ ਮੈਂਬਰ ਰਹੇ। ਜੂਰਿਸਟ ਅਤੇ ਪਾਰਲੀਮੈਂਟੇਰੀਅਨ ਦੇ ਤੌਰ ਤੇ ਆਜ਼ਾਦ ਭਾਰਤ ਦੇ ਕਾਨੂੰਨੀ ਸ਼ਾਸਨ ਨੂੰ ਰੂਪ ਦੇਣ ਵਿਚ ਉਨ੍ਹਾਂ ਨੇ ਬਹੁਤ ਹੀ ਮਹੱਤਵਪੂਰਣ ਹਿੱਸਾ ਪਾਇਆ ।

ਉਨ੍ਹਾਂ ਦੀ ਦੋਸ਼ ਰਹਿਤ ਸ਼ੈਲੀ ਅਤੇ ਤੱਥਾਂ ਨੂੰ ਤਰਤੀਬਵਾਰ ਪੇਸ਼ ਕਰਨ ਦੀ ਅਦਭੁੱਤ ਯੋਗਤਾ ਕਾਰਨ 1937 ਵਿਚ ਉਨ੍ਹਾਂ ਨੂੰ ਬੰਬਈ ਦਾ ਐਡਵੋਕੇਟ ਜਨਰਲ ਲਗਾਇਆ ਗਿਆ ।

1948 ਤੋਂ 1952 ਤਕ ਸੁਰੱਖਿਆ ਪ੍ਰੀਸ਼ਦ ਅਤੇ ਆਮ ਸਭਾ ਵਿਚ ਸ਼੍ਰੀ ਸੀਤਲਵਾਦ ਨੇ ਭਾਰਤ ਦਾ ਕਸ਼ਮੀਰ ਸਬੰਧੀ ਮਾਮਲਾ ਬੜੀ ਯੋਗਤਾ ਨਾਲ ਪੇਸ਼ ਕੀਤਾ ।

ਦੇਸ਼ ਦੀ ਵਦੇਸ਼ ਨੀਤੀ ਬਣਾਉਣ ਦੇ ਮੁਢਲੇ ਸਾਲਾਂ ਦੌ ਦੌਰਾਨ ਉਹ ਯੂ. ਐਨ. ਓ. ਜਾਣ ਵਾਲੇ ਭਾਰਤੀ ਡੈਲੀਗੇਸ਼ਨ ਦੇ ਇਕ ਮੈਂਬਰ ਵੀ ਸਨ । ਭਾਰਤ ਖੇਤਰ ਵਿਚੋਂ ਪੁਰਤਗਾਲ ਨੂੰ ਰਸਤਾ ਦੇਣ ਦੇ ਅਧਿਕਾਰ ਬਾਰੇ ਭਾਰਤ-ਪੁਰਤਗਾਲ ਝਗੜੇ ਵਿਚ ਉਨ੍ਹਾਂ ਨੇ ਹੇਗ ਕੋਰਟ ਵਿਚ ਭਾਰਤੀ ਪੱਖ ਦੀ ਪੈਰਵੀ ਕੀਤੀ ।

ਰਿਟਾਇਰ ਹੋਣ ਉਪਰੰਤ, ਉਨ੍ਹਾਂ ਨੇ ਸੁਪਰੀਮ ਕੋਰਟ ਵਿਚ ਪ੍ਰੈਕਟਿਸ ਜਾਰੀ ਰਖੀ ਅਤੇ 1966 ਤੋਂ 1972 ਤਕ ਉਹ ਰਾਜ ਸਭਾ ਦੇ ਮੈਂਬਰ ਰਹੇ । 1957 ਵਿਚ ਉਨ੍ਹਾਂ ਨੂੰ 'ਪਦਮ ਵਿਭੂਸ਼ਣ' ਨਾਲ ਸਨਮਾਨਿਆ ਗਿਆ । ਉਨ੍ਹਾਂ ਨੇ ਕਾਨੂੰਨ ਸਬੰਧੀ ਕਈ ਪੁਸਤਕਾਂ ਵੀ ਲਿਖੀਆਂ । ਇਨ੍ਹਾਂ ਵਿਚੋਂ 'ਸਿਵਿਲ ਲਿਬਰਟੀਜ਼', 'ਕਾਮਨ ਲਾ ਇਨ ਇੰਡੀਆ, 'ਲਾ ਐਂਡ ਕਲਚਰ' ਨਾਂ ਦੀਆਂ ਪੁਸਤਕਾਂ ਉਲੇਖ ਯੋਗ ਹਨ । 1955 ਤੋਂ 1958 ਤਕ ਉਹ ਲਾਅ ਕਮਿਸ਼ਨ ਦੇ ਚੇਅਰਮੈਨ ਰਹੇ ਹਨ । ਉਨ੍ਹਾਂ ਦੀ ਮਿਰਤੂ ਕਾਰਨ ਸਾਡਾ ਦੇਸ਼ ਇਕ ਮਹਾਨ ਪ੍ਰਤਿਭਾਸ਼ਾਲੀ ਅਤੇ ਸਦਾਚਾਰਕ ਉਚਿਤਾ ਵਾਲੇ ਵਿਅਕਤੀ ਤੋਂ ਹਮੇਸ਼ਾਂ ਲਈ ਵਾਂਝਾ ਹੋ ਗਿਆ ਹੈ ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸਪੀਕਰ ਸਾਹਿਬ, ਮੈਂ ਇਨ੍ਹਾਂ ਸ਼ਬਦਾਂ ਨਾਲ ਇਸ ਪ੍ਰਸਤਾਵ ਨੂੰ ਤੁਹਾਡੇ ਸਾਹਮਣੇ ਰਖਦਾ ਹੈ ਔਰ ਮੈਨੂੰ ਆਸ ਹੈ ਕਿ ਹਾਊਸ ਇਸ ਨਾਲ ਇਤਫਾਕ ਕਰੇਗਾ ਔਰ ਉਪਰੰਤ 2 ਮਿੰਟਾਂ ਲਈ ਸਾਇਲੈਂਸ ਔਬਜ਼ਰਵ ਕਰਕੇ ਆਪਣੀ ਸ਼ਰਧਾਂਜਲੀ ਪੇਸ਼ ਕਰੇਗਾ ।

ਸਰਦਾਰ ਪਰਕਾਸ਼ ਸਿੰਘ ਬਾਦਲ (ਗਿੱਦੜਬਾਹਾ): ਸਪੀਕਰ ਸਾਹਿਬ, ਲੀਡਰ ਆਫ਼ ਦੀ ਹਾਊਸ ਨੇ ਜੋ ਅਫਸੋਸ ਦਾ ਮਤਾ ਹਾਊਸ ਦੇ ਸਾਹਮਣੇ ਰਖਿਆ ਹੈ ਮੈਂ ਆਪਣੀ ਪਾਰਟੀ ਵਲੋਂ ਉਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ । ਸਾਡੇ ਦੇਸ਼ ਦੀਆਂ ਕੁਝ ਬਹੁਤ ਉਚੀਆਂ ਹਸਤੀਆਂ ਪਿਛਲੇ ਸਮੇਂ ਤੋਂ ਸਾਨੂੰ ਹਮੇਸ਼ਾਂ ਲਈ ਛੱਡ ਗਈਆਂ ਹਨ ਜਿਸ ਦਾ ਸਾਡੇ ਸੂਬੇ ਨੂੰ ਔਰ ਦੇਸ਼ ਨੂੰ ਬੜਾ ਭਾਰੀ ਘਾਟਾ ਪਿਆ ਹੈ । ਲੈਫਟੀਨੈਂਟ ਜਨਰਲ ਯਾਦਵਿੰਦਰ ਸਿੰਘ ਮਹਾਰਾਜਾ ਪਟਿਆਲਾ 62 ਸਾਲ ਦੀ ਉਮਰ ਵਿੱਚ ਸਾਡਾ ਸਾਥ ਛੱਡ ਗਏ । ਮਹਾਰਾਜਾ ਪਟਿਆਲਾ 1971 ਤੋਂ ਨੀਦਰਲੈਂਡ ਵਿਚ ਸਾਡੇ ਦੇਸ਼ ਦੇ ਅੰਬੈਸਡਰ ਰਹੇ । ਉਹ 1965 ਤੋਂ 1967 ਤੱਕ ਇਟਲੀ ਵਿਚ ਸਾਡੇ ਦੇਸ਼ ਦੇ ਅੰਬੈਸਡਰ ਬਣ ਕੇ ਰਹੇ । ਉਨ੍ਹਾਂ ਨੇ ਆਪਣੀ ਮੁੱਢਲੀ ਵਿਦਿਆ ਐਟਕਿੰਸਨ ਕਾਲਜ, ਲਾਹੌਰ ਵਿਚ ਲਈ ਅਤੇ ਫਿਰ ਬਨਾਰਸ ਯੂਨੀਵਰਸਟੀ ਤੋਂ ਵਿਦਿਆ ਲਈ । ਫਿਰ ਉਨ੍ਹਾਂ ਫਿਲੌਰ ਪੁਲਿਸ ਟਰੇਨਿੰਗ ਸੈਂਟਰ ਵਿਚੋਂ ਪੁਲਿਸ ਦੀ ਟਰੇਨਿੰਗ ਲਈ । ਉਹ ਸੱਚੇ ਤੇ ਮੁੱਚੇ ਦੇਸ਼ ਭਗਤ ਸਨ । ਉਨ੍ਹਾਂ ਦੀ ਜ਼ਿੰਦਗੀ ਦੀ ਸਭ ਤੋਂ ਵਡੀ ਗਲ ਜਿਸ ਦਾ ਹਿੰਦੁਸਤਾਨ ਰਿਣੀ ਹੈ ਉਹ ਇਹ ਹੈ ਕਿ ਜਿਸ ਵਕਤ ਹਿੰਦੁਸਤਾਨ ਆਜ਼ਾਦ ਹੋਇਆ ਤਾਂ ਉਹ ਪਹਿਲੇ ਮਹਾਰਾਜਾ ਸਨ ਜਿਨ੍ਹਾਂ ਨੇ ਇੰਡੀਅਨ ਯੂਨਿਅਨ ਵਿਚ ਸ਼ਾਮਲ ਹੋਣ ਦਾ ਫੈਸਲਾ ਕੀਤਾ । ਇਸ ਤੋਂ ਇਲਾਵਾ ਉਨ੍ਹਾਂ ਨੇ ਸਪੋਰਟਸ ਦੀ ਦੁਨੀਆ ਵਿਚ ਬੜਾ ਵਡਾ ਰੋਲ ਅਦਾ ਕੀਤਾ । ਦੇਸ਼ ਵਿਚ ਅਤੇ ਪ੍ਰਦੇਸ਼ ਵਿਚ ਉਨ੍ਹਾਂ ਦਾ ਨਾਮ ਸਪੋਰਟਸ ਦੀ ਲਾਈਨ ਵਿਚ ਬਹੁਤ ਉਚਾ ਹੈ । ਉਹ ਇੰਡੀਅਨ ਕੌਂਸਲ ਆਫ਼ ਸਪੋਰਟਸ ਦੇ ਆਨਰੇਰੀ ਲਾਈਫ ਚੇਅਰਮੈਨ ਰਹੇ । ਇਸ ਤੋਂ ਇਲਾਵਾ ਦੇਸ਼ ਦੀਆਂ ਬਹੁਤ ਸਾਰੀਆਂ ਸਪੋਰਟਸ ਤੇ ਕਲਚਰਲ ਐਸੋਸੀਏਸ਼ਨ ਦੇ ਪ੍ਰੇਜ਼ੀਡੈਂਟ ਤੇ ਪੈਟਰਨ ਰਹੇ । ਉਨ੍ਹਾਂ ਨੇ ਯੂਨੈਸਕੋ ਦੀ ਕਾਨਫਰੰਸ ਜੋ ਕਿ ਪੈਰਿਸ ਵਿਚ ਹੋਈ ਸੀ ਉਸ ਵਿਚ ਹਿਸਾ ਲਿਆ ਅਤੇ ਐਫ. ਓ. ਆਰ. ਆਰਗੇਨਾਈਜ਼ੇਸ਼ਨ ਵੀ ਅਟੈਂਡ ਕੀਤੀ। ਉਹ ਗੁਰੂ ਨਾਨਕ ਫਾਊਂਡੇਸ਼ਨ ਅਤੇ ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ ਦੇ ਪ੍ਰੇਜ਼ੀਡੈਂਟ ਵੀ ਰਹੇ । ਉਹ ਪੰਜਾਬ ਵਿਧਾਨ ਸਭਾ ਦੇ ਮੈਂਬਰ ਵੀ ਰਹੇ ਅਤੇ ਉਨ੍ਹਾਂ ਦੀ ਜੋ ਪਰਸਨੈਲਿਟੀ ਸੀ ਉਹ ਬਹੁਤ ਚਾਰਮਿੰਗ ਸੀ । ਉਨ੍ਹਾਂ ਨੂੰ ਐਗਰੀਕਲਚਰ ਵਿਚ ਵੀ ਬਹੁਤ ਇਨਟਰੈਸਟ ਸੀ । ਉਨ੍ਹਾਂ ਦੇ ਮਹਿਲ ਵਿਚ ਜੋ ਬਗੀਚਾ ਸੀ ਉਸ ਵਿਚ ਉਹ ਆਪਣੇ ਹੱਥੀਂ ਕੰਮ ਕਰਦੇ ਰਹੇ । ਅੱਜ ਭਾਵੇਂ ਦੇਸ਼ ਵਿਚ ਰਾਜਿਆਂ ਮਹਾਰਾਜਿਆਂ ਦਾ ਯੁਗ ਨਹੀਂ ਹੈ ਪਰ ਜਿਹੜੇ ਵੀ ਸਜਣ ਉਨ੍ਹਾਂ ਦੇ ਅੰਤਿਮ ਜਲੂਸ ਵਿਚ ਸ਼ਾਮਲ ਹੋਏ ਉਹ ਵੇਖ ਸਕਦੇ ਸਨ ਕਿ ਕਿਸ ਤਰ੍ਹਾਂ ਪਟਿਆਲੇ ਦੀ ਜਨਤਾ ਨੇ, ਪੰਜਾਬ ਦੇ ਲੋਕਾਂ ਨੇ ਦੁੱਖ ਪ੍ਰਗਟ ਕੀਤਾ ਅਤੇ ਉਨ੍ਹਾਂ ਦੇ ਅਫਸੋਸ ਵਿਚ ਸ਼ਰੀਕ ਹੋਏ ।

ਦੂਸਰੀ ਹਸਤੀ ਜੋ ਸਾਡਾ ਸਾਥ ਛੱਡ ਗਈ ਹੈ ਉਹ ਹੈ ਗਿਆਨੀ ਕਰਤਾਰ ਸਿੰਘ ਜੀ । ਗਿਆਨੀ ਕਰਤਾਰ ਸਿੰਘ ਜੀ 74 ਸਾਲਾਂ ਦੀ ਉਮਰ ਵਿਚ 10 ਜੂਨ ਨੂੰ ਪਟਿਆਲੇ ਦੇ ਹਸਪਤਾਲ ਵਿਚ ਸੁਰਗਵਾਸ ਹੋ ਗਏ ਸਨ । ਗਿਆਨੀ ਜੀ ਨੇ ਆਪਣੀ ਜ਼ਿੰਦਗੀ ਦੇ 50 ਸਾਲ ਪੰਜਾਬ ਦੀ ਸਿਆਸਤ ਵਿਚ ਹਿਸਾ ਪਾਇਆ ਹੈ । ਉਹ 1937 ਤੋਂ 1967 ਤਕ ਅਸੈਂਬਲੀ ਦੇ

Original with;
Punjab Vidhan Sabha
Digitized by;
Panjab Digital Library

ਮੈਂਬਰ ਰਹੇ ਅੱਤ 5 ਦਫ਼ਾ ਇਸ ਦੌਰਾਨ ਕੈਬਨਿਟ ਮਨਿਸਟਰ ਰਹੇ। ਗਿਆਨੀ ਜੀ ਨੂੰ ਅਕਾਲੀ ਦੱਲ ਦਾ ਦਿਮਾਗ ਕਿਹਾ ਜਾਂਦਾ ਸੀ। ਸੱਚਰ ਫਾਰਮੂਲਾ, ਰਿਜਨਲ ਫਾਰਮੂਲਾ ਬਣਾਉਣ ਵਿਚ ਸਭ ਤੋਂ ਵਡਾ ਹੱਥ ਉਨ੍ਹਾਂ ਦਾ ਸੀ। ਉਨ੍ਹਾਂ ਨੂੰ ਫਕੀਰ ਸਿਆਸਤਦਾਨ ਵੀ ਕਿਹਾ ਜਾਂਦਾ ਸੀ। ਇਮਾਨਦਾਰੀ ਦੇ ਹਿਸਾਬ ਨਾਲ ਸਾਰੇ ਸਿਆਸਤਦਾਨਾਂ ਵਿਚੋਂ ਉਨ੍ਹਾਂ ਦਾ ਕੋਈ ਮੁਕਾਬਲਾ ਨਹੀਂ ਸੀ। ਅੱਤ ਅਖੀਰਲੇ ਦਿਨਾਂ ਵਿਚ ਉਨ੍ਹਾਂ ਕੋਲ ਆਪਣਾ ਘਰ ਤਾਂ ਕੀ ਹੋਣਾ ਸੀ, ਉਨ੍ਹਾਂ ਕੋਲ ਬੈਂਕ ਬੈਲੇਂਸ ਤਾਂ ਕੀ ਹੋਣਾ ਸੀ ਉਨ੍ਹਾਂ ਕੋਲ ਆਪਣੇ ਇਲਾਜ ਲਈ ਕੋਈ ਪੈਸਾ ਵੀ ਨਹੀਂ ਸੀ। ਉਨ੍ਹਾਂ ਦੇ ਇਲਾਜ ਲਈ ਸ਼ਰੋਮਣੀ ਕਮੇਟੀ ਅੱਤ ਪੰਜਾਬ ਸਰਕਾਰ ਨੇ ਸਹਾਇਤਾ ਕੀਤੀ।

ਸਪੀਕਰ ਸਾਹਿਬ, ਇਸ ਤੋਂ ਅਗੇ ਸ਼੍ਰੀਮਤੀ ਸੀਤਾ ਦੇਵੀ, ਜਿਨ੍ਹਾਂ ਦਾ ਲੇਬਰ ਮੂਵਮੈਂਟ ਵਿਚ ਬਹੁਤ ਵਡਾ ਹਿਸਾ ਹੈ, ਸਾਡੀ ਅਸੈਂਬਲੀ ਦੇ ਮੈਂਬਰ ਰਹੇ ਹਨ। ਉਨ੍ਹਾਂ ਦੇ ਅਕਾਲ ਚਲਾਣਾ ਕਰਨ ਪਿਛੋਂ ਸਾਡੇ ਦੇਸ਼ ਨੂੰ ਬੜਾ ਘਾਟਾ ਪਿਆ ਹੈ ਅਤੇ ਅਸੀਂ ਇਕ ਲੇਬਰ ਲੀਡਰ, ਸੱਚੇ ਦੇਸ਼ ਭਗਤ, ਜੰਗੇ ਆਜ਼ਾਦੀ ਦੇ ਹੀਰੋ ਤੋਂ ਹੱਥ ਧੋ ਬੈਠੇ ਹਾਂ। ਉਹ ਕਈ ਸਾਲ ਜੇਲ੍ਹਾਂ ਵਿਚ ਰਹੇ। ਉਹ ਵਿਧਾਨ ਸਭਾ, ਵਿਧਾਨ ਪ੍ਰੀਸ਼ਦ ਅਤੇ ਰਾਜ ਸਭਾ ਦੇ ਮੈਂਬਰ ਰਹੇ ਅੱਤ ਮਜ਼ਦੂਰ ਸੰਗਠਨ ਵਾਸਤੇ ਉਨ੍ਹਾਂ ਨੇ ਬੜਾ ਕੰਮ ਕੀਤਾ। ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਜੋ ਜਲਦੀ ਮੌਤ ਹੋਈ ਹੈ ਉਸ ਦਾ ਇਕ ਕਾਰਨ ਇਹ ਵੀ ਹੈ ਕਿ ਉਹ ਦਿਨ ਰਾਤ ਮਜ਼ਦੂਰ ਸੰਗਠਨ ਵਾਸਤੇ ਕੰਮ ਕਰਦੇ ਰਹੇ ਸਨ।

ਸਪੀਕਰ ਸਾਹਿਬ, ਸ਼੍ਰੀ ਮੋਤੀ ਲਾਲ ਚਮਨ ਲਾਲ ਸੀਤਲਵਾਦ, ਜਿਨ੍ਹਾਂ ਦੀ ਮੈਂ ਸਮਝਦਾ ਹਾਂ ਕਿ ਸਾਡੇ ਦੇਸ਼ ਵਿਚ ਹੀ ਨਹੀਂ ਬਲਕਿ ਦੁਨੀਆ ਵਿਚ ਲੀਗਲ ਲਾਈਨ ਵਿਚ ਪੋਜ਼ੀਸ਼ਨ ਹੈ, ਅੱਜ ਉਹ ਵੀ ਸਾਡਾ ਸਾਥ ਛੱਡ ਗਏ ਹਨ। ਸ਼੍ਰੀ ਮੋਤੀ ਲਾਲ ਚਮਨ ਲਾਲ ਸੀਤਲਵਾਦ ਜੀ ਹਿੰਦੁਸਤਾਨ ਦੇ ਫਸਟ ਅਟਾਰਨੀ ਜਨਰਲ ਸਨ ਅਤੇ ਉਹ ਫਸਟ ਲਾਅ ਕਮਿਸ਼ਨ ਦੇ ਚੇਅਰਮੈਨ ਸਨ। ਉਨ੍ਹਾਂ ਨੇ ਆਪਣੇ 63 ਸਾਲ ਲੀਗਲ ਕੈਰੀਅਰ ਵਿਚ ਬੜੀ ਚੰਗੀ ਤਰ੍ਹਾਂ ਨਿਭਾਏ। ਉਹ ਹਿੰਦੋਸਤਾਨ ਦੇ ਹੀ ਨਹੀਂ ਬਲਕਿ ਦੁਨੀਆਂ ਦੇ ਵਡੇ ਵਡੇ ਵਕੀਲਾਂ ਵਿਚੋਂ ਇਕ ਵਕੀਲ ਸਨ। ਉਹ ਬੰਬਈ ਵਿੱਚ ਐਡਵੋਕੇਟ ਜਨਰਲ ਵੀ ਰਹੇ ਅਤੇ 12 ਸਾਲ ਉਹ ਐਡਵੋਕੇਟ ਜਨਰਲ ਰਹੇ। ਉਨ੍ਹਾਂ ਨੇ ਸੁਪਰੀਮ ਕੋਰਟ ਵਿੱਚ ਪ੍ਰੈਕਟਿਸ ਵੀ ਕੀਤੀ ਅਤੇ ਰਾਜ ਸਭਾ ਦੇ ਮੈਂਬਰ ਵੀ ਰਹੇ। ਉਨ੍ਹਾਂ ਨੇ ਪਦਮਵਿਭੂਸ਼ਨ ਵੀ ਪ੍ਰਾਪਤਾ ਕੀਤਾ। ਉਹ ਸੁਪਰੀਮ ਕੋਰਟ ਦੀ ਬਾਰ ਦੇ ਪ੍ਰੈਜ਼ੀਡੈਂਟ ਰਹੇ ਅਤੇ ਬਾਰ ਐਸੋਸੀਏਸ਼ਨ ਆਫ਼ ਇੰਡੀਆ ਦੇ ਪ੍ਰੈਜ਼ੀਡੈਂਟ ਸਨ। ਉਹ ਯੂਨਾਈਟਿਡ ਨੇਸ਼ਨ ਦੇ ਫੌਰਮ ਦੇ ਰਿਪ੍ਰੈਜ਼ੈਂਟੇਟਿਵ ਸਨ ਅਤੇ ਉਨ੍ਹਾਂ ਇੰਡੀਅਨ ਡੈਲੀਗੇਸ਼ਨ ਯੂ. ਐਨ. ਜਨਰਲ ਅਸੈਂਬਲੀ ਵਿੱਚ ਲੀਡ ਕੀਤਾ ਅੱਤ ਉਨ੍ਹਾਂ ਨੇ ਇੰਟਰਨੈਸ਼ਨਲ ਕੋਰਟ ਆਫ਼ ਜਸਟਿਸ ਵਿੱਚ ਹਿੰਦੁਸਤਾਨ ਦਾ ਜੋ ਕੇਸ ਸੀ ਉਸ ਵਿੱਚ ਪੁਰਤਗੇਜ਼ ਦੀ ਹਕੂਮਤ ਵੇਲੇ ਜੋ ਪੁਆਇੰਟ ਸੀ ਉਸ ਵਿਚ ਹਿੰਦੁਸਤਾਨ ਨੂੰ ਰਿਪ੍ਰੈਜ਼ੈਂਟ ਕੀਤਾ।

ਸਪੀਕਰ ਸਾਹਿਬ, ਸ਼੍ਰੀ ਦੁਰਗਾ ਦਾਸ 63 ਸਾਲਾਂ ਦੀ ਉਮਰ ਵਿੱਚ ਸਾਡੇ ਪਾਸੋਂ ਚਲੇ ਗਏ। ਉਹ ਬਹੁਤ ਵੱਡੇ ਜਰਨਾਲਿਸਟ ਸਨ। ਪੰਜਾਬ ਉਨ੍ਹਾਂ ਤੇ ਜਿੰਨਾ ਮਾਣ ਕਰੇ ਉਡਨਾ ਹੀ ਥੋੜਾ ਹੈ। ਉਹ 1938 ਤੋਂ 1944 ਤਕ 'ਸਟੇਟਸਮੈਨ ਅੱਖਬਾਰ' ਦੇ ਚੀਫ ਐਡੀਟਰ ਰਹੇ। ਉਹ ਪ੍ਰੈਸ ਕੌਂਸਲ ਆਫ਼ ਇੰਡੀਆ ਦੇ ਮੈਂਬਰ ਸਨ ਅਤੇ ਬਹੁਤ ਸਾਰੀਆਂ ਕਿਤਾਬਾਂ

Original with;
Punjab Vidhan Sabha
Digitized by;
Punjab Digital Library

[ਸਰਦਾਰ ਪਰਕਾਸ਼ ਸਿੰਘ ਬਾਦਲ]

ਉਨ੍ਹਾਂ ਨੇ ਲਿਖੀਆ । 'ਇੰਡੀਆ ਫ੍ਰਾਮ ਕਰਜ਼ਨ ਟੂ ਨਹਿਰੂ ਐਂਡ ਆਫਟਰ' ਕਿਤਾਬ ਲਿਖੀ ਅਤੇ ਸਰਦਾਰ ਪਟੇਲ ਦੇ ਚਿਠੀਆਂ ਪੱਤਰ ਵੀ ਉਨ੍ਹਾਂ ਨੇ ਛਾਪੇ । ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਜਾਣ ਨਾਲ ਜਰਨਾਲਿਸਟ ਦੀ ਦੁਨੀਆਂ ਵਿਚ ਇਕ ਬਹੁਤ ਵੱਡਾ ਘਾਟਾ ਪਿਆ ਹੈ, ਪੰਜਾਬੀਆਂ ਨੂੰ ਬਹੁਤ ਵੱਡਾ ਘਾਟਾ ਪਿਆ ਹੈ ਅਤੇ ਹਿੰਦੁਸਤਾਨ ਨੂੰ ਬਹੁਤ ਵੱਡਾ ਘਾਟਾ ਪਿਆ ਹੈ ।

ਸੇਠ ਗੋਬਿੰਦ ਦਾਸ 78 ਸਾਲਾਂ ਦੀ ਉਮਰ ਵਿਚ ਸਾਡੇ ਕੋਲੋਂ ਚਲੇ ਗਏ । ਉਹ ਸਾਰੇ ਹਿੰਦੁਸਤਾਨ ਵਿਚ ਸਭ ਤੋਂ ਓਲਡੈਸਟ ਪਾਰਲੀਮੈਂਟੇਰੀਅਨ ਸਨ । ਉਨ੍ਹਾਂ ਨੂੰ 1961 ਵਿਚ ਪਦਮ ਭੂਸ਼ਨ ਮਿਲਿਆ । ਉਹ ਹਿੰਦੀ ਦੇ ਬਹੁਤ ਵਡੇ ਲਿਖਾਰੀ ਸਨ ਅਤੇ ਉਨ੍ਹਾਂ ਨੇ 109 ਕਿਤਾਬਾਂ ਲਿਖੀਆਂ । ਉਨ੍ਹਾਂ ਨੈ ਬਹੁਤ ਸਾਰੇ ਹਿੰਦੀ ਦੇ ਡਰਾਮੇ ਵੀ ਲਿਖੇ । ਇੰਡੀਅਨ ਡੈਲੀਗੇਸ਼ਨ, ਕਿਸਾਨ ਵੈਲਥ ਪਾਰਲੀਮੈਂਟਰੀ ਕਾਨਫਰੰਸ, ਜੋ ਨਿਊਜ਼ੀਲੈਂਡ ਵਿੱਚ ਹੋਈ ਸੀ, ਨੂੰ ਉਨ੍ਹਾਂ ਨੇ ਲੀਡ ਕੀਤਾ ਅਤੇ ਇਸੇ ਤਰ੍ਹਾਂ ਕਾਮਨ ਵੈਲਥ ਪਾਰਲੀਮੈਂਟਰੀ ਕਾਨਫਰੰਸ ਜੋ ਕਨੇਡਾ ਵਿਚ ਹੋਈ ਸੀ ਉਸ ਦੇ ਵਿਚ ਡੈਲੀਗੇਏ ਸਨ । ਉਹ ਤਕਰੀਬਨ ਬਹੁਤ ਸਾਰੇ ਵਿਦੇਸ਼ੀ ਮੁਲਕਾਂ ਵਿਚ ਜਾ ਕੇ ਆਏ ।

ਸ਼੍ਰੀ ਚੰਦਨ ਲਾਲ ਜੌੜਾ, ਨਿਹਾਇਤ ਹੀ ਸ਼ਰੀਫ ਅਤੇ ਮਿਲਣਸਾਰ ਆਦਮੀ ਸਨ । ਪਹਿਲਾਂ ਉਹ ਰੇਲ ਵਿਚ ਮੁਲਾਜ਼ਮ ਸਨ ਅਤੇ ਫਿਰ ਮਹਾਤਮਾ ਗਾਂਧੀ ਜੀ ਦੀ ਅਪੀਲ ਤੇ ਉਹ ਨੌਕਰੀ ਛੱਡ ਗਏ ਅਤੇ ਉਹ ਪੌਲਿਟਿਕਸ ਵਿਚ ਪੈ ਕੇ ਸੇਵਾ ਕਰਦੇ ਰਹੇ । ਉਹ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹੇ ।

ਸ਼੍ਰੀ ਐਮ. ਬੀ. ਰਾਣਾ, ਜਿਹੜੇ ਸੈਂਟਰ ਗੌਰਮਿੰਟ ਵਿਚ ਯੂਨੀਅਨ ਮਨਿਸਟਰ ਆਫ਼ ਸਟੇਟ ਫਾਰ ਇੰਡਸਟਰੀਅਲ ਡੀਵੈਲਪਮੈਂਟ ਸਨ, ਉਹ ਵੀ ਸਾਨੂੰ ਛੱਡ ਗਏ । ਉਹ ਬੰਬਈ ਅਸੈਂਬਲੀ ਦੇ ਮੈਂਬਰ ਰਹੇ ਅੰਰ ਜਿਸ ਵਕਤ ਗੁਜਰਾਤ ਤੇ ਬੰਬਈ ਵੱਖਰੇ ਹੋਏ ਉਹ ਪਹਿਲੇ ਸਪੀਕਰ ਚੁਣੇ ਗਏ । ਉਹ ਦਿਲੀ ਵਿਚ ਪਾਰਲੀਮੈਂਟ ਦੀ ਪਬਲਿਕ ਅੰਡਰਟੇਕਿੰਗ ਕਮੇਟੀ ਦੇ ਚੇਅਰਮੈਨ ਵੀ ਰਹੇ ।

ਉਹ ਬੜੇ ਨਿਸ਼ਾਨਚੀ ਸਨ ਅਤੇ ਰਾਈਫਲ ਐਸੋਸੀਏਸ਼ਨ ਆਫ ਇੰਡੀਆ ਦੇ ਫਾਊਂਡਰ ਮੈਂਬਰ ਸਨ । ਉਨ੍ਹਾਂ ਨੇ ਰਾਈਫਲ ਸ਼ੂਟਿੰਗ ਉਤੇ ਕਿਤਾਬਾਂ ਵੀ ਲਿਖੀਆਂ ਹਨ । ਉਹ ਸਾਥੋਂ ਵਿਛੜ ਗਏ ਹਨ ਅਤੇ ਉਨ੍ਹਾਂ ਦਾ ਸਾਨੂੰ ਕਾਫੀ ਘਾਟਾ ਹੋਇਆ ਹੈ ।

ਜੱਥੇਦਾਰ ਜੰਗੀਰ ਸਿੰਘ ਫਗੂਵਾਲੀਆ, ਜਿਨ੍ਹਾਂ ਤੇ ਅਸੀਂ ਜਿਤਨਾ ਵੀ ਮਾਣ ਕਰੀਏ ਥੋੜ੍ਹਾ ਹੈ ਉਨ੍ਹਾਂ ਦੀ ਮੌਤ ਨਾਲ ਪੰਜਾਬ ਨੂੰ ਬੜਾ ਘਾਟਾ ਪਿਆ ਹੈ । ਫਗੂਵਾਲੀਆ ਸਾਹਿਬ ਦਾ ਸ਼੍ਰੋਮਣੀ ਅਕਾਲੀ ਦਲ ਦੇ ਵਿਚ ਜਿਹੜਾ ਕੰਮ ਹੈ ਉਹ ਬੜਾ ਅਹਿਮ ਹੈ । ਉਹ ਸ਼੍ਰੋਮਣੀ ਅਕਾਲੀ ਦਲ ਦੇ ਵਾਈਸ ਪ੍ਰੈਜ਼ੀਡੈਂਟ ਰਹੇ ਅੰਰ ਹਮੇਸ਼ਾ ਅਕਾਲੀ ਦਲ ਨੂੰ ਤਾਕਤ ਦਿੰਦੇ ਰਹੇ। ਪ੍ਰਜਾ ਮੰਡਲ ਵਿਚ ਵੀ ਉਨ੍ਹਾਂ ਦਾ ਬੜਾ ਹਿੱਸਾ ਰਿਹਾ ਹੈ । ਉਹ ਫੌਜ ਵਿਚ ਸਨ ਅਤੇ ਉਥੇ ਉਨ੍ਹਾਂ ਨੇ ਬਗਾਵਤ ਕੀਤੀ ਅਤੇ 18 ਸਾਲ ਜੇਲ੍ਹ ਕੱਟੀ । ਮੈਂ ਸਮਝਦਾ ਹਾਂ ਕਿ ਪੁਰਾਣੇ ਜੋ ਬਜ਼ੁਰਗ ਸਨ ਉਨ੍ਹਾਂ ਵਿਚੋਂ ਸੱਭ ਤੋਂ ਜ਼ਿਆਦਾ ਸਖਤੀਆਂ ਕੱਟਣ ਵਾਲੇ ਸ਼ਾਇਦ ਜੇ ਉਨ੍ਹਾਂ ਵਿਚੋਂ ਫਗੂਵਾਲੀਆ ਸਾਹਿਬ ਸਿੱਖ ਸਨ ।

Original with;
Punjab Vidhan Sabha
Digitized by;
Panjab Digital Library

ਇਸ ਤੋਂ ਅਗੇ ਸ਼੍ਰੀ ਓਮ ਪ੍ਰਕਾਸ਼ ਅਗਨੀ ਹੋਤਰੀ ਜੀ ਪੁਰਾਣੇ ਦੇਸ਼ ਭਗਤ ਅਤੇ ਫਰੀਡਮ-ਫਾਈਟਰ ਸਨ। ਉਹ ਹੈਡਮਾਸਟਰ ਰਹੇ ਅਤੇ ਫਗਵਾੜਾ ਮਿਉਂਸਪਲ ਕਮੇਟੀ ਦੇ ਵਿਚ ਵੀ ਉਨ੍ਹਾਂ ਨੇ ਸੇਵਾ ਕੀਤੀ ਅਤੇ 1962 ਵਿਚ ਫਗਵਾੜਾ ਚੋਣ ਹਲਕੇ ਤੋਂ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ। ਉਹ ਨਿਹਾਇਤ ਸ਼ਰੀਫ ਸਜਣ ਸਨ ਅਤੇ ਉਨ੍ਹਾਂ ਦੀ ਮੌਤ ਨਾਲ ਸਾਡੇ ਸੂਬੇ ਨੂੰ ਬਹੁਤ ਘਾਟਾ ਪਿਆ ਹੈ।

ਸ਼੍ਰੀ ਕੁੰਦਨ ਲਾਲ ਭੰਡਾਰੀ ਜੀ ਫਿਰੋਜ਼ਪੁਰ ਤੋਂ ਅਸੈਂਬਲੀ ਦੇ ਮੈਂਬਰ ਚੁਣੇ ਗਏ। ਉਹ ਪਹਿਲਾਂ ਆਪਣੀ ਜ਼ਿੰਦਗੀ ਦੇ ਵਿਚ ਬੈਂਕ ਦੀ ਇਕ ਛੋਟੀ ਜਿਹੀ ਮੁਲਾਜ਼ਮਤ ਕਰਨ ਤੋਂ ਬਾਅਦ ਆਪਣੇ ਇਲਾਕੇ ਦੀ ਸੇਵਾ ਕਰਨ ਨਾਲ ਉਹ ਅਸੈਂਬਲੀ ਤਕ ਪਹੁੰਚੇ। ਦੇਸ਼ ਵਾਸਤੇ ਉਨ੍ਹਾਂ ਦੀਆਂ ਕੁਰਬਾਨੀਆਂ ਮਹਾਨ ਹਨ।

ਸ਼੍ਰੀ ਬਿਸ਼ਨ ਨਾਥ, ਐਕਸ ਐਮ. ਐਲ. ਏ., ਪੈਪਸੂ, ਸਨ ਅਤੇ ਉਨ੍ਹਾਂ ਦੀ ਮੌਤ ਨਾਲ ਸੂਬੇ ਨੂੰ ਬਹੁਤ ਘਾਟਾ ਪਿਆ ਹੈ।

ਸ਼੍ਰੀ ਖਰੈਤੀ ਰਾਮ ਸਰੀਨ, ਐਕਸ ਐਮ. ਐਲ. ਸੀ. ਸਨ। ਉਨ੍ਹਾਂ ਦੀ ਇੰਡਸਟਰੀ ਦੇ ਖੇਤਰ ਵਿਚ ਸਾਡੇ ਸੂਬੇ ਨੂੰ ਬੜੀ ਦੇਣ ਹੈ। ਜੰਗੇ ਆਜ਼ਾਦੀ ਵਿਚ ਵੀ ਉਨ੍ਹਾਂ ਨੇ ਹਿਸਾ ਪਾਇਆ। ਉਨ੍ਹਾਂ ਦੀ ਮੌਤ ਨਾਲ ਸਾਡੇ ਸੂਬੇ ਨੂੰ ਕਾਫੀ ਘਾਟਾ ਪਿਆ ਹੈ। ਇਕ ਵਾਰੀ ਮੈਂ ਫਿਰ, ਜਿਹੜਾ ਮਤਾ ਲੀਡਰ ਆਫ ਦੀ ਹਾਊਸ ਨੇ, ਹਾਊਸ ਵਿੱਚ ਪੇਸ਼ ਕੀਤਾ ਹੈ ਉਸ ਦੇ ਨਾਲ ਆਪਣੀ ਪਾਰਟੀ ਵਲੋਂ ਸਹਿਮਤੀ ਪਰਗਟ ਕਰਦਾ ਹਾਂ।

ਡਾਕਟਰ ਬਲਦੇਵ ਪ੍ਰਕਾਸ਼ (ਅੰਮ੍ਰਿਤਸਰ ਪੂਰਬ): ਸਪੀਕਰ ਸਾਹਿਬ, ਸਦਨ ਦੇ ਨੇਤਾ ਨੇ ਜਿਹੜਾ ਸ਼ੋਕ-ਪ੍ਰਸਤਾਵ ਸਦਨ ਦੇ ਸਾਹਮਣੇ ਰੱਖਿਆ ਹੈ ਅੱਤ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਜਿਸ ਦਾ ਸਮਰਥਨ ਕੀਤਾ ਹੈ ਮੈਂ ਉਸ ਪ੍ਰਸਤਾਵ ਨਾਲ ਆਪਣੇ ਆਪ ਨੂੰ ਸਮਿਲਤ ਕਰਦਾ ਹਾਂ। ਸਪੀਕਰ ਸਾਹਿਬ, ਜਿਨ੍ਹਾਂ ਸਜਣਾ ਦੇ ਸਵਰਗਵਾਸ ਹੋ ਜਾਣ ਤੇ ਪ੍ਰਸਤਾਵ ਹਾਊਸ ਵਿਚ ਰਖਿਆ ਗਿਆ ਹੈ ਉਹ ਹਿੰਦੁਸਤਾਨ ਅਤੇ ਸਾਡੇ ਪ੍ਰਦੇਸ਼ ਦੇ ਉੱਘੇ ਅੱਤ ਲੋਕ ਜੀਵਨ ਵਿਚ ਜਿਨ੍ਹਾਂ ਦਾ ਪ੍ਰਮੁੱਖ ਹਿੱਸਾ ਰਿਹਾ ਹੈ ਇਹੋ ਜਿਹੇ ਉਹ ਸਜਣ ਸਨ। ਜਨਰਲ ਯਾਦਵਿੰਦਰਾ ਸਿੰਘ ਪਟਿਆਲਾ ਅਤੇ ਪੈਪਸੂ ਦੇ ਰਾਜਪ੍ਰਮੁੱਖ ਸਨ। ਸਾਡੇ ਹਾਊਸ ਦੇ ਮੈਂਬਰ ਵੀ ਰਹੇ ਅੱਤ ਐਂਬੈਸਡਰ ਬਣ ਕੇ ਬਹੁਤ ਸਾਰੇ ਦੇਸ਼ਾਂ ਵਿੱਚ ਹਿੰਦੁਸਤਾਨ ਦੀ ਨੁਮਾਇੰਦਗੀ ਵੀ ਉਨ੍ਹਾਂ ਨੇ ਕੀਤੀ। ਇਨ੍ਹਾਂ ਸਜਣਾਂ ਵਿਚੋਂ 9 ਸਜਣ ਐਸੇ ਹਨ ਜਿਹੜੇ ਕਿ ਇਸ ਸਦਨ ਦੇ ਜਾਂ ਪੰਜਾਬ ਵਿਧਾਨ ਪਰੀਸ਼ਦ ਦੇ, ਜਦੋਂ ਉਹ ਹੁੰਦੀ ਸੀ, ਮੈਂਬਰ ਰਹੇ ਸਨ। ਉਹ ਪੰਜਾਬ ਦੀ ਸਿਆਸੀ ਜ਼ਿੰਦਗੀ ਦੇ ਵਿਚ ਬੜੇ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹੇ ਸਨ। ਉਨ੍ਹਾਂ ਦੀਆਂ ਸੇਵਾਵਾਂ ਪੰਜਾਬ ਦੇ ਵਾਸਤੇ ਬਹੁਤ ਹੀ ਵਡੀਆਂ ਸਨ।

ਗਿਆਨੀ ਕਰਤਾਰ ਸਿੰਘ ਜੀ ਇਸ ਹਾਊਸ ਵਿਚ ਬਹੁਤ ਪੁਰਾਣੇ ਅੱਤ ਬਹੁਤ ਲੰਮੇ ਸਮੇਂ ਤੋਂ ਚਲੇ ਆ ਰਹੇ ਮੈਂਬਰ ਸਨ। ਗਿਆਨੀ ਜੀ ਦਾ ਬੜਾ ਨਿਹਸੁਆਰਥ ਜੀਵਨ ਸੀ। ਉਨ੍ਹਾਂ ਨੇ ਆਪਣੇ ਜੀਵਨ ਵਿਚ ਕਦੇ ਨਿੱਜੀ ਸੁਆਰਥ ਵਾਸਤੇ ਕੰਮ ਨਹੀਂ ਸੀ ਕੀਤਾ ਚਾਹੇ ਉਨ੍ਹਾਂ ਦੇ ਨਾਲ ਸਾਡੇ ਸਿਆਸੀ ਨੁਕਤਾ ਨਿਗਾਹ ਨਾਲ ਮੱਤ-ਭੇਦ ਹੋ ਜਾਂਦੇ ਸਨ।

ਇਸੇ ਤਰ੍ਹਾਂ ਸ਼੍ਰੀ ਅਗਨੀਹੋਤਰੀ ਅੱਤ ਸ਼੍ਰੀ ਚੰਦਨ ਲਾਲ ਜੋੜਾ ਸਨ, ਉਹ ਵੀ ਇਸ ਹਾਊਸ ਦੇ ਮੈਂਬਰ ਰਹਿ ਚੁਕੇ ਹਨ। ਉਨ੍ਹਾਂ ਦੇ ਵਿਅੱਕਤੀਗਤ ਜੀਵਨ ਦੇ ਬਾਰੇ ਵਿਚ ਇਹ ਹੈ

Original with;
Punjab Vidhan Sabha
Digitized by;
Panjab Digital Library

[ਡਾਕਟਰ ਬਲਦੇਵ ਪ੍ਰਕਾਸ਼]

ਕਿ ਉਹ ਬੜੇ ਸਾਫ਼ਗੋ ਅਤੇ ਸਰਲਤਾ ਦੇ ਨਾਲ ਜੀਵਨ ਬਿਤਾਉਣ ਵਾਲੇ ਸਨ ਅੰਰ ਜਿੰਨੀ ਵੀ ਦੇਰ ਉਹ ਸਿਆਸਤ ਵਿਚ ਰਹੇ ਉਨ੍ਹਾਂ ਦੇ ਜੀਵਨ ਤੇ ਕੋਈ ਲਾਛਨ ਜਾਂ ਕੋਈ ਧੱਬਾ ਨਹੀਂ ਆਇਆ ਹੈ।

ਮੈਂ ਵਿਸਥਾਰ ਵਿਚ ਨਾ ਜਾਂਦਾ ਹੋਇਆ ਸਾਰਿਆਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ। ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ, ਸਪੀਕਰ ਸਾਹਿਬ, ਜਿਥੇ ਸਾਰੇ ਚੰਗੇ ਅਤੇ ਅਲੱਗ ਅਲੱਗ ਖੇਤਰਾਂ ਦੇ ਆਗੂ ਲੋਕ ਸੁਵਰਗਵਾਸ ਹੋਏ ਹਨ ਉਨ੍ਹਾਂ ਦਾ ਨਾਮ ਇਸ ਵਿਚ ਆਇਆ ਹੈ। ਜਿਵੇਂ ਸ੍ਰੀ ਦੁਰਗਾ ਦਾਸ ਜਰਨਾਲਿਸਟ ਅਤੇ ਐਮ. ਸੀ. ਸੀਤਲਵਾਦ। ਇਥੇ ਪੰਜਾਬ ਦੇ ਇਕ ਜਰਨਾਲਿਸਟ ਸ੍ਰੀ ਦਯਾ ਕ੍ਰਿਸ਼ਨ ਯਾਦਵ, ਜਿਨ੍ਹਾਂ ਨੇ ਪੰਜਾਬ ਦੀ ਬੜੀ ਮਹਾਨ ਸੇਵਾ ਕੀਤੀ ਹੈ, ਅਤੇ ਜਿਹੜੇ ਪੱਤਰਕਾਰਤਾ ਵਿਚ ਅੱਗੇ ਰਹੇ. ਪਹਿਲਾਂ ਉਹ 'ਹਿੰਦ ਸਮਾਚਾਰ' ਵਿਚ ਰਹੇ ਅਤੇ ਅਖੀਰਲੇ ਦਿਨਾਂ ਵਿਚ 'ਪਰਦੀਪ ਅਖਬਾਰ' ਵਿਚ ਬੜੀ ਸੇਵਾ ਕੀਤੀ। ਇਹੋ ਜਿਹੇ ਆਦਮੀ ਦਾ ਇਸ ਮਤੇ ਵਿਚ ਨਾਮ ਨਾ ਹੋਣਾ ਮੈਂ ਸਮਝਦਾ ਹਾਂ ਕਿ ਸਾਡੇ ਵਲੋਂ ਭੁੱਲ ਹੋਵੇਗੀ। ਮੈਂ ਲੀਡਰ ਆਫ਼ ਦੀ ਹਾਊਸ ਨੂੰ ਗੁਜ਼ਾਰਿਸ਼ ਕਰਾਂਗਾ ਕਿ ਉਨ੍ਹਾਂ ਦਾ ਨਾਮ ਵੀ ਇਸ ਮਤੇ ਵਿਚ ਸ਼ਾਮਲ ਕੀਤਾ ਜਾਵੇ ਅਤੇ ਹਾਊਸ ਜਿੱਥੇ ਬਾਕੀਆਂ ਨੂੰ ਸ਼ਰਧਾਂਜਲੀ ਭੇਂਟ ਕਰੇਗਾ ਉਥੇ ਇਨ੍ਹਾਂ ਨੂੰ ਵੀ ਕਰੇ।

ਮੁੱਖ ਮੰਤਰੀ: ਕਰ ਲਿਆ ਜਾਵੇ ਜੀ।

ਕਾਮਰੇਡ ਜੰਗੀਰ ਸਿੰਘ ਜੋਗਾ (ਮਾਨਸਾ): ਸਪੀਕਰ ਸਾਹਿਬ, ਲੀਡਰ ਆਫ਼ ਦੀ ਹਾਊਸ ਨੇ ਜਿਹੜਾ ਮਤਾ ਰਖਿਆ ਹੈ ਸਾਡੀ ਪਾਰਟੀ ਉਸ ਦੇ ਨਾਲ ਪੂਰੀ ਤਰ੍ਹਾਂ ਸਹਿਮਤ ਹੈ। ਇਸ ਵਿਚ ਬਹੁਤ ਸਾਰੀਆਂ ਹਸਤੀਆਂ ਹਨ ਜਿਹੜੀਆਂ ਸਾਥੋਂ ਇਨ੍ਹਾਂ ਦਿਨਾਂ ਦੇ ਵਿਚ ਵਿਛੜ ਗਈਆਂ ਹਨ। ਗਿਆਨੀ ਕਰਤਾਰ ਸਿੰਘ ਨੂੰ ਪੰਜਾਬ ਦਾ ਬੱਚਾ ਬੱਚਾ ਜਾਣਦਾ ਹੈ ਅਤੇ ਗਿਆਨੀ ਜੀ ਦੀ ਜਿਹੜੀ ਸੇਵਾ ਹੈ ਮੇਰਾ ਖਿਆਲ ਹੈ ਕਿ ਉਹ ਕਿਸੇ ਤੋਂ ਭੁੱਲੀ ਹੋਈ ਨਹੀਂ ਹੈ। ਉਹ ਬੜੇ ਸਿੱਧੇ ਸੁਭਾ ਦੇ ਆਦਮੀ ਸਨ। ਉਨ੍ਹਾਂ ਨੇ ਪੈਸੇ ਵਾਸਤੇ ਕਦੇ ਕੋਈ ਕੰਮ ਨਹੀਂ ਸੀ ਕੀਤਾ ਬਲਕਿ ਉਹ ਆਪਣੇ ਇਕ ਕਛਹਿਰੇ ਦੇ ਨਾਲ ਇਸ ਦੁਨੀਆਂ ਵਿਚ ਆਏ ਸਨ ਅੰਰ ਕਛਹਿਰੇ ਦੇ ਨਾਲ ਇਸ ਦੁਨੀਆਂ ਵਿਚੋਂ ਚਲੇ ਗਏ। (ਵਿਘਨ) ਮੈਨੂੰ ਹਿੰਦੁਸਤਾਨ ਵਿਚ ਅਜਿਹਾ ਆਦਮੀ ਘੱਟ ਹੀ ਲੱਭਦਾ ਹੈ ਜਿਸ ਨੇ ਇਤਨੀ ਨਿਸ਼ਕਾਮ ਸੇਵਾ ਮੁਲਕ ਦੀ ਕੀਤੀ ਹੋਵੇ। ਉਹ ਕੈਬਨਿਟ ਵਿਚ ਵੀ ਰਿਹਾ ਹੋਵੇ, ਚੰਗੀਆਂ ਪਦਵੀਆਂ ਤੇ ਵੀ ਰਿਹਾ ਹੋਵੇ ਪਰ ਇਲਾਜ ਵੇਲੇ ਜਿਸ ਕੋਲ ਕੋਈ ਪੈਸਾ ਨਾ ਹੋਵੇ। ਉਸ ਦਾ ਇਲਾਜ ਹਸਪਤਾਲ ਵਿਚ ਹੀ ਹੋਇਆ। ਇਹੋ ਜਿਹਾ ਨਿਸ਼ਕਾਮ ਸੇਵਾ ਕਰਨ ਵਾਲਾ ਅੱਜ ਸਾਥੋਂ ਵਿਛੜ ਗਿਆ ਹੈ ਅਤੇ ਉਸ ਦਾ ਸਾਨੂੰ ਬੜਾ ਘਾਟਾ ਪਿਆ ਹੈ।

ਜੱਥੇਦਾਰ ਫਗੂਵਾਲੀਆ ਦੇ ਬਾਰੇ ਮੈਨੂੰ ਯਾਦ ਹੈ ਕਿ ਮਹਾਰਾਜਾ ਪਟਿਆਲਾ ਨੇ 88 ਦੀ ਹਿਦਾਇਤ ਦੇ ਮੁਤਾਬਕ 85 ਸਾਲ ਦੀ ਕੈਦ ਕੀਤੀ ਸੀ ਅੰਰ ਸਰਦਾਰ ਸੇਵਾ ਸਿੰਘ ਨੂੰ 15 ਸਾਲ ਦੀ ਕੈਦ ਅੰਰ ਹੋਰ ਸਾਥੀਆਂ ਨੂੰ ਕਿਸੇ ਨੂੰ 50 ਸਾਲ ਦੀ ਕਿਸੇ ਨੂੰ 20 ਸਾਲ ਦੀ ਕੈਦ ਕੀਤੀ ਸੀ। ਨਤੀਜੇ ਦੇ ਤੌਰ ਤੇ ਸਰਦਾਰ ਸੇਵਾ ਸਿੰਘ 3 ਸਾਲਾਂ ਤੋਂ ਬਾਅਦ ਜੇਲ੍ਹ ਵਿਚ ਹੀ ਸ਼ਹੀਦ ਹੋ ਗਏ। ਉਸ ਦੇ ਬਾਅਦ ਇਨਕਲਾਬੀ ਬੈਠੀ ਤੇ ਸਾਰਿਆਂ ਨੂੰ ਨਿਹਾਅ

Original with;
Punjab Vidhan Sabha
Digitized by;
Panjab Digital Library

ਕਰਨਾ ਪਿਆ। ਫਗੂਵਾਲੀਆ ਸਾਹਿਬ ਨੇ 1919 ਦੇ ਜਲ੍ਹਿਆਂ ਵਾਲੇ ਬਾਗ ਦੇ ਵਾਅਕੇ ਤੋਂ ਪ੍ਰਭਾਵਤ ਹੋ ਕੇ ਫੌਜ ਵਿਚ ਬਗਾਵਤ ਕੀਤੀ ਅਤੇ ਕੈਦ ਹੋਏ। ਉਸ ਤੋਂ ਬਾਅਦ ਲਗਾਤਾਰ ਕੈਦਾਂ ਕਟਦੇ ਰਹੇ। ਉਹ 1928 ਤੋਂ 1950-51 ਤਕ ਪਰਜਾ ਮੰਡਲ ਦੀ ਤਰੀਕ ਨੂੰ ਅਗਾਂਹ ਲਿਜਾਂਦੇ ਰਹੇ ਅੱਰ ਰਜਵਾੜਾ-ਸ਼ਾਹੀ ਦੇ ਖਿਲਾਫ ਲੜਦੇ ਰਹੇ। ਇਸ ਲਈ ਉਨ੍ਹਾਂ ਦਾ ਸਾਰੇ ਹਿੰਦੁਸਤਾਨ ਨੂੰ ਬਹੁਤ ਹੀ ਘਾਟਾ ਪਿਆ ਹੈ।

ਸ਼੍ਰੀਮਤੀ ਸੀਤਾ ਦੇਵੀ, ਮੇਰਾ ਖਿਆਲ ਹੈ ਕਿ ਉਸ ਦਾ ਸਾਰਾ ਪਰੀਵਾਰ ਪ੍ਰਿੰਸੀਪਲ ਛਬੀਲ ਦਾਸ, ਉਸ ਦੀਆਂ ਦੋਵੇਂ ਲੜਕੀਆਂ ਦੇਸ਼ ਦੀ ਆਜ਼ਾਦੀ ਵਾਸਤੇ ਕੈਦ ਹੁੰਦੀਆਂ ਰਹੀਆਂ, ਦੇਸ਼ ਦੀ ਆਜ਼ਾਦੀ ਨੂੰ ਬਰਕਰਾਰ ਰਖਣ ਲਈ ਯਤਨ ਕਰਦੀਆਂ ਰਹੀਆਂ। ਇਸ ਤੋਂ ਬਾਅਦ ਸ਼੍ਰੀਮਤੀ ਸੀਤਾ ਦੇਵੀ ਮਜ਼ਦੂਰਾਂ ਲਈ ਕੰਮ ਕਰਦੀ ਰਹੀ ਔਰ ਉਨ੍ਹਾਂ ਦੀ ਜਿਹੜੀ ਘਾਟ ਸਾਡੇ ਸੂਬੇ ਵਿਚ ਹੋਈ ਅਸੀਂ ਉਹ ਪੂਰੀ ਨਹੀਂ ਕਰ ਸਕਦੇ। ਉਹ ਵਿਧਾਨ ਸਭਾ ਵਿਚ, ਕੌਂਸਲ ਵਿਚ ਜਾਂ ਰਾਜ ਸਭਾ ਵਿਚ ਜਿੰਨਾ ਚਿਰ ਰਹੀ ਉਸ ਨੇ ਆਪਣਾ ਯੋਗ ਹਿਸਾ ਪਾਇਆ।

ਇਸੇ ਤਰ੍ਹਾਂ ਸ਼੍ਰੀ ਬਿਸ਼ਨ ਨਾਥ ਐਡਵੋਕੇਟ ਰਾਜਪੁਰੇ ਦੀ ਪਰਜਾ ਮੰਡਲ ਦੇ ਸਰਕਰਦਾ ਕਾਰਕੁਨ ਸਨ। ਉਹ ਤਕਰੀਬਨ 1940-41 ਤੋਂ ਪਹਿਲਾਂ ਪਰਜਾ ਮੰਡਲ ਦੀ ਤਹਿਰੀਕ ਵਿਚ ਸ਼ਾਮਲ ਹੋਏ ਸਨ ਔਰ ਪਰਜਾ ਮੰਡਲ ਤਹਿਰੀਕ ਦੇ ਵਿਚ ਇਕ ਵਕੀਲ ਦੇ ਨਾਤੇ ਉਹ ਕੇਸ ਲੜਦੇ ਸਨ। ਇਸ ਤੋਂ ਬਿਨਾਂ ਉਹ ਮਿਉਂਸਪਲ ਕਮੇਟੀ ਦੇ ਪ੍ਰਧਾਨ ਰਹੇ ਔਰ ਪਰਜਾ ਮੰਡਲ ਦੇ ਵੀ ਪਰਧਾਨ ਰਹੇ ਔਰ ਉਨ੍ਹਾਂ ਦਾ ਛੋਟੀ ਉਮਰ ਵਿਚ ਹੀ ਦੇਹਾਂਤ ਹੋ ਜਾਣਾ ਮੈਂ ਸਮਝਦਾ ਹਾਂ ਕਿ ਸਾਡੇ ਵਾਸਤੇ ਬਹੁਤ ਬੜਾ ਘਾਟਾ ਹੈ।

ਸਾਡੇ ਹੋਰ ਚਾਰ-ਪੰਜ ਸਾਥੀ ਸਾਡੀ ਵਿਧਾਨ ਸਭਾ ਦੇ ਮੈਂਬਰ ਸਨ, ਉਹ ਵੀ ਇਥੋਂ ਚਲੇ ਗਏ ਹਨ ਉਨ੍ਹਾਂ ਨੇ ਵੀ ਬੜਾ ਜ਼ਿਆਦਾ ਹਿੱਸਾ ਸਿਆਸਤ ਵਿਚ ਪਾਇਆ ਸੀ। ਮੈਂ ਆਪਣੀ ਪਾਰਟੀ ਵਲੋਂ ਇਨ੍ਹਾਂ ਸਾਰੀਆਂ ਹਸਤੀਆਂ ਨੂੰ ਸ਼ਰਧਾਂਜਲੀ ਪੇਸ਼ ਕਰਦਾ ਹਾਂ ਅਤੇ ਗਿਆਨੀ ਜੀ ਨੇ ਜਿਹੜਾ ਮਤਾ ਲਿਆਂਦਾ ਹੈ ਉਸ ਨਾਲ ਪੂਰੀ ਤਰ੍ਹਾਂ ਸਹਿਮਤੀ ਪ੍ਰਗਟ ਕਰਦਾ ਹਾਂ।

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ. ਸੀ.): ਸਪੀਕਰ ਸਾਹਿਬ, ਗਿਆਨੀ ਜੀ ਨੇ ਜਿਹੜਾ ਸੋਕ ਪ੍ਰਸਤਾਵ ਇਨ੍ਹਾਂ ਮਹਾਨ ਹਸਤੀਆਂ, ਸਿਆਸਤਦਾਨਾਂ ਅਤੇ ਆਜ਼ਾਦੀ ਦੇ ਘੁਲਾਟੀਏ, ਰਾਜਿਆਂ ਮਹਾਰਾਜਿਆਂ ਦੇ ਖਿਲਾਫ ਲੜਨ ਵਾਲੇ, ਦੇ ਅਕਾਲ ਚਲਾਣੇ ਤੇ ਪੇਸ਼ ਕੀਤਾ ਹੈ ਮੈਂ ਉਸ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ। ਇਨ੍ਹਾਂ ਮਹਾਨ ਹਸਤੀਆਂ ਦੇ ਅਕਾਲ ਚਲਾਣੇ ਨਾਲ ਸਾਡੇ ਦੇਸ਼ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਇਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹੋਇਆ ਇਸ ਹਾਊਸ ਨੂੰ ਅਪੀਲ ਕਰਾਂਗਾ ਕਿ ਜਿਸ ਤਰ੍ਹਾਂ ਫਗੂਵਾਲੀਆ ਜੀ ਨੇ ਰਾਜਿਆਂ ਮਹਾਰਾਜਿਆਂ ਦੇ ਖਿਲਾਫ ਲੜਾਈ ਲੜਦੇ ਹੋਏ ਆਪਣੀ ਜਾਨ ਤਕ ਦੀ ਕੋਈ ਪ੍ਰਵਾਹ ਨਹੀਂ ਕੀਤੀ ਅਤੇ ਆਪਣੀ ਜ਼ਿੰਦਗੀ ਦੇਸ਼ ਸੇਵਾ ਵਿਚ ਲਾ ਦਿਤੀ, ਅੱਜ ਦੇਸ਼ ਨੂੰ ਇਸ ਆਰਥਿਕ ਸੰਕਟ ਵਿਚੋਂ ਕੱਢਣ ਲਈ ਇਹੋ ਜਿਹੇ ਮਹਾਨ ਲੋਕਾਂ ਦੀ ਲੋੜ ਹੈ। ਇਤਨਾ ਕਹਿੰਦਾ ਹੋਇਆ ਮੈਂ ਦੁਬਾਰਾ ਇਨ੍ਹਾਂ ਸਾਰੀਆਂ ਮਹਾਨ ਸ਼ਖਸੀਅਤਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ: ਮਾਨਯੋਗ ਲੀਡਰ ਆਫ ਦੀ ਹਾਊਸ, ਲੀਡਰ ਆਫ਼ ਦੀ ਆਪੋਜ਼ੀਸ਼ਨ ਅਤੇ ਵੱਖ ਵੱਖ ਪਾਰਟੀਆਂ ਦੇ ਆਨਰੇਬਲ ਮੈਂਬਰਾਂ ਨੇ ਅੱਜ ਜੋ ਵਿਚਾਰ ਅਤੇ ਭਾਵ ਇਨ੍ਹਾਂ ਮਹਾਨ ਵਿਅਕਤੀਆਂ ਦੇ ਚਲਾਣਾ ਕਰ ਜਾਣ ਤੇ ਪ੍ਰਗਟ ਕੀਤੇ ਹਨ ਮੈਂ ਉਨ੍ਹਾਂ ਨਾਲ ਆਪਣੇ ਆਪ ਨੂੰ ਅਤੇ ਸਾਰੇ ਹਾਊਸ ਨੂੰ ਸਮਿਲਤ ਕਰਦਾ ਹਾਂ ।

ਲੈਫਟੀਨੈਂਟ ਜਨਰਲ ਯਾਦਵਿੰਦਰਾ ਸਿੰਘ ਆਫ਼ ਪਟਿਆਲਾ, ਐਕਸ. ਐਮ. ਐਲ. ਏ., 61 ਸਾਲ ਦੀ ਉਮਰ ਵਿਚ 17 ਜੂਨ, 1974 ਨੂੰ ਅਕਾਲ ਚਲਾਣਾ ਕਰ ਗਏ। ਜਦੋਂ ਉਹ 25 ਸਾਲ ਦੇ ਹੋਏ ਤਾਂ ਗੱਦੀ ਤੇ ਬੈਠੇ। ਮਹਾਰਾਜਾ ਹੁੰਦੇ ਹੋਏ ਭੀ ਮਹਾਰਾਜਿਆਂ ਦੀਆਂ ਰਵਾਇਤਾਂ, ਸ਼ਾਨੋ-ਸ਼ੌਕਤ ਅਤੇ ਉਚਾਈ ਨੂੰ ਛੱਡ ਕੇ ਬਹੁਤ ਥਲੇ ਇਨਸਾਨ ਦੇ ਨੇੜੇ ਆਏ । ਇਨ੍ਹਾਂ ਨੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਆਪਣੇ ਹੋਰ ਗਵਾਂਢੀ ਰਿਆਸਤਾਂ ਨੂੰ ਲੋਹ-ਪੁਰਸ਼ ਸਰਦਾਰ ਪਟੇਲ ਦੀ ਇੱਛਾ ਅਨੁਸਾਰ ਭਾਰਤ ਵਿਚ ਸ਼ਾਮਲ ਹੋਣ ਵਾਸਤੇ ਜਿਹੜਾ ਹਿੱਸਾ ਪਾਇਆ ਉਹ ਹਮੇਸ਼ਾ ਯਾਦ ਰਹੇਗਾ । ਉਹ ਰਾਜਪ੍ਰਮੁੱਖ ਦੇ ਅਹੁਦੇ ਤੇ 8 ਸਾਲ ਰਹੇ। ਯੂਨਾਈਟਿਡ ਨੇਸ਼ਨਜ਼ ਦੇ ਸਮਾਗਮ ਅਤੇ ਯੂਨੈਸਕੋ ਦੀਆਂ ਜ਼ਰਾਇਤੀ ਕਾਨਫਰੰਸਾਂ ਵਿਚ ਭਾਰਤ ਦੇ ਨੁਮਾਇੰਦੇ ਬਣ ਕੇ ਕਈ ਵਾਰ ਗਏ । 1967 ਵਿਚ ਭਾਰੀ ਅਕਸਰੀਅਤ ਨਾਲ ਐਮ. ਐਲ. ਏ. ਚੁਣੇ ਗਏ । ਉਹ ਇਟਲੀ ਦੇ ਸਫੀਰ ਵੀ ਰਹੇ ਅਤੇ 1971 ਤੋਂ ਨੀਦਰਲੈਂਡ ਦੇ ਸਫੀਰ ਸੀ ਜਦੋਂ ਉਹ ਸਾਡੇ ਕੋਲੋਂ ਵਿੱਛੜ ਗਏ।

'ਛੁੱਪ ਗਏ ਵੋਹ ਸਾਜ਼ੇ ਹਸਤੀ ਛੇੜ ਕਰ,
ਅਬ ਤੋਂ ਬਸ ਏਕ ਯਾਦ ਹੀ ਯਾਦ ਹੈ' ।

ਸ਼੍ਰੀ ਐਮ. ਬੀ. ਰਾਣਾ, ਸਟੇਟ ਮਨਿਸਟਰ, ਯੂਨੀਅਨ ਗੌਰਮਿੰਟ, ਦਾ ਵਿਛੋੜਾ ਵੀ ਬੜਾ ਦੁੱਖਦਾਈ ਹੈ। ਉਹ 1960 ਤੋਂ 1967 ਤਕ ਗੁਜਰਾਤ ਅਸੈਂਬਲੀ ਦੇ ਸਪੀਕਰ ਰਹੇ । ਫਿਰ ਲੋਕ ਸਭਾ ਦੇ ਮੈਂਬਰ ਚੁਣੇ ਗਏ । ਇਹ ਪਰਿਵਹਿਣ ਤੇ ਜਹਾਜ਼ਰਾਨੀ ਦੇ ਮੰਤਰੀ ਰਹੇ ਤੇ ਹੁਣ ਉਹ ਸਨੱਅਤ ਦੇ ਮੰਤਰੀ ਸਨ । ਉਹ ਮੰਨੇ ਪਰਮੰਨੇ ਖਿਲਾੜੀ ਸਨ ਅਤੇ ਨੈਸ਼ਨਲ ਰਾਈਫਲ ਐਸੋਸੀਏਸ਼ਨ ਆਫ ਇੰਡੀਆ ਦੇ ਤਹਿਤ ਬੇਸ਼ੁਮਾਰ ਰਾਈਫਲ ਕਲੱਬਜ਼ ਕਾਇਮ ਕਰਨ ਵਿੱਚ ਇਨ੍ਹਾਂ ਦਾ ਬੜਾ ਸ਼ਲਾਘਾਯੋਗ ਹਿੱਸਾ ਭੁਲਾਇਆ ਨਹੀਂ ਜਾ ਸਕਦਾ। ਉਹ ਦੋਸਤਾਂ ਦੇ ਪਿਆਰ ਅਤੇ ਵਫਾਦਾਰੀ ਦੇ ਵਿਸ਼ੇਸ਼ ਗੁਣਾਂ ਨਾਲ ਹਮੇਸ਼ਾ ਯਾਦ ਰਹਿਣਗੇ ।

ਗਿਆਨੀ ਕਰਤਾਰ ਸਿੰਘ, ਐਕਸ. ਰੈਵਿਨਿਊ ਮਨਿਸਟਰ, ਪੰਜਾਬ, 1937 ਤੋਂ 1967 ਤਕ ਪੰਜਾਬ ਅਸੈਂਬਲੀ ਦੇ 30 ਸਾਲ ਮੈਂਬਰ ਰਹੇ। 1957 ਤੋਂ 1967 ਤਕ ਉਹ ਮੰਤਰੀ ਰਹੇ । 1923 ਤੋਂ ਅਕਾਲੀ ਦਲ ਵਿਚ ਸ਼ਾਮਿਲ ਹੋਣ ਵਾਲੇ ਗਿਆਨੀ ਕਰਤਾਰ ਸਿੰਘ ਜੀ ਨੈ ਜੰਗੇ-ਆਜ਼ਾਦੀ ਦੇ ਅੰਦੋਲਨ ਵਿਚ ਕਈ ਵਾਰੀ ਜੇਲ੍ਹਾਂ ਵਿਚ ਜਾਕੇ ਉਘਾ ਹਿੱਸਾ ਪਾਇਆ। ਉਹ ਦਰਵੇਸ਼ ਸਿਆਸਤਦਾਨ ਦੇ ਨਾਂ ਨਾਲ ਪ੍ਰਸਿੱਧ ਸਨ ਅਤੇ ਉਹ ਧਾਰਮਿਕ ਨੇਤਾ ਵੀ ਸਨ । ਉਹ ਸਾਰੀ ਸਿੱਖ ਕੌਮ ਅਤੇ ਪੰਥ ਨੂੰ ਆਪਣਾ ਪ੍ਰੀਵਾਰ ਸਮਝਦੇ ਸਨ । ਇਨ੍ਹਾਂ ਦਾ ਮਤ ਸੀ ਕਿ ਹਿੰਦੁਸਤਾਨ ਦੀ ਤਰੱਕੀ, ਮਜ਼ਬੂਤੀ ਅਤੇ ਏਕਤਾ ਵਾਸਤੇ ਮੇਰਾ ਸਿੱਖ ਪਰਿਵਾਰ ਸ਼ਕਤੀਸ਼ਾਲੀ ਹੋ ਕੇ ਉੱਘਾ ਹਿੱਸਾ ਪਾ ਸਕਦਾ ਹੈ । ਸਿਧੇ ਸਾਦੇ, ਢਿੱਲੇ ਢਾਲੇ ਬਸਤਰਾਂ ਵਾਲੇ ਸੰਤ ਅਤੇ ਫਕੀਰ ਜਾਪਣ ਵਾਲੇ ਗਿਆਨੀ ਜੀ ਵਸੀਹ ਜਾਣਕਾਰੀ ਅਤੇ ਹੈਰਾਨ-ਕੁਨ ਯਾਦਾਸ਼ਤ ਰਖਦੇ ਸੀ ਅਤੇ ਉਹ ਆਪਣੀ ਮਿਸਾਲ ਆਪ ਹੀ ਸਨ । ਉਨ੍ਹਾਂ ਦੇ ਵਿਛੋੜੇ ਨਾਲ ਵੀ ਪੰਜਾਬ ਨੂੰ ਬੜਾ

Original with;
Punjab Vidhan Sabha
Digitized by;
Panjab Digital Library

ਘਾਟਾ ਪਿਆ । ਉਹ ਅਕਾਲੀ ਸੀ, ਕਾਂਗਰਸੀ ਸੀ, ਨੇਤਾ ਸੀ, ਉਹ ਸੇਵਕ ਸੀ ਪਰ ਇਨਸਾਨਾਂ ਨਾਲ ਪਿਆਰ ਕਰਨ ਵਾਲੇ ਆਦਮੀ ਜ਼ਰੂਰ ਸੀ ।

'ਕਰੋੜੋਂ ਸਾਲ ਸੇ ਯੂੰ ਤੋ ਹੈ ਆਦਮੀ ਕਾ ਵਜੂਦ,
ਨਿਗਾਹ ਅਬ ਭੀ ਤਰਸਤੀ ਹੈ ਆਦਮੀ ਕੇ ਲਿਯੇ' ।

ਸ਼੍ਰੀਮਤੀ ਸੀਤਾ ਦੇਵੀ ਜੀ, 1946 ਤੋਂ 1957 ਤਕ ਪੰਜਾਬ ਅਸੈਂਬਲੀ ਦੇ ਅਤੇ 1964 ਤੋਂ 1970 ਤਕ ਪੰਜਾਬ ਕੌਂਸਿਲ ਦੇ ਮੈਂਬਰ ਰਹੇ ਅਤੇ ਉਹ ਹੁਣ ਰਾਜ ਸਭਾ ਦੇ ਮੈਂਬਰ ਦੇ ਤੌਰ ਤੇ ਨੁਮਾਇੰਦਗੀ ਕਰ ਰਹੇ ਸਨ। ਦੇਸ਼-ਭਗਤ ਸ਼੍ਰੀਮਤੀ ਸੀਤਾ ਦੇਵੀ ਜੀ ਨੇ ਜੰਗੇ ਆਜ਼ਾਦੀ ਦੇ ਅੰਦੋਲਨ ਵਿਚ ਕਈ ਵਾਰ ਜੇਲ੍ਹ ਕੱਟੀ । ਇਨ੍ਹਾਂ ਦੀ ਸ਼ਾਨਦਾਰ ਸੇਵਾ ਨੂੰ ਇਸਤਰੀ ਜਾਤੀ, ਹਰੀਜਨਾਂ ਅਤੇ ਖਾਸ ਤੌਰ ਤੇ ਮਜ਼ਦੂਰ ਜਥੇਬੰਦੀ ਕਦੇ ਨਹੀਂ ਭੁਲਾ ਸਕਦੀ। ਮਜ਼ਦੂਰਾਂ ਦੀਆਂ ਅੱਖਾਂ ਵਿਚ ਹੰਝੂ ਅੱਜ ਵੀ ਇਨ੍ਹਾਂ ਦੇ ਵਿਛੋੜੇ ਦੇ ਦੁੱਖ ਨਾਲ ਨਹੀਂ ਸੁੱਕੇ ।

ਜਥੇਦਾਰ ਜੰਗੀਰ ਸਿੰਘ ਛਗੂਵਾਲੀਆ, ਐਕਸ. ਐਮ. ਐਲ. ਏ., ਨੇ 18 ਸਾਲ ਅੰਗਰੇਜ਼ਾਂ ਦੀ ਜੇਲ੍ਹ ਵਿਚ ਸੜ ਕੇ ਦੇਸ਼ ਦੀ ਸ਼ਮੇ-ਆਜ਼ਾਦੀ ਤੇ ਨਿਸ਼ਾਵਰ ਹੋਣ ਵਾਲੇ ਨਿਡਰ ਪਰਵਾਨੇ ਦੀ ਮਿਸਾਲ ਆਪਣੇ ਜੀਵਨ ਤੋਂ ਦਿਤੀ । ਅਕਾਲੀ ਪਾਰਟੀ ਨਾਲ ਸਬੰਧ ਰਖਣ ਵਾਲੇ, ਪੰਜਾਬ ਅਸੈਂਬਲੀ ਦੇ ਸਾਬਕਾ ਮੈਂਬਰ, ਜੱਥੇਦਾਰ ਜੰਗੀਰ ਸਿੰਘ ਛਗੂਵਾਲੀਆ ਦੀ ਕ੍ਰਿਸ਼ਟਾਚਾਰ, ਖਵੇਸ਼ੀ-ਪਰਵ ਹੀ ਤੇ ਇਖਲਾਕੀ ਪਦਣ ਤੋਂ ਰਿਹੀਆਂ ਹਸਮਾਂ ਦੇ ਖਿਲਾਫ ਇਨ੍ਹਾਂ ਦੀ ਨਡੀ ਲੜਾਈ ਨੂੰ ਪੰਜਾਬ ਸਦਾ ਯਾਦ ਰੱਖੇਗਾ ।

ਸ਼੍ਰੀ ਖਰੈਤੀ ਰਾਮ ਸਰੀਨ, ਐਕਸ. ਐਮ. ਐਲ. ਸੀ, 53 ਸਾਲ ਦੀ ਛੋਟੀ ਉਮਰ ਵਿਚ ਵਿਛੋੜਾ ਦੇਣ ਵਾਲੇ, ਪੰਜਾਬ ਕੌਂਸਲ ਦੇ ਪੁਰਾਣੇ ਮੈਂਬਰ, ਆਪਣੀ ਦੇਸ਼ ਭਗਤੀ, ਗਰੀਬ ਪਰਵਰੀ ਤੇ ਕਾਂਗਰਸ ਪਾਰਟੀ ਦੇ ਬਤੌਰ ਸਿਪਾਹੀ ਦੇ ਸੇਵਾ ਕਰਨ ਵਾਲੇ ਦੇ ਨਾਂ ਨਾਲ ਯਾਦ ਕੀਤੇ ਜਾਣਗੇ ।

ਸ਼੍ਰੀ ਕੁੰਦਨ ਲਾਲ ਭੰਡਾਰੀ, ਐਕਸ, ਐਮ. ਐਲ. ਏ., ਪੰਜਾਬ ਅਸੈਂਬਲੀ ਦੇ ਪੁਰਾਣੇ ਮੈਂਬਰ ਜੰਗੇ-ਆਜ਼ਾਦੀ ਦੇ ਸਿਪਾਹੀ ਅਤੇ ਉੱਘੇ ਕਾਂਗਰਸੀ ਵਰਕਰ, ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਦੀ ਅਕਾਲ ਮਿਰਤੂ ਨਾਲ ਸਦਮਾ ਪਹੁੰਚਿਆ ਹੈ । ਇਨ੍ਹਾਂ ਪੰਜਾਬ ਅਸੈਂਬਲੀ ਦੇ ਮੈਂਬਰ, ਫਿਰੋਜ਼ਪੁਰ ਕਾਂਗਰਸ ਦੇ ਸਦਰ ਦੇ ਤੌਰ ਤੇ ਜੋ ਕੰਮ ਕੀਤਾ ਹੈ ਉਹ ਸ਼ਲਾਘਾਯੋਗ ਹੈ ।

ਸ਼੍ਰੀ ਓਮ ਪ੍ਰਕਾਸ਼ ਅਗਨੀਹੋਤਰੀ, ਐਕਸ. ਐਮ. ਐਲ. ਏ., ਫਗਵਾੜਾ ਮਿਉਂਸਪੈਲਿਟੀ ਦੇ ਸਾਬਕਾ ਪ੍ਰਧਾਨ ਤੇ ਪੰਜਾਬ ਅਸੈਂਬਲੀ ਦੇ 1962 ਤੋਂ 1967 ਤਕ ਰਹਿਣ ਵਾਲੇ ਪੁਰਾਣੇ ਮੈਂਬਰ, ਆਰੀਆ ਹਾਈ ਸਕੂਲ ਦੇ ਆਦਰਸ਼ ਅਧਿਆਪਕ ਦੀ ਸੇਵਾ ਤੋਂ ਪੰਜਾਬ ਦੇ ਵਾਂਝਿਆ ਹੋਣ ਤੇ ਬੜਾ ਭਾਰੀ ਦੁੱਖ ਹੋਇਆ ।

ਸ਼੍ਰੀ ਬਿਸ਼ਨ ਨਾਥ, ਐਕਸ. ਐਮ. ਐਲ ਏ., ਪੈਪਸੂ, ਆਜ਼ਾਦੀ ਤੋਂ ਬਾਅਦ ਬਣੀ 1952 ਦੀ ਪੈਪਸੂ ਦੀ ਅਸੈਂਬਲੀ ਦੇ ਮੈਂਬਰ ਅਤੇ ਸਮਾਜ ਸੇਵਕ ਅਤੇ ਉੱਘੇ ਵਿਦਵਾਨ ਸਨ । ਇਨ੍ਹਾਂ ਦਾ ਵਿਛੋੜਾ ਸਾਡੇ ਲਈ ਭਾਰੀ ਗਮੀ ਦਾ ਕਾਰਨ ਹੈ ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਪੀਕਰ]

ਸ਼੍ਰੀ ਚੰਦਨ ਲਾਲ ਜੰਡਾ, ਐਕਸ.-ਐਮ. ਐਲ. ਏ., ਦਾ ਬਤੌਰੇ ਕਾਂਗਰਸੀ ਵਰਕਰ ਜੰਗੇ-ਅਜ਼ਾਦੀ ਵਿਚ ਹਿੱਸਾ ਪਾਉਣਾ ਅਤੇ ਗਰੀਬਾਂ ਅਤੇ ਪਸਮਾਂਦਾ ਲੋਕਾਂ ਦੀ ਸੇਵਾ ਜੋ ਉਨ੍ਹਾਂ ਨੇ ਕੀਤੀ ਉਸ ਨੂੰ ਭੁਲਾਇਆ ਨਹੀਂ ਜਾ ਸਕਦਾ । ਇਹ ਮਸ਼ਹੂਰ ਸਨੱਅਤਕਾਰ ਤੇ ਲੋਕਾਂ ਦੇ ਪਿਆਰੇ ਸਨ । ਇਨ੍ਹਾਂ ਦਾ ਵਿਛੋੜਾ ਵੀ ਭਾਰੀ ਦੁੱਖ ਦੀ ਗੱਲ ਹੈ । ਇਹ 1952 ਤੋਂ 1957 ਤਕ ਪੰਜਾਬ ਅਸੈਂਬਲੀ ਦੇ ਮੈਂਬਰ ਰਹੇ ।

ਸੇਠ ਗੋਵਿੰਦ ਦਾਸ, ਐਮ ਪੀ., 16 ਅਕਤੂਬਰ, 1896 ਨੂੰ ਜੱਬਲਪੁਰ ਵਿਚ ਪੈਦਾ ਹੋਣ ਵਾਲੇ ਭਾਰਤ ਦੇ ਪ੍ਰਸਿੱਧ ਨੇਤਾ ਦਾ ਬੇਵਕਤ ਵਿਛੋੜਾ ਕੌਮ ਦਾ ਭਾਰੀ ਨੁਕਸਾਨ ਹੈ । ਉਹ ਪ੍ਰਸਿੱਧ ਕਾਂਗਰਸੀ ਨੇਤਾ ਸਨ ਅਤੇ ਇਨ੍ਹਾਂ ਨੇ ਜੋ ਹਿੱਸਾ ਆਜ਼ਾਦੀ ਦੀ ਲੜਾਈ ਵਿਚ ਪਾਇਆ ਸੀ ਉਹ ਨਾ ਭੁਲਣ ਵਾਲਾ ਹੈ । ਲੋਕ ਸਭਾ ਨੇ ਉਨ੍ਹਾਂ ਦੀ 50 ਸਾਲ ਪਾਰਲੀਮੈਂਟੇਰੀਅਨ ਦੇ ਤੌਰ ਤੇ ਸੇਵਾ ਦੇ ਸਨਮਾਨ ਵਿਚ ਬੜਾ ਸਮਾਰੋਹ ਪਿਛਲੇ ਸਾਲ ਲੋਕ ਸਭਾ ਦੇ ਸੈਂਟਰਲ ਹਾਲ ਵਿਚ ਕੀਤਾ । ਰਾਸ਼ਟਰ ਭਾਸ਼ਾ ਹਿੰਦੀ ਦੀ ਉੱਘੀ ਸੇਵਾ ਕਰਨ ਕਰਕੇ ਉਨ੍ਹਾਂ ਦਾ ਨਾਂ ਹਮੇਸ਼ਾ ਚਮਕਦਾ ਰਹੇਗਾ । ਹਿੰਦੀ ਭਾਸ਼ਾ ਦੇ 109 ਡਰਾਮੇ, ਇੰਦੂਮਤੀ ਨਾਵਲ ਅਤੇ ਹਜ਼ਾਰਾਂ ਲੇਖਾਂ ਤੇ ਕਵਿਤਾਵਾਂ ਤੇ 'ਗਾਂਧੀ ਯੁੱਗ ਪੁਰਾਣ' ਦੇਸ਼ ਨੂੰ ਇਨ੍ਹਾਂ ਦੀ ਬੜੀ ਦੇਣ ਹੈ । ਇਸ ਵਾਸਤੇ ਦੇਸ਼ ਇਨ੍ਹਾਂ ਦਾ ਹਮੇਸ਼ਾ ਰਿਣੀ ਰਹੇਗਾ । ਉਹ ਨੇਤਾ, ਸਮਾਜ ਸੇਵਕ, ਕਵੀ, ਨਾਵਲ ਨਵੀਸ ਤੇ ਸੰਸਦ ਸੱਦਸਯ ਸਨ। ਉਨ੍ਹਾਂ ਬਾਰੇ ਕਿਹਾ ਜਾ ਸਕਦਾ ਹੈ :

'ਤੂ ਏਕ ਸਾਜ਼ ਥਾ ਤੇਰੇ ਨਗਮੇਂ ਹਜ਼ਾਰ ਥੇ,
ਤੂ ਏਕ ਫੂਲ ਥਾ ਤੇਰੇ ਜਲਵੇ ਹਜ਼ਾਰ ਥੇ' ।

ਸ਼੍ਰੀ ਦੁਰਗਾ ਦਾਸ ਜਰਨਲਿਸਟ, ਭਾਰਤ ਦੇ ਜਰਨਲਿਜ਼ਮ ਦੇ ਅਕਾਸ਼ ਤੇ ਚਮਕਣ ਵਾਲੇ ਸੂਰਜ ਨੂੰ ਕਿਹੜਾ ਭਾਰਤੀ ਹੈ ਜਿਹੜਾ ਨਹੀਂ ਜਾਣਦਾ । 'ਦੁਰਗਾ ਰਤਨ ਅਵਾਰਡ' ਜਾਰੀ ਕਰਨ ਵਾਲੀ ਇਸ ਮਹਾਨ ਹਸਤੀ ਦੀਆਂ ਲਿਖੀਆਂ ਪੁਸਤਕਾਂ ਨੂੰ ਪੱਤਰਕਾਰਤਾ ਦੇ ਸਾਹਿਤ ਦਾ ਖਜ਼ਾਨਾ ਮੰਨਿਆ ਜਾਵੇਗਾ । ਇਨ੍ਹਾਂ ਦਾ ਵਿਛੋੜਾ ਜਰਨਲਿਜ਼ਮ ਦੇ ਜਗਤ ਵਿਚ ਬਹੁਤ ਮਹਿਸੂਸ ਕੀਤਾ ਜਾ ਰਿਹਾ ਹੈ ।

ਪਦਮ ਵਿਭੂਸ਼ਨ ਐਮ. ਸੀ. ਸੀਤਲਵਾਦ, ਐਕਸ-ਅਟਾਰਨੀ ਜਨਰਲ ਆਫ਼ ਇੰਡੀਆ, 6 ਸਾਲ ਰਾਜ ਸਭਾ ਦੇ ਮੈਂਬਰ ਰਹੇ । ਉਨ੍ਹਾਂ ਨੇ ਲਾਅ ਕਮਿਸ਼ਨ ਦੇ ਚੇਅਰਮੈਨ ਦੀ ਹੈਸੀਅਤ ਵਿਚ ਇਕ ਮਹਾਨ ਕਾਨੂੰਨੀ ਵਿਦਵਾਨ ਦੇ ਤੌਰ ਤੇ ਜੋ ਭਾਰਤ ਦੀ ਸੇਵਾ ਕੀਤੀ ਹੈ ਉਹ ਹਮੇਸ਼ਾ ਯਾਦ ਰਹੇਗਾ ।

ਸ਼੍ਰੀ ਦਯਾ ਕ੍ਰਿਸ਼ਨ ਗਰਦਿਸ਼ ਜੀ ਐਡੀਟਰ 'ਪਰਦੀਪ' ਵੀ ਪੱਤਰਕਾਰਤਾ ਦੇ ਇਕ ਉਘੇ ਵਿਅਕਤੀ ਸੀ ।

ਮੈਂ ਸਦਨ ਦੇ ਮਾਨਯੋਗ ਮੈਂਬਰਾਂ ਅੱਗੇ ਬੇਨਤੀ ਕਰਾਂਗਾ ਕਿ ਸਾਡੇ ਕੋਲੋਂ ਇਹ ਜੋ ਮਹਾਨ ਹਸਤੀਆਂ ਵਿਛੱੜ ਗਈਆਂ ਹਨ ਇਨ੍ਹਾਂ ਦੀਆਂ ਰੂਹਾਂ ਦੀ ਸ਼ਾਂਤੀ ਵਾਸਤੇ ਅਸੀਂ ਦੋ ਮਿੰਟ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਮੌਨ ਧਾਰਨ ਕਰੀਏ ਅਤੇ ਪ੍ਰਾਰਥਨਾ ਕਰੀਏ । ਇਹ ਸ਼ੋਕ ਪ੍ਰਸਤਾਵ ਇਨ੍ਹਾਂ ਵਿਛੜੀਆਂ ਹੋਈਆਂ ਹੱਸਤੀਆਂ ਦੇ ਪਰਿਵਾਰਾਂ ਨੂੰ ਭੇਜ ਦਿੱਤਾ ਜਾਵੇਗਾ ।

(ਇਸ ਵਕਤ ਸਦਨ ਦੇ ਸਾਰੇ ਮੈਂਬਰ ਸਾਹਿਬਾਨ ਦ ਮਿੰਟ ਮੌਨ ਧਾਰਨ ਕਰਨ ਲਈ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਗਏ) ।

Original with;
Punjab Vidhan Sabha
Digitized by;
Panjab Digital Library

[I associate myself with the feelings expressed by the Leader of the House, Leader of the Opposition, Leaders of other Parties and other hon. Members on the sad and sudden demise of these great personalities.

Lt. General Yadvindra Singh of Patiala, ex-M. L. A. expired on 17th June, 1974 at the age of 61. He was crowned on attaining the age of 25 years. Even though a Maharaja, he renounced the aristocratic conventions and conspicuous living and tried to come nearer to the common man. After Independence, the contribution made by him in making the other neighbouring princely States agree to merge with India according to the wishes of iron-man Sardar Patel, will always be remembered. He represented India in the meetings of U, N. O. and Agricultural Conferences of U.N.E.S.C.O. He was elected to the Punjab Vidhan Sabha with a solid majority. He served the Government of India as its Ambassador to Italy and since 1971, he was the Indian Ambassador to Netherlands till he expired.

'ਛੁੱਪ ਗਏ ਵੁਹ ਸਾਜ਼ੇ ਹਸਤੀ ਛੇੜ ਕਰ,
ਅਬ ਤੋਂ ਬੱਸ ਏਕ ਯਾਦ ਹੀ ਯਾਦ ਹੈ,

The separation from us of Shri M. B. Rana, State Minister, Union Government, is also very painful. He was Speaker of the Gujarat Assembly from 1960 to 1967 and after that he was elected to the Lok Sabha. Previously, he held the portfolio of Transport and Navigation in the Government of India and at the time of his death he was Minister for Industries. He was a prominent sportsman. His contribution in setting up numerous Rifle Clubs under the National Rifle Association of India cannot be forgotten. He will always be remembered for his love and sincerity towards friends.

Giani Kartar Singh, ex-Revenue Minister, Punjab, was Member, Punjab Legislative Assembly from 1937 to 1967. He was a Minister in the Punjab Cabinet from 1957 to 1967. After joining the Akali Dal in 1923, he was imprisoned many-a-time for his participation in the Independence Movement. He was known as a saint politician. He was also a religious leader. He considered all Sikhs and Panth his family and was of the opinion that they could make a considerable contribution in developing, strengthening and uniting India. This simply dressed saint had a vast knowledge and wonderful memory and was an example in himself. Punjab has suffered an irreparable loss in his death. Though, an Akali, a Congressman, a leader and a social worker, yet he was a lover of humanity.

'ਕਰੋੜੋਂ ਸਾਲ ਮੇ ਯੂੰ ਤੋ ਹੈ ਆਦਮੀ ਕਾ ਵਜੂਦ,
ਨਿਗਾਹ ਅਬ ਭੀ ਤਰਸਤੀ ਹੈ ਆਦਮੀ ਕੇ ਲਿਯੇ'।

Shrimati Sita Devi was a Member of the Punjab Legislative Assembly from 1946 to 1957 and a Member of the Punjab Legislative Council from 1964 to 1970 and was presently representing Punjab in the Rajya Sabha. She was imprisoned many-a-time for her participation in the Independence Movement. The services rendered by her cannot be forgotten by our female population and Harijans in general and the labouring classes in particular. The tears of agony shed by the labourering classes at her sad demise are still visible.

Original with;
Punjab Vidhan Sabha
Digitized by;
Panjab Digital Library

[Mr, Speaker]

Jathedar Jangir Singh Phaguwalia, ex-M. L. A. set an example of dauntless patriotism in the cause of Independence. He suffered in prison for 18 years for defying the Britishers. He was a member of the Akali Party. He will be long remembered for waging a war against corruption and devalued moral traditions.

Shri Kharaiti Ram Sarin, ex-M.L.C., left for heavenly abode at a rather young age, i. e. 53 years. He was an ex-member of the Punjab Legislative Council. He will be long remembered as a great patriot, champion of the poor people and soldier of the Congress Party.

Shri Kundan Lal Bhandari, ex-M.L.A., actively participated in the Independence movement. He was a loyal worker of the Congress Party. His death has shocked all of us. The contribution made by him as a Member of the Punjab Legislative Assembly and as President of the Ferozepur Congress deserve appreciation.

Shri Om Parkash Agnihotri was Member of the Punjab Legislative Assembly from 1962-67. He was also ex-Chairman of the Phagwara Municipal Committee. He was an ideal teacher of the Arya High School. The whole of Punjab has deeply felt the loss at his sudden death.

Shri Bishan Nath became Member of the Pepsu Assembly which was formed in 1952 after Independence. He was a great social-worker and scholar. The Punjab State has suffered a considerable loss at his sudden death.

Shri Chandan Lal Jaura, ex-M. L. A., will be long remembered for his dedicated service to the poor and down-trodden people and his contribution as a Congress worker in the Independence movement. He was a very well-known industrialist. He was a Member of the Punjab Legislative Assembly from 1952 to 1957. His sudden death is a great loss to the people of Punjab.

Seth Govind Dass, M. P, was born at Jabalpur on 16th October, 1896. The country has suffered an irreparable loss in his death. He was an important Congress leader and his contribution in the Independence movement cannot be forgotten. Last year, in the Lok Sabha Central Hall, a function was organised to appreciate the services, rendered by him as a parliamentarian for 50 years. He wrote 109 plays in Hindi, 'Indumati' novel and thousands of poems and articles, and 'Gandhi Yug Puran' His is a great contribution and service to the cause of country, for which it will always remain indebted to him. He was a great leader, social reformer, poet, novelist, and a seasoned parliamentarian. It can be very aptly said about him.

"ਤੂੰ ਏਕ ਸਾਜ਼ ਥਾ ਤੇਰੇ ਨਗਮੇ ਹਜ਼ਾਰ ਥੇ,
ਤੂੰ ਏਕ ਫੂਲ ਥਾ ਤੇਰੇ ਸਲਵ ਹਜ਼ਾਰ ਥੇ '।

Who is not familiar with Shri Durga Das, Journalist, whose name shines like a star in the world of journalism. The contribution made

Original with;
Punjab Vidhan Sabha
Digitized by;
Panjab Digital Library

by this great and unique personality as a journalist will be considered as a treasure in the literature of journalism. The most illuminating example in this respect is setting up of the 'Durga Rattan Award'. His absence in the field of journalism will always be felt.

Padam Vibhushan, Shri M. C. Setalvad, ex-Attorney General of India was Member of the Rajya Sabha for 6 years. The services rendered by him to the country as Chairman of the Law Commission and Jurist will always be remembered.

Daya Krishan Gardish was also a famous journalist of Punjab. He was editor of 'Pardeep'. The gap left by his sudden death in the field of journalism cannot be filled up.

I would request the hon. members to rise in their seats and observe silence for two minutes and pray for the salvation of departed souls. The message of condolence will be sent to the bereaved families.]

(All the members of the House stood in silence for two minutes as a mark of respect to the memory of the departed leaders.)

STARRED QUESTIONS AND ANSWERS

ਸਰਦਾਰ ਦਰਬਾਰਾ ਸਿੰਘ ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ, ਸਰ ।

3.00 p. m.

ਸ਼੍ਰੀ ਸਪੀਕਰ: ਤੁਸੀਂ ਕੁਐਸ਼ਚਨ ਆਵਰ ਵਿੱਚ ਹੀ ਪੁਆਇੰਟ ਆਫ਼ ਆਰਡਰ ਰੇਜ਼ ਕਰਨਾ ਸ਼ੁਰੂ ਕਰ ਦਿੱਤਾ ਹੈ । (You have started raising point of order during the Question Hour.)

ਸਰਦਾਰ ਦਰਬਾਰਾ ਸਿੰਘ: ਸਪੀਕਰ ਸਾਹਿਬ, ਮੈਂ ਇਕ ਬੇਨਤੀ ਕਰਨੀ ਹੈ । ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਅੱਜ ਹਾਊਸ ਇੱਕ ਵੱਡੀ ਕੁਤਾਹੀ ਕਰੇਗਾ, ਜਿਸ ਮਹਾਨ ਸ਼ਹੀਦ ਦਾ ਅਸੀਂ ਅੰਤਮ ਸੰਸਕਾਰ ਕਰਕੇ ਹਟੇ ਹਾਂ ਜੇਕਰ ਉਨ੍ਹਾਂ ਦੇ ਮੁਤੱਲਿਕ ਇਕ ਮਜਮੂਈ ਫੈਸਲਾ ਉਨ੍ਹਾਂ ਪ੍ਰਤੀ ਸ਼ਰਧਾ ਵੱਜੋਂ ਰਿਕਾਰਡ ਤੇ ਨਹੀਂ ਲਿਆਵੇਗਾ । ਮੈਂ ਸਮੱਝਦਾ ਹਾਂ ਕਿ ਇਹ ਇਕ ਵੱਡੀ ਭੁੱਲ ਹੋਵੇਗੀ ।.....

ਸ਼੍ਰੀ ਸਪੀਕਰ: ਸਰਦਾਰ ਉਮਰਾਓ ਸਿੰਘ ਜੀ, ਤੁਸੀਂ ਇਕ ਮੋਸ਼ਨ ਲਿਆਕੇ ਦੋ ਘੰਟੇ ਦਾ ਟਾਈਮ ਰਖ ਲਵੋ । (Sardar Umrao Singh Ji, you may move a motion and fix two hours for the purpose.)

ਮਾਲ ਅਤੇ ਚੋਣ ਮੰਤਰੀ: ਸਪੀਕਰ ਸਾਹਿਬ, ਕਈ ਹੋਰ ਮੈਂਬਰਜ਼ ਨੇ ਵੀ ਰੀਪਰਜ਼ੈਂਟ ਕੀਤਾ ਹੈ । ਜੇਕਰ ਤੁਹਾਡੀ ਇਜ਼ਾਜ਼ਤ ਹੋਵੇ ਤਾਂ ਕੋਈ ਸਮਾਂ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿੱਚ ਫੈਸਲਾ ਕਰਕੇ ਰੱਖ ਲਈਏ ।

ਸ਼੍ਰੀ ਸਪੀਕਰ: ਠੀਕ ਹੈ । (All right.)

Now Question No. 2622 by Com. Saghar Singh

Original with;
Punjab Vidhan Sabha
Digitized by;
Panjab Digitized by

ਕੁੱਝ ਸਮੇਂ ਲਈ ਲਗਾਏ ਜਾਣ/ਕੰਮ ਤੋਂ ਬਗੈਰ ਆਈ. ਏ. ਐਸ. ਅਫ਼ਸਰ

*2622. 1. ਕਾਮਰੇਡ ਸਘੱੜ ਸਿੰਘ
2. ਕਾਮਰੇਡ ਸੱਤਪਾਲ ਡਾਂਗ } ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ 1974 ਦੇ ਪਹਿਲੇ ਛੇ ਮਹੀਨਿਆਂ ਦੇ ਦੌਰਾਨ ਰਾਜ ਵਿੱਚ ਕੋਈ ਆਈ. ਏ. ਐਸ.ਅਫ਼ਸਰ ਇਕ ਮਹੀਨੇ ਤੋਂ ਵੱਧ ਬਗੈਰ ਕਿਸੇ ਆਸਾਮੀ/ਕੰਮ ਤੋਂ ਰਹੇ, ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੀ ਗਿਣਤੀ ਅਤੇ ਨਾਂ ਕੀ ਕੀ ਹਨ ਅਤੇ ਹਰ ਇੱਕ ਕੇਸ ਵਿੱਚ ਇਸ ਦੇ ਕੀ ਕਾਰਣ ਸਨ ?

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘ ਵਾਲਾ (ਮੁੱਖ ਸੰਸਦੀ ਸਕੱਤਰ) : ਕੇਵਲ 1 ਆਈ. ਏ. ਐਸ. ਅਫ਼ਸਰ, ਜਿਨ੍ਹਾਂ ਦਾ ਨਾਂ ਸ੍ਰੀ ਐਨ. ਐਸ. ਰਤਨ ਹੈ, ਬਿਨ੍ਹਾਂ ਕਿਸੇ ਨਿਯੁਕਤੀ ਦੇ ਰਹੇ । ਉਹ ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਕੋਲ ਮੈਨੇਜਿੰਗ ਡਾਇਰੈਕਟਰ, ਪੰਜਾਬ ਬਰੀਉਰੀਜ਼ ਲਿਮਟਿਡ, ਦੀ ਆਸਾਮੀ ਤੇ ਡੈਪੂਟੇਸ਼ਨ ਤੇ ਗਏ ਹੋਏ ਸਨ । ਉਨ੍ਹਾਂ ਨੇ ਉਸ ਆਸਾਮੀ ਦਾ ਚਾਰਜ ਸਰਕਾਰ ਦੀ ਮਨਜ਼ੂਰੀ ਜਾਂ ਹੁਕਮ ਜਾਂ ਪੂਰਵ ਸਲਾਹ ਤੋਂ ਬਗੈਰ ਛੱਡ ਦਿੱਤਾ ਸੀ । ਉਨ੍ਹਾਂ ਦਾ ਅਜਿਹਾ ਕਰਨਾ ਆਈ. ਏ. ਐਸ. ਨਿਯਮਾਂ ਸਬੰਧਤ ਧਾਰਾਵਾਂ ਦੇ ਵਿਰੁੱਧ ਸੀ ਅਤੇ ਇਹ ਡਿਊਟੀ ਤੋਂ ਦੌੜਨ ਦੇ ਬਰਾਬਰ ਸੀ । ਇਸ ਲਈ ਇਹ ਫੈਸਲਾ ਕਰਨ ਤੋਂ ਪਹਿਲਾਂ ਕਿ ਉਨ੍ਹਾਂ ਨੂੰ ਕੋਈ ਹੋਰ ਨਿਯੁਕਤੀ ਦਿੱਤੀ ਜਾਵੇ ਜਦੋਂ ਕਿ ਉਨ੍ਹਾਂ ਨੇ ਪਹਿਲੀ ਆਸਾਮੀ (ਜਿੱਥੇ ਲੋਕ ਹਿੱਤ ਵਿੱਚ ਲਗਾਇਆ ਗਿਆ ਸੀ) ਬਗੈਰ ਕਿਸੇ ਹੁਕਮ ਤੋਂ ਛੱਡ ਦਿੱਤਾ ਸੀ, ਇਹ ਫੈਸਲਾ ਕਰਨਾ ਸੀ ਕਿ ਉਨ੍ਹਾਂ ਦੀ ਇਸ ਅਨੁਸ਼ਾਸ਼ਨ-ਹੀਨਤਾ ਅਤੇ ਦੁਰਾਚਾਰ ਤੇ ਉਨ੍ਹਾਂ ਦੇ ਖਿਲਾਫ਼ ਕੀ ਕਾਰਵਾਈ ਕੀਤੀ ਜਾਵੇ ।

ਕਾਮਰੇਡ ਸੱਤਪਾਲ ਡਾਂਗ : ਕੀ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਇਹ ਦੱਸਣਗੇ ਕਿ ਕੀ ਇਹ ਹਕੀਕਤ ਨਹੀਂ ਕਿ ਇਹ ਜਿਹੜਾ ਜੁਆਇੰਟ ਸੈਕਟਰ ਦੇ ਵਿੱਚ ਸ਼ਰਾਬ ਬਣਾਉਣ ਦਾ ਕਾਰਖਾਨਾ ਲਾਇਆ ਜਾ ਰਿਹਾ ਹੈ, ਜਿਸ ਕੰਪਨੀ ਦੇ ਇਹ ਅਫ਼ਸਰ ਮੈਨੇਜਿੰਗ ਡਾਇਰੈਕਟਰ ਸਨ ਉਸ ਕੰਪਨੀ ਦੇ ਬੋਰਡ ਆਫ਼ ਡਾਇਰੈਕਟਰਜ਼ ਦੀ ਮੀਟਿੰਗ ਦੇ ਵਿੱਚ ਇਹ ਤਜਵੀਜ਼ ਆਈ ਕਿ ਮਿਸਟਰ ਉਬਰਾਏ ਨੂੰ ਜਿਸ ਦੇ ਕਿ ਪੰਜ ਛੇ ਲੱਖ ਦੇ ਸ਼ੇਅਰਜ਼ ਹਨ ਉਸ ਨੂੰ ਸੋਲ ਏਜੰਸੀ ਦਿੱਤੀ ਜਾਵੇ ਪਰ ਮਿਸਟਰ ਰਤਨ ਨੇ ਇਸ ਉੱਤੇ ਇਤਰਾਜ਼ ਕੀਤਾ ? ਕੀ ਇਹ ਵੀ ਹਕੀਕਤ ਨਹੀਂ ਹੈ ਕਿ ਸਰਕਾਰ ਦੇ ਦੂਸਰੇ ਅਫ਼ਸਰ ਜਿਹੜੇ ਕਿ ਬੋਰਡ ਆਫ਼ ਡਾਇਰੈਕਟਰਜ਼ ਦੇ ਵਿਚ ਹਨ ਉਨ੍ਹਾਂ ਨੇ ਮਿਸਟਰ ਰਤਨ ਪਾਸੋਂ ਜ਼ਬਰਦਸਤੀ ਅਸਤੀਫ਼ਾ ਲਿਆ ਕੀ ਉਨ੍ਹਾਂ ਦੇ ਅਸਤੀਫੇ ਦੀ ਨਕਲ ਸਦਨ ਦੀ ਮੇਜ਼ ਤੇ ਰੱਖੀ ਜਾਵੇਗੀ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਇਹ ਗੱਲ ਨਹੀਂ ਹੈ, ਉਨ੍ਹਾਂ ਨੇ ਅਸਤੀਫ਼ਾ ਖੁਦ ਦਿੱਤਾ ਹੈ । ਜੇਕਰ ਕਹੋ ਤਾਂ ਮੈਂ ਉਸ ਅਸਤੀਫੇ ਦੀ ਵਰਡਿੰਗ ਪੜ੍ਹ ਦਿੰਦਾ ਹਾਂ । (ਵਿਘਨ)

Mr. Speaker : Order please.

Original with;
Punjab Vidhan Sabha
Digitized by;
Panjab Digital Library

ਮੁੱਖ ਮੰਸਦੀ ਸਕੱਤਰ : ਉਸ ਅਸਤੀਫ਼ੇ ਦੀ ਵਰਡਿੰਗ ਇਸ ਤਰ੍ਹਾਂ ਹੈ —

To

The Chairman &
Directors, Punjab Breweries Limited,
Regd. Office S.C.O. 54, 55, 56,
Sector 17—A,
Chandigarh.

Sir,

With deep regrets I bring to your kind notice that I am tendering my resignation from the post of Managing Director of your Company. I am taking this step because I feel that the Directors of the Company no longer trust my integrity, honesty and abilities, and I am given to understand that I have outlived my utility. Under the circumstances, the only proper course for me is to resign from the job as it is not possible for any one to work when one has lost the confidence of those for whom one has been working.

I am very very thankful to the Chairman and the Directors of the Company for giving me the chance to serve the Company and make some contribution, in my own humble way, for the success of the Country.

I request the Directors to relieve me of my duties at the earliest possible and convene an urgent meeting of the Board of Directors for passing the necessary resolution for this purpose.

I once again thank the Board of Directors and sincerely regret the inconvenience, if any, being caused to the Board and the Company.

Yours faithfully,

Nripinder S. Rattan.

ਕਾਮਰੇਡ ਸੱਤਪਾਲ ਡਾਂਗ : ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਕੀ ਇਹ ਹਕੀਕਤ ਨਹੀਂ ਹੈ ਕਿ ਉਬਰਾਏ ਸਾਹਿਬ ਨੂੰ ਸੋਲ ਏਜੰਸੀ ਦੇਣ ਲਈ ਕਿਹਾ ਗਿਆ ਅੱਰ ਮਿਸਟਰ ਰਤਨ ਨੇ ਇਤਰਾਜ਼ ਉਠਾਇਆ ? ਕੀ ਇਹ ਵੀ ਹਕੀਕਤ ਨਹੀਂ ਹੈ ਕਿ ਮਿਸਟਰ ਰਤਨ ਦਾ ਪਹਿਲਾ ਅਸਤੀਫ਼ਾ ਬਦਲਕੇ ਨਵਾਂ ਅਸਤੀਫ਼ਾ ਲਿੱਖਵਾ ਲਿਆ ਗਿਆ ਹੈ ? (ਸ਼ੋਮ, ਸ਼ੋਮ)

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਸੋਲ ਏਜੰਸੀ ਦੇਣ ਦਾ ਤਾਂ ਉਸ ਵੇਲੇ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ । ਉੱਥੇ ਤਾਂ ਉਸ ਵੇਲੇ ਪ੍ਰੋਡਕਸ਼ਨ ਸ਼ੁਰੂ ਵੀ ਨਹੀਂ ਸੀ ਹੋਈ ....(ਵਿਘਨ)

Chaudhri Darshan Singh: The resignation speaks that he had lost the confidence of the Directors. May I know from the hon'ble Minister did he make the enquiries from the Directors as to what confidence had been lost?

ਮੁੱਖ ਸੰਸਦੀ ਸੱਕਤਰ : ਉਹਦੇ ਮੰਨ ਵਿੱਚ ਇਹ ਚੀਜ਼ ਆਈ ਹੋਣੀ ਹੈ ਕਿ ਮੈਂ ਇੱਥੇ ਰਹਿਣਾ ਪਸੰਦ ਨਹੀਂ ਕਰਦਾ । ਮੈਂ ਮੁੜਕੇ ਆਪਣੀ ਸਰਕਾਰ ਦੇ ਵਿੱਚ ਜਾਣਾ ਚਾਹੁੰਦਾ ਹਾਂ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਮੁੱਖ ਸੰਸਦੀ ਸਕੱਤਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਇਸ ਹਾਊਸ ਦੇ ਦੋ ਤਿੰਨ ਐਮ. ਐਲ. ਏਜ਼. ਦੀ ਕਮੇਟੀ ਬਣਾ ਕੇ ਇਸ ਚੀਜ਼ ਦੀ ਇਨਕੁਆਇਰੀ ਕਰਾਉਣਗੇ ?

Chief Parliamentary Secretary : Question does not arise.

Original with;
Punjab Vidhan Sabha
Digitized by;
Panjab Digital Library

ਸਰਦਾਰ ਸੁਰਿੰਦਰ ਸਿੰਘ ਕੈਰੋਂ: ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ, ਨੇ ਕਿਹਾ ਹੈ ਕਿ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੋਈ, ਕੀ ਇਨ੍ਹਾਂ ਨੇ ਮੀਟਿੰਗ ਦੀਆਂ ਪ੍ਰੋਸੀਡਿੰਗਜ਼ ਪੜ੍ਹ ਲਈਆਂ ਹਨ ? (ਥੰਪਿੰਗ) ਮੇਰੀ ਤਾਂ ਇਹ ਇਨਫਰਮੇਸ਼ਨ ਹੈ ਕਿ ਉੱਥੇ ਇਹ ਸਵਾਲ ਐਰਾਈਜ਼ ਹੋਇਆ ਸੀ ।

ਮੁੱਖ ਮੰਤਰੀ: ਸਪੀਕਰ ਸਾਹਿਬ, ਇਸ ਅਫਸਰ ਨੂੰ ਉਸ ਕੰਪਨੀ ਵਿੱਚ ਆਨ ਡੈਪੂਟੇਸ਼ਨ ਭੇਜਿਆ ਗਿਆ ਸੀ, ਜਿਸ ਤਰ੍ਹਾਂ ਕਿ ਸਰਕਾਰ ਨੂੰ ਅਧਿਕਾਰ ਹੈ ਕਿ ਆਈ. ਏ. ਐਸ. ਅਫਸਰ ਨੂੰ ਭੇਜਿਆ ਜਾਵੇ । ਉਨ੍ਹਾਂ ਨੂੰ ਸਰਕਾਰ ਦੀ ਮਨਜ਼ੂਰੀ ਬਗੈਰ ਅਸਤੀਫਾ ਨਹੀਂ ਸੀ ਦੇਣਾ ਚਾਹੀਦਾ । ਇਹ ਉਸ ਦਾ ਮਿਸਕਾਨਡਕਟ ਸੀ । ਇਸ ਕਰਕੇ ਪੋਸਟਿੰਗ ਜਲਦੀ ਨਹੀਂ ਹੋਈ ਪਰ ਉਸ ਨੇ ਦੱਸਿਆ ਸੀ ਕੀ ਮੈਂ ਜਜ਼ਬਾਤ ਵਿੱਚ ਆ ਕੇ ਅਸਤੀਫਾ ਦਿੱਤਾ ਹੈ । ਕਸੂਰ ਮੇਰਾ ਕੋਈ ਨਹੀਂ ਹੈ ।

ਅਸੀਂ ਉਸ ਮਾਮਲੇ ਦੀ ਸਾਰੀ ਜਾਂਚ ਕਰ ਰਹੇ ਹਾਂ ਕਿ ਕੀ ਕਾਰਣ ਸੀ ਕਿ ਉਸ ਨੇ ਅਸਤੀਫਾ ਦਿੱਤਾ । ਉਸ ਨੂੰ ਮਜ਼ਬੂਰ ਤਾਂ ਨਹੀਂ ਸੀ ਕੀਤਾ ਗਿਆ ਕਿ ਕਿਸ ਵਜਾਹ ਨਾਲ ਉਸ ਨੇ ਅਸਤੀਫਾ ਦਿਤਾ । ਇਹ ਚੀਜ਼ ਸਰਕਾਰ ਵੇਖ ਰਹੀ ਹੈ । ਉਸ ਦੀ ਪੋਸਟਿੰਗ ਕਰ ਦਿੱਤੀ ਹੈ, ਜ਼ਿੰਮੇਵਾਰ ਜਗਾਹ ਤੇ ਪੋਸਟਿੰਗ ਕੀਤੀ ਹੈ। ਇਸ ਲਈ ਮੈਂ ਮੈਂਬਰ ਸਾਹਿਬਾਨ ਦੀ ਸੇਵਾ ਵਿੱਚ ਇਹ ਬੇਨਤੀ ਕਰਾਂਗਾ ਕਿ ਬਾਕੀ ਗੱਲ ਜੋ ਉਨ੍ਹਾਂ ਦੇ ਨੋਟਿਸ ਵਿੱਚ ਆਈ ਹੈ ਉਹ ਕਿਰਪਾ ਕਰਕੇ ਸਾਨੂੰ ਦੱਸ ਦੇਣ । ਜੇਕਰ ਕਿਸੇ ਨਾਲ ਸਰਵਿਸਿਜ਼ ਵਿੱਚ ਧੱਕਾ ਹੋਇਆ ਹੋਵੇਗਾ ਤਾਂ ਅਸੀਂ ਉਸ ਨੂੰ ਦੂਰ ਕਰ ਦਿਆਂਗੇ ।

ਕਾਮਰੇਡ ਸੱਤਪਾਲ ਡਾਂਗ : ਕੀ ਮਨਿਸਟਰ ਸਾਹਿਬ ਨੂੰ ਇਸ ਗੱਲ ਦਾ ਇਲਮ ਹੈ ਕਿ ਅਸਤੀਫਾ ਦੇਣ ਤੋਂ ਪਹਿਲਾਂ ਅਜੈਸੀ ਦੇਣ ਦਾ ਸਵਾਲ ਆਇਆ, ਜੋ ਓਬਰਾਏ ਐਂਡ ਕੰਪਨੀ ਨੂੰ ਸਾਰੇ ਹਿੰਦੁਸਤਾਨ ਵਿੱਚ ਦੋ ਕਰੋੜ ਰੁਪਿਆ ਕਮਾਉਣ ਵਾਸਤੇ ਦਿੱਤੀ ਜਾਵੇ । ਅਤੇ ਹਰ ਡਾਇਰੈਕਟਰ ਗਵਰਨਮੈਂਟ ਦਾ ਆਦਮੀ ਹੈ, ਉਨ੍ਹਾਂ ਨੂੰ ਇਕ ਇਕ ਸਬ-ਅਜੈਂਸੀ ਦਿੱਤੀ ਜਾਵੇ, ਪਰ ਇਹ ਗੱਲ ਰਤਨ ਨੇ ਨਹੀਂ ਮੰਨੀ, ਬਾਕੀ ਡਾਇਰੈਕਟਰਾਂ ਤੋਂ ਇਸ ਚੀਜ਼ ਨੂੰ ਜ਼ਬਰਦਸਤੀ ਮੰਨਵਾਇਆ ਗਿਆ । 6 ਮਹੀਨੇ ਤੋਂ ਇਸ ਅਫਸਰ ਨੂੰ ਕੋਈ ਡਿਊਟੀ ਨਹੀਂ ਦਿੱਤੀ ਗਈ ਅਤੇ ਅੰਡਰ ਸਸਪੈਨਸ਼ਨ ਹੈ। ਉਸ ਦਾ ਪੀਰੀਅਡ ਰੈਗੂਲਰਾਈਜ਼ ਹੋਣਾ ਹੈ ਅਤੇ ਉਸ ਨੂੰ ਘਰ ਬੈਠੇ-ਤਨਖਾਹ ਦੇਣੀ ਹੈ । ਇਸ ਤਰ੍ਹਾਂ ਕਿਉਂ ਕੀਤਾ ਗਿਆ ਹੈ ?

ਮੁੱਖ ਮੰਤਰੀ: ਮੈਂ ਪਹਿਲਾਂ ਹੀ ਕਿਹਾ ਹੈ ਕਿ ਇਸ ਮਾਮਲੇ ਦੀ ਜਾਣਕਾਰੀ ਕਰਵਾਈ ਜਾਵੇਗੀ, ਲੇਕਿਨ ਮੇਰੇ ਨੋਟਿਸ ਵਿੱਚ ਐਸੀ ਕੋਈ ਗੱਲ ਨਹੀਂ ਆਈ । ਜਿਹੜੀ ਗੱਲ ਹੈ, ਉਹ ਇਹ ਹੈ ਕਿ ਉਸ ਅਫਸਰ ਨੇ ਸਰਕਾਰ ਦੀ ਮਨਜ਼ੂਰੀ ਨਹੀਂ ਲਈ ਸੀ ਅਤੇ ਬਗੈਰ ਮੰਨਜ਼ੂਰੀ ਤੋਂ ਅਸਤੀਫਾ ਦਿੱਤਾ ਸੀ । 6 ਮਹੀਨੇ ਵਾਲੀ ਗੱਲ ਡਾਂਗ ਸਾਹਿਬ ਨੂੰ ਗਲਤ ਮਿਲੀ ਹੈ, ਕੁਝ ਅਰਸਾ ਜ਼ਰੂਰ ਹੋਵੇਗਾ ਪਰ ਇਤਨਾ ਜ਼ਿਆਦਾ ਅਰਸਾ ਨਹੀਂ ਹੈ । ਸਰਕਾਰੀ ਕੰਮਾਂ ਵਿੱਚ ਇਸ ਤਰ੍ਹਾਂ ਕਰਨਾ ਹੀ ਪੈਂਦਾ ਹੈ, ਕਿਸੇ ਅਫਸਰ ਦੇ ਮੁਤੱਲਿਕ ਜਾਣਕਾਰੀ ਕਰਵਾਉਣੀ ਪੈਂਦੀ ਹੈ, ਇਸ ਦੇ ਵਿੱਚ ਉਸ ਨੂੰ ਜਾਣ ਬੁੱਝਕੇ ਖਿਹਾਈ ਰੱਖਣ ਵਾਲੀ ਗੱਲ ਨਹੀਂ ਹੈ। ਮੈਂ ਇਹ ਅਰਜ਼ ਕਰਾਂਗਾ ਕਿ ਘਾਟੇ ਅਤੇ ਵਾਧੇ ਦੀ ਚਿੰਤਾ ਡਾਂਗ ਸਾਹਿਬ ਨਾ ਕਰਨ ।

Original with;
Punjab Vidhan Sabha
Digitized by;
Panjab Digital Library

ਸਰਦਾਰ ਪਰਕਾਸ਼ ਸਿੰਘ ਬਾਦਲ: ਕੀ ਮੁੱਖ ਮੰਤਰੀ ਸਾਹਿਬ ਇਹ ਦੱਸਣਗੇ ਕਿ ਇਸ ਕੇਸ ਵਿੱਚ ਇੱਥੋਂ ਤੱਕ ਵੀ ਹੋਇਆ ਕਿ ਉਸ ਅਫਸਰ ਨੂੰ ਇਸ ਗੱਲ ਤੋਂ ਵੀ ਮੰਨ੍ਹਾ ਕਰ ਦਿੱਤਾ ਜਾਵੇ ਕਿ ਉਹ ਆਪਣੀ ਕਿਸੇ ਮੀਟਿੰਗ ਦੀ ਪ੍ਰੋਸੀਡਿੰਗਜ਼ ਵਿੱਚ ਰਾਏ ਨਾ ਦੇਵੇ ਤਾਂ ਜੋ ਇਤਰਾਜ਼ ਨਾ ਹੋਵੇ ?

ਮੁੱਖ ਮੰਤਰੀ: ਇਹ ਇਨਫਰਮੇਸ਼ਨ ਤਾਂ ਮੈਨੂੰ ਇਨ੍ਹਾਂ ਦੇ ਥਰੂ ਹੁਣੇ ਹੀ ਮਿਲੀ ਹੈ, ਇਸ ਦੀ ਜਾਣਕਾਰੀ ਕਰਵਾ ਲਵਾਂਗੇ ।

AGRICULTURAL PLOTS ATTACHED TO THE RESIDENTIAL ACCOMMODATION OF THE DEPUTY COMMISSIONERS AND SUPERINTENDENTS OF POLICE IN THE STATE

*2669 **Master Chand Singh**: Will the Chief Minister be pleased to state whether there are any agricultural plots attached with the residential accommodations allotted by the Government to the Deputy Commissioners, Superintendents of Police and Senior Superintendents of Police, if so, the details thereof?

Sardar Gurcharan Singh Nihalsingh wala (Chief Parliamentary Secretary) : The details of land attached to the residences of the Deputy Commissioners, Senior Superintendents of Police and Superintendents of Police and some of which may be put to agricultural use by the officers is laid on the Table of the House.

[ਜਿਹੜੀ ਜ਼ਮੀਨ ਡਿਪਟੀ ਕਮਿਸ਼ਨਰਾਂ, ਸੀਨੀਅਰ ਸੁਪਰਡੰਟ ਪੁਲਿਸ/ਸੁਪਰਡੰਟ ਪੁਲਿਸ ਦੇ ਰਿਹਾਇਸ਼ੀ ਸਥਾਨਾਂ ਨਾਲ ਲਗਾਈ ਹੋਈ ਹੈ ਅਤੇ ਜਿਸ ਵਿੱਚ ਕੁਝ ਜ਼ਮੀਨ ਖੇਤੀ ਬਾੜੀ ਪ੍ਰਯੋਗ ਕੀਤੀ ਜਾਂਦੀ ਹੈ, ਸਬੰਧੀ ਸਥਿਤੀ ਨਾਲ ਨੱਥੀ ਸੂਚੀ ਵਿੱਚ ਦਿੱਤੀ ਗਈ ਹੈ ।]

Sr. No.	Name of District Head Quarter	Designation of the officers.	Surplus area in Canals after excluding the essential utility area
1.	Patiala	Deputy Commissioner	5.63
		Superintendent Police	4.52
2.	Amritsar	Deputy Commissioner	2.22
		Senior Superintendent Police	3.66
3.	Hoshiarpur	Deputy Commisssoner	13.24
		Superintendent Police	8.26
4.	Kapurthala	Deputy Commissioner	60.21
5	Gurdaspur	Superintendent Police	41.71

Original with;
Punjab Vidhan Sabha
Digitized by;
Panjab Digital Library

[Chief Parliamentary Secretary)

1	2	3	4
6.	Ludhiana	Senior Superintendent Police	15.75
7.	FeroZepur	Deputy Commissioner	6.87
		Superintendent Police	15.34
8.	Bhatinda	Deputy Commissioner	15.32
		Senior Superintendent Police	6.67
9.	Jullundur	D.C. & Superintendent	5.66
		Total	205.06 Kanals
			20.5 Acres

ਲੜੀ ਨੰ:	ਜ਼ਿਲਾ ਹੈਡ ਕੁਆਟਰ ਦਾ ਨਾਂ	ਅਫ਼ਸਰ ਦੀ ਪਦਵੀ	ਫਾਲਤੂ ਜਗ੍ਹਾ ਕਨਾਲਾਂ ਵਿੱਚ ਜੋ ਜ਼ਰੂਰੀ ਜਗ੍ਹਾਂ ਕੱਢਕੇ ਬਣਦੀ ਹੈ
1.	ਪਟਿਆਲਾ	ਡਿਪਟੀ ਕਮਿਸ਼ਨਰ	5.63
		ਸੁਪਰਡੰਟ ਪੁਲਿਸ	4.52
2.	ਅੰਮ੍ਰਿਤਸਰ	ਡਿਪਟੀ ਕਮਿਸ਼ਨਰ	2.22
		ਸੀਨੀਅਰ ਸੁਪਰਡੰਟ ਪੁਲਿਸ	3.66
3.	ਹੁਸ਼ਿਆਰਪੁਰ	ਡਿਪਟੀ ਕਮਿਸ਼ਨਰ	13.24
		ਸੁਪਰਡੰਟ ਪੁਲਿਸ	8.26
4.	ਕਪੂਰਥਲਾ	ਡਿਪਟੀ ਕਮਿਸ਼ਨਰ	60.21
5.	ਗੁਰਦਾਸਪੁਰ	ਸੁਪਰਡੰਟ ਪੁਲਿਸ	41.71
6.	ਲੁਧਿਆਣਾ	ਸੀਨੀਅਰ ਸੁਪਰਡੰਟ ਪੁਲਿਸ	15.75
7.	ਫਿਰੋਜ਼ਪੁਰ	ਡਿਪਟੀ ਕਮਿਸ਼ਨਰ	6.87
		ਸੁਪਰਡੰਟ ਪੁਲਿਸ	15.34
8.	ਬਠਿੰਡਾ	ਡਿਪਟੀ ਕਮਿਸ਼ਨਰ	15.32
		ਸੀਨੀਅਰ ਸੁਪਰਡੰਟ ਪੁਲਿਸ	6.67
9.	ਜਲੰਧਰ	ਡਿਪਟੀ ਕਮਿਸ਼ਨਰ ਅਤੇ ਸੁਪਰਡੰਟ ਪੁਲਿਸ	5.66
		ਟੋਟਲ	205.06 ਕਨਾਲ
			20.5 ਏਕੜ]

Original with;
Punjab Vidhan Sabha
Digitized by;
Panjab Digital Library

ਮਾਸਟਰ ਚੰਦ ਸਿੰਘ: ਇਹ ਤਾਂ ਕੁਐਸ਼ਚਨ ਗ਼ਲਤ ਹੈ।.....

ਸ਼੍ਰੀ ਸਪੀਕਰ: ਸਵਾਲ ਤਾਂ ਠੀਕ ਹੈ। (The question is in order.)

ਮਾਸਟਰ ਚੰਦ ਸਿੰਘ: ਜ਼ਿਲ੍ਹਾ ਸੰਗਰੂਰ ਦੇ ਡੀ. ਸੀ. ਅਤੇ ਐਸ. ਪੀ. ਦੇ ਰਿਹਾਇਸ਼ੀ ਕੁਆਰਟਰਾਂ ਦੇ ਨਾਲ ਜਿਹੜੀ ਜ਼ਮੀਨ ਲਗਦੀ ਹੈ, ਉਹ ਪੈਦਾਵਾਰ ਦੇਣ ਵਾਲੀ ਜ਼ਮੀਨ ਹੈ, ਉੱਥੇ 48 ਕਵਿੰਟਲ ਕਣਕ ਹੋਈ ਹੈ ਅਤੇ 125 ਰੁਪਏ ਪ੍ਰਤੀ ਕੁਇੰਟਲ ਦੇ ਭਾਅ ਤੇ ਵੇਚੀ ਗਈ, ਹਾਲਾਂ ਕਿ ਕਿਸਾਨਾਂ ਤੋਂ 117 ਰੁਪਏ ਦੇ ਹਿਸਾਬ ਨਾਲ ਖ਼ਰੀਦੀ ਗਈ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਗੱਲ ਦੀ ਇਨਕੁਆਇਰੀ ਕਰਵਾਏਗੀ ਕਿ ਕੀ ਇਸ ਚੀਜ਼ ਦਾ ਕੋਈ ਹਿਸਾਬ ਕਿਤਾਬ ਰੱਖਿਆ ਜਾਂਦਾ ਹੈ ?

ਮੁੱਖ ਸੰਸਦੀ ਸਕੱਤਰ : ਇਹ ਸਵਾਲ ਇਨ੍ਹਾਂ ਦੇ ਸਵਾਲ ਵਿੱਚੋਂ ਪੈਦਾ ਨਹੀਂ ਹੁੰਦਾ। ਇਨ੍ਹਾਂ ਨੇ ਤਾਂ ਸਪੈਸਫਿਕ ਸਵਾਲ ਇਹ ਪੁੱਛਿਆ ਹੈ ਕਿ ਡੀ. ਸੀ., ਐਸ. ਐਸ. ਪੀ. ਅਤੇ ਐਸ. ਪੀ. ਦੀਆਂ ਕੋਠੀਆਂ ਦੇ ਨਾਲ ਲਗਦੀ ਐਗਰੀਕਲਚਰਲ ਜ਼ਮੀਨ ਕਿੰਨੀ ਕਿੰਨੀ ਹੈ ਅਤੇ ਉਹ ਲਿਸਟ ਮੈਂ ਇਨ੍ਹਾਂ ਨੂੰ ਦੇ ਦਿੱਤੀ ਹੈ, ਜੇ ਕਹਿਣ ਤਾਂ ਮੈਂ ਪੜ੍ਹ ਕੇ ਸੁਣਾ ਦੇਂਦਾ ਹਾਂ।

ਸ਼੍ਰੀ ਸਪੀਕਰ: ਉਨ੍ਹਾਂ ਨੇ ਪੜ੍ਹ ਲਈ ਹੈ, ਪੜ੍ਹਨ ਦੀ ਲੋੜ ਨਹੀਂ। (No please, he has already read it.)

ਮੁੱਖ ਸੰਸਦੀ ਸਕੱਤਰ: ਜੋ ਇਨਫਰਮੇਸ਼ਨ ਇਨ੍ਹਾਂ ਨੇ ਪੁੱਛੀ ਸੀ, ਉਹ ਦੇ ਦਿੱਤੀ ਹੈ। ਕਿੰਨੀ ਕਣਕ ਕਿਸੇ ਨੇ ਬੀਜੀ ਹੈ ਅਤੇ ਕਿੰਨੀ ਕੱਢੀ ਹੈ, ਇਹ ਇਨ੍ਹਾਂ ਨੂੰ ਪਤਾ ਹੋਵੇਗਾ।

ਕਾਮਰੇਡ ਸ਼ੱਤ ਪਾਲ ਡਾਂਗ: ਮਨਿਸਟਰ ਸਾਹਿਬ ਨੇ ਇਹ ਕਿਹਾ ਹੈ ਕਿ ਇਹ ਸਪਲੀਮੈਂਟਰੀ ਕੁਰੀਜਨਲ ਸਵਾਲ ਵਿੱਚੋਂ ਪੈਦਾ ਨਹੀਂ ਹੁੰਦਾ, ਮੈਂ ਤਾਂ ਇਹ ਕਹਿੰਦਾ ਹਾਂ ਕਿ ਸਵਾਲ ਬੜਾ ਸਾਫ ਹੈ। ਅਫ਼ਸਰਾਂ ਨੂੰ ਸਰਕਾਰੀ ਕੋਠੀਆਂ ਦਿੱਤੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਨਾਲ ਬਹੁਤ ਜ਼ਮੀਨ ਅਟੈਚਡ ਹੁੰਦੀ ਹੈ, ਇਨ੍ਹਾਂ ਨੂੰ ਭਾਵੇਂ ਪਤਾ ਨਾ ਹੋਵੇ, ਪਰ ਲੋਕਾਂ ਨੂੰ ਪਤਾ ਹੈ, ਪਹਿਲਾਂ ਤਾਂ ਇਹ ਵੀ ਲੋਕਾਂ ਵਿੱਚ ਹੀ ਸ਼ਾਮਿਲ ਸਨ, ਪਰ ਹੁਣ ਨਹੀਂ ਹਨ। ਇਹ ਜਿਹੜੀ ਜ਼ਮੀਨ ਹੈ, ਇਸ ਵਿੱਚੋਂ ਖੇਤੀ ਬਾੜੀ ਕਰਕੇ ਜਿਹੜੀ ਪੈਦਾਵਾਰ ਹੁੰਦੀ ਹੈ ਅਤੇ ਬਹੁਤ ਸਾਰੇ ਕੇਸਾਂ ਵਿੱਚ ਖੇਤੀ ਬਾੜੀ ਵੀ ਸਰਕਾਰੀ ਮੁਲਾਜ਼ਮਾਂ ਤੋਂ ਬੇ-ਗਾਰ ਲੈ ਕੇ ਕਰਵਾਈ ਜਾਂਦੀ ਹੈ, ਅਤੇ ਇਸ ਜ਼ਮੀਨ ਵਿੱਚੋਂ ਜਿਹੜੀ ਆਮਦਨ ਹੁੰਦੀ ਹੈ, ਉਸ ਦਾ ਬਹੁਤ ਸਾਰਾ ਪੋਰਸ਼ਨ ਜਿਹੜਾ ਹੁੰਦਾ ਹੈ ਉਹ ਬਹੁਤ ਸਾਰੇ ਅਫ਼ਸਰਾਂ ਦੀਆਂ ਜੇਬਾਂ ਵਿੱਚ ਚਲਾ ਜਾਂਦਾ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਬਾਰੇ ਕੀ ਕੀਤਾ ਜਾ ਰਿਹਾ ਹੈ ?

ਮੁੱਖ ਮੰਤਰੀ: ਜਦੋਂ ਮੈਂ ਦੇ ਮਹੀਨੇ ਪਹਿਲਾਂ ਲੁਧਿਆਣਾ ਗਿਆ ਸੀ ਤਾਂ ਇਹ ਗੱਲ ਮੇਰੇ ਨੋਟਿਸ ਵਿੱਚ ਆਈ ਕਿ ਪੁਰਾਣੇ ਜ਼ਮਾਨੇ ਵਿੱਚ ਅਫਸਰਾਂ ਨੂੰ ਬਹੁਤ ਵੱਡੀਆਂ ਵੱਡੀਆਂ ਕੋਠੀਆਂ ਦਿੱਤੀਆਂ ਜਾਂਦੀਆਂ ਸਨ ਅਤੇ ਉਨ੍ਹਾਂ ਦੇ ਨਾਲ ਕਾਫੀ ਜ਼ਮੀਨ ਅਟੈਚਡ ਹੈ ਅਤੇ ਇਸ ਉਤੇ ਮੈਂ ਕੁੱਝ ਅਫਸਰਾਂ ਨੂੰ ਸਦ ਕਿ ਕਿਹਾ ਕਿ ਜਿਹੜੀ ਜ਼ਮੀਨ ਵੱਡੀਆਂ ਵੱਡੀਆਂ ਕੋਠੀਆਂ ਨਾਲ ਲਗਦੀ ਹੈ, ਉਸ ਵਿੱਚੋਂ ਮੁਨਾਸਿਬ ਜ਼ਮੀਨ ਕੋਠੀਆਂ ਦੇ ਲਾਨ ਵਾਸਤੇ ਦੇ ਦਿਤੀ ਜਾਵੇ ਅਤੇ ਬਾਕੀ ਜ਼ਮੀਨ ਜਿਹੜੀ ਹੈ ਉਸ ਨੂੰ ਫਰੋਖਤ ਕਰੀਏ ਜਾਂ ਕਾਸ਼ਤ ਕਰੀਏ। ਇਰੀਗੇਸ਼ਨ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਡਿਪਾਰਟਮੈਂਟ ਵਿੱਚ ਵੀ ਕਾਫੀ ਕੋਠੀਆਂ ਨਾਲ ਕਾਫੀ ਜ਼ਮੀਨ ਹੈ । ਉਨ੍ਹਾਂ ਕੋਲੋਂ ਥੋੜ੍ਹਾ ਜਿਹਾ ਕਿਰਾਇਆ ਲਿਆ ਜਾਂਦਾ ਹੈ । ਇਹ ਥੋੜ੍ਹਾ ਕਿਰਾਇਆ ਨਹੀਂ ਲਿਆ ਜਾਣਾ ਚਾਹੀਦਾ, ਬਲਕਿ ਪੂਰਾ ਲਿਆ ਜਾਣਾ ਚਾਹੀਦਾ ਹੈ । ਇਸ ਗੱਲ-ਦਾ ਵੀ ਖਿਆਲ ਹੈ ਕਿ ਜੇ ਕੋਠੀ ਨਾਲ ਜ਼ਿਆਦਾ ਜ਼ਮੀਨ ਹੋਵੇ ਤਾਂ ਕਿਤੇ ਉਸ ਜ਼ਮੀਨ ਦੀ ਆਮਦਨੀ ਉਸ ਅਫਸਰ ਦੀ ਤਨਖਾਹ ਤੋਂ ਹੀ ਨਾ ਵੱਧ ਜਾਵੇ । ਦੂਜੀ ਗੱਲ ਇਹ ਹੈ ਕਿ ਸ਼ਹਿਰਾਂ ਵਿੱਚ ਹਸਪਤਾਲ ਦਫ਼ਤਰ ਵਗੈਰਾ ਵੀ ਬਹੁਤ ਹਨ ਅਤੇ ਕਾਫੀ ਜ਼ਮੀਨ ਰੁਕੀ ਹੋਈ ਹੈ, ਕੋਠੀਆਂ ਨਾਲ ਦੀ ਕਾਫੀ ਜ਼ਮੀਨ ਹੈ ਅਤੇ ਇਹ ਸ਼ਹਿਰਾਂ ਵਿੱਚ ਹਨ । ਸਰਕਾਰ ਨੇ ਇਕ ਸਕੀਮ ਬਣਾਈ ਹੈ ਕਿ ਦਫਤਰਾਂ ਵਗੈਰਾਂ ਨੂੰ ਸ਼ਹਿਰਾਂ ਤੋਂ ਬਾਹਰ ਲੈ ਜਾਇਆ ਜਾਵੇ ਅਤੇ ਜਿਹੜੀ ਜ਼ਮੀਨ ਬਾਕੀ ਹੋਵੇਗੀ ਉਸ ਨੂੰ ਫ਼ਰੋਖਤ ਕਰ ਦਿੱਤਾ ਜਾਵੇ ਤਾਂ ਜੋ ਲੋਕ ਮਕਾਨ ਬਣਾ ਸੱਕਣ ।

ਸਰਦਾਰ ਦਰਬਾਰਾ ਸਿੰਘ: ਕੀ ਚੀਫ਼ ਮਨਿਸਟਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਅਫ਼ਸਰਾਂ ਦੀਆਂ ਕੋਠੀਆਂ ਦੇ ਨਾਲ ਨਾਲ ਮਨਿਸਟਰਜ਼ ਬੰਗਲੋਜ਼ ਦੇ ਵਿੱਚ ਵੀ ਜਿਹੜੇ ਫਲਦਾਰ ਦਰਖਤ ਲਗਾਏ ਗਏ ਹਨ. . . (ਤਾੜੀਆਂ) ਉਨ੍ਹਾਂ ਕੋਠੀਆਂ ਦੇ ਵਿੱਚ ਜਿਹੜੇ ਫਲਦਾਰ ਦਰਖਤ ਲੱਗੇ ਹੋਏ ਹਨ, ਉਨ੍ਹਾਂ ਤੇ ਵੀ ਕੋਈ ਕਿਰਾਇਆ ਲਾਗੂ ਕਰਨਗੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਤੁਸੀਂ ਜਾਣਦੇ ਹੋ ਕਿ ਦੋ ਰਿਆਸਤਾਂ ਬਣਨ ਤੋਂ ਬਾਅਦ ਕੋਠੀਆਂ ਵੰਡੀਆਂ ਗਈਆਂ । ਕੋਠੀਆਂ ਦਾ ਦਰਜਾ ਹੁੱਣ ਮਨਿਸਟਰ ਅਤੇ ਸਪੀਕਰ ਦਾ ਇਕੋ ਹੀ ਹੈ । ਇਹ ਪਹਿਲਾਂ ਜੇ ਕਿਤੇ ਇਸ ਤਰ੍ਹਾਂ ਕਰ ਦਿੰਦੇ ਤਾਂ ਚੰਗਾ ਸੀ, ਹੁਣ ਤੁਸੀਂ ਕਰ ਦਿਉ । ਦੂਜੇ ਇਹ ਸਾਰੀ ਜਾਇਦਾਦ ਯੂਨੀਅਨ ਟੈਰੇਟਰੀ ਦੀ ਹੈ । ਸੋ ਮੈਂ ਤਾਂ ਇਹ ਕਹਾਂਗਾ ਕਿ ਸਰਦਾਰ ਦਰਬਾਰਾ ਸਿੰਘ ਜੇ ਇਸ ਗੱਲ ਨੂੰ ਪਹਿਲਾਂ ਹੀ ਕਰਵਾ ਦੇਂਦੇ ਤਾਂ ਠੀਕ ਸੀ, ਉਨ੍ਹਾਂ ਨੂੰ ਵੀ ਤਜਰਬਾ ਹੈ ।

ਸਰਦਾਰ ਅਜਾਇਬ ਸਿੰਘ ਸੰਧੂ : ਇਹ ਯਾਰੀ ਵਾਲੀ ਗੱਲ ਆ ਗਈ ਹੈ ।

ਮੁੱਖ ਮੰਤਰੀ : ਯਾਰੀ ਤਾਂ ਪਹਿਲਾਂ ਹੀ ਹੈ । ਯਾਰੀ ਤਾਂ ਤੁਸੀਂ ਨਹੀਂ ਮੰਨਦੇ ।

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਤਾਂ ਯਾਰੀ ਵਿੱਚ ਕਦੇ ਪਿਆ ਹੀ ਨਹੀਂ ।

ਮੁੱਖ ਮੰਤਰੀ : ਤੁਸੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹੀ ਹੋਣੀ ਹੈ :

"ਸੁਣ ਯਾਰ ਹਮਾਰੇ ਕਰੋ ਬਿਨੰਤੀਆ"

ਸਰਦਾਰ ਅਜਾਇਬ ਸਿੰਘ ਸੰਧੂ : ਯਾਰ ਕਿਹਾ ਸੀ, ਯਾਰੀ ਨਹੀਂ ਕਹੀ ਸੀ ।

ਸ਼੍ਰੀ ਸਪੀਕਰ : ਯਾਰ ਦੇ ਨਾਲ ਹੀ ਯਾਰੀ ਹੋਵੇਗੀ। (Friendship is always with a friend.)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਨੂੰ ਇਸ ਗੱਲ ਦਾ ਇਲਮ ਹੈ ਜਾਂ ਨਹੀਂ ਕਿ ਪਟਿਆਲੇ ਦੇ ਵਿੱਚ ਜਿਹੜੀਆਂ ਕੋਠੀਆਂ ਮਨਿਸਟਰਜ਼ ਅਲਾਟ ਕਰਾਉਂਦੇ ਸਨ, ਉਨ੍ਹਾਂ ਵਿੱਚ ਇੱਕ ਇੱਕ ਅੰਬ ਦਾ ਬੂਟਾ

Original with;
Punjab Vidhan Sabha
Digitized by;
Panjab Digital Library

ਮਨਿਸਟਰ ਸਾਹਿਬ ਵਾਸਤੇ ਰੱਖ ਕੇ ਬਾਕੀ ਦੇ ਠੇਕੇ ਤੇ ਦੇ ਦਿੱਤੇ ਜਾਂਦੇ ਸਨ । ਹੁਣ ਜਦੋਂ ਉਨ੍ਹਾਂ ਕੋਠੀਆਂ ਵਿੱਚ ਅਫਸਰ ਆ ਗਏ ਹਨ ਤਾਂ ਕੀ ਸਰਕਾਰ ਨੇ ਇਹ ਫੈਸਲਾ ਕਦੋਂ ਚੇਂਜ ਕੀਤਾ ਹੈ ਜਾਂ ਦੁਬਾਰਾ ਇਸ ਤੇ ਵਿਚਾਰ ਕਰਨ ਨੂੰ ਤਿਆਰ ਹੈ ?

ਮੁੱਖ ਮੰਤਰੀ : ਬੜੀ ਸੋਹਣੀ ਗੱਲ ਹੈ । ਇਨ੍ਹਾਂ ਨੇ ਕਿਹਾ ਹੈ ਕਿ ਮਨਿਸਟਰਾਂ ਵਾਸਤੇ ਇਕ ਇਕ ਅੰਬ ਦਾ ਬੂਟਾ ਰੱਖ ਲਿਆ ਜਾਂਦਾ ਸੀ । ਮੈਂ ਇਹ ਅਰਜ਼ ਕਰਦਾ ਹਾਂ ਕਿ ਬਾਬੂ ਬ੍ਰਿਸ਼ ਭਾਨ ਅਤੇ ਸਰਦਾਰ ਪ੍ਰੇਮ ਸਿੰਘ ਪ੍ਰੇਮ ਨੂੰ ਪੁੱਛ ਲਵਾਂਗੇ ਕਿ ਉਨ੍ਹਾਂ ਦੀਆਂ ਕੋਠੀਆਂ ਵਿੱਚ ਇਕ ਇਕ ਬੂਟਾ ਸੀ ਜਾਂ ਦੋ ਦੋ ਸਨ । (ਹਾਸਾ)

ਰਾਜ ਵਿੱਚ ਪੁਲਿਸ ਅਫਸਰਾਂ ਨੂੰ ਦਿੱਤੇ ਇਨਾਮ ।

*2605. ਸ਼੍ਰੀ ਸਰਦਾਰੀ ਲਾਲ ਕਪੂਰ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ

(ੳ) ਰਾਜ ਵਿੱਚ ਉਨ੍ਹਾਂ ਕੇਸਾਂ ਦੀ ਜ਼ਿਲ੍ਹਾਵਾਰ ਗਿਣਤੀ ਕਿਤਨੀ ਹੈ ਜਿਨ੍ਹਾਂ ਵਿੱਚ ਮਾਲੀ ਸਾਲ 1973-74 ਦੇ ਦੌਰਾਨ ਰਾਜ ਵਿੱਚ ਕਾਨੂੰਨ ਅਤੇ ਵਿਵਸਥਾ ਬਣਾਏ ਰੱਖਣ ਲਈ ਕੀਤੀਆਂ ਗਈਆਂ ਸ਼ਲਾਘਾਯੋਗ ਸੇਵਾਵਾਂ ਲਈ ਸਰਕਾਰ ਦੁਆਰਾ ਪੁਲਿਸ ਅਫਸਰਾਂ ਨੂੰ ਇਨਾਮ ਦਿੱਤੇ ਗਏ ?

(ਅ) ਉਪਰੋਕਤ ਭਾਗ (ੳ) ਵਿੱਚ ਹਵਾਲਾ ਦਿੱਤੇ ਗਏ ਇਨਾਮ ਕਿਨ੍ਹਾਂ ਅਧਿਕਾਰੀਆਂ ਦੀਆਂ ਸਿਫਾਰਸ਼ਾਂ ਤੇ ਦਿੱਤੇ ਗਏ ਹਨ ;

(ੲ) ਕੀ ਇਹ ਗੱਲ ਸਰਕਾਰ ਦੇ ਧਿਆਨ ਵਿੱਚ ਆਈ ਹੈ ਕਿ ਕੁੱਝ ਕੇਸਾਂ ਵਿਚ ਉਨ੍ਹਾਂ ਪੁਲਿਸ ਅਫਸਰਾਂ ਨੂੰ ਵੀ ਇਨਾਮ ਦਿੱਤੇ ਗਏ ਸਨ ਜਿਨ੍ਹਾਂ ਨੇ ਰਾਜ ਵਿੱਚ ਕਾਨੂੰਨ ਅਤੇ ਵਿਵਸਥਾ ਬਣਾਏ ਰੱਖਣ ਲਈ ਅਸਲ ਵਿੱਚ ਕੋਈ ਸ਼ਲਾਘਾਯੋਗ ਕੰਮ ਨਹੀਂ ਸੀ ਕੀਤਾ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ?

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘ ਵਾਲਾ (ਮੁੱਖ ਸੰਸਦੀ ਸਕੱਤਰ) : (ੳ) ਸਟੇਟਮੈਂਟਾਂ 'ਏ' ਅਤੇ 'ਬੀ' ਨਾਲ ਨੱਥੀ ਕੀਤੀਆਂ ਜਾਂਦੀਆਂ ਹਨ ।

(ਅ) ਅਵਾਰਡਾਂ ਦੀ ਲਿਸਟ ਜਿਹੜੀ ਸਟੇਟਮੈਂਟ 'ਏ' ਉੱਤੇ ਹੈ ਰਾਜ ਸਰਕਾਰ ਦੀ ਸਿਫਾਰਸਾਂ ਤੇ ਭਾਰਤ ਸਰਕਾਰ ਨੇ ਪਰਵਾਨ ਕੀਤੀ ਸੀ ।

ਇਨਾਮ ਜਿਹੜੇ ਕਿ ਸਟੇਟਮੈਂਟ 'ਬੀ' ਵਿੱਚ ਦਰਜ਼ ਹਨ ਸੁਪਰਵਾਈਜਰੀ ਅਫਸਰਾਂ ਦੀਆਂ ਸਿਫਾਰਸ਼ਾਂ ਤੇ ਜ਼ਿਲ੍ਹਾ ਸੁਪਰਡੈਂਟ ਪੁਲਿਸ ਤੇ ਜ਼ਿਲ੍ਹਾ ਸੁਪਰਡੈਂਟ ਪੁਲਿਸ ਦੀ ਸਿਫਾਰਸਾਂ ਤੋਂ ਡੀ. ਆਈ. ਜੀ. ਨੇ ਅਤੇ ਡੀ.ਆਈ.ਜੀ. ਦੀਆਂ ਸਿਫਾਰਸਾਂ ਤੋਂ ਆਈ.ਜੀ. ਪਾਸੋਂ ਮੰਨਜ਼ੂਰ ਕੀਤੇ ਗਏ ਹਨ ।

(ੲ) ਏਸਾ ਕੋਈ ਕੇਸ ਧਿਆਨ ਵਿੱਚ ਨਹੀਂ ਆਇਆ ਜਿਸ ਵਿੱਚ ਕਿ ਕਿਸੇ ਪੁਲਿਸ ਅਫਸਰ ਨੇ ਸ਼ਲਾਘਾ ਯੋਗ ਕੰਮ ਨਾ ਕੀਤਾ ਹੋਵੇ ਅਤੇ ਉਸ ਨੂੰ ਇਨਾਮ ਦਿੱਤਾ ਹੋਵੇ ।

Original with;
Punjab Vidhan Sabha
Digitized by;
Panj... Digital Library

[ਮੁੱਖ ਸੰਸਦੀ ਸਕੱਤਰ]

ਸਟੇਟਮੈਂਟ 'ਏ'

ਅਜ਼ਾਦੀ ਦਿਵਸ 1973 ਨੂੰ ਹੇਠ ਲਿੱਖੇ ਅਫਸਰਾਂ ਨੂੰ ਸ਼ਲਾਘਾਯੋਗ ਸੇਵਾ ਲਈ ਪੁਲਿਸ ਮੈਡਲ ਪ੍ਰਦਾਨ ਕੀਤੇ ਗਏ ।

1.	ਡੀ. ਸੀ: ਚਕਰਾਵੂਤੀ	ਡੀ. ਆਈ. ਜੀ., ਬੇਤਾਰ, ਪੰਜਾਬ, ਚੰਡੀਗੜ੍ਹ।
2.	ਸ੍ਰੀ ਓ. ਪੀ. ਸ਼ਰਮਾ	ਐਸ. ਪੀ., ਸੀ. ਆਈ. ਡੀ. ਪੰਜਾਬ, ਚੰਡੀਗੜ੍ਹ।
3.	ਸ੍ਰੀ ਦੀਵਾਨ ਚੰਦ ਸ਼ਰਮਾ	ਡੀ. ਐਸ. ਪੀ. ਅੰਮ੍ਰਿਤਸਰ (ਰਿਟਾਇਰਡ)
4.	ਸ੍ਰੀ ਸੀ. ਕੈ. ਸਾਹਨੀ, ਆਈ. ਪੀ. ਐਸ.	ਡਾਇਰੈਕਟਰ ਵਿਜੀਲੈਂਸ ਬਿਯੂਰਿਓ, ਪੰਜਾਬ, ਚੰਡੀਗੜ੍ਹ ।
5.	ਸ੍ਰੀ ਬਲਵੰਤ ਸਿੰਘ	ਡੀ. ਐਸ. ਪੀ. ਫਿਲੌਰ ।
6.	ਸ੍ਰੀ ਧਨੀ ਰਾਮ	ਸੱਬ-ਇੰਨਸਪੈਕਟਰ, ਜ਼ਿਲ੍ਹਾ ਜਲੰਧਰ ।

ਗਣਤੰਤਰ ਦਿਵਸ 1974 ਨੂੰ ਹੇਠ ਲਿੱਖੇ ਅਫਸਰਾਂ ਨੂੰ ਸ਼ਲਾਘਾਯੋਗ ਸੇਵਾ ਲਈ ਪੁਲਿਸ ਮੈਡਲ ਪ੍ਰਦਾਨ ਕੀਤੇ ਗਏ।

1.	ਸ੍ਰੀ ਬਲਜੀਤ ਸਿੰਘ ਧਾਲੀਵਾਲ ਆਈ. ਪੀ. ਐਸ.	ਡੀ. ਆਈ. ਜੀ. ਜਲੰਧਰ ਰੇਂਜ ।
2.	ਸ੍ਰੀ ਗੁਰਬਚਨ ਸਿੰਘ ਭੈਹਨੀਵਾਲ	ਐਸ. ਪੀ., ਸੀ. ਆਈ. ਡੀ., ਪੰਜਾਬ, ਚੰਡੀਗੜ੍ਹ ।
3.	ਸ੍ਰੀ ਸ਼ਿਵ ਮੋਹਨ ਸਿੰਘ ਭੱਲਾ	ਡੀ. ਐਸ. ਪੀ. ਫਿੰਗਰ ਪ੍ਰਿੰਟ ਬਿਯੂਰਿਓ, ਪੰਜਾਬ, ਚੰਡੀਗੜ੍ਹ ।
4.	ਸ੍ਰੀ ਮੁੱਖਤਿਆਰ ਸਿੰਘ ਬਰਾੜ	ਪੀ. ਡੀ. ਐਸ. ਪੀ ਵਿਜੀਲੈਂਸ ਬਿਯੂਰਿਓ, ਪੰਜਾਬ, ਚੰਡੀਗੜ ।
5.	ਸ੍ਰੀ ਕਰਤਾਰ ਸਿੰਘ	ਇੰਨਸਪੈਕਟਰ ਪੁਲਿਸ, ਜ਼ਿਲ੍ਹਾ ਸੰਗਰੂਰ ।
6.	ਸ੍ਰੀ ਹਰਜੀਤ ਸਿੰਘ	ਡੀ. ਐਸ. ਪੀ., ਸੀ. ਆਈ. ਡੀ., ਪੰਜਾਬ, ਚੰਡੀਗੜ੍ਹ ।

ਸਟੇਟਮੈਂਟ 'ਬੀ'

ਇਨਾਮ

ਨੰਬਰ	ਜ਼ਿਲ੍ਹਾ	ਕੇਸਾਂ ਦੀ ਗਿਣਤੀ
1.	ਅੰਮ੍ਰਿਤਸਰ	105
2.	ਜਲੰਧਰ	36
3.	ਗੁਰਦਾਸਪਰ	78

Original with;
Punjab Vidhan Sabha
Digitized by;
Panjab Digital Library

4.	ਕਪੂਰਥੱਲਾ	8
5.	ਹੁਸ਼ਿਆਰਪੁਰ	113
6.	ਪਟਿਆਲਾ	63
7.	ਲੁਧਿਆਣਾ	43
8.	ਰੋਪੜ	65
9.	ਸੰਗਰੂਰ	47
10.	ਫਿਰੋਜ਼ਪੁਰ	204
11.	ਬਠਿੰਡਾ	113
12.	ਫਰੀਦਕੋਟ	28

[(a) Statements A&B are enclosed herewith.

(b) (i) Awards were conferred by the Government of India on the recommendations of the State Government as indicated in statement 'A'

(ii) The rewards as indicated in statement 'B' were given on the recommendations of the Supervisory officers by the District Superintendents of Police, and by the Deputy Inspectors General Police on the recommendations of the Superintendents of Police, and by the Inspector General of Police on the recommendations of Deputy Inspector General of Police.

(c) No case has come to notice in which the police officers who did not do any commendable work were given Awards/Rewards.

STATEMENT 'A'

Police Medal for Meritorious Services were awarded to the following officers on Independence Day, 1973.

1.	Shri D.C. Chakravarty	Deputy Inspector General of Police, Wireless, Punjab, Chandigarh.
2.	Shri O.P. Sharma	S.P./C.I.D., Punjab, Chandigarh.
3.	Shri Diwan Chand Sharma	D.S.P./Amritsar (Retired)
4.	Shri C.K. Sahney, I.P.S.	Director Vigilance Bureau, Punjab, Chandigarh.
5.	Shri Balwant Singh	D.S.P./Phillaur.
6.	Shri Dhani Ram	S.I. Jullundur District.

Original with;
Punjab Vidhan Sabha
Digitized by;
Panjab Digital Library

[ਮੁੱਖ ਸੰਸਦੀ ਸਕੱਤਰ]

Police Medal for Meritorious Services were awarded to the following Officers Republic Day, 1974

1.	Shri Baljit Singh Dhaliwal, I.P.S.	D.I.G. Jullundur Range, Jullundur Cantt.
2.	Sh. Gurbachan Singh Bahniwal	S.P./C.I.D, Punjab, Chandigarh.
3.	Sh. Shiv Mohan Singh Bhalla	D.S.P./Finger Print Bureau, Phillaur.
4.	Sh. Mukhtiar Singh Brar	P.D.S.P, Vigilance Bureau, Punjab, Chandigarh.
5.	Sh. Kartar Singh	Inspector of Police, Sangrur District.
6.	Sh. Harjit Singh	D.S.P./C.I.D., Punjab.

STATEMENT 'B'

REWARDS

Sr. No.	District	No. of cases,
1.	Amritsar	105
2.	Jullundur	36
3.	Gurdaspur	78
4.	Kapurthala	8
5.	Hoshiarpur	113
6.	Patiala	63
7.	Ludhiana	43
8.	Rupar	65
9.	Sangrur	47
10.	Ferozepur	204
11.	Bhatinda	113
12.	Fridkot	28]

ਸ਼੍ਰੀ ਸਰਦਾਰੀ ਲਾਲ ਕਪੂਰ: ਕੀ ਚੀਫ ਪਾਰਲੀਮੈਂਟਰੀ ਸਾਹਿਬ ਇਹ ਦੱਸਣਗੇ ਕਿ ਜਿੰਨੀਆਂ ਪੁਲਿਸ ਅਫਸਰਾਂ ਵਾਸਤੇ ਰਿਕੁਮੈਂਡੇਸ਼ਨਜ਼ ਉਨ੍ਹਾਂ ਦੇ ਉੱਪਰ ਵਾਲਿਆਂ ਅਫਸਰਾਂ ਨੇ ਕੀਤੀਆਂ ਸਨ, ਕੀ ਉਹ ਸਾਰੀਆਂ ਮੰਨ ਲਈਆਂ ਗਈਆਂ ਹਨ ।

ਮੁੱਖ ਸੰਸਦੀ ਸਕੱਤਰ: ਸਪੀਕਰ ਸਾਹਿਬ, ਇਹ ਤਾਂ ਜਿਹੜੀ ਰਿਕੁਮੈਂਡੇਸ਼ਨ ਹੋ ਗਈ ਹੈ ਉਹ ਸਾਰੀ ਮੰਨ ਲਈ ਗਈ ਹੈ। ਇਸ ਦੀ ਲਿਸਟ ਸਾਡੇ ਕੋਲ ਹੈ ਅਤੇ ਅਸੀਂ ਇਹ ਇਨ੍ਹਾਂ ਨੂੰ ਦੇ ਸਕਦੇ ਹਾਂ ।

ਚੌਧਰੀ ਰਾਮ ਸਿੰਘ: ਕੀ ਚੀਫ ਪਾਰਲੀਆਮੈਂਟਰੀ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਉਹ ਕਿਹੜਾ ਤਰੀਕਾ ਹੈ ਜਾਂ ਉਹ ਕਿਹੜੇ ਤਰੀਕੇਕਾਰ ਹਨ ਜਿਸ ਅਨੁਸਾਰ ਇਨ੍ਹਾਂ ਨੇ ਐਵਾਰਡ ਵਾਸਤੇ ਸੈਂਟਰਲ ਗੌਰਮਿੰਟ ਨੂੰ ਰਿਕਮੈਂਡ ਕੀਤਾ ਅਤੇ ਕਿਸ ਤਰੀਕੇ ਅਨੁਸਾਰ ਡਿਸਟ੍ਰਿਕਟ ਅਥਾਰਿਟੀਜ਼ ਨੇ ਇਸ ਸਟੇਟ ਗੌਰਮਿੰਟ ਨੂੰ ਰਿਕਮੈਂਡਸ਼ਨ ਕੀਤੀ ਕਿ ਇਸ ਨੂੰ ਐਵਾਰਡ ਦਿੱਤੇ ਜਾਣ ?

Original with;
Punjab Vidhan Sabha
Digitized by;
Panjab Digital Library

ਮੁੱਖ ਸੰਸਦੀ ਸਕੱਤਰ: ਸਪੀਕਰ ਸਾਹਿਬ, ਤਰੀਕਾਕਾਰ ਤਾਂ ਮੈਨੂੰ ਪਤਾ ਨਹੀਂ ਕੀ ਹੁੰਦਾ ਹੈ ਲੇਕਿਨ ਰਿਕਮੈਂਡੇਸ਼ਨ ਨਾ ਤਾਂ ਮਨਿਸਟਰ ਕਰਦਾ ਹੈ ਅਤੇ ਨਾ ਹੀ ਹਾਊਸ ਕਰਦਾ ਹੈ ਇਹ ਤਾਂ ਡੀਪਾਰਟਮੈਂਟ ਕਰਦਾ ਹੈ। ਲੇਕਿਨ ਲਿਸਟ ਤਿਆਰ ਕੀਤੇ ਜਾਣ ਵੇਲੇ, ਚਾਹੇ ਉਹ ਇਨਸਪੈਕਟਰ ਹੋਵੇ ਜਾਂ ਸੁਪਰਡੰਟ ਹੋਵੇ, ਇਹ ਜ਼ਰੂਰ ਵੇਖਿਆ ਜਾਂਦਾ ਹੈ ਕਿ ਉਸ ਨੇ ਕੰਮ ਠੀਕ ਕੀਤਾ ਹੈ ਅਤੇ ਬੜੀ ਇਮਾਨਦਾਰੀ ਨਾਲ ਕੀਤਾ ਹੈ।

ਸਰਦਾਰ ਅਜਾਇਬ ਸਿੰਘ ਸੰਧੂ: ਮੈਂ ਮੁੱਖ ਸੰਸਦੀ ਸਕੱਤਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਚਕਰਵਰਤੀ ਨੇ ਕਿਹੜੀ ਕੰਮੈਂਡੇਅਬਲ ਸਰਵਿਸ ਕੀਤੀ ਹੈ ਜਿਸ ਤੇ ਉਸ ਨੂੰ ਇਨਾਮ ਮਿਲਿਆ। ਉਹ ਤਾਂ ਰੀਟਾਇਰਮੈਂਟ ਤੱਕ ਬਿਮਾਰ ਹੀ ਰਿਹਾ ਹੈ।

ਮੁੱਖ ਮੰਤਰੀ: ਸਪੀਕਰ ਸਾਹਿਬ, ਸਵਾਲ ਇਹ ਹੈ ਕਿ ਕਿਸੇ ਪਰਟੀਕੁਲਰ ਆਦਮੀ ਦੇ ਕੰਮ ਦਾ ਅੰਦਾਜ਼ਾ ਲਾਕੇ ਉਸ ਤੇ ਡਿਸਕਸ਼ਨ ਕਰਨਾ ਚੰਗਾ ਨਹੀਂ ਲੱਗਦਾ ਅਤੇ ਨਾ ਹੀ ਉਸ ਤੇ ਡਿਸਕਸ਼ਨ ਕਰਨ ਦਾ ਕੋਈ ਲਾਭ ਹੁੰਦਾ ਹੈ। ਪੁਲਿਸ ਅਫਸਰ ਉਹੀ ਐਵਾਰਡ ਲੈਂਦੇ ਹਨ ਜਿਹੜੇ ਕਿ ਆਪਣੀ ਡਿਊਟੀ ਬੜੀ ਬਹਾਦਰੀ ਨਾਲ, ਇਮਾਨਦਾਰੀ ਨਾਲ ਅਤੇ ਵਿਸ਼ਵਾਸ ਨਾਲ ਕਰਦੇ ਹਨ। ਉਨ੍ਹਾਂ ਦੀ ਉਹੀ ਸੇਵਾ ਅਤੇ ਬਹਾਦਰੀ ਦੇ ਕੰਮਾਂ ਨੂੰ ਮਦੇ ਨਜ਼ਰ ਰੱਖ ਕੇ ਪ੍ਰਾਂਤ ਸਰਕਾਰ ਭਾਰਤ ਸਰਕਾਰ ਨੂੰ ਉਨ੍ਹਾਂ ਨੂੰ ਐਵਾਰਡ ਦੇਣ ਲਈ ਉਨ੍ਹਾਂ ਦੇ ਨਾਂ ਭੇਜਦੀ ਹੈ ਅਤੇ 15 ਅਗਸਤ ਜਾਂ 29 ਜਨਵਰੀ ਦੇ ਆਜ਼ਾਦੀ ਵਾਲੇ ਦਿਨ ਹੀ ਉਨ੍ਹਾਂ ਨੂੰ ਇਹ ਐਵਾਰਡ ਦਿੱਤੇ ਜਾਂਦੇ ਹਨ। ਇਸ ਕਰਕੇ ਇਹ ਕਹਿਣਾ ਕਿ ਕੌਣ ਕੌਣ ਮੰਜੂਰੇ ਨਜ਼ਰ ਸੀ ਜਾਂ ਕਿਸ ਨੇ ਕਿਤਨੀ ਸੇਵਾ ਕੀਤੀ ਸੀ ਇਹ ਗੱਲਾਂ ਇੱਥੇ ਰੈਲੇਵੈਂਟ ਨਹੀਂ ਹਨ।

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਇਸ ਗੱਲ ਦੀ ਰੋਸ਼ਨੀ ਵਿੱਚ ਕਿ ਅੰਗਰੇਜਾਂ ਦੇ ਰਾਜ ਵੇਲੇ ਮੰਜੂਰੇ ਨਜ਼ਰ ਉਹ ਹੁੰਦੇ ਸਨ ਜਿਹੜੇ ਕਿ ਲੋਕਾਂ ਨੂੰ ਕੁਟਦੇ ਸਨ ਅਤੇ ਹੁਣ ਮੰਜੂਰੇ ਨਜ਼ਰ ਉਹ ਹਨ ਜਿਹੜੇ ਕਿ ਚਮਚਾਗੀਰੀ ਕਰਦੇ ਹਨ। ਮੈਂ ਸਪੀਕਰ ਸਾਹਿਬ, ਇਹ ਕਹਾਂਗਾ ਕਿ ਜੇ ਇਨ੍ਹਾਂ ਨੇ ਵਾਕਿਆ ਹੀ ਸਹੀ ਆਦਮੀ ਨੂੰ ਐਵਾਰਡ ਦੇਣਾ ਹੈ ਤਾਂ ਇਨ੍ਹਾਂ ਨੂੰ ਚਾਹੀਦਾ ਹੈ ਕਿ ਇਹ ਜਿਸ ਆਦਮੀ ਨੂੰ ਐਵਾਰਡ ਦੇਣਾ ਚਾਹੁੰਦੇ ਹਨ ਉਸ ਆਦਮੀ ਦਾ ਨਾਂ ਲੋਕਾਂ ਦੇ ਨੋਇਸ ਵਿੱਚ ਲਿਆਉਣ ਅਤੇ ਲੋਕਾਂ ਨੂੰ ਪੁੱਛਣ ਕਿ ਇਸ ਤੇ ਕਿਸੇ ਨੂੰ ਕੋਈ ਇਤਰਾਜ਼ ਤਾਂ ਨਹੀਂ ਹੈ ਅਤੇ ਫਿਰ ਇਹ ਵਿਚਾਰ ਕਰਕੇ ਰੀਕਮੈਂਡੇਸ਼ਨ ਕੀਤੀ ਜਾਵੇ।

ਮੁੱਖ ਮੰਤਰੀ: ਸਪੀਕਰ ਸਾਹਿਬ, ਡਾਂਗ ਸਾਹਿਬ ਨੂੰ ਇਹ ਖਿਆਲ ਗਲਤ ਹੋ ਗਿਆ ਹੈ ਕਿ ਇਹ ਐਵਾਰਡ ਕੋਈ ਆਪਣੇ ਆਦਮੀਆਂ ਨੂੰ ਹੀ ਦਿੱਤੇ ਜਾਂਦੇ ਹਨ ਅਤੇ ਲੋਕਾਂ ਦੀ ਰਾਏ ਨਹੀਂ ਲਈ ਜਾਂਦੀ। ਸਪੀਕਰ ਸਾਹਿਬ, ਲੋਕ ਜਿਸ ਪਾਰਟੀ ਨੂੰ ਵੋਟ ਦੇ ਕੇ ਆਪਣਾ ਨੁਮਾਇੰਦਾ ਚੁੱਣ ਕੇ ਇਥੇ ਰਾਜ ਕਰਨ ਲਈ ਭੇਜਦੇ ਹਨ ਉਹ ਲੋਕ ਉਸ ਤੇ ਆਪਣਾ ਵਿਸ਼ਵਾਸ ਕਰਕੇ ਆਪਣਾ ਨੁਮਾਇੰਦਾ ਚੁਣਦੇ ਹਨ ਅਤੇ ਲੋਕਾਂ ਦੀ ਚੁਣੀ ਹੋਈ ਜਿਹੜੀ ਪਾਰਟੀ ਰਾਜ ਕਰਦੀ ਹੈ ਉਹ ਲੋਕਾਂ ਦੀ ਰਾਏ ਨਾਲ ਹੀ ਕੰਮ ਕਰਦੀ ਹੈ।

ਚੌਧਰੀ ਦਰਸ਼ਨ ਸਿੰਘ: ਸਪੀਕਰ ਸਾਹਿਬ, ਕੀ ਮੁੱਖ ਮੰਤਰੀ ਸਾਹਿਬ ਇਹ ਦੱਸਣਗੇ ਕਿ ਫਰੀਦਕੋਟ ਵਿੱਚ 204 ਅਫਸਰ ਹਨ ਜਿਨ੍ਹਾਂ ਨੂੰ ਐਵਾਰਡ ਮਿਲੇ ਹਨ, ਅੰਮ੍ਰਿਤਸਰ ਵਿੱਚ 105

Original with;
Punjab Vidhan Sabha
Digitized by;
Panjab Digital Library

[ਚੌਧਰੀ ਦਰਸ਼ਨ ਸਿੰਘ]

ਹੁਸ਼ਿਆਰਪੁਰ ਵਿੱਚ 113, ਪਟਿਆਲਾ ਬਿਲਕੁਲ ਖਾਲੀ ਅਤੇ ਜਲੰਧਰ ਬਿਲਕੁਲ ਖਾਲੀ ਹਨ, ਕੀ ਸਰਕਾਰ ਦੀਦਾ ਦਾਨਿਸਤਾ ਖਾਸ ਆਦਮੀਆਂ ਨੂੰ ਹੀ ਰਿਕਮੈਂਡ ਕਰਦੀ ਹੈ ਜਾਂ ਪਟਿਆਲਾ ਅਤੇ ਜਲੰਧਰ ਵਿੱਚ ਮਾੜੇ ਅਫਸਰਾਂ ਨੂੰ ਹੀ ਲਗਾਉਣ ਦਾ ਠੇਕਾ ਲਿਆ ਹੋਇਆ ਹੈ । (ਵਿਘਨ)

ਮੁੱਖ ਮੰਤਰੀ: ਸਪੀਕਰ ਸਾਹਿਬ, ਚੌਧਰੀ ਸਾਹਿਬ ਨੇ ਬੜਾ ਹੀ ਚੰਗਾ ਪੁਆਇੰਟ ਰੇਜ਼ ਕੀਤਾ ਹੈ ਮੈਂ ਇਸ ਨੂੰ ਵੇਖ ਲਵਾਂਗਾ ਪਰ ਇਕ ਗੱਲ ਇਹ ਵਾਪਿਸ ਲੈ ਲੈਣ ਕਿ ਸਰਕਾਰ ਨੇ ਮਾੜੇ ਅਫਸਰਾਂ ਨੂੰ ਲਗਾਉਣ ਦਾ ਠੇਕਾ ਲਿਆ ਹੋਇਆ ਹੈ । (ਹਾਸਾ) (ਵਿਘਨ)

Mr. Speaker: Order order, please.

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੈਂ ਪੁੱਛਦਾ ਹਾਂ ਕਿ ਜਿਨ੍ਹਾਂ ਨੂੰ ਐਵਾਰਡ ਦਿੱਤੇ ਹਨ ਕੀ ਇਨ੍ਹਾਂ ਅਫਸਰਾਂ ਵਿਚ ਕੋਈ ਹਰੀਜਨ ਵੀ ਹਨ ।

ਮੁੱਖ ਸੰਸਦੀ ਸਕੱਤਰ: ਇਹ ਸੈਪਰੇਟ ਨੋਟਿਸ ਦੇ ਦੇਣ ਅਸੀਂ ਜਵਾਬ ਦੇ ਦੇਵਾਂਗੇ ।

ਸ਼੍ਰੀ ਸਪੀਕਰ: ਇੱਥੇ ਹਰੀਜਨਾਂ ਦਾ ਸਵਾਲ ਨਹੀਂ ਇੱਥੇ ਬਹਾਦਰੀ ਅਤੇ ਇਮਾਨਦਾਰੀ ਦਾ ਸਵਾਲ ਹੈ । (The question is not about the Harijan Officers. The question is about the bravery and the honesty of officers)

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ: ਕੀ ਚੀਫ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਕਿੰਨੇ ਅਫਸਰ ਅਜਿਹੇ ਰਹਿ ਗਏ ਹਨ ਜਿਨ੍ਹਾਂ ਨੂੰ ਕਿ ਰਿਕਮੈਂਡ ਕਰ ਲਿਆ ਹੈ ਅਤੇ ਉਨ੍ਹਾਂ ਨੂੰ ਐਵਾਰਡ ਨਹੀਂ ਮਿਲਿਆ ।

ਮੁੱਖ ਸੰਸਦੀ ਸਕੱਤਰ: ਇਹ ਸੈਪੇਰਟ ਨੋਟਿਸ ਦੇ ਦੇਣ ਅਸੀਂ ਦੱਸ ਦੇਵਾਂਗੇ ।

ਸਰਦਾਰ ਗੁਰਦੇਵ ਸਿੰਘ ਸਿੱਧੂ : ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਪਟਿਆਲੇ ਦੀ ਪੁਲਿਸ ਜਿਹੜੀ ਕਿ ਅਕਾਲੀ ਅਤੇ ਜਨਸੰਘ ਵਰਕਰਾਂ ਨੂੰ ਕੁਟਦੀ ਹੈ ਅਤੇ ਇਨ੍ਹਾਂ ਦੇ ਉੱਥੇ ਜਾਣ ਤੋਂ ਪਹਿਲਾਂ ਅੰਦਰ ਕਰ ਦਿੰਦੀ ਹੈ ਉਨ੍ਹਾਂ ਨੂੰ ਵੀ ਕੋਈ ਐਵਾਰਡ ਦੇਣਗੇ । (ਸ਼ੋਰ)

ਮੁੱਖ ਮੰਤਰੀ: ਜੇ ਉੱਥੋਂ ਦੇ ਅਫਸਰ ਚੰਗਾ ਅਤੇ ਇਮਾਨਦਾਰੀ ਨਾਲ ਕੰਮ ਕਰਨਗੇ ਤਾਂ ਉਨ੍ਹਾਂ ਦਾ ਨਾਂ ਵੀ ਜ਼ਰੂਰ ਰਿਕਮੈਂਡ ਕਰਾਂਗੇ । (ਸ਼ੋਰ)

ਸ਼੍ਰੀ ਸਪੀਕਰ: ਅਗਲਾ ਸਵਾਲ (Next question)

REPRESENTATION FROM TRADE UNION COUNCIL, MOGA

*2628. 1. **Comrade Achhra Singh**
2. **Comrade Satya Pal Dang** } : Will the Minister for Finance be pleased to state—

(a) whether the Labour Commissioner, Punjab received a representation dated 24th May, 1974 from the Trade Union Council, Moga requesting for the opening of office of Labour Inspector Grade I.

Original with;
Punjab Vidhan Sabha
Digitized by;
Panjab Digital Library

(b) if the answer to part (a) be in the affirmative a copy of the same be laid on the Table of the House.

(c) the decision, if any, taken by the Government in this connection ?

Shri Hans Raj Sharma: (a) Yes Sir.

(b) A copy is placed on the Table of the House.

(c) Since the Labour Commissioner had already issued orders shifting the headquarters of Labour Inspector Grade I, Faridkot, to Moga, no action was required to be taken.

[(ੳ) ਜੀ ਹਾਂ ।

(ਅ) ਇਸ ਦੀ ਇਕ ਕਾਪੀ ਹਾਊਸ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਏ) ਕਿਉਂਕਿ ਕਿਰਤ ਕਮਿਸ਼ਨਰ ਨੇ ਕਿਰਤ ਇਨਸਪੈਕਟਰ ਗਰੇਡ 1 ਫਰੀਦਕੋਟ ਦਾ ਹੈਡਕੁਆਟਰ ਮੋਗੇ ਵਿੱਖੇ ਬੱਦਲਣ ਲਈ ਪਹਿਲਾਂ ਹੀ ਹੁਕਮ ਜਾਰੀ ਕਰ ਦਿਤੇ ਸਨ । ਇਸ ਲਈ ਹੋਰ ਕਾਰਵਾਈ ਦੀ ਲੋੜ ਨਹੀਂ ਸੀ ।]

ਕਾਪੀ ਪੱਤਰ ਨੰ: ਨਿਲ ਮਿੱਤੀ 24 ਮਈ, 1974 ਵੱਲੋਂ ਟਰੇਡ ਯੂਨੀਅਨ ਕੌਂਸਲ, ਮੋਗਾ ਵੱਲ ਕਿਰਤ ਕਮਿਸ਼ਨਰ, ਪੰਜਾਬ, ਚੰਡੀਗੜ੍ਹ ।

ਵਿਸ਼ਾ : —ਲੇਬਰ ਇਨਸਪੈਕਟਰ ਗਰੇਡ 1 ਦੇ ਦਫਤਰ ਦੀ ਮੋਗਾ ਵਿੱਖੇ ਸਥਾਪਤੀ ਬਾਰੇ

ਸ਼੍ਰੀਮਾਨ ਜੀਓ,

ਬੇਨਤੀ ਹੈ ਕਿ ਮੋਗਾ ਵਿੱਖੇ ਸਨਅੱਤੀ ਮਜ਼ਦੂਰਾਂ ਦੀ ਗਿਣਤੀ 700 ਦੇ ਕਰੀਬ ਹੈ । ਜਿਹਨਾਂ ਦੀ ਸਮੱਸਿਆਵਾਂ/ਸ਼ਕਾਇਤਾਂ ਦਿਨ ਪ੍ਰਤੀ ਦਿਨ ਵਧਦੀਆਂ ਜਾ ਰਹੀਆਂ ਹਨ । ਲੇਬਰ ਇਨਸਪੈਟਰ ਗਰੇਡ 1 ਫੀਰੋਜ਼ਪੁਰ ਕਿਰਤੀਆਂ ਦੀਆਂ ਸ਼ਕਾਇਤਾਂ ਮੋਗੇ ਤੋਂ ਦੂਰ ਹੋਣ ਕਾਰਨ ਨਿਪਟਾਉਣ ਤੋਂ ਅਸਮਰਥ ਰਿਹਾ ਹੈ । ਕਿਰਤ ਇਨਸਪੈਕਟਰ ਗਰੇਡ 1 ਦਾ ਦਫਤਰ ਫਰੀਦਕੋਟ ਵਿੱਖੇ ਖੋਲ੍ਹਣ ਦਾ ਸਰਕਾਰ ਦਾ ਫੈਸਲਾ ਸੁਣ ਕੇ ਬੜੀ ਹੈਰਾਨੀ ਵਾਲੀ ਗੱਲ ਹੈ ਕਿਉਂਕਿ ਫਰੀਦਕੋਟ ਸ਼ਹਿਰ ਵਿੱਚ ਕੋਈ ਸਨਅਤੀ ਮਜ਼ਦੂਰ ਨਹੀਂ ਹੈ । ਇਸ ਲਈ ਫਰੀਦਕੋਟ ਸ਼ਹਿਰ ਵਿੱਚ ਕਿਰਤ ਇਨਸਪੈਕਟਰ ਗਰੇਡ 1 ਦਾ ਦਫਤਰ ਸਥਾਪਿਤ ਕਰਨ ਦਾ ਫੈਸਲਾ ਕੈਂਸਲ ਕੀਤਾ ਜਾਵੇ ।

ਬੇਨਤੀ ਇਹ ਹੈ ਕਿ ਕਿਰਤੀਆਂ ਦੀਆਂ ਨਿੱਤ ਦਿਹਾੜੀ ਦੀਆਂ ਤਕਲੀਫਾਂ ਨੂੰ ਮੁੱਖ ਰੱਖਦਿਆਂ ਹੋਇਆਂ ਕਿਰਤ ਇਨਸਪੈਕਟਰ ਗਰੇਡ 1 ਦਾ ਦਫਤਰ ਮੋਗਾ ਵਿੱਖੇ ਸਥਾਪਤ ਕੀਤਾ ਜਾਵੇ । ਧੰਨਵਾਦ ।

ਨਿਵੇਦਕ
ਸਹੀ/-
ਸਵਰਨ ਸਿੰਘ ਸਹਿਗਲ
ਸਕੱਤਰ,
ਟਰੇਡ ਯੂਨੀਅਨ ਕੌਂਸਲ, ਮੋਗਾ ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਸੱਤਪਾਲ ਡਾਂਗ: ਸਪੀਕਰ ਸਾਹਿਬ, ਜੇ ਇਨ੍ਹਾਂ ਨੈ ਫਰੀਦਕੋਟ ਵਿੱਚੋਂ ਹੈਡਕੁਆਰਟਰ ਬਦਲ ਕੇ ਮੋਗੇ ਵਿੱਚ ਰੱਖ ਲਿਆ ਹੈ ਤਾਂ ਕੀ ਇਹ ਫਰੀਦਕੋਟ ਵਿੱਚ ਲੇਬਰ ਇਨਸਪੈਕਟਰ ਗਰੇਡ 1 ਦੀ ਨਵੀਂ ਪੋਸਟ ਲਿਆ ਕੇ ਉਥੇ ਭਰਨ ਲਈ ਤਿਆਰ ਹਨ ?

ਮੰਤਰੀ: ਸਪੀਕਰ ਸਾਹਿਬ, ਕਿਉਂਕਿ ਮੋਗੇ ਵਿਚ ਇੰਡਸਟਰੀਜ਼ ਅਤੇ ਲੇਬਰ ਦੀ ਤਦਾਦ ਜ਼ਿਆਦਾ ਹੈ ਇਸ ਕਰਕੇ ਉਥੇ ਹੈਡਕੁਆਰਟਰ ਰੱਖ ਲਿਆ ਹੈ ਪਰ ਜਦ ਵੀ ਕਦੇ ਫਰੀਦਕੋਟ ਵਿੱਚ ਲੋੜ ਪਵੇਗੀ ਮੋਗੇ ਦੇ ਹੈਡਕੁਆਰਟਰ ਤੋਂ ਕਰਮਚਾਰੀ ਆਕੇ ਉਥੋਂ ਦੇ ਲੋਕਾਂ (ਲੇਬਰਹਜ਼) ਦੀ ਤਕਲੀਫ ਸੁਣ ਸਕਦਾ ਹੈ ।

ਸਪੀਕਰ ਸਾਹਿਬ, ਇਹ ਪਿਛੇ ਕਾਨੂੰਨ ਬਣਿਆ ਸੀ ਪਰ ਬਾਅਦ ਵਿਚ ਇਸ ਵਿੱਚ ਪਰਿਵਰਤਨ ਕੀਤਾ ਗਿਆ ਕਿ ਜਿਥੇ ਵੀ ਇੰਡਸਟਰੀਜ਼ ਅਤੇ ਲੇਬਰਰਜ਼ ਦੀ ਤਦਾਦ ਜ਼ਿਆਦਾ ਹੈ ਉਥੇ ਹੀ ਹੈਡਕੁਆਰਟਰਜ਼ ਖੋਲੇ ਜਾਣ ਅਤੇ ਹੋਰ ਕਿਤੇ ਜਦੋਂ ਵੀ ਲੋੜ ਪਵੇ ਉਹ ਚਲਿਆ ਜਾਵੇ । ਇਸ ਨਾਲ ਐਕਸਚੈਕਰ ਨੂੰ ਵੀ ਬਚਤ ਹੋ ਜਾਂਦੀ ਹੈ ।

ਸ਼੍ਰੀ ਸਰਦਾਰੀ ਲਾਲ ਕਪੂਰ: ਕੀ ਚੀਫ ਮਨਿਸਟਰ ਸਾਹਿਬ ਇਹ ਦਸਣਗੇ ਕਿ ਜਿਹੜਾ ਸਲਮ ਕਲੀਅਰੈਂਸ ਦੇ ਮੁੱਤਲਕ ਦਸਿਆ ਗਿਆ ਹੈ ਉਹ ਕਿਹੜੇ ਕਿਹੜੇ ਇਲਾਕੇ ਵਿੱਚ ਸਲਮ ਕਲੀਅਰੈਂਸ ਹੋਈ ਹੈ ਅਤੇ ਜਿਹੜੀ ਸੀਵੀਐਰੇਜ ਦਾ ਕੰਮ ਸ਼ੁਰੂ ਕੀਤਾ ਹੈ ਉਸ ਵਾਸਤੇ ਕਿੰਨੇ ਪਰਸੈਂਟ ਲੋਕਾਂ ਨੂੰ ਕੁਨੈਕਸ਼ਨ ਮਿਲਿਆ ਹੈ ।

ਮੰਤਰੀ: ਇਸ ਵਾਸਤੇ ਇਹ ਸੈਪਰੇਟ ਨੋਟਿਸ ਦੇ ਦੇਣ ਤਾਂ ਅਸੀਂ ਦਸ ਦਿਆਂਗੇ । ਕਲ ਹੀ ਮੈਂ ਲੁਧਿਆਣੇ ਗਿਆ ਸੀ ਜੇ ਇਹ ਮੈਨੂੰ ਉਥੇ ਮਿਲ ਲੈਂਦੇ ਤਾਂ ਮੈਂ ਇਨ੍ਹਾਂ ਨੂੰ ਉਥੋਂ ਹੀ ਮਿਊਂਨਸੀਪੈਲਿਟੀ ਕੋਲੋਂ ਇਨਫਰਮੇਸ਼ਨ ਲੈਕੇ ਦਸ ਦਿੰਦਾ ।

SANITARY CONDITION IN LUDHIANA CITY

*2606 **Shri Sardari Lal Kapur**: Will the Minister for Finance be pleased to state—

(a) whether it has come to the notice of the Government that the sanitary conditions in the Ludhiana City are not satisfactory.

(b) if the reply to (a) above be in the affirmative, the action the Government propose to take to improve the sanitary conditions in that city ?

Shri Hans Raj Sharma: (a) The Municipal Committee, Ludhiana has reported that the sanitary conditions in the town are now better than before. However, there is scope for further improvement.

(b) Maintenance of sanitary system is primarily the responsibility of the Municipal Committee. Much of the city has been covered by underground drainage and sewerage and arrangements for laying underground sewerage in respect of the remaining areas are also under

Original with;
Punjab Vidhan Sabha
Digitized by;
Panjab Digital Library

way. The State Government gave an assistance of Rs. 46 lacs to the Municipal Committee, Ludhiana in the last two years for taking up development works. A sum of Rs. 36 lacs has also been spent by the Municipal Committee, Ludhiana, for the slum improvement work and sanitation in slum areas, which was given to the Municipal Committee by the Central Government, in the form of subsidy. Government is also preparing a project for Integrated Urban Development of the city which is proposed to be submitted to Government of India for financial assistance under the Central Scheme of Integrated Development of Cities.

[(ਏ) ਲੁਧਿਆਣਾ ਨਗਰਪਾਲਿਕਾ ਨੇ ਸੂਚਿਤ ਕੀਤਾ ਹੈ ਕਿ ਸ਼ਹਿਰ ਦੀ ਸਫਾਈ ਦੀ ਹਾਲਤ ਅੱਗੇ ਨਾਲੋਂ ਚੰਗੀ ਹੈ ਅਤੇ ਵਧੇਰੇ ਚੰਗੀ ਕਰਨ ਦੀ ਗੁੰਜਾਇਸ਼ ਹੈ ।

(ਬੀ) ਸਫਾਈ ਦੇ ਪ੍ਰਬੰਧ ਨੂੰ ਠੀਕ ਰੱਖਣ ਦੀ ਬੁਨਿਆਦੀ ਜ਼ਿੰਮੇਵਾਰੀ ਨਗਰਪਾਲਿਕਾ ਦੀ ਹੈ । ਸ਼ਹਿਰ ਦੇ ਕਾਫੀ ਹਿੱਸੇ ਵਿੱਚ ਜ਼ਮੀਨ ਦੇ ਹੇਠਾਂ ਡਰੇਨ ਅਤੇ ਸੀਵਰੇਜ ਬਣ ਚੁੱਕੇ ਹਨ ਅਤੇ ਬਾਕੀ ਰਹਿੰਦੇ ਇਲਾਕਿਆਂ ਵਿੱਚ ਸੀਵਰੇਜ ਬਣਾਉਣ ਲਈ ਪ੍ਰਬੰਧ ਕੀਤੇ ਜਾ ਰਹੇ ਹਨ । ਰਾਜ ਸਰਕਾਰ ਨੇ ਨਗਰਪਾਲਿਕਾ, ਲੁਧਿਆਣਾ ਨੂੰ ਪਿੱਛਲੇ 2 ਸਾਲਾਂ ਵਿੱਚ 46 ਲੱਖ ਰੁਪਏ ਵਿਕਾਸ ਦੇ ਕੰਮਾਂ ਲਈ ਵਿੱਤੀ ਸਹਾਇਤਾ ਵਜੋਂ ਦਿੱਤੇ ਹਨ । ਹੋਰ 36 ਲੱਖ ਰਪਏ ਨਗਰਪਾਲਿਕਾ, ਲੁਧਿਆਣਾ ਨੇ ਸਲੱਮ ਦੇ ਕੰਮਾਂ ਦੇ ਸੁਧਾਰ ਅਤੇ ਸਫਾਈ ਸਬੰਧੀ ਖਰਚੇ ਹਨ। ਇਹ ਰਾਸ਼ੀ ਉਪਦਾਨ (ਸਬਸਿਡੀ) ਦੇ ਤੌਰ ਤੇ ਨਗਰਪਾਲਿਕਾ ਨੂੰ ਕੇਂਦਰੀ ਸਰਕਾਰ ਵੱਲੋਂ ਦਿੱਤੀ ਗਈ ਹੈ । ਸਰਕਾਰ ਸ਼ਹਿਰੀ ਉਨਤੀ ਦੇ ਸਬੰਧ ਵਿੱਚ ਲੁਧਿਆਣੇ ਸ਼ਹਿਰ ਲਈ ਇਕ ਪ੍ਰਾਜੈਕਟ ਤਿਆਰ ਕਰ ਰਹੀ ਹੈ । ਇਹ ਪ੍ਰਾਜੈਕਟ ਤਿਆਰ ਕਰਕੇ ਕੇਂਦਰੀ ਸਰਕਾਰ ਨੂੰ ਸੈਂਟਰਲ ਸਕੀਮ ਆਫ਼ ਇੰਟੈਗਰੇਟਿਡ ਡਿਵੈਲਪਮੈਂਟ ਆਫ਼ ਸਿੱਟੀਜ਼ ਦੇ ਅਧੀਨ ਵਿੱਤੀ ਸਹਾਇਤਾ ਦੀ ਪ੍ਰਾਪਤੀ ਲਈ ਯਤਨ ਕੀਤੇ ਜਾ ਰਹੇ ਹਨ ।]

ਚੌਧਰੀ ਰਾਮ ਸਿੰਘ : ਕੀ ਮੰਤਰੀ ਜੀ ਇਹ ਦਸਣ ਦੀ ਖੇਚਲ ਕਰਨਗੇ ਕਿ ਲੁਧਿਆਣੇ ਵਿਚ ਜਿਹੜਾ ਸੈਂਟਰ ਨੇ 6 ਲੱਖ ਰੁਪਿਆ ਸ਼ਹਿਰ ਦੀ ਇੰਪਰੂਵਮੈਂਟ ਵਾਸਤੇ ਦਿੱਤਾ ਹੈ ਕੀ ਇਸ ਤਰ੍ਹਾਂ ਦਾ ਪੈਸਾ ਹੋਰ ਸ਼ੀਹਰਾਂ ਦੀ ਸਫਾਈ ਲਈ ਵੀ ਦਿੱਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਲੁਧਿਆਣੇ ਤੋਂ ਇਲਾਵਾ ਜਾਲੰਧਰ, ਪਟਿਆਲਾ ਅਤੇ ਹੋਰ ਵੀ ਇਸ ਤਰ੍ਹਾਂ ਦੇ ਸ਼ਹਿਰਾਂ ਦੀ ਇੰਪਰੂਵਮੈਂਟ ਵਾਸਤੇ ਭਾਰਤ ਸਰਕਾਰ ਤੋਂ ਪੈਸੇ ਲੈਣ ਦੀ ਕੋਸ਼ਿਸ਼ ਕੀਤੀ ਜਾਵੇਗੀ ।

ਡਾਕਟਰ ਅਮੀਰ ਸਿੰਘ ਕਲਕਟ : ਲੋਕਲ ਬਾਡੀਜ਼ ਅਤੇ ਹੋਰ ਜਿਹੜੀਆਂ ਕਮੇਟੀਜ਼ ਹਨ ਉਨ੍ਹਾਂ ਦੇ ਆਫੀਸਰਜ਼, ਡਾਇਰੈਕਟਰ ਲੋਕਲ ਬਾਡੀਜ਼ ਜਾਂ ਐਸ. ਡੀ. ਉਜ਼ ਨੂੰ ਲੋਕਲ ਬਾਡੀਜ਼ ਨੂੰ ਸਫਾਈ ਦੇ ਲਈ ਸਰਪਰਾਈਜ਼ ਵਿਜ਼ਿਟ ਕਰਨਾ ਚਾਹੀਦਾ ਹੈ, ਉਥੇ ਕੋਈ ਸਫਾਈ ਨਹੀਂ ਹੁੰਦੀ....ਮੇਰਾ ਸੁਜੈਸ਼ਨ ਹੈ....(ਵਿਘਨ) ਉਨ੍ਹਾਂ ਆਫੀਸਰਜ਼ ਨੂੰ ਸੁਪਰਸੀਡ ਕਰਨਾ ਚਾਹੀਦਾ ਹੈ ।

ਸ਼੍ਰੀ ਸਪੀਕਰ : ਤੁਸੀਂ ਸੁਜੈਸ਼ਨ ਨਾ ਦਿਉ, ਸਪਲੀਮੈਂਟਰੀ ਕਰੋ । (Please put your supplementary question instead of giving suggestion)

Original with;
Punjab Vidhan Sabha
Digitized by;
Panjab Digital Library

ਡਾਕਟਰ ਅਮੀਰ ਸਿੰਘ ਕਲੇਕਟ : ਮੈਂ ਇਹੋ ਪੁਛਣਾ ਹੈ ਕਿ ਕੀ ਆਫੀਸਰਜ਼ ਲੋਕਲ ਬਾਡੀਜ਼ ਸਫਾਈ ਠੀਕ ਕਰਨ ਵਾਸਤੇ ਸਰਪਰਾਈਜ਼ ਵਿਜ਼ਿਟ ਕਰਨਗੇ ?

ਮੰਤਰੀ : ਇਥੇ ਕਿਸੇ ਨੂੰ ਸੁਪਰਸੀਡ ਕਰਨ ਦਾ ਕੋਈ ਸਵਾਲ ਨਹੀਂ ਹੋ ਸਕਦਾ ਡੀ.ਸੀ. ਨੂੰ ਸਾਰੀਆਂ ਪਾਵਰਜ਼ ਦਿੱਤੀਆਂ ਹੋਈਆਂ ਹਨ ਕਿ ਉਹ ਜਿਥੇ ਮੁਨਾਸਿਬ ਸਮਝਣ ਤਾਂ ਆਪਣੇ ਇਖਤਿਆਰ ਵਰਤਕੇ ਸਫਾਈ ਕਰਾਉਣ ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਬੜੀਆਂ ਬੜੀਆਂ ਪਲੈਨਜ਼ ਸੈਂਟਰ ਦੇ ਵਲੋਂ ਸ਼ਹਿਰਾਂ ਦੀ ਸਫਾਈ ਲਈ ਆ ਰਹੀਆਂ ਹਨ, ਬੜਾ ਪੈਸਾ ਖਰਚ ਕੀਤਾ ਜਾ ਰਿਹਾ ਹੈ । ਸਫਾਈ ਦੇ ਸਬੰਧ ਵਿੱਚ ਹੀ ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਸ਼ਹਿਰਾਂ ਦੇ ਨਾਲ ਨਾਲ ਬੜੇ ਬੜੇ ਲੈਂਡ-ਲਾਰਡਜ਼ ਨੇ ਅਨਪਲੈਂਡ, ਅਨਕਲੀਂਡ ਕਾਲੋਨੀਜ਼ ਬਣਾਈਆਂ ਹੋਈਆਂ ਹਨ । ਕੀ ਸਫਾਈ ਦਾ ਖਿਆਲ ਕਰਦੀ ਹੋਈ ਸਰਕਾਰ ਕੋਈ ਇਸ ਸਬੰਧ ਵਿਚ ਆਰਡੀਨੈਂਸ ਜਾਰੀ ਕਰੇਗੀ ?

ਮੰਤਰੀ : ਇਸ ਸਬੰਧ ਵਿੱਚ ਸਰਕਾਰ ਨੇ ਇਕ ਬਿਲ ਬਣਾਕੇ ਮਨਜ਼ੂਰੀ ਵਾਸਤੇ ਪਹਿਲਾਂ ਹੀ ਭੇਜਿਆ ਹੋਇਆ ਹੈ । ਇਸ ਰਾਹੀਂ ਅਨਅਥੋਰਾਈਜ਼ਡ ਕਨਸਟਰਕਸ਼ਨ ਬੰਦ ਕੀਤੀ ਜਾਵੇਗੀ ।

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਸ ਗਲ ਦਾ ਝਗੜਾ ਪਿਆ ਹੋਇਆ ਹੈ ਕਿ ਸੀਵਰੇਜ ਦਾ ਕੰਮ ਹੈਲਥ ਦੇ ਮਹਿਕਮੇ ਕੋਲ ਹੈ ਜਾਂ ਲੋਕਲ-ਬਾਡੀਜ਼ ਦਾ ਹੈ, ਸਰਕਾਰ ਇਸ ਅੜਚਨ ਨੂੰ ਦੂਰ ਕਰੇਗੀ ?

ਮੰਤਰੀ : ਕੋਈ ਝਗੜਾ ਨਹੀਂ ਹੈ । ਸਰਕਾਰ ਇਸ ਬਾਰੇ ਖੁਦ ਹੀ ਫੈਸਲਾ ਕਰੇਗੀ ?

ਸ਼੍ਰੀ ਸਰਦਾਰੀ ਲਾਲ ਕਪੂਰ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਸ਼ਹਿਰਾਂ ਵਿਚ ਐਸੇ ਗਰੀਬ ਵੀ ਹਨ ਜਿਹੜੇ ਕਿ ਸੀਵਰੇਜ ਦਾ ਕੰਮ ਕਰਵਾ ਹੀ ਨਹੀਂ ਸਕਦੇ, ਕਿਉਂਕਿ ਇਸ ਤੇ 2 ਹਜ਼ਾਰ ਰੁਪਿਆ ਖਰਚ ਹੁੰਦਾ ਹੈ । ਕੀ ਸਰਕਾਰ ਲੋੜਵੰਦਾਂ ਲਈ ਕੋਈ ਗਰਾਂਟ ਦੇਣ ਨੂੰ ਤਿਆਰ ਹੈ ?

ਮੰਤਰੀ : ਇਹ ਤਾਂ ਅਜੇ ਸ਼ਹਿਰ ਵਾਰ ਸਕੀਮ ਇੰਪਲੀਮੈਂਟ ਕਰਨ ਦਾ ਸਵਾਲ ਹੈ, ਕਿਸੇ ਵਿਅਕਤੀ ਦੀ ਸਹਾਇਤਾ ਦੀ ਗਲ ਨਹੀਂ ।

ਸ਼੍ਰੀ ਪਿਆਰਾ ਰਾਮ ਧਨੋਵਾਲੀ : ਕੀ ਸਰਕਾਰ ਉਨ੍ਹਾਂ ਛੋਟੀਆਂ ਮਿਉਂਸੀਪਲ ਕਮੇਟੀਆਂ ਨੂੰ ਵੀ ਫੰਡਜ਼ ਦੇਣ ਦੀ ਸਹਾਇਤਾ ਕਰੇਗੀ ਜਿਨ੍ਹਾਂ ਪਾਸ ਸਲੱਮ ਏਰੀਆਜ਼ ਦੇ ਕਲੀਅਰੈਂਸ ਲਈ ਕੋਈ ਪੈਸਾ ਨਹੀਂ ਅਤੇ ਨਾ ਹੀ ਕੋਈ ਹੋਰ ਆਮਦਨ ਦਾ ਜ਼ਰੀਆ ਹੈ ?

ਮੰਤਰੀ : ਅਸੀਂ ਸਲੱਮ ਏਰੀਆਜ਼ ਦੀ ਕਲੀਅਰੈਂਸ ਦੇ ਲਈ ਕੋਈ 2 ਕਰੋੜ ਰੁਪਿਆ ਪਿਛਲੇ ਦੋ ਸਾਲਾਂ ਵਿੱਚ ਦਿੱਤਾ ਹੈ । ਇਹ ਕੰਮ ਵੀ ਅਸੀਂ ਨਾਲ ਦੀ ਨਾਲ ਮੁਕੰਮਲ ਕਰਦੇ ਜਾ ਰਹੇ ਹਾਂ । ਜੋ ਪੈਸਾ ਸੈਂਟਰ ਤੋਂ ਜਿਸ ਸਕੀਮ ਦੇ ਲਈ ਮਿਲਦਾ ਹੈ ਅਸੀਂ ਉਸੇ ਤੇ ਹੀ ਖਰਚ ਕਰ ਰਹੇ ਹਾਂ ।

Original with;
Punjab Vidhan Sabha
Digitized by;
Panjab Digital Library

ਭਗਤ ਗੁਰਦਾਸ ਚੰਨ: ਮੈਂ ਵਜ਼ੀਰ ਸਾਹਿਬ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ ਇਕੱਲੇ ਲੁਧਿਆਣੇ ਨੂੰ 1 ਲੱਖ ਤੱਕ ਪਹਿਲਾਂ ਦਿੱਤਾ ਗਿਆ ਹੈ ਹੁਣ ਫੇਰ ਇਸ ਸਕੀਮ ਵਿਚ ਸ਼ਾਮਲ ਕਰ ਲਿਆ ਗਿਆ ਹੈ । ਕੀ ਵਜ਼ੀਰ ਸਾਹਿਬ ਦਸਣਗੇ ਕਿ ਇਸ ਸਕੀਮ ਹੇਠ ਹੋਰ ਕਿਹੜੇ 2 ਸ਼ਹਿਰ ਲਏ ਗਏ ਹਨ ?

ਮੰਤਰੀ: ਇਸ ਸਵਾਲ ਦੇ ਲਈ ਤੁਸੀਂ ਨੋਟਿਸ ਦੇ ਦਿਉ, ਮੈਂ ਜਵਾਬ ਦੇ ਦੇਵਾਂਗਾ ।

ENQUIRY INTO THE AFFAIRS OF IMPROVEMENT TRUST, AMRITSAR

*2620. 1. **Comrade Saghar Singh**
2. **Comrade Satya Pal Dang** : Will the Minister for Finance be pleased to:

(a) state whether any enquiry into the affairs of the Improvement Trust, Amritsar, was ordered to be held by the Regional Deputy Director, Amritsar, by rhe Government during the year 1972 or 1973, or the first quarter of 1974; if so, specific allegations which were enquired into by the said Deputy Director;

(b) state the findings regarding each of the allegations;

(c) lay on the table of the House a copy of the enquiry report;

(d) state the details of the action taken by the Government on the finding of the said enquiry ?

Shri Hans Raj Sharma: (a) Yes Sir. The allegations relate to the irregularities committed by the functionaries of the Improvement Trust, Amritsar, in financial matters, allotment of plots, recovery of price and framing of schemes;

(b) The enquiry has not been finalised; further probe into the various allegations has been ordered.

(c) Since the matter is still under enquiry, it would not be in public interest to lay a copy of the report on the table of the House, at this stage.

(d) Final action will be taken on the completion of the enquiry.

[(ਏ) ਹਾਂ ਜੀ । ਇਹ ਦੋਸ਼ ਨਗਰ ਸੁਧਾਰ ਟਰਸਟ ਅੰਮ੍ਰਿਤਸਰ ਦੇ ਅਹਿਲਕਾਰਾਂ ਵਲੋਂ ਵਿੱਤੀ ਮਾਮਲਿਆਂ ਪਲਾਟਾਂ ਦੀ ਅਲਾਟਮੈਂਟ, ਕੀਮਤ ਦੀ ਵਸੂਲੀ ਅਤੇ ਸਕੀਮਾਂ ਨੂੰ ਬਨਾਉਣ ਵਿੱਚ ਕੀਤੀਆਂ ਬੇਕਾਇਦਗੀਆਂ ਨਾਲ ਸਬੰਧਤ ਹਨ ।

(ਬੀ) ਪੜਤਾਲ ਹਾਲੇ ਮੁਕੰਮਲ ਨਹੀਂ ਹੋਈ। ਵੱਖ ਵੱਖ ਦੋਸ਼ਾਂ ਬਾਰੇ ਹੋਰ ਪੜਤਾਲ ਦੇ ਹੁਕਮ ਦਿੱਤੇ ਗਏ ਹਨ ।

(ਸੀ) ਕਿਉਂ ਜੋ ਮਾਮਲੇ ਦੀ ਅਜੇ ਪੜਤਾਲ ਕੀਤੀ ਜਾ ਰਹੀ ਹੈ, ਇਸ ਲਈ ਇਸ ਸਮੇਂ ਰਪੋਟ ਦੀ ਨਕਲ ਸਦਨ ਦੀ ਮੇਜ਼ ਤੇ ਲੋਕ ਹਿਤਾਂ ਵਿਚ ਨਹੀਂ ਹੋਵੇਗੀ ।

(ਡੀ) ਅੰਤਿਮ ਕਾਰਵਾਈ ਪੜਤਾਲ ਦੇ ਮੁਕੰਮਲ ਹੋਣ ਉਪਰੰਤ ਕੀਤੀ ਜਾਵੇਗੀ ।]

Original with;
Punjab Vidhan Sabha
Digitized by:
Panjab Digital Library

ਕਾਮਰੇਡ ਸੱਤ ਪਾਲ ਡਾਂਗ: ਮੈਂ ਮਨਿਸਟਰ ਸਾਹਿਬ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ ਜਦੋਂ ਇਕ ਸੀਨੀਅਰ ਆਫੀਸਰ, ਡਿਪਟੀ ਡਾਇਰੈਕਟਰ ਦੇ ਕੇਡਰ ਦੇ ਇਕ ਪੀ. ਸੀ. ਐਸ. ਆਫੀਸਰ ਨੇ ਆਪਣੀ ਰਿਪੋਰਟ ਦੇ ਦਿੱਤੀ, ਫੇਰ ਹੁਣ ਕਿਸ ਲਈ ਫਿਰ ਦੁਬਾਰਾ ਇਨਕੁਆਇਰੀ ਕਰ ਰਹੇ ਹਨ ? ਮੈਂ ਮਨਿਸਟਰ ਸਾਹਿਬ ਤੋਂ ਇਹ ਵੀ ਪੁਛਣਾ ਚਾਹੁੰਦਾ ਹਾਂ ਕਿ ਇਸ ਇਨਕੁਆਇਰੀ ਦੇ ਵਿੱਚ ਉਹ ਆਫੀਸਰਜ਼ ਇਨਵਾਲਵਡ ਹਨ ਜਿਹੜੇ ਰੂਲਿੰਗ ਪਾਰਟੀ ਦੇ ਹਨ ਅਤੇ ਰੂਲਿੰਗ ਪਾਰਟੀ ਦੇ ਸਿਰਕਢ ਲੀਡਰ ਹੀ ਉਨ੍ਹਾਂ ਨੂੰ ਸ਼ੈਲਟਰ ਕਰ ਰਹੇ ਹਨ । ਇਹੀ ਵਜਾਹ ਹੈ ਕਿ ਇਨਕੁਆਇਰੀ ਦੁਬਾਰਾ ਕਰਵਾਈ ਜਾ ਰਹੀ ਹੈ । ਜਦੋਂ ਇਕ ਆਫੀਸਰ ਨੇ ਰਿਪੋਰਟ ਦੇ ਦਿੱਤੀ ਹੈ ਤਾਂ ਹੁਣ ਫੇਰ ਕਿਉਂ ਦੁਬਾਰਾ ਇਨਕੁਆਇਰੀ ਕਰਵਾਈ ਜਾ ਰਹੀ ਹੈ ?

ਮੰਤਰੀ: ਇਹ ਹਕੀਕਤ ਨਹੀਂ । ਡਿਪਟੀ ਡਾਇਰੈਕਟਰ ਨੇ ਜੋ ਆਪਣੀਆਂ ਫਾਈਂਡਿੰਗਜ਼ ਦਿੱਤੀਆਂ ਸੀ ਉਹ ਸਪਸ਼ਟ ਨਹੀਂ ਸਨ । ਕਿਤੇ ਕਿਹਾ ਹੈ ਵਿਜੀਲੈਂਸ ਪੜਤਾਲ ਕਰੇ ਅਤੇ ਕਿਤੇ ਇਹ ਕਿਹਾ ਹੈ ਕਿ ਲੋਕਲ ਬਾਡੀ ਤੋਂ ਪਤਾ ਕੀਤਾ ਜਾਵੇ । ਇਕ ਜਗਾਹ ਇਹ ਵੀ ਕਿਹਾ ਹੈ ਕਿ ਇਸ ਦੇ ਇਹ ਹਿਸਾਬ ਕਿਤਾਬ ਫਲਾਣੀ ਜਗ੍ਹਾ ਤੋਂ ਮੰਗਵਾਏ ਜਾਣ । ਇਸ ਲਈ ਇਹ ਰਿਪੋਰਟ ਮੁਕੰਮਲ ਨਹੀਂ ਹੈ ।

ਸਰਦਾਰ ਕਿਰਪਾਲ ਸਿੰਘ ਰੰਧਾਵਾ: ਸਪੀਕਰ ਸਾਹਿਬ, ਉਥੇ ਇਕ ਚੇਅਰਮੈਨ ਤੋਂ 22 ਲੱਖ ਦੀ ਸਕੀਮ ਤੇ ਮਿੱਟੀ ਪਵਾ ਦਿੱਤੀ, ਮੈਂ ਜਾਨਣਾ ਚਾਹੁੰਦਾ ਹਾਂ ਕਿ ਜਿਸ ਨੇ ਸਰਕਾਰ ਦਾ ਇਤਨਾ ਨੁਕਸਾਨ ਕੀਤਾ ਉਸ ਦੇ ਖਿਲਾਫ ਗਵਰਨਮੈਂਟ ਨੇ ਕੀ ਐਕਸ਼ਨ ਲਿਆ ?

ਮੰਤਰੀ: ਜੋ ਵੀ ਕਿਸੇ ਦੇ ਖਿਲਾਫ ਕੋਈ ਐਲੀਗੇਸ਼ਨ ਹੈ ਉਸ ਦੀ ਬਕਾਇਦਾ ਇਨਕੁਆਇਰੀ ਹੋਵੇਗੀ । ਮੈਂ ਮੈਂਬਰ ਸਾਹਿਬ ਨੂੰ ਕਹਾਂਗਾ ਕਿ ਉਨ੍ਹਾਂ ਦਾ ਜੋ ਐਲੀਗੇਸ਼ਨ ਹੈ ਉਸ ਦੀ ਬਾਕਾਇਦਾ ਇਨਕੁਆਇਰੀ ਹੋਵੇਗੀ, ਮਿਟੀ ਨਹੀਂ ਪੈਣ ਦੇਵਾਂਗੇ ।

CASES OF MISUSE AND EMBEZZLEMENT OF FUNDS EARMARKED FOR MID-DAY MEALS IN SCHOOLS

***2604. Shri Sardari Lal Kapur**: Will the Minister for Education be pleased to state—

(a) whether any case of ambezzlement and misuse of funds earmarked for mid-day meals in the schools were detected during the period from 1st January, 1974 to date, if so, their number, districtwise in the State;

(b) the details of action, if any, the Government propose to take so as to prevent embezzlement and mis-use of such funds ?

Shri Gurmail Singh: (a) Yes.

(i) Amritsar 2

(ii) Farjdkot 7

(iii) Hoshiarpur 8

Original with;
Punjab Vidhan Sabha
Digitized by;
Panjab Digital Library

(b) The action to prevent mis-use of funds will be decided after the result of enquiries in these cases is known. However, this particular scheme has been discontinued from this year.

[(ੳ) ਹਾਂ ਜੀ ।

(1) ਅੰਮ੍ਰਿਤਸਰ .. 2

(2) ਫ਼ਰੀਦਕੋਟ .. 7

(3) ਹੁਸ਼ਿਆਰਪੁਰ .. 8

(ਅ) ਇਸ ਤਰ੍ਹਾਂ ਦੇ ਫੰਡਜ਼ ਦਾ ਨਾਜਾਇਜ਼ ਪ੍ਰਯੋਗ ਕਰਨ ਸਬੰਧੀ ਕਾਰਵਾਈ ਕਰਨ ਦਾ ਫੈਸਲਾ ਪੜਤਾਲ ਦੇ ਨਤੀਜੇ ਅਨੁਸਾਰ ਕੀਤਾ ਜਾਵੇਗਾ । ਇਹ ਖਾਸ ਸਕੀਮ ਇਸ ਸਾਲ ਤੋਂ ਬੰਦ ਕਰ ਦਿੱਤੀ ਗਈ ਹੈ ।

ਸ਼੍ਰੀ ਸਰਦਾਰੀ ਲਾਲ ਕਪੂਰ: ਕੀ ਵਜ਼ੀਰ ਸਾਹਿਬ ਦਸਣਗੇ ਕਿ ਜਿਨ੍ਹਾਂ ਦੇ ਖਿਲਾਫ਼ ਚਾਰਜਿਜ਼ ਸਨ ਕੀ ਉਨ੍ਹਾਂ ਦੀ ਪੜਤਾਲ ਕੀਤੀ ਗਈ ਸੀ ?

ਮੰਤਰੀ: ਇਨਕੁਆਰੀ ਕਮੇਟੀ ਪੜਤਾਲ ਕਰ ਰਹੀ ਹੈ ਜਿਹੜੀ ਕਿ ਅਜੇ ਕੰਪਲੀਟ ਨਹੀਂ ਹੋਈ ।

ਸ਼੍ਰੀ ਸਰਦਾਰੀ ਲਾਲ ਕਪੂਰ: ਚਾਰਜਿਜ਼ ਕੀ ਹਨ, ਜਿਨ੍ਹਾਂ ਦੀ ਪੜਤਾਲ ਹੋ ਰਹੀ ਹੈ ?

ਮੰਤਰੀ: ਚਾਰਜਿਜ਼ ਦੀ ਡੀਟੇਲ ਮੈਂ ਇਸ ਵੇਲੇ ਨਹੀਂ ਦੇ ਸਕਦਾ । ਕਿਸੇ ਦੇ ਖਿਲਾਫ਼ ਕੋਈ ਚਾਰਜਿਜ਼ ਹਨ, ਕਿਸੇ ਦੇ ਖਿਲਾਫ਼ ਕੁਝ ਹਨ । ਇਥੋਂ ਤੱਕ ਕਿ ਅਸੀਂ 8 ਬੀ.ਈ.ਓਜ਼ ਦੇ ਖਿਲਾਫ਼ ਐਕਸ਼ਨ ਲਿਆ, ਉਹ ਹਾਈਕੋਰਟ ਤੋਂ ਸਟੇ ਲੈ ਆਏ । ਇਸ ਬਾਰੇ ਫਰਦਰ ਅਜੇ ਮੈਂ ਕੋਈ ਜਵਾਬ ਨਹੀਂ ਦੇਣਾ ਚਾਹੁੰਦਾ ।

Sardar Prem Singh Prem: In reply to para (b), it is said, 'The action to prevent mis-use of such funds will be decided after the result of enquiries in these cases is known.'

May I know, sir, how does the action to prevent mis-use of such funds depends upon the result of enquiries already instituted and as long as the enquiries are not completed the mis-use of funds will have the sanction of the Government to continue.

ਮੰਤਰੀ: ਮੈਂ ਤਾਂ ਦਸਿਆ ਹੈ ਕਿ ਅੱਗੇ ਤੋਂ ਸਕੀਮ ਬੰਦ ਹੋ ਗਈ ਹੈ ।

ਸ਼੍ਰੀ ਪ੍ਰੇਮ ਗੁਪਤਾ: ਸਪੀਕਰ ਸਾਹਿਬ, ਮੈਂ ਇਹ ਗਲ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਜਿਵੇਂ ਕਿ ਵਜ਼ੀਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਇਨਕੁਆਇਰੀ ਹੋ ਰਹੀ ਹੈ । ਇਨ੍ਹਾਂ ਨੇ ਹਾਈ ਕੋਰਟ ਦਾ ਰੈਫਰੈਂਸ ਵੀ ਦਿੱਤਾ ਹੈ । ਇਹ ਜਿਹੜੀ ਇਨਕੁਆਇਰੀ ਹੋ ਰਹੀ ਹੈ ਇਹ ਕਿੰਨੇ ਸਮੇਂ ਵਿਚ ਕੰਪਲੀਟ ਕਰਕੇ ਫਾਈਨਲ ਐਕਸ਼ਨ ਲੈ ਲਿਆ ਜਾਵੇਗਾ ?

Original with;
Punjab Vidhan Sabha
Digitized by;
Panjab Digital Library

ਮੰਤਰੀ: ਹਾਈ ਕੋਰਟ ਦਾ ਫੈਸਲਾ ਦੇਖਣਾ ਪਏਗਾ । ਜਿੰਨਾ ਜਿੰਨਾ ਕਿਸੇ ਦਾ ਕਸੂਰ ਹੋਏਗਾ ਉਨਾਂ ਉਨਾਂ ਐਕਸ਼ਨ ਲੈਣਾ ਪਏਗਾ ।

ਚੌਧਰੀ ਦਰਸ਼ਨ ਸਿੰਘ: ਇਹ ਜਿਹੜੇ ਅੱਠ ਬੀ.ਈ.ਓਜ਼. ਦਸੇ ਹਨ ਇਹ ਹੁਸ਼ਿਆਰਪੁਰ ਦੇ ਹਨ । ਆਇਆ ਬਾਕੀ ਦੇ ਜ਼ਿਲ੍ਹਿਆਂ ਬਾਰੇ ਵੀ ਇਨਕੁਆਇਰੀ ਕੀਤੀ ਜਾਵੇਗੀ ਜਾਂ ਹਾਈ ਕੋਰਟ ਨੂੰ ਹੀ ਵੇਟ ਕੀਤਾ ਜਾਏਗਾ ?

ਮੰਤਰੀ: ਇਹ ਅੱਠ ਹੁਸ਼ਿਆਰਪੁਰ ਦੇ ਹਨ । ਅਸੀਂ ਆਪਣੇ ਜਿਲੇ ਵਾਲਿਆਂ ਨਾਲ ਰਿਆਇਤ ਨਹੀਂ ਕਰਦੇ । ਬਾਕੀ ਜ਼ਿਲ੍ਹਿਆਂ ਬਾਰੇ ਵੀ ਸ਼ਿਕਾਇਤਾਂ ਹਨ ਜਿਵੇਂ ਕਿ ਅੰਮ੍ਰਿਤਸਰ ਵਿਚ 2 ਅਤੇ ਫਰੀਦਕੋਟ ਵਿਚ 7 । ਜੇ ਇਸ ਤੋਂ ਇਲਾਵਾ ਚੌਧਰੀ ਸਾਹਿਬ ਨੂੰ ਹੋਰ ਕਿਸੇ ਦੇ ਖਿਲਾਫ ਸ਼ਿਕਾਇਤ ਹੈ ਤਾਂ ਇਹ ਦਸ ਦੇਣ ਪਤਾ ਕਰ ਲਿਆ ਜਾਏਗਾ ।

ਸ਼੍ਰੀ ਪ੍ਰੇਮ ਗੁਪਤਾ: ਵਜ਼ੀਰ ਸਾਹਿਬ ਨੇ ਹਾਈ ਕੋਰਟ ਦਾ ਰੈਫਰੈਂਸ ਦਿਤਾ ਹੈ । ਹਾਈ ਕੋਰਟ ਦਾ ਇਸ਼ੂ ਡਿਫਰੈਂਟ ਹੈ । ਉਥੇ ਬੀ. ਈ. ਓਜ਼ ਨੂੰ ਮਾਸਟਰ ਲਗਾ ਦਿਤਾ ਸੀ (ਵਿਘਨ) ਉਨ੍ਹਾਂ ਨੇ ਇਸ ਗਲ ਨੂੰ ਚੈਲੰਜ ਕੀਤਾ ਹੈ ਕਿ ਸਾਨੂੰ ਮਾਸਟਰ ਨਹੀਂ ਲਗਾ ਸਕਦੇ ਲੇਕਿਨ ਕਿਸੇ ਨੇ ਇਸ ਗਲ ਨੂੰ ਚੈਲੰਜ ਨਹੀਂ ਕੀਤਾ ਕੀ ਗੌਰਮੈਂਟ ਹੋਰ ਕੋਈ ਐਕਸ਼ਨ ਨਹੀਂ ਲੈ ਸਕਦੀ । ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਸਿਵਾਏ ਬਦਲੀ ਦੇ ਹੋਰ ਸਰਕਾਰ ਨੇ ਮਿਸ-ਯੂਜ਼ ਦੇ ਖਿਲਾਫ ਕੀ ਐਕਸ਼ਨ ਲਿੱਤਾ ਹੈ :

ਮੰਤਰੀ: ਇਨਕੁਆਇਰੀ ਕੰਪਲੀਟ ਹੋਣ ਤੇ ਐਕਸ਼ਨ ਲਵਾਂਗੇ ?

DEATH OF A STUDENT OF GOVERNMENT HIGH SCHOOL, BATALA DUE TO BULLET INJURY IN MAY, 1974.

***2633. Shri Vishwa Mittar Sekhri**: Will the Minister for Education be pleased to state—

(a) whether a student of Government High School, Batala, died in May, 1974 because of bullet injury;

(b) whether it is fact that the said bullet was fired because of the negligence of the Platoon Commander of the N.C.C. if so, the action the Government propose to take to compensate the parents of the deceased student ?

Shri Gurmail Singh: (a) Yes.

(b) The case is pending before the local Court. The question whether it was on account of negligence of Platoon Commander Home Guard (It is wrongly mentioned in the question as Platoon Commander N.C.C.) can be known only when the verdict of the court has been received.....

[(ੳ) ਹਾਂ ਜੀ ।

(ਅ) ਕੇਸ ਸਥਾਨਕ ਅਦਾਲਤ ਕੋਲ ਚਲ ਰਿਹਾ ਹੈ । ਇਹ ਪ੍ਰਸ਼ਨ ਕਿ ਇਹ ਹੋਮ ਗਾਰਡ ਪਲਾਟੂਨ ਕਮਾਂਡਰ (ਪ੍ਰਸ਼ਨ ਵਿਚ ਬਤੌਰ ਪਲਾਟੂਨ ਕਮਾਂਡਰ ਐਨ.ਸੀ.ਸੀ. ਗਲਤੀ ਨਾਲ

Original with;
Punjab Vidhan Sabha
Digitized by;
Panjab Digital Library

ਜ਼ਿਕਰ ਕੀਤਾ ਗਿਆ ਹੈ) ਦੀ ਕੰਤਾਹੀ ਕਾਰਣ ਹੈ, ਦੇ ਬਾਰੇ ਕੇਵਲ ਕੋਰਟ ਦੇ ਫੈਸਲੇ ਉਪਰੰਤ ਜਾਣਿਆ ਜਾ ਸਕੇਗਾ ।]

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : ਸਪੀਕਰ ਸਾਹਿਬ, ਫੈਸਲਾ ਕੋਰਟ ਦੇ ਚੁੱਕੀ ਹੈ । ਮੇਰਾ ਸਵਾਲ ਇਹ ਹੈ ਕਿ ਲਾਈਟ ਐਮਿਊਨੀਸ਼ਨ ਹੋਣ ਕਰਕੇ ਬੰਦੂਕ ਚਲ ਗਈ ਅਤੇ ਬੱਚੇ ਦੀ ਮੌਤ ਹੋ ਗਈ । ਰੂਲਜ਼ ਵਿਚ ਪ੍ਰੋਵੀਜ਼ਨ ਹੈ ਕਿ ਲਾਈਟ ਐਮਿਊਨੀਸ਼ਨ ਕਰਕੇ ਬੰਦੂਕ ਸਕੂਲ ਵਿਚ ਕਿਉਂ ਗਈ, ਇਸ ਦੇ ਉਥੇ ਲਿਜਾਣ ਦੇ ਕੀ ਕਾਰਣ ਹਨ ।

ਮੰਤਰੀ : ਇਸ ਬਾਰੇ ਮੈਂ ਦਸਿਆ ਹੈ ਕਿ ਅਸੀਂ ਪਤਾ ਲੈ ਰਹੇ ਹਾਂ । ਕੋਰਟ ਵਿਚ ਕੇਸ ਚਲ ਰਹਾ ਹੈ । ਮੈਂਬਰ ਸਾਹਿਬ ਨੇ ਕਿਹਾ ਹੈ ਕਿ ਕੋਰਟ ਨੇ ਫੈਸਲਾ ਦੇ ਦਿਤਾ ਹੈ, ਜੇ ਫੈਸਲਾ ਦੇ ਦਿਤਾ ਹੈ ਤਾਂ ਇਹ ਮੈਨੂੰ ਦਸ ਦੇਣ ਨਹੀਂ ਤਾਂ ਇਸ ਬਾਰੇ ਵੀ ਇਤਲਾਹ ਮੰਗਵਾ ਲਵਾਂਗੇ ।

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬ ਇਹ ਦੱਸਣਗੇ ਕਿ ਡਿਪਾਰਟਮੈਂਟ ਵਲੋਂ ਰੂਲਜ਼ ਦੀ ਜੋ ਉਲੰਘਣਾ ਹੋਈ ਹੈ, ਕੀ ਕੋਈ ਇਨਕੁਆਇਰੀ ਇਸ ਵਾਸਤੇ ਕੀਤੀ ਗਈ ਹੈ ਕਿ ਉਲੰਘਣਾ ਕਿਉਂ ਹੋਈ ਹੈ ? ਸਿਰਫ ਕੋਰਟ ਉਤੇ ਹੀ ਡਿਪੈਂਡ ਕਰੀ ਜਾਣਗੇ ਜਾਂ ਡਿਪਾਰਟਮੈਂਟ ਵਲੋਂ ਵੀ ਕੋਈ ਕਾਰਵਾਈ ਕੀਤੀ ਜਾਵੇਗੀ ?

ਮੰਤਰੀ : ਜੇ ਕੇਸ ਕੋਰਟ ਵਿਚ ਚਲਦਾ ਹੁੰਦਾ ਹੈ (ਵਿਘਨ) ਸਾਡੇ ਕੋਲ ਰਿਪੋਰਟ ਨਹੀਂ ਆਈ । ਕੋਰਟ ਵਿਚ ਕੇਸ ਚਲਦਾ ਪਿਆ ਹੈ । ਮੈਂਬਰ ਸਾਹਿਬ ਨੇ ਪਹਿਲਾਂ ਕਿਹਾ ਹੈ ਕਿ ਫੈਸਲਾ ਕੋਰਟ ਵਲੋਂ ਹੋ ਚੁਕਾ ਹੈ, ਤਾਂ ਇਸ ਬਾਰੇ ਵੀ ਲੇਟੈਸਟ ਇਨਫਰਮੇਸ਼ਨ ਮੰਗਵਾ ਲਿਤੀ ਜਾਏਗੀ। ਜਿਸ ਦੀ ਕੰਤਾਹੀ ਹੋਏਗੀ ਉਸ ਨੂੰ ਸਜ਼ਾ ਦਿਤੀ ਜਾਏਗੀ । ਲੇਕਿਨ ਇਸ ਦੇ ਨਾਲ ਹੀ ਮੈਂ ਇਹ ਸਮਝਦਾ ਹਾਂ ਕਿ ਕੋਰਟ ਨੇ ਫੈਸਲਾ ਕਰਕੇ ਸੱਚ ਝੂਠ ਦਾ ਆਪਣੇ ਆਪ ਹੀ ਨਿਪਟਾਰਾ ਕਰ ਦੇਣਾ ਹੈ ।

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : ਲਾਈਟ ਐਮੀਨੀਊਸ਼ਨ ਦੀ ਬੰਦੂਕ ਸਕੂਲ ਵਿਚ ਨਹੀਂ ਜਾ ਸਕਦੀ, ਇਸ ਬਾਰੇ ਰੂਲਜ਼ ਵਿਚ ਪ੍ਰੋਵੀਜ਼ਨ ਹੈ । ਕੀ ਇਸ ਗਲ ਦੀ ਇਨਕੁਆਇਰੀ ਕਰਾਈ ਗਈ ਹੈ ਕਿ ਇਹ ਬੰਦੂਕ ਸਕੂਲ ਵਿਚ ਕਿਉਂ ਗਈ, ਇਸ ਦੀ ਵਜ੍ਹਾ ਕਰਕੇ ਹੀ ਮੌਤ ਹੋਈ ਹੈ । ਲਾਈਟ ਐਮੀਊਨੀਸ਼ਨ ਵਾਲੀ ਬੰਦੂਕ ਸਕੂਲ ਵਿਚ ਟ੍ਰੇਨਿੰਗ ਵਾਸਤੇ ਨਹੀਂ ਜਾ ਸਕਦੀ । ਇਹ ਉਥੇ ਕਿਉਂ ਗਈ ?

(ਕੋਈ ਉੱਤਰ ਨਹੀਂ ਦਿੱਤਾ ਗਿਆ)

ਡਾਕਟਰ ਬਲਦੇਵ ਪ੍ਰਕਾਸ਼ : ਇਹਦੇ ਤੇ ਪੁਆਇੰਟ ਆਫ ਆਰਡਰ ਵੀ ਅਰਾਈਜ਼ ਹੁੰਦਾ ਹੈ ਅਤੇ ਸਪਲੀਮੈਂਟਰੀ ਵੀ ਬਣਦੀ ਹੈ । ਆਨਰੇਬਲ ਮੈਂਬਰ ਸਾਹਿਬ ਇਨਫਰਮੇਸ਼ਨ ਦੇ ਰਹੇ ਹਨ ਕਿ ਕੋਰਟ ਨੇ ਫੈਸਲਾ ਦੇ ਦਿਤਾ ਹੈ । ਮਨਿਸਟਰ ਸਾਹਿਬ ਕਹਿ ਰਹੇ ਹਨ ਕਿ ਫੈਸਲਾ ਨਹੀਂ ਹੋਇਆ । ਇਸ ਤਰ੍ਹਾਂ ਕਰਕੇ ਜਾਂ ਤਾਂ ਮਨਿਸਟਰ ਸਾਹਿਬ ਹਾਊਸ ਨੂੰ ਮਿਸਲੀਡ ਕਰ ਰਹੇ ਹਨ ਜਾਂ ਫੇਰ ਮੈਂਬਰ ਸਾਹਿਬ ਹਾਊਸ ਨੂੰ ਮਿਸਲੀਡ ਕਰ ਰਹੇ ਹਨ । ਇਹ ਪੁਆਇੰਟ ਆਫ ਆਰਡਰ ਬਣਦਾ ਹੈ ਜਦੋਂ ਮਨਿਸਟਰ ਸਾਹਿਬ ਹਾਊਸ ਨੂੰ ਮਿਸਲੀਡ ਕਰਦਾ ਹੈ ਤਾਂ ਬਰੀਚ ਆਫ ਪ੍ਰਿਵਿਲੈਜ ਹੁੰਦੀ ਹੈ । ਜੇ ਇਹ ਪੁਆਇੰਟ ਆਫ ਪ੍ਰਿਵਿਲੇਜ ਬਣਦਾ ਹੈ ਤਾਂ ਸਪੀਕਰ ਸਾਹਿਬ ਤੁਸੀਂ ਆਪਣੀ ਰੂਲਿੰਗ ਦਿਉ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਜੇ ਤਾਂ ਫੈਸਲਾ ਸਵਾਲ ਐਡਮਿਟ ਹੋਣ ਤੋਂ ਪਹਿਲਾਂ ਹੋਇਆ ਤਾਂ ਵੀ ਦੱਸੋ ਅਤੇ ਜੇ ਫੈਸਲਾ ਸਵਾਲ ਐਡਮਿਟ ਹੋਣ ਤੋਂ ਬਾਅਦ ਵਿਚ ਆਇਆ ਹੈ ਤਾਂ ਵੀ ਦੱਸੋ । (I would request the hon. Education Minister to inform the House whether the Court gave its decision before or after the question was admitted.)

ਮੰਤਰੀ : ਮੈਂਬਰ ਸਾਹਿਬ ਨੇ ਦਸਿਆ ਹੈ ਕਿ ਫੈਸਲੇ ਹੋਏ ਨੂੰ ਪੰਜ ਸੱਤ ਦਿਨ ਹੋਏ ਹਨ । ਸਾਡੇ ਕੋਲ ਜਿਹੜਾ ਜਵਾਬ ਆਇਆ ਹੈ ਹੋ ਸਕਦਾ ਹੈ ਕਿ ਇਹ ਪਹਿਲਾਂ ਆਇਆ ਹੋਵੇ । ਇਸੇ ਕਰਕੇ ਹੀ ਜੋ ਉਨ੍ਹਾਂ ਨੇ ਕਿਹਾ ਹੈ ਉਸ ਦਾ ਪਤਾ ਲੈ ਲਵਾਂਗੇ ।

ਸਰਦਾਰ ਅਜਾਇਬ ਸਿੰਘ ਸੰਧੂ : ਇਨ੍ਹਾਂ ਨੂੰ ਕਹੋ ਕਿ ਡਾਕਟਰ ਨਾਰੰਗ ਸਾਹਿਬ ਕੋਲ ਜਾਣ । (ਵਿਘਨ)

ਸਰਦਾਰ ਪਰਕਾਸ਼ ਸਿੰਘ ਬਾਦਲ : ਕੀ ਇਹ ਦਸਿਆ ਜਾਏਗਾ ਕਿ ਜਿਸ ਲੜਕੇ ਦੀ ਮੌਤ ਹੋਈ ਹੈ ਉਸ ਦੇ ਪੇਅਰੈਂਟਸ ਨੂੰ ਰੀਲੀਫ ਫੰਡ ਵਿਚੋਂ, ਚੀਫ ਮਨਿਸਟਰ ਫੰਡ ਵਿਚੋਂ ਕੰਪਨਸੇਂਟ ਕਰਨ ਦਾ ਯਤਨ ਕੀਤਾ ਗਿਆ ਹੈ ?

ਮੰਤਰੀ : ਜੋ ਸੇਖੜੀ ਸਾਹਿਬ ਨੇ ਫਰਮਾਇਆ ਹੈ ਉਸ ਬਾਰੇ ਇਸ ਤਰ੍ਹਾਂ ਹੈ ਕਿ ਅਸੀਂ ਉਸ ਫੈਸਲੇ ਦਾ ਇੰਤਜ਼ਾਰ ਕਰਦੇ ਸੀ । ਉਸ ਤੋਂ ਬਾਅਦ ਜੋ ਹੈਲਪ ਕਰ ਸਕਾਂਗੇ ਉਹ ਕਰਾਂਗੇ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਜਿਵੇਂ ਕਿ ਉਨ੍ਹਾਂ ਨੇ ਕਿਹਾ ਹੈ ਕਿ ਕੋਰਟ ਇਨਕੁਆਇਰੀ ਕਰ ਰਹੀ ਹੈ ਅਤੇ ਅਸੀਂ ਵੀ ਇਨਕੁਆਇਰੀ ਕਰ ਰਹੇ ਹਾਂ । ਮੈਂ ਉਨ੍ਹਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਕੋਰਟ ਦੀ ਇਨਕੁਆਇਰੀ ਦਾ ਤਾਂ ਇਨ੍ਹਾਂ ਨੂੰ ਪਤਾ ਨਹੀਂ ਪਰ ਜਿਹੜੀ ਇਨਕੁਆਇਰੀ ਇਨ੍ਹਾਂ ਨੇ ਕੀਤੀ ਹੈ ਉਸ ਦੇ ਬਾਰੇ ਵਿਚ ਹੀ ਦੱਸ ਦੇਣ ।

ਮੰਤਰੀ : ਵੈਸੇ ਥੋੜੇ ਜਿਹੇ ਦੋ ਕੁ ਲਫਜ਼ ਇਨ੍ਹਾਂ ਨੇ ਜ਼ਿਆਦਾ ਐਡ ਕਰ ਦਿਤੇ ਹਨ । ਜਵਾਬ ਮੇਰਾ ਕੱਢਵਾ ਕੇ ਦੇਖ ਲੈਣ ਇਸ ਤਰ੍ਹਾਂ ਮੈਂ ਬਿਲਕੁਲ ਨਹੀਂ ਕਿਹਾ ਹੈ । ਫੇਰ ਵੀ ਜੋ ਸਵਾਲ ਦਾ ਮਨਸ਼ਾ ਹੈ ਕਿ ਬੱਚੇ ਦੇ ਪੇਅਰੈਂਟਸ ਨੂੰ ਮਦਦ ਮਿਲੇਗੀ (ਵਿਘਨ) ਇਸ ਬਾਰੇ ਜਿਸ ਤਰ੍ਹਾਂ ਸੇਖੜੀ ਸਾਹਿਬ ਨੇ ਦਸਿਆ ਹੈ ਕੋਰਟ ਦਾ ਫੈਸਲਾ ਮੰਗਵਾ ਲਿਆ ਜਾਏਗਾ ਅਤੇ ਇਸ ਗੱਲ ਤੇ ਹਮਦਰਦਾਨਾ ਗੌਰ ਕੀਤਾ ਜਾਏਗਾ । ਫੇਰ ਜੋ ਫੈਸਲਾ ਹੋਏਗਾ ਉਸ ਮੁਤਾਬਿਕ ਬੱਚੇ ਦੇ ਪੇਅਰੈਂਟਸ ਨੂੰ ਮਦਦ ਮਿਲ ਜਾਏਗੀ ।

ਮੁੱਖ ਮੰਤਰੀ : ਇਸ ਮਾਮਲੇ ਬਾਰੇ ਹਾਊਸ ਨੂੰ ਜਾਣੂ ਕਰਾਇਆ ਜਾਏਗਾ । ਉਸ ਲੜਕੇ ਦੀ ਮ੍ਰਿਤੂ ਹੋਣ ਉਪਰੰਤ, ਡੀ. ਸੀ. ਵਲੋਂ ਜਾਂ ਹੋਰ ਗੌਰਮਿੰਟ ਫੰਡ ਵਿਚੋਂ ਉਹਦੇ ਪੇਅਰੈਂਟਸ ਦੀ ਸਹਾਇਤਾ ਹੋਈ ਹੈ ਜਾਂ ਨਹੀਂ, ਇਸ ਬਾਰੇ ਹਾਊਸ ਨੂੰ ਦਸਿਆ ਜਾਏਗਾ । ਰਾਈਫਲ ਦੇ ਸਕੂਲ ਵਿਚ ਜਾਣ ਬਾਰੇ ਵੀ ਪਤਾ ਲਿੱਤਾ ਜਾਏਗਾ, ਮੁਕੱਦਮੇ ਦਾ ਫੈਸਲਾ ਹੋ ਗਿਆ ਜਾਂ ਨਹੀਂ ਇਸ ਬਾਰੇ ਵੀ ਪਤਾ ਕੀਤਾ ਜਾਏਗਾ । ਇਸ ਬਾਰੇ ਹਾਊਸ ਨੂੰ ਦਸਿਆ ਜਾਏਗਾ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਇਹ ਸਵਾਲ ਸੱਤ ਤਾਰੀਖ ਤਕ ਅੱਗੇ ਪਾ ਦਿੱਤਾ ਜਾਂਦਾ ਹੈ। (This question is postponed till 7-8-1974.)

ENQUIRY HELD AGAINST B. E. O. DEHLON BLOCK, DISTRICT LUDHIANA, NOW B.E.O. AHMEDGARH BLOCK (SANGRUR).

*2688 **Comrade Achhra Singh**: Will the Minister for Education be pleased to state—

(a) whether any enquiry was held against the B.E.O. Ahmedgarh Block, District Sangrur, when she was serving in Dehlon Block District Ludhiana as B.E.O.; if so, with what result.

(b) the action taken against the said officer on the basis of the enquiry report ?

Shri Gurmail Singh: (a) Yes. She was found to be interfering to some extent in the purchase of School material.

(b) She was given a warning, a copy of which was placed on her personal file, and transferred to Ahmedgarh Block (Sangrur).

[(ੳ) ਹਾਂ ਜੀ । ਉਹ ਗੌਰਮਿੰਟ ਪ੍ਰਾਇਮਰੀ ਸਕੂਲ ਲਈ ਸਮਾਨ ਖਰੀਦ ਕਰਨ ਵਿਚ ਕੁਝ ਹਦ ਤੱਕ ਦਖਲ ਅੰਦਾਜ਼ੀ ਕਰਨ ਦੀ ਦੋਸ਼ੀ ਪਾਈ ਗਈ ।

(ਅ) ਉਨ੍ਹਾਂ ਨੂੰ ਤਾੜਨਾ ਦਿਤੀ ਗਈ ਜਿਸ ਦੀ ਕਾਪੀ ਉਨ੍ਹਾਂ ਦੀ ਨਿੱਜੀ ਮਿਸਲ ਤੇ ਰੱਖੀ ਗਈ ਅਤੇ ਡੇਹਲੋਂ 2 ਬਲਾਕ ਤੋਂ ਅਹਿਮਦਗੜ੍ਹ ਬਲਾਕ ਵਿਖੇ ਬਦਲੀ ਕੀਤੀ ਗਈ ।]

ਕਾਮਰੇਡ ਅੱਛਰਾ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਉਨ੍ਹਾਂ ਨੇ ਸਵਾਲ ਦੇ ਪਹਿਲੇ ਹਿੱਸੇ ਦਾ ਜਵਾਬ ਦਿਤਾ ਹੈ 'ਹਾਂ ਜੀ, ਐਲੀਗੇਸ਼ਨ ਜੋ ਲਗਾਏ ਗਏ ਹਨ ਉਹ ਸਾਬਤ ਹੋ ਗਏ ਹਨ', ਮੈਂ ਫਿਰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕੀ ਸਜ਼ਾ ਹੋਈ ਕਿ ਉਸ ਨੂੰ ਤੁਸੀਂ ਫਿਰ ਅਹਿਮਦਗੜ੍ਹ ਹੀ ਬਦਲ ਦਿਤਾ ਜਦ ਕਿ ਉਸਦਾ ਹੈਡਕੁਆਰਟਰ ਅਹਿਮਦਗੜ੍ਹ ਹੀ ਸੀ। ਅਹਿਮਦਗੜ੍ਹ ਲੁਧਿਆਣਾ ਤੇ ਸੰਗਰੂਰ ਦੇ ਬਾਰਡਰ ਤੇ ਹੈ । ਉਹਨਾਂ ਤੇ ਜਿਹੜੇ ਚਾਰਜ ਲੱਗੇ ਸਨ ਉਹ ਸਾਬਤ ਹੋ ਚੁੱਕੇ ਹਨ । ਇਸ ਲਈ ਕੀ ਵਜ਼ੀਰ ਸਾਹਿਬ ਉਹਨਾਂ ਤੇ ਫਿਰ ਗੌਰ ਕਰਨਗੇ ਅਤੇ ਜਿਹੜੇ ਦੋਸ਼ ਸਾਬਤ ਹੋ ਚੁੱਕੇ ਹਨ ਉਨ੍ਹਾਂ ਨੂੰ ਕੋਈ ਸੀਰੀਅਸ ਸਜ਼ਾ ਦੇਣਗੇ ?

ਮੰਤਰੀ : ਜੋ ਸਜ਼ਾ ਦਿਤੀ ਗਈ ਹੈ....(ਵਿਘਨ)

ਅਵਾਜ਼ਾਂ : ਇਹ ਕੋਈ ਸਜ਼ਾ ਨਹੀਂ ਹੈ ।

Mr. Speaker : Order please.

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਉਸ ਨੂੰ ਵਾਰਨਿੰਗ ਦਿਤੀ ਗਈ ਹੈ ਅਤੇ ਇਹ ਵਾਰਨਿੰਗ ਉਸ ਦੀ ਪਰਸਨਲ ਫਾਈਲ ਵਿਚ ਲਗਾ ਦਿਤੀ ਹੈ । (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਿਸੇ ਅਫ਼ਸਰ ਦੀ ਟਰਾਂਸਫਰ ਕਰ ਦੇਣੀ ਇਹ ਕੋਈ ਸਜ਼ਾ ਸਮਝੀ ਜਾਂਦੀ ਹੈ ?

ਮੰਤਰੀ : ਮੈਂ ਸਮਝਦਾ ਹਾਂ ਕਿ ਇਹ ਕੋਈ ਸਜ਼ਾ ਨਹੀਂ । (ਵਿਘਨ) ਪਰ ਮੈਂ ਕਿਹਾ ਹੈ ਕਿ ਉਸ ਨੂੰ ਵਾਰਨਿੰਗ ਦਿੱਤੀ ਗਈ ਹੈ ਅਤੇ ਵਾਰਨਿੰਗ ਉਸ ਦੀ ਪਰਸਨਲ ਫਾਈਲ ਵਿਚ ਲਗਾ ਦਿੱਤੀ ਹੈ ।

ਸ਼੍ਰੀ ਪਰੇਮ ਗੁਪਤਾ : ਸਪੀਕਰ ਸਾਹਿਬ, ਮੈਂ ਜਾਨਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਮਨਿਸਟਰ ਸਾਹਿਬ ਨੇ ਇਹ ਕਿਹਾ ਹੈ ਕਿ ਵਾਰਨਿੰਗ ਉਸਦੀ ਪਰਸਨਲ ਫਾਈਲ ਵਿਚ ਲਾ ਦਿੱਤੀ ਹੈ ਅਤੇ ਟਰਾਂਸਫਰ ਕੋਈ ਸਜ਼ਾ ਨਹੀਂ ਹੈ । ਜੇ ਦੋਨੋਂ ਗੱਲਾਂ ਨਹੀਂ ਤਾਂ ਉਸ ਨੂੰ ਇਕ ਕਮਰੇ ਵਿਚੋਂ ਉਠਾ ਕੇ ਦੂਸਰੇ ਕਮਰੇ ਵਿਚ ਬਿਠਾਉਣ ਵਾਲੀ ਜਿਹੜੀ ਗੱਲ ਕੀਤੀ ਗਈ ਹੈ, ਮੈਂ ਕਹਿੰਦਾ ਹਾਂ ਕਿ ਫਿਰ ਇਹ ਕੈਮੋਫਲੇਜ਼ ਕਰਣ ਵਾਲੀ ਗੱਲ ਹੈ ? (ਹਾਸਾ) (ਵਿਘਨ)

(ਕੋਈ ਉੱਤਰ ਨਹੀਂ ਆਇਆ ।)

STARRED QUESTION No. *2623

Mr. Speaker : Extension has been asked for in respect of Starred Question No. 2623.

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਦੋ-ਤਿਨ ਪੁਲਿਸ ਦੇ ਅਫਸਰ ਪਬਲਿਕ ਅੰਡਰਟੇਕਿੰਗਜ਼ ਦੇ ਮੈਨੇਜਿੰਗ ਡਾਇਰੈਕਟਰ ਲਾ ਦਿਤੇ ਹਨ । ਇਸ ਤਰ੍ਹਾਂ ਇਹ ਪੁਲਿਸ ਰਾਜ ਕਿਉਂ ਕਾਇਮ ਕੀਤਾ ਜਾ ਰਿਹਾ ਹੈ ? ਇਸ ਬਾਰੇ ਇਨਫਰਮੇਸ਼ਨ ਸਕੱਤ੍ਰੇਤ ਵਿਚ ਹੈ ਤਾਂ ਫਿਰ ਇਸ ਵਿਚ ਐਕਸਟੈਨਸ਼ਨ ਕਿਉਂ ਮੰਗੀ ਗਈ ਹੈ ?

ਸ਼੍ਰੀ ਸਪੀਕਰ : ਮੈਂ ਕਹਾਂਗਾ ਕਿ ਇਸ ਸਵਾਲ ਦਾ ਜਵਾਬ ਇਸੇ ਸੈਸ਼ਨ ਵਿਚ ਹੀ ਦੇ ਦੇਣ । (ਵਿਘਨ) (I would request the Government to give reply to this question during the current Session.)

ਸਰਦਾਰ ਅਜਾਇਬ ਸਿੰਘ ਮੰਧੂ : ਹੁਣੇ ਹੀ ਕਿਉਂ ਨਹੀਂ ?

ਸ਼੍ਰੀ ਸਪੀਕਰ : ਗੌਰਮਿੰਟ ਐਕਸਟੈਨਸ਼ਨ ਮੰਗ ਸਕਦੀ ਹੈ । (Government can request for extension.)

---

*For Starred Question No. 2623 and reply thereto please see Debate, dated 13th August, 1974 (M.S.).

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਅਸੀਂ ਐਕਸਟੈਨਸ਼ਨ ਮੰਗੀ ਹੈ, ਇਨਕਾਰ ਨਹੀਂ ਕੀਤਾ । ਇਸ ਕਰਕੇ ਮੈਂਬਰ ਸਾਹਿਬਾਨ ਨੂੰ ਸਦਭਾਵਨਾ ਨਾਲ ਕੰਮ ਲੈਣਾ ਚਾਹੀਦਾ ਹੈ । ਅਸੀਂ ਇਸੇ ਸੈਸ਼ਨ ਵਿਚ ਇਸ ਦਾ ਜਵਾਬ ਦੇ ਦਿਆਂਗੇ ।

ਕਾਮਰੇਡ ਸੱਤ ਪਾਲ ਡਾਂਗ : ਇਹ ਪੁਲਿਸ ਰਾਜ ਕਾਇਮ ਹੋਣ ਲੱਗਿਆ ਹੈ । ਇਹ ਪੁਲਿਸ ਅਫਸਰਾਂ ਨੂੰ ਇਸ ਪਾਸੇ ਲਾ ਰਹੇ ਹਨ । (ਵਿਘਨ)

ਇਨਸਪੈਕਟਰ ਜਨਰਲ, ਜੇਲ੍ਹ, ਪੰਜਾਬ

*2624. **ਕਾਮਰੇਡ ਸੱਤਪਾਲ ਡਾਂਗ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਮੌਜੂਦਾ ਆਈ. ਜੀ. ਜੇਲ੍ਹਾਂ, ਪੰਜਾਬ ਦਾ ਨਾਮ ਕੀ ਹੈ ਅਤੇ ਇਸ ਅਹੁਦੇ ਤੇ ਉਹਨਾਂ ਦੀ ਨਿਯੁਕਤੀ ਕਿਹੜੀ ਤਰੀਕ ਨੂੰ ਕੀਤੀ ਗਈ;

(ਅ) ਕੀ ਇਹ ਠੀਕ ਹੈ ਕਿ ਉਹਨਾਂ ਦੀ ਜੇਲ੍ਹਾਂ ਦੇ ਆਈ. ਜੀ. ਵਜੋਂ ਨਿਯੁਕਤੀ ਤੋਂ ਪਹਿਲਾਂ ਉਹ ਪੁਲਿਸ ਵਿਭਾਗ ਵਿਚ ਸਨ; ਜੇਕਰ ਅਜਿਹਾ ਹੋਵੇ ਭਾਂ ਜੇਲ੍ਹਾਂ ਦੇ ਆਈ. ਜੀ. ਵਜੋਂ ਉਹਨਾਂ ਦੀ ਨਿਯੁਕਤੀ ਤੋਂ ਪਹਿਲਾਂ ਉਸ ਵਿਭਾਗ ਵਿਚ ਉਹ ਕਿਸ ਅਹੁਦੇ ਤੇ ਸਨ;

(ਏ) ਕੀ ਇਸ ਤੋਂ ਪਹਿਲਾਂ ਵੀ ਪੁਲਿਸ ਵਿਭਾਗ ਦੇ ਕਿਸੇ ਅਫਸਰ ਨੂੰ ਜੇਲ੍ਹਾਂ ਦੇ ਆਈ.ਜੀ. ਵਜੋਂ ਨਿਯੁਕਤ ਕੀਤਾ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਉਹਨਾਂ ਦੇ ਨਾਂ ਕੀ ਕੀ ਹਨ ਅਤੇ ਇਸ ਅਹੁਦੇ ਤੇ ਉਹ ਹਰ ਇਕ ਕਿੰਨੇ-ਕਿੰਨੇ ਸਮੇਂ ਲਈ ਰਹੇ ;

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ (ਮੁੱਖ ਸੰਸਦੀ ਸਕੱਤਰ) : (ੳ) ਸ਼੍ਰੀ ਪ੍ਰਕਾਸ਼ ਚੰਦ, ਆਈ. ਪੀ. ਐਸ. ਇਨਸਪੈਕਟਰ-ਜਨਰਲ, ਜੇਲ੍ਹਾਂ, ਪੰਜਾਬ ਦੇ ਅਹੁਦੇ ਤੇ ਮਿਤੀ 21 ਜੁਲਾਈ, 1973 ਤੋਂ ਨਿਯੁਕਤ ਕੀਤੇ ਗਏ ।

(ਅ) ਇਹ ਠੀਕ ਹੈ ਕਿ ਉਹਨਾਂ ਦੀ ਆਈ. ਜੀ. ਜੇਲ੍ਹਾਂ, ਪੰਜਾਬ, ਨਿਯੁਕਤੀ ਹੋਣ ਤੋਂ ਪਹਿਲਾਂ, ਉਹ ਪੁਲਿਸ ਵਿਭਾਗ ਵਿਚ ਡੀ. ਆਈ. ਜੀ. ਪੁਲਿਸ ਦੇ ਅਹੁਦੇ ਤੇ ਨਿਯੁਕਤ ਸਨ ।

(ਏ) ਇਸ ਤੋਂ ਪਹਿਲਾਂ ਪੁਲਿਸ ਵਿਭਾਗ ਦਾ ਕੋਈ ਵੀ ਅਫਸਰ ਆਈ. ਜੀ. ਜੇਲ੍ਹਾਂ ਨਿਯੁਕਤ ਨਹੀਂ ਕੀਤਾ ਗਿਆ ਸੀ ।

ਕਾਮਰੇਡ ਸੱਤ ਪਾਲ ਡਾਂਗ : ਜਦੋਂ ਇਹ ਹਕੀਕਤ ਹੈ ਕਿ ਇਸ ਤੋਂ ਪਹਿਲਾਂ ਕੋਈ ਪੁਲਿਸ ਡਿਪਾਰਟਮੈਂਟ ਦਾ ਅਫਸਰ ਜੇਲ੍ਹ ਦਾ ਆਈ. ਜੀ. ਨਹੀਂ ਲੱਗਾ ਅਤੇ ਹੁਣ ਇਹ ਪੁਲਿਸ ਦੇ ਅਫਸਰਾਂ ਨੂੰ ਜੇਲ੍ਹਾਂ ਵਿਚ ਆਈ. ਜੀ. ਲਗਾ ਰਹੇ ਹਨ ਜਦ ਕਿ ਇਹ ਅਨਡਿਜ਼ਾਇਰੇਬਲ ਗੱਲ ਹੈ । ਪੁਲਿਸ ਦੀਆਂ ਆਪਣੀਆਂ ਵਿੰਡਿਕਟਿਵਨੈਸ ਹੁੰਦੀਆਂ ਹਨ । ਇਸ ਲਈ ਮੈਂ ਉਨ੍ਹਾਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਪੁਲਿਸ ਦੇ ਅਫ਼ਸਰਾਂ ਨੂੰ ਜੇਲ੍ਹਾਂ ਵਿਚ ਅਤੇ ਹੋਰ ਪਬਲਿਕ ਅੰਡਰਟੇਕਿੰਗਜ਼ ਵਿਚ ਲਗਾ ਰਹੇ ਹਨ ਤਾਂ ਕੀ ਇਹ ਕੋਈ ਨਵੀਂ ਕਿਸਮ ਦਾ ਪੁਲਿਸ ਰਾਜ ਕਾਇਮ ਕਰ ਰਹੇ ਹਨ ? ਕੀ ਇਹ ਪੁਲਿਸ ਰਾਜ ਨਹੀਂ ਬਣਾਇਆ ਜਾ ਰਿਹਾ ? ਕੀ ਇਹ ਪੁਲਿਸ ਰਾਜ ਹੈ ਜਾਂ ਕਿ ਜੈ ਪ੍ਰਕਾਸ਼ ਦੀ ਪਾਰਟੀਲੈਸ ਡੈਮੋਕਰੇਸੀ ਦਾ ਨਮੂਨਾ ਹੈ ?

ਮੁੱਖ ਸੰਸਦੀ ਸਕੱਤਰ : ਮੈਂ ਡਾਂਗ ਸਾਹਿਬ ਦੇ ਗਿਆਤ ਲਈ ਦੱਸਦਾ ਹਾਂ ਕਿ 1973 ਵਿਚ ਗੌਰਮਿੰਟ ਆਫ ਇੰਡੀਆ, ਮਨਿਸਟਰੀ ਆਫ ਹੋਮ ਅਫੇਅਰਜ਼ ਨੇ ਇਹ ਫੈਸਲਾ ਕੀਤਾ ਸੀ ਕਿ ਆਈ.ਪੀ.ਐਸ. ਅਫ਼ਸਰ ਹੋਰ ਮਹਿਕਮਿਆਂ ਦੇ ਵਿਚ, ਮਨਿਸਟਰੀਆਂ ਦੇ ਵਿਚ ਵੀ ਲਾਏ ਜਾ ਸਕਦੇ ਹਨ ਤਾਂਕਿ ਉਹਨਾਂ ਦਾ ਫਾਇਦਾ ਉਠਾਇਆ ਜਾਵੇ । ਇਸ ਲਈ ਜੇ ਕਹੋ ਤਾਂ ਮੈਂ ਉਹਨਾਂ ਦਾ ਲੈਟਰ ਨੰਬਰ ਆਦਿ ਦਸ ਦਿੰਦਾ ਹਾਂ । (ਵਿਘਨ)

ਕਾਮਰੇਡ ਸੱਤਪਾਲ ਡਾਂਗ : ਕੀ ਇਸੇ ਕਰਕੇ ਤੁਸੀਂ ਪੁਲਿਸ ਰਾਜ ਕਾਇਮ ਕਹੀ ਜਾ ਰਹੇ ਹੋ । (ਵਿਘਨ) ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਗੌਰਮਿੰਟ ਆਫ ਇੰਡੀਆ ਨੇ ਇਹਨਾਂ ਨੂੰ ਕਿਹਾ ਕਿ ਖੂਹ ਵਿਚ ਛਾਲ ਮਾਰੋ ਤਾਂ ਕੀ ਸਾਰੇ ਮਨਿਸਟਰ ਇਹ ਖੂਹ ਵਿਚ ਛਾਲ ਮਾਰ ਦੇਣਗੇ ?

ਮੁੱਖ ਮੰਤਰੀ : ਗੌਰਮਿੰਟ ਆਫ ਇੰਡੀਆ ਜੋ ਹੈ ਇਹ ਕਿਸੇ ਸੂਬੇ ਦੀ ਮਨਿਸਟਰੀ ਨੂੰ ਨਹੀਂ ਕਹੇਗੀ ਕਿ ਉਹ ਖੂਹ ਵਿਚ ਛਾਲ ਮਾਰ ਦੇਵੇ । ਆਲ-ਇੰਡੀਆ ਪਾਰਟੀਆਂ ਆਪਣੀਆਂ ਪਾਰਟੀਆਂ ਨੂੰ ਕਹਿ ਸਕਦੀਆਂ ਹਨ । ਡਾਂਗ ਸਾਹਿਬ ਦੀ ਪਾਰਟੀ ਆਲ-ਇੰਡੀਆ ਪਾਰਟੀ ਹੈ, ਜੇ ਇਹਨਾਂ ਦੀ ਪਾਰਟੀ ਕਹੇ ਕਿ ਖੂਹ ਵਿਚ ਛਾਲ ਮਾਰੋ, ਇਹਨਾਂ ਨੇ ਛਾਲ ਮਾਰੀ ਹੈ । ਪਰ ਮੈਂ ਕਹਾਂਗਾ ਕਿ ਡਾਂਗ ਸਾਹਿਬ ਵਰਗੇ ਪਾਰਲੀਮੈਂਟੇਰੀਅਨ ਦੇ ਮੂੰਹ ਵਿਚੋਂ ਇਹ ਗੱਲ ਸ਼ਬਦੀ ਨਹੀਂ ਹੈ । ਮੈਂ ਅਰਜ਼ ਕਰਦਾ ਹਾਂ ਕਿ ਆਈ.ਪੀ.ਐਸ. ਅਤੇ ਆਈ.ਏ.ਐਸ. ਕੇਡਰ ਦੇ ਜਿਹੜੇ ਅਫਸਰ ਹਨ ਇਨ੍ਹਾਂ ਨੂੰ ਆਮ ਤੌਰ ਤੇ ਉਚੇ ਲਾਇਆ ਜਾਂਦਾ ਹੈ ਜਿਨ੍ਹਾਂ ਲਾਈਨਾਂ ਵਿਚ ਇਹਨਾਂ ਨੇ ਤਿਆਰੀ ਕੀਤੀ ਹੁੰਦੀ ਹੈ ਅਤੇ ਜਿਨ੍ਹਾਂ ਵਾਸਤੇ ਉਹ ਸਿਲੈਕਟ ਕੀਤੇ ਹੁੰਦੇ ਹਨ । ਲੇਕਿਨ ਇਸ ਵਿਚ ਕੋਈ ਬੰਧਨ ਨਹੀਂ ਕਿ ਆਈ.ਪੀ.ਐਸ. ਅਫ਼ਸਰਾਂ ਨੂੰ ਜਾਂ ਆਈ.ਏ.ਐਸ. ਅਫ਼ਸਰ ਨੂੰ, ਜਿਹੜਾ ਕਿ ਐਡਮਨਿਸਟਰੇਸ਼ਨ ਵਾਸਤੇ ਹਾਈਲੀ ਕੁਆਲੀਫਾਈਡ ਹੁੰਦਾ ਹੈ, ਉਹ ਜਿਥੇ ਫਿੱਟ ਇੰਨ ਹੋ ਜਾਣ, ਜਿਥੇ ਉਹਨਾਂ ਦੀ ਯੋਗਤਾ ਪੂਰੀ ਹੋਵੇ ਅਤੇ ਉਸ ਥੰਮ ਨੂੰ ਉਹ ਚਲਾ ਸਕਣ, ਲਾਏ ਜਾ ਸਕਦੇ ਹਨ ਅਤੇ ਲਾਏ ਹਨ । ਡਾਂਗ ਸਾਹਿਬ ਦਾ ਬਾਰ ਬਾਰ ਇਹ ਕਹਿਣਾ ਕਿ ਪੁਲਿਸ ਰਾਜ ਹੋ ਗਿਆ ਹੈ, ਡਾਂਗ ਸਾਹਿਬ ਨੂੰ ਸ਼ਾਇਦ ਇਹ ਪਤਾ ਨਹੀਂ ਹੈ ਕਿ ਸਾਰੀ ਦੁਨੀਆਂ ਵਿਚ ਰਾਜ ਪੁਲਿਸ ਰਾਹੀਂ ਹੁੰਦਾ ਹੈ ਫਿਰ ਤੁਸੀਂ ਇਤਰਾਜ਼ ਕਿਉਂ ਕਰਦੇ ਹੋ । ਜੇ ਪੁਲਿਸ ਦੇ ਚੰਗੇ ਅਫਸਰ ਹੋਣਗੇ ਅਤੇ ਜੇ ਉਹ ਚੰਗੀਆਂ ਥਾਂਵਾਂ ਤੇ ਲੱਗ ਜਾਣਗੇ ਤਾਂ ਫਾਇਦਾ ਹੋਵੇਗਾ ।

ਡਾਕਟਰ ਬਲਦੇਵ ਪ੍ਰਕਾਸ਼ : ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਆਈ.ਏ.ਐਸ. ਅਫ਼ਸਰ ਅਤੇ ਆਈ.ਪੀ.ਐਸ. ਅਫ਼ਸਰ ਕਿਸੇ ਵੀ ਪਬਲਿਕ ਅੰਡਰਟੇਕਿੰਗ ਤੇ ਜਾਂ ਕਿਸੇ ਵੀ ਐਡਮਨਿਸਟਰੇਸ਼ਨ ਦੀ ਪੋਸਟ ਤੇ ਲਗਾਏ ਜਾ ਸਕਦੇ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਵੀ ਇਸ ਤਰ੍ਹਾਂ ਦੇ ਅਫ਼ਸਰ ਲਗਾਏ ਗਏ ਹਨ ਚਾਹੇ ਉਹ ਐਕਸਪੋਰਟ ਕਾਰਪੋਰੇਸ਼ਨ

Original with;
Punjab Vidhan Sabha
Digitized by;
Panjab Digital Library

ਵਿਚ ਲਗਾਏ ਗਏ, ਚਾਹੇ ਉਹ ਹਾਊਸਿੰਗ ਕਾਰਪੋਰੇਸ਼ਨ ਵਿਚ ਲਗਾਏ ਗਏ, ਜਿਸ ਤਰ੍ਹਾਂ ਕਿ ਆਈ.ਜੀ. ਪਰਿਜ਼ਨਜ਼ ਨੂੰ ਲਗਾਉਣਾ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਨੇ ਉਹਨਾਂ ਅਫ਼ਸਰਾਂ ਨੂੰ ਉਸ ਖਾਸ ਖੇਤਰ ਵਿਚ ਉਨ੍ਹਾਂ ਦੀ ਯੋਗਤਾ ਦੇ ਆਧਾਰ ਤੇ ਲਗਾਇਆ ਹੈ ? ਉਸ ਦੇ ਵਾਸਤੇ ਕੀ ਕਰਾਈਟੇਰੀਆ ਸੀ ? ਕੀ ਉਹਨਾਂ ਨੂੰ ਇਸ ਬਾਰੇ ਕੋਈ ਤਜ਼ਰਬਾ ਸੀ ? ਕੀ ਉਨ੍ਹਾਂ ਨੂੰ ਹਾਊਸਿੰਗ ਦਾ ਕੋਈ ਤਜ਼ਰਬਾ ਸੀ ਜਾਂ ਕਿ ਉਨ੍ਹਾਂ ਨੂੰ ਪੁਲਿਸ ਦੇ ਮਹਿਕਮੇ ਵਿਚੋਂ ਕੱਢਣਾ ਜ਼ਰੂਰੀ ਹੋ ਗਿਆ ਸੀ ਅਤੇ ਇਸ ਲਈ ਉਨ੍ਹਾਂ ਨੂੰ ਉਥੇ ਲਗਾ ਦਿਤਾ ਗਿਆ ?

ਮੁੱਖ ਮੰਤਰੀ : ਪੂਰੀ ਸੋਚ ਵਿਚਾਰ ਤੋਂ ਬਾਅਦ ਲਗਾਇਆ ਹੈ। ਇਹ ਐਡਮਨਿਸਟਰੇਸ਼ਨ ਦੇ ਹਿੱਤ ਵਿਚ ਹੈ ਅਤੇ ਇਹ ਲੋਕਾਂ ਦੇ ਹਿੱਤ ਵਿਚ ਹੈ।

ਕੈਪਟਨ ਰਤਨ ਸਿੰਘ : ਕੀ ਸੀ.ਐਮ. ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਇਹ ਜਿਹੜੀ ਉਨ੍ਹਾਂ ਦੀ ਨਵੀਂ ਨੀਤੀ ਹੈ ਅਤੇ ਜਿਸ ਦੇ ਅਨੁਸਾਰ ਉਨ੍ਹਾਂ ਨੇ ਇਹ ਬਦਲੀਆਂ ਕੀਤੀਆਂ ਹਨ ਇਹ ਸਿਰਫ ਆਈ.ਪੀ.ਐਸ. ਅਤੇ ਆਈ.ਏ.ਐਸ. ਦੇ ਅਫ਼ਸਰਾਂ ਤੱਕ ਹੀ ਮਹਿਦੂਦ ਹੈ ਜਾਂ ਕਿ ਹੋਰ ਵੀ ਆਲ-ਇੰਡੀਆ ਸਰਵਿਸਿਜ਼ ਇਸ ਵਿਚ ਸ਼ਾਮਿਲ ਹਨ ?

ਮੁੱਖ ਮੰਤਰੀ : ਹੋਰ ਵੀ ਆਲ-ਇੰਡੀਆ ਸਰਵਿਸਿਜ਼ ਦੇ ਵਿੱਚੋਂ ਕੋਈ ਅਫ਼ਸਰ ਇਸ ਤਰ੍ਹਾਂ ਦੀ ਯੋਗਤਾ ਰੱਖਦਾ ਹੋਵੇ ਉਸ ਨੂੰ ਕਿਸੇ ਮਹਿਕਮੇ ਵਿਚ ਬਦਲਕੇ ਲਾਇਆ ਜਾ ਸਕਦਾ ਹੈ। ਗੌਰਮਿੰਟ ਦਾ ਫਰਜ਼ ਇਹ ਦੇਖਣਾ ਹੈ ਕਿ ਐਡਮਨਿਸਟਰੇਸ਼ਨ ਨੂੰ ਲਾਭ ਕਿਸ ਗੱਲ ਵਿੱਚ ਹੈ ਅਤੇ ਲੋਕਾਂ ਦਾ ਹਿੱਤ ਕਿਸ ਗੱਲ ਵਿੱਚ ਹੈ।

ਸਰਦਾਰ ਗੁਰਦੇਵ ਸਿੰਘ ਸਿੱਧੂ : ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਹਾਊਸਿੰਗ ਬੋਰਡ ਦਾ ਚੇਅਰਮੈਨ ਆਈ.ਪੀ.ਐਸ. ਅਫ਼ਸਰ ਲਗਾਇਆ ਹੈ ਕੀ ਉਸ ਨੇ ਕਦੇ ਸਾਹਿਲ ਤੇ ਇੱਟ ਲਗਾ ਕੇ ਵੇਖੀ ਹੈ। ਕੀ ਉਸ ਨੇ ਕਦੇ ਤੇਸੀ ਨਾਲ ਕੰਧ ਚੁਣੀ ਹੈ ? ਕੀ ਉਹ ਇਸ ਬਾਰੇ ਸਰਟੀਫੀਕੇਟ ਪੇਸ਼ ਕਰ ਸਕਦਾ ਹੈ ? (ਵਿਘਨ)

ਮੁੱਖ ਮੰਤਰੀ : ਇਹ ਗੱਲਾਂ ਪੁਰਾਣੀਆਂ ਹਨ। ਪੁਰਾਣੇ ਜ਼ਮਾਨੇ ਵਿਚ ਕਿਹਾ ਜਾਂਦਾ ਸੀ ਕਿ ਪਸ਼ੂ ਮਰ ਗਿਆ ਹੈ ਤਾਂ ਉਸ ਨੂੰ ਹਰੀਜਨ ਹੀ ਚੁੱਕੇਗਾ ਪਰ ਹੁਣ ਤਾਂ ਉਹ ਪੰਡਿਤ ਨੂੰ ਵੀ ਚੁੱਕਣਾ ਪਵੇਗਾ। ਇਸੇ ਤਰ੍ਹਾਂ ਹੀ ਕੱਪੜੇ ਸਿਉਣ ਦੀ ਗੱਲ ਹੈ ਇਹ ਵੀ ਪੁਰਾਣਾ ਜ਼ਮਾਨਾ ਹੈ ਪਰ ਹੁਣ ਤਾਂ ਖੱਤਰੀ ਨੂੰ ਵੀ ਸਿਉਣਾ ਪਵੇਗਾ। ਇਸ ਲਈ ਇਹ ਕਹਿਣਾ ਕਿ ਉਸ ਨੇ ਇੱਟ ਲਾਈ ਹੈ ਜਾਂ ਨਹੀਂ ਲਾਈ ਇਹ ਠੀਕ ਨਹੀਂ ਹੈ। (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ : ਸਵਾਲ ਇਹ ਹੈ ਕਿ ਕੀ ਉਸ ਨੂੰ ਤਜ਼ਰਬਾ ਹੈ। (ਵਿਘਨ) (ਸ਼ੋਰ) ਸਵਾਲ ਇਹ ਹੈ ਕਿ ਕੀ ਉਸ ਨੂੰ ਇਸ ਬਾਰੇ ਕੋਈ ਤਜ਼ਰਬਾ ਹੈ। (ਵਿਘਨ)

Mr. Speaker : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Legislative Assembly.

Original with;
Punjab Vidhan Sabha
Digitized by;
Panjab Digital Library

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38.

ਰਾਜ ਵਿਚ ਰਸਾਇਣਿਕ ਖਾਦ ਦੀ ਵਿਕਰੀ

*2629. **ਸ਼੍ਰੀ ਬ੍ਰਿਜ ਲਾਲ ਗੋਇਲ** : ਕੀ ਖੇਤੀਬਾੜੀ ਅਤੇ ਜੰਗਲਾਤ ਦੇ ਮੰਤਰੀ ਕਿਰਪਾ ਕਰਕੇ ਦਸਣਗੇ ਕਿ :—

(ੳ) ਕੀ ਇਹ ਠੀਕ ਹੈ ਕਿ ਪੰਜਾਬ ਹੀ ਭਾਰਤ ਵਿੱਚ ਇਕ ਅਜਿਹਾ ਪ੍ਰਾਂਤ ਹੈ ਜਿਥੇ ਰਾਜ ਸਰਕਾਰ ਨੇ ਰਸਾਇਣਿਕ ਖਾਦ ਪੁਰਾਣੀਆਂ ਦਰਾਂ ਤੇ ਵੇਚਣ ਲਈ ਹੁਕਮ ਦਿੱਤਾ ਹੈ;

(ਅ) ਕੀ ਸਰਕਾਰ ਦੇ ਧਿਆਨ ਵਿੱਚ ਇਹ ਗੱਲ ਆਈ ਹੈ ਕਿ ਰਾਜ ਵਿਚ ਸਿਰਫ ਵੱਡੇ ਜ਼ਿਮੀਂਦਾਰਾਂ ਨੂੰ ਹੀ ਫਰਜ਼ੀ ਨਾਵਾਂ ਤੇ ਰਸਾਇਣਿਕ ਖਾਦ ਦੀਆਂ 400 ਬੋਰੀਆਂ ਦੇ ਪਰਮਿਟ ਜਾਰੀ ਕੀਤੇ ਜਾਂਦੇ ਹਨ ;

(ਏ) ਕੀ ਇਹ ਗੱਲ ਵੀ ਸਰਕਾਰ ਦੇ ਧਿਆਨ ਵਿੱਚ ਆਈ ਹੈ ਕਿ ਛੋਟੇ ਕਿਸਾਨਾਂ ਨੂੰ ਰਸਾਇਣਿਕ ਖਾਦ ਲਈ ਪਰਮਿਟ ਲੈਣ ਵਿੱਚ ਬਹੁਤ ਮੁਸ਼ਕਲ ਪੇਸ਼ ਆਉਂਦੀ ਹੈ ਅਤੇ ਉਨ੍ਹਾਂ ਨੂੰ ਲੋੜੀਂਦੀ ਮਾਤਰਾ ਵਿੱਚ ਰਸਾਇਣਿਕ ਖਾਦ ਨਹੀਂ ਦਿੱਤੀ ਜਾਂਦੀ; ਜੇਕਰ ਅਜਿਹਾ ਹੋਵੇ ਤਾਂ, ਸਰਕਾਰ ਦਾ ਇਸ ਮਾਮਲੇ ਵਿੱਚ ਕੀ ਕਾਰਵਾਈ ਕਰਨ ਦਾ ਵਿਚਾਰ ਹੈ;

(ਸ) ਕੀ ਸਰਕਾਰ ਨੂੰ 1 ਜਨਵਰੀ, 1974 ਤੋਂ ਹੁਣ ਤੱਕ ਦੇ ਸਮੇਂ ਦੇ ਦੌਰਾਨ ਪੰਜਾਬ ਐਗਰੋ-ਇੰਡਸਟ੍ਰੀਜ਼ ਕਾਰਪੋਰੇਸ਼ਨ ਦੇ ਇੰਸਪੈਕਟਰਾਂ ਵਿਰੁੱਧ ਰਸਾਇਣਿਕ ਖਾਦ ਦੀ ਗਲਤ ਵੰਡ ਕਰਨ ਅਤੇ ਵੱਡੇ ਜ਼ਿਮੀਂਦਾਰਾਂ ਨੂੰ ਛੋਟੇ ਕਿਸਾਨਾਂ ਦਾ ਹੱਕ ਖੋਹ ਕੇ ਖੱਪਤਕਾਰ ਕਰਨ ਸਬੰਧੀ ਕੋਈ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਦਾ ਇਸ ਸਬੰਧੀ ਕੀ ਕਾਰਵਾਈ ਕਰਨ ਦਾ ਵਿਚਾਰ ਹੈ ?

ਮਾਸਟਰ ਗੁਰਬੰਤਾ ਸਿੰਘ : (ੳ) ਸਰਕਾਰ ਨੇ ਮਾਰਕਫੈਡ ਅਤੇ ਪੰਜਾਬ ਐਗਰੋ-ਇੰਡਸਟ੍ਰੀਜ਼ ਕਾਰਪੋਰੇਸ਼ਨ ਨੂੰ ਸਿਧਿਆਂ ਅਤੇ ਹੋਰ ਦੂਜਿਆਂ ਪ੍ਰਾਈਵੇਟ ਡੀਲਰਾਂ ਨੂੰ ਡਾਇਰੈਕਟਰ ਖੇਤੀ ਬਾੜੀ, ਪੰਜਾਬ ਦੁਆਰਾ ਬੇਨਤੀ ਕੀਤੀ ਕਿ ਜੋ ਖਾਦ ਦੇ ਸਟਾਕ ਮਿਤੀ 1 ਜੂਨ, 1974 ਨੂੰ ਗੁਦਾਮਾਂ ਵਿੱਚ ਪਏ ਸਨ ਜਾਂ ਇਸ ਮਿਤੀ ਤੋਂ ਪਹਿਲੇ ਕੀਤੇ ਗਏ ਆਰਡਰਾਂ ਦੇ ਅਨੁਸਾਰ ਟਰਾਂਜ਼ਿਟ ਵਿੱਚ ਸਨ, ਨੂੰ ਪੁਰਾਣੇ ਰੇਟਾਂ ਤੇ ਵੇਚਿਆ ਜਾਵੇ । ਸਰਕਾਰ ਦੀ ਬੇਨਤੀ ਅਤੇ ਇਸ ਅਨੁਸਾਰ ਡਾਇਰੈਕਟਰ, ਖੇਤੀ ਬਾੜੀ, ਪੰਜਾਬ ਦੁਆਰਾ ਕੀਤੀਆਂ ਗਈਆਂ ਹਦਾਇਤਾਂ ਵਾਪਸ ਲੈ ਲਈਆਂ ਸਨ । ਸਰਕਾਰ ਨੂੰ ਇਹ ਪਤਾ ਨਹੀਂ ਹੈ ਕਿ ਕਿਸੇ ਹੋਰ ਦੂਜੇ ਰਾਜਾਂ ਨੇ ਅਜਿਹੇ ਆਰਡਰ ਪਾਸ ਕੀਤੇ ਹਨ ਕਿ ਨਹੀਂ ।

(ਅ) ਨਹੀਂ ਜੀ ।

(ਏ) ਮਿਤੀ 5 ਜੁਲਾਈ, 1974 ਨੂੰ ਨਾਭਾ ਵਿਖੇ ਹੋਈ ਸ਼ਕਾਇਤ ਕਮੇਟੀ (Grievances Committee) ਦੀ ਮੀਟਿੰਗ ਵਿਚ ਖਾਦ ਦੀ ਗਲਤ ਵੰਡ ਬਾਰੇ ਮੈਨੂੰ ਜ਼ਬਾਨੀ

Original with;
Punjab Vidhan Sabha
Digitized by;
Panjab Digital Library

ਸ਼ਕਾਇਤਾਂ ਕੀਤੀਆਂ ਗਈਆਂ ਸਨ । ਇਸ ਮਾਮਲੇ ਦੀ ਵਿਭਾਗੀ ਜਾਂਚ ਕੀਤੀ ਜਾ ਰਹੀ ਹੈ । ਸਰਕਾਰ ਨੇ ਸਾਰੇ ਜਿਮੀਂਦਾਰਾਂ ਨੂੰ ਸੁਨੀਤੀ ਸੰਗਤ ਰਸਾਇਣਿਕ ਖਾਦ ਵੰਡਣ ਲਈ ਹਰ ਸੰਭਵ ਕੋਸ਼ਿਸ਼ਾਂ ਕੀਤੀਆਂ ਹਨ/ਕੀਤੀਆਂ ਜਾ ਰਹੀਆਂ ਹਨ ।

(ਸ) ਹਾਂ ਜੀ ।

ਕੁਝ ਸ਼ਕਾਇਤਾਂ ਪੰਜਾਬ ਐਗਰੋ ਸੈਂਟਰਾਂ ਦੇ ਸੇਲਜ਼ ਮੈਨਾਂ ਵਿਰੁੱਧ ਪ੍ਰਾਪਤ ਹੋਈਆਂ ਸਨ ਅਤੇ ਉਨ੍ਹਾਂ ਦੀ ਜਾਂਚ ਪੜਤਾਲ ਕੀਤੀ ਜਾ ਰਹੀ ਹੈ । ਜੁਡੀਸ਼ੀਅਲ ਮੈਜਿਸਟਰੇਟ ਫਸਟ ਕਲਾਸ, ਸੁਨਾਮ ਦੀ ਅਦਾਲਤ ਵਿੱਚ ਇਕ ਸੇਲਜ਼ਮੈਨ ਦੇ ਵਿਰੁੱਧ ਜ਼ਰੂਰੀ ਵਸਤਾਂ ਐਕਟ ਦੀ ਧਾਰਾ 7 ਅਤੇ ਫਰਟੇਲਾਈਜ਼ਰ ਕੰਟਰੋਲ ਆਰਡਰ ਦੀ ਕਲਾਸ 3 ਅਨੁਸਾਰ ਫੌਜ਼ਦਾਰੀ ਦਾ ਕੇਸ ਪਹਿਲਾਂ ਹੀ ਰਿਜਿਸਟਰ ਕਰਵਾਇਆ ਹੋਇਆ ਹੈ ।

[(a) Government had requested the Markfed and the Agro-Industries Corporation direct and others through the Director of Agriculture, Punjab for selling the old stocks of fertilisers lying in the godowns on 1st June, 1974 and also including the stocks which were in transit in pursuance of the orders placed prior to 1st June, 1974 at the old rates. Subsequently this request of Government, and the instructions issued by the Director of Agriculture, Punjab, on that basis, were withdrawn. It is, however, not known as to whether any other State of India has passed such orders.

(b) No, Sir.

(c) Some verbal complaints about mal practices and distribution of fertilisers were made to me during the meeting of the Public Grievances Committee held at Nabha on 5th July, 1974. A departmental enquiry is being conducted.

All possible eforts have been are being made to ensure equitable distribution of chemical fertilisers among the farmers.

(d) Yes, Sir.

Some complaints received against the salesmen of the Punjab Agro Centres are being looked into. A criminal case has already been instituted in the court of Judicial Magistrate Ist Class Sunam against one salesman under section 7 of the Essential Commodities Act read with clause 3 of the Fertiliser (Control) Order, 1957.]

PERMITS ISSUED FOR EXPORT OF WHEAT SEED

*2649 **Comrade Shamsher Singh Josh** : Will the Minister for Agriculture and Forests be pleased to state—

(a) the number of permits for export of wheat seed issued by the State Government during the period from March, 1974 to July, 1974.

(b) the name of firms/individuals to whom the above mentioned permits were issued stating the quantity for which these were issued in each case;

Original with;
Punjab Vidhan Sabha
Digitized by;
Panjab Digital Library

(Comrade Shamsher Singh Josh)

(c) whether the firms/individuals mentioned in part (b) above have been dealing in seed Trade or not ?

Master Gurbanta Singh : (a) Three (3)

(b) 1. Farmers who contracted with the National Seed Corporation for the production Seed. .. 15709 Qtls. to Delhi

2. Director, Central State Farms Ladowal. .. 4800 Qtls.

3. Director of Agriculture, Himachal Pradesh .. 815 tonnes.

(c) Yes.

[(ਓ) ਤਿੰਨ (3)

(ਅ) 1. ਕਿਸਾਨ ਜਿਨ੍ਹਾਂ ਨੇ ਨੈਸ਼ਨਲ ਸੀਡ ਕਾਰਪੋਰੇਸ਼ਨ ਨਾਲ ਠੇਕਾ ਕੀਤਾ .. 15709 ਕੁਵਿੰਟਲ ਦਿੱਲੀ ਵਾਸਤੇ

2. ਡਾਇਰੈਕਟਰ, ਸੈਂਟਰਲ ਸਟੇਟ ਫ਼ਾਰਮਜ਼, ਲਾਡੋਵਾਲ । .. 4800 ਕੁਵਿੰਟਲ

3. ਡਾਇਰੈਕਟਰ ਖੇਤੀ ਬਾੜੀ, ਹਿਮਾਚਲ ਪ੍ਰਦੇਸ਼ । .. 815 ਟਨਜ਼

(ਏ) ਹਾਂ ਜੀ ।]

COLLECTION OF OCTROI BY CONTRACTORS

*2651 1. **Comrade Dana Ram**
2. **Comrade Satya Pal Dang** } Will the Minister for Finance be pleased to state—

(a) whether the collection of octroi in case of any of the Municipal Committees in the State has recently been entrusted to contractors; if so, the names of such Municipal Committees;

(b) the date from which the said work has been entrusted to the contractors; in the case of each Municipal Committees;

(c) the names and the addresses of the said Contractors in each case;

(d) the procedure adopted by the Government/Local Bodies concerned in selecting the contractors for the purpose and the terms and conditions in each case ?

Shri Hans Raj Sharma : (a) Yes, sir in the Municipal Committees of Muktsar and Malout. In Malout the collection of 'toll tax' and 'transit pass fee' has also been leased out, in addition to octroi.

Original with; Punjab Vidhan Sabha
Digitized by; Panjab Digital Library

(b) In both the Municipal Committees the work of collection of the aforesaid taxes was entrusted to the lessees with effect from 1st July, 1974.

(c) Name and addresses of the lessees in each case are.—

(i) Municipal Committee, Muktsar: M/s. Avnash Arora B & Co., Muktsar and

(ii) Municipal Committee, Malout: M/s. Harbans Lal Challana & Co., Malout.

(d) The leases in both these cases were given by open auction to the highest bidders by the Municipal Committee concerned. Before doing so, the sanction required under section 83 of the Punjab Municipal Act, 1911, was obtained by the Administrators of both these Municipal Committees from the Regional Deputy Director, Local Government, Ferozepur. A copy each of the terms and condition on which the collection of these taxes has been leased out by the two Municipal Committees is placed on the Table of the House.

ਸ਼ਰਤਾਂ ਨਿਲਾਮੀ ਠੇਕਾ—ਨਗਰਪਾਲਕਾ ਮੁਕਤਸਰ

1. ਠੇਕੇਦਾਰ ਨੂੰ ਬੋਲੀ ਦੇਣ ਵੇਲੇ 5000 ਰੁਪਏ ਜਮ੍ਹਾਂ ਕਰਾਉਣਾ ਪਵੇਗਾ ਜੋ ਕਿ ਬੋਲੀ ਖਤਮ ਹੋਣ ਤੋਂ ਬਾਅਦ ਵਾਪਸ ਕੀਤਾ ਜਾਵੇਗਾ ।

2. ਠੇਕੇਦਾਰ ਨੂੰ ਕੁਲ 75,000 ਰੁਪਏ ਬਤੌਰ ਸਿਕਿਉਰਟੀ 24 ਘੰਟੇ ਦੇ ਅੰਦਰ ਅੰਦਰ ਜਮ੍ਹਾਂ ਕਰਾਉਣਾ ਹੋਵੇਗਾ । ਜਿਹੜਾ ਕਿ ਆਖਰੀ ਕਿਸ਼ਤ ਵਿਚ ਪੂਰਾ ਕਰ ਲਿਆ ਜਾਵੇਗਾ । ਜੇ ਕਰ ਠੇਕੇਦਾਰ ਰਕਮ ਜਮ੍ਹਾਂ ਨਾ ਕਰਵਾਏ ਤਾਂ 5000 ਰੁਪਏ ਜ਼ਬਤ ਕਰ ਲਿਆ ਜਾਵੇਗਾ ।

3. ਬੋਲੀ ਮਨਜੂਰ ਜਾਂ ਨਾ ਮਨਜੂਰ ਕਰਨੇ, ਬਿਨਾਂ ਕਿਸੇ ਵਜਾਂ ਦੇ ਅਖਤਿਆਰ ਜਨਾਬ ਪ੍ਰਬੰਧਕ ਸਾਹਿਬ, ਨਗਰ ਪਾਲਕਾ, ਮੁਕਤਸਰ ਨੂੰ ਹੋਵੇਗਾ ।

4. ਠੇਕੇਦਾਰ ਨੂੰ ਮੌਜੂਦਾ ਸ਼ਡਿਊਲ ਚੁੰਗੀ ਦੇ ਅਨੁਸਾਰ ਵਸੂਲੀ ਕਰਨੀ ਪਵੇਗੀ ।

5. ਮੌਜੂਦਾ ਸਟਾਫ ਵੀ ਮਹਿਕਮਾਂ ਚੁੰਗੀ ਪਰ ਕੰਮ ਕਰੇਗਾ, ਜਿਸ ਦੀ ਤਨਖਾਹ ਬਗੈਰਾ ਨਗਰਪਾਲਕਾ ਦੇਵੇਗੀ ਪਰ ਠੇਕੇਦਾਰ ਪ੍ਰਬੰਧਕ ਸਾਹਿਬ ਨਗਰਪਾਲਕਾ ਮੁਕਤਸਰ ਦੀ ਮਨਜੂਰੀ ਨਾਲ ਜ਼ਿਆਦਾ ਸਟਾਫ ਰੱਖ ਸਕੇਗਾ ਜਿਸ ਦੀ ਤਨਖਾਹ ਉਹ ਖੁਦ ਦੇਵੇਗਾ ।

6. ਫ਼ਾਰਮ ਅਤੇ ਸਟੇਸ਼ਨਰੀ ਨਗਰਪਾਲਕਾ ਖੁਦ ਦੇਵੇਗੀ ।

7. ਮੌਜੂਦਾ ਚੁੰਗੀਆਂ ਦਾ ਕਰਾਇਆ ਨਗਰਪਾਲਕਾ ਨਹੀਂ ਲਵੇਗੀ ਅਤੇ ਠੇਕੇਦਾਰ ਜੇ ਕਰ ਬਦਲਣਾ ਚਾਹੇ ਤਾਂ ਇਸ ਦਾ ਕਰਾਇਆ ਠੇਕੇਦਾਰ ਖੁਦ ਦੇਵੇਗਾ ।

Original with;
Punjab Vidhan Sabha
Digitized by;
Panja

[Minister for Finance]

8. ਮਹਿਸੂਲ ਦੇ ਰੇਟ ਦੇ ਝਗੜੇ ਦਾ ਨਿਪਟਾਰਾ ਚੁੰਗੀ ਸੁਪਰਡੈਂਟ ਅਤੇ ਕਾਰਜ ਸਾਧਕ ਅਫ਼ਸਰ ਕਰੇਗਾ ।

9. ਕਿਸੇ ਮੁਲਾਜ਼ਮ ਦੇ ਖਿਲਾਫ ਸ਼ਕਾਇਤ ਹੋਣ ਦੀ ਸੂਰਤ ਵਿਚ ਕਾਰਜ ਸਾਧਕ ਅਫ਼ਸਰ ਹੀ ਸਜ਼ਾ ਦੇ ਸਕੇਗਾ ।

10. ਠੇਕੇਦਾਰ ਜਾਂ ਠੇਕੇਦਾਰ ਦੇ ਉਨ੍ਹਾਂ ਆਦਮੀਆਂ ਨੂੰ ਚੁੰਗੀਆਂ ਚੈਕ ਕਰਨ ਦਾ ਅਖਤਿਆਰ ਹੋਵੇਗਾ ਜਿਸ ਨੂੰ ਕਾਰਜ ਸਾਧਕ ਅਫ਼ਸਰ, ਪ੍ਰਬੰਧਕ ਨਗਰਪਾਲਕਾ ਮਨਜ਼ੂਰੀ ਦੇਵੇਗਾ ।

11. ਕੁਲ ਆਮਦਨੀ ਚੁੰਗੀ ਨਗਰਪਾਲਕਾ ਦੇ ਦਫਤਰ ਵਿਚ ਜਮ੍ਹਾਂ ਹੋਵੇਗੀ ਅਤੇ ਨਫਾ ਨੁਕਸਾਨ ਦਾ ਹਿਸਾਬ ਠੇਕੇਦਾਰ ਦੇ ਨਾਲ 7 ਤਾਰੀਖ ਤੋਂ ਪਹਿਲਾਂ ਪਹਿਲਾਂ ਕਰ ਲਿਆ ਜਾਵੇਗਾ ਅਤੇ ਨੁਕਸਾਨ ਠੇਕੇਦਾਰ ਨੂੰ ਦੇਣਾ ਪਵੇਗਾ ਅਤੇ ਨਫਾ ਠੇਕੇਦਾਰ ਲੈਣ ਦਾ ਹੱਕਦਾਰ ਹੋਵੇਗਾ ।

12. ਠੇਕਾ 1 ਜੁਲਾਈ, 74 ਤੋਂ 31 ਮਾਰਚ, 1975 ਤੱਕ ਹੋਵੇਗਾ ।

13. ਮੌਜੂਦਾ ਸਟਾਫ ਤੇ ਸਮਾਨ ਤੋਂ ਇਲਾਵਾ ਕਮੇਟੀ ਮਜ਼ੀਦ ਕੋਈ ਸਹੂਲਤ ਠੇਕੇਦਾਰ ਨੂੰ ਦੇਣ ਦੀ ਪਾਬੰਦ ਨਹੀਂ ਹੋਵੇਗੀ ।

14. ਤਾਵਾਨ ਤੇ ਤਲਾਈ ਦੀ ਆਮਦਨ ਠੇਕੇਦਾਰ ਲਵੇਗਾ ।

15. ਮੌਜੂਦਾ ਟੋਲ ਸ਼ਡਿਊਲ ਦੇ ਇਲਾਵਾ ਠੇਕੇਦਾਰ 1 ਅਕਤੂਬਰ, 1974 ਸੇ 31 ਮਾਰਚ, 1975 ਤੱਕ ਇਕ ਰੁਪਿਆ ਪ੍ਰਤੀ ਟਰੱਕ ਪ੍ਰਤੀ ਫੇਰਾ ਅਤੇ 50 ਪੈਸੇ ਭਰਿਆ ਹੋਇਆ ਟੈਂਪੂ ਪ੍ਰਤੀ ਫੇਰਾ ਲੈਣ ਦਾ ਹੱਕਦਾਰ ਹੋਵੇਗਾ ।

16. ਉਪਰ ਲਿਖਤ ਸ਼ਰਤਾਂ ਦੀ ਕਲੈਰੀਫੀਕੇਸ਼ਨ ਜਾਂ ਹੋਰ ਮਾਮਲੇ ਬਾਰੇ ਕਾਰਜ ਸਾਧਕ ਅਫ਼ਸਰ ਦਾ ਫੈਸਲਾ ਠੇਕੇਦਾਰ ਨੂੰ ਮੰਨਣਾ ਪਵੇਗਾ ।

17. $37\frac{1}{2}\%$ ਦੀ ਥਾਂ ਤੇ 75% ਸਰਚਾਰਜ ਫੀਸ ਸਰਕਾਰ ਪਾਸ ਮਨਜ਼ੂਰੀ ਲਈ ਭੇਜਿਆ ਗਿਆ ਹੈ । ਨੋਟੀਫੀਕੇਸ਼ਨ ਹੋਣ ਤੇ ਠੇਕੇਦਾਰ ਸਰਚਾਰਜ ਵਸੂਲ ਕਰਨ ਦਾ ਹੱਕਦਾਰ ਹੋਵੇਗਾ।

18. ਜੇ ਠੇਕੇਦਾਰ ਇਨ੍ਹਾਂ ਸ਼ਰਤਾਂ ਦੀ ਖਿਲਾਫ ਵਰਜ਼ੀ ਕਰੇਗਾ ਤਾਂ ਕਮੇਟੀ ਨੂੰ ਹੱਕ ਹੋਵੇਗਾ ਕਿ ਉਸ ਦੀ ਰਕਮ ਸਕਿਉਰਟੀ ਜ਼ਬਤ ਕਰ ਲਵੇ ਅਤੇ ਦੋਬਾਰਾ ਨਿਲਾਮੀ ਦੀ ਸੂਰਤ ਵਿਚ ਜੋ ਉਸ ਕਮੇਟੀ ਨੂੰ ਨੁਕਸਾਨ ਹੋਵੇਗਾ ਉਹ ਠੇਕੇਦਾਰ ਤੋਂ ਵਸੂਲ ਕੀਤਾ ਜਾਵੇਗਾ ।

19. ਠੇਕੇਦਾਰ ਨੂੰ ਉਪਰੋਕਤ ਸ਼ਰਤਾਂ ਅਨੁਸਾਰ ਜਾਂ ਹੋਰ ਕੋਈ ਸ਼ਰਤ ਜੋ ਪ੍ਰਬੰਧਕ ਸਾਹਿਬ ਮੁਨਾਸਬ ਸਮਝਣ ਇਕਰਾਰ ਨਾਮਾ ਬਹੱਕ ਕਮੇਟੀ ਕਰਨਾ ਹੋਵੇਗਾ,

Original with;
Punjab Vidhan Sabha
Digitized by;
Panjab Digital Library

ਇਕਰਾਰ ਨਾਮਾ ਰਜਿਸਟਰਡ ਕਰਵਾਉਣਾ ਹੋਵੇਗਾ । ਇਸ ਦਾ ਸਾਰਾ ਖਰਚਾ ਠੇਕੇਦਾਰ ਨੂੰ ਦੇਣਾ ਪਵੇਗਾ

ਸਹੀ/-
ਪ੍ਰਬੰਧਕ,
ਨਗਰਪਾਲਕਾ, ਮੁਕਤਸਰ ।

ਸਹੀ/-
ਕਾਰਜ ਸਾਧਕ ਅਫਸਰ,
ਨਗਰਪਾਲਕਾ, ਮੁਕਤਸਰ ।
28 ਜੂਨ, 1974

ਅਟੈਸਟਿਡ
ਸਕੱਤਰ,
ਨਗਰਪਾਲਕਾ, ਮੁਕਤਸਰ ।
31 ਜੁਲਾਈ, 1974

ਨਗਰਪਾਲਕਾ, ਮਲੋਟ

ਸ਼ਰਤਾਂ ਨਿਲਾਮੀ ਠੇਕਾ ਮਹਿਸੂਲ ਚੁੰਗੀ, ਟੋਲ ਟੈਕਸ ਤੇ ਫੀਸ ਰਾਹਦਾਰੀ

1. ਇਹ ਕਿ ਠੇਕਾ ਇਕ ਸਾਲ ਲਈ ਮਿਤੀ 1 ਜੁਲਾਈ, 1974 ਤੋਂ 30 ਜੂਨ, 1975 ਤੱਕ ਆਮ ਨਿਲਾਮੀ ਰਾਹੀਂ ਨਿਲਾਮ ਕੀਤਾ ਜਾਵੇਗਾ ਅਤੇ ਮਹਿਸੂਲ ਚੁੰਗੀ, ਟਾਲ ਟੈਕਸ, ਤੇ ਰਾਹਦਾਰੀ ਦੀ ਵਸੂਲੀ ਦਾ ਠੇਕਾ ਵਖਰਾ ਵਖਰਾ ਹੋਵੇਗਾ ।

2. ਬੋਲੀ ਦੇਣ ਵਾਲੇ ਨੂੰ ਬੋਲੀ ਦੇਣ ਤੋਂ ਪਹਿਲਾਂ 10,000 ਰੁਪਏ ਜਮਾਨਤ ਜਮ੍ਹਾਂ ਕਰਵਾਉਣੀ ਹੋਵੇਗੀ । ਇਹ ਰਕਮ ਬੋਲੀ ਖਤਮ ਹੋਣ ਤੇ ਵਾਪਸ ਕਰ ਦਿੱਤੀ ਜਾਵੇਗੀ ।

3. ਆਖਰੀ ਬੋਲੀ ਵਾਲੇ ਦੇ ਨਾਂ ਬੋਲੀ ਛੱਡੀ ਜਾਵੇਗੀ ਪਰੰਤੂ ਪ੍ਰਬੰਧਕ ਸਾਹਿਬ ਨੂੰ ਇਹ ਹੱਕ ਹਾਸਲ ਹੈ ਕਿ ਜੇ ਕਰ ਆਖਰੀ ਬੋਲੀ ਦੀ ਰਕਮ ਘਟ ਹੋਵੇ ਤਾਂ ਉਹ ਬੋਲੀ ਨਾ ਛੱਡਣ । ਪ੍ਰਬੰਧਕ ਸਾਹਿਬ ਨੂੰ ਇਹ ਵੀ ਹੱਕ ਹਾਸਲ ਹੈ ਕਿ ਉਹ ਕਿਸੇ ਵੀ ਬੋਲੀ ਦੇਣ ਵਾਲੇ ਦੀ ਬੋਲੀ ਬਿਨਾਂ ਦਸੇ ਕੋਈ ਵਜ੍ਹਾ ਨਾ-ਮਨਜੂਰ ਕਰ ਦੇਣ ।

4. ਠੇਕੇਦਾਰ ਜਿਸ ਦੇ ਨਾਂ ਬੋਲੀ ਛੱਡੀ ਜਾਵੇਗੀ ਨੂੰ ਕੁਲ ਬੋਲੀ ਦਾ $\frac{1}{4}$ ਹਿਸਾ ਬੋਲੀ ਖਤਮ ਹੋਣ ਤੇ ਜਮ੍ਹਾਂ ਕਰਵਾਉਣਾ ਪਵੇਗਾ ਜੋ ਆਖਰੀ ਤਿੰਨ ਕਿਸ਼ਤਾਂ ਵਿਚ ਐਡਜਸਟ ਕੀਤਾ ਜਾਵੇਗਾ । ਇਸ ਤੋਂ ਇਲਾਵਾ ਠੇਕੇਦਾਰ ਨੂੰ ਹਰ ਮਹੀਨੇ ਦੀ ਕਿਸ਼ਤ ਉਸ ਮਹੀਨੇ ਦੀ 20 ਤਾਰੀਖ ਤੱਕ ਕਮੇਟੀ ਫੰਡ ਵਿਚ ਜਮ੍ਹਾਂ ਕਰਾਉਣੀ ਹੋਵੇਗੀ ਅਤੇ ਜੇ ਕਰ 20 ਤਾਰੀਖ ਨੂੰ ਛੁਟੀ ਹੋਵੇਗੀ ਤਾਂ ਇਹ ਰਕਮ ਅਗਲੇ ਕੰਮ ਵਾਲੇ ਦਿਨ ਜਮ੍ਹਾਂ ਕਰਵਾਈ ਜਾ ਸਕਦੀ ਹੈ । ਸਮੇਂ ਦੇ ਅੰਦਰ ਕਿਸ਼ਤ ਨਾ ਜਮ੍ਹਾਂ ਕਰਾਣ ਦੀ ਸੂਰਤ ਵਿਚ ਠੇਕੇਦਾਰ ਤੋਂ ਕਿਸ਼ਤ ਦਾ 10% ਤਾਵਾਨ ਚਾਰਜ ਕੀਤਾ ਜਾਵੇਗਾ, ਪਰੰਤੂ ਪ੍ਰਬੰਧਕ ਸਾਹਿਬ ਨੂੰ ਇਹ ਹੱਕ ਵੀ ਹਾਸਲ ਹੈ ਕਿ ਉਹ ਆਖਰੀ ਬੋਲੀ ਦੀ $\frac{1}{4}$ ਰਕਮ ਵਿਚ ਵੀ ਜੇ ਚਾਹੁਣ ਤਾਂ ਕਟੌਤੀ ਕਰ ਦੇਣ ।

Original with;
Punjab Vidhan Sabha
Digitized by;
Panjab Digital Library

[Minister for Finance]

5. ਜੇ ਕਰ ਠੇਕੇਦਾਰ ਵਲੋਂ ਕਿਸੇ ਮਹੀਨੇ ਦੀ ਕਿਸ਼ਤ ਮਹੀਨੇ ਦੀ ਆਖਰੀ ਤਾਰੀਖ ਤਕ ਨਾ ਜਮ੍ਹਾਂ ਕਰਵਾਈ ਗਈ ਤਾਂ ਪ੍ਰਬੰਧਕ ਸਾਹਿਬ ਨੂੰ ਇਹ ਹੱਕ ਹਾਸਲ ਹੈ ਕਿ ਉਹ ਠੇਕਾ ਕੈਂਸਲ ਕਰ ਦੇਣ ਤੇ ਠੇਕੇਦਾਰ ਵਲੋਂ ਐਡਵਾਂਸ ਜਮ੍ਹਾਂ ਕਰਾਈ ਗਈ ਰਕਮ ਜ਼ਬਤ ਕਰ ਲੈਣ ਅਤੇ ਠੇਕਾ ਬਾਕੀ ਸਮੇਂ ਲਈ ਦੋਬਾਰਾ ਨਿਲਾਮ ਕਰਨ । ਇਸ ਸੂਰਤ ਵਿਚ ਨਗਰਪਾਲਕਾ ਨੂੰ ਜੇ ਕਰ ਕੋਈ ਨੁਕਸਾਨ ਹੋਵੇਗਾ ਤਾਂ ਉਹ ਠੇਕੇਦਾਰ ਤੋਂ ਵਸੂਲ ਕੀਤਾ ਜਾਵੇਗਾ ।

6. ਜੇ ਕਰ ਠੇਕੇਦਾਰ 30 ਜੂਨ, 1975 ਤੋਂ ਪਹਿਲਾਂ ਠੇਕਾ ਛੱਡ ਜਾਵੇਗਾ ਤਾਂ ਠੇਕਾ ਦੋਬਾਰਾ ਨਿਲਾਮ ਕੀਤਾ ਜਾਵੇਗਾ । ਤੇ ਜੇ ਕਰ ਕਮੇਟੀ ਨੂੰ ਕੋਈ ਘਾਟਾ ਪਵੇਗਾ ਤਾਂ ਉਹ ਠੇਕੇਦਾਰ ਤੋਂ ਵਸੂਲ ਕੀਤਾ ਜਾਵੇਗਾ ।

7. ਜੇ ਕਰ ਠੇਕੇਦਾਰ ਠੇਕੇ ਵਿਚ ਕਿਸੇ ਨੂੰ ਹਿੱਸੇਦਾਰ ਰਖੇਗਾ ਤਾਂ ਉਸ ਨੂੰ ਪਾਰਟਨਰਸ਼ਿਪ ਡੀਡ ਰਜਿਸਟਰ ਕਰਵਾ ਕੇ ਪੇਸ਼ ਕਰਨਾ ਪਵੇਗਾ ।

8. ਕਮੇਟੀ ਵਲੋਂ ਜੋ ਸਟਾਫ ਚੁੰਗੀਆਂ ਲਈ ਰਖਿਆ ਹੋਇਆ ਹੈ ਉਹ ਹੀ ਸਟਾਫ ਚੁੰਗੀਆਂ ਆਦਿ ਦੀ ਵਸੂਲੀ ਤੇ ਚੈਕਿੰਗ ਦਾ ਕੰਮ ਕਰੇਗਾ ਅਤੇ ਉਨ੍ਹਾਂ ਦੀ ਤਨਖਾਹ ਮਹਿੰਗਾਈ ਭੱਤਾ, ਪ੍ਰਾਵੀਡੈਂਟ ਫੰਡ, ਹਾਊਸ ਰੈਂਟ ਆਦਿ ਦਾ ਸਾਰਾ ਖਰਚਾ ਕਮੇਟੀ ਬਰਦਾਸ਼ਤ ਕਰੇਗੀ । ਠੇਕੇਦਾਰ ਇਸ ਸਟਾਫ ਸਬੰਧੀ ਕਿਸੇ ਵੀ ਖਰਚੇ ਦਾ ਜਿੰਮੇਵਾਰ ਨਹੀਂ ਹੋਵੇਗਾ । ਪਰੰਤੂ ਜੇ ਠੇਕੇਦਾਰ ਚਾਹੇ ਤਾਂ ਚੁੰਗੀ ਦੀ ਵਸੂਲੀ ਤੇ ਚੈਕਿੰਗ ਲਈ ਹੋਰ ਸਟਾਫ ਆਪਣੇ ਖਰਚੇ ਤੇ ਰੱਖ ਸਕਦਾ ਹੈ । ਠੇਕੇਦਾਰ ਵਲੋਂ ਰਖੇ ਗਏ ਸਟਾਫ ਦਾ ਕੋਈ ਇਵਜ਼ਾਨਾ ਕਮੇਟੀ ਵਲੋਂ ਨਹੀਂ ਦਿਤਾ ਜਾਵੇਗਾ ਅਤੇ ਸਟਾਫ ਰੱਖਣ ਲਈ ਠੇਕੇਦਾਰ ਨੂੰ ਪ੍ਰਬੰਧਕ ਸਾਹਿਬ ਦੀ ਅਗੇਤਰੀ ਮਨਜ਼ੂਰੀ ਲੈਣੀ ਪਵੇਗੀ ਤਾਂ ਜੋ ਠੇਕੇਦਾਰ ਵਲੋਂ ਰਖੇ ਗਏ ਸਟਾਫ ਨੂੰ ਵਸੂਲੀ ਤੇ ਚੈਕਿੰਗ ਦਾ ਅਖਤਿਆਰ ਦਿੱਤਾ ਜਾ ਸਕੇ । ਚੁੰਗੀਆਂ ਦੀ ਚੈਕਿੰਗ ਲਈ ਠੇਕੇਦਾਰ ਦੇ ਪੰਜ ਤੋਂ ਵੱਧ ਆਦਮੀਆਂ ਨੂੰ ਅਖਤਿਆਰ ਨਹੀਂ ਦਿਤੇ ਜਾਣਗੇ । ਠੇਕੇਦਾਰ ਵਲੋਂ ਚੈਕਿੰਗ ਕਰਨ ਵਾਲੇ ਸਟਾਫ ਨੂੰ ਜੋ ਮਾਲ ਮਹਿਸੂਲ ਚੁੰਗੀ ਤੋਂ ਬਿਨ੍ਹਾਂ ਹਦੂਦ ਕਮੇਟੀ ਵਿਚ ਦਾਖਲ ਹੋਵੇ, ਨੂੰ ਪਕੜ ਕੇ ਸੰਜ ਕਰਨ ਦਾ ਅਖਤਿਆਰ ਵੀ ਦਿੱਤਾ ਜਾ ਸਕਦਾ ਹੈ ।

9. ਕਮੇਟੀ ਵਲੋਂ ਰਖੇ ਗਏ ਸਟਾਫ ਨੂੰ ਛੁੱਟੀ ਆਦਿ ਦੇਣ ਦਾ ਅਖਤਿਆਰ ਸਕੱਤਰ/ਪ੍ਰਬੰਧਕ ਨਗਰਪਾਲਕਾ ਨੂੰ ਹੋਵੇਗਾ ਤੇ ਜੇ ਕਰ ਠੇਕੇਦਾਰ ਵਲੋਂ ਕਿਸੇ ਵੀ ਸਟਾਫ ਮੈਂਬਰ ਵਿਰੁਧ ਕੋਈ ਸ਼ਕਾਇਤ ਹੋਵੇਗੀ ਤਾਂ ਉਸ ਮੈਂਬਰ ਦੇ ਵਿਰੁੱਧ ਕਾਰਵਾਈ ਕਰਨ ਦਾ ਅਧਿਕਾਰ ਵੀ ਪ੍ਰਬੰਧਕ ਨਗਰਪਾਲਕਾ ਨੂੰ ਹੋਵੇਗਾ ।

10. ਕਮੇਟੀ ਵਲੋਂ ਰਖੇ ਗਏ ਸਟਾਫ ਦੀਆਂ ਡਿਉਟੀਆਂ ਚੁੰਗੀਆਂ ਦੇ ਸੁਪਰਡੰਟ ਚੁੰਗੀ/ਸਕੱਤਰ ਵਲੋਂ ਹਰ ਮਹੀਨੇ ਰੂਲਜ਼ ਅਨਸਾਰ ਲਾਈਆਂ ਜਾਣਗੀਆਂ ਪਰੰਤੂ ਡਿਊਟੀਆਂ ਲਾਉਣ ਸਮੇਂ ਠੇਕੇਦਾਰ ਦੀ ਸਲਾਹ ਵੀ ਲੈ ਲਈ ਜਾਵੇਗੀ ।

11. ਜੋ ਸਟਾਫ ਕਮੇਟੀ ਵਲੋਂ ਲਾਇਆ ਹੋਇਆ ਹੈ ਉਨ੍ਹਾਂ ਤੋਂ ਰੂਲਜ਼ ਅਨੁਸਾਰ 8 ਘੰਟੇ ਦੀ ਡਿਊਟੀ ਲਈ ਜਾਵੇਗੀ ਤੇ ਹਰ ਹਫਤੇ ਦੀ ਛੁੱਟੀ ਦਿੱਤੀ ਜਾਵੇਗੀ ।

Original with;
Punjab Vidhan Sabha
Digitized by;
Panjab Digital Library

ਪ੍ਰਬੰਧਕ/ਸਕੱਤਰ ਨਗਰਪਾਲਕਾ ਨੂੰ ਇਹ ਹੱਕ ਵੀ ਹਾਸਲ ਹੈ ਕਿ ਉਹ ਜਰੂਰਤ ਸਮੇਂ ਕਿਸੇ ਵੀ ਕਰਮਚਾਰੀ ਨੂੰ ਚਣਥਣ ਕਮੇਟੀ ਵਿਚ ਕਿਸੇ ਹੋਰ ਕੰਮ ਤੇ ਲਗਾ ਦੇਣ ਇਸ ਲਈ ਠੇਕੇਦਾਰ ਨੂੰ ਕੋਈ ਮੁਆਵਜਾ ਨਹੀਂ ਦਿੱਤਾ ਜਾਵੇਗਾ ।

12. ਕਮੇਟੀ ਵਲੋਂ ਜੋ ਚੁੰਗੀਆਂ ਬਣਾਈਆਂ ਗਈਆਂ ਹਨ ਉਹ ਠੇਕੇਦਾਰ ਨੂੰ ਬਿਨਾਂ ਕਿਰਾਏ ਤੇ ਦਿੱਤੀਆਂ ਜਾਣਗੀਆਂ ਤੇ ਜੋ ਚੁੰਗੀਆਂ ਕਮੇਟੀ ਨੇ ਕਿਰਾਏ ਤੇ ਲੈ ਰੱਖੀਆਂ ਹਨ ਉਨ੍ਹਾਂ ਦਾ ਕਿਰਾਇਆ ਵੀ ਕਮੇਟੀ ਫੰਡ ਵਿਚੋਂ ਦਿੱਤਾ ਜਾਵੇਗਾ। ਚੁੰਗੀਆਂ ਆਦਿ ਲਈ ਬਿਜਲੀ ਫਰਨੀਚਰ ਆਦਿ ਦਾ ਸਾਰਾ ਖਰਚਾ ਕਮੇਟੀ ਕਰੇਗੀ । ਪਰੰਤੂ ਠੇਕੇਦਾਰ ਜੇ ਜਰੂਰਤ ਸਮਝੇ ਤਾਂ ਇਹਨਾਂ ਚੁੰਗੀਆਂ ਵਿਚੋਂ ਕਿਸੇ ਵੀ ਚੁੰਗੀ ਨੂੰ ਬੰਦ ਕਰ ਸਕਦਾ ਹੈ ਕਿਸੇ ਚੁੰਗੀ ਨੂੰ ਹਦੂਦ ਕਮੇਟੀ ਵਿਚ ਸ਼ਿਫਟ ਕਰ ਸਕਦਾ ਹੈ ਤੇ ਕੋਈ ਹੋਰ ਚੁੰਗੀ ਵੀ ਖੋਲ ਸਕਦਾ ਹੈ । ਪਰੰਤੂ ਇਸ ਸਬੰਧ ਵਿਚ ਜੋ ਵੀ ਸਟਾਫ ਰੱਖਣਾ ਪਵੇਗਾ ਉਹ ਠੇਕੇਦਾਰ ਆਪਣੇ ਕੋਲੋਂ ਕਰੇਗਾ ਤੇ ਠੇਕੇਦਾਰ ਨੂੰ ਇਹ ਕਰਨ ਲਈ ਪ੍ਰਬੰਧਕ ਸਾਹਿਬ ਦੀ ਅਗੇਤਰੀ ਮਨਜੂਰੀ ਲੈਣੀ ਪਵੇਗੀ ।

13. ਮਹਿਸੂਲ ਚੁੰਗੀ, ਟਾਲ ਟੈਕਸ ਤੇ ਰਾਹਦਾਰੀ ਕਮੇਟੀ ਦੇ ਸ਼ਡੀਊਲ ਅਨੁਸਾਰ ਚਾਰਜ ਕੀਤੇ ਜਾਣਗੇ ਤੇ ਕਿਸੇ ਵੀ ਆਈਟਮ ਤੇ ਮਹਿਸੂਲ ਚੁੰਗੀ ਦੇ ਰੇਟ ਦੇ ਝਗੜੇ ਦੀ ਸੂਰਤ ਵਿਚ ਸੁਪਰਡੰਟ ਚੁੰਗੀ/ਸਕੱਤਰ/ਪ੍ਰਬੰਧਕ ਨਗਰਪਾਲਕਾ ਦਾ ਫੈਸਲਾ ਫਾਈਨਲ ਹੋਵੇਗਾ ਤੇ ਠੇਕੇਦਾਰ ਨੂੰ ਉਸ ਤੇ ਕੋਈ ਇਤਰਾਜ ਨਾ ਹੋਵੇਗਾ। ਕਮੇਟੀ ਜਾਂ ਸਰਕਾਰ ਵਲੋਂ ਸ਼ਡੀਊਲ ਤੇ ਟਾਲ ਟੈਕਸ ਵਿਚ ਕੋਈ ਤਰਮੀਮ ਕਰਨ ਦੀ ਸੂਰਤ ਵਿਚ ਵਸੂਲੀ ਤਰਮੀਮ ਸ਼ੁਦਾ ਰੇਟ ਤੇ ਕੀਤੀ ਜਾਵੇਗੀ। ਤੇ ਜੇ ਕਥ ਸਰਕਾਰ ਵਲੋਂ ਕਿਸੇ ਚੀਜ਼ ਦਾ ਮਹਿਸੂਲ ਮੁਆਫ ਜਾਂ ਘਟਾ ਦਿੱਤਾ ਗਿਆ ਤਾਂ ਠੇਕੇਦਾਰ ਨੂੰ ਇਸ ਬਾਰੇ ਕੋਈ ਮੁਆਵਜ਼ਾ ਨਹੀਂ ਦਿੱਤਾ ਜਾਵੇਗਾ । ਠੇਕੇਦਾਰ ਜਿਨ੍ਹਾਂ ਆਈਟਮਾਂ ਤੇ ਮਹਿਸੂਲ ਚੁੰਗੀ ਦੀ ਮੁਆਫੀ ਹੈ, ਦਾ ਮਹਿਸੂਲ ਚਾਰਜ ਨਹੀਂ ਕਰ ਸਕੇਗਾ ।

14. ਜੇ ਕਰ ਕੋਈ ਵਿਅੱਕਤੀ ਕੋਈ ਮਾਲ ਬਿਨ੍ਹਾਂ ਅਦਾਇਗੀ ਮਹਿਸੂਲ ਚੁੰਗੀ, ਟਾਲ ਟੈਕਸ ਜਾਂ ਰਾਹਦਾਰੀ ਫੀਸ ਹਦੂਦ ਕਮੇਟੀ ਵਿਚ ਫੜਿਆ ਗਿਆ ਤਾਂ ਉਸ ਤੇ ਤਾਵਾਨ ਲਾਉਣ ਦਾ ਹੱਕ ਸਕੱਤਰ ਨਗਰਪਾਲਕਾ ਨੂੰ ਹੋਵੇਗਾ ਤੇ ਤਾਵਾਨ ਦੀ ਰਕਮ ਠੇਕੇਦਾਰ ਨੂੰ ਦਿੱਤੀ ਜਾਵੇਗੀ । ਪਰੰਤੂ ਜੇਕਰ ਠੇਕੇਦਾਰ ਜਾਂ ਉਸ ਦੇ ਵਲੋਂ ਰਖੇ ਗਏ ਸਟਾਫ ਨੇ ਜਾਣ ਬੁਝ ਕੇ ਕਿਸੇ ਵਿਅੱਕਤੀ ਨੂੰ ਮਹਿਸੂਲ ਚੁੰਗੀ ਦੀ ਰਸੀਦ ਕਟੇ ਬਿਨ੍ਹਾਂ ਕੋਈ ਮਾਲ ਹਦੂਦ ਕਮੇਟੀ ਵਿੱਚ ਲਿਆਉਣ ਦੀ ਆਗਿਆ ਦਿਤੀ ਤਾਂ ਉਸ ਸੂਰਤ ਵਿਚ ਜੋ ਤਾਵਾਨ ਮਹਿਸੂਲ ਬਣੇਗਾ ਉਹ ਕਮੇਟੀ ਫੰਡ ਵਿਚ ਜਮ੍ਹਾਂ ਕਰਾਇਆ ਜਾਵੇਗਾ ਤੇ ਠੇਕੇਦਾਰ ਨੂੰ ਇਸ ਬਾਰੇ ਕੋਈ ਹੱਕ ਹਾਸਲ ਨਹੀਂ ਹੋਵੇਗਾ ।

15. ਮਿਤੀ 30 ਜੂਨ, 1974 ਤਕ ਜੇ ਮਹਿਸੂਲ ਚੁੰਗੀ ਦੀ ਰਕਮ ਬਾਕੀ ਹੋਵੇਗੀ ਉਸ ਦੀ ਵਸੂਲੀ ਦਾ ਹੱਕ ਨਗਰਪਾਲਕਾ ਨੂੰ ਹੋਵੇਗਾ ਤੇ ਇਸ ਰਕਮ ਦਾ ਠੇਕੇਦਾਰ ਨਾਲ ਕੋਈ ਸਬੰਧ ਨਹੀਂ ਹੋਵੇਗਾ ।

Original with;
Punjab Vidhan Sabha
Digitized by;
Panjab Digital Library

16. ਮਹਿਸੂਲ, ਚੁੰਗੀ, ਟਾਲ ਟੈਕਸ ਤੇ ਰਾਹਦਾਰੀ ਦੀ ਵਸੂਲੀ ਲਈ ਰਸੀਦ ਬੁਕਾਂ ਤੇ ਚੁੰਗੀਆਂ ਲਈ ਹੋਰ ਹਰ ਕਿਸਮ ਦੇ ਰਜਿਸਟਰ, ਫਾਰਮ ਤੇ ਸਟੇਸ਼ਨਰੀ ਨਗਰਪਾਲਕਾ ਵਲੋਂ ਕਮੇਟੀ ਦੇ ਖਰਚੇ ਤੇ ਸਪਲਾਈ ਕੀਤੀ ਜਾਵੇਗੀ ਤੇ ਇਸ ਦਾ ਸਾਰਾ ਖਰਚਾ ਕਮੇਟੀ ਦਾ ਹੋਵੇਗਾ। ਖਤਮ ਹੋਈਆਂ ਰਸੀਦ ਬੁਕਾਂ ਵੀ ਸੁਪਰਡੰਟ ਚੁੰਗੀ ਨੂੰ ਜਮ੍ਹਾਂ ਕਰਾਈਆਂ ਜਾਣਗੀਆਂ।

17. ਚੁੰਗੀਆਂ ਦੀ ਰੋਜ਼ ਦੀ ਆਮਦਨ ਕਮੇਟੀ ਵਲੋਂ ਨਿਯੁਕਤ ਸਮੇਂ ਤੇ ਸੈਂਟਰਲ ਚੁੰਗੀ ਤੇ ਸੁਪਰਡੰਟ ਚੁੰਗੀ ਠੇਕੇਦਾਰ ਜਾਂ ਉਸ ਵਲੋਂ ਨਿਯੁਕਤ ਕੀਤੇ ਅਧਿਕਾਰੀ ਦੀ ਹਾਜ਼ਰੀ ਵਿਚ ਇਕੱਠੀ ਕਰੇਗਾ । ਇਹ ਰਕਮ ਠੇਕੇਦਾਰ ਜਾਂ ਉਸ ਵਲੋਂ ਨਿਯੁਕਤ ਕੀਤੇ ਅਧਿਕਾਰੀ ਨੂੰ ਹਸਤਾਖਰ ਕਰਵਾ ਕੇ ਦਿੱਤੀ ਜਾਵੇਗੀ ।

18. ਠੇਕੇਦਾਰ ਨੂੰ ਉਪਰੋਕਤ ਸ਼ਰਤਾਂ ਅਨੁਸਾਰ ਜਾਂ ਹੋਰ ਵੀ ਕੋਈ ਸ਼ਰਤ ਜੋ ਪ੍ਰਬੰਧਕ ਸਾਹਿਬ ਮੁਨਾਸਬ ਸਮਝਣ ਇਕਰਾਰ ਨਾਮਾ ਬਾਹੱਕ ਕਮੇਟੀ ਕਰਨਾ ਹੋਵੇਗਾ ਜਿਸ ਨੂੰ ਰਜਿਸਟਰ ਕਰਵਾਣਾ ਹੋਵੇਗਾ । ਇਸ ਦਾ ਖਰਚਾ ਠੇਕੇਦਾਰ ਦੇ ਜੁਮੇ ਹੋਵੇਗਾ ।

ਠੇਕੇਦਾਰ ਦੀ ਬੇਨਤੀ ਤੇ ਉਪਰੋਕਤ ਲਿਖੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਤਬਦੀਲ ਕੀਤੀਆਂ ਜਾਂਦੀਆਂ ਹਨ :-

1. ਸ਼ਰਤ ਨੰ: 1 ਠੇਕਾ ਮਹਿਸੂਲ ਚੁੰਗੀ, ਟਾਲ ਟੈਕਸ, ਤੇ ਰਾਹਦਾਰੀ ਦੀ ਵਸਲੀ ਦਾ ਇਕੱਠਾ ਨੀਲਾਮ ਕੀਤਾ ਜਾਵੇਗਾ ।

2. ਸ਼ਰਤ ਨੰ: 4 ਪੇਸ਼ਗੀ ਰਕਮ ਕੁਲ ਬੋਲੀ ਦਾ 1/4 ਹਿੱਸੇ ਦੀ ਬਜਾਏ 1/6 ਹਿੱਸੇ ਲਾਈ ਜਾਵੇਗੀ ਤੇ ਮਾਹਵਾਰੀ ਕਿਸ਼ਤ ਸਬੰਧਤ ਮਹੀਨੇ ਦੀ 30 ਤਰੀਖ ਤੱਕ ਜਮ੍ਹਾਂ ਕਰਵਾਣੀ ਪਵੇਗੀ । ਜੇ ਕਰ ਠੇਕੇਦਾਰ 30 ਤਾਰੀਖ ਤਕ ਕਿਸ਼ਤ ਜਮ੍ਹਾਂ ਨਾ ਕਰਵਾਏਗਾ ਤਾਂ ਉਸ ਤੋਂ 10% ਤਾਵਾਨ ਚਾਰਜ ਕੀਤਾ ਜਾਵੇਗਾ ਤੇ ਜੇ ਕਰ ਠੇਕੇਦਾਰ ਅਗਲੇ ਮਹੀਨੇ ਦੀ 15 ਤਾਰੀਖ਼ ਤਕ ਕਿਸ਼ਤ ਦੀ ਰਕਮ ਜਮ੍ਹਾਂ ਨਾ ਕਰਵਾਏਗਾ ਤਾਂ ਪ੍ਰਬੰਧਕ ਸਾਹਿਬ ਨੂੰ ਹੱਕ ਹਾਸਲ ਹੈ ਕਿ ਉਹ ਠੇਕਾ ਕੈਨਸਲ ਕਰ ਦੇਣ । ਇਸ ਸੂਰਤ ਵਿਚ ਠੇਕੇਦਾਰ ਵਲੋਂ ਐਡਵਾਂਸ ਜਮ੍ਹਾਂ ਕਰਾਈ ਹੋਈ ਰਕਮ ਜ਼ਬਤ ਕਰ ਲਈ ਜਾਵੇਗੀ ਤੇ ਠੇਕਾ ਦੁਬਾਰਾ ਨਿਲਾਮ ਕੀਤਾ ਜਾਵੇਗਾ ਤੇ ਜੇ ਕਰ ਦੁਬਾਰਾ ਨਿਲਾਮੀ ਵਿਚ ਕਮੇਟੀ ਨੂੰ ਕੋਈ ਘਾਟਾ ਪਵੇਗਾ ਤਾਂ ਉਹ ਠੇਕੇਦਾਰ ਤੋਂ ਵਸੂਲ ਕੀਤਾ ਜਾਵੇਗਾ ।

3. ਸ਼ਰਤ ਨੰ: 8 ਚੁੰਗੀ ਇਨਸਪੈਕਟਰਾਂ ਦੀਆਂ ਪਾਵਰਾਂ ਠੇਕੇਦਾਰ ਦੇ ਨਿਯੁਕਤ ਕੀਤੇ 8 ਕਰਮਚਾਰੀਆਂ ਨੂੰ ਦਿੱਤੀਆਂ ਜਾਣਗੀਆਂ ।

4. ਸ਼ਰਤ ਨੰ: 9 ਜੋ ਵੀ ਨਗਰਪਾਲਕਾ ਦਾ ਕਰਮਚਾਰੀ ਗਲਤ ਕੰਮ ਕਰਦਾ ਹੋਇਆ ਪਕੜਿਆ ਗਿਆ ਤਾਂ ਉਸ ਦੇ ਵਿਰੁਧ ਸਖਤ ਕਾਰਵਾਈ ਕੀਤੀ ਜਾਵੇਗੀ ।

ਸਹੀ/—
ਪ੍ਰਬੰਧਕ,
ਨਗਰਪਾਲਕਾ, ਮਲੋਟ ।

Original with;
Punjab Vidhan Sabha
Digitized by;
Panjab Digital Library

ਬਠਿੰਡਾ ਜੇਲ੍ਹ ਵਿਚ ਡੱਕੇ ਹੋਏ ਰੇਲਵੇ ਕਰਮਚਾਰੀਆਂ ਨਾਲ ਕਰਨੀ ਚਾਹੀ ਮੁਲਾਕਾਤ

*2621 1. **ਕਾਮਰੇਡ ਸੱਘੜ ਸਿੰਘ**]
2. **ਕਾਮਰੇਡ ਸੱਤ ਪਾਲ ਡਾਂਗ**] ਕੀ ਆਬਕਾਰੀ ਅਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ 16 ਜਾਂ 17 ਮਈ, 1974 ਜਾਂ ਇਸ ਦੇ ਨੇੜੇ ਤੇੜੇ ਪੰਜਾਬ ਤੋਂ ਸੰਸਦ ਦੇ ਕਿਸੇ ਮੈਂਬਰ ਨੇ ਬਠਿੰਡਾ ਜੇਲ੍ਹ ਵਿਚ ਡੱਕੇ ਰੇਲਵੇ ਕਰਮਚਾਰੀਆਂ ਨਾਲ ਮੁਲਾਕਾਤ ਕਰਨੀ ਚਾਹੀ ਸੀ,

(ਅ) ਕੀ ਇਹ ਠੀਕ ਹੈ ਕਿ ਉਕਤ ਜੇਲ੍ਹ ਦੇ ਸੁਪਰਡੈਂਟ ਨੇ ਮੁਲਾਕਾਤ ਕਰਨੀ ਦੀ ਇਜਾਜ਼ਤ ਨਹੀਂ ਦਿੱਤੀ ? ਜੇ ਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ;

(ਇ) ਕੀ ਕਿਸੇ ਵਿਧਾਇਕ ਨੇ ਉਕਤ ਨੇ ਇਨਕਾਰ ਦੇਣ ਵਿਰੁੱਧ ਇਤਰਾਜ ਅਤੇ ਮਾਮਲੇ ਤੇ ਯੋਗ ਕਾਰਵਾਈ ਲਈ ਬੇਨਤੀ ਕਰਦੇ ਹੋਏ ਮੁੱਖ ਮੰਤਰੀ ਨੂੰ ਕੋਈ ਪੱਤਰ, ਮਿਤੀ 20 ਮਈ, 1974 ਨੂੰ ਲਿਖਿਆ, ਜੇਕਰ ਅਜਿਹਾ ਹੋਵੇ ਤਾਂ ਉਸ ਦੀ ਇਕ ਨਕਲ ਸਦਨ ਦੀ ਮੇਜ਼ ਤੇ ਰੱਖੀ ਜਾਵੇ;

(ਸ) ਇਸ ਸਬੰਧੀ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ ?

ਸ੍ਰੀ ਯਸ਼ਪਾਲ : (ੳ) ਅਤੇ (ਅ) ਮਿਤੀ 16 ਜਾਂ 17 ਮਈ ਦੇ ਨੇੜੇ ਪੰਜਾਬ ਦੇ ਕਿਸੇ ਲੋਕ ਸਭਾ ਦੇ ਮੈਂਬਰ ਨੇ ਜੇਲ੍ਹ ਵਿਚ ਬੰਦ ਰੇਲਵੇ ਕਰਮਚਾਰੀਆਂ ਨਾਲ ਮੁਲਾਕਾਤ ਕਰਨ ਲਈ ਲਿਖਤੀ ਰੂਪ ਵਿਚ ਅਰਜ਼ੀ ਨਹੀਂ ਦਿੱਤੀ । ਪਰ ਸ੍ਰੀ ਭਾਨ ਸਿੰਘ ਭੌਰਾ, ਮੈਂਬਰ ਲੋਕ ਸਭਾ ਨੇ ਟੈਲੀਫੂਨ ਤੇ ਜੇਲ੍ਹ ਦੇ ਸੁਪਰਡੰਟ ਨਾਲ ਗੱਲ ਕੀਤੀ ਸੀ । ਉਨ੍ਹਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਗਈ ਸੀ ਕਿ ਇਸ ਬਾਰੇ ਵਿਚ ਉਹ ਡੀ.ਸੀ. ਬਠਿੰਡਾ ਨੂੰ ਮਿਲ ਲੈਣ। ਉਸ ਤੋਂ ਬਾਅਦ ਸ੍ਰੀ ਭਾਨ ਸਿੰਘ ਭੌਰਾ ਨਾਂ ਤੇ ਡਿਪਟੀ ਕਮਿਸ਼ਨਰ ਨੂੰ ਮਿਲੇ ਤੇ ਨਾ ਜੇਲ੍ਹ ਸੁਪਰਡੰਟ ਨੂੰ । ਸੁਪਰਡੰਟ ਜੇਲ੍ਹ ਨੇ ਮੁਲਾਕਾਤ ਕਰਨ ਦੀ ਇਜਾਜ਼ਤ ਦੇਣ ਤੋਂ ਨਾ ਨਹੀਂ ਕੀਤੀ ਸੀ ।

(ਇ) ਜੀ ਹਾਂ ।

ਕਾਮਰੇਡ ਸੱਤ ਪਾਲ ਡਾਂਗ ਜੀ ਨੇ ਆਪਣੇ ਪੱਤਰ ਮਿਤੀ 20 ਮਈ, 1974 ਰਾਹੀਂ ਇਸ ਬਾਬਤ ਮੁੱਖ ਮੰਤਰੀ ਜੀ ਨੂੰ ਚਿੱਠੀ ਲਿਖੀ ਸੀ । ਪੱਤਰ ਦੀ ਨਕਲ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਸ) ਸ੍ਰੀ ਸੱਤਪਾਲ ਡਾਂਗ ਦਾ ਪੱਤਰ ਆਉਣ ਤੇ ਸਬੰਧਤ ਅਫਸਰਾਂ ਕੋਲੋਂ ਮੁਨਾਸਬ ਜਾਂਚ ਕੀਤੀ ਗਈ ।

Original with;
Punjab Vidhan Sabha
Digitized by;
Panjab Digital Library

[ਆਬਕਾਰੀ ਅਤੇ ਕਰ ਮੰਤਰੀ]

Copy of Letter

Ajoy Bhavan
345, Sector 21-A,
Chandigarh.

20th May, 1974.

My dear,

I am writing this to draw your urgent and personal attention to the following—

Comrade Bhan Singh Bhaura, a member of Lok Sabha, was in Bhatinda on 16th and 17th of this month. He wanted to meet some of Railway employees in Bhatinda Jail and also Comrade Joginder Bhasin, the District Secretary of our party. The Superintendent of Jail was requested accordingly by Comrade Bhaura. The Superintendent informed Comrade Bhaura that only relatives of those in Jail in connection with the railway strike could be allowed to interview them as per instructions given by the Deputy Commissioner. Comrade Bhaura then tried to contact the Deputy Commissioner but he was not available. The S.D.M. and other officers pleaded their helplessness in view of the instructions given by the Deputy Commissioner. The net result was that Comrade Bhaura was not allowed any interview.

It is most surprising and shocking that a member of Parliament should not have been allowed his request to interview some of the undertrial prisoners.

The orders given by the D.C. are clearly not only unjustified but also illegal and quite arbitrary.

This is to request you to call for the explanation of the officers concerned and take suitable action.

It is also requested that necessary instructions may be issued to ensure that this type of thing does not happen again.

I would be thankful if I am informed of the action that you may take in the matter.

With regards.

Yours sincerely,

Sd/—
(Satyapal Dang)

Giani Zail Singh,
Chief Minister, Punjab,
Chandigarh.

ਜਯੰਤੀ ਗ੍ਰਾਮਾਂ ਵਿੱਚ ਬਦਲੇ ਗਏ ਪਿੰਡ

*2644. ਗਿਆਨੀ ਕੁੰਦਨ ਸਿੰਘ ਪਤੰਗ : ਕੀ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਜ਼ਿਲ੍ਹਾਵਾਰ ਅਤੇ ਬਲਾਕਵਾਰ ਕਿੰਨੇ ਪਿੰਡ "ਨਹਿਰੂ ਜੈਯੰਤੀ ਗ੍ਰਾਮ" ਵਿੱਚ ਬਦਲੇ ਗਏ ਹਨ;

(ਅ) ਵਿਧਾਨ ਸਭਾ ਚੋਣ ਹਲਕਾ ਭਦੌੜ, ਜ਼ਿਲ੍ਹਾ ਸੰਗਰੂਰ ਵਿਚੋਂ ਉਕਤ ਸਕੀਮ ਅਧੀਨ ਚਣੇ ਗਏ ਪਿੰਡਾਂ ਦੇ ਕਚੇ ਤਰ ਸੁਧਾਰ ਕੀਤੇ ਜਾਣ ਦੀ ਸੰਭਾਵਨਾ ਹੈ;

Original with;
Punjab Vidhan Sabha
Digitized by;
Panjab Digital Library

(ਏ) ਭਾਗ (ਅ) ਵਿੱਚ ਵਰਣਿਤ ਪਿੰਡਾਂ ਵਿੱਚ ਉਕਤ ਸਕੀਮ ਅਧੀਨ ਹੁਣ ਤੱਕ ਕੰਮ ਸ਼ੁਰੂ ਨਾ ਕੀਤੇ ਜਾਣ ਦੇ ਕੀ ਕਾਰਨ ਹਨ ?

ਸਰਦਾਰ ਸੰਤੋਖ ਸਿੰਘ ਰੰਧਾਵਾ : (ਉ) ਜ਼ਿਲ੍ਹਾ-ਵਾਰ ਅਤੇ ਬਲਾਕ-ਵਾਰ ਚੁਣੇ ਗਏ ਜੈਯੰਤੀ ਪਿੰਡਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਹ) ਕੀ ਐਸ.ਡੀ.ਐਮ. ਫਗਵਾੜਾ ਨੂੰ ਪੇਰੈਂਟਸ ਐਸੋਸੀਏਸ਼ਨ ਹਰੀਜਨ ਬਸਤੀ, ਫਗਵਾੜਾ ਵਲੋਂ ਇਸ ਨਜਾਇਜ਼ ਕਬਜ਼ੇ ਸਬੰਧੀ ਮਿਤੀ 22 ਫਰਵਰੀ, 1973, 6 ਮਾਰਚ, 1973, 24 ਨਵੰਬਰ, 1973 ਅਤੇ 25 ਫਰਵਰੀ, 1974 ਦੇ ਮੈਮੋਰੰਡਮ ਮਿਲੇ, ਜੇ ਮਿਲੇ ਹਨ ਤਾਂ ਉਨ੍ਹਾਂ ਦੀਆਂ ਨਕਲਾਂ ਅਤੇ ਉਨ੍ਹਾਂ ਤੇ ਕੀਤੀ ਗਈ ਕਾਰਵਾਈ ਸਦਨ ਦੀ ਮੇਜ਼ ਤੇ ਰੱਖੀ ਜਾਵੇ ;

(ਕ) ਕੀ ਜ਼ਿਲ੍ਹਾ ਸਿਖਿਆ ਅਫ਼ਸਰ, ਕਪੂਰਥਲਾ ਨੇ ਇਸ ਸਬੰਧ ਵਿਚ ਕੋਈ ਕਾਰਵਾਈ ਕੀਤੀ ਹੈ ?

ਸ਼੍ਰੀ ਗੁਰਮੇਲ ਸਿੰਘ: (ੳ) ਜੀ ਹਾਂ ।

(ਅ) 1. ਛੱਤਿਆ ਹੋਇਆ ਰਕਬਾ .. 15 ਮਰਲੇ

2. ਖਾਲੀ ਭੂਮੀ ਦਾ ਰਕਬਾ .. 8 ਕਨਾਲ 18 ਮਰਲੇ

(ੲ) ਸਰਕਾਰ ਦਾ ਰੋਮਦਾਰ ।

(ਸ) ਜੀ ਹਾਂ

(ਹ) ਜੀ ਹਾਂ, ਸਵਾਏ 24 ਨਵੰਬਰ, 1973 ਦੀ ਪ੍ਰਤੀਬੇਨਤੀ ਦੇ । ਇਨ੍ਹਾਂ ਪ੍ਰਤੀਬੇਨਤੀਆਂ ਦੀਆ ਨਕਲਾਂ ਡਿਪਟੀ ਕਮਿਸ਼ਨਰ, ਕਪੂਰਥਲਾ ਜੋ ਇਸ ਮਾਮਲੇ ਸਬੰਧੀ ਫੈਸਲੇ ਬਾਰੇ ਵਿਚਾਰ ਕਰ ਰਹੇ ਹਨ ਤੋਂ ਪ੍ਰਾਪਤ ਨਹੀਂ ਹੋ ਸਕੀਆਂ, ਇਸ ਲਈ ਇਨ੍ਹਾਂ ਨੂੰ ਸਦਨ ਦੀ ਮੇਜ਼ ਤੇ ਰਖਣਾ ਸੰਭਵ ਨਹੀਂ ਹੈ ।

(ਕ) ਜੀ ਹਾਂ ।

Original with;
Punjab Vidhan Sabha
Digitized by;
Panjab Digital Library

SUPPLY OF WHOLEMEAL ATTA TO MEMBERS OF PUNJAB DHABA TANDOOR UNION, JULLUNDUR CITY

829. Comrade Satya Pal Dang: Will the Minister of State for Food and Supplies be pleased to state —

(a) whether members of the Punjab Dhaba Tandoor Union Jullundur City, were being supplied wholemeal atta at depot rates by the Food and Supplies Department till about 30th October, 1973, and its supply was discontinued thereafter ; if so, reasons therefor ;

(b) whether the said Union submitted any memorandum after 30th October, 1973, to the Food and Supplies Minister in this connection, if so, a copy of the same be laid on the Table of the House;

(c) the action taken by the Government in this connection ?

Sardar Gurdarshan Singh: (a) Yes. Due to inadequate allocation of wheat by the Government of India and increase in the demand of atta from domestic consumers at the Fair Price Shops, it was decided to discontinue issue of wholemeal atta to hotels, restaurants, Dhabas and other catering establishments in the State and instead to issue resultant atta to these establishments.

(b) Yes. A copy is enclosed.

(c) A reply was sent to the Punjab Dhaba and Tandoor Union, Jullundur City, communicating the State Government's decision.

[(ੳ) ਜੀ ਹਾਂ । ਭਾਰਤ ਸਰਕਾਰ ਵਲੋਂ ਘੱਟ ਕਣਕ ਮਿਲਣ ਕਰਕੇ ਅਤੇ ਘਰੇਲੂ ਖਪਤਕਾਰਾਂ ਵਲੋਂ ਫੇਅਰ ਪ੍ਰਾਈਸ ਸ਼ਾਪਸ ਤੋਂ ਹੋਲਮੀਲ ਆਟੇ ਦੀ ਮੰਗ ਵੱਧ ਜਾਣ ਕਰਕੇ ਹੋਟਲਾਂ, ਰੈਸਟੋਰੈਂਟਾਂ, ਢਾਬਾ ਅਤੇ ਰਾਜ ਵਿਚ ਦੂਜੇ ਕੇਟਰਿੰਗ ਇਸਟੈਬਲਿਸ਼ਮੈਂਟਾਂ ਨੂੰ ਹੋਲਮੀਲ ਆਟਾ ਦੇਣਾ ਬੰਦ ਕਰਕੇ ਇਸ ਦੀ ਥਾਂ ਇਨ੍ਹਾਂ ਇਸਟੈਬਲਿਸ਼ਮੈਂਟਾਂ ਨੂੰ ਰਿਜ਼ਲਟੈਂਟ ਆਟਾ ਦੇਣ ਦਾ ਫੈਸਲਾ ਕੀਤਾ ਗਿਆ ।

(ਅ) ਜੀ ਹਾਂ । ਇਕ ਕਾਪੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

(ਏ) ਪੰਜਾਬ ਢਾਬਾ ਅਤੇ ਤੰਦੂਰ ਯੂਨੀਅਨ ਜਲੰਧਰ ਸ਼ਹਿਰ ਨੂੰ ਸਰਕਾਰ ਦੇ ਫੈਸਲੇ ਸਬੰਧੀ ਯੋਗ ਉਤਰ ਭੇਜਿਆ ਗਿਆ ਸੀ ।]

COPY OF MEMORANDUM

The Food & Supply Minister,
(Punjab)
Chandigarh.

Respected Sir,

I take this earliest opportunity to felicitate you and congratulate you on your being included in the Punjab Cabinet as a Minister, the honour which you rightly deserve, from my side and all the members of Punjab Dhaba Tandoor Union.

Original with;
Punjab Vidhan Sabha
Digitized by;
Panjab Digital Library

2. We take this opportunity to inform you that the members of our Union are to get their supply of wheat Flour on reduced rates the supply has suddenly suspended since 30th October, 1973 without assigning any reasons of this act on the part of the Director of the Food and Supply Department of Punjab. This has caused great hardships to our community and we are obliged as a consequence to procure our demands at higher rate from the market and this charge revised high rates from our customers, who are hardly hit with their unavoidable increase in the rates of Chapaties. Already the prices of pulses, coal, flour and vegitables have soared very high.

3. On the 4th of this month a deputation of our Union waited upon the Director Food and Supply at Circuit House, Jullundur and presented memorandum to him presenting our demands, comprising of supply of wheat flour, rice, coal and Pulses on cheap rates enabling us to cater to our customers the food on reasonable and reduced prices. The Director assured our delegation that our demands would be met at an early date and the supply of the above mentioned commodities shall commence to us very shortly. But it is extremely regreted no action has been taken so far on our very genuine demands as nothing has been heard from the Director in the matter till date.

4. It is prayed, therefore, that the Director of Food and Supply be kindly directed rates without loss of any further time.

Thanking you.

Yours faithfully,

(Comrade Sukhdev Singh)
President
Punjab Dhaba Tandoor Union,
Jullundur City.

ਪ੍ਰਸ਼ਨ ਪੱਤਰ ਛਪਾਉਣ ਲਈ ਸਿਖਿਆ ਵਿਭਾਗ ਦੁਆਰਾ ਕੀਤੇ ਗਏ ਖਰਚ ਦਾ ਆਡਿਟ

830. **ਕਾਮਰੇਡ ਸੱਤ ਪਾਲ ਡਾਂਗ:** ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ:

(ੳ) ਕੀ ਇਹ ਠੀਕ ਹੈ ਕਿ ਭੇਦ ਗੁਪਤ ਰੱਖਣ ਦੀ ਖਾਤਰ ਸਿਖਿਆ ਵਿਭਾਗ ਦੁਆਰਾ ਲਏ ਜਾਂਦੇ ਵੱਖ ਵੱਖ ਇਮਤਿਹਾਨਾਂ ਲਈ ਪ੍ਰਸ਼ਨ ਪੱਤਰ ਛਪਾਉਣ ਲਈ ਕੀਤੇ ਜਾਂਦੇ ਖਰਚ ਸਬੰਧੀ, ਕੋਈ ਆਡਿਟ ਨਹੀਂ ਕੀਤਾ ਜਾਂਦਾ;

(ਅ) ਕੀ ਇਹ ਵੀ ਠੀਕ ਹੈ ਕਿ ਆਡਿਟ ਦੀ ਥਾਂ ਸਿਖਿਆ ਵਿਭਾਗ, ਪੰਜਾਬ ਦਾ ਡਾਇਰੈਕਟਰ ਇਸ ਸਬੰਧੀ ਅਕਾਊਂਟੈਂਟ ਜਨਰਲ, ਪੰਜਾਬ ਨੂੰ ਹਰ ਸਾਲ ਇਕ ਸਰਟੀਫਿਕੇਟ ਦਿੰਦਾ ਹੈ;

(ੲ) ਕੀ ਡੀ.ਪੀ.ਆਈ., ਪੰਜਾਬ ਦੁਆਰਾ ਅਕਾਊਂਟੈਂਟ ਜਨਰਲ, ਪੰਜਾਬ ਨੂੰ ਅਜਿਹੇ ਸਰਟੀਫੀਕੇਟ ਸਚਮੁੱਚ ਹੀ ਦਿੱਤੇ ਗਏ ਹਨ, ਜੇ ਨਹੀਂ ਤਾਂ ਇਹ ਕਦੋਂ ਤੋਂ ਨਹੀਂ ਦਿੱਤੇ ਗਏ ਅਤੇ ਇਸ ਦੇ ਕੀ ਕਾਰਨ ਹਨ ?

ਸ਼੍ਰੀ ਗੁਰਮੇਲ ਸਿੰਘ: (ੳ) ਹਾਂ ਜੀ ।

(ਅ) ਹਾਂ ਜੀ ।

(ੲ) ਹਾਂ ਜੀ, ਸਾਲ 1966-67 ਤਕ । ਕੁਝ ਊਣਤਾਈਆਂ ਕਾਰਨ ਸਾਲ 1967-68 ਤੋਂ 1972-73 ਦੇ ਸਾਲਾਂ ਦੇ ਸਰਟੀਫਿਕੇਟ ਅਜੇ ਤਕ ਜਾਰੀ ਨਹੀਂ ਕੀਤੇ ਗਏ।

Original with;
Punjab Vidhan Sabha
Digitized by;
Panjab Digital Library

UNSTARRED QUESTION NO. 831

ਵਿਧਾਨ ਸਭਾ ਦੇ ਸਵਾਲ ਨੰ: 831 ਜੋ ਮਿਤੀ 5 ਅਗਸਤ, 1974 ਲਈ ਅਨ-ਸਟਾਰਡ ਸਵਾਲਾਂ ਦੀ ਸੂਚੀ ਵਿਚ ਸ਼੍ਰੀ ਸੱਤ ਪਾਲ ਡਾਂਗ, ਐਮ. ਐਲ. ਏ., ਵਲੋਂ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ।

ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿਤਾ ਜਾਵੇਗਾ ।

ਸਹੀ - ਖੁਸ਼ਹਾਲ ਬਹਿਲ,
ਉਪ-ਮੰਤਰੀ, ਘਰੇਲੂ ਉਦਯੋਗ

ਸਕੱਤਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

ਗ: ਸ: ਪੱਤਰ ਨੰ: 5680-4 ਉ ਸ 11-74/ਮਿਤੀ ਚੰਡੀਗੜ੍ਹ, 6 ਅਗਸਤ, 1974.

ਸਰਕਾਰੀ ਸੇਵਾ ਵਿਚ ਨਿਯੁਕਤੀ ਲਈ ਸ਼ਰੀਰਕ ਤੌਰ ਤੇ ਨਕਾਰਾ ਵਿਅਕਤੀਆਂ ਨੂੰ ਦਿਤੀਆਂ ਗਈਆਂ ਰਿਆਇਤਾਂ

832. **ਕਾਮਰੇਡ ਸੱਤ ਪਾਲ ਡਾਂਗ**: ਕੀ ਮੁੱਖ ਮੰਤਰੀ ਜੀ ਕਿਰਪਾ ਕਰਕੇ ਦਸਣਗੇ ਕਿ ਕੀ ਰਾਜ ਵਿਚ ਸਰਕਾਰੀ ਸੇਵਾਵਾਂ ਵਿਚ ਨਿਯੁਕਤੀ ਲਈ ਵੱਧ ਤੋਂ ਵੱਧ ਉਮਰ ਦੇ ਮਾਮਲੇ ਵਿਚ ਸਰੀਰਕ ਤੌਰ ਤੇ ਨਕਾਰਾ ਵਿਅਕਤੀਆਂ ਨੂੰ ਕੋਈ ਰਿਆਇਤਾਂ ਦਿਤੀਆਂ ਗਈਆਂ ਹਨ, ਜੇ ਅਜਿਹਾ ਹੋਵੇ ਤਾਂ ਇਸ ਪਰਕਾਰ ਦਿਤੀਆਂ ਗਈਆਂ ਰਿਆਇਤਾਂ ਦਾ ਵੇਰਵਾ ਕੀ ਹੈ ?

ਗਿਆਨੀ ਜ਼ੈਲ ਸਿੰਘ: ਹਾਂ ਜੀ, ਗੂੰਗੇ, ਬੋਲੇ, ਅੰਨੇ, ਆਦਿ ਸਰੀਰਕ ਤੌਰ ਤੇ ਨਕਾਰਾ ਅਤੇ ਆਰਥੋਪੈਡੀਕਲੀ ਨਕਾਰਾ ਵਿਅਕਤੀਆਂ ਨੂੰ ਸਰਕਾਰੀ ਨੌਕਰੀਆਂ ਵਿਚ ਸਿਧੀ ਭਰਤੀ ਲਈ ਹੇਠ ਲਿਖੇ ਖੇਤਰਾਂ ਵਿਚ ਨੌਕਰੀ ਲਈ ਮੌਜੂਦਾ ਉਪਰਲੀ ਉਮਰ ਸੀਮਾ ਵਿਚ 10 ਸਾਲ ਦੀ ਰਿਆਇਤ ਦਿੱਤੀ ਗਈ ਹੈ ।

ਅੰਨੇ (ਨੈਤਰ-ਹੀਨ)

1. ਬੁਣਾਈ
2. ਖਿਡਾਉਣੇ ਬਨਾਣਾ
3. ਟੋਕਰੀਆਂ ਬਨਾਣਾ
4. ਬੈਂਤ ਦਾ ਕੰਮ
5. ਨਵਾਰ ਬਣਾਈ
6. ਚਰਖਾ ਕਤਣਾ
7. ਹੈਂਡ ਪੰਪ ਉਪਰੇਟਰ
8. ਸੰਗੀਤ ਦੇ ਸਾਜ਼

Original with;
Punjab Vidhan Sabha
Digitized by;
Panjab Digital Library

ਗੁੰਗੇ

1. ਬੈਂਚ ਦਾ ਕੰਮ
2. ਮੁਰਗੀ ਪਾਲਣਾ
3. ਚੂੜੀ ਸਾਜ਼ੀ
4. ਸ਼ਹਿਦ ਮੱਖੀ ਪਾਲਣਾਂ
5. ਡੇਰੀ ਉਦਯੋਗ
6. ਜਿਲਦ ਸਾਜ਼ੀ
7. ਕੰਮਪੋਜ਼ਿੰਗ
8. ਚਮੜੇ ਦਾ ਕੰਮ
9. ਕਪੜੇ ਸਲਾਈ ਤੇ ਕਟਣਾ

ਬੋਲੇ 7

1. ਬੈਚ ਫਿਟਿੰਗ
2. ਇਲੈਕਟ੍ਰੀਸ਼ਨ
3. ਵਾਇਰ ਮੈਨ
4. ਤੁਰਖਾਨਾ ਕੰਮ
5. ਲੁਹਾਰਾ ਕੰਮ
6. ਢਲਾਈ
7. ਟੀਨ ਤੇ ਤਾਂਬੇ ਦਾ ਕੰਮ
8. ਖਡਾਉਣੇ ਬਨਾਣਾ
9. ਜੁਤੇ ਬਨਾਣਾ
10. ਘੜੀ ਸਾਜ਼ੀ

ਆਰਥੋਪੀਡਿਕ

1. ਅਧਿਆਪਕ
2. ਦਫਤਰੀ ਨੌਕਰੀਆਂ (ਕਲਰਕ, ਸਟੈਨੋਗ੍ਰਾਫੀ ਦਫਤਰੀ ਸਹਾਇਕ ਆਦਿ)
3. ਚੌਥੇ ਦਰਜੇ ਦੀਆਂ ਨੌਕਰੀਆਂ (ਦਫਤਰੀ, ਸੇਵਾਦਾਰ ਆਦਿ)

ਤਕਨੀਕੀ ਅਦਾਰਿਆਂ ਵਿਚ ਪ੍ਰਬੀਣਤਾ

4. ਤਰਖਾਨਾ ਕੰਮ
5. ਫਿਟਰਜ਼
6. ਪੇਂਟਰਜ਼
7. ਦਰਜ਼ੀ ਤੇ ਮਕੈਨਿਕ
8. ਡੈਕੋਰੇਟਰਜ਼

Original with;
Punjab Vidhan Sabha
Digitized by;
Panjab Digital Library

PROVINCIALISATION OF SERVICES OF PANCHAYAT SECRETARIES ETC.

833. **Comrade Satya Pal Dang**: Will the Minister of State for Development be pleased to state—

(a) whether the Government has decided to provincialise the services of Panchayat Secretaries ;

(b) whether there is any proposal under the consideration of the Government to provincialise any category of Panchayati Raj employees ;

(c) whether it is a fact that the Government has prohibited Block Samitis and Zila Parishads from enforcing any gratuity scheme for their employees ?

Sardar Santokh Singh Randhawa: (a) The matter is under the consideration of Government.

(b) Yes. The proposal to provincialise the posts of Secretary Zila Parishad is under consideration.

(c) No.

Instructions regarding the introduction of Gratuity Scheme for all the employees of the Panchayat Samitis and Zila Parishads were issued with Development Department Memo No. 1374—4 ECD II--74/9428, dated the 24th May, 1974.

[(ੳ) ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।

(ਅ) ਹਾਂ ਜੀ ।

ਸਕੱਤਰ, ਜ਼ਿਲ੍ਹਾ ਪ੍ਰੀਸ਼ਦ ਦੀ ਪੋਸਟ ਨੂੰ ਪ੍ਰਾਂਤੀਕਰਣ ਕਰਣ ਬਾਰੇ ਮਾਮਲਾ ਵਿਚਾਰ ਅਧੀਨ ਹੈ ।

(ਏ) ਨਹੀਂ ਜੀ ।

ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੇ ਸਾਰੇ ਕਰਮਚਾਰੀਆਂ ਨੂੰ ਗਰੈਚੂਇਟੀ ਦੇਣ ਬਾਰੇ ਹਦਾਇਤਾਂ ਸਰਕਾਰ ਦੇ ਮੀਮੋ ਨੰ: 1374-4 ਅਸਵਿ-2-74/9428, ਮਿਤੀ 24 ਮਈ, 1974 ਰਾਹੀਂ ਜਾਰੀ ਕਰ ਦਿਤੀਆਂ ਗਈਆਂ ਸਨ ।]

ਸਰਕਾਰੀ ਵਕੀਲਾਂ ਵਲੋਂ ਮੇਜਰਨਾਮਾ

834. ਕਾਮਰੇਡ ਸੱਤ ਪਾਲ ਡਾਂਗ: ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ :—

(ੳ) ਕੀ ਉਨ੍ਹਾਂ ਨੂੰ 18 ਫਰਵਰੀ, 1974 ਨੂੰ ਸਰਕਾਰੀ ਵਕੀਲਾਂ ਵਲੋਂ ਪ੍ਰਾਸੀਕਿਊਸ਼ਨ ਏਜੰਸੀ ਨੂੰ ਪੁਲਿਸ ਵਿਭਾਗ ਤੋਂ ਅਲੱਗ ਕਰਨ ਸਬੰਧੀ ਕੋਈ ਮੇਜਰਨਾਮਾ ਮਿਲਿਆ, ਜੇਕਰ ਅਜੇਹਾ ਹੋਵੇ, ਤਾਂ ਉਸ ਦੀ ਇਕ ਨਕਲ ਸਦਨ ਦੀ ਮੇਜ਼ ਤੇ ਰੱਖੀ ਜਾਵੇ;

Original with;
Punjab Vidhan Sabha
Digitized by;
Panj

(ਅ) ਉਕਤ ਮੈਮਰਨਾਮਾ ਤੇ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ ?

ਗਿਆਨੀ ਜ਼ੈਲ ਸਿੰਘ : (ੳ) ਸਰਕਾਰੀ ਵਕੀਲਾਂ ਵਲੋਂ ਮਿਤੀ 18 ਫਰਵਰੀ, 1974 ਨੂੰ ਨਹੀਂ ਸਗੋਂ 8 ਫਰਵਰੀ, 1974 ਨੂੰ ਪੁਲਿਸ ਵਿਭਾਗ ਤੋਂ ਅਲਗ ਕਰਨ ਸਬੰਧੀ ਇਕ ਅਨ-ਦਸਖਤੀ ਪ੍ਰਤੀ ਬੇਨਤੀ ਮਿਲੀ ਸੀ । ਇਹ ਪ੍ਰਤੀ ਬੇਨਤੀ ਪੰਜਾਬੀ ਅਤੇ ਅੰਗ੍ਰੇਜ਼ੀ ਵਿਚ ਸੀ ਜਿਸ ਦੀ ਕਾਪੀ ਸਭਾ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਉਪਰੋਕਤ ਪ੍ਰਤੀ ਬੇਨਤੀ ਵਿਚ ਇਹ ਸ਼ੰਕਾ ਪ੍ਰਗਟ ਕੀਤਾ ਗਿਆ ਸੀ ਕਿ ਪੁਲਿਸ ਪ੍ਰਾਸੀਕਿਊਸ਼ਨ ਸਟਾਫ ਦੇ ਕੁਝ ਕਰਮਚਾਰੀਆਂ ਨੂੰ ਛੱਡ ਕੇ ਵਕੀਲਾਂ ਵਿਚੋਂ ਅਸਾਮੀਆਂ ਭਰੀਆਂ ਜਾਣਗੀਆਂ । ਕਿਉਂਕਿ ਇਸ ਵਿਚ ਕੋਈ ਤੱਤ ਨਹੀਂ ਸੀ ਤੇ ਸਾਰੇ ਦੇ ਸਾਰੇ ਪੁਲਿਸ ਪ੍ਰਾਸੀਕਿਊਸ਼ਨ ਦੇ ਕਰਮਚਾਰੀ ਪ੍ਰਾਸੀਕਿਊਸ਼ਨ ਡਾਇਰੈਕਟੋਰੇਟ ਵਿਚ ਤਬਦੀਲ ਕਰ ਦਿੱਤੇ ਗਏ ਸੀ । ਜਿਸ ਕਾਰਨ ਇਸ ਪ੍ਰਤੀ ਬੇਨਤੀ ਤੇ ਕਿਸੇ ਵੀ ਹੋਰ ਕਾਰਵਾਈ ਦੀ ਲੋੜ ਨਾ ਸਮਝਦੇ ਹੋਏ ਫਾਈਲ ਕਰ ਦਿੱਤੀ ਗਈ ਸੀ ।

ਇਸ ਪ੍ਰਤੀ ਬੇਨਤੀ ਵਿਚ ਪੁਲਿਸ ਅਧਿਕਾਰੀਆਂ ਵਿਰੁੱਧ ਜੋ ਦੂਸ਼ਨ ਲਾਏ ਗਏ ਸਨ ਬੇ-ਬੁਨਿਆਦ ਸਨ ਇਸ ਵਿਚ ਕੋਈ ਸਚਾਈ ਨਹੀਂ ਪਾਈ ਗਈ ।

COPY OF REPRESENTATION

To

The Chief Minister,
Punjab, Chandigarh.

Subject :—Representation by the Punjab Police Prosecutors concerning the separation of the Prosecuting Agency from the Police Department.

Respected Sir,

In connection with the impending separation of the Prosecuting Agency from the Police Department we the members of the Prosecuting Agency of the Police Department beg to submit as under :—

(1) That we are all law-graduates and are qualified lawyers. Our basic profession is to practise law in the legal profession so that we could also practise at the bar as Advocates even after Retirement from service.

(2) That our basic qualifications for recruitment as Prosecutors, nature of duties, cadre, training and all other conditions of service are entirely different from other members of the Police Force. Our duties are specifically laid down in Chapter XXVII of the Punjab Police Rules, which is not applicable to other members of the Police Force.

(3) That in spite of the fact that our duties are specifically defined as stated above, the Police bosses had been extracting work from us which had nothing to do with our duties as Prosecutors as laid down in the Police Rules and had been treating us as merely their clerks to write official memos for them and to attend to all sundry work purely in the nature of the usual office routine. The Prosecutors were regularly ear-marked for writing the Weekly and the Monthly diaries for the District Superintendent of Police and to prepare replies for the Assembly Questions and to all other references received

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

from the Headquarters. Under Police discipline, they were also made to write findings in the departmental enquiries and orders in the enquiries on behalf of the Superintendent of Police, the D. I. G. and the I.G. himself. To say the least they were required to perform duties which seriously affected their efficiency as Prosecutors and thus had to work under most dis-advantageous conditions, quite against the conditions of their service.

(4) That in order to get their lot ameliorated and to be true to their professional duties for the State, they had been pleading to separate the Prosecuting Agency from the Police Department and were very jubiliant when the Government ultimately decided to separate this Agency from the Police Department.

(5) That to their utter dismay, they have now learnt that the separation is not being effected enbloc and that most of them especially the P.I.s and the P.D.S.P.s will be retained by the Police Department.

(6) That it is learnt that the Police Department is pressing to retain the Prosecutors on the ground of the scrutiny of the Police cases by them. We humbly request that this ground is absolutely untenable as scrutiny in the right sense can only be done by the Prosecutor who is actually to conduct that case in Court as is the case at present. It is possible that the Police Law Officer having no practical experience may even mis-guide the Police investigator on wrong lines. The Law Commission which has very emphatically pleaded for the separation of the Prosecuting Agency from the Police Department and for the establishment of a Directorate of Prosecution has also stressed at the same time that scrutiny of Challans should be done not by the Police itself but by the Directorate. The Law Commission has gone even to this extent that guidance to the Investigator also during the investigation of the case should be provided by the Directorate. Under the present set up it is the duty of the Police Gazetted Officers to scrutinize every case diary submitted to them by the Investigating Officer, to record their comments thereon and then to guide the Investigator during the Investigation. The Gazetted Officers are even required to forward the cases in Courts. It is, therefore, submitted that the argument of the Police for requiring certain Police Officers for scrutiny and guidance is absolutely without force.

(7) That in spite of the above submissions if it is still decided to give certain law-officers to the Police Department, the same can be provided on deputation from the Directorate of Prosecution because they will be having the upto-date knowledge in law and will prove more useful.

(8) That the real purpose for which the Police Department wants to retain most of us as has already been submitted above is not the scrutiny of the cases of the guidance during the investigation, but they want us purely for their clerical work and to get highly trained P.A's for them. The so called scrutiny is just a cover for their designs. Our submission is that if the Government wants to give them P.As why retain a P.D.S.P. with Rs. 1,500 as pay for this purpose and why not to recruit a clerk with Rs. 250 as salary and to save the exchequer from a big financial burden.

(9) That it is further submitted that our chances of promotion if we are retained in the Police Department will be very meagre and otherwise also it will not be possible to adjust us as Prosecutors with the Executive Police after the Prosecution duties are taken away from the Police Department and the result will be that our careers will receive a major set-back for which we beseech your honour to from a catastrophe.

Original with;
Punjab Vidhan Sabha
Digitized by;
Panjab Digital Library

(10) That if it is argued that previous also the Police Prosecutors had been posted in the P. T. C., the C.I.D., and the Vigilance Department, our submission in this regard is that even this is against the conditions of our service as given in Chapter XXVII of the Police Rules and we had been accepting these duties only with the spirit as to why annoy the Senior Police Officers when these duties are only for a short period and we always return to our main job, of the prosecution of cases in courts. In this context it may also be stated that it has always been the demand of the Police Department to provide to them a well experienced civilian staff for the Law Classes of the Police Training College and our humble submission in this regard is that the Directorate will be the only competent body to provide a highly experienced and trained civilian staff in this regard if all of us are taken enblock under the newly set up Directorate of Prosecution. There can absolutely be no legal/technical hitch in this regard because we can submit our options undertaking to go on deputation in this regard for a fixed period.

(11) That it may again be reiterated that the views of the Law Commission the Police Commission and the one man Pay Commission are for the complete separation of the Prosecuting Agency from the Police Department. Otherwise also it is submitted that the retention of the Police Prosecutors in the Police Department after this separation of the Prosecuting Agency against their will tantamount to a change in their conditions of service which is not warranted by the provisions of the Punjab State Reorganisation Act, 1966. As such the chances of the aggrieved parties preferring writ petitions in the High Court can also not be ruled out, with the result that the separation of the Prosecuting Agency from the Police Department will be unduly delayed.

(12) That another fact which has come as a bomb-shell is that about 122 posts of A.P.P,s including 24 posts of Selection Grade A.P.P.s have since been sanctioned for the Director of Prosecution to be filled up out of the existing P.S.I.s The P.S.I.s who will be absorbed as Selection Grade A.P.Ps. will be given the grade of Rs. 400-25-850 which is much higher than the grade of the P.I.s who are not being absorbed in the new set up. There can not be more injustice than this that the subordinates should be made to by-pass their officers without any rhyme or reason.

We, therefore, humbly beseech your kind honour to give justice to us and to separate us from the Police Department enbloc.

Thanking you in anticipation.

Yours most faithfully,
The Members of the Punjab Police
Prosecuting Agency.

[ਸਤਿਕਾਰ ਯੋਗ ਮੁੱਖ ਮੰਤਰੀ, ਪੰਜਾਬ ਜੀਓ।

ਅਸੀਂ ਪੁਲਿਸ ਪ੍ਰਾਸੀਕਿਊਟਿੰਗ ਏਜੰਸੀ ਦੇ ਮੈਂਬਰਾਨ ਆਪ ਜੀ ਦੇ ਵਾਚਣ ਹਿੱਤ ਨਿਮਨ ਲਿਖਤ ਬੇਨਤੀ ਕਰਦੇ ਹਾਂ :—

(1) ਪੰਜਾਬ ਸਰਕਾਰ ਨੇ ਆਪ ਜੀ ਦੀ ਅਗਵਾਈ ਹੇਠ ਜੋ ਫੈਸਲਾ ਪੁਲਿਸ ਪਰਾਸੀਕਿਊਸ਼ਨ ਏਜੰਸੀ ਨੂੰ ਪੁਲਿਸ ਵਿਭਾਗ ਤੋਂ ਵਖਰਾ ਕਰਨ ਦਾ ਕੀਤਾ, ਉਸ ਦਾ ਨਿਘਾ ਸੁਆਗਤ ਹਰ ਪੜ੍ਹੇ ਲਿਖੇ ਪੰਜਾਬੀ ਨਾਗਰਿਕ ਨੇ ਕੀਤਾ ਅਤੇ ਇਸ ਫੈਸਲੇ ਸਬੰਧੀ ਅਸੀਂ ਪੁਲਿਸ ਪਰਾਸੀਕਿਊਟਰਜ਼ ਪੰਜਾਬ ਸਰਕਾਰ ਦੇ ਚਿਰੋਂ ਰਿਣੀ ਹਾਂ।

Original with;
Punjab Vidhan Sabha
Digitized by:
Panjab Digital Library

[ਮੁੱਖ ਮੰਤਰੀ]

(2) ਇਹ ਕਿ ਹੁਣ ਸਾਨੂੰ ਪਤਾ ਲਗਾ ਹੈ ਕਿ ਸਰਕਾਰ. ਇਨਸਪੈਕਟਰ ਜਨਰਲ ਪੁਲਿਸ ਦੇ ਸੁਝਾਓ ਤੇ ਸਾਨੂੰ ਵੱਖ ਕੀਤੀ ਜਾ ਰਹੀ ਪਰਾਸੀਕਿਊਸ਼ਨ ਬਰਾਂਚ ਵੱਲ ਨਹੀਂ ਲੈ ਰਹੀ ਅਤੇ ਸਾਡੇ ਵਿਚੋਂ ਬਹੁਤ ਸਾਰਿਆਂ ਨੂੰ ਪੁਲਿਸ ਵਿਭਾਗ ਵਿਚ ਹੀ ਰਖੇ ਜਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਸਾਡੀ ਪ੍ਰਾਰਥਨਾ ਹੈ ਕਿ ਅਜੇਹਾ ਕਰਨਾ ਸਾਡੇ ਨਾਲ ਬੇਇਨਸਾਫੀ ਹੋਵੇਗੀ । ਇਹ ਉਚਿਤ ਨਹੀਂ ਹੋਵੇਗਾ ਅਤੇ ਇਸ ਸਬੰਧੀ ਅਸੀਂ ਆਪ ਪਾਸੋਂ ਇਨਸਾਫ ਦੀ ਮੰਗ ਕਰਦੇ ਹਾਂ ।

(3) ਇਹ ਕਿ ਅਸੀਂ ਪੁਲਿਸ ਪਰਾਸੀਕਿਊਟਰਜ਼ ਪਿਛਲੇ ਕਈ ਸਾਲਾਂ ਤੋਂ ਸਿਧੇ ਅਤੇ ਅਸਿਧ ਤੌਰ ਤੇ ਪਰਾਸੀਕਿਊਸ਼ਨ ਬਰਾਂਚ ਦੇ ਪੁਲਿਸ ਵਿਭਾਗ ਤਂ ਅੱਡ ਕੀਤੇ ਜਾਣ ਬਾਰੇ ਸਰਕਾਰ ਪਾਸੋਂ ਮੰਗ ਕਰਦੇ ਆ ਰਹੇ ਹਾਂ। ਕਿਉਂਕਿ ਪਰਾਸੀਕਿਊਸ਼ਨ ਏਜੰਸੀ ਦੇ ਪੁਲਿਸ ਵਿਭਾਗ ਅਧੀਨ ਹੋਣ ਕਾਰਨ ਜਨਤਾ ਨੂੰ ਅਦਾਲਤਾਂ ਵਿਚੋਂ ਸਹੀ ਇਨਸਾਫ ਨਹੀਂ ਮਿਲਦਾ ਸੀ ਅਤੇ ਅਸੀਂ ਆਪਣੀ ਸਰਵਿਸ ਕੰਡੀਸ਼ਨਜ਼ ਤੋਂ ਵੀ ਅਸੰਤੁਸ਼ਟ ਸਾਂ । ਸਾਡੀ ਕੋਸ਼ਿਸ਼ ਦਾ ਸਿੱਟਾ ਸਰਕਾਰ ਵਲੋਂ ਨਿਯੁਕਤ ਕੀਤੇ ਗਏ ਲਾ-ਕਮਿਸ਼ਨ, ਪੁਲਿਸ ਕਮਿਸ਼ਨ ਅਤੇ ਪੇ-ਕਮਿਸ਼ਨ ਨੇ ਸਿਫਾਰਸ਼ਾਂ ਕੀਤੀਆਂ ਕਿ ਪੁਲਿਸ ਪਰਾਸੀ-ਕਿਊਸ਼ਨ ਬਰਾਂਚ, ਪੁਲਿਸ ਵਿਭਾਗ ਤੋਂ ਵੱਖ ਹੋਣੀ ਚਾਹੀਦੀ ਹੈ ਅਤੇ ਇਹੀ ਮਨਸ਼ਾ ਜਾਬਤਾ ਫੌਜਦਾਰੀ ਵਿਚ ਕੀਤੀ ਜਾ ਰਹੀ ਨਵੀਂ ਸੋਧ ਦਾ ਹੈ । ਇਸ ਤੋਂ ਸਪੱਸ਼ਟ ਹੈ ਕਿ ਪਰਾਸੀਕਿਊਸ਼ਨ ਬਰਾਂਚ ਨੂੰ ਪੁਲਿਸ ਤੋਂ ਵੱਖ ਕਰਨ ਦਾ ਭਾਵ ਅਤੇ ਮੰਤਵ ਪੁਲਿਸ ਪਰਾਸੀਕਿਊਟਰਜ਼ ਨੂੰ ਪੁਲਿਸ ਵਿਭਾਗ ਤੋਂ ਵੱਖ ਕਰਨ ਦਾ ਹੈ ਅਤੇ ਹੋਰ ਕੋਈ ਨਹੀਂ ਅਤੇ ਜੇ ਸਾਨੂੰ ਬਹੁਤਿਆਂ ਨੂੰ ਪੁਲਿਸ ਵਿਭਾਗ ਵਿਚ ਹੀ ਰਹਿਣ ਦਿਤਾ ਗਿਆ ਤਾਂ ਅਜੇਹਾ ਕਰਨਾ ਅਲਹਿਦਗੀ ਦੇ ਮੰਤਵ ਦੇ ਉਲਟ ਹੋਵੇਗਾ ।

( ) ਇਹ ਕਿ ਅਸੀਂ ਸਾਰਿਆਂ ਨੇ ਆਪਣੀ ਨੌਕਰੀ ਬਤੌਰ ਪੁਲਿਸ ਪਰਾਸੀਕਿਊ-ਟਰਜ਼ ਦੇ ਸ਼ੁਰੂ ਕੀਤੀ ਹੈ ਅਤੇ ਸਾਡਾ ਕੰਮ ਸਰਕਾਰ ਦੇ ਫੌਜਦਾਰੀ ਮੁਕਦਮਿਆਂ ਦੀ ਅਦਾਲਤਾਂ ਵਿਚ ਪੈਰਵੀ ਕਰਨਾ ਹੈ । ਜਦ ਤੋਂ ਅਸੀਂ ਨੌਕਰੀ ਕੀਤੀ ਹੈ ਤੱਦ ਤੋਂ ਹੀ ਅਸੀਂ ਸਾਰੇ ਇਹੀ ਕੰਮ ਕਰਦੇ ਆ ਰਹੇ ਹਾਂ । ਸਾਡੀਆਂ ਨੌਕਰੀਆਂ ਦੀਆਂ ਸ਼ਰਤਾਂ, ਡਿਊਟੀ, ਹਾਲਾਤ, ਤਰੱਕੀ, ਤਨਖਾਹ, ਟਰੇਨਿੰਗ ਆਦਿ ਪੁਲਿਸ ਫੋਰਸ ਦੇ ਹੋਰ ਮੈਂਬਰਾਂ ਨਾਲੋਂ ਵੱਖਰੀਆਂ ਹਨ । ਨੌਕਰੀ ਸਬੰਧੀ ਸਾਡੀ ਡਿਊਟੀ, ਕੰਮ ਆਦਿ ਬਾਰੇ ਪੁਲਿਸ ਰੂਲਜ਼ ਦਾ ਚੈਪਟਰ 27 ਲਾਗੂ ਹੈ, ਜਿਹੜਾ ਚੈਪਟਰ ਪੁਲਿਸ ਫੋਰਸ ਦੇ ਹੋਰ ਕਰਮਚਾਰੀਆਂ ਤੇ ਲਾਗੂ ਨਹੀਂ ਹੈ। ਅਸੀਂ ਪੁਲਿਸ ਵਿਭਾਗ ਵਿਚ ਬਤੌਰ ਪੁਲਿਸ ਪਰਾਸੀਕਿਊਟਰਜ਼ ਨੌਕਰੀ ਇਸ ਕਰਕੇ ਕੀਤੀ ਸੀ ਤਾਂ ਕਿ ਕਾਨੂੰਨ ਪਾਸ ਕਰਨ ਪਿਛੋਂ ਸਾਡਾ ਸਾਰੀ ਉਮਰ ਕਾਨੂੰਨੀ ਪਰੈਕਟਿਸ ਨਾਲ ਸਬੰਧ ਬਣਿਆ ਰਹੇ ਅਤੇ ਰਿਟਾਇਰ ਹੋਣ ਪਿਛੋਂ ਅਸੀਂ ਬਤੌਰ ਵਕੀਲ ਆਪਣਾ ਕੰਮ ਕਰ ਸਕੀਏ । ਆਪਣੇ ਇਸ ਮੰਤਵ ਦੀ ਪੂਰਤੀ ਲਈ ਅਸੀਂ ਇਸ

Original with;
Punjab Vidhan Sabha
Digitized by;
Panjab Digital Library

ਨੌਕਰੀ ਬਾਰੇ ਤਰੱਕੀ ਆਦਿ ਦੇ ਬਹੁਤ ਭੈੜੇ ਅਤੇ ਨਾਂ-ਢਾਇਦੇ ਮੰਦ ਹਾਲਾਤ ਹੁੰਦਿਆਂ ਵੀ ਇਹ ਨੌਕਰੀ ਕਰਦੇ ਰਹੇ, ਨਹੀਂ ਤਾਂ ਜੇ ਕਿਸੇ ਹੋਰ ਮੰਤਵ ਲਈ ਸਾਨੂੰ ਮਹਿਕਮਾਂ ਪੁਲਿਸ ਵਿਚ ਨੌਕਰੀ ਕਰਨ ਦਾ ਮੌਕਾ ਹੁੰਦਾ ਤਾਂ ਅਸੀਂ ਵੀ ਐਗਜ਼ੈਕਟਿਵ ਪੁਲਿਸ ਵਿੱਚ ਨੌਕਰੀ ਕਰਦੇ ਅਤੇ ਛੇਤੀ ਤਰੱਕੀਆਂ ਲੈਂਦੇ। ਪਰਾਸੀਕਿਊਸ਼ਨ ਏਜੰਸੀ ਦੇ ਪੁਲਿਸ ਵਿਭਾਗ ਤੋਂ ਵੱਖ ਕੀਤੇ ਜਾਣ ਨਾਲ ਮਹਿਕਮਾ ਪੁਲਿਸ ਪਾਸ ਮੁਕੱਦਮਿਆਂ ਦੀ ਅਦਾਲਤਾਂ ਵਿੱਚ ਪੈਰਵੀ ਸਬੰਧੀ ਕੋਈ ਕੰਮ ਨਹੀਂ ਰਹੇਗਾ। ਸਾਡੀ ਇਹ ਬੇਨਤੀ ਹੈ ਕਿ ਜੇ ਸਾਨੂੰ ਪੁਲਿਸ ਵਿਭਾਗ ਤੋਂ ਵੱਖ ਨਾ ਕੀਤਾ ਗਿਆ ਤਾਂ ਅਜੇਹਾ ਕਰਨ ਨਾਲ ਸਾਨੂੰ ਆਪਣੇ ਕਾਨੂੰਨੀ ਪੇਸ਼ਾ ਦਾ ਕੰਮ ਕਰਨ ਤੋਂ ਵਾਂਝਿਆ ਕਰ ਦਿੱਤਾ ਜਾਵੇਗਾ, ਜੋ ਨਜਾਇਜ਼ ਹੋਵੇਗਾ। ਇਸ ਬੇਨਤੀ ਤੋਂ ਸਾਡਾ ਭਾਵ ਇਹ ਹੈ ਕਿ ਸਾਡੀ ਨੌਕਰੀ ਦੀਆਂ ਸ਼ਰਤਾਂ ਤੇ ਹਾਲਾਤ ਸਾਡੀ ਮਰਜ਼ੀ ਤੋਂ ਬਿਨਾਂ ਨਹੀਂ ਬਦਲੇ ਜਾ ਸਕਦੇ। ਇਹ ਕੇਵਲ ਕੁਦਰਤੀ ਨਿਆਂ ਦੇ ਨੇਮਾਂ ਦੇ ਹੀ ਵਿਰੁੱਧ ਨਹੀਂ ਹੈ, ਸਗੋਂ ਪੰਜਾਬ ਸਟੇਟ ਰੀ-ਆਰਗੀਨਾਈਜ਼ੇਸ਼ਨ ਦੀ ਮਾਰ ਵਿਚ ਵੀ ਆਵੇਗਾ।

(5) ਇਹ ਕਿ ਪੰਜਾਬ ਵਿੱਚ ਸਰਕਾਰ ਦੇ ਫੌਜਦਾਰੀ ਮੁਕਦਮਿਆਂ ਦੀ ਅਦਾਲਤਾਂ ਵਿੱਚ ਪੈਰਵੀ ਦੋ ਏਜੰਸੀਆਂ ਕਰਦੀਆਂ ਹਨ। ਜ਼ਿਲ੍ਹਾ ਅਟਾਰਨੀ ਏਜੰਸੀ ਜੋ ਪੰਜਾਬ ਕਾਨੂੰਨੀ ਮਸ਼ੀਰ ਦੇ ਅਧੀਨ ਹੈ ਅਤੇ ਪੁਲਿਸ ਪਰਾਸੀਕਿਊਸ਼ਨ ਏਜੰਸੀ ਜੋ ਪੁਲਿਸ ਵਿਭਾਗ ਅਧੀਨ ਹੈ। ਜ਼ਿਲ੍ਹਾ ਅਟਾਰਨੀ ਏਜੰਸੀ ਦਾ ਪਹਿਲਾਂ ਹੀ ਪੁਲਿਸ ਵਿਭਾਗ ਨਾਲ ਕੋਈ ਸਬੰਧ ਨਹੀਂ ਸੀ ਅਤੇ ਪੁਲਿਸ ਤੋਂ ਵੱਖ ਕੀਤੇ ਜਾਣ ਦਾ ਮਸਲਾ ਕੇਵਲ ਪੁਲਿਸ ਪਰਾਸੀਕਿਊਟਰਜ਼ ਦਾ ਹੀ ਸੀ। ਪਤਾ ਲੱਗਾ ਹੈ ਕਿ ਜ਼ਿਲ੍ਹਾ ਅਟਾਰਨੀ ਏਜੰਸੀ ਦੇ ਸਾਰੇ ਮੈਂਬਰਾਂ ਨੂੰ ਹੀ ਵੱਖ ਕੀਤੇ ਜਾਣ ਵਾਲੇ ਪਰਾਸੀਕਿਊਸ਼ਨ ਵਿਭਾਗ ਵਿਚ ਲਿਆ ਜਾ ਰਿਹਾ ਹੈ। ਇਨ੍ਹਾਂ ਹਾਲਾਤ ਵਿੱਚ ਸਾਨੂੰ, ਪੁਲਿਸ ਪਰਾਸੀਕਿਊਟਰਜ਼ ਨੂੰ ਜਿਨ੍ਹਾਂ ਦੇ ਹਿੱਤ ਲਈ ਇਹ ਅਲਿਹਦਗੀ ਕੀਤੀ ਜਾ ਰਹੀ ਹੈ ਸਾਰਿਆਂ ਨੂੰ ਨਾ ਲੈਣਾ ਇਨਸਾਫ ਨਹੀਂ ਹੋਵੇਗਾ।

(6) ਇਹ ਕਿ ਅਸੀਂ 18/20 ਸਾਲਾਂ ਤੋਂ ਅਦਾਲਤਾਂ ਵਿਚ ਫੌਜਦਾਰੀ ਮੁਕਦਮਿਆਂ ਦੀ ਪੈਰਵੀ ਦਾ ਕੰਮ ਕਰਦੇ ਆ ਰਹੇ ਹਾਂ। ਇਸ ਕਾਨੂੰਨੀ ਪੇਸ਼ੇ ਬਿਨਾਂ ਸਾਰੀ ਨੌਕਰੀ ਅਸੀਂ ਹੋਰ ਕਿਸੇ ਕਿਸਮ ਦਾ ਕੰਮ ਨਹੀਂ ਕੀਤਾ। ਅਸੀਂ ਤਜਰਬੇਕਾਰ ਪਰਾਸੀਕਿਊਟਰਜ਼ ਹਾਂ ਅਤੇ ਪਰਾਸੀਕਿਊਟਰਜ਼ ਦਾ ਕੰਮ ਕਰਨ ਲਈ ਨਵੇਂ ਬੰਦੇ ਭਰਤੀ ਕੀਤੇ ਜਾਣ ਨਾਲੋਂ ਸਾਡੀਆਂ ਸੇਵਾਵਾਂ ਸਰਕਾਰ ਦੇ ਕੰਮ ਦੇ ਹਿੱਤ ਲਈ ਵਧੇਰੇ ਲਾਭਦਾਇਕ ਹੋਣਗੀਆਂ। ਇਥੇ ਇਹ ਵੀ ਵਿਚਾਰ ਯੋਗ ਹੈ ਕਿ ਅਸੀਂ ਕਾਨੂੰਨੀ ਪੇਸ਼ੇ ਵਿਚ ਹੀ ਚੰਗੀ ਤਰ੍ਹਾਂ ਸੇਵਾਵਾਂ ਦੇ ਸਕਦੇ ਹਾਂ ਅਤੇ ਐਗਜ਼ੈਕਟਿਵ ਕੰਮ ਲਈ ਸਾਡੀਆਂ ਸੇਵਾਵਾਂ ਬਹੁਤੀਆਂ ਯੋਗ ਨਹੀਂ ਹੋਣਗੀਆਂ। ਅਸੀਂ ਹਰ ਤਰ੍ਹਾਂ ਦੇ ਫੌਜਦਾਰੀ ਮੁਕਦਮਿਆਂ ਸਬੰਧੀ ਕੰਮ ਕੀਤਾ ਹੈ, ਜਦ ਕਿ ਜ਼ਿਲ੍ਹਾ ਅਟਾਰਨੀ ਬਰਾਂਚ ਦੇ ਕਰਮਚਾਰੀ ਕੇਵਲ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਇਕ ਖਾਸ ਕਿਸਮ ਦੇ ਫੌਜਦਾਰੀ ਮੁਕਦਮਿਆਂ ਦੀ ਪੈਰਵੀ ਹੀ ਕਰਦੇ ਹਨ ਅਤੇ ਇਸ ਤਰ੍ਹਾਂ ਅਸੀਂ ਉਨ੍ਹਾਂ ਨਾਲੋਂ ਫੌਜਦਾਰੀ ਮੁਕੱਦਮਿਆਂ ਦੀ ਪੈਰਵੀ ਲਈ ਹਰ ਤਰ੍ਹਾਂ ਚੰਗੇ ਹਾਂ ।

(7) ਇਹ ਕਿ ਸਾਨੂੰ ਪਤਾ ਲੱਗਾ ਹੈ ਕਿ ਸਾਨੂੰ ਬਹੁਤਿਆਂ ਨੂੰ ਪੁਲਿਸ ਵਿਭਾਗ ਵਿਚ ਰੱਖ ਲਏ ਜਾਣ ਲਈ ਹੇਠ ਲਿਖੀ ਲੌਜ਼ ਦਸੀ ਗਈ ਹੈ :—

(1) ਕਿ ਤਫਤੀਸ਼ ਪਿਛੋਂ ਚਲਾਨਾਂ ਦੀ ਪੜਚੋਲ ਜ਼ਿਲ੍ਹਾ ਅਟਾਰਨੀ ਵਿਭਾਗ ਤੋਂ ਕੀਤੀ ਜਾਣ ਤੋਂ ਪਹਿਲਾਂ ਮੁਢਲੀ ਪੜਚੋਲ ਸਾਡੇ ਵਲ ਕੀਤੀ ਜਾਵੇਗੀ ।

(2) ਤਫਤੀਸ਼ ਸਮੇਂ ਤਫਤੀਸ਼ੀ ਅਫਸਰਾਂ ਨੂੰ ਰਹਿਬਰੀ ਦਿੱਤੀ ਜਾਇਆ ਕਰੇਗੀ । ਸਾਡੀ ਬੇਨਤੀ ਹੈ ਕਿ ਇਹ ਸੁਝਾਓ ਉਕਾ ਹੀ ਸੱਭਹੀਨ ਅਤੇ ਬੇਲੋੜ ਹੈ। ਤਫਤੀਸ਼ ਪਿਛੋਂ ਚਲਾਨਾਂ ਦੀ ਮੁਢਲੀ ਪੜਚੋਲ ਦਾ ਉਕਾ ਹੀ ਕੋਈ ਮੰਤਵ ਨਹੀਂ ਹੈ । ਕਿਉਂਕਿ ਅਸਲ ਪੜਤਾਲ ਕੇਵਲ ਉਸ ਵਿਅਕਤੀ ਵਲੋਂ ਹੋਣੀ ਚਾਹੀਦੀ ਹੈ ਜਿਸ ਨੇ ਮੁਕਦਮੇਂ ਦੀ ਪੈਰਵੀ ਅਦਾਲਤ ਵਿਚ ਕਰਨੀ ਹੈ ਅਤੇ ਚਲਾਨਾਂ ਦੀ ਇਹ ਪੜਚੋਲ ਵੱਖ ਕੀਤੇ ਗਏ ਜ਼ਿਲ੍ਹਾ ਅਟਾਰਨੀ ਏਜੰਸੀ ਵਲੋਂ ਕੀਤੀ ਜਾਇਆ ਕਰੇਗੀ । ਅਜੇਹੀ ਪੜਚੋਲ ਦੇ ਕੀਤੇ ਜਾਣ ਬਾਰੇ ਲਾਅ-ਕਮਿਸ਼ਨ ਰਿਪੋਰਟ ਵਿਚ ਹੀ ਸਪਸ਼ੱਟ ਰੂਪ ਵਿਚ ਵਰਨਣ ਕੀਤਾ ਹੋਇਆ ਹੈ ।

ਇਹ ਵੀ ਬੇਨਤੀ ਹੈ ਕਿ ਜੇ ਅਸੀਂ ਅਦਾਲਤਾਂ ਵਿਚ ਕੰਮ ਨਹੀਂ ਕਰਾਂਗੇ ਤਾਂ ਕੁਦਰਤੀ ਹੈ ਕਿ ਸਾਡਾ ਕਾਨੂੰਨੀ ਗਿਆਨ ਅਪ-ਟੂ-ਡੇਟ ਪੱਧਰ ਤੇ ਨਹੀਂ ਰਹਿ ਸਕਦਾ ਅਤੇ ਇਨ੍ਹਾਂ ਹਾਲਤਾਂ ਵਿਚ ਸਾਡੇ ਵਲੋਂ ਕੀਤੀ ਗਈ ਮੁੱਢਲੀ ਪੜਚੋਲ ਕਿਸੇ ਤਰ੍ਹਾਂ ਵੀ ਛਾਣਬੀਣ-ਇਕ ਨਹੀਂ ਹੋਵੇਗੀ । ਕਾਨੂੰਨੀ ਪੜਚੋਲ ਉਸ ਏਜੰਸੀ ਵਲੋਂ ਹੀ ਠੀਕ ਰਹੇਗੀ ਜਿਨ੍ਹਾਂ ਦਾ ਵਾਹ ਰੋਜ਼ ਅਦਾਲਤਾਂ ਵਿਚ ਪੈਣਾ ਹੈ ।

ਜਿਥੋਂ ਤਕ ਤਫਤੀਸ਼ੀ ਸਮੇਂ ਮੁਕੱਦਮਿਆਂ ਵਿਚ ਰਹਿਬਰੀ ਦਿਤੇ ਜਾਣ ਦਾ ਸਵਾਲ ਹੈ ਅਜੇਹੀ ਰਹਿਬਰੀ ਪੁਲਿਸ ਪਰਾਸੀਕਿਊਟਰਜ਼ ਵਲੋਂ ਇਸ ਸਮੇਂ ਵੀ ਨਹੀਂ ਦਿੱਤੀ ਜਾ ਰਹੀ ਹੈ । ਪੁਲਿਸ ਰੂਲਜ਼ ਵਿਚ ਅਜੇਹੀ ਰਹਿਬਰੀ ਦਿੱਤੇ ਜਾਣਾ ਗਜ਼ਟਿਡ ਪੁਲਿਸ ਅਫਸਰਾਂ ਦੇ ਜੁਮੇਂ ਹੈ । ਪੁਲਿਸ ਰੂਲਜ਼ ਵਿਚ ਦਿੱਤਾ ਹੋਇਆ ਹੈ ਕਿ ਪੁਲਿਸ ਗਜ਼ਟਿਡ ਅਫਸਰ ਤਫਤੀਸ਼ ਸਮੇਂ, ਤਫਤੀਸ਼ੀ ਬਾਰੇ ਤਫਤੀਸ਼ੀ ਅਫਸਰਾਂ ਨੂੰ ਹਰ ਤਰ੍ਹਾਂ ਦੀ ਰਹਿਬਰੀ ਦੇਣਗੇ, ਮੁਕੱਦਮਿਆਂ ਦੀ ਜਾਂਚ ਕਰਨਗੇ ਅਤੇ ਚਲਾਨ ਅਦਾਲਤ ਵਿਚ ਫਾਰਵਰਡ ਕਰਕੇ ਭੇਜਣਗੇ । ਅਜੇਹਾ ਕੰਮ ਪੁਲਿਸ ਗਜ਼ਟਿਡ ਅਫਸਰਾਨ ਹੁਣ ਤਕ ਕਰ ਰਹੇ ਹਨ ਅਤੇ ਕੋਈ

Original with;
Punjab Vidhan Sabha
Digitized by;
Panjab Digital Library

ਵਜ੍ਹਾ ਨਹੀਂ ਹੈ ਕਿ ਉਹ ਬਾਦ ਵਿਚ ਅਜੇਹਾ ਕਰਨਗੇ । ਇਸ ਤੋਂ ਉਪਰੰਤ ਇਸ ਬਾਰੇ ਅਸੀਂ ਇਹ ਵੀ ਬੇਨਤੀ ਕਰਾਂਗੇ ਕਿ ਵੱਖ ਹੋਇਆ ਪਰਾਸੀਕਿਊਸ਼ਨ ਵਿਭਾਗ ਅਤੇ ਪੁਲਿਸ ਵਿਭਾਗ ਇਕ ਹੀ ਸਰਕਾਰ ਅਧੀਨ ਹਨ, ਦੋਹਾਂ ਵਿਭਾਗਾਂ ਤੇ ਜਨਰਲ ਕੰਟਰੋਲ ਜ਼ਿਲ੍ਹਾ ਮੈਜਿਸਟਰੇਟ ਦਾ ਹੈ ਅਤੇ ਰਹੇਗਾ ਜੇ ਕਿਸੇ ਰਾਇ ਆਦਿ ਦੀ ਲੋੜ ਪਵੇਗੀ ਤਾਂ ਵੱਖ ਕੀਤਾ ਵਿਭਾਗ ਹਰ ਸਮੇਂ ਹਰ ਤਰ੍ਹਾਂ ਦੀ ਰਾਏ ਲਈ ਤਿਆਰ ਹੋਵੇਗਾ ।

(8) ਇਹ ਕਿ ਜੇ ਕੁਝ ਬਦਕਿਸਮਤ ਪੁਲਿਸ ਪਰਾਸਿਕਿਊਟਰਜ਼ ਮੁੱਢਲੀ ਚਲਾਨਾਂ ਦੀ ਪੜਚੋਲ ਬਾਰੇ ਲੋੜ ਸਬੰਧੀ ਦਿੱਤੇ ਹੋਏ ਨਜਾਇਜ਼ ਸੁਝਾਓ ਦਾ ਸ਼ਿਕਾਰ ਹੋ ਕੇ ਪੁਲਿਸ ਵਿਭਾਗ ਵਿੱਚ ਰਹਿ ਗਏ ਤਾਂ ਉਨ੍ਹਾਂ ਦੀ ਸਰਵਿਸ ਦੇ ਹਾਲਾਤ ਅਤੇ ਤਰੱਕੀ ਦੇ ਮੌਕੇ ਅਤੀ ਭੈੜੇ ਹੋ ਜਾਣਗੇ । ਉਂਝ ਵੀ ਕੀ ਇਹ ਸਰਕਾਰ ਲਈ ਲਾਭਦਾਇਕ ਹੋਵੇਗਾ ਕਿ 1,500 ਰੁਪਏ ਅਤੇ 1,000 ਤਨਖਾਹ ਲੈਣ ਵਾਲੇ ਅਫਸਰਾਂ ਨੂੰ ਕੇਵਲ ਚਲਾਨਾਂ ਦੀ ਮੁੱਢਲੀ ਪੜਚੋਲ ਅਤੇ ਬੇ-ਲੋੜੀਂਦੀ ਰਹਿਬਰੀ ਲਈ ਵਰਤਿਆ ਜਾਵੇ । ਇਹ ਸਾਡੀ ਰਾਏ ਵਿਚ ਅਜਿਹਾ ਕਰਨਾ ਮੁਲਕ ਦੇ ਆਰਥਿਕ ਹਿਤ ਵਿਰੁੱਧ ਹੋਵੇਗਾ, ਅਜੇਹਾ ਕੰਮ 200-300 ਰੁਪਏ ਤਨਖਾਹ ਲੈਣ ਵਾਲੇ ਵਿਅਕਤੀ ਵੀ ਚੰਗੀ ਤਰ੍ਹਾਂ ਨਿਭਾ ਸਕਦੇ ਹਨ ।

(9) ਇਹ ਕਿ ਪੈਰਾ ਨੰ: 8 ਉਕਤ ਵਿਚ ਜੋ ਸੁਝਾਓ ਸਾਨੂੰ ਬਹੁਤਿਆਂ ਨੂੰ ਪੁਲਿਸ ਵਿਭਾਗ ਵਿਚ ਰਖੇ ਜਾਣ ਲਈ ਦਿੱਤੇ ਗਏ ਹਨ ਉਹ ਠੀਕ ਨਹੀਂ ਹਨ । ਸਾਨੂੰ ਰਖਣ ਦਾ ਅਸਲ ਮੰਤਵ ਇਹ ਨਹੀਂ ਹੈ, ਅਸਲ ਮੰਤਵ ਸਾਡੇ ਕੋਲੋਂ ਉਹ ਕੰਮ ਲੈਣ ਦਾ ਹੈ ਜੋ ਸਾਡੇ ਤੋਂ ਅਦਾਲਤਾਂ ਦੇ ਕੰਮ ਤੋਂ ਉਪਰੰਤ ਅੱਜ ਤਕ ਲਿਆ ਜਾ ਰਿਹਾ ਹੈ । ਅਸੀਂ ਪੁਲਿਸ ਪਰਾਸਿਕਿਊਟਰਜ਼ ਆਪਣੇ ਅਸਲ ਕੰਮ ਤੋਂ ਉਪਰੰਤ ਅੱਜ ਤੱਕ ਬਤੌਰ ਕਲਰਕ ਵੀ ਵਰਤੇ ਜਾ ਰਹੇ ਹਾਂ । ਸੁਪਰਡੰਟ ਪੁਲਿਸ ਦੇ ਦਫਤਰ ਦਾ ਸਾਰਾ ਕੰਮ ਸੁਪਰਡੰਟ ਪੁਲਿਸ ਦੀਆਂ ਹਫਤਾਵਾਰੀ ਅਤੇ ਮਾਹਵਾਰੀ ਡਾਇਰੀਆਂ, ਵਿਭਾਗੀ ਕਾਰਵਾਈਆਂ ਵਿੱਚ ਸਿੱਟਾ ਰਿਪੋਰਟ ਤੇ ਹੁਕਮ ਆਦਿ ਇਕ ਹੈਡ ਕਲਰਕ ਦਾ ਕੰਮ ਅਤੇ ਡੀ. ਆਈ. ਜੀ. ਅਤੇ ਆਈ. ਜੀ. ਪੁਲਿਸ ਦੇ ਦਫਤਰ ਸੁਪਰਡੰਟਾਂ ਦੇ ਕੰਮ ਸਾਰੇ ਹੀ ਸਾਡੇ ਜਿੰਮੇ ਹਨ ਅਤੇ ਇਨ੍ਹਾਂ ਸਹੂਲਤਾਂ ਦੇ ਚਲੇ ਜਾਣ ਦੇ ਦੁਖ ਤੋਂ ਹੀ ਉਪਰੋਕਤ ਨਾ ਮੰਨਣ ਯੋਗ ਸੁਝਾਓ ਆਪ ਜੀ ਨੂੰ ਦਿੱਤਾ ਗਿਆ ਹੈ ।

(10) ਇਹ ਕਿ ਸਾਡੀ ਬੇਨਤੀ ਹੈ ਕਿ ਸਾਨੂੰ ਸਾਰਿਆਂ ਨੂੰ ਹੀ ਪੁਲਿਸ ਵਿਭਾਗ ਤੋਂ ਬਦਲੇ ਵੱਖ ਕੀਤੀ ਗਈ ਪਰਾਸੀਕਿਊਸ਼ਨ ਬਰਾਂਚ ਵਿਚ ਲਿਆ ਜਾਵੇ । ਅਸੀਂ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਿ ਜੇ ਪੁਲਿਸ ਵਿਭਾਗ ਨੂੰ ਕੁਝ ਥੋੜੇ ਜਿਹੇ ਕਾਨੂੰਨੀ ਮਸ਼ੀਰਾਂ ਦੀ ਲੋੜ ਹੋਵੇ ਤਾਂ ਲੋੜੀਂਦੇ ਕਰਮਚਾਰੀ, ਵੱਖ ਹੋਈ ਪਰਾਸਿਕਿਊਸ਼ਨ ਬਰਾਂਚ, ਵਿਚੋਂ ਪੁਲਿਸ ਵਿਭਾਗ ਨੂੰ ਡੈਪੂਟੇਸ਼ਨ ਤੇ ਦਿੱਤੇ ਜਾਣ । ਇਸ ਤਰ੍ਹਾਂ ਪੁਲਿਸ ਵਿਭਾਗ ਨੂੰ ਵੀ ਫਾਇਦਾ ਰਹੇਗਾ ਕਿਉਂਕਿ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਚੰਗੇ ਕਾਨੂੰਨਦਾਨ ਡੈਪੂਟੇਸ਼ਨ ਤੇ ਉਸ ਮਹਿਕਮੇ ਵਿੱਚ ਭੇਜੇ ਜਾਣ ਦਾ ਰਾਹ ਬਨੇਗਾ । ਇਥੇ ਅਸੀਂ ਇਹ ਵੀ ਬੇਨਤੀ ਕਰਦੇ ਹਾਂ ਕਿ ਸਾਡੇ ਪੁਲਿਸ ਪਰਾਸੀਕਿਊਟਰਜ਼ ਦੇ ਵੱਖ ਕੀਤੇ ਜਾਣ ਨਾਲ ਪੁਲਿਸ ਵਿਭਾਗ ਵਿੱਚ ਜੇ ਕੁਝ ਅਸਾਮੀਆਂ ਦੀ ਥੁੜ ਆਈ ਤਾਂ ਉਹ ਨਵੇਂ ਬੰਦੇ ਭਰਤੀ ਕਰਕੇ ਪੂਰੀ ਕੀਤੀ ਜਾ ਸਕਦੀ ਹੈ ।

(11) ਇਹ ਕਿ ਸਾਨੂੰ ਇਹ ਵੀ ਪਤਾ ਲਗਾ ਹੈ ਕਿ ਪਰਾਸੀਕਿਊਸ਼ਨ ਦੇ ਅੱਡ ਹੋਣ ਨਾਲ ਜਿਹੜੀਆਂ ਅਸਾਮੀਆਂ ਉਸ ਮਹਿਕਮੇਂ ਵਿਚ ਨਿਕਲਣਗੀਆਂ ਉਨ੍ਹਾਂ ਲਈ ਸਾਨੂੰ ਛੱਡਕੇ ਵਕੀਲਾਂ ਵਿਚੋਂ ਨਵੇਂ ਬੰਦੇ ਭਰਤੀ ਕੀਤੇ ਜਾਣ ਦੀ ਸਕੀਮ ਬਣਾਈ ਜਾ ਰਹੀ ਹੈ । ਅਸੀਂ ਬੇਨਤੀ ਕਰਦੇ ਹਾਂ ਕਿ ਜੇ ਅਜੇਹਾ ਕੀਤਾ ਗਿਆ ਤਾਂ ਇਹ ਸਾਡੇ ਲਈ ਅਸਹਿਣ ਯੋਗ ਬੇਇਨਸਾਫੀ ਹੋਵੇਗੀ। ਫੌਜਦਾਰੀ ਕੰਮ ਵਿਚ ਕੋਈ ਵਕੀਲ ਸਾਡੇ ਜਿਹਾ ਨਹੀਂ ਹੋ ਸਕਦਾ । ਜਿਹੜਾ ਫੌਜਦਾਰੀ ਕੰਮ ਇਕ ਵਕੀਲ ਭਾਵੇਂ ਉਹ ਕਿੰਨਾਂ ਚੰਗਾ ਵਕੀਲ ਵੀ ਕਿਉਂ ਨਾ ਹੋਵੇ 20 ਸਾਲਾਂ ਵਿਚ ਕਰਦਾ ਹੈ ਉਹ ਇਕ ਪੁਲਿਸ ਪ੍ਰਾਸੀਕਿਊਟਰ 2 ਸਾਲਾਂ ਵਿੱਚ ਕਰਦਾ ਹੈ ਇਸ ਤਰ੍ਹਾਂ ਫੌਜਦਾਰੀ ਮੁਕਦਮਿਆਂ ਦੀ ਪੈਰਵੀ ਲਈ ਕੋਈ ਵਕੀਲ ਕਿਸੀ ਪੱਖੋਂ ਵੀ ਇਕ ਪੁਲਿਸ ਪਰਾਸਿਕਿਊਟਰ ਦੀ ਟੱਕਰ ਦਾ ਨਹੀਂ ਹੋ ਸਕਦਾ । ਸਾਡੀ ਬਦਕਿਸਮਤੀ ਤੋਂ ਬਿਨਾਂ ਇਹ ਮੰਨਿਆ ਨਹੀਂ ਜਾ ਸਕਦਾ ਕਿ ਸਰਕਾਰ ਆਪਣੇ ਤਜਰਬਾ ਕਾਰ ਕਰਮਚਾਰੀਆਂ ਦਾ ਹੱਕ ਮਾਰ ਕੇ ਉਨ੍ਹਾਂ ਦੀ ਥਾਂ ਬਾਹਰ ਦੇ ਬੰਦੇ ਲਵੇਗੀ। ਅਸੀਂ ਨਿਮਰਤਾ ਪੂਰਬਕ ਸੁਝਾਓ ਦਿੰਦੇ ਹਾਂ ਕਿ ਜੇ ਸਰਕਾਰ ਕੁਝ ਨਵੇਂ ਬੰਦਿਆਂ ਨੂੰ ਲੈਣਾ ਵੀ ਚਾਹੁੰਦੀ ਹੈ ਤਾਂ ਉਨ੍ਹਾਂ ਨੂੰ ਜੋ ਅਸਾਮੀਆਂ ਸਾਡੇ ਪੁਲਿਸ ਵਿਭਾਗ ਵਿਚੋਂ ਆ ਜਾਣ ਤੇ ਪੁਲਿਸ ਵਿਭਾਗ ਵਿਚ ਹੋਣਗੀਆਂ ਉਨ੍ਹਾਂ ਤੇ ਲਾ ਦਿੱਤਾ ਜਾਵੇ। ਇਸ ਤਰ੍ਹਾਂ ਕਰਨ ਨਾਲ ਪੁਲਿਸ ਵਿਭਾਗ ਨੂੰ ਵੀ ਨਵੇਂ ਸਰਵਿਸ ਹਾਲਾਤ ਤੋਂ ਜਾਣੂ ਹੋ ਕੇ ਭਰਤੀ ਕੀਤੇ ਗਏ ਸੰਤੁਸ਼ਟ ਅਧਿਕਾਰੀ ਮਿਲ ਜਾਣਗੇ ਅਤੇ ਸਾਡੇ ਨਾਲ ਭੀ ਇਨਸਾਫ ਹੋਵੇਗਾ ਜਿਸ ਦੇ ਕਿ ਅਸੀਂ ਆਪ ਜੇਹੇ ਇਨਸਾਫ ਪਸੰਦ ਮੁੱਖ ਮੰਤਰੀ ਤੋਂ ਆਸਵੰਦ ਹਾਂ।

ਉਪਰੋਕਤ ਦੇ ਆਧਾਰ ਤੇ ਅਸੀਂ ਆਪ ਜੀ ਪਾਸੋਂ ਪੂਰਨ ਇਨਸਾਫ ਦੀ ਆਸ ਰਖਦੇ ਹੋਏ ਮੰਗ ਕਰਦੇ ਹਾਂ ਕਿ ਸਾਨੂੰ ਸਾਰੇ ਪੁਲਿਸ ਪਰਾਸੀਕਿਊਟਰਜ਼ ਨੂੰ ਹੀ ਵੱਖ ਕੀਤੇ ਜਾ ਰਹੇ ਪਰਾਸੀਕਿਊਸ਼ਨ ਵਿਭਾਗ ਵਿਚ ਲਿਆ ਜਾਵੇ । ਅਸੀਂ ਪੜ੍ਹੇ ਲਿਖੇ ਕਰਮਚਾਰੀ ਅੱਜ ਤੱਕ ਨਾ ਇਨਸਾਫੀ ਦਾ ਸ਼ਿਕਾਰ ਰਹੇ ਹਾਂ । ਅਸੀਂ ਆਸਵੰਦ ਹਾਂ ਕਿ ਇਕ ਆਸ ਅਤੇ ਇਨਸਾਫ ਦੇ ਸਾਹਮਣੇ ਅਤੇ ਨੇੜੇ ਆ ਗਿਆ ਹੈ ਉਹ ਸਾਥੋਂ ਖੋਹਿਆ ਨਹੀਂ ਜਾਵੇਗਾ ।

ਆਪ ਜੀ ਦੇ ਵਿਸ਼ਵਾਸ਼ ਪਾਤਰ
ਪੁਲਿਸ ਪਰਾਸੀਕਿਊਟਰਜ਼, ਪੰਜਾਬ

ਕਾਪੀਆਂ :—

1. ਹੋਮ ਸੈਕਟਰੀ, ਪੰਜਾਬ, ਚੰਡੀਗੜ੍ਹ ।
2. ਫਾਇਨੈਂਸ ਸੈਕਟਰੀ, ਪੰਜਾਬ, ਚੰਡੀਗੜ੍ਹ ।
3. ਡਾਇਰੈਕਟਰ ਆਫ ਪਰਾਸਿਕਿਊਸ਼ਨ, ਪੰਜਾਬ, ਚੰਡੀਗੜ੍ਹ ।]

Original with;
Punjab Vidhan Sabha
Digitized by:
Panjab Digital Library

UNSTARRED QUESTION No. 835

ਵਿਧਾਨ ਸਭਾ ਦੇ ਸਵਾਲ ਨੰ: 835 ਜੋ ਮਿਤੀ 5 ਅਗਸਤ, 1974 ਲਈ ਬਿਨਾਂ ਨਿਸ਼ਾਨ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਸੱਤ ਪਾਲ ਡਾਂਗ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ ਕਿਉਂਕਿ ਵਿਧਾਨ ਸਭਾ ਸਕੱਤਰੇਤ ਵਲੋਂ ਇਸ ਦਾ ਨੋਟਿਸ ਬਹੁਤ ਦੇਰੀ ਨਾਲ ਮਿਤੀ 26 ਜੁਲਾਈ, 1974 ਨੂੰ ਪ੍ਰਾਪਤ ਹੋਇਆ ਹੈ ।

ਸਬੰਧਤ ਸੂਚਨਾ ਜੋ ਇਕੱਤਰ ਕੀਤੀ ਜਾ ਰਹੀ ਹੈ ਦੇ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿਤਾ ਜਾਵੇਗਾ ।

ਸਹੀ-

ਜੁਗਿੰਦਰ ਪਾਲ ਪਾਂਡੇ

ਰਾਜ ਮੰਤਰੀ ਲੋਕ ਨਿਰਮਾਣ, ਪੰਜਾਬ ।

ਸੇਵਾ ਵਿਖੇ

ਸਕੱਤਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

ਗ:ਸ:ਪ: ਨੰ: 7995-ਬਸ 1(1)-74, ਮਿਤੀ ਚੰਡੀਗੜ੍ਹ, 5 ਅਗਸਤ, 1974

ਆਟੋ ਰਿਕਸ਼ਿਆਂ/ਥਰੀ-ਵੀਲਰਾਂ ਲਈ ਚਾਰਜ ਕੀਤੀਆਂ ਜਾਂਦੀਆਂ ਕਰ ਦੀਆਂ ਦਰਾਂ ।

836. **ਕਾਮਰੇਡ ਸੱਤ ਪਾਲ ਡਾਂਗ** : ਕੀ ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) ਪੰਜਾਬ ਵਿੱਚ ਆਟੋ ਰਿਕਸ਼ਾ (ਥਰੀ-ਵੀਲਰਾਂ) ਦੇ ਮਾਲਕਾਂ/ਡਰਾਈਵਰਾਂ ਨੂੰ ਮਹਾਵਾਰ ਜਾਂ ਤਿਮਾਹੀ ਜਾਂ ਸਲਾਨਾ ਕਿਸ ਦਰ ਤੇ ਕਰ ਦੇਣਾ ਪੈਂਦਾ ਹੈ ;

(ਅ) ਪੰਜਾਬ ਵਿਚ 28 ਫਰਵਰੀ, 1974 ਨੂੰ ਜ਼ਿਲ੍ਹਾ-ਵਾਰ ਅਤੇ ਕਸਬਾਵਾਰ ਕਿੰਨੇ ਆਟੋ ਰਿਕਸ਼ਾ (ਥਰੀ ਵੀਲਰ) ਚਲਦੇ ਸਨ :

(ੲ) ਕੀ ਇਹ ਠੀਕ ਹੈ ਕਿ ਅੰਮ੍ਰਿਤਸਰ ਵਿਚ ਉਕਤ ਗੱਡੀਆਂ ਦੇ ਰੂਟ ਪਰਮਿਟ ਸਿਰਫ ਮਿਉਨਿਸਪਲ ਹਦਾਂ ਤਕ ਹੀ ਬੱਧ ਹਨ ?

ਸਰਦਾਰ ਦਿਲਬਾਗ ਸਿੰਘ ਡਾਲੇਕੇ : (ੳ) ਪੰਜਾਬ ਵਿਚ ਆਟੋ ਰਿਕਸ਼ਾ (ਥਰੀ ਵੀਲਰ) ਦੇ ਮਾਲਕ/ਡਰਾਈਵਰਾਂ ਨੂੰ ਹੇਠ ਦਿਤੇ ਟੈਕਸ ਦੇਣੇ ਪੈਂਦੇ ਹਨ :—

(1)	ਟੋਕਨ ਟੈਕਸ	100 ਰੁਪਏ ਪ੍ਰਤੀ ਸਾਲ
(2)	ਪਰਮਿਟ ਟੈਕਸ	272 ਰੁਪਏ ਪ੍ਰਤੀ ਸਾਲ

Original with;
Punjab Vidhan Sabha
Digitized by;
Panjab Digital Library

[ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ ਮੰਤਰੀ]

(ਅ)

ਲੜੀ ਨੰ:	ਨਾਂ ਜ਼ਿਲਾ	ਸ਼ਹਿਰ	ਆਟੋ ਰਿਕਸ਼ਾ ਦੀ ਮਿਤੀ
1.	ਪਟਿਆਲਾ	ਪਟਿਆਲਾ	1
2.	ਪਟਿਆਲਾ	ਰਾਜਪੁਰਾ	13
3.	ਬਠਿੰਡਾ	ਬਠਿੰਡਾ	5
4.	ਸੰਗਰੂਰ	ਬਰਨਾਲਾ	1
5.	ਫਰੀਦਕੋਟ	ਮੋਗਾ	1
6.	ਜਲੰਧਰ	ਜਲੰਧਰ	20 8
7.	ਲੁਧਿਆਣਾ	ਲੁਧਿਆਣਾ	155
8.	ਅੰਮ੍ਰਿਤਸਰ	ਅੰਮ੍ਰਿਤਸਰ	14 8
9.	ਗੁਰਦਾਸਪੁਰ	ਪਠਾਨਕੋਟ	3
		ਜੋੜ	585

(ਏ) ਨਹੀਂ ਜੀ ।

ਗਲਵਾਲੀ ਗੇਟ, ਅੰਮ੍ਰਿਤਸਰ ਦੇ ਸ਼੍ਰੀ ਪ੍ਰੀਤਮ ਸਿੰਘ ਸਪੁੱਤਰ ਘਨਈਆ ਸਿੰਘ ਵਲੋਂ ਮੰਜ਼ਰਨਾਮਾ।

837 **ਕਾਮਰੇਡ ਸੱਤ ਪਾਲ ਡਾਂਗ** : ਕੀ ਮੁੱਖ ਮੰਤਰੀ, ਕਿਰਪਾ ਕਰਕੇ ਦੱਸਣਗੇ ਕਿ ਕੀ ਉਨ੍ਹਾਂ ਨੂੰ ਸ਼੍ਰੀ ਪਰੀਤਮ ਸਿੰਘ ਸਪੁਤਰ ਘੱਨਈਆ ਸਿੰਘ, ਮਕਾਨ ਨੰਬਰ 2790/17 ਗਲੀ ਜਮੀਤਾ ਕੰਬੋਜ਼ ਗਲਵਾਲੀ ਗੇਟ ਅੰਮ੍ਰਿਤਸਰ ਵਲੋਂ ਉਸਦੀ ਅਗਵਾ ਕੀਤੀ ਗਈ ਨਾਬਾਲਗ ਲੜਕੀ ਨੂੰ ਪਰਾਪਤ ਕਰਨ ਵਿਚ ਜ਼ਰੂਰੀ ਕਾਰਵਾਈ ਕਰਨ ਲਈ ਪੁਲਿਸ ਦੀ ਅਸਫਲਤਾ ਸਬੰਧੀ ਮਿਤੀ 28 ਫਰਵਰੀ, 1974 ਦਾ ਕੋਈ ਮੇਜਰਨਾਮਾਂ ਮਿਲਿਆ; ਜੇਕਰ ਅਜਿਹਾ ਹੋਵੇ, ਤਾਂ ਉਸ ਦੀ ਇੱਕ ਨੱਕਲ ਅਤੇ ਇਸਤੇ ਕੀਤੀ ਗਈ ਕਾਰਵਾਈ ਸਦਨ ਦੀ ਮੇਜ਼ ਤੇ ਰਖੀ ਜਾਵੇ ।

ਗਿਆਨੀ ਜ਼ੈਲ ਸਿੰਘ : ਹਾਂ ਜੀ । ਮੁਕਦਮਾਂ ਨੰ: 261 ਮਿਤੀ ਜੁਲਾਈ, ਅਗਸਤ, 1973 ਅਧੀਨ ਧਾਰਾ 363/366 ਭਾਰਤ ਡੰਡਾਂ ਵਲੀ ਥਾਣਾ. 'ਸੀ' ਡਵੀਜ਼ਨ, ਅੰਮ੍ਰਿਤਸਰ ਵਿਖੇ ਸ਼ਕਾਇਤ ਮਿਲਣ ਤੇ ਦਰਜ਼ ਹੋਇਆ ਸੀ । ਦੋਸ਼ੀ ਜੂਡੀਸ਼ਲ ਮੈਜਿਸਟਰੇਟ, ਅੰਮ੍ਰਿਤਸਰ ਦੀ ਅਦਾਲਤ ਵਿਖੇ ਮਿਤੀ 6 ਮਈ, 1974 ਨੂੰ ਆਪ ਪੇਸ਼ ਹੋਇਆ ਸੀ ਅਤੇ ਮਗੱਵੀਆਂ ਲੜਕੀ ਕੁਲਵੰਤ ਕੌਰ ਮਿਤੀ 9 ਮਈ 1974 ਨੂੰ ਬਰਾਮਦ ਕੀਤੀ ਗਈ ਸੀ । ਕੇਸ ਦਾ ਚਾਲਾਨ ਮਿਤੀ 26 ਜੂਨ 1974 ਨੂੰ ਤਿਆਰ ਕੀਤਾ ਜਾ ਚੁਕਿਆ ਹੈ ।

ਸ਼ਕਾਇਤ ਦੀ ਇਕ ਕਾਪੀ ਸਦਨ ਵਿਚ ਪੇਸ਼ ਕਰਨ ਲਈ ਨਾਲ ਨਥੀ ਕੀਤੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

ਮੇਜਰਨਾਮੇ ਦੀ ਕਾਪੀ

ਮੁੱਖ ਮੰਤਰੀ, ਸੱਕਤਰੇਤ, ਪੰਜਾਬ,
(ਕੰਪਲੇਂਟ ਸ਼ਾਖਾ)

ਨੰ: ਮੁ: ਮੰ: ਨੰ:—74/ਆਰ/703
ਪ੍ਰਾਪਤੀ ਦੀ ਮਿਤੀ.....
ਭੇਜਣ ਦੀ ਮਿਤੀ 6 ਮਾਰਚ, 1974

ਪੜਤਾਲ ਉਪਰੰਤ ਯੋਗ ਕਾਰਵਾਈ ਕੀਤੀ ਜਾਵੇ ਅਤੇ ਕੀਤੀ ਕਾਰਵਾਈ ਤੋਂ ਇਸ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ ਜੀ ।

ਹੁਕਮ ਨਾਲ

ਸਹੀ/—

ਰਾਮ ਸਰੂਪ

ਸਕੱਤਰ/ਮੁੱਖ ਮੰਤਰੀ (ਕੰਪਲੇਂਟ ਸੈਕਸ਼ਨ)

ਸੇਵਾ ਵਿਖੇ

ਚੀਫ ਮਨਿਸਟਰ, ਪੰਜਾਬ, ਚੰਡੀਗੜ੍ਹ ।

ਸ਼੍ਰੀਮਾਨ ਜੀ,

ਬੇਨਤੀ ਹੈ ਕਿ ਮੈਂ ਪ੍ਰੀਤਮ ਸਿੰਘ ਪੁਤਰ ਸ਼੍ਰੀ ਘੱਨਈਆ ਸਿੰਘ ਮਕਾਨ ਨੰ: 2790/17, ਗਲੀ ਜਮੀਤਾਂ ਕੰਬੋਜ ਗਲਵਾਲੀ ਗੇਟ ਅੰਮ੍ਰਿਤਸਰ ਦਾ ਹਾਂ ਅਤੇ ਮੇਰੀ ਲੜਕੀ ਕੁਲਵੰਤ ਕੌਰ ਪੁੱਤਰੀ ਪ੍ਰੀਤਮ ਸਿੰਘ ਉਮਰ 15 ਸਾਲ ਤਕਰੀਬਨ ਹੈ । ਜੋ ਕਿ ਆਪਣੇ ਚਾਚੇ ਤੇ ਚਾਚੀ ਦੇ ਨਾਲ ਜੇਠ ਦੇ ਮਹੀਨੇ ਮੁਕਤਸਰ ਚਾਚੀ ਦੀ ਭੈਣ ਦਾ ਵਿਆਹ ਸੀ ਜ਼ੋ ਉਸਦੇ ਆਪਣੇ ਕੋਲ 12 ਦਿਨ ਰੱਖਿਆ । ਵਿਆਹ ਉਤੇ ਦਾ ਭਰਾ ਸਤਨਾਮ ਸਿੰਘ ਪੁੱਤਰ ਕਰਤਾਰ ਸਿੰਘ ਮੁਕਤਸਰ ਜੋ ਕਿ ਬਦਮਾਸ਼ ਸੀ । ਆਪਣੇ ਵਿਆਹ ਜੋ ਕਿ ਉਥੇ ਆਇਆ ਹੋਇਆ ਸੀ । ਮਿਤੀ 2 ਜੁਲਾਈ, 1973 ਨੂੰ ਕੁਲਵੰਤ ਕੌਰ ਨੂੰ ਅੰਮ੍ਰਿਤਸਰ ਛਡ ਗਏ ਅਤੇ ਇਸਦੇ ਬਾਦ ਸਤਨਾਮ ਸਿੰਘ ਭਰਾ ਵੀ ਅੰਮ੍ਰਿਤਸਰ ਆ ਗਿਆ ਤਾਂ ਅਸੀਂ ਉਸ ਵੇਲੇ ਘਰ ਨਹੀਂ ਸੀ । ਕਿਉਂਕਿ ਅਸੀਂ ਵਿਆਹ ਜੰਡੀਆਲੇ ਵਿਆਹ ਗਏ ਹੋਏ ਸੀ । ਤਾਂ ਸਤਿਨਾਮ ਸਿੰਘ ਆਪਣੇ ਨਾਲ ਕੁਲਵੰਤ ਕੌਰ ਨੂੰ ਵਰਗਲਾ ਕੇ ਆਪਣੇ ਨਾਲ ਲੈ ਗਿਆ । ਘਰ ਆਉਂਦੇ ਹੀ ਬੂਹਾ ਬੰਦ ਵੇਖਿਆ ਤਾਂ ਆਂਡ ਗੁਆਂਡੀਆਂ ਨੂੰ ਪੁਛਿਆ ਤਾਂ ਪਤਾ ਲਗਾ ਕਿ ਤੁਹਾਡੀ ਲੜਕੀ ਸਤਨਾਮ ਸਿੰਘ ਨਾਲ ਗੁਰਦਵਾਰੇ ਜਾਂਦੀ ਸੀ । ਉਸ ਤੋਂ ਬਾਦ ਅਸੀਂ ਪੁਲਿਸ ਨੂੰ ਕਈ ਵਾਰ ਕਹਿਣ ਤੇ ਵੀ ਪੁਲਿਸ ਲਭਣ ਗਈ । ਪਰ ਫਿਰ ਤੁਰ ਕੇ ਆ ਜਾਂਦੀ ਰਹੀ ਅਤੇ ਮੈਨੂੰ ਕਹਿ ਦੇ ਕੇ ਮੈਨੂੰ ਕੋਈ ਪਤਾ ਨਹੀਂ ਲਗਾ । ਐਸ.ਐਸ.ਪੀ. ਦੇ ਕਹਿਣ ਤੇ ਐਸ.ਐਚ.ਓ. ਸਾਹਿਬ ਨੇ ਘਰਦਿਆਂ ਅਤੇ ਉਸ ਦੇ ਪਿਉ ਨੂੰ ਪਕੜਿਆ, ਪਰ ਉਹਨਾਂ ਨੂੰ ਕਿਹਾ ਕੁਝ ਨਹੀਂ ਉਨਾਂ ਦੀਆਂ ਜਮਾਨਤਾਂ ਕਰਵਾ ਦਿਤੀਆਂ ਗਈਆਂ । ਮੈਂ ਇਸ ਦੇ ਬਾਰੇ ਕਾਫੀ ਸਬੂਤ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਦਿਤਾ ਹੈ ਕਿ ਸਤਨਾਮ ਸਿੰਘ ਬਦਮਾਸ਼ ਨੇ ਦੋ ਲੜਕੀਆਂ ਕਾਹਨਪੁਰ ਤੋਂ ਲਿਆਕੇ ਆਪਣੇ ਪਿਤਾ ਦੇ ਰਾਹੀਂ ਮੁਕਤਸਰ ਵੇਚੀਆਂ ਹਨ । ਜਿਹੜੀਆਂ ਕਿ ਅੱਜ ਤੱਕ ਮੁਕਤਸਰ ਵਸ ਰਹੀਆਂ ਹਨ । ਅਤੇ ਸਤਨਾਮ ਸਿੰਘ ਦੇ ਪਿਉ ਨੇ ਆਪਣੇ ਹੱਥੀਂ ਉਨ੍ਹਾਂ ਦਾ ਵਿਆਹ ਕੀਤਾ ਹੈ । ਇਨਾਂ ਸਬੂਤ ਮਿਲਣ ਤੇ ਵੀ ਪੁਲਿਸ ਚੁਪ ਰਹੀ ਇਹ ਇੱਕ ਬਹੁਤ ਵਡਾ ਲੜਕੀਆਂ ਫਰਾਰ ਕਰਨ ਵਾਲਾ ਗਰੋਹ ਹੈ । ਮੈਂ ਡੀ. ਆਈ. ਜੀ. ਅਗੇ ਅਤੇ ਚੀਫ ਮਨਿਸਟਰ ਸਾਹਿਬ ਦੇ ਅਗੇ ਬੇਨਤੀ ਕਰਦਾ ਹਾਂ ਕਿ ਜਿਹੜਾ ਮੁਲਜ਼ਮ ਸਤਨਾਮ ਸਿੰਘ ਹੈ ਉਸਦੇ ਪਿਤਾ ਅਤੇ ਪਰੀਵਾਰ ਸਬੰਧੀਆਂ ਨੂੰ ਫੜਕੇ ਸਪੈਸ਼ਲ ਸਟਾਫ ਕੋਲੋਂ ਇਨਕੁਆਰੀ ਕਰਵਾਈ ਜਾਵੇ ਤਾਂ ਜੋ ਸਾਨੂੰ ਮੇਰੀ ਮਾਸੂਮ ਬੱਚੀ ਮਿਲ ਜਾਵੇ ਕਿਉਂਕਿ ਦੋਸ਼ੀ ਦਾ ਪਿਤਾ ਕਰਤਾਰ ਸਿੰਘ ਇਹ ਗਲ ਕਰਦਾ ਹੈ ਕਿ ਮੈਂ 2000/- ਰੁਪਏ ਅਲੈਕਸ਼ਨ ਫੰਡ ਵਿਚ ਦੇ ਦਿਤਾ ਹੈ ਅਤੇ 6,000 ਰੁਪਏ ਮੈਂ ਪੁਲਿਸ ਵਿਚ ਫੰਡ ਦਿਤਾ ਹੈ । ਪੁਲਿਸ ਮੇਰਾ ਕੁਝ ਨਹੀਂ ਵਿਗਾੜ ਸਕਦੀ ਜੇ ਤੂੰ ਲੜਕੀ ਦਾ ਮੂੰਹ ਵੇਖਣਾ ਚਾਹੁੰਦਾ ਹੈ ਜਾਂ ਉਸਨੂੰ ਮਿਲਣਾ ਚਾਹੁੰਦਾ ਹੈ ਤਾਂ ਮੇਰੇ ਲੜਕੇ ਨਾਲ ਉਸ ਦਾ ਵਿਆਹ ਕਰ ਦੇ, ਅਤੇ ਲਿਖ ਕੇ ਦੇ ਕੇ ਮੈਂ ਤੁਹਾਡੇ ਤੇ ਕੋਈ ਮੁਕਦਮਾ ਆਦਿ ਨਹੀਂ ਚਲਾਵਾਂਗਾ ਫਿਰ ਤੈਨੂੰ ਲੜਕੀ ਦਿਖਾ ਦੇਂਦਾ ਹਾਂ । ਮੈਂ ਬੇਨਤੀ ਕਰਦਾ ਹਾਂ ਕਿ ਮੈਂ ਗਰੀਬ ਆਦਮੀ ਹਾਂ ਮੇਰੇ ਕੋਲ ਕੋਈ ਪੈਸਾ ਨਹੀਂ ਹੈ । ਅਤੇ ਮੇਰਾ 6/7 ਸਾਲ ਦਾ ਲੜਕਾ ਹੈ ਇਨ੍ਹਾਂ ਦੋਸ਼ੀਆਂ ਨੂੰ ਕਾਨੂੰਨੀ ਸਜ਼ਾ ਦਿਤੀ ਜਾਵੇ ਅਤੇ ਸਖਤ ਦੰਡ ਵੀ ਦਿਤਾ ਜਾਵੇ ਅਤੇ ਮੇਰੀ ਲੜਕੀ ਮੈਨੂੰ ਦਵਾਈ ਜਾਵੇ । ਆਪ ਜੀ ਦੀ ਬੜੀ ਮੇਹਰਬਾਨੀ ਹੋਵੇਗੀ ।

ਮਿਤੀ 28 ਫਰਵਰੀ, 1974

ਆਪਦਾ ਦਾਸ

ਪਰੀਤਮ ਸਿੰਘ ਪੁੱਤਰ ਘਨਈਆ ਸਿੰਘ

ਮਕਾਨ ਨੰ: 2790/17 ਗਲੀ ਜ਼ਮੀਤਾਂ

ਕੰਬੋਜ਼ ਗਲਵਾਲੀ ਗੇਟ ਅੰਮ੍ਰਿਤਸਰ ।

1. ਡਿਪਟੀ ਕਮਿਸ਼ਨਰ, ਅੰਮ੍ਰਿਤਸਰ ।
2. ਆਈ. ਜੀ. ਪੁਲਿਸ, ਪੰਜਾਬ, ਚੰਡੀਗੜ੍ਹ ।
3. ਸ਼੍ਰੀ ਸੱਤ ਪਾਲ ਡਾਂਗ, ਐਮ. ਐਲ. ਏ. ।

MEMORANDUM FROM NON-ENGINEERING LECTURERS ASSOCIATION GOVERNMENT POLYTECHNIC, PUNJAB, BATALA.

838. Comrade Satya Pal Dang : Will the Minister for Excise and Taxation be pleased to state:—

(a) whether he received a memorandum No. GA-5/B-3, dated 4th March, 1974 from Non-Engineering Lecturers Association Government Polytechnics, Punjab, Batala, regarding removal of disparity in pay scales, if so a copy there of be laid on the Table of the House ?

Original with;
Punjab Vidhan Sabha
Digitized by;
Panjab Digital Library

[ਆਬਕਾਰੀ ਤੇ ਕਰ ਮੰਤਰੀ]

(i) the action/decision taken by the Government on the said Memorandum ?

(ਉ) **ਸ਼੍ਰੀ ਯਸ਼ ਪਾਲ** : (ਓ) ਨਾਨ-ਇੰਜਨੀਅਰਿੰਗ ਲੈਕਚਰਾਰ ਐਸੋਸੀਏਸ਼ਨ, ਸਰਕਾਰੀ ਬਹੁਤਕਨੀਕੀ, ਬਟਾਲਾ ਤੋਂ ਉਨ੍ਹਾਂ ਦਾ ਯਾਦ ਪੱਤਰ ਨੰ: ਜੀ.ਏ-5/ਬੀ/3, ਮਿਤੀ 4 ਮਾਰਚ 1974 ਪ੍ਰਾਪਤ ਨਹੀਂ ਹੋਇਆ । ਐਪਰ ਸਕੱਤਰ, ਨਾਨ-ਇੰਜਨੀਅਰਿੰਗ ਲੈਕਚਰਾਰਜ਼ ਐਸੋਸੀਏਸ਼ਨ ਸਰਕਾਰੀ ਬਹੁਤਕਨੀਕੀ, ਬਟਾਲਾ, ਤੋਂ ਪੇ ਸਕੇਲ ਵਿਚ ਅਸਮਾਨਤਾ ਦੂਰ ਕਰਨ ਬਾਰੇ ਇਕ ਪ੍ਰਤਿ-ਬੇਨਤੀ ਨੰ: ਜੀ.ਏ.-5/ਬੀ-2, ਮਿਤੀ 2 ਮਾਰਚ 1974 ਪਰਾਪਤ ਹੋਈ ਸੀ ਜਿਸ ਦਾ ਉਤਾਰਾ ਨੱਥੀ ਕੀਤਾ ਜਾਂਦਾ ਹੈ ।

(ਅ) ਤਕਨੀਕੀ ਸਿਖਿਆ ਵਿਭਾਗ ਦੇ ਜੂਨੀਅਰ ਲੈਕਚਰਾਰ (ਜਿਨ੍ਹਾਂ ਨੂੰ ਨਾਨ-ਇੰਜਨੀਅਰਿੰਗ ਲੈਕਚਰਾਰ ਵੀ ਆਖਿਆ ਜਾਂਦਾ ਹੈ) ਤੇ ਕਈ ਹੋਰ ਆਸਾਮੀਆਂ ਦੇ ਕੇਡਰ ਨੂੰ ਪੰਜਾਬ ਵੇਤਨ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਸਿਖਿਆ ਵਿਭਾਗ ਨਾਲ ਮਿਲਾਉਣ ਲਈ ਮਾਮਲਾ ਸਿਖਿਆ ਵਿਭਾਗ ਨਾਲ ਉਠਾਇਆ ਹੋਇਆ ਹੈ। ਇਸ ਦੇ ਫੈਸਲੇ ਤੋਂ ਬਾਅਦ ਮੈਮੋਰੈਂਡੰਮ ਤੇ ਅੰਤਮ ਫੈਸਲਾ ਲਿਆ ਜਾਵੇਗਾ ।

Copy of letter No. G/A—5B—2 dated 2nd March, 1974 from Shri Satnam Singh Secy., Non-Engg. Lecturers Association. Government Polytechnic Batala (Pb.,) addressed to the Hon'ble Minister, Technical Education Punjab, Chandigarh.

Subject : Removal of Disparity in Pay Scale.

1. The pay scale of Non-Engineering Lecturers in the Polytechnics of Punjab is very poor as compared to our counterparts in other states e. g· the following table illustrates this point : —

Name of State	Pay scale of non-Engg. Lect.	Pay Scale of Engg. Lect.	Disparity in scale.
	Rs.	Rs.	
1. Rajasthan	375—850	375—850	Nil
2, Assam	350—925	350—925	Nil
3. Bihar	325—985	325—985	Nil
4. Delhi	400—950	400—950	Nil
5. Punjab	300—600	400—1,100 plus 100/- p.m. as special pay.	Almost double
6. Jammu & Kashmir	Rs. 520—900	Rs. 520—900	Nil

From the data given above, two points are very clear :

(1) The non-Engg. lecturers in the polytechnics of Punjab are given a much poorer pay-scale as compared to their counterparts in other States of India. Whereas the Engineering Lecturers in the Polytechnics of Punjab have been given a much higher grade than their counterparts.

(2) In other States there is no disparity in the pay scales of Non-Engg. & Engg. Lectureres but in Punjab there is wide disparity· We earnestly request that this disparity be kindly removed in Punjab.

Original with;
Punjab Vidhan Sabha
Digitized by;
Panjab Digital Library

[ਆਬਕਾਰੀ ਤੇ ਕਰ ਵਿਭਾਗ ਮੰਤਰੀ]

FACTS SUPPORTING OUR DEMAND

1. There is no disparity in the pay-scale of Engineering and Non-Engg. Lectureres in the Engineering Colleges of Punjab. They enjoy the same benefits.

2. Educational Advisor (Technical) Govt. of India Ministry of Education Delhi has time and again emphasised upon the state Government, to remove this disparity vide letter No. F. 23.34/675, dated 18th August, 1969, F. 23—34/67 /ts dated 4th September, 1970 letter No, F-8-12/66—II dated 21st January, 1971 (Copies attached).

3. All India Council of Technical Education as well as Northern Regional Council of Technical Education have also been recommending for the removal of disparity.

The special committee of All-India Council of Technical Education on re-organisation and Development of polytechnic Education in India, in its report in November, 1971 has specifically recommended uniform pay-scale for Non-Engg. and Engg. Lecturers (Copy attached).

4. The Director Technical Education, Punjab convened a meeting of all the Principals on 20th and 21st Dec. 1971 and agreed that the Non-Engg Lect. holding Post-Graduate qualifications should be equated to Lecturer in Engg, (copy attached).

5. The Principal, Technical Teachers Training Institute, Chandigarh held a seminar of the Principals of the Polytechnics of North Region and they agreed that in the interest of Polytechnic Education, the Non-Engg. Lecturer should be put at par with the Engg. Lecturers.

6. Polytechnic Engineers Association is also out to support our demand for parity in pay scale.

7. All the Principals of Govt., Polytechnics in Punjab, have very strongly recommended to the Punjab Government that the Non-Engg. Lecturers of Polytenics should be put at par with the Engg. Lecturers in pay scale.

8. The Engg. Lecturers and Demonstrators (Drawing Instructors) have been given the benefit of special pay of Rs. 100 and Rs. 50 respectively, where as we the intermediate category of Non-Engg. Lecturers have been deprived of this benefit which tanamounts to discriminatory treatments. Kindly grant us special pay.

9. On the recommendations of All India Council of Technical Education. the States of Gujarat Mysore Delhi and Madhya Pardesh have the post of Head of Department for Non-Engg. Lecturers. This benefit should kindly be extended to us.

III FINANCIAL IMPLICATIONS :

We are 15 Non-Engg. Lecturers (Jr. Lect.) in the four Government Polytechics of Punjab. Eleven of us are already having a basic pay of more than Rs.400 Therefore, in granting us a New Grade, the initial expenditure will be quite negligible. The present grade expires in 12 years. The new grade will have a longer span and can give an incentive to our most aggrieved category in the Polytechnic set-up.

We must humbly request you for the redressal of this grievous wrong.

Hoping for favourable action.

Original with;
Punjab Vidhan Sabha
Digitized by;
Panjab Digital Library

UNSTARRED QUESTION NO. 839

ਵਿਧਾਨ ਸਭਾ ਦੇ ਸਵਾਲ ਨੰਬਰ 839 ਜੋ ਮਿਤੀ 5 ਅਗਸਤ 1974 ਲਈ ਅਨਸਟਾਰਡ ਸੁਆਲਾਂ ਦੀ ਸੂਚੀ ਵਿਚ ਸ੍ਰੀ ਸੱਤ ਪਾਲ ਡਾਂਗ, ਐਮ. ਐਲ. ਏ. ਦੇ ਨਾਂ ਹੇਠ ਦਰਜ਼ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ।

ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿਤਾ ਜਾਵੇਗਾ।

ਸਹੀ :—
ਗੁਰਮੇਲ ਸਿੰਘ
ਸਿਖਿਆ ਮੰਤਰੀ, ਪੰਜਾਬ।
ਮਿਤੀ 5 ਅਗਸਤ, 1974.

ਸਵੱਤਰ
ਪੰਜਾਬ ਵਿਧਾਨ ਸਭਾ।
ਅ: ਸ: ਨੰ: 7631—ਸਿ 3(3)-74, ਮਿਤੀ ਚੰਡੀਗੜ੍ਹ, 5 ਅਗਸਤ, 1974।

ENQUIRY HELD AGAINST PRINCIPALS/HEADMASTERS/TEACHERS LENT BY GOVERNMENT (ON DEPUTATION) TO AIDED SCHOOLS IN FEROZEPUR DISTRICT

840 Comrade Satya Pal Dang: Will the Minister for Education e pleased to state :—

(a) the number and names of Principals/Headmasters Teachers whose services were lent by the Government (on deputation), to Privately managed aided schools in Ferozepur District during the last three years ;

(b) the period of deputation of the said Principals/Headmasters Teachers in each case ,

(c) whether any allegations against any of them were enquired into in the month of September, 1973 by a Deputy Director of Public Instruction, If so, their names and the result of the enquiry in each case ?

Shri Gurmail Singh : (a) None from these categories.

(b) Question does not arise.

(c) Question does not arise.

[(ੳ) ਇਹਨਾਂ ਕੈਟਾਗਰੀਆਂ ਵਿਚੋਂ ਕੋਈ ਵੀ ਨਹੀਂ।

(ਬੀ) ਸਵਾਲ ਪੈਦਾ ਨਹੀਂ ਹੁੰਦਾ।

(ਸੀ) ਸਵਾਲ ਪੈਦਾ ਨਹੀਂ ਹੁੰਦਾ]

For unstarred question No. 839 and reply thereto please see appendix to to this Debate.

Original with;
Punjab Vidhan Sabha
Digitized by;
Panjab Digital Library

DEMAND NOTICE DATED 13th MAY, 1971 SERVED ON THE MANAGEMENT OF HIND SAMACHAR, JULLUNDUR

841 **Comrade Satya Pal Dang**: Will the Minister for Finance be pleased to state—

(a) whether any notice of demands was served on 13th May, 1971 on the management of the daily Hind Samachar Jullundur by any Union or workers, if so, a copy of the same be laid on the table of the House,

(b) whether it is a fact that the Government decided not to refer it for adjudication, if so, the date of the said decision,

(c) whether the Government received any representation for reconsideration of the said decision, if so, when and whether it is still pending ?

Shri Hans Raj Sharma: (a) Yes. A demand notice was served by workman Shri Bhadar Sain on 13th May, 1971. A copy is laid on the table of the House.

(b) Yes, It was rejected on 13th January, 1972.

(c) Yes. A representation dated 24th January, 1972 was received and rejected vide letter, dated 2nd March, 1972. Shri Bhaddar Sain again represented on 25th January, 1974 and the matter is being pursued with management.

[(ੳ) ਹਾਂ ਜੀ। ਸ਼੍ਰੀ ਭਦਰ ਸੈਨ ਕਿਰਤੀ ਨੇ ਇਕ ਮੰਗ ਪੱਤਰ ਮਿਤੀ 13 ਮਈ, 1971 ਦਿਤਾ ਸੀ । ਕਾਪੀ ਸਦਨ ਵਿਚ ਪੇਸ਼ ਹੈ ।

(ਅ) ਹਾਂ ਜੀ । ਇਹ ਮਿਤੀ 13 ਜਨਵਰੀ 1972 ਨੂੰ ਰੱਦ ਕੀਤਾ ਗਿਆ ਸੀ ।

(ਏ) ਹਾਂ ਜੀ । ਇਕ ਪ੍ਰਤੀ ਬੇਨਤੀ ਮਿਤੀ 24 ਜਨਵਰੀ 1972 ਨੂੰ ਪ੍ਰਾਪਤ ਹੋਈ ਸੀ ਜੋ ਮਿਤੀ 2 ਮਾਰਚ 1972 ਨੂੰ ਰੱਦ ਕਰ ਦਿਤੀ ਗਈ ਸੀ । ਸ਼੍ਰੀ ਭਦਰ ਸੈਨ ਨੇ ਫਿਰ ਮਿਤੀ 25 ਜਨਵਰੀ, 1974 ਨੂੰ ਬੇਨਤੀ ਕੀਤੀ ਅਤੇ ਮਾਮਲਾ ਪ੍ਰਬੰਧਕਾਂ ਨਾਲ ਚਲ ਰਿਹਾ ਹੈ ।

COPY OF DEMAND NOTICE

From

Regd. AD.

Bhaddar Sain, Ex-Bill clerk-cum Typist,
Shive Niwas, Opposite Sabzimandi,
G.T. Road, Jullundur.

Through

Shri H. S. Sodhi, Secretary,
Jullundur News Papers Employees Federation,
G. T. Road, Jullundur.

Original with;
Punjab Vidhan Sabha
Digitized by;
Panjab Digital Library

To

The Management,
The Daily Hind Samachar, Jullundur.

DEMAND NOTICE

Sir,

Please arrange to meet the following demands of your workman within fifteen days from the date of receipt ofthis demand notice, failing which we shall take all steps as may be necessary to realize the demands.

Bhaddar Sain Ex-Bill clerk cum Typist.

Re-instatement with continuously of service as Bill Clerk Cum Typist from and May, 1971 with full back wages, as the termination of service was illegal, unjustified and also not in order.

Dated 13th May, 1971

Sd/—

Bhaddar Sain,
Workman

AMOUNT ALLOCATED BY THE GOVERNMENT OF INDIA UNDER THE SCHEME HALF-A-MILLION JOBS PROGRAMME

842. **Comrade Satya Pal Dang**: Will the Minister for Finance be pleased to state: -

(a) The amount allocated to Punjab by the Government of India for the year 1973-74 under the scheme "Half-A-Million Jobs Programme".

(b) the amount so utilized by the State Government,

(c) the amount allocated under the same scheme for the year 1974-75 ?

Shri Hans Raj Sharma: (a) Rs. 21733 lakhs.

(b) Rs. 132.36 lakhs.

(c) No new schemes under the 'Half-a-Million Jobs Programme' are being launched during 1974. The spill-over requirements in respect of certain schemes launched last year under that programme which are to continue for sometime during 1974-75, are under the consideration of the Government of India. Government of India have, however, allocated Rs. 70 lacs to Punjab under their new scheme 'Special Employment Promotion Programme during 1974-75.

[(ਉ) 217.33 ਲੱਖ ਰੁਪਏ ।

(ਅ) 132.36 ਲੱਖ ਰੁਪਏ ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

(ਏ) ਸਾਲ 1974-75 ਵਿਚ 'ਹਾਫ਼-ਏ-ਮੀਲਿਅਨ ਜੋਬਜ਼ ਪ੍ਰੋਗਰਾਮ' ਹੇਠ ਕੋਈ ਨਵੀਆਂ ਸਕੀਮਾਂ ਨਹੀਂ ਚਾਲੂ ਕੀਤੀਆਂ ਜਾਣੀਆਂ। ਪਰ ਭਾਰਤ ਸਰਕਾਰ ਇਸ ਬਾਰੇ ਵਿਚਾਰ ਕਰ ਰਹੀ ਹੈ ਕਿ ਉਨ੍ਹਾਂ ਕੁਝ ਸਕੀਮਾਂ ਉਤੇ, ਜਿਹੜੀਆਂ ਕਿ ਪਿਛਲੇ ਸਾਲ ਉਸ ਪ੍ਰੋਗਰਾਮ ਤਹਿਤ ਮੰਨਜ਼ੂਰ ਕੀਤੀਆਂ ਗਈਆਂ ਸਨ ਅਤੇ ਜਿਹੜੀਆਂ ਇਸ ਸਾਲ ਕੁਝ ਅਰਸੇ ਵਾਸਤੇ ਚਲਦੀਆਂ ਰਹਿਣਗੀਆਂ, ਕੀਵੇਂ ਖਰਚਾ ਕਰਨਾ ਹੈ। ਭਾਰਤ ਸਰਕਾਰ ਨੇ ਆਪਣੀ ਨਵੀਂ ਸਕੀਮ Special Employment Promotion Programme' ਹੇਠ ਪੰਜਾਬ ਲਈ 70 ਲੱਖ ਰੁਪਏ ਰਖੇ ਹਨ।

ਉਦਯੋਗ ਵਿਭਾਗ ਦੁਆਰਾ ਨੌਕਰੀ ਤੇ ਲਗਾਏ ਗਏ ਇੰਜੀਨੀਅਰ

843 ਕਾਮਰੇਡ ਸੱਤ ਪਾਲ ਡਾਂਗ : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦਸਣਗੇ—

(ਉ) ਕੀ ਸਾਲ 1973-74 ਦੇ ਦੌਰਾਨ 'ਪੜੇ ਲਿਖੇ ਬੇਰੋਜ਼ਗਾਰਾਂ ਨੂੰ ਸਹਾਇਤਾ ਸਕੀਮ ਅਧੀਨ ਦਿਹਾਤੀ ਮੰਡੀ ਸਰਵੇ ਲਈ ਰਾਜ ਵਿਚ ਉਦਯੋਗ ਵਿਭਾਗ ਨੇ ਕਿਸੇ ਇੰਜੀਨੀਅਰਾਂ ਨੂੰ ਰੋਜ਼ਗਾਰ ਦਿੱਤਾ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਕੁਲ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਨੂੰ ਕਿਨੇ ਸਮੇਂ ਲਈ ਲਗਾਇਆ ਸੀ ;

(ਅ) ਕੀ ਉਨ੍ਹਾਂ ਨੂੰ ਦਿੱਤਾ ਗਿਆ ਕੰਮ ਮੁਕੰਮਲ ਹੋ ਚੁੱਕਾ ਹੈ;

(ਏ) ਕੀ ਸਾਲ 1974-75 ਦੇ ਦੌਰਾਨ ਵੀ ਉਕਤ ਇੰਜੀਨੀਅਰਾਂ ਦੀਆਂ ਸੇਵਾਵਾਂ ਜਾਰੀ ਰਹਿਣਗੀਆਂ ਜਾਂ ਉਨ੍ਹਾਂ ਦੀਆਂ ਸੇਵਾਵਾਂ ਨੂੰ ਖਤਮ ਕਰਨ ਦਾ ਵਿਚਾਰ ਹੈ।

ਗਿਆਨੀ ਜ਼ੈਲ ਸਿੰਘ : (ਉ) ਹਾਂ ਜੀ; 30 ਇੰਜੀਨੀਅਰ; ਇਕ ਸਾਲ ਲਈ।

(ਅ) ਹਾਂ ਜੀ;

(ਏ) ਨਹੀਂ ਜੀ, ਇੰਜੀਨੀਅਰ ਕੇਵਲ ਇਕ ਸਾਲ ਲਈ ਰਖੇ ਗਏ ਸਨ।

UNSTARRED QUESTION NO. 844

ਵਿਧਾਨ ਸਭਾ ਦੇ ਸਵਾਲ ਨੰ: 844, ਜੋ ਮਿਤੀ 5 ਅਗਸਤ 1974 ਲਈ ਅਨਸਟਾਰਡ ਸਵਾਲਾਂ ਦੀ ਸੂਚੀ ਵਿਚ ਸ੍ਰੀ ਸਤਪਾਲ ਡਾਂਗ, ਐਮ. ਐਲ. ਏ. ਵਲੋਂ ਹੈ, ਦਾ ਜਵਾਬ ਤਿਆਰ ਨਹੀਂ ਹੋਇਆ।

ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿਤਾ ਜਾਵੇਗਾ।

ਸਹੀ/—

ਡਿਪ-ਮੰਤਰੀ, ਖਰੇਲੂ ਉਦਯੋਗ

ਸਭਾ ਸਕੱਤਰੇਤ।

ਚੰਡੀਗੜ੍ਹ।

Original with;
Punjab Vidhan Sabha
Digitized by;
Panjab Digital Library

FINANCIAL ASSISTANCE FOR YOUNG ENTRANTS INTO LEGAL PROFESSION,

845. Comrade Satya Pal Dang : Will the Chief Minister be pleased to state :—

(a) Whether the State Government has taken any measurers to help financially or in any other way fresh young entrant's into the legal profession;

(b) if the answer to part (a) be in the negative whether there is any such proposal under the consideration of the Government ?

ਗਿਆਨੀ ਜ਼ੈਲ ਸਿੰਘ : (ੳ) ਰਾਜ ਸਰਕਾਰ ਨੇ ਕਾਨੂੰਨੀ ਪੇਸ਼ੇ ਵਿਚ ਦਾਖਿਲ ਹੋਣ ਵਾਲੇ ਨਵੇਂ ਨੌਜਵਾਨਾਂ ਨੂੰ ਮਾਲੀ ਤੌਰ ਤੇ ਜਾਂ ਹੋਰ ਸਹਾਇਤਾ ਦੇਣ ਲਈ ਕੋਈ ਉਪਾ ਨਹੀਂ ਕੀਤੇ ਅਤੇ ਨਾ ਹੀ ਐਸਾ ਕਰਨਾ ਸੰਭਵ ਹੈ !

(ਅ) ਇਸ ਵੇਲੇ ਸਰਕਾਰ ਦੇ ਵਿਚਾਰ ਅਧੀਨ ਐਸੀ ਕੋਈ ਤਜਵੀਜ਼ ਨਹੀਂ ਹੈ ।

ਗੌਰਮਿੰਟ ਹਾਈ ਸਕੂਲ ਛੇਹਰਟਾ, ਜ਼ਿਲਾ ਅੰਮ੍ਰਿਤਸਰ ਦੀ ਇਮਾਰਤ ਦਾ ਨਿਰਮਾਣ ।

846. ਕਾਮਰੇਡ ਸਤ ਪਾਲ ਡਾਂਗ : ਕੀ ਸਿਖਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ:-

(ੳ) ਕੀ ਸਿਖਿਆ ਵਿਭਾਗ ਵਿਚ ਸਰਕਾਰ ਨੇ ਗੌਰਮਿੰਟ ਹਾਈ ਸਕੂਲ, ਛੇਹਰਟਾ, ਜ਼ਿਲਾ ਅੰਮ੍ਰਿਤਸਰ ਲਈ ਇਮਾਰਤ ਬਣਾਉਣ ਲਈ ਕੋਈ ਜ਼ਮੀਨ ਪ੍ਰਾਪਤ ਕੀਤੀ ਹੈ ।

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿਚ ਹੋਵੇ ਤਾਂ ਇਸ ਪ੍ਰਕਾਰ ਪ੍ਰਾਪਤ ਕੀਤੀ ਗਈ ਜ਼ਮੀਨ ਦਾ ਰਕਬਾ ਕਿੰਨਾ ਹੈ, ਇਸ ਲਈ ਕਿੰਨੀ ਕੀਮਤ ਅਦਾ ਕੀਤੀ ਗਈ ਅਤੇ ਉਕਤ ਜ਼ਮੀਨ ਦਾ ਕਬਜ਼ਾ ਕਿਸ ਤਾਰੀਖ ਨੂੰ ਲਿਆ ਗਿਆ ਸੀ ;

(ਏ) ਉਕਤ ਸਕੂਲ ਦੀ ਇਮਾਰਤ ਦਾ ਨਿਰਮਾਣ ਕਦੋਂ ਤਕ ਸ਼ੁਰੂ ਕਰਨ ਦੀ ਤਜਵੀਜ਼ ਹੈ ;

(ਸ) ਹਾਲ ਦੀ ਘੜੀ ਉਕਤ ਜ਼ਮੀਨ ਕਿਸ ਕੰਮ ਲਈ ਵਰਤੀ ਜਾਂਦੀ ਹੈ ?

ਸ਼੍ਰੀ ਗੁਰਮੇਲ ਸਿੰਘ : (ੳ) ਜੀ ਹਾਂ ।

(ਅ) (i) 86 ਕਨਾਲ 10 ਮਰਲੇ ।

(ii) 2, 48, 687.50 ਰੁਪਏ

(iii) 11 ਜੁਲਾਈ 1973

(ਏ) ਜਦੋਂ ਲੋੜੀਂਦੇ ਫੰਡਜ਼ ਉਪਲਬਧ ਹੋਣਗੇ ।

(ਸ) ਸਕੂਲ ਦੇ ਖੇਡ ਮੈਦਾਨਾਂ ਲਈ ਵੀ ।

ਬਿਨਾ ਨਿਸ਼ਾਨ ਪ੍ਰਸ਼ਨ ਨੰ: 846 ਦੇ ਭਾਗ (ਸ) ਦਾ ਬਾਅਦ ਵਿਚ ਸੋਧਿਆ ਉੱਤਰ, ਇਸੇ ਵਾਦ ਵਿਵਾਦ ਦੇ ਪੰਨਾ 170 (ੳ) ਤੇ ਦੇਖੋ ।

Original with;
Punjab Vidhan Sabha
Digitized by;
Panjab Digital Library

UNSTARRED QUESTION No. 847

ਵਿਧਾਨ ਸਭਾ ਦੇ ਸਵਾਲ ਨੰ: 847 ਜੋ ਮਿਤੀ 5 ਅਗਸਤ 1974 ਲਈ ਬਿਨਾਂ ਨਿਸ਼ਾਨ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਸੱਤ ਪਾਲ ਡਾਂਗ ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ ਕਿਉਂਕਿ ਵਿਧਾਨ ਸਭਾ ਸਕੱਤਰੇਤ ਵਲੋਂ ਇਸ ਦਾ ਨੋਟਿਸ ਬਹੁਤ ਦੇਰੀ ਨਾਲ ਮਿਤੀ 24 ਜੁਲਾਈ 1974 ਨੂੰ ਪ੍ਰਾਪਤ ਹੋਇਆ ਹੈ ।

ਸਬੰਧਤ ਸੂਚਨਾ ਜੋ ਇਕੱਤਰ ਕੀਤੀ ਜਾ ਰਹੀ ਹੈ ਦੇ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿਤਾ ਜਾਵੇਗਾ ।

ਸਹੀ/-

(ਰਾਜ ਮੰਤਰੀ ਲੋਕ ਨਿਰਮਾਣ)

ਪੰਜਾਬ ।

ਸੇਵਾ ਵਿਚ,

ਸਕੱਤਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

ਗ: ਸ: ਪੱਤਰ ਨੰ: 73-ਏਸ 2 (ਵਿ:)-74, ਮਿਤੀ ਚੰਡੀਗੜ 5 ਅਗਸਤ, 1974.

.....

INDUSTRIAL TRAINING INSTITUTES IN THE STATE

848. Comrade Satya Pal Dang : Will the Chief Minister be pleased to state —

(a) The number and names of Industrial Training Institutes in the State which are manned by staff in the service of the Government but whose day to day management and administration is in the hands of some private managements and others ;

(b) the circumstances under which such arrangements had to be made;

(c) the terms and conditions between the managements on the one hand and the Government on the other, in each case;

(d) the total expenditure, per annum, being incurred by the Government in each case and under what heads ?

Original with;
Punjab Vidhan Sabha
Digitized by;
Panjab Digital Library

Jathedar Sohan Singh Jalalusman: (Minister of State for Public Health) (a) Three.

(i) Industrial Training Centre Dayanand Polytechnic Institute, Amritsar.

(ii) Industrial Training Centre, Meharchand Technical Institute Jullundur.

(iii) Industrial Training Centre, Polytechnic Institute Phagwara.

(b) These Institutes are continuing under the private managements as per the arrangements made by the Government of India prior to 1st November 1956, i. e. before the transference of these institutes to the State Governments.

(c) Terms and conditions between the managements and the State Government concerning each Centre at Annexure— I is laid on the table of the House.

(d) Annexure—II showing the expenditure incurred in each case is laid on the Table of the House.

[(ਉ) ਤਿੰਨ ।

1. ਉਦਯੋਗਿਕ ਸਿਖਲਾਈ ਸੈਂਟਰ ਦਿਆਨੰਦ ਪਾਲੀਟੈਕਨਿਕ ਇੰਸਟੀਚੂਟ, ਅੰਮ੍ਰਿਤਸਰ ।

2. ਉਦਯੋਗਿਕ ਸਿਖਲਾਈ ਸੈਂਟਰ ਮੇਹਰ ਚੰਦ ਟੈਕਨੀਕਲ ਇੰਸਟੀਚੂਟ, ਜਲੰਧਰ ।

3. ਉਦਯੋਗਿਕ ਸਿਖਲਾਈ ਸੈਂਟਰ, ਪਾਲੀਟੈਕਨਿਕ ਇੰਸਟੀਚੂਟ ਫਗਵਾੜਾ ।

(ਅ) ਇਹ ਪ੍ਰਬੰਧ 1 ਨਵੰਬਰ 1956 ਤੋਂ ਵੀ ਪਹਿਲਾਂ ਤੋਂ ਹੀ ਜਦ ਕਿ ਇਨ੍ਹਾਂ ਸੰਸਥਾਵਾਂ ਦਾ ਪ੍ਰਸ਼ਾਸਨਿਕ ਪ੍ਰਬੰਧ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਚਲ ਰਿਹਾ ਹੈ ।

(ਏ) ਇਨ੍ਹਾਂ ਸੰਸਥਾਵਾਂ ਅਤੇ ਭਾਰਤ ਸਰਕਾਰ ਵਿਚਕਾਰ ਸ਼ਰਤਾਂ ਆਦਿ ਦੀ ਇਕ ਨਕਲ ਅਨੁਲੱਗ I ਤੇ, ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਸ) ਸਾਲ 1973-74 ਵਿਚ ਇਨ੍ਹਾਂ ਸੰਸਥਾਵਾਂ ਤੇ ਕੀਤਾ ਗਿਆ ਖਰਚਾ ਆਦਿ ਅਨੁਲਗ—II ਤੇ, ਸਦਨ ਦੀ ਮੇਜ ਤੇ ਰਖਿਆ ਜਾਂਦਾ ਹੈ ।]

Original with;
Punjab Vidhan Sabha
Digitized by;
Panjab Digital Library

[Minister of State for Public Health]

(ANNEXURE—1)

GOVERNMENT OF INDIA
DIRECTORATE GENERAL OF RESETTLEMENT AND EMPLOYMENT
MINISTRY OF LABOUR

No RTC/370 (1)/54

Dated the 30th September, 1954

MEMORANDUM

Subject : Training Scheme for Craftsmen.

The President is pleased to sanction, under the Training Scheme for Craftsmen the establishment of a Training Centre to be called Industrial Training Centre Dayanand Polytechnical Institute Amritsar, with the seats in Technical and Vocational trades as given below with effect from the date of commencement of the Training.

Technical.	Trades		Seats
1.	Electrician	..	64
2.	Electroplator	..	32
3.	Fitter	..	32
4.	Mechanic Motor	..	32
5.	Moulder	..	32
6.	Mechanic (Radio)	..	32
7.	Turner	..	32
		..	248
Vocational			
1.	Cutting and Tailoring	..	32
2.	Printing Machine Operator	..	16
3.	Hand Weaving.	..	16
4.	Book Binding	..	16
		..	80
	Total	..	328

Original with;
Punjab Vidhan Sabha
Digitized by;
Panjab Digital Library

Sardar Santokh Singh Randhawa : During the Fourth Five-Year Plan period of the Fisheries Department which culminated on 31st March, 1974, the construction works of setting up the following four Seed Farms in the State were taken up and the expenditure incurred thereon till the aforesaid date is noted against each :—

(i)	Fish Seed Farm at Rajasansi (District Amritsar)	..	Rs. 6,89,455
(ii)	Fish Seed Farm at Hayatnagar (District Gurdaspur).	..	Rs. 7,73,460
(iii)	Fish Seed Farm at Birshikargah (District Kapurthala).	..	Rs. 3,44,579
(iv)	Fish Seed Farm at Punjab Agricultural University Campus, Ludhiana.	..	Rs. 3,35,700

2. These Fish Seed Farms are still under construction by the Punjab P.W.D., B. & R. and the Chief Engineer, Punjab Agricultural University Ludhiana, for being completed during the current financial year, 1974-75. This being so, no amount of revenue has accrued from the sale of the fish seed so far.

[ਮੱਛੀ ਪਾਲਣ ਵਿਭਾਗ ਦੀ ਪੰਜ ਸਾਲਾ ਯੋਜਨਾਂ ਦੇ ਅਰਸੇ ਦੇ ਦੌਰਾਨ, ਜਿਸ ਦੀ ਸਮਾਪਤੀ ਮਿਤੀ 31 ਮਾਰਚ, 1974 ਨੂੰ ਹੋਈ, ਹੇਠ ਲਿਖੇ ਚਾਰ ਬੀਜ ਫਾਰਮਾਂ ਦੀ ਉਸਾਰੀ ਦਾ ਕੰਮ ਆਰੰਭ ਕੀਤਾ ਗਿਆ ਅਤੇ ਉਪਰੋਕਤ ਦਸੀ ਮਿਤੀ ਤਕ ਇਸ ਉਸਾਰੀ ਤੇ ਹੋਏ ਖਰਚੇ ਨਿਮਨ ਲਿਖਤ ਹਨ :—

1.	ਫਿਸ਼ ਸੀਡ ਫਾਰਮ ਰਾਜਾ ਸਾਂਸੀ (ਜ਼ਿਲ੍ਹਾ ਅੰਮ੍ਰਿਤਸਰ)	..	ਰੁ: 6,89,455
2.	ਫਿਸ਼ ਸੀਡ ਫਾਰਮ ਹਿਆਤਨਗਰ (ਜ਼ਿਲ੍ਹਾ ਗੁਰਦਾਸਪੁਰ)	..	ਰੁ: 7,73,460
3.	ਫਿਸ਼ ਸੀਡ ਫਾਰਮ ਬੀਰਸ਼ਿਕਾਰਗਾਹ (ਜ਼ਿਲ੍ਹਾ ਕਪੂਰਥਲਾ)	..	ਰੁ: 3,44,579
4.	ਫਿਸ਼ ਸੀਡ ਫਾਰਮ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ।	..	ਰੁ: 3,35,700

Original with;
Punjab Vidhan Sabha
Digitized by;
Panjab Digital Library

[State Minister for Development]

ਇਹ ਫਿਸ਼ ਸੀਡ ਫਾਰਮਾਂ ਜਿਨ੍ਹਾਂ ਦੀ ਉਸਾਰੀ ਚਾਲੂ ਮਾਲੀ ਸਾਲ 1974-75 ਵਿਚ ਪੂਰੀ ਕੀਤੀ ਜਾਣੀ ਹੈ, ਦੀ ਅਜੇ ਪੰਜਾਬ ਲੋਕ ਨਿਰਮਾਣ ਵਿਭਾਗ ਅਤੇ ਚੀਫ ਇੰਜੀਨੀਅਰ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਉਸਾਰੀ ਹੋ ਰਹੀ ਹੈ । ਇਸ ਕਰਕੇ ਅਜੇ ਡੀਕ ਇਨ੍ਹਾਂ ਤੋਂ ਫਿਸ਼ ਸੀਡ ਦੀ ਵੇਚ ਸਬੰਧੀ ਕੋਈ ਆਮਦਨ ਪ੍ਰਾਪਤ ਨਹੀਂ ਹੋਈ ।

UNSTARRED QUESTION No. 857

ਵਿਧਾਨ ਸਭਾ ਦੇ ਸਵਾਲ ਨੰ: 857, ਜੋ ਮਿਤੀ 5 ਅਗਸਤ, 1974 ਲਈ ਬਿਨਾਂ ਨਿਸ਼ਾਨ ਸੁਆਲਾਂ ਦੀ ਸੂਚੀ ਵਿਚ ਸ: ਜਸਵਿੰਦਰ ਸਿੰਘ ਬਰਾੜ, ਸ: ਸੁਖਦੇਵ ਸਿੰਘ ਢੀਂਡਸਾ ਅਤੇ ਸ: ਜਗਦੇਵ ਸਿੰਘ ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ, ਕਿਉਂਕਿ ਵਿਧਾਨ ਸਭਾ ਸਕੱਤਰੇਤ ਵਲੋਂ ਇਸ ਦਾ ਨੋਟਿਸ ਬਹੁਤ ਦੇਰੀ ਨਾਲ ਮਿਤੀ 24 ਜੁਲਾਈ, 1974 ਨੂੰ ਪ੍ਰਾਪਤ ਹੋਇਆ ਹੈ ।]

ਸਬੰਧਤ ਸੂਚਨਾ ਜੋ ਇਕੱਤਰ ਕੀਤੀ ਜਾ ਰਹੀ ਹੈ ਦੇ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ ।

ਸਹੀ/—
(ਰਾਜ ਮੰਤਰੀ ਲੋਕ ਨਿਰਮਾਣ)
ਪੰਜਾਬ ।

ਸੇਵਾ ਵਿਚ,

ਸਕੱਤਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

ਗ: ਸ: ਪੱਤਰ ਨੰ: 74-ਏਸ2 (ਓ ਵਿ:)-74, ਮਿਤੀ ਚੰਡੀਗੜ੍ਹ, 5 ਅਗਸਤ, 1974

CASES OF EMBEZZLEMENT IN CO-OPERATIVE DEPARTMENT

858. 1. **Sardar Jaswinder Singh Brar**
2. **Sardar Sukhdev Singh Dhindsa.**
3. **Sardar Jagdev Singh**

} Will the Chief Minister be pleased to state :—

(a) the number of cases of embezzlement in the Co-operative Societies which have come to the notice of the Government since 1973 to-date ;

(b) the district-wise details of the amount involved in the said cases ?

ਗਿਆਨੀ ਜ਼ੈਲ ਸਿੰਘ : (ੳ) 1 ਜਨਵਰੀ, 1973 ਤੋਂ 30 ਜੂਨ, 1974 ਤੱਕ 230 ਗਬਨ ਦੇ ਕੇਸ ਜਿਹੜੇ ਸਹਿਕਾਰੀ ਸਭਾਵਾਂ ਵਿਚ ਹੋਏ, ਸਰਕਾਰ ਦੇ ਧਿਆਨ ਵਿਚ ਆਏ ਹਨ ।

Original with;
Punjab Vidhan Sabha
Digitized by;
Panjab Digital Library

(ਅ) ਇਹਨਾਂ ਕੇਸਾਂ ਵਿਚ 84.04 ਲੱਖ ਰੁਪਏ ਦਾ ਗਬਨ ਹੋਇਆ, ਗਬਨ ਹੋਈ ਰਕਮ ਦਾ ਜ਼ਿਲ੍ਹਾ ਵਾਰ ਵੇਰਵਾ ਅੰਕਤਕ 'ਓ' ਤੇ ਨਾਲ ਨੱਥੀ ਹੈ ।

ANNEXURE 'A'

Details of the amount involved in embezzlement cases which came to the notice of the Government from 1st January, 1973 to 30th June, 1974.

	Name of District	No. of cases	Amount involved (in lacs)
1.	Ropar	4	0.56
2.	Hoshiarpur	16	2.97
3.	Jullundur	9	1.43
4.	Kapurthala	2	1.86
5.	Patiala	46	7.74
6.	Sangrur	31	25.28
7.	Gurdaspur	38	13.65
8.	Amritsar	30	4.36
9.	Ludhiana	20	1.17
10.	Bhatinda	4	1.72
11.	Faridkot	18	18.55
12.	Ferozepur	12	4.75
	Total	230	84.04

ਭ੍ਰਸ਼ਟ ਅਫਸਰਾਂ ਲਈ ਸਜ਼ਾ

859. 1. ਸਰਦਾਰ ਜਸਵਿੰਦਰ ਸਿੰਘ ਬਰਾੜ
2. ਸਰਦਾਰ ਸੁਖਦੇਵ ਸਿੰਘ ਢੀਂਡਸਾ } ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ
3. ਸਰਦਾਰ ਜਗਦੇਵ ਸਿੰਘ

ਕਿ ਕੀ ਸਰਕਾਰ ਨੇ ਭ੍ਰਿਸ਼ਟਾਚਾਰ ਦੇ ਸਾਧਨ ਲਭਣ ਅਤੇ ਭ੍ਰਸ਼ਟ ਕਰਮਚਾਰੀਆਂ ਨੂੰ ਕਾਨੂੰਨ ਦੇ ਸ਼ਕੰਜੇ ਵਿਚ ਫਸਾ ਕੇ ਸਜ਼ਾ ਦੇਣ ਲਈ ਕੋਈ ਏਜੰਸੀ ਸਥਾਪਤ ਕੀਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦਾ ਵੇਰਵਾ ਕੀ ਹੈ ?

Original with;
Punjab Vidhan Sabha
Digitized by;
Panjab Digital Library

ਗਿਆਨੀ ਜ਼ੈਲ ਸਿੰਘ : ਹਾਂ ਜੀ । ਚੌਕਸੀ ਵਿਭਾਗ ਇਸ ਮੰਤਵ ਲਈ ਰਚਿਆ ਗਿਆ ਹੈ । ਇਹ ਵਿਭਾਗ ਭ੍ਰਿਸ਼ਟਾਚਾਰੀ ਕਰਮਚਾਰੀਆਂ ਨੂੰ ਕਾਨੂੰਨ ਦੇ ਪੰਜੇ ਵਿੱਚ ਲਿਆਉਣ ਲਈ ਹੇਠ ਲਿਖੇ ਕਦਮ ਚੁਕਦਾ ਹੈ:—

(1) ਭ੍ਰਿਸ਼ਟਾਚਾਰ ਅਤੇ ਭ੍ਰਿਸ਼ਟਾਚਾਰੀ ਕਰਮਚਾਰੀਆਂ ਸਬੰਧੀ ਸੂਚਨਾ ਇਕਤਰ ਕਰਨਾ;

(2) ਸਰਕਾਰੀ ਕਰਮਚਾਰੀਆਂ ਦੀ ਰਿਸ਼ਵਤ, ਭ੍ਰਿਸ਼ਟਾਚਾਰ, ਵਿਅਕਤੀਗਤ ਚਲਣ, ਪਬਲਿਕ ਫੰਡਜ਼ ਦਾ ਦੁਰਉਪਯੋਗ, ਵਿਭਾਗੀ ਜਾਂ ਕਾਰਜਵਿਧੀ ਬੇਕਾਇਦਗੀਆਂ ਨਾਲ ਹੋਇਆ ਸਰਕਾਰ ਨੂੰ ਨੁਕਸਾਨ ਆਦਿ ਸਬੰਧੀ ਕੇਸਾਂ ਵਿਚ ਪੜਤਾਲ ਕਰਨੀ;

(3) ਪਬਲਿਕ ਸਰਵੈਂਟਸ ਦੇ ਭ੍ਰਿਸ਼ਟਾਚਾਰ ਵਜੋਂ ਦਰਜ ਹੋਏ ਕੇਸਾਂ ਦੀ ਪੜਤਾਲ ਕਰਨੀ;

(4) ਇਨਕਵਾਇਰੀ ਅਫਸਰ ਜਾਂ ਅਦਾਲਤਾਂ ਵਿਚ ਸਰਕਾਰੀ ਕਰਮਚਾਰੀਆਂ ਦੇ ਵਿਰੁਧ ਸਰਕਾਰੀ ਪਰਾਸੀਕਿਊਸ਼ਨ ਏਜੰਸੀ ਦੀ ਸਹਾਇਤਾ ਕਰਨੀ;

(5) ਭ੍ਰਿਸ਼ਟਾਚਾਰੀ ਕਰਮਚਾਰੀਆਂ ਨੂੰ ਰਿਸ਼ਵਤ ਲੈਂਦੇ ਰੰਗੇ ਹੱਥੀਂ ਪਕੜਨ ਲਈ ਰੇਡ ਕਰਨੀ ;

(6) ਭ੍ਰਿਸ਼ਟਾਚਾਰ ਅਤੇ ਭ੍ਰਿਸ਼ਟਾਚਾਰੀ ਸਰਕਾਰੀ ਕਰਮਚਾਰੀਆਂ ਦੇ ਸਬੰਧੀ ਸਰਕਾਰ ਨੂੰ ਸੂਚਨਾ, ਅੰਕੜੇ ਅਤੇ ਰਿਪੋਰਟਾਂ ਦੇਣੀਆਂ ;

(7) ਦੂਜਰੇ ਵਿਭਾਗਾਂ ਵਿਚ ਭ੍ਰਿਸ਼ਟਾਚਾਰ ਦੇ ਅਫਸਰ ਰੋਕਣ ਲਈ ਉਪਾਏ ਤਜਵੀਜ਼ ਕਰਨਾ; ਅਤੇ

(8) ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਛੇਤੀ ਕਾਰਵਾਈ ਕਰਨ ਲਈ ਦੂਜੇ ਵਿਭਾਗਾਂ ਦੀ ਸਹਾਇਤਾ ਕਰਨੀ ।

ਰਾਜ ਵਿਚ ਮੋਟਰ ਕਾਰਾਂ ਚੁਰਾਉਣ ਵਾਲਿਆਂ ਦੀ ਗ੍ਰਿਫਤਾਰੀ

860. **ਸਰਦਾਰ ਜਸਵਿੰਦਰ ਸਿੰਘ ਬਰਾੜ**
ਸਰਦਾਰ ਸੁਖਦੇਵ ਸਿੰਘ ਢੀਂਡਸਾ : ਕੀ ਮੁੱਖ ਮੰਤਰੀ ਕਿਰਪਾ ਕਰਕੇ
ਸਰਦਾਰ ਜਗਦੇਵ ਸਿੰਘ

ਦਸਣਗੇ ਕਿ —

(ਉ) ਰਾਜ ਵਿਚ ਸਾਲ 1973-74 ਦੇ ਦੌਰਾਨ ਕਿੰਨੇ ਮੋਟਰ ਕਾਰਾਂ ਚੋਰੀ ਕਰਨ ਵਾਲੇ ਗ੍ਰਿਫਤਾਰ ਕੀਤੇ ਗਏ;

(ਅ) ਉਨ੍ਹਾਂ ਕੋਲੋਂ ਕਿੰਨੀਆਂ ਮੋਟਰ ਕਾਰਾਂ ਅਤੇ ਸਕੂਟਰ ਬਰਾਮਦ ਕੀਤੇ ਗਏ ਅਤੇ ਉਨ੍ਹਾਂ ਵਿਚੋਂ ਕਿੰਨਿਆਂ ਨੂੰ ਅਦਾਲਤਾਂ ਨੇ ਸਜ਼ਾਵਾਂ ਦਿਤੀਆਂ ਹਨ ?

Original with;
Punjab Vidhan Sabha
Digitized by;
Panjab Digital Library

ਗਿਆਨੀ ਜ਼ੈਲ ਸਿੰਘ : (ੳ) 99 ।

(ਅ) ਮੋਟਰ ਕਾਰਾਂ .. 42
ਸਕੂਟਰ/ਮੋਟਰ
ਸਾਈਕਲ .. 64

ਮੋਟਰ ਕਾਰਾਂ ਚੁਰਾਣ ਵਾਲੇ 7 ਦੋਸ਼ੀਆਂ ਨੂੰ ਅਦਾਲਤ ਵਲੋਂ ਸਜ਼ਾਵਾਂ ਹੋਈਆਂ । ਬਾਕੀ ਕੁਝ ਕੇਸ ਜ਼ੇਰ ਸਮਾਇਤ ਅਦਾਲਤ ਹਨ ਅਤੇ ਕੁਝ ਜ਼ੇਰ ਤਕਮੀਲ ਹਨ ।

ਅਣਅਧਿਕਾਰਤ ਅਸਲਾ ਫੜਨ ਲਈ ਵਿਸ਼ੇਸ਼ ਸੈਲ

861. 1. ਸਰਦਾਰ ਜਸਵਿੰਦਰ ਸਿੰਘ ਬਰਾੜ
2. ਸਰਦਾਰ ਜਗਦੇਵ ਸਿੰਘ
3. ਸਰਦਾਰ ਸੁਖਦੇਵ ਸਿੰਘ ਢੀਂਡਸਾ
: ਕੀ ਮੁੱਖ ਮੰਤਰੀ ਸਾਹਿਬ ਕਿਰਪਾ ਕਰਕੇ ਦੱਸਣਗੇ ਕਿ ਕੀ ਕੱਤਲਾਂ ਦੀ ਵੱਧ ਰਹੀ ਗਿਣਤੀ ਦੇ ਮੱਦੇ ਨਜ਼ਰ ਸਰਕਾਰ ਨੇ ਰਾਜ ਵਿਚ ਅਣਅਧਿਕਾਰਤ ਅਸਲਾ ਫੜਨ ਲਈ ਕੋਈ ਵਿਸ਼ੇਸ਼ ਸੈਲ ਸਥਾਪਤ ਕੀਤੇ ਹਨ ; ਜੇਕਰ ਅਜਿਹਾ ਹੋਵੇ, ਤਾਂ ਇਸ ਸਬੰਧ ਵਿਚ ਬਣਾਈ ਗਈ ਸਕੀਮ ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਵੇ ?

ਗਿਆਨੀ ਜ਼ੈਲ ਸਿੰਘ : ਕੋਈ ਵਿਸ਼ੇਸ਼ ਸੈਲ ਸਥਾਪਤ ਨਹੀਂ ਕੀਤਾ ਗਿਆ ਕਿਉਂਕਿ ਕਤਲ ਦੇ ਕੇਸਾਂ ਵਿਚ ਕੋਈ ਵਾਧਾ ਨਹੀਂ ਹੋਇਆ । ਇਸ ਦੇ ਵਿਪਰੀਤ ਰਾਜ ਵਿਚ ਮਿਤੀ 1 ਜਨਵਰੀ, 1974 ਤੋਂ 30 ਜੂਨ, 1974 ਤੱਕ ਦੇ ਅਰਸੇ ਵਿਚ ਪਿਛਲੇ ਸਾਲ ਦੇ ਇਸੇ ਅਰਸੇ ਦੀ ਤੁਲਨਾ 75 ਕਤਲ ਘਟ ਹੋਏ ਹਨ । ਅਣਅਧਿਕਾਰਤ ਅਸਲਾ ਫੜਨ ਲਈ ਵਿਸ਼ੇਸ਼ ਯਤਨ ਜਿਹੜੇ ਸਦਾ ਕੀਤੇ ਜਾਂਦੇ ਹਨ ਤੋਂ ਇਲਾਵਾ ਜ਼ਿਲ੍ਹਾ ਪੁਲਿਸ ਨੂੰ ਇਨ੍ਹਾਂ ਦੀ ਬਰਾਮਦਗੀ ਬਾਰੇ ਸਮੇਂ ਸਮੇਂ ਸਿਰ ਖਾਸ ਮੁਹਿੰਮਾਂ ਚਲਾਉਣ ਲਈ ਭੀ ਹਦਾਇਤ ਕੀਤੀ ਗਈ ਹੈ । ਸਿਟੇ ਵਜੋਂ ਮੌਜੂਦਾ ਸਾਲ ਦੇ ਦੌਰਾਨ ਮਿਤੀ 30 ਜੂਨ, 1974 ਤੱਕ ਐਕਟ ਅਸਲਾ ਦੇ ਤਹਿਤ 2321 ਮੁਕਦਮੇ ਦਰਜ ਕੀਤੇ ਗਏ । ਇਹ ਗਿਣਤੀ ਪਿਛਲੇ ਸਾਲ ਦੇ ਇਸੇ ਸਮੇਂ ਦੌਰਾਨ ਦਰਜ ਮੁਕਦਮਿਆਂ ਨਾਲੋਂ 496 ਵੱਧ ਹੈ ।

QUOTA OF CONTROLLED CLOTH FOR VILLAGES

862. 1. **Sardar Jaswinder Singh Brar**
2. **Sardar Jagdev Singh**
3. **Sardar Sukhdev Singh Dhindsa**
: Will the Minister of State for Food and Supplies be pleased to state—

(a) the details of quota of controlled cloth fixed for the villages of the State;

(b) the arrangements made by the Government for the distribution of the said cloth;

(c) the criteria adopted while fixing the quota per head ?

Original with;
Punjab Vidhan Sabha
Digitized by;
Panjab Digital Library

Sardar Gurdarshan Singh : (a) 846 bales per month.

(b) Through Primary Service Co-operative Societies, selected by the Assistant Registrar of Co-operative Societies concerned.

(c) Quota of controlled cloth and the population have been taken as criteria for determining the scale of distribution per head.

[(ੳ) 846 ਬੇਲਾਂ ਪ੍ਰਤੀ ਮਹੀਨਾ ।

(ਅ) ਸਰਕਾਰੀ ਸਭਾਵਾਂ ਦੇ ਸਬੰਧਤ ਸਹਾਇਕ ਰਜਿਸਟਰਾਰ ਵਲੋਂ ਚੁਣੀਆਂ ਗਈਆਂ ਪ੍ਰਾਇਮਰੀ ਸਰਵਿਸ ਸਹਿਕਾਰੀ ਸਭਾਵਾਂ ਰਾਹੀਂ ।

(ਏ) ਹਰ ਇਕ ਵਿਅਕਤੀ ਲਈ ਕਪੜੇ ਦੀ ਵੰਡ ਦੀ ਮਿਕਦਾਰ ਨੀਯਤ ਕਰਨ ਲਈ ਕੰਟਰੋਲਡ ਕਪੜੇ ਦਾ ਕੋਟਾ ਅਤੇ ਜਨ-ਸੰਖਿਆ ਨੂੰ ਮੁੱਖ ਰੱਖਿਆ ਗਿਆ ਹੈ ।]

DEVELOPMENT OF PUNJAB UNIVERSITY

863. 1. Sardar Jaswinder Singh Brar
2. Sardar Sukhdev Singh Dhindsa
3. Sardar Jagdev Singh

Will the Minister for Education be pleased to state the details of negotiations being held with the Centre in connection with the future of the Punjab University?

Shri Gurmail Singh: No negotiations have been/are being held with the Centre by the Punjab Government in connection with the future of the Punjab University.

[ਪੰਜਾਬ ਸਰਕਾਰ ਵਲੋਂ ਕੇਂਦਰ ਨਾਲ ਪੰਜਾਬ ਯੂਨੀਵਰਸਿਟੀ ਦੇ ਭਵਿਖ ਬਾਰੇ ਕੋਈ ਗੱਲ ਨਾ ਹੋਈ ਹੈ ਤੇ ਨਾ ਹੀ ਚਲ ਰਹੀ ਹੈ ।]

1973 ਤੋਂ ਹੁਣ ਤਕ ਡਾਕਿਆਂ ਦੇ ਕੇਸ

864. 1. ਸਰਦਾਰ ਜਸਵਿੰਦਰ ਸਿੰਘ ਬਰਾੜ
2. ਸਰਦਾਰ ਸੁਖਦੇਵ ਸਿੰਘ ਢੀਂਡਸਾ
3. ਸਰਦਾਰ ਜਗਦੇਵ ਸਿੰਘ

:ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਰਾਜ ਵਿਚ 1973 ਤੋਂ ਲੈ ਕੇ ਹੁਣ ਤਕ ਡਾਕਿਆਂ ਦੀਆਂ ਕੁੱਲ ਕਿੰਨੀਆਂ ਵਾਰਦਾਤਾਂ ਹੋਈਆਂ ;

(ਅ) ਉਕਤ ਕੇਸਾਂ ਵਿਚ ਸ਼ਾਮਿਲ ਕਿੰਨੇ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ;

(ਏ) ਉਕਤ ਕੇਸਾਂ ਵਿਚ ਸ਼ਾਮਿਲ ਕਿੰਨੇ ਦੋਸ਼ੀਆਂ ਨੂੰ ਅਦਾਲਤ ਵਲੋਂ ਸਜ਼ਾਵਾਂ ਦਿਤੀਆਂ ਗਈਆਂ ?

ਗਿਆਨੀ ਗੁਰਮੁਖ ਸਿੰਘ : (ੳ) 10 ।

(ਅ) 47 ।

(ਏ) ਹਾਲੀਂ ਤਕ ਕਿਸੇ ਮੁਕਦਮੇ ਦਾ ਫੈਸਲਾ ਨਹੀਂ ਹੋਇਆ ।

Original with;
Punjab Vidhan Sabha
Digitized by;
Panjab Digital Library

1973 ਤੋਂ ਹੁਣ ਤੱਕ ਹੋਈਆਂ ਕੋਆਪ੍ਰੇਟਿਵ ਬੈਂਕਾਂ/ਮਾਰਕੀਟਿੰਗ ਸੁਸਾਇਟੀਆਂ ਦੀਆਂ ਚੋਣਾਂ

865. 1. **ਸਰਦਾਰ ਜਗਦੇਵ ਸਿੰਘ**
2. **ਸਰਦਾਰ ਜਸਵਿੰਦਰ ਸਿੰਘ ਬਰਾੜ** : ਕੀ ਮੁੱਖ ਮੰਤਰੀ ਕਿਰਪਾ ਕਰਕੇ
3. **ਸਰਦਾਰ ਸੁਖਦੇਵ ਸਿੰਘ ਢੀਂਡਸਾ**

ਦਸਣਗੇ ਕਿ —

(ੳ) 1973 ਤੋਂ ਹੁਣ ਤੱਕ ਕਿੰਨੀਆਂ ਕੋਆਪ੍ਰੇਟਿਵ ਬੈਂਕਾਂ ਅਤੇ ਕੋਆਪ੍ਰੇਟਿਵ ਮਾਰਕੀਟਿੰਗ ਸੁਸਾਇਟੀਆਂ ਦੀਆਂ ਚੋਣਾਂ ਹੋਈਆਂ ਅਤੇ ਇਹ ਚੋਣਾਂ ਕਰਵਾਉਣ ਲਈ ਕੀ ਵਿੱਧੀ ਅਪਣਾਈ ਗਈ;

(ਅ) ਇਸ ਮਕਸਦ ਲਈ ਪੇਸ਼ ਕੀਤੇ ਗਏ ਨਾਮਜ਼ਦਗੀ ਫਾਰਮਾਂ ਨੂੰ ਰੱਦ ਕਰਾਰ ਦੇਣ ਲਈ ਕੀ ਕਸੌਟੀ ਅਪਣਾਈ ਗਈ;

(ਇ) ਪਿਛਲੀ ਵਾਰ ਲੈਂਡ ਮਾਰਟਗੇਜ ਬੈਂਕ, ਮਹਿਲ ਕਲਾਂ, ਜ਼ਿਲ੍ਹਾ ਸੰਗਰੂਰ ਦੀ ਚੋਣ ਕਿਹੜੀ ਤਰੀਕ ਨੂੰ ਹੋਈ ਸੀ ਅਤੇ ਇਸ ਲਈ ਕੀ ਵਿਧੀ ਅਪਣਾਈ ਗਈ ਸੀ ?

ਗਿਆਨੀ ਜ਼ੈਲ ਸਿੰਘ : 1973 ਤੋਂ ਬਾਦ ਸਹਿਕਾਰੀ ਬੈਂਕ ਅਤੇ ਮਾਰਕੀਟਿੰਗ ਸੁਸਾਇਟੀਆਂ ਦੀ ਚੋਣ ਬਾਰੇ—

(ੳ) 1973 ਤੋਂ ਬਾਦ 10 ਸੈਂਟਰਲ ਕੋਆਪ੍ਰੇਟਿਵ ਬੈਂਕ ਅਤੇ 57 ਸਹਿਕਾਰੀ ਮਾਰਕੀਟਿੰਗ ਸੁਸਾਇਟੀਆਂ ਦੀ ਚੋਣ ਹੋ ਚੁੱਕੀ ਹੈ। ਪੰਜਾਬ ਕੋਆਪ੍ਰੇਟਿਵ ਸੁਸਾਇਟੀਜ਼ ਐਕਟ ਦੀ ਧਾਰਾ 23 ਦੇ ਅਧੀਨ ਇਹ ਚੋਣਾਂ ਕੀਤੀਆਂ ਗਈਆਂ ਹਨ।

(ਅ) ਕਿਸੇ ਵੀ ਉਮੀਦਵਾਰ ਦੇ ਨਾਮ ਐਕਣ ਪੱਤਰ ਜਿਹੜੇ ਕਿ ਪੰਜਾਬ ਕੋਆਪ੍ਰੇਟਿਵ ਸੁਸਾਇਟੀਜ਼ ਐਕਟ, 1961 ਅਤੇ ਪੰਜਾਬ ਕੋਆਪ੍ਰੇਟਿਵ ਰੂਲਜ਼, 1963 ਅਤੇ ਸਬੰਧਤ ਬੈਂਕਾਂ ਅਤੇ ਮਾਰਕੀਟਿੰਗ ਸੁਸਾਇਟੀਆਂ ਦੇ ਬਾਈਲਾਜ਼ ਵਿਚ ਲਾਈਆਂ ਗਈਆਂ ਸ਼ਰਤਾਂ ਪੂਰੀਆਂ ਨਾ ਕਰਦਾ ਹੋਵੇ, ਉਹ ਰੱਦ ਕੀਤੇ ਜਾਂਦੇ ਹਨ।

(ਇ) ਮਹਿਲ ਕਲਾਂ ਜ਼ਿਲ੍ਹਾ ਸੰਗਰੂਰ ਵਿਚ ਕੋਈ ਲੈਂਡ ਮਾਰਟਗੇਜ ਬੈਂਕ ਨਹੀਂ ਹੈ।

ਕੋਆਪਰੇਟਿਵ ਕਨਜ਼ਿਊਮਰਜ਼ ਸਟੋਰ, ਫਰੀਦਕੋਟ ਵਿਚ ਵਿਦੇਸ਼ੀ ਕਪੜੇ ਦੀ ਵੰਡ

866. 1. **ਸਰਦਾਰ ਜਸਵਿੰਦਰ ਸਿੰਘ ਬਰਾੜ**
2. **ਸਰਦਾਰ ਜਗਦੇਵ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਕੋ-
3. **ਸਰਦਾਰ ਸੁਖਦੇਵ ਸਿੰਘ ਢੀਂਡਸਾ**

ਆਪ੍ਰੇਟਿਵ ਕਨਜ਼ਿਊਮਰ ਸਟੋਰ, ਫਰੀਦਕੋਟ ਵਿਚ ਆ ਰਹੇ ਵਿਦੇਸ਼ੀ ਕਪੜੇ ਦੀ ਵੰਡ ਕਰਨ ਲਈ ਅਪਣਾਇਆ ਗਿਆ ਤਰੀਕਾ ਦਸਣਗੇ ?

ਗਿਆਨੀ ਜ਼ੈਲ ਸਿੰਘ : ਇਹ ਕਪੜਾ ਨੈਸ਼ਨਲ ਕੋਆਪਰੇਟਿਵ ਕਨਜ਼ਿਊਮਰ ਫੈਡਰੇਸ਼ਨ ਨਵੀਂ ਦਿਲੀ ਜੋ ਕਿ ਇਕ ਗੈਰ-ਸਰਕਾਰੀ ਸੰਸਥਾ ਹੈ, ਭੇਜਦੀ ਹੈ ਅਤੇ ਇਹ ਕੋਆਪਰੇਟਿਵ ਕਨਜ਼ਿਊਮਰ ਸਟੋਰਾਂ ਰਾਹੀਂ ਵੰਡਿਆ ਜਾਂਦਾ ਹੈ। ਸਰਕਾਰ ਇਸ ਦੀ ਵੰਡ ਵਿਚ ਕੋਈ ਦਖ਼ਲ ਨਹੀਂ ਦਿੰਦੀ।

Original with;
Punjab Vidhan Sabha
Digitized by;
Panjab Digital Library

INCREASE IN PRICES OF WHEAT, COTTON AND PADDY

867. 1. Sardar Jaswinder Singh Brar
2. Sardar Sukhdev Singh Dhindsa } Will the Minister for
3. Sardar Jagdev Singh
Agriculture and Forests be pleased to state :—

(a) whether keeping in view the present 100% increase in the prices of fertilizers, Government is taking steps so that the prices of Wheat, Cotton (Narma) and Paddy are also increased correspondingly ;

(b) whether the minimum and maximum prices of cotton (Narma) would be declared before the arrival of the next crop ?

Master Gurbanta Singh : (a) Yes. The State Government has taken steps to approach Government of India to fix the enhanced price for paddy—

(ii) Cotton is mainly purchased by private traders. Support price is fixed by the Cotton Corporation of India.

(iii) For wheat the support/procurement price is fixed by the Government of India, some times in the months of September and October. Case for enhanced price will be taken up at the appropriate time.

(b) The support price of cotton is announced by the Cotton Corporation of India. The State Government only recommends the price for cotton normaliy in the month of August. Action is being taken in this direction.

[(ੳ) ਹਾਂ ਜੀ ।

ਰਾਜ ਸਰਕਾਰ ਨੇ ਝੋਨੇ ਦੀ ਉਪਜ ਦੀ ਜ਼ਿਆਦਾ ਕੀਮਤ ਨੀਅਤ ਕਰਨ ਲਈ ਕੇਂਦਰੀ ਸਰਕਾਰ ਨੂੰ ਪਹੁੰਚ ਲਈ ਕਦਮ ਉਠਾਏ ਹਨ ।

ਕਪਾਹ ਜ਼ਿਆਦਾ ਤੌਰ ਤੇ ਪਰਾਈਵੇਟ ਵਪਾਰੀਆਂ ਰਾਹੀਂ ਖਰੀਦੀ ਜਾਂਦੀ ਹੈ, ਕੇਵਲ ਸਮਰਥਨ ਕੀਮਤ ਕਾਟਨ ਕਾਰਪੋਰੇਸ਼ਨ ਆਫ ਇੰਡੀਆ ਦੁਆਰਾ ਨੀਅਤ ਕੀਤੀ ਜਾਂਦੀ ਹੈ ।

ਕਣਕ ਲਈ ਸਮਰਥਨ/ਪਰਾਪਤੀ ਕੀਮਤ ਲਗ ਭਗ ਸਤੰਬਰ ਅਤੇ ਅਕਤੂਬਰ ਦੇ ਮਹੀਨੇ ਵਿਚ ਭਾਰਤ ਸਰਕਾਰ ਦੁਆਰਾ ਨੀਅਤ ਕੀਤੀ ਜਾਂਦੀ ਹੈ ਅਤੇ ਜ਼ਿਆਦਾ ਕੀਮਤ ਦਾ ਜ਼ਰੂਰੀ ਕੇਸ ਠੀਕ ਸਮੇਂ ਤੇ ਤਿਆਰ ਕੀਤਾ ਜਾਵੇਗਾ ।

(ਅ) ਕਪਾਹ ਦੀ ਸਮਰਥਨ ਕੀਮਤ ਕਾਟਨ ਕਾਰਪੋਰੇਸ਼ਨ ਆਫ ਇੰਡੀਆ ਰਾਹੀਂ ਐਲਾਨ ਕੀਤੀ ਜਾਂਦੀ ਹੈ । ਰਾਜ ਸਰਕਾਰ ਕੇਵਲ ਅਗਸਤ ਦੇ ਮਹੀਨੇ ਕਪਾਹ ਦੀ ਕੀਮਤ ਦੀ ਸਿਫਾਰਸ਼ ਕਰਦੀ ਹੈ। ਇਸ ਉਤੇ ਕਾਰਵਾਈ ਕੀਤੀ ਜਾ ਰਹੀ ਹੈ ।]

Original with;
Punjab Vidhan Sabha
Digitized by;
Panjab Digital Library

PROPOSED CONSTRUCTION OF CANAL COLONY/CANAL REST HOUSE AT BRIDGE NO. 64000 OF FARIDKOT RAJBAHA

869. 1. **Sardar Jaswinder Singh Brar**
2. **Sardar Sukhdev Singh Dhindsa** } Will the Minister of State for Irrigation and Power be pleased to state whether the Government propose to canstruct a Canal Colony or Canal Rest House at Bridge No. 64000 Fridkot Rajbaha; if so, the time by which the same is likely to be completed ?

Sardar Gurbakhash Singh Sibia : (i) For the time being there is no proposal to construct a Canal Colony or Canal Rest House at R.D. 64000, Faridkot Distributory ;

(ii) Question doese not arise.

[(1) ਇਸ ਵੇਲੇ ਕੈਨਾਲ ਕਾਲੋਨੀ ਜਾਂ ਕੈਨਾਲ ਰੈਸਟ ਹਾਊਸ ਫਰੀਦਕੋਟ ਰਜਬਾਹੇ ਦੀ ਬੁਰਜੀ 64000 ਤੇ ਬਨਾਉਣ ਦੀ ਕੋਈ ਸਕੀਮ ਨਹੀਂ ਹੈ ।

(2) ਸਵਾਲ ਹੀ ਪੈਦਾ ਨਹੀਂ ਹੁੰਦਾ ।]

LINING OF FARIDKOT RAJBAHA

870. 1. **Sardar Jaswinder Singh Brar**
2. **Sardar Sukhdev Singh Dhindsa**
3. **Sardar Jagdev Singh** } Will the Minister of State for Irrigation and Power be pleased to state the time by which the Faridkot Rajbaha is likely to be lined completed together with the names of places where the work of lining is in progress?

Sardar Gurbaksh Singh Sibia : (i) The work of lining of Faridkot Distributary is likely to be completed during the Fifth Five-Year Plan.

(ii) The work has since been started at R.D. 64000 Faridkot Distributary near village Sandhwan.

[(i) ਫਰੀਦਕੋਟ ਰਜਬਾਹੇ ਦੀ ਲਾਈਨਿੰਗ ਦਾ ਕੰਮ ਪੰਜਵੀਂ ਪੰਜ-ਸਾਲਾ ਯੋਜਨਾ ਦੇ ਦੌਰਾਨ ਮੁਕੰਮਲ ਹੋਣ ਦੀ ਸੰਭਾਵਨਾ ਹੈ ।

(ii) ਇਸ ਰਜਬਾਹੇ ਦੀ ਲਾਈਨਿੰਗ ਦਾ ਕੰਮ ਬੁਰਜੀ ਨੰ: 64000 ਪਿਡ ਸੰਧਵਾਂ ਦੇ ਨੇੜੇ ਸ਼ੁਰੂ ਹੋ ਚੁਕਿਆ ਹੈ ਜੀ ।]

ਕੋਟਕਪੂਰਾ ਅਤੇ ਫਰੀਦਕੋਟ ਵਿਚ ਅਪਗਰੇਡ ਕੀਤੇ ਗਏ ਸਕੂਲ

871. 1. ਸਰਦਾਰ ਜਸਵਿੰਦਰ ਸਿੰਘ ਬਰਾੜ
2. ਸਰਦਾਰ ਜਗਦੇਵ ਸਿੰਘ
3. ਸਰਦਾਰ ਸੁਖਦੇਵ ਸਿੰਘ ਢੀਂਡਸਾ } : ਕੀ ਵਿਦਿਆ ਮੰਤਰੀ ਜੀ ਕਿਰਪਾ ਕਰਕੇ ਦਸਣਗੇ ਕਿ 1973-74 ਦੇ ਦੌਰਾਨ ਕੋਟਕਪੂਰਾ ਅਤੇ ਫਰੀਦਕੋਟ ਵਿਚ ਦਰਜ਼ਾਵਾਰ ਕੁੱਲ ਕਿਤਨੇ ਪ੍ਰਾਇਮਰੀ, ਮਿਡਲ ਅਤੇ ਹਾਈ ਸਕੂਲ ਅਪਗ੍ਰੇਡ ਕੀਤੇ ਗਏ ?

Original with;
Punjab Vidhan Sabha
Digitized by;
Panjab Digital Library

ਸ਼੍ਰੀ ਗੁਰਮੇਲ ਸਿੰਘ : ਸਾਲ 1973-74 ਵਿਚ ਜ਼ਿਲ੍ਹਾ ਫ਼ਰੀਦਕੋਟ ਵਿਚ ਅਪਗ੍ਰੇਡ ਕੀਤੇ ਸਕੂਲਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ—

(ੳ) ਪ੍ਰਾਇਮਰੀ ਤੋਂ ਮਿਡਲ .. 9

(ਅ) ਮਿਡਲ ਤੋਂ ਹਾਈ .. 4

(ੲ) ਹਾਈ ਸਕੂਲ ਤੋਂ ਹਾਇਰ ਸੈਕੰਡਰੀ .. ਕੋਈ ਨਹੀਂ

ਕੋਟਕਪੂਰਾ ਇਲਾਕੇ ਵਿਚ ਕੋਈ ਸਕੂਲ ਅਪਗ੍ਰੇਡ ਨਹੀਂ ਕੀਤਾ ਗਿਆ ।

DEEP TUBEWELLS BEING BORED IN CERTAIN AREAS OF KOTKAPURA AND FARIDKOT ASSEMBLY CONSTITUENCIES

872. **Sardar Jaswinder Singh Brar**
Sardar Sukhdev Singh Dhindsa
Sardar Jagdev Singh : Will the Minister for Agriculture and Forests be pleased to state—

(a) whether it is a fact that deep tubewells are being bored by the Punjab State Tube-well Corporation set up by the State Government in such areas of Kotkapura and Faridkot Assembly constituencies where the water is impure;

(b) if the reply to part (a) above be in the negative, whether the Government proposes to bore deep tubewells at such places where the water is impure ?

Sardar Gurbakhsh Singh Sibia (Minister of State for Irrigation and Power): (a) and (b) No, Sir.

[(ੲ) ਅਤੇ (ਬੀ) ਨਹੀਂ ਜੀ ।]

PLOTS ALLOTTED TO HARIJANS FOR CONSTRUCTION OF HOUSES

873. **Sardar Jagdev Singh**
Sardar Jaswinder Singh Brar
Sardar Sukhdev Singh Dhindsa Will the Minister of State for Housing be pleased to state—

(a) the number of residential plots allotted to the Harijans in the State during, 1972-73 and 1973-74, districtwise ;

(b) the number of such plots, the possession of which has since been given to the allottees ;

(c) the extent and nature of financial assistance given by the Government to the said Harijans for the construction of houses ,

(d) the criteria adopted for giving financial assistance ?

Original with;
Punjab Vidhan Sabha
Digitized by;
Panjab Digital Library

Mrs. Gurbrinder Kaur Brar : (a) The seheme for the provision of house sites has been conceived to provide house sites free of cost to families of landless workers in the rural areas who do not own a house site or a built up house or a hut on land of their own. The conditions for allotment of house sites are given in the statement "A", annexed.

It would be seen that there is no distinction between Harijans and non-Harijans in the matter of eligibility for allotment of house sites. As such, no separate record has been maintained of allotments of sites made to Harijans.

(b), (c) and (d) } In view of answer to part (a) above, question does not arise.

[(ਏ) ਇਸ ਸਕੀਮ ਦਾ ਮੰਤਵ ਉਨ੍ਹਾਂ ਬੇ-ਘਰੇ ਭੂਮੀ ਰਹਿਤ ਕਿਰਤੀਆਂ ਨੂੰ ਮਕਾਨ ਉਸਾਰੀ ਲਈ ਪਿੰਡਾਂ ਵਿਚ ਮੁਫਤ ਪਲਾਟ ਦੇਣਾ ਹੈ ਜਿਨ੍ਹਾਂ ਪਰਿਵਾਰਾਂ ਪਾਸ ਪਿੰਡਾਂ ਜਾਂ ਪੇਂਡੂ ਇਲਾਕੇ ਵਿਚ ਨਾ ਤਾਂ ਕੋਈ ਮਕਾਨ ਹੋਵੇ ਅਤੇ ਨਾ ਹੀ ਕੋਈ ਭੋਂ ਹੋਵੇ । ਮਕਾਨ ਉਸਾਰੀ ਲਈ ਪਲਾਟਾਂ ਦੀ ਵੰਡ ਲਈ ਜੋ ਸ਼ਰਤਾਂ ਹਨ, ਉਹ ਨਾਲ ਨੱਥੀ ਸੂਚੀ "ਏ" ਵਿਚ ਦਿਤੀਆਂ ਗਈਆਂ ਹਨ ।

ਇਸ ਦੇ ਵਾਚਣ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਸ ਸਕੀਮ ਅਧੀਨ ਪਲਾਟ ਦੀ ਅਲਾਟਮੈਂਟ ਸਬੰਧੀ ਹਰੀਜਨ ਅਤੇ ਗੈਰ-ਹਰੀਜਨ ਵਿਚ ਕੋਈ ਭੇਦ-ਭਾਵ ਨਹੀਂ । ਇਸ ਲਈ ਹਰੀਜਨਾਂ ਨੂੰ ਦਿਤੇ ਗਏ ਪਲਾਟਾਂ ਬਾਰੇ ਕੋਈ ਵੱਖਰਾ ਰਿਕਾਰਡ ਨਹੀਂ ਬਣਾਇਆ ਗਿਆ ।

(ਬੀ), (ਸੀ) ਅਤੇ (ਡੀ) ਭਾਗ (ਏ) ਦੇ ਉੱਤਰ ਨੂੰ ਮੁੱਖ ਰਖਦੇ ਹੋਏ ਇਨ੍ਹਾਂ ਭਾਗਾਂ ਦੇ ਉੱਤਰ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।]

STATEMENT "A"

Criteria for allotment of house sites to the rural landless workers.

House sites can be allotted to families of landless workers in rural areas, provided—

(i) Neither the head of the family, nor any of its other members own any land whatsoever (agricultural or otherwise) in the village/rural areas;

(ii) the family depends for its livelihood mainly on the unskilled labour of its members (e.g. landless agricultural workers) ; and

(iii) the members of the family reside in the village/rural area for the major part of the year ;

For the purpose of this scheme, the term family will be deemed to consist of the workers, his wife and dependent parents/Children.

Original with;
Punjab Vidhan Sabha
Digitized by;
Panjab Digital Library

[Minister of State for Housing]

[ਸੂਚੀ 'ਏ'

ਭੂਮੀ-ਰਹਿਤ ਕਿਰਤੀਆਂ ਨੂੰ ਪਲਾਟਾਂ ਦੀ ਅਲਾਟਮੈਂਟ ਸਬੰਧੀ ਕਰੀਟੇਰੀਆ (criteria)-

ਇਸ ਸਕੀਮ ਅਧੀਨ ਕੇਵਲ ਉਹ ਯੋਗ ਪੇਂਡੂ ਭੂਮੀ ਰਹਿਤ ਪਰਿਵਾਰ ਹੀ ਲਾਭ ਦੇ ਪਾਤਰ ਹੋਣਗੇ ਜੇਕਰ :—

1. ਨਾ ਤਾਂ ਪਰਿਵਾਰ ਦੇ ਮੁਖੀ ਅਤੇ ਨਾ ਹੀ ਉਸ ਦੇ ਕਿਸੇ ਹੋਰ ਮੈਂਬਰ ਪਾਸ ਪਿੰਡ ਜਾਂ ਪੇਂਡੂ ਇਲਾਕੇ ਵਿਚ ਕੋਈ ਭੋਂ ਹੋਵੇ (ਭਾਵ ਖੇਤੀ ਬਾੜੀ ਲਈ ਜਾਂ ਵੈਸੇ);

2. ਟੱਬਰ ਵਧੇਰੇ ਤੌਰ ਤੇ ਮੈਂਬਰਾਂ ਦੀ ਅਨਸਿਖਿਅਤ ਕਿਰਤ ਤੇ ਨਿਰਭਰ ਹੋਵੇਗਾ (ਮਿਸਾਲ ਵਜੋਂ ਭੂਮੀ ਰਹਿਤ ਖੇਤੀ ਬਾੜੀ ਵਾਲੇ ਕਾਮੇ); ਅਤੇ

3. ਟੱਬਰ ਦੇ ਸਾਰੇ ਮੈਂਬਰ ਸਾਲ ਵਿਚ ਵਧੇਰੇ ਸਮੇਂ ਲਈ ਪਿੰਡ ਜਾਂ ਪੇਂਡੂ ਇਲਾਕੇ ਵਿਚ ਰਹਿੰਦੇ ਹੋਣ ।

ਇਸ ਸਕੀਮ ਲਈ 'ਟੱਬਰ' ਤੋਂ ਇਹ ਭਾਵ ਹੈ ਕਿ, ਕਿਰਤੀ, ਉਸਦੀ ਪਤਨੀ ਅਤੇ ਉਸ ਤੇ ਨਿਰਭਰ ਮਾਂ, ਪਿਓ/ਬੱਚੇ ।]

ਸਰਕਾਰ ਦੁਆਰਾ ਦਯਾਨੰਦ ਮੈਡੀਕਲ ਕਾਲਜ, ਲੁਧਿਆਣਾ ਨੂੰ ਆਪਣੇ ਅਧਿਕਾਰ ਅਧੀਨ ਲੈਣਾ

874. **ਸਰਦਾਰ ਜਸਵਿੰਦਰ ਸਿੰਘ ਬਰਾੜ**
ਸਰਦਾਰ ਸੁਖਦੇਵ ਸਿੰਘ ਢੀਂਡਸਾ
ਸਰਦਾਰ ਜਗਦੇਵ ਸਿੰਘ } ਕੀ ਸਿਹਤ ਅਤੇ ਪਰਿਵਾਰ ਨਿਯੋਜਨ

ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਦਯਾਨੰਦ ਮੈਡੀਕਲ ਕਾਲਜ, ਲੁਧਿਆਣਾ ਨੂੰ ਕਿਸ ਸਮੇਂ ਤਕ ਸਰਕਾਰ ਦੁਆਰਾ ਆਪਣੇ ਅਧਿਕਾਰ ਅਧੀਨ ਲਏ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਗੁਰਮੇਲ ਸਿੰਘ (ਸਿਖਿਆ ਮੰਤਰੀ) : ਕਿਉਂਕਿ ਦਯਾਨੰਦ ਮੈਡੀਕਲ ਕਾਲਜ, ਲੁਧਿਆਣਾ ਦੀਆਂ ਲੈਣਦਾਰੀਆਂ ਅਤੇ ਦੇਣਦਾਰੀਆਂ ਦੇ ਪੂਰੇ ਵੇਰਵੇ ਇਕੱਤਰ ਨਹੀਂ ਹੋਏ ਅਤੇ ਨਾ ਹੀ ਕਾਲਜ ਦੀ ਸੰਪਤੀ ਸਰਕਾਰ ਨੂੰ ਸੌਂਪਣ ਬਾਰੇ ਕੋਈ ਫੈਸਲਾ ਲਿਆ ਗਿਆ ਹੈ । ਇਸ ਕਰਕੇ ਨਿਸ਼ਚੇ ਨਾਲ ਨਹੀਂ ਦਸਿਆ ਜਾ ਸਕਦਾ ਕਿ ਇਸ ਕਾਲਜ ਨੂੰ ਸਰਕਾਰ ਆਪਣੇ ਅਧਿਕਾਰ ਖੇਤਰ ਵਿਚ ਕਦੋਂ ਲੈਣ ਵਿਚ ਸਮਰੱਥ ਹੋਵੇਗੀ ।

UNSTARRED QUESTION NO. 875

ਅ:ਸ:ਪ: ਨੰ: 7495-3 ਐਚ.ਜੀ.-74/
ਹਾਊਸਿੰਗ ਮੰਤਰੀ, ਵਿਭਾਗ, ਪੰਜਾਬ
ਚੰਡੀਗੜ੍ਹ ।

ਪਿਆਰੇ,

ਸਭਾ ਦੇ ਤਾਰਾ ਰਹਿਤ ਸਵਾਲ ਨੰ: 875 ਜੋ ਮਿਤੀ 5 ਅਗਸਤ, 1974 ਲਈ ਸਵਾਲਾਂ ਦੀ ਸੂਚੀ ਵਿਚ ਕਾਮਰੇਡ ਸੱਤ ਪਾਲ ਡਾਂਗ ਐਮ.ਐਲ.ਏ. ਦੇ ਵਲੋਂ/ਨਾਂ ਹੇਠ ਦਰਜ ਹੈ,

Original with;
Punjab Vidhan Sabha
Digitized by;
Panjab Digital Library

ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ । ਇਹ ਸੂਚਨਾ ਸਪੀਕਰ ਸਾਹਿਬ ਦੀ ਸੇਵਾ ਵਿਚ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਪੰਜਾਬ ਵਿਧਾਨ ਸਭਾ ਵਿਚ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਂ ਦੇ ਨਿਯਮ 41 ਦੇ ਉਪਬੰਧ (11) ਅਧੀਨ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਦੀ ਖੇਚਲ ਕੀਤੀ ਜਾਵੇ । ਇਸ ਸਵਾਲ ਨੂੰ ਮਿਤੀ 16 ਅਗਸਤ, 1974 ਤੋਂ ਪਿਛੋਂ ਦੀ ਕਿਸੇ ਮਿਤੀ ਦੀ ਸਵਾਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾਲਤਾ ਕੀਤੀ ਜਾਵੇ ।

ਹਿਤੂ
(ਗੁਰਬਰਿੰਦਰ ਕੌਰ)

ਸ੍ਰੀ ਕੇਵਲ ਕ੍ਰਿਸ਼ਨ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

TRANSFER OF OWNERSHIP RIGHTS OF HOUSE SITES ALLOTTED FREE OF CHARGE TO RURAL AREA WORKERS

876. Comrade Satya Pal Dang : Will the Minister of State for Housing be pleased to state, whether any steps are being taken by the Government to transfer ownership rights of house-sites to rural wage workers who have been allotted free house sites out of the area of Panchayats or Government acquired lands ; if so, the details thereof ?

Mrs. Gurbrinder Kaur Brar : Sites for the construction of houses, free of cost, have been allotted and made over to eligible landless workers, under the scheme for the provision of house-sites to landless workers in rural areas. Sites have been created on lands made available by the local gram Panchayats and on Government owned lands. In both cases the allottees have been given all the rights to which any land owner is entitled. To ensure that the benefit of the allotment accrues to the allottee and to his legal heirs, the allottee has been debarred from selling , gifting, mortgaging or transferring the plot in any other manner. The afore-stated right of ownership shall pass on to the legal heir of the present allottees, subject to the same conditions.

[ਪਿੰਡਾਂ ਵਿਚ ਭੂਮੀ ਰਹਿਤ ਕਿਰਤੀਆਂ ਨੂੰ ਮਕਾਨ ਉਸਾਰੀ ਲਈ ਪਲਾਟ ਦੇਣ ਦੀ ਸਕੀਮ ਅਧੀਨ ਯੋਗ ਭੂਮੀ ਰਹਿਤ ਕਿਰਤੀਆਂ ਨੂੰ ਮੁਫਤ ਪਲਾਟ ਦਿਤੇ ਜਾ ਚੁੱਕੇ ਹਨ । ਇਹ ਪਲਾਟ ਲੋਕਲ ਪੰਚਾਇਤਾਂ ਵਲੋਂ ਦਿਤੀ ਗਈ ਭੋਂ ਅਤੇ ਸਰਕਾਰੀ ਭੋਂ ਤੇ ਦਿਤੇ ਗਏ ਹਨ । ਦੋਨਾਂ ਸੂਰਤਾਂ ਵਿਚ ਅਲਾਟੀਆਂ ਨੂੰ ਉਹ ਸਾਰੇ ਹੱਕ ਦੇ ਦਿੱਤੇ ਹਨ, ਜਿਹੜੇ ਇਕ ਜ਼ਮੀਨ ਦੇ ਮਾਲਕ ਨੂੰ ਹੁੰਦੇ ਹਨ । ਇਸ ਗੱਲ ਨੂੰ ਪੱਕਾ ਕਰਨ ਲਈ ਕਿ ਅਲਾਟਮੈਂਟ ਦਾ ਲਾਭ ਕੇਵਲ ਅਲਾਟੀ ਜਾਂ ਉਸਦੇ ਕਾਨੂੰਨੀ ਵਾਰਸ ਹੀ ਉਠਾ ਸਕਣ, ਅਲਾਟੀ ਨੂੰ ਪਲਾਟ ਵੇਚਣ, ਹਿੱਬਾ ਜਾਂ ਗਿਰਵੀ ਰੱਖਣ ਜਾਂ ਕਿਸੇ ਹੋਰ ਪ੍ਰਕਾਰ ਨਾਲ ਮੁੰਤਕਿਲ ਕਰਨ ਤੋਂ ਰੋਕ ਲਾ ਦਿਤੀ ਹੈ । ਉਪਰੋਕਤ ਮਾਲਕੀ ਦੇ ਸਾਰੇ ਹੱਕ ਉਸਦੇ ਕਾਨੂੰਨੀ ਵਾਰਸਾਂ ਨੂੰ ਮੁੰਤਕਿਲ ਹੋਣਗੇ ਅਤੇ ਉਨ੍ਹਾਂ ਨੂੰ ਵੀ ਉਕਤ ਸ਼ਰਤਾਂ ਦੀ ਪੂਰੀ ਪੂਰਤੀ ਕਰਨੀ ਹੋਵੇਗੀ ।]

Original with;
Punjab Vidhan Sabha
Digitized by;
Panjab Digital Library

CONSTRUCTION OF HOUSES ON FREE HOUSE SITES ALLOTTED IN RURAL AREAS

877. **Comrade Satya Pal Dang** : Will the Minister of State for Housing be pleased to state the details of the steps being taken by the Government to enable allottees of free house sites in rural areas to build houses thereon ?

Mrs. Gurbrinder Kaur Brar: With a view to assisting allottees of house-sites to build worthwhile houses thereon, the Housing Department procured an allocation of Rs. 80 crores, in 1973-74. Originally, it was intended that the Housing Department would advance suitable loans to the eligible persons. On further consideration, it was felt that the afore-stated outlay could be enlarged upon many times if it was transferred to the Co-operative Department which would be able to raise suitable loans from the Life Insurance Corporation of India. It was accordingly decided to transfer the said outlay to the Co-operative Department, with the understanding that the said Department would, through its field staff, set up Co-operative Housing Societies, constituted by the homeless persons allotted sites, and advance suitable loans to the members of such societies. The work of organising Co-operative Housing Societies of the homeless persons has already been initiated by the Co-operative Department.

[ਮਕਾਨ ਉਸਾਰੀ ਵਿਭਾਗ ਨੇ ਸਾਲ 1973–74 ਵਿਚ .80 ਕਰੋੜ ਰੁਪਏ ਦੀ ਰਾਸ਼ੀ, ਇਸ ਗੱਲ ਨੂੰ ਮੁੱਖ ਰਖਦੇ ਹੋਏ ਪ੍ਰਾਪਤ ਕੀਤੀ ਤਾਂ ਜੋ, ਉਨ੍ਹਾਂ ਵਿਅਕਤੀਆਂ ਨੂੰ ਜਿਨਾਂ ਨੂੰ ਮਕਾਨ ਉਸਾਰੀ ਲਈ ਪਲਾਟ ਦਿਤੇ ਗਏ ਹਨ, ਉਹ ਦਿਤੇ ਗਏ ਪਲਾਟਾਂ ਤੇ ਚੰਗੇ ਮਕਾਨ ਉਸਾਰ ਸੱਕਣ । ਅਰੰਭ ਵਿਚ ਇਹ ਇਰਾਦਾ ਸੀ ਕਿ ਮਕਾਨ ਉਸਾਰੀ ਵਿਭਾਗ, ਯੋਗ ਵਿਅਕਤੀਆਂ ਨੂੰ ਢੁਕਵਾਂ ਕਰਜ਼ਾ ਦੇਵੇਗਾ । ਇਸ ਨੂੰ ਮੁੜ ਵਿਚਾਰਨ ਉਪਰੰਤ ਇਹ ਮਹਿਸੂਸ ਕੀਤਾ ਗਿਆ ਕਿ ਉਪਰੋਕਤ ਲਾਗਤ (outlay) ਨੂੰ ਕਈ ਗੁਣਾ ਵਧਾਇਆ ਜਾ ਸਕਦਾ ਹੈ ਜੇਕਰ ਇਸ ਨੂੰ ਸਹਿਕਾਰੀ ਵਿਭਾਗ ਨੂੰ ਸੌਂਪ ਦਿਤਾ ਜਾਵੇ, ਜੋ ਕਿ ਇਸ ਸਬੰਧ ਵਿਚ ਭਾਰਤ ਜੀਵਨ ਬੀਮਾ ਨਿਗਮ ਕੋਲੋਂ ਯੋਗ ਕਰਜ਼ਾ ਲੈ ਸਕਦੇ ਹਨ । ਇਸ ਅਨੁਸਾਰ ਇਹ ਫੈਸਲਾ ਕੀਤਾ ਗਿਆ ਕਿ ਇਹ ਖਰਚ (outlay) ਸਹਿਕਾਰੀ ਵਿਭਾਗ ਨੂੰ, ਇਸ ਗੱਲ ਨੂੰ ਮੁੱਖ ਰਖਦੇ ਹੋਏ ਸੌਂਪ ਦਿਤਾ ਕਿ ਉਕਤ ਵਿਭਾਗ ਆਪਣੇ ਖੇਤਰ ਦੇ ਅਮਲੇ ਦੀ ਮਾਰਫਤ, ਜਿਨ੍ਹਾਂ ਭੂਮੀ ਰਹਿਤ ਕਿਰਤੀਆਂ ਨੂੰ ਪਲਾਟ ਦਿਤੇ ਗਏ ਹਨ, ਲਈ ਮਕਾਨ ਉਸਾਰਨ ਲਈ ਸਹਿਕਾਰੀ ਸੁਸਾਇਟੀਆਂ ਬਨਾਉਣ ਅਤੇ ਇਨ੍ਹਾਂ ਸੁਸਾਇਟੀਆਂ ਦੇ ਮੈਂਬਰਾਂ ਨੂੰ ਯੋਗ ਕਰਜ਼ਾ ਦੇਣ । ਸਹਿਕਾਰੀ ਵਿਭਾਗ ਵਲੋਂ ਭੂਮੀ ਰਹਿਤ ਕਿਰਤੀਆਂ ਨੂੰ ਮਕਾਨ ਉਸਾਰੀ ਲਈ ਸਹਿਕਾਰੀ ਸੁਸਾਇਟੀਆਂ ਦੇ ਸੰਗਠਨ ਦਾ ਕੰਮ ਅਰੰਭ ਕੀਤਾ ਜਾ ਚੁੱਕਾ ਹੈ ।]

ਜੇਲ੍ਹਾਂ ਵਿਚ ਕੈਦੀਆਂ ਨੂੰ ਸ਼੍ਰੇਣੀਬੱਧ ਕਰਨ ਲਈ ਅਪਣਾਈ ਗਈ ਕਸੌਟੀ

878. **ਕਾਮਰੇਡ ਸੱਤ ਪਾਲ ਡਾਂਗ** : ਕੀ ਆਬਕਾਰੀ ਅਤੇ ਕਰ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਸਰਕਾਰ ਦੁਆਰਾ ਜੇਲ੍ਹਾਂ ਵਿਚ ਕੈਦੀਆਂ ਨੂੰ ਸ਼੍ਰੇਣੀਬੱਧ ਕਰਨ ਲਈ ਕੋਈ ਨਵੀਂ ਕਸੌਟੀ ਅਪਣਾਈ ਗਈ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦਾ ਵੇਰਵਾ ਕੀ ਹੈ ?

ਸ਼੍ਰੀ ਯੱਸ਼ ਪਾਲ : ਜੀ ਹਾਂ । ਜੇ ਕੋਈ ਕੈਦੀ ਹੇਠ ਦੱਸੀਆਂ ਯੋਗਤਾਵਾਂ ਵਿਚੋਂ ਕੋਈ ਇਕ ਯੋਗਤਾ ਰੱਖਦਾ ਹੋਵੇ ਤਾਂ ਉਸ ਨੂੰ 'ਬੀ' ਕਲਾਸ ਕੈਦੀ ਦੀ ਸ਼੍ਰੇਣੀ ਵਿਚ ਰਖਿਆ ਜਾਂਦਾ ਹੈ ।

Original with;
Punjab Vidhan Sabha
Digitized by;
Panjab Digital Library

1. ਕਿਸੇ ਫੈਕਲਟੀ ਦੀ ਗਰੈਜੂਏਸ਼ਨ ਜਾਂ ਪੰਜਾਬੀ ਜਾਂ ਹਿੰਦੀ ਦੀ ਆਨਰਜ਼ (ਗਿਆਨੀ ਜਾਂ ਪ੍ਰਭਾਕਰ)

2. ਪਾਰਲੀਮੈਂਟ ਜਾਂ ਵਿਧਾਨ ਸਭਾ ਦਾ ਮੌਜੂਦਾ ਜਾਂ ਸਾਬਕਾ ਮੈਂਬਰ ਹੋਵੇ ।

3. ਅਜਿਹੇ ਵਿਅਕਤੀ ਜਿਹੜੇ ਮਿਊਂਸਪਲ ਕਮਿਸ਼ਨਰ, ਪੰਚਾਇਤ ਜਾਂ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਜਾਂ ਇਸ ਦੇ ਬਰਾਬਰ ਦੇ ਰੁਤਬੇ ਵਾਲੇ ਹੋਣ ਜਾਂ ਰਹੇ ਹੋਣ ।

ਰਾਜ ਸਰਕਾਰ ਨੂੰ ਕਿਸੇ ਸਮਾਜਕ/ਸਿਆਸੀ ਰੁਤਬੇ ਵਾਲੇ ਵਿਅਕਤੀ ਦੇ ਪੱਖ ਵਿਚ ਚੰਗੇਰਾ ਵਰਗੀਕਰਣ ਕਰਨ ਲਈ ਉਪਰੋਕਤ ਸ਼ਰਤਾਂ ਵਿਚ ਛੋਟ ਕਰਨ ਦੇ ਅਖਤਿਆਰ ਹੋਣਗੇ ।

DISPUTED CASES OF AGRICULTURAL WORKERS

879. Comrade Satya Pal Dang : Will the Minister for Finance be pleased to state whether cases of Nakabandi of agricultural workers at the hands of farmers due to wages or other disputes were brought to the notice of the Labour Department since 1st April, 1974 to date; if so, their number and the action taken in each case ?

Shri Hans Raj Sharma : Three complaints were received which were sent to the competent authorities viz. the Deputy Commissioners of the districts concerned and District Welfare Officers for redressal of grievance and appropriate action.

[ਇਸ ਸਬੰਧ ਵਿਚ ਤਿੰਨ ਸ਼ਕਾਇਤਾਂ ਵਸੂਲ ਹੋਈਆਂ, ਜਿਨ੍ਹਾਂ ਨੂੰ ਸਮਰੱਥ ਅਧਿਕਾਰੀਆਂ ਅਰਥਾਤ ਜ਼ਿਲ੍ਹੇ ਦੇ ਸਬੰਧਤ ਡਿਪਟੀ ਕਮਿਸ਼ਨਰਾਂ ਅਤੇ ਜ਼ਿਲ੍ਹਾ ਭਲਾਈ ਅਫ਼ਸਰਾਂ ਨੂੰ ਸ਼ਕਾਇਤਾਂ ਨੂੰ ਨਿਵਾਰਣ ਅਤੇ ਯੋਗ ਕਾਰਵਾਈ ਕਰਨ ਲਈ ਭੇਜ ਦਿਤੀਆਂ ਗਈਆਂ ।]

MAN-DAYS LOST IN PRIVATE/PUBLIC SECTORS DUE TO STRIKES/ LOCK OUTS

880. Comrade Satya Pal Dang : Will the Minister for Finance be pleased to state—

(a) the total number of man-days lost due to strikes in the private sector and the public sector, separately, in the State during the year 1973 ;

(b) the number of man-days lost as a result of lock-outs in 1974 to-date in private and public sector separately ?

Shri Hans Raj Sharma :

(a)	Private Sector	..	44,601	man-days
	Public Sector	..	21,797	,,
(b)	Private Sector	..	2,524	,,
	Public Sector	..	Nil	,,

Original with;
Punjab Vidhan Sabha
Digitized by;
Panjab Digital Library

[Finance Minister]

[(ੳ)	ਪ੍ਰਾਈਵੇਟ ਖੇਤਰ	..	44,601	ਕਿਰਤ ਦਿਹਾੜੀਆਂ
	ਸਰਕਾਰੀ ਖੇਤਰ	..	21,797	,,
(ਅ)	ਪ੍ਰਾਈਵੇਟ ਖੇਤਰ	..	2,524	,,
	ਸਰਕਾਰੀ ਖੇਤਰ	..	ਕੋਈ ਨਹੀਂ।	,,]

UNSTARRED QUESTION NO. 881

ਵਿਧਾਨ ਸਭਾ ਦੇ ਸੁਆਲ ਨੰ: 881 ਜੋ ਮਿਤੀ 5 ਅਗਸਤ, 1974 ਲਈ ਅਨਸਟਾਰਡ ਸੁਆਲਾਂ ਦੀ ਸੂਚੀ ਵਿਚ ਸ਼੍ਰੀ ਜੈਗੀਰ ਸਿੰਘ ਜੋਗਾ ਐਮ.ਐਲ.ਏ. ਦੇ ਵਲੋਂ ਹੈ, ਦਾ ਜੁਆਬ ਅਜੇ ਤਿਆਰ ਨਹੀਂ ਹੋਇਆ ਹੈ।

ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿਤਾ ਜਾਵੇਗਾ।

ਸਹੀ/-
ਸਿਖਿਆ ਮੰਤਰੀ, ਪੰਜਾਬ,
ਮਿਤੀ 5 ਅਗਸਤ, 1974

ਸਕੱਤਰ,
ਪੰਜਾਬ ਵਿਧਾਨ ਸਭਾ।
ਗ:ਸ:ਪ: ਨੰ: 7425-ਸਿ. 1(2)-74/ ਮਿਤੀ 5-8-74।

UNSTARRED QUESTION NO. 882

ਵਿਧਾਨ ਸਭਾ ਦੇ ਸਵਾਲ ਨੰ: 882 ਜੋ ਮਿਤੀ 5 ਅਗਸਤ, 1974 ਲਈ ਅਨਸਟਾਰਡ ਸੁਆਲਾਂ ਦੀ ਸੂਚੀ ਵਿਚ ਸ਼੍ਰੀ ਜੈਗੀਰ ਸਿੰਘ ਜੋਗਾ, ਐਮ.ਐਲ.ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ।

ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿਤਾ ਜਾਵੇਗਾ।

ਸਹੀ/- ਗੁਰਮੇਲ ਸਿੰਘ
ਸਿਖਿਆ ਮੰਤਰੀ, ਪੰਜਾਬ।
ਮਿਤੀ 5 ਅਗਸਤ, 1974।

ਸਕੱਤਰ,
ਪੰਜਾਬ ਵਿਧਾਨ ਸਭਾ।
ਗ:ਸ: ਨੰ: 7633-ਸਿ 3(3)-74, ਚੰਡੀਗੜ੍ਹ ਮਿਤੀ 5 ਅਗਸਤ, 1974।

Original with;
Punjab Vidhan Sabha
Digitized by;
Panjab Digital Library

Amended reply to part (c) of Unstarred Question No. 846 by Comrade Satya Pal Dang re. construction of Building of the Government High School, Cheharta, District Amritsar.

ਸ਼੍ਰੀ ਗੁਰਮੇਲ ਸਿੰਘ: (ਸ) ਸਰਕਾਰੀ ਹਾਈ ਸਕੂਲ ਛੇਹਰਟਾ ਦੀ ਬਿਲਡਿੰਗ ਨਾਲ ਪਈ ਜ਼ਮੀਨ ਨੂੰ ਵਿਦਿਆਰਥੀਆਂ ਦੇ ਖੇਡਣ ਵਾਸਤੇ ਗਰਾਊਂਡ ਬਣਾਏ ਜਾਣ ਦਾ ਆਦੇਸ਼ ਜ਼ਿਲ੍ਹਾ ਸਿਖਿਆ ਅਫ਼ਸਰ ਅੰਮ੍ਰਿਤਸਰ ਨੇ 12 ਨਵੰਬਰ, 1973 ਨੂੰ ਸਬੰਧਤ ਸਕੂਲ ਦੇ ਮੁੱਖੀ ਨੂੰ ਦਿਤਾ ਸੀ ਇਸ ਤੋਂ ਬਾਦ ਸਾਲ 1974 ਵਿਚ ਇਸ ਜ਼ਮੀਨ ਤੇ ਰੀਜਨਲ ਟੂਰਨਾਮੈਂਟ ਸਮੇਂ ਬੱਚਿਆਂ ਨੂੰ 15-20 ਦਿਨ ਲਈ ਖੇਡਾਂ ਦੀ ਪ੍ਰੈਕਟਿਸ ਵੀ ਕਰਵਾਈ ਗਈ। ਇਸ ਮੈਦਾਨ ਵਿਚ ਕਾਰਖਾਨਿਆਂ ਦਾ ਗੰਦਾ ਪਾਣੀ ਪੈਣ ਨਾਲ ਅਤੇ ਲੋਕਾਂ ਵਲੋਂ ਇਸ ਜ਼ਮੀਨ ਵਿਚ ਗੰਦਾ ਪਾਉਣ ਕਰਕੇ ਬੱਚਿਆਂ ਦਾ ਅਗੋਂ ਇਸ ਥਾਂ ਤੇ ਖੇਡਣਾ ਰੋਕਣਾ ਪਿਆ।

ਭਾਗ (ਸ) ਦਾ ਪਹਿਲਾ ਉੱਤਰ ਇਸ ਵਾਦਵਿਵਾਦ ਦੇ ਪੰਨਾ ਨੰ: 125 ਤੇ ਦੇਖੋ।

Original with;
Punjab Vidhan Sabha
Digitized by:
Panjab Digital Library

Original with;
Punjab Vidhan Sabha
Digitized by;
Panjab Digital Library

NO-CONFIDENCE MOTIONS

Mr. Speaker: I have received notices of two No-Confidence Motions in the Ministry under rule 58. The first is from Comrade Satya Pal Dang, M. L. A. Comrade Shamsher Singh Josh, M. L. A., Comrade Jangir Singh Joga, M.L.A., Comrade Dana Ram, M. L. A., Comrade Saghar Singh, M.L.A., Comrade Arjan Singh, M.L.A., Comrade Mehtab Singh M.L.A. and Comrade Darshan Singh Canadian M.L.A. and the second is from Sardar Parkash Singh Badal M.L.A., Sardar Surjit Singh Barnala, M.L.A., Sardar Ajaib Singh Sandhu M.L.A. and Sardar Jaswinder Singh Brar, M.L.A. Now I call upon Comrade Satya Pal Dang or any other signatory to seek leave of the House for moving the first No-Confidence Motion.

Comrade Satya Pal Dang : Sir, I beg to ask for leave to move the following No-Confidence Motion—

"This House expresses its lack of confidence in the present Ministry."

for the following reasons among others.

ਸ਼੍ਰੀ ਸਪੀਕਰ : ਡਾਂਗ ਸਾਹਿਬ, ਰੀਜ਼ਨ ਪੜ੍ਹਨ ਦੀ ਲੋੜ ਨਹੀਂ, ਇਹ ਸਰਕੂਲੇਟ ਕਰ ਦਿਤੇ ਹਨ (ਵਿਘਨ) (Dang Sahib, the reasons have already been circulated, so you need not read these out.) (*Interruption*).

ਕਾਮਰੇਡ ਸੱਤ ਪਾਲ ਡਾਂਗ : ਇਹ ਪੜ੍ਹਨੇ ਹੁੰਦੇ ਹਨ ਜੀ ।

ਆਵਾਜ਼ਾਂ : ਸਰਕੂਲੇਟ ਨਹੀਂ ਹੋਏ ਜੀ ।

ਕਾਮਰੇਡ ਸੱਤ ਪਾਲ ਡਾਂਗ : ਮੈਂਬਰਜ਼ ਕਹਿੰਦੇ ਹਨ ਕਿ ਸਰਕੂਲੇਟ ਨਹੀਂ ਹੋਏ । ਇਸ ਲਈ ਮੈਂ ਪੜ੍ਹ ਦਿੰਦਾ ਹਾਂ ਜੀ ।

ਸ਼੍ਰੀ ਸਪੀਕਰ : ਜੇ ਸਰਕੂਲੇਟ ਨਹੀਂ ਹੋਏ ਤਾਂ ਪੜ੍ਹ ਦਿਉ । (Please read these out if these have not already been circulated.)

Comrade Satya Pal Dang : The following are the grounds—

1. That no effective steps have been taken to check the price-rise spiral, increasing hoarding and profiteering and the policy of State-Trading in wheat reversed by Centre has not been restored and extended to all foodgrains despite the poor procurement, rise in prices and hoarding by landlords and foodgrain dealers.

2. Failure to implement the positive measures of the Punjab Land Reforms Act 1973 and sabotage of their implementation by Revenue Minister who is in league with Congress and Akali vested interests.

3. Following anti-working class labour policy.

Original with;
Punjab Vidhan Sabha
Digitized by;
Panjab Digital Library

[Comrade Satya pal Dang]

Non-implementation of commitments made to large sections of workers and employees and adoption of anti-democratic measures and use of brutal repression against Railway and Electricity workers and others and large-scale victimisation and transfers on political grounds, in particular of teachers and electricity employees.

4. Reversal of the declared policy of progressive nationalisation by Transport Minister in league with Private transport vested interests and favouritism shown in giving profit earning routes to private transporters at the cost of Punjab Roadways and open and naked efforts at Government level to disrupt and weaken Punjab Roadways Workers, Union.

Mr. Speaker : The Motion is in order. It reads —

"This House expresses its lack of confidence in the present Ministry".

Those hon. Members who are in favour of leave being granted may please rise in their places.

(Seven members rose in their seats)

Mr. Speaker : Since Only seven hon. Members have risen in favour of leave being granted which is less than the number required under rule 58(2) of the Rules of Procedure and Conduct of Business in the Punjab Legislative Assembly, the leave is refused.

Now I call upon Sardar Parkash Singh Badal or any other signatory to seek leave of the House for moving the second No-Confidence Motion.

Sardar Parkash Singh Badal : Sir, I beg to ask for leave to move the following No-Confidence Motion :—

"This House expresses its lack of confidence in the present Congress Ministry headed by Giani Zail Singh".

The following are the grounds :—

"1. Failure of the Govt. to arrest soaring rise of prices and to ensure fair distribution of necessities of life amongst common people of Punjab.

2. Total sell out of the economic interests of the Punjab through scrapping of State Trading in foodgrains with a view to helping the monopolists and vested interest at the cost of both the producers and consumers.

3. Failure to secure the vital interests of the State by way of ensuring adequate supply of diesel and proper distribution of agricultural inputs, diesel, coal, power, cement and industrial raw materials.

4. Failure to secure clearance by Central Govt. for Thein Dam and Anandpur Hydel Project, which are vital for the economic survival of the Punjab.

5. Breakdown of law and order, administrative discipline, total demoralisation right from the top of the State services and rampant corruption due to wide-spread political interference in State administration under the present Government.

Original with;
Punjab Vidhan Sabha
Digitized by;
Panjab Digital Library

6. Subversion by the present Government of the democratic processes in Local Self Government, Panchayati Raj, Land Mortgage Banks, Co-operative Institutions, elections through wholesale rejection of nomination papers of opposition candidates, wrong declaration of results and postponement of elections.

7. Repression of students, teachers, youth and trade union movements and destitution of salaried classes.

8. Subversion by Zail Singh Govt. of the Punjab Legislature through resorting to taxation by ordinances in violation of solemn promises made in the Vidhan Sabha, particularly by taxing the Kisans and the poor classes.

9. Failure of the present Govt. in social and economic uplift of scheduled castes and backward classes and its anti-Harijan policies in services and also in general.

Mr. Speaker : The Motion is in order. It reads—

"This House expresses its lack of confidence in the present Congress Ministry headed by Giani Zail Singh."

Those hon. Members who are in favour of leave being granted may please rise in their places.

(Twenty-four members rose in their seats.)

Mr. Speaker : Since twenty-four hon. Members have risen in their places who are morethan the number required under rule 58(2), the leave is granted.

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਸਪੀਕਰ ਸਾਹਿਬ, ਜਦੋਂ ਨੋ-ਕੰਫੀਡੈਂਸ ਮੋਸ਼ਨ ਮੂਵ ਹੋ ਜਾਏ ਔਰ ਐਡਮਿਟ ਹੋ ਜਾਵੇ ਤਾਂ ਉਸ ਤੋਂ ਬਾਅਦ ਕੋਈ ਕਾਰਵਾਈ ਨਹੀਂ ਕਰਨੀ ਚਾਹੀਦੀ । ਪਹਿਲਾਂ ਨੋ-ਕੰਫੀਡੈਂਸ ਮੋਸ਼ਨ ਦਾ ਫੈਸਲਾ ਹੋਣਾ ਚਾਹੀਦਾ ਹੈ । (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਨੋ-ਕੰਫੀਡੈਂਸ ਮੋਸ਼ਨ ਨਿਰੀ ਪੰਜਾਬ ਅਸੈਂਬਲੀ ਵਿਚ ਹੀ ਪੇਸ਼ ਨਹੀਂ ਹੁੰਦੀ, ਲੋਕ ਸਭਾ ਵਿਚ ਵੀ ਹੁੰਦੀਆਂ ਆਈਆਂ ਹਨ ਜਿਥੋਂ ਬਹੁਤ ਸਾਰੀਆਂ ਇਨਸਪੀਰੇਸ਼ਨਜ਼ ਪੰਜਾਬ ਗੌਰਮਿੰਟ ਲੈਂਦੀ ਹੈ । ਨੋ-ਕੰਫੀਡੈਂਸ ਮੋਸ਼ਨ ਇਕ ਚੁਰੀਕਾ ਹੁੰਦਾ ਹੈ ਸਰਕਾਰ ਦੀਆਂ ਬੇਸਿਕ ਪਾਲਿਸੀਆਂ ਨੂੰ ਡਿਸਕਸ ਕਰਨ ਦਾ ਉਸ ਦੇ ਲਈ ਸਫੀਸ਼ੈਂਟ ਟਾਈਮ ਚਾਹੀਦਾ ਹੈ ਅਤੇ ਘੱਟ ਤੋਂ ਘੱਟ ਦੋ ਦਿਨ ਚਾਹੀਦੇ ਹਨ ਔਰ ਇਸ ਤਰ੍ਹਾਂ ਤਾਂ ਕਦੇ ਵੀ ਲੋਕ ਸਭਾ ਵਿਚ ਨਹੀਂ ਹੋਇਆ ਜਿਸ ਤਰ੍ਹਾਂ ਕਿ ਚੀਫ ਮਨਿਸਟਰ ਸਾਹਿਬ ਨੇ ਕਹਿ ਦਿਤਾ ਹੈ ਕਿ ਅੱਜ ਹੀ ਹੋ ਜਾਵੇ । ਲੋਕ ਸਭਾ ਵਿਚ ਕੋਈ ਐਸਾ ਪ੍ਰੈਸੀਡੈਂਟ ਨਹੀਂ ਹੈ ਕਿ ਉਸ ਵੇਲੇ ਹੀ ਡਿਸਕਸ਼ਨ ਹੋ ਜਾਵੇ ।

ਸ੍ਰੀ ਸਪੀਕਰ . ਹੋ ਸਕਦੀ ਹੈ ਜੀ । (It can be discussed immediately.)

Original with;
Punjab Vidhan Sabha
Digitized by;
Panjab Digital Library

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਕਈ ਵਾਰੀ ਇਥੇ ਨੋ-ਕੰਫੀਡੈਂਸ ਮੋਸ਼ਨਜ਼ ਪੇਸ਼ ਹੋਈਆਂ, ਜੇ ਇਕ ਵਾਰੀ ਉਸ ਤੇ ਡਿਸਕਸ਼ਨ ਹੋ ਗਈ ਤਾਂ ਕੀ ਹੋਇਆ । ਇਥੇ ਕੀ ਹੁੰਦਾ ਰਿਹਾ ਕੀ ਨਹੀਂ, ਪਰ ਇਸ ਦੇ ਵਾਸਤੇ ਸਾਡਾ ਪ੍ਰੈਸੀਜ਼ਰ ਹੈ, ਰੂਲਜ਼ ਹਨ । ਇਸ ਦੇ ਵਾਸਤੇ ਪੂਰੇ ਤੌਰ ਤੇ ਦੋ ਦਿਨ ਚਾਹੀਦੇ ਹਨ । ਇਹ ਚੀਜ਼ ਬਿਲਕੁਲ ਕਲੀਅਰ ਹੈ ਕਿ ਇਸ ਗੱਲ ਤੇ ਦੋ ਦਿਨ ਅਲਾਟ ਕੀਤੇ ਜਾਣ । ਮੈਂ ਇਤਨੀ ਬੇਨਤੀ ਕਰਾਂਗਾ ਕਿ ਤੁਸੀਂ ਇਸ ਆਗਸਟ ਹਾਊਸ ਦੇ ਸਪੀਕਰ ਹੋ, ਉਨ੍ਹਾਂ ਦੇ ਸਾਥੀ ਨਹੀਂ; ਤੁਸੀਂ ਅਨਾਊਂਸ ਕਰ ਦਿਓ ਕੱਲ੍ਹ ਦੋ ਦਿਨ With the consultation of Leader of the Opposition and Leader of the House.

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਨੋ-ਕੰਫੀਡੈਂਸ ਮੋਸ਼ਨ ਅਲਾਓ ਹੋ ਜਾਣ ਤੋਂ ਬਾਅਦ ਉਸੇ ਵੇਲੇ ਉਸਤੇ ਡਿਸਕਸ਼ਨ ਹੋਣ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ । ਇਸ ਬਾਰੇ ਰੂਲਜ਼ ਬੜੇ ਕਲੀਅਰ ਹਨ ।

ਸ਼੍ਰੀ ਸਪੀਕਰ : ਇਸ ਅਸੈਂਬਲੀ ਵਿਚ 2 ਵਾਰੀ ਇਸ ਤਰ੍ਹਾਂ ਹੋ ਚੁਕਾ ਹੈ । (It has been done twice in this Assembly.)

ਡਾਕਟਰ ਬਲਦੇਵ ਪ੍ਰਕਾਸ਼ : ਮੈਂ ਰੈਲੇਵੈਂਟ ਰੂਲਜ਼ ਤੁਹਾਡੇ ਸਾਹਮਣੇ ਪੜ੍ਹ ਦਿੰਦਾ ਹਾਂ । ਪੇਜ 39 ਦਾ ਪੈਰਾ 3 ਹੈ....

Sub-rule (3) of Rule 58 of the Rules of Procedure and Conduct of Business in the Punjab Legislative Assembly reads as under:

> "If leave is granted under sub-rule (2), the Speaker may, after considering the state of business in the Assembly, allot a day or days or part of a day for the discussion of the motion."

ਇਹ ਜਿਹੜਾ ਸਾਨੂੰ ਅੱਜ ਦਾ ਬਿਜ਼ਨੈਸ ਦਿਤਾ ਗਿਆ ਹੈ ਇਸ ਦੇ ਵਿਚ ਨੋ-ਕੰਫੀਡੈਂਸ ਮੋਸ਼ਨ ਦਾ ਜ਼ਿਕਰ ਨਹੀਂ ਆਉਂਦਾ । ਜਿਹੜਾ ਅਸੈਂਬਲੀ ਦੇ ਸਾਹਮਣੇ ਅੱਜ ਦਾ ਬਿਜ਼ਨੈਸ ਹੈ ਉਹ ਹੋਵੇਗਾ । ਤੁਸੀਂ ਅਗਲੇ ਦਿਨ ਦੇ ਬਿਜ਼ਨੈਸ ਨੂੰ ਮੁੱਖ ਰਖਦੇ ਹੋਏ ਜਾਂ ਜਿਹੜਾ ਹਫਤੇ ਦਾ ਬਿਜ਼ਨੈਸ ਹੈ ਉਸ ਨੂੰ ਮੁੱਖ ਰਖਦੇ ਹੋਏ ਸਾਰੇ ਜਿਹੜੇ ਗਰੁੱਪਸ ਹਨ ਉਨ੍ਹਾਂ ਦੇ ਨੁਮਾਇੰਦਿਆਂ ਨੂੰ ਬੁਲਾ ਕੇ ਟਾਈਮ ਫਿਕਸ ਕਰੋ, ਨਹੀਂ ਤਾਂ ਸਾਰਾ ਪਰਪਜ਼ ਹੀ ਮੋਸ਼ਨ ਦਾ ਡਿਫੀਟ ਹੋ ਜਾਵੇਗਾ । ਅਸੀਂ ਤਾਂ ਅੱਜ ਇਸ ਦੇ ਵਾਸਤੇ ਤਿਆਰ ਹੋ ਕੇ ਨਹੀਂ ਆਏ । ਅੱਜ ਤਾਂ ਸਿਰਫ ਮੋਸ਼ਨ ਐਡਮਿਟ ਹੀ ਹੋਈ ਹੈ ।"

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਿਹੜਾ ਪੁਆਇੰਟ ਆਫ ਆਰਡਰ ਆਨਰੇਬਲ ਮੈਂਬਰ ਡਾਕਟਰ ਬਲਦੇਵ ਪ੍ਰਕਾਸ਼ ਨੇ ਉਠਾਇਆ ਹੈ ਮੈਂ ਉਸ ਦੇ ਉਤੇ ਇਹ ਅਰਜ਼ ਕਰਨੀ ਚਾਹੁੰਦਾ ਹਾਂ ਔਰ ਜਿਹੜਾ ਡਾਂਗ ਸਾਹਿਬ ਨੇ ਇਹ ਕਿਹਾ ਹੈ ਕਿ ਜੋ ਰੂਲ ਲੋਕ ਸਭਾ ਵਿਚ ਹੈ ਉਹ ਕਰਨਾ

Original with;
Punjab Vidhan Sabha
Digitized by;
Panjab Digital Library

ਚਾਹੀਦਾ ਹੈ । ਮੈਂ ਕਹਿੰਦਾ ਹਾਂ ਕਿ ਜੇਕਰ ਸਾਡੇ ਰੂਲਜ਼ ਸਪੈਸੀਫਿਕ ਨਾ ਹੋਣ ਜਾਂ ਕੋਈ ਐਸਾ ਮਸਲਾ ਹੋਵੇ ਜਿਹੜਾ ਕਿ ਅਸੀਂ ਆਪਣੇ ਰੂਲਜ਼ ਵਿਚ ਨਾ ਲਿਆਂਦਾ ਹੋਵੇ ਤਾਂ ਫਿਰ ਕਾਇਦਾ ਹੈ ਕਿ ਲੋਕ ਸਭਾ ਦੇ ਰੂਲਜ਼ ਲਾਗੂ ਕਰ ਲਵੋ । ਜੇ ਸਾਡੇ ਰੂਲਜ਼ ਕਲੀਅਰ ਹੋਣ ਅੰਰ ਇਸ ਹਾਊਸ ਦੇ ਪ੍ਰੈਸੀਡੈਂਟਸ ਹੋਣ ਤਾਂ ਫਿਰ ਸਾਨੂੰ ਆਪਣੇ ਰੂਲਜ਼ ਮੁਤਾਬਕ ਕਾਰਵਾਈ ਕਰਨੀ ਚਾਹੀਦੀ ਹੈ । ਡਾਕਟਰ ਬਲਦੇਵ ਪ੍ਰਕਾਸ਼ ਜੀ ਨੇ ਇਕ ਹੋਰ ਸੁਆਲ ਉਠਾਇਆ ਹੈ, ਮੈਂ ਮੰਨ ਸਕਦਾ ਹਾਂ ਕਿ ਇਸ ਬਾਰੇ ਡਾਕਟਰ ਬਲਦੇਵ ਪ੍ਰਕਾਸ਼ ਜੀ ਤਿਆਰ ਹੋ ਕੇ ਨਹੀਂ ਆਏ, ਉਨ੍ਹਾਂ ਦੇ ਸਾਥੀਆਂ ਨੇ ਸ਼ਾਇਦ ਉਨ੍ਹਾਂ ਨੂੰ ਕੰਫੀਡੈਂਸ ਵਿਚ ਨਹੀਂ ਲਿਆ ਲੇਕਿਨ ਜਿਨ੍ਹਾਂ ਨੇ ਨੋ-ਕੰਫੀਡੈਂਸ ਮੋਸ਼ਨ ਦਿਤੀ ਹੈ ਉਹ ਇਹ ਗੱਲ ਕਹਿਣ ਕਿ ਉਹ ਤਿਆਰ ਹੋ ਕੇ ਨਹੀਂ ਆਏ, ਇਹ ਮੇਰੀ ਸਮਝ ਤੋਂ ਬਾਹਰ ਦੀ ਗੱਲ ਹੈ । ਜੇ ਉਹ ਤਿਆਰ ਹੋ ਕੇ ਹੀ ਨਹੀਂ ਆਏ ਤਾਂ ਮੋਸ਼ਨ ਦੇਣ ਦੀ ਕੋਈ ਲੋੜ ਨਹੀਂ ਸੀ । ਸਪੀਕਰ ਸਾਹਿਬ, 2-3 ਚੀਜ਼ਾਂ ਹਨ, ਜਿਨ੍ਹਾਂ ਬਾਰੇ ਰੂਲਜ਼ ਬੜੇ ਕਲੀਅਰ ਹਨ । ਰੂਲਜ਼ 58 ਅਤੇ 38 ਹੈ ਮੈਂ ਉਨ੍ਹਾਂ ਨੂੰ ਸਾਰਾ ਤਾਂ ਨਹੀਂ ਪੜ੍ਹਦਾ ਸਬ-ਸੈਕਸ਼ਨ 2 ਦੇ ਥਲੇ ਦਿਤਾ ਹੈ :

"If the Speaker is of opinion that the motion is in order he shall read the motion to the Assembly and shall request those members who are in favour of leave being granted to rise in their place,....

ਜਿਹੜਾ ਡਾਕਟਰ ਬਲਦੇਵ ਪ੍ਰਕਾਸ਼ ਜੀ ਨੇ ਕਿਹਾ ਹੈ ਕਿ ਸਾਡੇ ਅੱਜ ਦੇ ਬਿਜ਼ਨੈਸ ਵਿਚ ਇਹ ਹੈ ਹੀ ਨਹੀਂ, ਇਸ ਬਾਰੇ ਪਤਾ ਹੀ ਨਹੀਂ ਸੀ ਕਿ ਇਹ ਮੋਸ਼ਨ ਇਨ ਆਰਡਰ ਹੈ ਵੀ ਜਾਂ ਨਹੀਂ । ਸਪੀਕਰ ਸਾਹਿਬ, ਮੈਂ ਕਲੀਅਰਲੀ ਕਹਿੰਦਾ ਹਾਂ the motion is in order, but it does not mean that the leave has been granted.

Mr. Speaker : The leave has already been granted.

Captain Rattan Singh : Sir, leave has been granted but it has not been put in the List of Business....

ਜਿਹੜਾ ਇਹ ਹੈ ਕਿ ਸਾਡੇ ਲਿਸਟ ਆਫ ਬਿਜ਼ਨੈਸ ਵਿਚ ਨਹੀਂ ਹੈ । ਮੇਰੀ ਅਰਜ਼ ਹੈ ਕਿ ਪਹਿਲਾਂ ਸਾਡੇ ਸਾਹਮਣੇ ਮੋਸ਼ਨ ਆਈ । ਪਹਿਲਾਂ ਤੁਸੀਂ ਸੁਪੋਜ਼ ਹੀ ਨਹੀਂ ਕਰ ਸਕਦੇ ਕਿ ਆਇਆ ਛੀਵ ਗ੍ਰਾਂਟ ਹੋ ਜਾਏਗੀ । ਇਸ ਲਈ ਇਹ ਚੀਜ਼ ਪਹਿਲਾਂ ਬਿਜ਼ਨੈਸ ਵਿਚ ਨਹੀਂ ਆ ਸਕਦੀ । ਮੈਂ ਸਮਝਦਾ ਹਾਂ ਕਿ ਬਜਾਏ ਇਸ ਦੇ ਕਿ ਆਪੋਜ਼ੀਸ਼ਨ ਸ਼ੁਡ ਥੀ ਹੈਪੀ ਕਿ ਗੌਰਮਿੰਟ ਨੇ ਉਸ ਨੂੰ ਫੁਲ ਅਪਰਚੂਨਿਟੀ ਦਿਤੀ ਹੈ, The Government is not prepared to transact any business now. I think this should be appreciated. ਜਿਹੜਾ ਡਾਕਟਰ ਸਾਹਿਬ ਨੇ ਰੂਲ ਪੜ੍ਹ ਕੇ ਦਸਿਆ ਹੈ, ਉਸ ਦੀ ਇੰਟਰਪਰੈਟੇਸ਼ਨ ਜਿਹੜੀ ਕੀਤੀ ਹੈ, ਮੈਂ ਡਾਕਟਰ ਸਾਹਿਬ ਨੂੰ ਕਹਿੰਦਾ ਹਾਂ ਕਿ ਡਾਕਟਰ ਸਾਹਿਬ ਤੁਸੀਂ ਪੁਰਾਣੇ ਪਾਰਲੀਮੈਂਟੇਰੀਅਨ ਹੋ ਅਤੇ ਮੈਂ ਵੀ ਤੁਹਾਡੇ ਨਾਲ ਥੋੜ੍ਹਾ ਥੋੜ੍ਹਾ ਸਾਥ ਦਿੰਦਾ ਰਿਹਾ ਹਾਂ.....

Original with;
Punjab Vidhan Sabha
Digitized by;
Panjab Digital Library

[Captain Ruttan Singh]

In this connection, I read out Sub-rule (3) of Rule 58 of the Rules of Procedure and Conduct of Business in the Punjab Legislative Assembly—

> "If leave is granted under sub-rule (2), the Speaker may, after considering the state of business in the Assembly, allot a day or days or part of a day for the discussion of the motion."

Whenever such discussion is to be held, the speaker has to take into consideration the views of the Leader of the House. The Leader of the House has very clearly said that he is not prepared to transact ony other business but to face the No-confidence Motion of the Opposition. I think this should be welcom and the precedents of this House, in this respect, are clear. We have followed this precedent previously also. I think they should not waste more time of the House and the mover should start discussion.

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਗੱਲ ਬੜੀ ਸਾਫ਼ ਹੈ, ਡਾਕਟਰ ਸਾਹਿਬ ਨੇ ਬੜਾ ਵੈਲਿਡ ਆਬਜੈਕਸ਼ਨ ਕੀਤਾ ਹੈ ਅਤੇ ਡਾਂਗ ਸਾਹਿਬ ਦਾ ਵੀ ਆਬਜੈਕਸ਼ਨ ਠੀਕ ਹੀ ਸੀ । ਹੁਣ ਕੈਪਟਨ ਰਤਨ ਸਿੰਘ ਜੀ ਨੇ ਸੈਕਸ਼ਨ 58 ਦੀ ਸੱਬ ਸੈਕਸ਼ਨ ਜੋ ਪੜ੍ਹ ਕੇ ਦਸਣ ਦੀ ਕੋਸ਼ਿਸ਼ ਕੀਤੀ ਹੈ ਮੈਂ ਕਹਿੰਦਾ ਹਾਂ ਕਿਉਂਕਿ ਅੱਜ ਦਾ ਜੋ ਅੈਂਸਬਲੀ ਦਾ ਪ੍ਰੋਗਰਾਮ ਸੀ ਉਸ ਦੇ ਵਿਚ ਨੋ-ਕਨਫੀਡੈਂਸ ਮੋਸ਼ਨ ਦਾ ਪ੍ਰੋਗਰਾਮ ਨਹੀਂ ਸੀ । ਸੈਕਸ਼ਨ 58 (1) (b) ਦੀ ਸ਼ਿਹੜੀ ਓਪਨਿੰਗ ਲਾਈਨ ਹੈ....

> "the member asking for leave shall, before the commencement of the sitting for that day, give to the Secretary a written notice of the motion which he proposes to move."

ਸੋ ਅੱਜ ਇਸ ਕਰਕੇ ਇਹ ਨਹੀਂ ਸੀ ਆ ਸਕਦੀ । ਇਸ ਕਰਕੇ ਉਨ੍ਹਾਂ ਦਾ ਜਿਹੜਾ ਇਤਰਾਜ਼ ਹੈ ਉਹ ਗਲਤ ਹੈ । ਸਬ ਸੈਕਸ਼ਨ 3 ਇਸ ਬਾਰੇ ਬੜਾ ਕਲੀਅਰ ਹੈ and their is no question of vagueness in this section. Sub-section (3) of Rule 58 of the Rules of Procedure and Conduct of Business in the Punjab Legislative Assembly is as under :—

> "If leave is granted under sub-rule (2), the Speaker may, after considering the state of business in the Assembly... ."

So, Sir, that work has to be done....

ਤੁਸੀਂ ਅੱਜ ਦਾ ਬਿਜ਼ਨੈਸ ਮੁਕਾਉਣਾ ਹੈ, ਉਨ੍ਹਾਂ ਨੇ ਕੁਝ ਕਾਗਜ਼ ਪੇਸ਼ ਕਰਨੇ ਹਨ, ਕੁਝ ਬਿਲ ਇੰਟਰੋਡਿਊਸ ਹੋਣੇ ਹਨ, ਪਾਸ ਹੋਣੇ ਹਨ, ਉਨ੍ਹਾਂ ਤੇ ਵਿਚਾਰ ਹੋਣੀ ਹੈ ।

Then the Hon. Speaker to allot a day or days or part of a day for the discussion of the motion.

ਉਹ ਸਾਰਾ ਵਿਚਾਰ ਕਰਨ ਤੋਂ ਬਾਅਦ ਤੁਸੀਂ ਕੋਈ ਦਿਨ ਮੁਕੱਰਰ ਕਰਨਾ ਹੈ । ਇਥੇ ਸਬ-ਸੈਕਸ਼ਨ 2 ਵਿਚ ਪ੍ਰੋਵਾਈਡ ਕਰ ਦਿਤਾ ਹੈ ਕਿ 10 ਦਿਨਾਂ ਵਿਚ ਤੁਸੀਂ ਕੋਈ ਦਿਨ ਪ੍ਰੋਵਾਈਡ ਕਰ ਦੇਣਾ ਹੈ । ਇਹ ਗੱਲ ਨਹੀਂ ਕਿ ਅਸੀਂ ਤਿਆਰ ਨਹੀਂ ਹਾਂ ।

Original with;
Punjab Vidhan Sabha
Digitized by;
Panjab Digital Library

ਇਹ ਅਸੂਲ ਦੀ ਗੱਲ ਹੈ ਅਸੂਲ ਦੇ ਮੁਤਾਬਕ ਤੁਸੀਂ ਵਿਚਾਰ ਕਰਕੇ ਕੋਈ ਦਿਨ ਮੁਕੱਰਰ ਕਰ ਦਿਓ । ਫਿਰ ਸਬ-ਸੈਕਸ਼ਨ 4 ਕਲੀਅਰ ਹੈ You have to allot a day for the discussion of the motion.

Mr. Speaker : The words "part of a day" are also mentioned in the Ruls.

Sardar Surjit Singh (Barnala) : Sir, Sub-rule (4) of Rule 58 reads as under :—

> "The Speaker shall, at the appointed hour on the allotted day or, as the case may be, the last of the allotted days forthwith put every question necessary to determine the decision of the Assembly on the motion."

So, it is very clear that you have to take into consideration the business in the Assembly meant for today and then you have to allot a day for the discussion of the motion.

ਇਸ ਕਰਕੇ ਮਾਮਲਾ ਬੜਾ ਸਿੱਧਾ ਹੈ । ਇਸ ਬਾਰੇ ਕੋਈ ਹੋਰ ਦਿਨ ਮੁਕਰੱਰ ਹੋਣਾ ਚਾਹੀਦਾ ਹੈ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੇਰੀ ਪੁਆਇੰਟ ਆਫ ਆਰਡਰ ਤੇ ਇਹ ਸਬਮਿਸ਼ਨ ਹੈ ਕਿ ਸਾਡੀਆਂ ਜਿਹੜੀਆਂ ਡੈਲੀਬਰੇਸ਼ਨ ਹਨ ਇਸ ਹਾਊਸ ਵਿਚ ਉਨ੍ਹਾਂ ਦੀਆਂ ਮੇਨ ਗਾਈਡ ਲਾਈਨਜ਼ ਹਨ ਉਹ ਬ੍ਰਿਟਿਸ਼ ਪਾਰਲੀਮੈਂਟਰੀ ਹਨ ਜਾਂ ਇੰਡੀਅਨ ਪਾਰਲੀਮੈਂਟਰੀ ਹਨ ਅਗਰ ਇਹ ਆਨਰੇਬਲ ਮੈਂਬਰ ਇਸ ਗੱਲ ਤੇ ਇਨਸਿਸਟ ਕਰ ਰਹੇ ਹਨ ਕਿ ਅੱਜ ਹੀ ਹੋਣੀ ਚਾਹੀਦੀ ਹੈ, ਅਗਰ ਇਹ ਕੋਈ ਇੰਸਟਾਂਸ ਬ੍ਰਿਟਿਸ਼ ਪਾਰਲੀਮੈਂਟ ਦਾ ਜਾਂ ਇੰਡੀਅਨ ਪਾਰਲੀਮੈਂਟ ਦਾ ਕੋਟ ਕਰਦੇ ਹਨ ਤਾਂ ਕਮ-ਅਜ਼-ਕਮ ਮੈਂ ਉਨ੍ਹਾਂ ਨਾਲ ਸਹਿਮਤ ਹੋ ਜਾਣ ਨੂੰ ਤਿਆਰ ਹਾਂ । ਇਹ ਇਸ ਤਰ੍ਹਾਂ ਦੀ ਇਕ ਵੀ ਇੰਸਟਾਂਸ ਨਹੀਂ ਲੈ ਕੇ ਆਏ ਅੌਰ ਨਾ ਹੀ ਮੇਰੇ ਖਿਆਲ ਦੇ ਮੁਤਾਬਕ ਕੋਈ ਹੈ । * * * * ਤਾਂ ਸਾਨੂੰ ਰੱਖਣੀ ਨਹੀਂ ਚਾਹੀਦੀ ਸਗੋਂ ਉਸ ਨੂੰ ਸਾਨੂੰ ਛੱਡਣਾ ਚਾਹੀਦਾ ਹੈ । ਚਾਹੀਦਾ ਤਾਂ ਇਹ ਹੈ ਕਿ * * *

ਸ਼੍ਰੀ ਸਪੀਕਰ : ਇਹ ਜਿਹੜਾ ਕਿਹਾ ਗਿਆ ਹੈ ਕਿ * * * ਇਹ ਐਕਸਪੰਜ ਕਰ ਦਿਤਾ ਜਾਵੇ । ਇਹ ਹਾਊਸ ਤੇ ਰਿਫਲੈਕਸ਼ਨ ਹੈ । (The words * * * should be expunged. It is a reflection on the House.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਤੁਸੀਂ ਅੱਜ ਅਜੰਡਾ ਸਰਕੁਲੇਟ ਕੀਤਾ ਹੈ, ਉਸ ਦੀ ਆਈਟਮ ਨੰਬਰ ਇਕ ਹੈ :

'Consideration of the programme of the current session of the Punjab Vidhan Sabha.'

ਹੁਣ ਇਸ ਵਿਚ ਇਕ ਹੋਰ ਆਈਟਮ ਐਡ ਕਰ ਦਿਤੀ ਗਈ ਹੈ, ਨੋ-ਕਾਨਫੀਡੈਂਸ ਮੋਸ਼ਨ ਤੇ ਵਿਚਾਰ ਕਰਨਾ । ਬਿਜ਼ਨੈਸ ਐਡਵਾਈਜ਼ਰੀ ਕਮੇਟੀ ਵਿਚਾਰ ਕਰਕੇ ਇਹ ਹਾਊਸ ਦੇ ਅੱਗੇ

*Expunged as ordered by the Chair.

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਲਿਆ ਸਕਦੀ ਹੈ। ਜੇ ਅੱਜ ਇਸ ਮੋਸ਼ਨ ਤੇ ਵਿਚਾਰ ਕੀਤਾ ਜਾਵੇ ਤਾਂ ਹਾਊਸ ਐਕਸਟੈਂਡ ਕਰਨਾ ਪਵੇਗਾ ਅਤੇ ਹਾਊਸ ਅੱਠ ਨੌ ਵਜੇ ਤਕ ਚਲੇਗਾ ਅਤੇ ਇਸ ਨੂੰ ਪ੍ਰੈਸ ਕਵਰ ਨਹੀਂ ਕਰ ਸਕੇਗੀ। ਜਿਹੜੇ ਵਿਚਾਰ ਇਥੇ ਰਖੇ ਜਾਣਗੇ ਉਹ ਪੰਜਾਬ ਦੀ ਪ੍ਰੈਸ ਵਿਚ ਨਹੀਂ ਜਾਣਗੇ। ਇਸ ਤਰ੍ਹਾਂ ਇਹ ਬੜਾ ਭਾਰੀ ਥੱਕਾ ਹੋਵੇਗਾ ਕਿ ਸਾਡਾ ਪੁਆਇੰਟ ਆਫ ਵਿਊ ਪੰਜਾਬ ਦੇ ਲੋਕਾਂ ਦੇ ਸਾਹਮਣੇ ਨਾ ਜਾਏ। ਮੇਰਾ ਸੁਝਾਵ ਇਹ ਹੈ ਕਿ ਇਸ ਨੂੰ ਅੱਜ ਟੇਕ ਅਪ ਨਹੀਂ ਕਰਨਾ ਚਾਹੀਦਾ। ਇਸ ਨੂੰ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਡਿਸਾਇਡ ਕਰੇ ਜਾਂ ਫਿਰ ਪਾਰਟੀਜ਼ ਦੇ ਲੀਡਰਜ਼ ਡਿਸਾਇਡ ਕਰਨ ਕਿ ਇਸ ਤੇ ਕਦ ਡਿਸਕਸ਼ਨ ਹੋਣੀ ਚਾਹੀਦੀ ਹੈ।

Chaudhri Darshan Singh : On a point of order, Sir.

Mr. Speaker: Chaudhri Darshan Singh on a point of order.

ਚੌਧਰੀ ਜਗਤ ਰਾਮ : ਸਪੀਕਰ ਸਾਹਿਬ, ਕਿਤਾਬਾਂ ਉਸ ਵੇਲੇ ਲੈਂਦੇ ਹਨ ਜਦੋਂ ਆਪ ਤੇ ਯਕੀਨ ਨਾ ਹੋਵੇ। ਇਨ੍ਹਾਂ ਨੇ ਮਤਾ ਪੇਸ਼ ਕੀਤਾ ਹੈ। ਉਹ ਹੁਣ ਇਸ ਤੇ ਡਿਸਕਸ਼ਨ ਕਰਨ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਬੇਪਰਤੀਤੀ ਦਾ ਮਤਾ ਸੀ. ਪੀ. ਆਈ. ਵਲੋਂ ਆਇਆ ਹੈ ਅਕਾਲੀਆਂ ਵਲੋਂ ਵੀ ਆਇਆ ਹੈ।

It is a motion not from an individual but a motion of No-confidence from the Akali Party as a party. The motion from the C. P. I. is also a motion of the party and not of any individual. The motion of the Akali Party has been admitted. Now they cannot take the plea that they are not ready for discussion and that some other time may be fixed. This argument of the opposition party carries no weight. The reasons being that they decided as a party, not one day ago, but many days ago. They decided as a party and they moved the motion which has been admitted. A news-item also appeared in the Newspapers many days back that Giani Zail Singh's Government shall be toppled and there shall be a 'No-confidence motion' against Giani Zail Singh's Government. This motion has not been given at the spur of the moment. It is a move for the last one week and now they say to-day that they are not prepared for the discussion and that some other day may be fixed.

Rule 58, Part 2 says that it is not the privilege of the Business Advisory Committee but it is the privilege of the Speaker alone. He may allot the time. The matter can not go to the Business Advisory Committee. The Government which has lost the confidence of this House has no business to stay in the office even for a second, Giani Zail Singh's Government has no business to stay in the office if it has not got the confidence of the House. How the business is transacted ? Only that business is transacted which is moved by the Government. No business shall be transacted in this House if it is not moved by the

Original with;
Punjab Vidhan Sabha
Digitized by;
Panjab Digital Library

Government. Why that Government should move for the transaction of the business which has lost the confidence of this House. Should Giani Zail Singh's Government move the business in this House if it has lost the confidence in this House and transact the business without facing the No-Confidence Motion ? This is not the first time when the No-Confidence Motion is to be discussed on the same day on which it has been admitted. There was recent precedent in this very August House. No-Confidence Motion was moved and it was discussed on the same very day. It is not only in this House but also in the Haryana Assembly where a motion of No-Confidence was moved and taken up for discussion on that very day.

Under these circumstances, I shall submit that the motion should be taken up at once. If Giani Zail Singh's Government does not have the confidence of this House, they have no right to bring forward business for transaction.

ਮਾਲ ਅਤੇ ਚੋਣ ਮੰਤਰੀ (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਮੈਂ ਸਿਰਫ ਇਕ ਦੋ ਗੱਲਾਂ ਕਰਨੀਆਂ ਹਨ । ਇਥੇ ਕਿਹਾ ਗਿਆ ਹੈ ਕਿ ਐਸਾ ਕੋਈ ਪ੍ਰੈਸੀਡੈਂਟ ਨਹੀਂ । ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜਿਸ ਦਿਨ ਮੋਸ਼ਨ ਦਾ ਨੋਟਿਸ ਦਿਤਾ ਗਿਆ ਉਸੇ ਦਿਨ ਮੋਸ਼ਨ ਟੇਕ-ਅਪ ਹੋਈ ਹੈ । ਸਰਦਾਰ ਗੁਰਨਾਮ ਸਿੰਘ ਵੇਲੇ ਅਤੇ ਦੂਸਰੇ ਓਕੇਜ਼ਨਜ਼ ਤੇ ਇਹੋ ਜਿਹੀ ਪ੍ਰੈਕਟਿਸ ਰਹੀ ਹੈ । ਮੈਂ ਸਮਝਦਾ ਹਾਂ ਕਿ ਇਹ ਜਿਹੜੀ ਚੰਗੀ ਰਵਾਇਤ ਚਲੀ ਹੈ, ਇਸ ਨੂੰ ਅਪਣਾਉਣਾ ਚਾਹੀਦਾ ਹੈ । ਬਾਕੀ ਇਥੇ ਪਾਰਲੀਮੈਂਟ ਦੇ ਬਾਰੇ ਵੀ ਜ਼ਿਕਰ ਕੀਤਾ ਗਿਆ ਹੈ । ਪਾਰਲੀਮੈਂਟ ਵਿਚ ਨੋ-ਕਨਫੀਡੈਂਸ ਮੋਸ਼ਨ ਆਈ ਅਤੇ ਉਸੇ ਦਿਨ ਹੀ ਉਹ ਟੇਕ-ਅਪ ਹੋਈ । ਉਥੇ ਇਹ ਮਹਿਸੂਸ ਕੀਤਾ ਗਿਆ ਕਿ ਜੇ ਨੋ-ਕੰਫੀਡੈਂਸ ਮੋਸ਼ਨ ਆਈ ਹੈ ਇਸ ਨੂੰ ਇਮੀਜੀਏਟਲੀ ਟੇਕ-ਅਪ ਕਰਨਾ ਚਾਹੀਦਾ ਹੈ । ਜਿਹੜੀ ਇਹ ਮਿਸਾਲ ਦਿਤੀ ਗਈ ਕਿ ਦੋ ਤਿੰਨ ਦਿਨ ਇਸ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ ਇਹ ਠੀਕ ਨਹੀਂ । ਉਥੇ ਪੰਜ ਸੌ ਮੈਂਬਰਾਂ ਦਾ ਹਾਊਸ ਹੈ । ਮੈਂ ਸਮਝਦਾ ਹਾਂ ਕਿ ਸਾਡਾ ਹਾਊਸ ਉਸ ਦਾ ਚੌਥਾ ਹਿੱਸਾ ਵੀ ਨਹੀਂ । ਉਸ ਹਿਸਾਬ ਨਾਲ ਤਾਂ ਇਥੇ ਅੱਧਾ ਦਿਨ ਡਿਸਕਸ਼ਨ ਹੋਣੀ ਚਾਹੀਦੀ ਹੈ । ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਅੱਜ ਦਾ ਦਿਨ ਇਸ ਲਈ ਅਲਾਟ ਕਰ ਦਿਓ । ਜਿਸ ਤਰ੍ਹਾਂ ਚੌਧਰੀ ਦਰਸ਼ਨ ਸਿੰਘ ਨੇ ਕਿਹਾ ਹੈ ਕਿ ਅਸੀਂ ਹੋਰ ਕੋਈ ਬਿਜ਼ਨੈਸ ਟਰਾਂਜ਼ੈਕਟ ਨਹੀਂ ਕਰਨਾ ਕਿਉਂਕਿ ਪਬਲਿਕ ਵਿਚ ਇਹ ਗੱਲ ਚਲੀ ਗਈ ਹੈ ਕਿ ਆਪੋਜ਼ੀਸ਼ਨ ਨੇ ਨੋ-ਕੰਫੀਡੈਂਸ ਮੋਸ਼ਨ ਦਿਤੀ ਹੈ । ਇਸ ਲਈ ਅੱਜ ਹੀ ਇਸ ਨੂੰ ਡਿਸਕਸ ਕਰਾਕੇ ਇਸ ਦਾ ਫੈਸਲਾ ਹੋਣਾ ਚਾਹੀਦਾ ਹੈ । ਜੇ ਇਹ ਨਾ ਕੀਤਾ ਜਾਵੇ ਤਾਂ ਲੋਕਾਂ ਵਿਚ ਚਰਚਾ ਹੋਵੇਗੀ । ਅਸੀਂ ਨਹੀਂ ਚਾਹੁੰਦੇ ਕਿ ਲੋਕਾਂ ਵਿਚ ਇਸ ਕਿਸਮ ਦੀ ਕੋਈ ਚਰਚਾ ਰਹੇ । ਇਸ ਚਰਚਾ ਦਾ ਕੋਈ ਵਜੂਦ ਨਹੀਂ । ਜੇ ਕੋਈ ਇਸ ਦਾ ਵਜੂਦ ਹੁੰਦਾ ਤਾਂ ਆਪੋਜ਼ੀਸ਼ਨ ਇਸ ਨੂੰ ਮੂਵ ਅਤੇ ਡਿਸਕਸ ਕਰਨ ਤੋਂ ਭੱਜਣ ਦੀ ਕੋਸ਼ਿਸ਼ ਨਾ ਕਰਦੀ । ਜੇ ਇਨ੍ਹਾਂ ਦੀ ਤਿਆਰੀ ਨਹੀਂ ਤਾਂ ਇਸ ਨੂੰ ਵਿਦਡਰਾ ਕਰ ਲੈਣ । ਮੈਨੂੰ ਇਨ੍ਹਾਂ ਨਾਲ ਪੂਰੀ ਹਮਦਰਦੀ ਹੈ । ਫਿਰ ਜਦੋਂ ਇਨ੍ਹਾਂ ਦੇ ਜੀ ਵਿਚ ਆਏ ਇਹ ਇਸ ਨੂੰ ਲੈ ਆਉਣ । ਜੇ ਮੂਵ ਕੀਤੀ ਹੈ ਤਾਂ ਇਸ ਤੇ ਸਟਿਕ ਕਰਨ, ਹਿੰਮਤ ਕਰਨ । ਰੂਲਜ਼ ਦੇ ਮੁਤਾਬਿਕ ਸਪੀਕਰ ਨੂੰ ਅਥਰਿਟੀ ਹੈ । ਇਹ ਲਿਖਿਆ ਗਿਆ ਹੈ ਕਿ 10 ਦਿਨ ਤੋਂ ਵੱਧ ਪੈਂਡਿੰਗ ਨਹੀਂ ਰੱਖਣਾ ਚਾਹੀਦਾ । ਟਾਇਮ ਲਿਮਟ ਰਖੀ ਗਈ ਹੈ ਤਾਂ ਕਿ

Original with;
Punjab Vidhan Sabha
Digitized by;
Panjab Digital Library

[ਮਾਲ ਅਤੇ ਚੋਣ ਮੰਤਰੀ]

ਇਸ ਨੂੰ ਬਹੁਤ ਦੇਰ ਤਕ ਪੈਂਡਿੰਗ ਨਾ ਰਖਿਆ ਜਾਵੇ । ਅਸੀਂ ਤਾ ਇਹ ਕਹਿੰਦੇ ਹਾਂ ਕਿ ਇਸ ਨੂੰ ਹੁਣੇ ਹੀ ਡਿਸਕਸ ਕੀਤਾ ਜਾਵੇ । ਇਹ ਰੂਲਜ਼ ਆਫ ਬਿਜ਼ਨੈਸ ਦੀ ਸਪਿਰਟ ਦੇ ਮੁਤਾਬਿਕ ਹੈ । ਜੋ ਚੌਧਰੀ ਦਰਸ਼ਨ ਸਿੰਘ ਨੇ ਕਿਹਾ ਹੈ ਅਤੇ ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਉਸ ਦੇ ਮੁਤਾਬਿਕ ਇਸ ਨੂੰ ਅੱਜ ਹੀ ਡਿਸਕਸ ਕਰਨਾ ਚਾਹੀਦਾ ਹੈ ਅਤੇ ਇਸ ਨੂੰ ਮੂਵ ਕਰਨ ਦੀ ਇਜਾਜ਼ਤ ਦਿਓ ।

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਮੈਂ ਵੀ ਕੁਝ ਕਹਿਣਾ ਚਾਹੁੰਦਾ ਹਾਂ । 10 ਮਿੰਟ ਮੈਨੂੰ ਵੀ ਬੋਲ ਲੈਣ ਦਿਓ । ਅਸੀਂ ਇਨ੍ਹਾਂ ਦੇ ਕਿਰਦਾਰ ਜਾਣਦੇ ਹਾਂ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਇਹ ਕਹਿਣਾ ਬਿਲਕੁਲ ਗਲਤ ਹੈ ਕਿ ਸਾਡੀ ਤਿਆਰੀ ਨਹੀਂ । ਸਾਡੀ ਪੂਰੀ ਤਿਆਰੀ ਹੈ । ਅਸੀਂ ਇਸ ਵਜ਼ਾਰਤ ਨੂੰ ਅਤੇ ਇਸ ਦੇ ਸਪੋਰਟਰਾਂ ਦੀ ਨਸ ਨਸ ਨੂੰ ਜਾਣਦੇ ਹਾਂ । ਇਸ ਕਰਕੇ ਇਨ੍ਹਾਂ ਨੂੰ ਬੋਲਣਾ ਨਹੀਂ ਚਾਹੀਦਾ । ਲੇਕਿਨ ਮੇਰੀ ਬੇਨਤੀ ਹੈ ਕਿ ਇਸ ਹਾਊਸ ਦੀ ਕਾਰਵਾਈ, ਰੂਲਜ਼ ਦੇ ਮੁਤਾਬਿਕ, ਕਨਵੈਨਸ਼ਨਜ਼ ਦੇ ਮੁਤਾਬਿਕ ਅਤੇ ਜੋ ਕੁਝ ਪਾਰਲੀਮੈਂਟ ਵਿਚ ਹੁੰਦਾ ਹੈ ਉਸ ਦੇ ਮੁਤਾਬਿਕ ਹੋਣੀ ਚਾਹੀਦੀ ਹੈ । ਮੈਂ ਇਥੇ ਇਹ ਵੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਆਨਰੇਬਲ ਮੈਂਬਰ ਸਰਦਾਰ ਦਰਸ਼ਨ ਸਿੰਘ ਨੇ ਅਡਵਾਇਸ ਦਿਤੀ ਹੈ, ਮੈਂ ਸਮਝਦਾ ਹਾਂ ਕਿ ਇਸ ਦੀ ਇਥੇ ਲੋੜ ਨਹੀਂ । ਇਨ੍ਹਾਂ ਦੀ ਅਡਵਾਇਸ ਦੀ ਲੋੜ ਤਾਂ ਇੰਦਰਾ ਗਾਂਧੀ ਜੀ ਨੂੰ ਹੈ ਕਿਉਂਕਿ ਪਾਰਲੀਮੈਂਟ ਵਿਚ ਇਹੋ ਜਿਹੇ ਸੱਜਣ ਚਾਹੀਦੇ ਹਨ ।

ਆਨਰੇਬਲ ਰੈਵੇਨਿਊ ਮਨਿਸਟਰ ਨੇ ਕਿਹਾ ਹੈ ਕਿ ਪਾਰਲੀਮੈਂਟ ਵਿਚ ਉਸੇ ਦਿਨ ਡਿਸਕਸ ਕੀਤੀ ਗਈ । ਮੈਂ ਵੀ ਅਖਬਾਰ ਪੜ੍ਹਦਾ ਹਾਂ ਅਤੇ ਇਹ ਵੀ ਪੜ੍ਹਦੇ ਹੋਣਗੇ । ਇਹ ਉਸ ਦਿਨ ਬਿਲਕੁਲ ਨਹੀਂ ਡਿਸਕਸ ਹੋਈ ਸੀ ।

'No confidence motion has been admitted and it will be taken up on such and such day.'

ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੇ ਪਾਰਲੀਮੈਂਟ ਨੇ ਕੰਫੀਡੈਂਸ ਮੋਸ਼ਨ ਲਈ ਕੋਈ ਡੇ ਅਲਾਟ ਕਰ ਸਕਦੀ ਹੈ ਤਾਂ ਇਥੇ ਵੀ ਕਰਨਾ ਚਾਹੀਦਾ ਹੈ । ਇਹ ਕਹਿਣਾ ਕਿ ਸਰਦਾਰ ਗੁਰਨਾਮ ਸਿੰਘ ਨੇ ਉਸ ਦਿਨ ਹੀ ਇਹ ਡਿਸਕਸ ਕਰਵਾਈ ਸੀ ਅਤੇ ਹੁਣ ਦੇ ਗਿਆਨੀ ਜੀ ਨੇ ਵੀ ਕਰਵਾਈ ਸੀ । ਮੈਂ ਸਮਝਦਾ ਹਾਂ ਕਿ ਇਸ ਹਾਊਸ ਨੂੰ ਪਿਛੇ ਦੀ ਗੱਲ ਨਹੀਂ ਕਰਨੀ ਚਾਹੀਦੀ । ਮੈਂ ਤੁਹਾਨੂੰ ਇਹ ਵੀ ਬੇਨਤੀ ਕਰਦਾ ਹਾਂ ਕਿ ਸਰਕਾਰ ਦੀਆਂ ਵਿਸ਼ਜ਼ ਦੇ ਮੁਤਾਬਿਕ ਹੀ ਅਜੰਡੇ ਤੇ ਬਿਜ਼ਨੈਸ ਲਿਆਉਣ ਦੀ ਕਿਰਪਾਲਤਾ ਨਾ ਕਰੋ ।

It is provided in sub-rule (2) of rule 58,

'If not less than one-fifth of the then existing strength of the members of the House rise accordingly, the Speaker shall intimate that leave is granted and that the motion will be taken on such day, not being more than ten days from the day on which the leave is asked....'

Original with;
Punjab Vidhan Sabha
Digitized by;
Panjab Digital Library

ਉਸਦੇ ਵਿਚ ਇਹ ਸਾਫ ਹੈ ਕਿ ਪੂਰੇ ਦਸ ਦਿਨਾਂ ਵਿਚ ਤੁਸੀਂ ਕਰ ਸਕਦੇ ਹੋ ਅੱਰ ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਕਾਹਲੀ ਵਿਚ ਨਹੀਂ ਆਉਣਾ ਚਾਹੀਦਾ । ਸਬ ਰੂਲ 3 ਵਿਚ ਅਗੇ ਵੀ ਦਸਿਆ ਗਿਆ ਹੈ ਕਿ 'day or days or part of a day' ਫਿਕਸ ਕਰ ਸਕਦੇ ਹੋ । ਜਨਾਬ ਸਪੀਕਰ ਸਾਹਿਬ, ਤੁਹਾਨੂੰ ਤਾਂ ਇਹ ਕਹਿੰਦੇ ਹਾਂ ਕਿ ਤੁਸੀਂ ਹੇਠੋਂ ਤੋਂ ਚਲੋ ਉਪਰ ਤੋਂ ਨਾ ਚਲੋ ।

Revenue and Election Minister : Is it not a part of the day ?

ਸਰਦਾਰ ਅਜਾਇਬ ਸਿੰਘ ਸੰਧੂ : It is a very serious matter. ਤੁਹਾਨੂੰ ਵੀ ਪਤਾ ਹੈ ਕਿ ਇਨ੍ਹਾਂ ਦੇ ਕੋਲ ਮੈਂਬਰਜ਼ ਖਾਸੇ ਹਨ । ਇਹ ਠੀਕ ਹੈ ਕਿ ਅਸੀਂ ਭਾਵੇਂ ਇਨ੍ਹਾਂ ਦੇ ਕਿਤਨੇ ਪਾਜ਼ ਉਘਾੜ ਦਈਏ, ਇਨ੍ਹਾਂ ਨੂੰ ਨੰਗੇ ਕਰ ਦੇਈਏ ਲੇਕਿਨ ਫਿਰ ਵੀ ਉਹ ਸੱਜਣ ਜਿਹੜੇ ਕਿ ਇਨ੍ਹਾਂ ਨੂੰ ਕਹਿੰਦੇ ਸਨ ਕਿ ਮਾੜੇ ਹਨ, ਉਨ੍ਹਾਂ ਨੇ ਵੀ ਉਠਕੇ ਕਹਿਣਾ ਹੈ ਕਿ ਚੰਗੇ ਹਨ । ਮੈਂ ਸਿਰਫ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਜੋ ਆਪਣੀ ਬਹੁ-ਸੰਮਤੀ ਤੇ ਭਰੋਸਾ ਹੈ ਕਿ 67 ਮੈਂਬਰ ਸਾਡੇ ਹਨ ਤਾਂ ਇਹ ਸਾਨੂੰ ਸੁਣ ਲੈਣ ਤਾਕਿ ਪੰਜਾਬ ਦੇ ਲੋਕਾਂ ਨੂੰ ਪਤਾ ਲਗੇ ਕਿ ਕਿਹੜੀਆਂ ਕਿਹੜੀਆਂ ਇਹ ਚੰਗੀਆਂ ਤੇ ਮੰਦੀਆਂ ਗੱਲਾਂ ਕਰ ਰਹੇ ਹਨ । ਪਾਰਲੀਮੈਂਟ ਨੇ ਦੋ ਦਿਨ ਦਿਤੇ ਸਨ, ਜੇਕਰ ਇਨ੍ਹਾਂ ਨੇ ਇਕ ਦਿਨ ਦੇਣਾ ਹੈ ਤਾਂ ਮੈਂ ਸਮਝਦਾ ਹਾਂ ਕਿ ਇਕ ਦਿਨ ਵੀ ਪੂਰਾ ਮਿਲਣਾ ਚਾਹੀਦਾ ਹੈ । 4.35 ਮਿੰਟ ਹੋ ਗਏ ਹਨ । ਸਾਢੇ ਚਾਰ ਵਜੇ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਰਖੀ ਸੀ । ਉਥੇ ਸਾਰੀਆਂ ਪਾਰਟੀਆਂ ਦੇ ਲੀਡਰਾਂ ਨੇ ਤੁਹਾਡੀ ਸੇਵਾ ਵਿਚ ਹਾਜ਼ਰ ਹੋਣਾ ਹੈ । ਮੈਂ ਸਲਾਹ ਦੇਵਾਂਗਾ ਕਿ ਇਹ ਕਾਹਲੀ ਨਾ ਕਰਨ ਦੀ ਕੋਸ਼ਿਸ਼ ਕਰਨ । ਮੀਟਿੰਗ ਫਿਕਸ ਹੋਈ ਹੋਈ ਹੈ । ਕੋਈ ਦਿਨ ਫਿਕਸ ਕਰ ਲਵੋ, ਕਲ ਕਰ ਲਵੋ, ਪਰਸੋਂ ਕਰ ਲਵੋ । ਜੇਕਰ ਇਹ ਵਾਕਿਆ ਹੀ ਚਾਹੁੰਦੇ ਹਨ ਕਿ ਪੰਜਾਬ ਦੇ ਲੋਕ ਸਰਕਾਰ ਦੀਆਂ ਕਾਰਵਾਈਆਂ ਤੋਂ ਜਾਣੂ ਹੋਣ ਤਾਂ ਫਿਰ ਅਸੀਂ ਵੀ ਦਸਦੇ ਹਾਂ, ਇਹ ਵੀ ਦੱਸਣ । (ਸਰਕਾਰੀ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) ਕਾਹਲੀ ਕਿਉਂ ਕਰਦੇ ਹੋ ?

(ਇਸ ਸਮੇਂ ਸ਼੍ਰੀ ਬਲਦੇਵ ਪ੍ਰਕਾਸ਼ ਜੀ ਖੜੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ)

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਕੀ ਤੁਸੀਂ ਇਕ ਵਾਰ ਆਪਣੇ ਖਿਆਲ ਦਸ ਨਹੀਂ ਚੁਕੇ ਹੋ ? (Dr. Sahib, have you not already given your views ?)

ਡਾਕਟਰ ਬਲਦੇਵ ਪ੍ਰਕਾਸ਼ : ਹਾਂ ਜੀ ।

ਸ਼੍ਰੀ ਸਪੀਕਰ : ਇਕ ਵਾਰ ਜਦੋਂ ਕਹਿ ਚੁਕੇ ਹੋ ਪੁਆਇੰਟ ਆਫ ਆਰਡਰ ਤੇ ਤਾਂ ਫਿਰ ਦੁਬਾਰਾ ਕਹਿਣ ਦੀ ਲੋੜ ਨਹੀਂ ਹੈ । (When you have already given your point of view through a point of order then there is no need to do so again.)

Original with;
Punjab Vidhan Sabha
Digitized by;
Panjab Digital Library

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ ਮੈਂ ਤਾਂ ਸਿਰਫ ਉਹਦੇ ਮੁਤਲਿਕ ਹੀ ਬੋਲਾਂਗਾ ਜੋ ਕੈਪਟਨ ਰਤਨ ਸਿੰਘ ਨੇ ਗੱਲ ਕਹੀ ਸੀ । ਮੈਂ ਉਹ ਹੀ ਕਲੀਅਰ ਕਰਾਂਗਾ ।

ਸਪੀਕਰ ਸਾਹਿਬ, ਨੋ-ਕੰਫੀਡੈਂਸ ਮੋਸ਼ਨ ਐਡਮਿਟ ਹੋਣਾ ਹੋਰ ਗੱਲ ਹੈ ਅੱਰ ਉਸ ਉਤੇ ਡਿਸਕਸ਼ਨ ਹੋਣਾ ਦੂਸਰੀ ਗੱਲ ਹੈ । ਜਿਸ ਵੇਲੇ ਇਹ ਆ ਗਈ ਤੁਸੀਂ ਉਸ ਵੇਲੇ ਹਾਊਸ ਵਿਚ ਪੜ੍ਹ ਦਿਓ ਲੇਕਿਨ ਐਡਮਿਟ ਹੋ ਜਾਣ ਤੋਂ ਬਾਅਦ ਇਹ ਕਿਤੇ ਨਹੀਂ ਲਿਖਿਆ ਹੋਇਆ ਕਿ ਉਸ ਤੇ ਬਹਿਸ ਜ਼ਰੂਰ ਹੋਵੇਗੀ । ਉਸਦੇ ਬਾਰੇ ਰੂਲ ਬੜਾ ਕਲੀਅਰ ਹੈ ਕਿ Speaker after considering the state of business in the Assembly.

ਮੈਂ ਉਸ ਬਾਰੇ ਪੁੱਛਣਾ ਚਾਹੁੰਦਾ ਹਾਂ ਕਿ ਰੂਲ ਲੈ ਡਾਊਨ ਕੀਤਾ ਹੋਇਆ ਹੈ । ਬਿਜ਼ਨੈਸ ਐਡਵਾਈਜ਼ਰੀ ਕਮੇਟੀ ਹੈ, ਉਸ ਨੇ ਹਾਊਸ ਦਾ ਬਿਜ਼ਨੈਸ ਬਣਾਉਣਾ ਹੈ । ਇਹ ਉਸ ਦਾ ਕੰਮ ਹੈ ਕਿ ਹਾਊਸ ਦਾ ਬਿਜ਼ਨੈਸ ਕਿਸ ਤਰ੍ਹਾਂ ਬਣਾਉਣਾ ਹੈ । ਉਹ ਸਾਰਾ ਪ੍ਰਾਸੈਸ ਹੋ ਜਾਵੇ otherwise it cannot be said that you have considered the state of business in the Assembly.

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਸੰਧੂ ਸਾਹਿਬ ਨੇ ਤੇ ਡਾਕਟਰ ਸਾਹਿਬ ਨੇ ਫਿਰ ਉਹੋ ਹੀ ਗੱਲ ਕਹੀ ਹੈ । ਮੈਂ ਤੁਹਾਡਾ ਧਿਆਨ ਪਾਰਲੀਮੈਂਟਰੀ ਪ੍ਰੈਸੀਜ਼ਹ ਦੇ ਪੇਜ 594 ਤੇ ਦਿਵਾਉਣਾ ਚਾਹੁੰਦਾ ਹਾਂ । ਇਸ ਵਿਚ ਕਲੀਅਰਲੀ ਦਸਿਆ ਗਿਆ ਹੈ ਕਿ ਕਿਸ ਤਰ੍ਹਾਂ ਬਿਜ਼ਨੈਸ ਨੂੰ ਕੰਡਕਟ ਕਰਨਾ ਹੈ ਜਦੋਂ ਕਿ ਨੋ-ਕੰਫੀਡੈਂਸ ਮੋਸ਼ਨ ਆ ਜਾਵੇ ।

At page 594 of Parliamentary Practice and Procedure by Kaul and Shakdher it has been stated that when leave of the House to the moving of the motion has been granted no substantive motion of policy is to be brought before the House by the Government till the motion of No Confidence has been dispcsed of.

ਸਪੀਕਰ ਸਾਹਿਬ, ਬੜਾ ਕਲੀਅਰਲੀ ਲਿਖਿਆ ਹੋਇਆ ਹੈ ਅੱਰ ਮੈਂ ਸਮਝਦਾ ਹਾਂ ਕਿ ਪਬ੍ਰਲਿਕ ਕੰਫੀਡੈਂਸ ਵਧਦਾ ਹੈ, ਇਸ ਹਾਊਸ ਦੀ ਪਰੰਪਰਾ ਵੀ ਇਹੋ ਹੀ ਹੈ । ਸ਼ਕਦਰ ਨੇ ਵੀ ਇਹ ਹੀ ਲਿਖਿਆ ਹੈ । ਪਾਰਲੀਮੈਂਟ ਵਿਚ ਰੂਲਿੰਗ ਵੀ ਆ ਚੁਕੀ ਹੈ । ਮੈਂ ਸਮਝਦਾ ਹਾਂ ਕਿ ਹੋਰ ਇਸ ਬਾਰੇ ਬਹਿਸ ਦੀ ਲੋੜ ਨਹੀਂ ਹੈ । ਇਸ ਲਈ ਅੱਜ ਹੀ ਮੋਸ਼ਨ ਟੇਕ ਅਪ ਕਰ ਲੈਣੀ ਚਾਹੀਦੀ ਹੈ ।

ਸ਼੍ਰੀ ਸਪੀਕਰ : ਮਾਨਯੋਗ ਮੈਂਬਰਾਂ ਨੇ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ । ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਮੁਖਤਲਿਫ ਪ੍ਰੈਸੀਡੈਂਟਸ ਹਨ । ਲੇਕਿਨ ਇਸ ਹਾਊਸ ਦੇ ਯਾਨੀ ਪੰਜਾਬ ਅਸੰਬਲੀ ਦੇ ਕਈ ਸਾਲਾਂ ਤੋਂ ਪ੍ਰੈਸੀਡੈਂਟਸ ਹਨ ਕਿ ਜਿਸ ਦਿਨ ਲੀਵ ਗਰਾਂਟ ਹੋਈ ਉਸ ਦਿਨ ਹੀ ਮੋਸ਼ਨ ਮੂਵ ਹੋਈ । 25 ਅਪ੍ਰੈਲ, 1969 ਨੂੰ ਨੋ-ਕੰਫੀਡੈਂਸ ਮੋਸ਼ਨ ਮੂਵ ਹੋਈ । ਉਸ ਉਤੇ ਉਸੇ ਦਿਨ ਹੀ ਡਿਸਕਸ਼ਨ ਹੋਈ, ਅੱਰ ਉਸ ਦਿਨ ਫੈਸਲਾ

Original with;
Punjab Vidhan Sabha
Digitized by;
Panjab Digital Library

ਹੋ ਗਿਆ । 4 ਨਵੰਬਰ, 1969 ਨੂੰ ਸ਼੍ਰੀ ਕ੍ਰਿਸ਼ਨ ਲਾਲ ਦੇ ਅਗੇਂਸਟ, ਸੈਂਸਰ ਮੋਸ਼ਨ ਆਈ ਉਸੇ ਦਿਨ ਹੀ ਡਿਸਕਸ਼ਨ ਹੋਈ ਅੱਰ ਉਸੇ ਦਿਨ ਹੀ ਫੈਸਲਾ ਹੋ ਗਿਆ । 12 ਦਸੰਬਰ, 1972 ਨੂੰ ਵੀ ਇਸ ਤਰ੍ਹਾਂ ਹੀ ਮੋਸ਼ਨ ਆਈ ਅੱਰ ਉਸ ਦਾ ਉਸੇ ਦਿਨ ਹੀ ਫੈਸਲਾ ਹੋ ਗਿਆ । ਪ੍ਰੈਸੀਡੈਂਟਸ ਰੂਲਜ਼ ਬਣ ਜਾਂਦੇ ਹਨ । ਇਨ੍ਹਾਂ ਰਿਵਾਇਤਾਂ ਨੂੰ ਅਸੀਂ ਭੁਲਾ ਨਹੀਂ ਸਕਦੇ । ਮੈਂ ਫਿਰ ਵੀ ਹਾਊਸ ਦੀ ਸੈਂਸ ਦੇ ਮੁਤਾਬਿਕ ਮਹਿਸੂਸ ਕਰਦਾ ਹਾਂ ਕਿ ਹਾਊਸ ਦੇ ਬਹੁਤ ਸਾਰੇ ਮੈਂਬਰਜ਼ ਦਾ ਖਿਆਲ ਹੈ ਕਿ ਅੱਜ ਹੀ ਟੇਕ ਅਪ ਕੀਤਾ ਜਾਵੇ ਲੇਕਿਨ ਮੈਂ ਚਾਹੁੰਦਾ ਹਾਂ ਕਿ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਵਿਚ ਇਹ ਗੱਲ ਸਾਢੇ ਚਾਰ ਵਜੇ ਕਰ ਲਈ ਜਾਵੇ । (The hon. Members have expressed their views. Of course, there are different precedents. However, the precedents of this House of many past years are that the leave was granted and discussion held on the same day. No-Confidence Motion was moved on 25th April, 1969. It was discussed and decided upon the same day. A Censure Motion against Shri Krishan Lal was moved on 4th November, 1969. It was discussed and decided upon the same day. Similarly a motion was moved on 12th December, 1972 and disposed of the same day. Precedents take the form of rules. We canot brush aside these precedents. Moreover, I feel that the majority of the House wishes to take up this motion today. We may decide the issue in the meeting of the Business Advisory Committee being held at 4-30 P.M. to day.)

ਮਾਲ ਅਤੇ ਚੋਣ ਮੰਤਰੀ : ਟਾਈਮ ਦੇ ਮੁਤਾਬਿਕ ਕਰ ਲਵੋ ਜੀ ।

ਸ਼੍ਰੀ ਸਪੀਕਰ : ਜਿਤਨਾ ਚਿਰ ਹਾਊਸ ਦੀ ਬਾਕੀ ਕਾਰਵਾਈ ਚਲਦੀ ਹੈ, ਕਾਲ ਅਟੈਨਸ਼ਨ ਮੋਸ਼ਨਜ਼ ਹਨ, ਪ੍ਰੀਵਿਲਜ਼ ਮੋਸ਼ਨਜ਼ ਹਨ, ਉਤਨੀ ਦੇਰ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਵਿਚ ਫੈਸਲਾ ਕਰਕੇ ਅਨਾਊਨਸ ਕਰ ਦਿਤਾ ਜਾਵੇਗਾ ।

ਮੈਂ ਬੇਨਤੀ ਕਰਾਂਗਾ ਕਿ ਜਿਹੜੇ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੇ ਮੈਂਬਰ ਹਨ ਉਹ ਚੈਂਬਰ ਵਿਚ ਹੁਣ ਹੀ ਆ ਜਾਣ । (The House may continue to dispose of Call Attention Motions, Privilege Motions etc. and in the meantime the Business Advisory Committee may consider this issue and its decision may be announced in the House.

I would request the Members of the Business Advisory Committee to come to my Chamber right away.)

Original with;
Punjab Vidhan Sabha
Digitized by;
Panjab Digital Library

QUESTIONS OF PRIVILEGE

Mr. Speaker : I have received notice of a Privilege Motion from Sardar Gurdev Singh Sidhu, M.L.A., alleging that on the 17th July, 1974, when he went to Punjabi University, Patiala, to attend the convocation, he was stopped at the Gate of the University by some Police Officer, who snatched away the invitation card from him and tore it off.

In my opinion, no breach of privilege has been committed because the Member was not obstructed in any way in the execution of his duties as a Member of the Assemby at that time.

I, however, request the Government to ensure that the hon. Members are shown due courtesies when they go to attend such functions, especially when they are duly invited.

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ ।

Mr. Speaker : I am giving my ruling. You may please resume your seat.

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਇਕ ਬੇਨਤੀ ਕਰਨੀ ਹੈ।

ਸ੍ਰੀ ਸਪੀਕਰ : ਤੁਸੀਂ ਬੈਠ ਜਾਓ । (Please resume your seat.)

Mr. Speaker : There is another notice of a Privilege Motion received from Sardar Jasdev Singh Sandhu, M.L.A., alleging that today when he along with some other Members of the House entered the outer enclosure of the Vidhan Sabha, police constables on duty obstructed them and misbehaved with them. I am making enquiries into the matter and will give my ruling later.

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ । ਤੁਸੀਂ ਕੀ ਕਿਹਾ ਹੈ ਜੀ, ਇਸ ਦਾ ਕੀ ਫੈਸਲਾ ਕੀਤਾ ਹੈ ?

Mr. Speaker : Let me enquire first.

ਸਰਦਾਰ ਅਜਾਇਬ ਸਿੰਘ ਸੰਧੂ : ਪਹਿਲੀ ਮੋਸ਼ਨ ਬਾਰੇ ਕੀ ਕੀਤਾ ਹੈ ਜੀ ?

ਸ੍ਰੀ ਸਪੀਕਰ : ਉਹ ਮੈਂ ਰੀਜੈਕਟ ਕਰ ਦਿਤੀ ਹੈ । (I have rejected that.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਬਾਹਰ ਤਾਂ ਇਹ ਜੋ ਕੁਝ ਸਾਡੇ ਨਾਲ ਕਰਦੇ ਹਨ ਉਹ ਕਰਦੇ ਹੀ ਹਨ ਪਰ ਜੇਕਰ ਤੁਸੀਂ ਇਸ ਹਾਊਸ ਵਿਚ ਵੀ ਸਾਨੂੰ ਪ੍ਰੋਟੈਕਸ਼ਨ ਨਹੀਂ ਦੇਣੀ ਹੈ ਤਾਂ ਇਸ ਹਾਊਸ ਦੀ ਕਾਰਵਾਈ ਨਹੀਂ ਚਲ ਸਕਦੀ । ਇਸ ਦਾ ਭਾਂ ਮਤਲਬ ਹੈ ਕਿ ਜਾਣ ਬੁਝ ਕੇ ਮੈਂਬਰਜ਼ ਨੂੰ ਬਾਹਰ ਰੱਖਿਆ ਗਿਆ ਹੈ । ਹਾਲਾਤ ਨੂੰ ਤੁਹਾਨੂੰ ਠੀਕ ਕਰਨਾ ਚਾਹੀਦਾ ਹੈ । ਮੈਂ ਸਮਝਦਾ ਹਾਂ ਕਿ ਤੁਹਾਨੂੰ ਇਸ ਵੇਲੇ ਸੀਰੀਅਸ ਵਿਊ ਲੈਣਾ ਚਾਹੀਦਾ ਹੈ । (ਵਿਘਨ)

(ਇਸ ਸਮੇਂ ਕਈ ਮੈਂਬਰ ਸਾਹਿਬਾਨ ਖੜੇ ਸਨ)

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਤੁਸੀਂ ਤਸ਼ਰੀਫ਼ ਰੱਖੋ । ਮੈਂ ਇਨਕੁਆਇਰੀ ਕਰਕੇ ਹੀ ਜਵਾਬ ਦੇਵਾਂਗਾ । (Please resume your seat. I will give a ruling after making the enquiry.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਇਕ ਬੜੀ ਸੀਰੀਅਸ ਗਲ ਉਤੇ ਪ੍ਰੀਵਿਲੇਜ ਮੋਸ਼ਨ ਚੀਫ਼ ਮਨਿਸਟਰ ਸਾਹਿਬ ਦੇ ਖਿਲਾਫ ਮੂਵ ਕਰਨਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਅੱਜ ਗਿਆਰਾਂ ਵਜੇ, ਕਾਂਗਰਸ ਪਾਰਲੀਮੈਂਟਰੀ ਪਾਰਟੀ ਦੀ ਅਸੈਂਬਲੀ ਪਾਰਟੀ ਦੀ ਮੀਟਿੰਗ ਹੋਈ । ਉਸ ਮੀਟਿੰਗ ਵਿਚ....

ਚੌਧਰੀ ਦਰਸ਼ਨ ਸਿੰਘ : ਮੋਸ਼ਨ ਮੂਵ ਹੋ ਗਈ ਹੈ ਜਾਂ ਨਹੀਂ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਅੱਜ ਗਿਆਰਾਂ ਵਜੇ ਦੇ ਕਰੀਬ ਕਾਂਗਰਸ ਅਸੈਂਬਲੀ ਪਾਰਟੀ ਦੀ ਮੀਟਿੰਗ ਹੋਈ । ....

ਸ਼੍ਰੀ ਸਪੀਕਰ : ਤੁਸੀਂ ਮੂਵ ਕਰਨੀ ਚਾਹੁੰਦੇ ਹੋ ? (Do you want to move the motion ?

ਕਾਮਰੇਡ ਸੱਤ ਪਾਲ ਡਾਂਗ : ਮੈਂ ਮੂਵ ਕਰਨੀ ਚਾਹੁੰਦਾ ਹਾਂ ਜੀ ।

ਸ਼੍ਰੀ ਸਪੀਕਰ : ਤੁਸੀਂ ਲਿਖ ਕੇ ਦੇ ਦਿਓ । (Please give notice in writing.)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਇਹ 11 ਵਜੇ ਦਾ ਵਾਕਿਆ ਹੈ, ਹੁਣ ਕਿਸ ਤਰ੍ਹਾਂ ਰੇਜ਼ ਕੀਤਾ ਜਾ ਸਕਦਾ ਹੈ ।

ਕਾਮਰੇਡ ਸੱਤ ਪਾਲ ਡਾਂਗ : ਇਹ ਇਕ ਬੜਾ ਇੰਪਾਰਟੈਂਟ ਮੈਟਰ ਹੈ, ਅਤੇ ਇਹ ਤੁਹਾਡੇ ਆਫਿਸ ਨਾਲ ਤੁਅਲਕ ਰਖਦਾ ਹੈ । ਰੈਲੇਵੈਂਟ ਰੂਲਜ਼ ਦੇ ਵਿਚ ਪ੍ਰਿਵਿਲੇਜ ਮੋਸ਼ਨ ਦੇ ਬਾਰੇ ਇਹੀ ਪੋਜ਼ੀਸ਼ਨ ਹੈ ਕਿ ਇਹ ਕਿਸੇ ਵੇਲੇ ਵੀ ਮੂਵ ਹੋ ਸਕਦੀ ਹੈ ।

ਸ਼੍ਰੀ ਸਪੀਕਰ : ਲੇਕਿਨ ਜੇ ਚੇਅਰ ਇਜ਼ਾਜ਼ਤ ਦੇਵੇ ਤਾਂ ਹੋ ਸਕਦੀ ਹੈ । (It can be moved only with the permission of the Chair.)

ਕਾਮਰੇਡ ਸੱਤ ਪਾਲ ਡਾਂਗ : ਤੁਸੀਂ ਇਜਾਜ਼ਤ ਦਿਤੀ ਹੈ ਤਾਂ ਹੀ ਬੋਲਣ ਲਈ ਖੜ੍ਹਾ ਹੋਇਆ ਹਾਂ । ਰੂਲਜ਼ ਦੇ ਵਿਚ ਲਿਖਿਆ ਹੈ.... ।

ਸ਼੍ਰੀ ਸਪੀਕਰ : ਤੁਸੀਂ ਬੈਠੇ ਹੋਏ ਹੀ ਸ਼ੁਰੂ ਕਰ ਦਿੱਤਾ ਹੈ । ਤੁਸੀਂ ਸਬਜੈਕਟ-ਮੈਟਰ ਲਿਖ ਕੇ ਭੇਜ ਦੇਵੋ । (You have started speaking while seated. Please give notice in writing.)

ਕਾਮਰੇਡ ਸੱਤ ਪਾਲ ਡਾਂਗ : ਤੁਸੀਂ ਰੂਲ ਪੜ੍ਹ ਲਵੋ ।

Mr. Speaker : Please resume your seat.

ਕਾਮਰੇਡ ਸੱਤ ਪਾਲ ਡਾਂਗ : ਤੁਸੀਂ ਰੂਲ ਪੜ੍ਹੋ । ਰੂਲਜ਼ ਇਸ ਤਰ੍ਹਾਂ ਹਨ ਕਿ—

Privilege Motion can be moved orally.

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਇਹ ਸਪੀਕਰ ਦੀ ਮਰਜ਼ੀ ਨਾਲ ਹੋ ਸਕਦਾ ਹੈ । (It can be done with the permission of the Speaker.)

ਕਾਮਰੇਡ ਸੱਤ ਪਾਲ ਡਾਂਗ : ਤੁਸੀਂ ਸੁਣ ਲਵੋ ਫਿਰ ਅਲਾਊ ਕਰੋ ਜਾਂ ਨਾਂ ਕਰੋ । ਤੁਸੀਂ 11 ਵਜੇ....

ਸ੍ਰੀ ਸਪੀਕਰ : ਰੀਸੈਂਟ ਵਾਕਿਆ ਹੋਣਾ ਚਾਹੀਦਾ ਹੈ । (The matter should be of recent occurrence.)

(ਇਸ ਵੇਲੇ ਚੌਧਰੀ ਦਰਸ਼ਨ ਸਿੰਘ ਬੋਲਣ ਲਈ ਖੜ੍ਹੇ ਹੋਏ ।)

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਡਾਂਗ ਸਾਹਿਬ ਬੋਲ ਰਹੇ ਹਨ, ਪਹਿਲਾਂ ਉਨ੍ਹਾਂ ਨੂੰ ਬੋਲ ਲੈਣ ਦੇਣਾ ਚਾਹੀਦਾ ਹੈ ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਮੈਂ ਰੂਲ 253 ਪੜ੍ਹਨਾ ਚਾਹੁੰਦਾ ਹਾਂ ।

ਸ੍ਰੀ ਸਪੀਕਰ : ਤੁਸੀਂ ਬੈਠ ਜਾਓ, ਮੈਂ ਰੂਲ ਪੜ੍ਹ ਦੇਂਦਾ ਹਾਂ । (Please resume your seat. I read the relevant rule).

"A member wishing to raise a question of privilege shall give notice in writing to the Secretary before the commencement of the sitting on the day the question is proposed to be raised. If the question raised is based on a document, the notice shall be accompanied by the document".

ਡਾਕਟਰ ਬਲਦੇਵ ਪ੍ਰਕਾਸ਼ : ਰੂਲ 256 ਪੜ੍ਹੋ । ਰੂਲ 256 ਇਸ ਤਰ੍ਹਾਂ ਹੈ :

"The Speaker may, if he is satisfied about the urgency of the matter, allow a question of privilege to be raised at any time during the course of a sitting. Such question shall be raised at the earliest opportunity and shall not ordinarily require notice".

ਸ੍ਰੀ ਸਪੀਕਰ : ਇਸ ਵਿਚ ਕੋਈ ਅਰਜੈਂਸੀ ਨਹੀਂ ਹੈ । ਜੇ ਅਰਜੈਂਸੀ ਹੋਵੇ ਤਾਂ ਹੀ ਇਜਾਜ਼ਤ ਦਿਤੀ ਜਾ ਸਕਦੀ ਹੈ । (There is no such urgency involved in this case. Permission can be granted only if the matter is of urgent nature.)

ਕਾਮਰੇਡ ਸੱਤ ਪਾਲ ਡਾਂਗ : ਮੈਨੂੰ ਬੋਲ ਲੈਣ ਦੇਵੋ, ਮੈਂ ਸਬਮਿਸ਼ਨ ਕਰਨੀ ਹੈ, ਤੁਸੀਂ ਮੈਨੂੰ ਸੁਣ ਲਵੋ ।

ਸ੍ਰੀ ਸਪੀਕਰ : ਡਾਂਗ ਸਾਹਿਬ, ਤੁਸੀਂ ਲਿਖ ਕੇ ਭੇਜ ਦੇਵੋ । (Dang Sahib, please give it in writing).

ਕਾਮਰੇਡ ਸੱਤ ਪਾਲ ਡਾਂਗ : ਤੁਸੀਂ ਮੈਨੂੰ ਸੁਣ ਤਾਂ ਲਵੋ, ਫਿਰ ਹੀ ਤੁਸੀਂ ਦੱਸ ਸਕੋਗੇ ਕਿ ਅਰਜੈਂਸੀ ਹੈ ਕਿ ਨਹੀਂ ਅਤੇ ਫਿਰ ਹੀ ਡਿਸਾਈਡ ਕਰੋਗੇ ਕਿ ਪ੍ਰਿਵਿਲਜ ਮੋਸ਼ਨ ਬਣਦੀ ਹੈ ਜਾਂ ਨਹੀਂ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਡਾਂਗ ਸਾਹਿਬ, ਤੁਸੀਂ ਕਾਂਗਰਸ ਪਾਰਟੀ ਦੀ ਗੱਲ ਕੀਤੀ ਹੈ, 11-00 ਵਜੇ ਦੀ ਗੱਲ ਹੋਈ, ਉਸ ਦੀ ਕੋਈ ਅਰਜੈਂਸੀ ਨਹੀਂ ਰਹੀ, ਉਹ ਖਤਮ ਹੋ ਗਈ। (Dang Sahib, you have made a mention of the meeting of the Congress Party. That was at 11 O'clock and there is no urgency involved in it).

ਸਰਦਾਰ ਅਜਾਇਬ ਸਿੰਘ ਸੰਧੂ : * * * **

ਸ਼੍ਰੀ ਸਪੀਕਰ : ਜੋ ਕੁਝ ਸੰਧੂ ਸਾਹਿਬ ਨੇ ਚੇਅਰ ਦੀ ਪਰਮਿਸ਼ਨ ਬਗੈਰ ਕਿਹਾ ਹੈ, ਐਕਸਪੰਜ ਕਰ ਦਿਤਾ ਜਾਵੇ। (What ever Mr. Sandhu has said without the permission of the Chair, should be expunged).

ਸਰਦਾਰ ਅਜਾਇਬ ਸਿੰਘ ਸੰਧੂ : ਤੁਸੀਂ ਕਿਹੜੇ ਰੂਲ ਦੇ ਤਹਿਤ ਇਹ ਚੀਜ਼ ਕੀਤੀ ਹੈ। ਤੁਸੀਂ ਗਲ ਤਾਂ ਸੁਣ ਲਵੋ।

Mr. Speaker : Please resume your seat.

ਕਾਮਰੇਡ ਸੱਤ ਪਾਲ ਡਾਂਗ : ਹਾਊਸ ਦੇ ਇਹ ਪਰੈਸੀਡੈਂਟ ਰਹੇ ਹਨ ਕਿ ਓਰਲ ਪ੍ਰਿਵਿਲਿਜ ਮੋਸ਼ਨ ਮੂਵ ਹੁੰਦੀ ਹੈ ਅਤੇ ਇਸ ਤਰ੍ਹਾਂ ਹੁੰਦਾ ਰਿਹਾ ਹੈ ਅਤੇ ਇਹ ਸਪੀਕਰ ਸਾਹਿਬ ਦੀ ਡਿਸਕਰੀਸ਼ਨ ਹੈ। ਇਹ ਸੁਣ ਤਾਂ ਲਵੋ ਕਿ ਪ੍ਰਿਵਿਲਿਜ ਮੋਸ਼ਨ ਕੀ ਹੈ? ਅਤੇ ਫਿਰ ਇਸ ਦਾ ਵਿਊ ਬਣਾਇਆ ਜਾ ਸਕਦਾ ਹੈ ਕਿ ਇਸ ਵਿਚ ਅਰਜੈਂਸੀ ਹੈ ਕਿ ਨਹੀਂ। ਇਹ ਤਾਂ ਇਕ ਅਜੀਬ ਗਲ ਹੋ ਰਹੀ ਹੈ। ਇਕ ਮੈਂਬਰ ਦਾ ਰਾਈਟ ਹੈ ਅਤੇ ਕੋਈ ਵੀ ਮੈਂਬਰ ਹਾਊਸ ਵਿਚ ਪ੍ਰਿਵਿਲਿਜ ਮੋਸ਼ਨ ਮੂਵ ਕਰ ਸਕਦਾ ਹੈ। ਇਸ ਤਰ੍ਹਾਂ ਪਹਿਲਾਂ ਵੀ ਹੋ ਚੁਕਾ ਹੈ, ਪਰ ਸਪੀਕਰ ਨੇ ਅਲਾਊ ਕੀਤਾ ਕਿ ਨਹੀਂ ਕੀਤਾ, ਇਹ ਡਿਫਰੈਂਟ ਗਲ ਹੈ। ਮੇਰੀ ਪ੍ਰਿਵਿਲਿਜ ਮੋਸ਼ਨ ਕਿਸੇ ਮੈਂਬਰ ਦੇ ਬਾਰੇ ਨਹੀਂ ਹੈ, ਮੈਂ ਤਾਂ ਚੀਫ ਮਨਿਸਟਰ ਸਾਹਿਬ ਦੇ ਅਬਜ਼ੋਸਟ ਮੋਸ਼ਨ ਮੂਵ ਕਰ ਰਿਹਾ ਹਾਂ। ਤੁਸੀਂ ਇਸ ਨੂੰ ਸੁਣ ਲਵੋ ਕਿ ਇਸ ਦਾ ਸਬਜੈਕਟ ਮੈਟਰ ਕੀ ਹੈ? ਅਗਰ ਤੁਸੀਂ ਲਿਖ ਕੇ ਕਹੋਗੇ ਤਾਂ ਮੈਂ ਲਿਖ ਕੇ ਵੀ ਭੇਜ ਦੇਵਾਂਗਾ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਕੀ ਤੁਸੀਂ ਮੂਵ ਕਰਨ ਦੀ ਇਜਾਜ਼ਤ ਦੇ ਦਿਤੀ ਹੈ ?

ਸ਼੍ਰੀ ਸਪੀਕਰ : ਨਹੀਂ ਜੀ। ਡਾਂਗ ਸਾਹਿਬ, ਤੁਸੀਂ ਇਸ ਦੇ ਸਬਜੈਕਟ ਮੈਟਰ ਦੀ ਅਰਜੈਂਸੀ ਬਾਰੇ ਦੱਸ ਦੇਵੋ। (No. Dang Sahib You may please speak about the urgency involved in the matter).

ਕਾਮਰੇਡ ਸੱਤ ਪਾਲ ਡਾਂਗ : * *

ਸ਼੍ਰੀ ਸਪੀਕਰ : ਇਸ ਮੈਟਰ ਵਿਚ ਕੋਈ ਅਰਜੈਂਸੀ ਨਹੀਂ। ਜੋ ਕੁਝ ਵੀ ਡਾਂਗ ਸਾਹਿਬ ਨੇ ਕਿਹਾ ਹੈ ਇਹ ਚੇਅਰ ਤੇ ਅੈਸਪਰਸ਼ਨ ਹੈ ਅਤੇ ਇਸ ਨੂੰ ਐਕਸਪੰਜ ਕਰ ਦਿਤਾ ਜਾਵੇ।

(ਇਸ ਵੇਲੇ ਮਾਨਯੋਗ ਮੈਂਬਰਜ਼ ਕਾਮਰੇਡ ਸੱਤ ਪਾਲ ਡਾਂਗ, ਸਰਦਾਰ ਅਜਾਇਬ ਸਿੰਘ ਸੰਧੂ ਅਤੇ ਸਰਦਾਰ ਕਰਨੈਲ ਸਿੰਘ ਮਰੜੀ ਬੋਲਣ ਲਈ ਖੜ੍ਹੇ ਹੋਏ।)

*Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਪੀਕਰ]

ਡਾਂਗ ਸਾਹਿਬ ਤੇ ਬਾਕੀ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੇ ਮੈਂਬਰ ਮੇਰੇ ਚੈਂਬਰ ਵਿਚ ਤਸ਼ਰੀਫ਼ ਲੈ ਆਉਣ। (There is no urgency involved in this matter. What ever Mr. Dang has said is an aspersion on the Chair and it should be expunged.)

(At this stage the hon. Members Comrade Satya Pal Dang, Sardar Ajaib Singh Sandhu and Sardar Karnail Singh Marhari rose to speak.)

(Dang Sahib and other members of the Business Advisory Committee may please come to my Chamber.)

4.49 P.M (ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਕਾਮਰੇਡ ਸੱਤ ਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਸਪੀਕਰ ਸਾਹਿਬ ਜਾਣ ਲਗਿਆਂ ਇਹ ਕਹਿ ਗਏ ਹਨ ਕਿ ਮੈਂ ਚੇਅਰ ਤੇ ਐਸਪਰਸ਼ਨ ਕੀਤੀ ਹੈ ਅਤੇ ਜੋ ਕੁਝ ਮੈਂ ਕਿਹਾ ਹੈ ਉਹ ਐਕਸਪੰਜ ਕਰ ਦਿਤਾ ਜਾਵੇ। ਗੌਰਮਿੰਟ ਨੂੰ ਪਰੋਟੈਕਟ ਕਰਨ ਵਾਸਤੇ ਉਹ ਆਪਣੇ ਆਫਿਸ ਨੂੰ ਮਿਸਯੂਜ਼ ਕਰ ਰਹੇ ਹਨ। ਮੈਂ ਕੋਈ ਐਸੀ ਗਲ ਨਹੀਂ ਕੀਤੀ ਜੋ ਐਕਸੰਪੰਜ ਹੋਣੀ ਚਾਹੀਦੀ ਸੀ। ਮੈਂ ਤਾਂ ਇਹੀ ਕਿਹਾ ਸੀ ਕਿ * * * ਇਸ ਬਾਰੇ ਮੇਰੀ ਪ੍ਰਿਵਿਲਿਜ ਮੋਸ਼ਨ ਲੀਡਰ ਆਫ ਦੀ ਹਾਊਸ ਦੇ ਅਗੇਂਸਟ ਬਣਦੀ ਹੈ।

CALL ATTENTION NOTICES UNDER RULE 66

(Serial No. 6)

Shri Sardari Lal Kapur : Sir, I beg to draw the attention of the Government towards a matter of urgent public importance, namely, the misuse of loudspeakers all over the State is creating a great nuisance for the students, sick persons and other residents of cities, towns, and villages of the State. Even though the attention of the Government has been drawn many times in and outside this House to the grave misuse of loudspeakers by the lottery-wallas, cinema owners and others, nothing has been done, so far, by the Government to put a stop to this nuisance. The Government should, therefore, make a statement on the floor of the House, as to what it proposes doing to save the public from this nuisance of loudspeakers, which is increasing day by day.

ਸ਼੍ਰੀ ਡਿਪਟੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ। Call Attention Motion No.7.(*Interruption*) (Admitted. The Minister concerned may please make a statement. Call Attention Motion No. 7.)

---

* Expunged as already ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ : * * * (ਵਿਘਨ)

Mr. Deputy Speaker : This is no point of order.

ਸਰਦਾਰ ਅਜਾਇਬ ਸਿੰਘ ਸੰਧੂ : * * * * *

ਸ਼੍ਰੀ ਡਿਪਟੀ ਸਪੀਕਰ : ਜੋ ਕੁਝ ਇਹ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ । ਸੰਧੂ ਸਾਹਿਬ, ਨੋ ਕੰਨਫੀਡੈਂਸ ਮੋਸ਼ਨ ਆ ਰਹੀ ਹੈ ਤੁਸੀਂ ਉਸ ਤੇ ਬੋਲ ਲੈਣਾ । (ਵਿਘਨ) (Whatever the hon. Member is saying should not be recorded. Sandhu Sahib, No-Confidence Motion is coming up. Ycu may speak during that discussion).

(ਇਸ ਵੇਲੇ ਅਕਾਲੀ ਬੈਂਚਿਜ਼ ਵਲੋਂ ਨਾਹਰੇ ਲਗ ਰਹੇ ਸਨ * * *)

ਸ਼੍ਰੀ ਡਿਪਟੀ ਸਪੀਕਰ : ਜੋ ਕੁਝ ਇਹ ਪਰਮਿਸ਼ਨ ਤੋਂ ਬਿਨਾਂ ਕਹਿ ਰਹੇ ਹਨ ਉਹ ਰੀਕਾਰਡ ਨਾ ਕੀਤਾ ਜਾਵੇ। (ਵਿਘਨ) (Whatever is being said without the permission of the Chair that should not be recorded).

Sardar Ajaib Singh Sandhu : By sitting here, you can't protect this Government.

Mr. Deputy Speaker : I am protecting you all.

Sardar Ajaib Singh Sandhu : You are protecting the Government. This is not the way.

Mr. Deputy Speaker : You have no right to fight. You have the right to say. Raise a point of order if you have any.

ADJOURNMENT MOTIONS

ਸਰਦਾਰ ਅਜਾਇਬ ਸਿੰਘ ਸੰਧੂ : ਮੇਰੀ ਬੇਨਤੀ ਇਹ ਹੈ ਕਿ ਮੈਂ ਇਕ ਐਡਜਰਨਮੈਂਟ ਮੋਸ਼ਨ ਦਿੱਤੀ ਸੀ ਕਿ ਕੱਲ੍ਹ ਚੀਫ਼ ਮਨਿਸਟਰ ਸਾਹਿਬ ਨਾਭੇ ਗਏ ਸੀ ਅਤੇ ਪਰਸੋਂ 2, 3 ਦਿਨ ਹੋਏ ਉਥੇ ਸਾਰੇ ਅਕਾਲੀ ਅਤੇ ਜਨਸੰਘੀ ਵਰਕਰਾਂ ਨੂੰ ਅਤੇ ਅਕਾਲੀ, ਜੈਨਸੰਘੀ ਐਮ. ਐਲ. ਏਜ. ਨੂੰ ਫੜਨ ਲਈ ਉਥੋਂ ਦੀ ਪੁਲਿਸ ਨੇ ਧਿੱਫਾ ਕੀਤਾ । ਮੇਰੀ ਅਰਜ਼ ਹੈ ਕਿ ਇਸ ਤਰੀਕੇ ਨਾਲ ਜੇ ਸਾਡੇ ਪਾਪੂਲਰ ਚੀਫ਼ ਮਨਿਸਟਰ ਸਾਹਿਬ ਕਰਦੇ ਹਨ ਜਿਨ੍ਹਾਂ ਨੂੰ ਕਿ 200 ਮੀਲ ਦੀ ਦੂਰੀ ਤੋਂ ਹੀ ਖਤਰਾ ਪੈ ਜਾਂਦਾ ਹੈ ਤਾਂ ਉਨ੍ਹਾਂ ਦੀ ਪਾਪੂਲੈਰਿਟੀ ਆਪਣੇ ਆਪ ਹੀ ਸਾਫ ਹੋ ਜਾਂਦੀ ਹੈ (ਵਿਘਨ) ਡਿਪਟੀ ਸਪੀਕਰ ਸਾਹਿਬ, ਮੇਰੀ ਐਡਜਰਨਮੈਂਟ ਮੋਸ਼ਨ ਨੂੰ ਐਡਮਿਟ ਕਰੋ .....

Mr. Deputy Speaker : That has been disallowed.

---

*Expunged/not recorded as ordered by the Chair.

Original with;
Punjab Vidhan Sabha
Digitized by;
Panjab Digital Library

Sardar Ajaib Singh Sandhu : That has been disallowed on the ground that it relates to the ordinary administration of law and is inadmissible under Rule 61(x) of the Rules of Procedure.

Mr. Deputy Speaker : Call Attention Motion No. 7.

(ਇਸ ਵੇਲੇ ਸ਼੍ਰੀ ਸਰਦਾਰੀ ਲਾਲ ਕਪੂਰ ਨੇ ਆਪਣੀ ਕਾਲ ਅਟੈਨਸ਼ਨ ਮੋਸ਼ਨ ਪੜ੍ਹਨੀ ਸ਼ੁਰੂ ਕੀਤੀ ।)

ਡਾਕਟਰ ਬਲਦੇਵ ਪ੍ਰਕਾਸ਼ : ਡਿਪਟੀ ਸਪੀਕਰ ਸਾਹਿਬ, ਇਹ ਕੀ ਪੜ੍ਹ ਰਹੇ ਹਨ, ਸਾਨੂੰ ਤਾਂ ਪਤਾ ਨਹੀਂ ਹੈ ।

ਸ਼੍ਰੀ ਡਿਪਟੀ ਸਪੀਕਰ : ਇਹ ਕਾਲ ਅਟੈਨਸ਼ਨ ਮੋਸ਼ਨ ਪੜ੍ਹ ਰਹੇ ਹਨ । (He is reading the Call Attention Motion).

ਡਾਕਟਰ ਬਲਦੇਵ ਪ੍ਰਕਾਸ਼ : ਮੇਰੀ ਇਕ ਐਡਜਰਨਮੈਂਟ ਮੋਸ਼ਨ ਸੀ ।

ਸ਼੍ਰੀ ਡਿਪਟੀ ਸਪੀਕਰ : ਉਹ ਡਿਸਅਲਾਓ ਹੋ ਗਈ ਹੈ । (That has been disallowed).

ਡਾਕਟਰ ਬਲਦੇਵ ਪ੍ਰਕਾਸ਼ : ਕਿਸ ਦੀ ਐਡਜਰਨਮੈਂਟ ਮੋਸ਼ਨ ਡਿਸਅਲਾਓ ਹੋ ਗਈ ਹੈ ?

ਸ਼੍ਰੀ ਡਿਪਟੀ ਸਪੀਕਰ : ਤੁਹਾਡੀ ਐਡਜਰਨਮੈਂਟ ਮੋਸ਼ਨ ਵੀ ਡਿਸਅਲਾਓ ਹੋ ਗਈ ਹੈ । (Your Adjournment Motion has also been disallowed.)

ਡਾਕਟਰ ਬਲਦੇਵ ਪ੍ਰਕਾਸ਼ : ਡਿਪਟੀ ਸਪੀਕਰ ਸਾਹਿਬ ਜਿਹੜੀ ਮੇਰੀ ਐਡਜਰਨਮੈਂਟ ਮੋਸ਼ਨ ਡਿਸਅਲਾਓ ਕੀਤੀ ਹੈ ਉਹ ਇਸ ਰੀਜ਼ਨ ਕਰ ਕੇ ਡਿਸਅਲਾਓ ਕੀਤੀ ਹੈ ਕਿ ਇਹ ਮੈਟਰ ਸਬਜੁਡਿਸ ਹੈ । ਪਰ, ਡਿਪਟੀ ਸਪੀਕਰ ਸਾਹਿਬ, ਮੈਂ ਐਡਜਰਨਮੈਂਟ ਮੋਸ਼ਨ ਪੜ੍ਹ ਦਿੰਦਾ ਹਾਂ :

> 'The business of the House may be adjourned to discuss a definite matter of urgent public importance and of recent occurence i. e. the situation of extreme lawlessness prevalent in the State so much so that Judicial Magistrates are being openly assaulted in the public.'

ਇਹ ਮੇਰੀ ਐਡਜਰਨਮੈਂਟ ਮੋਸ਼ਨ ਹੈ ਇਸ ਵਿਚ ਇਹ ਕਿਸੇ ਪਾਰਟੀਕੁਲਰ ਚੀਜ਼ ਨੂੰ ਰੈਫਰ ਨਹੀਂ ਕਰਦੀ । ਮੈਨੂੰ ਸਮਝ ਨਹੀਂ ਆਉਂਦੀ ਇਸ ਵਿਚ ਕਿਹੜੀ ਚੀਜ਼ ਹੈ ਜਿਹੜੀ ਕਿ ਸਬਜੁਡਿਸ ਹੈ । ਇਸ ਵਿਚ ਤਾਂ ਲਾਅ ਐਂਡ ਆਰਡਰ ਦਾ ਜ਼ਿਕਰ ਕੀਤਾ ਗਿਆ ਹੈ ਜਿਹੜਾ ਕਿ ਸਾਰਿਆਂ ਨੂੰ ਪਤਾ ਹੈ..... ।

ਕੈਪਟਨ ਰਤਨ ਸਿੰਘ : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ.....

ਸ਼੍ਰੀ ਡਿਪਟੀ ਸਪੀਕਰ : ਡਾਕਟਰ ਬਲਦੇਵ ਪ੍ਰਕਾਸ਼ ਜੀ, ਪਹਿਲੇ ਕੈਪਟਨ ਸਾਹਿਬ ਨੂੰ ਸੁਣ ਲਉ । (Doctor Baldev Parkash Ji, first please listen to Captain Sahib.)

Original with;
Punjab Vidhan Sabha
Digitized by;
Panjab Digital Library

ਕੈਪਟਨ ਰਤਨ ਸਿੰਘ : ਡਿਪਟੀ ਸਪੀਕਰ ਸਾਹਿਬ, ਜੋ ਐਡਜਰਨਮੈਂਟ ਮੋਸ਼ਨ ਡਾਕਟਰ ਬਲਦੇਵ ਪ੍ਰਕਾਸ਼ ਜੀ ਨੇ ਹਾਊਸ ਵਿਚ ਦਿੱਤੀ ਹੈ ਇਹ ਆਰਡੀਨੈਰਿਲੀ ਰੂਲ ਆਊਟ ਨਹੀਂ ਸੀ ਹੋਣੀ ਚਾਹੀਦੀ । (ਆਪੋਜ਼ੀਸ਼ਨ ਵਲੋਂ ਤਾੜੀਆਂ) ਲੇਕਿਨ ਅੱਜ ਜਦੋਂ ਕਿ ਇਥੇ ਨੋ ਕੰਨਫੀਡੈਂਸ ਮੋਸ਼ਨ ਐਡਮਿਟ ਹੋ ਗਈ ਹੈ ਅਤੇ ਉਸ ਵਿਚ ਇਹ ਡਿਸਕਸ਼ਨ ਆ ਸਕਦੀ ਹੈ ਅਤੇ ਲੀਡਰ ਆਫ ਦੀ ਹਾਊਸ ਨੇ ਇਹ ਕਹਿ ਦਿੱਤਾ ਹੈ ਕਿ ਮੈਂ ਕੋਈ ਬਿਜ਼ਨੈਸ ਟਰਾਂਜ਼ੈਕਟ ਕਰਨ ਨੂੰ ਤਿਆਰ ਨਹੀਂ ਹਾਂ ਜਦੋਂ ਤਕ ਕਿ ਨੋ-ਕਨਫੀਡੈਂਸ ਮੋਸ ਤੇ ਡਿਸਕਸ਼ਨ ਨਹੀਂ ਹੋ

5.00 P.M.

ਜਾਂਦੀ । ਜੋ ਕੁਸੀਂ ਚਾਹੁੰਦੇ ਹੋ ਉਹ ਤਾਂ ਹਾਊਸ ਦੇ ਲੀਡਰ ਵੱਲੋਂ ਹੀ ਹੋ ਚੁੱਕਾ ਹੈ । ਇਹ ਹਕੀਕਤ ਹੈ ਕਿ ਤੁਹਾਡੀ ਮੋਸ਼ਨ ਦਾ ਵੀ ਇਹੋ ਮਨਸ਼ਾ ਸੀ । ਹਾਊਸ ਦੇ ਲੀਡਰ ਨੇ ਯਕੀਨ ਦਿਵਾਇਆ ਹੈ ਕਿ ਮੈਂ ਉਸ ਵਕਤ ਤੱਕ ਕੋਈ ਹਾਊਸ ਦਾ ਬਿਜ਼ਨੈਸ ਨਹੀਂ ਹੋਣ ਦੇਵਾਂਗਾ ਜਦੋਂ ਤੱਕ ਨੋ-ਕਨਫੀਡੈਂਸ ਮੋਸ਼ਨ ਤੇ ਬਹਿਸ ਨਹੀਂ ਹੋ ਜਾਂਦੀ । ਡਾਕਟਰ ਬਲਦੇਵ ਪ੍ਰਕਾਸ਼ ਜੀ ਵੀ ਜਿਸ ਵੇਲੇ ਨੋ-ਕਨਫੀਡੈਂਸ ਤੇ ਬੋਲਦੇ ਹਨ, ਉਹ ਸਾਰੀਆਂ ਗੱਲਾਂ ਵੀ ਕਹਿ ਸਕਦੇ ਹਨ ਜਿਸ ਦੇ ਲਈ ਉਹ ਆਪਣੀ ਐਡਜਰਨਮੈਂਟ ਮੋਸ਼ਨ ਦੇਣਾ ਚਾਹੁੰਦੇ ਹਨ । ਇਹੋ ਮੇਰਾ ਪੁਆਇੰਟ ਹੈ ਜੋ ਮੈਂ ਹਾਊਸ ਦੇ ਸਾਹਮਣੇ ਰਖਣਾ ਸੀ ।

ਕਾਮਰੇਡ ਸੱਤ ਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਇਹ ਤਾਂ ਗਲ ਐਡਜਰਨਮੈਂਟ ਮੋਸ਼ਨ ਤੇ ਹੋ ਸਕਦੀ ਹੈ, ਪਰ ਮੇਰੀ ਐਡਜਰਨਮੈਂਟ ਮੋਸ਼ਨ ਇਕ ਬਹੁਤ ਹੀ ਗੰਭੀਰ ਮਸਲੇ ਤੇ ਸੀ ਅਤੇ ਅੱਜ ਹੀ ਕੁਐਸਚਨ ਆਵਰ ਵਿਚ ਮੈਨੂੰ ਉਸ ਬਾਰੇ ਜਵਾਬ ਮਿਲਿਆ ਹੈ । ਮੈਂ ਉਸ ਵਿਚ ਇਹ ਮੈਨਸ਼ਨ ਕੀਤਾ ਸੀ ਕਿ ਸ਼੍ਰੀ ਚਵਾਨ ਨੇ ਇਕ ਆਰਡੀਨੈਂਸ ਰਾਹੀਂ ਵੇਜਿਜ਼ ਫਰੀਜ਼ ਕਰ ਦਿੱਤੀਆਂ ਹਨ, ਪਲੀ ਇਹ ਲਈ ਹੈ ਕਿ ਇਸ ਤਰ੍ਹਾਂ ਕਰਨ ਨਾਲ ਕੀਮਤਾਂ ਘਟਣਗੀਆਂ, ਹੋਰ ਜਿਹੜੇ ਵੀ ਕਾਰੋਬਾਰ ਜਾਂ ਬਿਜ਼ਨੈਸ ਹੋ ਰਹੇ ਹਨ ਉਨ੍ਹਾਂ ਤੇ ਕੋਈ ਆਰਡੀਨੈਂਸ ਨਹੀਂ ਆਇਆ । ਇਨਕਮ ਟੈਕਸ ਪੇਅਰਜ਼ ਨੂੰ 15 ਹਜ਼ਾਰ ਤੱਕ ਦੀ ਛੋਟ ਦਿੱਤੀ ਗਈ ਹੈ, ਪਰ ਇਕ ਗਰੀਬ ਪੀਅਨ ਜੋ 150-200 ਰੁਪਏ ਮਾਹਵਾਰ ਤਨਖਾਹ ਪਾਉਂਦਾ ਹੈ, ਨੂੰ ਜ਼ਬਰੀ ਬਚਤ ਢੰਗ ਵਿਚ ਉਨ੍ਹਾਂ ਦੀਆਂ ਵੇਜਿਜ਼ ਫਰੀਜ਼ ਕੀਤੀਆਂ ਗਈਆਂ ਹਨ । ਮੈਨੂੰ ਜੋ ਜਵਾਬ ਆਇਆ ਹੈ ਉਹ ਇਹ ਹੈ ਕਿ ਇਹ ਸੈਂਟਰ ਦੀ ਰਿਸਪਾਂਸੀਬਿਲਟੀ ਹੈ । ਮੈਂ ਕਹਾਂਗਾ ਕਿ ਇਹ ਪੰਜਾਬ ਸਰਕਾਰ ਦੀ ਰਿਸਪਾਂਸੀਬਿਲਟੀ ਹੈ, ਇਸ ਵੇ ਰਿਪਰਕਸ਼ਨ ਪੰਜਾਬ ਤੇ ਪੈਣੇ ਹਨ, ਇਥੇ ਦੇ ਗਰੀਬ ਪੀਅਨ, ਛੋਟੇ ਮੁਲਾਜ਼ਮ ਤੇ ਪੈਣੇ ਹਨ । ਅੱਜ ਲੋਕਾਂ ਦੀ ਮਹਿੰਗਾਈ ਕਰਕੇ ਬੜੀ ਸੀਰੀਅਸ ਕਡੀਸ਼ਨ ਹੈ, ਲੋਕਾਂ ਵਿਚ ਡਿਸ-ਕੰਟੈਂਟਮੈਂਟ ਹੈ । ਪੰਜਾਬ ਗਵਰਨਮੈਂਟ ਨੂੰ ਪੁਛੇ ਬਿਨਾਂ ਹੀ ਇਹ ਆਰਡੀਨੈਂਸ ਕਰ ਦਿੱਤਾ ਹੈ, ਇਸ ਲਈ ਮੈਂ ਕਹਾਂਗਾ ਕਿ ਇਹ ਐਡਜਰਨਮੈਂਟ ਮੋਸ਼ਨ ਰੀਕਨਸਿਡਰ ਕੀਤੀ ਜਾਵੇ ।

ਸ਼੍ਰੀ ਡਿਪਟੀ ਸਪੀਕਰ : ਡਾਂਗ ਸਾਹਿਬ, ਇਸ ਦਾ ਜਵਾਬ ਤੁਹਾਨੂੰ ਮਿਲ ਚੁੱਕਾ ਹੈ । (Dang Sahib, its reply has already been given to you.)

Original with;
Punjab Vidhan Sabha
Digitized by;
Panjab Digital Library

ਸਰਦਾਰ ਸੁਖਦੇਵ ਸਿੰਘ ਢਿਲੋਂ : ਸਪੀਕਰ ਸਾਹਿਬ, ਮੇਰੀ ਵੀ ਇਕ ਐਡਜਰਨਮੈਂਟ ਮੋਸ਼ਨ ਹੈ, ਇਸ ਵਿਚ ਇਕ ਉਰਦੂ ਦੇ ਅਖਬਾਰ ਦੇ ਵਿਚ ਛਪੀ ਇਕ ਫੋਟੋ ਹੈ, ਜਿਸ ਵਿਚ ਗਿਆਨੀ ਜ਼ੈਲ ਸਿੰਘ ਅਤੇ ਤਾਲਿਬ ਸਾਹਿਬ ਦੋਵੇਂ ਇਕੱਠੇ ਖੜੇ ਵਿਖਾਏ ਹਨ। ਹੈਡਿੰਗ ਇਸ ਤੇ ਇਹ ਦਿੱਤਾ ਹੈ "ਰਾਮ ਅਤੇ ਲਛਮਣ ਦੀ ਜੋੜੀ"। ਇਸ ਤਰ੍ਹਾਂ ਦੀਆਂ ਤਸਵੀਰਾਂ ਬਣਾ ਕੇ ਧਾਰਮਿਕ ਜਜ਼ਬਾਤ ਤੇ ਸਟ ਮਾਰੀ ਗਈ ਹੈ। ਇਹ ਸੈਂਟੀਮੈਂਟਸ ਨੂੰ ਉਭਾਰਨ ਵਾਲੀ ਚੀਜ਼ ਹੈ। ਇਸ ਤਰ੍ਹਾਂ ਦੀਆਂ ਤਸਵੀਰਾਂ ਅਖਬਾਰਾਂ ਵਿਚ ਅਲਾਉ ਨਹੀਂ ਹੋਣੀਆਂ ਚਾਹੀਦੀਆਂ (ਸ਼ੋਰ) (ਹਾਸਾ)

CALL ATTENTION NOTICES UNDER RULE 66

(Resumption)

(Serial No. 8)

Shri Sardari Lal Kapur : Sir, I beg to draw the attention of the Government towards a matter of urgent public importance, namely 'large number of class III and Class IV employees of Ludhiana Municipality have not been paid their salaries for the last 1½ to 2 years. This is causing great hardship to them in these times of high cost of living. On the representations of these employees, they are told that the cases relating to the payment of their overdue salaries is under the consideration of the Local Government Directorate of the State Government. Since the Directorate of the Local Government, Punjab, does not take any active interest in the cases of such adversely affected employees, this is a fit case on which the Minister concerned should make a statement on the floor of the House, as to what the Government is doing for the large number of employees of Ludhiana Municipality who have not been paid their salaries for the last 1½ to 2 years.

ਸ਼੍ਰੀ ਡਿਪਟੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The Minister concerned may please make a statement.)

(Serial No. 9)

Shri Sardari Lal Kapur : Sir, I beg to draw the attention of the Government towards a matter of urgent public importance namely, the meteoric rise in the prices of foodstuffs e. g. atta, ghee, sugar, pulses and articles of daily necessities of life e. g. cloth etc., is very adversly telling upon the plight of Government and non-Government employees in the State.

This is, therefore, a fit matter on which the Minister concerned should make a statement on the floor of the House as to what the Government propose doing to help the poor people, the employees as also the poor kisans and Kammis in the villages.

ਸ਼੍ਰੀ ਡਿਪਟੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The Minister concerned may please make a statement.)

Original with;
Punjab Vidhan Sabha
Digitized by;
Panjab Digital Library

(Serial No. 12)

1. **Comrade Achhra Singh**
2. **Comrade Satya Pal Dang**
3. **Comrade Jangir Singh Joga**
4. **Comrade Dana Ram**

: Sir, we beg to draw the attention of the Government towards a matter of urgent public importance, namely, the Government has not honoured its commitment to the students of the Dayanand Medical College, Ludhiana to take over the College. New admissions have not taken place to this College. New admissions have not taken place also in case of Guru Gobind Singh Medical College, Ferozepore. A large number of even very good students aspiring to be doctors have not been able to get admission in any Medical College because the number of seats in two Government Colleges is limited. This will lead to shortage of doctors in the future while there is serious discontentment amongst sections of students right now.

In view of the obvious and urgent importance of the matter, the Government may please be asked to make a statement in the House.

ਸ਼੍ਰੀ ਡਿਪਟੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted. The Minister concerned may please make a statement.)

(ਕ੍ਰਮ ਨੰ: 13)

1. **ਕਾਮਰੇਡ ਜੰਗੀਰ ਸਿੰਘ ਜੋਗਾ**
2. **ਕਾਮਰੇਡ ਦਾਨਾ ਰਾਮ**
3. **ਕਾਮਰੇਡ ਸੱਤ ਪਾਲ ਡਾਂਗ**
4. **ਕਾਮਰੇਡ ਅੱਛਰਾ ਸਿੰਘ**

: ਅਸੀਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦੇ ਹਾਂ, ਅਰਥਾਤ, ਬੇਰੁਜ਼ਗਾਰ ਅਧਿਆਪਕਾਂ ਵਿਚ ਬੜੀ ਬੇਚੈਨੀ ਹੈ ਕਿਉਂਕਿ ਸਰਕਾਰ ਉਨ੍ਹਾਂ ਨੂੰ ਕੰਮ ਦੇਣ ਵਿਚ ਫੇਲ੍ਹ ਹੋਈ ਹੈ ਜਦ ਕਿ ਬਹੁਤ ਸਾਰੀਆਂ ਆਸਾਮੀਆਂ ਖਾਲੀ ਪਈਆਂ ਹਨ ।

ਉਨ੍ਹਾਂ ਵੱਲੋਂ ਸਾਰੇ ਰਾਜ ਵਿਚ ਵੱਡੀ ਪੱਧਰ ਤੇ ਧਰਨੇ ਮਾਰੇ ਜਾ ਰਹੇ ਹਨ ਅਤੇ ਵਿਖਾਵੇ ਕੀਤੇ ਜਾ ਰਹੇ ਹਨ ।

ਉਪ੍ਰੋਕਤ ਮਾਮਲੇ ਦੀ ਅਹਿਮੀਅਤ ਨੂੰ ਧਿਆਨ ਵਿਚ ਰੱਖਦੇ ਹੋਏ, ਸਰਕਾਰ ਨੂੰ ਸਦਨ ਵਿਚ ਬਿਆਨ ਦੇਣ ਲਈ ਕਿਹਾ ਜਾਵੇ ।

ਸ਼੍ਰੀ ਡਿਪਟੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The Minister concerned may please make a statement.)

Original with;
Punjab Vidhan Sabha
Digitized by;
Panjab Digital Library

(Serial No. 16)

Comrade Shamsher Singh Josh : Sir, I beg to draw the attention of the Government towards a matter of urgent public importance, namely, serious set back to agricultural production in the State as a result of acute shortage and exorbitant increase in the prices of fertilizers and other agricultural inputs as well as irregular supply of electricity.

This has adversely affected the agrarian economy of the State.

In view of the obvious importance of the matter the Government may please be asked to make a statement in the House.

[*Note* : All the issues mentioned in the above Notice relate to one single subject-development of agriculture. Hence it may be treated as such.]

ਸ਼੍ਰੀ ਡਿਪਟੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The Minister concerned may please make a statement.)

PAPERS LAID ON THE TABLE

Minister for Revenue (Sardar Umrao Singh) : Sir, I beg to lay on the Table the Annual Report on the working of the Punjab Scheduled Castes Land Development and Finance Corporation for the year 1971-72, as required under section 27(6) of the Punjab Scheduled Castes Land Development and Finance Corporation Act, 1970.

I also lay on the Table the—

(a) Punjab Municipal (Amendment) Orninance, 1974 (Punjab Ordinance No. 2 of 1974).

(b) Indian Stamp (Punjab Amendment) Ordinance, 1974. (Punjab Ordinance No. 3 of 1974).

(c) Punjab Agricultural Produce Markets (Amendment) Ordinance, 1974 (Punjab Ordinance No. 4 of 1974).

(d) Punjab Passengers and Goods Taxation (Amendment) Ordinance, 1974, together with its Corrigendum (Punjab Ordinance No. 5 of 1974).

(e) Punjab Contingency Fund (Amendment) Ordinance, 1974 together with its Corrigendum (Punjab Ordinance No. 6 of 1974).

(f) Punjab Entertainments Duty (Amendment) Ordinance, 1974 (Punjab Ordinance No. 7 of 1974).

(g) Punjab Motor Spirit (Taxation of Sales) Amendment Ordinance, 1974 (Punjab Ordinance No. 8 of 1974).

Original with;
Punjab Vidhan Sabha
Digitized by;
Panjab Digital Library

I also lay on the Table *the Punjab Panchayat Samitis and Zila Parishads Service (House Building Advance) Rules, 1974. as required under Section 115(4) of the Panchayat Samitis and Zila Parishads Act, 1961.

I also beg to lay on the Table the following Rules as required under Section 98(3) of the Punjab Housing Development Board Act, 1972 :—

(a) The Punjab Housing Development Board (Conditions of Service of Chairman and Members) Rules, 1973.

(b) The Punjab Housing Development Board (Transaction of Business) Rules, 1973.

(c) The Punjab Housing Development Board (Accounts) Rules, 1974.

ਸਰਦਾਰ ਹਰਚੰਦ ਸਿੰਘ : ਡਿਪਟੀ ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਮੋਸ਼ਨ ਚਹਿ ਗਈ ਹੈ.... (ਵਿਘਨ)

ਸ਼੍ਰੀ ਡਿਪਟੀ ਸਪੀਕਰ : ਉਹ ਡਿਸਅਲਾਓ ਹੋ ਗਈ ਹੈ। (That has been disallowed.)

ਸਰਦਾਰ ਹਰਚੰਦ ਸਿੰਘ : ਮੈਂ ਤਾਂ ਕਾਲ ਅਟੈਨਸ਼ਨ ਮੋਸ਼ਨ ਦਿਤੀ ਸੀ ਕਿ ਲੈਂਡ ਮਾਰਟਗੇਜ ਬੈਂਕ ਨੇ ਹਰੀਜਨਾਂ ਨੂੰ ਰਿਜ਼ਰਵੇਸ਼ਨ ਨਹੀਂ ਦਿਤੀ। ਉਨ੍ਹਾਂ ਨੇ ਕਿਹਾ ਹੈ ਕਿ ਇਹ ਮਾਮਲਾ ਉਨ੍ਹਾਂ ਦੇ ਪਰਵੀਊ ਵਿਚ ਨਹੀਂ ਹੈ (ਵਿਘਨ) ਪਹਿਲਾਂ ਅੰਗਰੇਜ਼ਾਂ ਦੇ ਰਾਜ ਵਿਚ ਖੁਦ ਮੁਖਤਿਆਰ ਰਿਆਸਤਾਂ ਹੁੰਦੀਆਂ ਸਨ ਪਰ ਹੁਣ ਪੰਜਾਬ ਜਾਂ ਹਿੰਦੁਸਤਾਨ ਵਿਚ ਅਜਿਹੀਆਂ ਸਰਕਾਰਾਂ ਦਾ ਰਾਜ ਨਹੀਂ ਹੈ। ਲੈਂਡ ਮਾਰਟਗੇਜ ਬੈਂਕ ਵਿਚ ਇਹ ਚੀਜ਼ ਕਿਉਂ ਨਹੀਂ ਆਈ। ਮੈਂ ਕਾਲ ਅਟੈਨਸ਼ਨ ਮੋਸ਼ਨ ਵਿਚੋਂ ਪੜ੍ਹ ਦਿੰਦਾ ਹਾਂ।

ਸਰਦਾਰ ਗੁਰਦੇਵ ਸਿੰਘ ਸਿੱਧੂ : ਉਥੇ ਰਿਜ਼ਰਵੇਸ਼ਨ ਹੋਣੀ ਚਾਹੀਦੀ ਹੈ। ਇਹ ਹਰੀਜਨਾਂ ਨਾਲ ਧੱਕਾ ਹੈ। (ਵਿਘਨ)

Sardar Harchand Singh : The Administrator of the Punjab State Land Mortgage Bank, Chandigarh in direct recruitment of Accountants ignored the Harijan candidates even when they were better qualified than the selected ones and no reservation quota was given to the Harijans.

ਸ਼੍ਰੀ ਡਿਪਟੀ ਸਪੀਕਰ : ਇਹ ਡਿਸਅਲਾਓ ਹੋ ਚੁਕੀ ਹੈ। (ਵਿਘਨ) (It has already been disallowed.) (*Interruption*)

ਕਾਮਰੇਡ ਸੱਤ ਪਾਲ ਡਾਂਗ : ਕੀ ਇਹ ਡਿਸਅਲਾਓ ਕਰ ਦਿੱਤੀ ਹੈ ?

ਸ਼੍ਰੀ ਡਿਪਟੀ ਸਪੀਕਰ : ਹਾਂ ਜੀ। (Yes please.)

ਸਰਦਾਰ ਗੁਰਦੇਵ ਸਿੰਘ ਸਿੱਧੂ : ਇਹ ਸਾਡੀ ਕਮਿਊਨਿਟੀ ਨਾਲ ਬੜਾ ਧੱਕਾ ਹੈ।

Original with;
Punjab Vidhan Sabha
Digitized by;
Panjab Digital Library

ਸਰਦਾਰ ਹਰਚੰਦ ਸਿੰਘ : ਚਾਲ੍ਹੀ ਕਾਰਪੋਰੇਸ਼ਨਾਂ ਹਨ, ਬਿਜਲੀ ਬੋਰਡ ਹੈ, ਕੋਆਪ੍ਰੇਟਿਵ ਬੈਂਕ ਹਨ.... (ਵਿਘਨ) ਅੱਧਿਆਂ ਨਾਲੋਂ ਜ਼ਿਆਦਾ ਸਾਡੇ ਮੁਲਾਜ਼ਮ ਉਥੇ ਕੰਮ ਕਰ ਰਹੇ ਹਨ । ਜਿਹੜੇ ਗੌਰਮਿੰਟ ਦੇ ਅਦਾਰੇ ਹਨ ਉਥੇ ਅਧਿਆਂ ਨਾਲੋਂ ਜ਼ਿਆਦਾ ਸਾਡੇ ਆਦਮੀ ਹਨ । ਫਿਰ ਇਹ ਲੈਂਡ ਮਾਰਟਗੇਜ ਬੈਂਕ ਵਾਲੇ ਸਾਨੂੰ ਰਿਜ਼ਰਵੇਸ਼ਨ ਕਿਉਂ ਨਹੀਂ ਦਿੰਦੇ । ਇਹਦਾ ਫੈਸਲਾ ਗਿਆਨੀ ਜੀ ਨੂੰ ਕਰਨਾ ਚਾਹੀਦਾ ਹੈ । (ਵਿਘਨ)

ਮਾਲ ਅਤੇ ਚੋਣ ਮੰਤਰੀ : ਇਹ ਜੋ ਸਰਦਾਰ ਹਰਚੰਦ ਸਿੰਘ ਜੀ ਨੇ ਬੇਨਤੀ ਕੀਤੀ ਹੈ ਅਸੀਂ ਇਨ੍ਹਾਂ ਨਾਲ ਬੈਠ ਕੇ ਗੱਲ ਕਰ ਲਵਾਂਗੇ ।

ਕਾਮਰੇਡ ਸੱਤ ਪਾਲ ਡਾਂਗ : ਇਕ ਬੜਾ ਇੰਪਾਰਟੈਂਟ ਮਾਮਲਾ ਹੈ । ਇਸ ਵਲ ਚੀਫ ਮਨਿਸਟਰ ਸਾਹਿਬ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ । ਮਾਲੁਪੁਰ ਵਿਚ ਲੰਡੀ ਲੈਕਚਰਾਰ ਨੇ ਮੇਲ ਲੈਕਚਰਾਰ ਨਾਲ ਵਿਆਹ ਕਰ ਲਿਆ ਸੀ । ਹਸਬੈਂਡ ਸ਼ਡਿਊਲਡ ਕਾਸਟ ਸੀ ਅਤੇ ਬੀਵੀ ਜੱਟਾਂ ਦੀ ਸੀ । ਉਨ੍ਹਾਂ ਨੇ ਸ਼ਾਦੀ ਕੀਤੀ । ਉਨ੍ਹਾਂ ਨੂੰ ਐਨਕੋਜ ਕਰਨ ਦੀ ਬਜਾਏ ਉਨ੍ਹਾਂ ਦੀਆਂ ਸਰਵਿਸਿਜ਼ ਨੂੰ ਟਰਮੀਨੇਟ ਕੀਤਾ ਗਿਆ । ਯੂਨੀਵਰਸਿਟੀ ਵਿਚ ਝਗੜਾ ਪਿਆ । ਚੌਧਰੀ ਗੁਰਮੇਲ ਸਿੰਘ ਜੀ ਉਥੇ ਦੀ ਮੈਨੇਜਮੈਂਟ ਦੀ ਮਦਦ ਕਰਦੇ ਰਹੇ । ਮੈਨੂੰ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਇਹੋ ਜਿਹਾ ਇਕ ਕੇਸ ਹੁਣ ਪੰਜਾਬ ਸਰਕਾਰ ਦੇ ਘਰ ਵਿਚ ਹੋ ਗਿਆ ਹੈ । ਇਕ ਸਹੋਜ ਰਾਣੀ ਹੈਲਥ ਡਿਪਾਰਟਮੈਂਟ ਦੀ ਮੁਲਾਜ਼ਮ ਹੈ । ਇਹ ਸੋ ਕਾਲਡ ਅਪਰ ਕਲਾਸ ਵਿਚ ਆਉਂਦੀ ਹੈ । ਇਸ ਦੀ ਸ਼ਾਦੀ ਸਰਦਾਰ ਬਲਬੀਰ ਸਿੰਘ, ਸੋ ਕਾਲਡ ਹਰੀਜਨ ਨਾਲ ਹੋ ਗਈ ਹੈ । ਇਨ੍ਹਾਂ ਨੇ ਆਪਸ ਵਿਚ ਸ਼ਾਦੀ ਕੀਤੀ ਹੈ । ਜਿਹੜੇ ਸੀ.ਐਮ.ਓ. ਸਾਹਿਬ ਨੇ ਉਨ੍ਹਾਂ ਨੇ ਇਸ ਗਲ ਨੂੰ ਮੁੱਖ ਰਖਦੇ ਹੋਏ ਕਿ ਇਸ ਕਿਸਮ ਦੀ ਇੰਟਰਕਾਸਟ ਮੈਰਿਜ ਹੋਈ ਹੈ, ਇਨ੍ਹਾਂ ਨੇ ਐਪਲਾਈਜ਼ ਯੂਨੀਅਨ ਦੇ ਡੈਪੂਟੇਸ਼ਨ ਨੂੰ ਕਿਹਾ ਹੈ ਕਿ ਇਨ੍ਹਾਂ ਨੂੰ ਮਜ਼ਾ ਚਖਾਉਣਾ ਹੈ । ਉਸ ਲੜਕੀ ਦੀ ਤਨਖਾਹ ਚਾਰ ਪੰਜ ਮਹੀਨਿਆਂ ਤੋਂ ਰੋਕੀ ਰਖੀ ਹੈ । ਉਸ ਨੂੰ ਟਰਾਂਸਫਰ ਕਰਕੇ ਦੂਜੇ ਸ਼ਹਿਰ ਬਦਲ ਦਿਤਾ ਗਿਆ ਹੈ । ਇਹ ਮਿਡ-ਟਰਮ ਟਰਾਂਸਫਰ ਨਹੀਂ ਹੋਣੀ ਚਾਹੀਦੀ । ਕੋਈ ਮਿਡ-ਟਰਮ ਟਰਾਂਸਫਰ ਕਰਨ ਦਾ ਕਾਰਨ ਨਹੀਂ ਸੀ । ਇਕ ਅਪਰ ਕਲਾਸ ਦੀ ਲੜਕੀ ਨੇ ਉਸ ਨੌਜੁਆਨ ਨਾਲ, ਜਿਨ੍ਹਾਂ ਨੂੰ ਸਾਡੇ ਦੇਸ਼ ਵਿਚ ਸ਼ਡਿਊਲਡ ਕਾਸਟ ਜਾਂ ਹਰੀਜਨ ਕਿਹਾ ਜਾਂਦਾ ਹੈ, ਸ਼ਾਦੀ ਕੀਤੀ । ਇਸ ਲਈ ਇਨ੍ਹਾਂ ਨੂੰ ਵਿਕਟੇਮਾਈਜ਼ ਕੀਤਾ ਜਾ ਰਿਹਾ ਹੈ । ਅੱਗੇ ਚੌਧਰੀ ਗੁਰਮੇਲ ਸਿੰਘ ਵੋਟਾਂ ਲੈਣ ਲਈ ਉਸ ਮਨੇਜਮੈਂਟ ਨੂੰ ਮਦਦ ਕਰਦੇ ਸਨ । ਤੁਸੀਂ ਵੀ ਹੁਣ ਚੀਫ ਮਨਿਸਟਰ ਸਾਹਿਬ ਨੂੰ ਕਹੋ । (ਵਿਘਨ)

ਸ਼੍ਰੀ ਡਿਪਟੀ ਸਪੀਕਰ : ਇਸ ਗਲ ਬਾਰੇ ਪਹਿਲਾਂ ਹੀ ਉਹ ਬਿਆਨ ਦੇ ਚੁਕੇ ਹਨ (He has already given his statement in this respect)

ਕਾਮਰੇਡ ਸੱਤ ਪਾਲ ਡਾਂਗ: ਇਹ ਪੈਨਾਲਾਈਜ਼ ਹੋ ਰਹੀ ਹੈ, ਪੰਜਾਬ ਸਰਕਾਰ ਕਰ ਰਹੀ ਹੈ, ਡਾਇਰੈਕਟਰ ਸਾਹਿਬ ਕਰ ਰਹੇ ਹਨ । (ਵਿਘਨ)

(ਇਸ ਸਮੇਂ ਸ੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

Original with;
Punjab Vidhan Sabha
Digitized by;
Panjab Digital Library

PRESENTATION OF SUPPLEMENTARY ESTIMATES (FIRST INSTALMENT) FOR THE YEAR 1974-75

Revenue and Election Minister (Sardar Umrao Singh): Sir I beg to present *the Supplementary Estimates (First Instalment) for the year 1974-75.

PRESENTATION OF REPORT OF THE COMMITTEE ON ESTIMATES ON THE SUPPLEMENTARY ESTIMATES (FIRST INSTALMENT) FOR THE YEAR 1974-75

The Chairman Estimates Committee (Chaudhri Sunder Singh): Sir I beg to present the *Report of the Committee on Estimates on the Supplementary Estimates (First Instalment) for the year 1974-75.

POINTS OF ORDER RE-POSTPONEMENT OF DISCUSSION ON THE NO-CONFIDENCE MOTION

ਮਾਲ ਅਤੇ ਚੋਣ ਮੰਤਰੀ: ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਇਹ ਫੈਸਲਾ ਹੋਇਆ ਹੈ.... (ਵਿਘਨ)

ਸ਼੍ਰੀ ਸਪੀਕਰ: ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਸਾਰੇ ਮੈਂਬਰ ਨਹੀਂ ਪਹੁੰਚੇ। ਜਿਹੜੇ ਉਥੇ ਹਾਜ਼ਰ ਸਨ ਉਨ੍ਹਾਂ ਦੀ ਸਾਰਿਆਂ ਦੀ ਮਰਜ਼ੀ ਸੀ....(ਵਿਘਨ) (All the Members did not attend the meeting of the Business Advisory Committee. All the present Members took this decision)

ਸਰਦਾਰ ਅਜਾਇਬ ਸਿੰਘ ਸੰਧੂ: ਤੁਸੀਂ ਪੰਜਾਬ ਦੇ ਕਾਂਗਰਸੀ ਮੈਂਬਰਾਂ ਦੀ ਮਦਦ ਕਰ ਰਹੇ ਹੋ (ਵਿਘਨ) ਤੁਸੀਂ ਪੰਜਾਬ ਦੀ ਕਾਂਗਰਸ ਦੇ ਹਥਾਂ ਵਿਚ ਖੇਲ੍ਹ ਰਹੇ ਹੋ।

ਸ਼੍ਰੀ ਸਪੀਕਰ: ਇਹ ਫੈਸਲਾ ਹੋਇਆ ਸੀ ਕਿ ਨੋ-ਕਨਫੀਡੈਂਸ ਮੋਸ਼ਨ ਅੱਜ ਹੀ ਟੇਕ ਅਪ ਕਰ ਲਈ ਜਾਵੇ। (ਵਿਘਨ) (In the Business Advisory Committee's meeting it was decided that the No-confidence Motion be taken up to-day.)

ਕਾਮਰੇਡ ਸੱਤ ਪਾਲ ਡਾਂਗ: ਆਨ ਏ ਪੁਆਇੰਟ ਆਫ ਆਰਡਰ, ਸਰ। ਤੁਸੀਂ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਬੁਲਾਈ। ਅਜੇ ਤਕ ਪਰੈਸੀਡੈਂਟ ਇਹੀ ਹੈ ਕਿ ਅਗਰ ਕੋਈ ਮੈਂਬਰ ਅਪਣੀ ਕਾਲ ਅਟੈਨਸ਼ਨ ਮੋਸ਼ਨ ਹੋਣ ਕਾਰਨ ਜਾਂ ਹੋਰ ਕਿਸੇ ਕਾਰਨ ਰੁਕ ਗਿਆ ਤਾਂ ਤੁਸੀਂ ਉਹਨੂੰ ਬੁਲਾਉਂਦੇ ਹੋ ਅਤੇ ਉਸਦੀ ਵੋਟ ਕਰਦੇ ਹੋ ਅਤੇ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦਾ ਯੂਨੈਨੀਮਸਲੀ ਫੈਸਲਾ ਕਰਨ ਦੀ ਕੋਸ਼ਿਸ਼ ਕਰਦੇ ਹੋ। ਅਸੀਂ ਬੜੀਆਂ ਗੌਰਮਿੰਟ ਦੀਆਂ ਨਾਜਾਇਜ਼ ਗੱਲਾਂ ਮੰਨਦੇ ਰਹੇ। ਅੱਜ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਐਗਜ਼ੈਕਟ ਟਾਈਮ ਤੇ ਉਥੇ ਗਏ ਪਰ ਉਥੇ ਕੋਈ ਹੋਰ ਮੈਂਬਰ ਨਾ ਹੋਣ ਕਰਕੇ

*Placed in the Library.

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਅਤੇ ਇਨ੍ਹਾਂ ਨੇ ਇਕ ਕਾਲ-ਅਟੈਨਸ਼ਨ ਮੋਸ਼ਨ ਪੜ੍ਹਨੀ ਸੀ, ਇਸ ਲਈ ਇਹ ਮੁੜਕੇ ਇਥੇ ਆ ਗਏ ਕਿ ਕਾਲ ਅਟੈਨਸ਼ਨ ਮੋਸ਼ਨ ਪੜ੍ਹੀ ਜਾਵੇ । ਪਰ ਤੁਸੀਂ ਕਾਂਗਰਸੀ ਮੈਬਰਾਂ ਨੂੰ ਬਿਠਾਕੇ ਮੀਟਿੰਗ ਵਿਚ ਇਹ ਫੈਸਲਾ ਕਰ ਦਿਤਾ । ਸਪੀਕਰ ਸਾਹਿਬ, ਇਹ ਦਰੁਸਤ ਗੱਲ ਨਹੀਂ ਕੀਤੀ (ਵਿਘਨ) (ਸ਼ੇਮ, ਸ਼ੇਮ) ਤੁਸੀਂ ਇਹ ਕੋਈ ਠੀਕ ਨਹੀਂ ਕੀਤਾ । ਫੇਰ ਮੈਂ ਹੈਰਾਨ ਹਾਂ ਕਿ ਇਹ ਤੁਸੀਂ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਵਿਚ ਫੈਸਲਾ ਕੀ ਕੀਤਾ ਹੈ ।

You should have announced, "I have considered the agenda before the House and I have also consulted the Members of the Business Advisory Committee and I hereby allot so much time for the discussion of No-Confidence Motion,'

ਇਹ ਤੁਸੀਂ ਧੱਕੇ ਨਾਲ ਕਰ ਰਹੇ ਹੋ । ਇਹ ਬੜੇ ਅਫਸੋਸ ਦੀ ਗੱਲ ਹੈ । ਮੈਂ ਬੇਨਤੀ ਕਰਾਂਗਾ ਕਿ ਜਿਹੜਾ ਅਜ ਦਾ ਏਜੰਡਾ ਹੈ ਇਹ ਨਹੀਂ ਕਰਨਾ ਚਾਹੀਦਾ ਹੈ । ਇਸ ਵੇਲੇ ਸ਼ਾਮ ਦੇ 5-15 ਹੋ ਗਏ ਹਨ, ਹੁਣ ਛੁੱਟੀ ਕਰ ਦਿਉ ਅਤੇ ਸਵੇਰੇ ਆ ਕੇ ਨੌ-ਕੰਫੀਡੈਂਸ ਮੋਸ਼ਨ ਟੇਕ ਅਪ ਕਰ ਲਓ । (ਵਿਘਨ)

ਸ਼੍ਰੀ ਸਪੀਕਰ : ਅਗਰ ਹਾਊਸ ਚਾਹੇ ਤਾਂ ? (That depends upon the wishes of the House.) (*Interruption*)

ਕਾਮਰੇਡ ਸੱਤ ਪਾਲ ਡਾਂਗ : ਹਾਊਸ ਦੋ ਵਜੇ ਸ਼ੁਰੂ ਹੋਇਆ ਹੈ ਅਤੇ ਹੁਣ ਸਾਡੇ ਪੰਜ ਵਜ ਗਏ ਹਨ । ਇਸ ਤਰ੍ਹਾਂ ਅੱਜ ਟਾਈਮ ਥੋੜਾ ਰਹਿ ਗਿਆ ਹੈ । (ਵਿਘਨ)

ਸ਼੍ਰੀ ਸਪੀਕਰ : 'ਪਾਰਟ ਆਫ ਡੇ' ਰਹਿ ਗਿਆ ਹੈ । ਟਾਈਮ ਸਾਡੇ ਅੱਠ ਵਜੇ ਤਕ ਹਾਊਸ ਦਾ ਕਰ ਦਿੰਦੇ ਹਾਂ ਅਤੇ ਇਸ ਤਰ੍ਹਾਂ 3 ਘੰਟੇ ਹੋਰ ਮਿਲ ਜਾਣਗੇ ('Part of the day' is left. If the House agrees, the time of the sitting may be extended up to 8-00 p.m. That way there will be three hours at our disposal.)

ਕਾਮਰੇਡ ਸੱਤ ਪਾਲ ਡਾਂਗ : ਪਰ ਅੱਜ ਤਾਂ ਹਾਊਸ ਸਾਢੇ ਛੇ ਵਜੇ ਉਠਣਾ ਹੈ ।

ਮਾਲ ਅਤੇ ਚੋਣ ਮੰਤਰੀ : ਅਜੇ ਤਾਂ ਬਿਜ਼ਨੈਸ ਖਤਮ ਨਹੀਂ ਹੋਇਆ ਇਸ ਲਈ ਅਜੇ ਤਾਂ ਤੁਸੀਂ ਸਾਰਾ ਦਿਨ ਹੀ ਇਸ ਵਾਸਤੇ ਅਲਾਟ ਕਰ ਸਕਦੇ ਹੋ ।

EXTENSION OF TIME OF THE SITTING

ਸ਼੍ਰੀ ਸਪੀਕਰ : ਮੈਂ ਸਮਝਦਾ ਹਾਂ ਕਿ ਇਸ ਵਾਸਤੇ 3 ਘੰਟੇ ਤੋਂ ਘਟ ਟਾਈਮ ਕੀ ਹੋਣਾ ਚਾਹੀਦਾ ਹੈ । ਇਸ ਲਈ ਹੁਣ ਹਾਊਸ ਦਾ ਸਮਾਂ ਸਾਢੇ ਅੱਠ ਵਜੇ ਤਕ ਹੋਵੇਗਾ । (I do not think that less than three hours time should be allotted for the consideration of this motion. Therefore, the time of the sitting is extended upto 8-30 p.m.) (*Interruption*)

Original with;
Punjab Vidhan Sabha
Digitized by;
Panjab Digital Library

POINT OF ORDER RE. POSTPONEMENT OF DISCUSSION ON THE NO-CONFIDENCE MOTION

ਸਰਦਾਰ ਅਜਾਇਬ ਸਿੰਘ ਸੰਧੂ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ 2 ਸਾਲ ਤੋਂ ਵੱਧ ਸਮਾਂ ਹੋ ਗਿਆ ਹੈ ਇਸ ਅਸੈਂਬਲੀ ਦੇ ਸੈਸ਼ਨ ਨੂੰ ਚਲਦਿਆਂ ਹੋਇਆਂ ਅਤੇ ਮੇਰਾ ਖਿਆਲ ਹੈ ਕਿ ਅਸੀਂ ਬਹੁਤ ਸਾਰੀਆਂ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀਆਂ ਮੀਟਿੰਗਜ਼ ਕੀਤੀਆਂ ਹਨ ਅਤੇ ਮਨਿਸਟਰ ਸਾਹਿਬਾਨ ਜਦੋਂ ਅੱਧਾ ਘੰਟਾ ਜਾਂ ਘੰਟਾ ਲੇਟ ਆਉਂਦੇ ਰਹੇ ਹਨ ਤਾਂ ਜਨਾਬ ਆਪਣੇ ਅਹਿਲਕਾਰਾਂ ਨੂੰ ਭੇਜ ਕੇ ਬੁਲਾਉਂਦੇ ਰਹੇ ਹੋ ਜਦੋਂ ਤਕ ਉਹ ਨਹੀਂ ਆਏ ਮੀਟਿੰਗ ਤੁਸੀਂ ਸ਼ੁਰੂ ਨਹੀਂ ਕੀਤੀ ਪਰ ਇਸ ਵਾਰ ਜਦ ਦੇ ਅਸੀਂ ਐਮ. ਐਲ. ਏ. ਬਣਕੇ ਆਏ ਹਾਂ ਅਤੇ ਜਦ ਦੇ ਤੁਸੀਂ ਇਸ ਕੁਰਸੀ ਤੇ ਬੈਠੇ ਹੋ, ਇਹ ਪਹਿਲਾ ਮੌਕਾ ਹੈ ਕਿ ਤੁਸੀਂ ਆਪੋਜ਼ੀਸ਼ਨ ਦੇ ਮੈਂਬਰਾਂ ਨੂੰ ਕੰਸਲਟ ਕੀਤੇ ਬਗੈਰ ਹੀ, ਉਨ੍ਹਾਂ ਦਾ ਇੰਤਜ਼ਾਰ ਕੀਤੇ ਬਗੈਰ ਹੀ ਮੀਟਿੰਗ ਕਰ ਲਈ ਹੈ ।

ਮਾਲ ਅਤੇ ਚੋਣ ਮੰਤਰੀ : ਤੁਹਾਨੂੰ ਅੱਧਾ ਘੰਟਾ ਉਡੀਕਿਆ ਸੀ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਤੁਸੀਂ ਮੇਰੀ ਗੱਲ ਤਾਂ ਸੁਣੋ । ਜੇ ਇਸ ਤਰ੍ਹਾਂ ਨਹੀਂ ਕਰਨਾ ਤਾਂ ਫਿਰ ਰੂਲਜ਼ ਕਿਉਂ ਬਣਾਏ ਹਨ ?

ਸ਼੍ਰੀ ਸਪੀਕਰ : 3 ਘੰਟੇ ਟਾਈਮ ਰੱਖ ਲਿਆ ਗਿਆ ਹੈ । (ਵਿਘਨ) ਇਸ ਲਈ ਤੁਸੀਂ ਪੁਆਇੰਟ ਆਫ ਆਰਡਰ ਰੇਜ਼ ਕਰਕੇ ਟਾਈਮ ਨਾ ਜ਼ਾਇਆ ਕਰੀ ਜਾਓ । (Three hours time have been allotted for this purpose (*Interruption*) Therefore, you should not waste the time of the House by raising points of order.)

ਸਰਦਾਰ ਅਜਾਇਬ ਸਿੰਘ ਸੰਧੂ : * * * *

ਸ਼੍ਰੀ ਸਪੀਕਰ : ਇਹ ਜੋ ਕੁਝ ਕਿਹਾ ਗਿਆ ਹੈ ਇਹ ਐਕਸਪੰਜ ਕਰ ਦਿਤਾ ਜਾਵੇ । (Whatever has been said by Shri Sandhu, should be expunged.)

ਸਰਦਾਰ ਪਰਕਾਸ਼ ਸਿੰਘ ਬਾਦਲ : ਅੱਜ ਅਸੀਂ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਦੇ ਖਿਲਾਫ ਵੋਟ ਆਫ ਨੋ-ਕੰਫੀਡੈਂਸ ਮੋਸ਼ਨ ਲਿਆਏ ਹਾਂ....

WALK-OUT

ਕਾਮਰੇਡ ਸੱਤ ਪਾਲ ਡਾਂਗ : ਪੁਆਇੰਟ ਆਫ ਆਰਡਰ, ਸਰ । ਜਿਹੜੀ ਮੈਂ ਗੱਲ ਕਹੀ ਸੀ ਕਿ ਕਾਂਗਰਸ ਪਾਰਲੀਮੈਂਟਰੀ ਪਾਰਟੀ ਨੇ ਮੀਟਿੰਗ ਕਰਕੇ ਤੁਹਾਨੂੰ ਡਾਇਰੈਕਟਿਵ ਦਿਤਾ ਹੈ (ਵਿਘਨ) ਇਹ ਗੱਲ ਸਾਬਤ ਕਰਦੀ ਹੈ (ਵਿਘਨ)

As a protest against your attitude and attitude of the Government, we stage a walk-out.

5-23 p. m. (At this stage the members of the C. P. I. group present in the House staged a walk out.)

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਕਾਮਰੇਡ ਸੱਤ ਪਾਲ ਡਾਂਗ : (ਬਾਹਰ ਨੂੰ ਜਾਂਦੇ ਹੋਏ) ਤੁਸੀਂ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨਾਲ ਮਿਲਕੇ ਡੈਮੋਕ੍ਰੇਸੀ ਨੂੰ ਕਿੱਲ ਕਰ ਰਹੇ ਹੋ ।

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਤੁਹਾਡਾ ਹੁਕਮ ਹੈ.....

POINT OF ORDER RE-POSTPONEMENT OF DISCUSSION ON THE NO-CONFIDENCE MOTION

ਡਾਕਟਰ ਬਲਦੇਵ ਪ੍ਰਕਾਸ਼ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਜਿਹੜਾ ਤੁਸੀਂ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਸੋ ਕਾਲਡ ਮੀਟਿੰਗ ਵਿਚ ਫੈਸਲਾ ਕਰਕੇ ਆਏ ਹੋ ਜਿਸ ਦੀ ਕਿ ਮੀਟਿੰਗ ਨਹੀਂ ਹੋਈ.....

ਸ਼੍ਰੀ ਸਪੀਕਰ : No discussion on the ruling। ਤੁਸੀਂ ਬੈਠੋ । ਤੁਸੀਂ ਵਕਤ ਕਿਉਂ ਜ਼ਾਇਆ ਕਰ ਰਹੇ ਹੋ ? (No discussion on the ruling. Please take your seat. Why are you wasting the time of the House ?)

ਡਾਕਟਰ ਬਲਦੇਵ ਪ੍ਰਕਾਸ਼ : ਤੁਸੀਂ ਗੱਲ ਤਾਂ ਸੁਣ ਲਵੋ । ਇਸ ਵਿਧਾਨ ਸਭਾ ਵਿਚ ਸਾਡੀ ਵਿਧਾਨ ਸਭਾ ਬਣੀ ਹੈ ਤੁਸੀਂ ਕੋਈ ਐਸਾ ਪਰੈਸੀਡੈਂਟ ਦੱਸ ਦਿਓ ਜਦ ਕਿ ਫਸਟ ਡੇ ਹਾਊਸ ਅੈਕਸਟੈਂਡ ਕੀਤਾ ਹੋਵੇ ?

ਸ਼੍ਰੀ ਸਪੀਕਰ : ਪਰੈਸੀਡੈਂਟਸ ਹਨ ਅਤੇ ਉਸੇ ਦਿਨ ਹੀ ਮੋਸ਼ਨ ਮੂਵ ਹੋਈ ਹੈ । (Precedents are there. The motion was moved the same day.)

ਡਾਕਟਰ ਬਲਦੇਵ ਪ੍ਰਕਾਸ਼ : ਅਜਿਹਾ ਪਰੈਸੀਡੈਂਟ ਦਸੋ ਜਦ ਕਿ ਪਹਿਲੇ ਦਿਨ ਹਾਊਸ ਦੋ ਵਜੇ ਮੀਟ ਕੀਤਾ ਹੋਵੇ ਅਤੇ ਹਾਊਸ ਅੈਕਸਟੈਂਡ ਹੋਇਆ ਹੋਵੇ । ਅੱਜ ਦੋ ਵਜੇ ਹਾਊਸ ਮੀਟ ਕੀਤਾ ਹੈ ਅਤੇ ਮੈਂਬਰਜ਼ ਆਪਣੇ ਆਪਣੇ ਹਲਕਿਆਂ ਵਿਚੋਂ ਆਏ ਹਨ ਅਤੇ ਤੁਸੀਂ ਅੱਜ ਹੀ ਹਾਊਸ ਅੈਕਸਟੈਂਡ ਕਰੀ ਜਾਂਦੇ ਹੋ ਅਤੇ ਇਸ ਨੂੰ ਖਤਮ ਵੀ ਅਜ ਹੀ ਕਰਨਾ ਹੈ । ਮੇਰਾ ਖਿਆਲ ਹੈ ਕਿ ਇਹ ਜਿਹੜਾ ਤੁਸੀਂ ਐਸਾ ਫੈਸਲਾ ਕਰ ਰਹੇ ਹੋ ਇਹ ਠੀਕ ਨਹੀਂ ਹੈ ।

ਸ਼੍ਰੀ ਸਪੀਕਰ : ਪਰੈਸੀਡੈਂਟਸ ਹਨ । (Precedents are there.)

ਡਾਕਟਰ ਬਲਦੇਵ ਪ੍ਰਕਾਸ਼ : ਤੁਸੀਂ ਮੈਨੂੰ ਇਹ ਦਸ ਦਿਓ ਕਿ ਪਹਿਲੇ ਦਿਨ ਹੀ ਜਦ ਕਿ ਹਾਊਸ ਮੀਟ ਕਰਦਾ ਹੈ ਉਸ ਦਿਨ ਇਸ ਤਰ੍ਹਾਂ ਹੋਇਆ ਹੋਵੇ । ਅਜ ਮੈਂਬਰ ਸਾਹਿਬਾਨ ਬਾਹਰੋਂ ਆਏ ਹਨ ਅਤੇ ਤੁਸੀਂ ਹਾਊਸ ਅੈਕਸਟੈਂਡ ਕਰੀ ਜਾ ਰਹੇ ਹੋ ।

Mr. Speaker : Please resume your seat.

Original with;
Punjab Vidhan Sabha
Digitized by;
Panjab Digital Library

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਅੱਜ ਮੈਂ ਆਪਣੀ ਗੱਲ ਕਰਨ ਤੋਂ ਪਹਿਲਾਂ ਇਹ ਦਸਣਾ ਚਾਹੁੰਦਾ ਹਾਂ ਕਿ ਅੱਜ ਜੋ ਤੁਸੀਂ ਫੈਸਲਾ ਕੀਤਾ ਹੈ ਇਹ ਠੀਕ ਫੈਸਲਾ ਨਹੀਂ ਕੀਤਾ।

ਆਪੋਜ਼ੀਸ਼ਨ ਵਲੋਂ ਅਵਾਜ਼ਾਂ : * * * *

ਸ਼੍ਰੀ ਸਪੀਕਰ : ਇਹ ਰਿਕਾਰਡ ਨਾ ਕੀਤਾ ਜਾਵੇ। (It should not be recorded.)

NO-CONFIDENCE MOTION (*Resumption of Discussion*)

Sardar Parkash Singh Badal (Gidderbaha) : Sir, I beg to move—

> This House expresses its lack of confidence in the present Congress Ministry headed by Giani Zail Singh.

ਮੈਂ ਸਮਝਦਾ ਹਾਂ ਕਿ ਸਾਨੂੰ ਤੁਹਾਡੇ ਤੇ ਗਿਲਾ ਵੀ ਹੈ ਅਤੇ ਗੁੱਸਾ ਵੀ ਹੈ ਅਤੇ ਸਾਨੂੰ ਜੋ ਇਸ ਸਰਕਾਰ ਦੇ ਖਿਲਾਫ ਕਦਮ ਚੁੱਕਣਾ ਪਿਆ ਹੈ ਥੋੜ੍ਹਾ ਚਿਰ ਤੁਹਾਡੇ ਤੇ ਵੀ ਚੁੱਕਣਾ ਪਵੇਗਾ। ਲੇਕਿਨ ਫਿਰ ਵੀ ਅਸੀਂ ਇਹ ਨਹੀਂ ਦੱਸਣਾ ਚਾਹੁੰਦੇ ਕਿ ਅਸੀਂ ਤਿਆਰ ਨਹੀਂ ਜਾਂ ਸਾਡੇ ਕੋਲ ਮੈਟੀਰੀਅਲ ਨਹੀਂ ਮਗਰ ਅਸੀਂ ਤਾਂ ਅਸੂਲ ਤੇ ਲੜਨਾ ਹੈ ਔਰ ਉਸ ਅਸੂਲ ਨੂੰ ਸਾਹਮਣੇ ਰੱਖਕੇ ਅਸੀਂ ਲੜਨਾ ਹੈ ਕਿਉਂਕਿ ਕਿਸੇ ਵੀ ਆਪੋਜ਼ੀਸ਼ਨ ਵੱਲੋਂ ਰਾਏ ਦਿਤੀ ਗਈ ਹੋਵੇ, ਉਹ ਠੀਕ ਹੋਵੇ ਪਰ ਤੁਸੀਂ ਉਹ ਨਹੀਂ ਮੰਨੀ। ਅੱਜ ਅਸੀਂ ਗਿਆਨੀ ਜ਼ੈਲ ਸਿੰਘ ਦੀ ਮਨਿਸਟਰੀ ਦੇ ਖਿਲਾਫ਼ ਵੋਟ ਆਫ ਨੋ-ਕੰਫੀਡੈਂਸ ਮੋਸ਼ਨ ਲਿਆਂਦੀ ਹੈ। ਭਾਵੇਂ ਉਹ ਅੱਜ ਹੀ ਹਾਊਸ ਵਿਚ ਆਈ ਹੈ ਲੇਕਿਨ ਪੰਜਾਬ ਦੀ ਜਨਤਾ ਨੇ ਇਸ ਸਰਕਾਰ ਦੇ ਖਿਲਾਫ ਵੋਟ ਆਫ ਨੋ-ਕੰਫੀਡੈਂਸ ਮੋਸ਼ਨ ਕਰ ਦਿਤੀ ਹੈ। ਸਪੀਕਰ ਸਾਹਿਬ, ਤੁਹਾਨੂੰ ਯਾਦ ਹੈ ਕਿ ਇਸ ਅਸੈਂਬਲੀ ਦਾ ਸੈਸ਼ਨ ਸੀ ਅਤੇ ਉਦੋਂ ਅੰਮ੍ਰਿਤਸਰ ਦੀ ਸੀਟ ਦੀ ਇਲੈਕਸ਼ਨ ਨਹੀਂ ਸੀ ਹੋਈ। ਇਸ ਪਾਸੇ (ਕਾਂਗਰਸ ਪਾਰਟੀ ਵੱਲ ਇਸ਼ਾਰਾ ਕਰਦੇ ਹੋਏ) ਤੋਂ ਸਾਨੂੰ ਕਿਹਾ ਜਾਂਦਾ ਸੀ ਕਿ ਅਸੀ ਤੁਹਾਨੂੰ ਵੇਖ ਲਵਾਂਗੇ ਅਤੇ ਅੰਮ੍ਰਿਤਸਰ ਦੀ ਇਲੈਕਸ਼ਨ ਵਿਚ ਅਸੀਂ ਤੁਹਾਨੂੰ ਹਜਾਰਾਂ ਦੀਆਂ ਵੋਟਾਂ ਨਾਲ ਹਰਾਵਾਂਗੇ। ਅਸੀਂ ਇਸ ਸਰਕਾਰ ਦੇ ਚੈਲੰਜ ਨੂੰ ਮੰਨ ਲਿਆ ਅਤੇ ਆਪਣਾ ਕੇਸ ਜਨਤਾ ਦੇ ਸਾਹਮਣੇ ਰੱਖਿਆ ਕਿ ਕੀ ਤੁਹਾਨੂੰ ਇਸ ਸਰਕਾਰ ਤੇ ਕੰਫੀਡੈਂਸ ਹੈ ਜਾਂ ਤੁਹਾਨੂੰ ਨੋ-ਕੰਫੀਡੈਂਸ ਹੈ। ਇਹ ਇਲੈਕਸ਼ਨ ਜਿਸ ਤਰ੍ਹਾਂ ਹੋਈ, ਭਾਵੇਂ, ਸਪੀਕਰ ਸਾਹਿਬ, ਤੁਸੀਂ ਉਥੇ ਇਲੈਕਸ਼ਨ ਵਿਚ ਪਾਰਟ ਨਾ ਲਿਆ ਹੋਵੇਗਾ ਲੇਕਿਨ ਤੁਸੀਂ ਦਿਲਚਸਪੀ ਜਰੂਰ ਲਈ ਹੋਣੀ ਹੈ।

ਸਰਦਾਰ ਅਜ਼ਾਇਬ ਸਿੰਘ ਸੰਧੂ : ਇਹ ਉਥੇ ਤੁਰੇ ਫਿਰਦੇ ਸਨ।

ਸਰਦਾਰ ਦਰਬਾਰਾ ਸਿੰਘ : * * * *

Mr. Speaker : This is no point of order.

---

*Not recorded expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਉਹ ਇਲੈਕਸ਼ਨ ਆਪਣੀ ਮਿਸਾਲ ਦਾ ਇਲੈਕਸ਼ਨ ਸੀ । ਉਸ ਇਲੈਕਸ਼ਨ ਵਿਚ ਸਰਕਾਰੀ ਮਸ਼ੀਨਰੀ ਦੀ ਜੋ ਵਰਤੋਂ ਹੋਈ ਉਸ ਦੀ ਅੱਜ ਤਕ ਮਿਸਾਲ ਨਹੀਂ ਮਿਲਦੀ । ਉਥੇ ਜੋ ਰੁਪਿਆ ਖਰਚ ਹੋਇਆ ਉਸ ਨੇ ਤਾਂ ਪੁਰਾਣੇ ਰਿਕਾਰਡ ਮਾਤ ਕਰ ਦਿਤੇ ਹਨ । ਮਨਿਸਟਰਾਂ ਦੀਆਂ ਡਿਊਟੀਆਂ ਇਕ ਇਕ ਵਾਰਡ ਤੇ ਲਗਾਈਆਂ ਗਈਆਂ । ਅਫਸਰਾਂ ਨੂੰ ਇੰਸਟਰੱਕਸ਼ੰਜ਼ ਦਿੱਤੀਆਂ ਗਈਆਂ ਕਿ ਕਿਸੇ ਤਰ੍ਹਾਂ ਵੀ ਹੋਵੇ ਇਹ ਸੀਟ ਜਿਤਣੀ ਹੈ । ਲੇਕਿਨ ਮੈਂ ਸਮਝਦਾ ਹਾਂ ਕਿ ਮੈਂ ਵਧਾਈ ਦਿੰਦਾ ਹਾਂ ਉਸ ਹਲਕੇ ਦੀ ਜਨਤਾ ਨੂੰ ਜਿਨ੍ਹਾਂ ਨੇ ਇਸ ਸਰਕਾਰ ਦੇ ਖਿਲਾਫ ਬੇਪ੍ਰਤੀਤੀ ਦਾ ਮਤਾ ਪਾਸ ਕੀਤਾ ਹੈ । (ਤਾੜੀਆਂ) ਮੈਂ ਸਮਝਦਾ ਹਾਂ ਕਿ ਸਰਕਾਰ ਨੇ ਜਿਸ ਤਰ੍ਹਾਂ ਚੈਲੰਜ ਕੀਤਾ ਸੀ ਅਤੇ ਜਿਸ ਤਰ੍ਹਾਂ ਉਹ ਇਲੈਕਸ਼ਨ ਲੜੀ ਗਈ ਸੀ ਅਤੇ ਜਿਸ ਤਰ੍ਹਾਂ ਸਾਡੇ ਸੂਬੇ ਦੇ ਮਨਿਸਟਰ ਹੀ ਨਹੀਂ ਬਲਕਿ ਸੈਂਟਰ ਦੇ ਲੀਡਰ ਜਿਹੜੇ ਕਦੇ ਬਾਈ ਇਲੈਕਸ਼ਨ ਵਿਚ ਨਹੀਂ ਜਾਇਆ ਕਰਦੇ ਸਨ ਉਨ੍ਹਾਂ ਨੇ ਉਸ ਇਲੈਕਸ਼ਨ ਵਿਚ ਹਿੱਸਾ ਲਿਆ । ਇਸ ਤੋਂ ਵੱਡੀ ਹਾਰ ਹੋਰ ਕੀ ਹੋ ਸਕਦੀ ਹੈ ਜਦ ਕਿ ਪਹਿਲੇ ਕਾਂਗਰਸ ਉਥੋਂ 6-7 ਹਜਾਰ ਵੋਟਾਂ ਨਾਲ ਜਿੱਤਕੇ ਆਈ ਸੀ ਪਰ ਹੁਣ 22 ਹਜਾਰ ਵੋਟਾਂ ਤੇ ਹਾਰੀ ਹੈ । ਕੀ ਇਹ ਬੇਪ੍ਰਤੀਤੀ ਨਹੀਂ ? (ਤਾੜੀਆਂ)

ਸ਼੍ਰੀ ਸਪੀਕਰ : ਡਾਕਟਰ ਸਾਹਿਬ ਚਲੇ ਗਏ ਹਨ ਉਹ ਕਹਿੰਦੇ ਸਨ ਕਿ ਤੁਸੀਂ ਕੋਈ ਅਜਿਹਾ ਪਰੈਸੀਡੈਂਟ ਦਿਖਾਓ । ਮੈਂ ਦਸਦਾ ਹਾਂ ਕਿ 12 ਸਤੰਬਰ, 1972 ਨੂੰ ਰਾਤ ਦੇ ਸਾਢੇ ਨੌ ਵਜੇ ਤਕ ਹਾਊਸ ਚਲਦਾ ਰਿਹਾ ਸੀ । (Doctor Baldev Parkash has left the House. He asked for some precedent, when the sitting of the House was extended on the very first day of the Session. On the 12th September, 1972 the sitting of the House continued up to 9 p.m.)

ਆਵਾਜ਼ਾਂ : ਤੁਸੀਂ ਇਹ ਦਸੋ ਕਿ ਪਹਿਲੇ ਦਿਨ ਹਾਊਸ ਕਦ ਐਕਸਟੈਂਡ ਹੋਇਆ ਸੀ ?

ਮਾਲ ਅਤੇ ਚੋਣ ਮੰਤਰੀ : ਗੁਰਨਾਮ ਸਿੰਘ ਦੀ ਮਾਨਸਟਰੀ ਵੇਲੇ ਵੀ ਦੇਰ ਨਾਲ ਬੈਠੇ ਰਹੇ ਸੀ ।

ਕੈਪਟਨ ਰਤਨ ਸਿੰਘ : ਮੈਨੂੰ ਯਾਦ ਹੈ ਕਿ ਇਕ ਵਾਰੀ ਰਾਤ ਦੇ ਸਾਢੇ ਬਾਰਾਂ ਵਜੇ ਤਕ ਹਾਊਸ ਚਲਦਾ ਰਿਹਾ ਸੀ ।

ਸਰਦਾਰ ਪਰਕਾਸ਼ ਸਿੰਘ ਬਾਦਲ : ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਉਸ ਹਾਰ ਤੋਂ ਸਬਕ ਸਿਖਣਾ ਚਾਹੀਦਾ ਹੈ । ਇਨ੍ਹਾਂ ਨੂੰ ਕੁਝ ਜਨਤਾ ਦਾ, ਕੁਝ ਕਿਸਾਨਾਂ ਦਾ, ਕੁਝ ਮੁਲਾਜ਼ਮਾਂ ਦਾ ਅਤੇ ਸਮੁੱਚੇ ਤੌਰ ਤੇ ਪੰਜਾਬ ਦੀ ਜਨਤਾ ਲਈ ਕੁਝ ਸੋਚਣਾ ਚਾਹੀਦਾ ਸੀ ਲੇਕਿਨ ਹੋਇਆ ਕੀ ਕਿ ਇਨ੍ਹਾਂ ਨੇ ਉਨ੍ਹਾਂ ਬਾਰੇ ਕੁਝ ਨਹੀਂ ਸੋਚਿਆ । ਫਿਰ ਉਸਦੇ ਬਾਅਦ ਪੰਜਾਬ ਦੀ ਆਪੋਜ਼ੀਸ਼ਨ ਵਲੋਂ, ਸਾਂਝੇ ਫਰੰਟ ਵਲੋਂ ਪੰਜਾਬ ਦੀ ਜਨਤਾ ਨੂੰ ਕਾਲ ਦੇਣੀ

Original with;
Punjab Vidhan Sabha
Digitized by;
Panjab Digital Library

ਪਈ ਕਿ ਪੰਜਾਬ ਬੰਦ ਕੀਤਾ ਜਾਵੇ । ਪੰਜਾਬ ਬੰਦ ਦਾ ਸਵਾਲ ਸੀ । ਜਿਸ ਤਰ੍ਹਾਂ ਅੰਮ੍ਰਿਤਸਰ ਦੀ ਇਲੈਕਸ਼ਨ ਸੀ ਉਸੇ ਤਰ੍ਹਾਂ ਹੀ ਪੰਜਾਬ ਬੰਦ ਦਾ ਸਵਾਲ ਸੀ । ਉਸ ਦੇ ਵਿਚ ਇਹ ਸੀ ਕਿ ਕੀ ਪੰਜਾਬ ਦੇ ਲੋਕ ਇਸ ਸਰਕਾਰ ਦੇ ਨਾਲ ਹਨ ਜਾਂ ਇਸ ਤੋਂ ਤੰਗ ਹਨ । ਉਸ ਪੰਜਾਬ ਬੰਦ ਸਮੇਂ ਇਨ੍ਹਾਂ ਨੇ ਪੰਜਾਬ ਦੇ ਸ਼ਹਿਰਾਂ ਦੀਆਂ ਗਲੀਆਂ ਵਿਚ ਪੁਲਿਸ ਦੀ ਪਰੇਡ ਕਰਾਈ, ਬੀ. ਐਸ. ਐਫ. ਸੱਦੀ ਗਈ । ਮਨਿਸਟਰਾਂ ਨੇ ਇਸ ਤਰ੍ਹਾਂ ਇਕ ਇਕ ਦੁਕਾਨ ਤੇ ਜਾ ਕੇ ਦੁਕਾਨਦਾਰਾਂ ਨੂੰ ਕਿਹਾ ਕਿ ਤੁਸੀਂ ਆਪਣੀਆਂ ਦੁਕਾਨਾਂ ਬੰਦ ਨਾ ਕਰਨਾ । ਸਪੀਕਰ ਸਾਹਿਬ, ਮੈਨੂੰ ਪਰਸਨਲ ਵਾਕਫੀਅਤ ਹੈ ਕਿ ਕਿਸ ਤਰ੍ਹਾਂ ਇਨ੍ਹਾਂ ਨੇ ਡਿਸਟ੍ਰਿਕਟ ਫੂਡ ਕੰਟਰੋਲਰਾਂ ਨੂੰ ਕਿਹਾ ਕਿ ਜੇ ਦੁਕਾਨਦਾਰ ਇਸ ਬੰਦ ਵਿਚ ਸ਼ਾਮਲ ਹੋਏ ਤਾਂ ਤੁਹਾਡੇ ਲਾਈਸੈਂਸ ਕੈਂਸਲ ਕੀਤੇ ਜਾਣਗੇ । ਕਿਸਾਨਾਂ ਨੂੰ ਕਿਹਾ ਕਿ ਜੇ ਤੁਸੀਂ ਸ਼ਹਿਰ ਵਿਚ ਜਲੂਸ ਵਿਚ ਸ਼ਾਮਿਲ ਹੋਏ ਤਾਂ ਤੁਹਾਨੂੰ ਟਰਾਲੀ ਸਮੇਤ ਅੰਦਰ ਦਿਤਾ ਜਾਵੇਗਾ । ਮੈਂ ਉਨ੍ਹਾਂ ਬਹਾਦਰ ਪੰਜਾਬੀਆਂ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਸਰਕਾਰ ਦੀਆਂ ਗਲਤ ਨੀਤੀਆਂ ਦੇ ਖਿਲਾਫ ਉਸ ਮਸਲੇ ਤੇ ਸਰਕਾਰ ਦੇ ਖਿਲਾਫ ਨੌ-ਕੰਫੀਡੈਂਸ ਮੋਸ਼ਨ ਦਿਤੀ ਹੈ । (ਤਾੜੀਆਂ) ਵੋਟ ਆਫ ਨੌ-ਕੰਫੀਡੈਂਸ ਕਰਨੀ ਕਿਉਂ ਪਈ ? ਅੱਜ ਪੰਜਾਬ ਦੀ ਜਨਤਾ ਕੀ ਸਾਰੇ ਹਿੰਦੁਸਤਾਨ ਦੀ ਜਨਤਾ ਇਸ ਕਾਂਗਰਸ ਰਾਜ ਦੇ ਭ੍ਰਿਸ਼ਟਾਚਾਰ ਅਤੇ ਉਨ੍ਹਾਂ ਦੀਆਂ ਗਲਤ ਨੀਤੀਆਂ ਤੋਂ ਜਾਣੂ ਹੈ । ਅੱਜ ਸਾਰਾ ਹਿੰਦੁਸਤਾਨ ਮੈਂ ਕਹਿੰਦਾ ਹਾਂ ਕਿ ਦੁੱਖਾਂ ਵਿਚੋਂ ਲੰਘ ਰਿਹਾ ਹੈ । ਸਭ ਤੋਂ ਪਹਿਲਾਂ ਮੈਂ ਪਰਾਈਸ ਰਾਈਜ਼ ਦਾ ਪੁਆਇੰਟ ਲੈਂਦਾ ਹਾਂ, ਇਨਫਲੇਸ਼ਨ ਦਾ, ਸਕੇਅਰਸਿਟੀ ਅਤੇ ਨਾਨ-ਅਵੇਲੇਬਿਲਿਟੀ ਆਫ ਅਸੈਂਸ਼ੀਅਲ ਗੁੱਡਜ਼ ਦਾ ਪੁਆਇੰਟ ਲੈਂਦਾ ਹਾਂ । ਮੈਨੂੰ ਬੜਾ ਦੁੱਖ ਹੁੰਦਾ ਹੈ ਜਦੋਂ ਸਾਡੇ ਸਾਹਮਣੇ ਬੈਠੇ ਭਰਾ ਕਹਿੰਦੇ ਹਨ, ਪੰਜਾਬ ਦੀ ਸਰਕਾਰ ਕਹਿੰਦੀ ਹੈ ਕਿ ਜਿਹੜੀ ਮਹਿੰਗਾਈ ਹੈ ਇਹ ਤਾਂ ਸੈਂਟਰ ਦੀ ਸਰਕਾਰ ਦਾ ਕੰਮ ਹੈ, ਇਸ ਦੇ ਵਿਚ ਅਸੀਂ ਕੀ ਕਰ ਸਕਦੇ ਹਾਂ । ਜੇ ਅਸੀਂ ਸੈਂਟਰ ਦੀ ਸਰਕਾਰ ਨੂੰ ਕਹੀਏ ਤਾਂ ਕਹਿੰਦੀ ਹੈ ਕਿ ਇਹ ਤਾਂ ਵਰਲਡ ਫੀਨਾਮੀਨਾ ਹੈ, ਇਸ ਦੇ ਵਿਚ ਹਿੰਦੁਸਤਾਨ ਦੀ ਸਰਕਾਰ ਕੀ ਕਰ ਸਕਦੀ ਹੈ । ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਕਨਸੋਲ ਕਰਨਾ ਠੀਕ ਨਹੀਂ ਹੈ । ਅੱਜ ਜੋ ਪ੍ਰਾਈਸ ਰਾਈਜ਼ ਹੈ, ਜੋ ਅੱਜ ਹਾਲਾਤ ਹਨ ਉਸ ਦੀ ਸਾਰੀ ਜ਼ਿਮੇਵਾਰੀ ਸਟੇਟ ਦੀਆਂ ਸਰਕਾਰਾਂ ਤੇ ਹੈ, ਸੈਂਟਰ ਦੀ ਸਰਕਾਰ ਤੇ ਹੈ । ਮੈਂ, ਸਪੀਕਰ ਸਾਹਿਬ, ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਦੀ ਇਸ ਵੇਲੇ ਕੀ ਹਾਲਤ ਹੈ । ਸੈਂਟਰ ਦੇ ਇਕ ਮਨਿਸਟਰ ਨੇ ਆਪ ਦਸਿਆ ਹੈ ਕਿ ਹਿੰਦੁਸਤਾਨ ਦੀ ਆਬਾਦੀ ਦਾ 2/3 ਹਿੱਸਾ ਬੀਲੋ ਪਾਵਰਟੀ ਹੈ । ਅੱਜ ਹਿੰਦੁਸਤਾਨ ਦੇ ਰੁਪਏ ਦੀ ਕੀਮਤ 28 ਪੈਸੇ ਰਹਿ ਗਈ ਹੈ । ਇਹ ਕਹਿੰਦੇ ਹਨ ਕਿ ਸਾਰੇ ਵਰਲਡ ਵਿਚ ਇਨਫਲੇਸ਼ਨ ਹੈ । ਠੀਕ ਹੈ ਕਿ ਬਾਕੀ ਮੁਲਕਾਂ ਵਿਚ ਮਹਿੰਗਾਈ ਹੈ ਪਰ ਜੇ ਤੁਸੀਂ ਇਸ ਦੇ ਵਿਚ ਮੁਕਾਬਲਾ ਕਰੋ ਤਾਂ ਤੁਹਾਨੂੰ ਪਤਾ ਲਗੇਗਾ ਕਿ ਸਾਡੇ ਮੁਲਕ ਨੇ ਸਾਰੀ ਦੁਨੀਆਂ ਦਾ ਰਿਕਾਰਡ ਮਾਤ ਕਰ ਦਿਤਾ ਹੈ । ਇਥੇ ਹਿੰਦੁਸਤਾਨ ਵਿਚ 36% ਇਨਫਲੇਸ਼ਨ ਹੋ ਗਈ ਹੈ ਜਦ ਕਿ ਵੈਸਟ ਜਰਮਨੀ ਵਿਚ 5%, ਯੂ. ਕੇ. ਵਿਚ 15% ਅਤੇ ਫਰਾਂਸ ਵਿਚ 13% ਹੋਈ ਹੈ । ਮੈਂ ਤੁਹਾਨੂੰ ਇਸ ਦੇ ਰੀਜ਼ਨਜ਼ ਦਸਣਾ ਚਾਹੁੰਦਾ ਹਾਂ ਜਿਨ੍ਹਾਂ ਨਾਲ ਕਿ ਤੁਸੀਂ ਆਪ ਹੀ ਕਨਵਿੰਸ ਹੋ ਜਾਵੋਗੇ ਕਿ ਇਸ ਦੇ ਲਈ ਸਾਰੀ ਜ਼ਿਮੇਵਾਰੀ ਸੂਬੇ ਦੀਆਂ ਸਰਕਾਰਾਂ ਦੀ ਹੈ, ਸੈਂਟਰ ਦੀ ਸਰਕਾਰ ਦੀ ਹੈ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਪਰਕਾਸ਼ ਸਿੰਘ ਬਾਦਲ]

ਸਭ ਤੋਂ ਪਹਿਲਾਂ ਤੁਸੀਂ ਵੇਖੋ ਕਿ ਕੀਮਤਾਂ ਵੱਧਣ ਦਾ ਕਾਰਨ ਮਨੀ ਸਪਲਾਈ ਦਾ ਮਸਲਾ ਹੈ ਜਿਸ ਦੇ ਲਈ ਕਿ ਹਿੰਦੁਸਤਾਨ ਦੀ ਸਰਕਾਰ ਜ਼ਿਮੇਵਾਰ ਹੈ। 1960-61 ਵਿਚ ਮਨੀ ਸਰਕੁਲੇਸ਼ਨ 2,871 ਕਰੋੜ ਰੁਪਏ ਦੀ ਸੀ ਪਰ ਹੁਣ 11,294 ਕਰੋੜ ਰੁਪਏ ਦੀ ਸਰਕੁਲੇਸ਼ਨ ਹੈ। ਚਾਰ ਗੁਣਾ ਮਨੀ ਸਪਲਾਈ ਵੱਧ ਗਈ ਹੈ ਜਿਸ ਦਾ ਅਸਰ ਭਾਵਾਂ ਤੇ ਪਿਆ ਹੈ। 5 ਸੌ ਜਾਂ ਹਜ਼ਾਰ ਰੁਪਏ ਨੂੰ ਘਟਾ ਦੇਣ ਨਾਲ ਪ੍ਰਾਈਸ ਰਾਈਜ਼ ਨਹੀਂ ਰੁਕ ਸਕਦੀ। ਮਨੀ ਸਪਲਾਈ ਨਾਲੋਂ ਵੀ ਸਭ ਤੋਂ ਜ਼ਿਆਦਾ ਜ਼ਰੂਰੀ ਅੰਗ ਹੈ ਜਿਹੜਾ ਕਿ ਸਿੱਧਾ ਦਸਦਾ ਹੈ ਕਿ ਮਹਿੰਗਾਈ ਵੱਧ ਰਹੀ ਹੈ, ਉਹ ਹੈ ਬਲੈਕਮਨੀ ਅੰਰ ਬਲੈਕ ਮਾਰਕਿਟ। ਸੈਂਟਰ ਦੀ ਸਰਕਾਰ ਅੰਰ ਇਸ ਸੂਬੇ ਦੀ ਸਰਕਾਰ ਇਸ ਬਲੈਕ ਮਨੀ ਨੂੰ ਖਤਮ ਨਹੀਂ ਕਰਨਾ ਚਾਹੁੰਦੀ। ਅੱਜ ਬਲੈਕਮਨੀ ਪੋਲੀਟੀਕਲ ਤੌਰ ਤੇ, ਇਕਨਾਮਿਕ ਤੌਰ ਤੇ ਰਾਜ ਕਰ ਰਹੀ ਹੈ ਅੰਰ ਪੈਰਲਲ ਇਕਾਨਮੀ ਬਣ ਗਈ ਹੈ। ਸਪੀਕਰ ਸਾਹਿਬ, ਕਿਸ ਨੂੰ ਨਹੀਂ ਪਤਾ ਕਿ ਕਾਂਗਰਸ ਦੀ ਸਰਕਾਰ ਭਾਵੇਂ ਸੂਬੇ ਦੀ ਸਰਕਾਰ ਹੈ ਤੇ ਭਾਵੇਂ ਹਿੰਦੁਸਤਾਨ ਦੀ ਸਰਕਾਰ ਹੈ ਉਹ ਬਲੈਕਮਨੀ ਨਾਲ, ਕਾਲੇ ਧਨ ਨਾਲ ਇਲੈਕਸ਼ਨ ਜਿਤਦੀ ਹੈ। ਮੈਂ ਸਮਝਦਾ ਹਾਂ ਕਿ ਜੇ ਬਲੈਕਮਨੀ ਖਤਮ ਹੋ ਜਾਵੇਗੀ ਤਾਂ ਕੀਮਤਾਂ ਵੀ ਨਹੀਂ ਵਧਣਗੀਆਂ, ਮਹਿੰਗਾਈ ਨਹੀਂ ਵਧੇਗੀ, ਪਰ ਮੈਂ ਦਸਣਾ ਚਾਹੁੰਦਾ ਹਾਂ ਕਿ ਇਹ ਬਲੈਕਮਨੀ ਨੂੰ ਆਪ ਨਹੀਂ ਖਤਮ ਕਰਨਾ ਚਾਹੁੰਦੇ ਕਿਉਂਕਿ ਇਨ੍ਹਾਂ ਦਾ ਇਸ ਵਿਚ ਹਿੱਸਾ ਹੈ। ਤੁਸੀਂ ਵੇਖਿਆ ਹੈ ਕਿ ਯੂ. ਪੀ. ਦੇ ਇਲੈਕਸ਼ਨ ਵਿਚ ਕਰੋੜਾਂ ਰੁਪਏ ਬਲੈਕਮਨੀ ਦੇ ਖਰਚ ਕੀਤੇ ਗਏ। ਭਾਵੇਂ ਗਿਆਨੀ ਜ਼ੈਲ ਸਿੰਘ, ਚੀਫ ਮਨਿਸਟਰ ਹੈ ਤੇ ਭਾਵੇਂ ਚੌਧਰੀ ਬੰਸੀ ਲਾਲ ਚੀਫ਼ ਮਨਿਸਟਰ ਹੈ ਜਾਂ ਕੋਈ ਵੀ ਚੀਫ ਮਨਿਸਟਰ ਸੀ ਉਨ੍ਹਾਂ ਨੂੰ ਉਸ ਕਾਮਨ ਪੂਲ ਵਿਚ ਪੈਸਾ ਦੇਣਾ ਪਿਆ। ਇਹ ਪੈਸਾ ਕਿਥੋਂ ਆਇਆ ? ਸਹੀ ਮਾਹਨਿਆਂ ਵਿਚ ਜੇ ਇਹ ਮਹਿੰਗਾਈ ਨੂੰ ਖਤਮ ਕਰਨਾ ਚਾਹੁੰਦੇ ਹਨ ਤਾਂ ਮੈਂ ਸਮਝਦਾ ਹਾਂ ਕਿ ਡੀਮਾਨੇਟਾਈਜ਼ੇਸ਼ਨ ਕਰ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਮਹਿੰਗਾਈ ਵੀ ਖਤਮ ਹੋ ਜਾਣੀ ਹੈ ਅੰਰ ਬਲੈਕਮਨੀ ਵੀ ਖਤਮ ਹੋ ਜਾਏਗੀ। ਪਰ ਨਾ ਇਨ੍ਹਾਂ ਨੇ ਇਸ ਤਰ੍ਹਾਂ ਕਰਨਾ ਹੈ ਅਤੇ ਨਾ ਬਲੈਕਮਨੀ ਖਤਮ ਹੋਣੀ ਹੈ, ਨਾ ਮਹਿੰਗਾਈ ਖਤਮ ਹੋਣੀ ਹੈ। ਇਨ੍ਹਾਂ ਨੇ ਤਾਂ ਇਹੀ ਕਹਿਣਾ ਹੈ ਕਿ ਇਹ ਤਾਂ ਵਰਲਡ ਫੀਨਾਮੀਨਾ ਹੈ।

ਦੂਸਰੀ ਗੱਲ, ਸਪੀਕਰ ਸਾਹਿਬ, ਮੈਂ ਪ੍ਰਾਈਸ ਰਾਈਜ਼ ਦੇ ਸਿਲਸਿਲੇ ਵਿਚ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਤਕ ਪ੍ਰੋਡਕਸ਼ਨ ਨਹੀਂ ਵਧੇਗੀ, ਪੈਦਾਵਾਰ ਨਹੀਂ ਵਧੇਗੀ ਤਦੋਂ ਤਕ ਕੀਮਤਾਂ ਨਹੀਂ ਘਟਣਗੀਆਂ। ਮੈਂ ਪੁਛਣਾ ਚਾਹੁੰਦਾ ਹਾਂ ਕਿ ਇਸ ਦੇ ਵਿਚ ਵਰਲਡ ਫੀਨਾਮੀਨਾ ਕਿਥੋਂ ਆ ਗਿਆ ? ਤੁਸੀਂ ਦੇਖਿਆ ਹੋਣਾ ਹੈ ਕਿ ਬਾਕੀ ਮੁਲਕਾਂ ਵਿਚ ਪ੍ਰੋਡਕਸ਼ਨ ਵੱਧ ਰਹੀ ਹੈ ਪਰ ਸਾਡਾ ਹਿੰਦੁਸਤਾਨ ਇਕ ਬਦਕਿਸਮਤ ਦੇਸ ਹੈ ਜਿਥੇ ਪ੍ਰੋਡਕਸ਼ਨ ਬਜਾਏ ਵਧਣ ਦੇ ਘਟ ਰਹੀ ਹੈ। ਸਾਡਾ ਦੇਸ਼ ਖੇਤੀਬਾੜੀ ਦਾ ਦੇਸ਼ ਹੈ। ਅਸੀਂ ਖੇਤੀਬਾੜੀ ਕਰਦੇ ਹਾਂ ਲੇਕਿਨ ਬਦਕਿਸਮਤੀ ਸਾਡੀ ਇਹ ਹੈ ਕਿ ਸਾਡੇ ਤੇ ਰਾਜ ਭਾਗ ਕਰਨ ਵਾਲੇ ਜੋ ਹਨ ਉਹ ਸਾਡੇ ਬਹਾਦਰ ਕਿਸਾਨਾਂ ਤੋਂ, ਬਹਾਦਰ ਮਜ਼ਦੂਰਾਂ ਤੋਂ ਪੂਰਾ ਕੰਮ ਨਹੀਂ ਲੈ ਸਕਦੇ ਅੰਰ ਉਨ੍ਹਾਂ ਨੂੰ ਜ਼ਰੂਰਤ ਦੀਆਂ ਚੀਜ਼ਾਂ ਨਹੀਂ ਮੁਹੱਈਆ ਕਰ ਸਕਦੇ ਕਿ ਉਹ ਵੱਧ ਅਨਾਜ ਪੈਦਾ ਕਰ ਸਕਣ। ਅਸੀਂ ਸ਼ੁਰੂ ਤੋਂ ਹੀ ਬਾਹਰਲੇ ਮੁਲਕਾਂ ਤੇ ਨਿਰਭਰ ਰਹੇ ਹਾਂ ਪਰ ਹਰ ਪਲੈਨ ਵੇਲੇ ਇਹ ਕਹਿ ਦਿੰਦੇ ਹਨ ਕਿ ਅਸੀਂ ਫੂਡ ਪ੍ਰੋਡਕਸ਼ਨ ਤੇ ਬੜਾ ਜ਼ੋਰ ਦੇ

Original with;
Punjab Vidhan Sabha
Digitized by;
Panjab Digital Library

ਕਾਬੂ ਪਾ ਲਵਾਂਗੇ । ਪਹਿਲੀ ਪਲੈਨ ਵਿਚ 12 ਮਿਲੀਅਨ ਟਨ ਅਨਾਜ ਬਾਹਰਲੇ ਮੁਲਕਾਂ ਤੋਂ ਮੰਗਵਾਇਆ ਗਿਆ ਅੱਰ ਨਾਲ ਦੀ ਨਾਲ ਕਿਹਾ ਗਿਆ ਕਿ ਅਸੀਂ ਛੇਤੀ ਹੀ ਆਪਣੇ ਪੈਰਾਂ ਤੇ ਖੜੇ ਹੋ ਜਾਵਾਂਗੇ । ਦੂਜੇ ਪਲੈਨ ਵਿਚ 17 ਮਿਲੀਅਨ ਟਨ ਅਨਾਜ ਬਾਹਰੋਂ ਮੰਗਵਾਇਆ ਗਿਆ । ਤੀਜੇ ਪਲੈਨ ਵਿਚ 26 ਮਿਲੀਅਨ ਟਨ ਅਤੇ ਇਸੇ ਤਰ੍ਹਾਂ ਚੌਥੇ ਪਲੈਨ ਵਿਚ 25 ਮਿਲੀਅਨ ਟਨ ਅਨਾਜ ਬਾਹਰਲੇ ਮੁਲਕਾਂ ਤੋਂ ਮੰਗਵਾਇਆ । ਮੈਂ ਸਮਝਦਾ ਹਾਂ ਕਿ ਸਾਨੂੰ ਬਾਹਰੋਂ ਅਨਾਜ ਮੰਗਵਾਉਣ ਦੀ ਲੋੜ ਨਾ ਪਵੇ ਜੇ ਸਰਕਾਰ ਥੋੜ੍ਹਾ ਬਹੁਤ ਕਿਸਾਨਾਂ ਅਤੇ ਮਜ਼ਦੂਰਾਂ ਵਲ ਧਿਆਨ ਦੇਵੇ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਸਰਕਾਰ ਸਹੂਲਤਾਂ ਮੁਹੱਈਆ ਕਰੇ, ਚੀਜ਼ਾਂ ਪੂਰੀਆਂ ਦੇਵੇ ਤਾਂ ਅਸੀਂ ਇਤਨਾ ਅਨਾਜ ਪੈਦਾ ਕਰ ਸਕਦੇ ਹਾਂ ਕਿ ਅਸੀਂ ਬਾਹਰ ਵੀ ਅਨਾਜ ਭੇਜ ਸਕਦੇ ਹਾਂ । ਲੇਕਿਨ ਮੈਂ ਇਹ ਸਾਫ ਤੌਰ ਤੇ ਦਸਣਾ ਚਾਹੁੰਦਾ ਹਾਂ ਕਿ ਭਾਵੇਂ ਸਾਡੀ ਸੂਬੇ ਦੀ ਸਰਕਾਰ ਹੈ, ਗਿਆਨੀ ਜ਼ੈਲ ਸਿੰਘ ਦੀ ਸਰਕਾਰ ਹੈ ਤੇ ਭਾਵੇਂ ਸੈਂਟਰ ਦੀ ਸਰਕਾਰ ਹੈ, ਇਹ ਕਿਸਾਨ ਦੀ ਦੁਸ਼ਮਣ ਹੈ ਅਤੇ ਇਹ ਕਿਸਾਨ ਨੂੰ ਦੇਖਣਾ ਨਹੀਂ ਚਾਹੁੰਦੀ । (ਆਪੋਜ਼ੀਸ਼ਨ ਵਲੋਂ ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਇਹ ਕਿਸਾਨ ਨੂੰ ਨਫਰਤ ਕਰਦੇ ਹਨ । ਇਹ ਕਹਿੰਦੇ ਹਨ ਕਿ ਅਸੀਂ ਵਡੇ ਕਿਸਾਨਾਂ ਨੂੰ ਮਾਰਦੇ ਹਾਂ ਅਤੇ ਛੋਟੇ ਕਿਸਾਨ ਨੂੰ ਖੁਸ਼ਹਾਲ ਕਰਨਾ ਚਾਹੁੰਦੇ ਹਾਂ । ਲੇਕਿਨ ਮੈਂ ਸਮਝਦਾ ਹਾਂ ਕਿ ਇਹ ਵਡੇ ਕਿਸਾਨ ਦੇ ਮਾਰਨ ਦੀ ਗੱਲ ਦੀ ਆੜ ਲੈਕੇ ਛੋਟੇ ਕਿਸਾਨਾਂ ਨੂੰ ਖਤਮ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਮਾਰਨਾ ਚਾਹੁੰਦੇ ਹਨ । (ਵਿਘਨ)

Mr. Speaker : Order, order. No interruption please.

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਕਿਸਾਨਾਂ ਦੇ ਮਸਲੇ ਨੂੰ ਵਖਰਾ ਹੀ ਰਹਿਣ ਦਿੰਦਾ ਹਾਂ ਅਤੇ ਪ੍ਰਾਈਜ਼ ਰਾਇਜ਼ ਦੇ ਬਾਰੇ ਹੀ ਗੱਲ ਕਰਨਾ ਚਾਹੁੰਦਾ ਹਾਂ । ਪ੍ਰਾਈਸ ਘੱਟ ਸਕਦੀ ਹੈ, ਲੋਕਾਂ ਦੀਆਂ ਤਕਲੀਫਾਂ ਦੂਰ ਹੋ ਸਕਦੀਆਂ ਹਨ ਜੇ ਪ੍ਰੋਡਕਸ਼ਨ ਵਿਚ ਵਾਧਾ ਕੀਤਾ ਜਾਵੇ । ਲੇਕਿਨ ਅੱਜ ਹੁੰਦਾ ਕੀ ਹੈ ? ਅੱਜ ਜਿੰਨੀ ਮਿਲਾਂ ਦੀ ਕਪੈਸਟੀ ਹੈ ਉਤਨਾ ਵੀ ਉਹ ਚੀਜ਼ਾਂ ਪੈਦਾ ਨਹੀਂ ਕਰਦੀਆਂ । ਕਿਸਾਨ ਨੂੰ ਫਰਟੇਲਾਈਜ਼ਰ ਨਹੀਂ ਮਿਲਦਾ ਅਤੇ ਹੋਰ ਜਰੂਰਤ ਦੀਆਂ ਚੀਜ਼ਾਂ ਨਹੀਂ ਮਿਲਦੀਆਂ । ਅੱਜ ਆਮ ਆਦਮੀ ਨੂੰ ਰੋਜ਼ਾਨਾ ਜ਼ਰੂਰਤ ਦੀਆਂ ਚੀਜ਼ਾਂ ਬਨਾਸਪਤੀ, ਕਪੜਾ, ਰੋਟੀ ਆਦਿ ਨਹੀਂ ਮਿਲਦੀ । ਲੋਕਾਂ ਨੂੰ ਸੀਮਿੰਟ ਨਹੀਂ ਮਿਲਦਾ । ਅੱਜ, ਸਪੀਕਰ ਸਾਹਿਬ, ਫਰਟੇਲਾਈਜ਼ਰ ਦੀ ਪ੍ਰੋਡਕਸ਼ਨ 40% ਹੋ ਰਹੀ ਹੈ ਅੱਰ ਇਹ ਪ੍ਰੋਡਕਸ਼ਨ ਕਪੈਸਟੀ ਦੇ ਮੁਕਾਬਲੇ ਵਿਚ ਬਹੁਤ ਘੱਟ ਹੈ; ਇਸੇ ਤਰ੍ਹਾਂ ਸੀਮਿੰਟ ਦੀ ਪ੍ਰੋਡਕਸ਼ਨ ਬੀਲੋ 60% ਹੈ । ਇਸੇ ਤਰ੍ਹਾਂ ਜਿਹੜੇ ਵਡੇ ਵਡੇ ਬਿਜ਼ਨਸਮੈਨ ਹਨ ਉਹ ਕਪੜਾ, ਜਿਹੜਾ ਆਮ ਗਰੀਬ ਆਦਮੀ ਨੂੰ ਚਾਹੀਦਾ ਹੈ, ਉਹ ਨਹੀਂ ਬਣਾ ਰਹੇ ਬਲਕਿ ਫਾਈਨ ਕਪੜਾ ਬਣਾ ਰਹੇ ਹਨ ਤਾਕਿ ਬਲੈਕਮਨੀ ਵਿਚ ਸਰਮਾਇਦਾਰ ਲੋਕਾਂ ਨੂੰ ਵੇਚਿਆ ਜਾ ਸਕੇ ਅੱਰ ਆਮ ਆਦਮੀ ਉਸ ਨੂੰ ਨਾ ਖਰੀਦ ਸਕੇ । ਬਹੁਤ ਸਾਰੀਆਂ ਮਿਲਾਂ ਕਾਨੂੰਨ ਦੇ ਮੁਤਾਬਕ ਜੋ 40% ਕਪੜਾ ਕੰਟਰੋਲਡ ਆਈਟਮ ਦਾ ਬਣਾਉਣਾ ਹੁੰਦਾ ਹੈ ਉਹ ਨਹੀਂ ਬਣਾਉਂਦੀਆਂ; ਉਹ ਪਨੈਲਟੀ ਦੇ ਦਿੰਦੇ ਹਨ ਲੇਕਿਨ ਗਰੀਬ ਲੋਕਾਂ ਵਾਸਤੇ ਆਮ ਕਪੜਾ ਨਹੀਂ ਬਣਾਉਂਦੇ । ਇਹ ਸਾਰੀਆਂ ਚੀਜ਼ਾਂ ਦੇਖ ਕੇ, ਸਪੀਕਰ ਸਾਹਿਬ, ਤੁਸੀਂ ਆਪ ਅੰਦਾਜ਼ਾ ਲਗਾਉ ਕਿ ਇਸ ਵਿਚ ਸੂਬੇ ਦੀਆਂ ਸਰਕਾਰਾਂ ਦੀ, ਸੈਂਟਰ ਦੀ ਸਰਕਾਰ ਦੀ ਜ਼ਿਮੇਵਾਰੀ ਹੈ ਜਾਂ ਨਹੀਂ ?

Original with;
Punjab Vidhan Sabha
Digitized by;
Panjab Digital Library

[ਸਰਕਾਰ ਪਰਕਾਸ਼ ਸਿੰਘ ਬਾਦਲ]

ਦੂਸਰਾ, ਸਪੀਕਰ ਸਾਹਿਬ, ਮੈਂ ਇਹ ਵੀ ਅਰਜ਼ ਕਰਾਂਗਾ ਕਿ ਸਾਡੀ ਸਰਕਾਰ ਦੀ ਪਲੈਨਿੰਗ ਹੀ ਕੁਝ ਇਸ ਤਰ੍ਹਾਂ ਦੀ ਹੈ ਕਿ ਉਹ ਅਨ-ਪ੍ਰੋਡਕਟਿਵ ਕੰਮਾਂ ਤੇ ਖਰਚ ਕਰੀ ਜਾਂਦੇ ਹਨ । ਸਾਡੀ ਸਰਕਾਰ ਨੇ ਇਹ ਕਿਹਾ ਹੈ ਕਿ 200 ਸਿਨਮੇ ਅਸੀਂ ਨਵੇਂ ਬਣਾਉਣੇ ਹਨ । ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ 200 ਸਿਨਮਿਆਂ ਤੋਂ ਬਿਨਾਂ ਗੁਜ਼ਾਰਾ ਕਰ ਸਕਦੇ ਹਾਂ ਲੇਕਿਨ ਖੁਰਾਕ, ਕਪੜਾ, ਸੀਮਿੰਟ ਅਤੇ ਹੋਰ ਇਹੋ ਜਿਹੀਆਂ ਜ਼ਰੂਰਤ ਦੀਆਂ ਚੀਜ਼ਾਂ ਤੋਂ ਬਿਨਾ ਗੁਜ਼ਾਰਾ ਨਹੀਂ ਕਰ ਸਕਦੇ ।

ਸਪੀਕਰ ਸਾਹਿਬ, ਮੈਂ ਇਕ ਇੰਪੋਰਟੈਂਟ ਪੁਆਇੰਟ, ਜਿਸ ਤੋਂ ਇਹ ਸਰਕਾਰ ਭੱਜ ਨਹੀਂ ਸਕਦੀ, ਉਸ ਦੀ ਜ਼ਿਮੇਵਾਰੀ ਹੈ, ਦੱਸਣਾ ਚਾਹੁੰਦਾ ਹਾਂ । ਉਹ ਇਹ ਹੈ ਕਿ ਇਥੇ ਪੰਜਾਬ ਵਿਚ ਜੋ ਡਿਸਟ੍ਰੀਬਿਊਸ਼ਨ ਦਾ ਸਿਸਟਮ ਹੈ ਉਹ ਬਿਲਕੁਲ ਗਲਤ ਹੈ ਡਿਸਟ੍ਰੀਬਿਊਸ਼ਨ ਵਿਚ ਸਰਕਾਰ ਬਿਲਕੁਲ ਫੇਲ੍ਹ ਹੋਈ ਹੈ ਅਤੇ ਜੋ ਕੁਝ ਪੰਜਾਬ ਵਿਚ ਮਿਲਦਾ ਹੈ ਉਸ ਦੀ ਸਹੀ ਡਿਸਟ੍ਰੀਬਿਊਸ਼ਨ ਨਹੀਂ ਹੋ ਰਹੀ । ਜੇ ਤੁਸੀਂ ਕੋਈ ਚੀਜ਼ ਬਲੈਕ ਵਿਚ ਲੈਣਾ ਚਾਹੋ ਤਾਂ ਤੁਹਾਨੂੰ ਮਿਲ ਜਾਵੇਗੀ ਵੈਸੇ ਨਹੀਂ ਮਿਲ ਸਕਦੀ । ਪੰਜਾਬ ਵਿਚ ਸੀਮਿੰਟ ਨਹੀਂ ਮਿਲ ਰਿਹਾ ਪਰ ਜੇ ਤੁਸੀਂ ਬਲੈਕ ਵਿਚ ਲੈਣਾ ਚਾਹੋ ਤਾਂ ਤੁਹਾਨੂੰ ਮਿਲ ਸਕਦਾ ਹੈ । ਤੁਸੀਂ ਭਾਵੇਂ ਮੈਨੂਫੈਕਚਰਰ ਕੋਲੋਂ ਲੈ ਲਵੋ, ਕਿਸੇ ਦੁਕਾਨਦਾਰ ਤੋਂ ਲਵੋ ਜਾਂ ਕਿਸੇ ਕੋਲੋਂ ਮਰਜ਼ੀ ਬਲੈਕ ਵਿਚ ਲੈਣਾ ਚਾਹੋ ਤੁਹਾਨੂੰ ਮਿਲ ਜਾਵੇਗਾ । ਇਹ ਕਿੰਨੇ ਸ਼ਰਮ ਦੀ ਗੱਲ ਹੈ .... (ਵਿਘਨ)

ਸਰਦਾਰ ਸੁਰਜੀਤ ਸਿੰਘ ਅਟਵਾਲ: * * * * (ਵਿਘਨ) ।

Mr. Speaker : This is no point of order.

ਸਰਦਾਰ ਪਰਕਾਸ਼ ਸਿੰਘ ਬਾਦਲ : ਅਟਵਾਲ ਸਾਹਿਬ ਮੇਰੇ ਦੋਸਤ ਹਨ ਪਰ ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ....(ਵਿਘਨ) ਮੈਨੂੰ ਤਾਂ ਪਤਾ ਨਹੀਂ ਇਨ੍ਹਾਂ ਨੂੰ ਭਾਵੇਂ ਪਤਾ ਹੋਵੇ ।

ਸੋ, ਸਪੀਕਰ ਸਾਹਿਬ, ਮੇਰੇ ਕਹਿਣ ਦਾ ਭਾਵ ਹੈ ਕਿ ਡਿਸਟ੍ਰੀਬਿਊਸ਼ਨ ਸਿਸਟਮ ਇਸ ਸਰਕਾਰ ਦੇ ਰਾਜ ਵਿਚ ਬਿਲਕੁਲ ਖਤਮ ਹੋ ਗਿਆ ਹੈ । ਜਿਹੜੀ ਚੀਜ਼ ਮਿਲਦੀ ਹੈ ਉਹ ਸਹੀ ਮਾਹਨਿਆਂ ਵਿਚ ਜ਼ਰੂਰਤਮੰਦ ਜੋ ਲੋਕ ਹਨ ਉਨ੍ਹਾਂ ਨੂੰ ਨਹੀਂ ਮਿਲਦੀ । ਅੱਜ ਤੁਸੀਂ ਬਠਿੰਡੇ ਵਿਚ ਚਲੇ ਜਾਓ ਉਥੇ ਜੋ ਥੀਨ ਡੈਮ ਦੀ ਕਨਸਟ੍ਰੱਕਸ਼ਨ ਹੋ ਰਹੀ ਹੈ ਉਸ ਦੇ ਵਿਚ ਜਾ ਕੇ ਦੇਖੋ, ਮੈਂ ਕੋਈ ਗੌਰਮਿੰਟ ਨੂੰ ਕ੍ਰਿਟੀਸਾਈਜ਼ ਕਰਨ ਵਾਸਤੇ ਨਹੀਂ ਕਹਿ ਰਿਹਾ । ਗਿਆਨੀ ਜੀ ਜਾ ਕੇ ਦੇਖਣ ਤਾਂ ਉਨ੍ਹਾਂ ਨੂੰ ਪਤਾ ਲਗ ਜਾਵੇਗਾ ਕਿ ਟਰੱਕਾਂ ਦੇ ਟਰੱਕ ਪਿੰਡਾਂ ਵਿਚ ਲੋਕਾਂ ਨੇ ਸੀਮਿੰਟ ਦੇ ਵਰਤੇ ਹਨ । ਉਥੇ ਜੋ ਕੁਝ ਹਾਲਤ ਹੋਈ ਹੈ ਉਹ ਤੁਹਾਨੂੰ ਪਤਾ ਲਗ ਜਾਵੇਗੀ । ਫਿਰ, ਸਪੀਕਰ ਸਾਹਿਬ, ਤੁਸੀਂ ਦੇਖੋ ਕਿ ਸੀਮਿੰਟ ਦਾ ਰੇਟ 14 ਰੁਪਏ 82 ਪੈਸੇ ਪ੍ਰਤੀ ਕੱਟਾ ਹੈ । ਟ੍ਰੀਬਿਊਨ ਅਖਬਾਰ ਦੀ ਖਬਰ ਹੈ ਕਿ ਮਾਨਸਾ ਵਿਚ ਇਹ 95 ਰੁਪਏ ਪ੍ਰਤੀ ਕੱਟਾ ਵਿਕਿਆ ਹੈ ।

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਇਹ ਸਭ ਕੁਝ ਕਿਉਂ ਹੋਇਆ ਹੈ ਕਿਉਂਕਿ ਸਾਡੀ ਸਰਕਾਰ ਜਿਹੜੀ ਹੈ ਇਹ ਬਲੈਕਮਾਰਕੀਟਰਜ਼ ਅਤੇ ਹੋਰਡਰਜ਼ ਦੀ ਸਪੋਰਟ ਕਰਦੀ ਹੈ। ਮੈਨੂੰ ਇਹ ਦਸਣ ਕਿ ਇਸ ਸਰਕਾਰ ਨੇ ਜਿਹੜੇ ਇਥੇ ਹੋਰਡਰਜ਼ ਹਨ ਜਾਂ ਬਲੈਕ-ਮਾਰਕੀਟਰਜ਼ ਹਨ ਕਿੰਨੇ ਫੜੇ ਹਨ ? ਮੈਂ ਸਮਝਦਾ ਹਾਂ ਕਿ ਦੋ ਚਾਰ ਬੰਦੇ ਜਿਹੜੇ ਲਾ-ਵਾਰਸ ਹੋਣਗੇ ਉਹ ਭਾਵੇਂ ਫੜੇ ਗਏ ਹੋਣ ਲੇਕਿਨ ਅਸਲ ਬੰਦੇ ਨਹੀਂ ਫੜੇ ਗਏ। ਇਸ ਸਿਲਸਿਲੇ ਵਿਚ ਮੈਂ ਅਰਜ਼ ਕਰਦਾ ਹਾਂ ਕਿ ਜੋ ਮਹਿੰਗਾਈ ਸਾਡੇ ਸੂਬੇ ਵਿਚ ਚਲ ਰਹੀ ਹੈ ਅਤੇ ਜੋ ਸਾਡੇ ਸੂਬੇ ਵਿਚ ਜ਼ਰੂਰਤ ਦੀਆਂ ਵਸਤਾਂ ਦੀ ਘਾਟ ਹੈ, ਥੁੜ ਹੈ ਅਤੇ ਨਹੀਂ ਮਿਲਦੀਆਂ ਉਸ ਦੇ ਕਾਰਣ ਅਸੀਂ ਗਿਆਨੀ ਜੀ ਦੀ ਸਰਕਾਰ ਤੇ ਬੇਭਰੋਸਾ ਕਰਦੇ ਹਾਂ ਅਤੇ ਮੈਨੂੰ ਇਹ ਵੀ ਆਸ ਹੈ ਕਿ ਸਾਡੇ ਸਾਹਮਣੇ ਬੈਠੇ ਭਰਾ ਇਸ ਚੀਜ਼ ਨੂੰ ਸਮਝਦੇ ਹੋਏ ਅਖੀਰ ਵਿਚ ਜਦੋਂ ਇਸ ਬਾਰੇ ਵੋਟਾਂ ਪੈਣਗੀਆਂ ਸਾਡਾ ਜ਼ਰੂਰ ਸਾਥ ਦੇਣਗੇ (ਵਿਘਨ) (ਸ਼ੇਮ, ਸ਼ੇਮ ਦੀਆਂ ਆਵਾਜ਼ਾਂ)।

ਸਪੀਕਰ ਸਾਹਿਬ, ਇਹ ਗੱਲ ਠੀਕ ਹੈ ਕਿ ਕਈ ਦਫਾ ਪਾਰਟੀ ਦੀ ਗੱਲ ਹੁੰਦੀ ਹੈ ਲੇਕਿਨ ਤੁਸੀਂ ਆਪ ਹੀ ਮਹਿਸੂਸ ਕਰੋਗੇ ਅਤੇ ਦਿਲੋਂ ਤੁਹਾਨੂੰ ਵੀ ਆਵਾਜ਼ ਆਵੇਗੀ ਕਿ ਇਸ ਮਹਿੰਗਾਈ ਤੋਂ ਇਹ ਸਰਕਾਰ ਬਚ ਨਹੀਂ ਸਕਦੀ।

ਹੁਣ ਮੈਂ ਤੁਹਾਡਾ ਧਿਆਨ ਟੈਕਸੇਸ਼ਨ ਵੱਲ ਦਿਵਾਉਣਾ ਚਾਹੁੰਦਾ ਹਾਂ। ਪਿਛਲਾ ਸੈਸ਼ਨ ਹੋਇਆ ਉਦੋਂ ਸ਼ਰਮਾ ਸਾਹਿਬ ਨੇ ਅਨਾਊਂਸ ਕੀਤਾ ਕਿ ਕੋਈ ਟੈਕਸ ਨਹੀਂ ਲਾਉਣਾ, ਅਸੀਂ ਵੀ ਖੁਸ਼ ਹੋਏ। ਕਈ ਸਜਣਾਂ ਨੇ ਸ਼ਰਮਾ ਜੀ ਨੂੰ ਮੁਬਾਰਕਬਾਦਾਂ ਵੀ ਦਿਤੀਆਂ ਕਿ ਤੁਸੀਂ ਸ਼ਰਮਾ ਸਾਹਿਬ ਫ਼ਾਈਨਾਸ ਮਨਿਸਟਰ ਬਣੇ ਹੋ ਅਤੇ ਕੋਈ ਟੈਕਸ ਨਹੀਂ ਲਗਾਇਆ। ਸੈਸ਼ਨ ਦੇ ਉਠਣ ਤੋਂ ਥੋੜ੍ਹੇ ਦਿਨਾਂ ਬਾਅਦ ਹੀ ਸ਼ਰਮਾ ਸਾਹਿਬ ਨੇ ਟੈਕਸ ਦਾ ਕੁਹਾੜਾ ਪੰਜਾਬ ਦੀ ਜਨਤਾ ਤੇ ਚਲਾਉਣਾ ਸ਼ੁਰੂ ਕਰ ਦਿਤਾ। 22 ਕਰੋੜ ਰੁਪਏ ਦੇ ਟੈਕਸ, ਸਪੀਕਰ ਸਾਹਿਬ, ਸ਼ਰਮਾ ਜੀ ਨੇ ਲਾਏ। ਸਾਨੂੰ ਖੁਸ਼ੀ ਹੁੰਦੀ, ਸਪੀਕਰ ਸਾਹਿਬ, ਅਸੀਂ ਉਨ੍ਹਾਂ ਨੂੰ ਵਧਾਈ ਦਿੰਦੇ ਜੇ ਉਹ ਟੈਕਸ ਅਮੀਰਾਂ ਅਤੇ ਸਰਮਾਇਆਦਾਰਾਂ ਤੇ ਪੈਂਦਾ ਪਰ ਉਹ ਜਿਹੜਾ ਟੈਕਸ ਲਾਇਆ ਹੈ ਉਹ ਪੈਂਦਾ ਹੈ ਗਰੀਬਾਂ ਤੇ ਜਿਨ੍ਹਾਂ ਨੇ ਲਾਰੀਆਂ ਤੇ ਜਾਣਾ ਹੈ ਜਾਂ ਸਿਨਮਾ ਦੇਖਣ ਵਾਲੇ ਗਰੀਬ ਤੇ ਜਿਹੜਾ ਥੱਕਾ ਹੋਇਆ ਉਥੇ ਸਿਨੇਮਾ ਦੇਖਣ ਚਲਾ ਜਾਂਦਾ ਹੈ। ਸਪੀਕਰ ਸਾਹਿਬ, ਤੁਸੀਂ ਅੰਦਾਜ਼ਾ ਲਗਾਉ ਕਿ ਜਿਸ ਵੇਲੇ ਅਕਾਲੀ ਪਾਰਟੀ ਦੀ ਸਰਕਾਰ ਸੀ ਤਾਂ ਪਰ ਕੈਪੀਟਾ ਟੈਕਸ 84 ਰੁਪਏ ਸੀ ਲੇਕਿਨ ਅੱਜ ਗਿਆਨੀ ਜੀ ਦੀ ਸਰਕਾਰ ਦੇ ਵਿਚ 124 ਰੁਪਏ ਹੈ। ਇਹ ਜਿਹੜਾ ਟੈਕਸ ਹੈ ਇਹ ਸਿੱਧਾ ਟੈਕਸ ਹੈ ਅਤੇ ਜਿਹੜੇ ਇਨਡਾਇਰੈਕਟ ਟੈਕਸ ਹਨ ਉਨ੍ਹਾਂ ਦਾ ਤਾਂ ਕੋਈ ਹਿਸਾਬ ਹੀ ਨਹੀਂ। ਇਹ ਟੈਕਸ ਸੈਂਟਰਲ ਗੌਰਮਿੰਟ ਦੇ ਟੈਕਸਾਂ ਤੋਂ ਵਖਰੇ ਹਨ। ਜੇ ਕਰ ਸੈਂਟਰਲ ਗੌਰਮਿੰਟ ਦੇ ਟੈਕਸ ਗਿਣੀਏ ਤਾਂ 640 ਰੁਪਏ ਹੁੰਦਾ ਹੈ। ਬਜਟ ਦੇ ਵੇਲੇ 212 ਕਰੋੜ ਰੁਪਏ ਦੇ ਟੈਕਸ ਲਗਾਏ ਉਸ ਦੇ ਬਾਅਦ ਸਪਲੀਮੈਂਟਰੀ ਐਸਟੀਮੇਟਸ 232 ਕਰੋੜ ਰੁਪਏ ਦੇ ਅਤੇ ਫਿਰ ਰੇਲਵੇ ਦੇ 128 ਕਰੋੜ ਰੁਪਏ ਦੇ ਅਤੇ ਫਿਰ 158 ਕਰੋੜ ਰੁਪਏ ਦੇ ਪੋਸਟ ਐਂਡ ਟੈਲੀਗਰਾਫ਼ਸ ਦੇ....(ਵਿਘਨ)

ਸ੍ਰੀ ਸਪੀਕਰ : ਤੁਸੀਂ ਤਾਂ ਸੈਂਟਰ ਦਾ ਬਜਟ ਹੀ ਡਿਸਕਸ ਕਰਨਾ ਸ਼ੁਰੂ ਕਰ ਦਿਤਾ ਹੈ। (You have started discussion on the Central Government Budget.)

Original with;
Punjab Vidhan Sabha
Digitized by;
Panjab Digital Library

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਜਦੋਂ ਇਥੇ ਅਕਾਲੀ ਪਾਰਟੀ ਦਾ ਰਾਜ ਸੀ ਤਾਂ ਉਸ ਵੇਲੇ ਇਹ ਗੱਲਾਂ ਨਹੀਂ ਸਨ ਅੌਰ ਅਸੀਂ ਕੋਈ ਨਵਾਂ ਟੈਕਸ ਨਹੀਂ ਸੀ ਲਾਇਆ । ਤੁਸੀਂ ਅਸੰਬਲੀ ਦੀਆਂ ਪ੍ਰੋਸੀਡਿੰਗਜ਼ ਕੱਢ ਲਵੋ ਤੁਹਾਨੂੰ ਪਤਾ ਲਗ ਜਾਵੇਗਾ ਕਿ ਅਸੀਂ ਸਿਰਫ ਕੋਈ ਟੈਕਸ ਹੀ ਨਹੀਂ ਸੀ ਲਾਇਆ ਬਲਕਿ ਅਸੀਂ 72 ਕਰੋੜ ਰੁਪਏ ਦਾ ਰਿਲੀਫ ਪੰਜਾਬ ਦੀ ਜਨਤਾ ਨੂੰ ਦਿਤਾ ਸੀ । ਤੁਹਾਡੇ ਸਾਹਮਣੇ ਦੀ ਗੱਲ ਹੈ ਕਿ ਇਨ੍ਹਾਂ ਨੇ ਕਿਸਾਨ ਤੇ ਬੈਟਰਮੈਂਟ ਲੈਵੀ ਲਾਇਆ ਹੋਇਆ ਸੀ ਅਸੀਂ ਉਹ 35.54 ਕਰੋੜ ਰੁਪਏ ਦੀ ਲੈਵੀ ਉੜਾ ਦਿਤੀ ਸੀ । ਇਥੇ ਹੀ ਬਸ ਨਹੀਂ ਪ੍ਰਾਪਰਟੀ ਟੈਕਸ, ਪ੍ਰੋਫੈਸ਼ਨਲ ਟੈਕਸ, ਕਮਰਸ਼ੀਅਲ ਕਰਾਪਸ ਟੈਕਸ, ਹਰੀਜਨ, ਚੌਕੀਦਾਰਾ ਟੈਕਸ, ਇਹੋ ਜਿਹੇ ਜਿਹੜੇ ਟੈਕਸ ਸਨ ਉਹ ਅਸੀਂ ਸਾਰੇ ਖ਼ਤਮ ਕਰ ਦਿਤੇ ਸਨ । ਅਸੀਂ ਇਥੋਂ ਵੀ ਅਗਾਂਹ ਚਲੇ ਗਏ ਸੀ ਅਤੇ ਅਸੀਂ ਕਿਸਾਨ ਤੋਂ ਮਾਮਲਾ ਲੈਣਾ ਵੀ ਬੰਦ ਕਰ ਦਿਤਾ ਸੀ । ਅਸੀਂ ਚਾਹੁੰਦੇ ਸੀ ਕਿ ਸਾਡੇ ਜ਼ਿਆਦਾ ਅਨਾਜ ਪੈਦਾ ਹੋਵੇ ਅਤੇ ਸਾਨੂੰ ਬਾਹਰਲੇ ਦੇਸ਼ਾਂ ਤੋਂ ਕੋਈ ਚੀਜ਼ ਨਾ ਮੰਗਵਾਉਣੀ ਪਵੇ । ਸਪੀਕਰ ਸਾਹਿਬ, ਇਹ ਜਿਹੜਾ ਸਾਰੇ ਟੈਕਸਾਂ ਦਾ ਬਰਡਨ ਹੈ ਇਹ ਗਰੀਬਾਂ ਤੇ ਪੈਂਦਾ ਹੈ । ਕੋਈ ਐਸਾ ਟੈਕਸ ਨਹੀਂ ਜਿਹੜਾ ਸਿਰਫ ਅਮੀਰਾਂ ਤੇ ਪੈਂਦਾ ਹੋਵੇ । ਇਨ੍ਹਾਂ ਗੱਲਾਂ ਤੋਂ ਇਲਾਵਾ, ਇਨ੍ਹਾਂ ਟੈਕਸਾਂ ਦੀ ਛੋਟ ਤੋਂ ਇਲਾਵਾ ਡਿਵੈਲਪਮੈਂਟਸ ਦੇ ਜਿਹੜੇ ਸਾਰੇ ਕੰਮ ਸਨ ਉਹ ਇਸ ਸਰਕਾਰ ਨਾਲੋਂ ਬੜੀ ਜ਼ਿਆਦਾ ਤੇਜ਼ੀ ਨਾਲ ਅਸੀਂ ਪੂਰੇ ਕੀਤੇ ਸਨ ਅਤੇ ਬੜੇ ਤਕੜੇ ਹੋ ਕੇ ਕੀਤੇ ਸਨ । ਉਹ ਜਿਹੜੀਆਂ ਸਾਡੀਆਂ ਸਾਰੀਆਂ ਡਿਵੈਲਪਮੈਂਟ ਦੀਆਂ ਸਕੀਮਾਂ ਸਨ ਉਹ ਇਨ੍ਹਾਂ ਨੇ ਖ਼ਤਮ ਕਰ ਦਿਤੀਆਂ ਅਤੇ ਅੱਜ ਪੰਜਾਬ ਦੀ ਡਿਵੈਲਪਮੈਂਟ ਸਟੈਂਡ ਸਟਿਲ ਹੈ । ਇਥੇ ਕੋਈ ਡਿਵੈਲਪਮੈਂਟ ਨਹੀਂ ਹੋ ਰਹੀ । ਪੰਜਾਬ ਦੀ ਪੋਜ਼ੀਸ਼ਨ ਇਸ ਸਰਕਾਰ ਨੇ ਬੈਂਕਰਪਟਸੀ ਤਕ ਪਹੁੰਚਾ ਦਿਤੀ ਹੈ । ਮੈਂ ਐਗਜ਼ੈਕਟ ਤਾਂ ਨਹੀਂ ਕਹਿ ਸਕਦਾ ਲੇਕਿਨ 25 ਕਰੋੜ ਰੁਪਏ ਦੇ ਕਰੀਬ ਇਨ੍ਹਾਂ ਨੇ ਓਵਰ-ਡਰਾਫਟਿੰਗ ਕੀਤੀ ਹੈ । ਇਸ ਤੋਂ ਇਲਾਵਾ ਤਨਖਾਹਾਂ ਦੇਣ ਵਾਸਤੇ ਮੁਲਾਜ਼ਮਾਂ ਤੋਂ, ਮਾਰਕਫੈਡ ਤੋਂ, ਮਾਰਕੀਟ ਕਮੇਟੀਆਂ ਤੋਂ, ਮਿਉਂਸਪਲ ਕਮੇਟੀਆਂ ਤੋਂ ਅੌਰ ਕੋਆਪਰੇਟਿਵ ਅਦਾਰਿਆਂ ਤੋਂ, ਇਨ੍ਹਾਂ ਨੇ ਪੈਸੇ ਇਕੱਠੇ ਕੀਤੇ ਅਤੇ ਪੰਜਾਬ ਦੇ ਮੁਲਾਜ਼ਮਾਂ ਨੂੰ ਬੜੀ ਮੁਸ਼ਕਲ ਨਾਲ ਤਨਖ਼ਾਹਾਂ ਦਿਤੀਆਂ । ਇਸ ਤੋਂ ਇਲਾਵਾ ਜਿਹੜੇ ਠੇਕੇਦਾਰ ਹਨ ਉਨ੍ਹਾਂ ਦੀਆਂ ਪੇਮੈਂਟਸ ਕਰਨੀਆਂ ਸਨ । ਆਰਡਰ ਕਰ ਦਿਤੇ ਕਿ ਅਸੀਂ 5 ਹਜ਼ਾਰ ਰੁਪਏ ਤੋਂ ਵਧ ਪੇਮੈਂਟ ਨਹੀਂ ਕਰ ਸਕਦੇ । (ਵਿਘਨ)

ਹੁਣ ਮੈਂ, ਸਪੀਕਰ ਸਾਹਿਬ, ਤੁਹਾਡਾ ਧਿਆਨ ਦੂਜੀ ਗੱਲ ਵਲ ਲਿਜਾਂਦਾ ਹਾਂ ਜਿਸ ਦੀ ਵਜਾਹ ਨਾਲ ਅਸੀਂ ਨੋ-ਕੰਫੀਡੈਂਸ ਮੋਸ਼ਨ ਲਿਆਂਦੀ ਹੈ, ਉਹ ਹੈ ਇਸ ਸਰਕਾਰ ਦੀ ਲਾਅ ਅੈਂਡ ਆਰਡਰ ਦੀ ਪੋਜ਼ੀਸ਼ਨ । ਸਪੀਕਰ ਸਾਹਿਬ, ਤੁਸੀਂ ਜਾਣਦੇ ਹੋ ਕਿਉਂਕਿ ਤੁਹਾਨੂੰ ਵੀ ਲੰਮਾ ਸਫ਼ਰ ਕਰਕੇ ਘਰ ਜਾਣਾ ਪੈਂਦਾ ਹੈ ਕਿ ਕੀ ਹਾਲਤ ਹੈ ? ਅੱਜ, ਸਪੀਕਰ ਸਾਹਿਬ, ਇਹ ਗੱਲ ਹੋ ਗਈ ਹੈ ਕਿ ਜਿਹੜਾ ਇਨਸਾਫ਼ ਕਰਨ ਵਾਲਾ ਮੈਜਿਸਟ੍ਰੇਟ ਹੈ ਉਨ੍ਹਾਂ ਤੇ ਵੀ ਜਿਹੜੇ ਕਾਂਗਰਸ ਦੇ ਉੱਚ ਅਧਿਕਾਰੀ ਹਨ ਉਹ ਹਮਲਾ ਕਰਦੇ ਹਨ । (ਸ਼ੇਮ) (ਸ਼ੇਮ) ਅੱਜ, ਸਪੀਕਰ ਸਾਹਿਬ, ਪੰਜਾਬ ਦੇ ਮੱਥੇ ਤੇ ਕਲੰਕ ਲਗਾ ਹੈ ਕਿ ਜੁਡੀਸ਼ਰੀ ਦੇ ਮੈਜਿਸਟ੍ਰੇਟ ਤੇ ਵੱਡੇ ਵੱਡੇ ਕਾਂਗਰਸੀਆਂ ਨੇ ਹਮਲ ਕੀਤਾ ਹੈ।

ਚੌਧਰੀ ਦਰਸ਼ਨ ਸਿੰਘ : ਇਹ ਮਾਮਲਾ ਸੱਬਜੁਡਿਸ ਹੈ, ਇਹ ਡਿਸਕਸ ਨਹੀਂ ਹੋ ਸਕਦਾ ।

Original with;
Punjab Vidhan Sabha
Digitized by;
Panjab Digital Library

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਇਸ ਨੂੰ ਸਮਝਦਾ ਹਾਂ। ਮੈਂ ਕਿਸੇ ਦਾ ਨਾ ਨਹੀਂ ਲਿਆ। ਸਪੀਕਰ ਸਾਹਿਬ, ਮੈਂ ਕਹਿਦਾ ਹਾਂ ਇਹ ਜਿਹੜੀਆਂ ਇਹੋ ਜਿਹੀਆਂ ਘਟਨਾਵਾਂ ਹੋਈਆਂ ਹਨ ਜੇ ਕਰ ਇਸ ਤਰ੍ਹਾਂ ਚਲਦਾ ਰਿਹਾ ਤਾਂ ਇਨਸਾਫ ਕਰਨ ਵਾਲੇ ਡੀਮਾਰੇਲਾਈਜ਼ ਹੋ ਜਾਣਗੇ ਅਤੇ ਇਨਸਾਫ ਨਹੀਂ ਮਿਲ ਸਕਣਾ। ਮੈਂ ਦਸਣਾ ਚਾਹੁੰਦਾ ਹਾਂ ਕਿ ਗਿਆਨੀ ਜੀ ਧਿਆਨ ਦੇਣਗੇ ਕਿ ਰੋਪੜ ਵਿਚ ਇਕ ਮੈਜਿਸਟ੍ਰੇਟ ਚੈਕਿੰਗ ਤੇ ਖੜਾ ਸੀ। ਇਹ 3 ਅਗਸਤ ਦੀ ਅਖ਼ਬਾਰ ਵਿਚ ਪੜ੍ਹਿਆ ਹੈ। ਉਸ ਮੈਜਿਸਟ੍ਰੇਟ ਨੇ ਟਰੱਕ ਨੂੰ ਚੈਕ ਕਰਨ ਵਾਸਤੇ ਹੱਥ ਦਿਤਾ ਲੇਕਿਨ ਟਰੱਕ ਆਪ੍ਰੇਟਰ ਖੜਾ ਨਾ ਹੋਇਆ। ਉਹ ਕਿਰਤ ਪੁਰ ਆ ਗਿਆ। ਜਦੋਂ ਉਹ ਉਥੇ ਪਹੁੰਚਿਆ ਤਾਂ ਉਸ ਟਰੱਕ ਵਾਲੇ ਅਤੇ ਉਸਦੇ ਹੋਰ ਸਾਥੀਆਂ ਨੇ ਮੈਜਿਸਟ੍ਰੇਟ ਤੇ ਹਮਲਾ ਕਰ ਦਿਤਾ ਅਤੇ ਉਸ ਨੇ ਬੜੀ ਮੁਸ਼ਕਲ ਨਾਲ ਪੁਲੀਸ ਨੂੰ ਇਤਲਾਹ ਦਿਤੀ। ਮੈਂ ਸਮਝਦਾ ਹਾਂ ਕਿ ਇਹ ਕਿੱਸੇ ਇਸ ਕਰਕੇ ਹੁੰਦੇ ਹਨ ਕਿਉਂਕਿ ਇਹ ਸਰਕਾਰ ਉਨ੍ਹਾਂ ਨੂੰ ਐਨਕਰੇਜ ਕਰਦੀ ਹੈ। ਇਹੋ ਜਿਹੇ ਕਿੱਸੇ ਵੀ ਹੋਏ ਹਨ ਕਿ ਇਸ ਹਾਊਸ ਦੇ ਮੈਂਬਰਾਂ ਨੇ ਕਾਂਸਟੇਬਲਜ਼ ਨੂੰ ਅੰਰ ਹੈਡਕਾਂਸਟੇਬਲਜ਼ ਨੂੰ ਮਾਰਿਆ ਹੋਵੇ ਅੰਰ ਕੇਸ ਦਰਜ ਨਾ ਹੋਏ ਹੋਣ। ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਪੁਲਿਸ ਨੇ ਵੀ ਇਤਨੀਆਂ ਜ਼ਿਆਦਤੀਆਂ ਕਰਨੀਆਂ ਸ਼ੁਰੂ ਕਰ ਦਿਤੀਆਂ ਹਨ, ਜੇ ਕੋਈ ਮੁਲਜ਼ਮ ਠੀਕ ਹੋਵੇ ਜਾਂ ਗਲਤ ਉਨ੍ਹਾਂ ਤੇ ਇਤਨੀਆਂ ਸਖ਼ਤੀਆਂ ਹੁੰਦੀਆਂ ਹਨ ਕਿ ਉਨ੍ਹਾਂ ਵਿਚੋਂ ਬਹੁਤ ਸਾਰੇ ਜਿਨ੍ਹਾਂ ਤੇ ਸਖ਼ਤੀਆਂ ਹੁੰਦੀਆਂ ਹਨ ਜਾਂ ਤੇ ਜ਼ਿੰਦਗੀ ਤੋਂ ਨਾਕਾਰਾ ਹੋ ਜਾਂਦੇ ਹਨ ਜਾਂ ਖਤਮ ਹੋ ਜਾਂਦੇ ਹਨ। ਮੋਗਾ ਮਰਡਰ ਕੇਸ ਹੋਇਆ। ਬਸੰਤ ਸਿੰਘ ਨਾਮ ਦਾ ਇਕ ਆਦਮੀ ਸੀ ਉਸ ਨੂੰ ਪੁਲਿਸ ਨੇ ਲਿਜਾ ਕੇ ਮਾਰ ਦਿਤਾ। ਉਸ ਤੋਂ ਬਾਅਦ ਜਦੋਂ ਪਬਲਿਕ ਓਪੀਨੀਅਨ ਨੇ ਜ਼ੋਰ ਫੜਿਆ ਤਾਂ ਫਿਰ ਇੰਸਪੈਕਟਰ ਜਾਂ ਸਬ-ਇੰਸਪੈਕਟਰ ਸਸਪੈਂਡ ਹੋਏ। ਮੈਂ ਤੁਹਾਨੂੰ ਇਸ ਕਿੱਸੇ ਬਾਰੇ ਜ਼ਿਆਦਾ ਨਹੀਂ ਕਹਿੰਦਾ ਵਿਸਥਾਰ ਵਿਚ ਤਾਂ ਬਰਾੜ ਸਾਹਿਬ ਦਸਣਗੇ। ਅੱਜ ਜਿਹੜੇ ਹਰੀਜਨ ਹਨ ਉਹ ਵੀ ਇਸ ਰਾਜ ਵਿਚ ਮਹਿਫੂਜ਼ ਨਹੀਂ। ਵੈਰੇ ਵਾਲ ਇਕ ਪਿੰਡ ਹੈ। ਉਥੇ ਇਕ ਸਬ-ਇਨਸਪੈਕਟਰ ਦਰਸ਼ਨ ਸਿੰਘ ਨੇ ਇਕ ਗਰੀਬ ਹਰੀਜਨ ਜੱਗੇ ਦਾ ਮੂੰਹ ਕਾਲਾ ਕੀਤਾ। ਉਸ ਨੂੰ ਪਿਸ਼ਾਬ ਪਿਲਾਇਆ ਅਤੇ ਉਸ ਦੇ ਮੂੰਹ ਤੇ ਗੰਦਗੀ ਪਾਈ।

ਸਰਦਾਰ ਜਸਵਿੰਦਰ ਸਿੰਘ ਬਰਾੜ : ਇਹ ਹਰੀਜਨਾਂ ਦੀ ਹਾਲਤ ਹੈ।

Mr. Speaker : Order please.

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਅਸਲ ਗੱਲ ਇਹ ਸੀ ਕਿ ਪੰਚਾਇਤ ਦੀਆਂ ਇਲੈਕਸ਼ਨਾਂ ਵਿਚ ਇਕ ਕਾਂਗਰਸੀ ਖੜਾ ਹੋਇਆ ਸੀ। ਉਸ ਗਰੀਬ ਹਰੀਜਨ ਨੇ ਉਸ ਨੂੰ ਵੋਟ ਨਹੀਂ ਦਿਤੀ। ਉਸ ਸਰਪੰਚ ਨੇ ਉਥੋਂ ਦੇ ਥਾਣੇਦਾਰ ਤੋਂ ਇਹ ਜ਼ਿਆਦਤੀ ਕਰਵਾਈ। ਸਪੀਕਰ ਸਾਹਿਬ, ਇਹੋ ਜਿਹੀਆਂ ਗੱਲਾਂ ਦਸਦੇ ਹੋਏ ਸ਼ਰਮ ਮਹਿਸੂਸ ਹੁੰਦੀ ਹੈ। ਜਦੋਂ ਇਹ ਗੱਲਾਂ ਬਾਹਰਲੇ ਸੂਬੇ ਦੇ ਲੋਕ ਸੁਣਦੇ ਹੋਣਗੇ ਤਾਂ ਉਹ ਕੀ ਸੋਚਦੇ ਹੋਣਗੇ।

ਸਪੀਕਰ ਸਾਹਿਬ, ਪਿੰਡ ਘੱਗਾ ਦੇ ਇਕ ਮੈਂਬਰ ਪੰਚਾਇਤ ਅਤੇ ਸਰਪੰਚ ਨੂੰ ਕਿਸੇ ਜ਼ਮੀਨ ਦੇ ਝਗੜੇ ਦੇ ਸਿਲਸਿਲੇ ਵਿਚ ਥਾਣੇ ਵਿਚ ਬੁਲਾਇਆ ਗਿਆ। ਉਸ ਕੇਸ ਵਿਚ

Original with;
Punjab Vidhan Sabha
Digitized by;
Panjab Digital Library

[ਸਰਦਾਰ ਪਰਕਾਸ਼ ਸਿੰਘ ਬਾਦਲ]

ਇਕ ਪੁਲਿਸ ਦਾ ਉੱਚ ਅਧਿਕਾਰੀ ਇਨਵਾਲਵਡ ਸੀ । ਉਸ ਜਸਵੰਤ ਸਿੰਘ ਦੀਆਂ ਦਾੜੀ ਮੁੱਛਾਂ ਕਤਲ ਕਰ ਦਿਤੀਆਂ । ਮੇਰੇ ਕੋਲ ਉਸ ਦੀ ਫੋਟੋ ਹੈ । ਤੁਸੀਂ ਦੇਖਣਾ ਚਾਹੋ ਤਾਂ ਤੁਹਾਨੂੰ ਵਿਖਾ ਸਕਦਾ ਹਾਂ ਜੇ ਟੇਬਲ ਆਫ ਦੀ ਹਾਊਸ ਤੇ ਰਖਵਾਉਣਾ ਚਾਹੋ ਤਾਂ ਟੇਬਲ ਤੇ ਰਖ ਸਕਦਾ ਹਾਂ । ਮੈਂ ਗਿਆਨੀ ਜੀ ਨੂੰ ਇਹ ਗੱਲ ਲਿਖ ਕੇ ਭੇਜੀ ਕਿ ਇਸ ਤਰ੍ਹਾਂ ਦੀ ਜ਼ਿਆਦਤੀ ਹੋਈ ਹੈ । ਪਾਤੜਾਂ ਮੰਡੀ ਵਿਚ ਮੂੰਹ ਕਾਲਾ ਕਰਕੇ ਉਸ ਨੂੰ ਫੇਰਿਆ ਗਿਆ । ਮੈਂ ਇਸ ਸਿਲਸਲੇ ਵਿਚ ਲਿਖਿਆ ਅਤੇ ਕਈ ਮੁਅੱਜ਼ਜ਼ ਆਦਮੀਆਂ ਨੇ ਐਫੀਡੈਵਿਟ ਦਿਤੇ ਕਿ ਉਸ ਪੁਲਿਸ ਦੇ ਕਰਮਚਾਰੀ ਦੇ ਖਿਲਾਫ ਕੋਈ ਐਕਸ਼ਨ ਹੋਣਾ ਚਾਹੀਦਾ ਹੈ ਪਰ ਕੋਈ ਐਕਸ਼ਨ ਨਹੀਂ ਲਿਆ ਗਿਆ ।

ਮੁੱਖ ਸੰਸਦੀ ਸਕੱਤਰ : ਹਰਨੇਕ ਸਿੰਘ ਤਾਂ ਉਸਦੀ ਮਦਦ ਕਰਦਾ ਰਿਹਾ ਹੈ।

ਸਰਦਾਰ ਪਰਕਾਸ਼ ਸਿੰਘ ਬਾਦਲ : ਜੈਤੋ ਫਾਇਰਿੰਗ ਕੇਸ ਦੇ ਸਿਲਸਲੇ ਵਿਚ ਅਸੀਂ ਚੀਫ ਮਨਿਸਟਰ ਸਾਹਿਬ ਕੋਲ ਡੈਪੂਟੇਸ਼ਨ ਲੈ ਕੇ ਗਏ । ਗੱਲ ਇਹ ਸੀ ਕਿ ਕੁਝ ਪੀਸਫੁਲ ਲੋਕ ਆਪਣਾ ਜਲਸਾ ਕਰ ਰਹੇ ਸੀ । ਉਸ ਦੇ ਵਿਚ ਕੁਝ ਗੁੰਡਿਆਂ ਨੇ ਅਤੇ ਕੁਝ ਜ਼ਿਮੇਵਾਰ ਬੰਦਿਆਂ ਨੇ ਆ ਕੇ ਫਾਇਰਿੰਗ ਕੀਤੀ। ਹਰ ਇਕ ਆਦਮੀ ਮੰਨਦਾ ਹੈ ਕਿ ਫਾਇਰਿੰਗ ਕੀਤੀ ਗਈ ਹੈ । ਪੁਲਿਸ ਕਪਤਾਨ ਕਹਿੰਦਾ ਹੈ ਕਿ ਫਾਇਰਿੰਗ ਹੋਈ ਹੈ । ਪਰ ਅੱਜ ਤਕ ਉਸ ਫਾਇਰਿੰਗ ਦੇ ਸਿਲਸਿਲੇ ਵਿਚ ਕੋਈ ਗ੍ਰਿਫਤਾਰੀ ਨਹੀਂ ਹੋਈ। ਚੌਧਰੀ ਬਲ ਰਾਮ ਜੀ ਇਥੇ ਬੈਠੇ ਹਨ । ਇਹ ਕਹਿ ਗਏ ਸੀ ਕਿ ਕੋਈ ਨਾ ਕੋਈ ਐਕਸ਼ਨ ਜ਼ਰੂਰ ਹੋਵੇਗਾ ਲੇਕਿਨ, ਸਪੀਕਰ ਸਾਹਿਬ, ਅਜੇ ਤਕ ਕੋਈ ਐਕਸ਼ਨ ਨਹੀਂ ਲਿਆ ਗਿਆ । ਉਥੇ ਇਕ ਗੋਪੀ ਰਾਮ ਦਾ ਪੁਲਿਸ ਦੇ ਥਾਣੇਦਾਰ ਨੇ ਮੂੰਹ ਕਾਲਾ ਕੀਤਾ । ਉਥੇ ਬਰਾੜ ਸਾਹਿਬ ਗਏ ਅਤੇ ਉਸ ਦਾ ਮੂੰਹ ਧੁਵਾਇਆ । ਜੇ ਇਹ ਨਾ ਜਾਂਦੇ ਤਾਂ ਉਸ ਦਾ ਮੂੰਹ ਕਾਲਾ ਕਰਕੇ ਸਾਰੇ ਸ਼ਹਿਰ ਵਿਚ ਫੇਰਨਾ ਸੀ ।

ਦਿਆਲਪੁਰ ਥਾਣੇ ਦੀ ਘਟਨਾ ਅੱਜ ਸਾਰੇ ਬਠਿੰਡੇ ਜ਼ਿਲ੍ਹੇ ਵਿਚ ਮਸ਼ਹੂਰ ਹੈ ਅਤੇ ਘਰ ਘਰ ਵਿਚ ਇਹ ਚਰਚਾ ਹੈ । ਉਥੇ ਇਕ ਮੁਸਲਮਾਨ ਨੂੰ ਕੁਝ ਇੰਟਰਸਟਡ ਆਦਮੀਆਂ ਨੇ ਕਤਲ ਕਰ ਦਿਤਾ । ਉਨ੍ਹਾਂ ਦੇ ਖਿਲਾਫ ਕੋਈ ਪਰਚਾ ਤਾਂ ਦਰਜ ਹੋਣਾ ਸੀ ਲੇਕਿਨ ਕੁਝ ਕਾਂਗਰਸੀਆਂ ਨੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਰਿਸ਼ਵਤ ਦਿਓ, ਪੈਸੇ ਦਿਓ, ਅਸੀਂ ਇਹ ਕੇਸ ਰਜਿਸਟਰ ਨਹੀਂ ਹੋਣ ਦੇਵਾਂਗੇ । ਉਨ੍ਹਾਂ ਨੂੰ ਪੈਸੇ ਦਿਤੇ ਗਏ ਅਤੇ ਉਹ ਪੈਸੇ ਦੇਣ ਤੋਂ ਬਾਅਦ ਕੋਈ ਪਰਚਾ ਦਰਜ ਨਹੀਂ ਹੋਇਆ । ਇਥੇ ਕਿਹਾ ਜਾਂਦਾ ਹੈ ਕਿ ਮਜ਼ਹੱਬ ਦੀ ਹਰ ਇਕ ਨੂੰ ਆਜ਼ਾਦੀ ਹੈ—ਉਂਜ ਅਸੀਂ ਕਹਿੰਦੇ ਹਾਂ ਕਿ ਰਾਮ-ਮੁਹੰਮਦ-ਸਿੰਘ । ਲੇਕਿਨ ਬੇਗਮ ਸਾਹਿਬਾ ਕੋਲ ਮੈਂ ਤੁਹਾਡੇ ਰਾਹੀਂ ਅਰਜ਼ ਕਰਾਂਗਾ ਕਿ ਉਸ ਮੁਸਲਮਾਨ ਦਾ ਸੰਸਕਾਰ ਕੀਤਾ ਗਿਆ । (ਆਪੋਜ਼ੀਸ਼ਨ ਵਲੋਂ ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਉਸ ਤੋਂ ਬਾਅਦ ਜਦੋਂ ਉਥੋਂ ਦੀ ਪਬਲਿਕ ਨੇ ਰੌਲਾ ਪਾਇਆ ਤਾਂ ਕਿਤੇ ਜਾ ਕੇ ਉਸ ਥਾਣੇਦਾਰ ਨੂੰ ਸਸਪੈਂਡ ਕੀਤਾ ਗਿਆ । ਸਾਡੇ ਇਥੇ ਇਹੋ ਜਿਹੇ ਕਿੱਸੇ ਹੋ ਰਹੇ ਹਨ ਜਿਨ੍ਹਾਂ ਦੇ ਹੋਣ ਨਾਲ ਇਸ ਤਰ੍ਹਾਂ ਲਗਦਾ ਹੈ ਕਿ ਇਸ ਸਟੇਟ ਵਿਚ ਕੋਈ ਲਾਅ ਐਂਡ ਆਰਡਰ ਨਹੀਂ ਹੈ, ਇਹ ਬਿਲਕੁਲ ਖਤਮ ਹੋ ਚੁਕਿਆ ਹੈ ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਲੋਕ ਅੱਜ ਬੱਸਾਂ ਰਾਹੀਂ ਸਫਰ ਕਰਦੇ ਹਨ। ਸਾਰਿਆਂ ਕੋਲ ਕਾਰਾਂ ਤਾਂ ਨਹੀਂ ਹਨ। ਅੱਜ ਕਲ ਗੁੰਡਿਆਂ ਦੀ ਇਥੋਂ ਤਕ ਜੁਰੱਅਤ ਹੋ ਗਈ ਹੈ ਕਿ ਉਹ ਰਾਤ ਨੂੰ ਸਫਰ ਕਰਦਿਆਂ ਬੱਸਾਂ ਨੂੰ ਖੜਾ ਕਰ ਲੈਂਦੇ ਹਨ ਅਤੇ ਮੁਸਾਫਰਾਂ ਕੋਲੋਂ ਅਤੇ ਕੰਡਕਟਰਾਂ ਕੋਲ ਜੋ ਪੈਸੇ ਹੁੰਦੇ ਹਨ ਉਹ ਖੋਹ ਲੈਂਦੇ ਹਨ। ਮੈਂ ਚੰਡੀਗੜ੍ਹ ਦੇ ਨੇੜੇ ਦੀ ਗੱਲ ਕਰਦਾ ਹਾਂ। ਚੰਡੀਗੜ੍ਹ ਤੋਂ ਇਕ ਬੱਸ ਲੁਧਿਆਣੇ ਜਾ ਰਹੀ ਸੀ। ਰਾਹ ਵਿਚ ਇਕ ਜੀਪ ਨੇ ਉਨ੍ਹਾਂ ਨੂੰ ਰੋਕ ਲਿਆ। ਉਨ੍ਹਾਂ ਗੁੰਡਿਆਂ ਨੇ ਪੁਲਿਸ ਦੀਆਂ ਵਰਦੀਆਂ ਪਾਈਆਂ ਹੋਈਆਂ ਸਨ ਅਤੇ ਬਿਲਕੁਲ ਹਥਿਆਰਬੰਦ ਸਨ। ਡਰਾਇਵਰ ਅਤੇ ਕੰਡਕਟਰ ਕੋਲ ਜੋ ਪੈਸੇ ਸਨ ਅਤੇ ਔਰਤਾਂ ਨੇ ਜੋ ਗਹਿਣੇ ਪਾਏ ਹੋਏ ਸਨ ਅਤੇ ਲੋਕਾਂ ਕੋਲ ਜੋ ਨਕਦੀ ਸੀ ਉਹ ਖੋਹ ਕੇ ਲੈ ਗਏ। ਇਹ ਖਬਰ ਟਰਿਬਿਊਨ ਅਖਬਾਰ ਵਿਚ ਵੀ ਆਈ ਹੈ ਅਤੇ ਹੋਰਨਾਂ ਅਖਬਾਰਾਂ ਵਿਚ ਵੀ ਆਈ ਹੈ। ਅੱਜ ਇਨ੍ਹਾਂ ਗੁੰਡਿਆਂ ਦੀ ਹਿੰਮਤ ਇਤਨੀ ਵਧ ਗਈ ਹੈ ਕਿ ਡੇ-ਲਾਈਟ ਰਾਬਰੀਜ਼ ਅਤੇ ਡੈਕਾਇਟੀਜ਼ ਕਰਦੇ ਹਨ। ਇਹ ਸਭ ਕੁਝ ਇਸ ਸਰਕਾਰ ਦੇ ਰਾਜ ਵਿਚ ਹੋ ਰਿਹਾ ਹੈ।

ਸਰਦਾਰ ਹਰਚੰਦ ਸਿੰਘ : (ਬੈਠੇ ਬੈਠੇ) ਮਲੋਟ ਵਾਲੀ ਗੱਲ ਦਾ ਵੀ ਜ਼ਿਕਰ ਕਰ ਦਿਉ।

ਸਰਦਾਰ ਪਰਕਾਸ਼ ਸਿੰਘ ਬਾਦਲ : ਉਹ ਤੁਸੀਂ ਕਹ ਲੈਣਾ। ਸਪੀਕਰ ਸਾਹਿਬ, ਡਿਸਟ੍ਰਿਕਟ ਐਜੂਕੇਸ਼ਨ ਆਫਿਸ ਦੇ ਕੈਸ਼ੀਅਰ ਤੋਂ, ਜਿਹੜਾ ਕਿ ਬੈਂਕ ਤੋਂ ਡੇਢ ਲੱਖ ਰੁਪਿਆ ਤਨਖਾਹ ਦਾ ਲਿਆ ਰਿਹਾ ਸੀ, ਪਿਸਟਲ ਪੁਆਇੰਟ ਤੇ ਕੈਸ਼ ਲੁਟ ਲਿਆ। ਅੱਜ ਰਾਤ ਨੂੰ ਜੇ ਕਿਤੇ ਪੈਟਰੋਲ ਦੀ ਲੋੜ ਪੈ ਜਾਵੇ ਤਾਂ ਮਿਲਦਾ ਨਹੀਂ। ਇਹ ਰਾਤ ਦੇ ਸਮੇਂ ਮਿਲਣਾ ਬਿਲਕੁਲ ਬੰਦ ਹੋ ਗਿਆ ਹੈ। ਉਹ ਕਹਿੰਦੇ ਹਨ ਕਿ ਇਸ ਸਰਕਾਰ ਦੇ ਰਾਜ ਵਿਚ ਸਾਡਾ ਮਾਲ ਅਤੇ ਸਾਡੀ ਜਾਨ ਮਹਿਫੂਜ਼ ਨਹੀਂ। ਮੈਂ ਤੁਹਾਡੇ ਸਾਹਮਣੇ ਖੰਨੇ ਦੀ ਮਿਸਾਲ ਰਖਦਾ ਹਾਂ। ਉਥੇ ਰਾਤ ਦੇ ਇਕ ਵਜੇ ਪੈਟਰੋਲ ਪੰਪ ਦੇ ਵਰਕਰ ਨੂੰ ਜ਼ਖਮੀ ਕਰਕੇ ਕੈਸ਼ ਗੁੰਡੇ ਲੁਟ ਕੇ ਲੈ ਗਏ ਅਤੇ ਮੋਬਿਲ ਆਇਲ ਲੈ ਗਏ। ਅੱਜ ਕਲ ਪੈਟਰੋਲ ਪੰਪਾਂ ਤੇ ਡਾਕੇ ਪੈ ਰਹੇ ਹਨ।

ਸਪੀਕਰ ਸਾਹਿਬ, ਤੁਸੀਂ ਮੈਨੂੰ ਜ਼ਿਆਦਾ ਟਾਈਮ ਨਹੀਂ ਦੇਵੋਗੇ ਇਸ ਲਈ ਮੈਂ ਤੁਹਾਨੂੰ ਥੋੜ੍ਹੇ ਥੋੜ੍ਹੇ ਨਮੂਨੇ ਹੀ ਦਸਦਾ ਹਾਂ। ਇਹ ਸੁਣ ਕੇ ਤੁਸੀਂ ਮੇਰੇ ਨਾਲ ਜ਼ਰੂਰ ਸਹਿਮਤ ਹੋਵੋਗੇ ਕਿ ਸਰਕਾਰ ਦੇ ਖਿਲਾਫ ਜਿਹੜੀ ਇਹ ਨੋ-ਕੰਫੀਡੈਂਸ ਮੋਸ਼ਨ ਆਈ ਹੈ ਇਹ ਠੀਕ ਹੈ। ਅੱਜ ਫੇਵਰੇਟਿਜ਼ਮ ਹੋ ਰਹੀ ਹੈ ਅਤੇ ਪਬਲਿਕ-ਮਨੀ ਨੂੰ ਬਿਲਕੁਲ ਨਾਜਾਇਜ਼ ਖਰਚ ਕੀਤਾ ਜਾ ਰਿਹਾ ਹੈ। ਅੱਜ ਹਰ ਇਕ ਬੰਦੇ ਨੂੰ ਸਹਕਾਰ ਆਪਣਾ ਨਹੀਂ ਸਮਝਦੀ। ਫੇਵਰੇਟਿਜ਼ਮ ਇਥੋਂ ਤਕ ਵਧ ਗਈ ਹੈ ਕਿ ਇਕ ਆਦਮੀ ਨੂੰ ਪਾਲਣ ਵਾਸਤੇ ਜਾਂ ਇਕ ਟੱਬਰ ਨੂੰ ਪਾਲਣ ਵਾਸਤੇ ਪਬਲਿਕ ਦੇ ਗਾੜੇ ਪਸੀਨੇ ਦੀ ਕਮਾਈ ਨੂੰ ਖ਼ਰਚ ਕੀਤਾ ਜਾ ਰਿਹਾ ਹੈ। ਮੈਂ ਸਮਝਦਾ ਹਾਂ ਕਿ ਇਹ ਕੋਈ ਚੰਗੀ ਗੱਲ ਨਹੀਂ ਹੈ। ਮੈਂ ਜ਼ਾਤੀ ਤੌਰ ਤੇ ਕਿਸੇ ਵਿਅਕਤੀ ਦੇ ਖਿਲਾਫ ਨਹੀਂ ਹਾਂ ਅਤੇ ਮੈਂ ਕਿਸੇ ਨੂੰ ਕੁਝ ਨਹੀਂ ਕਹਿਣਾ ਚਾਹੁੰਦਾ। ਮੇਜਰ ਜਨਰਲ ਗੁਰਬਖਸ਼ ਸਿੰਘ ਨੂੰ ਸਿਵਲ ਡਿਫੈਂਸ ਐਡਵਾਈਜ਼ਰ ਲਾਇਆ ਹੈ। ਉਨ੍ਹਾਂ ਦੀ ਤਨਖਾਹ, ਕਾਰ ਅਤੇ ਕੋਠੀ ਤੇ ਲਗ ਭਗ 5,000 ਰੁਪਏ ਮਹੀਨਾ ਖਰਚ ਆਉਂਦਾ ਹੈ। ਮੈਂ ਇਹ ਜ਼ਰੂਰ ਕਹਿੰਦਾ ਹਾਂ ਕਿ ਉਨ੍ਹਾਂ ਨੇ ਦੇਸ਼ ਦੀ ਬੜੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਪਰਕਾਸ਼ ਸਿੰਘ ਬਾਦਲ]

ਸੇਵਾ ਕੀਤੀ ਹੈ । ਉਨ੍ਹਾਂ ਦੀ ਉਮਰ 72 ਸਾਲ ਹੋ ਗਈ ਹੈ ਇਸ ਲਈ ਉਨ੍ਹਾਂ ਨੂੰ ਦੁਬਾਰਾ ਅਕਾਮੋਡੇਟ ਕਰਨ ਦੀ ਕੀ ਲੋੜ ਸੀ । ਅੱਜ ਜਿਹੜੇ ਸਾਡੇ ਨੌਜਵਾਨ ਬੇਰੁਜ਼ਗਾਰ ਫਿਰਦੇ ਹਨ ਉਨ੍ਹਾਂ ਨੂੰ ਨੌਕਰੀ ਦੇਣ ਦੀ ਲੋੜ ਹੈ । ਇਸ ਪੈਸੇ ਨਾਲ 25 ਗਰੈਜੂਏਟ ਅਕਾਮੋਡੇਟ ਹੋ ਸਕਦੇ ਸਨ । ਜੇ ਇਸ ਤਰ੍ਹਾਂ ਕੀਤਾ ਜਾਂਦਾ ਤਾਂ ਅਸੀਂ ਇਨ੍ਹਾਂ ਨੂੰ ਮੁਬਾਰਕਬਾਦ ਦਿੰਦੇ । ਸਪੀਕਰ ਸਾਹਿਬ, ਮੇਜਰ ਜਨਰਲ ਸਾਹਿਬ ਦੀ ਮਿਸਿਜ਼ ਨੂੰ ਨਾਨ-ਆਫੀਸ਼ਲ ਡਾਇਰੈਕਟਰ, ਫੂਡ ਐਂਡ ਸਪਲਾਈ ਕਾਰਪੋਰੇਸ਼ਨ ਬਣਾਇਆ ਗਿਆ ਹੈ ।

ਸਰਦਾਰ ਹਰਚੰਦ ਸਿੰਘ : ਇਨ੍ਹਾਂ ਨੇ ਮੇਜਰ ਜਨਰਲ ਸਾਹਿਬ ਦੀ ਉਮਰ 72 ਸਾਲ ਦਸੀ ਹੈ । ਉਨ੍ਹਾਂ ਦੀ ਅਤੇ ਉਨ੍ਹਾਂ ਦੀ ਪਤਨੀ ਦੀ ਉਮਰ ਵਿਚ ਕਾਫੀ ਫਰਕ ਹੈ।

ਸਰਦਾਰ ਜਸਦੇਵ ਸਿੰਘ ਸੰਧੂ : (ਬੈਠੇ ਬੈਠੇ) ਉਮਰ ਦੇ ਫ਼ਰਕ ਕਾਰਣ ਤਾਂ ਉਸ ਨੂੰ ਅਕਾਮੋਡੇਟ ਕੀਤਾ ਹੈ ।

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਹੋਰ ਗੱਲਾਂ ਵਿਚ ਨਹੀਂ ਜਾਣਾ ਚਾਹੁੰਦਾ । ਉਹ ਬੜੇ ਉੱਚੇ ਸੱਜਣ ਹਨ । ਸਪੀਕਰ ਸਾਹਿਬ, ਕੋਈ ਆਦਮੀ ਕਿੰਨਾ ਹੀ ਉੱਚਾ ਕਿਉਂ ਨਾ ਹੋਵੇ ਜੇ ਉਹ ਸਰਕਾਰ ਤੋਂ ਕੋਈ ਗੱਲ ਲਕੋ ਕੇ ਰੱਖਦਾ ਹੈ ਅਤੇ ਉਹ ਗੱਲ ਸਰਕਾਰ ਦੇ ਡਿਸਿਪਲਿਨ ਦੇ ਮੁਤਾਬਿਕ ਜਾਂ ਕੋਡ ਆਫ ਕੰਡਕਟ ਦੇ ਮੁਤਾਬਿਕ ਠੀਕ ਨਾ ਹੋਵੇ ਤਾਂ ਉਸ ਨੂੰ ਐਡਜਸਟ ਨਹੀਂ ਕਰਨਾ ਚਾਹੀਦਾ। ਉਨ੍ਹਾਂ ਨੇ ਆਪਣੀ ਕਿਤਾਬ 'ਮੇਰੀਆਂ ਅਭੁਲ ਯਾਦਾਂ' ਵਿਚ ਲਿਖਿਆ ਹੈ ਕਿ ਮੈਂ ਸੀਕਰਿਟਲੀ ਦੂਸਰੀ ਸ਼ਾਦੀ ਕੀਤੀ ਹੈ । ਮੈਂ ਸਮਝਦਾ ਹਾਂ ਕਿ ਕਾਂਗਰਸ ਦਾ ਤਾਂ ਨਿਯਮ ਹੈ ਕਿ ਜੇ ਕਿਸੇ ਨੇ ਦੂਜੀ ਸ਼ਾਦੀ ਕੀਤੀ ਹੋਵੇ ਤਾਂ ਉਸਨੂੰ ਟਿਕਟ ਵੀ ਅਸੰਬਲੀ ਦਾ ਨਹੀਂ ਦਿਤਾ ਜਾਂਦਾ । ਮੈਨੂੰ ਪਤਾ ਨਹੀਂ ਇਹ ਗੱਲ ਇਹ ਕਿਸ ਤਰ੍ਹਾਂ ਭੁਲ ਗਏ ਹਨ ਅਤੇ ਉਨ੍ਹਾਂ ਨੂੰ 5,000 ਰੁਪਏ ਮਹੀਨੇ ਦੀ ਨੌਕਰੀ ਦਿੱਤੀ ਹੈ ।

6-00 p.m

ਸਪੀਕਰ ਸਾਹਿਬ, ਮੈਂ ਵੇਸਟੇਜ ਦੀ ਗੱਲ ਕਰਦਾ ਹਾਂ । ਮੈਂ ਸਮਝਦਾ ਹਾਂ ਕਿ ਪੰਜਾਬ ਸਟੇਟ ਇਲੈਕਟਰਿਸਿਟੀ ਬੋਰਡ ਜਿਹੜਾ ਹੈ ਉਸਦੇ ਪਾਸ ਪੈਸੇ ਘੱਟ ਹਨ ਅੰਰ ਚਾਹੀਦਾ ਤਾਂ ਇਹ ਸੀ ਕਿ ਉਥੇ ਕੋਈ ਵੀ ਅਨਪ੍ਰੋਡੱਕਟਿਵ ਕੰਮ ਜੇਕਰ ਹੁੰਦਾ ਤਾਂ ਉਸਦੇ ਵਿਚ ਬੱਚਤ ਕੀਤੀ ਜਾਂਦੀ ਲੇਕਿਨ ਹੋਇਆ ਇਹ ਹੈ ਕਿ ਉਥੇ ਇਕ ਪਹਿਲਾਂ ਪਬਲਿਕ ਰੀਲੇਸ਼ਨਜ਼ ਅਫਸਰ ਸੀ ਉਸ ਦੀ ਪੋਸਟ ਨੂੰ ਅੱਪਗਰੇਡ ਕਰਕੇ ਡਾਇਰੈਕਟਰ ਪਬਲਿਕ ਰੀਲੇਸ਼ਨਜ਼ ਦੀ ਪੋਸਟ ਬਣਾ ਦਿਤੀ ਹੈ । ਇਕ ਤਾਂ ਸਾਰੀ ਸਟੇਟ ਦਾ ਡਾਇਰੈਕਟਰ ਪਬਲਿਕ ਰਿਲੇਸ਼ਨਜ਼ ਹੈ ਅੰਰ ਇਕ ਬੋਰਡ ਇਕੱਲੇ ਦਾ ਡਾਇਰੈਕਟਰ ਹੈ । ਉਸ ਡਾਇਰੈਕਟਰ ਦਾ ਗਰੇਡ ਪਤਾ ਲਗਿਆ ਹੈ ਕਿ ਇਕ ਇੰਜੀਨੀਅਰ ਦੇ ਬਰਾਬਰ ਦਾ ਕਰ ਦਿਤਾ ਹੈ । ਮੈਂ ਸਮਝਦਾ ਹਾਂ ਕਿ ਇਲੈਕਟ੍ਰਿਸਿਟੀ ਬੋਰਡ ਦੀ ਤਾਂ ਪਬਲਿਸਿਟੀ ਆਪਣੇ ਆਪ ਹੀ ਹੁੰਦੀ ਰਹਿੰਦੀ ਹੈ ਕਿਉਂ ਕਿ ਬਿਜਲੀ ਹੀ ਨਹੀਂ ਹੈ । (ਹਾਸਾ)

ਸਪੀਕਰ ਸਾਹਿਬ, ਮੈਂ ਹੁਣ ਆਪ ਦਾ ਧਿਆਨ ਕੌਆਪ੍ਰੇਟਿਵ ਮੂਵਮੈਂਟ ਵਲ ਦਿਵਾਉਣਾ ਚਾਹੁੰਦਾ ਸਾਂ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਬਾਦਲ ਸਾਹਿਬ, ਤੁਸੀਂ ਕਿੰਨਾ ਟਾਈਮ ਲਵੋਗੇ ? (Badal Sahib, how much more time will you take?)

ਸਰਦਾਰ ਪਰਕਾਸ਼ ਸਿੰਘ ਬਾਦਲ : ਕਾਫੀ ਟਾਈਮ ਲਵਾਂਗਾ ਜੀ ।

ਸ਼੍ਰੀ ਸਪੀਕਰ : ਅੱਧਾ ਕੁ ਘੰਟਾ ਹੋਰ ਕਾਫੀ ਹੈ ਜਾਂ ਜ਼ਿਆਦਾ ਚਾਹੀਦਾ ਹੈ (I think half-an-hour is sufficient)

ਸਰਦਾਰ ਪਰਕਾਸ਼ ਸਿੰਘ ਬਾਦਲ : ਤੁਸੀਂ ਜਿੰਨਾ ਕਹੋਗੇ ਕਰ ਲਵਾਂਗਾ ਜੀ ।

ਸਰਦਾਰ ਸਤਨਾਮ ਸਿੰਘ ਬਾਜਵਾ : ਅਜੇ ਤਾਂ ਇਹ ਭੁੱਖੇ ਵੀ ਨਹੀਂ ਹਨ ਜੀ । (ਹਾਸਾ)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਅਸੀਂ ਇਹ ਸੁਣਦੇ ਹੁੰਦੇ ਸੀ ਜਦੋਂ ਬੜੇ ਬੜੇ ਲੀਡਰ ਕਹਿੰਦੇ ਸਨ ਕਿ ਅਸੀਂ ਕੋਆਪਰੇਟਿਵ ਮੂਵਮੈਂਟ ਨੂੰ ਬੜਾ ਤਕੜਾ ਕਰਨਾ ਹੈ । ਜੇਕਰ ਇਨ੍ਹਾਂ ਦੀ ਇਹ ਹੀ ਪਾਲਿਸੀ ਹੈ ਤਾਂ ਮੈਂ ਗਿਲਾ ਨਹੀਂ ਕਰਦਾ ਲੇਕਿਨ ਇਨ੍ਹਾਂ ਨੇ ਕੋਆਪਰੇਟਿਵ ਮੂਵਮੈਂਟ ਦੀ ਜੜ੍ਹ ਕੱਟ ਦਿੱਤੀ ਹੈ । (ਸ਼ੇਮ, ਸ਼ੇਮ) (ਵਿਘਨ) ਅੱਜ ਭਾਵੇਂ ਤੁਸੀਂ ਕੁਝ ਕਹੀ ਜਾਓ ਪਰ ਜੇ ਕਹਿਣਾ ਕੁਝ ਹੈ ਅੱਤੇ ਕਹਿਣਾ ਕੁਝ ਹੈ ਤਾਂ ਉਸ ਦਾ ਜਨਤਾ ਨੂੰ ਕੋਈ ਫਾਇਦਾ ਨਹੀਂ ਹੁੰਦਾ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਕੋਆਪ੍ਰੇਟਿਵ ਮੂਵਮੈਂਟ ਛੋਟੇ ਛੋਟੇ ਸਰਕਲਜ਼ ਵਿਚ ਕਰਨੀ ਚਾਹੀਦੀ ਹੈ ਕਿ ਇਸ ਤਰ੍ਹਾਂ ਕਰਨ ਨਾਲ ਕੋਈ ਪੰਜ ਚਾਰ ਇਨ੍ਹਾਂ ਦਿਆਂ ਸੱਜਣਾ ਨੂੰ ਫਾਇਦਾ ਹੁੰਦਾ ਹੋਵੇ ਲੇਕਿਨ ਮੈਂ ਸਮਝਦਾ ਹਾਂ ਕਿ ਸਮਾਜ ਨੂੰ ਇਸ ਨਾਲ ਕੋਈ ਫਾਇਦਾ ਨਹੀਂ ਹੁੰਦਾ । ਮੈਂ ਤਾਂ ਇਹ ਕਹਾਂਗਾ ਕਿ ਕੋਆਪ੍ਰੇਟਿਵ ਮੂਵਮੈਂਟ ਨਾਲ ਇਸ ਸਰਕਾਰ ਨੇ ਬੜੀ ਭਾਰੀ ਗੱਦਾਰੀ ਕੀਤੀ ਹੈ । (ਸ਼ੇਮ, ਸ਼ੇਮ) ਚਾਹੀਦਾ ਤਾਂ ਇਹ ਸੀ ਕਿ ਕੋਆਪ੍ਰੇਟਿਵ ਮੂਵਮੈਂਟ ਨੂੰ ਤਰੱਕੀ ਦਿੰਦੇ ਪਰ, ਸਪੀਕਰ ਸਾਹਿਬ, ਇਨ੍ਹਾਂ ਨੇ ਕੀ ਕੀਤਾ ? ਜਦੋਂ ਕਿਧਰੇ ਕੋਈ ਇਲੈਕਸ਼ਨ ਹੋਇਆ ਹਾਂ ਆਪੋਜ਼ੀਸ਼ਨ ਪਾਰਟੀਆਂ ਦੇ ਕੈਂਡੀਡੇਟਸ ਦੇ ਨਾਮੀਨੇਸ਼ਨ ਪੇਪਰਜ਼ ਰੀਜੈਕਟ ਕਰ ਦਿਤੇ ਜਾਂਦੇ ਹਨ । ਮੈਂ ਸਰਦਾਰ ਸੁਰਜੀਤ ਸਿੰਘ ਜੀ ਦੇ ਜ਼ਿਲ੍ਹੇ ਦੀ ਗੱਲ ਦਸਦਾ ਹਾਂ । ਮੈਂ ਉਥੇ ਗਿਆ । ਮੈਨੂੰ ਦਸਿਆ ਗਿਆ ਕਿ ਬਾਕੀ ਜ਼ਿਲ੍ਹੇ ਦੀ ਤਾਂ ਗੱਲ ਛੱਡੋ ਪਤਾ ਨਹੀਂ ਇਹ ਦੋ ਆਦਮੀ ਕੌਣ ਹਨ, ਇਹ ਕਿਵੇਂ ਰਹਿ ਗਏ । ਇਨ੍ਹਾਂ ਦੇ ਕਾਗਜ਼ ਰੀਜੈਕਟ ਕਿਉਂ ਨਹੀਂ ਹੋਏ । ਉਨ੍ਹਾਂ ਦੋ ਆਦਮੀਆਂ ਦੇ ਕਾਗਜ਼ ਰੀਜੈਕਟ ਨਾ ਹੋਏ ਅਤੇ ਉਹ ਜਿੱਤ ਗਏ । ਜਦੋਂ ਜਿੱਤ ਗਏ ਤਾਂ ਉਸ ਵੇਲੇ ਹੀਕਾਰਡ ਪਾੜ ਦਿਤਾ ਤੇ ਉਨ੍ਹਾਂ ਨੂੰ ਹਾਰਿਆ ਕਰਾਰ ਦੇ ਦਿਤਾ । (ਸ਼ੇਮ, ਸ਼ੇਮ) ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਜੋ ਕੁਝ ਨਜ਼ਾਇਜ਼ ਹੋ ਰਿਹਾ ਹੈ ਭਾਵੇਂ ਹੋਰ ਛੇ ਮਹੀਨੇ ਜਾਂ ਜਿਤਨਾ ਚਿਰ ਮਰਜ਼ੀ ਹੈ ਮਨ ਮਾਨੀਆਂ ਕਰ ਸਕਦੇ ਹੋ ਲੇਕਿਨ ਇਹ ਗੱਲ ਮੈਂ ਦਸ ਦਿੰਦਾ ਹਾਂ ਕਿ ਜੇਕਰ ਇਸ ਤਰ੍ਹਾਂ ਹੀ ਲੋਕਾਂ ਦਾ ਡੈਮੋਕਰੇਸੀ ਤੋਂ, ਲੋਕ ਰਾਜ ਤੋਂ ਵਿਸ਼ਵਾਸ ਉਡ ਗਿਆ ਤਾਂ ਹੋ ਸਕਦਾ ਹੈ ਕਿ ਤੁਹਾਨੂੰ ਹੁਣ ਤਾਂ ਲਾਠੀਆਂ ਚੁਕੀਆਂ ਹਨ ਫਿਰ ਪਸਤੌਲ ਚੁਕਣਗੇ । ਇਹ ਤੁਹਾਨੂੰ ਆਪ ਹੀ ਵੇਖਣਾ ਚਾਹੀਦਾ ਹੈ ।

ਇਸ ਤਰ੍ਹਾਂ ਹੀ ਜ਼ੀਰੇ ਦਾ ਕੇਸ ਹੋਇਆ ਹੈ । ਉਥੇ ਲੈਂਡ ਮਾਰਗੇਜ ਬੈਂਕ ਦੇ ਇਲੈਕਸ਼ਨ ਹੋ ਰਹੇ ਸਨ । ਉਸਦੇ ਵਿਚ, ਸਪੀਕਰ ਸਾਹਿਬ, ਏ. ਆਰ. ਨੇ ਅਨਾਊਂਸਮੈਂਟ

Original with;
Punjab Vidhan Sabha
Digitized by;
Panjab Digital Library

[ਸਰਦਾਰ ਪਰਕਾਸ਼ ਸਿੰਘ ਬਾਦਲ]

ਕਰ ਦਿਤੀ ਲੇਕਿਨ ਲੋਕਾਂ ਦੇ ...ਨ ਨਾਲ ਉਹ ਇਲੈਕਸ਼ਨ ਪੋਸਟਪੋਨ ਕਰਨਾ ਪਿਆ । ਜਿਹੜੇ ਹੋਰ ਪੁਲੀਟੀਕਲ ...ਾਂ ਦੇ ਲੀਡਰ ਸਨ, ਭਾਵੇਂ ਉਹ ਹਾਜ਼ਰ ਸਨ ਜਾਂ ਨਹੀਂ ਸਨ ਉਨ੍ਹਾਂ ਉਤੇ ਧਾਰਾ 307 ...ਹੇਠ ਮੁਕਦਮੇ ਬਣਾਏ ਗਏ ।

ਸਪੀਕਰ ਸਾਹਿਬ, ਮੈਂ ...ਅੰਤ ਵਿਚ ਇਹੋ ਕਹਿਣਾ ਚਾਹੁੰਦਾ ਹਾਂ ਕਿ ਕੋਆਪ੍ਰੇਟਿਵ ਮੂਵਮੈਂਟ ਇਨ੍ਹਾਂ ਨੇ ਖਤਮ ਕਰ ...ਕਿਹਾ ਜਾਂਦਾ ਸੀ ਕਿ ਪੰਚਾਇਤੀ ਰਾਜ ਦੀ ਡੀਸੈਂਟ੍ਰੇਲਾਈਜ਼ੇਸ਼ਨ ਹੋਵੇਗੀ । ...ਆਸ ਸੀ ਕਿ ਸ਼ਾਇਦ ਇਹ ਕੁਝ ਕਰਕੇ ਵਿਖਾਲਣਗੇ । ਕਹਿੰਦੇ ਸਨ ...ਨੂੰ ਹੱਕ ਹਾਸਲ ਹੋਣਗੇ ਲੇਕਿਨ ਹੋਇਆ ਕੁਝ ਵੀ ਨਹੀਂ ਹੈ । ਹੁਣ ਸਰਕਾਰ ...ਕੰਨੀ ਕਤਰਾਉਂਦੀ ਹੈ । ਇਨ੍ਹਾਂ ਨੇ ਡੈਮੋਕਰੇਸੀ ਨੂੰ ਬਹੁਤ ਨੁਕਸਾਨ ਪਹੁੰਚਾਇ ...ਹੈ । ਇਸ ਕਰਕੇ ਵੀ ਮੈਂ ਨੋ-ਕੰਫੀਡੈਂਸ ਮੋਸ਼ਨ ਲਿਆਂਦੀ ਹੈ ।

ਹੁਣ ਮੈਂ ਆਪ ...ਧਿਆਨ ਸਟੂਡੈਂਟਸ ਤੇ ਇੰਪਲਾਈਜ਼ ਵਲ ਦਿਵਾਉਣਾ ਚਾਹੁੰਦਾ ਹਾਂ । ਸਪੀਕਰ ਸਾਹਿਬ, ...ਮੋਗਾ ਫਾਇਰਿੰਗ ਤੇ ਰਿਪੋਰਟ ਸ਼ਾਇਆ ਹੋ ਚੁੱਕੀ ਹੈ । ਇਨ੍ਹਾਂ ਨੇ ਵਾਇਦਾ ਕੀਤਾ ...ਐਕਸ਼ਨ ਲਵਾਂਗੇ ਲੇਕਿਨ ਅੱਜ ਕੀ ਹੋਇਆ ਹੈ ਕਿ ਕੋਈ ਐਕਸ਼ਨ ਨਹੀਂ ...ਲਿਆ । ਮੈਂ ਜੇਕਰ ਵਧਾ ਕੇ ਗੱਲ ਨਾ ਕਰਾਂ ਤਾਂ ਉਹ ਸਾਕਾ ਵੀ ਜਲ੍ਹਿਆਂ ਵਾਲੇ ਬਾ...ਲਾ ਹੀ ਸੀ । ਸਾਡੇ ਨੌਜਵਾਨ ਬੱਚਿਆਂ ਨੂੰ ਗੋਲੀਆਂ ਨਾਲ ਭੁੰਨਿਆ ਗਿਆ ...ਕਿ ਉਹ ਧਰਤੀ ਉਨ੍ਹਾਂ ਬਚਿਆਂ ਦੇ ਖੂਨ ਨਾਲ ਰੰਗੀ ਹੋਈ ਹੈ । ਲੇਕਿਨ ਇਹ ਸਰਕ...ਨੇ ਕਿ ਅਜੇ ਤਕ ਕੋਈ ਐਕਸ਼ਨ ਕਿਉਂ ਨਹੀਂ ਲੈ ਸਕੀ । ਅਸੀਂ ਸ਼ਹੀਦ ਊ...ਸਿੰਘ ਜੀ ਦੀਆਂ ਅੱਜਥੀਆਂ ਦਾ ਸਵਾਗਤ ਕੀਤਾ । ਸਾਡੇ ਦਿਲ ਵਿਚ ਉਨ੍ਹਾਂ ਬਾਰੇ ਬਹੁ...ਸਤਿਕਾਰ ਹੈ । ਲੇਕਿਨ ਸਰਦਾਰ ਊਧਮ ਸਿੰਘ ਜੀ ਦਾ ਕਹਿਣਾ ਸੀ ਕਿ ਜਿਹੜਾ ਪਾਪ ਕਰਦਾ ਹੈ ਉਸ ਤੋਂ ਖੂਨ ਦਾ ਬਦਲਾ ਖੂਨ ਨਾਲ ਲੈਣਾ ਚਾਹੀਦਾ ਹੈ । (ਥੰਪਿੰਗ) ਲੇਕਿਨ ਇਹ ਜਿਹੜਾ ਖੂਨ ਹੋਇਆ ਹੈ ਉਸ ਦਾ ਬਦਲਾ ਨਹੀਂ ਲੈ ਸਕਦੇ । ਸ਼ੀਸ਼ੇ ਦੇ ਮਕਾਨਾਂ ਵਿਚ ਬੈਠ ਕੇ ਤੁਸੀਂ ਇਨ੍ਹਾਂ ਗੱਲਾਂ ਵਲ ਧਿਆਨ ਨਹੀਂ ਦਿੰਦੇ । ਜਿਹੜਾ ਇਕ ਲੜਕਾ ਸ਼ਹੀਦ ਹੋਇਆ ਹੈ ਉਸ ਦੇ ਪਿਤਾ ਦੀਆਂ ਮੈਨੂੰ ਚਿੱਠੀਆਂ ਆਈਆਂ ਹਨ ਕਿ ਕ... ਉਹ ਸਰਕਾਰ ਖਤਮ ਹੋਵੇਗੀ ਜਿਸ ਨੇ ਮੇਰੇ ਪੁੱਤਰ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਇਆ ?

ਸਰਦਾਰ ...ਸਿੰਘ : ਪੁਆਇੰਟ ਆਫ ਆਰਡਰ, ਸਰ ।

ਸਰਦ ...ਟ ...ਸਿੰਘ : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਇਕ ਚਿੱਠੀ ਇਨ੍ਹਾਂ ...ਹੈ । (ਹਾਸਾ)

ਸਰਦਾ... ਦੰਰਬਾਰਾ ਸਿੰਘ : ਸਪੀਕਰ ਸਾਹਿਬ, ਕੀ ਹਾਊਸ ਵਿਚ ਕਿਸੇ ਆਨਰੇਬਲ ਮੈਂਬਰ ...ਇਊਲੈਂਸ ਪ੍ਰੀਚ ਕਰਨ ਦਾ ਹੱਕ ਹੈ ? ਜੋ ਇਸ ਤਰ੍ਹਾਂ ਦੇ ਸ਼ਬਦ ਲੀਡਰ ਆਫ ਦੀ ਅ...ਪੋਜ਼ੀ...ਨੇ ਕਹੇ ਹਨ, ਜਿਹੜੇ ਕਿ ਵਾਇਓਲੈਂਸ ਦਾ ਪਰਚਾਰ ਹੈ Those should no...orm part of the proceedings.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਉਨ੍ਹਾਂ ਨੇ ਜ਼ਜ਼ਬਾਤ ਵਿਚ ਕਹੇ ਹਨ, ਵਾਇਉਲੈਂਸ ਦਾ ਪਰਚਾਰ ਨਹੀਂ ਕੀਤਾ । (ਹਾਸਾ) (ਵਿਘਨ) (He has spoken these words while he was sentimental. He has not preached violence.)

ਸਰਦਾਰ ਜਸਦੇਵ ਸਿੰਘ ਸੰਧੂ : ਜਿਹੜੇ ਤੁਹਾਡੇ ਹਲਕੇ ਵਿਚ ਸੱਤ ਕਤਲ ਹੋਏ ਹਨ ਉਨ੍ਹਾਂ ਦਾ ਅਜੇ ਜ਼ਿਕਰ ਨਹੀਂ ਕੀਤਾ ।

ਸਰਦਾਰ ਹਰਚੰਦ ਸਿੰਘ : ਸਪੀਕਰ ਸਾਹਿਬ, ਕੀ ਖ਼ੂਨ ਦਾ ਬਦਲਾ ਖ਼ੂਨ ਵਿਚ ਲੈਣਾ ਚਾਹੀਦਾ ਹੈ ?

ਸ਼੍ਰੀ ਸਪੀਕਰ : ਉਨ੍ਹਾਂ ਨੇ ਕਿਹਾ ਹੈ ਕਿ ਜ਼ਜ਼ਬਾਤ ਇਸ ਤਰ੍ਹਾਂ ਦੇ ਹੋ ਸਕਦੇ ਹਨ । (He has said that such sentiments can be there.)

ਸਰਦਾਰ ਸਤਨਾਮ ਸਿੰਘ ਬਾਜਵਾ : ਸਪੀਕਰ ਸਾਹਿਬ, ਉਹ ਤਾਂ ਸਰਦਾਰ ਦਰਬਾਰਾ ਸਿੰਘ ਹੋਰਾਂ ਨਾਲ ਹਮਦਰਦੀ ਜਤਾਉਂਦੇ ਹਨ । (ਹਾਸਾ)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਪਹਿਲਾਂ ਵੀ ਇਨ੍ਹਾਂ ਨੇ ਕਿਹਾ ਸੀ ਕਿ ਗੋਲੀਆਂ ਚੱਲਣਗੀਆਂ ।

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਤਾਂ ਇਨ੍ਹਾਂ ਨੂੰ ਵਾਰਨ ਕਰਦਾ ਹਾਂ । (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ : * * * *

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ । (This is no point of order.)

ਸ਼੍ਰੀ ਪਿਆਰਾ ਰਾਮ ਧੰਨੋਵਾਲੀ : * * * * *

ਸ਼੍ਰੀ ਸਪੀਕਰ : ਉਨ੍ਹਾਂ ਨੇ ਵਾਇਉਲੈਂਸ ਦਾ ਪ੍ਰਚਾਰ ਨਹੀਂ ਕੀਤਾ । (He has not preached violence.)

ਸ਼੍ਰੀ ਪਿਆਰਾ ਰਾਮ ਧੰਨੋਵਾਲੀ : * * * * *

ਸ਼੍ਰੀ ਸਪੀਕਰ : ਕੋਈ ਪ੍ਰਚਾਰ ਨਹੀਂ ਕੀਤਾ । (He has not preached violence.)

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਇਹ ਲਫ਼ਜ਼ ਰਿਕਾਰਡ ਵਿਚ ਹਨ ।

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਮੈਂ ਐਗਜ਼ਾਮਿਨ ਕਰ ਲਵਾਂਗਾ । ਇੰਟਰਪਟ ਨਾ ਕੀਤਾ ਜਾਵੇ । ਇਹ ਕੋਈ ਵੀ ਪੁਆਇੰਟ ਆਫ ਆਰਡਰ ਨਹੀਂ ਬਣਦੇ । (I will examine that. Please don't interrupt. These are no points of order.)

ਸਰਦਾਰ ਕਿਰਪਾਲ ਸਿੰਘ ਰੰਧਾਵਾ : * * * * *

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਇਸ ਤਰ੍ਹਾਂ ਤਾਂ ਸਾਰਾ ਹਾਊਸ ਦਾ ਸਮਾਂ ਖਤਮ ਹੋ ਜਾਵੇਗਾ । (This is no point of order. The time of the House will be wasted by raising such points of order.)

ਸਰਦਾਰ ਪਰਕਾਸ਼ ਸਿੰਘ ਬਾਦਲ : ਮੈਂ ਐਂਪਲਾਈਜ਼ ਦੀ ਗਲ ਕਰ ਰਿਹਾ ਸੀ । ਐਗਰੀਕਲਚਰ ਇਨਸਪੈਕਟਰਾਂ ਨਾਲ ਵਾਇਦਾ ਕੀਤਾ ਗਿਆ ਸੀ ਅਤੇ ਉਨ੍ਹਾਂ ਨੇ ਹੜਤਾਲ ਖਤਮ ਕਰ ਦਿਤੀ ਸੀ, ਪਰ ਇਹ ਇਨਸਪੈਕਟਰ ਅਜੇ ਤਕ ਬਹਾਲ ਨਹੀਂ ਹੋਏ । ਉਨ੍ਹਾਂ ਦੀਆਂ ਮੰਗਾਂ ਜੋ ਮੰਨੀਆਂ ਸਨ, ਪਰ ਪੂਰੀਆਂ ਨਹੀਂ ਕੀਤੀਆਂ । ਮੈਂ ਇਹ ਸਮਝਦਾ ਹਾਂ ਕਿ ਅਸੀਂ ਇਸ ਕਰਕੇ ਸਰਕਾਰ ਦੇ ਖਿਲਾਫ ਨੌ-ਕਨਫੀਡੈਂਸ ਮੋਸ਼ਨ ਲਿਆਂਦੀ ਹੈ ਕਿ ਇਹ ਸਰਕਾਰ ਐਂਟੀ-ਐਂਪਲਾਈਜ਼ ਹੈ ਅਤੇ ਮੁਲਾਜ਼ਮਾਂ ਦੀ ਇਹ ਰਾਖੀ ਨਹੀਂ ਕਰ ਸਕਦੀ ।

ਖੇਤੀਬਾੜੀ ਅਤੇ ਜੰਗਲਾਤ ਮੰਤਰੀ : ਅਸੀਂ ਐਗਰੀਕਲਚਰ ਇਨਸਪੈਕਟਰਾਂ ਦੇ ਨਾਲ ਕੋਈ ਵਾਇਦਾ ਨਹੀਂ ਕੀਤਾ ।

ਸਰਦਾਰ ਪਰਕਾਸ਼ ਸਿੰਘ ਬਾਦਲ : ਮੈਂ ਇਕ ਦੋ ਪੁਆਇੰਟ ਹੋਰ ਕਹਿਣਾ ਚਾਹੁੰਦਾ ਹਾਂ । ਇਹ ਸਰਕਾਰ ਐਂਟੀ-ਕਿਸਾਨ ਹੈ । ਸਪੀਕਰ ਸਾਹਿਬ, ਪੰਜਾਬ ਦੇ ਕਿਸਾਨ ਨੇ ਸਿਰਫ ਇਹ ਨਹੀਂ ਕੀਤਾ ਕਿ ਸਿਰਫ ਆਪਣੇ ਸੂਬੇ ਨੂੰ ਹੀ ਰੋਟੀ ਦਿਤੀ ਬਲਕਿ ਸਾਰੇ ਹਿੰਦੁਸਤਾਨ ਨੂੰ ਰੋਟੀ ਦਿਤੀ ਹੈ । ਮੈਂ ਕਹਾਂਗਾ ਕਿ ਹਿੰਦੁਸਤਾਨ ਦੀ ਸਰਕਾਰ ਦਾ 750 ਕਰੋੜ ਰੁਪਿਆ ਫਾਰੇਨ ਐਕਸਚੇਂਜ ਦੀ ਸ਼ਕਲ ਵਿਚ ਪੰਜਾਬ ਦੇ ਕਿਸਾਨ ਨੇ ਬਚਾ ਕੇ ਦਿਤਾ ਹੈ । ਮੈਂ ਪਿਛਲੇ ਸਾਲ ਦੀਆਂ ਫਿਗਰਜ਼ ਦਸਦਾ ਹਾਂ । ਇਸ ਦੇ ਵਿਚ 27 ਲੱਖ ਰੁਪਿਆ ਵ੍ਹੀਟ ਦਾ ਹੈ ਅਤੇ 9 ਲੱਖ ਰੁਪਿਆ ਰਾਈਸ ਦਾ ਹੈ । ਲੇਕਿਨ, ਸਪੀਕਰ ਸਾਹਿਬ, ਉਨ੍ਹਾਂ ਨੂੰ ਇਸ ਸਰਕਾਰ ਨੇ ਸ਼ਾਬਾਸ਼ ਤਾਂ ਕੀ ਦੇਣੀ ਹੈ, ਪਰ ਉਨ੍ਹਾਂ ਤੇ ਇਕ ਬੜਾ ਭਾਰੀ ਵਾਰ ਕੀਤਾ ਹੈ । (ਵਿਘਨ)

ਸ਼੍ਰੀ ਸਪੀਕਰ : ਮੈਂਬਰ ਸਾਹਿਬਾਨ ਇੰਟਰਪਟ ਨਾ ਕਰਨ । (The hon. Members may not interrupt.)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਜਿਹੜਾ ਫਰਟੇਲਾਈਜ਼ਰ ਦਾ ਭਾਅ ਦੁਗਣਾ ਕਰ ਦਿਤਾ ਗਿਆ ਹੈ, ਇਸ ਚੀਜ਼ ਨੇ ਕਿਸਾਨਾਂ ਨੂੰ ਤਾਂ ਕੀ ਸਾਰੇ ਦੇਸ਼ ਨੂੰ ਹੀ ਲੈ ਡੁਬਣਾ ਹੈ । ਡਾਇਮੋਨੀਅਮ ਦਾ ਭਾਅ 1335 ਰੁਪਏ ਪ੍ਰਤੀ ਟਨ ਸੀ, ਪਰ ਹੁਣ ਉਹ 3005 ਰੁਪਏ ਪ੍ਰਤੀ ਟਨ ਕਰ ਦਿਤਾ ਗਿਆ ਹੈ । ਮੈਂ ਹੋਰ ਫਿਗਰਜ਼ ਵਿਚ ਨਹੀਂ ਜਾਂਦਾ । ਪਰ ਇਸ ਵੇਲੇ ਹਰ ਖਾਦ ਦਾ ਭਾਅ ਦੁਗਣਾ ਕਰ ਦਿਤਾ ਗਿਆ ਹੈ ਅਤੇ ਇਹ ਸਰਕਾਰ ਕਹਿੰਦੀ ਹੈ ਕਿ ਸੈਂਟਰ ਦੀ ਸਰਕਾਰ ਨੇ ਕੀਤਾ ਹੈ । ਮੈਂ ਕਹਾਂਗਾ ਕਿ ਇਹ ਕਿਹੜਾ

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਇਨਸਾਫ਼ ਹੈ ਕਿ ਜਿਹੜੀ ਖਾਦ ਪੁਰਾਣੇ ਰੇਟਾਂ ਤੇ ਖਰੀਦੀ ਗਈ ਹੈ ਉਹ ਵੀ ਕਿਸਾਨ ਨੂੰ ਦੁਗਣੇ ਭਾਅ ਤੇ ਦਿਤੀ ਜਾ ਰਹੀ ਹੈ। ਇਹ ਸਿਰਫ਼ ਇਸ ਲਈ ਕੀਤਾ ਜਾ ਰਿਹਾ ਹੈ ਕਿ ਮਿਹਨਤੀ ਕਿਸਾਨ ਤੇ ਹੋਰ ਭਾਰ ਪਾਇਆ ਜਾਵੇ। ਮੈਂ ਪੁੱਛਦਾ ਹਾਂ ਕਿ ਜਦੋਂ ਇਹ ਪੁਰਾਣੀ ਖਾਦ ਪੁਰਾਣੇ ਰੇਟਾਂ ਤੇ ਸਰਕਾਰ ਦੇ ਅਦਾਰਿਆਂ ਕੋਲ ਪਈ ਸੀ, ਤਾਂ ਇਸ ਦਾ ਰੇਟ ਵਧਾਉਣ ਦੀ ਕੀ ਲੋੜ ਸੀ। ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਨੇ ਪੰਜਾਬ ਦੇ ਕਿਸਾਨ ਤੋਂ 6 ਕਰੋੜ ਰੁਪਿਆ ਵਸੂਲ ਕੀਤਾ ਹੈ।

ਫਿਰ ਇਕ ਗੱਲ ਮੈਂ ਹੋਰ ਬੜੀ ਕਲੀਅਰ ਕਰਨਾ ਚਾਹੁੰਦਾ ਹਾਂ ਕਿ ਹਰ ਗਲ ਵਿਚ ਇਹ ਕਹਿੰਦੇ ਹਨ ਕਿ ਜ਼ਿਆਦਾ ਖਾਦ ਪੰਜਾਬ ਦਾ ਇਨਫਲੂਐਂਸ਼ਲ ਕਿਸਾਨ ਲੈ ਜਾਂਦਾ ਹੈ। ਮੈਨੂੰ ਬੜਾ ਅਫ਼ਸੋਸ ਹੈ ਕਿ ਸਰਕਾਰ ਇਸ ਗਲ ਦਾ ਬੰਦੋਬਸਤ ਵੀ ਨਹੀਂ ਕਰ ਸਕੀ ਅਤੇ ਜਿਹੜੇ ਜ਼ਿਆਦਾ ਖਾਦ ਲੈ ਜਾਂਦੇ ਹਨ, ਉਨ੍ਹਾਂ ਤੋਂ ਲੈਕੇ ਛੋਟੇ ਕਿਸਾਨਾਂ ਨੂੰ ਖਾਦ ਦੇਣ ਦਾ ਪ੍ਰਬੰਧ ਵੀ ਇਹ ਸਰਕਾਰ ਨਹੀਂ ਕਰ ਸਕੀ। ਇਸ ਗਲ ਬਾਰ ਸਰਕਾਰ ਇਸ ਤਰ੍ਹਾਂ ਕਿਉਂ ਨਹੀਂ ਕਰਦੀ ਕਿ, ਸਾਰੇ ਪੰਜਾਬ ਵਿਚ ਕੋਈ 1000 ਜਾਂ 2000 ਵੱਡੇ ਕਿਸਾਨ ਹੋਣਗੇ, ਉਨ੍ਹਾਂ ਦੀ ਲਿਸਟ ਬਣਾ ਲਵੇ ਅਤੇ ਉਨ੍ਹਾਂ ਨੂੰ ਖਾਦ ਦੇਣੀ ਬੰਦ ਕਰ ਦੇਵੇ। ਇਨ੍ਹਾਂ ਗੱਲਾਂ ਦਾ ਕਿਸਾਨ ਨੂੰ ਪਤਾ ਨਾ ਹੋਵੇ, ਇਹ ਗਲ ਨਹੀਂ ਹੈ, ਛੋਟੇ ਕਿਸਾਨ ਨੂੰ ਸਭ ਕੁਝ ਪਤਾ ਹੈ। ਸਾਡੀ ਪਾਰਟੀ ਵੱਡਿਆਂ ਕਿਸਾਨਾਂ ਦੇ ਹੱਕ ਵਿਚ ਨਹੀਂ ਹੈ, ਛੋਟੇ ਕਿਸਾਨ ਦੇ ਹੱਕ ਵਿਚ ਹੈ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਛੋਟਿਆਂ ਕਿਸਾਨਾਂ ਨਾਲ ਜ਼ੁਲਮ ਨਹੀਂ ਕੀਤਾ ਜਾਣਾ ਚਾਹੀਦਾ ਅਤੇ ਉਨ੍ਹਾਂ ਨੂੰ ਖਤਮ ਨਹੀਂ ਕੀਤਾ ਜਾਣਾ ਚਾਹੀਦਾ। ਫਿਰ ਇਸ ਦੇ ਨਾਲ ਮੈਂ ਇਹ ਕਹਿ ਦੇਵਾਂ ਕਿ ਜਿਹੜੀ ਖਾਦ ਦਿਤੀ ਵੀ ਜਾਂਦੀ ਹੈ, ਉਹ ਇੰਨੀ ਖਰਾਬ ਹੁੰਦੀ ਹੈ ਅਤੇ ਇੰਨੀ ਇਮੈਚਿਉਰ ਹੁੰਦੀ ਹੈ, ਇਸ ਦੇ ਬਾਰੇ ਮੈਂ ਤੁਹਾਨੂੰ ਦਸਦਾ ਹਾਂ। ਬੰਬਈ ਦੀ ਇਕ ਫਰਮ ਨੇ ਪੰਜਾਬ ਵਿਚ, ਪੰਜਾਬ ਦੇ ਕਿਸਾਨ ਵਾਸਤੇ ਕਿਹੋ ਜਿਹੀ ਖਾਦ ਭੇਜੀ ਸੀ। ਤਲਵੰਡੀ ਭਾਈ ਵਿਚ ਅਤੇ ਲੁਧਿਆਣੇ ਵਿਚ ਡੀ. ਸੀ. ਨੇ ਇਸ ਫਰਮ ਦਾ ਪਤਾ ਲਗਾਇਆ ਅਤੇ ਉਸ ਨੂੰ ਫੜਿਆ, ਪਰ ਸਾਡੇ ਇਹ ਭਰਾ ਉਸ ਫਰਮ ਦੀ ਮਦਦ ਕਰਨ ਵਾਸਤੇ ਜਾਂਦੇ ਹਨ, ਭਾਵੇਂ ਕਿਸਾਨਾਂ ਨੂੰ ਜਿੰਨੀ ਭੈੜੀ ਖਾਦ ਦਿਤੀ ਜਾਵੇ, ਇਸ ਗਲ ਦਾ ਕੋਈ ਖਿਆਲ ਨਹੀਂ ਕੀਤਾ ਜਾਂਦਾ। ਸਪੀਕਰ ਸਾਹਿਬ, ਜੋ ਵੀ ਸਕੀਮ ਬਣਾਈ ਜਾਂਦੀ ਹੈ, ਉਹ ਇਸ ਤਰ੍ਹਾਂ ਹੀ ਬਣਾਈ ਜਾਂਦੀ ਹੈ ਕਿ ਜਿਸ ਨਾਲ ਕਿਸਾਨ ਹੀ ਮਾਰਿਆ ਜਾਵੇ ਅਤੇ ਸਟੌਕਿਸਟ ਦੀ ਉਸ ਨਾਲ ਮਦਦ ਕੀਤੀ ਜਾਵੇ।

ਇਕ ਗਲ ਮੈਂ ਪਰੋਕਿਉਰਮੈਂਟ ਦੇ ਬਾਰੇ ਵਿਚ ਕਹਿਣਾ ਚਾਹੁੰਦਾ ਹਾਂ। ਇਕ ਆਦਮੀ ਜਿਹੜਾ ਕਮਾਈ ਕਰਦਾ ਹੈ, 6 ਮਹੀਨੇ ਮਿਹਨਤ ਕਰਦਾ ਹੈ, ਅਤੇ ਉਸ ਤੋਂ ਬਾਅਦ ਆਪਣੀ ਜ਼ਮੀਨ ਵਿਚ ਅਨਾਜ ਪੈਦਾ ਕਰਦਾ ਹੈ, ਉਸ ਨੂੰ 10 ਰੁਪਏ ਵੀ ਇਸ ਵਿਚੋਂ ਨਹੀਂ ਬਚਦੇ ਅਤੇ ਜਿਹੜਾ ਸਟੌਕਿਸਟ ਹੈ, ਉਹ ਉਸ ਤੋਂ ਸਸਤੇ ਭਾਅ ਤੇ ਖਰੀਦ ਕੇ 35-36 ਰੁਪਏ ਦਾ ਮੁਨਾਫਾ ਕਮਾ ਜਾਂਦਾ ਹੈ ਅਤੇ ਉਸ ਵਲੋਂ 150 ਰੁਪਏ ਜਾਂ 175 ਰੁਪਏ ਕੁਇੰਟਲ ਦੇ ਹਿਸਾਬ ਨਾਲ ਵਿਓਪਾਰੀ ਨੂੰ ਦਿਤੀ ਜਾਂਦੀ ਹੈ, ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਕੰਜ਼ਿਊਮਰ ਨੂੰ 200 ਰੁਪਏ ਜਾਂ 300 ਰੁਪਏ ਦੇ ਭਾਅ ਤੇ ਮਿਲਦੀ ਹੈ। ਇਸ ਲਈ ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਿਸਾਨਾਂ ਨੂੰ ਆਪਣਾ ਪੂਰਾ ਹੱਕ ਮਿਲਣਾ ਚਾਹੀਦਾ ਹੈ, ਉਨ੍ਹਾਂ ਨੂੰ ਸਸਤੇ ਭਾਅ ਤੇ ਜ਼ਮੀਨਾਂ ਵਾਸਤੇ ਖਾਦ ਮਿਲਣੀ ਚਾਹੀਦੀ ਹੈ, ਪਰ ਇਹ ਸਰਕਾਰ ਇਸ ਮਾਮਲੇ ਵਿਚ ਕੁਝ ਨਹੀਂ ਕਰਦੀ ਅਤੇ ਕਿਸਾਨਾਂ ਵਿਚਾਰਿਆਂ ਨੂੰ ਬੜੀ ਦਿਕਤ ਪੇਸ਼ ਆਉਂਦੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਪਰਕਾਸ਼ ਸਿੰਘ ਬਾਦਲ]

ਹੈ ਅਤੇ ਬੜੀਆਂ ਮੁਸੀਬਤਾਂ ਝਲਣੀਆਂ ਪੈਂਦੀਆਂ ਹਨ । ਇਹ ਸਰਕਾਰ ਉਨ੍ਹਾਂ ਪ੍ਰਾਈਵੇਟ ਅਦਾਰਿਆਂ ਦੀ ਹੀ ਮਦਦ ਕਰਦੀ ਹੈ ਜਿਹੜੇ ਕਿਸਾਨਾਂ ਨਾਲ ਜ਼ੁਲਮ ਕਰਦੇ ਹਨ । ਇਸ ਲਈ ਮੈਂ ਸਰਕਾਰ ਨੂੰ ਅਰਜ਼ ਕਰਾਂਗਾ ਕਿ ਸਰਕਾਰ ਇਸ ਮਾਮਲੇ ਵਿਚ ਸਖਤ ਤੋਂ ਸਖਤ ਐਕਸ਼ਨ ਲਵੇ ।

ਫਿਰ ਮੈਂ ਇਹ ਗਲ ਕਰਾਂਗਾ ਕਿ ਸਾਨੂੰ ਕਿਹਾ ਜਾਂਦਾ ਹੈ ਕਿ ਪਹਿਲਾਂ ਸਰਕਾਰ ਇਥੇ ਹੋਰ ਸੀ, ਇਸ ਕਰਕੇ ਵੱਡੇ ਵੱਡੇ ਪਰਾਜੈਕਟ ਸਾਡੀ ਸਟੇਟ ਨੂੰ ਨਹੀਂ ਮਿਲੇ । ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹੁਣ ਤਾਂ ਇਨ੍ਹਾਂ ਦੀ ਸਰਕਾਰ ਹੈ । ਪਰ ਅਜੇ ਤਕ ਥੀਨ ਡੈਮ ਅਤੇ ਅਨੰਦਪੁਰ ਹਾਈਡਲ ਸਕੀਮ ਦੀ ਕਲੀਅਰੈਂਸ ਵੀ ਨਹੀਂ ਮਿਲੀ । ਇਸ ਦਾ ਮਤਲਬ ਇਹ ਹੈ ਕਿ ਇਸ ਸਰਕਾਰ ਨੇ ਇਸ ਪਾਸੇ ਵਲ ਕੋਈ ਕਦਮ ਨਹੀਂ ਚੁਕਿਆ ਅਤੇ ਹੋਰ ਪਰਾਜੈਕਟਾਂ ਬਾਰੇ ਵੀ ਧਿਆਨ ਨਹੀਂ ਦਿਤਾ ।

ਸਾਡੇ ਸੂਬੇ ਦੀ ਸਰਕਾਰ ਲੋਕਾਂ ਦੇ ਹਿਤਾਂ ਦੀ ਰਾਖੀ ਨਹੀਂ ਕਰ ਸਕਦੀ । ਇਸ ਬਾਰੇ ਮੈਨੂੰ ਬੜਾ ਅਫਸੋਸ ਹੈ ਕਿ ਕੋਈ ਚੰਗਾ ਕਦਮ ਇਹ ਸਰਕਾਰ ਨਹੀਂ ਚੁਕਦੀ । ਮੈਂ, ਸਪੀਕਰ ਸਾਹਿਬ, ਤੁਹਾਡੇ ਨੋਟਿਸ ਵਿਚ ਲਿਆਉਂਦਾ ਹਾਂ, ਜਿਸ ਵਿਚ ਤੁਸੀਂ ਵੀ ਹਿੱਸੇਦਾਰ ਹੋ । ਤੁਹਾਨੂੰ ਯਾਦ ਹੋਵੇਗਾ ਕਿ ਪਿਛਲੇ ਸੈਸ਼ਨ ਵਿਚ ਫੌਜ ਦੀ ਭਰਤੀ ਵਿਚ ਹਿਦ ਸਰਕਾਰ ਵਲੋਂ ਪਰਸੈਂਟੇਜ ਨੂੰ ਘਟ ਕਰਨ ਵਾਸਤੇ ਅਸੀਂ ਇਕ ਰੈਜੋਲਿਊਸ਼ਨ ਇਥੇ ਲਿਆਂਦਾ ਸੀ ਅਤੇ ਸਰਦਾਰ ਉਮਰਾਓ ਸਿੰਘ ਨੇ ਇਸ ਬਾਰੇ ਵਾਅਦਾ ਕੀਤਾ ਸੀ ਕਿ ਸੈਸ਼ਨ ਦੇ ਖਤਮ ਹੋਣ ਤੋਂ ਪਹਿਲਾਂ ਸਾਰੇ ਹਾਊਸ ਵਲੋਂ ਸਮੁੱਚੇ ਤੌਰ ਤੇ ਇਕ ਰੈਜ਼ੋਲਿਊਸ਼ਨ ਪਾਸ ਕਰਵਾਇਆ ਜਾਵੇਗਾ ਅਤੇ ਸੈਂਟਰ ਦੀ ਸਰਕਾਰ ਨੂੰ ਭੇਜਿਆ ਜਾਵੇਗਾ । ਅਸੀਂ ਇਥੇ ਇਹ ਵੀ ਕਿਹਾ ਸੀ ਕਿ ਇਸ ਗਲ ਦਾ ਕਰੈਡਿਟ ਅਸੀਂ ਨਹੀਂ ਲੈਂਦੇ, ਤੁਸੀਂ ਲੈ ਲਵੋ, ਪਰ ਪੰਜਾਬ ਦੇ ਨਾਲ ਜੋ ਧੱਕਾ ਹੋਇਆ ਹੈ, ਉਹ ਨਹੀਂ ਹੋਣਾ ਚਾਹੀਦਾ ਅਤੇ ਪੰਜਾਬ ਨਾਲ ਇਨਸਾਫ ਹੋਣਾ ਚਾਹੀਦਾ ਹੈ, ਪਰ ਇਸ ਵਿਚ ਤੁਹਾਡੇ ਨਾਲ ਵੀ ਕੰਨੀ ਬੱਟੀ ਕਰੂ ਹੋਇਆ ।

ਇਨ੍ਹਾਂ ਨੂੰ ਟੈਲੀਫੂਨ ਤੇ ਇਹ ਕਿਹਾ ਗਿਆ ਕਿ ਜੇ ਤੁਸੀਂ ਇਹ ਰੈਜ਼ੋਲਿਊਸ਼ਨ ਲਿਆਂਦਾ ਤਾਂ ਪ੍ਰਾਈਮ ਮਨਿਸਟਰ ਅਤੇ ਜਗਜੀਵਨ ਰਾਮ ਜੀ ਗੁਸੇ ਹੋ ਜਾਣਗੇ । ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਜੇ ਉਹ ਗੁਸੇ ਹੋ ਜਾਣ ਅਤੇ ਸਾਡੀ ਸਟੇਟ ਦਾ ਮਸਲਾ ਹੋਵੇ, ਤਾਂ ਉਸ ਆਦਮੀ ਨੂੰ ਸਾਡੀ ਸਟੇਟ ਵਾਲੇ ਚੰਗਾ ਕਹਿਣਗੇ ਜੇ ਉਹ ਅਸਤੀਫਾ ਦੇ ਦੇਵੇ । ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਇਸ ਕਰਕੇ ਫੇਲ੍ਹ ਹੋਈ ਕਿਉਂਕਿ ਉਹ ਵਾਈਡਲੀ ਇੰਟਰੈਸਟ ਅਤੇ ਇਕਨੌਮਿਕ ਇੰਟਰੈਸਟ ਨੂੰ ਸੇਫ ਨਹੀਂ ਕਰ ਸਕੀ । ਇਸ ਕਰਕੇ, ਸਪੀਕਰ ਸਾਹਿਬ, ਮੈਂ ਤੁਹਾਡਾ ਜ਼ਿਆਦਾ ਸਮਾਂ ਨਾਂ ਲੈਂਦਾ ਹੋਇਆ ਸਿਰਫ ਇਤਨੀ ਹੀ ਬੇਨਤੀ ਕਰਾਂਗਾ ਕਿ ਇਸ ਸਰਕਾਰ ਨੂੰ ਹੁਣ ਅਸਤੀਫਾ ਦੇ ਦੇਣਾ ਚਾਹੀਦਾ ਹੈ ਅਤੇ ਇਨ੍ਹਾਂ ਵਜੂਹਾਤ ਨਾਲ ਇਸ ਸਰਕਾਰ ਨੂੰ ਫਰੈਸ਼ ਇਲੈਕਸ਼ਨ ਕਰਾਉਣੇ ਚਾਹੀਦੇ ਹਨ ਤਾਂ ਕਿ ਪੰਜਾਬ ਦੇ ਲੋਕ ਆਪਣੀ ਮਨ ਪਸੰਦ ਪਾਰਟੀ ਨੂੰ ਵੋਟ ਦੇ ਕੇ ਅੱਗੇ ਲਿਆ ਸਕਣ ।

Mr. Speaker : Motion moved—

This House expresses its lack of confidence in the present Congress Ministry headed by Giani Zail Singh.

Original with;
Punjab Vidhan Sabha
Digitized by;
Panjab Digital Library

Before the House proceeds further with the 'No Confidence Motion,' I have to make an announcement regarding the Panel of Chairmen.

PANEL OF CHAIRMEN

Mr. Speaker : Under rule 13(1) of the Rules of Procedure and Conduct of Business in the Punjab Legislative Assembly, I nominate the following Members to serve on the Panel of Chairmen :—

1. Captain Ratlan Singh.
2. Sardar Prem Singh Prem.
3. Sardar Jasdev Singh Sandhu.
4. Comrade Jangir Singh Joga.

DISCUSSION ON NO-CONFIDENCE MOTION
(Resumption)

ਕੈਪਟਨ ਰਤਨ ਸਿੰਘ (ਕੁੰਮ ਕਲਾਂ) : ਸਪੀਕਰ ਸਾਹਿਬ, ਹੁਣੇ ਹੁਣੇ ਆਨਰੇਬਲ ਲੀਡਰ ਆਫ ਦੀ ਆਪੋਜ਼ੀਸ਼ਨ ਨੇ-ਕੰਫੀਡੈਂਸ ਮੋਸ਼ਨ ਤੇ ਬੋਲ ਰਹੇ ਸਨ ਤਾਂ ਮੈਂ ਉਸ ਵਕਤ ਸੋਚ ਰਿਹਾ ਸੀ ਕਿ ਜਿਵੇਂ ਕਿਸੇ ਨਵੇਂ ਨਵੇਂ ਇਕਨਾਮਿਕਸ ਦੇ ਸਟੂਡੈਂਟਸ ਨੇ ਇਨ੍ਹਾਂ ਨੂੰ ਜੋ ਕੁਝ ਲਿਖ ਕੇ ਦਿੱਤਾ ਹੋਵੇ ਅਤੇ ਇਨ੍ਹਾਂ ਨੇ ਇਥੇ ਉਹ ਪੜ੍ਹ ਕੇ ਬੋਲ ਦਿੱਤਾ ਹੋਵੇ । ਇਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਉਹ ਰੈਲੇਵੈਂਟ ਵੀ ਬੋਲ ਰਹੇ ਹਨ ਜਾਂ ਨਹੀ । ਇਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਉਹ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਦੇ ਖਿਲਾਫ ਨੋ-ਕੰਫੀਡੈਂਸ ਮੋਸ਼ਨ ਤੇ ਬੋਲ ਰਹੇ ਹਨ ਜਾਂ ਪ੍ਰਾਈਮ ਮਨਿਸਟਰ ਸ਼੍ਰੀਮਤੀ ਇੰਦਰਾ ਗਾਂਧੀ ਦੇ ਖਿਲਾਫ ਨੋ-ਕੰਫੀਡੈਂਸ ਮੋਸ਼ਨ ਤੇ ਬੋਲ ਰਹੇ ਹਨ । ਇਹ ਬੋਲਦੇ ਬੋਲਦੇ ਪ੍ਰਾਈਮ ਮਨਿਸਟਰ ਨੂੰ ਵੀ ਵਿਚ ਲੈ ਆਏ । ਖੈਰ, ਸਪੀਕਰ ਸਾਹਿਬ, ਬਾਦਲ ਸਾਹਿਬ ਭਲੇ ਆਦਮੀ ਹਨ ਅਤੇ ਇਹ ਸਾਡੇ ਚੀਫ ਮਨਿਸਟਰ ਵੀ ਰਹੇ ਹਨ । ਉਸ ਵੇਲੇ ਕੁਝ ਅਰਸਾ ਤਾਂ ਇਹ ਸਾਡੀ ਮਦਦ ਨਾਲ ਚੀਫ ਮਨਿਸਟਰ ਰਹੇ ਅਤੇ ਕੁਝ ਅਰਸਾ ਇਹ ਸਰਦਾਰ ਗੁਰਨਾਮ ਸਿੰਘ ਦੀ ਮਦਦ ਨਾਲ ਚੀਫ ਮਨਿਸਟਰ ਰਹੇ । ਸਪੀਕਰ ਸਾਹਿਬ, ਉਸ ਵੇਲੇ ਮੈਂ ਇਨ੍ਹਾਂ ਨੂੰ ਵਾਰਨਿੰਗ ਦਿੱਤੀ ਸੀ, ਤੁਸੀਂ ਬੇਸ਼ਕ ਰੀਕਾਰਡ ਕਢਵਾ ਕੇ ਵੇਖ ਲਵੋ, ਮੈਂ ਇਨ੍ਹਾਂ ਨੂੰ ਕਿਹਾ ਸੀ 'ਸਰਦਾਰ ਪ੍ਰਕਾਸ਼ ਸਿੰਘ ਬਾਦਲ, ਸਰਦਾਰ ਗੁਰਨਾਮ ਸਿੰਘ ਤਾਂ ਪੜ੍ਹਿਆ ਲਿਖਿਆ ਜੱਜ ਹੈ ਅਤੇ ਉਹ ਤਾਂ ਆਰਡਰ ਸੋਚ ਸਮਝ ਕੇ ਕਰਦਾ ਹੈ ਪਰ ਤੁਸੀਂ ਵਿਚਾਰ ਕਰ ਲੈਣਾ ਕਿ ਤੁਸੀਂ ਜਿਹੜੇ ਵੀ ਆਰਡਰ ਕਰਦੇ ਹੋ ਉਹ ਆਰਡਰ ਸੋਚ ਕੇ ਕੀਤਾ ਕਰੋ ਨਹੀਂ ਤਾਂ ਤੁਹਾਨੂੰ 7 ਸਾਲ ਦੀ ਕੈਦ ਕੱਟਣੀ ਪਵੇਗੀ ।' ਸਪੀਕਰ ਸਾਹਿਬ, ਮੈਂ ਇਹ ਗਲ ਅਸੰਬਲੀ ਵਿਚ ਕਹੀ ਸੀ ਤੁਸੀਂ ਰੀਕਾਰਡ ਕਢਵਾ ਕੇ ਵੇਖ ਲਵੋ । ਉਸ ਵੇਲੇ ਇਨ੍ਹਾਂ ਨੇ ਥੋੜ੍ਹਾ ਜਿਹਾ ਮੇਰੀ ਗਲ ਨੂੰ ਮੰਨਿਆ ਅਤੇ ਕੁਝ ਨਾ ਮੰਨੇ ਜਿਸ ਦਾ ਨਤੀਜਾ ਹੈ ਕਿ ਹੁਣ ਇਹ ਤਾਰੀਖਾਂ ਭੁਗਤ ਰਹੇ ਹਨ । (ਸ਼ੋਰ)

(ਇਕ ਆਵਾਜ਼—ਪਹਿਲੇ ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਵੇਖ ਲਵੋ ।)

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਇਹ ਠੀਕ ਹੈ ਕਿ ਜਦ ਪਬਲਿਕ ਨੂੰ ਸਰਕਾਰ ਵਿਚ ਵਿਸ਼ਵਾਸ ਨਾ ਰਹੇ ਤਾਂ ਸਰਕਾਰ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ ਪਰ ਜਦ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਚੀਫ ਮਨਿਸਟਰ ਸਨ ਤਾਂ.... (ਸ਼ੋਰ)

Original with;
Punjab Vidhan Sabha
Digitized by;
Panjab Digitization

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪਆਇੰਟ ਆਫ ਇਨਫਰਮੇਸ਼ਨ, ਸਰ । ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੈਪਟਨ ਸਾਹਿਬ ਕੋਈ ਰੀਕਾਰਡ ਜਾਂ ਅਖਬਾਰ ਦਿਖਾਉਣਗੇ ਜਿਸ ਵਿਚ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਚੈਲੰਜ ਕੀਤਾ ਹੋਵੇ 'ਮੈਂ ਤੁਹਾਨੂੰ ਵੇਖਾਂਗਾ' ਜਦ ਕਿ ਇਥੇ ਗਿਆਨੀ ਜ਼ੈਲ ਸਿੰਘ ਜੀ ਰੋਜ਼ ਹੀ ਚੈਲੰਜ ਕਰਦੇ ਰਹਿੰਦੇ ਹਨ । (ਸ਼ੋਰ)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਬਾਦਲ ਸਾਹਿਬ ਲੀਡਰ ਆਫ ਦੀ ਆਪੋਜ਼ੀਸ਼ਨ ਹਨ, ਮੈਂ ਇਨ੍ਹਾਂ ਦਾ ਮਾਣ ਕਰਦਾ ਹਾਂ । ਇਹ ਵਕੀਲ ਵੀ ਆਪਣੇ ਆਪ ਨੂੰ ਅਖਵਾਉਂਦੇ ਹਨ ਲੇਕਿਨ ਵਕਾਲਤ ਕਰਦੇ ਕਰਦੇ ਹੋਏ ਅਗਲੇ ਦਾ ਭੱਠਾ ਬਿਠਾ ਦਿੰਦੇ ਹਨ । ਮੈਂ ਤੁਹਾਨੂੰ 1971 ਵਿਚ ਹੋਈ ਪਾਰਲੀਮੈਂਟ ਦੀ ਇਲੈਕਸ਼ਨ ਬਾਰੇ ਦਸਦਾ ਹਾਂ ਉਸ ਵੇਲੇ ਇਹ (ਬਾਦਲ ਸਾਹਿਬ) ਚੀਫ ਮਨਿਸਟਰ ਸਨ । 13 ਸੀਟਾਂ ਸਨ ਜਿਨ੍ਹਾਂ ਵਿਚੋਂ ਇਹ 12 ਸੀਟਾਂ ਲੈਣ ਵਿਚ ਹਾਰ ਗਏ ਪਰ ਫਿਰ ਵੀ ਇਨ੍ਹਾਂ ਨੂੰ ਕੁਝ ਸਮਝ ਨਾ ਆਈ । ਮੈਨੂੰ ਇਥੇ ਇਕ ਮੁਹਾਵਰਾ ਯਾਦ ਆ ਗਿਆ ਹੈ ਉਹ ਇਥੇ ਕਹਿਣਾ ਤਾਂ ਨਹੀਂ ਚਾਹੀਦਾ ਪਰ ਫਿਰ ਵੀ ਕਿਉਂਕਿ ਗਲ ਚਲ ਰਹੀ ਸੀ ਇਸ ਵਾਸਤੇ ਮੈਂ ਕਹਿੰਦਾ ਹਾਂ :

'ਛੱਜ ਤਾਂ ਬੋਲੇ ਛਾਣਨੀ ਕੀ ਬੋਲੇ ।'

(ਇਸ ਵੇਲੇ ਆਪੋਜ਼ੀਸ਼ਨ ਵਲੋਂ ਬੜਾ ਸ਼ੋਰ ਪੈ ਰਿਹਾ ਸੀ)

ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਜ਼ਾਤ ਦੇ ਖਿਲਾਫ ਇਹ ਗਲ ਨਹੀਂ ਆਖੀ ਮੈਂ ਤਾਂ ਸਿਰਫ ਇਕ ਮੁਹਾਵਰਾ ਹੀ ਦੱਸਿਆ ਹੈ । (ਸ਼ੋਰ)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਆਨ ਏ ਪੁਆਇੰਟ ਆਫ ਆਰਡਰ, ਸਰ । ਕੀ ਇਹ ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਤੋਂ ਬਾਅਦ ਵੀ ਬੋਲਣ ਜੋਗੇ ਰਹਿ ਗਏ ਹਨ ?

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਪੁਆਇੰਟ ਆਫ ਆਰਡਰ ਨੂੰ ਗਲਤ ਨਹੀਂ ਕਹਿੰਦਾ ਬਲਕਿ ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਇਥੇ ਇਹ ਮਸਲਾ ਉਠਾਇਆ ਹੈ । ਸਪੀਕਰ ਸਾਹਿਬ, ਹਰਚੰਦ ਸਿੰਘ ਦੀ ਰਿਪੋਰਟ ਕੋਈ ਜੁਡੀਸ਼ਲ ਰਿਪੋਰਟ ਨਹੀਂ ਸੀ, ਇਹ ਇਕ ਐਮ. ਐਲ. ਏ. ਦੀ ਰਿਪੋਰਟ ਸੀ ਜੋ ਕਿ ਉਸ ਨੇ ਸਰਕਾਰ ਨੂੰ ਦਸੀ ਸੀ, ਪਰ ਮੈਂ ਤਾਂ ਉਸ ਤੇ ਵੀ ਰਿਜ਼ਾਇਨ ਕਰ ਦਿਤਾ ਸੀ । (ਵਿਘਨ)

Mr. Speaker : Please resume your seat. Order please.

ਕੈਪਟਨ ਰਤਨ ਸਿੰਘ : * * * * *

ਸਰਦਾਰ ਬਲਵਿੰਦਰ ਸਿੰਘ ਭੂੰਦੜ : ਪਰਸਨਲ ਐਕਸਪਲੇਨੇਸ਼ਨ, ਸਰ ।

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : Not allowed. ਤੁਸੀਂ ਪਰਸਨਲ ਐਕਸਪਲੇਨੇਸ਼ਨ ਬਾਅਦ ਵਿਚ ਦੇ ਦੇਣਾ । (ਸ਼ੋਰ) Please resume your seat. (Not allowed. You may give your personal explanation afterwards. Please resume your seat.) (*Interruption*)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਜਿਹੜਾ ਮੈਂਬਰ ਆਪਦੇ ਕਹਿਣ ਦੇ ਬਾਵਜੂਦ ਵੀ ਸੀਟ ਨਹੀਂ ਲੈਂਦਾ ਉਸ ਨੂੰ ਤੁਹਾਨੂੰ ਨੇਮ ਕਰਨਾ ਚਾਹੀਦਾ ਹੈ ।

ਡਾਕਟਰ ਬਲਦੇਵ ਪ੍ਰਕਾਸ਼ : * * * * *

ਸ਼੍ਰੀ ਸਪੀਕਰ : Please resume you seat. ਹਾਊਸ ਵਿਚ ਇਹ ਦੋਵੇਂ ਪਾਸਿਆਂ ਤੋਂ ਜੋ ਕਿਹਾ ਗਿਆ ਹੈ, ਐਕਸਪੰਜ ਕੀਤਾ ਜਾਵੇ । ਡਾਕਟਰ ਬਲਦੇਵ ਪ੍ਰਕਾਸ਼ ਨੇ ਵੀ ਜੋ ਕਿਹਾ ਹੈ ਉਹ ਵੀ ਐਕਸਪੰਜ ਕੀਤਾ ਜਾਵੇ । ਸ਼ਰਾਬ ਬਾਰੇ ਕੋਈ ਗਲ ਨਾ ਲਿਖੀ ਜਾਵੇ । (ਸ਼ੋਰ) (Please resume your seat. Whatever has been said from both the sides, may be expunged. Whatever hon. Member Doctor Baldev Prakash has said that should also be expunged. Nothing about wine should come on record.) (*Interruption*)

ਸਰਦਾਰ ਬਲਵਿੰਦਰ ਸਿੰਘ ਭੁੰਦੜ : * * * *
(ਸ਼ੋਰ)

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲ ਰਹੇ ਸਨ * * *)

ਸ਼੍ਰੀ ਸਪੀਕਰ : ਜੋ ਕੁਝ ਆਨਰੇਬਲ ਮੈਂਬਰਜ਼ ਚੇਅਰ ਦੀ ਇਜਾਜ਼ਤ ਤੋਂ ਬਗੈਰ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ । (Whatever the hon. Members are saying without the permission of the Chair, should not be recorded.)

ਕੈਪਟਨ ਰਤਨ ਸਿੰਘ : ਇਕ ਗਲ ਮੈਂ ਜ਼ਰੂਰ ਕਹਾਂਗਾ ਕਿ ਅੱਜ ਦੇਸ਼ ਵਿਚ ਰਾਈਟ ਰੀਐਕਸ਼ਨ ਇਕੱਠਾ ਹੋ ਗਿਆ ਹੈ । ਅੱਜ ਹਿੰਦੁਸਤਾਨ ਵਿਚ ਇਕ ਐਸਾ ਅਨਸਰ ਪੈਦਾ ਹੋ ਗਿਆ ਹੈ ਜਿਹੜੇ ਮਲੋ ਮਲੀ ਹਰ ਇਕ ਨੂੰ ਲੈ ਰਹੇ ਹਨ । ਜਿਹੜਾ ਅਨਸਰ ਇਨ੍ਹਾਂ ਤੋਂ ਬਚਣਾ ਚਾਹੁੰਦਾ ਹੈ ਉਸ ਨੂੰ ਜਮੂਹਰੀਅਤ ਦਾ ਨਾਉਂ ਲੈ ਕੇ ਘਸੀਟਦੇ ਹਨ । ਉਹ ਲੋਕ ਜਿਹੜੇ ਜਮੂਹਰੀਅਤ ਨੂੰ ਖਤਮ ਕਰਨ ਵਾਲੇ ਹਨ ਉਹ ਹੀ ਅਜ ਜਮੂਹਰੀਅਤ ਖਤਰੇ ਵਿਚ ਹੈ ਦੇ ਨਾਹਰੇ ਲਾਉਂਦੇ ਹਨ, ਡੈਮੋਕਰੇਸੀ ਖਤਰੇ ਵਿਚ ਹੈ, ਕਹਿਕੇ ਵਾਈਲਡ ਪਰੀਚ ਕਰਦੇ ਹਨ । ਇਥੇ ਡਾਂਗ ਸਾਹਿਬ ਨੇ ਨੋ-ਕੰਫੀਡੈਂਸ ਮੋਸ਼ਨ ਤੇ ਬੋਲਦੇ ਹੋਏ ਕਿਹਾ ਸੀ । ਮੈਂ ਨਹੀਂ ਸੀ ਕਹਿਣਾ ਚਾਹੁੰਦਾ ਪਰ ਇਹ ਹੁਣ ਕਹਿਣਾ ਪੈਂਦਾ ਹੈ ਕਿ ਉਨ੍ਹਾਂ ਦੀ ਮਦਦ ਨਾਲ ਰਾਈਟ ਰੀਐਕਸ਼ਨਰੀ ਮਜ਼ਬੂਤ ਹੋ ਰਿਹਾ ਹੈ । ਜਨ ਸੰਘ ਨਾਲ ਹੈ, ਬੀ. ਕੇ. ਡੀ. ਵਿਚ ਸ਼ਾਮਿਲ ਹੋ ਗਿਆ ਹੈ, ਅਤੇ ਉਹ ਪਾਰਟੀ ਜਿਸ ਦੇ ਨਾਲ ਬੜੇ ਬੜੇ ਜ਼ਿਮੀਦਾਰ ਹਨ,

*Expunged/not recorded as ordered by the Chair.

Original with;
Punjab Vidhan Sabha
Digitized by;
Panjab Digital Library

[ਕੈਪਟਨ ਰਤਨ ਸਿੰਘ]

ਸੁਤੰਤਰ ਪਾਰਟੀ ਵੀ ਇਨ੍ਹਾਂ ਦੇ ਨਾਲ ਹੈ । ਅੱਜ ਇਹ ਕਹਿੰਦਾ ਹੋਇਆ ਮੈਂ ਜਨਤਾ ਨੂੰ ਦਸਣਾ ਚਾਹੁੰਦਾ ਹਾਂ ਕਿ ਉਹ ਸਜਣ, ਜਿਹੜੇ ਕਿਸੇ ਵਕਤ ਚੰਗੇ ਕੰਮ ਕਰਦੇ ਰਹੇ ਹਨ, ਦੇਸ਼ ਭਗਤ ਵੀ ਸਨ ਪਰ ਹੁਣ ਰਾਈਟ ਰੀਐਕਸ਼ਨਰੀਜ਼ ਨਾਲ ਆਪਣੀ ਹਿਮਾਇਤ ਜ਼ਾਹਿਰ ਕਰ ਰਹੇ ਹਨ, ਇਸ ਤਰ੍ਹਾਂ ਕਰਕੇ ਉਹ ਅੱਜ ਸਾਡੇ ਦੁਸ਼ਮਣ ਦੇਸ਼ ਨੂੰ, ਅਨ-ਨਸੈਸਰਲੀ ਅਤੇ ਨੌਇੰਗਲੀ ਉਤਸ਼ਾਹ ਦੇ ਰਹੇ ਹਨ । ਇਸ ਤਰ੍ਹਾਂ ਦਾ ਪਰਚਾਰ ਕਰ ਰਹੇ ਹਨ ਕਿ ਖਾਹਮਖਾਹ ਇਸ ਮੁਲਕ ਨੂੰ ਖਤਰੇ ਵਿਚ ਪਾ ਰਹੇ ਹਨ । (ਸ਼ੋਰ) ਉਹ ਫਾਰਨ ਐਲੀਮੈਂਟ .... (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : * * * * *

ਸ਼੍ਰੀ ਸਪੀਕਰ : ਜੋ ਕੁਝ ਆਨਰੇਬਲ ਮੈਂਬਰ ਚੇਅਰ ਦਾ ਇਜਾਜ਼ਤ ਤੋਂ ਬਗੈਰ ਕਹਿ ਰਹੇ ਹਨ ਉਹ ਰੀਕਾਰਡ ਨਾ ਕੀਤਾ ਜਾਵੇ । (Whatever is being said without the permission of the Chair that should not be recorded.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਜੋ ਲੋਕ ਅੰਗਰੇਜ਼ਾਂ ਦੇ ਵੇਲੇ ਦੇ ਹਨ ਅਤੇ ਪਾਰਲੀਮੈਂਟ ਦੇ ਮੈਂਬਰ ਹਨ, ਉਹ ਫਾਰਨ ਪਾਵਰਜ਼ ਨਾਲ ਮਿਲੇ ਹੋਏ ਹਨ ।

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਜੋ ਕੁਝ ਇਨ੍ਹਾਂ ਨੇ ਕਿਹਾ ਹੈ ਕਿ ਫਾਰਨ ਪਾਵਰ ਨਾਲ ਮਿਲੇ ਹੋਏ ਹਨ, ਇਨ੍ਹਾਂ ਨੇ ਏਧਰ (ਸਾਡੀ ਪਾਰਟੀ ਵੱਲ) ਇਸ਼ਾਰਾ ਕਰਕੇ ਗਲ ਕੀਤੀ ਹੈ ।

ਸ਼੍ਰੀ ਸਪੀਕਰ : ਕਪਤਾਨ ਸਾਹਿਬ, ਜੋ ਕੁਝ ਤੁਸੀਂ ਕਿਹਾ ਹੈ ਉਹ ਜ਼ਰਾ ਦੁਬਾਰਾ ਕਹਿ ਦਿਓ । (Captain Sahib, please repeat your wording.)

ਕੈਪਟਨ ਰਤਨ ਸਿੰਘ : ਮੈਂ ਇਹ ਕਿਹਾ ਹੈ ਕਿ ਰਾਈਟ ਰੀਐਕਸ਼ਨ ਐਸਾ ਕੰਮ ਕਰਦਾ ਹੈ । ਉਹ ਇਸ ਤਰ੍ਹਾਂ ਕਰਕੇ ਨੌਇੰਗਲੀ ਐਨੀਮੀ ਦੀ ਮਦਦ ਕਰਦੇ ਹਨ । (ਸ਼ੋਰ)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਜੋ ਲਫਜ਼ ਉਨ੍ਹਾਂ ਨੇ ਕਹੇ ਹਨ ਉਸ ਦੇ ਇਹ ਮਾਇਨੇ ਨਹੀਂ ਹਨ । (ਸ਼ੋਰ) ਜੋ ਕੁਝ ਉਨ੍ਹਾਂ ਨੇ ਕਿਹਾ ਹੈ ਉਹ ਸੱਚ ਨਹੀਂ ਕਿਹਾ । ਤੁਸੀਂ ਰਿਕਾਰਡ ਵੇਖ ਲਵੋ ।

ਸ਼੍ਰੀ ਸਪੀਕਰ : ਮੈਂ ਰਿਕਾਰਡ ਵੇਖ ਲਵਾਂਗਾ ਜੇ ਕੋਈ ਐਸੇ ਸ਼ਬਦ ਹੋਏ ਤਾਂ ਮੈਂ ਕਟਾ ਦੇਵਾਂਗਾ । (I will see the record and objectionable words shall be dejeted.)

ਕੈਪਟਨ ਰਤਨ ਸਿੰਘ : ਮੇਰੇ ਕੋਲ ਅਖਬਾਰ ਹੈ, ਇਨ੍ਹਾਂ ਵਿਚੋਂ ਬਹੁਤ ਸਾਰਿਆਂ ਨੇ ਪੜ੍ਹਿਆ ਵੀ ਹੋਵੇਗਾ । ਇਨ੍ਹਾਂ ਦੇ ਲੀਡਰ ਜਥੇਦਾਰ ਟੌਹਰਾ ਸਾਹਿਬ, ਜਿਨ੍ਹਾਂ ਦਾ ਕਿ ਮੈਂ ਬੜਾ ਮਾਣ ਕਰਦਾ ਹਾਂ, ਉਨ੍ਹਾਂ ਨੇ ਜਦੋਂ ਵਿਦੇਸ਼ ਯਾਤਰਾ ਕੀਤੀ ਤਾਂ ਡਾਕਟਰ ਜਗਜੀਤ ਸਿੰਘ ਨਾਲ ਮਲਾਕਾਤ ਕੀਤੀ ...

---

*Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਮੁਲਾਕਾਤ ਕਰਨਾ ਜੁਰਮ ਨਹੀਂ । (To meet somebody is not an offence.)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਏਥੇ ਐਸੇ ਬੰਦੇ ਦੇ ਖਿਲਾਫ ਇਕ ਐਸੀ ਗਲ ਕਹੀ ਗਈ ਹੈ ਜੋ ਆਪਣੇ ਆਪ ਨੂੰ ਡੀਫੈਂਡ ਨਹੀਂ ਕਰ ਸਕਦਾ । ਸਰਦਾਰ ਉਮਰਾਓ ਸਿੰਘ ਵੀ ਡਾਕਟਰ ਜਗਜੀਤ ਸਿੰਘ ਨੂੰ ਇੰਗਲੈਂਡ ਮਿਲਕੇ ਆਏ ਹਨ । (ਸ਼ੋਰ)

ਮਾਲ ਅਤੇ ਚੋਣ ਮੰਤਰੀ : ਝੂਠ, ਬਿਲਕੁਲ ਝੂਠ । ਸਪੀਕਰ ਸਾਹਿਬ, ਇਸ ਉਤੇ ਕਮੇਟੀ ਬਣਾਈ ਜਾਵੇ ਅਤੇ ਜੇ ਕਰ ਇਹ ਸੱਚੇ ਹੋਣ ਤਾਂ ਮੈਂ ਅਸਤੀਫਾ ਦੇ ਦਿਆਂਗਾ ਅਤੇ ਜੇਕਰ ਮੈਂ ਸੱਚਾ ਹੋਵਾਂ ਤਾਂ ਇਹ ਅਸਤੀਫਾ ਦੇਣ । (ਵਿਘਨ)

ਚੌਧਰੀ ਜਗਤ ਰਾਮ : ਆਨ ਏ ਪੁਆਇੰਟ ਆਫ ਆਰਡਰ, ਸਰ । (ਵਿਘਨ)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਆਨ ਏ ਪੁਆਇੰਟ ਆਫ ਆਰਡਰ, ਸਰ ।

ਸ਼੍ਰੀ ਸਪੀਕਰ : ਪਹਿਲਾਂ ਸਰਦਾਰ ਸੁਰਜੀਤ ਸਿੰਘ ਹੋਰਾਂ ਨੂੰ ਆਪਣੀ ਗਲ ਪੂਰੀ ਕਰ ਲੈਣ ਦਿਉ । (Let Sardar Surjit Singh complete his point.)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਮੈਂ ਲੰਡਨ ਹੋ ਕੇ ਆਇਆ ਹਾਂ । ਮੈਂ ਦਸਿਆ ਹੈ ਕਿ ਸਰਦਾਰ ਉਮਰਾਓ ਸਿੰਘ ਹੋਰੀਂ ਡਾਕਟਰ ਜਗਜੀਤ ਸਿੰਘ ਹੋਰਾਂ ਨੂੰ ਮਿਲੇ ਸੀ । ਇਸ ਵੇਲੇ ਡਾਕਟਰ ਜਗਜੀਤ ਸਿੰਘ ਕੈਨੇਡਾ ਵਿਚ ਹਨ (ਵਿਘਨ) ਮੈਂ ਦੱਸ ਰਿਹਾ ਸੀ ਕਿ ਉਹ ਅਖਬਾਰ ਦੀ ਗਲ ਦਸ ਰਹੇ ਹਨ ਅਤੇ ਮੈਂ ਉਸ ਬਾਰੇ ਇਨਫਰਮੇਸ਼ਨ ਦੇ ਰਿਹਾ ਹਾਂ । ਇਕ ਗੁਰਦੁਆਰੇ ਵਿਚ ਅਸੀਂ ਸਾਰੇ ਮੌਜੂਦ ਸੀ । ਡਾਕਟਰ ਜਗਜੀਤ ਸਿੰਘ ਵੀ ਉਥੇ ਮੌਜੂਦ ਸੀ । ਅਸੀਂ ਸਾਰੇ ਬੋਲੇ ਸੀ । ਡਾਕਟਰ ਜਗਜੀਤ ਸਿੰਘ ਨੂੰ ਉਥੇ ਗੁਰਦਵਾਰੇ ਵਿਚ ਬੋਲਣ ਦੀ ਇਜਾਜ਼ਤ ਨਹੀਂ ਦਿਤੀ ਗਈ ਸੀ । ਇਨ੍ਹਾਂ ਨੂੰ ਟੋਹਰਾ ਸਾਹਿਬ ਦੀ ਗਲ ਨਹੀਂ ਕੱਰਨੀ ਚਾਹੀਦੀ ।

ਸ਼੍ਰੀ ਸਪੀਕਰ : ਤਸ਼ਰੀਫ ਰਖੋ । (Please resume your seat.)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ । (ਵਿਘਨ)

ਮਾਲ ਅਤੇ ਚੋਣ ਮੰਤਰੀ : ਜੋ ਕੁਝ ਇਨ੍ਹਾਂ ਨੇ ਕਿਹਾ ਹੈ ਉਹ ਬਿਲਕੁਲ ਝੂਠ ਹੈ । ਨਾ ਮੈਂ ਉਨ੍ਹਾਂ ਦੀ ਸ਼ਕਲ ਵੇਖੀ ਹੈ ਅਤੇ ਨਾ ਹੀ ਵੇਖਣ ਨੂੰ ਤਿਆਰ ਹਾਂ । ਇਹ ਹੀ ਮਿਲਕੇ ਆਏ ਹਨ । (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਆਨਰੇਬਲ ਮੈਂਬਰ ਸਾਹਿਬਾਨ ਡਿਸਕਸ਼ਨ ਵਿਚ ਹਿੱਸਾ ਨਹੀਂ ਲੈਣਾ ਚਾਹੁੰਦੇ । ਸਾਰੇ ਹੀ ਬੋਲੀ ਜਾਂਦੇ ਹਨ । (ਸ਼ੋਰ) (It seems that the hon. Members do not want to participate in the discussion. All of them are speaking simultaneously.)

Original with;
Punjab Vidhan Sabha
Digitized by;
Panjab Digital Library

ਕੈਪਟਨ ਰਤਨ ਸਿੰਘ : ਮੈਂ ਬੋਲਣਾ ਚਾਹੁੰਦਾ ਹਾਂ । (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ : ਜਨਾਬ, ਮੇਰਾ ਪੁਆਇੰਟ ਆਫ ਆਰਡਰ ਰੈਲੇਵੈਂਟ ਹੈ । (ਵਿਘਨ)

ਸ਼੍ਰੀ ਸਪੀਕਰ : ਕੈਪਟਨ ਰਤਨ ਸਿੰਘ ਜੀ ਨੂੰ ਬੋਲਣ ਦਿਓ । (ਵਿਘਨ) (Let Captain Rattan Singh proceed with his speech.) (*Interruption*)

ਸਰਦਾਰ ਸਤਨਾਮ ਸਿੰਘ ਬਾਜਵਾ : ਆਨ ਏ ਪੁਆਇੰਟ ਆਫ ਆਰਡਰ, ਸਰ । (ਵਿਘਨ)

ਸ਼੍ਰੀ ਸਪੀਕਰ : ਤੁਸੀਂ ਤਸ਼ਰੀਫ ਰਖੋ । ਕੈਪਟਨ ਸਾਹਿਬ ਤੁਸੀਂ ਬੋਲੋ । (Please resume your seat. Captain Sahib may proceed.)

ਕੈਪਟਨ ਰਤਨ ਸਿੰਘ : ਮੈਂ ਸਰਦਾਰ ਸੁਰਜੀਤ ਸਿੰਘ ਦੇ ਕਹੇ ਵਲ ਤੁਹਾਡਾ ਧਿਆਨ ਦਿਵਾਉਂਦਾ ਹੋਇਆ ਬੇਨਤੀ ਕਰਦਾ ਹਾਂ ਕਿ ਜੋ ਕੁਝ ਇਨ੍ਹਾਂ ਨੇ ਕਿਹਾ ਹੈ ਉਸ ਨਾਲ ਜੋ ਮੈਂ ਕਿਹਾ ਹੈ ਉਸ ਦੀ ਤਸਦੀਕ ਹੋ ਜਾਂਦੀ ਹੈ ।

ਕਾਮਰੇਡ ਅਰਜਨ ਸਿੰਘ ਮਸਤਾਨਾ : * * * * *

ਸ਼੍ਰੀ ਸਪੀਕਰ : ਜੋ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਏ । (Whatever is being said without the permission of the Chair, should not be recorded.)

ਡਾਕਟਰ ਅਮੀਰ ਸਿੰਘ ਕਲਕਟ : ਮੈਨੂੰ ਸਾਰਾ ਪਤਾ ਹੈ ਇਹ ਕੀ ਕਰਦੇ ਹਨ । ਮੈਂ ਤੁਹਾਨੂੰ ਸਬੂਤ ਦੇਂਦਾ ਹਾਂ । (ਵਿਘਨ)

ਸ਼੍ਰੀ ਸਪੀਕਰ : ਤੁਸੀਂ ਤਸ਼ਰੀਫ ਰਖੋ । (Please resume your seat.)

ਡਾਕਟਰ ਅਮੀਰ ਸਿੰਘ ਕਲਕਟ : ਤੁਸੀਂ ਜਾਣਦੇ ਵੀ ਹੋ, ਫੇਰ ਵੀ ਮੈਨੂੰ ਪੁਆਇੰਟ ਆਫ ਆਰਡਰ ਰੇਜ਼ ਕਰਨ ਦੀ ਆਗਿਆ ਨਹੀਂ ਦਿੰਦੇ । ਇਕ ਸੈਕਿੰਡ ਦੇ ਦਿਓ । (ਸ਼ੋਰ)

ਸ਼੍ਰੀ ਸਪੀਕਰ : ਆਨਰੇਬਲ ਮੈਂਬਰ ਸਾਹਿਬ ਬੜਾ ਕੀਮਤੀ ਵਕਤ ਜ਼ਾਇਆ ਕਰ ਰਹੇ ਹਨ । (ਵਿਘਨ) (The hon. Members are wasting the precious time of the House.) (*Interruption*)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਸੁਰਜੀਤ ਸਿੰਘ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਕਨਫਰਮ ਕੀਤਾ ਕਿ ਡਾਕਟਰ ਜਗਜੀਤ ਸਿੰਘ ਨੂੰ ਉਹ ਵੀ ਮਿਲੇ ਅਤੇ ਮੈਂ ਵੀ ਮਿਲਿਆ । (ਵਿਘਨ) ਹੁਣ ਇਹ ਸਾਬਤ ਹੋ ਗਿਆ ਹੈ ਕਿ ਜਿਹੜਾ ਗੱਦਾਰੇਆਜ਼ਮ ਹੈ, ਜਿਸ ਨੂੰ ਇਨ੍ਹਾਂ ਨੇ ਗੱਦਾਰ ਕਿਹਾ ਹੈ, ਉਹਦੇ ਕੋਲ ਮਾੜਾ ਮੋਟਾ ਕੋਈ ਮਿਲਣ ਜਾਏ, ਜਿਸ ਤਰ੍ਹਾਂ ਬਾਜਵਾ ਜੀ ਹੋਏ ਜਾਂ ਖਾਲਸਾ ਜੀ ਹੋਏ ਤਾਂ ਕੋਈ ਗਲ ਨਹੀਂ ਪਰ ਜੇ ਐਸ. ਜੀ. ਪੀ. ਸੀ.

*Not recorded as ordered by the Chair.

Original with;
Punjab Vidhan Sabha
Digitized by;
Panjab Digital Library

ਦਾ ਪਰਧਾਨ ਉਹਨੂੰ ਮਿਲੇ ਤਾਂ ਸਾਨੂੰ ਖਦਸ਼ਾ ਜ਼ਰੂਰ ਪੈ ਗਿਆ ਹੈ। (ਵਿਘਨ) ਉਨ੍ਹਾਂ ਨੂੰ ਉਧਰ ਨਹੀਂ ਜਾਣ ਦੇਣਾ ਚਾਹੀਦਾ। (ਵਿਘਨ)

ਸਰਦਾਰ ਸਤਨਾਮ ਸਿੰਘ ਬਾਜਵਾ : * * * * *

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order.)

ਸਰਦਾਰ ਸਤਨਾਮ ਸਿੰਘ ਬਾਜਵਾ : * * * * (ਵਿਘਨ)

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order.)

ਕੈਪਟਨ ਰਤਨ ਸਿੰਘ : ਪਾਰਲੀਮੈਂਟ ਦਾ ਇਲੈਕਸ਼ਨ 12 ਕਾਂਗਰਸੀ ਮੈਂਬਰਾਂ ਨੇ ਜਿੱਤਿਆ ਸੀ। ਇਕ ਸੀਟ ਬਾਦਲ ਸਾਹਿਬ ਦੇ ਭਾਈ ਸਾਹਿਬ ਨੇ ਕਿਸੇ ਤਰ੍ਹਾਂ ਜਿੱਤੀ ਸੀ। (ਵਿਘਨ) ਇਕ ਹੋਰ ਖੂਬਸੂਰਤੀ ਸੀ ਕਿ ਇਨ੍ਹਾਂ ਨੇ ਇਕ ਮਨਿਸਟਰ ਲਿਆਂਦਾ ਅਤੇ ਉਹ ਇਲੈਕਸ਼ਨ ਲੜਿਆ, ਉਹ ਸੀ ਸਰਦਾਰ ਭਗਤ ਸਿੰਘ (ਵਿਘਨ) ਉਦੋਂ ਤਾਂ ਇਨ੍ਹਾਂ ਨੇ ਕਿਸੇ ਨੇ ਅਸਤੀਫਾ ਨਹੀਂ ਸੀ ਦਿਤਾ। ਬਾਦਲ ਸਾਹਿਬ, ਜਦੋਂ ਕੋਈ ਇਥੇ ਗਲ ਕਰੋ ਤਾਂ ਪਹਿਲਾਂ ਆਪਣਾ ਕਿਰਦਾਰ ਵੇਖ ਲਉ। ਪਹਿਲਾਂ ਜੋ ਆਪ ਕਰੋ ਉਹਦੇ ਬਾਰੇ ਫੇਰ ਕਿਸੇ ਦੂਸਰੇ ਨੂੰ ਕਹੋ। (ਥੰਪਿੰਗ) ਗਲ ਉਹ ਕਰੋ ਜਿਹੜੀ ਤੁਸੀਂ ਨਾ ਕੀਤੀ ਹੋਵੇ। ਤੁਸੀਂ ਧੱਕੇ ਦੀ ਗਲ ਕੀਤੀ ਹੈ, ਲਾਅ ਐਂਡ ਆਰਡਰ ਦੀ ਗਲ ਕੀਤੀ ਹੈ। ਪਿਤੇ ਜਿਹੇ ਇਨ੍ਹਾਂ ਨੇ ਬਲਦੇਵ ਸਿੰਘ ਦੀ ਪੱਗ ਇਥੇ ਲਾਹੁਣ ਦੀ ਕੋਸ਼ਿਸ਼ ਕੀਤੀ। (ਵਿਘਨ)

ਸਰਦਾਰ ਕਰਨੈਲ ਸਿੰਘ ਮਰੜੀ : * * * * *

ਸ਼੍ਰੀ ਸਪੀਕਰ : ਜੋ ਕੁਝ ਵੀ ਇਹ ਬਗੈਰ ਪਰਮਿਸ਼ਨ ਆਫ ਚੇਅਰ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ। (Whatever is being said by the hon. Member without the permission of the Chair, should not be recorded.)

ਕੈਪਟਨ ਰਤਨ ਸਿੰਘ : ਆਨਰੇਬਲ ਮੈਂਬਰ....(ਵਿਘਨ)

ਸ਼੍ਰੀ ਸਪੀਕਰ : ਤੁਸੀਂ ਹੋਰ ਕਿੰਨਾ ਟਾਈਮ ਲਉਗੇ ? ਦਸ ਮਿੰਟ ਹੋਰ ਲੈ ਲਵੋ। (How much more time would you like to take ? You may continue for ten minutes more.)

ਕੈਪਟਨ ਰਤਨ ਸਿੰਘ : ਜਿੰਨਾ ਟਾਈਮ ਇਨ੍ਹਾਂ ਨੇ ਮੇਰਾ ਜ਼ਾਇਆ ਕੀਤਾ ਹੈ ਉਨਾਂ ਟਾਈਮ ਹੋਰ ਲਵਾਂਗਾ। ਸਪੀਕਰ ਸਾਹਿਬ, ਮੈਂ ਅੱਜ ਤੁਹਾਡੇ ਰਾਹੀਂ ਇਹ ਦਸਣਾ ਚਾਹੁੰਦਾ ਹਾਂ ਕਿ ਸਾਡੇ ਕੋਲ ਇਹ ਕਮਿਊਨਿਸਟ ਪਾਰਟੀ ਦੇ ਭਰਾ ਬੈਠੇ ਹਨ, ਕੋਈ ਹਰੀਜਨਾਂ ਨਾਲ ਜਾਂ ਗਰੀਬ ਆਦਮੀਆਂ ਨਾਲ ਧੱਕਾ ਹੋਵੇ ਤਾਂ ਸਭ ਤੋਂ ਪਹਿਲਾਂ ਇਹ ਐਕਸ਼ਨ ਲੈਂਦੇ ਹਨ।

---

*Expunged/not recorded as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਬਸੰਤ ਸਿੰਘ ਖਾਲਸਾ : * * * * *

ਕੈਪਟਨ ਰਤਨ ਸਿੰਘ : ਮੈਂ ਹੁਣ ਕਿਸੇ ਹੋਰ ਮੈਂਬਰ ਦੀ ਗੱਲ ਨਹੀਂ ਕਰਾਂਗਾ ।

ਸਰਦਾਰ ਕਰਨੈਲ ਸਿੰਘ ਮਰੜੀ : * * * * *

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਦਰਬਾਰਾ ਸਿੰਘ ਬੋਲਣ ਲਈ ਖੜੇ ਹੋਏ ।)

ਸਰਦਾਰ ਕਰਨੈਲ ਸਿੰਘ ਮਰੜੀ : * * * * *

ਸ਼੍ਰੀ ਸਪੀਕਰ : ਇਹ ਜੋ ਕੁਝ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । Captain Sahib, please wind up. (Whatever is being said without the permission, should not be recorded. Captain Sahib please wind up.)

ਸਰਦਾਰ ਬਸੰਤ ਸਿੰਘ ਖਾਲਸਾ : * * * * *

ਸ਼੍ਰੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ । (Whatever is being said, should not be recorded.)

ਸਰਦਾਰ ਅਜਾਇਬ ਸਿੰਘ ਸੰਧੂ : ਪੁਆਇੰਟ ਆਫ ਆਰਡਰ, ਸਰ । ਇਹ ਨੋ-ਕੰਫੀਡੈਂਸ ਮੋਸ਼ਨ ਇਸ ਸਰਕਾਰ ਦੇ ਖਿਲਾਫ ਹੈ ਅਤੇ ਜਿਸ ਸਰਕਾਰ ਨੇ ਕੈਪਟਨ ਰਤਨ ਸਿੰਘ ਨੂੰ (* *) ਸਮਝਕੇ ਅਤੇ ਹਰੀਜਨਾਂ ਦੀ ਜ਼ਮੀਨ ਗਰੈਬ ਕਰਨ ਦੇ ਦੋਸ਼ ਵਿਚ ਉਨ੍ਹਾਂ ਨੂੰ ਸਰਕਾਰ ਵਿਚੋਂ ਕੱਢ ਦਿਤਾ ਹੋਵੇ ਤਾਂ ਉਹ ਕਿਸ ਤਰ੍ਹਾਂ ਕਹਿ ਸਕਦਾ ਹੈ ।

ਸ਼੍ਰੀ ਸਪੀਕਰ : ਸੰਧੂ ਸਾਹਿਬ, ਤੁਸੀਂ ਅਕਾਲੀ ਪਾਰਟੀ ਦੇ ਡਿਪਟੀ ਲੀਡਰ ਹੋ । (Sandhu Sahib, you are the Deputy Leader of the Akali Party.)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, (* *) ਸ਼ਬਦ ਠੀਕ ਨਹੀਂ ਹੈ ।

ਸ਼੍ਰੀ ਸਪੀਕਰ : (* *) ਸ਼ਬਦ ਠੀਕ ਨਹੀਂ ਹੈ । ਇਹ ਰਿਕਾਰਡ ਨਾ ਕੀਤਾ ਜਾਵੇ । ਕੈਪਟਨ ਸਾਹਿਬ, ਤੁਸੀਂ ਵਾਈਂਡ ਅੱਪ ਕਰੋ । (The word [* *] is not in good taste. It should not be recorded. Captain Sahib, please wind up now.)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ.... (ਵਿਘਨ)

ਸਰਦਾਰ ਕਰਨੈਲ ਸਿੰਘ ਮਰੜੀ : * * * * *

---

*Not recorded as ordered by the Chair.

Original with;
Punjab Vidhan Sabha
Digitized by;
Panjab Digital Library

Mr. Speaker : You are obstructing the proceedings of the House.

(ਆਪੋਜ਼ੀਸ਼ਨ ਵੱਲੋਂ ਆਵਾਜ਼ਾਂ : * * * * *)

ਸ਼੍ਰੀ ਸਪੀਕਰ : ਇਹ ਰਿਕਾਰਡ ਨਾ ਕੀਤਾ ਜਾਵੇ । (It should not be recorded.)

ਮੁੱਖ ਸੰਸਦੀ ਸਕੱਤਰ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਨੇ ਬੜੀ ਗਲਤ ਬਿਆਨੀ ਕੀਤੀ ਹੈ । ਉਨ੍ਹਾਂ ਨੇ ਕਿਹਾ ਹੈ ਕਿ ਕੈਪਟਨ ਰਤਨ ਸਿੰਘ ਨੂੰ (* *) ਸਮਝਕੇ ਕਢਿਆ ਗਿਆ ਹੈ । ਮੈਂ ਕਹਿੰਦਾ ਹਾਂ ਕਿ ਅਜਿਹੀ ਕੋਈ ਗੱਲ ਨਹੀਂ ਸੀ ਸਗੋਂ ਉਨ੍ਹਾਂ ਨੇ ਤਾਂ ਆਪ ਅਸਤੀਫਾ ਦੇ ਕੇ ਕਿਹਾ ਸੀ ਕਿ ਤੁਸੀਂ ਇਨਕੁਆਇਰੀ ਕਰੋ ।

ਸਰਦਾਰ ਕਰਨੈਲ ਸਿੰਘ ਮਰੜੀ : * * * * *

ਸ਼੍ਰੀ ਸਪੀਕਰ : ਇਹ ਜੋ ਕੁਝ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ । (Whatever the hon. Member is saying without the permission of the Chair, should not be recorded.)

ਕੈਪਟਨ ਰਤਨ ਸਿੰਘ : ਸਰਦਾਰ ਗੁਰਨਾਮ ਸਿੰਘ ਨੇ ਜਿਸ ਵੇਲੇ ਕੌਆਪ੍ਰੇਟਿਵ ਐਕਟ ਵਿਚ ਅਮੈਂਡਮੈਂਟ ਕੀਤੀ ਸੀ .... (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਬਾਦਲ ਸਾਹਿਬ, ਇਨ੍ਹਾਂ ਨੂੰ ਤੁਸੀਂ ਰੋਕੋ, ਇਹ ਕਿਸ ਤਰ੍ਹਾਂ ਹੋ ਰਿਹਾ ਹੈ ?

(ਇਸ ਸਮੇਂ ਅਕਾਲੀ ਪਾਰਟੀ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲ ਰਹੇ ਸਨ ਅਤੇ ਹਾਊਸ ਵਿਚ ਕਾਫੀ ਸ਼ੋਰ ਸੀ । * * * *)

ਮੈਂ ਬਾਦਲ ਸਾਹਿਬ ਨੂੰ ਕਹਾਂਗਾ ਕਿ ਉਹ ਉਨ੍ਹਾਂ ਨੂੰ ਰੋਕਣ । ਇਹ ਜੋ ਕੁਝ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ ।

(Badal Sahib, please control your party members. What are they doing ? I would request Badal Sahib, to check his party members. Whatever is being said without the permission of the Chair, should not be recorded.)

ਮਾਲ ਅਤੇ ਚੋਣ ਮੰਤਰੀ : ਮੈਂਬਰਜ਼ ਹੱਦ ਤੋਂ ਵੱਧ ਰਹੇ ਹਨ । ਮੈਂ ਆਪੋਜ਼ੀਸ਼ਨ ਦੇ ਲੀਡਰ ਨੂੰ ਕਹਾਂਗਾ ਕਿ ਉਹ ਉਨ੍ਹਾਂ ਨੂੰ ਰੋਕਣ । (ਵਿਘਨ)

---

*Not recorded as ordered by the Chair.

Original with;
Punjab Vidhan Sabha
Digitized by;
Panjab Digital Library

ਕੈਪਟਨ ਰਤਨ ਸਿੰਘ : ਸਰਦਾਰ ਗੁਰਨਾਮ ਸਿੰਘ ਨੇ ਕੋਆਪ੍ਰੇਟਿਵ ਐਕਟ ਵਿਚ ਅਮੈਂਡਮੈਂਟ ਕੀਤੀ ਸੀ । ਉਸ ਵੇਲੇ ਅਸੀਂ ਕਿਹਾ ਸੀ ਕਿ ਤੁਸੀਂ ਅਫਸਰਾਂ ਦੇ ਹੱਥ ਵਿਚ ਪਾਵਰ ਦੇ ਰਹੇ ਹੋ ।

WALK OUT

ਸਰਦਾਰ ਕਰਨੈਲ ਸਿੰਘ ਮਰੜ੍ਹੀ : * * * * *

ਸ਼੍ਰੀ ਸਪੀਕਰ : ਇਹ ਰਿਕਾਰਡ ਨਾ ਕੀਤਾ ਜਾਵੇ । ਤੁਸੀਂ ਹਾਊਸ ਦੀਆਂ ਪਰੋਸੀਡਿੰਗਜ਼ ਨੂੰ ਆਬਸਟਰੱਕਟ ਕਰ ਰਹੇ ਹੋ । ਮੈਨੂੰ ਤੁਹਾਨੂੰ ਨੇਮ ਕਰਨਾ ਪਵੇਗਾ । (It should not be recorded. You are obstructing the proceedings of the House. I will have to name you.)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਅਸੀਂ ਪਰੋਟੈਸਟ ਦੇ ਤੌਰ ਤੇ ਵਾਕ ਆਊਟ ਕਰਦੇ ਹਾਂ ।

ਸਰਦਾਰ ਬਸੰਤ ਸਿੰਘ ਖਾਲਸਾ : ਅਸੀਂ ਪਰੋਟੈਸਟ ਦੇ ਤੌਰ ਤੇ ਵਾਕ ਆਊਟ ਕਰਦੇ ਹਾਂ ।

(ਇਸ ਸਮੇਂ ਅਕਾਲੀ ਪਾਰਟੀ ਦੇ ਅਨੁਸੂਚਿਤ ਜਾਤੀਆਂ ਦੇ ਸਦਨ ਵਿਚ ਹਾਜ਼ਰ ਮੈਂਬਰ ਵਾਕ ਆਊਟ ਕਰ ਗਏ ।)

DISCUSSION ON NO-CONFIDENCE MOTION

(Resumption)

ਕੈਪਟਨ ਰਤਨ ਸਿੰਘ : 1969 ਵਿਚ ਜਿਸ ਵੇਲੇ ਸਰਦਾਰ ਗੁਰਨਾਮ ਸਿੰਘ ਜੀ ਨੇ ਆਪਣੇ ਕਿਸੇ ਅਫਸਰ ਦੇ ਕਹਿਣ ਤੇ ਐਕਟ ਵਿਚ ਅਮੈਂਡਮੈਂਟ ਕੀਤੀ ਸੀ ਤਾਂ ਅਸੀਂ ਉਸ ਦੀ ਬੜੀ ਸਖਤ ਮੁਖਾਲਫਿਤ ਕੀਤੀ ਸੀ ਅਤੇ ਅਸੀਂ ਉਨ੍ਹਾਂ ਨੂੰ ਕਿਹਾ ਸੀ ਕਿ ਅੱਜ ਜੋ ਇਹ ਕੋਆਪ੍ਰੇਟਿਵ ਐਕਟ ਹੈ, ਜਿਹੜੀ ਕੋਆਪ੍ਰੇਟਿਵ ਮੂਵਮੈਂਟ ਹੈ ਇਹ ਖਤਮ ਹੋ ਗਈ ਹੈ ਅਤੇ ਹੁਣ ਇਹ ਲੋਕਾਂ ਦੇ ਵਿਚ ਮੂਵਮੈਂਟ ਨਹੀਂ ਰਹੀ ਅਤੇ ਹੁਣ ਇਹ ਅਫਸਰਾਂ ਦੀ ਮਰਜ਼ੀ ਤੇ ਹੈ । ਮੈਂ ਸਮਝਦਾ ਹਾਂ ਕਿ ਜੇ ਤੁਸੀਂ ਚਾਹੁੰਦੇ ਹੋ ਕਿ ਕੋਆਪ੍ਰੇਟਿਵ ਐਕਟ ਵਿਚ ਦਰੁਸਤੀ ਆਵੇ ਤਾਂ ਇਸ ਨੂੰ ਬਦਲੋ । (ਆਪੋਜ਼ੀਸ਼ਨ ਵੱਲੋਂ ਵਿਘਨ, ਸ਼ੋਰ) ਮੈਂ ਬਾਦਲ ਸਾਹਿਬ ਨੂੰ ਕਹਾਂਗਾ ਕਿ ਤੁਸੀਂ ਇਨ੍ਹਾਂ ਨੂੰ ਰੋਕੋ ।

(ਇਸ ਸਮੇਂ ਅਕਾਲੀ ਪਾਰਟੀ ਦੇ ਅਨੁਸੂਚਿਤ ਜਾਤੀਆਂ ਦੇ ਜਿਹੜੇ ਮੈਂਬਰ ਸਾਹਿਬਾਨ ਵਾਕ ਆਊਟ ਕਰਕੇ ਬਾਹਿਰ ਗਏ ਸਨ, ਨਾਹਰੇ ਮਾਰਦੇ ਹੋਏ ਹਾਊਸ ਵਿਚ ਆਏ । * * * *)

ਸ਼੍ਰੀ ਸਪੀਕਰ : ਇਹ ਜੋ ਨਾਹਰੇ ਮਾਰ ਰਹੇ ਹਨ ਇਹ ਰਿਕਾਰਡ ਨਾ ਕੀਤੇ ਜਾਣ । (The slogans should not be recorded.)

*Not recorded as ordered by the Chair.

Original with;
Punjab Vidhan Sabha
Digitized by;
Panjab Digital Library

ਕੈਪਟਨ ਰਤਨ ਸਿੰਘ : ਅੱਜ ਗਿਆਨੀ ਜੀ ਦੀ ਸਰਕਾਰ ਨੇ ਬਹੁਤ ਕੰਮ ਕੀਤੇ ਹਨ.....

ਸਰਦਾਰ ਸਤਨਾਮ ਸਿੰਘ ਬਾਜਵਾ : ਪੁਆਇੰਟ ਆਫ ਆਰਡਰ, ਸਰ ।

(ਇਸ ਸਮੇਂ ਮਾਨਯੋਗ ਮੈਂਬਰ ਸ਼੍ਰੀ ਪ੍ਰੇਮ ਗੁਪਤਾ ਪੁਆਇੰਟ ਆਫ ਆਰਡਰ ਤੇ ਖੜੇ ਹੋਏ ।)

ਸ਼੍ਰੀ ਸਪੀਕਰ : ਬਾਜਵਾ ਸਾਹਿਬ ।

ਸਰਦਾਰ ਸਤਨਾਮ ਸਿੰਘ ਬਾਜਵਾ : * * * * *

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order.)

ਸ਼੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਜਦੋਂ ਅਸੀਂ ਪੁਆਇੰਟ ਆਫ ਆਰਡਰ ਤੇ ਖੜੇ ਹੁੰਦੇ ਹਾਂ ਤਾਂ ਤੁਸੀਂ ਸਾਨੂੰ ਘੁਰਕੀ ਦੇ ਕੇ ਬਿਠਾ ਦਿੰਦੇ ਹੋ । (ਵਿਘਨ) ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਤੁਸੀਂ ਸਾਨੂੰ ਬੋਲਣ ਦੀ ਪਰਮਿਸ਼ਨ ਕਿਉਂ ਨਹੀਂ ਦਿੰਦੇ ? (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੀ ਸੇਵਾ ਵਿਚ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਤਕਰੀਬਨ ਇਕ ਘੰਟਾ ਬੋਲਦੇ ਰਹੇ ਹਨ ਅਤੇ ਉਨ੍ਹਾਂ ਦੇ ਪਾਸ ਕੋਈ ਐਸੀ ਚੀਜ਼ ਨਹੀਂ ਰਹੀ ਜਿਹੜੀ ਉਨ੍ਹਾਂ ਨੇ ਨਹੀਂ ਕਹੀ ਭਾਵੇਂ ਉਹ ਦਰੁਸਤ ਸੀ ਅਤੇ ਭਾਵੇਂ ਉਹ ਗਲਤ ਸੀ । ਉਹ ਕਹਿ ਗਏ ਹਨ ਅਤੇ ਅਸੀਂ ਬੜੀ ਸ਼ਾਂਤੀ ਨਾਲ ਸਾਰੇ ਮੈਂਬਰਾਂ ਨੇ ਸੁਣਿਆ ਹੈ । ਜੇ ਇਥੇ ਇਸ ਹਾਊਸ ਵਿਚ ਕੋਈ ਇਕੱਲਾ ਵੀ ਕਿਸੇ ਪਾਰਟੀ ਦਾ ਮੈਂਬਰ ਹੋਵੇ ਤਾਂ ਉਸ ਦੀ ਗੱਲ ਸੁਣਨੀ ਵੀ ਬੜੀ ਜ਼ਰੂਰੀ ਹੈ । ਪਰ, ਸਪੀਕਰ ਸਾਹਿਬ, ਇਹ ਫਰਜ਼ ਤੁਹਾਡਾ ਹੈ ਕਿ ਇਸ ਚੀਜ਼ ਨੂੰ ਦੇਖਿਆ ਜਾਵੇ । ਇਹ ਕਦੇ ਨਹੀਂ ਦੇਖਿਆ ਜਾਂਦਾ ਕਿ ਇਕ ਆਨਰੇਬਲ ਮੈਂਬਰ ਬੋਲੇ ਅਤੇ ਉਸ ਨੇ ਆਪਣੀ ਤਕਰੀਰ ਹਾਲਾਂ ਸ਼ੁਰੂ ਵੀ ਨਾ ਕੀਤੀ ਹੋਵੇ ਅਤੇ ਤੁਸੀਂ ਕਹਿ ਦਿਤਾ ਕਿ ਤੁਸੀਂ ਵਾਈਂਡ ਅੱਪ ਕਰੋ । ਤੁਸੀਂ ਹਾਊਸ ਦਾ ਸਮਾਂ ਵਧਾ ਸਕਦੇ ਹੋ ਪਰ ਫਿਰ ਵੀ ਤੁਹਾਨੂੰ ਕੰਟਰੋਲ ਕਰਨਾ ਚਾਹੀਦਾ ਹੈ । ਮੈਂ ਬਾਦਲ ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਤੁਸੀਂ ਆਪਣੇ ਮੈਂਬਰਜ਼ ਤੇ ਕੰਟਰੋਲ ਰੱਖੋ । ਇਹ ਕੋਈ ਚੰਗਾ ਨਹੀਂ ਲਗਦਾ ਕਿ ਕਿਸੇ ਮੈਂਬਰ ਦੇ ਖਿਲਾਫ ਨਾਹਰੇ ਲਗਾਏ ਜਾਣ । ਇਸ ਤਰ੍ਹਾਂ ਡਿਗਨਿਟੀ ਨਹੀਂ ਰਹਿੰਦੀ । ਇਸ ਤਰ੍ਹਾਂ ਇਸ ਹਾਊਸ ਦੀ ਇਜ਼ਤ ਘਟਦੀ ਹੈ । ਕੈਪਟਨ ਸਾਹਿਬ ਦੇ ਉਤੇ ਜ਼ਾਤੀ ਹਮਲੇ ਕੀਤੇ ਜਾਣ ਪਰ ਤੁਸੀਂ ਉਨ੍ਹਾਂ ਨੂੰ ਰੋਕੋ ਨਾ ਇਹ ਚੰਗੀ ਗੱਲ ਨਹੀਂ ਹੈ । ਕੈਪਟਨ ਸਾਹਿਬ, ਹਿੰਦੁਸਤਾਨ ਦੀ ਆਜ਼ਾਦੀ ਵਾਸਤੇ ਮਰਨ ਵਾਲੇ ਆਦਮੀ ਹਨ । ਉਸ ਦੀ ਪਲਿਟੀਕਲ ਲਾਈਫ ਨੇ ਮਹਾਨ ਰਵਾਇਤ ਕਾਇਮ ਕੀਤੀ ਹੈ । ਉਨ੍ਹਾਂ ਨੇ ਆਪਣੇ ਆਪ ਅਸਤੀਫਾ ਦੇ ਕੇ ਕਿਹਾ ਸੀ ਕਿ ਤੁਸੀਂ ਮੇਰੇ ਉਤੇ ਇਨਕੁਆਇਰੀ ਕਰ ਲਵੋ ।

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਮੈਨੂੰ ਮਾਣ ਹੈ ਕਿ ਇਹ ਕਾਂਗਰਸ ਪਾਰਟੀ ਹੀ ਹੈ ਜਿਸ ਦੇ ਮੈਂਬਰ ਆਪਣੇ ਅਹੁਦਿਆਂ ਨੂੰ ਛੱਡ ਕੇ ਕਹਿੰਦੇ ਹਨ ਕਿ ਤੁਸੀਂ ਸਾਡੀ ਇਨਕੁਆਇਰੀ ਕਰੋ। (ਸਰਕਾਰੀ ਬੈਂਚਿਜ਼ ਵਲੋਂ ਥੰਪਿੰਗ) 4 ਹੋਰ ਵੀ ਸਾਡੇ ਦੋਸਤ ਹਨ ਜਿਨ੍ਹਾਂ ਨੇ ਕਾਬਲੇ ਤਾਰੀਫ਼ ਕੰਮ ਕੀਤਾ ਹੈ। ਇਸ ਲਈ ਮੈਂ ਕਹਾਂਗਾ ਕਿ ਆਨਰੇਬਲ ਮੈਂਬਰਜ਼ ਜੋ ਕੁਝ ਕਹਿਣਾ ਚਾਹੁੰਦੇ ਹਨ, ਕਹਿ ਲੈਣ ਅੱਤ ਅਸੀਂ ਬੜੀ ਖੁਸ਼ੀ ਨਾਲ ਸੁਣਨ ਨੂੰ ਤਿਆਰ ਹਾਂ ਪਰ ਜਦੋਂ ਸਾਡੀ ਤਰਫੋਂ ਕੋਈ ਡੀਫੈਂਸ ਪੇਸ਼ ਕਰੇ ਜਾਂ ਕੋਈ ਆਪਣੀ ਰਾਏ ਦੇਵੇ ਅੱਤ ਤੁਸੀਂ ਉਸ ਨੂੰ ਬੋਲਣ ਦਾ ਮੌਕਾ ਨਾਂ ਦਿਉ ਤਾਂ ਇਹ ਨਿਹਾਇਤ ਹੀ ਅਫ਼ਸੋਸ ਵਾਲੀ ਗਲ ਹੈ। ਇਸ ਲਈ ਮੈਂ ਕਹਾਂਗਾ ਕਿ ਜਿਤਨਾ ਟਾਈਮ ਤੁਸੀਂ ਕੈਪਟਨ ਸਾਹਿਬ ਨੂੰ ਦਿਤਾ ਹੈ ਉਨ੍ਹਾਂ ਨੂੰ ਬੋਲਣ ਦਿਉ ਅਤੇ ਤੁਸੀਂ ਉਨ੍ਹਾਂ ਨੂੰ ਸੁਣੋ। ਮੈਂ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੂੰ ਰਿਕੁਐਸਟ ਕਰਾਂਗਾ ਕਿ ਜਿੰਨਾਂ ਹੱਕ ਤੁਹਾਨੂੰ ਬੋਲਣ ਦਾ ਜਾਂ ਗਲ ਸੁਣਾਉਣ ਦਾ ਹੈ ਉਤਨਾ ਹੀ ਕੈਪਟਨ ਸਾਹਿਬ ਨੂੰ ਜਾਂ ਕਿਸੇ ਹੋਰ ਮੈਂਬਰ ਨੂੰ ਹੈ। ਤੁਹਾਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ਅੱਤ ਆਪਣੇ ਬੰਦਿਆਂ ਨੂੰ ਕੰਟਰੋਲ ਕਰਨਾ ਚਾਹੀਦਾ ਹੈ।

(ਇਸ ਵਕਤ ਕਈ ਆਨਰੇਬਲ ਮੈਂਬਰ ਸਾਹਿਬਾਨ ਪੁਆਇੰਟ ਆਫ਼ ਆਰਡਰ ਰੇਜ਼ ਕਰਨ ਲਈ ਖੜੇ ਸਨ ਅਤੇ ਹਾਊਸ ਵਿਚ ਕਾਫੀ ਸ਼ੋਰ ਪੈ ਰਿਹਾ ਸੀ। ਸਰਦਾਰ ਕਰਨੈਲ ਸਿੰਘ ਮਰੜ੍ਹੀ ਕੁਝ ਬੋਲੇ ਪਰ ਸ਼ੋਰ ਹੋਣ ਕਾਰਨ ਕੁਝ ਸੁਣਾਈ ਨਹੀਂ ਦਿਤਾ)

ਸ਼੍ਰੀ ਸਪੀਕਰ: ਮੈਨੂੰ ਅਫ਼ਸੋਸ ਹੈ ਕਿ ਹਾਊਸ ਦੇ ਆਨਰੇਬਲ ਮੈਂਬਰਜ਼ ਲੱਖਾਂ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਨ ਅੱਤ ਉਹ ਇਥੇ ਆ ਕੇ ਹਾਊਸ ਦਾ ਵਕਤ ਜ਼ਾਇਆ ਕਰ ਰਹੇ ਹਨ। ਜੋ ਪਾਰਲੀਮੈਂਟਰੀ ਸਿਸਟਮ ਹੈ ਉਸ ਨੂੰ ਖਰਾਬ ਕਰ ਰਹੇ ਹਨ। ਮੈਂ ਸਾਰੇ ਆਨਰੇਬਲ ਮੈਂਬਰਜ਼ ਨੂੰ ਰਿਕੁਐਸਟ ਕਰਾਂਗਾ ਕਿ ਇਸ ਵੇਲੇ ਹਾਊਸ ਦੇ ਸਾਹਮਣੇ ਨੋ-ਕੰਫੀਡੈਂਸ ਮੋਸ਼ਨ ਪੇਸ਼ ਹੈ ਅੱਤ ਇਹ ਬੜਾ ਸੀਰੀਅਸ ਮੈਟਰ ਹੈ, ਇਸ ਤੇ ਉਨ੍ਹਾਂ ਨੂੰ ਬੜੀ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ। ਲੇਕਿਨ ਅਫ਼ਸੋਸ ਹੈ ਕਿ ਬਜਾਏ ਇਸ ਦੇ ਕਿ ਮੌਕੇ ਦਾ ਫਾਇਦਾ ਉਠਾਇਆ ਜਾਵੇ ਅਸੀਂ ਆਪਸ ਵਿਚ ਇਸ ਤਰ੍ਹਾਂ ਦੀਆਂ ਗਲਾਂ ਕਰਕੇ ਸਮੇਂ ਨੂੰ ਨਸ਼ਟ ਕਰ ਰਹੇ ਹਾਂ। ਮੈਂ ਸਮਝਦਾ ਹਾਂ ਕਿ ਕੈਪਟਨ ਸਾਹਿਬ ਦੇ ਵਿਚਾਰ, ਟਰੈਜ਼ਰੀ ਬੈਂਚਿਜ਼ ਦੇ ਵਿਚਾਰ ਅਤੇ ਹੋਰ ਬਾਕੀ ਦੇ ਆਨਰੇਬਲ ਮੈਂਬਰਜ਼ ਦੇ ਵਿਚਾਰ ਆਉਣ ਤਾਂ ਕਿ ਪੰਜਾਬ ਦੇ ਲੋਕਾਂ ਨੂੰ ਪਤਾ ਲਗ ਸਕੇ ਕਿ ਸਾਡੇ ਨੁਮਾਇੰਦੇ ਕਿਸ ਤਰ੍ਹਾਂ ਸਾਡੀ ਸੇਵਾ ਕਰ ਰਹੇ ਹਨ। ਮੈਂ ਸਾਰੇ ਆਨਰੇਬਲ ਮੈਂਬਰਜ਼ ਨੂੰ ਰਿਕੁਐਸਟ ਕਰਾਂਗਾ ਕਿ ਪਾਰਲੀਮੈਂਟਰੀ ਸਿਸਟਮ ਨੂੰ ਕਾਇਮ ਰਖਦੇ ਹੋਏ, ਡਿਗਨਿਟੀ ਅਤੇ ਡੈਕੋਰਮ ਨੂੰ ਕਾਇਮ ਰਖਦੇ ਹੋਏ, ਡੀਬੇਟ ਵਿਚ ਆਪਣਾ ਹਿੱਸਾ ਪਾਉਣ ਖਾਹਮਖਾਹ ਇੰਟਰੱਪਟ ਨਾ ਕਰਨ, ਇਹ ਚੰਗੀ ਗਲ ਨਹੀਂ ਹੁੰਦੀ। (ਵਿਘਨ) (ਸ਼ੋਰ) (I am sorry to remark that the hon. Members who represent lakhs of people in the House waste its valuable time. They are debasing the parliamentary system. I would point out to the hon. Members that the motion of no-confidence against the Ministry is now before the House and it is a serious matter and they should treat it so. I am sorry to note that instead of availing of this opportunity we are wasting the time of the House

Original with;
Punjab Vidhan Sabha
Digitized by;
Panjab Digital Library

in mutual bickerings. I am of the view that the arguments of Captain Rattan Singh and other hon. Members from the Treasury Benches should also come on record so that the people of Punjab may be able to understand how their representatives are serving them. I would, therefore, request all the hon. Members to make their contribution in a dignified manner thus upholding the decorum and fair name of the parliamentary system. They should avoid causing interruptions; it is not proper to do so.)

ਸਰਦਾਰ ਸਤਨਾਮ ਸਿੰਘ ਬਾਜਵਾ: ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਜੋ ਕੁਝ ਕਿਹਾ ਹੈ, ਅਸੀਂ ਉਨ੍ਹਾਂ ਦੇ ਨਾਲ ਬਿਲਕੁਲ ਸਹਿਮਤ ਹਾਂ ਔਰ ਅਸੀਂ ਇਸ ਗਲ ਦੇ ਖਿਲਾਫ ਨਹੀਂ ਹਾਂ। ਆਰਾਮ ਨਾਲ ਹਰ ਇਕ ਗਲ ਸੁਣਨੀ ਚਾਹੀਦੀ ਹੈ। ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਕੈਪਟਨ ਸਾਹਿਬ ਨੇ ਆਪ ਤਲਖੀ ਪੈਦਾ ਕੀਤੀ ਹੈ। ਉਨ੍ਹਾਂ ਨੇ ਸਾਡੀ ਪਾਰਟੀ ਦੇ ਪ੍ਰਧਾਨ ਦੇ ਖਿਲਾਫ ਇਤਨਾ ਵਡਾ ਐਲੀਗੇਸ਼ਨ ਲਾ ਦਿਤਾ ਹੈ। (ਵਿਘਨ) ਤਲਖੀ ਤਾਂ ਉਦੋਂ ਪੈਦਾ ਹੋਈ ਹੈ। (ਵਿਘਨ)

ਸ੍ਰੀ ਸਪੀਕਰ: ਬਾਜਵਾ ਸਾਹਿਬ, ਹੁਣ ਤਸ਼ਰੀਫ਼ ਰਖੋ। (Bajwa sahib, please resume your seat now.)

ਕੈਪਟਨ ਰਤਨ ਸਿੰਘ: ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਇਨਫਲੇਸ਼ਨ ਦਾ ਜ਼ਿਕਰ ਕੀਤਾ ਹੈ। ਇਨਫਲੇਸ਼ਨ ਇਕ ਐਸੀ ਚੀਜ਼ ਹੈ ਜਿਸ ਨੂੰ ਕੋਈ ਵੀ ਸਮਝਦਾਰ ਆਦਮੀ ਜਾਂ ਸਮਝਦਾਰ ਪਾਰਟੀ ਚੰਗਾ ਨਹੀਂ ਕਹਿ ਸਕਦੀ। ਇਨਫਲੇਸ਼ਨ ਨੂੰ ਰੋਕਣ ਲਈ ਹਰ ਮੁਮਕਿਨ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਪੀਕਰ ਸਾਹਿਬ, ਮੈਂ ਸੱਦੇਣਾ ਚਾਹੁੰਦਾ ਹਾਂ ਕਿ ਇਨਫਲੇਸ਼ਨ 2-3 ਵਜ੍ਹਾ ਨਾਲ ਹੋਈ ਹੈ। ਇਕ ਵਜ੍ਹਾ ਤਾਂ ਬੰਗਲਾ ਦੇਸ਼ ਦੀ ਲੜਾਈ ਹੈ। ਦੂਸਰੀ ਵਜ੍ਹਾ ਹੈ ਕਿ ਕਹਿਰ ਪੈ ਗਿਆ, ਮਹਾਰਾਸ਼ਟਰਾ, ਗੁਜਰਾਤ ਵਿਚ ਜੋ ਕੁਝ ਹੋਇਆ ਹੈ ਉਹ ਤੁਹਾਡੇ ਸਾਹਮਣੇ ਹੀ ਹੈ। ਪੰਜਾਬ ਦੀ ਸਰਕਾਰ ਨੇ ਕਿਸਾਨ ਦੇ ਭਲੇ ਲਈ ਕਿਤਨੀ ਵੱਧ ਤੋਂ ਵੱਧ ਕੋਸ਼ਿਸ਼ ਕੀਤੀ ਉਹ ਸਾਰੀ ਚੀਜ਼ ਤੁਹਾਡੇ ਸਾਹਮਣੇ ਹੈ ਮੈਨੂੰ ਇਸ ਦੇ ਵਿਚ ਜ਼ਿਆਦਾ ਕਹਿਣ ਦੀ ਕੁਝ ਲੋੜ ਨਹੀਂ ਹੈ। ਪੰਜਾਬ ਦੇ ਵਿਚ ਮੌਸਮ ਕਿੰਨਾ ਖਰਾਬ ਸੀ ? ਹਰ ਮੁਮਕਿਨ ਕੋਸ਼ਿਸ਼ ਕੀਤੀ ਗਈ ਕਿ ਕਿਸਾਨ ਨੂੰ ਅੱਛੇ ਭਾਅ ਦਿਤੇ ਜਾਣ। ਪਿਛਲੇ ਸਾਲ ਫਾਰਮਰਜ਼ ਨੂੰ ਕਣਕ ਦਾ ਭਾਅ 76 ਰੁਪਏ ਪ੍ਰਤੀ ਕੁਇੰਟਲ ਮਿਲਿਆ ਔਰ ਹਰ ਪਾਸੇ ਤੋਂ ਇਹ ਕਿਹਾ ਗਿਆ ਸੀ ਕਿ 76 ਰੁਪਏ ਭਾਅ ਅਨਾਊਂਸ ਕਰੋ। ਪੰਜਾਬ ਦੀ ਸਰਕਾਰ ਨੇ, ਚੀਫ਼ ਮਨਿਸਟਰ ਸਾਹਿਬ ਨੇ ਪੂਰੀ ਮਿਹਨਤ ਨਾਲ ਪ੍ਰਾਈਮ ਮਨਿਸਟਰ ਨਾਲ ਗੱਲ ਬਾਤ ਕਰਕੇ ਔਤਕੀਂ ਕਣਕ ਦਾ ਭਾਅ ਵਧਾਉਣ ਵਿਚ ਸਫ਼ਲਤਾ ਪ੍ਰਾਪਤ ਕੀਤੀ ਹੈ। (ਵਿਘਨ) ਅਸੀਂ ਉਹ ਵਧਾ ਕੇ ਵੇਚੀ ਅਤੇ ਉਸ ਤੋਂ 6 ਕਰੋੜ ਰੁਪਏ ਦੀ ਆਮਦਨ ਹਈ ਅਤੇ ਉਹ 6 ਕਰੋੜ ਦਾ 6 ਕਰੋੜ ਰੁਪਿਆ ਕਿਸਾਨਾਂ ਵਿਚ ਵੰਡਿਆ ਜਾਵੇਗਾ। (ਸਰਕਾਰੀ ਬੈਂਚਾਂ ਵਲੋਂ ਥੰਪਿੰਗ) ਇਹ ਕਲੀਅਰ ਗਲ ਹੈ ਅਤੇ ਇਸ ਨੂੰ ਭੁਲਾਉਣਾ ਨਹੀਂ ਚਾਹੀਦਾ। ਨਵੀਂ ਕਣਕ ਜਦੋਂ ਆਈ ਤਾਂ ਇਨ੍ਹਾਂ ਨੇ ਮੈਕਸੀਮੱਮ ਭਾਅ 125 ਰੁਪਏ ਪ੍ਰਤੀ ਕੁਇੰਟਲ ਮੰਗਿਆ ਸੀ। ਅਕਾਲੀ ਪਾਰਟੀ ਦੀ ਮੰਗ ਸੀ ਕਿ 125 ਰੁਪਏ ਕਣਕ ਦਾ ਭਾਅ ਮੁਕੱਰਰ ਕੀਤਾ ਜਾਵੇ। ਸਾਰਿਆਂ ਦੀ ਇਹੀ ਮੰਗ ਸੀ

Original with;
Punjab Vidhan Sabha
Digitized by;
Panjab Digital Library

[ਕੈਪਟਨ ਰਤਨ ਸਿੰਘ]

ਕਿ 125 ਰੁਪਏ ਰੇਟ ਰਖਿਆ ਜਾਵੇ ਪਰ ਰੇਟ 105 ਰੁਪਏ ਰਖਿਆ ਗਿਆ ਸੀ । ਪਰ ਕਣਕ 105 ਰੁਪਏ ਵਿਚ ਨਹੀਂ ਵਿਕੀ, ਇਹ 110 ਅੱਰ 125 ਰੁਪਏ ਤੋਂ 130 ਰੁਪਏ ਦੇ ਦਰਮਿਆਨ ਵਿਕੀ ਹੈ । ਇਸ ਨਾਲ 70-80 ਕਰੋੜ ਰੁਪਿਆ ਪੰਜਾਬ ਦੇ ਕਿਸਾਨ ਨੂੰ ਲਾਭ ਹੋਇਆ ਜਿਸ ਦੇ ਕਿ ਉਹ ਹੱਕਦਾਰ ਹਨ । ਪੰਜਾਬ ਦੇ ਕਿਸਾਨ ਨੇ ਮਿਹਨਤ ਕੀਤੀ ਹੈ । ਬਾਦਲ ਸਾਹਿਬ ਆਪਣੇ ਆਪਨੂੰ ਕਿਸਾਨਾਂ ਦੇ ਹਮਦਰਦ ਦਸਦੇ ਹਨ । ਸਾਡੇ ਜਿਹੜੇ ਮੈਂਬਰ ਹਨ ਜਿਨ੍ਹਾਂ ਦੀ ਗਿਣਤੀ ਉਨ੍ਹਾਂ ਦੇ ਨਾਲੋਂ ਕਿਤੇ ਜ਼ਿਆਦਾ ਹੈ ਉਹ ਕਿਸਾਨਾਂ ਦੇ ਜ਼ਿਆਦਾ ਹਮਦਰਦ ਹਨ । ਸਾਡੇ ਚੀਫ ਮਨਿਸਟਰ ਸਾਹਿਬ ਕਿਸਾਨਾਂ ਦੇ ਬਹੁਤ ਹਮਦਰਦ ਹਨ ਅਤੇ ਉਨ੍ਹਾਂ ਨੇ ਟੈਲੀਵਿਯਨ ਤੇ ਵੀ ਕਿਸਾਨਾਂ ਤੇ ਟੈਕਸਾਂ ਦੀ ਵਿਰੋਧਤਾ ਕੀਤੀ ਸੀ । ਜੋ ਇਨ੍ਹਾਂ ਦੀ ਸਰਕਾਰ ਵੇਲੇ ਕਿਸਾਨਾਂ ਤੇ ਗਲਤ ਟੈਕਸ ਲਗਾਏ ਸੀ ਉਹ ਸਾਡੀ ਸਰਕਾਰ ਕੋਸ਼ਿਸ਼ ਕਰ ਰਹੀ ਹੈ ਕਿ ਉਹ ਗਲਤ ਟੈਕਸ ਨਾ ਲਗੇ । ਲੇਕਿਨ ਇਹ ਨਹੀਂ ਹੋ ਸਕਦਾ ਕਿ ਸਾਰੇ ਸੈਕਟਰਾਂ ਦੀ ਡੀਵੈਲਪਮੈਂਟ ਹੋਵੇ ਅੱਰ ਇਕ ਸੈਕਟਰ ਜਿਹੜਾ ਹੈ ਉਹ ਟੈਕਸ ਨਾ ਦੇਵੇ । ਜੇ ਤੁਸੀਂ ਸਰਕਾਰ ਦੀ ਤਾਰੀਫ ਨਹੀਂ ਕਰ ਸਕਦੇ ਤਾਂ ਗਲ ਨੂੰ ਸਮਝ ਲੈਣਾ ਚਾਹੀਦਾ ਹੈ । ਮਾਮਲੇ ਨੂੰ ਢਾਹ ਦੇਣਾ ਜਾਂ ਪਟਵਾਰੀਆਂ ਦੇ ਜ਼ਰੀਏ ਪੈਸੇ ਦੇਣੇ ਚੰਗਾ ਕਦਮ ਹੈ ਅਤੇ ਇਹ ਕਾਬਲੇ ਤਾਰੀਫ ਗਲ ਸੀ । ਜੋ ਸਰਕਾਰ ਨੇ ਚੰਗੇ ਕੰਮ ਕੀਤੇ ਹਨ ਉਸ ਦੇ ਲਈ ਨੋ-ਕੰਫੀਡੈਂਸ ਮੋਸ਼ਨ ਨਹੀਂ ਸੀ ਲਿਆਉਣੀ ਚਾਹੀਦੀ ਬਲਕਿ ਉਸ ਦੀ ਤਾਰੀਫ ਕਰਨੀ ਚਾਹੀਦੀ ਸੀ । ਪੰਜਾਬ ਨੂੰ ਤੁਸੀਂ ਆਈਸੋਲੇਟ ਨਹੀਂ ਕਰ ਸਕਦੇ । ਪੰਜਾਬ ਤੋਂ ਬਾਹਰਲਾ ਕਿਸਾਨ ਜੋ ਚੀਜ਼ਾਂ ਦਾ ਭਾਅ ਦੇ ਰਿਹਾ ਹੈ ਤਾਂ ਸਾਨੂੰ ਵੀ ਚੀਜ਼ਾਂ ਦਾ ਭਾਅ ਉਸੇ ਤਰ੍ਹਾਂ ਦੇਣਾ ਪਵੇਗਾ । ਬਿਜਲੀ ਅਤੇ ਪਾਣੀ ਦੇ ਰੇਟ ਸਾਡੇ ਬਾਕੀਆਂ ਨਾਲੋਂ ਘੱਟ ਹਨ । ਮਈ-ਜੂਨ ਵਿਚ ਠੰਢ ਪੈ ਗਈ ਜਿਸ ਦੇ ਕਾਰਨ ਬਰਫ ਪਿਘਲ ਨਹੀਂ ਸਕੀ ਅਤੇ ਬਿਜਲੀ ਦੀ ਕਿਲਤ ਹੋ ਗਈ ਤਾਂ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ ਕੋਸ਼ਿਸ਼ ਕਰਕੇ ਬਿਜਲੀ ਦੀ ਕਮੀ ਨੂੰ ਪੂਰਾ ਕਰਨ ਦਾ ਯਤਨ ਕੀਤਾ । ਇਹ ਪਹਿਲੀ ਦਫਾ ਹੈ ਜਦੋਂ ਕਿ ਉਨ੍ਹਾਂ ਨੇ ਨੰਗਲ ਫਰਟੇਲਾਈਜ਼ਰ ਫੈਕਟਰੀ ਬੰਦ ਕਰਵਾਈ ਤਾਂ ਕਿ ਕਿਸਾਨਾਂ ਨੂੰ 8-10 ਲੱਖ ਯੂਨਿਟ ਬਿਜਲੀ ਦੇ ਵੱਧ ਦੇ ਦਿਤੇ ਜਾਣ । ਬਦਕਿਸਮਤੀ ਸਾਡੀ ਇਹ ਸੀ ਕਿ 10 ਲੱਖ ਯੂਨਿਟ ਬਿਜਲੀ ਆਈ ਪਰ ਜਿਹੜਾ ਯੂ.ਬੀ.ਡੀ.ਸੀ. ਸਿਸਟਮ ਸੀ ਉਸ ਨੇ ਸਾਰਾ ਕੰਮ ਖਰਾਬ ਕਰ ਦਿਤਾ । ਇਹ ਭਾਣਾ ਮੰਨਣਾ ਪੈਂਦਾ ਹੈ । (ਵਿਘਨ) ਕੁਦਰਤ ਦੇ ਨਾਲ ਅਸੀਂ ਲੜਾਈ ਨਹੀਂ ਲੜ ਸਕਦੇ। ਇਸ ਲਈ ਮੈਂ ਸਮਝਦਾ ਹਾਂ ਕਿ ਅੱਜ ਜੋ ਕੁਝ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਕਿਹਾ ਹੈ ਉਹ ਇਕ ਰਸਮੀ ਤੌਰ ਤੇ ਉਨ੍ਹਾਂ ਨੇ ਕਿਹਾ ਹੈ । ਉਨ੍ਹਾਂ ਨੇ ਕਿਹਾ ਕਿ ਇਕ ਆਦਮੀ ਮਾਰਿਆ ਗਿਆ, ਇਕ ਆਦਮੀ ਫੜਿਆ ਗਿਆ, ਕੁਝ ਇਹੋ ਜਿਹੀ ਗਲ ਕਹੀ ਹੈ । ਕਿਹੜੀ ਸਰਕਾਰ ਵੇਲੇ ਇਹ ਗਲ ਨਹੀਂ ਹੋਈ। ਕੈਨੇਡੀ ਨੂੰ ਐਜ਼ ਪ੍ਰੈਜ਼ੀਡੈਂਟ ਮਾਰ ਦਿਤਾ ਸੀ, ਉਸ ਨੂੰ ਪ੍ਰੈਜ਼ੀਡੈਂਟ ਹੁੰਦੇ ਹੋਏ ਕਿਸੇ ਨੇ ਸ਼ੂਟ ਕਰ ਦਿਤਾ ਸੀ । ਇਹੋ ਜਿਹੇ ਇਨਸੀਡੈਂਟ ਤਾਂ ਹੁੰਦੇ ਹੀ ਰਹਿੰਦੇ ਹਨ । ਇਨ੍ਹਾਂ ਨੇ ਕੁਝ ਇਸ ਤਰ੍ਹਾਂ ਦੀਆਂ ਗਲਾਂ ਕੀਤੀਆਂ ਹਨ ਜਿਹੜੀਆਂ ਕਿ ਅਪੀਲੇਬਲ ਨਹੀਂ ਹਨ । ਜੇ ਇਹ ਗਲਾਂ ਅਪੀਲੇਬਲ ਹੁੰਦੀਆਂ ਤਾਂ ਮੈਂ ਸਮਝਦਾ ਹਾਂ ਕਿ ਸਰਕਾਰ ਜਵਾਬਦੇਹ ਹੁੰਦੀ । ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਿਸ ਵੇਲੇ ਕਿਸਾਨ ਦੀ ਲੜਾਈ ਹੁੰਦੀ ਹੈ ਤਾਂ ਸਭ ਤੋਂ ਅਗੇ ਅਸੀਂ ਰਹਿੰਦੇ ਹਾਂ ਅੱਰ ਇਹ ਗਲ ਨਹੀਂ ਕਿ ਅੱਜ ਜਿਸ ਤਰ੍ਹਾਂ ਤੁਸੀਂ ਸਾਡੇ ਤੇ ਮਿਹਣਾ ਮਾਰਿਆ ਹੈ ਕਿ ਥਾਈਂ ਡੈਮ ਨੂੰ ਮੰਨਜ਼ੂਰ ਕਰਾਓ । ਇਹ ਹੋਵੇਗਾ, ਸਾਡੀ ਕੋਸ਼ਿਸ਼ ਚਲ ਰਹੀ ਹੈ ਸਾਡੀ ਖੁਸ਼ਕਿਸਮਤੀ ਹੈ ਕਿ ਸੈਂਟਰ ਵਿਚ ਐਗਰੀਕਲਚਰ ਮਨਿਸਟਰ ਸ਼੍ਰੀ ਸੁਭਰਾਮਨੀਅਮ ਹਨ ਜਿਨ੍ਹਾਂ

Original with;
Punjab Vidhan Sabha
Digitized by;
Panjab Digital Library

ਨੇ 1966-67 ਵਿਚ ਐਗਰੀਕਲਚਰ ਨੂੰ ਵੀ ਤਰੱਕੀ ਦਿਤੀ ਸੀ ਅਤੇ ਤੁਹਾਡੇ ਘਰ ਭਰੇ ਸੀ। ਉਹ ਹਾਈ ਯੀਲਡਿੰਗ ਵੈਰਾਇਟੀ ਮੈਕਸੀਕੋ ਤੋਂ ਲੈ ਕੇ ਆਏ ਸੀ ਅਤੇ ਉਸ ਦਾ ਕਿਸਾਨ ਨੇ ਬੜਾ ਫ਼ਾਇਦਾ ਉਠਾਇਆ ਸੀ । ਉਹ ਕਿਸਾਨ ਹੱਕਦਾਰ ਹਨ ਕਿਉਂਕਿ ਮਿਹਨਤ ਕਰਦੇ ਹਨ ਲੇਕਿਨ ਇਹ ਗਲ ਕਹਿ ਦੇਣਾ ਕਿ ਸਰਕਾਰ ਨੇ ਕੁਝ ਨਹੀਂ ਕੀਤਾ ਇਹ ਗਲਤ ਬਿਆਨੀ ਹੈ । ਅਗਰ ਕੋਈ ਐਸੀ ਗਲ ਹੈ ਤਾਂ ਸਾਨੂੰ ਚਾਹੀਦਾ ਹੈ ਕਿ ਅਸੀਂ ਰਲ ਬੈਠੀਏ ਅਤੇ ਉਨ੍ਹਾਂ ਤੇ ਸੋਚ ਵਿਚਾਰ ਕਰੀਏ । ਅੱਜ ਸਾਡੀ ਇਕਨਾਮਿਕ ਪੋਜ਼ੀਸ਼ਨ ਠੀਕ ਨਹੀਂ ਚਲ ਰਹੀ, ਪਰ ਸਾਡੀ ਅੱਜ ਬਦਕਿਸਮਤੀ ਹੈ ਕਿ ਆਪੋਜ਼ੀਸ਼ਨ ਉਸ ਨੂੰ ਐਕਸਪਲਾਇਟ ਕਰਨ ਤੁਰ ਪੈਂਦੀ ਹੈ । ਪੰਜਾਬ ਦਾ ਜਿਹੜਾ ਫਿਊਚਰ ਹੈ ਉਹ ਗਰੇਵ ਹੈ, ਪਰ ਪੰਜਾਬ ਦੇ ਲੋਕ ਮਿਹਨਤੀ ਹਨ ਪੰਜਾਬ ਤਰੱਕੀ ਕਰ ਸਕਦਾ ਹੈ ਪੰਜਾਬ ਕਿਸੇ ਮੁਲਕ ਤੋਂ ਪਿਛੇ ਨਹੀਂ ਰਹਿ ਸਕਦਾ ਬਸ਼ਰਤੇ ਕਿ ਅਸੀਂ ਛੋਟੀਆਂ ਛੋਟੀਆਂ ਅਤੇ ਨੀਚੇ ਦਰਜੇ ਦੀਆਂ ਲੜਾਈਆਂ ਛੱਡ ਕੇ ਇਕੱਠੇ ਹੋਈਏ । ਅਸੀਂ ਬਾਦਲ ਸਾਹਿਬ ਉਸ ਵੇਲੇ ਇਹ ਸਮਝ ਕੇ ਤੁਹਾਡੀ ਮਦਦ ਕੀਤੀ ਸੀ ਕਿ ਤੁਸੀਂ ਸੱਚ ਮੁਚ ਅੱਛੇ ਇਨਸਾਨ ਹੋ ਤੁਹਾਡੀ ਮਦਦ ਕਰਨਾ ਪੰਜਾਬ ਦਾ ਭਲਾ ਹੈ, ਜੇਕਰ ਤੁਸੀਂ ਨਹੀਂ ਸੰਭਾਲ ਸਕੇ ਤਾਂ ਇਹ ਸਾਡਾ ਕਸੂਰ ਨਹੀਂ । ਜੇ ਕਰ ਗਿਆਨੀ ਜੀ ਦੀ ਸਰਕਾਰ ਸੰਭਾਲ ਗਈ ਤਾਂ ਤੁਹਾਨੂੰ ਤਕਲੀਫ਼ ਨਹੀਂ ਹੋਣੀ ਚਾਹੀਦੀ । ਅੱਜ ਮੈਨੂੰ ਅਫ਼ਸੋਸ ਹੈ, ਦੁਖ ਹੈ ਮੈਂ ਕਿਸੇ ਤੇ ਜ਼ਾਤੀ ਹਮਲਾ ਨਹੀਂ ਸੀ ਕੀਤਾ ਅਤੇ ਨਾ ਹੀ ਤੁਹਾਡੇ ਪ੍ਰੈਜ਼ੀਡੈਂਟ ਤੇ ਹਮਲਾ ਕੀਤਾ ਸੀ । ਅਖਬਾਰ ਦੇ ਵਿਚ ਖਬਰ ਛਪੀ ਸੀ ਜਿਸ ਦੀ ਤੁਸੀਂ ਤਸਦੀਕ ਕਰ ਦਿਤੀ ਸੀ। (ਵਿਘਨ) ਹੁਣ ਮੈਂ ਤੁਹਾਡੇ ਅਗੇ ਬੇਨਤੀ ਕਰਾਂਗਾ ਕਿ ਤੁਸੀਂ ਸੋਚ ਲਵੋ ਤੁਸੀਂ ਗੁਰੂ ਗੋਬਿੰਦ ਸਿੰਘ ਦੇ ਸਿੱਖ ਹੋ, ਜਿਨ੍ਹਾਂ ਨੇ ਸੋਸ਼ਲਿਜ਼ਮ ਦਾ ਸੱਚੀ ਮੁੱਚੀ ਪ੍ਰਚਾਰ ਕੀਤਾ ਸੀ, ਕੇਵਲ ਪ੍ਰਚਾਰ ਹੀ ਨਹੀਂ ਕੀਤਾ ਸੀ ਸਗੋਂ ਲਾਗੂ ਕੀਤਾ ਸੀ । (ਵਿਘਨ) ਉਹ ਮਾਈਨਾਰਿਟੀ ਲਈ ਲੜਦੇ ਝਗੜਦੇ ਰਹੇ । ਪਰ ਹੁਣ ਜਦੋਂ ਕਾਂਗਰਸ ਨੇ ਮਾਈਨਾਰਿਟੀ ਦੇ ਆਦਮੀ ਨੂੰ ਰਾਸ਼ਟਰਪਤੀ ਪਦ ਲਈ ਖੜਾ ਕੀਤਾ ਹੈ ਤਾਂ ਅੱਜ ਉਸ ਚੀਜ਼ ਨੂੰ ਤੁਸੀਂ ਹੋਰ ਪਾਸੇ ਲੈ ਗਏ ਹੋ । (ਵਿਘਨ)

ਡਾਕਟਰ ਬਲਦੇਵ ਪ੍ਰਕਾਸ਼: ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਆਰਡਰ, ਸਰ । ਨੋ-ਕੰਫੀਡੈਂਸ ਮੋਸ਼ਨ ਦੇ ਵਿਚ ਪ੍ਰੈਜ਼ੀਡੈਂਟ ਦੀ ਇਲੈਕਸ਼ਨ ਨੂੰ ਲੈ ਆਉਣਾ ਕੀ ਇਹ ਰੈਲੇਵੈਂਟ ਹੈ ?

Mr Speaker: He (Captain Rattan Singh) should be relevant.

Captain Rattan Singh: Sir, in the end, with all humility, I oppose the No-Confidence Motion. (*Interruption*)

ਸਰਦਾਰ ਬਸੰਤ ਸਿੰਘ ਖਾਲਸਾ: ਹਰੀਜਨਾਂ ਦੀ ਜ਼ਮੀਨ ਖੋਹ ਲਵੋ ਕੀ ਇਹ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ ?

ਸਰਦਾਰ ਪਰਕਾਸ਼ ਸਿੰਘ ਬਾਦਲ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਕੈਪਟਨ ਸਾਹਿਬ ਨੇ ਪ੍ਰੈਜ਼ੀਡੈਂਟ ਦੀ ਇਲੈਕਸ਼ਨ ਬਾਰੇ ਕਿਹਾ ਹੈ ਇਹ ਗਲ ਇਨ੍ਹਾਂ ਨੂੰ ਲਿਆਉਣੀ ਨਹੀਂ ਸੀ ਚਾਹੀਦੀ ਪਰ ਚਲੋ ਉਨ੍ਹਾਂ ਨੇ ਕਹਿ ਦਿਤਾ ਕਿ ਅਸੀਂ ਮਾਈਨਾਰਿਟੀ ਦਾ ਨੁਮਾਇੰਦਾ ਲਿਆਏ ਹਾਂ ਸਾਡੀ ਮਦਦ ਕਰਨੀ ਚਾਹੀਦੀ ਹੈ । ਜੇ ਅਸੀਂ ਕਿਸੇ ਸੋਸ਼ਲਿਸਟ ਲੀਡਰ ਦੀ ਮੰਗ ਕਰਦੇ ਹਾਂ ਤਾਂ ਇਨ੍ਹਾਂ ਨੂੰ ਉਹ ਚੰਗਾ ਨਹੀਂ ਲਗਦਾ । ਇਹ ਫਿਰਕਾਪ੍ਰਸਤ ਸਾਨੂੰ ਕਹਿੰਦੇ ਹਨ ਪਰ ਇਸ ਤਰ੍ਹਾਂ ਦੀਆਂ ਗਲਾਂ ਕਰਕੇ ਸੋਸ਼ਲਿਸਟ ਆਪ ਬਣਦੇ ਹਨ ।

Original with;
Punjab Vidhan Sabha
Digitized by;
Panjab Digital Library

ਕੈਪਟਨ ਰਤਨ ਸਿੰਘ: ਮੈਂ ਨਹੀਂ ਕਹਿੰਦਾ ਤੁਸੀਂ ਹਰ ਵਕਤ ਕਹਿੰਦੇ ਹੋ ਕਿ ਅਸੀਂ ਮਾਈਨਾਰਿਟੀ ਲਈ ਲੜਦੇ ਹਾਂ । ਮਾਈਨਾਰਿਟੀ ਲਈ ਲੜਨਾ ਫਿਰਕਾਪ੍ਰਸਤੀ ਨਹੀਂ । ਅਸੀਂ ਤਾਂ ਕਹਿੰਦੇ ਹਾਂ ਕਿ ਮਾਈਨਾਰਿਟੀ ਲਈ ਲੜਨਾ ਚਾਹੀਦਾ ਹੈ ਕਿਉਂਕਿ ਮੈਜਾਰਟੀ ਮਾਈਨਾਰਿਟੀ ਦੇ ਨਾਲ ਧੱਕਾ ਕਰ ਸਕਦੀ ਹੈ, ਇਹ ਸਮਝਣ ਦੀ ਗੱਲ ਹੈ । ਜੋ ਕੁਝ ਤੁਸੀਂ ਚਾਹੁੰਦੇ ਹੋ ਜਾਂ ਜੋ ਕੁਝ ਤੁਸੀਂ ਕਹਿੰਦੇ ਹੋ ਅਗਰ ਕਰੋ ਤਾਂ ਲੋਕ ਤੁਹਾਡੇ ਨਾਲ ਲਗਣ ਲੇਕਿਨ ਤੁਸੀਂ ਕਹਿੰਦੇ ਕੁਝ ਹੋ ਅਤੇ ਚਾਹੁੰਦੇ ਕੁਝ ਹੋ । ਮੈਨੂੰ ਪਤਾ ਹੈ ਤੁਸੀਂ ਨਹੀਂ ਚਾਹੁੰਦੇ ਕਿ ਨੋ-ਕੰਫੀਡੈਂਸ ਮੋਸ਼ਨ ਆਵੇ ਕਿਉਂਕਿ ਤੁਹਾਨੂੰ ਪਤਾ ਹੈ ਕਿ ਤੁਹਾਡੀਆਂ ਮੈਂਬਰੀਆਂ ਹਟ ਜਾਣਗੀਆਂ, ਤੁਹਾਡੇ ਰੂਟ ਪਰਮਿਟ ਹਟ ਜਾਣਗੇ । ਮੈਂ ਸਾਰੀਆਂ ਗੱਲਾਂ ਨਹੀਂ ਕਹਿਣਾ ਚਾਹੁੰਦਾ ਅੱਰ ਮੈਨੂੰ ਇਹ ਵੀ ਪਤਾ ਹੈ ਕਿ ਕੈਪਟਨ ਰਤਨ ਸਿੰਘ ਨੇ ਕੋਈ ਰੂਟ ਪਰਮਿਟ ਨਹੀਂ ਲਿਆ ਹੋਇਆ ਤੁਹਾਡੇ ਹੀ ਲੀਡਰਾਂ ਨੇ ਲਏ ਹੋਏ ਹਨ । ਤੁਸੀਂ ਇਸ ਗਲ ਨੂੰ ਇਥੇ ਹੀ ਰਹਿਣ ਦਿਓ । (ਵਿਘਨ)

ਕਾਮਰੇਡ ਸੱਤ ਪਾਲ ਡਾਂਗ (ਅੰਮ੍ਰਿਤਸਰ ਪੱਛਮ): ਸਪੀਕਰ ਸਾਹਿਬ, ਅਸੀਂ ਨੋ-ਕੰਫੀਡੈਂਸ ਮੋਸ਼ਨ ਪੇਸ਼ ਕੀਤੀ, ਇਹ ਦੋਸਤ ਨਹੀਂ ਖੜੇ ਹੋਏ । ਇਨ੍ਹਾਂ ਦੀ ਨੋ-ਕੰਫੀਡੈਂਸ ਮੋਸ਼ਨ ਤੇ ਅਸੀਂ ਨਹੀਂ ਖੜੇ ਹੋਏ । ਇਹ ਸਿੰਬਾਲਿਕ ਹੈ ਇਸ ਗਲ ਦਾ ਕਿ ਇਹ ਸਰਕਾਰ ਜਿਸ ਵਿਚ ਸਾਨੂੰ ਵੀ ਨੋ-ਕੰਫੀਡੈਂਸ ਹੈ, ਇਨ੍ਹਾਂ ਨੂੰ ਵੀ ਨੋ-ਕੰਫੀਡੈਂਸ ਹੈ ਅਤੇ ਜਨਤਾ ਨੂੰ ਵੀ ਨੋ-ਕੰਫੀਡੈਂਸ ਹੈ । ਇਸ ਦੀ ਥਾਂ ਤੇ ਸਰਕਾਰ ਆਵੇ ਕਿਹੜੀ ? ਇਹ ਕੋਈ ਹੋਰ ਕਿਸਮ ਦੀ ਸਰਕਾਰ ਚਾਹੁੰਦੇ ਹਨ । ਅਸੀਂ ਕਿਸੇ ਹੋਰ ਕਿਸਮ ਦੀ ਸਰਕਾਰ ਚਾਹੁੰਦੇ ਹਾਂ । ਆਪਣੇ ਇਸ ਪੁਆਇੰਟ ਤੇ ਆਖ਼ਰ ਵਿਚ ਮੈਂ ਆਵਾਂਗਾ । ਕੈਪਟਨ ਸਾਹਿਬ ਨੇ ਮੈਨੂੰ ਕਿਹਾ ਸੀ ਕਿ ਸਾਨੂੰ ਨੋ-ਕੰਫੀਡੈਂਸ ਮੋਸ਼ਨ ਪੇਸ਼ ਨਹੀਂ ਕਰਨੀ ਚਾਹੀਦੀ । ਮੈਂ ਦਸਦਾ ਹਾਂ ਕਿ ਸਾਡੀ ਪਾਰਟੀ ਨੇ ਬੜੀ ਸੋਚ ਸਮਝ ਕੇ ਉਹ ਨੋ-ਕੰਫੀਡੈਂਸ ਮੋਸ਼ਨ ਪੇਸ਼ ਕੀਤੀ ਸੀ । ਸਾਡੀ ਇਹ ਰਾਏ ਹੈ ਕਿ ਅੱਜ ਪੰਜਾਬ ਅੱਰ ਹਿੰਦੁਸਤਾਨ ਦੇ ਮਿਹਨਤਕਸ਼ ਲੋਕਾਂ ਦੇ ਮਫਾਦ ਇਹ ਮੰਗ ਕਰਦੇ ਹਨ ਕਿ ਇਸ ਸਰਕਾਰ ਦੀ ਥਾਂ ਕੋਈ ਸਹੀ ਮਾਹਨਿਆਂ ਵਿੱਚ ਲੈਫਟਿਸਟ ਫੋਰਸਿਜ਼ ਦੀ ਅੱਰ ਇਨਕਲਾਬੀ ਸਰਕਾਰ ਆਉਣੀ ਚਾਹੀਦੀ ਹੈ ਅਤੇ ਇਹ ਸਰਕਾਰ ਜਾਣੀ ਚਾਹੀਦੀ ਹੈ ਅਤੇ ਨਵੀਂ ਸਰਕਾਰ ਆਉਣੀ ਚਾਹੀਦੀ ਹੈ, ਇਸ ਲਈ ਮੈਂ ਮੋਸ਼ਨ ਮੂਵ ਕੀਤੀ ਸੀ । ਇਥੇ, ਸਪੀਕਰ ਸਾਹਿਬ, ਜੰਤਾ ਦੀ ਕੀ ਹਾਲਤ ਹੈ ਮੈਂ ਇਸ ਦੀ ਤਫਸੀਲ ਵਿੱਚ ਨਹੀਂ ਜਾਣਾ ਚਾਹੁੰਦਾ, ਕਿਉਂਕਿ ਜਿੰਨੀਆਂ ਵੀ ਲੋੜ ਦੀਆਂ ਵਸਤਾਂ ਹਨ ਉਨ੍ਹਾਂ ਦੀਆਂ ਕੀਮਤਾਂ ਆਸਮਾਨ ਤੇ ਪੁਜ ਚੁਕੀਆਂ ਹਨ । ਖਾਣ ਪੀਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਹਨ, ਖਾਹ ਸਨਅਤ ਲਈ ਕੰਮ ਆਉਣ ਵਾਲਾ ਰਾਅ-ਮੈਟੀਰੀਅਲ ਹੈ, ਖਾਹ ਖੇਤੀਬਾੜੀ ਦੇ ਕੰਮ ਆਉਣ ਵਾਲਾ ਰਾ-ਮੈਟੀਰੀਅਲ ਹੈ ਉਨ੍ਹਾਂ ਦੀਆਂ ਕੀਮਤਾਂ ਆਸਮਾਨ ਵੱਲ ਜਾ ਰਹੀਆਂ ਹਨ । ਦੂਸਰਾ ਇਹ ਕਿ ਉਹ ਮਿਲਦੀਆਂ ਹੀ ਨਹੀਂ ਹਨ ਅਤੇ ਜੇ ਮਿਲਦੀਆਂ ਹਨ ਤਾਂ ਬਲੈਕ ਵਿੱਚ ਮਿਲਦੀਆਂ ਹਨ ਅਤੇ ਉਹ ਇਸ ਕਿਸਮ ਦੀਆਂ ਮਿਲਦੀਆਂ ਹਨ ਜੇ ਗੁਲੂਕੋਸ ਖਰੀਦ ਕੇ ਕੋਈ ਖਾ ਲਵੇ . . J . . (ਵਿਘਨ)

ਸ੍ਰੀ ਪਰਤਾਪ ਚੰਦ ਭੰਡਾਰੀ: * * *

Mr. Speaker: This is no point of order.

ਕਾਮਰੇਡ ਸੱਤ ਪਾਲ ਡਾਂਗ: ਮੈਂ ਅਰਜ਼ ਕਰ ਰਿਹਾ ਸੀ ਕਿ ਜੇ ਗੁਲੂਕੋਸ ਬਜ਼ਾਰੋਂ ਖਰੀਦ ਕੇ ਮਰੀਜ਼ ਖਾ ਲਵੇ ਤਾਂ ਮਰੀਜ਼ ਮਰ ਜਾਂਦਾ ਹੈ । ਜੇ ਕਰ ਖੇਤੀ ਬਾੜੀ ਲਈ ਕੋਈ

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਚੀਜ਼ ਖਰੀਦੀ ਜਾਵੇ ਤਾਂ ਖੇਤੀ ਨੂੰ ਨੁਕਸਾਨ ਪਹੁੰਚਦਾ ਹੈ ਅਤੇ ਜੇ ਕਰ ਸੱਨਅਤ ਲਈ ਜਿਹੜਾ ਕੱਚਾ ਮਾਲ ਚਾਹੀਦਾ ਹੈ ਅਗਰ ਉਹ ਲੈ ਲਵੋ ਤਾਂ ਸੱਨਅਤ ਦਾ ਨੁਕਸਾਨ ਹੋ ਜਾਂਦਾ ਹੈ ਅਤੇ ਸੱਨਅਤ ਖਤਮ ਹੋ ਜਾਂਦੀ ਹੈ । ਕੈਪਟਨ ਸਾਹਿਬ ਨੈ ਕਿਹਾ ਕਿ ਭਾਣਾ ਮੰਨਣਾ ਪਵੇਗਾ ਕਿ ਇਹ ਜਿਹੜੀਆਂ ਕੀਮਤਾਂ ਵਧੀਆਂ ਹਨ ਇਹ ਬੰਗਲਾ ਦੇਸ਼ ਦੀ ਲੜਾਈ ਦੇ ਕਾਰਣ ਵਧੀਆਂ ਹਨ । ਮੈਂ ਕਹਿੰਦਾ ਹਾਂ ਕਿ ਲੜਾਈਆਂ ਸਾਰੀ ਦੁਨੀਆਂ ਦੇ ਸੋਸ਼ਲਿਸਟ ਮੁਲਕਾਂ ਵਿਚ ਹੁੰਦੀਆਂ ਹਨ, ਪਰ ਇਥੇ ਸਰਕਾਰ ਬਲੈਕਮਾਰਕੀਟੀਆਂ ਨੂੰ, ਹੋਰਡਰਜ਼ ਨੂੰ, ਅਡਲਟਰੇਟਰਜ਼ ਨੂੰ ਅਤੇ ਇਨਫਲੇਸ਼ਨ ਨੂੰ ਚੈਕ ਹੀ ਨਹੀਂ ਕਰਦੀ । ਮੈਂ ਕੈਪਟਨ ਸਾਹਿਬ ਦਾ ਧਿਆਨ ਦਿਲਾਉਣਾ ਚਾਹੁੰਦਾ ਹਾਂ ਕਿ ਪਾਰਲੀਮੈਂਟ ਵਿਚ ਚਵਾਨ ਸਾਹਿਬ ਨੇ ਇਹ ਗਲ ਮੰਨੀ ਹੈ, ਇਨ੍ਹਾਂ ਲਈ ਭਾਵੇਂ ਕੜਵੀ ਹਕੀਕਤ ਹੋਵੇਗੀ, ਕਿ ਇਹ ਗਲ ਦਰੁਸਤ ਹੈ ਕਿ ਸੋਸ਼ਲਿਸਟ ਮੁਲਕਾਂ ਵਿਚ ਲੜਾਈਆਂ ਹੁੰਦੀਆਂ ਰਹੀਆਂ ਹਨ ਪਰ ਉਥੇ ਇੰਨੀਆਂ ਪ੍ਰਾਈਸਿਜ਼ ਲੋੜਾਂ ਦੀਆਂ ਵਸਤਾਂ ਦੀਆਂ ਵਧੀਆਂ ਨਹੀਂ । ਮੈਂ ਦਸਦਾ ਹਾਂ ਸੁਮਾਲੀ ਵਿਅਤਨਾਮ ਵਿੱਚ ਜਿਹੜੀ ਲੜਾਈ ਹੋਈ ਉਸ ਦੇ ਮੁਕਾਬਲੇ ਵਿਚ ਸਾਡੀ ਬੰਗਲਾ ਦੇਸ਼ ਦੀ ਲੜਾਈ ਪਾਕਿਸਤਾਨ ਨਾਲ ਕੁਝ ਵੀ ਨਹੀਂ । ਸੋਵੀਅਤ ਰੂਸ ਨੂੰ ਦੂਜੀ ਵੱਡੀ ਜੰਗ ਵਿਚ ਕਿੰਨੀਆਂ ਕੁਰਬਾਨੀਆਂ ਕਰਨੀਆਂ ਪਈਆਂ ਪਰ ਕਿਸੇ ਵੀ ਸੋਸ਼ਲਿਸਟ ਦੇਸ਼ ਵਿਚ ਲੋਕਾਂ ਦੀਆਂ ਲੋੜਾਂ ਦੀਆਂ ਵਸਤਾਂ ਦੀਆਂ ਕੀਮਤਾਂ ਪਿਛਲੇ 10-15 ਸਾਲਾਂ ਤੋਂ ਵੱਧੀਆਂ ਨਹੀਂ ਪੈਦਾਵਾਰ ਵਧੀ ਹੈ ਕੀਮਤਾਂ ਘਟੀਆਂ ਹਨ । ਲੋਕਾਂ ਦੀ ਆਮਦਨ ਵਧੀ ਹੈ ਉਨ੍ਹਾਂ ਦਾ ਮਿਆਰੇ-ਜ਼ਿੰਦਗੀ ਉਚਾ ਹੋਇਆ ਹੈ । ਇਸ ਕਰਕੇ, ਸਪੀਕਰ ਸਾਹਿਬ, ਮੈਂ ਕੈਪਟਨ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਚਾਹੇ ਬੰਗਲਾ ਦੇਸ਼ ਦੀ ਲੜਾਈ ਲੜੀ ਹੈ ਜਾਂ ਕਹਿਤ ਆਇਆ ਹੈ ਇਸ ਨਾਲ ਸਾਡੀ ਪੈਦਾਵਾਰ ਵਿਚ ਕੋਈ ਫ਼ਰਕ ਨਹੀਂ ਪਿਆ । ਜਿਥੋਂ ਤਕ ਸਾਡੇ ਦੇਸ਼ ਵਿੱਚ ਅਨਾਜ ਦੀ ਪੈਦਾਵਾਰ ਦਾ ਸੁਆਲ ਹੈ, ਅਨਾਜ ਦੀ ਪੈਦਾਵਾਰ ਅਗੇ ਨਾਲੋਂ ਵਧੀ ਹੈ । ਇਨ੍ਹਾਂ ਗਲਾਂ ਦਾ ਕਾਰਣ ਮਹਾਰਾਸ਼ਟਰ ਦਾ ਕਹਿਤ ਨਹੀਂ ਸਰਕਾਰ ਦੀਆਂ ਗਲਤ ਨੀਤੀਆਂ ਹਨ । ਇਨ੍ਹਾਂ ਗੱਲਾਂ ਦਾ ਕਾਰਣ ਸਰਕਾਰ ਦੀਆਂ ਬਲੈਕ ਮਾਰਕੀਟਿੰਗ ਦੀਆਂ, ਹੋਰਡਿੰਗ ਦੀਆਂ ਅਤੇ ਨਫ਼ੇ ਦੀ ਹਵਸ ਦੀਆਂ ਨੀਤੀਆਂ ਹਨ । ਟਾਟੇ, ਬਿਰਲੇ ਨਾਲ ਯਾਰੀਆਂ, ਲੱਖਾਂ ਪਤੀਆਂ, ਕਰੋੜਾਂ ਪਤੀਆਂ ਨਾਲ ਯਾਰੀਆਂ ਹਨ । ਸਪੀਕਰ ਸਾਹਿਬ, ਅਸੀਂ ਲੜੇ ਕਿ ਦੇਸ਼ ਦੀ ਅਨਾਜ ਦੀ ਪੈਦਾਵਾਰ ਸਰਕਾਰ ਆਪਣੇ ਹੱਥਾਂ ਵਿਚ ਲਵੇ ਅਤੇ ਲਾਗੂ ਕੀਤਾ ਵੀ ਪਰ ਉਹ ਪਾਲਿਸੀ ਸੈਬੋਟੇਜ ਹੋਈ ਕਾਂਗਰਸ ਪਾਰਟੀ ਦੇ ਅੰਦਰ ਅਤੇ ਬਾਹਰ ਇਸ ਨੂੰ ਸੈਬੋਟੇਜ ਕੀਤਾ ਗਿਆ । ਇਸ ਦੇ ਬਾਵਜੂਦ ਵੀ ਕਿਸੇ ਸਟੇਜ ਤੇ ਇਸ ਦੇ ਸਿਟੇ ਠੀਕ ਨਿਕਲਦੇ ਜੇ ਕਰ ਇਸ ਨੂੰ ਠੀਕ ਢੰਗ ਨਾਲ ਚਲਾਇਆ ਜਾਂਦਾ, ਪਰ ਉਹ ਨੀਤੀ ਛੱਡ ਦਿਤੀ ਗਈ ਅਤੇ ਜ਼ਖੀਰੇ ਬਾਜ਼ ਲੱਖਾਂਪਤੀ ਬਣ ਗਏ ਭਾਵੇਂ ਕਾਂਗਰਸ ਵਿਚ ਹਨ, ਭਾਵੇਂ ਕਿਸੇ ਹੋਰ ਪਾਰਟੀ ਵਿਚ ਬੈਠੇ ਹਨ ।

ਸਪੀਕਰ ਸਾਹਿਬ, ਅੱਜ ਮੇਰੇ ਇਕ ਅਨਸਟਾਰਡ ਸਵਾਲ ਦੇ ਜਵਾਬ ਵਿੱਚ ਇਹ ਕਿਹਾ ਗਿਆ ਹੈ ਕਿ ਪਿਛਲੇ ਸਾਲ 1973-74 ਦੇ ਵਿਚ ਉਸ ਪਾਲਿਸੀ ਨੂੰ, ਜਿਸ ਨੂੰ ਕਿ ਸੈਬੋਟੇਜ ਕੀਤਾ ਗਿਆ, ਇਸ ਦੇ ਬਾਵਜੂਦ ਅਪ੍ਰੈਲ, ਮਈ, ਜੂਨ ਅਤੇ ਜੁਲਾਈ, ਇਨ੍ਹਾਂ ਚਾਰ ਮਹੀਨਿਆਂ ਦੇ ਵਿਚ ਸਾਰੀਆਂ ਏਜੰਸੀਆਂ ਦੇ ਰਾਹੀਂ ਸਹਕਾਰ ਨੇ ਜਿਹੜੀ ਪ੍ਰੋਕਿਉਰਮੈਂਟ ਨੀਤੀ ਸੀ ਉਹ 25,93,457 ਟਨ ਸੀ । ਇਸ ਦੇ ਮੁਕਾਬਲੇ ਵਿਚ ਇਸ ਵਾਰੀ ਅਪ੍ਰੈਲ, ਮਈ, ਜੂਨ ਅਤੇ ਜੁਲਾਈ, ਇਨ੍ਹਾਂ ਚਾਰ ਮਹੀਨਿਆਂ ਵਿਚ 18,87,988 ਟਨ ਪ੍ਰੋਕਿਉਰਮੈਂਟ ਹੋਈ ਹੈ । ਕਹਿੰਦੇ ਹਨ ਕਿ ਇਸ ਵਾਰੀ ਪੈਦਾਵਾਰ ਵੱਧ ਹੋਈ ਹੈ । ਜੇ ਪੈਦਾਵਾਰ ਵੱਧ ਹੋਈ ਹੈ ਤਾਂ ਪ੍ਰੋਕਿਉਰਮੈਂਟ,

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਕਿਉਂ ਘੱਟ ਹੈ ? ਉਹ ਕਣਕ ਕਿਥੇ ਗਈ ? ਉਹ ਪਿੰਡਾਂ ਦੇ ਵੱਡੇ ਵੱਡੇ ਲੈਂਡਲਾਰਡਜ਼ ਕੋਲ ਪਈ ਹੈ ਅਤੇ ਸ਼ਹਿਰਾਂ ਦੇ ਲਾਲਿਆਂ ਕੋਲ ਪਈ ਹੈ ਅਤੇ ਉਨ੍ਹਾਂ ਜ਼ਖੀਰੇਬਾਜ਼ਾਂ ਕੋਲ ਪਈ ਹੈ ਜਿਨ੍ਹਾਂ ਦੇ ਕਹਿਣ ਤੇ ਠੀਕ ਨੀਤੀ ਨੂੰ ਪੁੱਠੇ ਪਾਸੇ ਬਦਲਿਆ ਜਾ ਰਿਹਾ ਹੈ । ਅੱਜ ਸਾਡੇ ਦੇਸ਼ ਵਿਚ ਅਨਾਜ ਕਿਥੇ ਗਿਆ ? ਇਹ ਸਾਰਾ ਬਲੈਕਮਾਰਿਕਟ ਵਿਚ ਗਿਆ ਹੈ । ਮਹਾਰਾਸ਼ਟਰ ਵਾਂਗ ਲੋਕ ਕਹਿੰਦੇ ਹਨ ਕਿ ਕਿਤੇ ਇਥੇ ਵੀ 3 ਰੁਪਏ ਕਿਲੋ ਦੇ ਹਿਸਾਬ ਨਾਲ ਆਟਾ ਨਾ ਵਿਕਣ ਲਗ ਪਏ । ਅਸਲੀਅਤ ਇਹ ਹੈ ਕਿ ਇਹ ਜ਼ਖੀਰੇਬਾਜ਼ਾਂ ਅਤੇ ਟਾਟਾ, ਬਿਰਲਿਆਂ ਦੇ ਯਾਰ ਹਨ । ਰੇਲਵੇ ਦੇ ਮਜ਼ਦੂਰਾਂ ਨੇ ਹੜਤਾਲ ਕੀਤੀ, ਪੁਰਅਮਨ ਹੜਤਾਲ ਕੀਤੀ । ਸਰਕਾਰ ਨੇ ਉਸਦਾ ਕੀ ਜਵਾਬ ਦਿੱਤਾ? ਜਿਸ ਤਰ੍ਹਾਂ ਦੁਸ਼ਮਣ ਦੇਸ਼ ਨੇ ਹਮਲਾ ਕੀਤਾ ਹੁੰਦਾ ਹੈ ਉਸੇ ਤਰ੍ਹਾਂ ਇਨ੍ਹਾਂ ਮੁਲਾਜ਼ਮਾਂ ਦਾ ਮੁਕਾਬਲਾ ਕੀਤਾ ਗਿਆ । ਇਕ ਵਿਦੇਸ਼ੀ ਫਰਮ, ਹਿੰਦੁਸਤਾਨ ਲੀਵਰਜ਼ ਲਿਮਟਿਡ ਵਾਲੇ ਬਨਸਪਤੀ ਘੀ ਬਣਾਉਂਦੇ ਹਨ, ਟਾਟਾ ਸਾਹਿਬ ਬਣਾਉਂਦੇ ਹਨ, ਸ਼੍ਰੀ ਰਾਮ, ਜਿਹੜੇ ਕਿ 75 ਅਮੀਰ ਘਰਾਣਿਆਂ ਵਿਚੋਂ ਹਨ ਉਹ ਦਿੱਲੀ ਵਿਚ ਬਨਸਪਤੀ ਘੀ ਬਣਾਉਂਦੇ ਹਨ । ਉਨ੍ਹਾਂ ਨੇ ਹੜ੍ਹਤਾਲ ਕੀਤੀ ਸੀ, ਐਲਾਨ ਕੀਤਾ ਸੀ ਕਿ 3 ਰੁਪਏ ਫੀ ਕਿਲੋ ਘੀ ਦਾ ਰੇਟ ਵਧਾਇਆ ਜਾਵੇ ਨਹੀਂ ਤਾਂ ਸਾਡੀਆਂ ਮਿਲਾਂ ਬੰਦ ਰਹਿਣਗੀਆਂ । ਉਨ੍ਹਾਂ ਦੇ ਉਤੇ ਡੀ.ਆਈ.ਆਰ ਅਤੇ ਮੇਨਟੇਨੈਂਸ ਆਫ ਇੰਟਰਨਲ ਸਕਿਉਰਿਟੀ ਐਕਟ ਕਿਉਂ ਨਹੀਂ ਲਾਗੂ ਕੀਤਾ ਗਿਆ ? ਉਨ੍ਹਾਂ ਨੂੰ ਸਰਕਾਰ ਨੇ ਆਪਣੇ ਹੱਥ ਵਿਚ ਲੈ ਕੇ ਕਿਉਂ ਨਹੀਂ ਚਲਾਇਆ ? ਇਹ ਕਹਿੰਦੇ ਹਨ ਕਿ ਉਹ ਤਾਂ ਗੌਰਮਿੰਟ ਆਫ ਇੰਡੀਆ ਦਾ ਕੰਮ ਸੀ । ਮੈਂ ਅੰਮ੍ਰਿਤਸਰ ਦੀ ਗਲ ਕਰਦਾ ਹਾਂ । ਇਹ ਤਾਂ ਪੰਜਾਬ ਵਿੱਚ ਹੈ । ਅੰਮ੍ਰਿਤਸਰ ਵਿੱਚ ਇਕ ਬਨਾਸਪਤੀ ਘੀ ਬਣਾਉਣ ਦਾ ਕਾਰਖਾਨਾ ਸਵਾ ਸਾਲ ਤੋਂ ਬੰਦ ਹੈ । ਕਿਉਂ ਨਹੀਂ ਸਰਕਾਰ ਐਕਸ਼ਨ ਲੈਂਦੀ ? ਬੜਾ ਰੌਲਾ ਪਾਉਣ ਦੇ ਬਾਅਦ ਅਤੇ ਐਜੀਟੇਸ਼ਨ ਕਰਨ ਦੇ ਬਾਅਦ, ਇਨ੍ਹਾਂ ਨੇ ਇਹ ਕਿਹਾ ਕਿ ਡੀ.ਆਈ.ਆਰ. ਦੇ ਹੇਠਾਂ ਇਸਨੂੰ ਚਲਾ ਦੇਵਾਂਗੇ, ਪਰ ਇਹ ਹੁਣ ਕਿਉਂ ਨਹੀਂ ਚਲਦੀ ? ਕਹਿੰਦੇ ਹਨ ਕਾਨੂੰਨੀ ਨੁਕਸ ਨਿਕਲ ਆਇਆ ਹੈ । ਆਰਡੀਨੈਂਸ ਕਿਉਂ ਨਹੀਂ ਕਹਦੇ, ਅਸੰਬਲੀ ਦੇ ਵਿਚ ਬਿਲ ਲਿਆ ਕੇ ਕਾਨੂੰਨ ਕਿਉਂ ਨਹੀਂ ਬਣਾਉਂਦੇ ? ਅੱਜ ਸਾਰਾ ਪੰਜਾਬ ਬਨਸਪਤੀ ਅਤੇ ਸੀਮਿੰਟ ਲਈ ਤਰਸਦਾ ਹੈ । ਇਸ ਦੇ ਵਿਚ ਪੰਜਾਬ ਸਰਕਾਰ ਦਾ ਕਸੂਰ ਹੈ । ਜੋ ਸੈਂਟਰ ਵਿਚ ਨੀਤੀ ਹੈ ਉਹੀ ਇਥੇ ਹੈ । ਉਨ੍ਹਾਂ ਵਾਂਗ ਸਰਮਾਇਦਾਰਾਂ ਅਤੇ ਜ਼ਖੀਰੇਬਾਜ਼ਾਂ ਨਾਲ ਇਨ੍ਹਾਂ ਦੀ ਯਾਰੀ ਹੈ । ਸਪੀਕਰ ਸਾਹਿਬ, ਜਿਸ ਤਰ੍ਹਾਂ ਮਜ਼ਦੂਰਾਂ ਦੀ ਯੂਨੀਅਨ ਦਾ ਇਕ ਤਿਰੰਗਾ ਹੈ, ਇਸੇ ਤਰ੍ਹਾਂ ਸਰਕਾਰ ਵੀ ਤਿਰੰਗੇ ਵਾਲੀ ਹੈ ਅਤੇ ਸਰਮਾਏਦਾਰ ਵੀ ਤਿਰੰਗੇ ਵਾਲੇ ਹਨ ਅਤੇ ਇਸੇ ਕਰਕੇ ਕਾਰਖਾਨੇ ਬੰਦ ਪਏ ਹਨ । ਇਸ ਲਈ ਹੀ ਕੀਮਤਾਂ ਇਨ੍ਹਾਂ ਚੀਜ਼ਾਂ ਦੀਆਂ ਵੱਧ ਰਹੀਆਂ ਹਨ । ਇਹ ਗਲਤ ਨੀਤੀ ਕਾਰਣ ਹੀ ਸੀਮਿੰਟ, ਫਰਟੇਲਾਈਜ਼ਰ ਅਤੇ ਹੋਰਨਾਂ ਚੀਜ਼ਾਂ ਦੀਆਂ ਕੀਮਤਾਂ ਦਿਨ ਬਦਿਨ ਵੱਧ ਰਹੀਆਂ ਹਨ ।

ਸਪੀਕਰ ਸਾਹਿਬ, ਇਸ ਤੋਂ ਇਲਾਵਾ ਇੱਕ ਹੋਰ ਕਾਰਣ ਵੀ ਹੈ । ਉਹ ਹੈ ਕਿ ਮਸ਼ੀਨਰੀ ਕੁਰੱਪਟ ਹੈ । ਨਿਰੀ ਮਸ਼ੀਨਰੀ ਹੀ ਕੁਰੱਪਟ ਨਹੀਂ, ਸਾਡੇ ਦੇਸ਼ ਵਿੱਚ ਇੱਕ ਨਵੀਂ ਕਲਾਸ ਪੈਦਾ ਹੋ ਗਈ ਹੈ, ਜਿਹੜੀ ਕਿ ਪਰਮਿਟ ਕੋਟੇ ਲੈ ਕੇ ਬਿਨਾਂ ਕਿਸੇ ਪ੍ਰੋਡਕਟਿਵ ਕੰਮ ਦੇ ਬਿਨਾਂ ਮਾਲ ਦੀ ਡਿਸਟਰੀਬਿਊਸ਼ਨ ਦੇ ਲੱਖਾਂ ਰੁਪਏ ਕੋਟੇ ਅਤੇ ਪਰਮਿਟ ਵੇਚ ਕੇ ਕਮਾਉਣਾ ਚਾਹੁੰਦੀ ਹੈ । ਉਨ੍ਹਾਂ ਦੇ ਯਾਰ ਇਸ ਸਰਕਾਰ ਵਿੱਚ ਵੀ ਬੈਠੇ ਹਨ । ਸਰਕਾਰੀ ਅੰਕੜਿਆਂ ਅਨਸਾਰ ਤਾਂ ਕੋਇਲਾ ਵੰਡਿਆ ਗਿਆ ਹੈ ਪਰ ਅੱਜ ਪੰਜਾਬ ਵਿੱਚ ਕੋਇਲਾ

Original with;
Punjab Vidhan Sabha
Digitized by;
Panjab Digital Library

ਇੰਡਸਟਰੀ ਨੂੰ ਮਿਲਦਾ ਨਹੀਂ ਹੈ । ਹਜ਼ਾਰਾਂ ਫੈਕਟਰੀਜ਼ ਕੋਇਲੇ ਦੀ ਕਮੀ ਕਾਰਣ ਬੰਦ ਹਨ ਅਤੇ ਹਜ਼ਾਰਾਂ ਮਜ਼ਦੂਰ ਇਸ ਲਈ ਬੇਕਾਰ ਫਿਰਦੇ ਹਨ । ਅੰਮ੍ਰਿਤਸਰ ਸ਼ਹਿਰ ਵਿਚ ਜਿਤਨਾ ਕੋਇਲਾ ਆਉਂਦਾ ਹੈ ਉਸ ਦਾ 60% ਬਲੈਕ ਵਿਚ ਵਿਕਦਾ ਹੈ। ਕਾਰਖਾਨੇ ਬੰਦ ਪਏ ਹਨ। ਜਿਸ ਦਾ ਕਾਰਖਾਨਾ ਹੈ ਉਸਨੂੰ ਕੋਇਲਾ ਮਿਲਦਾ ਨਹੀਂ । ਜਲੰਧਰ ਦੇ ਵਿਚ ਛਾਪੇ ਮਾਰੇ ਗਏ ਅਤੇ ਕਈ ਬੋਗਸ ਯੂਨਿਟਾਂ ਦੀ ਲਿਸਟ ਤਿਆਰ ਕੀਤੀ ਗਈ, ਸੈਂਕੜਿਆਂ ਦੀ ਤਾਦਾਦ ਵਿਚ ਐਸੀਆਂ ਯੂਨਿਟਾਂ ਹਨ, ਕਿਉਂ ਨਹੀਂ ਇਨ੍ਹਾਂ ਨੂੰ ਬੰਦ ਕਰਦੇ ? ਇਹ ਇਸ ਕਰਕੇ ਉਨ੍ਹਾਂ ਦੇ ਖਿਲਾਫ਼ ਐਕਸ਼ਨ ਨਹੀਂ ਲੈਂਦੇ ਕਿਉਂਕਿ ਉਨ੍ਹਾਂ ਦੇ ਇਹ ਨੁਮਾਇੰਦੇ ਹਨ, ਉਹ ਇਥੇ ਆਪ ਹੀ ਬੈਠੇ ਹਨ। ਇਸ ਕਾਰਣ ਹੀ ਮਹਿੰਗਾਈ ਹੈ। ਅੱਜ ਫਰਟੇਲਾਈਜ਼ਰ, ਖੰਡ ਅਤੇ ਬਨਸਪਤੀ ਦੀ ਕਿਉਂ ਕਮੀ ਹੈ ? ਪਹਿਲਾਂ ਇਨ੍ਹਾਂ ਦੀ ਟਾਟੇ ਅਤੇ ਬਿਰਲੇ ਨਾਲ ਯਾਰੀ ਹੈ, ਫਿਰ ਐਡਮਨਿਸਟਰੇਟਿਵ ਮਸ਼ੀਨਰੀ ਵਿਚ ਕੁਰੱਪਸ਼ਨ ਹੈ ਅਤੇ ਫਿਰ ਇਹ ਨਵੀਂ ਕਲਾਸ ਪੈਦਾ ਹੋ ਗਈ ਹੈ ਜਿਸ ਨਾਲ ਕਿ ਜਿਹੜੀ ਡਿਸਟਰੀਬਿਊਸ਼ਨ ਹੁੰਦੀ ਹੈ ਉਹ ਬੋਗਸ ਯੂਨਿਟਾਂ ਦੇ ਥਰੂ ਹੁੰਦੀ ਹੈ ਅਤੇ ਅਸਲੀਅਤ ਇਹ ਹੈ ਕਿ ਲੋਕਾਂ ਤਕ ਕੋਈ ਚੀਜ਼ ਨਹੀਂ ਪਹੁੰਚਦੀ । ਅੱਜ ਮਹਿੰਗਾਈ ਇਸ ਕਾਰਣ ਹੈ ਕਿ ਟਾਟਾ ਸਾਹਿਬ ਨੂੰ ਤਾਂ ਇਹ ਹੱਥ ਪਾਉਂਦੇ ਨਹੀਂ । ਇਥੇ ਪੰਜਾਬ ਸਰਕਾਰ ਕਹਿੰਦੀ ਹੈ ਕਿ ਜੋ ਕੁਝ ਹੋ ਰਿਹਾ ਹੈ ਠੀਕ ਹੋ ਰਿਹਾ ਹੈ । ਕੋਟਾ ਉਸਨੂੰ ਮਿਲਦਾ ਹੈ ਜਿਸਦਾ ਕਾਰਖਾਨਾ ਨਹੀਂ । ਜੇ ਕਾਰਖਾਨਾ ਹੈ ਵੀ ਤਾਂ ਉਹ ਨਫਾ ਕਮਾਉਣ ਦੀ ਖਾਤਰ ਮਾਲ ਪਾਕਿਸਤਾਨ ਨੂੰ ਸਮਗਲ ਕਰ ਦਿੰਦਾ ਹੈ ਕਿਉਂਕਿ ਉਸ ਨਾਲ ਨਫਾ ਜ਼ਿਆਦਾ ਹੁੰਦਾ ਹੈ । ਕਾਰਖਾਨਾ ਚਲਾ ਕੇ ਕੋਈ ਫਾਇਦਾ ਨਹੀਂ । ਇਸ ਨੀਤੀ ਦੀ ਜ਼ਿਮੇਂਵਾਰ ਇਹ ਸਰਕਾਰ ਵੀ ਹੈ । ਸਪੀਕਰ ਸਾਹਿਬ, ਜਿਸ ਤਰ੍ਹਾਂ ਸਰਮਾਇਦਾਰਾਂ ਦੀ ਸਰਕਾਰ ਸਰਮਾਇਦਾਰਾਂ ਨੂੰ ਕਦੇ ਖਤਮ ਨਹੀਂ ਕਰਨਾ ਚਾਹੁੰਦੀ ਇਸੇ ਤਰ੍ਹਾਂ ਜਿਸ ਨੂੰ ਕੀਮਤਾਂ ਦੇ ਜ਼ਿਆਦਾ ਹੋਣ ਵਿੱਚ ਲਾਭ ਹੈ, ਫ਼ਾਇਦਾ ਹੈ, ਅਗਰ ਉਨ੍ਹਾਂ ਦੀ ਸਰਕਾਰ ਹੋਵੇ ਅਤੇ ਸਰਕਾਰ ਉਨ੍ਹਾਂ ਦੇ ਕਹਿਣ ਤੇ ਚਲਦੀ ਹੋਵੇ ਤਾਂ ਫਿਰ ਕੀਮਤਾਂ ਕਿਸ ਤਰ੍ਹਾਂ ਘਟਣਗੀਆਂ। ਡੇਅਰੀ ਡਿਵੈਲਪਮੈਂਟ ਕਾਰਪੋਰੇਸ਼ਨ ਇੱਕ ਪਬਲਿਕ ਅੰਡਰਟੇਕਿੰਗ ਹੈ। ਇਸ ਦੇ ਵਿੱਚ ਬਹੁਤ ਅੰਨ੍ਹੀ ਖਈ ਹੋਈ ਹੈ। ਜੇ ਬਨਸਪਤੀ ਦੀਆਂ ਕੀਮਤਾਂ ਵੱਧ ਗਈਆਂ ਹਨ ਤਾਂ ਡੇਅਰੀ ਡਿਵੈਲਪਮੈਂਟ ਕਾਰਪੋਰੇਸ਼ਨ ਨੇ ਦੁੱਧ, ਘਿਉ ਅਤੇ ਮੱਖਣ ਦੀਆਂ ਕੀਮਤਾਂ ਵਧਾ ਦਿੱਤੀਆਂ ਹਨ । ਇਹ ਉਨ੍ਹਾਂ ਦੀ ਮਦਦ ਕੀਤੀ ਹੈ । ਤੁਹਾਡੇ ਸਾਹਮਣੇ ਇਹ ਪਬਲਿਕ ਅੰਡਰਟੇਕਿੰਗ ਹੈ ਅਤੇ ਇਹ ਇਸ ਦੀ ਨੀਤੀ ਹੈ । ਫਿਰ ਕੈਪਟਨ ਸਾਹਿਬ ਕਹਿੰਦੇ ਹਨ ਕਿ ਔਕੜ ਆਈ ਹੈ, ਇਸ ਦਾ ਰਲ ਕੇ ਮੁਕਾਬਲਾ ਕਰੀਏ । ਮੈਂ ਉਨ੍ਹਾਂ ਦੀ ਅਪੀਲ ਨੂੰ ਵਜ਼ਨ ਦਿੰਦਾ ਅਗਰ ਇਸ ਦੇ ਵਿਚ ਹਕੀਕਤ ਹੁੰਦੀ ਅਤੇ ਅਡਲਟਰੇਸ਼ਨ ਅਤੇ ਭੁੱਖ ਨੰਗ ਇਨ੍ਹਾਂ ਦੀ ਗਲਤ ਡਿਸਟਰੀਬਿਊਸ਼ਨ ਕਾਰਨ ਨਾ ਹੁੰਦੀ। ਡਿਸਟਰੀਬਿਊਸ਼ਨ ਠੀਕ ਨਹੀਂ ਹੈ । ਅਗਰ ਤੁਸੀਂ ਇਸ ਨੂੰ ਟੈਕਲ ਕਰਨਾ ਚਾਹੁੰਦੇ ਤਾਂ ਇਸ ਦਾ ਅਸਲ ਕਾਰਣ ਲੱਭਣ ਦੀ ਕੋਸ਼ਿਸ਼ ਕਰਦੇ । ਤੁਸੀਂ ਕਾਰਣ ਇਹ ਲੱਭਿਆ ਹੈ ਕਿ ਟਾਟਿਆਂ ਅਤੇ ਬਿਰਲਿਆਂ ਦੇ ਲਈ ਕੋਈ ਆਰਡੀਨੈਂਸ ਨਹੀਂ ਨਿਕਲਣਾ । ਉਨ੍ਹਾਂ ਦੀ ਆਮਦਨ ਉਤੇ ਕੋਈ ਹੱਦ ਨਹੀਂ ਲਗਾਉਣੀ । ਇਨਕਮ ਟੈਕਸ ਦਰਮਿਆਨੇ ਤਬਕੇ ਨੂੰ ਦੇਣਾ ਪੈਂਦਾ ਹੈ । 15000 ਰੁਪਏ ਦੀ ਆਮਦਨੀ ਤਕ ਛੋਟ ਦੇ ਦਿੱਤੀ ਹੈ । ਕਿਸੇ ਦੇ ਉਪਰ ਜ਼ਬਰੀ ਬੱਚਤ ਅਤੇ ਕਿਤੇ ਵੇਜ ਫਰੀਜ਼ ਕਰ ਦਿੱਤਾ ਹੈ । ਜਿਹੜਾ ਕਰਮਚਾਰੀ ਜਾਂ ਮਜ਼ਦੂਰ ਅੱਜ ਸਵਾ ਸੌ ਰੁਪਿਆ ਲੈਂਦਾ ਹੈ ਜਾਂ ਸਰਕਾਰ ਦਾ ਜਿਹੜਾ ਚਪੜਾਸੀ ਦੋ ਸੌ ਰੁਪਏ ਲੈਂਦਾ ਹੈ ਉਸ ਦੀ ਤਨਖਾਹ ਵਿੱਚ ਹੋਏ ਵਾਧੇ ਨੂੰ ਜ਼ਬਰੀ ਜਮ੍ਹਾਂ ਕੀਤਾ ਜਾਵੇਗਾ । ਜੇ ਮਜ਼ਦੂਰਾਂ ਨੇ ਕਾਰਖਾਨੇਦਾਰਾਂ ਨਾਲ ਲੜ ਕੇ ਜ਼ਿਆਦਾ ਬੋਨਸ ਲੈ ਲਿਆ ਤਾਂ ਉਸ ਦਾ ਵੀ ਅੱਧਾ ਹਿੱਸਾ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਜਮ੍ਹਾਂ ਕੀਤਾ ਜਾਵੇਗਾ । ਚਵਾਨ ਸਾਹਿਬ ਨੇ ਕਿਹਾ ਹੈ ਕਿ ਇਸ ਨਾਲ ਕੀਮਤਾਂ ਤੇ ਫਰਕ ਨਹੀਂ ਪੈਣਾ । ਜਿਸ ਵੇਲੇ ਸਰਮਾਇਦਾਰ ਦੇਸ਼ਾਂ ਵਿੱਚ, ਅਮਰੀਕਾ ਵਿੱਚ, ਫਰਾਂਸ ਵਿੱਚ ਟਾਟੇ ਅਤੇ ਬਿਰਲਿਆਂ ਦੇ ਕਹਿਣ ਤੇ ਕੀਮਤਾਂ ਵੱਧਣ, ਇਨਫਲੇਸ਼ਨ ਹੋਵੇ ਤਾਂ ਲੋਕਾਂ ਦੀਆਂ ਅੱਖਾਂ ਵਿੱਚ ਧੂੜ ਪਾਉਣ ਲਈ ਉਹ ਕਦਮ ਚੁਕੇ ਗਏ ਜਿਸ ਨਾਲ ਲੋਕ ਮਹੀ ਜਾਣ ਅਤੇ ਮਜ਼ਦੂਰ ਦੀ ਪਿੱਠ ਤੇ ਬੋਝ ਪਾ ਕੇ ਇਹ ਮਾਮਲੇ ਤੁਸੀਂ ਹੱਲ ਕਰਨਾ ਚਾਹੁੰਦੇ ਹੋ । ਬਜਾਏ ਮਹਿੰਗਾਈ ਦਾ, ਸ਼ਾਰਟੇਜਜ਼ ਦਾ, ਬਲੈਕ ਦਾ, ਹੋਰਡਿੰਗ ਅਤੇ ਕੁਰੱਪਸ਼ਨ ਦਾ ਕੋਈ ਇਲਾਜ ਕਰਨ ਦੇ, ਤੁਸੀਂ ਉਹ ਕੰਮ ਕਰ ਰਹੇ ਹੋ ਜਿਨ੍ਹਾਂ ਨਾਲ ਸਰਮਾਇਦਾਰਾਂ ਨੂੰ ਫਾਇਦਾ ਹੋਵੇ । ਉਹ ਕਹਿੰਦੇ ਹਨ ਕਿ ਮਜ਼ਦੂਰ ਰੌਲਾ ਪਾਉਂਦਾ ਹੈ ਇਸ ਲਈ ਉਸਨੂੰ ਤੰਗ ਕਰੋ ਅਤੇ ਇਸ ਤਰ੍ਹਾਂ ਦੇ ਰਾਹ ਲੱਭਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ । ਇਸ ਲਈ ਮੈਂ ਕਹਿੰਦਾ ਹਾਂ ਕਿ ਪੰਜਾਬ ਸਰਕਾਰ ਉਨ੍ਹਾਂ ਗਲਤ ਨੀਤੀਆਂ ਤੇ ਚਲ ਰਹੀ ਹੈ । ਪੰਜਾਬ ਵਾਲੇ ਕਹਿੰਦੇ ਹਨ ਕਿ ਮੈਂ ਹਿੰਦੁਸਤਾਨ ਦੀਆਂ ਗੱਲਾਂ ਕਰਦਾ ਹਾਂ । ਪਰ ਮੈਂ ਪੰਜਾਬ ਦੀ ਗਲ ਕਰਦਾ ਹਾਂ । ਅੱਜ ਆਟੇ ਦੀ ਵੰਡ ਕਿਸ ਤਰ੍ਹਾਂ ਹੋ ਰਹੀ ਹੈ ? ਇੱਕ ਡਿਪੂ ਤੇ ਕਹਿੰਦੇ ਹਨ ਕਿ ਪੰਜ ਸੌ ਕਾਰਡਾਂ ਤੋਂ ਜ਼ਿਆਦਾ ਨਹੀਂ ਰਖਣੇ । ਪਰ ਮੈਂ ਇੱਕ ਨਹੀਂ, ਦੋ ਨਹੀਂ ਇਕਲੇ ਅੰਮ੍ਰਿਤਸਰ ਵਿਚ ਦਰਜਨਾਂ ਡਿਪੂ ਦਸ ਸਕਦਾ ਹਾਂ ਜਿਹੜੇ ਬਲੈਕ ਵਿਚ ਫੜੇ ਗਏ ਅਤੇ ਸਸਪੈਂਡ ਹੋਏ । ਪਰ ਇਸਦੇ ਬਾਵਜੂਦ ਉਨ੍ਹਾਂ ਨੂੰ ਤਿੰਨ ਤਿੰਨ ਚਾਰ ਚਾਰ ਹੋਰ ਡਿਪੂ ਦਿੱਤੇ ਗਏ ਹਨ । ਇਹ ਤੁਹਾਡੀ ਐਡਮਨਿਸਟਰੇਟਿਵ ਮਸ਼ੀਨਰੀ ਦਾ ਹਾਲ ਹੈ । ਕਾਂਗਰਸ ਪਾਰਟੀ ਵਿਚ ਕਿਸ ਤਰ੍ਹਾਂ ਕੁਰੱਪਸ਼ਨ ਵੱਧ ਰਹੀ ਹੈ ? ਜਿਹੜੇ ਬਲੈਕ ਕਰਦੇ ਫੜੇ ਜਾਂਦੇ ਹਨ ਉਹ ਕਾਂਗਰਸੀ ਐਮ.ਐਲ.ਏ, ਨੂੰ ਨਾਲ ਲੈ ਕੇ ਤੁਰ ਜਾਂਦੇ ਹਨ ਅਤੇ ਟੈਲੀਫੋਨ ਉਪਰੋਂ ਚਲੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਕੋਈ ਐਕਸ਼ਨ ਹੋਣ ਦੇ ਬਜਾਏ ਚਾਰ ਚਾਰ ਡਿਪੂ ਹੋਰ ਦਿੱਤੇ ਜਾਂਦੇ ਹਨ । ਅੱਜ ਜਿਹੜੀ ਮਹਿੰਗਾਈ ਹੈ, ਅੱਜ ਜਿਹੜੀ ਹੋਰਡਿੰਗ ਹੋ ਰਹੀ ਹੈ, ਅੱਜ ਜਿਹੜੀ ਅਡਲਟਰੇਸ਼ਨ ਹੋ ਰਹੀ ਹੈ ਅਤੇ ਜਿਹੜੀ ਬਲੈਕ ਹੋ ਰਹੀ ਹੈ, ਇਸ ਦੇ ਪਿੱਛੇ ਜਿਹੜਾ ਕਾਰਣ ਹੈ ਉਹ ਹੈ ਨਫਾ । ਨਫੇਖੋਰਾਂ ਨਾਲ ਇਨ੍ਹਾਂ ਦੀ ਯਾਰੀ ਹੈ । ਇਸ ਦੇ ਲਈ ਪੰਜਾਬ ਦੀ ਸਰਕਾਰ ਅਤੇ ਹਿੰਦੁਸਤਾਨ ਦੀ ਸਰਕਾਰ ਜ਼ਿਮੇਂਵਾਰ ਹੈ । ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਸ ਗਲ ਨੂੰ ਛੇਤੀ ਹੀ ਠੀਕ ਕੀਤਾ ਜਾਵੇ ।

ਇਥੇ ਬਾਦਲ ਸਾਹਿਬ ਨੇ ਇੱਕ ਗਲ ਦਾ ਜ਼ਿਕਰ ਨਹੀਂ ਕੀਤਾ । ਐਲਾਨ ਸਰਕਾਰ ਨੇ ਕੀਤਾ ਸੀ ਕਿ ਅਗਸਤ, 1973 ਤਕ ਸੀਲਿੰਗ ਐਕਟ ਦੇ ਹੇਠਾਂ ਜਿਹੜੀ ਜ਼ਮੀਨ ਫਾਲਤੂ ਨਿਕਲੇਗੀ ਉਹ ਲੋਕਾਂ ਵਿਚ ਵੰਡ ਦਿੱਤੀ ਜਾਵੇਗੀ, ਹਰੀਜਨਾਂ ਨੂੰ, ਗਰੀਬ ਕਿਸਾਨਾਂ ਨੂੰ ਦਿੱਤੀ ਜਾਵੇਗੀ ਪਰ ਇਸ ਦਾ ਸਿੱਟਾ ਕੀ ਨਿਕਲਿਆ ਹੈ ? 15 ਅਗਸਤ, 1973 ਨਿਕਲ ਗਿਆ ਹੁਣ 15 ਅਗਸਤ 1974 ਆਉਣ ਵਾਲਾ ਹੈ । ਸਪੀਕਰ ਸਾਹਿਬ, ਜਿਹੜਾ ਉਹ ਸੀਲਿੰਗ ਐਕਟ ਇਸ ਸਰਕਾਰ ਨੇ ਪਾਸ ਕੀਤਾ ਸੀ ਉਹ ਬੜਾ ਡਿਫੈਕਟਿਵ ਸੀ । ਉਸ ਦੇ ਵਿੱਚ ਕੁਝ ਵੀ ਨਹੀਂ ਸੀ । ਜਿਹੜੀਆਂ ਪੌਜ਼ਿਟਿਵ ਕਲਾਜ਼ਾਂ ਸਨ, ਜਿਨ੍ਹਾਂ ਨਾਲ ਸਰਪਲਸ ਜ਼ਮੀਨ ਨਿਕਲਣੀ ਸੀ ਅਤੇ ਉਹ ਵੰਡੀ ਜਾ ਸਕਦੀ ਸੀ ਉਨ੍ਹਾਂ ਨੂੰ ਸੈਬੋਟੇਜ ਕੀਤਾ ਜਾ ਰਿਹਾ ਹੈ ਕਿਉਂਕਿ ਇਨ੍ਹਾਂ ਤੇ ਲੈਂਡਲਾਰਡਜ਼ ਦਾ ਉਤੋਂ ਹੀ ਨਹੀਂ ਬਲਕਿ ਅੰਦਰੋਂ ਵੀ ਬੜਾ ਜ਼ੋਰ ਹੈ । ਹਾਈ ਕੋਰਟ ਨੇ ਇਹ ਰਿਜੈਕਟ ਕਰ ਦਿੱਤਾ । ਜੇਕਰ ਫੈਮਿਲੀ ਦੀ ਡੈਫੀਨੀਸ਼ਨ ਨੂੰ ਠੀਕ ਤਰ੍ਹਾਂ ਡਿਫਾਈਨ ਕੀਤਾ ਜਾਂਦਾ ਤਾਂ ਇਹ ਚੀਜ਼ ਨਹੀਂ ਸੀ ਹੋਣੀ । ਇਹ ਕਹਿੰਦੇ ਹਨ ਕਿ ਸਪਰੀਮ ਕੋਰਟ ਵਿਚ ਇਸ ਨੂੰ ਦੋ ਸਾਲ ਲੱਗ ਜਾਣਗੇ ਅਤੇ ਫਿਰ ਇਸਨੂੰ ਦੇਖ ਲੁਵਾਂਗੇ ।

Original with;
Punjab Vidhan Sabha
Digitized by;
Panjab Digital Library

ਹਾਈਕੋਰਟ ਦੇ ਫੈਸਲੇ ਦੇ ਬਾਵਜੂਦ ਜਿਹੜੀ ਜ਼ਮੀਨ ਵੰਡੀ ਜਾ ਸਕਦੀ ਹੈ 31 ਦਸੰਬਰ, 1972 ਵਿੱਚ ਪੁਰਾਣੇ ਕਾਨੂੰਨਾਂ ਦੇ ਮੁਤਾਬਿਕ ਉਹ 60,068 ਏਕੜ ਸੀ । ਇਹ ਇਮੀਜੀਏਟ ਡਿਸਟਰੀਬਿਊਸ਼ਨ ਲਈ ਅਵੇਲੇਬਲ ਸੀ । 35,358 ਏਕੜ ਅੰਡਰ ਲਿਟੀਗੇਸ਼ਨ ਸੀ । ਇਸ 35 ਹਜ਼ਾਰ ਵਿਚੋਂ ਕਿਤਨੀ ਵੰਡੀ ਗਈ ? ਅਫਸਰਾਂ ਨੇ ਭਾਵੇਂ ਕਾਗਜ਼ਾਂ ਵਿੱਚ ਲਿਖ ਦਿੱਤਾ ਹੋਵੇ ਕਿ ਫਲਾਣੇ ਫਲਾਣੇ ਆਦਮੀ ਨੂੰ ਫਲਾਨੀ ਫਲਾਨੀ ਥਾਂ ਜ਼ਮੀਨ ਦਿੱਤੀ ਹੈ । ਪਰ ਸਾਡੇ ਪੰਜਾਬ ਵਿੱਚ ਇੱਕ ਏਕੜ ਜ਼ਮੀਨ ਵੀ ਜਿਹੜੀ ਕਿ ਇਸ ਐਕਟ ਦੇ ਹੇਠਾਂ ਜਾਂ ਪੁਰਾਣੇ ਕਾਨੂੰਨਾਂ ਦੇ ਮੁਤਾਬਿਕ ਨਿਕਲਦੀ ਸੀ, ਨਹੀਂ ਵੰਡੀ ਗਈ, ਕਰਜ਼ਾ ਨਹੀਂ ਦਿੱਤਾ । ਕਾਗਜ਼ਾਂ ਵਿਚ ਭਾਵੇਂ ਕੁਝ ਵੀ ਕੀਤਾ ਗਿਆ ਹੋਵੇ ਪਰ ਐਕਚੁਅਲ ਅਮਲ ਵਿੱਚ ਇਸ ਨੂੰ ਸੈਬੋਟੇਜ ਕੀਤਾ ਗਿਆ ਹੈ ।

ਸਪੀਕਰ ਸਾਹਿਬ, ਰੈਡੀਕਲ ਐਗਰੇਰੀਅਨ ਰੀਫਾਰਮਜ਼ ਦਾ ਬੜਾ ਰੌਲਾ ਸੀ । ਇਸ ਬਾਰੇ ਜਿਹੜਾ ਮਾੜਾ ਮੋਟਾ ਪੱਖ ਸੀ ਉਸ ਨੂੰ ਅਮਲ ਵਿੱਚ ਨਹੀਂ ਲਿਆਂਦਾ ਗਿਆ । ਉਸ ਨੂੰ ਸੈਬੋਟੇਜ ਕੀਤਾ ਗਿਆ ਹੈ । ਜਿਹੜਾ ਮੁਜ਼ਾਰਾ ਅਬੋਹਰ ਔਰ ਫਾਜ਼ਿਲਕਾ ਵਿੱਚ ਬੈਠਾ ਹੋਇਆ ਹੈ ਉਥੇ ਦੇ ਜਾਗੀਰਦਾਰ, ਲੈਂਡ ਲਾਰਡ ਪੁਲੀਸ ਦੇ ਅਫਸਰਾਂ ਨੂੰ ਨਾਲ ਲੈ ਕੇ ਉਸ ਦੀ ਇਵੈਕਸ਼ਨ ਕਰ ਰਹੇ ਹਨ । ਸਰਕਾਰ ਉਨ੍ਹਾਂ ਮੁਜ਼ਾਰਿਆਂ ਦੇ ਹੱਕ ਵਿੱਚ ਨਹੀਂ ਉਹ ਤਾਂ ਲੈਂਡ ਲਾਰਡਾਂ ਦੇ ਹੱਕ ਵਿੱਚ ਹੈ । ਇਸ ਕਾਨੂੰਨ ਦੇ ਹੇਠ ਮੈਂ ਚਾਰਜ ਕਰਦਾ ਹਾਂ ਕਿ ਰੈਵੇਨਿਊ ਮਨਿਸਟਰ ਸਾਹਿਬ ਆਪਣੀ ਪਾਰਟੀ ਦੇ ਲੈਂਡ ਲਾਰਡਾਂ ਔਰ ਇਸ (ਅਕਾਲੀ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਪਾਰਟੀ ਦੇ ਲੈਂਡ ਲਾਰਡਾਂ ਦੇ ਪ੍ਰੈਸ਼ਰ ਹੇਠਾਂ ਉਸ ਨੂੰ ਸੈਬੋਟੇਜ ਕਰ ਰਹੇ ਹਨ ।

ਸ਼ਰਮਾ ਸਾਹਿਬ ਨੇ ਕਿਹਾ ਸੀ ਕਿ ਅਸੀਂ ਐਗਰੀਕਲਚਰ ਲੇਬਰ ਲਈ ਤਨਖਾਹਾਂ ਮੁਕੱਰਰ ਕਰ ਦਿਤੀਆਂ ਹਨ । ਐਗਰੀਕਲਚਰ ਲੇਬਰ ਲਈ ਤਨਖਾਹਾਂ ਜਿਤਨੀਆਂ ਸਨ ਉਨ੍ਹਾਂ ਨੂੰ ਲਾਗੂ ਕਰਨ ਲਈ ਮਸ਼ੀਨਰੀ ਨਹੀਂ ਹੈ। ਜੇਕਰ ਕੋਈ ਐਗਰੀਕਲਚਰ ਲੇਬਰ ਜਾਇਜ਼ ਤਨਖਾਹ ਮੰਗਦਾ ਹੈ ਤਾਂ ਉਸ ਦਾ ਬਾਈਕਾਟ ਹੁੰਦਾ ਹੈ। ਮੈਂ ਇਨ੍ਹਾਂ ਨੂੰ ਸੁਝਾਓ ਦਿਤਾ ਸੀ ਕਿ ਕਿਉਂ ਨਾ ਬਾਈਕਾਟ ਨੂੰ ਕਾਗਨੀਜ਼ੇਬਲ ਔਫੈਂਸ ਡਿਕਲੇਅਰ ਕੀਤਾ ਜਾਵੇ । ਦਰਅਸਲ ਇਨ੍ਹਾਂ ਦੀ ਨੀਯਤ ਹੀ ਲਾਗੂ ਕਰਨ ਦੀ ਨਹੀਂ ਹੈ । ਇਸ ਲਈ ਅਮਲ ਦੂਜਿਆਂ ਦੇ ਕਹਿਣ ਉਤੇ ਹੋਣਾ ਹੈ । ਜੇਕਰ ਘੱਟੋ ਘੱਟ ਤਨਖਾਹ ਮੁੱਕਰਰ ਕੀਤੀ ਹੈ ਤਾਂ ਕੀ ਉਸ ਨੂੰ ਲਾਗੂ ਕਰਨਾ ਸਰਕਾਰ ਦਾ ਫਰਜ਼ ਨਹੀਂ ਹੈ ? ਜਦੋਂ ਅਸੀਂ ਪੁਛਿਆ ਕਿ ਸਰਕਾਰ ਦੇ ਸੀਡ ਫਾਰਮਾਂ ਬਾਰੇ ਕੀ ਪੁਜ਼ੀਸ਼ਨ ਹੈ ਤਾਂ ਸਰਕਾਰ ਦਾ ਇਕ ਜਵਾਬ ਆਇਆ ਕਿ ਇਹ ਮਿਨੀਮਮ ਵੇਜਿਜ਼ ਮੁਕੱਰਰ ਹਨ ਉਸ ਦੇ ਨਾਲ ਤਿੰਨ ਚਾਰ ਕੰਪਲੀਕੇਸ਼ਨਜ਼ ਹੋਣਗੀਆਂ । ਕਿਉਂ ਨਾ ਸਰਕਾਰ ਸੀਡ ਫਾਰਮਾਂ ਵਿੱਚ ਇਸ ਚੀਜ਼ ਨੂੰ ਲਾਗੂ ਕਰੇ । ਪਰ ਸਰਕਾਰ ਨੇ ਤਾਂ ਰੌਲਾ ਪਾਉਣ ਲਈ ਹੀ ਨੋਟੀਫੀਕੇਸ਼ਨ ਕੀਤੀ, ਇਹ ਲਾਗੂ ਕਰਨ ਲਈ ਨਹੀਂ ਹੈ। ਸਪੀਕਰ ਸਾਹਿਬ, ਮੈਂ ਸਵੇਰੇ ਹੀ ਕਿਹਾ ਸੀ ਕਿ ਪੈਦਾਵਾਰ ਜੇਕਰ ਵਧਾਉਣੀ ਹੈ ਤਾਂ ਇਸ ਤਰ੍ਹਾਂ ਨਹੀਂ ਵਧ ਸਕਦੀ, ਜਿਸ ਤਰ੍ਹਾਂ ਇਹ ਸਰਕਾਰ ਵਧਾਉਂਦੀ ਹੈ । ਦਸ ਤਾਰੀਖ ਨੂੰ ਪ੍ਰਧਾਨ ਮੰਤਰੀ ਇਥੇ ਆ ਰਹੇ ਹਨ । ਉਹ ਪ੍ਰੋਡਕਸ਼ਨ ਵਧਾਉਣ ਬਾਰੇ ਮਨਿਸਟਰੀ ਨਾਲ ਗਲ ਬਾਤ ਕਰਨਗੇ । ਉਹ ਇਥੇ ਆ ਕੇ ਡਿਸਕਸ ਕਰਨਗੇ । ਪੈਦਾਵਾਰ ਜੇਕਰ ਵਧਾਉਣੀ ਹੈ ਤਾਂ ਇਨ੍ਹਾਂ ਨੂੰ ਆਪਣੀਆਂ ਨੀਤੀਆਂ ਨੂੰ ਬਦਲਣ ਦੀ ਲੋੜ ਹੈ, ਨੀਤੀਆਂ ਨੂੰ ਠੀਕ ਕਰਨ ਦੀ ਲੋੜ ਹੈ । ਜੇਕਰ ਨੀਤੀ ਇਹੋ ਹੀ ਰਹਿਣੀ ਹੈ ਤਾਂ ਪੈਦਾਵਾਰ ਵਿੱਚ ਸੁਧਾਰ ਨਹੀਂ ਹੋ ਸਕਦਾ ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਮੈਂ ਇਕ ਮਿਸਾਲ ਇਨ੍ਹਾਂ ਦੀ ਨੀਤੀ ਦੀ ਦਿੰਦਾ ਹਾਂ । ਇਕ ਹਰੀਜਨ ਨੌਜਵਾਨ ਨੇ ਇਕ ਲੜਕੀ, ਜਿਹੜੀ ਕਿ ਨਾਨ-ਹਰੀਜਨ ਹੈ, ਨਾਲ ਸ਼ਾਦੀ ਕੀਤੀ । ਪਰ ਇਸ ਸਰਕਾਰ ਦੇ ਇਕ ਮਨਿਸਟਰ ਨੇ ਉਥੇ ਦੀ ਮੈਨੇਜਿੰਗ ਕਮੇਟੀ ਦੀ ਮੱਦਦ ਕੀਤੀ । ਇਸ ਤਰ੍ਹਾਂ ਹੀ ਇਕ ਹੋਰ ਮਿਸਾਲ ਦਿੰਦਾ ਹਾਂ । ਇਕ ਹਿੰਦੂ ਲੜਕੇ ਨੇ ਹਰੀਜਨ ਲੜਕੀ ਨਾਲ ਸ਼ਾਦੀ ਕਰ ਲਈ । ਪਰ ਉਨ੍ਹਾਂ ਨੂੰ ਜੁਦਾ ਜੁਦਾ ਕਰ ਦਿਤਾ ਗਿਆ । ਉਨ੍ਹਾਂ ਨੇ ਉਨ੍ਹਾਂ ਵਿਚਾਰਿਆਂ ਨੂੰ ਸੈਪਰੇਟ ਕਰ ਦਿਤਾ । ਮੈਨੂੰ ਪਤਾ ਨਹੀਂ ਲਗਦਾ ਕਿ ਸਰਕਾਰ ਦੀ ਨੀਤੀ ਕਿਤਨੀ ਕੁ ਹਰੀਜਨਾਂ ਦੇ ਹੱਕ ਵਿੱਚ ਹੈ ।

(ਇਸ ਸਮੇਂ ਪੈਨਲ ਆਫ ਚੇਅਰਮੈਨ ਦੇ ਮੈਂਬਰ, ਕੈਪਟਨ ਰਤਨ ਸਿੰਘ ਨੇ ਸਭਾਪਤੀ ਦੀ ਕੁਰਸੀ ਸੰਭਾਲੀ)

ਚੇਅਰਮੈਨ ਸਾਹਿਬ, ਤੁਸੀਂ ਇਹ ਵੀ ਛੱਡੋ, ਟੈਕਸਾਂ ਦੀ ਗਲ ਬਾਦਲ ਸਾਹਿਬ ਨੇ ਵੀ ਕੀਤੀ ਹੈ । ਮੈਂ ਟੈਕਸਾਂ ਦੇ ਖਿਲਾਫ ਨਹੀਂ ਹਾਂ, ਔਰ ਨਾ ਹੀ ਕੋਈ ਖਿਲਾਫ ਹੋ ਸਕਦਾ ਹੈ । ਪਰ ਵੇਖਣਾ ਇਹ ਹੁੰਦਾ ਹੈ ਕਿ ਟੈਕਸ ਕਿਸ ਕਿਸਮ ਦੇ ਹੋਣ ਅਤੇ ਕਿਸ ਉਪਰ ਟੈਕਸ ਲਗਣ । ਮੈਂ ਇਨ੍ਹਾਂ ਨੂੰ ਪੁੱਛਦਾ ਹਾਂ ਕਿ ਇਨ੍ਹਾਂ ਨੇ ਬੱਸਾਂ ਦੇ ਕਿਰਾਏ ਵਧਾ ਦਿਤੇ ਪਰ ਕੀ ਆਰਡੇਨਰੀ ਬੱਸਾਂ ਉਤੇ ਅਮੀਰ ਲੋਕ ਜਾਂਦੇ ਹਨ ? ਅਮੀਰ ਲੋਕ ਤਾਂ ਆਪਣੀਆਂ ਕਾਰਾਂ ਤੇ ਜਾਂਦੇ ਹਨ ਫਿਰ ਕਹਿੰਦੇ ਹਨ ਕਿ ਟੈਕਸਾਂ ਦਾ ਭਾਰ ਗਰੀਬਾਂ ਤੇ ਨਹੀਂ ਪਵੇਗਾ । ਮੈਂ ਕਹਿੰਦਾ ਹਾਂ ਕਿ ਜਿਹੜੇ ਕਿਰਾਏ ਵਧੇ ਹਨ ਇਨ੍ਹਾਂ ਦਾ ਬੋਝ ਗਰੀਬਾਂ ਤੇ ਪੈਣਾ ਹੈ । ਇਨ੍ਹਾਂ ਨੇ ਤਾਂ ਲੋਕਲ ਬੱਸਾਂ ਵੀ ਨਹੀਂ ਛੱਡੀਆਂ । ਅੰਮ੍ਰਿਤਸਰ, ਲੁਧਿਆਣਾ, ਜਲੰਧਰ ਵਰਗੇ ਸ਼ਹਿਰਾਂ ਵਿੱਚ ਮਜ਼ਦੂਰ ਆਪਣਾ ਕੰਮ ਕਰਨ ਫੈਕਟਰੀਆਂ ਵਿੱਚ ਜਾਂਦੇ ਹਨ । ਪਹਿਲਾਂ ਉਹ ਪੰਦਰਾਂ ਪੈਸੇ ਦੇ ਕੇ ਚਲੇ ਜਾਂਦੇ ਸਨ ਪਰ ਇਨ੍ਹਾਂ ਨੇ ਉਹ ਬੱਸਾਂ ਵੀ ਨਹੀਂ ਛੱਡੀਆਂ । ਉਹ ਕਿਰਾਏ ਵੀ ਵੱਧਾ ਦਿਤੇ ।

ਇਸ ਤਰ੍ਹਾਂ ਹੀ ਐਂਟਰਟੇਨਮੈਂਟ ਟੈਕਸ ਹੈ । ਗੈਲਰੀਆਂ ਵਾਲਿਆਂ ਉਪਰ ਟੈਕਸ ਲਗਦਾ ਤਾਂ ਸਮਝ ਆ ਸਕਦੀ ਸੀ ਪਰ ਇਨ੍ਹਾਂ ਨੇ ਥਰਡ ਕਲਾਸ ਵੀ ਨਹੀਂ ਛੱਡੀ । ਉਹ ਛੱਡ ਦਿੰਦੇ ਤਾਂ ਠੀਕ ਸੀ ਪਰ ਇਨ੍ਹਾਂ ਨੇ ਤਾਂ ਉਹ ਵੀ ਟੈਕਸ ਵੱਧਾ ਦਿਤਾ । ਇਸ ਦਾ ਬੋਝ ਗਰੀਬਾਂ ਤੇ ਹੀ ਪਿਆ ਹੈ ਔਰ ਗਰੀਬਾਂ ਦਾ ਇਕ ਇਹ ਹੀ ਐਂਟਰਟੇਨਮੈਂਟ ਦਾ ਸਾਧਨ ਸੀ । ਜਿਹੜੀ ਤੁਸੀਂ ਨੀਤੀ ਬਣਾਈ ਹੈ ਕਿਸਾਨਾਂ ਉਤੇ ਟੈਕਸ ਲਗਾਉਣ ਦੀ ਉਸ ਬਾਰੇ ਵੀ ਮੈਂ ਪੁੱਛਦਾ ਹਾਂ ਕਿ ਰਾਜ ਕਮੇਟੀ ਦੀ ਰਿਪੋਰਟ ਨੂੰ ਸੈਬੋਟੇਜ ਕਰਕੇ ਐਲਾਨੀਆਂ ਕਿਹਾ ਗਿਆ ਕਿ ਇਸ ਨੂੰ ਲਾਗੂ ਨਹੀਂ ਕੀਤਾ ਜਾਵੇਗਾ ।

ਜਿਹੜਾ ਤੁਸੀਂ ਆਖਿਆ ਹੈ ਕਿ ਆਬਿਆਨਾ ਵੱਧਾ ਦਿਤਾ ਹੈ ਉਸ ਦੇ ਬਾਰੇ ਵੀ ਮੈਂ ਅੰਕੜੇ ਇਕੱਠੇ ਕੀਤੇ ਹਨ । 50 ਰੁਪਏ ਦੇ ਕਰੀਬ ਜਿਹੜਾ ਮਾਲੀਆ ਦਿੰਦਾ ਹੈ ਉਸ ਦੇ ਉਪਰ ਜੋ ਬੋਝ ਪਿਆ ਹੈ ਉਹ ਹੈ 106.5% । ਜਿਹੜਾ 20 ਰੁਪਏ ਦਿੰਦਾ ਹੈ ਉਸ ਤੇ 80% ਤੇ ਜਿਹੜਾ 500 ਰੁਪਏ ਬੇਸਿਕ ਰੈਵੇਨਿਊ ਦਿੰਦਾ ਹੈ ਉਹਦੇ ਉਪਰ 88% ਪਿਆ ਹੈ । ਇਸ ਦਾ ਮਤਲਬ ਤਾਂ ਇਹ ਹੈ ਕਿ ਜਿਹੜਾ ਸਾਰਿਆਂ ਨਾਲੋਂ ਤਕੜਾ ਹੈ, ਜਿਹੜਾ ਸਾਰਿਆਂ ਤੋਂ ਵੱਧ ਮਾਲੀਆ ਦਿੰਦਾ ਹੈ ਉਸ ਦੇ ਉਪਰ ਤਨਾਸਿਬ ਦੇ ਹਿਸਾਬ ਨਾਲ ਘਟ ਵਧਿਆ ਹੈ । ਜਿਹੜਾ ਗਰੀਬ ਹੈ ਉਸ ਤੇ ਜ਼ਿਆਦਾ ਵਧਿਆ ਹੈ ।

Original with;
Punjab Vidhan Sabha
Digitized by;
Panjab Digital Library

ਮਾਲ ਅਤੇ ਚੋਣ ਮੰਤਰੀ: ਇਹ ਇਨਕੁਰੈਕਟ ਫਿੱਗਰਜ਼ ਦੇ ਰਹੇ ਹਨ, ਪਤਾ ਨਹੀਂ ਇਨ੍ਹਾਂ ਨੇ ਕਿਥੋਂ ਲਏ ਹਨ ।

ਚੌਧਰੀ ਕਾਂਸ਼ੀ ਰਾਮ: ਮੈਂ ਡਾਂਗ ਸਾਹਿਬ ਨੂੰ ਦਰਖਾਸਤ ਕਰਾਂਗਾ ਕਿ 50 ਰੁਪਏ ਮਾਲੀਆ ਕਿਤਨੀ ਜ਼ਮੀਨ ਦਾ ਬਣਦਾ ਹੈ, ਕੀ ਇਹ ਦੱਸਣਗੇ ?

ਕਾਮਰੇਡ ਸੱਤ ਪਾਲ ਡਾਂਗ: ਐਗਰੀਕਲਚਰ ਸੈਕਟਰ ਦੇ ਵਿਚ ਇਕ ਤਾਂ ਲੈਂਡ ਲਾਰਡ ਹੈ ਔਰ ਦੂਸਰਾ ਫਾਰਮਰ ਹੈ । ਲੈਂਡਲਾਰਡ ਉਪਰ ਟੈਕਸ ਲਗਾਉਣਾ ਚਾਹੀਦਾ ਹੈ । ਪਰ ਇਸ ਤਰਾਂ ਦਾ ਟੈਕਸ ਨਹੀਂ ਲਗਾਉਣਾ ਚਾਹੀਦਾ ਜਿਸ ਦਾ ਬਝ ਦਰਮਿਆਨੇ ਦਰਜੇ ਤੇ ਪਵੇ ਕਿਉਂਕਿ ਉਹ ਉਸ ਨੂੰ ਪੇ ਨਹੀਂ ਕਰ ਸਕਦਾ । ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਘੱਟੋ ਘੱਟ 30 ਰੁਪਏ ਵਾਲੇ ਨੂੰ ਤਾਂ ਇਸ ਤੋਂ ਛੋਟ ਦੇ ਦਿਉ । ਫਿਰ ਤਾਂ ਸਮਝ ਆਵੇਗੀ ਕਿ ਵਾਕਿਆ ਹੀ ਛੋਟੇ ਤੇ ਦਰਮਿਆਨੇ ਦਰਜੇ ਦੇ ਕਿਸਾਨ ਨੂੰ ਛੋਟ ਦਿੰਦੇ ਹੋ । ਘੱਟੋ ਘੱਟ ਛੋਟੇ ਨੂੰ ਤਾਂ ਛੱਡ ਦਿਆ ਕਰੋ । (ਵਿਘਨ)

ਫਿਰ, ਚੇਅਰਮੈਨ ਸਾਹਿਬ, ਕਪਤਾਨ ਸਾਹਿਬ ਨੇ ਪਾਣੀ ਦੀ ਗਲ ਕੀਤੀ, ਬਿਜਲੀ ਦੀ ਗਲ ਕੀਤੀ ਗਈ । ਚੇਅਰਮੈਨ ਸਾਹਿਬ, ਇਹ ਗਲ ਕਹੀ ਗਈ ਕਿ ਬਿਜਲੀ ਦੀ ਪਲਾਨਿੰਗ ਗਲਤ ਹੋਈ ਹੈ । ਠੀਕ ਹੈ, ਮੈਂ ਵੀ ਮੰਨਦਾ ਹਾਂ ਪਰ ਕੀ ਬਿਜਲੀ ਦੀ ਵੰਡ ਹੁਣ ਠੀਕ ਹੋ ਰਹੀ ਹੈ ? ਸਭ ਤੋਂ ਵੱਧ ਲਾਈਨ ਲਾਸਿਜ਼ ਪੰਜਾਬ ਦੇ ਵਿਚ ਹੁੰਦੇ ਹਨ । ਇਹ ਕਿਉਂ ? ਕਿਉਂਕਿ ਚੋਰੀ ਹੁੰਦੀ ਹੈ । ਕੌਣ ਕਰਦਾ ਹੈ ? ਇਹ ਲੈਂਡਲਾਰਡਜ਼ ਕਰਦੇ ਹਨ ਪਰ ਉਨ੍ਹਾਂ ਨੂੰ ਇਹ ਹੱਥ ਨਹੀਂ ਪਾ ਸਕਦੇ । ਫਿਰ ਲੈਂਡ ਲਾਰਡਜ਼ ਦੇ ਅਗੇਂਸਟ ਕਿਤਨੇ ਕਿਤਨੇ ਏਰੀਅਰਜ਼ ਡਿਊ ਹਨ ਉਨ੍ਹਾਂ ਦੀ ਰੀਕਵਰੀ ਨਹੀ ਹੁੰਦੀ ਇਹ ਤਾਂ ਕੈਪੀਟੈਲਿਸਟਸ ਦੀ ਸਰਕਾਰ ਹੈ । ਮੈਂ ਇਹ ਗਲ ਜ਼ਿਮੇਵਾਰੀ ਨਾਲ ਕਹਿੰਦਾ ਹਾਂ ਕਿ ਬਿਜਲੀ ਬੋਰਡ ਦੇ ਚੇਅਰਮੈਨ ਨੈਪੋਟਿਜ਼ਮ ਕਰਕੇ ਲਗਾਏ ਜਾਂਦੇ ਹਨ । ਇਕ ਮੈਂਬਰ ਬਿਜਲੀ ਬੋਰਡ ਨੇ ਕੁਰੱਪਸ਼ਨ ਕਰਕੇ ਚਾਰ ਰਜਿਸਟਰੀਆਂ ਉਤੇ ਦੋ ਲਖ 88 ਹਜ਼ਾਰ ਰੁਪਏ ਦੀ ਜ਼ਮੀਨ ਖਰੀਦੀ ਹੈ । ਹੁਣ ਤੁਸੀਂ ਇਹ ਆਪ ਵੇਖ ਲਵੋ ਕਿ ਬਿਜਲੀ ਬੋਰਡ ਦਾ ਕੀ ਹਸ਼ਰ ਹੋਵੇਗਾ, ਚੇਅਰਮੈਨ ਸਾਹਿਬ । ਫਿਰ ਇਹ ਕਹਿੰਦੇ ਹਨ ਕਿ ਜੁਆਇੰਟ ਸੈਕਟਰ ਰਾਹੀਂ ਇੰਡਸਟਰੀਲਾਈਜ਼ੇਸ਼ਨ ਕਰਾਂਗੇ । ਪਰ ਅਜ ਕਿਸ ਤਰ੍ਹਾਂ ਸੈਂਕੜੇ ਫੈਕਟਰੀਆਂ ਬੰਦ ਪਈਆਂ ਹਨ । ਮੈਂ ਇਸ ਬਾਰੇ ਅਗੇ ਵੀ ਮਿਸਾਲ ਦੇ ਚੁਕਾ ਹਾਂ । ਪਬਲਿਕ ਅੰਡਰਟੇਕਿੰਗ ਕਮੇਟੀ ਦੀ ਹੁਣੇ ਹੁਣੇ ਹੀ ਰਿਪੋਰਟ ਆਈ ਹੈ ਜਿਸ ਵਿੱਚ ਮੈਜਾਰਿਟੀ ਮੈਂਬਰਜ਼ ਕਾਂਗਰਸ ਪਾਰਟੀ ਦੇ ਹਨ । ਚੌਧਰੀ ਸਾਹਿਬ ਵੀ ਉਸ ਕਮੇਟੀ ਦੇ ਮੈਂਬਰ ਸਨ । ਉਸ ਰਿਪੋਰਟ ਵਿਚ ਦਸਿਆ ਗਿਆ ਹੈ ਕਿ ਕਿਸ ਤਰ੍ਹਾਂ ਪੰਜਾਬ ਦੇ ਜੁਆਇੰਟ ਸੈਕਟਰ ਵਿੱਚ ਕੀਤਾ ਜਾ ਰਿਹਾ ਹੈ । ਇਹ ਸੈਕਟਰ ਪੰਜਾਬ ਵਿੱਚ ਇੰਡਸਟਰੀਲਾਈਜ਼ੇਸ਼ਨ ਵਾਸਤੇ ਨਹੀਂ ਹੈ ਕਿਉਂਕਿ ਵੱਡੇ ਘਰਾਂ ਨੇ, ਉਬਰਾਂ ਹੋਟਲ ਵਾਲਿਆਂ ਨੇ ਖਜ਼ਾਨਾ ਲੁੱਟਣ ਦਾ ਢੰਗ ਬਣਾਇਆ ਹੋਇਆ ਹੈ । ਮੈਂ ਦੁਹਰਾਉਣਾ ਨਹੀਂ ਚਾਹੁੰਦਾ, ਸਵੇਰੇ ਹੀ ਦਸ ਚੁਕਾ ਹਾਂ । ਉਸ ਕਮੇਟੀ ਦੇ ਵਿਚ ਕਾਂਗਰਸ ਪਾਰਟੀ ਦੀ ਮੈਜਾਰਿਟੀ ਸੀ, ਅਕਾਲੀ ਸੱਜਣ ਵੀ ਸਨ । ਉਸ ਰਿਪੋਰਟ ਉਪਰ ਉਨ੍ਹਾਂ ਨੇ ਵੀ ਦਸਖਤ ਕੀਤੇ । ਸਪੀਕਰ ਸਾਹਿਬ, ਇਸ ਕਰਕੇ ਮੈਂ ਦੱਸਾਂਗਾ ਕਿ ਬਿੱਗ ਬਿਜ਼ਨੈਸ ਨੂੰ ਕਿਸ ਤਰ੍ਹਾਂ ਇਨਕਰੇਜ ਕੀਤਾ ਜਾ ਰਿਹਾ ਹੈ ।

ਸਾਡੀ ਰੋਡਵੇਜ਼ ਦਾ ਕੀ ਹਾਲ ਹੈ ਅਤੇ ਇਸ ਦਾ ਕੀ ਕਾਰਨ ਹੈ ਕਿ ਸਰਕਾਰੀ ਖੇਤਰ ਵਿਚ ਇਹ ਠੀਕ ਤਰ੍ਹਾਂ ਨਹੀਂ ਚਲ ਸਕਦੀ ? ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਇਸ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਨੂੰ ਠੀਕ ਢੰਗ ਨਾਲ ਚਲਾਇਆ ਜਾਵੇ ਤਾਂ ਇਹ ਠੀਕ ਚਲ ਸਕਦੀ ਹੈ । ਇਸ ਦੀ ਵਜ਼ਾ ਇਹ ਹੈ ਕਿ ਜਿਹੜੀ ਐਡਮਨਿਸਟਰੇਟਿਵ ਮਸ਼ੀਨਰੀ ਹੈ, ਉਹ ਕੁਰੱਪਟ ਹੈ ਅਤੇ ਇਸ ਵਿੱਚ ਰੂਲਿੰਗ ਪਾਰਟੀ ਦਾ ਹੱਥ ਹੈ । ਰੋਡਵੇਜ਼ ਵਿੱਚ ਕੀ ਹੁੰਦਾ ਹੈ ? ਇਹ ਮੈਂ ਐਲੀਗੇਸ਼ਨ ਲਗਾਉਂਦਾ ਹਾਂ ਕਿ ਇਹ ਸਰਕਾਰ, ਇਸ ਸਰਕਾਰ ਦੇ ਮਨਿਸਟਰ ਫਾਰ ਟਰਾਂਸਪੋਰਟ ਤਾਂ ਕਹਿੰਦੇ ਹਨ ਕਿ ਟਰਾਂਸਪੋਰਟ ਨੂੰ 100% ਨੈਸ਼ਨੇਲਾਈਜ਼ ਕਰ ਦਿਤਾ ਜਾਵੇਗਾ, ਪਰ ਉਹ ਕਰਦੇ ਕੀ ਹਨ ਕਿ ਪ੍ਰਾਈਵੇਟ ਓਪਰੇਟਰਾਂ ਅਤੇ ਪ੍ਰਾਈਵੇਟ ਕੰਪਨੀਆਂ ਨੂੰ ਮਨੋਪਲੀ ਰੂਟਾਂ ਤੇ ਕਿਸੇ ਨਾ ਕਿਸੇ ਬਹਾਨੇ ਨਵੇਂ ਰੂਟ ਪਰਮਿਟ ਦਿਤੇ ਜਾ ਰਹੇ ਹਨ । ਇਸ ਤਰ੍ਹਾਂ ਨਾਲ ਸਾਡੀ ਰੋਡਵੇਜ਼ ਦੀ ਤਬਾਹੀ ਕੀਤੀ ਜਾ ਰਹੀ ਹੈ । ਯੂਨੀਅਨ ਵਾਲਿਆਂ ਦੇ ਨਾਲ ਸਰਕਾਰ ਨੇ 6 ਅੰਗਰੀਮੈਂਟ ਕੀਤੇ ਪਰ ਉਨ੍ਹਾਂ ਨੂੰ ਇੰਪਲੀਮੈਂਟ ਨਹੀਂ ਕੀਤਾ, ਜਿਸ ਵਾਸਤੇ ਕਹਿੰਦੇ ਹਨ ਕਿ ਪਬਲਿਕ ਦੇ ਫਾਇਦੇ ਨੂੰ ਸਾਹਮਣੇ ਰਖਿਆ ਜਾਵੇ । ਯੂਨੀਅਨ ਦੇ ਰਿਪਰੈਜ਼ੈਂਟੇਟਿਵ ਸ੍ਰੀ ਸਮਰਾ ਨੇ ਇਕ ਮੈਮੋਰੰਡਮ ਦਿਤਾ ਜਿਸ ਵਿਚ ਕਿਹਾ ਸੀ ਕਿ 12 ਲਖ ਐਸੀ ਮਾਈਲੇਜ ਹੈ ਜਿਹੜੀ ਕਿ ਰੋਡਵੇਜ਼ ਹਰ ਮਹੀਨੇ ਮਿਸ ਕਰਦੀ ਹੈ ਜਿਹੜੇ ਕਿ ਰੋਡਵੇਜ਼ ਕੋਲ ਹਨ ਅਤੇ ਇਹ ਇਸ ਕਰਕੇ ਕੀਤਾ ਜਾਂਦਾ ਹੈ ਕਿ ਪ੍ਰਾਈਵੇਟ ਓਪਰੇਟਰ ਉਨ੍ਹਾਂ ਰੂਟਾਂ ਤੇ ਓਪਰੇਟ ਕਰਨ । ਪੰਜਾਬ ਰੋਡਵੇਜ਼ ਦਾ ਫਲੀਟ ਨਾਕਾਰਾ ਪਿਆ ਹੋਇਆ ਹੈ । ਚੌਥਾ ਹਿਸਾ ਫਲੀਟ ਅਜਿਹਾ ਹੈ ਜਿਹੜਾ ਕਿ ਵਰਕਸ਼ਾਪਾਂ ਵਿਚ ਟਾਇਰ-ਟਿਊਬ ਅਤੇ ਸਪੇਅਰ ਪਾਰਟਸ ਦੇ ਨਾ ਹੋਣ ਕਾਰਨ ਖੜਾ ਹੈ । ਇਸ ਵਿਚ ਕਸੂਰ ਕਿਸ ਦਾ ਹੈ ? ਸਰਕਾਰ ਨੇ ਟਾਇਰ ਅਤੇ ਟਿਊਬਜ਼ ਵਾਸਤੇ ਕੰਟਰੋਲ ਆਰਡਰ ਕੀਤਾ ਸੀ ਪਰ ਬਾਅਦ ਵਿਚ ਉਹ ਵਾਪਿਸ ਲੈ ਲਿਆ । ਇਸ ਤਰ੍ਹਾਂ ਕਿਉਂ ਕੀਤਾ ਗਿਆ, ਇਹ ਸਭ ਕੁਝ ਕੁਰੱਪਸ਼ਨ ਕਰਨ ਅਤੇ ਕਰਵਾਉਣ ਵਾਸਤੇ ਕੀਤਾ ਗਿਆ ।

ਇਸੇ ਤਰ੍ਹਾਂ ਪੈਪਸੂ ਰੋਡਵੇਜ਼ ਦੀ ਵੀ ਇਹੀ ਪੋਜ਼ੀਸ਼ਨ ਹੈ । ਇਨ੍ਹਾਂ ਪਬਲਿਕ ਅੰਡਰ-ਟੇਕਿੰਗਜ਼ ਦਾ ਬੁਰਾ ਹਾਲ ਹੈ ।

ਇਸੇ ਤਰ੍ਹਾਂ ਧਾਰੀਵਾਲ ਬੀ.ਐਸ.ਆਈ. ਮਿਲ ਦਾ ਇਕ ਜਨਰਲ ਮੈਨੇਜਰ ਸੀ, ਉਸ ਦੇ ਖਿਲਾਫ ਕੁਝ ਗਲਾਂ ਸਨ । ਜਦੋਂ ਉਥੇ ਇਨਕੁਆਇਰੀ ਕਰਨ ਲਈ ਇਨਸਪੈਕਟਰ ਗਿਆ ਤਾਂ ਉਸ ਨੇ ਕਿਹਾ ਕਿ ਮੈਂ ਇਨ੍ਹਾਂ ਤੋਂ ਇਨਕੁਆਇਰੀ ਨਹੀਂ ਕਰਵਾਉਂਦਾ । ਇਸ ਵਿੱਚ ਜਨਰਲ ਮੈਨੇਜਰ ਦੀ ਵੀ ਹਿੱਸਾ ਪੱਤੀ ਬਣੀ ਹੋਈ ਹੈ । ਇਸ ਤਰ੍ਹਾਂ ਦਾ ਸਭ ਜਗ੍ਹਾ ਹਾਲ ਹੈ । ਇਸ ਲਈ ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਰੋਡਵੇਜ਼ ਕਿਸ ਤਰ੍ਹਾਂ ਚਲੇਗੀ, ਅੱਡਿਆਂ ਦੀ ਬੁਰੀ ਹਾਲਤ ਹੈ, ਬੱਸਾਂ ਦੀ ਬਹੁਤ ਖਰਾਬ ਹਾਲਤ ਹੈ ਅਤੇ ਲੋਕਾਂ ਨੂੰ ਬਹੁਤ ਮੁਸ਼ਕਲਾਂ ਪੇਸ਼ ਆਉਂਦੀਆਂ ਹਨ ।

ਹੁਣ ਮੈਂ ਜਲੰਧਰ ਦੇ ਮਜ਼ਦੂਰਾਂ ਦੀ ਗਲ ਦਸਦਾ ਹਾਂ, ਉਥੇ ਜਲੰਧਰ ਵਿੱਚ ਇਕ ਲੀਡਰ ਬਹੁਤ ਵੱਡਾ ਕਾਰਖਾਨਾ ਹੈ । ਉਥੇ 100 ਦਿਨਾਂ ਤੋਂ ਹੜਤਾਲ ਹੋਈ ਹੋਈ ਹੈ ਅਤੇ ਗਲ ਇਹ ਹੈ ਕਿ ਜ਼ਬਰਦਸਤੀ ਮਜ਼ਦੂਰਾਂ ਨੂੰ ਤਨਖਾਹ ਘੱਟ ਦਿਤੀ ਜਾਂਦੀ ਹੈ । ਪਿਛੇ ਜਦੋਂ ਪਾਕਿਸਤਾਨ ਨਾਲ ਲੜਾਈ ਹੋਈ ਤਾਂ ਮਜ਼ਦੂਰਾਂ ਨੂੰ ਕਿਹਾ ਗਿਆ ਕਿ ਡਿਫੈਂਸ ਫੰਡ ਵਿੱਚ ਪੈਸੇ ਦੇਣੇ ਹਨ ਇਸ ਕਰਕੇ ਤਨਖਾਹ ਨਹੀਂ ਦਿਤੀ ਜਾ ਸਕਦੀ । ਫਿਰ ਉਸ ਤੋਂ ਬਾਅਦ ਕਾਰਖਾਨਾ ਬੰਦ ਕਰ ਦਿਤਾ ਗਿਆ । ਸਪੀਕਰ ਸਾਹਿਬ, ਮੈਂ ਇਹ ਕਹਿ ਸਕਦਾ ਹਾਂ ਕਿ ਜੇ ਅਜ ਵੀ ਵੇਖਿਆ ਜਾਵੇ ਤਾਂ ਲੀਡਰ ਕਾਰਖਾਨੇ ਦੇ ਮਾਲਿਕ ਕੋਲ 2, 3, 4 ਲੱਖ ਰੁਪਿਆ

Original with;
Punjab Vidhan Sabha
Digitized by;
Panjab Digital Library

ਹੋਵੇਗਾ । ਮਜ਼ਦੂਰਾਂ ਨੇ ਕਿਹਾ ਕਿ ਕਾਰਖਾਨਾ ਬੰਦ ਨਾ ਕੀਤਾ ਜਾਵੇ, ਭਾਵੇਂ ਸਾਨੂੰ ਅੱਧੀ ਤਨਖਾਹ ਹੀ ਦਿਤੀ ਜਾਵੇ । ਇਹ ਕੁਝ ਮਜ਼ਦੂਰਾਂ ਨਾਲ ਹੋ ਰਿਹਾ ਹੈ । ਲੇਬਰ ਮਨਿਸਟਰ ਸਾਹਿਬ ਨੇ ਅਸੈਂਬਲੀ ਦੇ ਵਿੱਚ ਇਹ ਕਿਹਾ ਸੀ ਕਿ ਅਸੀਂ ਲੇਬਰ ਨੂੰ ਕਢਣ ਦੇ ਖਿਲਾਫ ਹਾਂ ਅਤੇ ਕਿਸੇ ਦੀ ਤਨਖਾਹ ਵਿੱਚ ਕਟੌਤੀ ਨਹੀਂ ਕਰਨ ਦਿਤੀ ਜਾਵੇਗੀ, ਪਰ ਇਨ੍ਹਾਂ ਗਲਾਂ ਤੇ ਕੋਈ ਅਮਲ ਨਹੀਂ ਹੋਇਆ । ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਕ ਸਕਿਲਡ ਟਰਨਰ ਨੂੰ 150 ਰੁਪਏ ਤਨਖਾਹ ਮਿਲਦੀ ਹੈ ਅਤੇ ਕਾਨੂੰਨ ਦੀ ਉਲੰਘਣਾ ਕੀਤੀ ਜਾਂਦੀ ਹੈ ਅਤੇ ਬੋਨਸ ਦੇ ਰੇਟ ਵੀ ਜਿਹੜੇ ਫਿਕਸ ਹਨ, ਉਹ ਵੀ ਨਹੀਂ ਦਿਤੇ ਜਾਂਦੇ ਡਬਲ ਰੇਟ ਤਾਂ ਕੀ ਦੇਣਾ ਹੈ ਮਜ਼ਦੂਰਾਂ ਨੂੰ ਅੱਧਾ ਰੇਟ ਵੀ ਨਹੀਂ ਦਿਤਾ ਜਾਂਦਾ । ਸਾਡੇ ਇੰਨਾ ਰੌਲਾ ਪਾਉਣ ਦੇ ਬਾਵਜੂਦ ਵੀ ਮਜ਼ਦੂਰਾਂ ਦੇ ਬਾਰੇ ਕੁਝ ਨਹੀਂ ਕੀਤਾ ਜਾਂਦਾ । ਇਸ ਬਾਰੇ ਮੈਂ ਸਰਕਾਰ ਨੂੰ ਚਾਰਜ ਕਰਦਾ ਹਾਂ ਅਤੇ ਐਲੀਗੇਸ਼ਨ ਲਗਾਉਂਦਾ ਹਾਂ ਕਿ ਇਹ ਸਰਕਾਰ ਕੈਪੀਟਲਿਸਟਾਂ ਦੀ ਜੇਬ ਵਿੱਚ ਹੈ ਅਤੇ ਉਨ੍ਹਾਂ ਦੀ ਮਦਦ ਕਰਦੀ ਹੈ । ਇਥੋਂ ਤਕ ਹੁੰਦਾ ਹੈ ਕਿ ਜੇ ਮਜ਼ਦੂਰ ਆਪਣੀ ਤਕਲੀਫ ਦਸਣ ਦੀ ਕੋਸ਼ਿਸ਼ ਕਰਨ ਤਾਂ ਉਨ੍ਹਾਂ ਨੂੰ ਜਿਹੜੇ ਕਾਰਖਾਨਿਆਂ ਦੇ ਮਾਲਕਾਂ ਨੇ ਗੁੰਡੇ ਭਰਤੀ ਕੀਤੇ ਹੁੰਦੇ ਹਨ, ਉਨ੍ਹਾਂ ਤੋਂ ਕੁਟਵਾਇਆ ਜਾਂਦਾ ਹੈ । ਪੁਲਿਸ ਵਾਲਿਆਂ ਦੇ ਨਾਲ ਮਿਲ ਕੇ ਉਨ੍ਹਾਂ ਗਰੀਬ ਮਜ਼ਦੂਰਾਂ ਨੂੰ ਤੰਗ ਕੀਤਾ ਜਾਂਦਾ ਹੈ । ਇਸ ਕਰਕੇ ਮੈਂ ਇਹ ਕਹਾਂਗਾ ਕਿ ਇਹ ਸਰਕਾਰ ਕੈਪੀਟਲਿਸਟਾਂ ਦੇ ਹੱਥਾਂ ਵਿਚ ਹੈ ।

ਚੇਅਰਮੈਨ ਸਾਹਿਬ, ਇਕ ਹੋਰ ਮਸਲਾ ਹੈ, ਮਸਲੇ ਤਾਂ ਕਈ ਹੋਰ ਵੀ ਹਨ, ਪਰ ਇਕ ਗਲ ਬਾਰੇ ਦਸਦਾ ਹਾਂ । ਤਿੰਨ ਸਾਲ ਹੋਏ ਸ਼ਰਮਾ ਸਾਹਿਬ ਨੇ ਇਹ ਕਿਹਾ ਸੀ ਕਿ ਸਾਢੇ ਬਾਰਾਂ ਸੌ ਕੁਆਰਟਰ ਬਣਵਾਏ ਜਾਣਗੇ ਅਤੇ ਗਰੀਬ ਮਜ਼ਦੂਰਾਂ ਨੂੰ ਹਾਇਰ ਪਰਚੇਜ਼ ਸਿਸਟਮ ਤੇ ਦਿਤੇ ਜਾਣਗੇ, ਪਰ ਇਹ ਚੀਜ਼ ਅਜੇ ਤਕ ਨਹੀਂ ਕੀਤੀ ਗਈ । ਵਰਕਰਜ਼ ਦੀ ਕੋਈ ਸਿਕਿਉਰਿਟੀ ਆਫ ਸਰਵਿਸ ਨਹੀਂ ਹੈ, ਜਦੋਂ ਮਰਜ਼ੀ ਕਢ ਦੇਵੋ ਅਤੇ ਜਦੋਂ ਮਰਜ਼ੀ ਰਖ ਲਵੋ । ਜਦੋਂ ਇਸ ਬਾਰੇ ਸਰਕਾਰ ਤੋਂ ਪੁੱਛਿਆ ਜਾਂਦਾ ਹੈ ਤਾਂ ਇਹ ਕਿਹਾ ਜਾਂਦਾ ਹੈ ਕਿ ਇਸ ਬਾਰੇ ਤਾਂ ਸਟੈਂਡਿੰਗ ਆਰਡਰਜ਼ ਹਨ, ਪਰ ਇਹ ਤਾਂ ਸਿਕਿਉਰਿਟੀ ਨੂੰ ਖਤਮ ਕਰਦੇ ਹਨ ਅਤੇ ਇਸ ਬਾਰੇ ਕੋਈ ਠੋਸ ਕਾਨੂੰਨ ਨਹੀਂ ਬਣਾ ਕੇ ਲਾਗੂ ਕੀਤਾ ਜਾਂਦਾ । ਮੈਂ ਇਸ ਬਾਰੇ ਇਹ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਇਨ੍ਹਾਂ ਗਰੀਬ ਲੋਕਾਂ ਨਾਲ ਧੱਕਾ ਨਹੀਂ ਕਰ ਸਕਦੇ । ਇਸ ਗਲ ਬਾਰੇ ਕੋਈ ਫੈਸਲਾ ਹੋਣਾ ਚਾਹੀਦਾ ਹੈ ਅਤੇ ਕੋਈ ਕਮੇਟੀ ਬਣਾਈ ਜਾਣੀ ਚਾਹੀਦੀ ਹੈ, ਜਿਸ ਵਿਚ ਟਰੇਡ ਯੂਨੀਅਨ ਨੂੰ ਵੀ ਸ਼ਾਮਿਲ ਕੀਤਾ ਜਾਵੇ, ਜਿਹੜੀ ਇਹ ਵੇਖੇ ਕਿ ਕਿਹੜਾ ਕਾਰਖਾਨਾ ਚਲਦਾ ਹੈ ਅਤੇ ਕਿਹੜਾ ਨਹੀਂ ਚਲਦਾ ਅਤੇ ਜਿਹੜਾ ਚਲਦਾ ਹੈ ਉਥੇ ਮਜ਼ਦੂਰਾਂ ਨਾਲ ਠੀਕ ਵਰਤਾਓ ਹੋਵੇ ਅਤੇ ਜਿਹੜਾ ਕਾਰਖਾਨਾ ਨਹੀਂ ਚਲਦਾ, ਉਸ ਦੀ ਵਜ੍ਹਾ ਦਾ ਪਤਾ ਕੀਤਾ ਜਾਵੇ ਅਤੇ ਮਜ਼ਦੂਰਾਂ ਦੀਆਂ ਡਿਮਾਂਡਜ਼ ਨੂੰ ਪੂਰਾ ਕੀਤਾ ਜਾਵੇ ।

ਇਕ ਗੱਲ ਮੈਂ ਹੋਰ ਕਹਿਣਾ ਚਾਹੁੰਦਾ ਹਾਂ ਅਤੇ ਉਹ ਇਹ ਹੈ ਕਿ ਈ. ਐਸ. ਆਈ. ਦੀ ਸਕੀਮ ਹੈ । ਅਸੀਂ ਕਿਹਾ ਕਿ ਇਸ ਨੂੰ ਸ਼ਾਪਸ ਤੇ ਵੀ ਲਾਗੂ ਕੀਤਾ ਜਾਵੇ । ਹਿੰਦੁਸਤਾਨ ਦੀ ਸਰਕਾਰ ਨੇ ਇਸ ਗਲ ਨੂੰ ਮੰਨ ਵੀ ਲਿਆ, ਪਰ ਇਸ ਨੂੰ ਇਥੇ ਲਾਗੂ ਨਹੀਂ ਕੀਤਾ ਗਿਆ । ਜਦੋਂ ਹਿੰਦ ਸਰਕਾਰ ਦਾ ਇੱਕ ਅਫਸਰ ਇਥੇ ਆਇਆ ਤਾਂ ਅਸੀਂ ਇਸ ਬਾਰੇ ਰੌਲਾ ਪਾਇਆ ਅਤੇ ਉਸ ਨੇ ਕਿਹਾ ਕਿ 3-4 ਮਹੀਨੇ ਹੋ ਗਏ ਹਨ ਇਸ ਬਾਰੇ ਸਰਕੂਲਰ ਇਸ਼ੂ ਹੋ ਚੁਕਾ ਹੈ, ਪਰ ਇਹ ਪੰਜਾਬ ਵਾਲਿਆਂ ਨੇ ਲਾਗੂ ਨਹੀਂ ਕੀਤਾ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਭਾਪਤੀ: ਤੁਸੀਂ ਕਿੰਨਾ ਟਾਈਮ ਲਵੋਗੇ, ਤੁਹਾਨੂੰ 10 ਮਿੰਟ ਹੋਰ ਮਿਲਣਗੇ । (How much time will you take ? You will get ten minutes more only.)

ਕਾਮਰੇਡ ਸੱਤ ਪਾਲ ਡਾਂਗ: ਸੋ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮਜ਼ਦੂਰਾਂ ਦੀ ਬੁਰੀ ਹਾਲਤ ਹੈ । ਇਸ ਦੇ ਨਾਲ ਮੈਂ ਇਹ ਵੀ ਦਸਣਾ ਚਾਹੁੰਦਾ ਹਾਂ ਕਿ ਬਿਜਲੀ ਬੋਰਡ ਦੇ ਮਜ਼ਦੂਰਾਂ ਨੇ ਹੜਤਾਲ ਕੀਤੀ, ਉਨ੍ਹਾਂ ਦੀ ਵੀ ਕੋਈ ਗਲ ਨਹੀਂ ਮੰਨੀ ਗਈ ।

ਸਰਦਾਰ ਸਤਨਾਮ ਸਿੰਘ ਬਾਜਵਾ: ਮੇਰੀ ਲਗਦੀ ਕਿਸੇ ਨਾ ਵੇਖੀ ਤੇ ਟੁਟਦੀ ਨੂੰ ਜਗ ਜਾਣਦਾ (ਹਾਸਾ)

ਕਾਮਰੇਡ ਸੱਤ ਪਾਲ ਡਾਂਗ: ਇਸ ਗਲ ਨੂੰ ਰਹਿਣ ਦੇਵੋ ਕਿ ਕਿਸ ਦੀ ਯਾਰੀ ਕਿਸ ਦੇ ਨਾਲ ਹੈ । ਫਿਰ ਬਾਦਲ ਸਾਹਿਬ ਨੇ ਐਗਰੀਕਲਚਰ ਇਨਸਪੈਕਟਰਾਂ ਦੀ ਗਲ ਕੀਤੀ ਹੈ । ਉਨ੍ਹਾਂ ਦੇ ਨਾਲ ਜਿਹੜੇ ਵਾਅਦੇ ਕੀਤੇ ਗਏ ਸਨ, ਉਹ ਪੂਰੇ ਨਹੀਂ ਕੀਤੇ, ਅਤੇ ਉਨ੍ਹਾਂ ਦੇ ਵਿਰੁਧ ਕੇਸ ਵਾਪਸ ਨਹੀਂ ਕੀਤੇ ਗਏ ਅਤੇ ਉਨ੍ਹਾਂ ਨਾਲ ਧੱਕਾ ਕੀਤਾ ਗਿਆ ਹੈ । ਇਸੇ ਤਰ੍ਹਾਂ ਬਿਜਲੀ ਬੋਰਡ ਬਾਰੇ ਗੱਲ ਹੈ । ਅੰਮ੍ਰਿਤਸਰ ਵਿੱਚ ਇਕ ਇੰਟੈਰੋਗੇਸ਼ਨ ਸੈਂਟਰ ਹੈ ਅਤੇ ਉਸ ਦੇ ਬਾਰੇ ਇਹ ਕਿਹਾ ਜਾਂਦਾ ਸੀ ਕਿ ਇਥੇ ਪਾਕਿਸਤਾਨੀ ਅਜੈਂਟਾਂ ਨੂੰ ਇੰਟੈਰੋਗੇਟ ਕੀਤਾ ਜਾਂਦਾ ਹੈ ਅਤੇ ਇਹ ਲੇਬਰ ਮੂਵਮੈਂਟ ਨੂੰ ਦਬਾਉਣ ਵਾਸਤੇ ਨਹੀਂ, ਪਰ ਇਥੇ ਹੁੰਦਾ ਕੀ ਹੈ, ਇਨ੍ਹਾਂ ਗਰੀਬ ਲੋਕਾਂ ਤੇ ਜੁਲਮ ਕੀਤੇ ਜਾਂਦੇ ਹਨ । ਮੈਂ ਬਿਜਲੀ ਬੋਰਡ ਬਾਰੇ ਇਕ ਗਲ ਦਸਦਾ ਹਾਂ । ਹੋਸ਼ਿਆਰਪੁਰ ਜੇਲ੍ਹ ਵਿਚ ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਗਏ । ਉਥੇ ਉਹ ਜੇਲ੍ਹ ਦੇ ਸੁਪਰਡੰਟ ਨੂੰ ਮਿਲੇ, ਉਥੇ ਉਨ੍ਹਾਂ ਨੂੰ ਪਤਾ ਲਗਾ ਕਿ ਇਕ ਮੁਲਾਜ਼ਮ ਨੂੰ ਕਿਸ ਤਰ੍ਹਾਂ ਕੁਟਿਆ ਗਿਆ (ਆਪੋਜ਼ੀਸ਼ਨ ਵਲੋਂ ਸ਼ੇਮ, ਸ਼ੇਮ) ਇਸ ਤੋਂ ਬਾਅਦ ਮੈਂ ਰੇਲਵੇ ਦੀ ਸਟਰਾਈਕ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਉਥੇ ਕੀ ਹੋਇਆ, ਇਹ ਭਾਵੇਂ ਸੈਂਟਰ ਦਾ ਮਾਮਲਾ ਸੀ । ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਜ ਇੰਨੀ ਮਹਿੰਗਾਈ ਹੈ ਨੌਜਵਾਨ ਬੇਕਾਰ ਹਨ ਲੋਕਾਂ ਨੂੰ ਰੋਟੀ ਖਾਣ ਨੂੰ ਨਹੀਂ ਮਿਲਦੀ, ਪਰ ਜੇ ਕੋਈ ਉਨ੍ਹਾਂ ਤੋਂ ਮੰਗ ਕੀਤੀ ਜਾਂਦੀ ਹੈ ਤਾਂ ਉਨ੍ਹਾਂ ਤੇ ਜੁਲਮ ਕੀਤੇ ਜਾਂਦੇ ਹਨ ।

ਫਿਰ ਇਸ ਬਾਰੇ ਕਿਹਾ ਗਿਆ, ਕਈ ਵਾਰੀ ਕਿਹਾ ਗਿਆ ਕਿ ਹਿੰਦੁਸਤਾਨ ਵਿੱਚ ਐਜੂਕੇਸ਼ਨ ਨੈਸ਼ਨੇਲਾਈਜ਼ ਹੋਣੀ ਚਾਹੀਦੀ ਹੈ, ਪਰ ਇਸ ਪਾਸੇ ਕੁਝ ਵੀ ਨਹੀਂ ਕੀਤਾ ਗਿਆ । ਇਸ ਦਾ ਨਤੀਜਾ ਕੀ ਹੈ ਕਿ ਮੈਡੀਕਲ ਕਾਲਜਾਂ ਵਿਚ ਹਾਲਤ ਬੁਰੀ ਹੈ, ਫਰੀਦਕੋਟ ਵਿੱਚ ਕੋਈ ਦਾਖਲ ਨਹੀਂ ਹੋਇਆ, ਲੁਧਿਆਣਾ ਵਿੱਚ ਕੋਈ ਦਾਖਲ ਨਹੀਂ ਹੋਇਆ । ਜੋ ਸਰਕਾਰ ਨੇ ਵਾਇਦਾ ਕੀਤਾ ਸੀ, ਉਸ ਤੋਂ ਬੈਕਆਊਟ ਕਰ ਗਈ ਹੈ । ਜਦ ਮੈਨੇਜਮੈਂਟ ਇਹ ਕਹਿੰਦੀ ਹੈ ਕਿ ਸਾਡੇ ਕਾਲਜ ਨੂੰ ਲੈ ਲਿਆ ਜਾਵੇ ਤਾਂ ਫਿਰ ਕਿਉਂ ਕਾਨੂੰਨ ਬਣਾ ਕੇ ਨਹੀਂ ਲਿਆ ਜਾਂਦਾ, ਤਾਂ ਇਸ ਬਾਰੇ ਇਹ ਕਿਹਾ ਜਾਂਦਾ ਹੈ ਕਿ ਮੈਨੇਜਮੈਂਟ ਹਿੰਦੂਆਂ ਦੀ ਹੈ । ਫਿਰ ਵਿਦਿਆਰਥੀਆਂ ਦੇ ਝਗੜੇ ਚਲ ਰਹੇ ਹਨ । ਕਈ ਵਿਦਿਆਰਥੀ ਹਾਲੇ ਵੀ ਜੇਲ੍ਹ ਵਿੱਚ ਹਨ ਉਨ੍ਹਾਂ ਦਾ ਕੀ ਕਸੂਰ ਹੈ ਇਹ ਵੀ ਉਨ੍ਹਾਂ ਨੂੰ ਪਤਾ ਨਹੀਂ ਹੈ ਅਤੇ ਉਨ੍ਹਾਂ ਦੇ ਖਿਲਾਫ ਮਕਦਮੇ ਵੀ ਕਰ ਦਿੱਤੇ ਹਨ । ਚੇਅਰਮੈਨ ਸਾਹਿਬ, ਇਹ ਠੀਕ ਨਹੀਂ ਹੈ ।

Original with;
Punjab Vidhan Sabha
Digitized by;
Panjab Digital Library

ਚੇਅਰਮੈਨ ਸਾਹਿਬ, ਅਗਲੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਮੈਂ ਕੁਰੱਪਸ਼ਨ ਦੀਆਂ ਕਈ ਮਿਸਾਲਾਂ ਦੇ ਸਕਦਾ ਹਾਂ। ਤਿੰਨੇ ਯੂਨੀਵਰਸਿਟੀਆਂ, ਐਗਰੀਕਲਚਰ ਯੂਨੀਵਰਸਿਟੀ ਪੰਜਾਬੀ ਯੂਨੀਵਰਸਿਟੀ ਅਤੇ ਗੁਰੂ ਨਾਨਕ ਯੂਨੀਵਰਸਿਟੀ ਵਿੱਚ ਕਿਤਨੀ ਕੁਰੱਪਸ਼ਨ ਹੋਈ ਹੈ। ਮੈਂ ਇਹ ਸਾਬਤ ਕਰ ਸਕਦਾ ਹਾਂ ਕਿ ਇਥੇ ਸਟੂਡੈਂਟਸ ਦੀ ਰੀਪਰਜੈਂਟੇਸ਼ਨ ਖਤਮ ਹੈ, ਟੀਚਰਜ਼ ਦੀ ਖਤਮ ਹੈ। ਲੁਧਿਆਣੇ ਦਾ ਇਕ ਚੌਟੀ ਦਾ ਸਹਮਾਇਦਾਰ ਹੈ ਜੋ ਕਿ ਐਗਰੀਕਲਚਰ ਯੂਨੀਵਰਸਿਟੀ ਵਿੱਚ ਕੈਬਰਾ ਡਾਂਸ ਕਰਾਉਂਦਾ ਹੈ। ਮੈਂ ਇਸ ਦੀ ਜ਼ਿਆਦਾ ਤਫਸੀਲ ਵਿੱਚ ਨਹੀਂ ਜਾਣਾ ਚਾਹੁੰਦਾ ਕਿਉਂਕਿ ਟਾਈਮ ਬਹੁਤ ਥੋੜ੍ਹਾ ਹੈ।

ਚੇਅਰਮੈਨ ਸਾਹਿਬ ਜਿਸ ਵੇਲੇ ਗਲਤ ਗੱਲਾਂ ਕੀਤੀਆਂ ਜਾਂਦੀਆਂ ਹਨ ਤਾਂ ਉਸ ਵੇਲੇ ਡੈਮੋਕਰੇਸੀ ਨੂੰ ਸੁਪਰੈਸ ਕੀਤਾ ਜਾਂਦਾ ਹੈ। ਮਿਊਂਸਪਲ ਕਮੇਟੀਆਂ ਦੀਆਂ ਇਹ ਇਲੈਕਸ਼ਨਾਂ ਕਿਉਂ ਨਹੀਂ ਕਰਾਉਂਦੇ ? ਚੇਅਰਮੈਨ ਸਾਹਿਬ, ਜਿਸ ਢੰਗ ਨਾਲ ਇਥੇ ਗੱਲਾਂ ਕੀਤੀਆਂ ਗਈਆਂ ਹਨ ਇਸ ਨਾਲ ਡੈਮੋਕਰੇਸੀ ਨੂੰ ਇਨਕਰੇਜ ਨਹੀਂ ਕੀਤਾ ਜਾ ਸਕਦਾ। ਚੇਅਰਮੈਨ ਸਾਹਿਬ, ਮੈਂ ਕਈ ਮਿਸਾਲਾਂ ਦੇ ਸਕਦਾ ਹਾਂ। ਜਦ ਬਦਾਮ ਰੋਗਨ ਵਿੱਚ ਅਡਲਟ੍ਰੇਸ਼ਨ ਹੁੰਦੇ ਹੋਏ ਛੋਟੀ ਸੁਸਾਇਟੀ ਨੇ ਪਕੜਵਾਇਆ ਤਾਂ ਬੜਾ ਰੌਲਾ ਪਿਆ। ਇਸ ਦੇ ਵਿੱਚ ਪਕੜਿਆ ਕ੍ਰਿਸ ਨੂੰ ਗਿਆ ? ਇਕ ਪਾਗਲ ਔਰਤ ਨੂੰ। ਇਕ ਪਾਗਲ ਔਰਤ ਦੇ ਖਿਲਾਫ ਮੁਕੱਦਮਾ ਕੀਤਾ ਗਿਆ। ਮੁਜ਼ਰਮਾਂ ਨੂੰ ਛੱਡ ਦਿੱਤਾ ਗਿਆ ਅਤੇ ਇਕ ਬੇਗੁਨਾਹ ਪਾਗਲ ਔਰਤ ਦੇ ਖਿਲਾਫ ਮੁਕੱਦਮਾ ਦਰਜ਼ ਕਰ ਲਿਆ ਗਿਆ।

ਚੇਅਰਮੈਨ ਸਾਹਿਬ, ਆਪ ਜੀ ਨੈ ਇਥੇ ਬੈਠੇ ਹੋਏ ਕਿਹਾ ਸੀ ਕਿ ਦੇਸ਼ ਵਿੱਚ ਰਾਈਟ ਰਿਐਕਸ਼ਨਰੀਜ਼ ਦਾ ਡੇਂਜਰ ਹੈ। ਪਰ ਸਾਡੀ ਸਰਕਾਰ ਇਸ ਬਾਰੇ ਚੁੱਪ ਹੈ ਉਹ ਇਨ੍ਹਾਂ ਨੂੰ ਹੱਥ ਪਾਉਣ ਤੋਂ ਡਰਦੀ ਹੈ। ਚੇਅਰਮੈਨ ਸਾਹਿਬ, ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਦਰਮਿਆਨਾ ਵਰਗ ਇਸ ਚੀਜ਼ ਨੂੰ ਦੇਰ ਤੱਕ ਬਰਦਾਸ਼ਤ ਨਹੀਂ ਕਰੇਗਾ। ਮਹਿੰਗਾਈ ਅਤੇ ਬਲੈਕ ਇਨ੍ਹਾਂ ਕਰਕੇ ਹੀ ਵੱਧ ਰਹੀ ਹੈ ਅਤੇ ਕਾਂਗਰਸ ਸਰਕਾਰ ਰਾਈਟ ਰਿਐਕਸ਼ਨਰੀਜ਼ ਨਾਲ ਮਿਲ ਕੇ ਲੋਕਾਂ ਦੇ ਹੱਕਾਂ ਨੂੰ ਕੁਚਲਣਾ ਚਾਹੁੰਦੀ ਹੈ ਅਤੇ ਉਸ ਲਈ ਪਾਰਲੀਮੈਂਟ ਜਮਹੂਰੀਅਤ ਨੂੰ ਵਰਤਣਾ ਚਾਹੁੰਦੀ ਹੈ। ਇਹ ਤਾਕਤ ਦੇਸ਼ ਵਿੱਚ ਜਮਹੂਰੀਅਤ ਨੂੰ ਖਤਮ ਕਰਨਾ ਚਾਹੁੰਦੀ ਹੈ। ਇਸ ਤਾਕਤ ਦੇ ਪਿੱਛੇ ਟਾਟਾ, ਬਿਰਲੇ ਅਤੇ ਵੱਡੇ ਵੱਡੇ ਜਾਗੀਰਦਾਰਾਂ ਦਾ ਹੱਥ ਹੈ। ਮੈਨੂੰ ਇਹ ਕਹਿਣ ਵਿੱਚ ਕੋਈ ਡਰ ਨਹੀਂ ਕਿ ਇਸ ਦੇ ਪਿੱਛੇ ਅਮਰੀਕਨ ਸਾਮਰਾਜ ਦਾ ਵੀ ਹੱਥ ਹੈ। ਉਹ ਲੋਕਾਂ ਦੀ ਅਜ਼ਾਦੀ ਨੂੰ ਕੁਚਲਣਾ ਚਾਹੁੰਦੇ ਹਨ, ਉਨ੍ਹਾਂ ਦੀ ਹੜਤਾਲ ਕਰਨ ਦਾ ਹੱਕ ਖਤਮ ਕਰਨਾ ਚਾਹੁੰਦੇ ਹਨ ਅਤੇ ਇਸ ਤਰ੍ਹਾਂ ਹਿੰਦੁਸਤਾਨ ਨੂੰ ਇੰਡੋਨੇਸ਼ੀਆ ਬਣਾ ਦੇਣਾ ਚਾਹੁੰਦੇ ਹਨ।

ਇਹ ਸਰਕਾਰ ਮਹਿੰਗਾਈ ਬੰਦ ਕਰਨ ਅਤੇ ਬਲੈਕ ਖਤਮ ਕਰਨ ਦੇ ਲਈ ਨਹੀਂ ਲੜਦੀ ਅਤੇ ਵੱਡੇ ਵੱਡੇ ਰਾਈਟ ਰੀਐਕਸ਼ਨਰੀਜ਼ ਨੂੰ ਖੱਤਮ ਨਹੀਂ ਕਰਨਾ ਚਾਹੁੰਦੀ। ਜੇ ਇਹ ਸਰਕਾਰ ਹਮਲਾ ਕਰਦੀ ਹੈ ਤਾਂ ਗਰੀਬ ਕਿਸਾਨ ਤੇ ਜਾਂ ਦਰਮਿਆਨੇ ਵਰਗ ਦੇ ਲੋਕਾਂ ਤੇ ਕਰਦੀ ਹੈ। ਜੇ ਇਹ ਸਰਕਾਰ ਸਹੀ ਮਾਨਿਆਂ ਵਿੱਚ ਜਮਹੂਰੀਅਤ ਨੂੰ ਕਾਇਮ ਰੱਖਣਾ ਚਾਹੁੰਦੀ ਹੈ ਤਾਂ ਇਸ ਨੂੰ ਰਾਈਟ ਰੀਐਕਸ਼ਨਰੀਜ਼ ਦੇ ਖਿਲਾਫ ਤਕੜੇ ਹੋਕੇ ਲੜਨਾ ਪਵੇਗਾ ਅਤੇ ਉਨ੍ਹਾਂ ਦੀਆਂ ਸਾਜਿਸ਼ਾਂ ਨੂੰ ਖਤਮ ਕਰਨਾ ਪਵੇਗਾ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਮੈਂ, ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਤੁਹਾਡੀ ਪਾਰਟੀ ਨੂੰ ਵਾਰਨਿੰਗ ਦੇਣਾ ਚਾਹੁੰਦਾ ਹਾਂ ਕਿ ਜੇਕਰ ਕਾਂਗਰਸ ਪਾਰਟੀ ਰਾਈਟ ਰੀਐਕਸ਼ਨਰੀਜ਼ ਦੇ ਖਿਲਾਫ ਨਹੀਂ ਲੜੇਗੀ ਅਤੇ ਆਪਣੀ ਨੀਅਤ ਨੂੰ ਨਹੀਂ ਬਦਲੇਗੀ ਤਾਂ ਤੁਸੀਂ ਉਸ ਰਾਈਟ ਰੀਐਕਸ਼ਨਰੀਜ਼ ਦੀ ਸੇਵਾ ਕਰ ਰਹੇ ਹੋ ।

ਚੇਅਰਮੈਨ ਸਾਹਿਬ, ਇਹ ਸਰਕਾਰ ਆਪਣੇ ਆਪ ਨੂੰ ਪ੍ਰੋਗ੍ਰੈਸਿਵ ਕਹਾਉਂਦੀ ਹੈ । ਇਹ ਠੀਕ ਹੈ ਕਿ ਜਦ ਇਹ ਮਨਿਸਟਰ ਨਹੀਂ ਹੁੰਦੇ ਤਾਂ ਇਹ ਪ੍ਰੋਗ੍ਰੈਸਿਵ ਹੁੰਦੇ ਹਨ ਅਤੇ ਜਦੋਂ ਇਹ ਮਨਿਸਟਰ ਬਣ ਜਾਂਦੇ ਹਨ ਤਾਂ ਇਹ ਪ੍ਰੋਗ੍ਰੈਸਿਵ ਨਹੀਂ ਰਹਿੰਦੇ । (ਹਾਸਾ) ਹੁਣ ਇਹ ਜਮਹੂਰੀਅਤ ਨੂੰ ਖਤਮ ਕਰਕੇ ਸਾਰੀ ਤਾਕਤ ਆਪਣੇ ਹੱਥ ਵਿੱਚ ਲੈਣਾ ਚਾਹੁੰਦੇ ਹਨ । (ਘੰਟੀ) ਚੇਅਰਮੈਨ ਸਾਹਿਬ, ਮੈਂ ਜਲਦੀ ਹੀ ਖਤਮ ਕਰ ਦਿਆਂਗਾ, ਮੈਂ ਤੁਹਾਡਾ ਜ਼ਿਆਦਾ ਸਮਾਂ ਨਹੀਂ ਲਵਾਂਗਾ ।

ਮੈਂ ਤੁਹਾਨੂੰ ਦੱਸਦਾ ਹਾਂ ਕਿ ਇਹ ਸਰਕਾਰ ਲੈਂਡ ਲਾਰਡਾਂ ਦੀ ਸਰਕਾਰ ਹੈ । ਇਨਡਾਇਰੈਕਟਲੀ ਇਹ ਲੈਂਡ ਲਾਰਡਜ਼ ਦੀ ਮੱਦਦ ਕਰਦੀ ਹੈ । ਇਨ੍ਹਾਂ ਨੇ ਇਥੇ ਇਸ ਹਾਊਸ ਵਿੱਚ ਲੈਂਡ ਸੀਲਿੰਗ ਬਿੱਲ ਲਿਆਂਦਾ ਸੀ, ਉਸ ਨੂੰ ਪਾਸ ਕੀਤਾ ਸੀ ਪਰ ਜਦ ਉਸ ਨੂੰ ਇੰਪਲੀਮੈਂਟ ਕਰਨ ਲਗੇ ਤਾਂ ਸਾਡੇ ਲੀਡਰ ਆਫ ਦੀ ਆਪੋਜੀਸ਼ਨ, ਸਰਦਾਰ ਪਰਕਾਸ਼ ਸਿੰਘ ਜੀ ਬਾਦਲ, ਜਿਨ੍ਹਾਂ ਦੀ ਕਈ ਏਕੜ ਜ਼ਮੀਨ ਹੈ ਅਤੇ ਇਕ ਵੱਡੇ ਲੈਂਡ ਲਾਰਡ ਹਨ, ਦੇ ਡਰ ਤੋਂ ਸਰਦਾਰ ਉਮਰਾਓ ਸਿੰਘ ਜੀ ਨੇ ਉਸ ਬਿਲ ਦੇ ਸਾਰੇ ਪੌਜ਼ੇਟਿਵ ਫੀਚਰਜ਼ ਨੂੰ ਸੈਬੋਟੇਜ ਕਰ ਦਿੱਤਾ ਕਿਉਂਕਿ ਇਹ ਤਾਂ ਲੈਂਡ ਸੀਲਿੰਗ ਬਿਲ ਨੂੰ ਇਥੇ ਲਿਆ ਕੇ ਪਾਸ ਹੀ ਨਹੀਂ ਸਨ ਕਰਨਾ ਚਾਹੁੰਦੇ ਅਤੇ ਇਸ ਕਰਕੇ ਇਹ ਵੱਡੇ ਵੱਡੇ ਲੈਂਡ ਲਾਰਡਜ਼ ਤੋਂ ਡਰਦੇ ਸਨ । (ਘੰਟੀ) (ਸ਼ੋਰ)

ਚੇਅਰਮੈਨ ਸਾਹਿਬ, ਮੈਂ ਅਖੀਰ ਵਿੱਚ ਇਹ ਕਹਿਣਾ ਚਾਹੁੰਦਾ ਹਾਂ ਕਿ ਜੋ ਲਹਿਰ ਅੱਜ ਸਾਡੇ ਦੇਸ਼ ਵਿੱਚ ਰਾਈਟ ਰੀਐਕਸ਼ਨਰੀਜ਼ ਦੀ ਚਲ ਰਹੀ ਹੈ ਇਸ ਨਾਲ ਸਾਡੇ ਦੇਸ਼ ਨੂੰ ਨੁਕਸਾਨ ਹੋ ਰਿਹਾ ਹੈ, ਜਨਤਾ ਦੀ ਅਵਾਜ਼ ਨੂੰ ਕੁਚਲਿਆ ਜਾ ਰਿਹਾ ਹੈ । ਇਹ ਸਰਕਾਰ ਕਈ ਐਸੀਆਂ ਪਾਲਿਸੀਆਂ ਬਣਾ ਕੇ ਪੰਜਾਬ ਦੇ ਲੋਕਾਂ ਦੇ ਹੱਕਾਂ ਨੂੰ ਕੁਚਲਣਾ ਚਾਹੁੰਦੀ ਹੈ । (ਘੰਟੀ)

ਚੇਅਰਮੈਨ ਸਾਹਿਬ, ਮੈਂ ਜ਼ਿਆਦਾ ਕੁਝ ਨਾ ਕਹਿੰਦਾ ਹੋਇਆ ਅੰਤ ਵਿੱਚ ਸਿਰਫ ਇਤਨਾ ਹੀ ਕਹਾਂਗਾ ਕਿ ਜੇ ਇਸ ਸਰਕਾਰ ਨੇ ਆਪਣੀਆਂ ਨੀਅਤਾਂ ਨੂੰ ਨਾ ਬਦਲਿਆ ਅਤੇ ਰਾਈਟ ਰੀਐਕਸ਼ਨਰੀਜ਼ ਨੂੰ ਖਤਮ ਨਾ ਕੀਤਾ ਤਾਂ ਸਾਡੇ ਪੰਜਾਬ ਵਿੱਚ ਇਕ ਭਾਰੀ ਰੈਵੋਲਿਊਸ਼ਨ ਆ ਜਾਵੇਗਾ ਅਤੇ ਉਸ ਦੀ ਜ਼ਿੰਮੇਵਾਰ ਇਹ ਕਾਂਗਰਸ ਸਰਕਾਰ ਹੋਵੇਗੀ ਅਤੇ ਪੰਜਾਬ ਦੀ ਜਨਤਾ ਇਸ ਕਾਂਗਰਸ ਪਾਰਟੀ ਨੂੰ ਆਪਣੇ ਇਤਿਹਾਸ ਵਿੱਚ ਕਦੇ ਵੀ ਮਾਫ ਨਹੀਂ ਕਰੇਗੀ । (ਸ਼ੋਰ)

Mr. Chairman: Order, order please.

(ਇਸ ਵੇਲੇ ਕਾਂਗਰਸ ਪਾਰਟੀ ਵਲੋਂ ਕਾਫੀ ਸ਼ੋਰ ਪੈ ਰਿਹਾ ਸੀ ਅਤੇ ਕਈ ਮੈਂਬਰ ਬੋਲਣ ਲਈ ਖੜੇ ਹੋਏ)

Original with;
Punjab Vidhan Sabha
Digitized by;
Panjab Digital Library

PERSONAL EXPLANATIONS

BY REVENUE AND ELECTION MINISTER, MINISTER OF STATE FOR TRANSPORT AND CIVIL AVIATION AND COMRADE SATYA PAL DANG

ਮਾਲ ਅਤੇ ਚੋਣ ਮੰਤਰੀ : (ਸਰਦਾਰ ਉਮਰਾਓ ਸਿੰਘ) ਪਰਸਨਲ ਐਕਸਪਲੇਨੇਸ਼ਨ, ਸਰ । ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਡਾਂਗ ਸਾਹਿਬ ਨੇ ਆਪਣੀ ਸਪੀਚ ਵਿੱਚ ਕੁਝ ਐਸੀਆਂ ਗੱਲਾਂ ਕੀਤੀਆਂ ਹਨ ਜਿਹੜੀਆਂ ਕਿ ਬਿਲਕੁਲ ਗਲਤ ਅਤੇ ਬੇਬੁਨਿਆਦ ਹਨ । ਮੈਂ ਇਨ੍ਹਾਂ ਨੂੰ ਪਹਿਲੇ ਵੀ ਦਸਿਆ ਸੀ ਅਤੇ ਹੁਣ ਵੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਲੈਂਡ ਰੀਫਾਰਮਜ਼ ਐਕਟ ਇਨ੍ਹਾਂ ਨੇ ਪਾਸ ਨਹੀਂ ਕੀਤਾ ਅਤੇ ਨਾ ਹੀ ਇਹ ਇਸ ਬਿੱਲ ਨੂੰ ਇਥੇ ਲੈ ਆਏ ਹਨ ਫਿਰ ਇਹ ਕਿਸ ਤਰ੍ਹਾਂ ਕਹਿੰਦੇ ਹਨ ਕਿ ਇਹ ਸਰਕਾਰ ਲੈਂਡ ਸੀਲਿੰਗ ਵਿੱਚ ਸੈਬੋਟੇਜ ਕਰ ਰਹੀ ਹੈ ? ਮੇਰੀ ਗੁਜਾਰਿਸ਼ ਇਹ ਹੈ ਕਿ ਇਹ ਬਿਲ ਅਸੀਂ ਹੀ ਇਥੇ ਲੈ ਆਏ ਸੀ ਅਤੇ ਅਸੀਂ ਹੀ ਇਹ ਪਾਸ ਕੀਤਾ ਸੀ ਅਤੇ ਹੁਣ ਅਮਲ ਵੀ ਇਸ ਤੇ ਅਸੀਂ ਹੀ ਕਰਨਾ ਹੈ । ਚੇਅਰਮੈਨ ਸਾਹਿਬ, ਹਾਲੇ ਸਾਡੇ ਸੰਵਿਧਾਨ ਨੇ ਇਨ੍ਹਾਂ ਨੂੰ ਇਹ ਤਾਕਤ ਨਹੀਂ ਦਿੱਤੀ ਕਿ ਐਕਟ ਨੂੰ ਇਨ੍ਹਾਂ ਨੇ ਇੰਪਲੀਮੈਂਟ ਕਰਨਾ ਹੈ । ਇਹ ਤਾਂ ਜੇ ਅਸੀਂ ਪਾਸ ਕੀਤਾ ਹੈ ਤਾਂ ਇਸ ਨੂੰ ਇੰਪਲੀਮੈਂਟ ਵੀ ਅਸੀਂ ਹੀ ਕਰਨਾ ਹੈ । ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ 1951 ਵਿੱਚ ਇਸ ਕਾਂਗਰਸ ਪਾਰਟੀ ਨੇ ਸਿਕਿਉਰਿਟੀ ਆਫ ਟੈਨਿਉਰ ਐਕਟ ਬਣਾਇਆ ਸੀ ਅਤੇ ਉਸ ਐਕਟ ਰਾਹੀਂ ਬਹੁਤ ਸਾਰੀ ਜ਼ਮੀਨ ਨੂੰ ਸਰਪਲਸ ਡਿਕਲੇਅਰ ਕੀਤਾ ਸੀ । 40 ਹਜ਼ਾਰ ਏਕੜ ਜ਼ਮੀਨ ਸਰਪਲਸ ਡਿਕਲੇਅਰ ਹੋਈ ਸੀ । ਇਹ ਭਰਾ ਮਨਿਸਟਰੀ ਵਿੱਚ ਵੀ ਰਹੇ, ਡਾਂਗ ਸਾਹਿਬ ਮਨਿਸਟਰੀ ਵਿਚ ਆਏ, ਪਰ ਇਨ੍ਹਾਂ ਨੇ ਆਪਣੇ ਰੀਜੀਮ ਵਿੱਚ 40 ਹਜ਼ਾਰ ਏਕੜ ਜ਼ਮੀਨ ਨੂੰ ਤਕਸੀਮ ਕਰਨ ਦਾ ਯਤਨ ਨਹੀਂ ਕੀਤਾ । ਪਰ ਇਹ ਸਰਕਾਰ ਹੈ ਜੋ ਇਨ੍ਹਾਂ ਦੇ ਛੱਡੇ ਹੋਏ ਕੰਮ ਨੂੰ ਦਿਲ ਵਿੱਚ ਸੋਧ ਲਿਆਕੇ ਪੂਰਾ ਕਰ ਰਹੀ ਹੈ ਅਤੇ 40 ਹਜ਼ਾਰ ਏਕੜ ਜ਼ਮੀਨ ਨੂੰ ਤਕਸੀਮ ਕਰਨ ਦਾ ਯਤਨ ਕਰ ਰਹੀ ਹੈ । ਪਰ ਕੀ ਕਰੀਏ ਜਦੋਂ ਵੀ ਕੋਈ ਕੰਮ ਕਰਨ ਲਗਦੇ ਹਾਂ ਤਾਂ ਇਹ ਲੈਂਡ ਲਾਰਡਜ਼ ਲੋਕ ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿੱਚ ਚਲੇ ਜਾਂਦੇ ਹਨ ਅਤੇ ਸਟੇ ਲੈ ਆਉਂਦੇ ਹਨ। ਇਨ੍ਹਾਂ ਵੱਲੋਂ ਤਾਂ ਕੁਝ ਨਹੀਂ ਹੋਇਆ, ਪਰ ਅਸੀਂ ਟੈਨੈਂਟਸ ਨੂੰ ਜ਼ਮੀਨ ਦੇਵਾਂਗੇ ਜਿਹੜੇ ਕਿ ਲਿਜੀਬਲ ਹਨ। ਹੁਣ ਤੱਕ ਇਹ 40 ਹਜ਼ਾਰ ਏਕੜ ਜ਼ਮੀਨ ਸਰਪਲਸ ਜ਼ਰੂਰ ਕਹਿੰਦੇ ਰਹੇ । ਅਸੀਂ 15 ਕੇਸਿਜ਼ ਵਿੱਚ ਲੈਜੀਟੀਮੇਟ ਟੇਨੈਂਟਸ ਨੂੰ ਜ਼ਮੀਨ ਦੇਣ ਦੇ ਆਰਡਰ ਕੀਤੇ, ਇਨ੍ਹਾਂ ਲੈਂਡ ਲਾਰਡਜ਼ ਨੇ ਕੋਈ ਤਰੀਕਾ ਲਭ ਕੇ ਰਿੱਟਾਂ ਦਾਇਰ ਕਰਨੀਆਂ ਸ਼ੁਰੂ ਕਰ ਦਿਤੀਆਂ । ਅੱਜ 40 ਰਿੱਟਾਂ ਹਾਈ ਕੋਰਟ ਵਿੱਚ ਪੈਂਡਿੰਗ ਹਨ ਅਤੇ ਸਟੇ ਹੋ ਗਈ ਹੈ । ਡਾਂਗ ਸਾਹਿਬ ਨੇ ਕਿਹਾ ਕਿ ਕਾਨੂੰਨ ਸਾਦਾ ਅਤੇ ਸਿੱਧਾ ਹੋਣਾ ਚਾਹੀਦਾ ਹੈ ਪਰ ਜੇ ਇਸ ਤਰ੍ਹਾਂ ਕਰਦੇ ਹਾਂ ਤਾਂ ਉਹ ਚਲਣ ਨਹੀਂ ਦੇਂਦੇ । ਹੁਣ ਅਸੀਂ ਫੈਮਿਲੀ ਦੀ ਡੈਫੀਨੀਸ਼ਨ ਉਹ ਕਰ ਰਹੇ ਹਾਂ ਜੋ ਕੈਰੇਲਾ ਪੈਟਰਨ ਤੇ ਹੈ । ਇਸ ਬਾਰੇ ਜਲਦੀ ਹੀ ਸੋਧ ਕਰਕੇ ਹਾਊਸ ਵਿਚ ਬਿਲ ਲਿਆਉਣ ਦਾ ਵਿਚਾਰ ਕਰ ਰਹੇ ਹਾਂ । ਇਹ ਚੀਜ਼ ਕੈਬਨਿਟ ਪੱਧਰ ਤੱਕ ਆ ਚੁਕੀ ਹੈ । ਡਾਂਗ ਸਾਹਿਬ ਨੇ ਪ੍ਰੋਗਰੈਸਿਵ ਹੋਣ ਦੀਆਂ ਗੱਲਾਂ ਕੀਤੀਆਂ ਹਨ ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਜਦੋਂ ਇਸ ਤਰ੍ਹਾਂ ਦੇ ਵਿਚਾਰਾਂ ਲਈ ਮੀਟਿੰਗ ਹੋਈ ਸੀ ਤਾਂ ਇਨ੍ਹਾਂ ਦੇ ਤਿੰਨ ਨਾਮੀਨੀ, ਜਿਨ੍ਹਾਂ ਵਿਚ ਸ੍ਰੀ

Original with;
Punjab Vidhan Sabha
Digitized by;
Panjab Digital Library

[ਮਾਲ ਅਤੇ ਚੋਣ ਮੰਤਰੀ]

ਅਵਤਾਰ ਸਿੰਘ ਮਲਹੋਤਰਾ ਆਦਿ ਵੀ ਸ਼ਾਮਲ ਸਨ ; ਜੇ ਅਸੀਂ ਉਨ੍ਹਾਂ ਲੋਕਾਂ ਨੂੰ ਪੁੱਛਿਆ ਹੈ ਤਾਂ ਅਸੀਂ ਹੁਣ ਇਸ ਹਾਊਸ ਦੇ ਵਿਧਾਨਕਾਰਾਂ ਨੂੰ ਵੀ ਪੁੱਛਿਆ ਹੈ ।

ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ (ਸਰਦਾਰ ਦਿਲਬਾਗ ਸਿੰਘ ਡਾਲੇਕੇ) : ਪਰਸਨਲ ਐਕਸਪਲੇਨੇਸ਼ਨ, ਸਰ । ਚੇਅਰਮੈਨ ਸਾਹਿਬ, ਡਾਂਗ ਸਾਹਿਬ ਨੇ ਜੋ ਟਰਾਂਸਪੋਰਟ ਦੇ ਬਾਰੇ ਕਿਹਾ ਹੈ ਇਹ ਬਿਲਕੁਲ ਗਲਤ ਹੈ । ਅਸੀਂ ਕਿਸੇ ਤਰ੍ਹਾਂ ਵੀ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਨ ਤੋਂ ਪਿਛੇ ਨਹੀਂ ਹਟ ਰਹੇ । ਅਸੀਂ ਇਕ ਕਮੇਟੀ ਬਣਾਈ ਜਿਸ ਨੇ ਆਪਣੀ ਰਿਪੋਰਟ ਦਿੱਤੀ, ਇਹ ਕਮੇਟੀ ਅਕਾਲੀ ਸਰਕਾਰ ਵੇਲੇ ਦੀ ਚਲ ਰਹੀ ਹੈ ਅਤੇ ਜੋ ਕਾਇਦੇ ਕਾਨੂੰਨ ਬਣਾਏ ਸੀ ਅਸੀਂ ਉਨ੍ਹਾਂ ਦੇ ਮੁਤਾਬਿਕ ਹੀ ਚਲ ਰਹੇ ਹਾਂ (ਸ਼ੋਰ) ਇਹ ਗੱਲ ਬਿਲਕੁਲ ਗਲਤ ਹੈ ਕਿ ਸਾਡਾ ਕਿਸੇ ਤਰ੍ਹਾਂ ਦਾ ਪ੍ਰਾਈਵੇਟ ਆਪਰੇਟਰਾਂ ਨਾਲ ਪਿਆਰ ਹੈ ਜਾਂ ਕੋਈ ਹੋਰ ਸਮਝੌਤਾ ਹੈ । (ਸ਼ੋਰ)

Mr. Chairman: Order order, please.

ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ: ਅਸੀਂ ਉਨ੍ਹਾਂ ਰੂਲਜ਼ ਤੇ ਚਲਦੇ ਹਾਂ ਜੋ ਪੀ. ਆਰ.ਟੀ.ਸੀ. ਦੇ ਰੂਲਜ਼ ਹਨ ਜਾਂ ਕੋਈ ਇੰਟਰ-ਸਟੇਟ ਰੂਲਜ਼ ਹਨ । ਮੈਂ ਉਨ੍ਹਾਂ ਦੀ ਵਾਕਫੀਅਤ ਲਈ ਇਹ ਵੀ ਦੱਸ ਦੇਵਾਂ ਕਿ ਪੰਜਾਬ ਰੋਡਵੇਜ਼ ਨੇ ਲਾਂਗ ਰੂਟਸ ਦੇ ਲਈ ਨਾ ਕੋਈ ਨਵਾਂ ਪਰਮਿਟ ਹੀ ਦਿੱਤਾ ਹੈ । ਜਿਸ ਤਰ੍ਹਾਂ ਦਾ ਅਸੀਂ ਕੰਮ ਚਲਾ ਰਹੇ ਹਾਂ ਅਸੀਂ ਸੈਲਫ ਸਫੀਸ਼ੈਂਟ ਹਾਂ। ਸਾਡਾ ਆਪਣਾ ਸਪੇਅਰ ਪਾਰਟਸ, ਟਾਇਰਜ਼ ਅਤੇ ਲੁਬਰੀਕੈਂਟਸ ਦਾ ਸਟਾਕ ਹੈ । ਸਾਡਾ ਕੋਈ ਵੀ ਡੀਪੂ ਘਾਟੇ ਵਿੱਚ ਨਹੀਂ ਜਾ ਰਿਹਾ । ਇਹ ਖਿਆਲ ਵੀ ਡਾਂਗ ਸਾਹਿਬ ਦਾ ਬਿਲਕੁਲ ਹੀ ਗਲਤ ਹੈ ਕਿ ਅਸੀਂ ਕਿਸੇ ਤਰ੍ਹਾਂ ਪ੍ਰਾਈਵੇਟ ਟਰਾਂਸਪੋਰਟਰਜ਼ ਨਾਲ ਮਿਲੇ ਹੋਏ ਹਾਂ, ਜਿਹੜੇ ਨਿੱਤ ਹੜਤਾਲਾਂ ਕਰਾਉਂਦੇ ਹਨ, ਤਾਲਾ-ਬੰਦੀਆਂ ਕਰਾਉਂਦੇ ਹਨ ਜਾਂ ਰੋਡਵੇਜ਼ ਦਾ ਪਹੀਆ ਜਾਮ ਕਰਦੇ ਹਨ । ਉਹ ਪ੍ਰਾਈਵੇਟ ਟਰਾਂਸਪੋਰਟਰਜ਼ ਨਾਲ ਮਿਲੇ ਹੋਏ ਹਨ । ਡਾਂਗ ਸਾਹਿਬ ਨੂੰ ਪਹੀਆ ਜਾਮ ਨਾ ਹੋਣ ਦਾ ਦੁੱਖ ਬਹੁਤ ਹੋਇਆ ਹੋਵੇਗਾ ਪਰ ਅਸੀਂ ਕਿਉਂਕਿ ਹਰ ਤਰ੍ਹਾਂ ਨਾਲ ਸਹੀ ਰਸਤੇ ਤੇ ਜਾ ਰਹੇ ਹਾਂ ਇਸ ਲਈ ਵਰਕਰਜ਼ ਸਾਡੇ ਨਾਲ ਹਨ । (ਤਾੜੀਆਂ)

ਕਾਮਰੇਡ ਸੱਤ ਪਾਲ ਡਾਂਗ: ਆਨ ਏ ਪੁਆਇੰਟ ਆਡ ਪਰਸਨਲ ਐਕਸਪਲੇਨੇਸ਼ਨ, ਸਰ । ਚੇਅਰਮੈਨ ਸਾਹਿਬ, ਮੈਂ ਕੋਈ ਬਹੁਤੀ ਸਫਾਈ ਨਹੀਂ ਦੇਣੀ ਚਾਹੁੰਦਾ । ਮੈਂ ਤਾਂ ਸਿਰਫ ਇਤਨੀ ਹੀ ਗੱਲ ਕਹਾਂਗਾ ਕਿ ਤਰਨ ਤਾਰਨ ਵਿੱਚ ਜਦੋਂ ਇਨ੍ਹਾਂ ਦੀਆਂ 20 ਕਾਰਾਂ ਸਸਤੇ ਭਾਅ ਵਿਕਦੀਆਂ ਫੜੀਆਂ ਗਈਆਂ ਸਨ, ਇਨ੍ਹਾਂ ਦੇ ਆਪਣੇ ਮੁਲਾਜ਼ਮ ਵੀ ਫੜੇ ਗਏ, ਜਿਸ ਬਾਰੇ ਉਥੋਂ ਦੇ ਐਸ. ਐਸ. ਪੀ. ਨੇ ਚੀਫ ਮਨਿਸਟਰ ਨੂੰ ਚਿੱਠੀ ਲਿੱਖੀ । ਉਨ੍ਹਾਂ ਨੂੰ ਘੇਰ ਲਿਆ ਪਰ ਇਨ੍ਹਾਂ ਦੇ ਕੁਝ ਬੰਦੇ ਹਨ ਜੋ ਕਿ ਸਾਨੂੰ ਫੜਨ ਨਹੀਂ ਦੇ ਰਹੇ ।.... (ਸ਼ੋਰ) ਮੈਂ ਇਨ੍ਹਾਂ ਨੂੰ ਕਹਾਂਗਾ ਕਿ ਇਸ ਬਾਰੇ ਵੀ ਜੋ ਇਨ੍ਹਾਂ ਨੇ ਐਕਸਪਲੇਨੇਸ਼ਨ ਦੇਣਾ ਹੈ ਉਹ ਵੀ ਦੇ ਦੇਣ ।

ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ: ਇਹ ਵੀ ਜੋ ਕੁਝ ਡਾਂਗ ਸਾਹਿਬ ਨੇ ਕਿਹਾ ਹੈ, ਬਿਲਕੁਲ ਬੇਬੁਨਿਆਦ ਹੈ । ਨਾ ਹੀ ਸਾਡੀਆਂ ਕੋਈ 20 ਕਾਰਾਂ ਫੜੀਆਂ ਗਈਆਂ ਹਨ ਅਤੇ ਨਾ ਹੀ ਸਾਡੀ ਕਿਸੇ ਐਸੇ ਆਦਮੀ ਨਾਲ ਕੋਈ ਸਾਂਝ ਹੈ । (ਤਾੜੀਆਂ)

Original with;
Punjab Vidhan Sabha
Digitized by;
Panjab Digital Library

DISCUSSION ON NO-CONFIDENCE MOTION (*Resumption*)

ਸਰਦਾਰ ਦਰਬਾਰਾ ਸਿੰਘ (ਨਕੋਦਰ): ਚੇਅਰਮੈਨ ਸਾਹਿਬ, ਇਹ ਜੋ ਅਵਿਸ਼ਵਾਸ ਦਾ ਮਤਾ ਲੀਡਰ ਆਫ਼ ਦੀ ਅਪੋਜ਼ੀਸ਼ਨ ਨੇ ਲਿਆਂਦਾ ਹੈ, ਮੈਂ ਉਸ ਦੀ ਵਿਰੋਧਤਾ ਕਰਨ ਲਈ ਖੜ੍ਹਾ ਹੋਇਆ ਹਾਂ। ਜਿਤਨੀਆਂ ਵੀ ਗੱਲਾਂ ਉਨ੍ਹਾਂ ਨੇ ਇਸ ਬੇਪਰਤੀਤੀ ਦੇ ਮਤੇ ਵਿਚ ਲਿਆਂਦੀਆਂ ਹਨ, ਮੈਂ ਇੰਨਾਂ ਹੀ ਕਹਾਂਗਾ ਕਿ ਜਦੋਂ ਉਨ੍ਹਾਂ ਦੀ ਆਪਣੀ ਸਰਕਾਰ ਸੀ, ਸਭ ਖੈਰੀਅਤ ਸੀ ਪਰ ਹੁਣ ਸਭ ਗ਼ਲਤ ਹੋ ਗਿਆ ਹੈ। ਇਨ੍ਹਾਂ ਦੀਆਂ ਗੱਲਾਂ ਸਭ ਫਰਜ਼ੀ ਹਨ, ਉਨ੍ਹਾਂ ਦੀ ਆਪਣੀ ਕਾਪੀ ਕੋਈ ਕੋਰੀ ਨਹੀਂ ਉਹ ਵੀ ਇਹੋ ਜਿਹੀ ਹੈ। (ਸ਼ੋਰ)

ਸਭ ਤੋਂ ਪਹਿਲਾਂ ਮੈਂ ਮਹਿੰਗਾਈ ਦੀ ਗੱਲ ਬਾਰੇ ਕੁਝ ਕਹਿੰਦਾ ਹਾਂ। ਮੈਂ ਉਨ੍ਹਾਂ ਨੂੰ ਕਹਾਂਗਾ ਕਿ ਤੁਸੀਂ ਆਪਣੀ ਨਜ਼ਰ ਬਾਹਰ ਦੇ ਮੁਲਕਾਂ ਵਲ ਮਾਰੋ, ਉਨ੍ਹਾਂ ਮੁਲਕਾਂ ਵੱਲ ਵੇਖੋ ਜੋ ਇਸ ਦੇਸ਼ ਦੀਆਂ ਹਦਾਂ ਤੋਂ ਪਾਰ ਬਠੇ ਹਨ। ਕੀ ਉਥੇ ਸਾਡੇ ਨਾਲੋਂ ਘਟ ਸਸਤੀਆਂ ਚੀਜ਼ਾਂ ਹਨ ? ਮਹਿੰਗਾਈ ਜਿਹੜੀ ਹੈ ਇਹ ਇਕ ਇੰਟਰਨੈਸ਼ਨਲ ਫੀਨਾਮੀਨਾ ਹੈ, ਇਸ ਤੋਂ ਸਾਡਾ ਮੁਲਕ ਜਾਂ ਸਾਡੀ ਪੰਜਾਬ ਸਟੇਟ ਬੱਚ ਨਹੀਂ ਸਕਦੀ। ਡਾਂਗ ਸਾਹਿਬ ਨੇ ਇਹ ਕਹਿਕੇ ਵਿਰੋਧਤਾ ਕੀਤੀ ਕਿ ਅਸੀਂ ਤਾਂ ਬੱਚ ਸਕਦੇ ਹਾਂ ਜੇ ਸੋਸ਼ਲਿਸਟਿਕ ਨਜ਼ਾਮ ਅਪਣਾਈਏ। ਸਭ ਤੋਂ ਜ਼ਿਆਦਾ ਵਿਰੋਧਤਾ ਆਪੋਜ਼ੀਸ਼ਨ ਦੇ ਲੀਡਰ ਨੇ ਕੀਤੀ, ਪਰ ਇਸ ਤਰ੍ਹਾਂ ਤਕਰੀਰ ਕਰਕੇ ਜੋ ਪਰੈਕਟੀਕਲੀ ਉਹ ਕਰ ਰਹੇ ਹਨ, ਆਪਣੀ ਜ਼ਿੰਮੇਵਾਰੀ ਤੋਂ ਬੱਚ ਨਹੀਂ ਸਕਦੇ। ਪਿਛਲੇ 10—12 ਸਾਲਾਂ ਵਿਚ ਹਿੰਦੁਸਤਾਨ ਦੀ ਤਾਰੀਖ ਨੇ ਜਿਸ ਤੇਜ਼ੀ ਦੇ ਨਾਲ ਆਪਣਾ ਰੁੱਖ ਬਦਲਿਆ ਹੈ, ਉਸ ਉਤੇ ਅਜ ਹਰ ਹਿੰਦੁਸਤਾਨ ਮਾਣ ਕਰ ਸਕਦਾ। 1962 ਵਿਚ ਚੀਨ ਦੀ ਲੜਾਈ ਹੋਈ, ਉਸ ਤੋਂ ਮਗਰੋਂ ਅਸੀਂ ਆਪਣੇ ਪੈਰ ਸੰਭਾਲੇ। 1970 ਤਕ ਅਸੀਂ ਜੋ ਡੀਵੈਲਪਮੈਂਟ ਕੀਤੀ ਸੀ ਉਸ ਨਾਲ ਅਸੀਂ ਦੁਨੀਆਂ ਦੀਆਂ ਤਾਕਤਾਂ ਵਿਚ ਸੁਮਾਰ ਹੋ ਗਏ। ਜਦੋਂ ਦਾ ਅਸੀਂ ਨਿਊਕਲੀਅਰ ਪਾਵਰ ਦਾ ਧਮਾਕਾ ਕੀਤਾ ਹੈ ਅਸੀਂ ਅਜ ਦੁਨੀਆਂ ਦੀ ਛੇਵੀਂ ਨਿਊਕਲੀਅਰ ਪਾਵਰ ਹਾਂ (ਤਾੜੀਆਂ) ਇਹ ਗੱਲ ਅਸੀਂ ਮਾਣ ਦੇ ਨਾਲ ਕਹਿ ਸਕਦੇ ਹਾਂ ਕਿ ਸਾਡੀ ਤਾਕਤ ਦਾ ਜੇ ਕਿਸੇ ਮੁਲਕ ਨੂੰ ਫਾਇਦਾ ਹੋਇਆ ਹੈ ਤਾਂ ਸਭ ਤੋਂ ਵੱਧ ਪਾਕਿਸਤਾਨ ਨੂੰ ਹੀ ਹੋਇਆ ਹੈ। ਇਰਾਨ ਵਰਗੇ ਦੇਸ਼ ਵੀ ਅੱਜ ਉਸ ਦੇ ਨਾਲ ਹਨ ਤਾਂ ਹੀ ਉਹ ਅੱਜ ਬਲਵਾਨ ਹੋਇਆ ਬੈਠਾ ਹੈ। ਬੇਸਕ ਸਭ ਤੋਂ ਵੱਧ ਕੁਰਬਾਨੀ ਸਾਡੇ ਦੇਸ਼ ਨੂੰ ਕਰਨੀ ਪਈ ਪਰ ਇਸ ਕੁਰਬਾਨੀ ਦਾ ਹੀ ਸਿੱਟਾ ਹੈ ਕਿ ਅੱਜ ਅਸੀਂ ਇਸ ਸਟੇਜ ਤੇ ਹਾਂ।

EXTENSION OF TIME OF THE SITTING

ਸ੍ਰੀ ਸਭਾਪਤੀ: ਹਾਲੇ ਕਾਫੀ ਸਪੀਕਰਜ਼ ਬੋਲਣ ਵਾਲੇ ਰਹਿੰਦੇ ਹਨ, ਇੰਸ ਲਈ ਜੇ ਹਾਊਸ ਦਾ ਪਲੈਜ਼ਰ ਹੋਵੇ ਤਾਂ ਟਾਈਮ ਐਕਸਟੈਂਡ ਕਰ ਦਿੱਤਾ ਜਾਵੇ। (Still there are many Members who have to take part in the discussion. So if it is the pleasure of the House the time of the sitting may be extended.)

ਆਵਾਜ਼ਾਂ: ਹਾਂ ਜੀ, ਹਾਂ ਜੀ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਭਾਪਤੀ : ਹਾਊਸ ਦਾ ਸਮਾਂ 9.00 ਵਜੇ ਤੱਕ ਐਕਸਟੈਂਡ ਕੀਤਾ ਜਾਂਦਾ ਹੈ । (The time of the sitting is extended up to 9.00 p.m.)

DISCUSSION ON NO-CONFIDENCE MOTION (*Resumption*)

ਸਰਦਾਰ ਦਰਬਾਰਾ ਸਿੰਘ: ਸਾਡੇ ਜਰਨੈਲ ਜਗਜੀਤ ਸਿੰਘ ਅਰੋੜਾ ਨੇ ਨਿਆਜ਼ੀ ਕੋਲੋਂ ਹਥਿਆਰ ਰਖਵਾਏ ਤਾਂ ਇਸ ਪਾਸੇ ਵਾਲੇ ਸੱਜਣ ਅਤੇ ਦੂਜੇ ਪਾਸੇ ਵਾਲੇ ਸੱਜਣ ਧੌਣ ਉੱਚੀ ਕਰਕੇ ਅਤੇ ਹਿੱਕ ਚੌੜੀ ਕਰਕੇ ਆਪਣੇ ਆਪ ਨੂੰ ਪਹਿਲੀ ਵੇਰ ਆਜ਼ਾਦ ਦੇਸ਼ ਦਾ ਐਡੀਆਂ ਵੱਡੀਆਂ ਤਾਕਤਾਂ ਵਿੱਚ ਸ਼ੁਮਾਰ ਕਰਦੇ ਹਨ (ਵਿਘਨ) ਇਸ ਤਰ੍ਹਾਂ ਕਰਕੇ ਜੇ ਮਹਿੰਗਾਈ ਵੱਧ ਗਈ ਅਤੇ ਮਹਿੰਗਾਈ ਦੇ ਰੂਪ ਵਿਚ ਸਾਨੂੰ ਕੁਰਬਾਨੀ ਕਰਨੀ ਪੈ ਗਈ ਤਾਂ ਕੋਈ ਵੱਡੀ ਗੱਲ ਨਹੀਂ ਹੈ । ਇਹ ਮਹਾਨ ਪ੍ਰਾਪਤੀ ਹੈ, ਸਿਆਣੀ ਲੀਡਰਸ਼ਿਪ ਦੀ, ਉਸ ਪਾਰਟੀ ਦੀ ਜਿਸ ਦੀ ਇਹ ਸਰਕਾਰ ਹੈ । ਉਹ ਮਹਾਨ ਨੇਤਾ ਹੈ ।

ਗਿਆਨੀ ਕੁੰਦਨ ਸਿੰਘ ਪਤੰਗ: * * * (ਵਿਘਨ)

ਸ਼੍ਰੀ ਸਭਾਪਤੀ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । ਜਿਹੜਾ ਸ਼ਬਦ ** ਦਾ ਇਨ੍ਹਾਂ ਨੇ ਵਰਤਿਆ ਹੈ, ਇਹ ਪਾਰਟ ਆਫ ਪ੍ਰੋਸੀਡਿੰਗਜ਼ ਨਾ ਬਣਾਇਆ ਜਾਏ । (This is no point of order. The word ** which the hon. Member has used should not form part of the proceedings.)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ਼ ਆਰਡਰ । (ਵਿਘਨ)

ਸ਼੍ਰੀ ਸਭਾਪਤੀ: ਮੈਂ ਬਾਦਲ ਸਾਹਿਬ ਕੋਲ ਅਰਜ਼ ਕਰਾਂਗਾ ਕਿ ਜਦੋਂ ਤੁਹਾਡੀ ਪਾਰਟੀ ਦਾ ਇਕ ਆਦਮੀ ਬੋਲ ਰਿਹਾ ਹੋਵੇ ਤਾਂ ਉਹਦੀ ਗਲ ਸੁਣ ਲੈਣੀ ਚਾਹੀਦੀ ਹੈ ਅਤੇ ਦੂਜਿਆਂ ਨੂੰ ਬੈਠ ਜਾਣਾ ਚਾਹੀਦਾ ਹੈ। (I would request Sardar Parkash Singh Badal that when someone from his own party is on his legs, he should be heard and others should take their seats.)

ਸਰਦਾਰ ਧੰਨਾ ਸਿੰਘ ਗੁਲਸ਼ਨ : * * * (ਵਿਘਨ)

ਸ਼੍ਰੀ ਸਭਾਪਤੀ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । ਇਹ ਪਾਰਟ ਆਫ਼ ਦੀ ਪ੍ਰੋਸੀਡਿੰਗਜ਼ ਨਹੀਂ ਬਣੇਗਾ । (This is no point of order. It will not form part of the proceedings.)

ਸਰਦਾਰ ਅਜਾਇਬ ਸਿੰਘ ਸੰਧੂ: ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ । (ਵਿਘਨ)

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

(ਇਸ ਵੇਲੇ ਸਰਦਾਰ ਦਰਬਾਰਾ ਸਿੰਘ ਜੀ ਵੀ ਆਪਣੀ ਸੀਟ ਤੇ ਪੁਆਇੰਟ ਆਫ਼ ਆਰਡਰ ਤੇ ਖੜੇ ਹੋਏ ਸਨ)

ਚੇਅਰਮੈਨ ਸਾਹਿਬ, ਜਾਂ ਤਾਂ ਮੈਂ ਹੀ ਪੁਆਇੰਟ ਆਫ਼ ਆਰਡਰ ਤੇ ਖੜ੍ਹਾ ਹੋ ਸਕਦਾ ਹਾਂ ਜਾਂ ਫੇਰ ਸਰਦਾਰ ਦਰਬਾਰਾ ਸਿੰਘ ਜੀ ਹੀ ਆਨ ਏ ਪੁਆਇੰਟ ਆਫ਼ ਆਰਡਰ ਤੇ ਖੜੇ ਹੋ ਸਕਦੇ ਹਨ । ਇਕੋ ਬੰਦਾ ਐਟ ਏ ਟਾਈਮ ਖੜ੍ਹਾ ਹੋ ਸਕਦਾ ਹੈ ।

ਸਰਦਾਰ ਦਰਬਾਰਾ ਸਿੰਘ: ਚੇਅਰਮੈਨ ਸਾਹਿਬ, ਮੈਂ ਅਰਜ਼ ਕਰਾਂਗਾ । (ਵਿਘਨ) ਮੈਂ ਪੜ੍ਹ ਕੇ ਸੁਣਾਉਂਦਾ ਹਾਂ ਕਿ ਪੁਆਇੰਟ ਆਫ਼ ਆਰਡਰ ਦਾ ਸਕੋਪ ਕੀ ਹੈ ਜਿਹੜਾ ਇਹ ਰੈਫਰ ਕਚਦੇ ਹਨ ।

ਸ਼੍ਰੀ ਸਭਾਪਤੀ: ਜੇ ਪੁਆਇੰਟ ਆਫ਼ ਆਰਡਰ ਨਾ ਹੋਇਆ ਤਾਂ ਮੈਂ ਕਹਿ ਸਕਦਾ ਹਾਂ । (I can declare an improper point of order as 'No point of order'.)

ਸਰਦਾਰ ਅਜਾਇਬ ਸਿੰਘ ਸੰਧੂ: * * *

ਸ਼੍ਰੀ ਸਭਾਪਤੀ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (This is no point of order.)

ਸਰਦਾਰ ਅਜਾਇਬ ਸਿੰਘ ਸੰਧੂ: * * *

ਸ਼੍ਰੀ ਸਭਾਪਤੀ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । ਸ਼ਬਦ ** ਰਿਕਾਰਡ ਨਾ ਕੀਤਾ ਜਾਏ (ਵਿਘਨ) ਹੁਣ ਤੁਸੀਂ ਤਸ਼ਰੀਫ਼ ਰਖੋ। (This is no point of order. The word ** should not be recorded. (*Interruption*) Please resume your seat.)

ਸਰਦਾਰ ਗੁਰਦੇਵ ਸਿੰਘ ਬਾਦਲ: ਆਨ ਏ ਪੁਆਇੰਟ ਆਫ਼ ਆਰਡਰ, ਸਰ ।

ਸ਼੍ਰੀ ਸਭਾਪਤੀ: ਤੁਹਾਡਾ ਕੀ ਪੁਆਇੰਟ ਆਫ਼ ਆਰਡਰ ਹੈ? (What is your point of order ?)

ਸਰਦਾਰ ਗੁਰਦੇਵ ਸਿੰਘ ਬਾਦਲ: * * * (ਵਿਘਨ)

ਸ਼੍ਰੀ ਸਭਾਪਤੀ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (This is no point of order.)

(ਇਸ ਵੇਲੇ ਸਰਦਾਰ ਅਜਾਇਬ ਸਿੰਘ ਸੰਧੂ ਬੋਲਣ ਲਈ ਖੜ੍ਹੇ ਹੋ ਗਏ)

ਸ਼੍ਰੀ ਸਭਾਪਤੀ: ਜਦੋਂ ਕੋਈ ਆਨਰੇਬਲ ਮੈਂਬਰ ਪੁਆਇੰਟ ਆਫ਼ ਆਰਡਰ ਤੇ ਰਾਇਜ਼ ਕਰੇ ਅਤੇ ਉਸ ਤੋਂ ਬਾਅਦ ਕੋਈ ਗੱਲ ਕਹੇ ਤਾਂ ਹੀ ਪੁਆਇੰਟ ਆਫ਼ ਆਰਡਰ ਰੇਜ ਕੀਤਾ ਕਿਹਾ ਜਾਂਦਾ ਹੈ (When an hon. Member rises on a point of order and states his point, only then it can be said that a point of order has been rajsed.)

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ: ਪੁਆਇੰਟ ਆਫ਼ ਆਰਡਰ ਰੇਜ਼ ਹੋ ਗਿਆ ਹੈ।

ਚੌਧਰੀ ਸੁੰਦਰ ਸਿੰਘ: * * * (ਵਿਘਨ)

ਸ਼੍ਰੀ ਸਭਾਪਤੀ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀ ਹੈ। (This is no point of order.)

(ਗਿਆਨੀ ਕੁੰਦਨ ਸਿੰਘ ਪਤੰਗ ਵਲੋਂ ਵਿਘਨ)

ਸਰਦਾਰ ਦਰਬਾਰਾ ਸਿੰਘ: ਪਤੰਗ ਸਾਹਿਬ ਐਵੇਂ ਹੀ ਖਹੀ ਜਾਂਦੇ ਹਨ। ਗੱਲ ਕੁਝ ਵੀ ਨਹੀਂ ਹੋਈ। ਉਹ ਗੱਲ ਬਣਾਉਣ ਵਾਸਤੇ ਕਹਿ ਗਏ ਹਨ।

ਗਿਆਨੀ ਕੁੰਦਨ ਸਿੰਘ ਪਤੰਗ: * * *

ਸ਼੍ਰੀ ਸਭਾਪਤੀ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।(This is no point of order.)

ਸਰਦਾਰ ਦਰਬਾਰਾ ਸਿੰਘ: * * * (ਵਿਘਨ)

ਸ਼੍ਰੀ ਸਭਾਪਤੀ: ਤੁਸੀ ਬੈਠ ਜਾਓ। ਮੈਂ ਆਨਰੇਬਲ ਮੈਂਬਰਜ਼ ਕੋਲ ਬੇਨਤੀ ਕਰਾਂਗਾ ਕਿ ਇਸ ਸਦਨ ਦਾ ਟਾਈਮ ਬੜਾ ਕੀਮਤੀ ਹੈ। ਕੋਈ ਜਿਹੜੀ ਜ਼ਰੂਰੀ ਗੱਲ ਹੋਵੇ ਜ਼ਰੂਰ ਇੰਟਰੱਪਟ ਕਰੋ ਲੇਕਿਨ ਜੇ ਤੁਸੀਂ ਬਹਿਸ ਨਹੀਂ ਚੱਲਣ ਦਿਉਗੇ ਤਾਂ ਟਾਈਮ ਵਧਾਇਆ ਜਾਵੇਗਾ। ਮੈਂ ਬੇਨਤੀ ਕਰਾਂਗਾ ਕਿ ਤੁਸੀਂ ਇਸ ਤਰ੍ਹਾਂ ਦੇ ਇਰੈਲੇਵੈਂਟ ਪੁਆਇੰਟਸ ਆਫ਼ ਆਰਡਰ ਰੇਜ਼ ਨਾ ਕਰੋ। ਇਸ ਤਰ੍ਹਾਂ ਇੰਟਰੱਪਟ ਕਰਨ ਵਾਸਤੇ ਆਗਿਆ ਨਹੀਂ ਦਿੱਤੀ ਜਾਵੇਗੀ। (Please resume your seat. I would submit that the time of the House is very precious. You may interrupt only when it is necessary to do so. If you go on obstructing the proceedings of the House, then the time of the sitting will have to be extended. I would request you not to raise such irrelevant points of order, I will not allow this.)

ਸਰਦਾਰ ਜਗਦੇਵ ਸਿੰਘ ਸੰਧੂ: (ਬੈਠੇ ਬੈਠੇ) ਤੁਸੀਂ ਉਨ੍ਹਾਂ ਤੋਂ ਸਹੁੰ ਖੁਆਓ ਕਿ ਉਹ ਸੱਚ ਕਹਿਣਗੇ।

ਸਰਦਾਰ ਦਰਬਾਰਾ ਸਿੰਘ: ਸਾਡੀ ਸੈਂਟਰ ਦੀ ਲੀਡਰਸ਼ਿਪ ਨੇ ਜਿਸ ਤੇ ਕਿ ਇਨ੍ਹਾਂ ਨੇ ਮਹਿੰਗਾਈ ਬਾਰੇ ਇਲਜ਼ਾਮ ਲਗਾਇਆ ਹੈ, ਮੈਂ ਕਹਿੰਦਾ ਹਾਂ ਕਿ ਸਾਡੀ ਸੈਂਟਰ ਦੀ ਲੀਡਰਸ਼ਿਪ ਨੇ ਸਾਨੂੰ ਦੁਨੀਆਂ ਵਿੱਚੋਂ ਆਰਥਿਕ ਖੇਤਰ ਵਿੱਚ, ਸਾਇੰਟਿਫਿਕ ਅਤੇ ਟੈਕਨੌਲੌਜੀ ਦੇ ਤੌਰ ਤੇ ਅੱਗੇ ਲਿਆਕੇ ਖੜਾ ਕੀਤਾ ਹੈ ਅਤੇ ਅਸੀਂ ਅੱਜ ਜਿੰਨਾਂ ਇਸ ਤੇ ਮਾਣ ਕਰ ਸਕੀਏ, ਉਹ ਥੋੜ੍ਹਾ ਹੈ। ਸਾਡੇ ਤੇ ਵੱਡੀਆਂ ਵੱਡੀਆਂ ਔਕੜਾਂ ਆਈਆਂ। ਸਾਡੇ ਤੇ ਚੀਨ ਨੇ ਹਮਲਾ ਕੀਤਾ ਸੀ ਅਤੇ ਫਿਰ ਪਾਕਿਸਤਾਨ ਨੇ ਹਮਲਾ ਕੀਤਾ ਸੀ, ਅਸੀਂ ਇਨ੍ਹਾਂ ਔਕੜਾਂ ਵਿਚੋਂ ਲੰਘੇ ਹਾਂ। (ਵਿਘਨ) ਹੁਣ ਦਾ ਜਿਹੜਾ ਆਰਥਿਕ ਸੰਕਟ ਹੈ ਇਸ ਤੋਂ

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਕੋਈ ਇਨਕਾਰ ਨਹੀਂ ਕਰ ਸਕਦਾ । ਜੇ ਕੋਈ ਇਸ ਦਾ ਹੱਲ ਢੂੰਡ ਸਕਦਾ ਹੈ ਤਾਂ ਉਹ ਸਿਰਫ ਸਾਡੀ ਇਕੋ ਇਕ ਪਾਰਟੀ ਆਲ ਇੰਡੀਆ ਨੈਸ਼ਨਲ ਕਾਂਗਰਸ ਹੈ ਅਤੇ ਉਸ ਦੀ ਅਗਵਾਈ ਸ਼੍ਰੀਮਤੀ ਇੰਦਰਾ ਗਾਂਧੀ ਜੀ ਕਰ ਰਹੇ ਹਨ। (ਤਾੜੀਆਂ) ਉਹ ਹੀ ਸਾਨੂੰ ਅੱਗੇ ਲਿਜਾ ਸਕਦੀ ਹੈ ਤੇ ਅਗੇ ਲਿਜਾ ਰਹੀ ਹੈ ਅਤੇ ਇਸ ਤਰ੍ਹਾਂ ਜਿਹੜੀਆਂ ਵੱਡੀਆਂ ਵੱਡੀਆਂ ਤਾਕਤਾਂ ਹਨ ਅਤੇ ਜੋ ਪ੍ਰਕਾਸ਼ ਨਰਾਇਣ ਵਰਗੇ ਜਿਨ੍ਹਾਂ ਨੇ ਮਹਾਨ ਕੁਰਬਾਨੀਆਂ ਕੀਤੀਆਂ ਹਨ, ਉਨ੍ਹਾਂ ਨੇ ਦੇਸ਼ ਸੇਵਾ ਦੀ ਪਰ ਹੁਣ ਉਹ ਜਿਹੜੇ ਕੰਮ ਕਰ ਰਹੇ ਹਨ ਅਤੇ ਦੁਨੀਆਂ ਨੂੰ ਵਰਗਲਾ ਰਹੇ ਹਨ, ਉਹ ਹੁਣ ਲੋਕਾਂ ਨੂੰ ਗੁਮਰਾਹ ਨਹੀਂ ਕਰ ਸਕਣਗੇ । ਇਨ੍ਹਾਂ ਤਾਕਤਾਂ ਦਾ ਮੁਕਾਬਲਾ ਸਾਡੀ ਪਾਰਟੀ ਨੇ ਤਕੜੇ ਹੋਕੇ ਕਰਨਾ ਹੈ ਅਤੇ ਕਰ ਰਹੀ ਹੈ ਅਤੇ ਲੋਕਾਂ ਦੇ ਹਿੱਤ ਲਈ ਲਗਾਤਾਰ ਜੱਦੋ-ਜਹਿਦ ਕਰ ਰਹੀ ਹੈ । (ਵਿਘਨ) ਅਸੀਂ ਤਕੜੇ ਹੋ ਕੇ ਅੱਗੇ ਵਧਣਾ ਹੈ । ਮੈਂ ਅਰਜ਼ ਕਰ ਰਿਹਾ ਸੀ ਕਿ ਸਾਡੇ ਆਪੋਜ਼ੀਸ਼ਨ ਦੇ ਲੀਡਰਾਂ ਨੇ ਜਿਹੜੀ ਗੱਲ ਸਾਡੇ ਤੇ ਥੋਪੀ ਹੈ ਇਹ ਉਨ੍ਹਾਂ ਦਾ ਇਲਜ਼ਾਮ ਨਿਰਆਧਾਰਤ ਹੈ । ਮੈਂ ਤੁਹਾਡੀ ਸੇਵਾ ਵਿੱਚ ਅਰਜ਼ ਕਰਦਾ ਹਾਂ ਕਿ ਇਹ ਕਹਿੰਦੇ ਹਨ ਕਿ :

> "Total sell out of the economic interests through scrapping of State Trading in Foodgrains with a view to helping the monopolists and vested interests at the cost of both the producers and consumers".

ਇਸ ਗੱਲ ਦਾ ਨਿਰਣਾ ਜੇ ਤੁਸੀਂ ਆਰਥਿਕ ਤੌਰ ਤੇ, ਇਕਨਾਮਿਕ ਤੌਰ ਤੇ ਪੰਜਾਬ ਵਿੱਚ ਕਰੋ ਤਾਂ ਇਹ ਬਿਲਕੁਲ ਉਸ ਦੇ ਉਲਟ ਹੈ । ਪੰਜਾਬ ਫੂਡ ਗਰੇਨਜ਼ ਵਿੱਚ ਇਕ ਸਰਪਲੱਸ ਸਟੇਟ ਹੈ । ਫੂਡ ਗਰੇਨਜ਼ ਦੇ ਵਿੱਚ ਇਹ ਜਿਹੜੀ ਨਵੀਂ ਪਾਲਿਸੀ ਹੈ ਮੈਨੂੰ ਇਸ ਗੱਲ ਦਾ ਮਾਣ ਹੈ ਕਿ ਸਾਡੀ ਸਰਕਾਰ ਨੇ ਇਸ ਪਾਲਿਸੀ ਦੀ ਡਟਕੇ ਵਿਰੋਧਤਾ ਕੀਤੀ ਹੈ । (ਵਿਘਨ) ਪੰਜਾਬ ਸਟੇਟ ਫੂਡ ਗਰੇਨਜ਼ ਵਿਚ ਸਰਪਲੱਸ ਸਟੇਟ ਹੈ । ਇਨ੍ਹਾਂ ਨੇ ਫੂਡ ਗਰੇਨਜ਼ ਨੂੰ ਰੱਖਣ ਲਈ ਇਕ ਕਾਰਪੋਰੇਸ਼ਨ ਵੀ ਬਣਾਈ ਹੈ ਅਤੇ ਇਸ ਚੀਜ਼ ਦੇ ਉਤੇ ਹੋਰ ਕਾਬੂ ਪਾਉਣ ਦਾ ਯਤਨ ਕੀਤਾ ਹੈ । ਇਸ ਲਈ ਇਹ ਸਾਰੇ ਕਦਮ ਸ਼ਲਾਘਾਯੋਗ ਹਨ । (ਤਾੜੀਆਂ) ਇਹ ਕਿਉਂਕਿ ਨੈਸ਼ਨਲ ਪਾਲਿਸੀ ਹੈ ਜਿਸ ਦੇ ਵਿਚ ਵੱਖ ਵੱਖ ਸਟੇਟਸ ਦਾ ਬਹੁਤ ਜ਼ਿਆਦਾ ਜ਼ੋਰ ਪੈ ਗਿਆ । ਉਨ੍ਹਾਂ ਨੇ ਕਿਹਾ ਕਿ ਸਾਨੂੰ ਇਸ ਢੰਗ ਨਾਲ ਦਿਓ, ਕਿਉਂਕਿ ਇਹ ਇਕ ਨੈਸ਼ਨਲ ਪਾਲਿਸੀ ਹੈ, ਜਿਸ ਕਰਕੇ ਉਸ ਨੂੰ ਮਨਜ਼ੂਰ ਕਰਨਾ ਪਿਆ । ਜਿਹੜੀ ਪੁਰਾਣੀ ਪਾਲਿਸੀ ਸੀ ਉਸ ਨੂੰ ਉਨ੍ਹਾਂ ਨੇ ਮੋਡੀਫਾਈ ਕੀਤਾ ਹੈ । ਇਸ ਤਰ੍ਹਾਂ ਸਾਡੇ ਗਿਆਨੀ ਜੀ ਨੇ, ਪੰਜਾਬ ਦੇ ਮੁੱਖ ਮੰਤਰੀ ਜੀ ਨੇ, ਸਾਡੀ ਸਰਕਾਰ ਨੇ 6 ਲੱਖ ਟਨ ਦਾ ਅਨਾਜ ਉਚੇਚਾ ਪੰਜਾਬ ਦੇ ਰਾਖਵੇਂ ਭੰਡਾਰ ਲਈ ਸਾਨੂੰ ਦਿੱਤਾ ਹੈ । ਸਰਕਾਰ ਨੇ ਅਨਾਜ ਦਾ ਕਾਫੀ ਭੰਡਾਰ ਰਖਿਆ ਹੈ ਅਤੇ ਜਿਸ ਨਾਲ ਕੰਜ਼ਿਊਮਰਜ਼ ਨੂੰ 105 ਰੁਪਏ ਦੇ ਹਿਸਾਬ ਨਾਲ ਅਨਾਜ ਮਿਲੇਗਾ ਅਤੇ ਕਿਧੇ ਨੂੰ ਤੰਗੀ ਨਹੀਂ ਆਵੇਗੀ । ਜਿਥੇ ਸਾਡੀ ਸਰਕਾਰ ਨੇ ਕਿਸਾਨ ਨੂੰ ਚੰਗਾ ਭਾਅ ਦਿੱਤਾ ਹੈ ਉਥੇ ਕੰਜ਼ਿਊਮਰ ਦਾ ਵੀ ਇੰਟਰੈਸਟ ਪੂਰੀ ਤਰਾਂ ਸੇਫਗਾਰਡ ਕੀਤਾ ਹੈ । ਇਸ ਲਈ ਇਨ੍ਹਾਂ ਨੇ (ਅਕਾਲੀ ਪਾਰਟੀ ਵੱਲ ਇਸ਼ਾਰਾ ਕਰਦੇ ਹੋਏ) ਬਿਲਕੁਲ ਗਲਤ ਬਿਆਨੀ ਕੀਤੀ ਹੈ । ਅੱਜ ਪਰੋਡਿਊਸਰ 125 ਰੁਪਏ ਪਰ ਕੁਇੰਟਲ ਦੇ ਹਿਸਾਬ ਨਾਲ ਕਣਕ ਵੇਚਦਾ ਹੈ ਅਤੇ ਸਰਕਾਰ ਨੇ ਇਸ ਦੇ ਨਾਲ ਹੀ ਕੰਜ਼ਿਊਮਰ ਦਾ ਵੀ ਪੂਰਾ ਖਿਆਲ ਕੀਤਾ ਹੈ ਅਤੇ ਉਸ ਦੇ ਵਾਸਤੇ 105 ਰੁਪਏ ਹੀ ਭਾਅ ਹੋਵੇਗਾ । ਪਰੋਡਿਊਸਰ ਦਾ ਖਾਸ ਖਿਆਲ ਰੱਖਿਆ ਜਾਂਦਾ ਹੈ। (ਵਿਘਨ) ਤੁਸੀਂ ਤਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਰਬਾਰਾ ਸਿੰਘ]

105 ਰੁਪਏ ਭਾਅ ਦੇਣਾ ਚਾਹੁੰਦੇ ਸੀ ਪਰ ਗਿਆਨੀ ਜੀ ਦੀ ਸਰਕਾਰ ਨੇ ਤੁਹਾਨੂੰ 125 ਰੁਪਏ ਭਾਅ ਦਿੱਤਾ ਹੈ ਇਸ ਲਈ ਤੁਸੀਂ ਗਿਆਨੀ ਜੀ ਦਾ ਧੰਨਵਾਦ ਕਰੋ। (ਤਾੜੀਆਂ) ਚੇਅਰਮੈਨ ਸਾਹਿਬ, ਇਨ੍ਹਾਂ ਵੀਰਾਂ ਨੇ ਪਿੰਡ ਪਿੰਡ ਜਾ ਕੇ ਪੂਰਾ ਯਤਨ ਕੀਤਾ ਹੈ। (ਵਿਘਨ)

ਸਰਦਾਰ ਬਲਵਿੰਦਰ ਸਿੰਘ ਭੁੰਦੜ: ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਕਹਿੰਦੇ ਹਨ ਕਿ ਕਣਕ ਦਾ ਭਾਅ 125 ਰੁਪਏ ਹੈ ਅਤੇ ਇਹ ਬੜੀ ਮਾਣ ਵਾਲੀ ਗੱਲ ਹੈ। (ਵਿਘਨ) (ਸ਼ੋਰ)

ਸਰਦਾਰ ਦਰਬਾਰਾ ਸਿੰਘ: ਬੜੀ ਸਾਧਾਰਣ ਜਿਹੀ ਗੱਲ ਹੈ ਕਿ ਜਦ ਸਟੇਟ ਟਰੇਡਿੰਗ ਸੀ ਤਾਂ ਉਸ ਦੇ ਵਿੱਚ ਤੁਸੀਂ ਕਣਕ 105 ਰੁਪਏ ਪ੍ਰਤੀ ਕੁਇੰਟਲ ਦੇਣੀ ਸੀ ਪਰ ਹੁਣ ਤੁਹਾਨੂੰ 125 ਰੁਪਏ ਕੁਇੰਟਲ ਦੇ ਹਿਸਾਬ ਦਿੰਦੇ ਹਨ। ਹੁਣ ਤੁਸੀਂ ਆਪ ਹਿਸਾਬ ਲਾ ਲਵੋ ਕਿ ਕੀ ਇਸ ਸਾਲ ਪਰੋਡਿਊਸਰ ਨੂੰ ਫਾਇਦਾ ਹੋਇਆ ਹੈ ਜਾਂ ਨਹੀਂ। ਹੁਣ ਤੁਸੀਂ ਹਿਸਾਬ ਲਗਾ ਲਵੋ ਕਿ 105 ਰੁਪਏ ਦੀ ਥਾਂ ਤੇ 125 ਰੁਪਏ ਭਾਅ ਦੇ ਕੇ ਜੇ ਅਸੀਂ 50 ਲੱਖ ਟਨ ਕਣਕ ਦੇਈਏ ਤਾਂ ਫਿਰ ਇਸ ਹਿਸਾਬ ਨਾਲ ਗਿਆਨੀ ਜੀ ਦੀ ਸਰਕਾਰ ਨੇ ਸਾਡੀ ਸਟੇਟ ਨੂੰ ਕਿੰਨਾ ਪੈਸਾ ਦਿੱਤਾ ਹੈ। ਕੰਜ਼ਿਊਮਰ ਨੂੰ 105 ਰੁਪਏ ਦੇ ਹਿਸਾਬ ਨਾਲ ਕਣਕ ਦੇਣ ਲਈ ਆਪਣੇ ਕੋਲ ਪ੍ਰਬੰਧ ਕਰ ਲਿਆ ਹੈ। ਮੈਂ ਕਹਿੰਦਾ ਹਾਂ ਕਿ ਇਸ ਤੋਂ ਵਡੀ ਪ੍ਰਾਪਤੀ ਇਸ ਦੀ ਹੋਰ ਕੀ ਹੋ ਸਕਦੀ ਹੈ? (ਤਾੜੀਆਂ)

ਫਿਰ ਫਰਟੇਲਾਈਜ਼ਰ ਦੀ ਗੱਲ ਕੀਤੀ ਗਈ ਹੈ। ਫਰਟੇਲਾਈਜ਼ਰ ਦੇ ਭਾਅ ਸੌ ਫੀ ਸਦੀ ਵੱਧ ਗਏ, ਇਸ ਬਾਰੇ ਬੜੀ ਹਾਹਾਕਾਰ ਮਚੀ, ਪਰ ਇਸ ਦਾ ਪਿਛੋਕੜ ਮੇਰੇ ਵੀਰ ਜਾਣਦੇ ਹਨ। ਇਸ ਵੇਲੇ ਇੰਟਰਨੈਸ਼ਨਲ ਰੇਟ ਖਾਦ ਦਾ ਜੋ ਹੈ, ਉਸ ਤੋਂ ਬਹੁਤ ਥੱਲੇ ਹੈ। ਜਿਹੜੇ ਦੇਸ਼ ਖਾਦ ਪੈਦਾ ਕਰਦੇ ਹਨ ਉਨ੍ਹਾਂ ਨੇ ਖਾਦ ਦੀਆਂ ਕੀਮਤਾਂ ਬਹੁਤ ਵਧਾ ਦਿੱਤੀਆਂ ਹਨ; ਜਿਸ ਤਰ੍ਹਾਂ ਕਿ ਵੱਡੇ ਵੱਡੇ ਦੇਸ਼ ਹਨ ਰੂਸ, ਚੀਨ, ਅਮਰੀਕਾ ਅਤੇ ਕੈਨੇਡਾ ਆਦਿ ਅਤੇ ਜਿਨ੍ਹਾਂ ਕੋਲ ਐਨੀ ਕਰੰਸੀ ਹੈ। ਪਰ ਇਹ ਸਾਡੀ ਸੈਂਟਰ ਗੌਰਮਿੰਟ ਦੀ ਸਿਆਣਪ ਹੈ ਜਾਂ ਉਨ੍ਹਾਂ ਦੀ ਚੰਗੀ ਸੂਝ ਹੈ ਕਿ ਸਾਨੂੰ ਇਸ ਵੇਲੇ ਜਿਹੜੀ ਖਾਦ ਦੀ ਲੋੜ ਸੀ, ਭਾਵੇਂ ਉਹ ਨਾਈਟਰੋਜਨ ਦੀ ਹੋਵੇ ਅਤੇ ਭਾਵੇਂ ਫਾਸਫੋਰਸ ਦੀ ਹੋਵੇ ਸਾਰੀਆਂ ਖਾਦਾਂ ਦੀ ਜਿਨ੍ਹਾਂ ਦੀ ਲੋੜ ਸੀ, ਕਿਸਾਨ ਨੂੰ ਪੂਰੀ ਕਰਕੇ ਦਿੱਤੀ ਹੈ। ਕੋਈ ਕਿਸਾਨ ਨਹੀਂ ਕਹਿ ਸਕਦਾ ਕਿ ਜਿੰਨੀ ਮੈਨੂੰ ਲੋੜ ਸੀ ਉਤਨੀ ਮੈਨੂੰ ਨਹੀਂ ਮਿਲੀ। (ਘੰਟੀ)

ਸ਼੍ਰੀ ਸਭਾਪਤੀ: ਤੁਸੀਂ ਕਿੰਨਾ ਸਮਾਂ ਹੋਰ ਲਵੋਗੇ? (How much more time will you take?)

ਸਰਦਾਰ ਦਰਬਾਰਾ ਸਿੰਘ: ਮੈਂ 10 ਮਿੰਟ ਹੋਰ ਲਵਾਂਗਾ।

Mr. Chairman: Please wind up within five minutes.

ਸਰਦਾਰ ਕਰਨੈਲ ਸਿੰਘ ਮਰੜੀ: ਸਪੀਕਰ ਸਾਹਿਬ, ਮੈਂ ਬੋਲਣਾ ਚਾਹੁੰਦਾ ਹਾਂ।

ਸ਼੍ਰੀ ਸਭਾਪਤੀ: ਤੁਸੀਂ ਕਿਸ ਚੀਜ਼ ਤੇ ਬੋਲਣਾ ਚਾਹੁੰਦੇ ਹੋ? (On what topic do you want to speak?)

Original with;
Punjab Vidhan Sabha
Digitized by;
Panjab Digital Library

ਸਰਦਾਰ ਕਰਨੈਲ ਸਿੰਘ ਮਰੜ੍ਹੀ : * * *

Mr. Chairman: This is no point of order.

ਸਰਦਾਰ ਕਰਨੈਲ ਸਿੰਘ ਮਰੜ੍ਹੀ : * * *

ਸ਼੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। (This is no point of order.)

ਸਰਦਾਰ ਦਰਬਾਰਾ ਸਿੰਘ : ਚੇਅਰਮੈਨ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਖਾਦ ਦੀ ਕੋਈ ਕਮੀ ਨਹੀਂ ਆਉਣ ਦਿੱਤੀ । ਇਥੇ ਦੋ ਕਿਸਮ ਦੇ ਲੋਕ ਹਨ ਜਿਹੜੇ ਕਿ ਖਾਦ ਦੀ ਕਮੀ ਦੀ ਗੱਲ ਕਰਦੇ ਹਨ । ਇਕ ਤਾਂ ਉਹ ਲੋਕ ਹਨ ਜਿਹੜੇ ਕਿ ਸਕੇਅਰ ਪੈਦਾ ਕਰਨਾ ਚਾਹੁੰਦੇ ਹਨ ਅਤੇ ਲੋਕਾਂ ਨੂੰ ਭੈ-ਭੀਤ ਕਰਨਾ ਚਾਹੁੰਦੇ ਹਨ ਅਤੇ ਫਿਰ ਆਪ ਬਲੈਕ ਕਰਨਾ ਚਾਹੁੰਦੇ ਹਨ । ਦੂਸਰੇ ਉਹ ਲੋਕ ਇਥੇ ਬੈਠੇ ਹਨ ਜਿਨ੍ਹਾਂ ਨੇ ਆਪਣੇ ਘਰਾਂ ਵਿਚ ਹਜ਼ਾਰ ਹਜ਼ਾਰ ਬੋਰੀ ਖਾਦ ਦੀ ਰੱਖੀ ਹੋਈ ਹੈ ਅਤੇ ਦੋਹਾਈ ਦਿੰਦੇ ਹਨ ਕਿ ਖਾਦ ਨਹੀਂ ਮਿਲਦੀ । ਉਨ੍ਹਾਂ ਦੇ ਘਰੋਂ ਜਿੰਨੀ ਮਰਜ਼ੀ ਹੈ ਕੱਢ ਲਵੋ । (ਤਾੜੀਆਂ) (ਵਿਘਨ) (ਸ਼ੋਰ)

8.30 p. m.

(ਇਸ ਸਮੇਂ ਸ਼੍ਰੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ ।)

ਸਰਦਾਰ ਗੁਰਦੇਵ ਸਿੰਘ ਸਿੱਧੂ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਆਰਡਰ। ਸਰਦਾਰ ਦਰਬਾਰਾ ਸਿੰਘ ਸਪੀਕਰ ਸਨ । ਮੈਂ ਇਕ ਲਫਜ਼ ਕਿਹਾ ਸੀ ਤੁਸੀਂ ਉਸ ਦਾ ਬੁਰਾ ਮਨਾਇਆ ਸੀ । (ਵਿਘਨ) ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਸਰਦਾਰ ਦਰਬਾਰਾ ਸਿੰਘ ਨੇ ਇਹ ਗੱਲ ਕਹੀ ਸੀ ਕਿ ਇਸ ਪਾਰਟੀ (ਆਪੋਜ਼ੀਸ਼ਨ ਵੱਲ ਇਸ਼ਾਰਾ ਕਰਦੇ ਹੋਏ) ਵਾਲਿਆਂ ਕੋਲ ਹਜ਼ਾਰਾਂ ਥੈਲੇ ਰੇਹ ਦੇ ਪਏ ਹਨ ਅੱਤ ਸਾਡੇ ਕੋਲ ਕੋਈ ਥੈਲਾ ਨਹੀਂ ਹੈ । ਮੈਂ ਕਹਾਂਗਾ ਕਿ ਤੁਸੀਂ ਸਰਦਾਰ ਸਾਹਿਬ ਨੂੰ ਮੇਰੇ ਨਾਲ ਲੈ ਚਲੋ ਮੈਂ ਦੱਸਾਂਗਾ ਕਿ ਇਨ੍ਹਾਂ ਕੋਲੋਂ ਹਜ਼ਾਰ ਹਜ਼ਾਰ ਬੋਰੀ ਰੇਹ ਦੀ ਨਿਕਲੇਗੀ । (ਵਿਘਨ) ਇਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਜਿਹੜਾ ਫਰਟੇਲਾਈਜ਼ਰ ਹੈ ਇਸ ਦਾ ਰੇਟ 100 ਪਰਸੈਂਟ ਵਧਿਆ ਹੈ ਕਿਉਂਕਿ ਇਹ ਬਾਹਰਲੇ ਮੁਲਕਾਂ ਤੋਂ ਆਉਂਦਾ ਹੈ। ਮੈਂ ਪੁਛਣਾ ਚਾਹੁੰਦਾ ਹਾਂ ਤੁਹਾਡੀ ਹਕੂਮਤ ਨੂੰ ਸੈਂਟਰ ਵਿੱਚ 27 ਸਾਲ ਹੋ ਗਏ ਹਨ ਕਿਉਂ ਨਹੀਂ ਹਾਲੀ ਭੱਕ ਇੰਡੀਆ ਵਿਚ ਕੋਈ ਇਸ ਦਾ ਪ੍ਰਬੰਧ ਕੀਤਾ ਗਿਆ? (ਵਿਘਨ)

Mr. Speaker: Please resume your seat.

ਸਰਦਾਰ ਦਰਬਾਰਾ ਸਿੰਘ : ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਨ੍ਹਾਂ ਨੂੰ ਇਹ ਸਮਝਾ ਦੇਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਇਕਨਾਮਿਕ ਇਨਟਰੈਸਟ ਕਿਤੇ ਸੇਫ ਕੀਤਾ ਹੈ । (ਵਿਘਨ)

*Expunged as ordered by the Chair

Original with;
Punjab Vidhan Sabha
Digitized by;
Panjab Digital Library

ਸਰਦਾਰ ਹਰਬੰਸ ਸਿੰਘ ਜਲਾਲ: ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਸਰਦਾਰ ਦਰਬਾਰਾ ਸਿੰਘ ਨੇ ਕਿਸੇ ਦਾ ਨਾਮ ਨਹੀਂ ਲਿਆ । ਉਨ੍ਹਾਂ ਨੇ ਅਪੋਜ਼ੀਸ਼ਨ ਵੱਲ ਇਸ਼ਾਰਾ ਕਰਕੇ ਕਿਹਾ ਹੈ ਕਿ ਇਨ੍ਹਾਂ ਦੇ ਕੋਲ ਹਜ਼ਾਰ ਹਜ਼ਾਰ ਥੈਲੇ ਫਰਟੇਲਾਈਜ਼ਰ ਦੇ ਪਏ ਹਨ । ਸਾਡਾ ਹੱਕ ਬਣਦਾ ਹੈ ਕਿ ਸਾਡੇ ਵਿਚੋਂ ਕੋਈ ਵੀ ਐਕਸਪਲੇਨੇਸ਼ਨ ਦੇ ਸਕਦਾ ਹੈ....(ਵਿਘਨ)

ਸਰਦਾਰ ਦਰਬਾਰਾ ਸਿੰਘ : ਇਹ ਚੋਰ ਦੀ ਦਾੜ੍ਹੀ ਵਿਚ ਸ਼ਤੀਰ ਕਿਥੋਂ ਆ ਗਿਆ ? (ਵਿਘਨ)

ਸਰਦਾਰ ਹਰਬੰਸ ਸਿੰਘ ਜਲਾਲ: * * * (ਵਿਘਨ)

Mr. Speaker: This is no point of order.

ਸਰਦਾਰ ਹਰਬੰਸ ਸਿੰਘ ਜਲਾਲ: * * (ਸ਼ੋਰ)

ਸ੍ਰੀ ਸਪੀਕਰ. ਜੋ ਕੁਝ ਆਨਰੇਬਲ ਮੈਂਬਰਜ਼ ਚੇਅਰ ਦੀ ਪ੍ਰਮਿਸ਼ਨ ਬਗੈਰ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । Whatever the hon. Members are saying without the permission of the Chair, should not be recorded.)

ਸਰਦਾਰ ਦਰਬਾਰਾ ਸਿੰਘ: ਸਪੀਕਰ ਸਾਹਿਬ, 50 ਰੁਪਏ ਦੀ ਖਾਦ ਦਾ ਭਾਅ 100 ਰੁਪਏ ਹੋ ਗਿਆ ਹੈ, ਇਹ ਬੜਾ ਵੱਡਾ ਵਾਧਾ ਰੇਟ ਦੇ ਵਿੱਚ ਹੈ । ਜਿਹੜੀ ਕਣਕ ਅਸੀਂ ਵੇਚਦੇ ਹਾਂ ਉਹ ਕਣਕ ਉਹ ਹੈ ਜਿਹੜੀ ਸਸਤੀ ਖਾਦ ਨਾਲ ਪੈਦਾ ਕੀਤੀ ਸੀ । ਇਸ ਸਰਕਾਰ ਨੇ ਕਿੰਨੇ ਰੁਪਏ ਲੈ ਕੇ ਉਸ ਵੇਲੇ ਖਾਦ ਦਿੱਤੀ ਸੀ ? ਉਸ ਵੇਲੇ ਕਣਕ ਦਾ ਭਾਅ 76 ਰੁਪਏ ਸੀ । ਹੁਣ ਇਸ ਵੇਲੇ ਇਕ ਕੁਇੰਟਲ ਸੁਪਰਫਾਸਫੇਟ ਅਤੇ 2 ਕੁਇੰਟਲ ਨਾਈਟਰੋਜਨ ਖਾਦ ਪਾਈਏ ਤਾਂ 300 ਰੁਪਏ ਫੀ ਏਕੜ ਦੀ ਫਸਲ ਤੇ ਲਗਦੇ ਹਨ ਜਿਹੜੇ ਪਹਿਲਾਂ 150 ਰੁਪਏ ਲਗਦੇ ਸੀ । 12 ਕੁਇੰਟਲ ਕਣਕ ਦਾ ਭਾਅ 75 ਰੁਪਏ ਦੀ ਬਜਾਏ 125 ਰੁਪਏ ਦਿੱਤਾ ਹੈ ਅਤੇ 50 ਰੁਪਏ ਦੇ ਹਿਸਾਬ ਨਾਲ 12 ਕੁਇੰਟਲ ਦੇ 600 ਰੁਪਏ ਪ੍ਰਾਫਿਟ ਹੋਇਆ ਜਦ ਕਿ ਲਗੇ ਵਾਧੂ 150 ਰੁਪਏ । ਹੁਣ ਤੁਸੀਂ ਆਪ ਹੀ ਇਸ ਗੱਲ ਦਾ ਅੰਦਾਜ਼ਾ ਲਗਾ ਲਉ । ਮੈਨੂੰ ਪਤਾ ਨਹੀਂ ਇਹ ਕਿਸ ਤਰ੍ਹਾਂ ਅੰਕੜੇ ਕਦਦੇ ਹਨ ਅਤੇ ਕਿਸ ਤਰ੍ਹਾਂ ਹਿਸਾਬ ਕਰਦੇ ਹਨ । (ਵਿਘਨ)

ਸਰਦਾਰ ਸਤਨਾਮ ਸਿੰਘ ਬਾਜਵਾ : ਸਪੀਕਰ ਸਾਹਿਬ, ਜਿਹੜੀ ਖਾਦ ਮਿਟੀ ਵਾਲੀ ਆਈ ਸੀ ਉਸ ਦਾ ਮੁਲ ਵੀ ਲਾ ਲੈਣ (ਵਿਘਨ) (ਹਾਸਾ)

ਸਰਦਾਰ ਦਰਬਾਰਾ ਸਿੰਘ : ਬਾਦਲ ਸਾਹਿਬ ਨੇ, ਸਪੀਕਰ ਸਾਹਿਬ, ਬੜੇ ਜੋਸ਼ ਭਰੇ ਲਹਿਜੇ ਵਿਚ ਸ਼ਹੀਦ ਉਧਮ ਸਿੰਘ ਦੇ ਨਾਮ ਦੀ ਆੜ ਲੈ ਕੇ ਲੋਕਾਂ ਦੇ ਜਜ਼ਬਾਤ ਨੂੰ ਭੜਕਾਉਣ ਦੀ ਕੋਸ਼ਿਸ਼ ਕੀਤੀ ਹੈ । ਉਨ੍ਹਾਂ ਨੇ ਮੋਗੇ ਦੇ ਗੋਲੀ ਕਾਂਡ ਦਾ ਜ਼ਿਕਰ ਚੀਤਾ

*Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

ਹੈ। ਤੁਹਾਨੂੰ ਸਭ ਨੂੰ ਪਤਾ ਹੈ ਕਿ ਉਥੇ ਗਿਆਨੀ ਜੀ ਦੀ ਸਰਕਾਰ ਨੇ ਇਨਕੁਆਇਰੀ ਕਰਵਾ ਕੇ ਸਾਰੇ ਅਫ਼ਸਰਾਂ ਨੂੰ ਟਿਕਾਣੇ ਲਾ ਦਿੱਤਾ ਹੈ। (ਵਿਘਨ)

ਆਵਾਜ਼ਾਂ : ਕੋਈ ਨਹੀਂ ਲਾਇਆ।

Mr. Speaker: No interruption please.

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਬਾਦਲ ਸਾਹਿਬ ਦੇ ਰਿਜੀਮ ਵਿਚ ਇਕ ਬੂਝਾ ਸਿੰਘ, ਜਿਸ ਨੂੰ ਰਾਤ ਨੂੰ ਕੁਝ ਦਿਸਦਾ ਨਹੀਂ ਸੀ....(ਵਿਘਨ) ਫਿਲੌਰ ਪੁਲਿਸ ਨੇ ਮੁਕਾਬਲਾ ਕੀਤਾ। ਉਹ ਕਰਾਂਤੀਕਾਰੀ ਇਨਕਲਾਬੀ ਨਹੀਂ ਸੀ। ਸੁਰਿੰਦਰ, ਗੁਰਦੇਵ ਆਦਿ ਰੋਪੜ ਦੇ ਚਾਰ ਬੰਦੇ ਸਨ, ਇਕ ਹੁਸ਼ਿਆਰਪੁਰ ਦਾ ਸੀ। ਉਨ੍ਹਾਂ ਨੂੰ ਖ਼ਤਮ ਕੀਤਾ ਗਿਆ। ਹੁਣ ਜੇ ਬਾਦਲ ਸਾਹਿਬ ਇਹੋ ਜਿਹੀਆਂ ਗੱਲਾਂ ਕਰਨ ਤਾਂ ਇਹ ਬੜੇ ਸ਼ਰਮ ਦੀ ਗੱਲ ਹੈ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਲਾਅ ਐਂਡ ਆਰਡਰ ਦੀ ਹਾਲਤ ਇਹ ਸੀ ਕਿ ਜਲਸਿਆਂ ਵਿੱਚ ਦੋ ਦੋ ਬੰਦਿਆਂ ਨੂੰ ਗੋਲੀਆਂ ਨਾਲ ਮਾਰਿਆ ਗਿਆ। ਸਰਦਾਰ ਬਸੰਤ ਸਿੰਘ ਜੋ ਸੁਤੰਤਰ ਪਾਰਟੀ ਦੇ ਲੀਡਰ ਸਨ ਉਨ੍ਹਾਂ ਨੂੰ ਦਿਨ ਦਿਹਾੜੇ ਮਾਰਿਆ ਗਿਆ। ਇਨ੍ਹਾਂ ਦੀ ਸਰਕਾਰ ਵੇਲੇ ਤਾਂ ਉਦੋਂ ਇਥੇ ਅਮਨ ਭੰਗ ਨਹੀਂ ਸੀ? ਕੀ ਇਹ ਅਮਨ ਦੀ ਸਰਕਾਰ ਸੀ ਉਦੋਂ? (ਵਿਘਨ) (ਸ਼ੋਰ)

(ਇਸ ਵੇਲੇ ਕਈ ਮਾਨਯੋਗ ਮੈਂਬਰ ਸਾਹਿਬਾਨ ਖੜ੍ਹੇ ਹੋ ਕੇ ਬੋਲ ਰਹੇ ਸਨ * * * *)

ਸ਼੍ਰੀ ਸਪੀਕਰ : ਜੋ ਕੁਝ ਵੀ ਆਨਰੇਬਲ ਮੈਂਬਰਜ਼ ਬਿਨਾਂ ਪ੍ਰਮਿਸ਼ਨ ਬੋਲ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ। (Whatever the hon. Members are saying without the permission of the Chair, should not be recorded.)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ਼ ਇਨਫਰਮੇਸ਼ਨ, ਸਰ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਕਸ-ਸਪੀਕਰ ਸਾਹਿਬ ਤੋਂ ਇਹ ਇਨਫਰਮੇਸ਼ਨ ਲੈਣਾ ਚਾਹੁੰਦਾ ਹਾਂ ਕਿ ਜਿਹੜੀਆਂ ਇਹ ਅਲਫ-ਲੈਲਾ ਦੀਆਂ ਕਹਾਣੀਆਂ ਸੁਣਾਉਂਦੇ ਹਨ ਉਦੋਂ ਇਹ ਕਿਹੜੀ ਸਰਕਾਰ ਨੂੰ ਸਪੋਰਟ ਕਰਦੇ ਸੀ? (ਵਿਘਨ)

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੈਨੂੰ ਇਸ ਗੱਲ ਦਾ ਮਾਣ ਹੈ ਕਿ ਜਦੋਂ ਮੈਂ ਤੁਹਾਡੇ ਵਾਲੀ ਕੁਰਸੀ ਤੇ ਬੈਠਾ ਸੀ ਤਾਂ ਇਹ ਗੱਲ ਆਖੀ ਸੀ ਕਿ ....(ਵਿਘਨ)

ਸਰਦਾਰ ਸਤਨਾਮ ਸਿੰਘ ਬਾਜਵਾ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਇਨ੍ਹਾਂ ਨੇ ਜ਼ਿਕਰ ਕੀਤਾ ਸੀ ਕਿ ਉਸ ਵੇਲੇ ਸਰਦਾਰ ਬਸੰਤ ਸਿੰਘ ਦੀ ਹੱਤਿਆ ਹੋਈ ਹੈ। ਸਰਦਾਰ ਬਸੰਤ ਸਿੰਘ ਦੀ ਜਦੋਂ ਹੱਤਿਆ ਹੋਈ ਸੀ ਤਾਂ ਉਦੋਂ ਇਹ ਸਾਡੇ ਨਾਲ ਸਨ ਅਤੇ ਜਦੋਂ ਉਸ ਦੇ ਪੁੱਤ ਦੀ ਹੋਈ ਤਾਂ ਇਹ ਇਨ੍ਹਾਂ ਦੇ ਨਾਲ ਸਨ। (ਵਿਘਨ)

---

* Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਦਰਬਾਰਾ ਸਿੰਘ: ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ....

ਸ਼੍ਰੀ ਸਪੀਕਰ: ਸਰਦਾਰ ਦਰਬਾਰਾ ਸਿੰਘ ਜੀ, ਹੁਣ ਵਾਈਂਡ ਅੱਪ ਕਰੋ (Sardar Darbara Singh Ji, please wind up now.)

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਡਾਕਟਰ ਬਲਦੇਵ ਪ੍ਰਕਾਸ਼ ਜਿਹੜੀ ਸਰਕਾਰ ਦੇ ਮੋਢੀ ਸਨ....

ਸਰਦਾਰ ਜਸਦੇਵ ਸਿੰਘ ਸੰਧੂ: ਸਪੀਕਰ ਸਾਹਿਬ, ਇਹ ਉਸ ਸਰਕਾਰ ਵਿਚ ਡਿਪਟੀ ਮਨਿਸਟਰ ਸਨ ।

ਸਰਦਾਰ ਦਰਬਾਰਾ ਸਿੰਘ: ਉਸ ਸਰਕਾਰ ਨੇ ਨਿਹੱਥੇ ਕੈਦੀਆਂ ਦੇ ਉਤੇ ਗੋਲੀ ਚਲਾ ਦਿੱਤੀ ਅਤੇ 7 ਕੈਦੀ ਮਾਰੇ ਗਏ । ਉਸ ਦੇ ਲਈ ਅਸੀਂ ਇਨ੍ਹਾਂ ਦੇ ਕੋਲ ਜੁਡੀਸ਼ਲ ਇਨਕੁਆਇਰੀ ਦੀ ਮੰਗ ਕੀਤੀ ਪਰ ਇਨ੍ਹਾਂ ਨੇ ਡਿਪਾਰਟਮੈਂਟਲ ਇਨਕੁਆਇਰੀ ਕਰਵਾਈ.... (ਸ਼ੋਰ) (ਵਿਘਨ)

ਸ਼੍ਰੀ ਸਪੀਕਰ: ਸਰਦਾਰ ਦਰਬਾਰਾ ਸਿੰਘ ਜੀ, ਸਪੀਚ ਕੰਟੀਨਿਊ ਕਰੋ; ਰੁਸੀਂ ਰੁਕ ਕੇ ਬੋਲਦੇ ਹੋ ਇਸ ਲਈ ਇੰਟਰਪਸ਼ਨਜ਼ ਹੁੰਦੀਆਂ ਹਨ....(ਵਿਘਨ) (ਸ਼ੋਰ) (Sardar Darbara Singh Ji, please continue your speech so that there may not be interruptions.)

ਸਰਦਾਰ ਧੰਨਾ ਸਿੰਘ ਗੁਲਸ਼ਨ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਤਾਲੋਂ ਖੁੰਝੀ ਡੂਮਣੀ ਗਾਵੇ ਆਲ ਪਤਾਲ..(ਵਿਘਨ) (ਸ਼ੋਰ)

ਸ਼੍ਰੀ ਸਪੀਕਰ: ਗੁਲਸ਼ਨ ਜੀ, ਤੁਸੀਂ ਪੁਰਾਣੇ ਪਾਰਲੀਮੈਂਟੇਰੀਅਨ ਹੋ; ਤੁਹਾਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ (ਵਿਘਨ) (ਸ਼ੋਰ) (Gulshan Ji, you are a seasoned parliamentarian. Such interruptions do not behove you.) (*Interruption*) (*Noise*)]

ਸਰਦਾਰ ਧੰਨਾ ਸਿੰਘ ਗੁਲਸ਼ਨ: ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਇਸ ਨੂੰ ਹੁਣ ਜ਼ਮੀਨ ਦੇ ਕੇਸ ਤੋਂ ਮੁਆਫ਼ ਕਰ ਦਿੱਤਾ ਹੈ । ਇਹ ਹੁਣ ਨਵਾਂ ਮੁਸਲਮਾਨ ਬਣਿਆ ਹੈ ਅਤੇ ਉਨ੍ਹਾਂ ਦੇ ਗੁਣ ਗਾ ਰਿਹਾ ਹੈ । ਪਹਿਲਾਂ ਸਾਨੂੰ ਕਹਿੰਦਾ ਹੁੰਦਾ ਸੀ ਕਿ ਗਿਆਨੀ ਜ਼ੈਲ ਸਿੰਘ ਨੂੰ ਲਾਹੋ ਥੱਲੇ । (ਵਿਘਨ) (ਸ਼ੋਰ)

ਸਰਦਾਰ ਦਰਬਾਰਾ ਸਿੰਘ: ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਡਿਸਟਰੀਬਿਊਸ਼ਨ ਸਿਸਟਮ ਦੇ ਬਾਰੇ ਵਿੱਚ ਬਾਦਲ ਸਾਹਿਬ ਨੇ ਕਿਹਾ ਹੈ । ਉਸ ਗੱਲ ਦਾ ਕੋਈ ਅਰਥ ਹੀ ਨਹੀਂ (ਵਿਘਨ)

Original with;
Punjab Vidhan Sabha
Digitized by;
Panjab Digital Library

EXTENSION OF TIME OF THE SITTING

ਸ਼੍ਰੀ ਸਪੀਕਰ: ਹਾਊਸ ਦਾ ਸਮਾਂ 9.00 ਵਜੇ ਤਕ ਐਕਸਟੈਂਡ ਕੀਤਾ ਸੀ, ਮੈਂ ਸਮਝਦਾ ਹਾਂ ਕਿ ਇਹ ਸਾਰੀ ਡੀਬੇਟ 9.00 ਵਜੇ ਤਕ ਵਾਈਂਡ ਅੱਪ ਨਹੀਂ ਹੋ ਸਕੇਗੀ.... (ਵਿਘਨ) (ਸ਼ੋਰ) (The sitting of the House was extended upto 9.00 p.m. I feel that this discussion will not be over till 9.00 p.m.) (*Interruption*) (*Noise*)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਨੌ-ਕਾਨਫੀਡੈਂਸ ਮੋਸ਼ਨ ਹੈ, ਇਸ ਤੇ ਚੰਗੀ ਤਰ੍ਹਾਂ ਡਿਸਕਸ਼ਨ ਹੋਵੇ, ਇਸ ਲਈ ਇਹ ਜ਼ਰੂਰੀ ਗੱਲ ਹੈ ਕਿ ਤੁਸੀਂ ਕਲ ਨੂੰ 2-3 ਘੰਟੇ ਇਸ ਦੇ ਲਈ ਸਮਾਂ ਰਖ ਲਵੋ । ਅੱਜ ਇਸ ਤਰ੍ਹਾਂ ਸਮਾਂ ਨਾ ਵਧਾਈ ਜਾਵੋ। ਸਾਰੇ ਮੈਂਬਰ ਸਾਹਿਬਾਨ ਨੇ ਆਪਣੇ ਵਿਚਾਰ ਇਸ ਤੇ ਦੇਣੇ ਹਨ। (ਵਿਘਨ) (ਸ਼ੋਰ) ਤੁਸੀਂ ਇਸ ਨੂੰ ਕਲ ਤੱਕ ਰੱਖ ਲਵੋ (ਵਿਘਨ)

ਸ਼੍ਰੀ ਸਪੀਕਰ: ਹਾਊਸ ਦਾ ਸਮਾਂ ਹਾਊਸ ਦੀ ਮਰਜ਼ੀ ਨਾਲ 10.00 ਵਜੇ ਤੱਕ ਐਕਸਟੈਂਡ ਕੀਤਾ ਜਾਂਦਾ ਹੈ । (ਵਿਘਨ) (ਸ਼ੋਰ) (The time of the sitting is extended upto 10.00 p.m. with the consent of the House.) (*Interruption*) (*Noise*)

(ਇਸ ਸ਼ਮੇਂ ਆਪੋਜ਼ੀਸ਼ਨ ਬੈਂਚਿਜ਼ ਵਲੋਂ ਬਹੁਤ ਸਾਰੇ ਮੈਂਬਰ ਸਾਹਿਬਾਨ ਪੁਆਇੰਟਸ ਆਫ਼ ਆਰਡਰ ਤੇ ਆਪਣੀਆਂ ਸੀਟਾਂ ਤੇ ਖੜੇ ਸਨ ਅਤੇ ਆਵਾਜ਼ਾਂ ਆ ਰਹੀਆਂ ਸਨ ਨੋ-ਨੋ)

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਸਾਡੀ ਪਾਰਲੀਮੈਂਟਰੀ ਡੈਮੋਕਰੈਸੀ ਦੀਆਂ ਕੁਝ ਟਰੈਡੀਸ਼ਨਜ਼ ਹਨ ਉਨ੍ਹਾਂ ਨੂੰ ਕਾਇਮ ਰੱਖਣਾ ਚਾਹੀਦਾ ਹੈ । ਪਹਿਲਾਂ 9.00 ਵਜੇ ਤੱਕ ਸਮਾਂ ਵਧਾ ਦਿੱਤਾ ਹੁਣ 10.00 ਵਜੇ ਤੱਕ ਵਧਾ ਦਿੱਤਾ ਹੈ । ਮੁਆਫ਼ ਕਰਨਾ, ਹਾਊਸ ਨੂੰ ਪੁੱਛੇ ਬਿਨਾ ਕਹਿ ਦਿਤਾ ਕਿ ਹਾਊਸ ਦਾ ਸਮਾਂ ਵਧਾਇਆ ਜਾਂਦਾ ਹੈ । (ਵਿਘਨ) ਅਸੀਂ ਇਸ ਗੱਲ ਤੇ ਸਟਰੌਂਗਲੀ ਪਰੋਟੈਸਟ ਕਰਦੇ ਹਾਂ ਕਿ ਹਾਊਸ ਦੀ ਸਿਟਿੰਗ ਹੋਰ ਕੰਟੀਨਿਊ ਰੱਖੀ ਜਾਵੇ ਅਤੇ ਇਸ ਤਰ੍ਹਾਂ ਹਾਊਸ ਦੀ ਸਿਟਿੰਗ ਦੀ ਐਕਸਟੈਨਸ਼ਨ ਨਹੀਂ ਹੋਣੀ ਚਾਹੀਦੀ । ਇਸ ਤਰ੍ਹਾਂ ਤੁਸੀਂ ਰਾਤ ਦੇ 12.00 ਵਜੇ ਤੱਕ ਡਿਸਕਸ਼ਨ ਜਾਰੀ ਰੱਖੋ, ਇਹ ਕੋਈ ਤਰੀਕਾ ਨਹੀਂ ।

ਡਾਕਟਰ ਬਲਦੇਵ ਪ੍ਰਕਾਸ਼: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਸ ਸਿਟਿੰਗ ਦੀ ਕੀ ਜਸਟੀਫਿਕੇਸ਼ਨ ਹੈ । ਅੱਜ ਪਹਿਲਾ ਦਿਨ ਹੈ, ਹਾਊਸ ਦੀ ਇਸ ਸਿਟਿੰਗ ਨੂੰ ਹੋਰ ਕੰਟੀਨਿਊ ਨਹੀਂ ਰੱਖਣਾ ਚਾਹੀਦਾ । ਅਸੀਂ ਸਵੇਰੇ ਫਿਰ 9.00 ਵਜੇ ਮੀਟ ਕਰਨਾ ਹੈ। ਮੈਨੂੰ ਸਮਝ ਨਹੀਂ ਆਉਂਦੀ ਤੁਸੀਂ ਕਿਸ ਤਰ੍ਹਾਂ ਇਹ ਹਾਊਸ ਐਕਸਟੈਂਡ ਕਰੀ ਜਾ ਰਹੇ ਹੋ ? (ਵਿਘਨ)

ਸ਼੍ਰੀ ਸਪੀਕਰ: ਡਾਕਟਰ ਸਾਹਿਬ, ਇਹ ਹਾਊਸ ਦੀ ਕੰਸੈਂਸਿਜ਼ ਹੈ । (ਵਿਘਨ) (Doctor Sahib, it is the consensus of the House.) (*Interruption*)

Voices: No, No.

Original with;
Punjab Vidhan Sabha
Digitized by;
Panjab Digital Library

WALK-OUT

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਅਸੀਂ ਇਸ ਦਾ ਸਟਰੋਂਗਲੀ ਪਰੋਟੈਸਟ ਕਰਦੇ ਹਾਂ (ਸ਼ੋਰ) (ਵਿਘਨ) ਇਸ ਰਵੀਏ ਦੇ ਵਿਰਧ ਅਸੀਂ ਬਤੌਰ ਪਰੋਟੈਸਟ ਵਾਕ-ਆਊਟ ਕਰਦੇ ਹਾਂ ।

(ਇਸ ਸਮੇਂ ਕਮਿਉਨਿਸਟ ਪਾਰਟੀ ਦੇ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਵਾਕ-ਆਊਟ ਕਰਕੇ ਚਲੇ ਗਏ ਅਤੇ ਜਾਂਦੇ ਜਾਂਦੇ ਉਹ ਕੁਝ ਬੋਲ ਰਹੇ ਸਨ, ਪਰ ਹਾਊਸ ਵਿੱਚ ਸ਼ੋਰ ਜ਼ਿਆਦਾ ਹੋਣ ਦੇ ਕਾਰਣ ਕੁਝ ਸੁਣਾਈ ਨਹੀਂ ਸੀ ਦੇ ਰਿਹਾ ।)

ਡਾਕਟਰ ਬਲਦੇਵ ਪ੍ਰਕਾਸ਼: ਸਪੀਕਰ ਸਾਹਿਬ, ਹਾਊਸ ਦਾ ਕੋਈ ਚਲਣ ਦਾ ਢੰਗ ਹੋਣਾ ਚਾਹੀਦਾ ਹੈ, ਕੋਈ ਡੈਕੋਰਮ ਮੇਨਟੇਨ ਹੋਣਾ ਚਾਹੀਦਾ ਹੈ । (ਸ਼ੋਰ)

ਸ਼੍ਰੀ ਸਪੀਕਰ: ਮੈਂ ਤਾਂ ਹਾਊਸ ਦਾ ਸਰਵੈਂਟ ਹਾਂ ਮਾਸਟਰ ਨਹੀਂ, ਅਗਰ ਹਾਊਸ ਚਾਹੁੰਦਾ ਹੈ ਤਾਂ ਠੀਕ ਹੈ ਹਾਊਸ 10.00 ਵਜੇ ਤਕ ਚਲੇਗਾ, ਫਿਰ ਵੋਟਿੰਗ ਹੋ ਜਾਏਗੀ । (ਵਿਘਨ) (I am the servant and not the master of the House. As desired by the House, the sitting will last till 10.00 p.m. Then the voting shall take place.) (*Interruption*)

ਡਾਕਟਰ ਬਲਦੇਵ ਪ੍ਰਕਾਸ਼: ਸਪੀਕਰ ਸਾਹਿਬ, ਅਸੀਂ ਇਸ ਗੱਲ ਦਾ ਪਰੋਟੈਸਟ ਕਰਦੇ ਹਾਂ (ਵਿਘਨ) ਇਸ ਤਰ੍ਹਾਂ ਫਾਸਿਸਟ ਟੈਂਡੈਂਸੀ ਨਾਲ ਹਾਊਸ ਨਹੀਂ ਚਲਾਉਣਾ ਚਾਹੀਦਾ । (ਸ਼ੋਰ) ਮੈਂਬਰਾਂ ਦੇ ਸੈਂਟੀਮੈਂਟ ਦੀ ਕਦਰ ਕਰਨੀ ਚਾਹੀਦੀ ਹੈ । ਅਸੀਂ ਜੋ ਕੋਡ ਆਫ਼ ਕੰਡਕਟ ਬਣਾਉਂਦੇ ਹਾਂ ਉਸ ਦੇ ਮੁਤਾਬਕ ਚਲਣਾ ਚਾਹੀਦਾ ਹੈ (ਸ਼ੋਰ)

ਸ਼੍ਰੀ ਸਪੀਕਰ: ਮੈਂ ਤਾਂ ਹਾਊਸ ਦੀ ਮਰਜ਼ੀ ਨਾਲ ਚਲਣਾ ਹੈ। ਤੁਸੀਂ ਤਸ਼ਰੀਫ਼ ਰਖੋ । (I am to conduct the House according to its wishes. Please resume your seat.)

ਡਾਕਟਰ ਬਲਦੇਵ ਪ੍ਰਕਾਸ਼: ਸਪੀਕਰ ਸਾਹਿਬ, ਇਹ ਜਿਹੜਾ ਤਰੀਕਾ ਚਲ ਰਿਹਾ ਹੈ ਮੈਂ ਇਸ ਦੇ ਖਿਲਾਫ਼ ਹਾਂ । (ਵਿਘਨ) (ਸ਼ੋਰ)

ਸ਼੍ਰੀ ਸਪੀਕਰ: ਮੈਂ ਤਾਂ ਹਾਊਸ ਦਾ ਸਰਵੈਂਟ ਹਾਂ । ਹਾਊਸ ਦੀ ਕੰਸੈਂਸਿਜ਼ ਹੈ ਕਿ ਹਾਊਸ 10.00 ਵਜੇ ਤੱਕ ਚਲੇ । (ਵਿਘਨ) (ਸ਼ੋਰ) (I am the servant of the House. The House wishes to sit till 10.00 p.m.) (*Interruption.*) (*Noise*)]

ਸਰਦਾਰ ਜਸਵਿੰਦਰ ਸਿੰਘ ਬਰਾੜ: ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਤੁਸੀਂ ਨਿਰੇ ਪੁਰੇ ਕਾਂਗਰਸੀ ਹੀ ਨਹੀਂ ਇਸ ਹਾਊਸ ਦੇ ਕਸਟੋਡੀਅਨ ਹੋ । ਅਸੀਂ ਦੋ ਵਜੇ ਦੇ ਇਥੇ ਬੈਠੇ ਹਾਂ ਅਤੇ ਸਵੇਰੇ ਦੋ ਦੋ ਸੌ ਮੀਲ ਦਾ ਸਫਰ ਕਰਕੇ ਆਏ ਹਾਂ । ਇਸ ਵਾਸਤੇ ਕੋਈ ਹੋਰ ਦਿਨ ਰਖਿਆ ਜਾ ਸਕਦਾ ਹੈ, ਤੁਹਾਨੂੰ ਇਸ ਤਰ੍ਹਾਂ ਸਿਟਿੰਗ ਦਾ ਟਾਈਮ ਨਹੀਂ

Original with;
Punjab Vidhan Sabha
Digitized by;
Panjab Digital Library

ਵਧਾਉਣਾ ਚਾਹੀਦਾ । ਇਹ ਜਿਹੜਾ ਫੈਸਲਾ ਹੈ ਕਿ ਹਾਊਸ 10.00 ਵਜੇ ਤੱਕ ਚਲੇਗਾ ਇਹ * * * ਹੈ ।

ਸ਼੍ਰੀ ਸਪੀਕਰ: ਇਹ ਜਿਹੜੇ ਸ਼ਬਦ ਕਹੇ ਹਨ ਕਿ * * * ਇਹ ਐਕਸਪੰਜ ਕਰ ਦਿੱਤੇ ਜਾਣ । (The words * * * should be expunged.)

ਡਾਕਟਰ ਅਮੀਰ ਸਿੰਘ ਕਲਕਟ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਅਸੀਂ ਇਨ੍ਹਾਂ ਦਾ ਅੱਜ ਸਟੈਮਿਨਾ ਦੇਖਣਾ ਹੈ । ਇਹ ਬੈਠਣ ਸਾਰੀ ਰਾਤ ਅਸੀਂ ਬੈਠਣ ਨੂੰ ਤਿਆਰ ਹਾਂ । ਇਹ ਕਹਿੰਦੇ ਹਨ ਕਿ ਅਸੀਂ ਦੋ ਸੌ ਮੀਲ ਤੋਂ ਚਲ ਕੇ ਆਏ ਹਾਂ ਅਸੀਂ ਵੀ ਬਹੁਤ ਦੂਰੋਂ ਚਲ ਕੇ ਆਏ ਹਾਂ । (ਵਿਘਨ)

ਮਾਸਟਰ ਚੰਦ ਸਿੰਘ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਅਸੀਂ 2.00 ਵਜੇ ਦੇ ਬੈਠੇ ਹਾਂ ਅਤੇ ਹੁਣ 9.00 ਵਜ ਗਏ ਹਨ....(ਵਿਘਨ)

ਸ਼੍ਰੀ ਸਪੀਕਰ: ਇਹ ਹਾਊਸ ਦੀ ਮਰਜ਼ੀ ਹੈ, ਤੁਸੀਂ ਤਸ਼ਰੀਫ਼ ਰਖੋ । ਸਰਦਾਰ ਦਰਬਾਰਾ ਸਿੰਘ ਜੀ ਤੁਸੀਂ ਵਾਈਂਡ ਅੱਪ ਕਰੋ ਮਨਿਸਟਰ ਸਾਹਿਬ ਨੇ ਵੀ ਬੋਲਣਾ ਹੈ । (ਵਿਘਨ) (ਸ਼ੋਰ) ਅਜੇ ਬਾਦਲ ਸਾਹਿਬ ਨੇ ਵੀ ਰਿਪਲਾਈ ਦੇਣਾ ਹੈ । (ਵਿਘਨ) (ਸ਼ੋਰ) (It is the wish of the House. Please resume your seat. Sardar Darbara Singh Ji, please wind up now. The Minister is still to speak and Mr. Badal is also to give the reply to the Debate.) (*Interruption*) (*Noise*)

DISCUSSION ON NO-CONFIDENCE MOTION (*Resumption*)

ਸਰਦਾਰ ਦਰਬਾਰਾ ਸਿੰਘ: ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਬਾਦਲ ਸਾਹਿਬ ਨੇ ਜਿਹੜਾ ਵੀ ਨਕਸ਼ਾ ਖਿਚਿਆ ਹੈ ਲਾਅ ਐਂਡ ਆਰਡਰ ਦਾ, ਜਦੋਂ ਉਹ ਤਕਰੀਰ ਕਰਦੇ ਸਨ ਮੈਨੂੰ ਇੰਜ ਜਾਪਦਾ ਸੀ ਕਿ ਉਹ ਸਾਡੀ ਸਰਕਾਰ ਦੇ ਬਾਰੇ ਨਹੀਂ ਕੁਝ ਕਹਿ ਰਹੇ ਬਲਕਿ ਉਨ੍ਹਾਂ ਦੀ ਅਗਵਾਈ ਥਲੇ ਉਨ੍ਹਾਂ ਦੀ ਸਰਕਾਰ ਨੇ ਜਿਹੜਾ ਕੁਝ ਕੀਤਾ ਹੈ ਉਸ ਦਾ ਵਰਨਣ ਕਰ ਰਹੇ ਸਨ ।

ਸ਼੍ਰੀ ਸਪੀਕਰ: ਹੁਣ ਵਾਈਂਡ ਅੱਪ ਕਰੋ ਜੀ (Please wind up now.)

ਸਰਦਾਰ ਦਰਬਾਰਾ ਸਿੰਘ: ਸਾਡੀ ਸਰਕਾਰ ਨੇ ਇਨ੍ਹਾਂ ਦੇ ਕਹਿਣ ਦੇ ਬਿਲਕੁਲ ਉਲਟ....(ਸ਼ੋਰ)

ਸ਼੍ਰੀ ਸਪੀਕਰ: ਆਰਡਰ ਆਰਡਰ, ਪਲੀਜ਼ । ਦੋ ਤਿੰਨ ਮਿੰਟਾਂ ਵਿੱਚ ਵਾਈਂਡ ਅੱਪ ਕਰੋ ਜੀ । (Order order, please. Wind up within two or three minutes.)

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਸਤਨਾਮ ਸਿੰਘ ਬਾਜਵਾ: ਸਪੀਕਰ ਸਾਹਿਬ, ਤੁਹਾਡੇ ਹੁਕਮ ਨਾਲ ਹੋਸਟਲ ਵਿੱਚ 9.00 ਵਜੇ ਤੋਂ ਬਾਅਦ ਖਾਣਾ ਨਹੀਂ ਮਿਲਦਾ ।

ਸ਼੍ਰੀ ਸਪੀਕਰ: ਆਬਸਟਰਕਸ਼ਨ ਨਾ ਕਰੋ । ਤਸ਼ਰੀਫ ਰਖੋ । (Please do not cause obstruction. Please resume your seat.)

ਸਰਦਾਰ ਦਰਬਾਰਾ ਸਿੰਘ: ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਸਾਡੀ ਸਰਕਾਰ ਨੇ ਸਾਢੇ ਚਾਰ ਸੌ ਰੁਪਿਆ ਕਿਸਾਨ ਨੂੰ ਵੱਪ ਲੈ ਕੇ ਦਿੱਤਾ ਹੈ । ਜਿਥੋਂ ਤਕ ਕਿਸਾਨਾਂ ਨੂੰ ਹੋਰ ਸਹੂਲਤਾਂ ਦੇਣ ਦਾ ਤੁਅੱਲਕ ਹੈ, ਬਿਜਲੀ ਦੀਆਂ ਸਹੂਲਤਾਂ ਅਤੇ ਸੜਕਾਂ ਦੀਆਂ ਸਹੂਲਤਾਂ ਦੇਣ ਲਈ ਸਰਕਾਰ ਨੇ ਪੰਜ ਸੌ ਫੀ ਸਦੀ ਵਾਧਾ ਪਿਛਲੇ ਦੋ ਸਾਲਾਂ ਵਿੱਚ ਕੀਤਾ ਹੈ । ਇਕ ਲੱਖ ਦੇ ਕਰੀਬ ਟਿਊਬਵੈਲਜ਼ ਪੰਜਾਬ ਵਿਚ ਸਨ । ਪਰ ਇਨ੍ਹਾਂ ਦੋ ਸਾਲਾਂ ਦੇ ਵਿੱਚ ਵਿੱਚ ਇਕ ਇਨਕਲਾਬੀ ਕਦਮ ਲੈ ਕੇ ਇਸ ਸਰਕਾਰ ਨੇ ਇਨ੍ਹਾਂ ਟਿਊਬਵੈਲਾਂ ਦੀ ਗਿਣਤੀ ਢਾਈ ਲੱਖ ਤੱਕ ਪਹੁੰਚਾ ਦਿੱਤੀ ਹੈ । ਇਤਨੇ ਥੋੜ੍ਹੇ ਸਮੇਂ ਵਿੱਚ ਇਤਨਾ ਵੱਡਾ ਇਜ਼ਾਫਾ ਇਕ ਕ੍ਰਿਸ਼ਮਾ ਹੈ । ਇਹ ਜਿਤਨੀਆਂ ਗੱਲਾਂ ਸਾਡੇ ਖਿਲਾਫ ਕਰਦੇ ਹਨ.... ।

(ਇਸ ਸਮੇਂ ਕੁਝ ਮਾਨਯੋਗ ਮੈਂਬਰ ਬੈਠੇ ਬੈਠੇ ਗੱਲਾਂ ਕਰ ਰਹੇ ਸਨ)

ਸ਼੍ਰੀ ਸਪੀਕਰ: ਮੈਂ ਮੈਂਬਰ ਸਾਹਿਬਾਨ ਅਗੇ ਬੇਨਤੀ ਕਰਾਂਗਾ ਕਿ ਅਗਰ ਗੱਲਾਂ ਕਰਨੀਆਂ ਹਨ ਤਾਂ ਲਾਬੀ ਵਿਚ ਚਲੇ ਜਾਣ । ਹਾਊਸ ਨੂੰ ਲਾਬੀ ਨਾ ਬਣਾਉਣ । (I would request the hon. Members to go to the lobbies if they want to talk and not to turn the House into a lobby.)

ਮਾਲ ਅਤੇ ਚੋਣ ਮੰਤਰੀ: ਸਪੀਕਰ ਸਾਹਿਬ, ਇਹ ਵਾਕ-ਆਊਟ ਕਰਨ ਲਈ ਕੋਈ ਨਾ ਕੋਈ ਬਹਾਨਾ ਲੱਭ ਰਹੇ ਹਨ । ਇਨ੍ਹਾਂ ਦੇ ਖਾਣ ਪੀਣ ਦਾ ਟਾਈਮ ਹੋ ਗਿਆ ਹੈ ।

ਸਰਦਾਰ ਦਰਬਾਰਾ ਸਿੰਘ: ਇਹ ਬਿਲਕੁਲ ਚੰਨ ਉਤੇ ਥੁੱਕਣ ਵਾਲੀ ਗੱਲ ਹੈ । ਜਿਤਨਾ ਇਹ ਵੱਧ ਚੁਕਣਗੇ ਉਤਨੀ ਵੱਧ ਥੁੱਕ ਇਨ੍ਹਾਂ ਦੇ ਮੂੰਹ ਤੇ ਪਵੇਗੀ ।

ਅਕਾਲੀ ਪਾਰਟੀ ਦੇ ਕੁੱਝ ਮੈਂਬਰ ਸਾਹਿਬਾਨ: * * *

ਸ਼੍ਰੀ ਸਪੀਕਰ: ਇਹ ਜੋ ਕੁਝ ਕਿਹਾ ਜਾ ਰਿਹਾ ਹੈ, ਰਿਕਾਰਡ ਨਾ ਕੀਤਾ ਜਾਵੇ । (Whatever is being said, should not be recorded.)

ਸਰਦਾਰ ਸੁਰਜੀਤ ਸਿੰਘ (ਬਰਨਾਲਾ): ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਨੂੰ ਤੁਸੀਂ ਬਹੁਤ ਟਾਈਮ ਦਿੱਤਾ ਹੈ । ਤੁਸੀਂ ਰਿਕਾਰਡ ਕਢਾ ਕੇ ਵੇਖ ਲਓ । ਸਾਡੇ ਵਲੋਂ ਬਹੁਤ ਸਾਰੇ ਸਪੀਕਰ ਅਜੇ ਰਹਿੰਦੇ ਹਨ । ਨੋ-ਕਾਨਫੀਡੈਂਸ ਮੋਸ਼ਨ ਅਸੀਂ ਮੂਵ ਕੀਤੀ ਹੈ ਅਤੇ ਸਾਡੇ ਵਲੋਂ ਸਿਰਫ ਮੂਵਰ ਹੀ ਬੋਲਿਆ ਹੈ । 9.00 ਵਜੇ ਤੋਂ ਬਾਅਦ ਹੋਸਟਲ ਵਿੱਚ ਖਾਣਾ ਨਹੀਂ ਮਿਲਦਾ ਇਹ ਤੁਹਾਨੂੰ ਪਤਾ ਹੀ ਹੈ ।

---

*Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਖਾਣਾ ਤਾਂ ਹੋਸਟਲ ਵਿੱਚ ਤੁਹਾਡੇ ਲਈ ਪੱਕਿਆਂ ਪਿਆ ਹੈ, ਤੁਹਾਨੂੰ ਮਿਲ ਜਾਵੇਗਾ । (The meal is being kept ready for you in the Hostel. You will certainly get it.)

ਸਰਦਾਰ ਸੁਰਜੀਤ ਸਿੰਘ (ਬਰਨਾਲਾ): ਜਾਂ ਫਿਰ ਤੁਸੀਂ ਖਾਣੇ ਦਾ ਇਥੇ ਪ੍ਰਬੰਧ ਕਰੋ ।

ਸ਼੍ਰੀ ਸਪੀਕਰ : ਅਸੀਂ ਹੋਸਟਲ ਮੈਸੇਜ ਭਿਜਵਾ ਦਿੰਦੇ ਹਾਂ । ਉਹ ਤੁਹਾਡਾ ਇੰਤਜ਼ਾਰ ਕਰਨਗੇ । ਹਾਊਸ ਦਾ ਸਮਾਂ 10.00 ਵਜੇ ਤਕ ਐਕਸਟੈਂਡ ਕੀਤਾ ਜਾ ਚੁਕਿਆ ਹੈ । (We will send a message that the time of the sitting has been extended upto 10.00 P. M. They shall wait for you.)

ਸਰਦਾਰ ਦਰਬਾਰਾ ਸਿੰਘ. ਸਪੀਕਰ ਸਾਹਿਬ, ਸਾਨੂੰ ਇਸ ਗੱਲ ਦਾ ਮਾਣ ਹੈ ਕਿ.... ।

ਅਕਾਲੀ ਪਾਰਟੀ ਵਲੋਂ ਕੁੱਝ ਆਵਾਜ਼ਾਂ : * * *

ਸ਼੍ਰੀ ਸਪੀਕਰ : ਇਹ ਬੜੇ ਅਫਸੋਸ ਦੀ ਗੱਲ ਹੈ । ਜੋ ਕੁਝ ਆਨਰੇਬਲ ਮੈਂਬਰਜ਼ ਚੇਅਰ ਦੀ ਪਰਮਿਸ਼ਨ ਤੋਂ ਬਿਨਾ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ । (It is very regrettable. Whatever the hon. Members are saying without the permission of the Chair, should not be recorded.)

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਤੁਸੀਂ ਸਰਦਾਰ ਦਰਬਾਰਾ ਸਿੰਘ ਨੂੰ ਬੜਾ ਲੈਟੀਚੂਡ ਦਿੱਤਾ ਹੈ । ਤੁਸੀਂ ਸਤਾਰਾਂ ਵਾਰ ਕਿਹਾ ਹੈ ਕਿ ਵਾਈਂਡ ਅੱਪ ਕਰੋ । ਤੁਸੀਂ ਇਤਨਾ ਜ਼ਿਆਦਾ ਲੈਟੀਚੂਡ ਦੇ ਰਹੇ ਹੋ । ਤੁਸੀਂ ਪਾਰਸ਼ਲ ਬਣ ਰਹੇ ਹੋ ।

Mr. Speaker : Please do not interrupt.

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਦੀਆਂ ਪਾਲਿਸੀਆਂ ਦਾ ਨਤੀਜਾ ਇਹ ਨਿਕਲਿਆ ਹੈ ਕਿ ਇਹ ਇਥੇ ਬਹੁਤ ਘਟ ਗਿਣਤੀ ਵਿਚ ਬੈਠੇ ਹਨ ਅਤੇ ਕਾਂਗਰਸ ਪਾਰਟੀ ਆਪਣੀਆਂ ਅਗਾਂਹ ਵਧੂ ਪਾਲਿਸੀਆਂ ਕਾਰਣ ਬਹੁਤ ਵੱਧ ਗਿਣਤੀ ਵਿੱਚ ਇਥੇ ਹਾਊਸ ਵਿਚ ਲੋਕਾਂ ਦੀ ਨੁਮਾਇੰਦਗੀ ਕਰ ਰਹੀ ਹੈ । ਇਹ ਐਵੇਂ ਲੋਕਾਂ ਦੇ ਠੇਕੇਦਾਰ ਬਣੀ ਫਿਰਦੇ ਹਨ । ਇਹ ਰੌਜ਼ ਪਿੰਡਾਂ ਵਿੱਚ ਨਾਹਰੇ ਲਾਉਂਦੇ ਹਨ ਕਿ ਕਣਕ ਨਾ ਵੇਚੋ, ਮੰਡੀਆਂ ਵਿੱਚ ਕਣਕ ਨਾ ਲੈ ਜਾਉ । ਪਰ ਇਨ੍ਹਾਂ ਦੀ ਗਲ ਕੋਈ ਨਹੀਂ ਸੁਣਦਾ ।

ਸਰਦਾਰ ਕਰਨੈਲ ਸਿੰਘ ਮਰੜੀ : ਸਪੀਕਰ ਸਾਹਿਬ, ਇਹ ਅਸੂਲ ਦੇ ਖਿਲਾਫ ਹੈ।

(ਸ਼ੋਰ)

---

*Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਇਹ ਲੋਕਾਂ ਨੂੰ ਕਹਿੰਦੇ ਹਨ ਕਿ ਹੜਤਾਲ ਕਰੋ ਤਾਕਿ ਇਥੇ ਕੋਈ ਕੰਮ ਨਾ ਹੋਵੇ, ਕੋਈ ਚੀਜ਼ ਪੈਦਾ ਨਾ ਹੋਵੇ, ਮਹਿੰਗਾਈ ਵਧੇ ਅਤੇ ਇਹ ਸਾਨੂੰ ਟਰਬੱਲਡ ਵਾਟਰਜ਼ ਵਿਚ ਵੇਖ ਕੇ ਫਾਇਦਾ ਉਠਾਉਣ। ਲੋਕਾਂ ਨੇ ਇਨ੍ਹਾਂ ਦਾ ਸਾਥ ਨਹੀਂ ਦਿੱਤਾ ਅਤੇ ਨਾ ਹੀ ਦੇਣਾ ਹੈ। ਇਹ ਆਪਣੇ ਆਪ ਨੂੰ ਇਸ ਭੁਲੇਖੇ ਵਿਚੋਂ ਕੱਢ ਲੈਣ। ਸਪੀਕਰ ਸਾਹਿਬ, ਸੰਨ 1971 ਵਿੱਚ ਅਟਲ ਬਿਹਾਰੀ ਵਾਜਪਾਈ ਨੇ ਪਾਰਲੀਮੈਂਟ ਵਿੱਚ ਕਿਹਾ ਸੀ ਕਿ ਇਨ੍ਹਾਂ ਦੀ ਪਾਰਟੀ ਆਲ-ਇੰਡੀਆ ਪਾਰਟੀ ਨਹੀਂ। ਕਾਂਗਰਸ ਨੂੰ ਆਲ ਇੰਡੀਆ ਪਾਰਟੀ ਮੰਨਿਆ ਗਿਆ ਹੈ। ਅੱਜ ਇੰਦਰਾ ਗਾਂਧੀ ਜੀ ਦੀ ਸਰਕਾਰ ਲੋਕਾਂ ਦੀ ਭਲਾਈ ਦੇ ਕੰਮ ਕਰ ਰਹੀ ਹੈ।

ਸ਼੍ਰੀ ਸਪੀਕਰ : ਤਸ਼ਰੀਫ ਰੱਖੋ। (Please resume your seat.)

ਸਰਦਾਰ ਦਰਬਾਰਾ ਸਿੰਘ : ਇਹ ਕਹਿੰਦੇ ਹਨ ਕਿ ਲੋਕ ਸਾਡੇ ਨਾਲ ਹਨ ਪਰ ਲੋਕ ਇਨ੍ਹਾਂ ਨੂੰ ਮੂੰਹ ਨਹੀਂ ਲਾਉਂਦੇ। ਇਹ ਲੋਕਾਂ ਨੂੰ ਗੁਮਰਾਹ ਕਰਕੇ ਆਪਣੀ ਡਫਲੀ ਵਜਾਉਣਾ ਚਾਹੁੰਦੇ ਹਨ। ਉਹ ਸਾਜ਼ ਮਰ ਗਿਆ ਹੈ, ਇਨ੍ਹਾਂ ਦੀ ਢੱਡ ਸਾਰੰਗੀ ਹੁਣ ਨਹੀਂ ਵਜਣੀ। ਇਨ੍ਹਾਂ ਨੇ ਜਿਹੜਾ ਮਤਾ ਲਿਆਂਦਾ ਹੈ ਮੈਂ ਇਸ ਦੀ ਪੁਰਜ਼ੋਰ ਵਿਰੋਧਤਾ ਕਰਦਾ ਹਾਂ ਅਤੇ ਆਪ ਜੀ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿਤਾ ਹੈ।

ਡਾਕਟਰ ਬਲਦੇਵ ਪ੍ਰਕਾਸ਼ : ਆਨ ਏ ਪੁਆਇੰਟ ਆਫ ਆਰਡਰ, ਸਰ।

Mr. Speaker : Doctor Baldev Prakash Ji, on a point of order.

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਤੁਸੀਂ ਹਾਊਸ ਦੇ ਕਸਟੋਡੀਅਨ ਹੋ (ਵਿਘਨ)

ਸ਼੍ਰੀ ਸਪੀਕਰ : 10 ਵਜੇ ਤੱਕ ਹਾਊਸ ਦਾ ਸਮਾਂ ਨਿਸਚਿਤ ਕੀਤਾ ਗਿਆ ਹੈ। ਜੇ ਇਸ ਤਰ੍ਹਾਂ ਰੌਲਾ ਪੈਂਦਾ ਰਿਹਾ ਤਾਂ ਪੰਜਾਬ ਨੂੰ ਇਸ ਨਾਲ ਬਹੁਤ ਨੁਕਸਾਨ ਹੋਵੇਗਾ। (The time of the House has been extended upto 10-00 P.M. If the noise and interruption continue like this then it will be a great loss to Punjab.)

ਸਰਦਾਰ ਜਸਦੇਵ ਸਿੰਘ ਸੰਧੂ : * * * *

ਸ਼੍ਰੀ ਸਪੀਕਰ : ਇਹ ਜੋ ਕੁਝ ਕਿਹਾ ਜਾ ਰਿਹਾ ਹੈ, ਰਿਕਾਰਡ ਨਾ ਕੀਤਾ ਜਾਵੇ। ਇਹ ਚੇਅਰ ਤੇ ਐਸਪਰਸ਼ਨ ਹੈ। (Whatever is being said should not be recorded. This is an aspersion on the Chair.)

ਸਰਦਾਰ ਜਸਦੇਵ ਸਿੰਘ ਸੰਧੂ : ਤੁਸੀਂ ਪਾਰਸ਼ਲ ਹੋ।

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ।

* Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਤੁਸੀਂ ਕਿਸ ਤੋਂ ਇਨਫਰਮੇਸ਼ਨ ਲੈਣੀ ਹੈ ? (From whom do you want to seek information ?)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਇਹ ਇਨਫਰਮੇਸ਼ਨ ਲੈਣੀ ਹੈ ਕਿ ਸਰਦਾਰ ਦਰਬਾਰਾ ਸਿੰਘ ਨੇ ਕਿਹਾ ਹੈ ਕਿ ਸਾਡਾ ਸਾਕ ਨਿਕਲ ਗਿਆ ਹੈ । ਸਾਡੇ ਮੈਂਬਰ ਮਰੜ੍ਹੀ ਨੇ ਕਿਹਾ ਹੈ ਕਿ ਇਹ ਅਸਤੀਫਾ ਦੇਣ । ਮੈਂ ਵੀ ਇਨ੍ਹਾਂ ਨਾਲ ਇਲੈਕਸ਼ਨ ਲੜਦਾ ਹਾਂ ਫਿਰ ਦੇਖਦੇ ਹਾਂ ਕਿ ਕਿਸ ਦਾ ਸਾਕ ਨਹੀਂ ਹੈ । ਕੀ ਸਰਦਾਰ ਦਰਬਾਰਾ ਸਿੰਘ ਅਸਤੀਫਾ ਦੇ ਕੇ ਸਰਦਾਰ ਕਰਨੈਲ ਸਿੰਘ ਮਰੜ੍ਹੀ ਨਾਲ ਅਲੈਕਸ਼ਨ ਲੜਨ ਨੂੰ ਤਿਆਰ ਹਨ ? (ਸ਼ੋਰ)

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਇਹ ਬਾਜੂ ਅਜ਼ਮਾਏ ਹੋਏ ਹਨ । ਇਨ੍ਹਾਂ ਨੂੰ ਇੰਡੀਪੈਂਡੈਂਟ ਦੇ ਤੌਰ ਤੇ ਵੀ ਹਰਾ ਸਕਦਾ ਹਾਂ । ਇਨ੍ਹਾਂ ਨੇ ਜਿਤਨਾ ਜ਼ੋਰ ਲਾਉਣਾ ਹੈ ਲਾ ਲੈਣ ਅਤੇ ਅਗੇ ਵੀ ਲਗਾ ਕੇ ਵੇਖ ਲਿਆ ਹੈ । (ਹਾਸਾ) (ਵਿਘਨ)

Mr. Speaker : Order please.

ਚੌਧਰੀ ਜਗਤ ਰਾਮ : * * * *

ਸਰਦਾਰ ਜਸਦੇਵ ਸਿੰਘ ਸੰਧੂ : * * * *

ਸ਼੍ਰੀ ਸਪੀਕਰ : ਜੋ ਕੁਝ ਮੈਂਬਰ ਸਾਹਿਬਾਨ ਚੇਅਰ ਦੀ ਪਰਮਿਸ਼ਨ ਤੋਂ ਬਿਨਾਂ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ । ਚੌਧਰੀ ਸਾਹਿਬ, ਤੁਸੀਂ ਤਸ਼ਰੀਫ ਰੱਖੋ । ਤੁਹਾਡੀ ਗੱਲ ਤਾਂ ਮੈਨੂੰ ਵੀ ਸੁਣਾਈ ਨਹੀਂ ਦਿੰਦੀ । (Whatever the hon. Members are saying without the permission of the Chair, should not be recorded. Chaudhri Sahib, please resume your seat. You are not audible even to me.)

ਸਰਦਾਰ ਜਸਦੇਵ ਸਿੰਘ ਸੰਧੂ : ਇਨ੍ਹਾਂ ਦੀ ਬਕਵਾਸ ਬੰਦ ਕਰਵਾਉ ਜੀ ।

ਡਾਕਟਰ ਬਲਦੇਵ ਪ੍ਰਕਾਸ਼ (ਅੰਮ੍ਰਿਤਸਰ ਪੂਰਬ) : ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਸਪੀਕਰ ਇਕ ਵਿਅਕਤੀ ਨਹੀਂ, ਸਪੀਕਰ ਇਕ ਪਾਰਟੀ ਨਹੀਂ....

ਸ਼੍ਰੀ ਸਪੀਕਰ . ਡਾਕਟਰ ਸਾਹਿਬ, ਤੁਸੀਂ ਨੋ-ਕਾਨਫੀਡੈਂਸ ਮੋਸ਼ਨ ਤੇ ਬੋਲੋ ਮੇਰੇ ਤੇ ਨਾ ਬੋਲੋ । (Doctor Sahib, you may speak on the No-Confidence Motion and not about me.)

ਡਾਕਟਰ ਬਲਦੇਵ ਪ੍ਰਕਾਸ਼ : * * * *

---

* Not recorded/expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਜੋ ਕੁਝ ਡਾਕਟਰ ਸਾਹਿਬ ਨੇ ਚੇਅਰ ਬਾਰੇ ਕਿਹਾ ਹੈ that shoud not form part of the proceedings. ਡਾਕਟਰ ਸਾਹਿਬ, ਤੁਸੀਂ ਸੁਲਝੇ ਹੋਏ ਪਾਰਲੀਮੈਂਟੇਰੀਅਨ ਹੋ, ਤੁਸੀਂ ਨੋ-ਕਾਨਫੀਡੈਂਸ ਮੋਸ਼ਨ ਤੇ ਬੋਲੋ । ਜਿਹੜੀ ਮੇਰੀ ਬਾਬਤ ਗੱਲ ਕਰਨੀ ਹੈ, ਉਹ ਤੁਸੀਂ ਮੇਰੇ ਪਾਸ ਆ ਕੇ ਕਰ ਲੈਣਾ । (Whatever Doctor Sahib has said about the Chair, that should not form part of the proceedings. Doctor Sahib, you are a seasoned parliamentarian. You may please speak relevant to the No-Confidence Motion. You may give your views about me privately.)

ਡਾਕਟਰ ਬਲਦੇਵ ਪ੍ਰਕਾਸ਼ : * * * *

ਸ਼੍ਰੀ ਸਪੀਕਰ : ਡਾਕਟਰ ਸਾਹਿਬ ਨੇ ਜੋ ਕੁਝ ਹੁਣ ਕਿਹਾ ਹੈ ਇਹ ਚੇਅਰ ਤੇ ਐਸਪਰਸ਼ਨ ਹੈ । ਇਹ ਰਿਕਾਰਡ ਨਾ ਕੀਤਾ ਜਾਵੇ । (Whatever Doctor Sahib has said just now, this is an aspersion on the Chair. It should not be recorded.)

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : * * * *

Mr. Speaker : This is no point of order.

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਮੈਂ ਤੁਹਾਡੇ ਬਾਰੇ ਇਤਨਾ ਕਿਹਾ ਹੈ, ਮੈਨੂੰ ਵੀ ਦੁੱਖ ਹੈ ।....

ਸਰਦਾਰ ਪ੍ਰੇਮ ਸਿੰਘ ਪ੍ਰੇਮ : ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਅੰਮ੍ਰਿਤਸਰ ਦੀ ਬਾਈ-ਇਲੈਕਸ਼ਨ ਦੇ ਬਾਰੇ ਗਲ ਕੀਤੀ ਹੈ ।....

Mr. Speaker : That has already been expunged. ਉਹ ਗਲ ਹੁਣ ਤੁਸੀਂ ਨਾ ਕਰੋ । (ਵਿਘਨ) (That has already been expunged. Do not refer to it.) (*Interruption*)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਮੈਨੂੰ ਅੱਛੀ ਤਰ੍ਹਾਂ ਯਾਦ ਹੈ ਕਿ ਅੰਮ੍ਰਿਤਸਰ ਦੇ ਸਰਕਟ-ਹਾਊਸ ਵਿਚ ਤੁਹਾਡੀ ਕਾਰ ਆਈ....

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਤੁਸੀਂ ਫਿਰ ਇਸ ਬਾਰੇ ਜ਼ਿਕਰ ਕਰਦੇ ਹੋ ਇਹ ਠੀਕ ਗਲ ਨਹੀਂ ਹੋਵੇਗੀ । (Doctor Sahib, you are again referring to the same issue. It will not be proper for you.)

ਡਾਕਟਰ ਬਲਦੇਵ ਪ੍ਰਕਾਸ਼ : ਲੇਕਿਨ ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਹਾਊਸ ਦੀ ਡਿਗਨਿਟੀ ਇਹ ਚੀਜ਼ ਡਿਮਾਂਡ ਨਹੀਂ ਕਰਦੀ ।

ਇਸ ਸਮੇਂ ਕਈ ਮੈਂਬਰ ਸਾਹਿਬਾਨ ਬੋਲਣ ਲਈ ਖੜ੍ਹੇ ਹੋਏ)

---

*Expunged/not recorded as ordered by the Chair.

Original with;
Punjab Vidhan Sabha
Digitized by;
Panjab Digital Library

Mr. Speaker : Please resume your seat.

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਤੁਹਾਡੇ ਤੋਂ ਬਗੈਰ ਸਾਡੇ ਹਿੱਤਾਂ ਦੀ ਰੱਖਸ਼ਾ ਕੌਣ ਕਰੇਗਾ । ਹਾਊਸ ਵਿੱਚ ਇਹ ਹਾਲਤ ਹੈ ਕਿ ਅਸੀਂ ਘਰ ਤੋਂ ਚਾਰ ਵਜੇ ਦੇ ਚਲੇ ਹੋਏ ਹਾਂ ਇਤਨੀ ਮਾਮੂਲੀ ਜਿਹੀ ਗਲ ਸੀ । ਅੱਜ, ਸਪੀਕਰ ਸਾਹਿਬ, ਹਾਊਸ ਦੇ ਵਿੱਚ ਦੋ ਟ੍ਰੈਜ਼ਰੀ ਬੈਂਚਿਜ਼ ਦੇ ਸੱਜਣ ਬੋਲੇ ਹਨ ਅੱਰ ਦੋਨਾਂ ਸੱਜਣਾ ਨੇ ਜਿਹੜੀਆਂ ਗਲਾਂ ਕਹੀਆਂ ਹਨ ਮੈਨੂੰ ਖੁਸ਼ੀ ਸੀ ਕਿ ਉਹ ਸਰਕਾਰ ਦੇ ਹੱਕ ਵਿੱਚ ਕੁੱਝ ਕਹਿਣਗੇ ਲੇਕਿਨ ਉਹ ਤਾਂ ਨੋ-ਕਾਨਫੀਡੈਂਸ ਬਾਰੇ ਵੀ ਕਈ ਕੁਝ ਕਹਿ ਗਏ ਹਨ । ਉਨ੍ਹਾਂ ਨੇ ਆਪਣੀ ਵਲੋਂ ਤਾਂ ਸਰਕਾਰ ਦੀ ਹਮਾਇਤ ਕੀਤੀ ਹੈ ਲੇਕਿਨ ਕੀਤਾ ਇਸ ਦੇ ਉਲਟ ਹੈ । ਰਾਈਏ ਅੱਰ ਲੈਫਟ ਨੂੰ ਸਮਾਜਵਾਦ ਵਿਚ ਉਲਝਾ ਕੇ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ । ਰਾਈਟਿਜ਼ਮ ਨੂੰ ਕੋਈ ਵੇਖ ਰਿਹਾ ਹੈ ਤੇ ਕੋਈ ਲੈਫਟਿਜ਼ਮ ਨੂੰ ਵੇਖ ਰਿਹਾ ਹੈ । (ਵਿਘਨ) ਹੁਣ ਤੁਸੀਂ ਸੁਣ ਤਾਂ ਲਉ ।

Mr. Speaker : No interruptions please.

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਜਿਨ੍ਹਾਂ ਦੇ ਪੇਟ ਵਿਚ ਆਟਾ ਨਹੀਂ ਹੈ ਉਨ੍ਹਾਂ ਨੂੰ ਇਹ ਲੈਫਟ ਰਾਈਟ ਦੱਸ ਰਹੇ ਹਨ । ਇਨ੍ਹਾਂ ਨੂੰ ਹਰ ਗੱਲ ਵਿੱਚ ਫਾਰੇਨ ਪਾਵਰ ਦਾ ਹੀ ਹੱਥ ਨਜ਼ਰ ਆਉਂਦਾ ਹੈ । ਕੋਈ ਵੀ ਗਲ ਹੋਵੇ ਮੋਗਾ ਫਾਇਰਿੰਗ ਹੋਵੇ, ਚਾਹੇ ਕੈਰੋਂ ਦੀ ਗੱਲ ਹੋਵੇ, ਇਨ੍ਹਾਂ ਨੂੰ ਸੀ.ਆਈ.ਏ. ਦੀ ਗਲ ਹੀ ਸੁਝਦੀ ਹੈ । ਇਹ ਟੌਹਰਾ ਸਾਹਿਬ ਦੀ ਗਲ ਕਰਦੇ ਹਨ ਕਿ ਉਹ ਡਾਕਟਰ ਜਗਜੀਤ ਸਿੰਘ ਨੂੰ ਇੰਗਲੈਂਡ ਵਿਚ ਮਿਲ ਕੇ ਆਏ ਹਨ । (ਵਿਘਨ) ਤੁਸੀਂ ਗਲ ਕਹਿ ਲਈ ਹੈ, ਹੁਣ ਸੁਣ ਲਉ । ਸਪੀਕਰ ਸਾਹਿਬ, ਅੰਮ੍ਰਿਤਸਰ ਦੀ ਬਾਈ-ਇਲੈਕਸ਼ਨ ਵਿੱਚ ਇਨ੍ਹਾਂ ਨੇ ਸਿੱਖ ਹੋਮਲੈਂਡ ਦੀ ਆੜ ਹੇਠ ਕਾਂਗਰਸ ਪਾਰਟੀ ਦਾ ਕੈਂਡੀਡੇਟ ਖੜ੍ਹਾ ਕਰ ਦਿੱਤਾ । (ਸ਼ੇਮ, ਸ਼ੇਮ) ਉਥੇ ਪੋਲਿੰਗ ਏਜੰਟ ਕੌਣ ਬਣਾਇਆ ? ਸਪੀਕਰ ਸਾਹਿਬ, ਉਥੇ ਅੰਮ੍ਰਿਤਸਰ ਵਿੱਚ ਗਲੀ ਗਲੀ ਵਿੱਚ ਕੂਚੇ ਕੂਚੇ ਵਿਚ ਇਹ ਲਿਖਵਾਇਆ ਕਿ ਸਿੱਖ ਹੋਮ ਲੈਂਡ ਦਿਵਾਉਣਾ ਹੈ । ਅੱਰ ਇਹ ਕਹਿੰਦੇ ਹਨ ਕਿ..

ਸਰਦਾਰ ਕਰਨੈਲ ਸਿੰਘ ਮਰੜ੍ਹੀ : * * * *

ਸਰਦਾਰ ਪ੍ਰਿਥੀਪਾਲ ਸਿੰਘ : * * * * (ਵਿਘਨ)

(ਇਸ ਸਮੇਂ ਕਈ ਮੈਂਬਰ ਇਕਠੇ ਬੋਲ ਰਹੇ ਸਨ ।)

ਸ੍ਰੀ ਸਪੀਕਰ : ਇਹ ਜੋ ਕੁਝ ਵੀ ਚੇਅਰ ਦੀ ਪਰਮਿਸ਼ਨ ਤੋਂ ਬਗੈਰ ਕਿਹਾ ਜਾ ਰਿਹਾ ਹੈ ਇਹ ਰਿਕਾਰਡ ਨਾ ਕੀਤਾ ਜਾਵੇ । ਆਨਰੇਬਲ ਮੈਂਬਰਜ਼ ਆਪਣੇ ਆਪ ਹੀ ਨਾ ਬੋਲਣ । ਡਾਕਟਰ ਸਾਹਿਬ ਨੂੰ ਇੰਟਰੱਪਟ ਨਾ ਕੀਤਾ ਜਾਵੇ । ਡਾਕਟਰ ਸਾਹਿਬ, ਤੁਸੀਂ ਹੋਰ ਕਿੰਨੇ ਮਿੰਟ ਬੋਲੋਗੇ ? (Whatever is being said without the permission of the Chair, should not be recorded. I would ask the hon. Members not to interrupt like this and let Doctor Baldev Prakash speak. Doctor Sahib, how much more time will you take ?)

*Not recorded as ordered by the Chair.

Original with;
Punjab Vidhan Sabha
Digitized by;
Panjab Digital Library

ਡਾਕਟਰ ਬਲਦੇਵ ਪ੍ਰਕਾਸ਼ : ਇਕ ਘੰਟਾ ਤਾਂ ਚਾਹੀਦਾ ਹੈ ।

ਮਾਲ ਅਤੇ ਚੋਣ ਮੰਤਰੀ : ਪਾਰਟੀ ਦੇ ਹਿਸਾਬ ਨਾਲ ਟਾਈਮ ਦੇ ਦਿੱਤਾ ਜਾਵੇ ।

ਸਰਦਾਰ ਸਤਨਾਮ ਸਿੰਘ ਬਾਜਵਾ : ਇਹ ਧੱਕਾ ਹੈ ।

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਤੁਸੀਂ 10 ਮਿੰਟ ਬੋਲ ਚੁਕੇ ਹੋ, 10 ਮਿੰਟ ਹੋਰ ਬੋਲ ਲਵੋ । (Doctor Sahib, you have already spoken for ten minutes. You may take ten minutes more.)

ਡਾਕਟਰ ਬਲਦੇਵ ਪ੍ਰਕਾਸ਼ : ਇਥੇ ਹਤਚੰਦ ਸਿੰਘ ਕਮੇਟੀ ਦੀ ਰਿਪੋਰਟ ਦਾ ਜ਼ਿਕਰ ਆਇਆ । ਇਸ ਵਿਚ ਇਨ੍ਹਾਂ ਦੀ ਆਪਣੀ ਪਾਰਟੀ ਵਾਲਿਆਂ ਦੀ ਕੁਰੱਪਸ਼ਨ ਹੈ । ਇਨ੍ਹਾਂ ਨੇ ਕਿਸ ਤਰ੍ਹਾਂ ਕੈਪਟਨ ਰਤਨ ਸਿੰਘ ਤੋਂ ਸਿਆਸੀ ਤੌਰ ਤੇ ਅਸਤੀਫਾ ਲਿਆ, ਇਹ ਸਭ ਨੂੰ ਪਤਾ ਹੈ । (ਵਿਘਨ) (ਸ਼ੋਰ)

ਚੌਧਰੀ ਰਾਮ ਸਿੰਘ : * * *

ਸ਼੍ਰੀ ਸਪੀਕਰ : ਚੌਧਰੀ ਸਾਹਿਬ, ਤੁਸੀਂ ਤਸ਼ਰੀਫ ਰਖੋ । ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (ਵਿਘਨ) ਮੈਂ ਹਾਊਸ ਦੇ ਮੈਂਬਰ ਸਾਹਿਬਾਨ ਨੂੰ ਇਹ ਬੇਨਤੀ ਕਰਾਂਗਾ ਕਿ ਇਹ ਫੈਸਲਾ ਕੀਤਾ ਹੈ ਕਿ 10 ਵਜੇ ਤੱਕ ਕੰਮ ਖਤਮ ਕਰ ਦਿੱਤਾ ਜਾਵੇਗਾ । ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਇਸ ਤਰ੍ਹਾਂ ਇੰਟਰੱਪਟ ਨਾ ਕਰੋ ਤਾਂ ਜੋ ਸਾਰਿਆਂ ਦੀ ਕੰਟਰੀਬਿਊਸ਼ਨ ਠੀਕ ਠੀਕ ਡਿਬੇਟ ਵਿਚ ਹੋ ਸਕੇ । (Chaudhri Sahib, please resume your seat. This is no point of order. (*Interruption*) I would like to point out that it has been decided to finish the business by 10.00 P.M. So I would request that such interruption may not be caused so that all members may be able to make their contribution.)

ਡਾਕਟਰ ਬਲਦੇਵ ਪ੍ਰਕਾਸ਼ : ਮੈਂ ਕਿਹਾ ਹੈ ਕਿ ਇਨ੍ਹਾਂ ਨੇ ਕਿਸ ਤਰ੍ਹਾਂ ਕੈਪਟਨ ਰਤਨ ਸਿੰਘ ਤੋਂ ਅਸਤੀਫਾ ਲਿਆ ਅਤੇ ਇਹ ਚੀਜ਼ ਸਿਆਸਤ ਦੇ ਤਰੀਕੇ ਨਾਲ ਕੀਤੀ ਗਈ । ਫਿਰ ਸਰਦਾਰ ਦਰਬਾਰਾ ਸਿੰਘ ਬਾਰੇ ਸਭ ਨੂੰ ਪਤਾ ਹੈ, ਰੋਜ਼ ਅਖਬਾਰਾਂ ਵਿਚ ਛਪਦਾ ਸੀ ਅਤੇ ਦੋ ਮਹੀਨੇ ਤਕ ਇਹ ਸਿਲਸਿਲਾ ਚਲਦਾ ਰਿਹਾ । ਸਰਦਾਰ ਦਰਬਾਰਾ ਸਿੰਘ ਕਹਿੰਦੇ ਸਨ ਕਿ ਮੈਂ ਅਸਤੀਫਾ ਨਹੀਂ ਦੇਣਾ ਕਿਉਂਕਿ ਮੈਂ ਕੋਈ ਗਲਤ ਗਲ ਨਹੀਂ ਕੀਤੀ । ਲੇਕਿਨ ਅਖਬਾਰਾਂ, ਇਨ੍ਹਾਂ ਦੀ ਪਾਰਟੀ ਅਤੇ ਹੋਰ ਵੀ ਇਹ ਕਹਿੰਦੇ ਸਨ ਕਿ ਅਸਤੀਫਾ ਦੇਣਾ ਪਵੇਗਾ, ਕੁਰਸੀ ਛੱਡਣੀ ਪਵੇਗੀ । ਰੋਜ਼ ਡੈਪੂਟੇਸ਼ਨ ਦਿੱਲੀ ਜਾਂਦੇ ਸਨ । ਆਖਿਰ ਉਨ੍ਹਾਂ ਤੋਂ ਵੀ ਸਿਆਸੀ ਤੌਰ ਤੇ ਅਸਤੀਫਾ ਲਿਆ ਗਿਆ ।

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : ਇਹ ਰੈਲੇਵੈਂਟ ਨਹੀਂ ਬੋਲ ਰਹੇ ਹਨ ।

ਸਰਦਾਰ ਦਰਬਾਰਾ ਸਿੰਘ : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਸਰ ।

---

*Expunged as ordered by the Chair.

Original with;
Punjab Vidhan Sabha
Digitized by;
Panjab Digital

ਸ਼੍ਰੀ ਸਪੀਕਰ : ਸਪੀਚ ਤੋਂ ਬਾਅਦ ਪਰਸਨਲ ਐਕਸਪਲੇਨੇਸ਼ਨ ਦੇ ਦੇਣਾ । You may give your personal explanation after Doctor Baldev Prakash has finished his speech.)

ਡਾਕਟਰ ਬਲਦੇਵ ਪ੍ਰਕਾਸ਼ : ਮੈਂ ਜਲਦੀ ਜਲਦੀ ਖਤਮ ਕਰ ਰਿਹਾ ਹਾਂ । ਜੋ ਹਾਲਤ ਸੂਬੇ ਦੀ ਹੋ ਰਹੀ ਹੈ, ਉਹ ਠੀਕ ਨਹੀਂ ਹੈ ਭਾਵੇਂ ਕਿਸੇ ਵੀ ਪੁਆਇੰਟ ਆਫ ਵਿਊ ਨਾਲ ਵੇਖ ਲਵੋ, ਕਰੱਪਸ਼ਨ ਦੇ ਲਿਹਾਜ਼ ਨਾਲ, ਮਹਿੰਗਾਈ ਦੇ ਲਿਹਾਜ਼ ਨਾਲ, ਹਰ ਤਰ੍ਹਾਂ ਨਾਲ ਬੁਰੀ ਹਾਲਤ ਹੈ; ਲੋਕਾਂ ਦੀਆਂ ਸਿਵਿਲ ਲਿਬਰਟੀਜ਼ ਖਤਮ ਹੋ ਗਈਆਂ ਹਨ । ਲਾ–ਐਂਡ ਆਰਡਰ ਦੀ ਹਾਲਤ ਇਹ ਹੈ ਕਿ ਦਿਨ ਦਿਹਾੜੇ ਔਰਤਾਂ ਦੇ ਜ਼ੇਵਰਾਤ ਉਤਾਰ ਲਏ ਜਾਂਦੇ ਹਨ । ਇਹ ਸਰਕਾਰ ਜਨਤਾ ਦੀ ਕੀ ਰਾਖੀ ਕਰ ਸਕਦੀ ਹੈ ? ਔਰਤਾਂ ਦੀ ਇੱਜ਼ਤ ਲੁਟ ਲਈ ਜਾਂਦੀ ਹੈ, ਕਿਸੇ ਦੀ ਕੋਈ ਸਿਕਿਉਰਟੀ ਨਹੀਂ ।

ਸ਼੍ਰੀ ਪ੍ਰੇਮ ਗੁਪਤਾ : * * * *(ਟਰੈਜ਼ਰੀ ਬੈਂਚਿਜ਼ ਵਲੋਂ ਥੰਪਿੰਗ)

ਮੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order.)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਮੈਂ ਲਾ-ਐਂਡ ਆਰਡਰ ਦੀ ਗੱਲ ਕਰ ਕਿਹਾ ਸੀ । ਜਿਹੜੇ ਵੱਡੇ ਵੱਡੇ ਕਾਂਡ ਹੋਏ ਹਨ, ਬਘੇਲ ਸਿੰਘ ਵਾਲਾ, ਅੰਮ੍ਰਿਤਸਰ ਮੈਡੀਕਲ ਕਾਲਜ ਦੀ ਲੜਕੀ ਨੂੰ ਗੁੰਡਿਆਂ ਨੇ ਉਠਾ ਲਿਆ ਅਤੇ ਹੋਰ ਇਸ ਤਰ੍ਹਾਂ ਦੀਆਂ ਗੱਲਾਂ ਹੁੰਦੀਆਂ ਹਨ । ਮੁਕਤਸਰ ਵਿਚ ਇਕ ਆਦਮੀ ਨੂੰ ਜਿਹੜਾ ਕਿ ਬੱਸ ਵਿੱਚ ਬੈਠਾ ਸੀ ਅਤੇ ਜਿਸ ਨੂੰ ਹੱਥਕੜੀ ਲੱਗੀ ਹੋਈ ਸੀ ਅਤੇ ਜਿਸ ਦੇ ਨਾਲ ਪੁਲਿਸ ਸੀ, ਉਸ ਨੂੰ ਬੱਸ ਤੋਂ ਉਤਾਰ ਕੇ ਗੋਲੀ ਮਾਰ ਦਿੱਤੀ ਗਈ; ਇਹ ਹੈ ਇਨ੍ਹਾਂ ਦਾ ਲਾ-ਐਂਡ ਆਰਡਰ । ਇਕ ਬੰਦੇ ਨੂੰ ਪੁਲਿਸ ਨੇ ਹੱਥਕੜੀ ਲਗਾਈ ਹੋਵੇ ਉਸ ਨੂੰ ਵੀ ਕੋਈ ਗੋਲੀ ਮਾਰ ਦੇਵੇ, ਇਹ ਹੈ ਸਰਕਾਰ ਦਾ ਲਾ-ਐਂਡ ਆਰਡਰ । (ਆਪੋਜ਼ੀਸ਼ਨ ਵਲੋਂ ਸ਼ੇਮ ਸ਼ੇਮ)

ਮੁੱਖ ਸੰਸਦੀ ਸਕੱਤਰ : ਇਨ੍ਹਾਂ ਗਲਾਂ ਦੇ ਇਹ ਵੀ ਜ਼ਿੰਮੇਵਾਰ ਹਨ ।

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਇਹ ਲਾ–ਐਂਡ ਆਰਡਰ ਦੀ ਹਾਲਤ ਹੈ । ਸਪੀਕਰ ਸਾਹਿਬ, ਜਿਥੋਂ ਤੱਕ ਟਰਾਂਸਪੋਰਟ ਦਾ ਸਵਾਲ ਹੈ, ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਦੀ ਬੁਰੀ ਹਾਲਤ ਹੈ । ਕਦੇ ਤਾਂ ਇਹ ਸਰਕਾਰ ਡਾਲੇਕੇ ਸਾਹਿਬ ਕਹਿ ਦੇਂਦੇ ਹਨ ਕਿ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰ ਦਿੱਤਾ ਜਾਵੇਗਾ ਪਰ ਕੀਤਾ ਕੁਝ ਵੀ ਨਹੀਂ ਜਾਂਦਾ । ਇਸੇ ਤਰ੍ਹਾਂ ਚਿਟ ਫੰਡ ਕੰਪਨੀਆਂ ਦੀ ਗਲ ਹੈ, ਪਹਿਲਾਂ ਇਨ੍ਹਾਂ ਨੇ ਕਿਹਾ ਕਿ ਇਨ੍ਹਾਂ ਨੂੰ ਬੰਦ ਕਰ ਦਿੱਤਾ ਜਾਵੇਗਾ, ਫਿਰ ਜਦੋਂ ਇਨ੍ਹਾਂ ਨੂੰ 10 –12 ਲੱਖ ਰੁਪਿਆ ਮਿਲ ਗਿਆ ਤਾਂ ਇਹ ਫੈਸਲਾ ਪੋਸਟਪੋਨ ਕਰ ਦਿੱਤਾ ਗਿਆ ।

ਡਾਕਟਰ ਅਮੀਰ ਸਿੰਘ ਕਲਕਟ : ਜਦੋਂ ਇਹ ਆਪ ਮਨਿਸਟਰ ਸਨ ਤਾਂ ਇਨ੍ਹਾਂ ਨੇ ਸਾਢੇ ਚਾਰ ਕਰੋੜ ਰੁਪਿਆ ਲੈ ਕੇ ਠੇਕੇਦਾਰਾਂ ਨੂੰ ਛੱਡ ਦਿੱਤਾ ਸੀ, ਇਹ ਕੁਰੱਪਸ਼ਨ ਨਹੀਂ ਸੀ ?

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਡਾਕਟਰ ਬਲਦੇਵ ਪ੍ਰਕਾਸ਼ : ਇਸ ਤੋਂ ਬਾਅਦ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੋਇਲੇ ਅਤੇ ਸੀਮਿੰਟ ਦੀ ਬਲੈਕ ਹੁੰਦੀ ਹੈ। ਲੋਕਾਂ ਨੂੰ ਇਕ ਬੋਰੀ ਸੀਮਿੰਟ ਵੀ ਨਹੀਂ ਮਿਲਦੀ, ਪਰ ਬਲੈਕ ਵਿਚ ਜਿੰਨਾ ਮਰਜ਼ੀ ਸੀਮਿੰਟ ਲੈ ਲਵੋ । ਕੋਇਲੇ ਦੇ ਬਾਰੇ ਅੰਮ੍ਰਿਤਸਰ ਦੇ ਡੀ.ਸੀ. ਨੇ ਖੁਦ ਮੰਨਿਆ ਕਿ ਇਸ ਦੀ 60 ਪਰਸੈਂਟ ਬਲੈਕ ਹੁੰਦੀ ਹੈ ਅਤੇ ਇਸ ਦਾ ਕਿੰਨਾ ਜ਼ਿਆਦਾ ਕੋਟਾ ਜਿਹੜਾ ਹੁੰਦਾ ਹੈ, ਉਹ ਸ਼ਹਿਰ ਵਿੱਚ ਹੀ ਨਹੀਂ ਪੁੱਜਦਾ । ਕੋਟੇ ਅਤੇ ਲਾਈਸੈਂਸਾਂ ਵਿਚ ਬਲੈਕ ਹੁੰਦੀ ਹੈ ।

ਸ਼੍ਰੀ ਸਰਦਾਰੀ ਲਾਲ ਕਪੂਰ : * * * *

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order.)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਚੀਜ਼ਾਂ ਨਾ ਮਿਲਣ ਦਾ ਕਾਰਣ ਹੈ ਕਿ ਸਰਕਾਰ ਦੀ ਪਰੋਟੈਕਸ਼ਨ ਦੇ ਹੇਠ ਬਲੈਕ ਹੋ ਰਹੀ ਹੈ । ਅੰਮ੍ਰਿਤਸਰ ਸਟੇਸ਼ਨ ਤੇ ਕਿੰਨੇ ਹਜ਼ਾਰ ਬੋਰੀਆਂ ਸੀਮਿੰਟ ਦੀਆਂ ਆਈਆਂ ਅਤੇ ਉਹ ਸਾਰਾ ਸੀਮਿੰਟ 3 ਫਰਮਾਂ ਵਾਲਿਆਂ ਨੇ, ਜਿਹੜੇ ਕਿ ਕਾਂਗਰਸ ਦੇ ਲੀਡਰਾਂ ਨਾਲ ਮਿਲੇ ਹੋਏ ਸਨ, ਬਲੈਕ ਕਰ ਲਈ । ਉਨ੍ਹਾਂ ਦੇ ਖਿਲਾਫ ਮੁਕੱਦਮਾ ਵੀ ਦਰਜ਼ ਕੀਤਾ ਗਿਆ ਅਤੇ ਘਰ ਬੈਠੇ ਹੀ ਇਨ੍ਹਾਂ ਦੀਆਂ ਜ਼ਮਾਨਤਾਂ ਹੋ ਗਈਆਂ ਅਤੇ ਉਹ ਕੇਸ ਉਥੇ ਹੀ ਠੱਪ ਦਿੱਤਾ ਗਿਆ । ਸਪੀਕਰ ਸਾਹਿਬ, ਇਹੋ ਜਿਹੇ ਸਾਡੇ ਪੰਜਾਬ ਵਿੱਚ ਹਾਲਾਤ ਹੋ ਚੁਕੇ ਹਨ ।

ਸ਼੍ਰੀ ਪਿਆਰਾ ਰਾਮ ਧੰਨੋਵਾਲੀ : * * *

Mr. Speaker : This is no point of order.

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਵਿਧਾਨ ਸਭਾ ਜਾਂ ਲੋਕ ਸਭਾ ਦਾ ਮੇਨ ਫੰਕਸ਼ਨ ਫਾਇਨੈਂਸ਼ਿਅਲ ਬਿਜ਼ਨੈਸ ਨੂੰ ਟਰਾਂਜ਼ੈਕਟ ਕਰਨਾ ਹੁੰਦਾ ਹੈ, ਕਰਾਂ ਦੇ ਬਾਰੇ ਫੈਸਲਾ ਕਰਨਾ ਅਤੇ ਵਿੱਤ ਬਿਲ ਪਾਸ ਕਰਨਾ ਆਦਿ ਹੁੰਦਾ ਹੈ । ਸਾਡੇ ਵਿੱਤ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਬਗੈਰ ਟੈਕਸਾਂ ਦੇ ਬਜਟ ਪੇਸ਼ ਕਰ ਰਹੇ ਹਾਂ ਅਤੇ ਬਾਅਦ ਵਿੱਚ ਜੇਕਰ ਟੈਕਸ ਲਗਾਇਆ ਜਾਵੇਗਾ ਤਾਂ ਅਮੀਰ ਆਦਮੀਆਂ ਤੇ ਲਗਾਇਆ ਜਾਵੇਗਾ ਗਰੀਬਾਂ ਤੇ ਨਹੀਂ । ਪਰ ਹੋਇਆ ਕੀ ? ਬੱਸਾਂ ਦਾ ਕਿਰਾਇਆ ਵੱਧਾ ਦਿੱਤਾ । ਪਹਿਲੇ ਜਿਹੜਾ 3.20 ਪੈਸੇ ਦਾ ਕਿਰਾਇਆ ਅੰਮ੍ਰਿਤਸਰ ਤੋਂ ਜਲੰਧਰ ਤੱਕ ਦਾ ਲਗਦਾ ਸੀ ਉਹ ਹੁਣ 4 ਰੁਪਏ ਦੇ ਕਰੀਬ ਲਗਦਾ ਹੈ ਜਿਹੜਾ ਕਿ ਸਿੱਧਾ ਗਰੀਬਾਂ ਤੇ ਟੈਕਸ ਪੈਂਦਾ ਹੈ । ਅੰਮ੍ਰਿਤਸਰ ਜਾਂ ਤਾਂ ਤਾਰੀਖ ਭੁਗਤਣ ਵਾਲੇ ਜਾਂਦੇ ਹਨ ਜਾਂ ਗਰੀਬ ਆਦਮੀ ਜੋ ਕਿ ਸਬਜ਼ੀਆਂ ਆਦਿ ਵੇਚਦੇ ਹਨ । ਇਹ ਸਰਕਾਰ ਨੇ ਇਹ ਕਾਮਯਾਬੀ ਕੀਤੀ ਹੈ ਤਾਂ ਕਿ ਜਦ ਲੋਕ ਬੱਸਾਂ ਦੇ ਵਿੱਚ ਬੈਠ ਕੇ ਜਾਂਦੇ ਸਨ ਤਾਂ ਕਿਰਾਇਆ ਸੀ 2 ਰੁਪਏ ਅਤੇ ਜਦ ਖੜ੍ਹੇ ਹੋ ਕੇ ਜਾਣ ਲੱਗੇ ਤਾਂ ਕਿਰਾਇਆ

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਦੇਣਾ ਪਿਆ 3—20 ਪੈਸੇ ਅਤੇ ਜਦ ਹੁਣ ਛੱਤਾਂ ਤੇ ਜਿਹੜੀਆਂ ਕਿ ਗਰਮੀਆਂ ਨਾਲ ਸੜੀਆਂ ਪਈਆਂ ਹੁੰਦੀਆਂ ਹਨ ਉਨ੍ਹਾਂ ਨੂੰ ਕਿਰਾਇਆ ਦੇਣਾ ਪੈਂਦਾ ਹੈ 4 ਰੁਪਏ। ਪਿਛੇ ਡਾਲੇਕੇ ਸਾਹਿਬ ਦਾ ਬਿਆਨ ਆਇਆ ਸੀ ਕਿ ਸਰਕਾਰ ਨੇ ਛੱਤਾਂ ਤੇ ਚੜ੍ਹ ਕੇ ਸਫਰ ਕਰਨਾ ਬੰਦ ਕਰ ਦਿੱਤਾ ਹੈ। ਇਹ ਹਾਲ ਹੈ ਸਾਡੀ ਗੌਰਮਿੰਟ ਦਾ।

ਸਪੀਕਰ ਸਾਹਿਬ, ਬਿਜਲੀ ਤੇ 10, 10 ਘੰਟੇ ਦੀ ਕੱਟ ਲਗੀ ਹੋਈ ਹੈ, ਟਿਊਬਵੈਲਾਂ ਨੂੰ ਬਿਜਲੀ ਮਿਲ ਨਹੀਂ ਰਹੀ, ਲੋਕਾਂ ਨੂੰ ਪਾਣੀ ਮਿਲ ਨਹੀਂ ਰਿਹਾ ਅਤੇ ਪਾਣੀ ਦਾ ਰੇਟ ਡਬਲ ਕਰ ਦਿੱਤਾ ਗਿਆ ਹੈ। ਕੀ ਇਹ ਅਮੀਰ ਆਦਮੀਆਂ ਤੇ ਹੀ ਟੈਕਸ ਲਗ ਰਹੇ ਹਨ ? ਸਪੀਕਰ ਸਾਹਿਬ ਇਨ੍ਹਾਂ ਟੈਕਸਾਂ ਦੇ ਕਾਰਣ ਹੀ ਮਹਿੰਗਾਈ ਵੱਧ ਰਹੀ ਹੈ। ਇਨ੍ਹਾਂ ਨੇ ਜਿਹੜਾ ਵੈਸਟਡ ਇੰਟਰੈਸਟ ਕਰੀਏਟ ਕੀਤਾ ਹੋਇਆ ਹੈ, ਇਸ ਕਰਕੇ ਇਹ ਮਹਿੰਗਾਈ ਹੈ। ਕੁਝ ਲੋਕ ਐਸੇ ਹਨ ਜਿਹੜੇ ਕਿ ਕੁਝ ਨਹੀਂ ਕਰਦੇ ਅਤੇ ਸਰਕਾਰ ਦੀ ਮਿਹਰਬਾਨੀ ਤੇ ਹੀ ਕਰੋੜਾਂ ਰੁਪਏ ਕਮਾ ਰਹੇ ਹਨ।

ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਵੀ ਇਥੇ ਕੁਝ ਗਲਾਂ ਕਹੀਆਂ। ਉਨ੍ਹਾਂ ਵਿੱਚ ਉਨ੍ਹਾਂ ਨੇ ਕਿਹਾ ਕਿ ਜੇ ਪਰਕਾਸ਼ ਨੇ ਬਿਹਾਰ ਵਿਚ ਇਕ ਨੋ-ਪਾਰਟੀ ਗੌਰਮਿੰਟ ਬਣਾਈ ਸੀ ਜਾਂ ਇਸ ਤਰ੍ਹਾਂ ਹੋਰ ਵੀ ਕਈ ਤਰ੍ਹਾਂ ਦੀ ਨਿੰਦਾ ਕੀਤੀ ਹੈ। ਸਪੀਕਰ ਸਾਹਿਬ, ਜਿਸ ਜੈ ਪਰਕਾਸ਼ ਨੇ ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਜ਼ਿਆਦਾ ਕੁਰਬਾਨੀ ਦਿੱਤੀ ਅੱਜ ਇਹ ਉਸ ਦੀ ਨਿੰਦਾ ਕਰਦੇ ਹਨ। ਪਤਾ ਨਹੀਂ ਇਹ ਕਿਸ ਮੂੰਹ ਨਾਲ ਉਸ ਦੀ ਨਿੰਦਾ ਕਰ ਰਹੇ ਹਨ।

ਸਪੀਕਰ ਸਾਹਿਬ, ਇਹ ਕਾਂਗਰਸੀ ਜਿਹੜੇ ਹਨ ਇਹ ਕਾਂਗਰਸੀਆਂ ਦੇ ਅਸਲੀ ਸ਼ਤਰੂ ਹਨ, ਇਨ੍ਹਾਂ ਨੂੰ ਪਤਾ ਹੀ ਕੁਝ ਨਹੀਂ ਹੈ ਕਿ ਕੀ ਹੋ ਰਿਹਾ ਹੈ। ਇਨ੍ਹਾਂ ਦੀਆਂ ਕੋਠੀਆਂ ਬਣੀਆਂ ਹਨ, ਕਰੋੜਾਂ ਰੁਪਏ ਦੀ ਆਮਦਨ ਹੈ ਲੋਕਾਂ ਦੀ ਭਲਾਈ ਵੱਲ ਇਨ੍ਹਾਂ ਦਾ ਖਿਆਲ ਹੀ ਨਹੀਂ ਹੈ। (ਘੰਟੀ)

ਸਪੀਕਰ ਸਾਹਿਬ, ਇਹ ਠੀਕ ਹੈ ਕਿ 5 ਸਾਲ ਬਾਅਦ ਇਲੈਕਸ਼ਨ ਹੋਣੇ ਚਾਹੀਦੇ ਹਨ। ਅੰਸੰਬਲੀ ਨੂੰ ਡੀਜ਼ਾਲਵ ਕਰ ਦੇਣਾ ਕੋਈ ਚੰਗੀ ਗੱਲ ਨਹੀਂ। ਪਰ ਕੋਈ ਕਿਥੋਂ ਤੱਕ ਬੇਇਨਸਾਫੀ ਬਰਦਾਸ਼ਤ ਕਰੇ ਅਤੇ ਹੋ ਵੀ ਕਿਥੋਂ ਤੱਕ ਸਕਦੀ ਹੈ ਜਿਸ ਵੇਲੇ ਚਾਰੇ ਪਾਸੇ ਹਾਹਾਕਾਰ ਮਚੀ ਹੋਈ ਹੋਵੇ, ਬੇਇਨਸਾਫੀ ਅਤੇ ਲੁਟ ਮਚੀ ਹੋਈ ਹੋਵੇ ਤਾਂ ਫਿਰ ਪੰਜਾਬ ਦੇ ਲੋਕਾਂ ਦੇ ਸਾਹਮਣੇ ਹੋਰ ਕੋਈ ਰਸਤਾ ਨਹੀਂ ਰਹਿ ਜਾਂਦਾ ਬਗੈਰ ਸਰਕਾਰ ਨੂੰ ਬਦਲਣ ਦੇ। (ਵਿਘਨ) ਇਸ ਲਈ, ਸਪੀਕਰ ਸਾਹਿਬ, ਅੱਜ ਪੰਜਾਬ ਦੇ ਲੋਕਾਂ ਵਿੱਚ ਹਾਹਾਕਾਰ ਮੱਚੀ ਹੋਈ ਹੈ ਅਤੇ ਉਹ ਇਸ ਸਰਕਾਰ ਨੂੰ ਬਦਲਣਾ ਚਾਹੁੰਦੇ ਹਨ।

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ.ਸੀ.) : ਸਪੀਕਰ ਸਾਹਿਬ, ਇਹ ਠੀਕ ਹੈ ਕਿ ਅੱਜ ਚਾਰੇ ਪਾਸੇ ਹਾਹਾਕਾਰ ਮੱਚੀ ਹੋਈ ਹੈ, ਕੋਈ ਵੀ, ਚਾਹੇ ਉਹ ਮਜ਼ਦੂਰ ਹੈ, ਚਾਹੇ ਕਿਸਾਨ ਹੈ, ਚਾਹੇ ਮੁਲਾਜ਼ਮ ਹੈ.....

ਸ਼੍ਰੀ ਸਪੀਕਰ : ਚੋਪੜਾ ਸਾਹਿਬ, ਤੁਸੀਂ ਤਾਂ ਸਿਰਫ 5 ਮਿੰਟ ਹੀ ਲੈਣੇ ਹਨ। (Chopra Sahib, you are to take five minutes only.)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਵੀ 25 ਮਿੰਟ ਲਵਾਂਗਾ ਜਿਸ ਤਰ੍ਹਾਂ ਕਿ ਡਾਕਟਰ ਸਾਹਿਬ ਨੇ ਵੀ 25 ਮਿੰਟ ਹੀ ਲਏ ਹਨ।

Original with;
Punjab Vidhan Sabha
Digitized by;
Panjab Digital Library

PERSONAL EXPLANATION
BY SARDAR DARBARA SINGH

ਸਰਦਾਰ ਦਰਬਾਰਾ ਸਿੰਘ : ਪਰਸਨਲ ਐਕਸਪਲੇਨੇਸ਼ਨ, ਸਰ । ਡਾਕਟਰ ਸਾਹਿਬ ਨੇ ਅੱਜ ਗੱਲ ਤਾਂ ਉਹ ਕੀਤੀ ਹੈ—

ਮਾਂ ਨਾਲੋਂ ਹੇਜਲੀ ਫੱਫੇ ਕੁੱਟਣਿ ।

ਸਪੀਕਰ ਸਾਹਿਬ, ਮੈਨੂੰ ਇਸ ਗੱਲ ਦਾ ਮਾਣ ਹੈ ਕਿ ਮੈਂ ਉਸ ਪਾਰਟੀ ਦਾ ਮੈਂਬਰ ਹਾਂ ਜਿਸ ਦੇ ਇਕ ਮੈਂਬਰ ਦੀ ਰਿਪੋਰਟ ਤੇ ਮੈਨੂੰ ਇਸ ਪਾਰਟੀ ਨੇ ਸਪੀਕਰ ਦੀ ਕੁਰਸੀ ਛੱਡਣ ਲਈ ਕਿਹਾ । ਮੇਰੀ ਪਾਰਟੀ ਨੇ ਮੇਰਾ ਇਹ ਕੇਸ ਹਿੰਦੁਸਤਾਨ ਦੇ ਲਾ-ਮਨਿਸਟਰ, ਜਿਹੜੇ ਕਿ ਬੰਬਈ ਹਾਈਕੋਰਟ ਦੇ ਸਾਬਕਾ ਜੱਜ ਵੀ ਰਹਿ ਚੁਕੇ ਹਨ, ਦੇ ਸਪੁਰਦ ਕਰ ਦਿੱਤਾ ਜਿਸ ਨੇ ਕਿ ਮੈਨੂੰ ਇਨ੍ਹਾਂ ਸਾਰੇ ਇਤਰਾਜ਼ਾਂ ਤੋਂ ਬਰੀ ਕੀਤਾ ਅਤੇ ਪੂਰੇ ਵਿਸਥਾਰ ਨਾਲ ਮੇਰੇ ਕੇਸ ਵਿੱਚ ਜਾਕੇ ਇਹ ਫੈਸਲਾ ਕੀਤਾ ਅਤੇ ਮੈਨੂੰ ਬਾਅਦ ਵਿਚ ਬਰੀ ਕੀਤਾ ।....(ਸ਼ੋਰ)

ਅੱਜ ਇਹ ਸਾਹਿਬਾਨ ਇਕ ਪਾਸੇ ਤਾਂ ਸਾਡੀ ਪਾਰਟੀ ਤੇ ਬਹਿਸ ਕਰਦੇ ਹੋਏ ਸਾਡੇ ਵਿੱਚ ਨੁਕਸ ਕੱਢ ਰਹੇ ਹਨ ਪਰ ਦੂਸਰੇ ਪਾਸੇ ਇਕ ਜੱਜ ਇਨਕੁਆਇਰੀ ਤੇ ਬੈਠਾ ਹੋਇਆ ਹੈ, ਜਿਹੜਾ ਇਨ੍ਹਾਂ ਦੇ ਵੇਲੇ ਦੀਆਂ ਬੇਸ਼ੁਮਾਰ ਕਾਰਗੁਜ਼ਾਰੀਆਂ ਦੀ ਪੜਤਾਲ ਕਰ ਰਿਹਾ ਹੈ । ਉਹ ਦੱਸ ਰਿਹਾ ਹੈ ਕਿ ਉਨ੍ਹਾਂ ਦੇ ਵੇਲੇ ਕਿਸ ਤਰ੍ਹਾਂ ਦੀ ਕੁਰੱਪਸ਼ਨ ਸੀ, ਨੈਪੋਟਿਜ਼ਮ ਵਰਤੀ ਗਈ, ਬੇਸ਼ੁਮਾਰ ਇਸ ਤਰ੍ਹਾਂ ਦੀਆਂ ਗੱਲਾਂ ਹਨ, ਉਨ੍ਹਾਂ ਮੁਤਾਲਿਕ ਜਿਹੜੇ ਆਪਣੇ ਆਪ ਨੂੰ ਪਾਕ ਸਾਫ ਹੋਣ ਦੇ ਦਾਅਵੇ ਕਰ ਰਹੇ ਹਨ । ਕਾਂਗਰਸ ਪਾਰਟੀ ਇਕ ਮਹਾਨ ਪਾਰਟੀ ਹੈ, ਸਾਨੂੰ ਮਾਣ ਹੈ ਕਿ ਅਸੀਂ ਇਨ੍ਹਾਂ ਨਾਲ ਹਾਂ । (ਸ਼ੋਰ)

ਸਰਦਾਰ ਸਤਨਾਮ ਸਿੰਘ ਬਾਜਵਾ : ਵਾਕਈ ਕਾਂਗਰਸ ਪਾਰਟੀ ਇਕ ਮਹਾਨ ਪਾਰਟੀ ਹੈ । ਜੇ ਉਹ ਮਹਾਨ ਨਾ ਹੁੰਦੇ ਤਾਂ ਤੁਸੀਂ ਜਲਦੀ ਜ ਦੀ ਗਦੀ ਤੋਂ ਲਹਿ ਨਹੀਂ ਸੀ ਸਕਦੇ । ਇਸ ਨਾਲੋਂ ਮਹਾਨ ਕਿਹੜੀ ਪਾਰਟੀ ਹੋ ਸਕਦੀ ਹੈ ਜਿਹੜੀ ਤੁਹਾਨੂੰ ਖਿਚ ਕੇ ਲਾਹ ਦੇਵੇ । (ਹਾਸਾ)

DISCUSSION ON NO-CONFIDENCE MOTION
(Resumption)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਅੱਜ ਜੋ ਦੇਸ਼ ਦੀ ਹਾਲਤ ਹੈ, ਉਸ ਤੋਂ ਕੋਈ ਭੁਲਿਆ ਹੋਇਆ ਨਹੀਂ । ਜੇ ਇਹ ਮਜ਼ਦੂਰਾਂ ਦੀ ਸਰਕਾਰ ਹੁੰਦੀ ਤਾਂ ਕਦੋਂ ਦੀ ਅਸਤੀਫਾ ਦੇ ਦੇਂਦੀ । ਅੱਜ ਕੀਮਤਾਂ ਤੇ ਚੈਕ ਕਰਨ ਦਾ ਸਵਾਲ ਹੈ, ਮੁਲਾਜ਼ਮਾਂ ਅਤੇ ਅਫ਼ਸਰਾਂ ਦੇ ਮਸਲੇ ਹਨ, ਜਿਹੜੇ ਮੁਲਕ ਦੀ ਗ਼ਰੀਬੀ ਵੱਧਾ ਰਹੇ ਹਨ । ਅੱਜ ਮਹਿੰਗਾਈ ਦਾ ਇਤਨਾ ਬੁਰਾ ਹਾਲ ਇਹ ਹੈ ਕਿ ਨਿਤ ਵਰਤੋਂ ਦੀਆਂ ਚੀਜ਼ਾਂ ਦੀਆਂ ਕੀਮਤਾਂ ਰੋਜ਼ ਹੀ ਵਧ ਜਾਂਦੀਆਂ ਹਨ । ਪਿਛਲੇ ਸਾਲ ਨਾਲੋਂ ਕੀਮਤਾਂ 30% ਵਧੀਆਂ ਹਨ ।

ਸ੍ਰੀ ਸਪੀਕਰ : ਮਹਿੰਗਾਈ ਦੇ ਮਸਲੇ ਤੇ ਬਹੁਤ ਬਹਿਸ ਹੋ ਚੁਕੀ ਹੈ ਇਸ ਤੋਂ ਇਲਾਵਾ ਜੇ ਕੋਈ ਹੋਰ ਪੁਆਇੰਟ ਹੈ ਉਸ ਤੇ ਤੁਸੀਂ ਬੋਲੋ । (This subject of high prices has already been discussed at length. Please refer to some new point.)

Original with;
Punjab Vidhan Sabha
Digitized by;
Panjab Digitized

ਮਾਸਟਰ ਚੰਦ ਸਿੰਘ : ਮੈਂ ਸਾਰੀਆਂ ਹੀ ਗੱਲਾਂ ਕਰਾਂਗਾ ਜੀ । ਅੱਜ ਸਨਅਤੀ ਮਜ਼ਦੂਰ ਜਦੋਂ ਮੈਨੇਜਮੈਂਟ ਪਾਸ ਆਪਣਾ ਪੇਟ ਪਾਲਣ ਲਈ ਮੰਗਾਂ ਰਖਦਾ ਹੈ ਤਾਂ ਉਸ ਤੇ ਤਸ਼ੱਦਦ ਹੁੰਦਾ ਹੈ ਅਤੇ ਤਸ਼ੱਦਦ ਨਾਲ ਉਸ ਨੂੰ ਦਬਾਇਆ ਜਾਂਦਾ ਹੈ । ਫੈਕਟਰੀਆਂ ਬੰਦ ਕਰਕੇ ਉਸ ਨੂੰ ਭੁਖਾ ਮਰਨ ਤੇ ਮਜ਼ਬੂਰ ਕੀਤਾ ਜਾਂਦਾ ਹੈ । ਖੇਤ ਮਜ਼ਦੂਰ ਦੀ ਦਿਹਾੜੀ 6 ਰੁਪਏ 50 ਪੈਸੇ ਰੱਖੀ ਗਈ ਹੈ, ਲੋਕਾਂ ਦੇ ਬਾਈਕਾਟ ਹੁੰਦੇ ਹਨ ਪਰ ਗਵਰਨਮੈਂਟ ਕੋਈ ਦਖਲ ਨਹੀਂ ਦੇਂਦੀ । ਤਹਿਸੀਲ ਬਰਨਾਲਾ ਵਿਚ ਕਰਮ ਗੜ੍ਹ ਪਿੰਡ ਦੇ ਵਿੱਚ ਬਾਈਕਾਟ ਹੋਇਆ । ਜ਼ਿਲ੍ਹਾ ਲੁਧਿਆਣੇ ਦੇ ਵਿੱਚ ਬਾਈਕਾਟ ਹੋਏ, ਇਸ ਤਰ੍ਹਾਂ ਮੁਲਕ ਦੇ ਵਿੱਚ ਮਜ਼ਦੂਰ ਦੀ ਹਾਲਤ ਭੈੜੀ ਤੋਂ ਭੈੜੀ ਹੁੰਦੀ ਜਾ ਰਹੀ ਹੈ ।

ਇਥੇ ਸਰਦਾਰ ਦਰਬਾਰਾ ਸਿੰਘ ਨੇ ਕਿਹਾ ਕਿ ਸਾਡੇ ਸੂਬੇ ਵਿਚ ਹੋਰਾਂ ਨਾਲੋਂ ਘਟ ਕੀਮਤ ਤੇ ਖਾਦ ਮਿਲਦੀ ਹੈ, ਇਥੇ ਦੂਸਰੇ ਮੁਲਕਾਂ ਨਾਲੋਂ ਵੀ ਸਸਤੀ ਹੈ । ਪਰ ਮੈਂ ਕਹਿ ਸਕਦਾ ਹਾਂ ਕਿ ਸਾਡੇ ਮੁਲਕ ਦੇ ਵਿੱਚ ਦੂਸਰੇ ਮੁਲਕਾਂ ਦੇ ਨਾਲੋਂ ਵੱਧ ਕੀਮਤ ਤੇ ਖਾਦ ਮਿਲਦੀ ਹੈ । ਫੇਰ ਜਿਹੜੀ ਮਿਲਦੀ ਹੈ ਉਹਦੇ ਵਿਚ ਵੀ ਕੋਈ ਮਿਲਾਵਟ ਹੁੰਦੀ ਹੈ ।

ਜਿਥੋਂ ਤੱਕ ਮੁਲਾਜ਼ਮਾਂ ਦਾ ਤੁਅੱਲਕ ਹੈ, ਉਹ ਮਹਿੰਗਾਈ ਦੇ ਕਾਰਨ ਫੇਜ-ਫਰੀਜ਼ ਹੋ ਜਾਣ ਦੇ ਕਾਰਨ ਬੇਚੈਨ ਹਨ । ਮੈਂ ਸਰਕਾਰ ਨੂੰ ਕਹਾਂਗਾ ਕਿ ਉਹ ਫੇਜ ਫਰੀਜ਼ ਨਾ ਕਰਨ, ਜੇ ਕੁਝ ਕਰਨਾ ਹੈ ਤਾਂ ਮਹਿੰਗਾਈ ਫਰੀਜ਼ ਕਰੋ । ਮਹਿਗਾਈ ਪਿਛਲੇ ਸਾਲ ਨਾਲੋਂ 30% ਜ਼ਿਆਦਾ ਹੋ ਗਈ ਹੈ । ਉਹ ਵਕਤ ਦੂਰ ਨਹੀਂ ਕਿ ਇਹ 100% ਹੀ ਹੋ ਜਾਵੇਗੀ । ਜੇ ਇਹ ਲੋਕ ਆਪਣਾ ਗੁਜ਼ਾਰਾ ਕਰਨ ਖਾਤਰ ਮੰਗਾਂ ਰੱਖਦੇ ਹਨ ਤਾਂ ਉਨ੍ਹਾਂ ਦੇ ਉਤੇ ਦਬਾਓ ਪਾਏ ਜਾਂਦੇ ਹਨ । ਇਕ ਪਾਸਿਉਂ ਮਹਿੰਗਾਈ ਵੱਧ ਰਹੀ ਹੈ ਦੂਸਰੇ ਪਾਸੇ ਟੈਕਸ ਲਗਾਏ ਜਾ ਰਹੇ ਹਨ । ਮੈਂ ਕਹਾਂਗਾ ਕਿ ਮਹਿੰਗਾਈ ਵੱਧਣ ਦਾ ਅਸਲ ਕਾਰਨ ਇਹੋ ਹੈ ਕਿ ਟੈਕਸਿਜ਼ ਦਿਨੋ ਦਿਨ ਲਗਾਏ ਜਾ ਰਹੇ ਹਨ । ਟੀਚਰਾਂ ਨੇ ਆਪਣੀਆਂ ਮੰਗਾਂ ਲੈ ਕੇ ਤੁਹਾਨੂੰ ਯਾਦ ਹੋਵੇਗਾ ਕਿ 22 ਜੁਲਾਈ ਨੂੰ ਮੁਜ਼ਾਹਰਾ ਕੀਤਾ ਸੀ । ਮੁਜ਼ਾਹਰੇ ਵਿੱਚ 5 ਮੁਲਾਜ਼ਮ ਇਕ ਹਾਦਸੇ ਦਾ ਸ਼ਿਕਾਰ ਹੋ ਗਏ । ਜਦੋਂ ਗਿਆਨੀ ਜ਼ੈਲ ਸਿੰਘ ਨਾਲ ਇਸ ਬਾਰੇ ਗੱਲ ਕੀਤੀ ਤਾਂ ਉਨ੍ਹਾਂ ਨੂੰ ਢਾਈ ਹਜ਼ਾਰ ਰੁਪਿਆ ਸਹਾਇਤਾ ਵਜੋਂ ਦੇ ਦਿੱਤਾ । ਇਸ ਦੇ ਨਾਲੋਂ ਤਾਂ ਇਹੋ ਚੰਗਾ ਸੀ ਕਿ ਉਹ ਬੇਰੋਜ਼ਗਾਰਾਂ ਦੀਆਂ ਮੰਗਾਂ ਹੀ ਮੰਨ ਲੈਂਦੇ ।

ਮੈ ਕਹਾਂਗਾ ਕਿ ਜਿਹੜਾ ਐਜੂਕੇਸ਼ਨ ਦਾ ਮਹਿਕਮਾ ਹੈ ਇਹ ਦੇ ਵਿਚ ਬੜਾ ਸਕੈਂਡਲ ਹੈ । ਇਨ੍ਹਾਂ ਨੇ ਕਲਾਸੀਕਲ ਟੀਚਰਾਂ ਦੀਆਂ ਪੋਸਟਾਂ ਦੀ ਐਡਵਰਟਾਈਜ਼ਮੈਂਟ ਕਰਵਾਈ । 8/- ਜਾਂ 4/- ਦੇ ਹਿਸਾਬ ਨਾਲ ਲੋਕਾਂ ਤੋਂ ਅਰਜ਼ੀਆਂ ਨਾਲ ਲੈ ਲਏ ਪਰ ਜਦੋਂ ਸੀਲੈਕਸ਼ਨ ਦਾ ਵਕਤ ਆਇਆ ਤਾਂ ਕੋਈ ਸੀਲੈਕਸ਼ਨ ਹੀ ਨਹੀਂ ਕੀਤੀ । ਇਸ ਤਰ੍ਹਾਂ ਉਨ੍ਹਾਂ ਬੇਰੋਜ਼ਗਾਰਾਂ ਤੋਂ ਵੀ ਇਸ ਢੰਗ ਨਾਲ ਪੈਸੇ ਇਕੱਠੇ ਕਰ ਰਹੇ ਹਨ ।

ਕੁਰੱਪਸ਼ਨ ਹੋ ਰਹੀ ਹੈ, ਬਲੈਕ ਦਾ ਜ਼ੋਰ ਹੈ, ਸੀਮਿੰਟ 14 ਰੁਪਏ ਦੀ ਬੋਰੀ ਦਾ ਕੰਟਰੋਲ ਹੈ ਪਰ ਉਹ 45 ਰੁਪਏ ਵਿਕ ਰਹੀ ਹੈ । ਕਣਕ ਦਾ ਭਾਅ 105 ਰੁਪਏ ਇਨ੍ਹਾਂ ਲਈ ਹੈ ਪਰ ਜੇ ਕੋਈ ਆਮ ਆਦਮੀ ਲੈਣ ਜਾਵੇ ਤਾਂ ਉਸ ਲਈ 125 ਰੁਪਏ ਹੈ । ਇਹ ਕਿਧਰ ਦਾ ਇਨਸਾਫ ਹੈ ਕਿ ਜੇ ਮਜ਼ਦੂਰ ਲੈਣ ਜਾਵੇ ਤਾਂ 125 ਰੁਪਏ ਭਾਅ ਅਤੇ ਲੈਂਡ ਲਾਰਡ ਹੋਵੇ ਤਾਂ ਉਹ 105 ਰੁਪਏ ਵਿੱਚ ਹੀ ਬੋਰੀ ਕਣਕ ਦੀ ਲੈ ਆਵੇ । ਆਟਾ ਦੋ ਰੁਪਏ ਕਿਲੋ ਵਿਕ ਰਿਹਾ ਹੈ, ਛੋਟੀ ਜੇਹੀ ਕਾਪੀ ਜੇ ਲੈਣੀ ਹੋਵੇ ਤਾਂ ਉਹ 90 ਪੈਸੇ ਦੀ ਮਿਲਦੀ ਹੈ.....

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਮਹਿੰਗਾਈ ਦੀ ਗੱਲ ਤਾਂ ਆ ਹੀ ਗਈ ਹੈ ਤੁਸੀਂ ਕੋਈ ਹੋਰ ਗੱਲ ਕਰੋ । (The issue regarding high prices has come, please refer to some new point.)

ਮਾਸਟਰ ਚੰਦ ਸਿੰਘ : ਅੱਜ ਉਹ ਕਾਪੀ 1.75 ਦੀ ਮਿਲਦੀ ਹੈ, ਦੁੱਗਣੀ ਕੀਮਤ ਹੋ ਗਈ ਹੈ । ਘਿਓ ਦਾ ਭਾਓ 9 ਰੁਪਏ ਕਿਲੋ ਮੁਕਰੱਰ ਕੀਤਾ ਹੈ ਪਰ ਉਹ ਅਜ 15-16 ਰੁਪਏ ਤੋਂ ਘੱਟ ਨਹੀਂ ਮਿਲਦਾ । ਕੋਈ ਵੀ ਗਰੀਬ ਆਦਮੀ ਦੀ ਨਿਤ ਵਰਤੋਂ ਵਾਲੀ ਚੀਜ਼ ਸਸਤੀ ਨਹੀਂ ।

ਸ਼੍ਰੀ ਸਪੀਕਰ : ਕੋਈ ਨਵਾਂ ਮੈਟਰ ਹੈ ਹੀ ਨਹੀਂ । (I think you have no new matter to refer.)

ਮਾਸਟਰ ਚੰਦ ਸਿੰਘ : ਜਿਥੋਂ ਤੱਕ ਬੇਕਾਰੀ ਦਾ ਸਵਾਲ ਹੈ ਇਹ ਇਨ੍ਹਾਂ ਨੇ ਵਧਾਈ ਹੈ । ਇਨ੍ਹਾਂ ਨੇ 8000 ਕਾਰੀਗਰਾਂ ਨੂੰ ਇਹ ਕਹਿਕੇ ਕੁੱਖਾ ਮਾਰਿਆ ਹੈ ਕਿ ਅਜੇ ਸਾਡੇ ਪਾਸ ਕੋਈ ਫੈਕੇਂਸੀ ਨਹੀਂ ਹੈ । ਜਦੋਂ ਇਨ੍ਹਾਂ ਨੂੰ ਪਤਾ ਸੀ ਕਿ ਇਸ ਤਰ੍ਹਾਂ ਦੀ ਇਕ ਜਮਾਤ ਹੱਥ ਨਾਲ ਕੰਮ ਕਰਨ ਵਾਲਿਆਂ ਦੀ ਤਿਆਰ ਹੋ ਰਹੀ ਹੈ ਤਾਂ ਉਨ੍ਹਾਂ ਨੂੰ ਕੋਈ ਕੰਮ ਦੇਣਾ ਚਾਹੀਦਾ ਸੀ ਨਹੀਂ ਤਾਂ ਜਿਤਨਾ ਚਿਰ ਉਹ ਬੇਕਾਰ ਸੀ ਉਨ੍ਹਾਂ ਨੂੰ ਕੋਈ ਅਲਾਊਂਸ ਦੇਣਾ ਚਾਹੀਦਾ ਸੀ । ਕੁਰੱਪਸ਼ਨ ਦਾ ਇਹ ਹਾਲ ਹੈ ਕਿ ਪਿਛਲੇ ਦਿਨਾਂ ਦੇ ਵਿੱਚ ਇਕ ਏ. ਐਸ. ਆਈ. ਰੰਗ ਰਲੀਆਂ ਮਨਾਉਂਦਾ ਹੋਇਆ ਫੜਿਆ ਗਿਆ, ਉਸ ਦਾ ਚਾਲਾਨ ਤੱਕ ਵੀ ਨਹੀਂ ਹੋਇਆ । ਧਨੌਲੇ ਦੇ ਥਾਣੇ ਵਿੱਚ ਇਕ ਕਿਸਾਨ ਨੂੰ ਕੁਟ ਕਟ ਕੇ ਮਾਰ ਦਿੱਤਾ, ਉਸ ਨੂੰ ਕਿਸੇ ਨੇ ਕੁਝ ਨਹੀਂ ਕਿਹਾ । ਜਦੋਂ ਜੁਡੀਸ਼ਲ ਮੈਜਿਸਟਰੇਟ ਨੇ ਏਧਰ ਧਿਆਨ ਦਿਵਾਇਆ ਤਾਂ ਉਸ ਤੇ ਕੋਈ ਮੁਕਦਮਾ ਚਲਾਉਣ ਦੀ ਬਜਾਏ ਉਸ ਨੂੰ ਬਦਲ ਕੇ ਬਰਨਾਲੇ ਲਾ ਦਿੱਤਾ । (ਸ਼ੋਰ)

ਸ਼੍ਰੀ ਸਪੀਕਰ : ਚੋਪੜਾ ਜੀ, ਬੈਠੋ, ਤੁਸੀਂ ਬਹੁਤ ਕੁਝ ਕਹਿ ਲਿਆ ਹੈ । (Chopra ji, please resume your seat. You have spoken quite a lot.)

WALK OUT

ਮਾਸਟਰ ਚੰਦ ਸਿੰਘ : * * * *

ਸ਼੍ਰੀ ਸਪੀਕਰ : ਜੋ ਕੁਝ ਵੀ ਚੋਪੜਾ ਜੀ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ । (Whatever is being said by Mr. Chopra, should not be recorded.)

(ਇਸ ਵੇਲੇ ਮਾਸਟਰ ਚੰਦ ਸਿੰਘ ਕੁਝ ਕਹਿੰਦੇ ਹੋਏ ਵਾਕ ਆਊਟ ਕਰ ਗਏ)

ਸ਼੍ਰੀ ਸਪੀਕਰ : ਇਸ ਪਾਰਟੀ ਵਲੋਂ ਦੋ ਆਨਰੇਬਲ ਮੈਂਬਰ ਅਜੇ ਬੋਲਣੇ ਹਨ । ਪਹਿਲਾਂ ਯਸ਼ ਜੀ, ਫੇਰ ਚੀਫ ਮਨਿਸਟਰ ਸਾਹਿਬ ਅਤੇ ਫੇਰ ਲੀਡਰ ਆਫ ਦੀ ਆਪੋਜ਼ੀਸ਼ਨ ਜਵਾਬ ਦੇਣਗੇ । (Two Members from this side, Shri Yash and the Chief Minister, have still to speak and then the Leader of the Opposition will give reply to the Debate.)

*Not recorded as ordered by the Chair.

Original with;
Punjab Vidhan Sabha
Digitized by;
Panjab Digital Library

DISCUSSION ON NO-CONFIDENCE MOTION

(Resumption)

ਆਬਕਾਰੀ ਅਤੇ ਕਰ ਮੰਤਰੀ (ਸ਼੍ਰੀ ਯਸ਼ ਪਾਲ) : ਆਪੋਜੀਸ਼ਨ ਦੇ ਲੀਡਰ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਇਹ ਮਤਾ ਪੇਸ਼ ਕਰਦਿਆਂ ਆਖਿਆ ਹੈ ਕਿ ਕਿਉਂਕਿ ਇਹ ਸਰਕਾਰ ਮਹਿੰਗਾਈ ਨਹੀਂ ਰੋਕ ਸਕਦੀ ਇਸ ਵਾਸਤੇ ਸਾਨੂੰ ਇਹਦੇ ਉਤੇ ਵਿਸ਼ਵਾਸ ਨਹੀਂ ਹੈ । ਉਨ੍ਹਾਂ ਇਹ ਵੀ ਆਖਿਆ ਹੈ ਕਿ ਇਹ ਸਰਕਾਰ ਆਮ ਲੋਕਾਂ ਦੀ ਜ਼ਰੂਰਤ ਦੀਆਂ ਚੀਜ਼ਾਂ ਮੁਹਈਆ ਨਹੀਂ ਕਰ ਸਕੀ, ਇਸ ਵਾਸਤੇ ਅਸੀਂ ਇਹਦੇ ਉਤੇ ਅਦਮ ਇਤਮਾਦ ਕਰਦੇ ਹਾਂ । ਉਨ੍ਹਾਂ ਨੇ ਇਹ ਵੀ ਆਖਿਆ ਕਿ ਇਹ ਸਰਕਾਰ ਅਮਨ ਕਾਇਮ ਨਹੀਂ ਕਰ ਸਕੀ, ਵਿਦਿਆਰਥੀਆਂ ਨਾਲ, ਹਰੀਜਨਾਂ ਨਾਲ, ਮੁਲਾਜ਼ਮਾਂ ਨਾਲ ਧੱਕਾ ਕਰਦੀ ਹੈ ਅਤੇ ਸਾਰਿਆਂ ਨਾਲੋਂ ਵੱਧ ਇਹ ਕਿਸਾਨਾਂ ਨਾਲ ਧੱਕਾ ਕਰਦੀ ਹੈ । ਇਸ ਵਾਸਤੇ ਉਹ ਸਰਕਾਰ ਤੇ ਅਦਮ ਇਤਮਾਦ ਜ਼ਾਹਿਰ ਕਰਦੇ ਹਨ । ਸਪੀਕਰ ਸਾਹਿਬ, ਮੇਰਾ ਇਕ ਛੋਟਾ ਜਿਹਾ ਸਵਾਲ ਹੈ : ਆਪੋਜੀਸ਼ਨ ਦੇ ਲੀਡਰ ਅਤੇ ਉਨ੍ਹਾਂ ਦੇ ਸਾਥੀ ਇਹ ਦੱਸਣ ਕਿ ਇਨ੍ਹਾਂ ਨੂੰ ਸਾਡੇ ਤੇ ਇਤਮਾਦ ਕਦੋਂ ਸੀ ? ਜਦੋਂ ਦੀ ਇਹ ਸਰਕਾਰ ਬਣੀ ਹੈ ਇਹ ਉਦੋਂ ਤੋਂ ਹੀ ਅਦਮ ਇਤਮਾਦ ਦਾ ਇਜ਼ਹਾਰ ਕਰ ਰਹੇ ਹਨ । ਬਲਕਿ ਸੱਚ ਤਾਂ ਇਹ ਹੈ ਕਿ ਜਦੋਂ ਹਾਲੇ ਇਹ ਸਰਕਾਰ ਬਣੀ ਹੀ ਨਹੀਂ ਸੀ ਤਾਂ ਵੀ ਇਨ੍ਹਾਂ ਨੂੰ ਸਾਡੇ ਉੱਤੇ ਕੋਈ ਇਤਮਾਦ ਨਹੀਂ ਸੀ । ਜਦੋਂ ਅਸੀਂ ਚੰਗਾ ਮਾੜਾ ਕੋਈ ਵੀ ਕੰਮ ਨਹੀਂ ਸੀ ਕੀਤਾ, ਉਦੋਂ ਵੀ ਇਹ ਸਾਡੇ ਮੁਖਾਲਫ਼ ਸਨ ਅਤੇ ਇਨ੍ਹਾਂ ਨੂੰ ਸਾਡੇ ਤੇ ਅਦਮ ਇਤਮਾਦ ਸੀ । ਮੈਂ ਤਾਂ ਇਹ ਕਹਾਂਗਾ ਕਿ ਅਕਾਲੀ ਪਾਰਟੀ ਪੈਦਾਵਾਰ ਹੀ ਅਦਮ ਇਤਮਾਦ ਦੀ ਹੈ । ਇਹ ਜੰਮੇ ਹੀ ਇਸ ਵਾਸਤੇ ਹਨ ਕਿ ਸਰਕਾਰ ਤੇ ਅਦਮ ਇਤਮਾਦ ਕਰਨ (ਵਿਘਨ) ਇਹ ਸਰਕਾਰ ਤੇ ਉਦੋਂ ਹੀ ਇਤਮਾਦ ਕਰਦੇ ਸਨ ਜਦੋਂ ਸਰਕਾਰ ਇਨ੍ਹਾਂ ਦੀ ਆਪਣੀ ਸੀ । ਇਥੇ ਵੀ ਇਕ ਰਫੜ ਪੈ ਜਾਂਦਾ ਹੈ । ਫੇਰ ਇਹ ਆਪੋ ਵਿਚ ਇਕ ਦੂਜੇ ਤੇ ਅਦਮ ਇਤਮਾਦ ਕਰਨ ਲੱਗ ਪੈਂਦੇ ਹਨ । ਇਕ ਅਕਾਲੀ ਲੀਡਰ ਨੂੰ ਦੂਜੇ ਅਕਾਲੀ ਲੀਡਰ ਉਤੇ ਇਤਮਾਦ ਨਹੀਂ ਹੁੰਦਾ । (ਵਿਘਨ)

Mr. Speaker : Order, order please.

ਆਬਕਾਰੀ ਅਤੇ ਕਰ ਮੰਤਰੀ : ਲੇਕਿਨ ਇਸਦੇ ਬਾਵਜੂਦ ਮੈਨੂੰ ਖੁਸ਼ੀ ਹੈ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਕੁੱਝ ਅੰਕੜੇ ਪੇਸ਼ ਕੀਤੇ ਹਨ । ਉਨ੍ਹਾਂ ਨੇ ਦਸਿਆ ਹੈ ਕਿ ਜਦੋਂ ਅਕਾਲੀ ਸਰਕਾਰ ਸੀ ਤਾਂ ਉਦੋਂ ਜੀਅ ਪ੍ਰਤੀ ਟੈਕਸ ਕਿੰਨਾ ਸੀ ਅਤੇ ਹੁਣ ਜਦੋਂ ਕਾਂਗਰਸ ਸਰਕਾਰ ਹੈ ਤਾਂ ਜੀਅ ਪ੍ਰਤੀ ਟੈਕਸ ਕਿੰਨਾ ਵੱਧ ਗਿਆ ਹੈ । ਮੇਰੀਆਂ ਦੋ ਬੇਨਤੀਆਂ ਹਨ : ਇਕ ਤਾਂ ਇਹ ਕਿ ਉਨ੍ਹਾਂ ਨੇ ਅੰਕੜੇ ਗਲਤ ਪੇਸ਼ ਕੀਤੇ ਹਨ, ਦੂਸਰੇ ਅਧੂਰੇ ਪੇਸ਼ ਕੀਤੇ ਹਨ । ਜੀਅ ਪ੍ਰਤੀ ਟੈਕਸ ਅਕਾਲੀ ਸਰਕਾਰ ਵੇਲੇ 85 ਰੁਪਏ ਨਹੀਂ, 69 ਰੁਪਏ ਸੀ । ਹੁਣ ਇਹ 107 ਰੁਪਏ ਹੈ । (ਵਿਘਨ) ਉਨ੍ਹਾਂ ਨੇ ਫਿਗਰਜ਼ ਅੱਧੀਆਂ ਦਸੀਆਂ ਹਨ । ਉਨ੍ਹਾਂ ਨੇ ਤਾਂ ਇਹ ਦੱਸਿਆ ਹੈ ਕਿ ਅਕਾਲੀ ਸਰਕਾਰ ਵੇਲੇ ਜੀਅ ਪ੍ਰਤੀ ਕਿੰਨਾ ਟੈਕਸ ਸੀ ਅਤੇ ਕਾਂਗਰਸ ਸਰਕਾਰ ਵੇਲੇ ਕਿੰਨਾ ਹੈ । ਪਰ ਇਹ ਨਹੀਂ ਦਸਿਆ ਕਿ ਅਕਾਲੀ ਸਰਕਾਰ ਵੇਲੇ ਜੀਅ ਪ੍ਰਤੀ ਆਮਦਨ ਕਿੰਨੀ ਸੀ ਅਤੇ ਹੁਣ ਕਿੰਨੀ ਹੈ । ਅਕਾਲੀ ਸਰਕਾਰ ਵੇਲੇ ਜੀਅ ਪ੍ਰਤੀ ਆਮਦਨ 900 ਰੁਪਏ ਸੀ ਅਤੇ ਹੁਣ ਇਹ 1350 ਰੁਪਏ ਹੈ । (ਵਿਘਨ) ਥੋੜ੍ਹੀ ਜਿਹੀ ਸ਼ਾਂਤੀ ਨਾਲ ਸੁਣੋ । ਮੇਰੀ ਫੇਰ ਬੇਨਤੀ ਹੈ ਕਿ ਅਰਾਮ ਨਾਲ ਸੁਣੋ । ਆਖਿਆ ਜਾ ਸਕਦਾ ਹੈ

Original with;
Punjab Vidhan Sabha
Digitized by;
Panjab Digital Library

[ਆਬਕਾਰੀ ਅਤੇ ਕਰ ਮੰਤਰੀ]

ਕਿ ਜੀਅ ਪ੍ਰਤੀ ਆਮਦਨ ਵੱਧਣ ਦੇ ਨਾਲ ਟੈਕਸ ਦੀ ਪਰਸੈਂਟੇਜ ਵੱਧ ਗਈ ਹੈ । ਅਕਾਲੀਆਂ ਵੇਲੇ ਟੈਕਸ 7% ਸਨ ਅਤੇ ਹੁਣ ਇਹ 8% ਹਨ । ਇਹ ਠੀਕ ਹੈ ਕੇ ਇਸ ਦੌਰਾਨ ਵਿਚ ਟੈਕਸ 1% ਵੱਧ ਰਏ ਹਨ । ਇਤਰਾਜ਼ ਕੀਤਾ ਜਾ ਸਕਦਾ ਹੈ ਕਿ ਕਾਂਗਰਸ ਨੇ ਟੈਕਸ 1% ਵੱਧਾ ਦਿੱਤੇ ਹਨ ਪਰ ਇਹ ਦੇਖਣ ਦੀ ਲੋੜ ਹੈ ਕਿ ਇਹ ਟੈਕਸ ਕਿਉਂ ਵਧੇ। ਕੀ ਕਾਂਗਰਸ ਸਰਕਾਰ ਨੇ ਕੋਈ ਫਜ਼ੂਲ ਖਰਚੀ ਕੀਤੀ ਹੈ ਜਾਂ ਕਾਂਗਰਸ ਸਰਕਾਰ ਨੇ ਲੋਕਾਂ ਦੀ ਭਲਾਈ ਲਈ ਵਧੇਰੇ ਖਰਚ ਕੀਤਾ ਹੈ ? ਸਪੀਕਰ ਸਾਹਿਬ, ਜਦੋਂ ਅਕਾਲੀ ਸਰਕਾਰ ਸੀ ਉਸ ਵੇਲੇ ਸਾਰੀ ਚੌਥੀ ਪਲਾਨ ਤੇ ਇਨ੍ਹਾਂ ਨੇ 243 ਕਰੋੜ ਰੁਪਏ ਖਰਚ ਕਰਨ ਦਾ ਪ੍ਰੋਗਰਾਮ ਬਣਾਇਆ ਸੀ । ਹੁਣ ਇਹ ਠੀਕ ਹੈ ਕਿ ਟੈਕਸ 7% ਤੋਂ 8% ਹੋ ਗਏ ਹਨ ਪਰ ਹੁਣ ਪਲਾਨ ਦਾ ਖਰਚਾ 801 ਕਰੋੜ ਰੁਪਏ ਹੋ ਗਿਆ ਹੈ । ਟੈਕਸ 1% ਵਧਿਆ ਹੈ ਪਰ ਪਲਾਨ ਦਾ ਸਾਈਜ਼ ਚਾਰ ਗੁਣਾ ਵੱਧ ਗਿਆ ਹੈ । ਇਹ ਆਖਣਗੇ ਕਿ ਵਡੀ ਪਲਾਨ ਦੀ ਲੋੜ ਕੀ ਹੈ ? ਜਿਹੜੀ ਸ਼ਾਹੂਕਾਰ ਪਾਰਟੀ ਹੋਵੇਗੀ ਅਤੇ ਜਿਸ ਨੂੰ ਗਰੀਬਾਂ ਨਾਲ ਹਮਦਰਦੀ ਨਾ ਹੋਵੇ, ਦੇਸ਼ ਦੀ ਉਨਤੀ ਦਾ ਵੀ ਖਿਆਲ ਨਾ ਹੋਵੇ ਉਹ ਪਲਾਨ ਤੇ ਹਮੇਸ਼ਾ ਘੱਟ ਖਰਚ ਕਰੇਗੀ । ਜਿਸ ਪਾਰਟੀ ਨੇ ਦੇਸ਼ ਦੀ ਤਰੱਕੀ ਕਰਨੀ ਹੋਵੇ ਹੋਰ ਸਾਰੇ ਇਲਾਕੇ ਦੀ ਡਿਵੈਲਪਮੈਂਟ ਕਰਨੀ ਹੋਵੇ ਲੋਕਾਂ ਦੀ ਜਿੰਦਗੀ ਦਾ ਪੱਧਰ ਉਚਾ ਕਰਨਾ ਹੋਵੇ, ਉਹ ਪਲਾਨ ਤੇ ਜ਼ਿਆਦਾ ਖਰਚ ਕਰਦੀ ਹੈ ਅਤੇ ਵੱਡੀ ਪਲਾਨ ਬਣਾਉਂਦੀ ਹੈ । (ਵਿਘਨ) ਸਬਰ ਨਾਲ ਸੁਣਨ ਦੀ ਆਦਤ ਪਾਉ । ਮੁਲਕ ਨੂੰ ਅਜ਼ਾਦ ਕਰਵਾਉਣ ਦੀ ਜ਼ਿੰਮੇਵਾਰੀ ਵੀ ਕਾਂਗਰਸ ਤੇ ਸੀ ਅਤੇ ਦੇਸ਼ ਦੀ ਉਨਤੀ ਕਰਨ ਦੀ ਜ਼ਿੰਮੇਵਾਰੀ ਵੀ ਕਾਂਗਰਸ ਦੀ ਹੈ । ਬਾਦਲ ਸਾਹਿਬ ਨੇ ਆਖਿਆ ਹੈ ਕਿ ਕਾਂਗਰਸ ਕਿਤੇ ਭੱਜ ਨਾ ਜਾਵੇ । ਕਾਂਗਰਸ ਵਾਲੇ ਕਿਤੇ ਨਹੀਂ ਭੱਜਣਗੇ । ਭੱਜਣਾ ਤਾਂ ਤੁਸੀਂ ਹੈ । ਕਦੇ ਕਾਂਗਰਸ ਹਾਈ ਕਮਾਂਡ ਕੋਲ ਭੱਜ ਭੱਜ ਜਾਂਦੇ ਹਨ ਅਤੇ ਕਦੇ ਕਿਸੇ ਹੋਰ ਕੋਲ । (ਵਿਘਨ) ਕਾਂਗਰਸ ਤਾਂ ਆਪਣੀ ਜ਼ਿੰਮੇਵਾਰੀ ਨਿਭਾਏਗੀ । ਇਹ ਪਲਾਨ ਕਿਉਂ ਬਣਦਾ ਹੈ ? ਅਕਾਲੀ ਸਰਕਾਰ ਤਾਂ ਭੁਲੇਖੇ ਨਾਲ ਬਣ ਗਈ ਸੀ । ਉਸ ਵੇਲੇ ਉਨ੍ਹਾਂ ਨੇ ਕਿਹਾ ਸੀ ਕਿ ਦੇਖੋ, ਸਾਡੀ ਵਾਰੀ ਕਿੰਨਾਂ ਅਨਾਜ ਪੈਦਾ ਹੋ ਗਿਆ ਸੀ ਅਤੇ ਇਹ ਵੀ ਆਖਿਆ ਕਿ ਉਨਾਂ ਦੇਸ਼ ਦੀ ਭੁੱਖ ਦੂਰ ਕਰ ਦਿੱਤੀ । ਗਰੀਨ ਰੈਵੋਲੂਸ਼ਨ ਹੋ ਗਿਆ ਸੀ । ਸਪੀਕਰ ਸਾਹਿਬ, ਇਹ ਕਰਾਂਤੀ ਹਰਾ ਇਨਕਲਾਬ ਜਿਸ ਦਾ ਵਾਰ ਵਾਰ ਜ਼ਿਕਰ ਕੀਤਾ ਜਾ ਰਿਹਾ ਹੈ ਕੋਈ ਬਿਜਲੀ ਦਾ ਸਵਿਚ ਨਹੀਂ ਸੀ; ਦਬਾਉ ਕਿ ਬਿਜਲੀ ਜਗ ਪਈ ਫੇਰ ਦਬਾਉ ਤਾਂ ਬਿਜਲੀ ਬੁੱਝ ਗਈ । ਡਿਵੈਲਪਮੈਂਟ ਤੇ ਇਨਕਲਾਬ ਇਕ ਕੰਟੀਨਿਯੂਸ ਪਰੋਸੈਸ ਹਨ । 1967–68 ਵਿਚ ਜ਼ਿਆਦਾ ਕਣਕ ਏਸ ਲਈ ਪੈਦਾ ਹੋਈ ਕਿ ਉਸ ਤੋਂ ਪਹਿਲਾਂ ਵੀਹ ਸਾਲਾਂ ਤੱਕ ਕਾਂਗਰਸ ਦੀਆਂ ਸਰਕਾਰਾਂ ਨੇ ਮਿਹਨਤ ਕੀਤੀ ਸੀ । ਇਹ ਉਸ ਮਿਹਨਤ ਦਾ ਨਤੀਜਾ ਸੀ । ਸਾਡੇ ਸਾਇੰਟਿਸਟਾਂ, ਸਾਡੇ ਖੇਤੀਬਾੜੀ ਦੇ ਮਾਹਿਰਾਂ ਅਤੇ ਹੋਰ ਲੋਕਾਂ ਨੇ ਮਿਹਨਤ ਕਰਕੇ ਹਰਾ ਇਨਕਲਾਬ ਲਿਆਉਣ ਲਈ ਜ਼ਮੀਨ ਪੱਧਰੀ ਕੀਤੀ ਸੀ ਇਹ ਪਲੈਨਿੰਗ ਦਾ ਅਸਰ ਸੀ। ਪਰ ਤੁਸੀਂ ਕਹਿੰਦੇ ਹੋ ਕਿ ਪਲੈਨਿੰਗ ਛੱਡ ਦਿਓ । ਤੁਸੀਂ ਪਲੈਨਿੰਗ ਤੇ 243 ਕਰੋੜ ਰੁਪਏ ਖਰਚ ਕੀਤੇ ਸਨ ਅਸੀਂ ਉਸੇ ਪਲਾਨ ਤੇ 800 ਕਰੋੜ ਰੁਪਏ ਖਰਚ ਕੀਤੇ ਹਨ ।

ਤੁਸੀਂ ਕਹਿੰਦੇ ਹੋ ਕਿ ਨਾ ਕਾਲਜ/ਸਕੂਲ ਖੋਲੋ ਅਤੇ ਨਾ ਹੀ ਉਥੇ ਦੇ ਸਟੂਡੈਂਟਸ ਦੀ ਫੀਸ ਮੁਆਫ ਕਰੋ । ਫੇਰ ਇਥੇ ਕਿਹਾ ਗਿਆ ਹੈ ਕਿ ਲੋਕਾਂ ਨੂੰ ਤਾਂ ਰੋਟੀ ਨਹੀਂ ਮਿਲਦੀ ਅਤੇ ਤੁਸੀਂ ਐਟਮ ਬੰਬ ਬਣਾ ਰਹੇ ਹੋ । ਜਿਸ ਦਿਨ ਹਿੰਦੁਸਤਾਨ ਵਿਚ ਐਟਮ ਦਾ ਧਮਾਕਾ

Original with;
Punjab Vidhan Sabha
Digitized by;
Panjab Digital Library

ਹੋਇਆ ਸੀ ਉਸ ਦਿਨ ਪਾਕਿਸਤਾਨ ਦੇ ਪ੍ਰਾਇਮ-ਮਨਿਸਟਰ ਨੇ ਕਿਹਾ ਸੀ ਕਿ ਅਸੀਂ ਪੱਤੇ ਖਾਵਾਂਗੇ, ਨੰਗੇ ਰਹਾਂਗੇ । ਪਰ ਐਟਮ ਬੰਬ ਜ਼ਰੂਰ ਬਣਾਵਾਂਗੇ । ਇਹ ਵੱਕਾਰ ਦਾ ਸਵਾਲ ਹੈ । ਇਹ ਕੰਮ ਉਹੀ ਪਾਰਟੀ ਕਰ ਸਕਦੀ ਹੈ ਜਿਸ ਨੇ ਦੇਸ਼ ਦੀ ਜ਼ਿੰਮੇਵਾਰੀ ਲਣੀ ਹੋਵੇ । (ਵਿਘਨ)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਆਨ ਏ ਪੁਆਇੰਟ ਆਫ ਆਰਡਰ, ਸਰ । ਯਸ਼ ਸਾਹਿਬ ਨੇ ਕਿਹਾ ਹੈ ਕਿ ਐਟਮ ਬੰਬ ਬਣਾਇਆ । ਕੀ ਵਾਕਿਆ ਹੀ ਐਟਮ ਬੰਬ ਬਣਾਇਆ ਹੈ ?

ਆਬਕਾਰੀ ਅਤੇ ਕਰ ਮੰਤਰੀ : ਮੈਂ ਕਿਹਾ ਹੈ ਕਿ ਐਟਮ ਬੰਬ ਨਹੀਂ ਬਣਾਇਆ ਬਲਕਿ ਧਮਾਕਾ ਕੀਤਾ ਹੈ । ਮੈਂ ਬੇਨਤੀ ਕੀਤੀ ਕਿ ਇਨ੍ਹਾਂ ਨੇ ਕਿਹਾ ਹੈ ਕਿ ਐਟਮ ਬੰਬ ਬਣਾਇਆ ਹੈ ਪਰ ਮੈਂ ਕਿਹਾ ਸੀ ਕਿ ਐਟਮੀ ਧਮਾਕਾ ਕੀਤਾ ਸੀ । ਮੈਂ ਅਰਜ਼ ਕਰ ਰਿਹਾ ਸੀ ਕਿ ਮੁਲਕ ਦੀ ਡਿਵੈਲਪਮੈਂਟ ਵਾਸਤੇ, ਇਸ ਦੇਸ਼ ਨੂੰ ਬਣਾਉਣ ਵਾਸਤੇ, ਜ਼ਰੂਰ ਬੋਝ ਪੈਣਾ ਹੈ । ਜੇ ਕਹੋ ਕਿ ਡਿਵੈਲਪਮੈਂਟ ਨਹੀਂ ਕਰਨੀ ਤਾਂ ਫੇਰ ਠੀਕ ਹੈ । ਘਰ ਬੈਠੇ ਰਹੇ । ਜੇ ਖੇਤ ਬਣਾਉਣਾ ਹੋਵੇ ਤਾਂ ਖੇਤ ਬਣਾਉਣ ਵਾਸਤੇ ਖਰਚ ਕਰਨਾ ਪੈਂਦਾ ਹੈ । ਜੇ ਕਹੋ ਕਿ ਖੇਤ ਨਹੀਂ ਬਣਾਉਣਾ, ਨਹਿਰ ਦਾ ਪਾਣੀ ਨਹੀਂ ਲੈਣਾ, ਬਿਜਲੀ ਨਹੀਂ ਲੈਣੀ, ਤਾਂ ਅਲਗ ਗੱਲ ਹੈ । ਇਹ ਕਹਿੰਦੇ ਹਨ ਕਿ ਟੈਕਸ 7% ਦੀ ਬਜਾਏ 8% ਹੋ ਗਏ ਹਨ । ਮੈਂ ਇਥੇ ਇਹ ਬੇਨਤੀ ਕਰਾਂਗਾ ਕਿ ਕਾਂਗਰਸ ਸਰਕਾਰ ਨੇ ਲੋਕਾਂ ਲਈ ਡਿਵੈਲਪਮੈਂਟ ਕੀਤੀ ਹੈ (ਸਰਦਾਰ ਜਗਦੇਵ ਸਿੰਘ ਵਲੋਂ ਵਿਘਨ) ਮੇਰੀ ਬੇਨਤੀ ਹੈ ਕਿ ਤੁਹਾਡੀ ਦਾੜ੍ਹੀ ਚਿੱਟੀ ਹੋ ਗਈ ਹੈ, ਇਸ ਨੂੰ ਕਾਲੀ ਕਰ ਲਉ ।

ਸਰਦਾਰ ਜਗਦੇਵ ਸਿੰਘ : ਇਹ ਠੀਕ ਨਹੀਂ । ਇਹ ਲਫਜ਼ ਵਾਪਿਸ ਲੈਣੇ ਚਾਹੀਦੇ ਹਨ ।

ਆਬਕਾਰੀ ਅਤੇ ਕਰ ਮੰਤਰੀ : ਮੈਂ ਇਹ ਲਫਜ਼ ਵਾਪਿਸ ਲੈਂਦਾ ਹਾਂ । ਬਾਦਲ ਸਾਹਿਬ ਨੇ ਇਕ ਹੋਰ ਅਜੀਬ ਗਲ ਕਹੀ ਕਿ ਪੰਜਾਬ ਦੀ ਕਾਂਗਰਸ ਸਰਕਾਰ ਨੇ ਪੰਜਾਬ ਦੇ ਹਿੱਤਾਂ ਨੂੰ ਵੇਚ ਛਡਿਆ ਹੈ । ਜਾਂ ਤਾਂ ਬਾਦਲ ਸਾਹਿਬ ਨੂੰ ਵੇਚਣ ਦਾ ਮਤਲਬ ਨਹੀਂ ਪਤਾ (ਵਿਘਨ) ਦਰਬਾਰਾ ਸਿੰਘ ਹੋਰਾਂ ਨੇ ਉਨ੍ਹਾਂ ਦਾ ਰੈਫਰੈਂਸ ਦੇਕੇ ਕਿਹਾ ਸੀ। ਮੇਰੀ ਬੇਨਤੀ ਹੈ ਕਿ ਇਹ ਪੰਜਾਬ ਸਰਕਾਰ ਦੀ ਵਜ਼ਾ ਨਾਲ ਔਰ ਜਿਹੜੀ ਪਾਲਿਸੀ ਨੂੰ ਤੁਸੀਂ ਨਿਕੰਮਾ ਆਖਿਆ ਹੈ, ਇਹ ਅਲਹਿਦਾ ਕਈ ਪਹਿਲੂ ਹੋ ਸਕਦੇ ਹਨ, ਜਦੋਂ ਪਾਲਿਸੀ ਬਣਾਈ ਜਾਂਦੀ ਹੈ ਤਾਂ ਕੁੱਝ ਖਾਮੀਆਂ ਰਹਿ ਜਾਂਦੀਆਂ ਹਨ ਅਤੇ ਕਈ ਖੂਬੀਆਂ ਵੀ ਹੁੰਦੀਆਂ ਹਨ । ਅਜੇ ਤਕ ਕੋਈ ਗੱਲ ਨਹੀਂ ਕਹਿ ਸਕਦੇ ਕਿ ਤਬਦੀਲੀ ਦੀ ਜ਼ਰੂਰਤ ਹੈ ਜਾਂ ਨਹੀਂ । ਅਨਾਜ ਦੇ ਬਾਰੇ ਵਿੱਚ ਜਿਹੜੀ ਨਵੀਂ ਪਾਲਿਸੀ ਇਸ ਸਾਲ ਵਰਤੀ ਗਈ ਹੈ, ਸਿਰਫ ਕਣਕ ਦੇ ਸਬੰਧ ਵਿੱਚ, ਜਿਨ੍ਹਾਂ ਕਿਸਾਨਾਂ ਦੇ ਬਾਰੇ ਇਹ ਕਹਿੰਦੇ ਹਨ ਕਿ ਉਨ੍ਹਾਂ ਦੇ ਮੁਫਾਦ ਨੂੰ ਵੇਚ ਦਿੱਤਾ ਗਿਆ ਹੈ, ਇਸ ਬਾਰੇ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਨਾਲ 84 ਕਰੋੜ ਰੁਪਏ ਪੰਜਾਬ ਦੇ ਕਿਸਾਨ ਦੇ ਘਰ ਵਿਚ ਜ਼ਿਆਦਾ ਪਹੁੰਚ ਗਏ ਹਨ । ਔਰ ਜਿਹੜੀ ਕਣਕ ਲੁਕਾ ਕੇ ਰੱਖੀ ਹੋਈ ਹੈ ਵੱਡੇ ਵੱਡੇ ਲੋਕਾਂ ਨੇ, ਬਾਦਲ ਸਾਹਿਬ ਅਤੇ ਹੋਰ ਵੱਡੇ ਵੱਡੇ ਅਕਾਲੀ ਲੀਡਰਾਂ ਦੇ ਪਰਚਾਰ ਨਾਲ, ਜੇ ਕਰ ਉਹ ਅਨਾਜ ਵੀ ਮਾਰਕਿਟ ਵਿੱਚ ਆ ਜਾਏ ਤਾਂ ਘਟੋ ਘਟ 150 ਕਰੋੜ ਰੁਪਿਆ ਹੋਰ ਪੰਜਾਬ ਦੇ ਕਿਸਾਨਾਂ ਦੇ ਘਰਾਂ ਵਿੱਚ ਆ ਜਾਏਗਾ ।

Original with;
Punjab Vidhan Sabha
Digitized by;
Panjab Digital Library

[ਆਬਕਾਰੀ ਅਤੇ ਕਰ ਮੰਤਰੀ]

ਜਦ ਉਨ੍ਹਾਂ ਨੂੰ ਝੋਨੇ ਦੀ ਕੀਮਤ ਵੱਧ ਮਿਲੀ ਹੈ, ਕਪਾਹ ਦੀ ਕੀਮਤ ਵੱਧ ਮਿਲੀ ਹੈ । (ਵਿਘਨ) ਮੈਂ ਫਿੱਗਰਜ਼ ਦੇ ਗਿਹਾ ਹਾਂ । ਇਹ ਸਾਰਾ ਅਗਰ ਟੋਟਲ ਕਰ ਲਿਆ ਜਾਵੇ ਤਾਂ ਮੇਰਾ ਇਹ ਅੰਦਾਜ਼ਾ ਹੈ ਕਿ ਇਕ ਸਾਲ ਵਿੱਚ ਪੰਜਾਬ ਦਾ ਕਿਸਾਨ ਜਿਸ ਦੇ ਵਿੱਚ ਵੱਡੇ ਜ਼ਿਮੀਂਦਾਰ ਵੀ ਹਨ, ਉਨ੍ਹਾਂ ਦੇ ਘਰਾਂ ਵਿੱਚ 250 ਕਰੋੜ ਰੁਪਿਆ ਫਾਲਤੂ ਚਲਾ ਜਾਵੇਗਾ । ਤੁਸੀਂ ਕਹੋਗੇ ਕਿ 250 ਕਰੋੜ ਰੁਪਿਆ ਫਾਲਤੂ ਦਿੱਤਾ ਹੈ ਪਰ ਖਾਦ ਦੀ ਕੀਮਤ ਵਧਾ ਦਿੱਤੀ ਹੈ। ਪਿਛਲੇ ਸਾਲ ਸਾਰੇ ਪੰਜਾਬ ਦੇ ਲੋਕ.....

ਸ਼੍ਰੀ ਸਪੀਕਰ : ਤੁਸੀਂ ਕਿੰਨਾ ਸਮਾਂ ਹੋਰ ਲਵੋਗੇ ? (How much more time will you take ?)

ਆਬਕਾਰੀ ਅਤੇ ਕਰ ਮੰਤਰੀ : ਮੈਂ 5 ਮਿੰਟ ਹੋਰ ਲਵਾਂਗਾ ।

EXTENSION OF TIME OF THE SITTING

ਸ਼੍ਰੀ ਸਪੀਕਰ : ਫਿਰ ਹਾਊਸ ਦਾ ਸਮਾਂ ਹੋਰ ਵਧਾਉਣਾ ਪਵੇਗਾ । ਹਾਊਸ ਦਾ ਸਮਾਂ ਅੱਧਾ ਘੰਟਾ ਹੋਰ ਵਧਾਇਆ ਜਾਂਦਾ ਹੈ । (Then the time of the sitting will have to be extended. The time of the sitting is extended by half an hour.)

DISCUSSION ON NO-CONFIDENCE MOTION

(Resumption)

ਆਬਕਾਰੀ ਅਤੇ ਕਰ ਮੰਤਰੀ : ਸਾਰੇ ਪੰਜਾਬ ਨੇ ਜਿਹੜੀ ਖਾਦ ਵਰਤੀ ਸੀ ਉਹ 70 ਕਰੋੜ ਰੁਪਏ ਦੀ ਸੀ ਹੁਣ 70 ਕਰੋੜ ਰੁਪਏ ਦੇ ਬਜਾਏ ਇਸ ਦੀ ਕੀਮਤ ਵੱਧ ਗਈ । ਅਗਰ ਪਿਛਲੇ ਸਾਲ ਜਿੰਨੀ ਖਾਦ ਵਰਤੀ ਗਈ ਅਤੇ ਉਸ ਹਿਸਾਬ ਨਾਲ ਅਗਰ ਉਹ ਹੁਣ ਵਰਤਣ ਤਾਂ 110 ਕਰੋੜ ਰੁਪਏ ਦੀ ਵਰਤ ਸਕਦੇ ਹਨ । ਇਸ ਤਰ੍ਹਾਂ 40 ਕਰੋੜ ਰੁਪਏ ਦੀ ਖਾਦ ਦਾ ਫਰਕ ਹੈ । ਪਰ ਇਹ ਕੋਈ ਘਾਟੇ ਦਾ ਸੌਦਾ ਨਹੀਂ ਹੈ ਕਿਉਂਕਿ ਉਨ੍ਹਾਂ ਦੀਆਂ ਜਿਣਸਾਂ ਦੇ ਭਾਅ ਵੀ ਵੱਧ ਗਏ ਹਨ । ਖਾਦ ਤੇ 40 ਕਰੋੜ ਵੱਧ ਰੁਪਿਆ ਖਰਚ ਕਰਕੇ ਉਪਜ ਤੋਂ 250 ਕਰੋੜ ਰੁਪਏ ਵੱਧ ਮਿਲਣ ਤੇ ਪੰਜਾਬ ਦੇ ਕਿਸਾਨਾਂ ਨੂੰ ਨਕਦ 210 ਕਰੋੜ ਰੁਪਏ ਦਾ ਫਾਇਦਾ ਹੋਇਆ ਹੈ । ਜਦੋਂ ਜਿਣਸ ਵੇਚਣ ਦਾ ਸਵਾਲ ਆਉਂਦਾ ਹੈ ਤਾਂ ਉਹ ਕਹਿੰਦੇ ਹਨ ਕਿ ਕਣਕ ਦੀ ਕੀਮਤ ਵੱਧ ਮਿਲੇ, ਝੋਨੇ ਦੀ ਕੀਮਤ ਵੱਧ ਮਿਲੇ । ਜੇ ਵੇਚਣ ਜਾਣ ਤਾਂ ਕਹਿੰਦੇ ਹਨ ਕਿ ਕੀਮਤ ਵੱਧ ਮਿਲੇ ਪਰ ਜਦੋਂ ਲੈਣ ਜਾਂਦੇ ਹਨ ਤਾਂ ਕਹਿੰਦੇ ਹਨ ਕਿ ਹਰ ਚੀਜ਼ ਸਸਤੀ ਕੀਮਤ ਤੇ ਮਿਲੇ । ਪਰ ਇਹ ਗੱਲ ਨਹੀਂ ਹੋ ਸਕਦੀ ਕਿ ਵੇਚੋ ਜ਼ਿਆਦਾ ਕੀਮਤ ਤੇ ਅਤੇ ਲਵੋ ਘੱਟ ਕੀਮਤ ਤੇ । ਜੇ ਸਸਤੀ ਵੇਚੋਗੇ ਤਾਂ ਸਸਤੀ ਮਿਲੇਗੀ ਅਤੇ ਜੇ ਮਹਿੰਗੇ ਭਾਅ ਤੇ ਵੇਚੋਗੇ ਤਾਂ ਮਹਿੰਗੇ ਭਾਅ ਤੇ ਹੀ ਚੀਜ਼ ਮਿਲੇਗੀ । ਪਰ ਜੇ ਤੁਸੀਂ ਇਸ ਗੱਲ ਤੇ ਇਨਸਿਸਟ ਕਰੋ ਕਿ ਅਸੀਂ ਤਾਂ ਮਹਿੰਗੇ ਭਾਅ ਤੇ ਵੇਚਾਂਗੇ ਅਤੇ ਸਸਤੇ ਭਾਅ ਤੇ ਲਵਾਂਗੇ ਤਾਂ ਬਾਕੀਆਂ ਨੇ ਧਰਮਸ਼ਾਲਾ ਜਾਂ ਧਰਮਖਾਤਾ ਤਾਂ ਨਹੀਂ ਖੋਲ੍ਹਿਆ ਹੋਇਆ । ਜੇ ਵੱਧ ਕੀਮਤ ਮੰਗੋਗੇ ਤਾਂ ਵੱਧ ਕੀਮਤ ਵੀ ਦੇਣੀ ਪਵੇਗੀ । ਸਾਰੇ ਮੁਲਕ ਦੇ ਨਾਲ ਚੱਲਣਾ

Original with;
Punjab Vidhan Sabha
Digitized by;
Panjab Digital Library

ਪਵੇਗਾ। ਇਨ੍ਹਾਂ ਨੇ ਬੜੀ ਦਿਲਚਸਪੀ ਦੀ ਗੱਲ ਕਹੀ ਹੈ ਕਿ ਕਾਂਗਰਸ ਰਾਜ ਦੇ ਵਿੱਚ ਡੈਮੋਕਰੇਸੀ ਖਤਮ ਹੋ ਰਹੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਢਾਈ ਸਾਲ ਇਸ ਵਜ਼ਾਰਤ ਬਣਿਆਂ ਹੋ ਗਏ ਹਨ। ਤੁਹਾਡੀਆਂ ਵੀ ਪਹਿਲਾਂ ਵਜ਼ਾਰਤਾਂ ਰਹੀਆਂ ਹਨ। 10-12 ਸਾਲਾਂ ਤੋਂ ਮਿਉਂਸੀਪਲ ਕਮੇਟੀਜ਼ ਦੇ ਇਲੈਕਸ਼ਨ ਨਹੀਂ ਹੋਏ। ਪਰ ਮੈਂ ਦੱਸਦਾ ਹਾਂ ਕਿ ਇਨ੍ਹਾਂ ਵਿਚੋਂ 79 ਮਿਉਂਸੀਪਲ ਕਮੇਟੀਜ਼ ਦੇ ਇਲੈਕਸ਼ਨ ਹੋਏ ਹਨ, ਕਰਾਏ ਹਨ ਅਤੇ ਬਾਕੀ 20 ਕਮੇਟੀਜ਼ ਦੇ ਇਲੈਕਸ਼ਨ ਰਹਿੰਦੇ ਹਨ। ਉਨ੍ਹਾਂ 20 ਕਮੇਟੀਜ਼ ਦੀ ਪੁਜ਼ੀਸ਼ਨ ਇਹ ਹੈ ਕਿ 2 ਦੇ ਮਾਮਲੇ ਹਾਈ ਕੋਰਟ ਵਿੱਚ ਚਲਦੇ ਪਏ ਹਨ ਅਤੇ ਬਾਕੀ 18 ਵਿਚੋਂ ਕੁੱਝ ਮਿਉਂਸੀਪਲ ਕਮੇਟੀਜ਼ ਹਨ ਜਿਨ੍ਹਾਂ ਦੀ ਹੱਦਬੰਦੀ ਨਹੀਂ ਹੋਈ। ਜਿਸ ਵੇਲੇ ਇਹ ਕੰਮ ਹੋ ਗਿਆ ਤਾਂ ਸਾਰੀਆਂ ਦੀਆਂ ਸਾਰੀਆਂ ਮਿਉਂਸੀਪਲ ਕਮੇਟੀਜ਼ ਦੀਆਂ ਇਲੈਕਸ਼ਨਾਂ ਪਹਿਲੀ ਵਾਰ ਐਨ ਵੇਲੇ ਸਿਰ ਹੋ ਜਾਣਗੀਆਂ। ਪਰ ਤੁਸੀਂ ਨਹੀਂ ਕਰਾ ਸਕੇ।

ਇਹ ਕਹਿੰਦੇ ਹਨ ਕਿ ਕੋਆਪ੍ਰੇਟਿਵ ਮੂਵਮੈਂਟ ਖਤਮ ਕਰ ਦਿੱਤੀ ਗਈ ਹੈ। 18 ਹਜ਼ਾਰ ਕੋਆਪ੍ਰੇਟਿਵ ਸੁਸਾਇਟੀਜ਼ ਹਨ ਅਤੇ ਉਨ੍ਹਾਂ ਦੇ ਵਿਚੋਂ 157 ਦੀਆਂ ਇਲੈਕਸ਼ਨਾਂ ਬਾਕੀ ਰਹਿੰਦੀਆਂ ਹਨ ਪਰ ਇਹ ਕਿਸ ਤਰ੍ਹਾਂ ਕਹਿੰਦੇ ਹਨ ਕੋਆਪ੍ਰੇਟਿਵ ਮੂਵਮੈਂਟ ਮਾਰ ਦਿੱਤੀ ਹੈ। ਇਹ ਹੀ ਨਹੀਂ ਕਿ ਸਿਰਫ ਇਲੈਕਸ਼ਨ ਹੀ ਕਰਾਏ ਹਨ ਬਲਕਿ ਇਨ੍ਹਾਂ ਥੋੜੇ ਦਿਨਾਂ ਵਿੱਚ ਇਨ੍ਹਾਂ ਸੋਸਾਇਟੀਜ਼ ਵਿੱਚੋਂ 219 ਲੱਖ ਰੁਪਏ ਦਾ ਗਬਨ ਵੀ ਪਕੜਿਆ ਹੈ। 157 ਦੇ ਇਲੈਕਸ਼ਨ ਕਰਾਉਣੇ ਬਾਕੀ ਰਹਿੰਦੇ ਹਨ ਅਤੇ ਬਾਕੀਆਂ ਦੇ ਹੋ ਗਏ ਹਨ ਪਰ ਇਹ ਕਹਿੰਦੇ ਹਨ ਕਿ ਕੋਆਪ੍ਰੇਟਿਵ ਮੂਵਮੈਂਟ ਖਤਮ ਕਰ ਦਿੱਤੀ ਹੈ।

ਫਿਰ ਇਹ ਕਹਿੰਦੇ ਹਨ ਕਿ ਪੰਚਾਇਤਾਂ ਦੇ ਇਲੈਕਸ਼ਨ ਨਹੀਂ ਹੋਏ। 12 ਸਾਲ ਹੋਏ ਹਨ ਇਲੈਕਸ਼ਨ ਹੋਇਆਂ ਨੂੰ। ਇਥੇ ਤੁਹਾਡੀ ਵਜ਼ਾਰਤ ਵੀ 5 ਸਾਲ ਤੱਕ ਰਹੀ ਹੈ ਪਰ ਫਿਰ ਆਪਿਸ ਵਿੱਚ ਲੜ ਕੇ, ਜਨਸੰਘ ਨਾਲ ਲੜ ਕੇ, ਜਨਸੰਘ ਦੇ ਅੱਗੇ ਗੋਡੇ ਟੇਕ ਕੇ ਅਤੇ ਜਾਂ ਉਨ੍ਹਾਂ ਨੂੰ ਆਪਣਾ ਆਪ ਸਮਰਪਣ ਕਰਕੇ ਇਤਨਾ ਚਿਰ ਕੱਢਿਆ ਪਰ ਫਿਰ ਵੀ ਨਾ ਰਹਿ ਸਕੇ ਅਤੇ ਤੁਸੀਂ ਫਿਰ ਵੀ ਪੰਚਾਇਤਾਂ ਦੇ ਇਲੈਕਸ਼ਨ ਨਹੀਂ ਕਰਾਏ। ਪੰਚਾਇਤਾਂ ਦੇ ਇਲੈਕਸ਼ਨ ਪਹਿਲੀ ਵਾਰ ਇਸ ਸਰਕਾਰ ਨੇ ਕਰਾਉਣੇ ਸ਼ੁਰੂ ਕੀਤੇ ਹਨ ਪਰ ਇਹ ਤੁਹਾਡੇ ਕੋਲੋਂ ਨਹੀਂ ਹੋਏ (ਤਾੜੀਆਂ) ਪਰ ਉਲਟਾ ਤੁਸੀਂ ਸਾਨੂੰ ਕਹਿੰਦੇ ਹੋ ਕਿ ਤੁਸੀਂ ਡੈਮੋਕਰੈਸੀ ਖਤਮ ਕਰਨਾ ਚਾਹੁੰਦੇ ਹੋ। ਇਥੇ ਡਾਕਟਰ ਬਲਦੇਵ ਪ੍ਰਕਾਸ਼ ਨੇ ਕਿਹਾ ਕਿ ਮੈਂ ਨਹੀਂ ਚਾਹੁੰਦਾ ਕਿ ਜ਼ਬਰਦਸਤੀ ਅਸੈਂਬਲੀਆਂ ਤੋੜੀਆਂ ਜਾਣ। ਬਿਹਾਰ ਵਿੱਚ ਇਨ੍ਹਾਂ ਦੀ ਪਾਰਟੀ ਨੇ ਫੈਸਲਾ ਕੀਤਾ ਸੀ ਕਿ ਇਥੋਂ ਦੀ ਅਸੈਂਬਲੀ ਤੋੜ ਦਿੱਤੀ ਜਾਵੇ। ਇਨ੍ਹਾਂ ਨੇ ਇਸ ਬਾਰੇ ਬੜਾ ਐਲਾਨ ਕੀਤਾ। ਇਨ੍ਹਾਂ ਨੇ ਹੁਕਮ ਦਿਤਾ ਅਤੇ ਕਈ ਮੈਂਬਰਾਂ ਨੇ ਅਸਤੀਫੇ ਦੇ ਦਿੱਤੇ ਅਤੇ ਅੱਧੇ ਮੈਂਬਰ ਪਾਰਟੀ ਛਡ ਗਏ। ਹੁਣ ਹਾਲਤ ਇਹ ਹੈ ਕਿ ਬਿਹਾਰ ਐਸੰਬਲੀ ਵਿੱਚ ਜਨਸੰਘ ਨਾਮ ਦੀ ਕੋਈ ਪਾਰਟੀ ਨਹੀਂ ਹੈ। ਮਸ਼ਾਂ ਇਕ ਦੀਵਾ ਜਾਗਿਆ ਹੈ ਉਸ ਨੂੰ ਵੀ ਬੁਝਾਉਣਾ ਚਾਹੁੰਦੇ ਹੋ। ਉਥੇ ਬਿਹਾਰ ਐਸੰਬਲੀ ਵਿਚ ਜਨਸੰਘ ਪਾਰਟੀ ਦਾ ਕੋਈ ਮੈਂਬਰ ਨਹੀਂ ਹੈ ਪਰ ਫਿਰ ਵੀ ਇਹ ਕਹਿੰਦੇ ਸਨ ਕਿ ਅਸੀਂ ਡੈਮੋਕਰੈਸੀ ਨਹੀਂ ਚਾਹੁੰਦੇ। ਮੈਂ ਇਨ੍ਹਾਂ ਨੂੰ ਪੁੱਛਦਾ ਹਾਂ ਕਿ ਕੀ ਇਹ ਡੈਮੋਕਰੈਸੀ ਚਾਹੁੰਦੇ ਹਨ ? ਜਿਹੜੇ ਲੋਕ ਇਸ ਗੱਲ ਦੀ ਹਮਾਇਤ ਕਰਦੇ ਹਨ ਕਿ ਐਸੰਬਲੀ ਤੋੜ ਦਿਓ, ਕਿਧਰੇ ਕੋਈ ਕਤਲ ਹੋ ਜਾਵੇ ਤਾਂ ਕਹਿੰਦੇ ਹਨ ਕਿ ਐਸੰਬਲੀ ਤੋੜ ਦਿਓ, ਕਿਧਰੇ ਰੇਲ ਪਟੜੀ ਤੋਂ ਲਹਿ ਜਾਵੇ ਤਾਂ ਕਹਿੰਦੇ ਹਨ ਕਿ ਗਿਆਨੀ ਜੀ

Original with;
Punjab Vidhan Sabha
Digitized by;
Panjab Digital Library

[ਆਬਕਾਰੀ ਅਤੇ ਕਰ ਮੰਤਰੀ]

ਅਸਤੀਫਾ ਦੇ ਦਿਓ । ਜੇ ਬੱਸ ਦਾ ਟਾਇਰ ਫਟ ਜਾਵੇ ਤਾਂ ਇਹ ਕਹਿੰਦੇ ਹਨ ਕਿ ਅਸਤੀਫਾ ਦੇ ਦਿਓ, ਕਿਧਰੇ ਬਾਰਿਸ਼ ਨਾ ਹੋਈ ਤਾਂ ਕਹਿ ਦਿੱਤਾ ਕਿ ਤੁਸੀਂ ਅਸਤੀਫਾ ਦੇ ਦਿਓ । ਕੀ ਇਸ ਤਰ੍ਹਾਂ ਡੈਮੋਕਰੇਸੀ ਚੱਲਦੀ ਹੈ ? ਇਹ ਠੀਕ ਹੈ ਕਿ ਜੈ ਪ੍ਰਕਾਸ਼ ਨਰਾਇਣ ਨੇ ਬਹੁਤ ਕੁਰਬਾਨੀ ਕੀਤੀ ਹੈ ਅਤੇ ਇਸੇ ਵਾਸਤੇ ਉਨ੍ਹਾਂ ਦੀ ਇੱਜ਼ਤ ਹੈ ਕਿਉਂਕਿ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਵਾਸਤੇ ਲੜਾਈ ਲੜੀ ਪਰ ਜੇ ਅੱਜ ਕੋਈ ਕਹੇ ਕਿ ਮੈਂ ਠਾ ਕੋਈ ਪਾਰਟੀ ਮੰਨਦਾ ਹਾਂ ਅਤੇ ਨਾ ਕੋਈ ਸਰਕਾਰ ਮੰਨਦਾ ਹਾਂ ਤਾਂ ਇਸ ਦਾ ਮੱਤਲਬ ਇਹ ਹੋਇਆ ਕਿ ਪੁਲਿਟੀਕਲੀ ਉਹ ਐਸੇ ਢੰਗ ਨਾਲ ਸੋਚਦੇ ਹਨ ਜਿਸ ਦਾ ਕੋਈ ਵਜੂਦ, ਕਮ-ਅਜ਼-ਕਮ ਡੈਮੋਕਰੇਟਿਕ ਸੈਟ ਅੱਪ ਵਿੱਚ ਨਹੀਂ ਹੈ । ਹਾਊਸ ਵਿਚ ਬਹੁਤ ਸਾਰੀਆਂ ਪਾਰਟੀਆਂ ਜਿਨ੍ਹਾਂ ਦਾ ਵਿਸ਼ਵਾਸ ਡੈਮੋਕਰੈਸੀ ਵਿੱਚ ਨਹੀਂ ਹੈ ਉਹ ਸਾਰੇ ਸੋਚਦੇ ਹਨ ਕਿ ਕਿਸ ਤਰ੍ਹਾਂ ਡੈਮੋਕਰੈਸੀ ਖਤਮ ਹੋ ਜਾਵੇ । ਜੇ ਉਨ੍ਹਾਂ ਨੇ ਇਲੈਕਸ਼ਨ ਵਿੱਚ ਹਿੱਸਾ ਲਿਆ ਸੀ ਤਾਂ ਇਸ ਗੱਲ ਕਹਕੇ ਕਿ ਕਦੇ ਸਾਡਾ ਵੀ ਦਾਅ ਲੱਗ ਜਾਵੇਗਾ । ਪਰ ਹੁਣ ਹਿੰਦੁਸਤਾਨ ਦੇ ਲੋਕ ਬੜੇ ਸਿਆਣੇ ਹਨ, ਉਹ ਸਭ ਸਮਝਦੇ ਹਨ । ਜਦ ਉਨ੍ਹਾਂ ਦੇਖਿਆ ਕਿ ਇਹ ਲੋਕ ਡੈਮੋਕਰੈਟਿਕ ਪਰੋਸੈਸ ਦੇ ਨਾਲ ਕਦੇ ਪਾਵਰ ਵਿਚ ਨਹੀਂ ਆ ਸਕਦੇ ਤਾਂ ਫਿਰ ਉਨ੍ਹਾਂ ਨੇ ਕਿਹਾ ਕਿ ਕੋਈ ਹੋਰ ਰਾਹ ਲੱਭਿਆ ਜਾਵੇ । ਪੰਜਾਬ ਵਿੱਚ ਆਪਣਾ ਰਾਜ ਕਰਨ ਵਾਸਤੇ ਅਕਾਲੀਆਂ ਨੇ ਐਸਾ ਕੀਤਾ ਕਿ ਪੰਜਾਬ ਛੋਟਾ ਕਰਾ ਦਿਤਾ । ਉਨ੍ਹਾਂ ਕਿਹਾ ਕਿ ਭਾਵੇਂ ਪੰਜਾਬ ਵਿਚੋਂ ਭਾਖੜਾ ਨੰਗਲ ਨਿਕਲ ਜਾਵੇ, ਭਾਵੇਂ ਪੰਜਾਬ ਵਿਚੋਂ ਸੀਮਿੰਟ ਦੀਆਂ ਫੈਕਟਰੀਆਂ ਨਿਕਲ ਜਾਣ ਪਰ ਸਾਡਾ ਰਾਜ ਰਹੇ ਪਰ ਉਹ ਫਿਰ ਵੀ ਇਨ੍ਹਾਂ ਦਾ ਰਾਜ ਨਾ ਰਿਹਾ ।

EXTENSION OF TIME OF THE SITTING

ਸ਼੍ਰੀ ਸਪੀਕਰ : ਹਾਊਸ ਦਾ ਸਮ੍ਹਾਂ ਹਾਊਸ ਦੀ ਮਰਜ਼ੀ ਨਾਲ ਸਾਢੇ 10 ਵਜੇ ਤੱਕ ਐਕਸਟੈਂਡ ਕੀਤਾ ਜਾਂਦਾ ਹੈ । (The time of the sitting is extended upto 10.30 P.M. with the consent of the House.)

ਸਰਦਾਰ ਬਲਵਿੰਦਰ ਸਿੰਘ ਭੁੰਦੜ : ਪੁਆਇੰਟ ਆਫ ਆਰਡਰ, ਸਰ । ਮੇਰੀ ਬੇਨਤੀ ਇਹ ਹੈ ਕਿ ਇਨ੍ਹਾਂ ਨੇ ਕਿਹਾ ਹੈ ਕਿ ਅਕਾਲੀਆਂ ਨੇ ਪੰਜਾਬ ਛੋਟਾ ਕਰਾਇਆ ਹੈ । ਪਰ ਮੈਂ ਕਹਿੰਦਾ ਹਾਂ ਕਿ ਕੀ ਹਿੰਦੁਸਤਾਨ ਨੂੰ ਛੋਟਾ ਕਰਾਉਣ ਵਿਚ ਕਾਂਗਰਸ ਪਾਰਟੀ ਦਾ ਹੱਥ ਨਹੀਂ ਸੀ ?

ਆਬਕਾਰੀ ਅਤੇ ਕਰ ਮੰਤਰੀ : ਮੈਂ ਇਸ ਗੱਲ ਨਾਲ ਬਿਲਕੁਲ ਸਹਿਮਤ ਨਹੀਂ ਹਾਂ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਤੁਸੀਂ ਹਾਊਸ ਦੀ ਕੰਸੈਂਸਿਜ਼ ਨਹੀਂ ਲਈ । ਤੁਸੀਂ ਕਿਸ ਦੀ ਮਰਜ਼ੀ ਨਾਲ ਪਹਿਲਾਂ ਵੀ ਹਾਊਸ ਦਾ ਸਮਾਂ ਵਧਾਇਆ ਸੀ ਅਤੇ ਹੁਣ ਵੀ ਵੱਧਾ ਦਿਤਾ ਹੈ ।

ਸ਼੍ਰੀ ਸਪੀਕਰ : ਹਾਊਸ ਦੀ ਮਰਜ਼ੀ ਨਾਲ ਵਧਾਇਆ ਹੈ । (The time of the sitting has been extended with the consent of the House.)

Original with;
Punjab Vidhan Sabha
Digitized by;
Panjab Digital Library

ਸਰਦਾਰ ਜਸਵਿੰਦਰ ਸਿੰਘ ਬਰਾੜ : ਮੈਂਬਰਜ਼ ਨੇ ਸਵੇਰ ਦਾ ਚਾਹ ਪਾਣੀ ਨਹੀਂ ਪੀਤਾ ਅਤੇ ਖਾਣਾ ਨਹੀਂ ਖਾਧਾ ।

ਸ਼੍ਰੀ ਸਪੀਕਰ : ਹਾਊਸ ਦੀ ਕੰਸੈਂਟ ਨਾਲ ਸਮਾਂ ਵਧਾਇਆ ਹੈ । (The time of the sitting has been extended with the consent of the House.)

ਸਰਦਾਰ ਜਸਵਿੰਦਰ ਸਿੰਘ ਬਰਾੜ : ਜਾਂ ਹਾਊਸ ਨੂੰ ਕੱਲ 2 ਵਜੇ ਕਰ ਲਵੋ ?

ਸਰਦਾਰ ਜਸਦੇਵ ਸਿੰਘ ਸੰਧੂ : ਜੇ ਹਾਊਸ ਦਾ ਸਮਾਂ ਵਧਾਉਣਾ ਹੈ ਤਾਂ ਫਿਰ ਕੱਲ ਨੂੰ ਹਾਊਸ ਦਾ ਸਮਾਂ 2 ਵਜੇ ਦਾ ਕਰ ਲਵੋ ।

ਸ਼੍ਰੀ ਸਪੀਕਰ : ਨਹੀਂ, ਅੱਜ ਨੋ-ਕਾਨਫੀਡੈਂਸ ਮੋਸ਼ਨ ਤੇ ਵੋਟਾਂ ਹੋ ਜਾਣੀਆਂ ਹਨ । (The No-confidence Motion will be voted upon today.)

ਸਰਦਾਰ ਜਸਦੇਵ ਸਿੰਘ ਸੰਧੂ : ਫਿਰ ਕੱਲ ਨੂੰ ਹਾਊਸ 2 ਵਜੇ ਕਰ ਲਵੋ ?

ਸਰਦਾਰ ਅਜਾਇਬ ਸਿੰਘ ਸੰਧੂ : ਅਸੀਂ ਹੋਰ ਬੋਲਣਾ ਹੈ ।

ਮਾਲ ਅਤੇ ਚੋਣ ਮੰਤਰੀ : ਤੁਸੀਂ ਵਿਚਾਰ ਕਰ ਲਵੋ, ਜਿੰਨਾਂ ਚਿਰ ਮਰਜ਼ੀ ਹੈ ਬੈਠੋ ਪਰ ਇਹ ਕੰਮ ਅਜ ਖਤਮ ਹੋਣਾ ਚਾਹੀਦਾ ਹੈ।

ਸਰਦਾਰ ਜਸਦੇਵ ਸਿੰਘ ਸੰਧੂ : ਪਰ ਹਾਊਸ ਕੱਲ ਨੂੰ 2 ਵਜੇ ਮੀਟ ਕਰੇ ।

ਸ਼੍ਰੀ ਸਪੀਕਰ : ਇਹ ਤਾਂ ਹਾਊਸ ਦੀ ਮਰਜ਼ੀ ਹੈ । (It depends upon the House.)

ਸਰਦਾਰ ਦਰਬਾਰਾ ਸਿੰਘ : ਜਿੰਨਾਂ ਚਿਰ ਇਹ ਖੱਤਮ ਨਾ ਹੋਵੇ ਉਦੋਂ ਤੱਕ ਹਾਊਸ ਦਾ ਸਮਾਂ ਵਧਾ ਦਿਉ ।

ਸ਼੍ਰੀ ਸਪੀਕਰ : ਠੀਕ ਹੈ, ਜਦੋਂ ਤਕ ਇਹ ਖੱਤਮ ਨਹੀਂ ਹੁੰਦਾ ਉਦੋਂ ਤੱਕ ਹਾਊਸ ਚਲੇਗਾ । (All right, until the business of the House is completed, the House will continue.)

10.00 P.M.

ਮੁੱਖ ਮੰਤਰੀ : ਸਪੀਕਰ ਸਾਹਿਬ, ਆਪੋਜ਼ੀਸ਼ਨ ਦੀ ਇਹ ਰਾਇ ਕਿ ਕੱਲ ਦਾ ਸੈਸ਼ਨ 9.00 ਵਜੇ ਦੀ ਬਜਾਏ 2.00 ਵਜੇ ਸ਼ੁਰੂ ਕੀਤਾ ਜਾਵੇ । ਅਗਰ ਤੁਸੀਂ ਮੁਨਾਸਿਬ ਸਮਝੋ ਤਾਂ ਸਾਨੂੰ ਇਹ ਗਲ ਮਨਜ਼ੂਰ ਹੈ ।

Mr. Speaker : Is it the pleasure of the House ?

Voices : Yes, yes.

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਸਮਝ ਨਹੀਂ ਸਕਿਆ ਕਿ ਅੱਜ ਇਹ ਮੁਕਾ ਕੇ ਕੱਲ ਸੈਸ਼ਨ 2.00 ਵਜੇ ਸ਼ੁਰੂ ਕਰਨ ਨੂੰ ਤਿਆਰ ਹਨ ਪਰ ਕੱਲ ਇਹ 2 ਸਿਟਿੰਗਜ਼ ਕਿਉਂ ਨਹੀਂ ਕਰ ਲੈਂਦੇ ? ਮੈਂ ਕਹਿਣਾ ਚਾਹੁੰਦਾ ਹਾਂ ਕਿ ਕੱਲ ਨੂੰ 2 ਸਿਟਿੰਗਜ਼ ਕਰ ਲਉ ਅਤੇ ਇਕ ਸਿਟਿੰਗ ਵਿੱਚ ਇਹ ਕਰ ਲਉ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਦੋ ਸਿਟਿੰਗਜ਼ ਤਾਂ ਤੁਹਾਡੀ ਪਾਰਟੀ ਕਦੇ ਨਹੀਂ ਮੰਨਦੀ। (Your party does not agree to the holding of double sitting on any one day.)

ਸਰਦਾਰ ਪਰਕਾਸ਼ ਸਿੰਘ ਬਾਦਲ : ਕੱਲ ਨੂੰ ਡਬਲ ਸਿਟਿੰਗ ਕਰ ਲਉ ਜੀ, ਅਸੀਂ ਤਿਆਰ ਹਾਂ। ਹੁਣ 10-00 ਵਜ ਗਏ ਹਨ ਅੌਰ ਸਾਰੇ ਮੈਂਬਰਜ਼ ਥਕੇ ਹੋਏ ਹਨ। ਕੁਝ ਡਾਂ ਸੋਚ ਲਉ। ਕੱਲ ਨੂੰ 2 ਸਿਟਿੰਗਜ਼ ਕਰ ਲਉ।

ਸ਼੍ਰੀ ਸਪੀਕਰ : ਹਾਊਸ ਕੱਲ ਸ਼ਾਮ ਨੂੰ 2.00 ਵਜੇ ਮੀਟ ਕਰੇ, Is it the pleasure of the House ? (Is it the pleasure of the House that the House should meet at 2-00 P.M. tomorrow?)

Voices : Yes, yes.

ਸ਼੍ਰੀ ਸਪੀਕਰ : ਕੱਲ ਦਾ ਹਾਊਸ ਦਾ ਟਾਈਮ ਸ਼ਾਮ 2.00 ਵਜੇ ਹੋਵੇਗਾ ਪਰ ਅੱਜ ਦਾ ਬਿਜ਼ਨੈਸ ਖਤਮ ਕਰਨਾ ਹੈ। (The House will meet at 2-00 P.M. tomorrow but today's business should be finished today.)

DISCUSSION ON NO-CONFIDENCE MOTION (Resumption)

ਆਬਕਾਰੀ ਅਤੇ ਕਰ ਮੰਤਰੀ : ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਵੀ ਕਿਹਾ ਹੈ ਅਤੇ ਦੂਸਰੀਆਂ ਪਾਰਟੀਆਂ ਨੇ ਵੀ ਕਿਹਾ ਹੈ ਕਿ ਜਿਹੜੀ ਮਹਿੰਗਾਈ ਹੈ ਉਹ ਕਿਉਂ ਹੋਈ ਹੈ ? ਉਹ ਕਹਿੰਦੇ ਹਨ ਕਿ ਮਹਿੰਗਾਈ ਇਸ ਕਰਕੇ ਹੋ ਗਈ ਹੈ ਕਿਉਂਕਿ ਕਾਂਗਰਸ ਵਾਲੇ ਕੁਝ ਕਰਨਾ ਨਹੀਂ ਚਾਹੁੰਦੇ। ਮੇਰੀ ਬੇਨਤੀ ਹੈ ਕਿ ਕੀ ਕੀਮਤਾਂ ਅਸੀਂ ਵਧਾਈਆਂ ਹਨ। ਕਰੂਡ ਦੀ ਕੀਮਤ ਤੁਸੀਂ ਦੇਖੋ ਕਿ ਕੀ ਅਸੀਂ ਵਧਾਈ ਹੈ। ਜਦੋਂ ਇਕ ਕਰੂਡ ਮਹਿੰਗਾ ਹੁੰਦਾ ਹੈ ਤਾਂ ਉਸ ਦੇ ਨਾਲ ਸਾਰੀਆਂ ਚੀਜ਼ਾਂ ਮਹਿੰਗੀਆਂ ਹੋ ਜਾਂਦੀਆਂ ਹਨ। ਉਸ ਨਾਲ ਪੈਟਰੋਲ ਵੀ ਮਹਿੰਗਾ ਹੋ ਜਾਂਦਾ ਹੈ, ਉਸ ਨਾਲ ਡੀਜ਼ਲ ਵੀ ਮਹਿੰਗਾ ਹੋ ਜਾਂਦਾ ਹੈ ਅਤੇ ਉਸ ਨਾਲ ਖਾਦ ਦੀ ਕੀਮਤ ਵੀ ਵਧਦੀ ਹੈ। ਇਸ ਚੀਜ਼ ਦੇ ਵਿੱਚ ਰੂਸ ਵਾਲੇ ਵੀ ਸ਼ਾਮਲ ਹਨ, ਅਮਰੀਕਾ ਵਾਲੇ ਵੀ ਸ਼ਾਮਲ ਹਨ ਅਤੇ ਸਾਰੇ ਅਰਬ ਮੁਲਕ ਵੀ ਸ਼ਾਮਲ ਹਨ। ਹੋਰ ਤਾਂ ਹੋਰ ਰੂਸ ਵਾਲੇ ਸਾਨੂੰ ਕਾਗਜ਼ ਇਤਨਾ ਮਹਿੰਗਾ ਦਿੰਦੇ ਹਨ। ਪਹਿਲਾਂ ਸਾਨੂੰ ਉਹ 1100 ਰੁਪਏ ਟਨ ਕਾਗਜ਼ ਦਿੰਦੇ ਸੀ ਹੁਣ ਉਹ 2600 ਰੁਪਏ ਟਨ ਕਾਗਜ਼ ਦਿੰਦੇ ਹਨ। ਸਪੀਕਰ ਸਾਹਿਬ, ਕੀਮਤਾਂ ਵਧ ਰਹੀਆਂ ਹਨ, ਸਾਨੂੰ ਇਸ ਗਲ ਨਾਲ ਇਤਫਾਕ ਕਰਨਾ ਪਵੇਗਾ। ਇੰਗਲੈਂਡ ਵਿਚ 150 ਫੀਸਦੀ ਮਹਿੰਗਾਈ ਹੋਈ ਹੈ। ਜਰਮਨੀ ਵਿਚ ਵੀ ਮਹਿੰਗਾਈ ਵੱਧੀ ਹੈ, ਜਪਾਨ ਵਿੱਚ ਵੀ ਮਹਿੰਗਾਈ ਵੱਧੀ ਹੈ ਅਤੇ ਹਰ ਮੁਲਕ ਵਿੱਚ ਵੱਧੀ ਹੈ। ਜਦੋਂ ਇਨ੍ਹਾਂ ਨੂੰ ਪਤਾ ਹੈ ਕਿ ਲੋਕ ਮਹਿੰਗਾਈ ਤੋਂ ਅੌਖੇ ਹਨ ਤਾਂ ਇਨ੍ਹਾਂ ਨੇ ਸੋਚਿਆ ਕਿ ਨਾਹਰੇ ਮਾਰੀ ਜਾਉ ਪਰ ਨਿਰੇ ਨਾਹਰੇ ਮਾਰਨ ਨਾਲ ਗਲ ਨਹੀਂ ਬਣਨੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਨਸੰਘ ਵਾਲਿਆਂ ਨੇ ਅੱਜ ਤੱਕ ਕੀ ਕੀਤਾ ਹੈ। ਅਕਾਲੀ ਦਲ ਵਾਲੇ ਹਨ ਉਨ੍ਹਾਂ ਨੇ ਅੱਜ ਤੱਕ ਕੀ ਕੀਤਾ ਹੈ ? ਕੀ ਉਨ੍ਹਾਂ ਨੇ ਕੋਈ ਮਹਿੰਗਾਈ ਘਟਾਈ ਹੈ ? ਜਨਸੰਘ ਵਾਲਿਆਂ ਨੇ ਕੀ ਕੀਤਾ ਜਦੋਂ ਸਾਰੇ ਹਿੰਦੁਸਤਾਨ ਵਿਚ ਰੇਲਵੇ ਸਟਰਾਈਕ ਸੀ ਤਾਂ ਉਨ੍ਹਾਂ ਦੇ 6-6 ਆਦਮੀ ਜਲੂਸ ਕਢਦੇ ਰਹੇ.... (ਵਿਘਨ)

Original with;
Punjab Vidhan Sabha
Digitized by;
Panjab Digital Library

ਸਰਦਾਰ ਕਰਨੈਲ ਸਿੰਘ ਮਰੜ੍ਹੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਮਹਿੰਗਾਈ ਨੂੰ ਅਸੀਂ ਕਿਸ ਤਰ੍ਹਾਂ ਰੋਕ ਸਕਦੇ ਹਾਂ, ਮੈਂ ਸਰਕਾਰ ਨੂੰ ਇਕ ਸੁਝਾਵ ਦੇਣਾ ਚਾਹੁੰਦਾ ਹਾਂ ਜਿਸ ਨਾਲ ਭਾਅ ਘਟ ਸਕਦੇ ਹਨ । ਜਿਹੜੇ ਇਨ੍ਹਾਂ ਦੇ ਦੋ ਭਾਅ ਹਨ ਉਹ ਅਗਰ ਬੰਦ ਕਰ ਦੇਣ ਤਾਂ ਇਸ ਦੇ ਨਾਲ ਕੀਮਤਾਂ ਘਟ ਸਕਦੀਆਂ ਹਨ । ਜੇ ਕੰਟਰੋਲ ਦੀ ਚੀਨੀ ਸਵਾ ਦੋ ਰੁਪਏ ਕਿਲੋ ਮਿਲਦੀ ਹੈ ਤਾਂ ਬਜ਼ਾਰ ਵਿੱਚ ਸਾਢੇ ਚਾਰ ਰੁਪਏ ਕਿਲੋ ਮਿਲਦੀ ਹੈ । ਇਸ ਕਰਕੇ ਬਲੈਕ ਮਾਰਕੀਟਿੰਗ ਤਾਂ ਇਹ ਆਪ ਕਰਦੇ ਹਨ । ਮੈਂ ਕਹਿੰਦਾ ਹਾਂ ਕਿ ਤੁਸੀਂ 2 ਭਾਅ ਰੋਕ ਦਿਉ ਅਤੇ ਸਰਕਾਰ ਦੇ ਆਪਣੇ ਭਾਅ ਰਹਿਣ ਦਿਉ ਤਾਂ ਮਹਿੰਗਾਈ ਦੂਰ ਹੋ ਸਕਦੀ ਹੈ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਯਸ਼ ਜੀ ਤੋਂ ਇਨਫਰਮੇਸ਼ਨ ਲੈਣਾ ਚਾਹੁੰਦਾ ਹਾਂ ਕਿ ਅਕਾਲੀਆਂ ਅਤੇ ਜਨਸੰਘ ਬਾਰੇ ਤਾਂ ਉਂਗਲਾਂ ਕਰ ਕਰ ਕੇ ਬਹੁਤ ਕੁੱਝ ਕਹਿੰਦੇ ਹਨ । ਮੈਂ ਪੁੱਛਣਾ ਚਾਹੁੰਦਾ ਹਾਂ, ਮੈਂ ਨਹੀਂ ਪੰਜਾਬ ਦੇ ਰੋਜ਼ਾਨਾ ਅਖਬਾਰ 'ਅਜੀਤ' ਨੇ ਪੁਛਿਆ ਹੈ ਕਿ ਇਹ ਦਸੋ ਯਸ਼ ਜੀ ਕਿ ਕੀ ਇਹ ਗਲ ਸੱਚ ਹੈ ਕਿ 1947 ਵਿਚ ਜਦੋਂ ਪਾਕਿਸਤਾਨ ਬਣਿਆ ਸੀ ਤਾਂ ਪਾਕਿਸਤਾਨ ਬਣਨ ਤੋਂ ਬਾਅਦ, ਲਾਹੌਰ ਤੋਂ ਜੋ 'ਮਿਲਾਪ' ਅਖਬਾਰ ਤੁਸੀਂ ਕਢਦੇ ਸੀ ਉਸ ਦੇ ਵਿੱਚ ਪਾਕਿਸਤਾਨ ਦੇ ਵਫਾਦਾਰ ਸ਼ਹਿਰੀ ਰਹਿਣ ਦਾ ਐਲਾਨ ਕੀਤਾ ਸੀ । ਕੀ ਇਹ ਸੱਚ ਹੈ ਕਿ ਪਾਕਿਸਤਾਨ ਦੇ ਝੰਡੇ ਨੂੰ ਉਸ ਅਖਬਾਰ ਦੇ ਪਹਿਲੇ ਪੇਜ ਤੇ ਪ੍ਰਕਾਸ਼ਤ ਕਰਦੇ ਰਹੇ ਸੀ ? (ਵਿਘਨ) ਸਪੀਕਰ ਸਾਹਿਬ, ਮੈਂ ਇਨਫਰਮੇਸ਼ਨ ਇਨ੍ਹਾਂ ਤੋਂ ਚਾਹੁੰਦਾ ਹਾਂ, ਇਹ ਦੱਸਣ । (ਵਿਘਨ)

ਆਬਕਾਰੀ ਅਤੇ ਕਰ ਮੰਤਰੀ : ਸਪੀਕਰ ਸਾਹਿਬ, ਸੰਧੂ ਸਾਹਿਬ ਨੇ 'ਮਿਲਾਪ' ਅਖਬਾਰ ਦਾ ਜ਼ਿਕਰ ਕੀਤਾ ਹੈ, ਹੁਣ ਉਹ ਜ਼ਰਾ ਜਿਗਰ ਥਾਮ ਕੇ ਸੁਣਨ । ਜਦੋਂ ਅਸੀਂ ਪਾਕਿਸਤਾਨ ਤੋਂ ਆਏ ਸੀ ਤਾਂ ਉਸ ਵੇਲੇ 'ਮਿਲਾਪ' ਅਖਬਾਰ ਦੀ ਜਿਹੜੀ ਪਰੈਸ ਸੀ ਉਹ ਸਾੜ ਦਿੱਤੀ ਗਈ ਸੀ, ਰਣਬੀਰ ਜੋ ਮੇਰੇ ਵਡੇ ਭਾਈ ਸਾਹਿਬ ਹਨ ਜਿਨ੍ਹਾਂ ਦੀ ਇਸ ਵੇਲੇ ਮਿਲਾਪ ਚਲ ਰਹੀ ਹੈ ਉਨ ਨੂੰ ਛੁਰੇ ਮਾਰੇ ਗਏ ਸੀ । ਸਾਡੇ ਭੈਣ ਜੀ ਹਨ ਉਨ੍ਹਾਂ ਦੇ ਘਰ ਵਾਲੇ ਤੇ ਹਮਲਾ ਕੀਤਾ ਗਿਆ ਸੀ । ਪਿਤਾ ਜੀ ਤੇ ਹਮਲਾ ਕੀਤਾ ਗਿਆ ਸੀ । ਉਥੇ ਦੇ ਸਾਡੇ ਕੁੱਝ ਮੁਸਲਮਾਨ ਮੁਲਾਜ਼ਮ ਸਨ ਉਨ੍ਹਾਂ ਨੇ ਬਾਅਦ ਵਿਚ ਅਖਬਾਰ ਕਢ ਕੇ ਆਪਣੀ ਪਾਲਿਸੀ ਦੇ ਮੁਤਾਬਕ ਛਾਪਿਆ । ਅਸੀਂ ਡੀ.ਸੀ. ਲਾਹੌਰ ਨੂੰ ਲਿਖਿਆ ਸੀ ਕਿ ਹੁਣ ਅਸੀਂ ਇਹ ਅਖਬਾਰ ਨਹੀਂ ਛਪਵਾ ਰਹੇ, ਇਹ ਡਾਕੂਮੈਂਟ ਦੀ ਗਲ ਹੈ । (ਵਿਘਨ) ਇਕ ਗਲ ਮੈਂ ਇਹ ਵੀ ਕਹਿੰਦਾ ਹਾਂ ਕਿ ਮੈਂ 'ਮਿਲਾਪ' ਅਖਬਾਰ ਦਾ ਨੁਮਾਇੰਦਾ ਬਣ ਕੇ ਨਹੀਂ ਇਥੇ ਭੇਜਿਆ ਹੋਇਆ । ਇਨ੍ਹਾਂ ਨੇ ਇਨਫਰਮੇਸ਼ਨ ਮੰਗੀ ਹੈ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ 'ਮਿਲਾਪ' ਪ੍ਰੀਵਾਰ ਦੇ ਬੰਦੇ ਤਾਂ ਉਸ ਵੇਲੇ....(ਵਿਘਨ) ਉਦੋਂ ਸਰਦਾਰ ਅਜਾਇਬ ਸਿੰਘ ਸੰਧੂ ਅੰਗਰੇਜ਼ਾਂ ਨਾਲ ਮਿਲਿਆ ਹੋਇਆ ਸੀ । ਉਸ ਵੇਲੇ ਸਰਦਾਰ ਪਰਕਾਸ਼ ਸਿੰਘ ਬਾਦਲ ਕਿਥੇ ਸੀ ? ਬਾਜਵਾ ਸਾਹਿਬ ਕਿਥੇ ਸਨ ? ਸਰਦਾਰ ਸੁਰਜੀਤ ਸਿੰਘ (ਬਰਨਾਲਾ) ਉਸ ਵੇਲੇ ਕਿਥੇ ਸਨ ? (ਵਿਘਨ) (ਸੋਰ) ਸਪੀਕਰ ਸਾਹਿਬ, ਮੇਰੀਆਂ ਗਲਾਂ ਹੁਣ ਇਨ੍ਹਾਂ ਨੂੰ ਕਿਸ ਤਰ੍ਹਾਂ ਲਗੀਆਂ ਹਨ । ਇਹ ਤਾਂ ਉਹ ਗਲ ਹੋਈ....

'ਜਾਟ ਰੇ ਜਾਟ ਤੇਰੇ ਸਿਰ ਤੇ ਖਾਟ, ਤੇਲੀ ਰੇ ਤੇਲੀ ਤੇਰੇ ਸਿਰ ਪਰ ਕੋਹਲੂ ।'

ਇਨ੍ਹਾਂ ਕੋਲ ਕੁੱਝ ਵੀ ਨਹੀਂ ਨਾ ਅਕਲ ਨਾ ਮੱਤ । ਕੋਈ ਤਰੀਕੇ ਦੀ ਗਲ ਕਰੋ । (ਵਿਘਨ)

Original with;
Punjab Vidhan Sabha
Digitized by;
Panjab Digital Library

[ਆਬਕਾਰੀ ਅਤੇ ਕਰ ਮੰਤਰੀ]

ਜਦੋਂ ਅਸੀਂ 1947 ਵਿੱਚ ਇੱਥੇ ਚਲੇ ਆਏ ਸੀ ਤਾਂ ਅਸੀਂ ਇਕ ਚਿਠੀ ਲਿਖੀ ਸੀ, ਪਿਤਾ ਜੀ ਨੇ, ਭਰਾ ਜੀ ਨੇ ਇਕ ਚਿੱਠੀ ਲਿਖੀ ਸੀ ਕਿ ਜਿਹੜੇ ਲੋਕ 'ਮਿਲਾਪ' ਅਖਬਾਰ ਕਢ ਰਹੇ ਹਨ ਉਨ੍ਹਾਂ ਨਾਲ ਸਾਡਾ ਕੋਈ ਤੁਅੱਲਕ ਨਹੀਂ ਹੈ । ਮੇਰੇ ਮੁਤੱਲਕ ਇਹ ਅੱਜ ਅਖਬਾਰ ਦੀਆਂ ਗਲਾਂ ਕਰਦੇ ਹਨ, ਜੇ ਮੈਂ ਇਨ੍ਹਾਂ ਦੇ ਬਾਰੇ ਕੁਝ ਅਖਬਾਰਾਂ ਦੀਆਂ ਗੱਲਾਂ ਕਰਾਂ ਤਾਂ ਇਹ ਮੰਨ ਲੈਣਗੇ ? (ਵਿਘਨ) ਤੋਂ ਸਪੀਕਰ ਸਾਹਿਬ, ਮੈਂ ਕੀਮਤਾਂ ਦੇ ਬਾਰੇ ਗੱਲਾਂ ਕਰ ਰਿਹਾ ਸੀ. . . .

ਸਰਦਾਰ ਸਤਨਾਮ ਸਿੰਘ ਬਾਜਵਾ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਯਸ਼ ਸਾਹਿਬ ਐਵੇਂ ਗੁਸੇ ਵਿੱਚ ਆ ਗਏ ਹਨ । ਗਲ ਤਾਂ ਸਿਰਫ ਇੰਨੀ ਸੀ ਕਿ ਸੰਧੂ ਸਾਹਿਬ ਨੇ ਮਿਲਾਪ ਪਰੈਸ ਦੀ ਗਲ ਕੀਤੀ ਅਤੇ ਇਨ੍ਹਾਂ ਨੇ ਕਿਹਾ ਕਿ ਸਾਡਾ ਤਾਂ ਪਰੈਸ ਸਾੜ ਦਿੱਤਾ ਗਿਆ ਸੀ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਪਰੈਸ ਸਾੜ ਗਿਆ ਸੀ ਤਾਂ ਮਗਰੋਂ ਕੌਣ 'ਮਿਲਾਪ' ਅਖਬਾਰ ਕਢਦਾ ਰਿਹਾ ? (ਵਿਘਨ)

ਸ੍ਰੀ ਸਪੀਕਰ : ਉਥੇ ਮੁਸਲਮਾਨ ਮੁਲਾਜ਼ਮ ਸਨ । (ਵਿਘਨ) (There were Muslim employees.) (*Interruption*)

ਆਬਕਾਰੀ ਅਤੇ ਕਰ ਮੰਤਰੀ : ਬਾਜਵਾ ਸਾਹਿਬ ਦਾ ਖਿਆਲ ਇਹ ਹੈ ਕਿ ਜਿਥੇ ਇਹ ਨਹੀਂ ਹਨ ਉਥੇ ਕੋਈ ਛਾਪਾਖਾਨਾ ਨਹੀਂ ਹੁੰਦਾ । (ਵਿਘਨ)

ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਮਹਿੰਗਾਈ ਦੇ ਦੋ ਇਲਾਜ਼ ਹਨ । ਪਹਿਲੀ ਗਲ ਤਾਂ ਇਹ ਕਿ ਜਿਨ੍ਹਾਂ ਲੋਕਾਂ ਕੋਲ ਫਾਲਤੂ ਰੁਪਿਆ ਹੈ ਉਹ ਘਟਾਇਆ ਜਾਏ ਅਤੇ ਦੂਜੇ ਪੈਦਾਵਾਰ ਵਧਾਈ ਜਾਵੇ । ਇਹ ਦੋਵੇਂ ਗਲਾਂ ਨਹੀਂ ਕਰਨ ਦਿੰਦੇ । ਜੇ ਅਸੀਂ ਟੈਕਸ ਲਗਾ ਕੇ ਪੈਸਾ ਕਢਣਾ ਚਾਹੁੰਦੇ ਹਾਂ ਤਾਂ ਇਹ ਟੈਕਸ ਨਹੀਂ ਲਗਾਉਣ ਦਿੰਦੇ ਅਤੇ ਜੇਕਰ ਅਸੀਂ ਪੈਦਾਵਾਰ ਵਧਾਉਣਾ ਚਾਹੁੰਦੇ ਹਾਂ ਤਾਂ ਇਹ ਐਜੀਟੇਸ਼ਨਾਂ ਕਰਾਉਣ ਦੇ ਹੱਕ ਵੱਲ ਹੁੰਦੇ ਹਨ । ਰੇਲਵੇ ਦੀ ਹੜਤਾਲ ਕਰਾ ਦੇਂਦੇ ਹਨ, ਕਾਰਖਾਨੇ ਬੰਦ ਕਰ ਦਿਉ, ਇਹ ਪ੍ਰਚਾਰ ਕਰਦੇ ਹਨ । ਮੈਂ ਅਰਜ਼ ਕਰਦਾ ਹਾਂ ਕਿ ਇਹ ਜਿਹੜਾ ਰੈਜ਼ੋਲਿਊਸ਼ਨ ਪੇਸ਼ ਕੀਤਾ ਹੈ ਇਹ ਤਾਂ ਸਿਰਫ ਇਸ ਕਰਕੇ ਕੀਤਾ ਹੈ ਕਿ ਅਖਬਾਰਾਂ ਵਿਚ ਸੁਰਖੀਆਂ ਛੱਪ ਜਾਣਗੀਆਂ ਅਤੇ ਇਨ੍ਹਾਂ ਦਾ ਨਾਉਂ ਆ ਜਾਵੇਗਾ । ਹੁਣ ਇਨ੍ਹਾਂ ਨੂੰ ਪਤਾ ਹੈ ਕਿ ਅਖਬਾਰਾਂ ਵਿਚ ਸੁਰਖੀਆਂ ਤਾਂ ਆਉਣੀਆਂ ਨਹੀਂ, ਇਸ ਕਰਕੇ ਡੰਡ ਪਾਈ ਜਾਂਦੇ ਹਨ ਕਿ ਸਵੇਰੇ ਕਰ ਲੈਣਾ । (ਵਿਘਨ) ਮੈਂ ਆਖਰੀ ਗਲ ਕਹਿ ਕੇ ਬੈਠਦਾ ਹਾਂ ਕਿ ਜਿਥੋਂ ਤੱਕ ਅਦਮ ਇਤਮਾਦ ਦਾ ਸੁਆਲ ਹੈ ਇਹ ਅਦਮ-ਇਤਮਾਦ ਨਾਲ ਲੈ ਕੇ ਜੰਮੇ ਸਨ ਅਤੇ ਅਦਮ-ਇਤਮਾਦ ਨਾਲ ਲੈ ਕੇ ਇਨ੍ਹਾਂ ਨੇ ਮਰਨਾ ਹੈ । (ਵਿਘਨ)

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਸਨਮਾਨ ਯੋਗ ਸਪੀਕਰ ਸਾਹਿਬ, ਵਿਰੋਧੀ ਦਲ ਦੇ ਨੇਤਾ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਅੱਜ ਬੇਪਰਤੀਤੀ ਦਾ ਮਤਾ ਪੇਸ਼ ਕਰਦਿਆਂ ਸਭ ਤੋਂ ਪਹਿਲਾਂ ਗਲ ਇਹ ਲਈ ਸੀ ਕਿ ਬੇਪਰਤੀਤੀ ਦਾ ਮਤਾ ਤਾਂ ਅਸੀਂ ਸਰਕਾਰ ਦੇ ਖਿਲਾਫ ਐਵੇਂ ਪੇਸ਼ ਕਰ ਰਹੇ ਹਾਂ ਅੌਰ ਉਹ ਸਬੂਤ ਇਨ੍ਹਾਂ ਇਹ ਦਿੱਤਾ ਸੀ ਕਿ ਅੰਮ੍ਰਿਤਸਰ ਦੀਆਂ ਚੋਣਾਂ ਵਿੱਚ ਅਸੀਂ 10 ਹਜ਼ਾਰ ਦੀਆਂ ਵੋਟਾਂ ਨਾਲ ਜਿਤ ਕੇ ਆਏ ਹਾਂ । ਬਾਦਲ

Original with;
Punjab Vidhan Sabha
Digitized by;
Panjab Digital Library

ਸਾਹਿਬ ਮੁੱਖ ਮੰਤਰੀ ਵੀ ਰਹਿ ਚੁਕੇ ਹਨ ਅੌਰ ਉਹ ਚੰਗੀ ਤਰ੍ਹਾਂ ਜਾਣੂ ਹਨ ਕਿ ਲੋਕਾਂ ਦੀ ਬੇਪਰਤੀਤੀ ਅਤੇ ਪਰਤੀਤੀ ਦਾ ਬੈਰੋਮੀਟਰ ਕੀ ਹੁੰਦਾ ਹੈ । ਉਹ ਇਹ ਗਲ ਕਹਿਣ ਲਗਿਆਂ ਭੁੱਲ ਗਏ ਕਿ ਮੈਂ ਇਥੇ ਵੀ ਕਿਹਾ ਸੀ ਅਤੇ ਮੈਂ ਬਾਹਰ ਵੀ ਕਿਹਾ ਸੀ ਕਿ ਅੰਮ੍ਰਿਤਸਰ ਦੀਆਂ ਚੋਣਾਂ ਵਿਚ ਅਕਾਲੀਓ ਆਓ ਅੌਰ ਸਾਡੇ ਨਾਲ ਲੜੋ ਅਤੇ ਫ਼ੈਸਲਾ ਹੋਵੇਗਾ ਕਿ ਤੁਸੀਂ ਜਿਤਦੇ ਹੋ ਕਿ ਹਾਰਦੇ ਹੋ । ਪਰ ਬਾਦਲ ਸਾਹਿਬ ਆਪਣਾ ਕੈਂਡੀਡੇਟ ਤਾਂ ਖੜਾ ਨਹੀਂ ਕਰ ਸਕੇ ਉਨ੍ਹਾਂ ਤੋਂ ਪੁੱਛੇ ਬਗੈਰ ਜਨਸੰਘੀਆਂ ਨੇ ਆਪਣਾ ਕੈਂਡੀਡੇਟ ਖੜਾ ਕਰ ਦਿਤਾ ਸੀ ਅਤੇ ਉਹ ਜਨਸੰਘ ਵਾਲੇ ਬਲਰਾਮ ਜੀ....

ਆਵਾਜ਼ਾਂ : ਨਹੀਂ ਬਲਦੇਵ ਪ੍ਰਕਾਸ਼ ਜੀ....

ਮੁੱਖ ਮੰਤਰੀ : ਕੋਈ ਗਲ ਨਹੀਂ ਮੈਂ ਭੁਲ ਗਿਆ । ਬੜੇ ਚਿਰ ਮਗਰੋਂ ਆਏ ਹਨ, ਭੁਲ ਸਕਦਾ ਹਾਂ ।

ਡਾਕਟਰ ਬਲਦੇਵ ਪ੍ਰਕਾਸ਼ ਜੀ ਦੇ ਆਉਣ ਤੇ ਮੈਂ ਉਨ੍ਹਾਂ ਨੂੰ ਜੀ ਆਇਆਂ ਆਖਦਾ ਹਾਂ । ਉਨ੍ਹਾਂ ਦਾ ਇਥੇ ਆਉਣਾ ਸਾਰੇ ਹਾਊਸ ਲਈ ਲਾਭਦੰਦ ਹੋਵੇਗਾ । ਉਨ੍ਹਾਂ ਨੇ ਮੁਕਾਬਲੇ ਵਾਸਤੇ ਇਲਾਨ ਵੀ ਕੀਤਾ ਉਹ ਲੜੇ ਅੌਰ ਇਤੇ ਜਨਸੰਘ ਦਾ ਕੋਈ ਨਾਮ ਲੇਵਾ ਨਹੀਂ ਸੀ, ਲੋਕਾਂ ਨੇ ਜੋ ਕੁਝ ਕੀਤਾ ਦਰੁਸਤ ਕੀਤਾ ਅੌਰ ਇਹ ਸਮਝ ਕੇ ਕੀਤਾ ਕਿ ਇਕ ਤਾਂ ਉਥੇ ਬੰਦਾ ਇਨ੍ਹਾਂ ਦਾ ਹੋਣਾ ਚਾਹੀਦਾ ਹੈ ਤਾਂ ਕਿ ਜਲਸੇ ਵਿੱਚ ਜਿੰਨੀ ਰੌਣਕ ਹੋਵੇ ਉਤਨੀ ਚੰਗੀ ਹੈ । ਲੋਕਾਂ ਨੇ ਵੋਟਾਂ ਦਿਤੀਆਂ । ਚਲੋ ਮੈਂ 10 ਹਜ਼ਾਰ ਦਾ ਕਰੈਡਿਟ ਬਾਦਲ ਸਾਹਿਬ ਨੂੰ ਦਿੰਦਾ ਹਾਂ ਉਨ੍ਹਾਂ ਦੀ ਮਿਹਰਬਾਨੀ ਕਰਕੇ ਉਹ ਜਿਤ ਗਏ ਲੇਕਿਨ ਵਿਰੋਧੀ ਦਲ ਦੇ ਨੇਤਾ ਨੂੰ ਮੈਂ ਇਤਨੀ ਗੱਲ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਅਕਾਲੀਆਂ ਦੀ ਸਰਕਾਰ ਸੀ, ਗੁਰਦਾਸਪੁਰ ਬਾਈ ਇਲੈਕਸ਼ਨ ਹੋਇਆ ਅੌਰ ਉਸ ਇਲੈਕਸ਼ਨ ਦੇ ਵਿੱਚ ਅਕਾਲੀ ਪਾਰਟੀ ਦਾ ਜਿਹੜਾ ਉਮੀਦਵਾਰ ਖੜਾ ਹੋਇਆ ਸੀ ਉਸ ਨੇ ਸਾਢੇ 30 ਹਜ਼ਾਰ ਵੋਟਾਂ ਲਈਆਂ ਅੌਰ ਜਿਹੜਾ ਕਾਂਗਰਸ ਪਾਰਟੀ ਦਾ ਉਮੀਦਵਾਰ ਸੀ ਉਸ ਨੇ ਇਕ ਲੱਖ 57 ਹਜ਼ਾਰ ਵੋਟਾਂ ਲਈਆਂ । ਚਲੋ ਮੈਂ ਇਹ ਗਲ ਵੀ ਛੱਡ ਦਿੰਦਾ ਹਾਂ । ਉਸ ਤੋਂ ਬਾਅਦ ਪਾਰਲੀਮੈਂਟ ਦੀਆਂ ਚੋਣਾਂ ਆਈਆਂ ਅੌਰ ਪੰਜਾਬ ਦੀਆਂ ਚੋਣਾਂ ਵਿਚ ਅਕਾਲੀ ਦਲ ਨੇ 12 ਉਮੀਦਵਾਰ ਖੜੇ ਕੀਤੇ ਅੌਰ 11 ਉਮੀਦਵਾਰ ਅਸੀਂ ਖੜੇ ਕੀਤੇ । ਉਨ੍ਹਾਂ 11 ਵਿਚੋਂ ਸਾਡੀ ਸੀਟ ਇਕ ਅਕਾਲੀਆਂ ਦੇ ਪਲੇ ਪਈ ਅੌਰ ਉਹ ਵੀ ਸਰਦਾਰ ਗੁਰਦਾਸ ਸਿੰਘ 5 ਹਜ਼ਾਰ ਵੋਟਾਂ ਦੇ ਵਾਧੇ ਨਾਲ ਜਿਤੇ ਅੌਰ ਕਾਂਗਰਸ ਦੇ ਉਮੀਦਵਾਰ ਜਿਹੜੇ ਸਨ ਉਹ ਸਾਡੇ 10 ਜਿੱਤੇ । ਉਹ ਸਾਢੇ ਸੱਤ ਲੱਖ ਵੋਟਾਂ ਨਾਲ ਜਿਤ ਕੇ ਆਏ । ਸਾਰੇ ਪੰਜਾਬ ਵਿੱਚ ਉਦੋਂ ਰੈਫਰੰਡਮ ਹੋਇਆ । ਅਸੀਂ ਉਸ ਰੈਫਰੰਡਮ ਵਿਚ ਸਾਢੇ ਸੱਤ ਲੱਖ ਵੋਟਾਂ ਜ਼ਿਆਦਾ ਲੈ ਕੇ ਜਿਤੇ ਅੌਰ ਉਹ ਵੀ ਉਦੋਂ ਜਦੋਂ ਪੰਜਾਬ ਵਿਚ ਅਕਾਲੀ ਪਾਰਟੀ ਦਾ ਰਾਜ ਸੀ ਅਤੇ ਉਦੋਂ ਵਿਰੋਧੀ ਦਲ ਦੇ ਨੇਤਾ ਜਿਹੜੇ ਕਿ ਉਸ ਵੇਲੇ ਮੁੱਖ ਮੰਤਰੀ ਸਨ ਨੂੰ ਕੋਈ ਖਿਆਲ ਨਹੀਂ ਆਇਆ ਕਿ ਪੰਜਾਬ ਦੇ ਲੋਕਾਂ ਨੇ ਬੇਪ੍ਰਤੀਤੀ ਕਰ ਦਿੱਤੀ ਹੈ । ਮੈਂ ਉਹ ਵੀ ਛੱਡ ਦਿੰਦਾ ਹਾਂ । ਲੇਕਿਨ ਅੱਜ ਬਾਦਲ ਸਾਹਿਬ ਕਹਿੰਦੇ ਹਨ ਕਿ ਜੰਤਾ ਚਾਹੁੰਦੀ ਹੈ ਕਿ ਇਹ ਰਾਜ ਨਹੀਂ ਹੋਣਾ ਚਾਹੀਦਾ ਕਿਉਂਕਿ ਜੰਤਾ ਇਨ੍ਹਾਂ ਨੂੰ ਹੀ ਕਹਿਣ ਗਈ ਸੀ ਬਾਕੀ ਜਿਹੜੇ ਇਧਰ ਜੰਤਾ ਦੇ ਰਿਪਰੈਜ਼ੈਂਟੇਟਿਵਜ਼ ਬੈਠੇ ਹਨ ਉਨ੍ਹਾਂ ਨੂੰ ਨਹੀਂ ਕਹਿੰਦੀ । ਜਿਹੜੀ ਨਵੀਂ ਥਿਉਰੀ ਇਨ੍ਹਾਂ ਨੇ ਪੈਦਾ ਕੀਤੀ ਹੈ ਮੈਂ ਸਮਝਦਾ ਹਾਂ ਕਿ ਯਸ਼ ਜੀ ਦਾ ਜਿਹੜਾ ਕਹਿਣਾ ਸੀ ਕਿ ਉਹ ਬਿਲਕੁਲ ਠੀਕ ਸੀ ਕਿ ਇਨ੍ਹਾਂ ਨੂੰ ਪ੍ਰਤੀਤੀ ਨਹੀਂ ਆ ਸਕਦੀ ਕਿਉਂਕਿ ਰਾਜ ਇਨ੍ਹਾਂ ਦਾ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਹੋਣਾ ਨਹੀਂ ਪ੍ਰਤੀਤੀ ਇਨ੍ਹਾਂ ਨੂੰ ਆਉਣੀ ਨਹੀਂ । ਇਸ ਲਈ ਮੈਂ ਨਹੀਂ ਚਾਹੁੰਦਾ ਕਿ ਉਨ੍ਹਾਂ ਦੀ ਪ੍ਰਤੀਤੀ ਜਿਤੀ ਜਾਏ, ਉਨ੍ਹਾਂ ਦਾ ਭਰੋਸਾ ਜਿਤਿਆ ਜਾਏ । ਸਪੀਕਰ ਸਾਹਿਬ, ਰਾਜਨੀਤੀ ਵਿੱਚ ਡੈਮੋਕਰੇਟਿਕ ਤਰੀਕਿਆਂ ਅੰਦਰ ਸਹਾਰਾ ਲੈਣਾ ਬੜਾ ਸੌਖਾ ਹੈ ਲੇਕਿਨ ਡੈਮੋਕਰੇਸੀ ਦੇ ਉੱਤੇ ਚਲਣਾ ਬੜਾ ਔਖਾ ਹੈ । ਇਹ ਗਲ ਕਹਿ ਸਕਦੇ ਹਨ ਕਿ ਪੰਜਾਬ ਦੇ ਵਿੱਚ ਡੈਮੋਕਰੇਸੀ ਦਾ ਨਾਮ ਮਾਤਰ ਨਹੀਂ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਡੈਮੋਕਰੇਸੀ ਇਹ ਹੱਕ ਨਹੀਂ ਦਿੰਦੀ ਕਿਸੇ ਨੂੰ ਕਿ ਉਹ ਪਬਲਿਕ ਮੀਟਿੰਗ ਕਰਕੇ ਆਪਣੇ ਵਿਚਾਰ ਦੱਸ ਸਕਣ । ਸਭ ਤੋਂ ਜ਼ਿਆਦਾ ਅਕਾਲੀ ਪਾਰਟੀ ਅਤੇ ਜਨਸੰਘ ਵਾਲੇ ਹਨ ਜਿਹੜੇ ਕਿਸੇ ਵਿਰੋਧੀ ਪਾਰਟੀ ਦਾ ਜਲਸਾ ਅਮਨ ਨਾਲ ਨਹੀਂ ਹੋਣ ਦਿੰਦੇ । ਮੈਂ ਇਹ ਸਮਝਦਾ ਹਾਂ ਕਿ ਜੇ ਡੈਮੋਕਰੇਸੀ ਦੇ ਅਸੂਲਾਂ ਨੂੰ ਮੰਨਣਾ ਹੈ ਤਾਂ ਫਿਰ ਇਨ੍ਹਾਂ ਨੂੰ ਮੈਨਾਰਿਟੀ ਵਿੱਚ ਰਹਿ ਕੇ ਆਪਣੇ ਗਰੀਵੈਂਸਿਜ਼ ਦੱਸਣੇ ਚਾਹੀਦੇ ਹਨ, ਇਹ ਦੱਸ ਸਕਦੇ ਹਨ । ਬੇਪ੍ਰਤੀਤੀ ਦਾ ਮਤਾ ਲਿਆਉਣ ਦੀ ਲੋੜ ਨਹੀਂ ਸੀ । ਹਾਊਸ ਦਾ ਵਕਤ ਜ਼ਾਇਆ ਕਰਨ ਦੀ ਲੋੜ ਨਹੀਂ ਸੀ, ਜਦੋਂ ਕਿ ਮਿਨੀ ਬਜਟ ਵੀ ਆ ਰਿਹਾ ਹੈ, ਟੈਕਸਿਜ਼ ਵੀ ਆ ਰਹੇ ਹਨ, ਇਹ ਇਸ਼ਾਰਾ ਕਰ ਸਕਦੇ ਸਨ । ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਕੁਝ ਗ੍ਰਿਫਤਾਰੀਆਂ ਕੀਤੀਆਂ ਜਾਂਦੀਆਂ ਹਨ ਪਰ ਇਸ ਲਿਹਾਜ਼ ਨਾਲ ਨਹੀਂ ਕਿ ਵਿਰੋਧੀਆਂ ਨੂੰ ਪਕੜਨਾ ਹੈ । ਮੈਂ ਪੰਜਾਬ ਦੇ ਅੰਦਰ ਕਿਸੇ ਵੀ ਵਿਰੋਧੀ ਵਰਕਰ ਜਾਂ ਨੇਤਾ ਨੂੰ ਕਿਸੇ ਕਿਸਮ ਦਾ ਨੁਕਸਾਨ ਪਹੁੰਚਾਉਣ ਦੇ ਹੱਕ ਵਿੱਚ ਨਹੀਂ ਬਲਕਿ ਮੇਰੇ ਤੇ ਤਾਂ ਇਹ ਇਲਜ਼ਾਮ ਲਗ ਸਕਦਾ ਹੈ ਕਿ ਮੈਂ ਬੜੀ ਨਰਮਾਈ ਨਾਲ ਚਲਦਾ ਹਾਂ । ਲੇਕਿਨ ਸਪੀਕਰ ਸਾਹਿਬ, ਇਹ ਮੇਰੀ ਡਿਊਟੀ ਹੈ ਕਿ ਕਿਤੇ ਕੋਈ ਆਦਮੀ ਗਲਤੀ ਕਰਦਾ ਹੋਵੇ ਜਾਂ 10 ਹਜ਼ਾਰ ਦੇ ਇਕੱਠ ਵਿਚ 60 ਆਦਮੀ ਜਾ ਕੇ ਰੌਲਾ ਪਾਉਂਦੇ ਹੋਣ ਲੋਕ ਉਨ੍ਹਾਂ ਨੂੰ ਮਾਰਨ ਦੀ ਗਲ ਕਰਨ, ਮੈਂ ਪੁਲੀਸ ਭੇਜਦਾ ਹਾਂ ਕਿ ਉਨ੍ਹਾਂ ਨੂੰ ਫੜ ਲਵੋ ਤਾਂਕਿ ਲੋਕ ਉਨ੍ਹਾਂ ਨੂੰ ਕੁੱਟਣ ਨਾ । ਮੈਂ ਕਹਿੰਦਾ ਹਾਂ ਕਿ ਸਾਡੀ ਸਿਵਿਲ ਲਿਬਰਟੀ ਕਰਬ ਨਹੀਂ ਹੋਣੀ ਚਾਹੀਦੀ ਅਤੇ ਮੈਂ ਸਿਵਿਲ ਲਿਬਰਟੀ ਨੂੰ ਕਾਇਮ ਰੱਖਣਾ ਚਾਹੁੰਦਾ ਹਾਂ । ਪੁਲੀਸ ਨੂੰ ਭੇਜਦਾ ਹਾਂ ਕਿ ਤੁਸੀਂ ਸਿਵਿਲ ਲਿਬਰਟੀ ਨੂੰ ਕਾਇਮ ਰੱਖੋ ਤਾਂ ਕਿ ਕੋਈ ਸਿਵਿਲ ਲਿਬਰਟੀ ਕਰਬ ਨਾ ਕਰ ਸਕੇ । (ਸਰਦਾਰ ਅਜਾਇਬ ਸਿੰਘ ਸੰਧੂ ਵਲੋਂ ਵਿਘਨ)

ਸੰਧੂ ਸਾਹਿਬ, ਮੇਰੀ ਬੜੀ ਮਦਦ ਕਰਦੇ ਹਨ ਮੇਰਾ ਆਮ ਤੌਰ ਤੇ ਗਲਾ ਖਰਾਬ ਰਹਿੰਦਾ ਹੈ । ਮੈਨੂੰ ਇਹ ਬੜੀ ਮਦਦ ਦਿੰਦੇ ਹਨ । ਮੈਂ ਪਿਛਲੇ ਸੈਸ਼ਨ ਵਿਚ ਵੀ ਕਿਹਾ ਸੀ ।

(ਵਿਘਨ)

ਸਪੀਕਰ ਸਾਹਿਬ, ਵਿਰੋਧੀ ਦਲ ਦੇ ਨੇਤਾ ਸ਼ਿਰੋਮਣੀ ਅਕਾਲੀ ਦਲ ਸਾਹਿਬ ਨੇ ਕਿਹਾ ਹੈ ਕਿ ਬੇਪਰਤੀਤੀ ਦੀ ਗਲ ਇਹ ਹੈ ਕਿ ਅਸੀਂ ਪੰਜਾਬ ਬੰਦ ਕਰਵਾਇਆ ਬੜਾ ਸ਼ੋਰ ਮਚਾਇਆ ਕਿ ਪੰਜਾਬ ਨੂੰ ਬੰਦ ਕਰ ਦਿਆਂਗੇ । ਬੰਦ ਕਰਨ ਦੇ ਅਹਦ ਕੀ ਹਨ ? ਸਕੂਲ ਬੰਦ ਹੋ ਜਾਣ, ਗੱਡੀਆਂ ਬੰਦ ਹੋਣ, ਟਾਂਗੇ ਅਤੇ ਮੋਟਰਾਂ ਬੰਦ ਹੋ ਜਾਣ, ਸਾਰਾ ਕਾਰੋਬਾਰ ਬੰਦ ਹੋ ਜਾਵੇ । ਲੇਕਿਨ ਮੈਂ ਇਹ ਕਹਿ ਸਕਦਾ ਹਾਂ ਕਿ ਸਾਰਾ ਜ਼ੋਰ ਲਾਉਣ ਦੇ ਬਾਵਜੂਦ ਸਿਵਾਏ ਦੁਕਾਨਾਂ ਦੇ ਕੋਈ ਹੋਰ ਚੀਜ਼ ਇਹ ਬੰਦ ਨਹੀਂ ਕਰਾ ਸਕੇ । ਦੁਕਾਨਾਂ ਕਿਉਂ ਬੰਦ ਹੋਈਆਂ ਇਸ ਵਾਸਤੇ ਕਿ ਪੰਜਾਬ ਦੀ ਪੁਲਿਸ ਨੇ ਸ਼ਰਾਫਤ ਵਰਤੀ । ਇਨ੍ਹਾਂ ਨੂੰ ਕੁਝ ਨਹੀਂ ਆਖਿਆ । ਦੁਕਾਨਦਾਰਾਂ ਨੇ ਕਿਹਾ ਕਿ ਪੁਲਿਸ ਤਾਂ ਖੜੀ ਰਹੇਗੀ ਅਤੇ ਇਹ ਸਾਡੀਆਂ ਦੁਕਾਨਾਂ ਲੁਟ ਕੇ ਲੈ ਜਾਣਗੇ । ਉਨ੍ਹਾਂ ਨੇ ਇਸ ਅੰਡਸੈਂਸ ਵਿੱਚ ਦੁਕਾਨਾਂ ਬੰਦ ਕੀਤੀਆਂ ਕਿ ਸਰਦਾਰ ਪਰਕਾਸ਼

Original with;
Punjab Vidhan Sabha
Digitized by;
Panjab Digital Library

ਸਿੰਘ ਬਾਦਲ ਵਰਗੇ ਸ਼ਰੀਫ ਆਦਮੀ ਅਤੇ ਡਾਕਟਰ ਬਲਦੇਵ ਪ੍ਰਕਾਸ਼ ਵਰਗੇ ਸ਼ਰੀਫ ਆਦਮੀ ਬੰਦ ਕਰਨ ਲੱਗ ਪਏ ਹਨ, ਜਿਹ ਤਾਂ ਉਲਟ ਕੰਮ ਕਰਨ ਲੱਗ ਪਏ ਹਨ । ਨੇਤਾ ਤਾਂ ਕੰਮ ਚਲਾਉਣ, ਪੈਦਾਵਾਰ ਵਧਾਉਣ, ਲੋਕਾਂ ਦੇ ਧੰਧੇ ਚਲਾਉਣ ਵਾਸਤੇ ਕਹਿੰਦੇ ਹਨ । ਲੋਕਾਂ ਨੂੰ ਅਫ਼ਸੋਸ ਹੋਇਆ ਅਤੇ ਇਸ ਲਈ ਉਨ੍ਹਾਂ ਨੇ ਦੁਕਾਨਾਂ ਬੰਦ ਕੀਤੀਆਂ । ਉਨ੍ਹਾਂ ਨੇ ਕਿਹਾ ਕਿ ਇਹ ਕਿਹੜੇ ਰਸਤੇ ਚਲ ਪਏ ਹਨ ।

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ । ਇੱਕ ਤਾਂ ਇਨ੍ਹਾਂ ਦਾ ਸੰਘ ਫਟਦਾ ਜਾ ਰਿਹਾ ਸੀ ਮੈਂ ਇਨ੍ਹਾਂ ਨੂੰ ਆਰਾਮ ਦਿਵਾਉਣਾ ਚਾਹੁੰਦਾ ਹਾਂ । ਮੈਂ ਇਨਫਰਮੇਸ਼ਨ ਇਹ ਮੰਗਦਾ ਹਾਂ ਕਿ ਜੇ ਇਨ੍ਹਾਂ ਨੂੰ ਖਤਰਾ ਨਹੀਂ ਸੀ ਤਾਂ ਇਕ ਲੱਖ ਚਿੱਠੀਆਂ ਅਤੇ ਦੋ ਲੱਖ ਇਸ਼ਤਿਹਾਰ ਅਤੇ ਇਕੱਲੇ ਇਕੱਲੇ ਕਾਂਗਰਸੀ ਜਿਹੜੇ ਕਿ ਚਿਟੀਆਂ ਟੋਪੀਆਂ ਅਤੇ ਪੱਗਾਂ ਵਾਲੇ ਹਨ, ਉਨ੍ਹਾਂ ਨੂੰ ਭੇਜਣ ਦੀ ਕੀ ਲੋੜ ਸੀ ?

ਮੁੱਖ ਮੰਤਰੀ : ਮੈਂ ਤਾਂ ਨਹੀਂ ਕਿਹਾ ਕਿ ਖਤਰਾ ਨਹੀਂ ਸੀ । ਖਤਰਾ ਬੜਾ ਸੀ ਅਤੇ ਇਸ ਖਤਰੇ ਕਰਕੇ ਹੀ ਚਿੱਠੀਆਂ ਭੇਜੀਆਂ । ਖਤਰੇ ਨੂੰ ਟਾਲਣ ਵਾਸਤੇ ਲੋਕਾਂ ਨੇ ਦੁਕਾਨਾਂ ਬੰਦ ਕੀਤੀਆਂ । ਦੁਕਾਨਾਂ ਬੰਦ ਕਰਨ ਦਾ ਮਤਲਬ ਖੁਸ਼ੀ ਨਹੀਂ ਹੁੰਦੀ । ਲੋਕੀਂ ਹੜਤਾਲ ਅਫ਼ਸੋਸ ਵਿੱਚ ਕਰਦੇ ਹਨ । ਸਪੀਕਰ ਸਾਹਿਬ, ਆਨਰੇਬਲ ਮੈਂਬਰ ਮੇਰੇ ਨਾਲ ਇਤਫਾਕ ਕਰਨਗੇ ਕਿ ਪੰਜਾਬ ਦੇ ਸਾਰੇ ਕਾਰੋਬਾਰ ਨੂੰ ਬੰਦ ਕਰਨਾ, ਕਾਰਖਾਨਿਆਂ ਨੂੰ ਬੰਦ ਕਰਨਾ, ਟਰਾਂਸਪੋਰਟ ਅਤੇ ਖੇਤੀਬਾੜੀ ਨੂੰ ਬੰਦ ਕਰਨ ਦਾ ਮਤਲਬ ਇਹ ਹੈ ਕਿ ਚਾਰ ਕਰੋੜ ਰੁਪਏ ਦਾ ਘਾਟਾ ਪੈਂਦਾ ਹੈ । ਜੇ ਮੈਂ ਇਨ੍ਹਾਂ ਦੀ ਗਲ ਮੰਨ ਲੈਂਦਾ ਕਿ ਇਨ੍ਹਾਂ ਦਾ ਬੰਦ ਕਾਮਯਾਬ ਹੋਵੇ ਤਾਂ ਫਿਰ, ਸਪੀਕਰ ਸਾਹਿਬ, ਚਾਰ ਕਰੋੜ ਰੁਪਏ ਦੇ ਨੁਕਸਾਨ ਦੀ ਜ਼ਿੰਮੇਵਾਰੀ ਇਨ੍ਹਾਂ ਦੀ ਹੋਣੀ ਸੀ । ਇਹ ਇਸ ਚਾਰ ਕਰੋੜ ਰੁਪਏ ਦਾ ਨੁਕਸਾਨ ਨਾ ਕਰਨ ਇਸ ਲਈ ਇਨ੍ਹਾਂ ਨੂੰ ਰੋਕਣਾ ਪਿਆ ਹੈ । ਪ੍ਰਮਾਤਮਾ ਇਨ੍ਹਾਂ ਨੂੰ ਮਤ ਬਖਸ਼ੇ, ਇਹ ਲੋਕਾਂ ਦੇ ਭਲੇ ਵਾਸਤੇ ਆਏ ਸਨ ਇਹ ਕਿਹੜੇ ਰਾਹ ਲੱਗ ਪਏ ਹਨ, ਇਹ ਚੀਜ਼ ਸੋਚ ਕੇ ਲੋਕਾਂ ਨੇ ਆਪਣੀਆਂ ਦੁਕਾਨਾਂ ਬੰਦ ਕਰ ਦਿੱਤੀਆਂ । ਸਾਨੂੰ ਇਹ ਬੇਪ੍ਰਤੀਤ ਸਮਝਦੇ ਹਨ, ਇਸ ਦਾ ਮੈਂ ਕੋਈ ਇਲਾਜ ਨਹੀਂ ਕਰਵਾ ਸਕਿਆ । ਬੰਦ ਕਰਨ ਵੇਲੇ ਇਨ੍ਹਾਂ ਨੇ ਲੋਕਾਂ ਨੂੰ ਇਹ ਕਿਹਾ :

'ਖੁਲੀ ਦੁਕਾਨ ਹਮਾਰੀ ਹੈ, ਬੰਦ ਦੁਕਾਨ ਤੁਮਹਾਰੀ ਹੈ ।'

ਲੋਕਾਂ ਨੂੰ ਤੰਗ ਕਰਨਾ, ਲੋਕਾਂ ਨੂੰ ਕਾਰੋਬਾਰ ਬੰਦ ਕਰਨ ਲਈ ਮਜ਼ਬੂਰ ਕਰਨਾ, ਇਹ ਕੋਈ ਡੈਮੋਕਰੇਸੀ ਦਾ ਅਸੂਲ ਨਹੀਂ ਹੈ। ਇਸ ਵਾਸਤੇ ਜੋ ਕੁੱਝ ਕਰਨਾ ਪਿਆ ਹੈ ਉਹ ਅਸੀਂ ਡੈਮੋਕਰੇਟਿਕ ਢਾਂਚੇ ਨੂੰ ਮਜ਼ਬੂਤ ਰੱਖਣ ਵਾਸਤੇ ਬਚਾਉਣ ਵਾਸਤੇ ਕੀਤਾ ਹੈ ।

ਸਪੀਕਰ ਸਾਹਿਬ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਲਾਅ ਐਂਡ ਆਰਡਰ ਦੀ ਹਾਲਤ ਬਾਰੇ ਬੜੇ ਚਿੰਤਾਤੁਰ ਸਨ । ਸਰਦਾਰ ਦਰਬਾਰਾ ਸਿੰਘ ਜੀ ਨੇ ਕੁੱਝ ਚੀਜ਼ਾਂ ਦਸੀਆਂ ਸਨ ਪਰ ਮੈਂ ਅਕਾਲੀ ਪਾਰਟੀ ਦੀ ਸਰਕਾਰ ਦੇ ਜ਼ਮਾਨੇ ਦੀਆਂ ਗੱਲਾਂ ਨਹੀਂ ਕਰਦਾ ਕਿਉਂਕਿ ਸਰਕਾਰ ਵੀ ਗਈ ਅਤੇ ਗੱਲਾਂ ਵੀ ਗਈਆਂ, ਹੁਣ ਉਨ੍ਹਾਂ ਦਾ ਜ਼ਿਕਰ ਕਰਨ ਦਾ ਕੋਈ ਲਾਭ ਨਹੀਂ ।

ਸਰਦਾਰ ਧੰਨਾ ਸਿੰਘ ਗੁਲਸ਼ਨ : (ਬੈਠੇ ਬੈਠੇ) (ਸਰਦਾਰ ਦਰਬਾਰਾ ਸਿੰਘ ਵੱਲ ਇਸ਼ਾਰਾ ਕਰਦੇ ਹੋਏ) ਉਹ ਆਪ ਵੀ ਚਲੇ ਗਏ।

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਮੈਂ ਤਾਂ ਬਾਦਲ ਸਾਹਿਬ ਦੀ ਗੱਲ ਕੀਤੀ ਹੈ । ਸਰਦਾਰ ਦਰਬਾਰਾ ਸਿੰਘ ਨਹੀਂ ਗਏ । ਸਮਾਂ, ਸਪੀਕਰ ਸਾਹਿਬ, ਬਹੁਤ ਥੋੜ੍ਹਾ ਹੈ । ਮੈਂ ਉਨ੍ਹਾਂ ਨੁਕਤਿਆਂ ਨੂੰ ਦੁਬਾਰਾ ਨਹੀਂ ਦੁਹਰਾਉਣਾ ਚਾਹੁੰਦਾ ਜਿਨ੍ਹਾਂ ਬਾਰੇ ਯਸ਼ ਜੀ, ਕੈਪਟਨ ਸਾਹਿਬ ਜਾਂ ਸਰਦਾਰ ਦਰਬਾਰਾ ਸਿੰਘ ਨੇ ਕਹਿ ਦਿੱਤਾ ਹੋਵੇ । ਪਰ ਮੈਂ ਇਕ ਗਲ ਜ਼ਰੂਰ ਆਨਰੇਬਲ ਦੋਸਤਾਂ ਨੂੰ ਯਾਦ ਦਿਲਾਉਣਾ ਚਾਹੁੰਦਾ ਹਾਂ ਕਿ ਇਥੇ ਪਿਛਲੇ ਪੰਜ ਸਾਲਾਂ ਵਿਚ ਅਕਾਲੀ ਪਾਰਟੀ ਦੀ ਰਹਿਨੁਮਾਈ ਵਿੱਚ ਤਿੰਨ ਸਰਕਾਰਾਂ ਬਣੀਆਂ । ਇਹ ਅਫਸੋਸ ਦੀ ਗਲ ਹੈ ਕਿ ਇਨ੍ਹਾਂ ਤਿੰਨਾਂ ਸਰਕਾਰਾਂ ਵਿਚੋਂ ਦੋ ਸਰਕਾਰਾਂ ਨੌਵੇਂ ਮਹੀਨੇ ਦਫ਼ਤਰ ਵਿਚੋਂ ਨਿਕਲ ਜਾਂਦੀਆਂ ਸਨ ਅਤੇ ਤੀਜੀ ਸਰਕਾਰ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਸੀ ਉਹ ਵੀ ਚਲੀ ਗਈ । ਅਸੀਂ ਵੀ ਇਨ੍ਹਾਂ ਦੇ ਹਮਾਇਤੀ ਸੀ । ਤਿੰਨਾਂ ਸਰਕਾਰਾਂ ਦਾ ਪਿਛਲਾ ਰਿਕਾਰਡ, ਉਨ੍ਹਾਂ ਵੇਲੇ ਗੋਲੀਆਂ ਚਲਣ ਦਾ ਅਤੇ ਗੋਲੀਆਂ ਨਾਲ ਬੰਦੇ ਮਰਨ ਦਾ ਅਤੇ ਬੰਦਿਆਂ ਨੂੰ ਮਾਰਨ ਵਾਲਿਆਂ, ਵੇਖਿਆ ਜਾਵੇ ਅਤੇ ਮੁਕਾਬਲਾ ਕੀਤਾ ਜਾਵੇ ਤਾਂ ਤੁਸੀਂ ਇਸ ਗੱਲ ਤੇ ਮੇਰੇ ਨਾਲ ਇਤਫਾਕ ਰਖੋਗੇ ਕਿ ਇਹ ਪੰਜਾਬ ਦੀ ਪਹਿਲੀ ਸਰਕਾਰ ਹੈ ਜਿਸ ਨੇ ਕਿਸੇ ਦੇ ਕਹਿਣ ਤੋਂ ਬਿਨਾ ਹੀ ਇਨਕੁਆਇਰੀ ਕਰਾਈ । ਮੋਗੇ ਵਿੱਚ ਗੋਲੀ ਚਲੀ । ਇਸ ਕਰਕੇ ਚਲੀ ਕਿ ਸਿਨਮੇ ਦੀਆਂ ਟਿਕਟਾਂ ਦੇ ਘੱਟ ਪੈਸੇ ਦੇਣ ਵਾਸਤੇ ਰੌਲਾ ਵਧਿਆ ਅਤੇ ਉਸ ਰੌਲੇ ਵਿੱਚ ਗੋਲੀ ਚਲੀ । ਦੋ ਸਟੂਡੈਂਟਸ ਅਤੇ ਚਾਰ ਦੂਸਰੇ ਆਦਮੀ ਇਸ ਨਾਲ ਮਾਰੇ ਗਏ । ਅਕਾਲੀ ਪਾਰਟੀ ਅਤੇ ਦੂਸਰੀਆਂ ਪਾਰਟੀਆਂ ਨੇ ਪੂਰਾ ਯਤਨ ਕੀਤਾ ਕਿ ਸਾਡੇ ਤੇ ਇਲਜ਼ਾਮ ਲੱਗੇ । ਇਹ ਵੀ ਪਾਕਿਸਤਾਨ ਰੇਡੀਓ ਤੋਂ ਅਖਵਾਇਆ ਗਿਆ ਕਿ 60 ਆਦਮੀ ਮਰੇ ਹਨ। ਲੇਕਿਨ ਜਿਹੜੇ ਬੰਦੇ ਲਕੋਏ ਸਨ, ਛੁਪਾਏ ਸਨ ਉਹ ਲਿਆ ਕੇ ਹਾਈਕੋਰਟ ਦੇ ਸਾਹਮਣੇ ਪੇਸ਼ ਕੀਤੇ ਗਏ । ਜਿਨ੍ਹਾਂ ਬਾਰੇ ਕਿਹਾ ਗਿਆ ਸੀ ਕਿ ਮਰ ਗਏ ਹਨ । ਇਹ ਇਲਜ਼ਾਮ ਲਾਉਣ ਦੇ ਬਾਵਜੂਦ ਵੀ ਸਰਕਾਰ ਨੇ ਜੁਡੀਸ਼ਲ ਇਨਕੁਆਇਰੀ ਕਰਵਾਈ ਅਤੇ ਇਸ ਦੇ ਮੁਤਾਬਿਕ ਜੋ ਦੋਸ਼ੀ ਸਨ ਉਨ੍ਹਾਂ ਨੂੰ ਸਜ਼ਾਵਾਂ ਦਿੱਤੀਆਂ ਅਤੇ ਜਿਨ੍ਹਾਂ ਨੂੰ ਅਜੇ ਤੱਕ ਸਜ਼ਾਵਾਂ ਨਹੀਂ ਮਿਲੀਆਂ, ਉਸ ਦਾ ਕਾਰਣ ਸਿਰਫ ਇਹ ਹੈ ਕਿ ਆਈ.ਏ.ਐਸ. ਅਤੇ ਆਈ.ਪੀ.ਐਸ. ਨੂੰ ਕੋਈ ਸਜ਼ਾ ਦੇਣੀ ਹੋਵੇ ਤਾਂ ਸੈਂਟਰਲ ਗੌਰਮਿੰਟ ਨੂੰ ਲਿੱਖਣਾ ਪੈਂਦਾ ਹੈ । ਅਸੀਂ ਸੈਂਟਰਲ ਗੌਰਮਿੰਟ ਨੂੰ ਉਨ੍ਹਾਂ ਦੇ ਬਾਰੇ ਲਿਖਿਆ ਹੈ । ਸਪੀਕਰ ਸਾਹਿਬ, ਤੁਸੀਂ ਇਹ ਸੁਣ ਕੇ ਹੈਰਾਨ ਹੋਵੋਗੇ ਕਿ ਜਿਤਨੀਆਂ ਗੱਲਾਂ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਕਹੀਆਂ ਹਨ ਉਨ੍ਹਾਂ ਵਿਚ ਸ਼ਾਇਦ ਕੋਈ ਪੰਜ ਫੀ ਸਦੀ ਸਚਾਈ ਹੋਵੇ ਉਹ ਬੇਬੁਨਿਆਦ ਅਤੇ ਗਲਤ ਰਿਪੋਰਟਾਂ ਦੇ ਆਧਾਰ ਉਤੇ ਉਨ੍ਹਾਂ ਨੇ ਕਹੀਆਂ ਹਨ ।

ਪਿਛਲੇ ਸਾਲਾਂ ਨਾਲੋਂ ਹੁਣ ਕਰਾਈਸਜ਼ ਦੀ ਕੀ ਹਾਲਤ ਹੈ, ਇਹ ਮੈਂ ਦੱਸਣਾ ਚਾਹੁੰਦਾ ਹਾਂ । ਕਤਲ ਦੇ ਕੇਸ ਜਿਹੜੇ ਹਨ ਇਹ ਪਿਛਲੇ ਸਾਲ ਨਾਲੋਂ 71 ਘਟੇ ਹਨ । ਸੱਟਾਂ ਮਾਰਨ ਦੇ ਕੇਸ 71 ਘਟੇ ਹਨ। ਉਧਾਲੇ ਗਏ ਕੇਸ 37 ਘਟੇ ਹਨ ਅਤੇ ਡਕੈਤੀਆਂ ਦੇ ਕੇਸ 5 ਘਟੇ ਹਨ । ਜਨ੍ਹਾਬਿਲਜ਼ਬਰ ਦੇ ਕੇਸ 16 ਘਟੇ ਹਨ ਅਤੇ ਸੰਨ੍ਹ ਲਾਉਣ ਦੇ ਕੇਸ 71 ਘਟੇ ਹਨ । ਰਿਸ਼ਵਤਖੋਰੀ ਦੇ ਕਾਨੂੰਨ ਤਹਿਤ ਹੁਣ ਤੱਕ ਇਕ ਗਜ਼ਟਿਡ ਅਫਸਰ ਅਤੇ 18 ਗੈਰ-ਗਜ਼ਟਿਡ ਅਫਸਰ ਗ੍ਰਿਫਤਾਰ ਕੀਤੇ ਗਏ ਹਨ । ਗ੍ਰਿਫਤਾਰ ਕੀਤੇ ਗੁੰਡਿਆਂ ਦੀ ਗਿਣਤੀ 570 ਹੈ । ਜ਼ਖੀਰਾਅੰਦੋਜ਼ੀ ਦੇ ਸਬਧ ਵਿੱਚ ਇਨ੍ਹਾਂ ਨੇ ਕਿਹਾ ਹੈ ਕਿ ਜ਼ਖੀਰਾਅੰਦੋਜ਼ ਬਲੈਕਮਾਰਕਿਟ ਕਰਨ ਵਾਲੇ ਅਤੇ ਰਿਸ਼ਵਤਖੋਰ ਸਾਡੇ ਯਾਰ ਹਨ । ਮੈਨੂੰ ਅਫਸੋਸ ਹੈ ਕਿ ਸੀ.ਪੀ.ਆਈ. ਵਾਲੇ ਦੋਸਤ ਇਸ ਵੇਲੇ ਚਲੇ ਗਏ ਹਨ । ਉਨ੍ਹਾਂ ਨੇ ਕਿਤਨੀਆਂ ਕਿਤਨੀਆਂ

Original with;
Punjab Vidhan Sabha
Digitized by;
Panjab Digital Library

ਯਾਰੀਆਂ ਗਿਣਾਈਆਂ ਸਨ । ਮੈਂ ਉਨ੍ਹਾਂ ਦੇ ਮੁਤੱਲਿਕ ਕੁਝ ਨਹੀਂ ਕਹਿੰਦਾ । ਉਹ ਆਪ ਚਲੇ ਗਏ ਹਨ ਅਤੇ ਦੂਸਰਾ ਉਨ੍ਹਾਂ ਦਾ ਮਤਾ ਨਹੀਂ ਆ ਸਕਿਆ । ਇਸ ਲਈ ਮੈਂ ਕੁਝ ਨਹੀਂ ਕਹਿੰਦਾ । ਇੱਕ ਲਫਜ਼ ਜ਼ਰੂਰ ਕਹਿੰਦਾ ਹਾਂ ਕਿ ਉਨ੍ਹਾਂ ਨੂੰ ਅਫਸੋਸ ਇਸ ਗੱਲ ਦਾ ਹੈ ਕਿ ਯਾਰੀ ਸਾਡੇ ਨਾਲ ਕਿਉਂ ਨਹੀਂ ਰੱਖੀ ਗਈ, ਦੂਸਰਿਆਂ ਨਾਲ ਕਿਉਂ ਰੱਖੀ ਗਈ ਹੈ। ਇਸ ਗੱਲ ਦਾ ਉਨ੍ਹਾਂ ਨੂੰ ਦੁੱਖ ਹੈ ਜਿਹੜਾ ਕਿ ਉਹ ਕਹਿ ਗਏ ਹਨ । ਉਨ੍ਹਾਂ ਦਾ ਜ਼ਿਕਰ ਕਰਨਾ ਮੈਂ ਮੁਨਾਸਿਬ ਨਹੀਂ ਸਮਝਦਾ । ਡਾਂਗ ਸਾਹਿਬ ਜਿਹੜੀਆਂ ਗੱਲਾਂ ਕਰਕੇ ਗਏ ਹਨ ਉਹ ਭੁਲ ਗਏ ਸੀ ਕਿ ਜਿਸ ਵੇਲੇ ਅਕਾਲੀਆਂ ਦੀ ਲੀਡਰਸ਼ਿਪ ਸੀ, ਇਨ੍ਹਾਂ ਦੀ ਵਜ਼ਾਰਤ ਸੀ ਅਤੇ ਉਹ ਆਪ ਵਜ਼ੀਰ ਬਣੇ ਅਤੇ ਉਹ ਆਪ ਲੋਕਲ ਸੈਲਫ ਗੌਰਮਿੰਟ ਦੇ ਵਜ਼ੀਰ ਸਨ ਤਾਂ ਇਨ੍ਹਾਂ ਨੇ ਸ਼ਹਿਰਾਂ ਦੀ ਕੋਈ ਤਰੱਕੀ ਨਹੀਂ ਕੀਤੀ, ਕੋਈ ਪਲਾਨਿੰਗ ਨਹੀਂ ਕੀਤੀ ਅਤੇ ਨਾ ਹੀ ਚੋਣਾਂ ਕਰਵਾਈਆਂ ਅਤੇ ਉਹ ਡੈਮੋਕਰੇਸੀ ਦਾ ਸੱਬਕ ਅੱਜ ਸਾਨੂੰ ਸਿਖਾਉਣਾ ਚਾਹੁੰਦੇ ਹਨ ।

EXTENSION OF TIME OF THE SITTING

ਸ਼੍ਰੀ ਸਪੀਕਰ : ਹਾਊਸ ਦਾ ਸਮਾਂ ਬਾਦਲ ਸਾਹਿਬ ਦੇ ਜਵਾਬ ਦੇਣ ਅੱਤ ਵੋਟਿੰਗ ਤਕ ਰਹੇਗਾ । (The time of the sitting is extended till the reply of Mr. Badal and voting on the No-confidence Motion is completed).

DISCUSSION ON NO-CONFIDENCE MOTION (Resumption)

ਮੁੱਖ ਮੰਤਰੀ : ਕੋਈ ਗਲ ਨਹੀਂ, ਬਾਦਲ ਸਾਹਿਬ ਨੂੰ ਜਿਤਨਾ ਮਰਜ਼ੀ ਹੈ ਟਾਈਮ ਦੇ ਦਿਉ ।

ਸਪੀਕਰ ਸਾਹਿਬ, ਪੰਜਾਬ ਦੀ ਸਰਕਾਰ ਨੇ 37 ਬੰਦੇ ਡੀਫੈਂਸ ਆਫ ਇੰਡੀਆ ਰੂਲਜ਼ ਦੇ ਤਹਿਤ ਅਤੇ 144 ਬੰਦੇ ਇੰਡੀਆ ਹੋਰਡਿੰਗ ਐਕਟ ਦੇ ਥਲੇ ਫੜੇ । ਉਨ੍ਹਾਂ ਵਿੱਚੋਂ 13 ਨੂੰ ਸਜ਼ਾਵਾਂ ਹੋ ਚੁੱਕੀਆਂ ਹਨ । ਬਾਕੀਆਂ ਦੇ ਮੁਕੱਦਮੇ ਜਿਹੜੇ ਹਨ ਉਹ ਚਲਦੇ ਪਏ ਹਨ । ਬਾਦਲ ਸਾਹਿਬ ਨੇ ਇਹ ਜ਼ਿਕਰ ਕੀਤਾ ਕਿ ਜੈਤੋਂ ਵਿੱਚ ਜੋ ਕਿਸੇ ਨੇ ਫਾਇਰਿੰਗ ਕੀਤੀ ਸੀ ਉਸ ਨੂੰ ਪਕੜਿਆ ਨਹੀਂ ਗਿਆ । ਮੈਂ ਬਾਦਲ ਸਾਹਿਬ ਦੀ ਗਿਆਤ ਲਈ ਦੱਸ ਦੇਣਾ ਚਾਹੁੰਦਾ ਹਾਂ ਕਿ ਉਹ ਪਕੜੇ ਗਏ ਹਨ । ਬਾਦਲ ਜੀ ਅੱਤ ਡਾਕਟਰ ਸਾਹਿਬ ਮੈਨੂੰ ਮਿਲੇ ਸਨ । ਡਾਕਟਰ ਸਾਹਿਬ ਨੇ ਮੰਨਿਆ ਕਿ ਕਿਸੇ ਦੀ ਮੀਟਿੰਗ ਡਿਸਟਰਬ ਕਰਨ ਵਾਲੀ ਗਲਤ ਗੱਲ ਹੈ । ਤੁਹਾਡੀ ਗਿਆਤ ਲਈ, ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਸਮਾਣੇ ਵਿੱਚ ਇਨ੍ਹਾਂ ਦੀ ਪਾਰਟੀ ਨੇ ਮੁਜ਼ਾਰੇ ਕਰਵਾਏ । ਉਸ ਦੇ ਬਾਅਦ ਕਲ੍ਹ ਦੀ ਹੀ ਗੱਲ ਹੈ । ਨਾਭੇ ਵਿੱਚ ਸਰਦਾਰ ਨਿਰੰਜਨ ਸਿੰਘ ਤਾਲਿਬ ਦਾ ਜਨਮ ਸਥਾਨ ਹੈ, ਕੋਈ ਪੁਲੀਟੀਕਲ ਗਲ ਨਹੀਂ ਸੀ । ਉਨ੍ਹਾਂ ਨੇ ਆਦਰ ਸਨਮਾਨ ਦਿੱਤਾ ਸੀ, ਸੱਦਿਆ ਸੀ । ਉਥੇ ਪਬਲਿਕ ਰੀਸੈਪਸ਼ਨ ਦਿੱਤੀ ਹੈ। ਅਕਾਲੀਆਂ ਦੇ ਵਰਕਰ ਨੇ ਖਾਣਾ ਦਿੱਤਾ । ਲੇਕਿਨ ਹੈਰਾਨੀ ਦੀ ਗਲ ਇਹ ਹੈ ਕਿ ਤਿੰਨ ਆਦਮੀ ਕਾਲੀਆਂ ਝੰਡੀਆਂ ਲੈ ਕੇ ਅੰਦਰ ਆ ਵੜੇ ਅਤੇ ਉਨ੍ਹਾਂ ਨੇ ਜਿਥੇ ਮੀਟਿੰਗ ਹੋ ਰਹੀ ਸੀ ਉਸ ਨੂੰ ਡਿਸਟਰਬ ਕੀਤਾ । ਖੈਰ ਉਨ੍ਹਾਂ ਨੇ ਉਹ ਵੀ ਆਪਣਾ ਸ਼ਸ ਪੂਰਾ ਕਰ ਲਿਆ । ਕਾਂਗਰਸੀਆਂ ਨੇ ਕਿਹਾ ਕਿ ਅਕਾਲੀਆਂ ਦੀ ਰੋਟੀ ਖਾਣ ਕਿਉਂ ਚਲੇ ਹੋ । ਮੈਂ ਦੱਸਣਾ ਚਾਹੁੰਦਾ ਹਾਂ ਕਿ ਉਹ ਫੰਕਸ਼ਨ ਕੋਈ ਕਾਂਗਰਸ ਵਾਸਤੇ ਨਹੀਂ ਸੀ । ਵਰਕਰ ਦੇ ਘਰ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਰੋਟੀ ਖਾਣ ਗਏ, ਮੈਂ ਵੀ ਗਿਆ, ਸਰਦਾਰ ਗੁਰਦਰਸ਼ਨ ਸਿੰਘ ਜੀ ਵੀ ਗਏ । ਜਦੋਂ ਅਸੀਂ ਰੋਟੀ ਖਾਣ ਗਏ ਤਾਂ ਅਗੋਂ ਉਹ ਹੀ ਵਿਅੱਕਤੀ ਵੇਖੇ ਜਿਹੜੇ ਕਿ ਉਥੇ ਕਾਲੀਆਂ ਝੰਡੀਆਂ ਲੈ ਕੇ ਖੜੇ ਸਨ । ਫਿਰ ਉਨ੍ਹਾਂ ਨੇ ਹਾਰ ਵੀ ਪਾਏ । (ਵਿਘਨ)

Mr Speaker : Order, please.

ਮੁੱਖ ਮੰਤਰੀ : ਉਥੇ ਫਾਇਰਿੰਗ ਕੀਤੀ ਗਈ ਪਰ ਮੈਂ ਇਹ ਦੱਸ ਦੇਵਾਂ ਕਿ ਮੈਂ ਸਜ਼ਾ ਦੇਣ ਤੋਂ ਨਹੀਂ ਝਿਜਕਾਂਗਾ । ਕਾਂਗਰਸ ਪਾਰਟੀ ਦੇ ਇਤਿਹਾਸ ਵਿੱਚ ਇੱਕ ਇਲੈਕਸ਼ਨ ਵੀ ਨਹੀਂ ਆਈ ਜਦੋਂ ਕਿ ਅਕਾਲੀਆਂ ਨਾਲੋਂ ਵੱਧ ਵੋਟਾਂ ਨਾ ਲਈਆਂ ਹੋਣ ਅਤੇ ਕਦੇ ਇਸ ਪਾਰਟੀ ਨੇ ਜਲਸੇ ਜਲੂਸ ਡਿਸਟਰਬ ਨਹੀਂ ਕੀਤੇ । ਇਸ ਲਈ ਮੈਂ ਇਹ ਬੇਨਤੀ ਕਰਾਂਗਾ ਕਿ ਤੁਸੀਂ ਆਪਣੇ ਬੰਦਿਆਂ ਨੂੰ ਰੋਕੋ । ਤੁਸੀਂ ਡਿਕਟੇਟਰਸ਼ਿਪ ਵੱਲ ਨਾ ਵਧੋ । ਇਸ ਲਈ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਜੈਤੋਂ ਵਾਲੇ ਹਨ ਉਨ੍ਹਾਂ ਦੋਹਾਂ ਨੂੰ ਵੀ ਪਕੜਾਂਗਾ । ਇਹ ਨਹੀਂ ਕਿ ਇਕ ਨੂੰ ਹੀ ਪਕੜਾਂ । ਇਕ ਕਾਂਗਰਸੀ ਲੀਡਰ ਹੈ ਉਸਦੇ ਸਿਰ ਉੱਤੇ ਸੱਟਾਂ ਮਾਰਕੇ ਸਿਰ ਪਾੜ ਦਿੱਤਾ ਹੈ । ਮੈਂ ਕਹਾਂਗਾ ਕਿ ਮੈਂ ਦੋਨਾਂ ਨੂੰ ਪਕੜਨਾ ਚਾਹੁੰਦਾ ਹਾਂ, ਜਿਨ੍ਹਾਂ ਨੇ ਸਿਰ ਪਾੜਿਆ ਹੈ ਅੰਰ ਜਿਨ੍ਹਾਂ ਨੇ ਰਾਈਫਲ ਨਾਲ ਫਾਇਰ ਕੀਤਾ ਹੈ ।

ਫਿਰ ਕਿਹਾ ਗਿਆ ਕਿ ਪੈਟਰੋਲ ਪੰਪਾਂ ਤੇ ਹੀ ਲੁਟ ਲਿਆ ਜਾਂਦਾ ਹੈ । ਮੈਂ ਇਹ ਗੱਲ ਦੱਸ ਦੇਵਾਂ ਕਿ ਇਸ ਸਾਲ ਰਾਹਜ਼ਨੀ ਦੀਆਂ, ਡਕਾਇਤੀ ਦੀਆਂ ਜਿਤਨੀਆਂ ਵਾਰਦਾਤਾਂ ਹੋਈਆਂ ਹਨ ਇਹ ਪਹਿਲੇ ਨਾਲੋਂ 13 ਘੱਟ ਹਨ । ਪੈਟਰੋਲ ਪੰਪਾਂ ਨੂੰ ਕੌਣ ਲੁੱਟਦੇ ਹਨ ? ਇਸ ਦੀ ਡੀਟੇਲ ਵਿਚ ਮੈਂ ਨਹੀਂ ਜਾਣਾ ਚਾਹੁੰਦਾ । ਰਾਤ ਨੂੰ ਚੱਲਣ ਵਾਲੀਆਂ ਬੱਸਾਂ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ । ਆਪਣਾ ਆਧਾਰ ਉਨ੍ਹਾਂ ਨੇ ਟਰੀਬਿਊਨ ਨੂੰ ਬਣਾਇਆ ਹੈ । ਸਾਰਿਆਂ ਦੀ ਇਨਫਰਮੇਸ਼ਨ ਲਈ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਮੋਰਿੰਡੇ ਦੇ ਨੇੜੇ ਜਿਹੜੀ ਘਟਨਾ ਹੋਈ ਹੈ ਉਹ ਡਾਕਾ ਨਹੀਂ ਸੀ । ਉਥੇ ਐਕਸਾਈਜ਼ ਮਹਿਕਮੇ ਦੇ ਅਧਿਕਾਰੀਆਂ ਵਲੋਂ ਚੈਕਿੰਗ ਕੀਤੀ ਗਈ ਸੀ, ਕਿਸੇ ਨੇ ਡਾਕਾ ਨਹੀਂ ਮਾਰਿਆ । ਜੇਕਰ ਅਸੀਂ ਨਾਜਾਇਜ਼ ਅਫੀਮ ਪਕੜੀਏ, ਨਾਜਾਇਜ਼ ਸ਼ਰਾਬ ਪਕੜੀਏ, ਤਾਂ ਇਹ ਉਸ ਨੂੰ ਵੀ ਡਾਕਾ ਸਮਝਦੇ ਹਨ । ਮੈਂ ਤਾਂ ਸਿਰਫ ਇਹ ਹੀ ਕਹਾਂਗਾ ਕਿ ਪਰਮਾਤਮਾ ਇਨ੍ਹਾਂ ਨੂੰ ਸਮਰੱਥ ਬਖਸ਼ੇ । ਪਰ ਇਹ ਅਸਲੀਅਤ ਨੂੰ ਵੇਖ ਲਿਆ ਕਰਨ ਫਿਰ ਜਿਹੜਾ ਵੀ ਇਲਜ਼ਾਮ ਇਨ੍ਹਾਂ ਨੇ ਲਗਾਉਣਾ ਹੋਵੇ ਬੜੀ ਖੁਸ਼ੀ ਨਾਲ ਲਗਾਉਣ ।

ਸਪੀਕਰ ਸਾਹਿਬ, ਬਾਦਲ ਸਾਹਿਬ, ਕਹਿ ਰਹੇ ਸਨ ਕਿ....

ਸਰਦਾਰ ਅਜਾਇਬ ਸਿੰਘ ਸੰਧੂ : ਅਸਤੀਫਾ ਦੇ ਦਿਉ । ਉਨ੍ਹਾਂ ਦੀ ਗਲ ਮੰਨ ਲਉ । (ਹਾਸਾ)

ਮੁੱਖ ਮੰਤਰੀ : ਅਸਤੀਫੇ ਦਾ ਸੁਪਨਾ ਤਾਂ ਅਕਾਲੀਆਂ ਨੂੰ ਹੀ ਆਉਂਦਾ ਰਹਿੰਦਾ ਹੈ ਅੰਰ ਇਹ ਆਉਂਦਾ ਹੀ ਰਹਿਣਾ ਹੈ । ਜੇਕਰ ਇਨ੍ਹਾਂ ਦਾ ਵੱਸ ਚਲੇ ਤਾਂ ਅਸੀਂ ਇਥੇ ਨਾ ਆਉਂਦੇ । ਅਸੀਂ ਤਾਂ ਆਏ ਹਾਂ ਕਿਉਂਕਿ ਸਾਨੂੰ ਜਨਤਾ ਨੇ ਭੇਜਿਆ ਹੈ । ਤੁਸੀਂ ਆਏ ਸੀ, ਕਿਉਂਕਿ ਤੁਹਾਨੂੰ ਜਨਤਾ ਨੇ ਭੇਜਿਆ ਸੀ । ਸਪੀਕਰ ਸਾਹਿਬ, ਇਥੇ ਤਾਰਾ ਸਿੰਘ ਬਾਰੇ ਗੱਲ ਹੋਈ ਮੈਂ ਤਾਂ ਇਹ ਬੇਨਤੀ ਕਰਾਂਗਾ ਕਿ ਕਿਰਪਾ ਕਰਕੇ ਜਿਹੜੀ ਇਨਫਰਮੇਸ਼ਨ ਇਨ੍ਹਾਂ ਪਾਸ ਹੈ, ਉਹ ਵੀ ਸਾਨੂੰ ਦੱਸ ਦੇਣ ।

Original with;
Punjab Vidhan Sabha
Digitized by;
Panjab Digital Library

ਫਿਰ, ਸਪੀਕਰ ਸਾਹਿਬ, ਕੋਆਪ੍ਰੇਟਿਵ ਸੋਸਾਇਟੀਆਂ ਬਾਰੇ ਜੋਸ਼ ਜੀ ਨੇ ਦੱਸ ਦਿੱਤਾ ਹੈ । ਇਸ ਬਾਰੇ ਤਾਂ ਮੈਂ ਇਕ ਗੱਲ ਦੱਸਣਾ ਚਾਹੁੰਦਾ ਹਾਂ ਕਿ ਕੋਆਪ੍ਰੇਟਿਵ ਸੋਸਾਇਟੀਆਂ ਵਿਚ ਪੂਰੇ ਡੈਮੋਕ੍ਰੇਟਿਕ ਤਰੀਕੇ ਨਾਲ ਚੋਣ ਕਰਵਾਏ ਗਏ ਹਨ । (ਵਿਘਨ)

Mr. Speaker : No interruptions please.

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਜ਼ੋਰ ਨਾਲ, ਝਗੜਾ ਪਾ ਕੇ, ਅਫਸਰਾਂ ਨੂੰ ਡਰਾ ਕੇ ਉਨ੍ਹਾਂ ਤੋਂ ਗਲਤ ਕੰਮ ਕਰਾਉਣਾ ਚਾਹੁੰਦੇ ਸਨ ਪਰ ਉਨ੍ਹਾਂ ਨੇ ਨਹੀਂ ਕੀਤਾ । ਇਹ ਆਪਣੇ ਬੰਦੇ ਲਿਆਉਣਾ ਚਾਹੁੰਦੇ ਸਨ ਪਰ ਲੋਕਾਂ ਨੇ ਇਨ੍ਹਾਂ ਨੂੰ ਵੋਟ ਨਹੀਂ ਦਿੱਤੇ । ਇਸ ਵਿੱਚ ਅਫਸਰਾਂ ਨੇ ਕੋਈ ਗਲਤ ਗੱਲ ਨਹੀਂ ਕੀਤੀ । (ਸਰਦਾਰ ਅਜਾਇਬ ਸਿੰਘ ਸੰਧੂ ਜੀ ਵਲੋਂ ਵਿਘਨ)

ਸਰਦਾਰ ਬਲਵਿੰਦਰ ਸਿੰਘ ਭੁੰਦੜ : ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਜਿਸ ਤਰ੍ਹਾਂ ਇਨ੍ਹਾਂ ਨੇ ਕਿਹਾ ਹੈ ਕਿ ਸਾਨੂੰ ਜਨਤਾ ਨੇ ਵੋਟਾਂ ਨਹੀਂ ਦਿੱਤੀਆਂ ਪਰ ਬਠਿੰਡਾ ਕੋਆਪਰੇਟਿਵ ਸੈਂਟਰਲ ਬੈਂਕ ਦੀ ਚੋਣ ਹੋਈ ਉਥੇ ਜਨਤਾ ਨੇ ਸਾਡਾ ਸਾਥ ਕਿਉਂ ਦਿੱਤਾ ਹੈ ?

ਮੁੱਖ ਮੰਤਰੀ : ਮੈਂ ਵੀ ਤਾਂ ਇਹੀ ਕਹਿੰਦਾ ਹਾਂ ਕਿ ਜਿੱਥੇ ਜਨਤਾ ਨੇ ਤੁਹਾਨੂੰ ਵੋਟਾਂ ਦਿੱਤੀਆਂ ਉਥੇ ਤੁਸੀਂ ਆ ਗਏ, ਜਿਥੇ ਸਾਨੂੰ ਦਿੱਤੀਆਂ ਉਥੇ ਅਸੀਂ ਆ ਗਏ । (ਵਿਘਨ)

ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਭਾਵੇਂ ਕੋਈ ਮੈਂਬਰ ਵਿਰੋਧੀ ਧਿਰ ਦਾ ਹੋਵੇ ਤੇ ਭਾਵੇਂ ਦੂਸਰੇ ਪਾਸੇ ਦਾ, ਅਸੀਂ ਜ਼ਾਤੀ ਤੌਰ ਤੇ ਇਕ ਦੂਸਰੇ ਦੇ ਖਿਲਾਫ ਨਹੀਂ ਹਾਂ ਅੌਰ ਨਾ ਹੀ ਹੋਣਾ ਚਾਹੀਦਾ ਹੈ । ਬਾਦਲ ਸਾਹਿਬ ਵੀ ਮੇਰੇ ਦੋਸਤ ਹਨ ਅੌਰ ਇਹ ਵੀ ਮੇਰੇ ਦੋਸਤ ਹਨ । ਇਨ੍ਹਾਂ ਨੇ ਦੱਸਿਆ ਹੈ ਕਿ ਬਠਿੰਡੇ ਵਿੱਚ ਅਕਾਲੀ ਜਿੱਤ ਗਏ ਹਨ । ਮੈਂ ਬਾਦਲ ਸਾਹਿਬ ਨੂੰ ਕਹਾਂਗਾ ਕਿ ਉਹ ਤੇਰੇ (ਸਰਦਾਰ ਬਲਵਿੰਦਰ ਸਿੰਘ ਭੁੰਦੜ ਵੱਲ ਇਸ਼ਾਰਾ ਕਰਦੇ ਹੋਏ) ਤੇ ਬੇ-ਪਰਤੀਤੀ ਨਹੀਂ ਕਰਨ ਲਗੇ । ਦੋਸਤੀਆਂ ਨਿਭਦੀਆਂ ਹੀ ਹੁੰਦੀਆਂ ਹਨ । (ਵਿਘਨ)

ਸਪੀਕਰ ਸਾਹਿਬ, ਦਿਆਲ ਪੁਰ ਥਾਣੇ ਦਾ ਜ਼ਿਕਰ ਕੀਤਾ ਗਿਆ ਹੈ । ਉਥੇ ਜਿਤਨੇ ਵੀ ਕਰਮਚਾਰੀ ਸਨ ਉਨ੍ਹਾਂ ਨੂੰ ਸੱਸਪੈਂਡ ਕੀਤਾ ਹੈ । ਕਿਸੇ ਦਾ ਲਿਹਾਜ਼ ਨਹੀਂ ਕੀਤਾ ਗਿਆ । ਇਹੋ ਜਿਹੇ ਵਾਕਿਆਤ ਹੋ ਹੀ ਜਾਇਆ ਕਰਦੇ ਹਨ । ਪਰ ਵੇਖਣਾ ਇਹ ਹੁੰਦਾ ਹੈ ਕਿ ਤੁਰੰਤ ਐਕਸ਼ਨ ਲਿਆ ਹੈ ਜਾਂ ਨਹੀਂ ।

ਸਰਦਾਰ ਹਰਬੰਸ ਸਿੰਘ ਜਲਾਲ : ਇਹ ਐਕਸ਼ਨ ਧਾਰਾ 201 ਦੇ ਤਹਿਤ ਨਹੀਂ ਲਿਆ, ਸਿਰਫ ਜੋ ਕੁਝ ਕੀਤਾ ਹੈ ਉਹ ਲੋਕਾਂ ਦੇ ਅੱਖੀਂ ਘੱਟਾ ਪਾਉਣ ਦੀ ਖਾਤਰ ਕੀਤਾ ਹੈ । ਅਸਲੀ ਗੁਨਾਹਗਾਰ ਐਸ.ਐਚ.ਓ. ਨੂੰ ਬਚਾਉਣ ਦੀ ਖਾਤਰ ਪੰਚਾਇਤ ਜੋ ਬੇਗੁਨਾਹ ਹੈ, ਨੂੰ ਗੁਨਾਹਗਾਰ ਬਣਾ ਦਿੱਤਾ ਗਿਆ ਹੈ ।

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਨੂੰ ਕਹਾਂਗਾ ਕਿ ਜਿਸ ਤਰ੍ਹਾਂ ਇਹ ਕਹਿੰਦੇ ਹਨ ਕਿ ਸਾਰੇ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਇਆ ਗਿਆ, ਜਿਨ੍ਹਾਂ ਨੇ ਪਾਇਆ ਉਨ੍ਹਾਂ ਬਾਰੇ ਮੈਨੂੰ ਦੱਸਿਆ ਜਾਵੇ ਤੇ ਹੋਰ ਇਨਫਰਮੇਸ਼ਨ ਵੀ ਦੱਸੋ, ਸਾਰਿਆਂ ਨਾਲ ਇਨਸਾਫ ਕੀਤਾ ਜਾਵੇਗਾ ਅਤੇ ਉਨ੍ਹਾਂ ਲੋਕਾਂ ਨੂੰ ਸਜ਼ਾ ਦਿੱਤੀ ਜਾਵੇਗੀ ਅਤੇ ਕੋਈ ਢਿਲ ਨਹੀਂ ਵਰਤੀ ਜਾਵੇਗੀ ।

ਇਸ ਤੋਂ ਅੱਗੇ ਮਿਉਂਸਪਲ ਕਮੇਟੀਆਂ ਦੇ ਬਾਰੇ ਯਸ਼ ਜੀ ਨੇ ਜ਼ਿਕਰ ਕਰ ਦਿੱਤਾ ਹੈ । ਇਸ ਦੇ ਨਾਲ ਹੀ ਮੈਂ ਸਰਦਾਰ ਪਰਕਾਸ਼ ਸਿੰਘ ਜੀ ਨੂੰ ਕਹਿ ਦੇਵਾਂ ਕਿ ਕੋਆਪਰੇਟਿਵ ਸੋਸਾਇਟੀਆਂ ਅਤੇ ਪੰਚਾਇਤਾਂ ਦੇ ਇਲੈਕਸ਼ਨਾਂ ਨੂੰ ਹੋਇਆਂ 8-9 ਸਾਲ ਹੋ ਗਏ ਸਨ ਅਤੇ ਇਹ ਤਿੰਨ ਰਾਜਾਂ ਦੀ ਲੀਡਰਸ਼ਿਪ ਵਿਚੋਂ ਨਿਕਲ ਗਏ ਪਰ ਇਸ ਬਾਰੇ ਕਿਸੇ ਨੇ ਨਾਂ ਨਹੀਂ ਲਿਆ । ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਕਿ ਲੋਕਾਂ ਨੂੰ ਸਾਡੇ ਤੇ ਭਰੋਸਾ ਨਹੀਂ ਸੀ । 9 ਸਾਲ ਤਕ ਪੰਚਾਇਤਾਂ ਦੇ ਇਲੈਕਸ਼ਨ ਨਹੀਂ ਕਰਾਏ ਗਏ ਅਤੇ ਇਸ ਦੌਰਾਨ ਇਨ੍ਹਾਂ ਦੀਆਂ ਸਰਕਾਰਾਂ ਸਨ ਅਤੇ ਸਾਨੂੰ ਕਹਿੰਦੇ ਹਨ ਕਿ ਲੋਕਾਂ ਨੂੰ ਸਾਡੇ ਤੇ ਭਰੋਸਾ ਨਹੀਂ ਹੈ । ਇਨ੍ਹਾਂ ਨਿਰਪੱਖ ਚੋਣਾਂ ਦਾ ਨਤੀਜਾ ਇਹ ਹੈ ਕਿ ਸਭ ਤੋਂ ਘੱਟ ਇਲੈਕਸ਼ਨ ਪੈਟੀਸ਼ਨਾਂ ਹੋਈਆਂ ਹਨ ਅਤੇ ਇਸ ਤੋਂ ਪਹਿਲਾਂ ਜਿੰਨੀ ਵਾਰੀ ਵੀ ਚੋਣਾਂ ਹੋਈਆਂ, ਬੜੀਆਂ ਭਾਰੀ ਇਲੈਕਸ਼ਨ ਪੈਟੀਸ਼ਨਜ਼ ਹੁੰਦੀਆਂ ਸਨ । ਫਿਰ ਇੱਕ ਗੱਲ ਜਿਹੜੀ ..

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਇਨ੍ਹਾਂ ਤੋਂ ਪਹਿਲੀਆਂ ਸਰਕਾਰਾਂ ਨੇ ਚੋਣਾਂ ਨਹੀਂ ਕਰਾਈਆਂ.....

ਸ਼੍ਰੀ ਸਪੀਕਰ : ਉਹ ਇਹ ਨਹੀਂ ਕਹਿ ਰਹੇ ਜੀ । (He has not said so.)

ਡਾਕਟਰ ਬਲਦੇਵ ਪ੍ਰਕਾਸ਼ : ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਾਂਗਰਸ ਸਰਕਾਰ ਨੇ ਜਿਹੜਾ 1954 ਦੇ ਵਿੱਚ ਅੰਮ੍ਰਿਤਸਰ ਮਿਉਂਸਪਲ ਕਮੇਟੀ ਦਾ ਇਲੈਕਸ਼ਨ ਕਰਵਾਇਆ ਸੀ, ਉਸ ਤੋਂ 13 ਸਾਲ ਬਾਅਦ 1967 ਵਿੱਚ ਸਾਂਝੇ ਮੋਰਚੇ ਦੀ ਸਰਕਾਰ ਨੇ ਚੋਣ ਕਰਵਾਈ ਸੀ, 13 ਸਾਲ ਕਾਂਗਰਸ ਨੇ ਚੋਣ ਨਹੀਂ ਕਰਾਏ ।

ਮੁੱਖ ਮੰਤਰੀ : ਡਾਕਟਰ ਸਾਹਿਬ ਨੇ ਬੜੀ ਚੰਗੀ ਗੱਲ ਦਸੀ ਹੈ । ਡਾਕਟਰ ਸਾਹਿਬ ਉਸ ਵੇਲੇ ਆਪ ਲੋਕਲ ਬਾਡੀਜ਼ ਦੇ ਮਨਿਸਟਰ ਸਨ ।

ਇਕ ਆਵਾਜ਼ : ਲੋਕਲ ਬਾਡੀਜ਼ ਦਾ ਮਹਿਕਮਾ ਡਾਂਗ ਸਾਹਿਬ ਕੋਲ ਸੀ ।

ਮੁੱਖ ਮੰਤਰੀ : ਇਹ ਇਕੱਠੇ ਹੀ ਸਨ ਇਹ ਵੀ ਚੰਗਾ ਕੀਤਾ ਕਿ ਬਾਕੀ ਪੰਜਾਬ ਦੀਆਂ 104 ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਭਾਵੇਂ ਇਹ ਨਹੀਂ ਕਰਾ ਸਕੇ, ਪਰ ਅੰਮ੍ਰਿਤਸਰ ਦਾ ਤਾਂ ਕਰਾ ਲਿਆ ਸੀ, ਇਹ ਬੜੀ ਚੰਗੀ ਗੱਲ ਸੀ । (ਹਾਸਾ)

ਸਾਡੇ ਪਾਸ ਅੰਦਾਜ਼ਨ 5 ਕਰੋੜ ਰੁਪਏ ਦੀ ਖਾਦ ਮਾਰਕਫੈਡ ਦੇ ਪਾਸ ਅੌਰ ਕੁਝ ਅੌਗਰੋ ਇੰਡਸਟਰੀਜ਼ ਕਾਰਪੋਰੇਸ਼ਨ ਦੇ ਪਾਸ ਸੀ । ਅਸੀਂ ਪਹਿਲਾਂ ਇਹ ਸੋਚਿਆ ਕਿ ਇਹ ਖਾਦ ਪੁਰਾਣੀ ਕੀਮਤ ਉਤੇ ਹੀ ਦਿੱਤੀ ਜਾਵੇ । ਲੇਕਿਨ ਜਦੋਂ ਇਹ ਫੈਸਲਾ ਕੀਤਾ ਗਿਆ

Original with;
Punjab Vidhan Sabha
Digitized by;
Panjab Digital Library

ਤਾਂ ਵੀ ਇਨ੍ਹਾਂ ਨੂੰ ਪਸੰਦ ਨਹੀਂ ਆਇਆ । ਇਹ ਵੀ ਤਾਂ ਮੁੱਖ ਮੰਤਰੀ ਰਹੇ ਹਨ, ਬਰਨਾਲਾ ਸਾਹਿਬ ਵੀ, ਬਾਜਵਾ ਸਾਹਿਬ ਵੀ ਅਤੇ ਹੋਰ ਵੀ ਇਨ੍ਹਾਂ ਦੇ ਕਈ ਸਾਥੀ ਤਜ਼ਰਬੇਕਾਰ ਸਨ , ਇਨ੍ਹਾਂ ਦੀ ਸਰਕਾਰ ਨੇ ਕਿਹੜੇ ਕਿਹੜੇ ਫ਼ੈਸਲੇ ਕੀਤੇ । ਮੈਂ ਸਰਦਾਰ ਜੀ ਨੂੰ ਇਹ ਕਹਿ ਰਿਹਾ ਕਿ ਜਦੋਂ ਕੋਈ ਸਾਂਝਾ ਕੰਮ ਹੋਵੇ, ਲੋਕਾਂ ਦੇ ਭਲੇ ਵਾਸਤੇ ਹੋਵੇ ਤਾਂ ਸਾਰਿਆਂ ਨੂੰ ਉਸ ਦੀ ਹਿਮਾਇਤ ਕਰਨੀ ਚਾਹੀਦੀ ਹੈ । ਸੋ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਖਾਦ ਪੁਰਾਣੀ ਕੀਮਤ ਤੇ ਦੇਣ ਦਾ ਫੈਸਲਾ ਕੀਤਾ ਗਿਆ ਤਾਂ ਕੁਝ ਆਦਮੀਆਂ ਨੇ ਪੁਰਾਣੀ ਕੀਮਤ ਤੇ ਲੈ ਕੇ ਬਲੈਕ ਕਰਨੀ ਸ਼ੁਰੂ ਕਰ ਦਿੱਤੀ । ਕੁਝ ਆਦਮੀ ਇਸ ਖਾਦ ਨੂੰ ਸਸਤੀ ਲੈ ਕੇ ਹਰਿਆਣੇ ਅਤੇ ਰਾਜਸਥਾਨ ਵਿਚ ਬਲੈਕ ਵਿਚ ਵੇਚੀ ਜਾਂਦੇ ਸਨ । ਇਸ ਕਰਕੇ ਸਰਕਾਰ ਨੇ ਇਸ ਬਾਰੇ ਦੁਬਾਰਾ ਫੈਸਲਾ ਕੀਤਾ ਕਿ ਵਧੀ ਹੋਈ ਕੀਮਤ ਨਾਲ ਤਕਰੀਬਨ 5 ਕਰੋੜ ਰੁਪਿਆ ਵੱਧ ਮਾਰਕਫੈਡ ਕੋਲ ਆਵੇਗਾ । ਜਿਨ੍ਹਾਂ ਕਿਸਾਨਾਂ ਕੋਲ 10 ਏਕੜ ਤਕ ਜ਼ਮੀਨ ਹੈ, ਛੋਟਾ ਕਿਸਾਨ ਹੈ, ਉਸ ਨੂੰ ਇਸ ਰੁਪਏ ਵਿਚ ਹਿੱਸੇਦਾਰ ਬਣਾਇਆ ਜਾਵੇਗਾ । ਜਿੰਨੀ ਵੀ ਖਾਦ ਉਹ ਕਿਸਾਨ ਖਰੀਦਣਗੇ ਅਤੇ ਜਿਹੜੀ ਵੱਧ ਕੀਮਤ ਦੇਣਗੇ, ਉਨ੍ਹਾਂ ਦਾ ਹਿੱਸਾ ਕੋਆਪਰੇਟਿਵ ਵਿੱਚ ਪਾ ਕੇ ਇਥੇ ਕੋਆਪ੍ਰੇਟਿਵ ਸੈਕਟਰ ਵਿੱਚ 20 ਕਰੋੜ ਦੀ ਇੰਡਸਟਰੀ ਲਗਾਉਣ ਦਾ ਫੈਸਲਾ ਕੀਤਾ ਹੈ ਅਤੇ ਉਸ 20 ਕਰੋੜ ਦੀ ਇੰਡਸਟਰੀ ਵਿਚ ਉਨ੍ਹਾਂ ਦਾ ਚੌਥਾ ਹਿੱਸਾ ਹੋਵੇਗਾ ਜਿਨ੍ਹਾਂ ਕਿਸਾਨਾਂ ਨੂੰ ਇਹ ਖਾਦ ਪੁਰਾਣੀ ਕੀਮਤ ਤੇ ਖਰੀਦਣੀ ਪਵੇਗੀ । ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਕਰਨ ਨਾਲ ਅਸੀਂ ਛੋਟੇ ਕਿਸਾਨ ਦਾ ਭਲਾ ਕੀਤਾ ਹੈ । ਮੈਨੂੰ ਖੁਸ਼ੀ ਹੈ ਕਿ ਬਾਦਲ ਸਾਹਿਬ ਨੇ ਅੱਜ ਇਥੇ ਡਟ ਕੇ ਵਾਅਦਾ ਕੀਤਾ ਹੈ ਅਤੇ ਖਾਸ ਤੌਰ ਤੇ ਇਕ ਤਕੜੇ ਲੈਂਡਲਾਰਡ ਦਾ ਵਾਅਦਾ ਮਾਇਨੇ ਰੱਖਦਾ ਹੈ। ਹੋਰ ਵੀ ਵੱਡੇ ਲੈਂਡਲਾਰਡ ਹਨ, ਸਾਡੀ ਪਾਰਟੀ ਵਿੱਚ ਵੀ ਹਨ, ਤੁਹਾਡੀ ਪਾਰਟੀ ਵਿੱਚ ਵੀ ਹਨ ਅਤੇ ਇਹ ਬੜੀ ਚੰਗੀ ਗੱਲ ਹੈ ਕਿ ਸਾਰੇ ਆਪਣੀਆਂ ਜਾਇਦਾਦਾਂ ਛੱਡਣ ਨੂੰ ਤਿਆਰ ਹਨ । ਅੱਜ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਇਹ ਵਾਅਦਾ ਕੀਤਾ ਹੈ ਕਿ ਉਹ ਇਸ ਹੱਕ ਵਿਚ ਹਨ ਕਿ ਜਿਹੜਾ ਵੱਡਾ ਲੈਂਡ ਲਾਰਡ ਹੈ ਉਨ੍ਹਾਂ ਦਾ ਭਾਵੇਂ ਕੁਝ ਹੋਵੇ, ਉਨ੍ਹਾਂ ਨੂੰ ਭਾਵੇਂ ਕੁੱਝ ਦਿੱਤਾ ਜਾਵੇ ਭਾਵੇਂ ਨਾ ਪਰ ਜਿਹੜਾ ਛੋਟਾ ਕਿਸਾਨ ਹੈ ਉਸ ਦੀ ਮਦਦ ਜ਼ਰੂਰ ਕੀਤੀ ਜਾਣੀ ਚਾਹੀਦੀ ਹੈ । ਇਸ ਗਲ ਦੀ ਮੈਨੂੰ ਖੁਸ਼ੀ ਹੋਵੇਗੀ ਕਿ ਜਿਹੜੇ ਕਦਮ ਛੋਟੇ ਕਿਸਾਨਾਂ ਦੀ ਭਲਾਈ ਵਾਸਤੇ ਚੁਕੇ ਗਏ ਹਨ,ਉਹ ਆਪਣਾ ਪੂਰਾ ਸਾਥ ਸਾਨੂੰ ਦੇਣਗੇ । ਫਿਰ ਜਦੋਂ ਆਬਿਆਨਾ ਸਾਰੀਆਂ ਜ਼ਮੀਨਾਂ ਤੇ ਵਧਾਉਣ ਦਾ ਫੈਸਲਾ ਹੋਣ ਲਗਾ ਹੈ ਤਾਂ ਉਸ ਦੇ ਨਾਲ ਇਹ ਹੋਵੇਗਾ ਕਿ 5 ਏਕੜ ਤੱਕ ਤਾਂ ਇਹ ਲੱਗਣਾ ਹੀ ਨਹੀਂ ਅਤੇ 10 ਏਕੜ ਤੱਕ ਦੇ ਮਾਲਕਾਂ ਤੇ ਕੁਝ ਵਧਣਾ ਨਹੀਂ । ਜਿਹੜੇ 10 ਏਕੜ ਤੋਂ ਉਪਰ ਵਾਲੇ ਹੋਣਗੇ, 100, 200 ਜਾਂ 500 ਏਕੜ ਦੇ ਮਾਲਿਕ, ਉਨ੍ਹਾਂ ਤੇ ਹੀ ਵਧੇਗਾ ।

ਬਾਕੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਕਿਸਾਨਾਂ ਵਾਸਤੇ ਅਤੇ ਹੋਰ ਗਰੀਬ ਲੋਕਾਂ ਵਾਸਤੇ ਕਾਫੀ ਕਦਮ ਚੁਕੇ ਹਨ ਅਤੇ ਚੁੱਕ ਰਹੇ ਹਾਂ । ਡੈਮੋਕਰੇਟਿਕ ਸੈਟ-ਅਪ ਵਿੱਚ ਜਿਹੜੀ ਤਰੱਕੀ ਦੀ ਰਫਤਾਰ ਹੁੰਦੀ ਹੈ ਉਹ ਸਲੋ ਹੁੰਦੀ ਹੈ ਕਿਉਂਕਿ ਡੈਮੋਕਰੇਸੀ ਹਰ ਇਕ ਨੂੰ ਖੁਲ੍ਹ ਦੇਂਦੀ ਹੈ । ਜੇ ਕੋਈ ਕਾਰਖਾਨਾ ਬੰਦ ਕਰਦਾ ਹੈ ਤਾਂ ਕਰਨ ਦੇਵੋ । ਅਕਾਲੀਆਂ ਨੇ ਪੰਜਾਬ ਬੰਦ ਕੀਤਾ, ਜਿਸ ਦਾ ਨਤੀਜਾ ਕੀ ਹੋਇਆ ਕਿ 4 ਕਰੋੜ ਦਾ ਨੁਕਸਾਨ ਹੋਇਆ ।

ਸਰਦਾਰ ਅਜਾਇਬ ਸਿੰਘ ਸੰਧੂ : ਅਸੀਂ ਇਹ ਤਾਂ ਨਹੀਂ ਕਿਹਾ ਸੀ ਕਿ ਸਾਰਾ ਕੰਮ ਬੰਦ ਕਰ ਦੇਵੋ, ਅਸੀਂ ਤਾਂ ਦੁਕਾਨਾਂ ਬੰਦ ਕਰਨ ਵਾਸਤੇ ਕਿਹਾ ਸੀ, ਤੁਸੀਂ ਸਾਰਾ ਕੁਝ ਬੰਦ ਕਰ ਦਿਤਾ ।

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਚਲੋ ਠੀਕ ਹੈ, ਇਸ ਚੀਜ਼ ਨੂੰ ਛੱਡੋ । ਇਸ ਤੋਂ ਬਾਅਦ ਬਾਦਲ ਸਾਹਿਬ ਨੇ ਇਹ ਕਿਹਾ ਕਿ ਕੋਈ ਵੱਡਾ ਪਰਾਜੈਕਟ ਅਸੀਂ ਪੰਜਾਬ ਵਾਸਤੇ ਨਹੀਂ ਲੈ ਸਕੇ; ਇਸ ਕਰਕੇ ਸਾਡੇ ਤੇ ਭਰੋਸਾ ਨਹੀਂ ਰਿਹਾ । ਉਨ੍ਹਾਂ ਨੇ ਇਹ ਵੀ ਮੰਨਿਆ ਹੈ ਕਿ ਉਨ੍ਹਾਂ ਦੀ ਸਰਕਾਰ ਕਿਉਂਕਿ ਦੂਜੀ ਪਾਰਟੀ ਦੀ ਸੀ, ਇਸ ਕਰਕੇ ਉਹ ਇਹ ਚੀਜ਼ ਨਹੀਂ ਕਰ ਸਕੇ ਅਤੇ ਇਹ ਕਿਹਾ ਹੈ ਕਿ ਹੁਣ ਤਾਂ ਕਾਂਗਰਸ ਪਾਰਟੀ ਦੀ ਸਰਕਾਰ ਹੈ ਫਿਰ ਵੀ ਕੁਝ ਨਹੀਂ ਕੀਤਾ ਗਿਆ । ਇਸ ਬਾਰੇ ਮੈਂ ਥੋੜ੍ਹੇ ਜਿਹੇ ਲਫਜ਼ਾਂ ਵਿਚ ਦਸ ਦੇਵਾਂ ਕਿ ਪਿਛਲੇ ਦੋ ਸਾਲਾਂ ਦੇ ਅੰਦਰ ਪੰਜਾਬ ਵਿੱਚ 6,711 ਨਵੇਂ ਕਾਰਖਾਨੇ ਲਗੇ ਹਨ, ਜਿਨ੍ਹਾਂ ਦੀ ਗਿਣਤੀ ਇਸ ਵੇਲੇ 36,713 ਹੋ ਗਈ ਹੈ । ਇਸੇ ਤਰ੍ਹਾਂ ਹੀ ਜੋ ਵੱਡੇ ਕਾਰਖਾਨੇ ਹਨ, ਉਨ੍ਹਾਂ ਦੇ ਵਾਸਤੇ ਲੈਟਰ ਆਫ ਇੰਟੈਂਟ 1972-73 ਵਿਚ 19 ਮਿਲੇ, 1973-74 ਵਿੱਚ 43 ਮਿਲੇ ਅਤੇ 1974-75 ਵਿੱਚ 24 ਮਿਲੇ । ਇਨ੍ਹਾਂ 24 ਲੈਟਰ ਆਫ ਇੰਟੈਂਟ ਦੇ ਆਧਾਰ ਤੇ ਹੁਣ ਤੱਕ 5 ਵੱਡੇ ਕਾਰਖਾਨੇ ਜਿਨ੍ਹਾਂ ਦੀ ਲਾਗਤ 10 ਕਰੋੜ ਤੋਂ ਉਪਰ ਹੈ, ਲੱਗ ਚੁੱਕੇ ਹਨ ਅਤੇ ਇਸੇ ਤਰ੍ਹਾਂ ਹੀ 10 ਪਰਾਜੈਕਟ ਜਿਨ੍ਹਾਂ ਦੀ ਕੀਮਤ 64 ਕਰੋੜ ਰੁਪਏ ਤੋਂ ਉਪਰ ਹੈ, ਲਗ ਰਹੇ ਹਨ, ਜਾਂ ਬੁਨਿਆਦ ਰਖੀ ਗਈ ਹੈ ਜਾਂ ਰੱਖੀ ਜਾਣ ਵਾਲੀ ਹੈ, ਸਾਰੀਆਂ ਫਾਰਮੈਲਿਟੀਜ਼ ਪੂਰੀਆਂ ਹੋ ਚੁੱਕੀਆਂ ਹਨ ।

ਸਪੀਕਰ ਸਾਹਿਬ, ਅਗਰ ਪੈਦਾਵਾਰ ਨਾ ਵਧਦੀ ਤਾਂ ਪੰਜਾਬ ਦੇ ਕਿਸਾਨ ਨੂੰ ਇਤਨਾ ਫਾਇਦਾ ਨਹੀਂ ਸੀ ਹੋਣਾ । ਕਾਟਨ ਦੀ ਕੀਮਤ ਵੱਧਣ ਨਾਲ ਪੰਜਾਬ ਦੇ ਕਿਸਾਨ ਨੂੰ ਸਾਢੇ 4 ਕਰੋੜ ਰੁਪਏ ਦਾ ਪਿਛਲੇ ਸਾਲ ਨਾਲੋਂ ਵਾਧਾ ਹੋਇਆ ਅਤੇ ਇਹ ਕੀਮਤ ਵੀ ਅਸੀਂ ਕੇਂਦਰ ਨਾਲ ਲੜ ਕੇ ਵਧਾਈ ਹੈ । ਫਿਰ ਮੱਕੀ ਅਤੇ ਝੋਨੇ ਦੀ ਪੈਦਾਵਾਰ ਵੱਧੀ ਹੈ ਅੱਰ ਝੋਨੇ ਵਿਚ ਜੋ ਪੰਜਾਬ ਦੇ ਕਿਸਾਨ ਨੂੰ ਲਾਭ ਹੋਇਆ ਹੈ ਉਹ 11 ਕਰੋੜ ਰੁਪਏ ਤੋਂ ਉੱਪਰ ਹੋਇਆ ਹੈ । ਇਹ ਸਾਰੀ ਦੁਨੀਆਂ ਜਾਣਦੀ ਹੈ ਕਿ ਪੰਜਾਬ ਦੀ ਸਰਕਾਰ ਨੇ ਸੈਂਟਰਲ ਗੌਰਮਿੰਟ ਨੂੰ, ਨੈਸ਼ਨਲ ਡਿਵੈਲਪਮੈਂਟ ਕੌਂਸਲ ਵਿੱਚ ਅਤੇ ਚੀਫ ਮਨਿਸਟਰਜ਼ ਦੀ ਮੀਟਿੰਗ ਵਿੱਚ ਜਾ ਕੇ ਕਿਸਾਨਾਂ ਲਈ ਕਿਤਨੀ ਹਮਦਰਦੀ ਕੀਤੀ ਹੈ । ਸਪੀਕਰ ਸਾਹਿਬ, ਬਾਦਲ ਸਾਹਿਬ ਉੱਤਰ ਪ੍ਰਦੇਸ਼ ਦੇ ਕਿਸਾਨਾਂ ਕੋਲ ਜਾਣ, ਰਾਜਿਸਥਾਨ ਦੇ ਕਿਸਾਨਾਂ ਕੋਲ ਜਾਣ, ਹਰਿਆਣਾ ਦੇ ਕਿਸਾਨਾਂ ਕੋਲ ਜਾਣ, ਪੰਜਾਬ ਦੇ ਕਿਸਾਨਾਂ ਕੋਲ ਜਾਣ ਅਤੇ ਫਿਰ ਇਹ ਨਿਰਪੱਖਤਾ ਨਾਲ ਵਿਚਾਰਣ ਤਾਂ ਇਹ ਮਹਿਸੂਸ ਕਰਨਗੇ ਕਿ ਸਿਵਾਏ ਪੰਜਾਬ ਦੇ ਮੁੱਖ ਮੰਤਰੀ ਦੇ ਹੋਰ ਕੋਈ ਕਿਸਾਨ ਵਾਸਤੇ ਇਤਨਾ ਨਹੀਂ ਲੜਿਆ । ਜਿਵੇਂ ਕਿ ਯਸ਼ ਜੀ ਨੇ ਦਸਿਆ ਹੈ ਕਿ 261 ਕਰੋੜ ਰੁਪਏ ਦਾ ਫਾਇਦਾ ਕੀਮਤਾਂ ਦੇ ਵੱਧਣ ਨਾਲ ਪੰਜਾਬ ਦੇ ਕਿਸਾਨ ਨੂੰ ਹੋਇਆ ਹੈ ।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ 1972-73 ਵਿੱਚ ਜਿਹੜੀ ਐਕਸਪੋਰਟ ਹੋਈ ਸੀ ਉਹ 23.72 ਕਰੋੜ ਰੁਪਏ ਦੀ ਸੀ ਅਤੇ 1973-74 ਵਿੱਚ ਜਿਹੜੀ ਐਕਸਪੋਰਟ ਹੋਈ ਹੈ ਉਹ 40 ਕਰੋੜ ਰੁਪਏ ਦੀ ਸੀ ਅਤੇ ਇਸ ਨਾਲ ਵਿਦੇਸ਼ੀ ਮੁਦਰਾ ਦੀ ਵੀ ਕਮਾਈ ਹੋਈ ਹੈ ਅਤੇ ਇਹ ਐਕਸਪੋਰਟ ਵੱਧਣ ਦਾ ਕਾਰਣ ਹੀ ਪੈਦਾਵਾਰ ਦਾ ਵੱਧਣਾ ਹੈ । ਜੇ ਪੈਦਾਵਾਰ ਨਾ ਹੁੰਦੀ ਤਾਂ ਇਹ ਨਹੀਂ ਹੋ ਸਕਦਾ ਸੀ ।

ਬਾਵਜੂਦ ਇਸ ਗਲ ਦੇ ਕਿ ਬਿਜਲੀ ਦੀ ਕਮੀ ਹੋਈ ਹੈ, ਪਾਣੀ ਦੀ ਕਮੀ ਹੋਈ ਹੈ, ਬਾਰਸ਼ਾਂ ਘੱਟ ਹੋਈਆਂ ਹਨ ਅੱਰ ਕੁਦਰਤੀ ਆਫਤਾਂ ਜਿਹੜੀਆਂ ਸਨ ਉਨ੍ਹਾਂ ਦਾ ਮੁਕਾਬਲਾ ਕਰਕੇ ਵੀ ਪੰਜਾਬ ਸਰਕਾਰ ਨੇ ਹਰ ਪਹਿਲੂ ਵਿੱਚ ਉਨਤੀ ਕੀਤੀ ਹੈ ਭਾਵੇਂ ਉਹ ਸਕੂਲਾਂ

Original with;
Punjab Vidhan Sabha
Digitized by;
Panjab Digital Library

ਵਿੱਚ ਉਨਤੀ ਕੀਤੀ ਹੈ, ਹਸਪਤਾਲ ਹੋਰ ਕਈ ਖੋਲ੍ਹੇ ਹਨ, ਕਾਲਜ ਕਈ ਖੋਲ੍ਹੇ ਹਨ ਅਤੇ ਸੜਕਾਂ ਕਈ ਤਿਆਰ ਕੀਤੀਆਂ ਹਨ । ਸਪੀਕਰ ਸਾਹਿਬ, ਮੈਂ ਇਹ ਬੜੇ ਫਖਰ ਨਾਲ ਕਹਿ ਸਕਦਾ ਹਾਂ ਕਿ ਇਨ੍ਹਾਂ ਢਾਈ ਸਾਲਾਂ ਵਿਚ ਜਿਹੜੀ ਉਨਤੀ ਪੰਜਾਬ ਸਰਕਾਰ ਨੇ ਕੀਤੀ ਹੈ ਇਤਨੀ ਤਰੱਕੀ ਪਿਛਲੀ ਸਾਰੀਆਂ ਸਰਕਾਰਾਂ ਵਿਚੋਂ ਕੋਈ ਵੀ ਸਰਕਾਰ ਨਹੀਂ ਕਰ ਸਕੀ। ਅਤੇ ਜੇ ਇਸ ਤੋਂ ਅੱਧੀ ਤਰੱਕੀ ਵੀ ਕੀਤੀ ਹੋਵੇ ਤਾਂ ਮੈ ਮੰਨ ਜਾਵਾਂਗਾ । ਹਾਂ ਇਹ ਗਲ ਬੜੀ ਔਖੀ ਬਣ ਗਈ ਹੈ ਕਿ ਇਤਨੀ ਤਰੱਕੀ ਕਰਕੇ ਅਤੇ ਆਪਣੇ ਪੂਰੇ ਯਤਨ ਕਰਕੇ ਵੀ ਅਸੀਂ ਆਪਣੇ ਵਿਰੋਧੀ ਧੜੇ ਦੇ ਭਰੋਸੇ ਨੂੰ ਨਹੀਂ ਜਿਤ ਸਕੇ । ਪਰ ਜਿਤ ਵੀ ਕਿਸ ਤਰ੍ਹਾਂ ਸਕਦੇ ਹਾਂ ਇਨ੍ਹਾਂ ਦਾ ਸਾਡੇ ਨਾਲ ਦਿਲ ਜੋ ਨਹੀਂ ਮਿਲਦਾ । ਸਪੀਕਰ ਸਾਹਿਬ, ਮੈਨੂੰ ਇਕ ਸ਼ੇਅਰ ਯਾਦ ਆ ਗਿਆ ਹੈ :

ਮੁਹੱਬਤ ਰੰਗ ਦੇਤੀ ਹੈ ਜਬ ਦਿਲ ਸੇ ਦਿਲ ਮਿਲਤਾ ਹੈ,
ਪਰ ਮੁਸ਼ਕਲ ਤੋ ਯੇਹ ਹੈ ਕਿ ਦਿਲ ਮੁਸ਼ਕਲ ਸੇ ਮਿਲਤਾ ਹੈ । (ਹਾਸਾ)

ਸਪੀਕਰ ਸਾਹਿਬ, ਮੈਂ ਆਪਣੇ ਦੋਸਤਾਂ ਦਾ ਧੰਨਵਾਦ ਕਰਦਾ ਹਾਂ ਖਾਸ ਤੌਰ ਤੇ ਬਾਦਲ ਸਾਹਿਬ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਆਪਣੀ ਸਪੀਚ ਵਿੱਚ ਕਈ ਚੰਗੀਆਂ ਚੀਜ਼ਾਂ ਪੁਆਇੰਟ ਆਊਟ ਕੀਤੀਆਂ ਹਨ ਅਤੇ ਵਿਚ ਕਈ ਐਸੀਆਂ ਗਲਾਂ ਵੀ ਹਨ ਜਿਨ੍ਹਾਂ ਨਾਲ.....

ਸਰਦਾਰ ਗੁਰਦੇਵ ਸਿੰਘ ਸਿੱਧੂ : ਪੁਆਇੰਟ ਆਫ ਇਨਫਰਮੇਸ਼ਨ, ਸਰ । ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਪੁਛਿਆ ਸੀ ਕਿ ਘੱਘੇ ਦੇ ਥਾਣੇ ਦੇ ਵਿੱਚ ਜਿਹੜੀ ਪੁਲਿਸ ਐਕਸੈਸ ਹੋਈ ਹੈ ਕੀ ਉਸ ਦੀ ਇਨਕੁਆਇਰੀ ਦੇ ਮੁਤਲਕ ਵੀ ਕੁਝ....(ਸ਼ੋਰ)

ਮੁੱਖ ਮੰਤਰੀ : ਇਸ ਤੋਂ ਇਲਾਵਾ, ਸਪੀਕਰ ਸਾਹਿਬ, ਅਸੀਂ 125 ਕਰੋੜ ਰੁਪਏ ਦੀ ਮਨਜੂਰੀ ਖਾਦ ਦੀ ਫੈਕਟਰੀ ਲਾਉਣ ਵਾਸਤੇ ਸੈਂਟਰਲ ਗੌਰਮਿੰਟ ਤੋਂ ਲੈ ਲਈ ਹੈ ਇਸ ਨੂੰ ਬਠਿੰਡੇ ਦੇ ਕੋਲ ਲਾਉਣ ਵਾਸਤੇ ਜ਼ਮੀਨ ਖਰੀਦ ਲਈ ਗਈ ਹੈ ਅਤੇ ਜਲਦੀ ਹੀ ਉਥੇ ਕਾਰਖਾਨਾ ਵੀ ਲਾਇਆ ਜਾਵੇਗਾ ।

ਸਪੀਕਰ ਸਾਹਿਬ, ਹੁਣੇ ਹੀ ਆਨਰੇਬਲ ਮੈਂਬਰ ਸਾਹਿਬ ਨੇ ਘੱਘੇ ਪੁਲਿਸ ਦੀ ਕਾਰਵਾਈ ਬਾਰੇ ਪੁਛਿਆ ਹੈ, ਮੇਰਾ ਖਿਆਲ ਹੈ ਕਿ ਹੁਣ ਤਾਂ ਸਾਡੇ ਦੋਸਤ ਇਸ ਬਾਰੇ ਪੂਰੀ ਤਰ੍ਹਾਂ ਜਾਣਦੇ ਹਨ ਕਿ ਉਥੇ ਕੀ ਹੋਇਆ ਸੀ ।

ਮੈਂ ਹੁਣ ਅਖੀਰ ਵਿੱਚ ਇਕ ਗਲ ਕਹਿਣੀ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਦੀ ਸਪੀਚ ਵਿੱਚ ਕੁਝ ਐਸੀਆਂ ਗਲਾਂ ਵੀ ਹਨ ਜਿਨ੍ਹਾਂ ਨਾਲ ਮੈਂ ਇਤਫਾਕ ਕਰਦਾ ਹਾਂ ਅਤੇ ਮੈਂ ਮਹਿਸੂਸ ਕਰਦਾ ਹਾਂ ਜਿਸ ਤੇ ਅਸੀਂ ਗੌਰ ਕਰਕੇ ਜਿਥੇ ਹੁਣ ਤੱਕ ਪ੍ਰੋਗੈਸ ਨਹੀਂ ਹੋਈ ਉਥੇ ਵੀ ਪ੍ਰੋਗੈਸ ਕਰਾਂਗੇ । ਬਾਕੀ ਇਹ ਤਾਂ ਮੈਨੂੰ ਪਤਾ ਹੀ ਹੈ ਕਿ ਇਨ੍ਹਾਂ ਦੀ ਇਹ ਜਿਹੜੀ ਨੋ-ਕਾਨਫੀਡੈਂਸ ਮੋਸ਼ਨ ਹੈ ਇਸ ਦਾ ਕੀ ਹਸ਼ਰ ਹੋਣਾ ਹੈ, ਇਤਨਾ ਕਹਿ ਕੇ ਮੈਂ ਧੰਨਵਾਦ ਕਰਦਾ ਹਾਂ ।

Original with;
Punjab Vidhan Sabha
Digitized by;
Panjab Digital Library

ਸਰਦਾਰ ਪਰਕਾਸ਼ ਸਿੰਘ ਬਾਦਲ (ਗਿਦੜਬਾਹਾ): ਸਪੀਕਰ ਸਾਹਿਬ, ਅਸੀਂ ਜਿਹੜਾ ਬੇ-ਪਰਤੀਤੀ ਦਾ ਮਤਾ ਲਿਆਂਦਾ ਸੀ ਉਸ ਤੇ ਜੋ ਲੀਡਰ ਆਫ ਦੀ ਹਾਊਸ, ਕੈਪਟਨ ਰਤਨ ਸਿੰਘ ਜਾਂ ਸਰਦਾਰ ਦਰਬਾਰਾ ਸਿੰਘ ਜੀ ਵਲੋਂ ਜੋ ਪੁਆਇੰਟਸ ਰੱਖੇ ਗਏ ਹਨ ਉਨ੍ਹਾਂ ਵਿੱਚ ਇਨ੍ਹਾਂ ਨੇ ਕੁਝ ਆਪਣੀ ਪਾਰਟੀ ਦਾ ਪੱਖ ਰਖਿਆ ਹੈ। ਸਾਡੇ ਮੁੱਖ ਮੰਤਰੀ ਸਾਹਿਬ ਨੇ ਜੋ ਪੁਆਇੰਟਸ ਰਖੇ ਹਨ ਉਸ ਦੇ ਮੁਤੱਲਕ ਅਰਜ਼ ਕਰਾਂਗਾ। ਸਪੀਕਰ ਸਾਹਿਬ, ਇਨ੍ਹਾਂ ਨੇ ਬਾਈ ਇਲੈਕਸ਼ਨ ਦਾ ਜ਼ਿਕਰ ਕੀਤਾ ਹੈ, ਕਿਉਂਕਿ ਜਿਸ ਵਕਤ ਮੈਂ ਚੀਫ ਮਨਿਸਟਰ ਸੀ ਤਾਂ ਉਸ ਵੇਲੇ ਵੀ ਬਾਈ-ਇਲੈਕਸ਼ਨ ਹੋਈ ਸੀ। ਇਨ੍ਹਾਂ ਨੇ ਕਿਹਾ ਹੈ ਕਿ ਉਸ ਵਕਤ ਪਾਰਲੀਮੈਂਟ ਦੀਆਂ ਚੋਣਾਂ ਵਿੱਚ ਕਾਂਗਰਸ ਜਿਤੀ ਸੀ ਤਾਂ ਸਾਨੂੰ ਅਸਤੀਫਾ ਦੇ ਦੇਣਾ ਚਾਹੀਦਾ ਸੀ। ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਉਸ ਵਕਤ ਇਲੈਕਸ਼ਨਾਂ ਜਿਹੜੀਆਂ ਸਨ ਉਹ ਪਾਰਟੀ ਦੀ ਹਾਰ ਜਿਤ ਦੀਆਂ ਨਹੀਂ ਸਨ। ਉਸ ਵੇਲੇ ਕਾਂਗਰਸ ਜੋ ਜਿਤੀ ਤਾਂ ਕੋਈ ਖਾਸ ਵਜ੍ਹਾ ਨਾਲ ਜਿਤੀ ਉਹ ਇਕ ਚਾਲ ਸੀ। ਤੁਸੀਂ, ਸਪੀਕਰ ਸਾਹਿਬ, ਵੇਖਿਆ ਹੋਣਾ ਹੈ ਕਿ ਉਸ ਵੇਲੇ ਇਕ ਅਵਾਜ਼ ਉਠਾਈ ਗਈ ਸੀ ਅਤੇ ਉਹ ਸੀ 'ਗਰੀਬੀ ਹਟਾਓ'। ਇਸ ਚਾਲ ਵਿੱਚ ਪੰਜਾਬ ਦੇ ਲੋਕ ਫਸ ਗਏ ਅਤੇ ਇਹ ਗਲਤੀ ਕਰ ਬੈਠੇ।

ਦੋ ਬਾਈ ਇਲੈਕਸ਼ਨਾਂ ਅਸੈਂਬਲੀ ਦੀਆਂ ਹੋਈਆਂ ਤਾਂ ਉਸ ਵਿੱਚ ਸਰਦਾਰ ਬਸੰਤ ਸਿੰਘ ਜੀ 3 ਹਜ਼ਾਰ ਵੋਟਾਂ ਤੋਂ ਜਿਤੇ ਸਨ ਲੇਕਿਨ ਉਹ ਸਾਡਾ ਉਮੀਦਵਾਰ ਨਹੀਂ ਸੀ ਉਹ ਸੁਤੰਤਰ ਪਾਰਟੀ ਵੱਲੋਂ ਖੜਾ ਹੋਇਆ ਸੀ ਅਤੇ ਜਦ ਉਹ ਦੁਬਾਰਾ ਇਲੈਕਸ਼ਨ ਹੋਈ ਤਾਂ ਫਿਰ ਉਹ 15 ਹਜ਼ਾਰ ਵੋਟਾਂ ਤੇ ਜਿੱਤੀ। ਇਸੇ ਤਰ੍ਹਾਂ ਹੀ ਸ਼੍ਰੀ ਅਨੰਦਪੁਰ ਸਾਹਿਬ ਦੀ ਸੀਟ ਕਦੀ ਵੀ ਅਕਾਲੀਆਂ ਦੀ ਸੀਟ ਨਹੀਂ ਸੀ ਆਈ ਉਥੇ ਵੀ ਕਾਂਗਰਸ ਦਾ ਉਮੀਦਵਾਰ ਜਿਤਿਆ ਸੀ ਪਰ ਉਹ ਬਹੁਤ ਥੋੜ੍ਹੀਆਂ ਵੋਟਾਂ ਤੇ ਜਿਤਿਆ ਸੀ। ਪਰ ਹੁਣ ਇਨ੍ਹਾਂ ਦੀ ਜਿਹੜੀ ਹਾਰ ਹੋਈ ਹੈ ਉਹ 12 ਹਜ਼ਾਰ ਵੋਟਾਂ ਤੇ ਹੋਈ ਹੈ। ਦੂਸਰੀ ਗਲ ਬੰਦ ਦੀ ਹੋਈ ਹੈ। ਇੱਥੇ ਗਿਆਨੀ ਜੀ ਨੇ ਫਰਮਾਇਆ ਹੈ ਕਿ ਬੰਦਾਂ ਦੇ ਵਿਚ 4 ਕਰੋੜ ਦਾ ਸਰਕਾਰ ਨੂੰ ਘਾਟਾ ਪਿਆ। ਦੂਸਰੇ ਪਾਸੇ ਇਹ ਗਲ ਵੀ ਹੋਈ ਕਿ ਕੋਈ ਬੰਦ ਕਾਮਯਾਬ ਨਹੀਂ ਹੋਇਆ ਉਥੇ ਉਸੇ ਤਰ੍ਹਾਂ ਹੀ ਕੰਮ ਹੁੰਦਾ ਰਿਹਾ। ਮੈਂ ਇਸ ਕੰਟਰੋਵਰਸੀ ਦੇ ਵਿੱਚ ਨਹੀਂ ਪੈਣਾ ਚਾਹੁੰਦਾ ਕਿ ਅਸੀਂ ਕਾਮਯਾਬ ਰਹੇ ਜਾਂ ਸਰਕਾਰ ਰਹੀ। ਸਾਡਾ ਜੋ ਖਿਆਲ ਸੀ ਉਹ ਤਾਂ ਮਹਿਜ਼ ਇਹੋ ਸੀ ਕਿ ਅਸੀਂ ਪੰਜਾਬ ਦੀ ਜਨਤਾ ਵੱਲੋਂ ਸਰਕਾਰ ਦੇ ਖਿਲਾਫ ਇਕ ਰੋਸ ਦਾ ਪ੍ਰਗਟਾਵਾ ਕਰਨਾ ਸੀ। ਸਾਡਾ ਕੋਈ ਕਾਲਜ ਬੰਦ ਕਰਨ ਨਾਲ ਜਾਂ ਟਰਾਂਸਪੋਰਟ ਬੰਦ ਕਰਨ ਨਾਲ ਕੋਈ ਸਬੰਧ ਹੀ ਨਹੀਂ ਸੀ। ਅਸੀਂ ਕੋਈ ਦੁਕਾਨਾਂ ਬੰਦ ਕਰਵਾ ਕੇ ਜਨਤਾ ਨੂੰ ਤਕਲੀਫ ਵੀ ਨਹੀਂ ਸੀ ਦੇਣਾ ਚਾਹੁੰਦੇ। ਜਦੋਂ ਕਿਸੇ ਨੂੰ ਵੀ ਕੋਈ ਤਕਲੀਫ ਨਹੀਂ ਹੋਈ ਇਨ੍ਹਾਂ ਦੇ ਕਹਿਣ ਦੇ ਮੁਤਾਬਿਕ ਸਾਰਾ ਕੰਮ ਠੀਕ ਠਾਕ ਹੁੰਦਾ ਰਿਹਾ ਫੇਰ ਸਮਝ ਨਹੀਂ ਆਉਂਦੀ ਬੰਦ ਦੇ ਕਾਰਨ 4 ਕਰੋੜ ਦਾ ਕਿਵੇਂ ਨੁਕਸਾਨ ਹੋ ਗਿਆ। ਮੈਂ ਇਨ੍ਹਾਂ ਦੀਆਂ ਇਸ ਤਰ੍ਹਾਂ ਦੀਆਂ ਗੱਲਾਂ ਤੋਂ ਕਹਿ ਸਕਦਾ ਹਾਂ ਕਿ ਇਹ ਬੰਦ ਬਿਲਕੁਲ ਸਕਸੈਸਫੁਲ ਸੀ ਭਾਵੇਂ ਸਰਕਾਰ ਨੇ ਇਸ ਨੂੰ ਅਨਸਕਸੈਸਫੁਲ ਬਣਾਉਣ ਦੀ ਬਹੁਤ ਕੋਸ਼ਿਸ਼ ਕੀਤੀ।

ਸਪੀਕਰ ਸਾਹਿਬ, ਮੋਸ਼ਨ ਪੇਸ਼ ਕਰਨ ਵੇਲੇ ਮੈਂ ਲਾ ਐਂਡ ਆਰਡਰ ਦੇ ਮਸਲੇ ਦਾ ਜ਼ਿਕਰ ਕੀਤਾ ਸੀ, ਉਸ ਦਾ ਜਵਾਬ ਦੇਣ ਦੀ ਬਜਾਏ ਗਿਆਨੀ ਜੀ ਨੇ ਆਪਣੇ ਹੀ ਤਰੀਕੇ ਨਾਲ ਜਿਹੜਾ ਕਿ ਇਕ ਆਡੀਓਮੈਟਿਕ ਤਰੀਕਾ ਹੁੰਦਾ ਹੈ ਰੀਬੱਟ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਨ੍ਹਾਂ ਨੇ ਕੰਟਰਾਡਿਕਟ ਨਹੀਂ ਕੀਤਾ। ਇਸ ਤਰ੍ਹਾਂ ਕਹਿੰਦੇ ਹੋਏ ਉਨ੍ਹਾਂ ਨੇ 50% ਗੱਲਾਂ

Original with;
Punjab Vidhan Sabha
Digitized by;
Panjab Digital Library

ਸਚੀਆਂ ਅਤੇ 50% ਗਲਤ ਕਹੀਆਂ ਹਨ । ਏਥੇ ਜੈਤੋਂ ਦੀ ਗੱਲ ਕੀਤੀ, ਦਿਆਲਪੁਰੇ ਦੀ ਵੀ ਗੱਲ ਕੀਤੀ ਪਰ ਮੈਂ ਕਹਾਂਗਾ ਕਿ ਜੋ ਐਕਸ਼ਨ ਲੈਣ ਦੀ ਗੱਲ ਹੈ ਉਹ ਬਾਕਾਇਦਾ ਤਫਤੀਸ਼ ਹੋ ਕੇ ਲੈਣਾ ਚਾਹੀਦਾ ਹੈ ।

ਅਲੈਕਸ਼ਨਾਂ ਦੇ ਸਿਲਸਿਲੇ ਵਿੱਚ ਗਿਆਨੀ ਜੀ ਨੇ ਕਿਹਾ ਕਿ ਕੋਆਪਰੇਟਿਵ ਮੂਵਮੈਂਟ ਨੇ ਸਾਡਾ ਬੜਾ ਨੁਕਸਾਨ ਕੀਤਾ ਹੈ । ਮੈਂ ਉਨ੍ਹਾਂ ਨੂੰ ਇਹ ਦਸ ਦੇਣਾ ਚਾਹੁੰਦਾ ਹਾਂ ਕਿ ਕੋਆਪ੍ਰੇਟਿਵ ਮੂਵਮੈਂਟ ਇਕੱਲੇ ਪੰਜਾਬ ਦੇ ਵਿੱਚ ਹੀ ਨਹੀਂ ਸਗੋਂ ਇਹ ਹੁਣ ਸਾਰੇ ਹਿੰਦੁਸਤਾਨ ਦੇ ਵਿਚ ਚਲ ਰਹੀ ਹੈ, ਇਸ ਨੂੰ ਕੋਈ ਹੁਣ ਰੋਕ ਨਹੀਂ ਸਕਦਾ ।

ਜਿਥੋਂ ਤੱਕ ਕੁਰੱਪਸ਼ਨ ਦਾ ਸਵਾਲ ਹੈ, ਜਿਹੜਾ ਵੀ ਕੋਈ ਮੁਜਰਮ ਹੈ ਕੋਈ ਆਫੀਸਰ ਹੋਵੇ ਜਾਂ ਕੋਈ ਹੋਰ ਹੋਵੇ, ਜਦੋਂ ਕਿ ਦੇਸ਼ ਦੇ ਹਿੱਤ ਦਾ ਸਵਾਲ ਹੋਵੇ ਉਸ ਨੂੰ ਪ੍ਰੋਟੈਕਸ਼ਨ ਨਹੀਂ ਮਿਲਣੀ ਚਾਹੀਦੀ । ਇਥੇ ਗਿਆਨੀ ਜੀ ਨੇ ਬੋਲਦਿਆਂ ਕਿਹਾ ਹੈ ਕਿ ਖਾਦ ਹੁਣ ਪੁਰਾਣੇ ਰੇਟ ਤੇ ਹੀ ਦਿੱਤੀ ਜਾਵੇਗੀ । ਇਹੋ ਜਿਹਾ ਨਕਸ਼ਾ ਬਣਾਇਆ ਕਿ ਉਸ ਦੀ ਹਦ ਖਤਮ ਕਰ ਦਿਤੀ । 5 ਕਰੋੜ ਦਾ ਜੇ ਕੋਈ ਕਾਰਖਾਨਾ ਲਗਣਾ ਵੀ ਹੈ ਤਾਂ ਉਸ ਨੂੰ ਵਧਾ ਚੜ੍ਹਾ ਕੇ ਇਹ 20 ਕਰੋੜ ਤਾਈਂ ਲੈ ਗਏ । ਇਹ ਵੀ ਕਿਹਾ ਕਿ ਅਸੀਂ 10—10 ਏਕੜ ਵਾਲਿਆਂ ਦੇ ਹਿੱਸੇ ਪਾਵਾਂਗੇ । ਮੈਂ ਉਨ੍ਹਾਂ ਨੂੰ ਪੁੱਛਦਾ ਹਾਂ ਕਿ ਉਨ੍ਹਾਂ ਕਿਸਾਨਾਂ ਨੇ, ਜਿਨ੍ਹਾਂ ਨੇ ਕੋਆਪ੍ਰੇਟਿਵ ਸੋਸਾਇਟੀਆਂ ਦੇ ਹਿੱਸੇ ਲਏ ਹੋਏ ਹਨ, ਉਨ੍ਹਾਂ ਨੂੰ ਹੁਣ ਤੱਕ ਕੀ ਮਿਲਿਆ ਹੈ ਜੋ ਉਹ ਅੱਗੋਂ ਨੂੰ ਕੋਈ ਆਸ ਕਰਨ । ਇਸੇ ਤਰ੍ਹਾਂ ਇਨ੍ਹਾਂ ਦੀਆਂ ਇੰਡਸਟਰੀ ਲਾਉਣ ਦੀਆਂ ਸਕੀਮਾਂ ਹਨ । ਮੈਂ ਕਹਾਂਗਾ ਕਿ ਕਿਸਾਨ ਦੀ ਇਤਨੀ ਹਾਲਤ ਖਰਾਬ ਹੈ ਕਿ ਉਸ ਨੂੰ ਹਰ ਚੀਜ਼ ਮਹਿੰਗੀ ਤੋਂ ਮਹਿੰਗੀ ਮਿਲਦੀ ਹੈ । ਮੈਨੂੰ ਖੁਸ਼ੀ ਹੁੰਦੀ ਜੇ ਗਿਆਨੀ ਜੀ ਉਨ੍ਹਾਂ ਗਲਾਂ ਦਾ ਜਵਾਬ ਦੇਂਦੇ ਜੋ ਆਪੋਜ਼ੀਸ਼ਨ ਵੱਲੋਂ ਪੁਆਇੰਟ ਆਊਟ ਹੋਈਆਂ ਹਨ, ਉਨ੍ਹਾਂ ਨੂੰ ਦਰੁਸਤ ਕਰਨ ਬਾਰੇ ਜਾਂ ਉਨ੍ਹਾਂ ਦਾ ਕੋਈ ਵੇ—ਆਊਟ ਦਸਦੇ । ਪਰ ਅਫਸੋਸ ਦੀ ਗਲ ਹੈ ਕਿ ਉਨ੍ਹਾਂ ਨੇ ਏਥੇ ਜਜ਼ਬਾਤੀ ਜਿਹੀਆਂ ਗੱਲਾਂ ਕਹੀਆਂ ਹਨ । ਮੈਂ ਉਨ੍ਹਾਂ ਨੂੰ ਕਹਾਂਗਾ ਕਿ ਪੰਜਾਬ ਦਾ ਕਿਸਾਨ ਅਜ ਅਤਿ ਦੁੱਖੀ ਹੈ । ਮੈਂ ਇਹ ਵੀ ਸਮਝਦਾ ਹਾਂ ਔਰ ਇਹ ਠੀਕ ਗੱਲ ਹੈ ਕਿ ਉਹ ਕਰਜ਼ਾਈ ਵੀ ਹੈ । ਉਹਦੀ ਹਾਲਤ ਬੇਸ਼ਕ ਠੀਕ ਹੋਵੇ ਜਿਹੜਾ ਖੇਤੀ ਕਰਦਾ ਹੈ ਅਤੇ ਨਾਲ ਦੀ ਨਾਲ ਦੁਕਾਨ ਵੀ ਕਰਦਾ ਹੈ, ਪਰ ਉਹ ਕਿਸਾਨ ਜਿਸਦਾ ਨਿਰਭਰ ਮਹਿਜ਼ ਖੇਤੀ ਤੇ ਹੈ ਉਹ ਕਰਜ਼ੇ ਦੇ ਵਿੱਚ ਲਿਤਾੜਿਆ ਹੋਇਆ ਹੈ । ਇਨ੍ਹਾਂ ਨੇ ਜੋ ਆਪਣੀ ਦਲੀਲ ਵਿਚ ਫਿਗਰਜ਼ ਦਿੱਤੀਆਂ ਹਨ ਉਹ ਮਹਿਜ਼ ਇਕ ਜਗਲਰੀ ਹੈ । ਬਹੁਤ ਸਾਰੀਆਂ ਪਲੈਨਜ਼ ਦੀਆਂ ਫਿਗਰਜ਼ ਜਿਹੜੀਆਂ ਸਰਦਾਰ ਗੁਰਨਾਮ ਸਿੰਘ ਦੇ ਵੇਲੇ ਦੀਆਂ ਅਲੈਕਟ੍ਰਿਸਿਟੀ ਵਧਾਉਣ ਬਾਰੇ ਸਨ ਜਿਨ੍ਹਾਂ ਰਾਹੀਂ ਇਹ ਕਿਹਾ ਜਾਂਦਾ ਸੀ ਕਿ ਅਗਲੇ ਸਾਲ ਇਤਨੀ ਬਿਜਲੀ ਵੱਧ ਜਾਵੇਗੀ, ਉਸ ਤੋਂ ਅਗਲੇ ਸਾਲ ਇਤਨੀ ਹੋ ਜਾਵੇਗੀ, ਉਹ ਅੱਜ ਵੀ ਮੌਜੂਦਾ ਸਰਕਾਰ ਦੇ ਹੱਥਾਂ ਵਿੱਚ ਹਨ । ਮੈਂਬਰ ਸਾਹਿਬਾਨ ਬਹੁਤ ਸਮਾਂ ਹੋ ਜਾਣ ਕਰਕੇ, ਕਿਉਂਕਿ ਕਾਹਲੀ ਵਿੱਚ ਪਏ ਹੋਏ ਹਨ, ਮੈਂ ਬਹੁਤ ਨਹੀਂ ਕਹਿੰਦਾ । ਇਹ ਗੱਲ ਕਹਿ ਦੇਵਾਂ ਇਸ ਲਈ ਨਹੀਂ ਕਿ ਮੈਂ ਸਰਮਾਏਦਾਰਾਂ ਦੇ ਹੱਕ ਵਿੱਚ ਹਾਂ ਮੈਂ ਇਤਨਾ ਜ਼ਰੂਰ ਕਹਾਂਗਾ ਕਿ ਜਿਹੜੀ ਇਨਕੁਆਇਰੀ ਹੋ ਰਹੀ ਹੈ, ਉਬੇਰਾਏ ਦੇ ਮੁਤਾਲਿਕ, ਉਹ ਇਕ ਚੰਗਾ ਆਦਮੀ ਹੈ ਇਮਾਨਦਾਰ ਵੀ ਹੈ. ਸਰਕਾਰ ਨੂੰ ਇਹ ਪੱਖ ਵੇਖਣਾ ਚਾਹੀਦਾ ਹੈ ।

ਸਪੀਕਰ ਸਾਹਿਬ, ਮੈਂ ਇਹ ਵੀ ਦੱਸ ਦੇਵਾਂ ਕਿ ਜਿਹੜਾ ਇਹ ਆਪ ਕਹਿੰਦੇ ਰਹਿੰਦੇ ਹਨ ਕਿ ਪ੍ਰੋਡਕਸ਼ਨ ਵੱਧੀ ਹੈ, ਪਰ ਕਿਸਾਨ ਨੂੰ ਜੋ ਉਸ ਦਾ ਭਾਅ ਮਿਲਿਆ ਹੈ

Original with;
Punjab Vidhan Sabha
Digitized by;
Panjab Digital Library

[ਸਰਦਾਰ ਪਰਕਾਸ਼ ਸਿੰਘ ਬਾਦਲ]

ਉਹ ਮੁਨਾਸਿਬ ਨਹੀਂ । ਜੇ ਇਕ ਦਫ਼ਾ ਕਿਸਾਨ ਨੂੰ ਇਕ ਚੀਜ਼ ਵਿਚੋਂ ਚਾਰ ਪੈਸੇ ਮਿਲ ਵੀ ਗਏ ਤਾਂ ਅਗਲੇ ਸਾਲ ਉਸ ਤੋਂ ਇਸ ਢੰਗ ਨਾਲ ਉਪਜ ਲਈ ਕਿ ਕਿਸਾਨ ਨੂੰ ਕਾਸ਼ਤ ਕਰਨ ਤੋਂ ਵੀ ਨਫਰਤ ਹੋ ਗਈ । ਜਦੋਂ ਦੇ ਕਾਟਨ ਕਾਰਪੋਰੇਸ਼ਨ ਨੇ ਕਾਟਨ ਦੇ ਭਾਅ ਵਧਾਏ ਹਨ ਤਾਂ ਕਿਸਾਨ ਨੇ ਨਰਮਾ ਲਾਉਣਾ ਹੀ ਬੰਦ ਕਰ ਦਿੱਤਾ । ਜੇ ਉਹ ਓਧਰ ਲਗਿਆ ਤਾਂ ਇਨ੍ਹਾਂ ਨੇ ਨਰਮੇ ਦਾ ਭਾਅ ਚੜ੍ਹਾ ਦਿਤਾ । ਅਜ ਕਿਸਾਨ ਤਬਕਾ ਵਿਉਪਾਰੀ ਦੇ ਹਥਾਂ ਵਿਚ ਖੇਡ ਰਿਹਾ ਹੈ ਅਤੇ ਉਸ ਨੂੰ ਆਪਣਾ ਲਗਿਆ ਮੁਲ ਵੀ ਨਹੀਂ ਮਿਲਦਾ । ਅਜ ਕਿਸਾਨ ਘਬਰਾਹਟ ਦੇ ਵਿਚ ਹੈ ਕਿ ਉਹ ਹੁਣ ਕੀ ਕਰੇ । ਉਹ ਇਸ ਹਾਲਤ ਵਿੱਚ ਹੈ ਕਿ ਰਾਤ ਨੂੰ ਉਹ ਆਪਣੇ ਬਚਿਆਂ ਦੇ ਵਿੱਚ ਵੀ ਨਹੀਂ ਸੌਂ ਸਕਦਾ । ਇਹੋ ਹਾਲ ਮਜ਼ਦੂਰਾਂ ਦਾ ਹੈ ਕਿ ਉਨ੍ਹਾਂ ਦੇ ਹੱਕਾਂ ਤੇ ਛਾਪਾ ਮਾਰਿਆ ਜਾ ਰਿਹਾ ਹੈ । ਜਿਹੜੀ ਪ੍ਰੋਕਿਉਰਮੈਂਟ ਹੋਈ ਹੈ ਇਹ ਦੱਸਦੇ ਹਨ ਕਿ 267 ਕਰੋੜ ਰੁਪਏ ਦਾ ਫਾਇਦਾ ਹੋਇਆ ਹੈ । ਵਿਉਪਾਰੀਆਂ ਨੇ ਵੀ 30—30 ਲੱਖ ਰੁਪਿਆ ਕਮਾਇਆ ਹੈ । ਜੇ ਕਿਸਾਨ ਨੂੰ ਇਨ੍ਹਾਂ ਕੁਇੰਟਲ ਮਗਰ 5/- ਵਧ ਦੇ ਦਿਤੇ ਤਾਂ ਕੀ ਆਫ਼ਤ ਆ ਗਈ ।

ਸ਼੍ਰੀ ਸਪੀਕਰ : ਆਨਰੇਬਲ ਮੈਂਬਰਜ਼ ਦੀ ਜਿਆਤ ਲਈ ਮੈਂ ਦਸ ਦੇਵਾਂ ਕਿ ਹੋਸਟਲ ਵਿਚ ਡਿਸਪੈਂਸਰੀ ਦੀ ਓਪਨਿੰਗ ਰਸਮ, ਜਿਹੜੀ ਅੱਜ 4.30 ਵਜੇ ਸ਼ਾਮ ਹੋਣੀ ਸੀ ਉਹ ਕਲ ਸਵੇਰੇ 11.00 ਵਜੇ, ਰਾਜ ਮੰਤਰੀ ਸਿਹਤ, ਸਰਦਾਰ ਬਲਬੀਰ ਸਿੰਘ ਜੀ ਕਰਨਗੇ ।(It is for the information of all the hon. Members that the opening ceremony of the dispensary in the M.L.As Hostel will now be performed at 11.00 a.m. tomorrow instead of 4.30 P. M. today, by the State Minister for Health, Sardar Balbir Singh.)

ਸਰਦਾਰ ਪਰਕਾਸ਼ ਸਿੰਘ ਬਾਦਲ : ਇਸ ਦੇ ਨਾਲ ਹੀ ਮੈਂ ਅਰਜ਼ ਕਰ ਦੇਵਾਂ ਕਿ ਸਭ ਤੋਂ ਵੱਡਾ ਮਸਲਾ ਜਿਹੜਾ ਹੈ ਉਹ ਪਰਾਪਰ ਡਿਸਟਰੀਬਿਊਸ਼ਨ ਦਾ ਹੈ । ਇਸ ਤੋਂ ਇਲਾਵਾ ਬਲੈਕਮਾਰਕੀਟਿੰਗ ਬਾਰੇ ਵੀ ਕਿਹਾ ਗਿਆ ਸੀ ਪਰ ਸਰਕਾਰ ਵਲੋਂ ਕੋਈ ਜਵਾਬ ਨਹੀਂ ਆਇਆ । ਮੈਂ ਹੁਣ ਹੋਰ ਬਹੁਤੇ ਆਪਣੇ ਪੁਆਇੰਟਸ ਪੁਟ ਨਹੀਂ ਕਰਨਾ ਚਾਹੁੰਦਾ ਪਰ ਇਹ ਆਸ ਕਰਦਾ ਹਾਂ ਕਿ ਵੋਟ ਆਫ ਨੋ—ਕਾਨਫੀਡੈਂਸ ਵੇਲੇ ਬਜਾਏ ਇਸ ਦੇ ਕਿ ਆਪਣੇ ਮੈਂਬਰਾਂ ਨਾਲ ਛੁਪ ਛੁਪ ਕੇ ਗੱਲਾਂ ਕਰੋ ਤੁਸੀਂ ਇਸ ਦੀ ਹਮਾਇਤ ਵਿੱਚ ਸਾਹਮਣੇ ਆਓ ਅਤੇ ਖੜੇ ਹੋ ਜਾਓ । ਇਕ ਚੀਜ਼ ਦੀ ਮੈਂ ਗਿਆਨੀ ਜੀ ਨੂੰ ਵਧਾਈ ਵੀ ਦੇਂਦਾ ਹਾਂ ਜਿਸ ਹੁਸ਼ਿਆਰੀ ਨਾਲ ਉਨ੍ਹਾਂ ਨੇ ਸਰਦਾਰ ਦਰਬਾਰਾ ਸਿੰਘ ਅਤੇ ਕਪਤਾਨ ਰਤਨ ਸਿੰਘ ਦੀਆਂ ਲੱਤਾਂ ਖਿੱਚੀਆਂ ਹਨ....

ਮੁੱਖ ਮੰਤਰੀ : ਆਨ ਏ ਪੁਆਇੰਟ ਆਫ ਆਰਡਰ, ਸਰ । ਬਾਦਲ ਜੀ ਨੂੰ ਇਹ ਗੱਲ ਨਹੀਂ ਕਹਿਣੀ ਚਾਹੀਦੀ ਸੀ । ਮੈਂ ਕੋਈ ਡਿਪਲੋਮੇਸੀ ਨਹੀਂ ਕੀਤੀ ਸੀ । ਉਹ ਸਾਡੇ ਆਨਰੇਬਲ ਮੈਂਬਰਜ਼ ਹਨ । ਅਸੀਂ ਫੈਸਲਾ ਕੀਤਾ ਸੀ ਕਿ ਜਦੋਂ ਬਾਦਲ ਸਾਹਿਬ ਇਲਜ਼ਾਮ ਲਗਾਉਣਗੇ, ਗਲਤ ਮਤਲਬ ਕਢਣਗੇ ਤਾਂ ਉਹਦਾ ਬਿਫਿਟਿੰਗ ਜਵਾਬ ਮਿਲਣਾ ਚਾਹੀਦਾ ਹੈ ਅੰਰ ਇਹ ਮਨਿਸਟਰਾਂ ਵੱਲੋਂ ਨਹੀਂ ਬਲਕਿ ਸੀਨੀਅਰ ਮੈਂਬਰਾਂ ਵੱਲੋਂ ਮਿਲਣਾ ਚਾਹੀਦਾ ਹੈ ॥ ਇਸ ਲਈ ਉਨ੍ਹਾਂ ਨੇ ਜਵਾਬ ਤੁੱਤੇ ਸੀ । ਦੂਜੀ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

ਤੁਸੀਂ ਵੀ ਸਾਡੇ ਮੈਂਬਰਾਂ ਨੂੰ ਅਪੀਲ ਕਰ ਲਉ ਅਤੇ ਸਾਨੂੰ ਵੀ ਤੁਹਾਡੇ ਮੈਂਬਰਾਂ ਨੂੰ ਅਪੀਲ ਕਰ ਲੈਣ ਦਿਉ ਅਤੇ ਤੁਸੀਂ ਆਪਣੇ ਮੈਂਬਰਾਂ ਨੂੰ ਕਹਿ ਦਿਉ ਕਿ ਜਿਸ ਨੂੰ ਮਰਜ਼ੀ ਹੈ ਉਹ ਵੋਟ ਪਾਉਣ, ਫਿਰ ਦੇਖੋ ਕੀ ਬਣਦਾ ਹੈ ।

ਸਰਦਾਰ ਪਰਕਾਸ਼ ਸਿੰਘ ਬਾਦਲ : ਮੈਨੂੰ ਆਸ ਹੈ ਕਿ ਜੋ ਕੁੱਝ ਮੈਂ ਕਿਹਾ ਹੈ ਉਸ ਨਾਲ ਸਾਰਾ ਹਾਊਸ ਸਾਡਾ ਸਾਥ ਦੇਵੇਗਾ । ਐਨਾ ਕਹਿ ਕੇ ਮੈਂ ਆਪਣੀ ਸੀਟ ਲੈਂਦਾ ਹਾਂ ।

Mr. Speaker : Question is—

That this House expresses its lack of confidence in the present Congress Ministry, headed by Giani Zail Singh.

(After taking the sense of the House by voices, Mr. Speaker said, 'I think Noes have it'. This opinion was challenged. The bells were sounded. The question was put again and Mr. Speaker said 'I think Noes have it.' Again it was challenged. The Members were asked to rise in their places. Twenty six members rose in support of the Motion and sixty against the motion. The motion was declared lost.)

Ayes : 26

Noes : 60

The motion was declared lost.

Mr. Speaker : The House stands adjourned till 2.00 P.M. on the 6th August, 1974.

11.13 p.m.

(The Sabha then adjourned till 2.00 P.M. on Tuesday, the 6th August, 1974.)

1314—31-1-75—282—Pb. Govt. Press. Patiala.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

APPENDIX

TO

PUNJAB VIDHAN SABHA DEBATES

Dated the 5th August, 1974

Vol. II—No. 1

STARRED QUESTION AND ANSWER

ਭਦੌੜ ਤੋਂ ਪਿੰਡ ਰਾਮਗੜ੍ਹ, ਜ਼ਿਲ੍ਹਾ ਸੰਗਰੂਰ ਤਕ ਬੱਸਾਂ ਚਲਾਉਣ ਦੀ ਤਜਵੀਜ਼

*2643. **ਗਿਆਨੀ ਕੁੰਦਨ ਸਿੰਘ ਪਤੰਗ** : ਕੀ ਟਰਾਂਸਪੋਰਟ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਮੋਗਾ ਅਤੇ ਅੰਮ੍ਰਿਤਸਰ ਨੂੰ ਜਾਣ ਵਾਲੇ ਲੋਕਾਂ ਨੂੰ ਸਹੂਲਤਾਂ ਦੇਣ ਲਈ ਭਦੌੜ ਤੋਂ ਪਿੰਡ ਰਾਮਗੜ੍ਹ, ਜ਼ਿਲ੍ਹਾ ਸੰਗਰੂਰ ਤੱਕ ਬੱਸਾਂ ਚਲਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ,

(ਅ) ਕੀ ਇਹ ਠੀਕ ਹੈ ਕਿ ਮੋਗਾ ਤੋਂ ਜੋਗਾ ਬਰਾਸਤਾ ਪਿੰਡ ਪਿਥੋ, ਜ਼ਿਲ੍ਹਾ ਬਠਿੰਡਾ, ਬੱਸ ਰੂਟ ਨੰ: 325 ਬੰਦ ਕਰ ਦਿੱਤਾ ਗਿਆ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ?

ਸਰਦਾਰ ਦਿਲਬਾਗ ਸਿੰਘ ਡਾਲੇਕੇ : (ੳ) ਨਹੀਂ ਜੀ।

(ਅ) ਨਹੀਂ ਜੀ।

UNSTARRED QUESTION AND ANSWER

ਮਾਡਲ ਸਕੂਲ

839. **ਕਾਮਰੇਡ ਸੱਤ ਪਾਲ ਡਾਂਗ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪੰਜਾਬ ਵਿੱਚ ਇਸ ਵਕਤ ਕਿੰਨੇ ਮਾਡਲ ਸਕੂਲ ਹਨ ਅਤੇ ਉਹਨਾਂ ਦੇ ਨਾਂ ਕੀ ਕੀ ਹਨ ਅਤੇ ਉਹ ਕਿਸ ਕਿਸ ਥਾਂ ਤੇ ਹਨ ;

(ਅ) ਉਕਤ ਹਰ ਇਕ ਸਕੂਲ ਵਿੱਚ ਕਿੰਨੇ ਕਿੰਨੇ ਵਿਦਿਆਰਥੀ ਪੜ੍ਹ ਰਹੇ ਹਨ ਅਤੇ ਉਹਨਾਂ ਵਿਚੋਂ ਵੱਖ ਵੱਖ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੀ ਗਿਣਤੀ ਕਿੰਨੀ ਕਿੰਨੀ ਹੈ ;

(ਏ) ਉਕਤ ਹਰ ਇਕ ਸਕੂਲ ਵਿੱਚ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੀ ਗਿਣਤੀ ਕਿੰਨੀ ਹੈ ਜਿਹੜੇ ਕਿ ਸਰਕਾਰ ਤੋਂ ਵਜ਼ੀਫੇ/ਸਟਾਈਪੈਂਡਜ਼ ਲੈ ਰਹੇ ਹਨ ;

Original with;
Punjab Vidhan Sabha
Digitized by;
Panjab Digital Library

(ਸ) ਉਕਤ ਹਰ ਇਕ ਸਕੂਲ ਵਿੱਚ (ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਤੋਂ ਇਲਾਵਾ) ਕਿੰਨੇ ਗਰੀਬ ਵਿਦਿਆਰਥੀਆਂ ਨੂੰ ਸਰਕਾਰੀ ਵਜ਼ੀਫੇ/ਸਟਾਈਪੈਂਡਜ਼ ਮਿਲ ਰਹੇ ਹਨ ।

ਸ਼੍ਰੀ ਗੁਰਮੇਲ ਸਿੰਘ (ਸਿਖਿਆ ਮੰਤਰੀ) : (ੳ) ਅਤੇ (ਅ) ਸਕੂਲਾਂ ਦੇ ਨਾਮ, ਗਿਣਤੀ ਅਤੇ ਹੋਰ ਵੇਰਵੇ ਦੀ ਸੂਚੀ ਨੱਥੀ ਹੈ ।

(ਏ) ਕੋਈ ਨਹੀਂ ।

(ਸ) ਕੋਈ ਨਹੀਂ ।

ਮਾਡਲ ਸਕੂਲਾਂ ਦੀ ਗਿਣਤੀ/ਨਾਮ ਅਤੇ ਹੋਰ ਵੇਰਵੇ ਦੀ ਸੂਚੀ

ਲੜੀ ਨੰ.	ਮਾਡਲ ਸਕੂਲ ਦਾ ਨਾਮ	ਕੁੱਲ ਵਿਦਿਆਰਥੀਆਂ ਦੀ ਗਿਣਤੀ	ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੀ ਗਿਣਤੀ	ਪਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੀ ਗਿਣਤੀ
1.	ਅਸ਼ੋਕਾ ਮਾਡਲ ਪ੍ਰਾਇਮਰੀ ਸਕੂਲ, ਕੋਟਕਪੂਰਾ (ਕੱਚੀ ਮਾਨਤਾ ਪ੍ਰਾਪਤ) ਜ਼ਿਲ੍ਹਾ ਫਰੀਦਕੋਟ	245	ਕੋਈ ਨਹੀਂ	ਕੋਈ ਨਹੀਂ
2.	ਗੌ: ਮਿਡਲ ਸਕੂਲ, ਤਲਵਾੜਾ (ਜ਼ਿਲ੍ਹਾ ਹੁਸ਼ਿਆਰਪੁਰ)	407	,,	,,
3.	ਜੀ. ਐਨ. ਮਾਡਲ ਸਕੂਲ, ਹੁਸ਼ਿਆਰਪੁਰ	136	2	,,
4.	ਗੌ: ਮਾਡਲ ਹਾਇਰ ਸੈਕੰਡਰੀ ਸਕੂਲ, ਜਲੰਧਰ ਸ਼ਹਿਰ	1,832	52	114
5.	ਗੌ: ਕੋਅਪ੍ਰੇਟਿਵ ਐ: ਮਾਡਲ ਹਾਇਰ ਸੈਕੰਡਰੀ ਸਕੂਲ, ਜਲੰਧਰ	555	12	21
6.	ਗੌ: ਮਾਡਲ ਹਾਇਰ ਸਕੰਡਰੀ ਸਕੂਲ ਸਮਿਟਰੀ ਰੋਡ, ਲੁਧਿਆਣਾ	513	1	—
7.	ਗੌ: ਮਾਡਲ ਹਾਇਰ ਸੈਕੰਡਰੀ ਸਕੂਲ, ਮਿਲਰ ਗੰਜ, ਲੁਧਿਆਣਾ	443	—	—
8.	ਗੌ: ਮਿਡਲ ਮਾਡਲ ਸਕੂਲ, ਮਾਡਲ ਟਾਊਨ, ਲੁਧਿਆਣਾ	564	1	—

Original with;
Punjab Vidhan Sabha
Digitized by;
Panjab Digital Library

1	2	3	4	5
9.	ਗੌ: ਬ੍ਰਾਂਚ ਮਾਡਲ ਮਿਡਲ ਸਕੂਲ, ਖੇਤੀਬਾੜੀ ਚੁਨੀ, ਲੁਧਿਆਣਾ	347	4	11
10.	ਗੌ: ਸਪੈਸ਼ਲ ਮਾਡਲ ਸਕੂਲ ਨੰਗਲ ਟਾਊਨਸ਼ਿੱਪ (ਰੋਪੜ)	209	3	—
11.	ਗੌ: ਸੀਨੀਅਰ ਮਾਡਲ ਸਕੂਲ ਫੀਲ ਖਾਨਾ, ਪਟਿਆਲਾ	526	2	2
12.	ਗੌ: ਸੀਨੀਅਰ ਮਾਡਲ ਸਕੂਲ, ਸਿਵਲ ਲਾਈਨਜ਼, ਪਟਿਆਲਾ	428	2	13
13.	ਗੌ: ਜੂਨੀਅਰ ਮਾਡਲ ਸਕੂਲ, ਨਾਭਾ	543	ਕੋਈ ਨਹੀਂ	15
14.	ਗੌ: ਜੂਨੀਅਰ ਮਾਡਲ ਸਕੂਲ, ਅਬੋਹਰ (ਜ਼ਿਲ੍ਹਾ ਫਿਰੋਜ਼ਪੁਰ)	181	3	2
15.	ਡੀ. ਸੀ. ਮਾਡਲ ਹਾਈ ਸਕੂਲ, ਫਿਰੋਜ਼ਪੁਰ ਕੈਂਟ	1,350	—	—

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

18
SP.

PUNJAB VIDHAN SABHA

DEBATES

6th August, 1974

Vol. II—No. 2

OFFICIAL REPORT

CONTENTS

Tuesday, the 6th August, 1974

	PAGE
Starred Questions and Answers ..	(2)1
Written Answers to Starred Questions laid on the Table of the House Under Rule 38 ..	(2)22
Unstarred Questions and Answers ..	(2)36
Questions of Privilege ..	(2)38
Personal Explanation by Captain Rattan Singh ..	(2)43
Questions of Privilege (*Resumption*) ..	(2)43
Adjournment Motions ..	(2)46
Personal Explanations by Sarvshri Prem Gupta and Jaswinder Singh Brar ..	(2)52
Call Attention Notices under Rule 66 ..	(2)53
Statement laid on the Table of the House in reply to Call-Attention Notice ..	(2)56
Papers laid on the Table of the House ..	(2)57
Presentation of Committee Report ..	(2)58

Punjab Vidhan Sabha Secretariat, Chandigarh.

Price : Rs. 31.10

Original with;
Punjab Vidhan Sabha
Digitized by;
Panjab Digital Library

Announcement by the Secretary	..	(2)59
Discussion on Supplementary Estimates (First Instalment), 1974-75	..	(2)60
Walk-Out	..	(2)95
Discussion on Supplementary Estimates (First Instalment), 1974-75 (*Resumption*)	..	(2)95
Bill (s)		
The Punjab Aided Colleges (Security of Service of Teachers)—, 1974 (Withdrawal of—)	..	(2)97
Presentation of First Report of the Business Advisory Committee	..	(2)97
Extension of time of the Sitting	..	(2)98
Presentation of First Report of the Business Advisory Committee (*Resumption*)	..	(2)99
Bill(s)		
The Punjab Homoeopathic Practitioners (Amendment) —, 1974	..	(2)99
Resolution under clause 2 (a) of Article 213 of the Constitution disapproving the Punjab Municipal (Amendment) Ordinance, 1974	..	(2)107
And		
The Punjab Municipal (Second Amendment)—, 1974	..	(2)107
The Punjab Agricultural Produce Markets (Amendment)—, 1974	..	(2)129
Appendix	..	(i)

Original with;
Punjab Vidhan Sabha
Digitized by;
Panjab Digital Library

PUNJAB VIDHAN SABHA

Tuesday, the 6th August, 1974

The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 2-00 P.M. of the Clock. Mr. Speaker (Dr. Kewal Krishan) in the Chair.

STARRED QUESTIONS AND ANSWERS

STARRED QUESTION NO. 2665

Mr. Speaker: Extension has been asked for in respect of Starred Question No. 2665.

STARRED QUESTION NO. 2684

Mr. Speaker: Extension has been asked for in respect of Starred Question No. 2684.

ਸ਼੍ਰੀ ਸਪੀਕਰ : *2609, ਸ਼੍ਰੀ ਸਰਦਾਰੀ ਲਾਲ ਕਪੂਰ । (Starred Question No. 2609 stands in the name of Shri Sardari Lal Kapur.)

ਸਰਦਾਰ ਪ੍ਰੇਮ ਸਿੰਘ ਪ੍ਰੇਮ: ਸਪੀਕਰ ਸਾਹਿਬ, ਪਹਿਲਾ ਸਵਾਲ ਮੇਰਾ ਹੈ ।

ਸ਼੍ਰੀ ਸਪੀਕਰ: ਪਹਿਲੇ ਦੋ ਸਵਾਲਾਂ ਵਿਚ ਐਕਸਟੈਨਸ਼ਨ ਮੰਗੀ ਗਈ ਹੈ । (Extension has been asked for in respect of the first two questions.)

ਸਰਦਾਰ ਪ੍ਰੇਮ ਸਿੰਘ ਪ੍ਰੇਮ: ਪਰ ਇਸ ਤਰ੍ਹਾਂ ਸਾਨੂੰ ਕੀ ਪਤਾ ਹੈ ਕਿ ਐਕਸਟੈਨਸ਼ਨ ਮੰਗੀ ਗਈ ਹੈ ਜਦ ਤੱਕ ਤੁਸੀਂ ਦੱਸੋ ਹੀ ਨਾ ।

ਸ਼੍ਰੀ ਸਪੀਕਰ: ਇਸ ਦੀ ਐਕਸਟੈਨਸ਼ਨ ਬਾਰੇ ਅੱਜ ਹੀ ਕਿਹਾ ਗਿਆ ਹੈ । (Request for the extension has been received from the Govt. only today.)

ਸਰਦਾਰ ਪ੍ਰੇਮ ਸਿੰਘ ਪ੍ਰੇਮ: ਪਰ ਤੁਹਾਨੂੰ ਦੱਸਣਾ ਤਾਂ ਚਾਹੀਦਾ ਹੈ ।

ਸ਼੍ਰੀ ਸਪੀਕਰ: ਜਿਨ੍ਹਾਂ ਸਵਾਲਾਂ ਵਿਚ ਐਕਸਟੈਨਸ਼ਨ ਮੰਗੀ ਗਈ ਹੈ, ਮੈਂ ਸਰਕਾਰ ਨੂੰ ਕਹਾਂਗਾ ਕਿ ਉਨ੍ਹਾਂ ਦਾ ਜਵਾਬ ਇਸੇ ਸੈਸ਼ਨ ਵਿਚ ਦੇ ਦੇਣ । (The questions in which extension has been asked for, I will request the Govt. to give replies to the during the current session period.)

Original with;
Punjab Vidhan Sabha
Digitized by;
Panjab Digital Library

ਸਰਦਾਰ ਪ੍ਰੇਮ ਸਿੰਘ ਪ੍ਰੇਮ: ਸਪੀਕਰ ਸਾਹਿਬ, ਅੱਜ ਦੀ ਸਵਾਲਾਂ ਦੀ ਲਿਸਟ ਵਿਚ ਮੇਰੇ ਤਿੰਨ ਸਵਾਲ ਹਨ, ਸਟਾਰਡ ਸਵਾਲ ਨੰ: 2664, 2665 ਅਤੇ 2666 ਪਰ ਸਰਕਾਰ ਨੇ ਇਨ੍ਹਾਂ ਤਿੰਨਾਂ ਸਵਾਲਾਂ ਵਿਚ ਹੀ ਐਕਸਟੈਨਸ਼ਨ ਮੰਗੀ ਹੈ। ਇਹ ਬੜੀ ਮਾੜੀ ਗੱਲ ਹੈ। ਪਰ ਤੁਹਾਡਾ ਕਹਿਣਾ ਵੀ ਠੀਕ ਹੈ ਕਿ ਇਨ੍ਹਾਂ ਦਾ ਜਵਾਬ ਇਸੇ ਸੈਸ਼ਨ ਵਿਚ ਦਿਤਾ ਜਾਵੇਗਾ।

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਸਾਨੂੰ ਤਾਂ ਜਵਾਬ ਨਹੀਂ ਦੇਣੇ ਪਰ ਇਨ੍ਹਾਂ ਨੂੰ ਤਾਂ ਜਵਾਬ ਦਿਵਾਓ?

ਸ਼੍ਰੀ ਸਪੀਕਰ: ਸਾਰਿਆਂ ਨੂੰ ਜਵਾਬ ਮਿਲੇਗਾ। (All the hon. Members will get replies to their questions.)

ਰੀਜ਼ਰਵ ਬੈਂਕ ਆਫ ਇੰਡੀਆ ਵਲੋਂ ਰਾਜ ਸਰਕਾਰ ਨੂੰ ਕੀਤੀਆਂ ਗਈਆਂ ਤਾੜਨਾਵਾਂ

***2609. ਸ਼੍ਰੀ ਸਰਦਾਰੀ ਲਾਲ ਕਪੂਰ:** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪੰਜਾਬ ਸਰਕਾਰ ਨੂੰ ਰਿਜ਼ਰਵ ਬੈਂਕ ਆਫ ਇੰਡੀਆ ਵਲੋਂ 1 ਅਪਰੈਲ, 1973 ਤੋਂ ਲੈਕੇ ਹੁਣ ਤੱਕ—

(i) ਪੰਜਾਬ ਸਰਕਾਰ ਦੇ ਓਵਰਡਰਾਫਟ ਦੀ ਰਕਮ ਘੱਟ ਕਰਨ;

(ii) ਨਿਸ਼ਚਿਤ ਸਮਿਆਂ ਦੇ ਅੰਦਰ ਅੰਦਰ ਓਵਰਡਰਾਫਟ ਘੱਟ ਕਰਨ; ਲਈ ਕਿੰਨੀਆਂ ਤਾੜਨਾਵਾਂ ਕੀਤੀਆਂ ਗਈਆਂ;

(ਅ) ਰਾਜ ਸਰਕਾਰ ਦੁਆਰਾ ਕੀ ਕਾਰਵਾਈ ਕਰਨ ਦਾ ਵਿਚਾਰ ਹੈ ਕਿ ਇਸ ਨੂੰ ਵੱਧ ਰਕਮ ਨਾ ਕਢਵਾਉਣੀ ਪਵੇ?

ਸ਼੍ਰੀ ਹੰਸ ਰਾਜ ਸ਼ਰਮਾ: (ੳ) (i)ਤੇ (ii) ਰਾਜ ਸਰਕਾਰ ਮਿਤੀ 1 ਅਪ੍ਰੈਲ, 1973 ਤੋਂ ਅੱਜ ਤੱਕ 37 ਦਿਨ ਓਵਰ-ਡਰਾਫਟ ਅਧੀਨ ਰਹੀ ਹੈ। ਓਵਰ-ਡਰਾਫਟ ਦੇ ਹਰ ਦਿਨ ਲਈ ਰਿਜ਼ਰਵ ਬੈਂਕ ਆਫ ਇੰਡੀਆ ਰਾਜ ਸਰਕਾਰ ਨੂੰ ਓਵਰ-ਡਰਾਫਟ ਦੀ ਰਕਮ ਨੂੰ ਮੁੜ ਜਮ੍ਹਾਂ ਕਰਵਾਉਣ ਸਬੰਧੀ ਕਦਮ ਉਠਾਉਣ ਵਾਸਤੇ ਕਹਿੰਦਾ ਰਿਹਾ।

(ਅ) ਸਾਲ 1974-75 ਲਈ ਰਾਜ ਸਰਕਾਰ ਨੇ ਬਜਟ ਨੂੰ ਸੰਤੁਲਿਤ ਰੱਖਣ ਲਈ ਗੈਰ ਯੋਜਨਾ ਖਰਚੇ ਵਿਚ ਕਫਾਇਤਾਂ ਵਰਤਣ ਅਤੇ ਵੱਖ ਵੱਖ ਉਪਾਵਾਂ ਰਾਹੀਂ ਵਾਧੂ ਸਾਧਨ ਜੁਟਾਉਣ ਲਈ ਕਦਮ ਉਠਾਏ ਹਨ। ਓਵਰ-ਡਰਾਫਟ ਤੋਂ ਬਚਣ ਲਈ ਰਾਜ ਸਰਕਾਰ ਨੇ ਇਸ ਵਿੱਤੀ ਸਾਲ ਦੌਰਾਨ ਇਕ ਸਾਰ ਢੰਗ ਨਾਲ ਖਰਚ ਕਰਕੇ ਖਰਚੇ ਨੂੰ ਵਿਨਿਯਮਤ ਕਰਨ ਲਈ ਵੀ ਲੋੜੀਂਦੇ ਕਦਮ ਉਠਾਏ ਹਨ। ਸਾਲ ਦੇ ਅੰਤ ਵਿਚ ਖਰਚੇ ਦੀ ਭਰਮਾਰ ਨੂੰ ਰੋਕਣ ਲਈ ਫੰਡਜ਼ ਦੀ ਵੰਡ ਅਤੇ ਅਦਾਇਗੀ ਲਈ ਕਾਰਜ਼-ਵਿਧੀ ਨੂੰ ਚੰਗੇਰਾ ਬਣਾਇਆ ਜਾ ਰਿਹਾ ਹੈ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਰਦਾਰੀ ਲਾਲ ਕਪੂਰ: ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਿਨ੍ਹਾਂ ਮਹਿਕਮਿਆਂ ਲੈ ਓਵਰ-ਡਰਾਫਟਿੰਗ ਦੇ ਲਿਹਾਜ਼ ਨਾਲ ਰੁਪਿਆ ਖਰਚ ਕੀਤਾ ਸੀ ਕੀ ਉਸ ਦੇ ਲਈ ਉਨ੍ਹਾਂ ਨੇ ਕੋਈ ਇਜਾਜ਼ਤ ਲਈ ਸੀ?

ਵਿੱਤ ਮੰਤਰੀ: ਕੁਝ ਮਹਿਕਮਿਆਂ ਨੇ ਜ਼ਿਆਦਾ ਖਰਚ ਕਰ ਲਿਆ ਸੀ ਉਨ੍ਹਾਂ ਨੇ ਸਾਮਾਨ ਖਰੀਦ ਕੇ ਰੱਖ ਲਿਆ ਸੀ । ਉਸ ਦੇ ਬਾਰੇ ਉਨ੍ਹਾਂ ਦਾ ਇਲਾਜ ਕਰ ਦਿਤਾ ਗਿਆ ਹੈ । ਅਸੀਂ ਹੁਣ ਸਿਸਟਮ ਬਣਾ ਦਿੱਤਾ ਹੈ ਅਤੇ ਹੁਣ ਅੱਗੇ ਨੂੰ ਉਹ ਇਸ ਤਰ੍ਹਾਂ ਨਹੀਂ ਕਰ ਸਕਣਗੇ ।

ਕੈਪਟਨ ਰਤਨ ਸਿੰਘ: ਕੀ ਵਿੱਤ ਮੰਤਰੀ ਜੀ ਦੱਸਣਗੇ ਕਿ ਕੀ ਅੱਗੇ ਵੀ ਕਦੇ ਪੰਜਾਬ ਸਰਕਾਰ ਦੀ ਓਵਰ-ਡਰਾਫਟ ਹੋਈ ਹੈ ?

ਮੰਤਰੀ: ਕੈਪਟਨ ਸਾਹਿਬ ਦਾ ਸਵਾਲ ਵਾਜਬ ਹੈ, ਕਿਸੇ ਇਕ ਦਿਨ ਵੀ ਓਵਰ-ਡਰਾਫਟ ਹੋ ਸਕਦੀ ਹੈ । ਜਿਸ ਦਿਨ ਆਊਟ ਫਲੋ ਜ਼ਿਆਦਾ ਹੋ ਜਾਵੇ ਅਤੇ ਰਸੀਟ ਘੱਟ ਹੋ ਜਾਵੇ ਤਾਂ ਇਹ ਹੋ ਜਾਂਦਾ ਹੈ । ਇਸ ਲਈ ਇਹ ਕਿਸੇ ਇਕ ਦਿਨ ਵੀ ਓਵਰ-ਡਰਾਫਟ ਹੋ ਸਕਦੀ ਹੈ ਅਤੇ ਕਿਸੇ ਮਹੀਨੇ ਵੀ ਹੋ ਸਕਦੀ ਹੈ । ਪਰ ਸਵਾਲ ਇਹ ਹੈ ਕਿ ਮੈਨੂੰ ਇਸ ਬਾਰੇ ਨੋਟਿਸ ਚਾਹੀਦਾ ਹੈ ਕਿਉਂਕਿ 1947 ਤੋਂ ਦੇਖਣਾ ਪਵੇਗਾ ।

ਚੌਧਰੀ ਦਰਸ਼ਨ ਸਿੰਘ: ਕੀ ਵਿੱਤ ਮੰਤਰੀ ਜੀ ਇਹ ਦੱਸਣਗੇ ਕਿ ਓਵਰ-ਡਰਾਫਟ ਦੀ ਕੋਈ ਲਿਮਿਟ ਵੀ ਮੁਕੱਰਰ ਹੈ ? Did we cross that limit ?

ਮੰਤਰੀ: ਵੇਜ ਐਂਡ ਮੀਨਜ਼ ਬਾਰੇ ਰਿਜ਼ਰਵ ਬੈਂਕ ਵਲੋਂ ਕੁਝ ਲਿਮਿਟ ਹੁੰਦੀ ਹੈ । ਇਸ ਦਾ ਮਤਲਬ ਹੈ ਕਿ ਜਦ ਉਹ ਕਰਾਸ ਹੁੰਦੀ ਹੈ ਤਾਂ ਫਿਰ ਓਵਰ-ਡਰਾਫਟ ਹੁੰਦੀ ਹੈ ।

ਸਰਦਾਰ ਪ੍ਰੇਮ ਸਿੰਘ ਪ੍ਰੇਮ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਓਵਰ-ਡਰਾਫਟ ਦੇ ਸਬਧ ਵਿਚ ਕੋਈ ਸੈਂਟਰਲ ਗੌਰਮਿੰਟ ਦੀਆਂ ਨਵੀਆਂ ਇੰਸਟਰੱਕਸ਼ੰਜ਼ ਇਨ੍ਹਾਂ ਨੂੰ ਆਈਆਂ ਹਨ ਅਤੇ ਜੇ ਆਈਆਂ ਹਨ ਤਾਂ ਉਹ ਕੀ ਹਨ ?

ਮੰਤਰੀ: ਸੈਂਟਰਲ ਗੌਰਮਿੰਟ ਨੇ ਸਾਰੀਆਂ ਸਟੇਟਸ ਨੂੰ ਲਿਖਿਆ ਸੀ ਕਿ ਪਿਛਲੇ ਸਾਲਾਂ ਵਿਚ ਤਾਂ ਕਈ ਵਾਰੀ ਉਹ ਓਵਰ-ਡਰਾਫਟ ਬਰਦਾਸ਼ਤ ਕਰ ਲੈਂਦੀ ਸੀ ਅਤੇ ਕਈ ਵਾਰੀ ਰਿਜ਼ਰਵ ਬੈਂਕ ਨੂੰ ਇਹ ਇਜਾਜ਼ਤ ਸੀ ਅਤੇ ਉਹ ਸਾਨੂੰ ਪੇਮੈਂਟਸ ਕਰਦੇ ਰਹੇ । ਪਰ ਹੁਣ ਸੈਂਟਰਲ ਗੌਰਮਿੰਟ ਨੇ ਕਿਹਾ ਹੈ ਕਿ ਰਿਜ਼ਰਵ ਬੈਂਕ ਅਤੇ ਅਸੀਂ ਸਟੇਟਸ ਗੌਰਮਿੰਟਸ ਦੀ ਕੋਈ ਮੱਦਦ ਨਹੀਂ ਕਰਾਂਗੇ । ਇਸ ਲਈ ਤੁਸੀਂ ਆਪਣੇ ਰਿਸੋਰਸਿਜ਼ ਟਾਈਟ ਅੱਪ ਕਰੋ, ਰਿਸੋਰਸਿਜ਼ ਮੋਬੇਲਾਈਜ਼ ਕਰੋ ਅਤੇ ਆਪਣੇ ਫ਼ਾਈਨੈਂਸ਼ਲ ਸਿਸਟਮ ਨੂੰ ਸਟਰੀਮ ਲਾਈਨ ਕਰੋ, ਅਸੀਂ ਅੱਗੇ ਨੂੰ ਓਵਰ-ਡਰਾਫਟ ਬਰਦਾਸ਼ਤ ਨਹੀਂ ਕਰਾਂਗੇ ।

ਕੈਪਟਨ ਰਤਨ ਸਿੰਘ: ਸਪੀਕਰ ਸਾਹਿਬ, ਮੈਂ ਅੰਗਰੇਜ਼ੀ ਵਿਚ ਸਵਾਲ ਪੁੱਟ ਕਰਦਾ ਹਾਂ ਕਿਉਂਕਿ ਪਹਿਲਾਂ ਵੀ ਸਵਾਲ ਪੰਜਾਬੀ ਵਿਚ ਪੁੱਟ ਕੀਤਾ ਸੀ ਪਤਾ ਨਹੀਂ ਉਹ ਸਮਝ ਨਹੀਂ ਸਕੇ, ਉਨ੍ਹਾਂ ਨੇ ਜਵਾਬ ਠੀਕ ਨਹੀਂ ਦਿਤਾ ।

Will the Finance Minister be pleased to state whether the Punjab Government has earlier also over drawn money from the Reserve Bank of India?

Original with;
Punjab Vidhan Sabha
Digitized by;
Panjab Digital Library

Minister: I need a separate notice, Sir.

ਚੌਧਰੀ ਦਰਸ਼ਨ ਸਿੰਘ : ਮੈਂ ਪੰਜਾਬੀ ਵਿਚ ਸਵਾਲ ਕਰਦਾ ਹਾਂ, ਉਹ ਪੰਜਾਬੀ ਵਿਚ ਸਮਝ ਜਾਣਗੇ ।

ਸ਼੍ਰੀ ਸਪੀਕਰ: ਪਰ ਉਨ੍ਹਾਂ ਨੇ ਤਾਂ ਜਵਾਬ ਪਹਿਲਾਂ ਹੀ ਦੇ ਦਿੱਤਾ ਹੈ । (But the hon. Minister has already given the reply.)

ਚੌਧਰੀ ਦਰਸ਼ਨ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਪੀਰੀਅਡ ਦੇ ਵਿਚ ਪੰਜਾਬ ਸਰਕਾਰ ਨੇ ਅਟਾਨੌਮਸ ਬਾਡੀਜ਼ ਨੂੰ, ਲੋਕਲ ਬਾਡੀਜ਼ ਨੂੰ ਜਾਂ ਡਿਫਰੈਂਟ ਬੋਰਡਜ਼ ਨੂੰ ਕੋਈ ਇਹੋ ਜਿਹਾ ਸਰਕੁਲਰ ਜਾਰੀ ਕੀਤਾ ਕਿ ਆਪਣਾ ਫੰਡ ਟਰੈਜ਼ਰੀ ਵਿਚ ਡਿਪਾਜ਼ਿਟ ਕਰਾਓ ਇਨਸਟੈਡ ਆਫ਼ ਬੈਂਕਸ ?

ਮੰਤਰੀ: ਸਪੀਕਰ ਸਾਹਿਬ, ਅਸੀਂ ਇਹ ਸਰਕੁਲਰ ਜਾਰੀ ਨਹੀਂ ਕਰ ਸਕਦੇ । ਇਹ ਉਨ੍ਹਾਂ ਨੇ ਮਸ਼ਵਰਾ ਦਿਤਾ ਸੀ ਕਿ ਜਿਥੋਂ ਤੱਕ ਹੋ ਸਕੇ ਆਪਣੇ ਫੰਡ ਟਰੈਜ਼ਰੀ ਵਿਚ ਜਮ੍ਹਾਂ ਕਰਾਓ ਪਰ ਉਸ ਤਰ੍ਹਾਂ ਅਸੀਂ ਸਰਕੁਲਰ ਜਾਰੀ ਨਹੀਂ ਸੀ ਕਰ ਸਕਦੇ । ਜਿਹੜਾ ਵੀ ਸਾਨੂੰ ਮਿਲਿਆ ਉਸ ਨੂੰ ਅਸੀਂ ਇਹੀ ਹੀ ਸਲਾਹ ਦਿਤੀ ।

ਚੌਧਰੀ ਦਰਸ਼ਨ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਉਸ ਦੌਰਾਨ ਵਿਚ ਟਰੈਜ਼ਰੀ ਵਿਚ ਜਮ੍ਹਾਂ ਕੀਤੀ ਹੋਈ ਰਕਮ ਦਾ ਕੋਈ ਟਰੈਜ਼ਰੀ ਵਾਲੇ ਇੰਟਰੈਸਟ ਦੇਣਗੇ ਜਾਂ ਨਹੀਂ?

ਮੰਤਰੀ: ਇੰਟਰੈਸਟ ਤਾਂ ਦੇਣਗੇ ਹੀ । ਸਵਾਲ ਇਹ ਹੈ ਕਿ ਕੁਝ ਮਹਿਕਮੇ ਹਨ, ਜਿਸ ਤਰ੍ਹਾਂ ਮੈਂ ਅਰਜ਼ ਕੀਤੀ ਹੈ ਕਿ ਉਹ ਜ਼ਿਆਦਾ ਖਰਚ ਕਰ ਰਹੇ ਸਨ ਪਰ ਓਵਰ-ਡਰਾਫਟ ਵੀ ਨਹੀਂ ਸੀ ਹੋਣਾ ਚਾਹੀਦਾ । ਜਿਨ੍ਹਾਂ ਨੇ ਕੀਤਾ ਹੈ ਉਨ੍ਹਾਂ ਦਾ ਵੱਖ ਇੰਤਜ਼ਾਮ ਕੀਤਾ ਜਾ ਰਿਹਾ ਹੈ। They could not spend without the permission of the Finance Department. ਅਗਰ ਉਹ ਨਾ ਹੁੰਦਾ 20 ਕਰੋੜ ਦੀ ਤਾਂ ਫਿਰ ਓਵਰ-ਡਰਾਫਟਿੰਗ ਵੀ ਨਾ ਹੁੰਦੀ ਲੇਕਿਨ ਅੱਗੇ ਨੂੰ ਇਸ ਦਾ ਇੰਤਜ਼ਾਮ ਕੀਤਾ ਜਾ ਰਿਹਾ ਹੈ ਕਿ ਅੱਗੇ ਇਸ ਤਰ੍ਹਾਂ ਨਾ ਹੋਵੇ । Budgetary gap is some thing else and over-drafting is some thing else. ਬਜਟ ਦੇ ਗੈਪ ਦੇ ਮੁਤਾਬਿਕ ਅਸੀਂ ਇੰਤਜ਼ਾਮ ਕੀਤਾ ਹੈ ਅਤੇ ਐਡੀਸ਼ਨਲ ਰਿਸੋਰਸਿਜ਼ ਰੇਜ਼ ਕਰਕੇ ਅਤੇ ਇਕਾਨੌਮੀ ਕਰਕੇ ਅਸੀਂ ਬਜਟਰੀ ਗੈਪ ਖਤਮ ਕੀਤਾ ਹੈ । ਇਸ ਦੇ ਵਾਸਤੇ ਇਹ ਸਟੈਪਸ ਲਏ ਹਨ ਕਿ ਓਲਡ ਸਟਾਕ ਨੂੰ ਡਿਸਪੋਜ਼ ਆਫ ਕਰਕੇ ਅਸੀਂ 16 ਕਰੋੜ ਰੁਪਿਆ ਰੇਜ਼ ਕੀਤਾ ਹੈ । ਰਿਕਵਰੀ ਆਫ ਏਰੀਅਰਜ਼ 2 ਕਰੋੜ ਅਤੇ ਲਾਰਜਰ ਮਾਰਕੀਟਿੰਗ Borrowing ਦਾ 3 ਕਰੋੜ ਰੇਜ਼ ਕੀਤਾ ਹੈ । ਜਿਸ ਦੀ ਕਿ ਗੌਰਮਿੰਟ ਆਫ ਇੰਡੀਆ ਨੇ ਇਜਾਜ਼ਤ ਦੇ ਦਿੱਤੀ ਹੈ। ਅੱਜ ਸਾਡੀ ਪੋਜੀਸ਼ਨ ਅੱਛੀ ਹੈ।

ਸਰਦਾਰ ਪ੍ਰੇਮ ਸਿੰਘ ਪ੍ਰੇਮ: ਕੀ ਵਜ਼ੀਰ ਸਾਹਿਬ ਦੱਸਣਗੇ ਕਿ ਕਿਹੜੇ ਕਿਹੜੇ ਡਿਪਾਰਟਮੈਂਟ ਹਨ ਜਿਨ੍ਹਾਂ ਨੇ ਬਜਟ ਤੋਂ ਵੱਧ ਖਰਚ ਕਰ ਲਿਆ ਸੀ ਅਤੇ ਉਨ੍ਹਾਂ ਨੇ ਕਿਹੜੇ ਆਈਟਮਜ਼ ਤੇ ਵੱਧ ਖਰਚ ਕਰ ਲਿਆ ਸੀ ? ਜੇ ਇਹ ਦੱਸਣਗੇ ਤਾਂ ਫਿਰ ਇਨ੍ਹਾਂ ਨੇ ਉਸ ਉਤੇ ਕੀ ਐਕਸ਼ਨ ਲਿਆ ਹੈ?

Original with;
Punjab Vidhan Sabha
Digitized by;
Panjab Digital Library

ਮੰਤਰੀ: ਡਿਪਾਰਟਮੈਂਟਸ ਤਾ ਮੈਂ ਦੱਸ ਸਕਦਾ ਹਾਂ ਪਰ ਮੈਂ ਇਸ ਬਾਰੇ ਪਤਾ ਕਰ ਰਿਹਾ ਹਾਂ ਅਤੇ ਇਨਕੁਆਇਰੀ ਵੀ ਚਲ ਰਹੀ ਹੈ । ਲੇਕਿਨ ਕੁਝ ਮਹਿਕਮੇ ਹਨ ਜਿਨ੍ਹਾਂ ਨੇ ਜ਼ਿਆਦਾ ਖਰਚ ਕੀਤਾ ਹੈ । ਉਨ੍ਹਾਂ ਨੇ ਸਾਮਾਨ ਖਰੀਦ ਕੇ ਜ਼ਿਆਦਾ ਰੱਖ ਲਿਆ ਸੀ । ਉਨ੍ਹਾਂ ਵਿਚੋਂ ਪਬਲਿਕ ਵਰਕਸ ਡਿਪਾਰਟਮੈਂਟ, ਮੈਡੀਕਲ, ਪਬਲਿਕ ਹੈਲਥ ਆਦਿ ਕੁਝ ਮਹਿਕਮੇ ਹਨ।

ਕੈਪਟਨ ਰਤਨ ਸਿੰਘ : ਕੀ ਖਜ਼ਾਨਾ ਮੰਤਰੀ ਇਹ ਦੱਸਣ ਦੀ ਖੇਚਲ ਕਰਨਗੇ ਕਿ ਅੱਗੇ ਕਦੇ ਪੰਜਾਬ ਸਰਕਾਰ ਨੇ ਓਵਰ-ਡਰਾਫਟ ਨਹੀਂ ਸੀ ਕੀਤਾ ਅਤੇ ਐਤਕੀ ਓਵਰ-ਡਰਾਫਟ ਵਿਚ ਰਨ ਕੀਤਾ ਹੈ? ਕੀ ਇਸ ਦੇ ਨਾਲ ਸਰਕਾਰ ਦੀ ਇੱਜ਼ਤ ਅਤੇ ਵਕਾਰ ਵਧਿਆ ਹੈ ਜਾਂ ਘੱਟਿਆ ਹੈ?

ਮੰਤਰੀ: ਅੱਗੇ ਦਾ ਮੈਨੂੰ ਪਤਾ ਨਹੀਂ ਲੇਕਿਨ ਮੈਂ ਐਨਾ ਕਹਿ ਸਕਦਾ ਹਾਂ ਕਿ ਆਪਣੀ ਸਟੇਟ ਦੇ ਬਾਰੇ ਅਖਬਾਰਾਂ ਵਿਚ ਵੀ ਪੜ੍ਹ ਲਿਆ ਹੋਵੇਗਾ ਅਤੇ ਇਹ ਸੁਣਿਆ ਵੀ ਹੋਵੇਗਾ ਕਿ ਸਾਰੀਆਂ ਸਟੇਟਸ ਬੜੀ ਡਿਫੀਕਲਟੀਜ਼ ਵਿਚ ਆ ਗਈਆਂ ਸਨ ਪਰ ਅਸੀਂ ਲੋਕਲੀ ਆਪਣਾ ਸਾਰਾ ਕੰਮ ਰਿਸੋਰਸਿਜ਼ ਮੋਬੇਲਾਈਜ਼ ਕਰਕੇ ਉਸ ਡਿਫੀਕਲਟੀ ਵਿਚੋਂ ਨਿਕਲ ਗਏ ਹਾਂ । 10 ਦਿਨ ਹੋਏ ਹਨ, ਸੀ. ਐਮ. ਸਾਹਿਬ ਅਤੇ ਮੈਂ, ਕੇਂਦਰੀ ਵਜ਼ੀਰ ਚਵਾਨ ਸਾਹਿਬ ਅਤੇ ਧਰ ਸਾਹਿਬ ਨਾਲ ਮੀਟਿੰਗ ਕੀਤੀ ਸੀ ਅਤੇ ਜਿਸ ਬਾਰੇ ਅਖਬਾਰਾਂ ਵਿਚ ਵੀ ਆਇਆ ਸੀ, ਉਨ੍ਹਾਂ ਨੇ ਕਿਹਾ ਸੀ ਕਿ ....we compliment the Punjab Government for removing the budgetary gap and for removing the over-draft.

ਡਾਕਟਰ ਅਮੀਰ ਸਿੰਘ ਕਲਕਟ: ਆਇਆ ਮਨਿਸਟਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਜਿਹੜੀ ਓਵਰ-ਡਰਾਫਟਿੰਗ ਹੋਈ ਹੈ, ਮਾਲ ਖਰੀਦਿਆ ਹੈ ਉਸ ਵਿਚ ਕਿੰਨਾ ਕੁ ਫਾਇਦਾ ਗੌਰਮਿੰਟ ਨੂੰ ਹੋਇਆ ਹੈ ਕਿਉਂ ਕਿ ਅੱਜ ਜਿਹੜੀ ਚੀਜ਼ 4 ਆਨੇ ਦੀ ਹੈ ਉਹ ਚੌਥੇ ਦਿਨ 6 ਆਨੇ ਜਾਂ 8 ਆਨੇ ਦੀ ਹੋ ਜਾਂਦੀ ਹੈ ?

ਮੰਤਰੀ: ਸਪੀਕਰ ਸਾਹਿਬ, ਇਹ ਤਾਂ ਸਵਾਲ ਪੈਦਾ ਨਹੀਂ ਹੁੰਦਾ ।

ਚੌਧਰੀ ਦਰਸ਼ਨ ਸਿੰਘ: ਸਪੀਕਰ ਸਾਹਿਬ, ਸਰਕਾਰ ਦੇ ਕੁਝ ਮਹਿਕਮਿਆਂ ਵਿਚ ਜਿਹੜੇ ਸੈਕਟਰੀਜ਼ ਬੈਠੇ ਹੋਏ ਹਨ, ਹੈਡ ਆਫ ਦੀ ਡੀਪਾਰਟਮੈਂਟ ਹਨ ਉਨ੍ਹਾਂ ਓਵਰ-ਡਰਾਫਿਟੰਗ ਕੀਤੀ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਨੇ ਫਾਈਨਾਂਸ ਡੀਪਾਰਟਮੈਂਟ ਦੀ ਮਨਜ਼ੂਰੀ ਨਾਲ ਓਵਰ-ਐਕਸਪੈਨਡੀਚਰ ਕੀਤਾ ? ਜੇ ਨਹੀਂ, ਤਾਂ ਕੀ ਪੰਜਾਬ ਸਰਕਾਰ ਦੇ ਵਿੱਤ ਮਤਰੀ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਉਹ ਉਨ੍ਹਾਂ ਹੈਡ ਆਫ ਦੀ ਡਿਪਾਰਟਮੈਂਟਸ ਦੇ ਖਿਲਾਫ ਜਿਨ੍ਹਾਂ ਨੇ ਰੂਲਜ਼ ਦੀ ਵਾਇਓਲੇਸ਼ਨ ਕੀਤੀ ਕੋਈ ਐਕਸ਼ਨ ਲੈਣ ਦਾ ਯਤਨ ਕਰ ਰਹੇ ਹਨ?

Minister: We are looking into it.

Original with;
Punjab Vidhan Sabha
Digitized by;
Panjab Digital Library

ਦੂਸਰੇ ਰਾਜਾਂ ਦੇ ਖੇਤਰਾਂ ਵਿਚ ਆਉਂਦੇ ਪੰਜਾਬੀ ਬੋਲਦੇ ਇਲਾਕਿਆਂ ਸਬੰਧੀ ਝਗੜੇ

*2681 **ਚੌਧਰੀ ਰਾਮ ਸਿੰਘ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ, ਦੂਸਰੇ ਰਾਜਾਂ ਵਿਚ ਆਉਂਦੇ ਪੰਜਾਬੀ ਬੋਲਦੇ ਇਲਾਕਿਆਂ ਸਬੰਧੀ ਹੱਦਬੰਦੀ ਦੇ ਝਗੜੇ ਨੂੰ ਸੁਲਝਾਉਣ ਵਾਸਤੇ ਕੇਂਦਰੀ ਸਰਕਾਰ ਨੂੰ ਬਿਨੈ ਕਰਨ ਲਈ, ਬਜਟ ਸਮਾਗਮ, 1974 ਤੋਂ ਬਾਅਦ ਕੋਈ ਤਾਜ਼ਾ ਕਾਰਵਾਈ ਕੀਤੀ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਦਾ ਕੀ ਨਤੀਜਾ ਨਿਕਲਿਆ ?

ਗਿਆਨੀ ਜ਼ੈਲ ਸਿੰਘ: ਦੂਸਰੇ ਰਾਜਾਂ ਵਿਚ ਰਹਿ ਗਏ ਪੰਜਾਬੀ ਬੋਲਦੇ ਇਲਾਕਿਆਂ ਦਾ ਮਾਮਲਾ, ਅੰਤਰ-ਰਾਜੀ ਹੱਦਾਂ ਦੀ ਐਡਜਸਟਮੈਂਟ ਲਈ ਕਮਿਸ਼ਨ ਜਾਂ ਕਮੇਟੀ ਦੀ ਨਿਯੁਕਤੀ ਤੇ ਹੀ 'ਟੇਕ-ਅੱਪ' ਕਰਨਾ ਹੈ। ਇਸ ਕਮਿਸ਼ਨ ਜਾਂ ਕਮੇਟੀ ਦੀ ਨਿਯੁਕਤੀ ਬਾਰੇ ਕਾਰਵਾਈ ਭਾਰਤ ਸਰਕਾਰ ਦੇ ਵਿਚਾਰ ਅਧੀਨ ਹੈ।

ਚੌਧਰੀ ਰਾਮ ਸਿੰਘ: ਇਨ੍ਹਾਂ ਨੇ ਕਿਹਾ ਹੈ ਕਿ ਕੋਈ ਕਮਿਸ਼ਨ ਜਾਂ ਕਮੇਟੀ ਬਣਾਉਣਗੇ ਅੌਰ ਉਸ ਦੇ ਬਣਨ ਤੇ ਪੰਜਾਬੀ ਸਪੀਕਿੰਗ ਏਰੀਆਂ ਦੂਸਰਿਆਂ ਸੂਬਿਆਂ ਤੋਂ ਲੈਣ ਦਾ ਯਤਨ ਕਰਾਂਗੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਕਾਂਗੜਾ, ਕਾਲਕਾ ਅੌਰ ਊਨਾ ਵਗੈਰਾ ਵਿਚ ਹਨ ਅੌਰ ਹਿਮਾਚਲ ਅਤੇ ਹਰਿਆਣਾ ਵਾਲਿਆਂ ਨੇ ਜਦੋਂ ਕਮੇਟੀ ਬਣਾ ਦਿਤੀ ਹੈ ਤਾਂ ਸਾਨੂੰ ਵੀ, ਪੰਜਾਬ ਗੌਰਮਿੰਟ ਨੂੰ ਵੀ ਆਪਣਾ ਕੇਸ ਪੰਜਾਬੀ ਸਪੀਕਿੰਗ ਏਰੀਆ ਵਾਸਤੇ ਬਣਾਉਣਾ ਚਾਹੀਦਾ ਹੈ। ਕੀ ਮੁੱਖ ਮਤਰੀ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਸਰਕਾਰ ਸਪੈਸੀਵਿਕ ਏਰੀਆ ਲੈਣ ਵਾਸਤੇ ਕੋਈ ਸੈਲ ਜਾਂ ਕਮੇਟੀ ਕੋਈ ਮੁਕਰਰ ਕਰੇਗੀ ਜਿਸ ਨਾਲ ਕਿ ਉਹ ਆਪਣਾ ਏਰੀਆ ਲੈ ਸਕਣ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਸ ਸਵਾਲ ਦੇ ਜਵਾਬ ਨੂੰ ਤਫਸੀਲ ਵਿਚ ਦੇਣ ਦੀ ਲੋੜ ਨਹੀਂ ਹੈ। ਸਰਕਾਰ ਦਾ ਧਿਆਨ ਇਸ ਗੱਲ ਵੱਲ ਹੈ ਕਿ ਇਹ ਮਸਲਾ ਜਿਹੜਾ ਅੰਤਰ-ਰਾਜੀ ਹੱਦਾਂ ਦੀ ਐਡਜਸਟਮੈਂਟ ਦਾ ਹੈ ਉਹ ਐਮੀਕੇਬਲੀ ਸੈਟਲ ਹੋਵੇ ਅੌਰ ਅਸੀਂ ਇਸ ਗੱਲ ਲਈ ਪੂਰੀ ਤਰ੍ਹਾਂ ਤਿਆਰ ਹਾਂ ਜਿਹੜੀ ਵੀ ਕਾਰਵਾਈ ਕਰਨੀ ਹੈ ਕਰ ਰਹੇ ਹਾਂ। ਇਸ ਮਾਮਲੇ ਵਿਚ ਸਾਡੀ ਖਾਹਸ਼ ਦਾ ਲੋਕਾਂ ਨੂੰ ਪਤਾ ਹੈ, ਇਸ ਹਾਊਸ ਦੀ ਖਾਹਸ਼ ਦਾ ਲੋਕਾਂ ਨੂੰ ਪਤਾ ਹੈ ਅੌਰ ਜੋ ਰੂਲਿੰਗ ਪਾਰਟੀ ਨੇ ਰੈਜ਼ੋਲਿਊਸ਼ਨ ਪਾਸ ਕੀਤੇ ਹਨ ਉਨ੍ਹਾਂ ਤੋਂ ਵੀ ਸਾਰੇ ਜਾਣੂ ਹਨ। ਇਸ ਵੇਲੇ ਮੈਂ ਇੰਨੀ ਹੀ ਗੱਲ ਕਹਾਂਗਾ ਕਿ ਇਸ ਮਾਮਲੇ ਤੇ ਅਪੋਜ਼ੀਸ਼ਨ ਦੇ ਲੀਡਰਾਂ ਨੂੰ ਕਾਨਫੀਡੈਂਸ ਵਿਚ ਲੈ ਕੇ ਬਾਕੀ ਦੇ ਕਦਮ ਵਧਾਏ ਜਾਣਗੇ। ਜਿੰਨੀ ਕਾਰਵਾਈ ਹੁਣ ਤਕ ਹੋਈ ਹੈ ਉਹ ਅਸੀਂ ਅਪੋਜ਼ੀਸ਼ਨ ਦੇ ਲੀਡਰਾਂ ਨੂੰ ਦੱਸ ਦਿਤੀ ਹੈ।

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਸ ਗੱਲ ਦੀ ਰੋਸ਼ਨੀ ਵਿਚ ਕਿ ਹੱਦਾਂ ਦੇ ਸਵਾਲ ਉਤੇ ਕੋਈ ਪੰਜਾਬੀ ਨਿਰਾ ਬਣ ਜਾਂਦਾ ਹੈ, ਕੋਈ ਹਿਮਾਚਲੀ ਬਣ ਜਾਂਦਾ ਹੈ ਅਤੇ ਕੋਈ ਹਰਿਆਣਵੀ ਬਣ ਜਾਂਦਾ ਹੈ ਭਾਵੇਂ ਇਥੇ ਦੀ ਜਨਸੰਘ ਹੋਵੇ ਜਾਂ ਕਾਂਗਰਸ ਹੋਵੇ ਉਲਟ ਸਟੈਂਡ ਲੈਂਦੇ ਹਨ ਅੌਰ ਆਖਰ ਤੇ ਲੋਕਾਂ ਨੂੰ ਵੰਡਿਆ ਜਾਂਦਾ ਹੈ। ਕੀ ਮੁੱਖ ਮੰਤਰੀ ਸਾਹਿਬ ਕੋਈ ਸਟੈਂਡ ਲੈਣਗੇ ਕਿ ਅੱਡ ਅੱਡ ਪਾਰਟੀਆਂ ਦੇ ਮੁੱਖੀ, ਸਰਕਾਰਾਂ ਦੇ ਮੁੱਖੀ ਸਾਰੇ ਇਕੱਠੇ ਬੈਠ ਕੇ ਇਸ ਮਸਲੇ ਤੇ ਵਿਚਾਰ ਕਰਨਗੇ ਤਾਂ ਕਿ ਇਸ ਝਗੜੇ ਨੂੰ ਮਿਟਾ ਦਿਤਾ ਜਾਵੇ ?

Original with;
Punjab Vidhan Sabha
Digitized by;
Panjab Digital Library

ਮੁਖ ਮੰਤਰੀ: ਸਪੀਕਰ ਸਾਹਿਬ, ਸਾਡੀ ਇਹ ਖਾਹਿਸ਼ ਹੈ ਕਿ ਲੋਕ ਨਾ ਵਡੇ ਜਾਣ। ਸਾਡੀ ਇਹ ਵੀ ਖਾਹਸ਼ ਹੈ ਪੜੋਸੀ ਸਟੇਟਾਂ ਨਾਲ ਕੋਈ ਕੁੜਤਨ ਨਾ ਪੈਦਾ ਹੋਵੇ। ਇਸ ਵਾਸਤੇ ਸਰਕਾਰ ਨੂੰ ਜੋ ਵਸੀਲੇ ਵਰਤਣੇ ਚਾਹੀਦੇ ਹਨ ਉਹ ਅਸੀਂ ਵਰਤਾਂਗੇ ਅੌਰ ਜਿੰਨਾ ਹੋ ਸਕੇਗਾ ਵੱਧ ਤੋਂ ਵੱਧ ਕਾਨਫੀਡੈਂਸ ਵਿਚ ਅਪੋਜ਼ੀਸ਼ਨ ਦੇ ਲੀਡਰਾਂ ਨੂੰ ਲੈਕੇ ਉਨ੍ਹਾਂ ਨਾਲ ਇਕੱਠੇ ਬੈਠ ਕੇ ਇਕ ਜ਼ਬਾਨ ਹੋਣ ਲਈ ਉਨ੍ਹਾਂ ਦੇ ਤਜਰਬੇ, ਵਿਚਾਰ ਤੇ ਸਿਆਣਪ ਦਾ ਪੂਰਾ ਪੂਰਾ ਲਾਭ ਉਠਾਇਆ ਜਾਵੇਗਾ।

ਸਰਦਾਰ ਅਜਾਇਬ ਸਿੰਘ ਸੰਧੂ : ਇਹ ਤਾਂ ਠੀਕ ਹੈ ਕਿ ਤੁਸੀਂ ਅਪੋਜੀਸ਼ਨ ਨੂੰ ਕਾਨਫੀਡੈਂਸ ਵਿਚ ਲਵੋਗੇ ਪਰ ਜਦੋਂ ਤੁਹਾਡੀ ਮਰਜ਼ੀ ਹੋਵੇਗੀ ਉਦੋਂ ਹੀ ਕਾਨਫੀਡੈਂਸ ਵਿਚ ਲਵੋਗੇ। (ਵਿਘਨ) ਸਪੀਕਰ ਸਾਹਿਬ, ਸਾਨੂੰ ਪਿਛਲੇ ਢਾਈ ਸਾਲ ਤੋਂ ਇਨ੍ਹਾਂ ਦੇ ਮੁਤੱਲਕ ਕਾਫੀ ਤਜ਼ਰਬਾ ਹੈ। ਜਦੋਂ ਕੋਈ ਕੰਮ ਵਿਗੜ ਜਾਂਦਾ ਹੈ ਤਾਂ ਫਿਰ ਸਾਨੂੰ ਬੁਲਾਉਂਦੇ ਹਨ। (ਵਿਘਨ) ਇਹ ਨਾ ਤੁਹਾਡੇ ਇਕੱਲਿਆਂ ਦਾ ਮਸਲਾ ਹੈ ਨਾ ਅਪੋਜ਼ੀਸ਼ਨ ਦਾ ਮਸਲਾ ਹੈ, ਇਹ ਸਾਰੇ ਪੰਜਾਬੀਆਂ ਦਾ ਮਸਲਾ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਆਲ ਪਾਰਟੀ ਕਮੇਟੀ ਬਣਾਉਣਗੇ ਜਿਹੜੀ ਇਸ ਮਸਲੇ ਤੇ ਸੋਚੇ ਅਤੇ ਤੁਹਾਡੇ ਹੱਥ ਮਜ਼ਬੂਤ ਕਰੇ। ਕੀ ਇਹੋ ਜਿਹੀ ਕੋਈ ਕਮੇਟੀ ਬਣਾਉਣ ਨੂੰ ਤਿਆਰ ਹਨ ਤਾਂ ਕਿ ਜੇ ਲੋੜ ਪਵੇ ਤਾਂ ਨਿਸ਼ਾਨਾ ਬੇਨਿਸ਼ਾਨਾ ਹੋ ਕੇ ਲੜਿਆ ਜਾਵੇ?

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਕਿਹਾ ਸੀ ਕਿ ਲੜਾਈ ਦੀ ਗੱਲ ਅਸੀਂ ਕੋਈ ਨਹੀਂ ਕਰਨਾ ਚਾਹੁੰਦੇ। ਜਿਹੜੀ ਵੀ ਸਟੇਟ ਕੋਈ ਲੜਾਈ ਦੀ ਤਿਆਰੀ ਕਰਦੀ ਹੈ ਉਹ ਮਸਲੇ ਨੂੰ ਕੰਪਲੀਕੇਟਿਡ ਕਰਦੀ ਹੈ ਸਵਾਰਦੀ ਕੁਝ ਨਹੀਂ। ਸਾਡਾ ਦੇਸ਼ ਇਕ ਹੈ ਅੌਰ ਜੇ ਅਸੀਂ ਆਪਸ ਵਿਚ ਬੈਠ ਕੇ ਕੋਈ ਫੈਸਲਾ ਨਹੀਂ ਕਰਦੇ ਤਾਂ ਲੋਕ ਪ੍ਰਸੰਨ ਨਹੀਂ ਹੁੰਦੇ। ਮੈਂ ਇਹ ਗੱਲ ਕਹੀ ਸੀ ਕਿ ਬਾਦਲ ਸਾਹਿਬ ਅਕਾਲੀ ਪਾਰਟੀ ਦੇ ਲੀਡਰ ਹਨ ਉਨ੍ਹਾਂ ਦੀ ਰਾਏ ਅਸੀਂ ਲਵਾਂਗੇ, ਡਾਂਗ ਸਾਹਿਬ ਕਮਿਉਨਿਸਟਾਂ ਦੇ ਇਸ ਹਾਊਸ ਵਿਚ ਲੀਡਰ ਹਨ ਉਨ੍ਹਾਂ ਦੀ ਵੀ ਰਾਏ ਲਵਾਂਗੇ। ਜਿਹੜੇ ਇਕੱਲੇ ਇਕੱਲੇ ਆਦਮੀ ਪਾਰਟੀ ਦੇ ਹਨ ਅੌਰ ਇਸ ਮਸਲੇ ਵਿਚ ਦਿਲਚਸਪੀ ਰੱਖਦੇ ਹਨ ਜੇ ਕਰ ਉਹ ਚਾਹੁਣ ਤਾਂ ਉਨ੍ਹਾਂ ਦੀ ਵੀ ਅਸੀਂ ਰਾਏ ਲਵਾਂਗੇ। ਬਾਦਲ ਸਾਹਿਬ ਦੀ ਮਰਜ਼ੀ ਹੈ ਜੇ ਉਹ ਚਾਹੁਣ ਤਾਂ ਸਰਦਾਰ ਅਜਾਇਬ ਸਿੰਘ ਸੰਧੂ ਨੂੰ ਵੀ ਨਾਲ ਲੈ ਆਇਆ ਕਰਨ। (ਵਿਘਨ)

ਸਰਦਾਰ ਬਲਵਿੰਦਰ ਸਿੰਘ ਭੁੰਦੜ: ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਕਿਹਾ ਹੈ ਕਿ ਕੋਈ ਕਮੇਟੀ ਬਣੇਗੀ ਅੌਰ ਫੈਸਲਾ ਕਰੇਗੀ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕਮੇਟੀ ਜਿਹੜੀ ਬਣਨੀ ਹੈ ਇਹ ਭਾਸ਼ਾਈ ਮਾਹਿਰਾਂ ਦੀ ਹੋਵੇਗੀ? ਦੂਸਰਾ ਇਹ ਕਿ ਕੀ ਉਸ ਕਮੇਟੀ ਦੀ ਮਿਆਦ 6 ਮਹੀਨੇ ਜਾਂ ਸਾਲ ਹੋਵੇਗੀ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਭਾਰਤ ਸਰਕਾਰ ਨੇ ਕਮੇਟੀ ਜਾਂ ਕਮਿਸ਼ਨ ਬਣਾਉਣਾ ਹੈ। ਅਕਾਲੀ ਸਰਕਾਰ ਦੇ ਵੇਲੇ ਭਾਰਤ ਸਰਕਾਰ ਦੇ ਹੋਮ ਮਨਿਸਟਰ ਵਲੋਂ ਜੋ ਪ੍ਰੈਸ ਕਮਿਉਨਿਕ ਨਿਕਲਿਆ ਸੀ ਉਸ ਪ੍ਰੈਸ ਕਮਿਉਨਿਕ ਦੇ ਮੁਤਾਬਿਕ ਕਮਿਸ਼ਨ ਉਨ੍ਹਾਂ ਨੇ ਬਣਾਉਣਾ ਹੈ। ਟਰਮਜ਼ ਆਫ ਰੈਫਰੈਂਸ ਜੋ ਨਿਯਤ ਕਰਨੀਆਂ ਹਨ ਉਹ ਸਾਡੀ ਸਲਾਹ ਨਾਲ ਕਰਨੀਆਂ ਹਨ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਸ ਦੀਆਂ ਡੀਟੇਲਜ਼ ਵਿਚ ਜਾਣ ਦਾ ਸਾਨੂੰ ਕੋਈ ਲਾਭ ਨੇਹੀਂ ਹੋਣਾ। ਲਾਭ ਇਸ ਗੱਲ ਵਿਚ ਹੈ ਕਿ ਅਸੀਂ ਸਾਰਾ ਕੁਝ ਸੋਚ ਵਿਚਾਰ ਕੇ ਫੈਸਲਾ ਕਰੀਏ ਅੌਰ ਬਿਨਾ ਕਿਸੇ ਰੌਲਾ ਪਾਉਣ ਦੇ ਫੈਸਲਾ ਕਰੀਏ। ਜਿੰਨਾ ਘੱਟ ਰੌਲਾ ਪਵੇ ਉਨਾਂ ਚੰਗਾ ਰਹੇਗਾ ਅਤੇ ਦੂਜੀਆਂ ਸਟੇਟਾਂ ਨਾਲ ਤੁਆਲਾਕਾਤ ਵੀ ਚੰਗੇ ਰਹਿਨਗੇ।

Original with;
Punjab Vidhan Sabha
Digitized by;
Panjab Digital Library

ਸਰਦਾਰ ਬਲਵਿੰਦਰ ਸਿੰਘ ਭੂੰਦੜ: ਸਪੀਕਰ ਸਾਹਿਬ, ਇਹ ਫੈਸਲਾ ਸਾਰੇ ਪ੍ਰਾਂਤ ਪੱਧਰ ਤੇ ਹੋਣਾ ਹੈ, ਗੱਲ ਬਾਤ ਨਾਲ ਹੀ ਮਾਮਲਾ ਹੱਲ ਹੋਣਾ ਹੈ । ਮੈਂ ਦੋ ਗੱਲਾਂ ਪੁੱਛਣਾ ਚਾਹੁੰਦਾ ਹਾਂ । ਇਕ ਇਹ ਕਿ ਇਸ ਵੇਲੇ ਅਸੀਂ ਕਿਸ ਸਟੇਜ ਤੇ ਖੜ੍ਹੇ ਹਾਂ, ਕੀ ਕੋਈ ਗੱਲ ਬਾਤ ਹੋ ਰਹੀ ਹੈ ? ਦੂਸਰਾ ਇਹ ਕਿ ਪੰਜਾਬ ਸਰਕਾਰ ਨੇ ਜਿਹੜਾ ਕੇਸ ਤਿਆਰ ਕੀਤਾ ਹੈ ਉਸ ਦੇ ਵਿਚ ਕਿਹੜੇ ਕਿਹੜੇ ਖੇਤਰ ਹਨ ਜਿਹੜੇ ਦੂਸਰੇ ਪ੍ਰਾਂਤਾਂ ਵਿਚ ਰਹਿ ਗਏ ਹਨ ਅਤੇ ਜਿਹੜੇ ਅਸੀਂ ਲੈਣੇ ਹਨ (ਵਿਘਨ)

ਮੁੱਖ ਮੰਤਰੀ: ਸਪੀਕਰ ਸਾਹਿਬ, ਜੁਲਾਈ ਦੇ ਪਹਿਲੇ ਹਫਤੇ ਵਿਚ ਸਾਨੂੰ ਭਾਰਤ ਸਰਕਾਰ ਦਾ ਲੈਟਰ ਮਿਲਿਆ ਸੀ ਅਤੇ ਉਸ ਦਾ ਇਨਟੈਰਿਮ ਰਿਪਲਾਈ ਅਸੀਂ ਦੇ ਦਿਤਾ ਹੈ । ਜਿਸ ਤਰ੍ਹਾਂ ਡਾਂਗ ਸਾਹਿਬ ਨੇ ਫਰਮਾਇਆ ਹੈ ਅਸੀਂ ਏਕਤਾ ਨਾਲ ਕੰਮ ਕਰਨਾ ਹੈ ਬਿਹਤਰ ਇਹ ਹੋਵੇਗਾ ਕਿ ਅਪੋਜੀਸ਼ਨ ਦੇ ਲੀਡਰ ਮੈਨੂੰ ਆਪਣਾ ਮਸ਼ਵਰਾ ਦੇਣ, ਮੈਂ ਉਨ੍ਹਾਂ ਦਾ ਮਸ਼ਵਰਾ ਲਵਾਂ । ਜਿਸ ਵਕਤ ਚੰਡੀਗੜ੍ਹ ਦਾ ਮਸਲਾ ਸੀ ਤਾਂ ਉਸ ਵੇਲੇ ਭੁੱਖ ਹੜਤਾਲ ਹੋ ਗਈ । ਚੰਡੀਗੜ੍ਹ ਤਾਂ ਸਾਨੂੰ ਐਵੇਂ ਵੀ ਮਿਲ ਜ਼ਾਣਾ ਸੀ ਪਰ ਇਤਫਾਕ ਨਾਲ ਸੰਤਾਂ ਨੇ ਭੁੱਖ ਹੜਤਾਲ ਕਰ ਲਈ । ਭੁਖ ਹੜਤਾਲ ਦਾ ਨਤੀਜਾ ਇਹ ਹੋਇਆ ਕਿ ਪ੍ਰੈਸ ਕਮਿਉਨਿਕ ਵਿਚ ਫਾਜ਼ਿਲਕਾ ਦਾ ਮਸਲਾ ਵੀ ਰਖਿਆ ਔਰ ਨਾਲ ਹੀ ਉਸ ਦੇ ਵਿਚ ਇਹ ਵੀ ਕਹਿ ਦਿਤਾ ਕਿ ਇਸ ਮਾਮਲੇ ਵਿਚ ਹਿਮਾਚਲ ਵੀ ਸ਼ਾਮਲ ਹੋਵੇਗਾ । ਜੇ ਤੁਸੀਂ ਕਹੋ ਤਾਂ ਮੈਂ ਸਾਰੀ ਗੱਲ ਕਹਿ ਦਿੰਦਾ ਹਾਂ ਪਰ ਮੇਰਾ ਖਿਆਲ ਹੈ ਕਿ ਇਸ ਨਾਲ ਦੋ ਪ੍ਰਾਂਤਾਂ ਦੇ ਤੁਆਲਕਾਤ ਵਿਗੜਨ ਦਾ ਡਰ ਹੈ, ਲੋਕਾਂ ਦੇ ਵੰਡੇ ਜਾਣ ਦਾ ਡਰ ਹੈ । ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਉਸ ਵਕਤ ਦੀ ਸਰਕਾਰ ਨੇ ਸਾਨੂੰ ਕਾਨਫੀਡੈਂਸ ਵਿਚ ਨਹੀਂ ਸੀ ਲਿਆ ਲੇਕਿਨ ਮੈਂ ਯਕੀਨ ਦਿਲਾਉਣਾ ਚਾਹੁੰਦਾ ਹਾਂ ਕਿ ਮੈਂ ਸਾਰਿਆਂ ਨੂੰ ਕਾਨਫੀਡੈਂਸ ਵਿਚ ਲਵਾਂਗਾ । (ਸਰਕਾਰੀ ਬੈਂਚਾਂ ਵਲੋਂ ਥੰਪਿੰਗ) ਸਚਾਈ, ਲਿਆਕਤ ਅਤੇ ਜਜ਼ਬਾਤ ਦਾ ਪੂਰਾ ਪੂਰਾ ਫਾਇਦਾ ਉਠਾਵਾਂਗਾ ਅਤੇ ਪੰਜਾਬ ਦੇ ਹਿੱਤ ਵਿਚ ਯੋਗ ਕਦਮ ਉਠਾਵਾਂਗਾ (ਵਿਘਨ) ਮੈਂ ਡਾਕਟਰ ਸਾਹਿਬ ਨੂੰ ਫਿਰ ਬੇਨਤੀ ਕਰਾਂਗਾ ਔਰ ਕੁਝ ਹੱਦ ਤਕ ਮੈਂ ਉਨ੍ਹਾਂ ਨੂੰ ਦਸਿਆ ਵੀ ਸੀ ਉਸ ਸਮੇਂ ਡਾਂਗ ਸਾਹਿਬ ਨਹੀਂ ਸਨ ਤਾਂ ਮੈਂ ਇਹ ਵੀ ਕਿਹਾ ਸੀ ਕਿ ਇਕ ਮੀਟਿੰਗ ਮੈਂ ਹੋਰ ਕਰਾਂਗਾ ਅਤੇ ਉਸ ਤੋਂ ਬਾਅਦ ਅਸੀਂ ਫਿਰ ਵਿਚਾਰ ਕਰਾਂਗੇ ।

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਜਿੰਨੀਆਂ ਪਿਛਲੀਆਂ ਕਮਿਸ਼ਨਾਂ ਪੰਜਾਬ ਦੀ ਹੱਦ ਬੰਦੀ ਬਾਰੇ ਬਣੀਆਂ ਹਨ ਉਹ ਲਿੰਗੁਇਸਟਿਕ ਐਕਸਪਰਟਸ ਦੀਆਂ ਬਿਲਕੁਲ ਨਹੀਂ ਸਨ । ਕੀ ਇਹ ਹੁਣ ਇਹ ਯਤਨ ਕਰਨਗੇ ਕਿ ਜਿਹੜਾ ਹੁਣ ਕਮਿਸ਼ਨ ਬਣੇ ਉਹ ਲਿੰਗੁਇਸਟਿਕ ਐਕਸਪਰਟਸ ਦਾ ਹੋਵੇ ਤਾਂ ਕਿ ਪੰਜਾਬ ਦੇ ਨਾਲ ਇਨਸਾਫ ਹੋ ਸਕੇ?

ਮੁੱਖ ਮੰਤਰੀ: ਅਸੀਂ ਪੂਰਾ ਯਤਨ ਕਰਾਂਗੇ ਕਿ ਲਿੰਗੁਇਸਟਿਕ ਐਕਸਪਰਟਸ ਦਾ ਹੋਵੇ ਜੋ ਫਿਰਕਾਦਾਰੀ ਤੋਂ ਰਹਿਤ ਹੋਵੇ, ਨਿਰਪੱਖ ਹੋਵੇ ਤਾ ਕਿ ਇਨਸਾਫਾਨਾ ਫੈਸਲਾ ਹੋ ਸਕੇ ।

STARRED QUESTION NO. 2676*

Mr. Speaker: Extension has been asked for in respect of Starred Question No. 2676.*

---

*For Starred Question No. 2676 and reply there to please see Puniab Vidhan Sabha Debate dated 13th August, 1974 (After noon sitting).

Original with;
Punjab Vidhan Sabha
Digitized by;
Panjab Digital Library

ਰਾਜ ਵਿਚ ਮੌਜੂਦਾ ਵਿਦਿਆ ਪ੍ਰਣਾਲੀ ਵਿਚ ਤਜਵੀਜ਼ਤ ਤਬਦੀਲੀ

*2657 (1) **ਸਰਦਾਰ ਪ੍ਰਹਿਲਾਦ ਸਿੰਘ**
(2) **ਗਿਆਨੀ ਕੁੰਦਨ ਸਿੰਘ ਪਤੰਗ**: ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਦੀ ਰਾਜ ਵਿੱਚ ਮੌਜੂਦਾ ਵਿਦਿਆ ਪ੍ਰਣਾਲੀ ਵਿੱਚ ਅਜਿਹੀ ਤਬਦੀਲੀ ਲਿਆਉਣ ਦੀ ਤਜ਼ਵੀਜ਼ ਹੈ ਜਿਸ ਨਾਲ ਵਿਦਿਆਰਥੀ ਵਿਦਿਆ ਪ੍ਰਾਪਤ ਕਰਨ ਤੋਂ ਬਾਅਦ ਕੋਈ ਕਿੱਤਾ ਅਖਤਿਆਰ ਕਰ ਸਕੇਂ; ਜੇਕਰ ਅਜਿਹਾ ਹੋਵੇ, ਤਾਂ ਤਜਵੀਜ਼ ਦਾ ਵੇਰਵਾ ਸਦਨ ਦੀ ਮੇਜ਼ ਤੇ ਰਖਿਆ ਜਾਵੇ ।

(ਅ) ਉਕਤ ਤਜਵੀਜ਼ ਨੂੰ ਅੰਦਾਜ਼ਨ ਕਦੋਂ ਤੱਕ ਅੰਤਮ ਰੂਪ ਦਿਤੇ ਜਾਣ ਤੇ ਲਾਗੂ ਕੀਤੇ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਗੁਰਮੇਲ ਸਿੰਘ: (ੳ) ਹਾਂ ਜੀ । ਤਜਵੀਜ਼ ਨੇ ਅਜੇ ਮੁਕੰਮਲ ਰੂਪ ਰੇਖਾ ਧਾਰਨ ਨਹੀਂ ਕੀਤੀ ਅਤੇ ਵਿਭਾਗ ਦੇ ਵਿਚਾਰ ਅਧੀਨ ਹੈ।

(ਅ) ਤਜਵੀਜ਼ ਪ੍ਰਵਾਨ ਹੋਣ ਉਪਰੰਤ ਲਾਗੂ ਕੀਤੀ ਜਾਵੇਗੀ ।

ਸਰਦਾਰ ਪ੍ਰਹਿਲਾਦ ਸਿੰਘ: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੋ ਰੂਪ ਰੇਖਾ ਬਣੀ ਹੈ ਕੀ ਉਸ ਦੇ ਬਾਰੇ ਥੋੜ੍ਹਾ ਬਹੁਤ ਦੱਸਣਗੇ ਤਾਂ ਕਿ ਪਤਾ ਚਲ ਜਾਏ ਅਤੇ ਹਾਊਸ ਦੇ ਮੈਂਬਰ ਸਾਹਿਬਾਨ ਆਪਣੀਆਂ ਤਜਵੀਜ਼ਾਂ ਦੇ ਸਕਣ ?

ਵਿਦਿਆ ਮੰਤਰੀ: ਜੋ ਰੂਪ ਰੇਖਾ ਬਣੀ ਹੈ ਉਹ ਗੌਰਮਿੰਟ ਦੇ ਵਿਚਾਰ ਅਧੀਨ ਹੈ ।

ਸਰਦਾਰ ਪ੍ਰਹਿਲਾਦ ਸਿੰਘ : ਮੈਂ ਸਪੀਕਰ ਸਾਹਿਬ, ਮੰਤਰੀ ਸਾਹਿਬ, ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੋ ਰੂਪ ਰੇਖਾ ਸਰਕਾਰ ਦੇ ਵਿਚਾਰ ਅਧੀਨ ਹੈ ਕੀ ਉਸ ਬਾਰੇ ਇਹ ਇਸ ਹਾਊਸ ਦੇ ਮੈਂਬਰ ਸਾਹਿਬਾਨ ਤੋਂ ਤਜਵੀਜ਼ਾਂ ਲੈਣੀਆਂ ਚਾਹੁੰਣਗੇ?

ਮੰਤਰੀ: ਜੇ ਇਨ੍ਹਾਂ ਨੇ ਪੁੱਛਣਾ ਹੈ ਤਾਂ ਦਸ ਦਿੰਦਾ ਹਾਂ ਕਿ ਅਸੀਂ ਇਨ੍ਹਾਂ ਦੀ ਸਿਆਣਪ ਤੋਂ ਲਾਭ ਉਠਾਉਣਾ ਚਾਹੁੰਦੇ ਹਾਂ, ਜੇ ਕੋਈ ਵਿਚਾਰ ਦੱਸਣ ਲੇਕਿਨ ਦਸਣ ਚੰਗੇ ।

ਮਾਸਟਰ ਚੰਦ ਸਿੰਘ: ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਰੂਪ ਰੇਖਾ ਤਿਆਰ ਕਰ ਰਹੇ ਹਨ, ਕਦੋਂ ਤਕ ਮੁਕੰਮਲ ਹੋ ਜਾਵੇਗੀ? ਕੀ ਇਹ ਰੂਪ ਰੇਖਾ ਇਸ ਤਰ੍ਹਾਂ ਦੀ ਤਾਂ ਨਹੀਂ ਜਿਸ ਤਰ੍ਹਾਂ ਟੀਚਰਜ਼ ਦੀਆਂ ਟਰਾਂਸਫਰਜ਼ ਕੀਤੀਆਂ ਹਨ ਇਧਰ ਦੇ ਉਧਰ ਅਤੇ ਉਧਰ ਦੇ ਇਧਰ?

ਮੰਤਰੀ: ਸਰਕਾਰ ਦੀ ਜ਼ਬਰਦਸਤ ਖਾਹਿਸ਼ ਹੈ ਕਿ ਜਲਦੀ ਹੋਵੇ ।

ਕਾਮਰੇਡ ਸੱਤ ਪਾਲ ਡਾਂਗ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਸ ਵੇਲੇ ਵੈਕੇਸ਼ਨਾਲਾਈਜ਼ੇਸ਼ਨ ਕਰਨਗੇ ਐਜੂਕੇਸ਼ਨ ਸਿਸਟਮ ਨੂੰ ਅਤੇ ਉਨ੍ਹਾਂ ਵਿਦਿਆਰਥੀਆਂ ਲਈ ਉਸ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਟਰੇਨਿੰਗ ਤੋਂ ਬਾਅਦ ਐਮਪਲਾਇਮੈਂਟ ਦੇ ਸੋਮੇ ਖੁਲ੍ਹਣਗੇ ਤਾਂ ਉਸ ਦੇ ਲਈ ਸਰਕਾਰ ਕੋਈ ਵਿਚਾਰ ਕਰ ਰਹੀ ਹੈ ? ਕੀ ਮਨਿਸਟਰ ਸਾਹਿਬ ਨੂੰ ਇਸ ਗੱਲ ਦਾ ਇਲਮ ਹੈ ਕਿ ਉਹ ਵਿਚਾਰੇ ਰੋਜ਼ਗਾਰ ਮੰਗਦੇ ਹਨ ਅਤੇ ਹੜਤਾਲਾਂ ਕਰਦੇ ਹਨ ?

ਮੰਤਰੀ: ਸਪੀਕਰ ਸਾਹਿਬ, ਇਹ ਜਿਹੜੀ ਕਮੇਟੀ ਬਣੀ ਸੀ ਉਸ ਦੇ ਵਿਚ ਡਾਇਰੈਕਟਰ ਐਮਪਲਾਇਮੈਂਟ ਐਕਸਚੇਂਜ ਨੂੰ ਵੀ ਰਖਿਆ ਸੀ ਤਾਂ ਕਿ ਉਹ ਦੱਸ ਸਕੇ ਕਿ ਕਿਸ ਕਿਸਮ ਦੇ ਨੌਜਵਾਨ ਵੇਹਲੇ ਫਿਰਦੇ ਹਨ । ਜਿਹੜੀਆਂ ਸੁਜੈਸ਼ਨਜ਼ ਮਿਲ ਸਕਦੀਆਂ ਹਨ ਉਨ੍ਹਾਂ ਨੂੰ ਧਿਆਨ ਵਿਚ ਰਖ ਕੇ ਫੈਸਲਾ ਕਰਾਂਗੇ । ਜਿਥੋਂ ਤਕ ਐਜੀਟੇਸ਼ਨਾਂ ਦਾ ਤੁਅੱਲਕ ਹੈ ਜੇ ਡਾਂਗ ਸਾਹਿਬ ਨਾ ਚੁੱਕਿਆ ਕਰਨ ਤਾਂ ਠੀਕ ਹੈ ।

ਸਰਦਾਰ ਸੁਖਦੇਵ ਸਿੰਘ ਢੀਂਡਸਾ: ਸਪੀਕਰ ਸਾਹਿਬ, ਇਹ ਸਿੱਧਾ ਸੁਆਲ ਸੀ ਕਿ 'ਜੇ ਕੋਈ ਵੇਰਵਾ ਹੈ ਇਸ ਦੀ ਤਬਦੀਲੀ ਦਾ ਤਾਂ ਉਸ ਵੇਰਵੇ ਦੀ ਇਕ ਨਕਲ ਹਾਊਸ ਦੀ ਮੇਜ਼ ਤੇ ਰਖੀ ਜਾਵੇ' । ਇਨ੍ਹਾਂ ਨੇ ਇਹ ਤਾਂ ਮੰਨ ਲਿਆ ਕਿ ਤਜਵੀਜ਼ ਹੈ ਪਰ ਉਸ ਦੀ ਰਿਪੋਰਟ ਮੇਜ਼ ਤੇ ਨਹੀਂ ਰਖੀ ਕਿ ਕੀ ਤਜਵੀਜ਼ ਹੈ ?. . .

ਮੰਤਰੀ : ਸੁਆਲ ਬੜਾ ਸਿੱਧਾ ਹੈ ਅਤੇ ਜਵਾਬ ਵੀ ਬੜਾ ਸਿੱਧਾ ਹੈ ਕਿ ਰਿਕਮੈਂਡੇਸ਼ਨ ਆਈ ਹੈ ਅਸੀਂ ਐਗਜ਼ਾਮਿਨ ਕਰਦੇ ਪਏ ਹਾਂ ।

ਸ਼੍ਰੀ ਪ੍ਰੇਮ ਗੁਪਤਾ: ਸਪੀਕਰ ਸਾਹਿਬ, ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਵੈਕੇਸ਼ਨਾਲਾਈਜ਼ੇਸ਼ਨ ਦਾ ਜਿਹੜਾ ਏਮ ਹੈ ਉਹ ਐਮਪਲਾਇਮੈਂਟ ਪਰੋਵਾਈਡ ਕਰਨਾ ਹੈ। ਪਿਛਲੇ ਸਾਲ ਵੀ ਸਰਕਾਰ ਨੇ ਐਮਪਲਾਇਮੈਂਟ ਪ੍ਰੋਵਾਈਡ ਕਰਨ ਵਾਸਤੇ ਕਰੈਸ਼ ਪ੍ਰੋਗਰਾਮ ਬਣਾਇਆ ਸੀ। ਜਿੰਨੀ ਦੇਰ ਤਕ ਇਹ ਸਕੀਮ ਕੰਪਲੀਟ ਨਹੀਂ ਹੋ ਜਾਂਦੀ ਜਿਹੜੇ ਮੈਟਰੀਕੁਲੇਟ ਹਨ ਜਾਂ ਗਰੈਜੂਏਟ ਹਨ ਅਤੇ ਵਿਹਲੇ ਫਿਰਦੇ ਹਨ ਕੀ ਅੱਨ-ਐਮਪਲਾਇਮੈਂਟ ਅਲਾਊਂਸ ਉਨ੍ਹਾਂ ਨੂੰ ਦੇਣ ਦਾ ਸਰਕਾਰ ਦਾ ਕੋਈ ਵਿਚਾਰ ਹੈ?

ਮੰਤਰੀ: ਸਪੀਕਰ ਸਾਹਿਬ, ਇਸ ਵਿਚਾਰ ਲਈ ਟਰੇਨਿੰਗ ਦੇਣੀ ਹੈ ਜਿਸ ਦੀ ਕਿ ਹਾਲੇ ਰਿਕਮੈਂਡੇਸ਼ਨ ਆਈ ਹੈ ।

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਆਇਆ ਮੰਤਰੀ ਮਹੋਦਯ ਇਹ ਦੱਸਣ ਦੀ ਖੇਚਲ ਕਰਨਗੇ ਕਿ ਉਨ੍ਹਾਂ ਨੇ ਬੜਾ ਚੰਗਾ ਕੰਮ ਕੀਤਾ ਹੈ ਐਜੂਕੇਸ਼ਨ ਨੂੰ ਵੈਕੇਸ਼ਨਾਲਾਈਜ਼ ਕਰਨ ਦਾ ਅਤੇ ਉਸ ਦੇ ਲਈ ਕੋਈ ਰਿਕੁਮੈਂਡੇਸ਼ਨਜ਼ ਲਈਆਂ ਹਨ । ਕੀ ਇਹ ਕੋਈ ਤਕਲੀਫ ਮਹਿਸੂਸ ਕਰਨਗੇ ਕਿ ਉਹ ਰਿਕਮੈਂਡੇਸ਼ਨਜ਼ ਸਾਰਿਆਂ ਐਮ. ਐਲ. ਏਜ਼. ਨੂੰ ਸਰਕੁਲੇਟ ਕੀਤੀਆਂ ਜਾਣ ਤਾਕਿ ਉਹ ਆਪਣੀਆਂ ਸੁਜ਼ੈਸ਼ਨਜ਼ ਦੇ ਦੇਣ ?

ਮੰਤਰੀ: ਡਾਕਟਰ ਸਾਹਿਬ ਦੀ ਰਾਏ ਤੇ ਵੀ ਵਿਚਾਰ ਕਰ ਲਵਾਂਗੇ ।

ਕਾਮਰੇਡ ਸੱਤਪਾਲ ਡਾਂਗ: ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਦੱਸਿਆ ਸੀ ਕਿ ਬੇਕਾਰੀ ਦੇ ਮਸਲੇ ਲਈ ਡਾਇਰੈਕਟਰ ਐਮਪਲਾਇਮੈਂਟ ਨੂੰ ਮੀਟਿੰਗ ਵਿਚ ਸ਼ਾਮਲ ਕੀਤਾ ਸੀ ।

Original with;
Punjab Vidhan Sabha
Digitized by;
Panjab Digital Library

ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਸਰਕਾਰ ਨੂੰ ਇਹ ਵੀ ਨਾ ਪਤਾ ਹੋਵੇ ਕਿ ਐਮਪਲਾਇਮੈਂਟ ਦੀ ਪੋਟੈਂਸ਼ਿਲਿਟੀ ਪੈਦਾ ਕਰਨ ਲਈ ਡਾਇਰੈਕਟਰ ਐਮਪਲਾਇਮੈਂਟ ਦੀ ਜ਼ਰੂਰਤ ਨਹੀਂ ਹੁੰਦੀ ਬਲਕਿ ਇਹ ਐਗਰੀਕਲਚਰਲ ਅਤੇ ਇੰਡਸਟਰੀਅਲ ਨੀਤੀ ਦਾ ਸੁਆਲ ਹੈ। ਇਸ ਤਰ੍ਹਾਂ ਐਜੀਟੇਸ਼ਨਜ਼ ਨਹੀਂ ਹੋਣਗੀਆਂ ਤਾਂ ਕੀ ਹੋਵੇਗਾ ?

ਮੰਤਰੀ: ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਇਸ ਕਮੇਟੀ ਵਿਚ 4 ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਜ਼, ਉਸ ਦੇ ਬਾਅਦ ਡਾਇਰੈਕਟਰ ਐਮਪਲਾਇਮੈਂਟ ਅਤੇ ਉਸ ਦੇ ਨਾਲ ਹੀ ਡਾਇਰੈਕਟਰ ਟੈਕਨੀਕਲ ਇੰਡਸਟਰੀਅਲ ਟਰੇਨਿੰਗ ਅਤੇ ਹੋਰ ਵੀ ਇਸ ਕਿਸਮ ਦੀਆਂ ਜਿਹੜੀਆਂ ਸਕੀਮਾਂ ਟਰੇਨਿੰਗ ਦੀਆਂ ਚਲਦੀਆਂ ਹਨ ਇਸ ਸਰਕਾਰ ਦੀਆਂ ਉਨ੍ਹਾਂ ਦੇ ਵੀ ਕਨਸਰਨਡ ਅਫ਼ਸਰ ਇਸ ਕਮੇਟੀ ਵਿਚ ਸ਼ਾਮਲ ਕੀਤੇ ਗਏ ਸੀ।

ਸਰਦਾਰ ਪ੍ਰਹਿਲਾਦ ਸਿੰਘ: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਤਜਵੀਜ਼ ਪ੍ਰਵਾਨ ਹੋਣ ਉਪਰੰਤ ਲਾਗੂ ਕੀਤੀ ਜਾਵੇਗੀ। ਕੀ ਵਜ਼ੀਰ ਸਾਹਿਬ ਦਸਣਗੇ ਕਿ ਕਿੰਨੇ ਸਮੇਂ ਵਿਚ ਲਾਗੂ ਹੋ ਜਾਵੇਗੀ ਅਤੇ ਕੀ ਉਨ੍ਹਾਂ ਦੇ ਸਮੇਂ ਵਿਚ ਹੋ ਜਾਵੇਗੀ?

ਮੰਤਰੀ: ਮੈਂ ਪਹਿਲਾਂ ਦੱਸਿਆ ਹੈ ਕਿ ਸਾਡੀ ਸਰਕਾਰ ਇਸ ਨੂੰ ਬੜੇ ਜ਼ੋਰਾਂ ਨਾਲ ਲਾਗੂ ਕਰਨਾ ਚਾਹੁੰਦੀ ਹੈ। ਜਿਥੋਂ ਤਕ ਇਹ ਮੇਰੇ ਸਮੇਂ ਦੀ ਗੱਲ ਕਰਦੇ ਹਨ ਮੈਂ ਕਹਿੰਦਾ ਹਾਂ ਕਿ ਇਹ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਹੈ ਇਸ ਦਾ ਸਮਾਂ ਇਨ੍ਹਾਂ ਨਹੀਂ ਕਿ 9 ਮਹੀਨੇ ਹੀ ਚਲੇ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ਸਪੀਕਰ ਸਾਹਿਬ, ਜੇ. ਬੀ. ਟੀ. ਅਤੇ ਬੀ. ਐਂਡ ਵਿਹਲੇ ਫਿਰਦੇ ਹਨ ਉਨ੍ਹਾਂ ਬਾਰੇ ਸਰਕਾਰ ਕੀ ਕਰ ਰਹੀ ਹੈ ? ਅਗੇ ਹੀ ਉਨ੍ਹਾਂ ਦੀ ਇੰਟਰਵਿਊ ਕਰ ਲਈ ਸੀ ਅਤੇ ਹੁਣ ਫਿਰ ਇੰਟਰਵਿਊ ਕਰਨ ਲਗੇ ਹਨ?

ਸ਼੍ਰੀ ਸਪੀਕਰ: ਇਹ ਰੁਜ਼ਗਾਰੀ ਦਾ ਨਹੀਂ ਬਲਕਿ ਸਿਸਟਮ ਆਫ ਐਜੂਕੇਸ਼ਨ ਦਾ ਸੁਆਲ ਹੈ। (This question relates to the system of Education and not to employment.)

ਪੁਸਤਕ "ਭਾਰਤ ਦਾ ਇਤਿਹਾਸ" ਨੂੰ ਸਰਕਾਰ ਵਲੋਂ ਵਾਪਸ ਲਿਆ ਜਾਣਾ

*2677. **ਸਰਦਾਰ ਬਸੰਤ ਸਿੰਘ ਖਾਲਸਾ:** ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ :—

(ੳ) ਕੀ ਸਰਕਾਰ ਨੇ "ਭਾਰਤ ਦਾ ਇਤਿਹਾਸ" ਨਾਂ ਦੀ ਪੁਸਤਕ ਨੂੰ ਵਾਪਸ ਲੈ ਲੈਣ ਦਾ ਫੈਸਲਾ ਕਰ ਲਿਆ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਪੁਸਤਕ ਵਿਚ ਕਿਹੜੀਆਂ ਅਜਿਹੀਆਂ ਇਤਰਾਜ਼ ਯੋਗ ਗੱਲਾਂ ਸਨ ਜਿਨ੍ਹਾਂ ਕਰ ਕੇ ਉਹ ਵਾਪਸ ਲੈਣੀ ਪਈ ਅਤੇ ਇਸ ਗਲਤੀ ਲਈ ਕਿਹੜਾ ਵਿਅਕਤੀ ਜ਼ਿੰਮੇਵਾਰ ਹੈ ?

(ਅ) ਸਬੰਧਤ ਪੁਸਤਕ ਕਿਸ ਵਿਅਕਤੀ ਨੇ ਲਿਖੀ ਜਾਂ ਕਿਸ ਵਿਅਕਤੀ ਪਾਸੋਂ ਲਿਖਵਾਈ ਗਈ?

(ਏ) ਉਕਤ ਪੁਸਤਕ ਲਿਖਣ ਤੇ ਜਾਂ ਲਿਖਵਾਉਣ ਤੇ ਕੁੱਲ ਕਿੰਨਾਂ ਖਰਚ ਹੋਇਆ?

(ਸ) ਇਸ ਪੁਸਤਕ ਨੂੰ ਹੁਣ ਕਿਹੜੇ ਕਿਹੜੇ ਵਿਅਕਤੀ ਦੁਬਾਰਾ ਲਿਖਣਗੇ ਅਤੇ ਇਸ ਸਬੰਧੀ ਕੁੱਲ ਕਿੰਨੀ ਲਾਗਤ ਆਉਣ ਦੀ ਸੰਭਾਵਨਾ ਹੈ ?

Original with;
Punjab Vidhan Sabha
Digitized by;
Panjab Digital Library

ਸ਼੍ਰੀ ਗੁਰਮੇਲ ਸਿੰਘ : ਹਾਂ ਜੀ, ਇਸ ਪੁਸਤਕ ਦੇ ਉਸ ਅਧਿਆਇ ਵਿਚ, ਜਿਸ ਵਿਚ ਕਿ ਵੇਦਾਂ ਆਦਿ ਬਾਰੇ ਦੱਸਿਆ ਹੋਇਆ ਹੈ, ਉਸ ਵਿਚ ਆਰੀਆਂ ਦੇ ਭੋਜਨ ਤੇ ਸਭਿਅੱਤਾ ਦੇ ਹੋਰ ਪੱਖਾਂ ਬਾਰੇ ਇਤਰਾਜ਼ ਕੀਤਾ ਗਿਆ ਸੀ । ਇਸ ਤੋਂ ਬਿਨਾਂ ਮਹਾਤਮਾ ਬੁੱਧ, ਉਦੇ ਸਿੰਘ, ਰਾਣਾ ਪਰਤਾਪ ਦੀਆਂ ਇਕ ਤੋਂ ਵੱਧ ਇਸਤਰੀਆਂ ਹੋਣ ਬਾਰੇ ਵੀ ਲਿਖਿਆ ਹੈ । ਇਸੇ ਤਰ੍ਹਾਂ ਆਰੀਆਂ ਅਤੇ ਦਰਾਵੜ ਲੋਕਾਂ ਦੀ ਲੜਾਈ ਬਾਰੇ ਵੀ ਕੁਝ ਇਤਰਾਜ਼ ਯੋਗ ਗੱਲਾਂ ਸਨ । ਇਨ੍ਹਾਂ ਵਿੱਚੋਂ ਕੁਝ ਹਿੱਸਿਆਂ ਬਾਰੇ ਮਾਹਿਰਾਂ ਦੀ ਰਾਇ ਲਈ ਗਈ ਸੀ। ਬੇਸ਼ਕ ਕੁਝ ਗੱਲਾਂ ਅਸਲੀਅਤ ਦੇ ਤੌਰ ਤੇ ਗਲਤ ਤਾਂ ਨਹੀਂ, ਪਰ ਫਿਰ ਵੀ ਇਹ ਸੋਚਦੇ ਹੋਏ ਕਿ ਬਚਿਆਂ ਨੂੰ ਇੰਨੀ ਛੋਟੀ ਉਮਰ ਵਿਚ ਇਹ ਗੱਲਾਂ ਦੱਸਣਾ ਸਮਾਜਕ ਪੱਖੋਂ ਠੀਕ ਨਹੀਂ ਹੈ ਸਰਕਾਰ ਨੇ ਇਸ ਪੁਸਤਕ ਨੂੰ ਸਮੁੱਚੇ ਤੌਰ ਤੇ ਵਾਪਸ ਲੈਣ ਦਾ ਫੈਸਲਾ ਕਰ ਲਿਆ ਹੈ, ਅਤੇ ਹਦਾਇਤਾਂ ਜਾਰੀ ਕਰ ਦਿਤੀਆ ਹਨ ।

ਜਿੱਥੋਂ ਤਕ ਕਿਸੇ ਵਿਅਕਤੀ ਨੂੰ ਜਿੰਮੇਵਾਰ ਠਹਿਰਾਉਣ ਦਾ ਸਬੰਧ ਹੈ । ਉਹ ਮਾਹਿਰਾਂ ਦੀ ਰਿਪੋਰਟ ਆਉਣ ਤੇ ਕੀਤਾ ਜਾਵੇਗਾ ।

(ਅ) ਡਾ: ਭਗਤ ਸਿੰਘ, ਹੈਡ ਆਫ਼ ਹਿਸਟਰੀ ਡਿਪਾਰਟਮੈਂਟ, ਮਹਿੰਦਰਾ ਕਾਲਜ, ਅਤੇ ਸ਼੍ਰੀਮਤੀ ਗੁਲਸ਼ਨ ਰਾਜ ਕੌਰ, ਐਮ. ਏ. (ਹਿਸਟਰੀ) ਬੀ. ਟੀ. ਸਾਬਕਾ ਪ੍ਰਿੰਸੀਪਲ, ਗੌਰਮਿੰਟ ਜੇ. ਬੀ. ਟੀ. ਸਕੂਲ ਫਰੀਦਕੋਟ, ਜਿਹੜੇ ਕਿ ਅੱਜ ਕਲ੍ਹ ਜ਼ਿਲ੍ਹਾ ਸਿਖਿਆ ਅਫਸਰ, ਜਲੰਧਰ ਦੇ ਦਫਤਰ ਵਿਚ ਸਰਵੇ ਅਫਸਰ ਹਨ, ਪਾਸੋਂ ਲਿਖਵਾਈ ਗਈ ਹੈ,

(ਏ) 9,195.50 ਰੁਪਏ ਖਰਚ ਆਏ ।

(ਸ) ਇਸ ਸਾਰੀ ਪੁਸਤਕ ਨੂੰ ਸੋਧਨ ਲਈ ਇਕ ਉਚ ਪੱਧਰੀ ਕਮੇਟੀ, ਬਣਾਈ ਗਈ ਹੈ, ਜਿਸ ਦੀ ਬਣਤਰ ਹੇਠ ਲਿਖੇ ਅਨੁਸਾਰ ਹੈ:—

1. ਸ਼੍ਰੀ ਕਿਰਪਾਲ ਸਿੰਘ ਨਾਰੰਗ, ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਟੀ, ਪਟਿਆਲਾ, ਚੇਅਰਮੈਨ
2. ਡਾਕਟਰ ਸਤਿਆ ਕੇਤੂ, ਵਾਈਸ ਚਾਂਸਲਰ, ਗੁਰੂਕੁਲ ਕਾਂਗੜੀ ਯੂਨੀਵਰਸਟੀ । .. ਮੈਂਬਰ ।
3. ਡਾਕਟਰ ਪੀ. ਐਲ. ਮਹਿਰਾ, ਹੈਡ ਆਫ ਹਿਸਟਰੀ ਡਿਪਾਰਟਮੈਂਟ, ਪੰਜਾਬ ਯੂਨੀਵਰਸਟੀ, ਚੰਡੀਗੜ੍ਹ .. ਮੈਂਬਰ ।
4. ਡਾਕਟਰ ਵੀ. ਸੀ. ਪਾਂਡੇ, ਰੀਡਰ ਇਨ ਐਨਸ਼ੀਐਂਟ ਹਿਸਟਰੀ ਐਂਡ ਕਲਚਰ ਪੰਜਾਬ ਯੂਨੀਵਰਸਟੀ, ਚੰਡੀਗੜ੍ਹ .. ਮੈਂਬਰ ।
5. ਡਾਕਟਰ ਕੇ. ਸੀ. ਯਾਦਵ, ਰੀਡਰ ਇਨ ਹਿਸਟਰੀ ਡਿਪਾਰਟਮੈਂਟ, ਕੁਰਖਸ਼ੇਤਰ ਯੂਨੀਵਰਸਟੀ .. ਮੈਂਬਰ ।
6. ਪ੍ਰਧਾਨ, ਪੰਜਾਬ ਸਕੂਲ ਸਿਖਿਆ ਬੋਰਡ ਜਾਂ ਉਨ੍ਹਾਂ ਦਾ ਕੋਈ ਪ੍ਰਤੀਨਿਧ .. ਮੈਂਬਰ

Original with;
Punjab Vidhan Sabha
Digitized by;
Panjab Digital Library

ਇਸ ਸਾਰੀ ਪੁਸਤਕ ਨੂੰ ਸੋਧਣ ਅਤੇ ਮੁੜ ਲਿਖਵਾਉਣ ਤੇ ਵਰਤਮਾਨ ਦਰਾਂ ਅਨੁਸਾਰ ਲਗਭਗ 10,000 (ਦਸ ਹਜ਼ਾਰ) ਰੁਪਏ ਖਰਚ ਆਉਣ ਦਾ ਅਨੁਮਾਨ ਹੈ ।

ਸਰਦਾਰ ਬਸੰਤ ਸਿੰਘ ਖਾਲਸਾ: ਕੀ ਵਜ਼ੀਰ ਸਾਹਿਬ, ਕਿਰਪਾ ਕਰਕੇ ਦੱਸਣਗੇ ਕਿ ਇਹ ਜਿਹੜੀ ਪੁਸਤਕ ਹੈ ਜਿਨ੍ਹਾਂ ਨੇ ਲਿਖੀ ਹੈ, ਉਨ੍ਹਾਂ ਦੇ ਨਾਮ ਦਸ ਦਿਤੇ, ਜਿਨ੍ਹਾਂ ਨੇ ਅਗਾਂਹ ਲਿਖਣੀ ਹੈ ਉਨ੍ਹਾਂ ਦਾ ਵੀ ਨਾਮ ਦੇ ਦਿਤਾ, ਪਰ ਉਹ ਕਿਹੜੇ ਮਾਹਿਰ ਹਨ ਜਿਨ੍ਹਾਂ ਨੇ ਇਹ ਕਿਹਾ ਹੈ ਕਿ ਇਹ ਚੀਜ਼ ਗਲਤ ਹੈ ਜਦੋਂ ਆਪ ਸਰਕਾਰ ਮੰਨਦੀ ਹੈ ਕਿ ਗਲਤ ਗੱਲ ਹੋਈ ਹੈ ਤਾਂ ਫਿਰ ਕਮੇਟੀ ਬਣਾਉਣ ਦੀ ਕੀ ਲੋੜ ਪਈ ?

ਵਿਦਿਆ ਮੰਤਰੀ: ਸਪੀਕਰ ਸਾਹਿਬ, ਮੈਂ ਤਾਂ ਸਾਰੀ ਗੱਲ ਡੀਟੇਲ ਵਿਚ ਦੱਸ ਦਿਤੀ ਹੈ ਜੇਕਰ ਇਨ੍ਹਾਂ ਨੂੰ ਸਮਝ ਨਾ ਆਵੇ ਤਾਂ ਮੇਰਾ ਤਾਂ ਇਸ ਵਿਚ ਕਸੂਰ ਨਹੀਂ ਹੈ ।

ਸਰਦਾਰ ਬਸੰਤ ਸਿੰਘ ਖਾਲਸਾ: ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਉਹ ਕਿਹੜੇ ਕਿਹੜੇ ਮਾਹਿਰ ਹਨ ਜਿਨ੍ਹਾਂ ਨੇ ਕਿਹਾ ਹੈ ਕਿ ਇਹ ਗਲਤ ਹੈ?

ਮੰਤਰੀ: ਸਪੀਕਰ ਸਾਹਿਬ, ਜਦੋਂ ਇਥੇ ਅਸੈਂਬਲੀ ਵਿਚ ਕੁਐਸਚਨ ਹੋਇਆ ਸੀ, ਕਾਲ ਅਟੈਨਸ਼ਨ ਮੋਸ਼ਨ ਆਈ ਸੀ, ਉਸ ਵੇਲੇ ਇਕ ਕਮੇਟੀ ਬਣੀ ਸੀ । ਉਸ ਕਮੇਟੀ ਦੀ ਰਿਪੋਰਟ ਸੀ । ਫਿਰ ਵੀ ਅਸੀਂ ਸਮਝਦੇ ਹਾਂ ਕਿ ਕਿਸੇ ਵੀ ਜਥੇਬੰਦੀ ਦੀ ਫੀਲਿੰਗ ਹੋਵੇ, ਅਸੀਂ ਕਿਸੇ ਦੀ ਫੀਲਿੰਗਜ਼ ਨੂੰ ਇੰਜਰ ਨਹੀਂ ਕਰਨਾ ਚਾਹੁੰਦੇ । ਇਸ ਕਰਕੇ ਇਸ ਪੁਸਤਕ ਨੂੰ ਜ਼ਬਤ ਕਰਨ ਦਾ ਫੈਸਲਾ ਕੀਤਾ ਗਿਆ ਹੈ ।

ਸਰਦਾਰ ਪ੍ਰੇਮ ਸਿੰਘ ਪ੍ਰੇਮ: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਇਨ੍ਹਾਂ ਦੇ ਨੋਟਿਸ ਵਿਚ ਲਿਆਂਦਾ ਗਿਆ ਕਿ ਇਸ ਵਿਚ ਔਬਜੈਕਸ਼ਨੇਬਲ ਪੋਰਸ਼ਨ ਹੈ, ਇਨ੍ਹਾਂ ਨੇ ਇਸ ਨੂੰ ਉਸੇ ਵੇਲੇ ਹੀ ਵਾਪਸ ਕਿਉਂ ਨਾ ਲਿਆ । ਇਨ੍ਹਾਂ ਨੇ ਆਰੀਆਂ ਸਮਾਜੀਆਂ ਦੇ ਧਰਨਾ ਮਾਰਨ ਦੀ ਧਮਕੀ ਦੇਣ ਤੇ ਇਸ ਨੂੰ ਵਾਪਸ ਲਿਆ ਹੈ । ਇਸ ਨਾਲ ਸਰਕਾਰ ਦੀ ਹੇਠੀ ਹੋਈ ਹੈ, ਇਸ ਦਾ ਕੌਣ ਜ਼ਿੰਮੇਵਾਰ ਹੈ ?

ਮੁੱਖ ਮੰਤਰੀ: ਸਪੀਕਰ ਸਾਹਿਬ, ਨਾ ਕੋਈ ਧਰਨੇ ਦੀ ਗੱਲ ਹੈ ਅੱਰ ਨਾ ਹੀ ਧਮਕੀ ਦੀ ਗੱਲ ਹੈ । ਜੇਕਰ ਕੋਈ ਆਦਮੀ ਇਹ ਸਮਝੇ ਕਿ ਸਾਰਾ ਕੰਮ ਸਮਪੂਰਣ ਹੋਣ ਤੋਂ ਬਾਅਦ ਕਿ ਇਹ ਕੰਮ ਮੈਂ ਹੀ ਕੀਤਾ ਹੈ, ਉਸ ਦੇ ਬਾਰੇ ਮੈਂ ਤਾਂ ਕੁਝ ਨਹੀਂ ਕਹਿੰਦਾ, ਲੋਕ ਆਪ ਹੀ ਸਮਝ ਲੈਂਦੇ ਹਨ ।

ਸਪੀਕਰ ਸਾਹਿਬ, ਅਸਲ ਗੱਲ ਇਹ ਸੀ ਕਿ ਜਦੋਂ ਸਾਡੇ ਨੋਟਿਸ ਵਿਚ ਇਹ ਗੱਲ ਆਈ, ਇਤਰਾਜ਼ ਯੋਗ ਹਿੱਸਿਆਂ ਤੇ ਚੇਪੀਆਂ ਲਗਾ ਦਿਤੀਆਂ ਗਈਆਂ ਸਨ । ਮਗਰ ਆਰੀਆ ਸਮਾਜ ਦੇ ਨੇਤਾਂਵਾਂ ਨੂੰ ਇਹ ਗੱਲ ਨਾ ਜਚੀ । ਉਨ੍ਹਾਂ ਨੇ ਹੋਰ ਨੁਕਤੇ ਸਾਡੇ ਨੋਟਿਸ ਵਿਚ ਲਿਆਂਦੇ । ਉਨ੍ਹਾਂ ਨੇ ਧਰਨਾ ਮਾਰਨ ਦੀ ਤਾਰੀਕ ਮੁਕੱਰਰ ਕੀਤੀ ਸੀ । ਫਿਰ ਉਨ੍ਹਾਂ ਨੇ ਆਪ ਹੀ ਕਿਹਾ ਕਿ ਚਲੋ ਧਰਨਾ ਮਾਰਨ ਦਾ ਕੋਈ ਸਾਡਾ ਮਕਸਦ ਨਹੀਂ ਹੈ ਤੁਸੀਂ ਸਾਡੀ ਗੱਲ ਸੁਣ ਲਵੋ । ਮੈਂ ਕਿਹਾ ਕਿ ਇਹ ਬੜੀ ਖੁਸ਼ੀ ਦੀ ਗੱਲ ਹੈ । ਲੇਕਿਨ ਮੇਰੇ ਪਾਸ ਉਸੇ ਹੀ ਦਿਨ ਦਾ ਵਕਤ ਸੀ ਜਿਸ ਦਿਨ ਧਰਨੇ ਦਾ ਸੀ । ਇਸ ਕਰਕੇ ਮੈਂ ਉਹ ਹੀ ਦਿਨ ਉਨ੍ਹਾਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਨੂੰ ਮਿਲਣ ਲਈ ਦਿਤਾ ਅਤੇ ਮੈਂ ਕਿਹਾ ਕਿ ਸਵੇਰੇ ਆ ਕੇ ਮਿਲ ਲਉ । (ਵਿਘਨ) ਸਵਾਮੀ ਇੰਦਰਵੇਸ਼ ਤੇ ਦੂਸਰੇ ਸਾਥੀਆਂ ਨੇ ਦਰਸ਼ਨ ਦਿਤੇ । (ਵਿਘਨ) ਉਥੇ ਕੋਠੀ ਵਿਚ ਯੱਗ ਸ਼ੁਰੂ ਕੀਤਾ ਸੀ ਅੱਤੇ ਹਵਨ ਵਿਚ ਵੇਦ ਮੰਤਰ ਵੀ ਪੜ੍ਹੇ ਜਾ ਰਹੇ ਸਨ । ਉਨ੍ਹਾਂ ਨੇ ਕਿਹਾ ਕਿ ਤੁਸੀਂ ਵੀ ਹਵਨ ਯੱਗ ਵਿਚ ਆਪਣਾ ਘਿਉ ਪਾਓ । ਘਿਉ ਉਨ੍ਹਾਂ ਨੇ ਮੈਨੂੰ ਆਪਣਾ ਹੀ ਦਿਤਾ । ਮੈਂ ਜਿਸ ਤਰ੍ਹਾਂ ਉਨ੍ਹਾਂ ਨੇ ਕਿਹਾ ਉਸ ਤਰ੍ਹਾਂ ਹੀ ਘਿਓ ਪਾਇਆ ।

ਸਰਦਾਰ ਅਜਾਇਬ ਸਿੰਘ ਸੰਧੂ: ਤੁਸੀਂ ਮੰਤਰ ਵੀ ਪੜ੍ਹੇ ? (ਹਾਸਾ)

ਮੁੱਖ ਮੰਤਰੀ: ਨਹੀਂ, ਮੈਂ ਪੜ੍ਹੇ ਨਹੀਂ ਸਗੋਂ ਸੁਣੇ ਜ਼ਰੂਰ ਹਨ । ਮੈਂ ਸਮਝਦਾ ਸੀ ਕਿ ਇਹ ਪਵਿੱਤਰ ਕੰਮ ਹੈ । ਬੜੀ ਖੁਸ਼ੀ ਨਾਲ ਯੱਗ ਕਰਨ ਤੋਂ ਬਾਅਦ ਸਵਾਮੀ ਜੀ ਵਿਦਾ ਹੋ ਗਏ । ਅੱਤੇ ਇਸ ਕਿਤਾਬ ਵਿਚ ਜਿਹੜਾ ਹਿੱਸਾ ਉਨ੍ਹਾਂ ਦੇ ਸੈਂਟੀਮੈਂਟਸ ਨੂੰ ਇੰਜਰ ਕਰਦਾ ਸੀ ਮੈਂ ਖੁਦ ਕਨਵਿੰਸ ਹੋ ਗਿਆ ਸੀ ਕਿ ਇਹ ਹਿੱਸਾ ਨਹੀਂ ਹੋਣਾ ਚਾਹੀਦਾ । ਜਿਹੜੀਆਂ ਚੀਜ਼ਾਂ ਨਾਲ ਸੈਂਟੀਮੈਂਟਸ ਇੰਜਰ ਹੁੰਦੇ ਹੋਣ, ਜਿਸ ਨਾਲ ਸਾਡੇ ਬਜ਼ੁਰਗਾਂ ਦੀ ਇੱਜ਼ਤ ਅਤੇ ਸਨਮਾਨ ਨੂੰ ਨੁਕਸਾਨ ਪਹੁੰਚਦਾ ਹੋਵੇ ਉਹ ਨਹੀਂ ਕਰਨੀਆਂ ਚਾਹੀਦੀਆਂ । ਜੋ ਅਸਲ ਪਿਉ ਦੇ ਪੁੱਤਰ ਹੁੰਦੇ ਹਨ ਉਹ ਆਪਣੇ ਬੁਜ਼ੁਰਗਾਂ ਦੀ ਇੱਜ਼ਤ ਵਧਾਉਂਦੇ ਹਨ, ਘਟਾਉਂਦੇ ਨਹੀਂ । ਮੈਂ ਸਵਾਮੀ ਜੀ ਦਾ ਬੜਾ ਹੀ ਮਸ਼ਕੂਰ ਹਾਂ ਕਿ ਉਨ੍ਹਾਂ ਨੇ ਇਹ ਗੱਲ ਪੁਆਇੰਟ ਆਊਟ ਕੀਤੀ ਹੈ । (ਥੰਪਿੰਗ)

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਬੱਚਿਆਂ ਲਈ ਜਿਹੜੀਆਂ ਪੁਸਤਕਾਂ ਲਗਵਾਈਆਂ ਜਾਂਦੀਆਂ ਹਨ, ਉਨ੍ਹਾਂ ਨੂੰ ਲਿਖਣ ਦੇ ਵਿਚ ਮੁਖਤਲਿਫ ਹਿੱਸਿਆਂ ਦੇ ਸੈਨਟੀਮੈਂਟਸ ਨੂੰ ਵੀ ਬੱਚਿਆਂ ਦੀ ਉਮਰ ਵਗੈਰਾ ਨੂੰ ਵੀ ਵੇਖ ਲਿਆ ਜਾਇਆ ਕਰੇਗਾ? ਕੀ ਸਰਕਾਰ ਆਪਣੇ ਐਜੂਕੇਸ਼ਨ ਦੇ ਮਾਹਰਾਂ ਕੋਲੋਂ ਇਸ ਗੱਲ ਦੀ ਵੀ ਗਰੰਟੀ ਕਰੇਗੀ ਕਿ ਜਿਹੜੀ ਗੱਲ ਹਿਸਟਾਰੀਕਲ ਹੋਵੇ ਉਸ ਨੂੰ ਡਿਸਟਾਰਟ ਨਾ ਕੀਤਾ ਜਾਵੇ । ਜੇਕਰ ਕਿਸੇ ਕਿਤਾਬ ਵਿਚ ਕੋਈ ਗੱਲ ਲਿਖਣੀ ਹੈ ਤਾਂ ਬੱਚਿਆਂ ਦੀ ਉਮਰ ਅੱਤੇ ਹਿਸਟਾਰੀਕਲ ਟਰੂਥ ਨੂੰ ਵੀ ਸਾਹਮਣੇ ਰਖਿਆ ਜਾਇਆ ਕਰੇਗਾ ?

ਮੁੱਖ ਮੰਤਰੀ: ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਜੋ ਵਿਚਾਰ ਦਿਤਾ ਹੈ ਮੈਂ ਉਸ ਨੂੰ ਕਾਫੀ ਹੱਦ ਤਕ ਠੀਕ ਸਮਝਦਾ ਹਾਂ । ਕੋਈ ਗੱਲ ਹਿਸਟਰੀ ਦੇ ਉਲਟ ਨਹੀਂ ਕਰਨੀ ਚਾਹੀਦੀ ਲੇਕਿਨ ਹਿਸਟਰੀ ਵਿਚ ਜੇਕਰ ਕੋਈ ਐਸਾ ਹਿੱਸਾ ਆ ਜਾਵੇ ਜਿਹੜਾ ਕਿ ਕਿਸੇ ਬਦਨਾਮੀ ਦਾ ਕਾਰਨ ਬਣਦਾ ਹੋਵੇ ਤਾਂ ਕੌਮਾਂ ਨੂੰ ਇਹ ਹੱਕ ਹੈ ਕਿ ਉਤਨਾਂ ਹਿੱਸਾ ਜਿਹੜਾ ਹੋਵੇ ਉਸ ਨੂੰ ਛੱਡ ਦੇਣ । ਇਹ ਠੀਕ ਹੈ ਕਿ ਹਿਸਟਰੀ ਦੇ ਉਲਟ ਨਹੀਂ ਲਿਖਣਾ ਚਾਹੀਦਾ ਪਰ ਐਸਾ ਹਿੱਸਾ ਛੱਡਿਆ ਤਾਂ ਜਾ ਸਕਦਾ ਹੈ । ਅਸੀਂ ਉਹ ਗੱਲ ਕਰੀਏ ਜਿਸ ਨਾਲ ਆਉਣ ਵਾਲੀਆਂ ਪਨੀਰੀਆਂ ਵਿਚ ਚੰਗੀ ਇਜ਼ਤ ਹੋਵੇ, ਮਾਨਵਤਾ ਦਾ ਗਿਆਨ ਵਧੇ ਅੱਤੇ ਅਸਲੀਅਤ ਜਿਹੜੀ ਹੈ ਉਸ ਨੂੰ ਵੀ ਛੁਪਾਈਏ ਨਾ, ਉਸ ਨੂੰ ਉਲਟ ਬਾਤ ਨਾ ਕਰੀਏ । ਮਾਹਰੀਨ ਦੀ ਜਿਹੜੀ ਕਮੇਟੀ ਬਣਾਈ ਗਈ ਹੈ, ਉਸ ਵਿਚ ਐਜੂਕੇਸ਼ਨਿਸਟਸ ਹਨ, ਇਨ੍ਹਾਂ ਗੱਲਾਂ ਦਾ ਉਹ ਧਿਆਨ ਰੱਖਣਗੇ ।

ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਇਹ ਗੱਲ ਵੀ ਦੱਸ ਦੇਵਾਂ ਕਿ ਇਹ ਕਿਤਾਬ ਬੰਦ ਕਰਨੀ ਹੈ, ਇਸਦੀ ਥਾਂ ਨਵੀਂ ਕਿਤਾਬ ਲਗਾਉਣੀ ਹੈ, ਇਸ ਲਈ ਕੁਝ ਟਾਈਮ

Original with;
Punjab Vidhan Sabha
Digitized by;
Panjab Digital Library

ਜ਼ਰੂਰ ਲਗੇਗਾ । ਇਸ ਲਈ ਮੈਂ ਐਜੂਕੇਸ਼ਨ ਡਿਪਾਰਟਮੈਂਟ ਨੂੰ ਕਿਹਾ ਹੈ ਕਿ ਇਸ ਸਾਲ ਉਸ ਕਲਾਸ ਦੇ ਬੱਚਿਆਂ ਦਾ ਇਮਤਿਹਾਨ ਦਾ ਸਮਾਂ ਇਕ ਮਹੀਨਾ ਅੱਗੇ ਕਰ ਦਿਤਾ ਜਾਵੇ। ਤਾਕਿ ਵਿਦਿਆਰਥੀਆਂ ਨੂੰ ਨੁਕਸਾਨ ਨਾ ਹੋਵੇ ।

ਸ਼੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਇਨ੍ਹਾਂ ਨੇ ਵੀ ਮਹਿਸੂਸ ਕੀਤਾ ਹੈ, ਸਰਕਾਰ ਨੇ ਵੀ ਮਹਿਸੂਸ ਕੀਤਾ ਹੈ ਕਿ ਜਿਹੜੀ ਕਿਤਾਬ ਸਕੂਲ ਐਜੂਕੇਸ਼ਨ ਬੋਰਡ ਨੇ ਛਾਪੀ ਸੀ ਉਹਦੇ ਵਿਚ ਕੋਈ ਇਹੋ ਜਿਹੀ ਚੀਜ਼ ਆ ਗਈ ਕਿ ਉਹ ਕਿਸੇ ਦੇ ਫੀਲਿੰਗਜ਼ ਨੂੰ ਇੰਜਰ ਕਰਦੀ ਹੈ ਜਿਹੜੇ ਮਾਹਰੀਨ ਨੇ ਇਹ ਕਿਤਾਬ ਲਿਖੀ ਸੀ ਜਾਂ ਅਪਰੂਵ ਕੀਤੀ ਸੀ, ਕੀ ਸਰਕਾਰ ਨੇ ਕੋਈ ਫੈਸਲਾ ਕੀਤਾ ਹੈ ਕਿ ਉਨ੍ਹਾਂ ਮਾਹਰੀਨ ਤੋਂ ਕਿਸੇ ਤਰ੍ਹਾਂ ਛੁੱਟਕਾਰਾ ਹਾਸਿਲ ਹੋ ਸਕੇ?

ਵਿਦਿਆ ਮੰਤਰੀ: ਸਪੀਕਰ ਸਾਹਿਬ, ਮੈਂ ਪਹਿਲਾ ਵੀ ਕਹਿ ਚੁੱਕਾ ਹਾਂ ਕਿ ਮਾਹਿਰ ਜਿਹੜੇ ਕਿ ਹਿਸਟਰੀ ਦੀ ਅਥਾਰਿਟੀ ਸਨ ਉਨ੍ਹਾਂ ਦੀ ਇਕ ਕਮੇਟੀ ਬਣਾਈ ਹੈ । ਉਸ ਕਮੇਟੀ ਦੀ ਰਿਪੋਰਟ ਆਵੇਗੀ ਤਾਂ ਸਾਨੂੰ ਵੇਖਣਾ ਪਵੇਗਾ ਕਿ ਕੀ ਰਿਪੋਰਟ ਆਈ ਹੈ ।

(ਇਸ ਸਮੇਂ ਕਈ ਮੈਂਬਰ ਸਾਹਿਬਾਨ ਸਪਲੀਮੈਂਟਰੀ ਕਰਨ ਲਈ ਖੜ੍ਹੇ ਸਨ)

ਡਾਕਟਰ ਬਲਦੇਵ ਪ੍ਰਕਾਸ਼: ਸਪੀਕਰ ਸਾਹਿਬ, ਜਿਹੜੀ ਕਿਤਾਬ ਸ਼ਿਖਸ਼ਾ ਬੋਰਡ ਵਲੋਂ ਤਿਆਰ ਕਰ ਦਿਤੀ ਗਈ ਹੈ, ਉਸ ਨੂੰ ਪਬਲਿਸ਼ ਕਰਨ ਤੋਂ ਪਹਿਲਾਂ ਕੀ ਸਰਕਾਰ ਪਾਸ ਕੋਈ ਏਜੰਸੀ ਹੈ ਜਿਹੜੀ ਕਿ ਕਿਤਾਬ ਨੂੰ ਪਹਿਲਾਂ ਪੜ੍ਹਕੇ ਅਪਰੂਵ ਕਰਦੀ ਹੋਵੇ ਆਬਜੈਕਸ਼ਨੇਬਲ ਚੀਜ਼ ਨੂੰ ਜਿਹੜੀ ਕਿ ਕਿਸੇ ਦੀ ਭਾਵਨਾ ਨੂੰ ਠੇਸ ਪਹੁੰਚਾਵੇ ? ਜੇਕਰ ਇਸ ਤਰ੍ਹਾਂ ਦੀ ਕੋਈ ਏਜੰਸੀ ਸੀ ਤਾਂ ਕੀ ਉਸ ਨੇ ਪਹਿਲਾਂ ਪੜ੍ਹਕੇ ਉਹ ਪੋਰਸ਼ਨ ਕਿਉਂ ਨਹੀਂ ਸਰਕਾਰ ਦੇ ਧਿਆਨ ਵਿਚ ਲਿਆਕੇ ਕਢਵਾਇਆ ? ਜੇਕਰ ਐਸੀ ਏਜੰਸੀ ਸੀ ਤਾਂ ਸਰਕਾਰ ਨੇ ਉਸ ਤੇ ਕੀ ਐਕਸ਼ਨ ਲਿਆ ਹੈ ?

ਮੰਤਰੀ : ਸਪੀਕਰ ਸਾਹਿਬ, ਜਿੱਥੋਂ ਤਕ ਕਿਤਾਬ ਨੂੰ ਪੜ੍ਹਨ ਲਈ ਕਿਸੇ ਏਜੰਸੀ ਦਾ ਤੁਅੱਲਕ ਹੈ, ਉਹ ਤਾ ਹੈ। ਕਿਤਾਬ ਲਿਖੀ ਜਾਂਦੀ ਹੈ, ਫੈਂਟ ਕੀਤੀ ਜਾਂਦੀ ਹੈ ਅੱਰ ਉਸ ਤੋਂ ਬਾਅਦ ਛਾਪੀ ਜਾਂਦੀ ਹੈ ਅੱਰ ਫਿਰ ਬੱਚਿਆਂ ਦੇ ਹੱਥਾਂ ਵਿਚ ਜਾਂਦੀ ਹੈ ।

ਬਾਕੀ ਜਿਹੜਾ ਇਨ੍ਹਾਂ ਦਾ ਕਹਿਣਾ ਹੈ ਕਿ ਇਸ ਗੱਲ ਦਾ ਖਿਆਲ ਰਖਿਆ ਨਹੀਂ ਗਿਆ, ਇਸ ਦੇ ਵਾਸਤੇ ਕਮੇਟੀ ਬਣਾਈ ਹੋਈ ਹੈ । ਜਦੋਂ ਕਮੇਟੀ ਦੀ ਰਿਪੋਰਟ ਆਵੇਗੀ ਤਾਂ ਹੀ ਅਸੀਂ ਕੁਝ ਕਹਿ ਸਕਦੇ ਹਾਂ (ਵਿਘਨ)

ਮੈਂ ਇਕ ਗੱਲ ਹੋਰ ਸਾਫ ਕਰੀਨ ਚਾਹੁੰਦਾ ਹਾਂ ਕਿ ਹਿਸਟੋਰੀਅਨਜ਼ ਦੀ ਜੋ ਰਾਏ ਹੈ ਉਹ ਕਈ ਦਫਾ ਡਿਫਰ ਕਰ ਜਾਇਆ ਕਰਦੀ ਹੈ, ਹਿਸਟੋਰੀਅਨ ਦਾ ਇਕ ਵਿਚਾਰ ਨਹੀਂ ਹੋ ਸਕਦਾ ਕਿਸੇ ਦੀ ਰਿਸਰਚ ਕੁਝ ਹੋ ਸਕਦੀ ਹੈ ਅਤੇ ਕਿਸੇ ਦੀ ਕੁਝ । ਲੇਕਿਨ ਇਸ ਕਿਤਾਬ ਲਈ ਜੋ ਐਕਸਪਰਟ ਕਮੇਟੀ ਬਣਾਈ ਗਈ ਹੈ, ਉਸ ਦੀ ਰਿਪੋਟ ਅਸੀਂ ਮੰਨਾਂਗੇ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਿਤਾਬ ਗਲਤ ਸਮਝ ਕੇ ਜ਼ਬਤ ਕਰ ਲਈ ਹੈ ਕਿਉਂਕਿ ਮਾਹਿਰਾਂ ਦੀ ਇਹ ਰਾਏ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੋ ਇਕ ਸਾਲ ਭਰ ਇਸ ਦਾ ਵਖੇੜਾ ਚਲਿਆ, ਇਸ ਲਈ ਕੌਣ ਜ਼ਿੰਮੇਵਾਰ ਹੈ ? ਡਿਪਾਰਟਮੈਂਟ ਵਿਚ ਜੋ ਇਸ ਬਾਰੇ ਕਸੂਰਵਾਰ ਹੈ, ਕੀ ਕਿਸੇ ਨੂੰ ਕੋਈ ਸਜ਼ਾ ਦਿਤੀ ਗਈ ਹੈ?

Original with;
Punjab Vidhan Sabha
Digitized by;
Panjab Digital Library

ਮੰਤਰੀ. ਕਿਤਾਬ ਤਾਂ ਵਾਪਿਸ ਲਈ ਗਈ ਹੈ। ਜਿਥੋਂ ਤਕ ਐਕਸ਼ਨ ਦਾ ਸਵਾਲ ਹੈ, ਇਸ ਬਾਰੇ ਦੱਸਿਆ ਜਿਆ ਹੈ ਰਿਪੋਰਟ ਆਉਣ ਤੇ ਹੀ ਸੰਭਵ ਹੋ ਸਕੇਗਾ ।

ਸਰਦਾਰ ਕ੍ਰਿਪਾਲ ਸਿੰਘ ਰੰਧਾਵਾ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਆਰੀਆਂ ਦੇ ਭੋਜਨ ਦਾ ਉਸ ਕਿਤਾਬ ਵਿਚ ਜ਼ਿਕਰ ਆਇਆ ਹੈ, ਉਸ ਵਿਚ ਹੈ ਕਿ ਆਰੀਆ ਲੋਕ ਸਬਜ਼ੀਆਂ, ਫਲ ਆਦਿ ਚੀਜ਼ਾਂ ਖਾਂਦੇ ਸਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ 'ਆਦਿ" ਲਫ਼ਜ਼ ਤੇ ਮਾਹਿਰਾਂ ਨੇ ਕੀ ਇਤਰਾਜ਼ ਕੀਤਾ ਹੈ, ਇਸ ਵਿਚ ਕਿਹੜੀ ਗੱਲ ਇਤਰਾਜ਼ ਵਾਲੀ ਹੈ? ਇਸ ਲਈ ਕੀ ਇਹ ਸੋਚਿਆ ਨਹੀਂ ਗਿਆ ਕਿ ਮਾਹਿਰਾਂ ਨੇ ਇਹ ਪਖੰਡ ਬਣਾ ਕੇ ਇਸ ਸਵਾਲ ਨੂੰ ਸਿਆਸੀ ਤੌਰ ਤੇ ਇਕ ਸਟੰਟ ਖੜ੍ਹਾ ਕਰ ਦਿਤਾ ਅਤੇ ਹਵਨ ਕੰਡ ਲਗਾ ਕੇ ਇਕ ਨਿੱਕੀ ਜਿਹੀ ਗੱਲ ਨੂੰ ਇੰਨ ਵਧਾ ਦਿਤਾ ?.....

ਸ਼੍ਰੀ ਸਪੀਕਰ: ਤੁਸੀਂ ਸਵਾਲ ਪੁੱਛੋ। (Please put a specific question).

ਸਰਦਾਰ ਕਿਰਪਾਲ ਸਿੰਘ ਰੰਧਾਵਾ: ਫਲ, ਸਬਜ਼ੀ ਆਦਿ ਖਾਂਦੇ ਸਨ, ਇਸ ਵਿਚ ਕਿਹੜੀ ਬੁਰੀ ਗੱਲ ਹੈ, ਜਿਹੜੀ ਇਨ੍ਹਾਂ ਨੂੰ ਚੰਗੀ ਨਹੀਂ ਲਗੀ?

ਮੰਤਰੀ: ਸਪੀਕਰ ਸਾਹਿਬ, ਇਹ ਤਾਂ ਕਮੇਟੀ ਦੱਸੇਗੀ ਕਿ ਕੀ ਇਤਰਾਜ਼ ਹੈ ਇਸੇ ਕਰਕੇ ਤਾਂ ਕਮੇਟੀ ਬਣਾਈ ਗਈ ਹੈ।

ਕੈਪਟਨ ਰਤਨ ਸਿੰਘ: ਮੁੱਖ ਮੰਤਰੀ ਜੀ ਨੇ ਜਵਾਬ ਦਿੰਦਿਆਂ ਇਹ ਫੁਰਮਾਇਆ ਹੈ ਕਿ ਜੇ ਸਾਡੇ ਬਜ਼ੁਰਗਾਂ ਨੇ ਗਲਤੀ ਕੀਤੀ ਹੋਵੇ ਤਾਂ ਉਸ ਨੂੰ ਸਾਨੂੰ ਲਿਖਣਾ ਨਹੀਂ ਚਾਹੀਦਾ, ਉਸ ਨੂੰ ਭੁਲ ਜਾਣਾ ਚਾਹੀਦਾ ਹੈ । ਮੈਂ ਇਹ ਕਹਿਣਾ ਹੈ ਕਿ ਸਾਡੇ ਬਜ਼ੁਰਗਾਂ ਨੇ ਜਾਤ ਪਾਤ ਦਾ ਸਵਾਲ ਲੈ ਕੇ ਸ਼ੈਡਿਊਲਡ ਕਾਸਟਸ ਨੂੰ ਅਤੇ ਹੋਰ ਛੋਟੀ ਜਾਤੀਆਂ ਨੂੰ ਦਬੀ ਰਖਿਆ। ਜੇ ਅਸੀਂ ਆਜ਼ਾਦੀ ਤੋਂ ਬਾਅਦ ਉਨ੍ਹਾਂ ਬੁਰਾਈਆਂ ਨੂੰ ਦੂਰ ਨਾ ਕਰਦੇ ਤਾਂ ਇਹ ਸਾਡੇ ਸ਼ੈਡਿਊਲਡ ਕਾਸਟ ਭਰਾ ਹੁਣ ਵੀ ਪਹਿਲੇ ਜਿਹੀ ਹਾਲਤ ਵਿਚ ਹੁੰਦੇ । ਇਸ ਲਈ ਮੈਂ ਪੁਰਜ਼ੋਰ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਟਰੁਥ ਹੈ ਉਸ ਨੂੰ ਛੁਪਾਉਣਾ ਨਹੀਂ ਚਾਹੀਦਾ ਅਤੇ ਅਸਲੀਅਤ ਨੂੰ ਸਾਹਮਣੇ ਲਿਆਉਣਾ ਚਾਹੀਦਾ ਹੈ । ਮੈਂ ਸਮਝਦਾ ਹਾਂ ਕਿ ਇਸ ਸਵਾਲ ਦੇ ਵਿਚ ਥੋੜ੍ਹੀ ਜਿਹੀ ਪੋਲੀਟੀਕਲ ਗੱਲ ਵੀ ਕੀਤੀ ਗਈ ਹੈ ।

ਸ਼੍ਰੀ ਸਪੀਕਰ: ਹੁਣ ਅਗਲਾ ਸਵਾਲ ਨੰ: 2675 ਸ਼ੁਰੂ ਹੋਵੇਗਾ। (Now we will take up the next question No. 2675)

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਇਹ ਮੰਗ ਕਰ ਰਹੇ ਸਨ ਕਿ ਉਨ੍ਹਾਂ ਨੂੰ ਇਸ ਸਵਾਲ ਤੇ ਸਪਲੀਮੈਂਟਰੀਜ਼ ਪੁੱਛਣ ਦੀ ਹੋਰ ਇਜ਼ਾਜ਼ਤ ਦਿੱਤੀ ਜਾਵੇ)

ਸ਼੍ਰੀ ਸਪੀਕਰ: ਇਸ ਸਵਾਲ ਦਾ ਜਵਾਬ ਦੇ ਦਿਤਾ ਗਿਆ ਹੈ, ਇਸ ਕਰਕੇ ਸਾਰਾ ਸਮਾਂ ਇਕੋ ਹੀ ਸਵਾਲ ਤੇ ਨਹੀਂ ਲਗਾ ਦੇਣਾ ਚਾਹੀਦਾ । (The reply to this question has come. We should not devote the full question hour to one question only.)

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਫਿਰ ਬਹੁਤ ਸਾਰੇ ਮੈਂਬਰ ਸਾਹਿਬਾਨ ਉਠ ਕੇ ਸਪਲੀਮੈਂਟਰੀਜ਼ ਕਰਨ ਲਈ ਖੜ੍ਹੇ ਹੋ ਗਏ)

ਸ਼੍ਰੀ ਸਪੀਕਰ: ਅਗਰ ਹਾਊਸ ਦੀ ਇਹ ਖਾਹਸ਼ ਹੈ ਕਿ ਇਸ ਸਵਾਲ ਤੇ ਹੋਰ ਸਪਲੀਮੈਂਟਰੀਜ਼ ਪੁੱਛੇ ਜਾਣ, ਤਾਂ ਠੀਕ ਹੈ। ਪਰ ਜਦੋਂ ਇਹ ਕਿਤਾਬ ਜ਼ਬਤ ਕਰ ਲਈ ਗਈ ਹੈ ਅਤੇ ਮਾਹਿਰਾਂ ਦੀ ਕਮੇਟੀ ਬਣਾ ਦਿਤੀ ਗਈ ਹੈ ਤਾਂ ਇਸ ਵਿਚ ਹੋਰ ਸਵਾਲ ਪੁੱਛਣ ਵਾਲੀ ਕੋਈ ਗਲ ਨਹੀਂ ਹੈ। (If it is the wish of the House that more supplementary questions be put concerning this question, then it is all right. However, when this book has been proscribed and an Expert's Committee has been constituted to look into the matter, there remains nothing about which more put supplementaries need be put.)

ਵਿਦਿਆ ਮੰਤਰੀ: ਵੈਸੇ ਤਾਂ ਇਸ ਸਵਾਲ ਦੇ ਬਾਰੇ ਸਭ ਕੁਝ ਦੱਸ ਦਿਤਾ ਹੈ।

ਸ਼੍ਰੀ ਸਪੀਕਰ: ਅਗਰ ਹਾਊਸ ਦੀ ਕਨਸੈਂਨਸਸ ਇਹ ਹੈ ਅਤੇ ਸਾਰੇ ਮੈਂਬਰ ਸਾਹਿਬਾਨ ਇਹ ਚਾਹੁੰਦੇ ਹਨ ਤਾਂ ਸਪਲੀਮੈਂਟਰੀ ਕਰ ਲੈਣ। (If it is the consensus of the House and the members so desire than they may more supplementaries.)

ਮੰਤਰੀ: ਜੇ ਕੋਈ ਮੈਂਬਰ ਸਾਹਿਬਾਨ ਸਵਾਲ ਪੁੱਛਣਾ ਚਾਹੁੰਦੇ ਹਨ ਤਾਂ ਪੁੱਛ ਲੈਣ ਦੇਵੋ। (ਵਿਘਨ)

ਸ਼੍ਰੀ ਸਰਦਾਰੀ ਲਾਲ ਕਪੂਰ: ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਕਿਤਾਬ ਲਿਖੀ ਗਈ ਹੈ, ਇਹ ਕਿਸੇ ਹੋਰ ਦੇ ਨਾਂ ਤੇ ਲਿਖੀ ਗਈ ਹੈ ਅਤੇ ਛਾਪੀ ਕਿਸੇ ਹੋਰ ਦੇ ਨਾਂ ਤੇ ਹੈ। ਲਿਖਣ ਵਾਲਾ ਕੋਈ ਹੋਰ ਹੈ, ਇਸ ਬਾਰੇ ਮੈਨੂੰ ਇਹ ਦੱਸਣ?

ਮੰਤਰੀ: ਸਪੀਕਰ ਸਾਹਿਬ, ਜਿਨ੍ਹਾਂ ਨੇ ਲਿਖੀ ਹੈ, ਉਨ੍ਹਾਂ ਹਿਸਟੋਰੀਅਨਜ਼ ਦੇ ਨਾਂ ਮੈਂ ਦੱਸ ਬੈਠਾ ਹਾਂ। ਜੇ ਇਨ੍ਹਾਂ ਨੂੰ ਕਿਸੇ ਗੱਲ ਦਾ ਪਤਾ ਹੈ ਤਾਂ ਦਸਣ, ਇਨਕੁਅਇਰੀ ਕਰਵਾ ਲਵਾਂਗੇ। ਮੈਂ ਤਾਂ ਜਿਨ੍ਹਾਂ ਨੇ ਲਿਖੀ ਹੈ, ਉਹ ਵੀ ਦੱਸਿਆ ਹੈ, ਅਤੇ ਇਹ ਵੀ ਦਸਿਆ ਹੈ ਕਿ ਦੋ ਆਦਮੀਆਂ ਨੇ ਇਸ ਨੂੰ ਵੈੱਟ ਕੀਤਾ ਸੀ, ਉਸ ਤੋਂ ਬਾਅਦ ਲਿਖੀ ਗਈ ਸੀ।

ਮਾਸਟਰ ਚੰਦ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਿਤਾਬ ਤਿਆਰ ਕਰਨ ਤੋਂ ਬਾਅਦ ਜਿੰਨੇ ਪੈਸੇ ਖਰਚ ਹੋਏ, ਉਸਦਾ ਕੌਣ ਜ਼ਿੰਮੇਵਾਰ ਹੈ?

ਮੰਤਰੀ: ਜ਼ਰਾ ਇਸ ਸਵਾਲ ਨੂੰ ਰਿਪੀਟ ਕਰ ਦੇਵੋ।

Original with;
Punjab Vidhan Sabha
Digitized by;
Panjab Digital Library

ਮਾਸਟਰ ਚੰਦ ਸਿੰਘ: ਮੈਂ ਦੁਬਾਰਾ ਹੁਣ ਦੰਗੀ ਤਰ੍ਹਾਂ ਬੋਲ ਦਿੰਦਾ ਹਾਂ । ਜਿਹੜੀ ਇਹ ਕਿਤਾਬ "ਭਾਰਤ ਦਾ ਇਤਿਹਾਸ" ਵਾਪਿਸ ਲਈ ਗਈ ਹੈ, ਇਸ ਦੇ ਲਿਖਣ ਤੇ ਅਤੇ ਵਾਪਿਸ ਲੈਣ ਤੇ ਜਿਹੜਾ ਖਰਚ ਆਇਆ ਹੈ, ਉਸ ਦਾ ਕੌਣ ਜ਼ਿੰਮੇਵਾਰ ਹੈ, ਇਸ ਦੇ ਲਿਖਣ ਤੋਂ ਲੈ ਕੇ ਵਾਪਿਸ ਲੈਣ ਤਕ ਕਿੰਨਾ ਖਰਚ ਆਇਆ ਹੈ ?

ਸ਼੍ਰੀ ਸਪੀਕਰ: ਮੇਰਾ ਖਿਆਲ ਹੈ ਇਸ ਦਾ ਜਵਾਬ ਦੇ ਦਿਤਾ ਗਿਆ ਹੈ । (I think this question has already been replied to)

ਮੰਤਰੀ: ਜਿਥੋਂ ਤਕ ਇਸ ਕਿਤਾਬ ਦੇ ਲਿਖਣ ਦਾ ਸਵਾਲ ਹੈ, ਇਸ ਦੇ ਲਿਖਣ ਦਾ ਖਰਚਾ ਦੱਸ ਦਿਤਾ ਸੀ । ਇਨ੍ਹਾਂ ਨੇ ਸਪਲੀਮੈਂਟਰੀ ਪੁਛਿਆ ਹੈ ਕਿ ਇਸ ਕਿਤਾਬ ਦੇ ਲਿਖਣ ਤੋਂ ਲੈ ਕੇ ਵਾਪਿਸ ਲੈਣ ਤਕ ਕਿੰਨਾ ਖਰਚ ਆਇਆ, ਇਹ ਮੈਂ ਦੱਸਣਾ ਚਾਹੁੰਦਾ ਹਾਂ ਕਿ ਲਿਖਣ ਤੇ ਖਰਚ ਆਇਆ 9,195.50 ਰੁਪਏ । ਇਸ ਤੋਂ ਬਾਅਦ ਇਸ ਨੂੰ ਵਾਪਿਸ ਲੈਣ ਤੇ ਜਿਹੜਾ ਖਰਚ ਆਇਆ, ਉਹ ਹੈ :

1. ਇਸ ਦੀਆਂ ਪੰਜਾਬੀ ਦੀਆਂ ਕਾਪੀਆਂ ਸਨ, 15,000 ਅਤੇ ਇਨ੍ਹਾਂ ਤੇ ਖਰਚ ਆਇਆ 3,53,150 ।

2. ਜਿਹੜੀਆਂ ਹਿੰਦੀ ਦੀਆਂ ਕਾਪੀਆਂ ਸਨ, ਉਹ ਸਨ, 60,000 ਅਤੇ ਉਨ੍ਹਾਂ ਤੇ ਖਰਚ ਹੋਇਆ 1,42,175 ਅਤੇ ਟੋਟਲ ਖਰਚ ਹੋਇਆ 4,96,325 ।

ਸਰਦਾਰ ਜਸਵਿੰਦਰ ਸਿੰਘ ਬਰਾੜ: ਸਪੀਕਰ ਸਾਹਿਬ, ਮੈਨੂੰ ਵੀ ਸਪਲੀਮੈਂਟਰੀ ਕਰ ਲੈਣ ਦਿਉ ।

ਸ਼੍ਰੀ ਸਪੀਕਰ: ਪਹਿਲਾਂ ਗੁਪਤਾ ਜੀ ਨੂੰ ਕਰ ਲੈਣ ਦੇਵੋ । (Let Mr. Gupta put his question first.)

ਸਰਦਾਰ ਜਸਵਿੰਦਰ ਸਿੰਘ ਬਰਾੜ : ਕਾਂਗਰਸੀਆਂ ਤੇ ਕੋਈ ਖਾਸ ਮਿਹਰਬਾਨੀ ਹੈ ।

ਸ਼੍ਰੀ ਸਪੀਕਰ : ਇਸ ਤਰ੍ਹਾਂ ਨਾ ਕਹੋ । Do not use these words. (No such remarks please.)

ਸ਼੍ਰੀ ਪ੍ਰੇਮ ਗੁਪਤਾ : ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਸ ਕਿਤਾਬ ਦਾ ਸਭ ਜਗ੍ਹਾ ਬੜਾ ਜ਼ਿਕਰ ਆਇਆ । ਇਸ ਦੇ ਕੁਝ ਪੋਰਸ਼ਨ ਗਲਤ ਸਮਝ ਕੇ ਡਿਲੀਟ ਕੀਤੇ ਗਏ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਕਿਤਾਬ ਨੂੰ ਲਿਖਵਾਉਣ ਦੀ ਅਤੇ ਛਪਵਾਉਣ ਦੀ ਗਲਤੀ ਕਿਸ ਦੀ ਹੈ ਅਤੇ ਉਨ੍ਹਾਂ ਆਦਮੀਆਂ ਤੇ ਕੀ ਐਕਸ਼ਨ ਲਿਆ ਗਿਆ ਹੈ । ਜਾਂ ਕੀ ਐਕਸ਼ਨ ਪਰਪੋਜ਼ ਕੀਤਾ ਗਿਆ ਹੈ । ਇਸ ਗੱਲ ਵਾਸਤੇ ਕਿਸੇ ਦੀ ਰਿਸਪਾਂਸੀਬਿਲਿਟੀ ਫਿਕਸ ਹੋਣੀ ਚਾਹੀਦੀ ਹੈ ਕਿ ਇਸ ਕਿਤਾਬ ਨੂੰ ਲਿਖਵਾ ਕੇ ਕਿਉਂ ਛਪਵਾਇਆ ਗਿਆ ?

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਗੁਪਤਾ ਜੀ, ਤੁਸੀਂ ਤਕਰੀਰ ਨਾ ਕਰੋ, ਸਵਾਲ ਪੁੱਛੋ । ਸਪੈਸਿਫਿਕ ਸਵਾਲ ਪੁੱਛੋ । (Gupta Ji, don't make a speech, ask a specific question.)

ਸ਼੍ਰੀ ਪ੍ਰੇਮ ਗੁਪਤਾ : ਮੈਂ ਸਪੈਸਿਫਿਕ ਸਵਾਲ ਹੀ ਪੁਛ ਰਿਹਾ ਹਾਂ ਜੀ । ਮੈਂ ਇਹ ਪੁਛ ਰਿਹਾ ਹਾਂ ਕਿ ਇਸ ਸਾਰੀ ਚੀਜ਼ ਦੀ ਜ਼ਿੰਮੇਵਾਰੀ ਕਿਸ ਦੀ ਹੈ ਅਤੇ ਕੀ ਐਕਸ਼ਨ ਲਿਆ ਹੈ ?

ਮੰਤਰੀ : ਕਾਪੀ ਜਿਹੜੀ ਉਨ੍ਹਾਂ ਨੇ ਲਿਖੀ ਹੈ ਉਸ ਦਾ ਨਾਂ ਮੈਂ ਇਨ੍ਹਾਂ ਨੂੰ ਦੱਸ ਦਿਤਾ ਹੈ ਅਤੇ ਉਨ੍ਹਾਂ ਨਾਲ ਵੈੱਟ ਕੀਤਾ ਗਿਆ ਹੈ । ਜਿਥੋਂ ਤਕ ਇਸ ਗਲ ਦਾ ਤੁਅੱਲਕ ਹੈ ਕਿ ਆਇਆ ਲਿਖਣ ਵਾਲੇ ਜਾਂ ਵੈੱਟ ਕਰਨ ਵਾਲੇ ਨੇ ਛਾਪੇ ਖਾਨੇ ਵਿਚ ਕੋਈ ਲਫ਼ਜ਼ਾਂ ਦਾ ਵਾਧਾ ਘਾਟਾ ਕੀਤਾ ਹੈ ਐਸਾ ਬਿਲਕੁਲ ਨਹੀਂ ਹੋਇਆ ।

ਜਿਥੋਂ ਤਕ ਸਜ਼ਾ ਦੇਣ ਦਾ ਤੁਅੱਲਕ ਹੈ ਉਹ ਵੀ ਮੈਂ ਦੱਸ ਦਿਤਾ ਹੈ ਕਿ ਅਸੀਂ 6 ਐਕਸਪਰਟ ਹਿਸਟੋਰੀਅਨਜ਼ ਦੀ ਕਮੇਟੀ ਬਣਾਈ ਹੈ ਅਤੇ ਉਨ੍ਹਾਂ ਨੂੰ ਕਿਹਾ ਗਿਆ ਹੈ ਕਿ 3 ਮਹੀਨਿਆਂ ਦੇ ਅੰਦਰ ਅੰਦਰ ਉਹ ਇਸ ਦੀ ਰਿਪੋਰਟ ਦੇ ਦੇਣ । ਟਾਈਮ ਮੁਕਰਰ ਕਰ ਦਿਤਾ ਹੈ । ਉਨ੍ਹਾਂ ਦੀ ਰਿਪੋਰਟ ਆਉਣ ਤੇ ਫਿਰ ਸਾਨੂੰ ਪਤਾ ਲਗੇਗਾ ਕਿ ਕਿੰਨਾ ਡਿਫਰੈਂਸ ਹੈ ਉਨ੍ਹਾਂ ਦੀ ਉਪੀਨੀਅਨ ਵਿਚ ਅਤੇ ਉਸ ਉਪੀਨੀਅਨ ਵਿਚ ਜਿਹੜੀ ਕਿ ਨਵੀਂ ਉਪੀਨੀਅਨ ਦੇਣੀ ਹੈ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਮਾਹਰਾਂ ਦੀ ਕਮੇਟੀ ਬਣਾਈ ਹੈ ਇਸ ਨੇ 3 ਮਹੀਨਿਆਂ ਵਿਚ ਆਪਣੀ ਰਿਪੋਰਟ ਦੇ ਦੇਣੀ ਹੈ । ਉਸ ਰਿਪੋਰਟ ਦੇ ਆਉਣ ਤੋਂ ਬਾਅਦ ਤੁਸੀਂ ਉਨ੍ਹਾਂ ਕਰਮਚਾਰੀਆਂ ਦੇ ਵਿਰੁੱਧ ਕੀ ਐਕਸ਼ਨ ਲਵੋਗੇ ਜਿਨ੍ਹਾਂ ਦਾ ਕੋਈ ਕਸੂਰ ਹੋਵੇਗਾ ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਮਾਮਲਾ ਦੂਸਰੇ ਪਾਸੇ ਚਲਾ ਗਿਆ ਹੈ ਕਿ ਰਿਪੋਰਟ ਆਉਣ ਤੋਂ ਬਾਅਦ ਕੀ ਐਕਸ਼ਨ ਲਿਆ ਜਾਵੇਗਾ । ਹਿਸਟੋਰੀਅਨ ਜਿਹੜੇ ਹਨ ਉਨ੍ਹਾਂ ਦੀ ਕਈ ਵਾਰੀ ਰਾਏ ਨਹੀਂ ਮਿਲਦੀ ਅਤੇ ਕਈ ਵਾਰੀ ਇਤਫਾਕ ਕਰ ਜਾਂਦੀ ਹੈ । ਮਿਸਾਲ ਦੇ ਤੌਰ ਤੇ ਜੇ ਰੂਸ ਦੀ ਹਿਸਟਰੀ ਇੰਗਲੈਂਡ ਦਾ ਹਿਸਟੋਰੀਅਨ ਲਿਖੇ ਤਾਂ ਉਹ ਹੋਰ ਤਰ੍ਹਾਂ ਲਿਖੇਗਾ ਅਤੇ ਜੇ ਹਿੰਦੁਸਤਾਨ ਦਾ ਲਿਖੇ ਤਾਂ ਹੋਰ ਤਰ੍ਹਾਂ ਲਿਖੇਗਾ । ਇਸ ਵਾਸਤੇ ਇਹ ਜਿਹੜੀ ਸਜ਼ਾ ਦੀ ਗੱਲ ਹੈ ਕਿ ਕਿਸ ਨੂੰ ਕੀ ਸਜ਼ਾ ਦਿਤੀ ਜਾਵੇਗੀ ਇਹ ਤਾਂ ਕਸੂਰ ਵੇਖ ਕੇ ਹੀ ਪਤਾ ਲਗੇਗਾ ।

ਚੌਧਰੀ ਸੁੰਦਰ ਸਿੰਘ : ਸਪੀਕਰ ਸਾਹਿਬ, ਮੈਂ ਵੀ ਹਿਸਟਰੀ ਪੜ੍ਹੀ ਹੈ ਅਤੇ ਡਾਕਟਰ ਅੰਬੇਦਕਾਰ ਦੀਆਂ ਇਤਿਹਾਸਕ ਕਿਤਾਬਾਂ ਪੜ੍ਹੀਆਂ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਹਿੰਦੁਸਤਾਨ ਦੇ ਅਸਲ ਵਾਸੀ ਭੀਲ ਅਤੇ ਦਰਾਵੜ ਸਨ ਜਿਨ੍ਹਾਂ ਨੂੰ ਅੱਜ ਕਲ੍ਹ ਹਰੀਜਨ ਕਿਹਾ ਜਾਂਦਾ ਹੈ । ਹਿੰਦੂ ਅਤੇ ਮੁਸਲਮਾਨ ਹਿੰਦੁਸਤਾਨ ਤੋਂ ਬਾਹਰੋਂ ਆਏ ਹਨ । ਚੌਧਰੀ ਗੁਰਮੇਲ ਸਿੰਘ, ਸਿਖਿਆ ਮੰਤਰੀ ਵੀ ਹਰੀਜਨ ਹਨ ਭਾਵੇਂ ਉਨਾਂ ਦਾ ਰੰਗ ਬਦਲ ਗਿਆ

Original with;
Punjab Vidhan Sabha
Digitized by;
Panjab Digital Library

(ਚੌਧਰੀ ਸੁੰਦਰ ਸਿੰਘ)

ਹੈ । ਹਿੰਦੂਆਂ ਅਤੇ ਮੁਸਲਮਾਨਾਂ ਅਤੇ ਸਿੱਖਾਂ ਨੇ ਸਾਨੂੰ ਪਿੱਛੇ ਧੱਕ ਕੇ ਹਿੰਦੁਸਤਾਨ ਦੀ ਧਰਤੀ ਤੇ ਕਬਜ਼ਾ ਕਰ ਲਿਆ ਅਤੇ ਹਿੰਦੁਸਤਾਨ ਦੇ ਅਸਲ ਲੋਕਾਂ (ਹਰੀਜਨਾਂ) ਤੇ ਰਾਜ ਕਰਨ ਲਗ ਪਏ । ਕੀ ਸਬੰਧਤ ਵਜ਼ੀਰ ਸਾਹਿਬ ਸਾਡੇ ਕੇਸ ਨੂੰ ਕਿਸੇ ਇਨਕੁਆਇਰੀ ਅਫਸਰ ਨੂੰ ਸੌਂਪ ਕੇ ਇਨਕੁਆਇਰੀ ਕਰਾਉਣਗੇ ਕਿ ਹਿੰਦੁਸਤਾਨ ਦੀ ਅਸਲ ਹਿਸਟਰੀ ਕੀ ਹੈ ਅਤੇ ਹਿੰਦੁਸਤਾਨ ਦੇ ਹਰੀਜਨਾਂ ਨੂੰ ਜ਼ਮੀਨ ਜਿਹੜੀ ਕਿ ਹਿੰਦੁਸਤਾਨ ਦੇ ਹਿੰਦੂਆਂ ਅਤੇ ਮੁਸਲਮਾਨਾਂ ਨੇ ਉਨ੍ਹਾਂ ਤੋਂ ਖੋਹ ਲਈ ਸੀ, ਦਾ ਕਬਜ਼ਾ ਦੁਆ ਕੇ ਇਨਸਾਫ਼ ਦੁਆਉਣਗੇ ।

(ਕੋਈ ਜਵਾਬ ਨਹੀਂ ਦਿਤਾ ਗਿਆ)

STARRED QUESTION No. 2653*

Mr. Speaker : Extension has been asked for in respect of Starred Question No. 2653.

ਪੀ. ਸੀ. ਐਸ. (ਜੁਡੀਸ਼ੀਅਲ) ਦੀਆਂ ਖਾਲੀ ਆਸਾਮੀਆਂ

*2675 1. **ਸਰਦਾਰ ਧੰਨਾ ਸਿੰਘ ਗੁਲਸ਼ਨ** :

2. **ਗਿਆਨੀ ਕੁੰਦਨ ਸਿੰਘ ਪਤੰਗ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 1973 ਵਿਚ ਹੋਏ ਪੀ.ਸੀ.ਐਸ. (ਜੁਡੀਸ਼ੀਅਲ) ਦੇ ਇਮਤਿਹਾਨ ਵਿਚੋਂ ਕੁਲ ਕਿੰਨੇ ਉਮੀਦਵਾਰ ਪਾਸ ਹੋਏ ਅਤੇ ਉਨ੍ਹਾਂ ਵਿਚ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਕਿੰਨੇ ਸਨ ;

(ਅ) ਰਾਜ ਵਿਚ ਇਸ ਸਮੇਂ ਪੀ.ਸੀ.ਐਸ. (ਜੁਡੀਸ਼ੀਅਲ) ਦੀਆਂ ਕੁੱਲ ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ ;

(ਏ) ਕੀ ਸਰਕਾਰ ਉਨ੍ਹਾਂ ਸਾਰੇ ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਨੂੰ ਨਿਯੁਕਤ ਕਰਨ ਦਾ ਵਿਚਾਰ ਰਖਦੀ ਹੈ ਜਿਨ੍ਹਾਂ ਨੇ ਇਮਤਿਹਾਨ ਪਾਸ ਕੀਤਾ ਹੈ, ਜੇਕਰ ਅਜਿਹਾ ਹੋਵੇ, ਤਾਂ ਕਦੋਂ ਤਕ, ਜੇ ਨਹੀਂ ਤਾਂ ਇਸ ਦੇ ਕਾਰਨ ਕੀ ਹਨ ;

(ਸ) ਕੀ ਸਰਕਾਰ ਨੂੰ ਇਸ ਸਬੰਧ ਵਿਚ ਕਿਸੇ ਐਸੋਸੀਏਸ਼ਨ ਵਲੋਂ ਕੋਈ ਮੈਮੋਰੰਡਮ ਮਿਲਿਆ, ਜੇਕਰ ਅਜਿਹਾ ਹੋਵੇ, ਤਾਂ ਉਸ ਤੇ ਕੀ ਕਾਰਵਾਈ ਕੀਤੀ ਗਈ ;

(ਹ) ਪੀ. ਸੀ. ਐਸ. (ਜੁਡੀਸ਼ੀਅਲ) ਕਾਡਰ ਦੀ ਕੁੱਲ ਗਿਣਤੀ ਅਤੇ ਉਨ੍ਹਾਂ ਵਿਚ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਦੀ ਗਿਣਤੀ ਸਦਨ ਦੀ ਮੇਜ਼ ਤੇ ਰਖੀ ਜਾਵੇ ।

---

*For Starred Question No. 2653 and reply there to please see Punjab Vidhan Sabha Debate dated 13th August, 1974 (Morning Sitting).

Original with;
Punjab Vidhan Sabha
Digitized by;
Panjab Digital Library

ਗਿਆਨੀ ਜ਼ੈਲ ਸਿੰਘ : (ੳ) ਕਰਮਵਾਰ 118 ਅਤੇ 16 ।

(ਅ) 12, ਇਨ੍ਹਾਂ ਵਿਚ ਉਹ ਆਸਾਮੀਆਂ ਵੀ ਸ਼ਾਮਲ ਹਨ ਜਿਨ੍ਹਾਂ ਦੀ ਮਿਆਦ 31 ਅਗਸਤ, 1974 ਤਕ ਹੈ ।

(ੲ) ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ 10 ਉਮੀਦਵਾਰਾਂ ਦੇ ਨਾਵਾਂ ਦੀ ਪੀ.ਸੀ.ਅੱਸ. (ਜੁਡੀਸ਼ੀਅਲ ਸ਼ਾਖਾ) ਵਿਚ ਨਿਯੁਕਤੀ ਵਾਸਤੇ ਸਿਫਾਰਸ਼ ਕੀਤੀ ਹੈ । ਇਨ੍ਹਾਂ ਵਿਚ ਦੋ ਉਮੀਦਵਾਰ ਅਨੁਸੂਚਿਤ ਜਾਤੀਆਂ ਦੇ ਵੀ ਹਨ । ਇਨ੍ਹਾਂ ਦੀ ਨਿਯੁਕਤੀ ਦਾ ਸਵਾਲ ਉਪਲਭਧ ਖਾਲੀ ਆਸਾਮੀਆਂ ਅਤੇ ਸਰਕਾਰ ਦੀ ਸਬੰਧਤ ਨੀਤੀ ਅਤੇ ਨਿਯਮਾਂ ਅਨੁਸਾਰ ਵਿਚਾਰ ਅਧੀਨ ਹੈ ।

(ਸ) ਹਾਂ ਜੀ । ਮਾਮਲਾ ਵਿਚਾਰ ਅਧੀਨ ਹੈ ।

(ਹ) ਸਿਬਿਭ ਅਫਸਰਾਂ ਦੀ ਗਿਣਤੀ 117 ਹੈ ਜਿਨ੍ਹਾਂ ਵਿਚੋਂ 22 ਅਨੁਸੂਚਿਤ ਜਾਤੀਆਂ ਦੇ ਹਨ ।

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਸਰਕਾਰ ਤੋਂ ਪੁੱਛਣਾ ਚਾਹੁੰਦਾ ਹਾਂ ਕਿ 1971 ਵਿਚ ਪੀ. ਸੀ. ਐਸ. ਜੁਡੀਸ਼ਲ ਦਾਂ ਇਮਤਿਹਾਨ ਹੋਇਆ ਸੀ ਅਰ ਉਥੇ 12 ਵਿਕੈਨਸੀਆਂ ਸਨ ਅਤੇ 12 ਦੀ ਬਜਾਏ ਉਨ੍ਹਾਂ ਨੇ 19 ਪੋਸਟਾਂ ਭਰੀਆਂ ਸਨ ਪਰ ਉਸ ਵੇਲੇ ਕਿਸੇ ਸ਼ਡਿਊਲਡ ਕਾਸਟ ਨੇ ਟੈਸਟ ਕੁਆਲੀਫਾਈ ਨਹੀਂ ਸੀ ਕੀਤਾ । ਇਸ ਵੇਲੇ 10 ਵਿਕੈਨਸੀਆਂ ਹਨ ਅਤੇ 10 ਆਦਮੀਆਂ ਨੇ ਕੁਆਲੀਫਾਈ ਕੀਤਾ ਹੈ । ਕੀ ਸਰਕਾਰ ਪੁਰਾਣੀਆਂ ਵਿਕੈਨਸੀਆਂ ਅਤੇ ਹੁਣ ਦੀ ਵਿਕੈਨਸੀਆਂ ਮਿਲਾ ਕੇ ਜਿਸ ਤਰ੍ਹਾਂ ਕਿ ਪੰਜਾਬ ਸਰਕਾਰ ਵਲੋਂ 25% ਰਿਜ਼ਰਵੇਸ਼ਨ ਰਖੀ ਗਈ ਹੈ ਉਸ ਅਨੁਸਾਰ ਭਰਨ ਨੂੰ ਤਿਆਰ ਹੈ । ਜਿਸ ਵੇਲੇ 20% ਰਿਜ਼ਰਵੇਸ਼ਨ ਦਾ ਸਵਾਲ ਸੀ ਤਾਂ ਉਸ ਵੇਲੇ 10 ਵਿਚੋਂ 2 ਵਿਕੈਨਸੀਆਂ ਸ਼ਡਿਊਲਡ ਕਾਸਟਾਂ ਲਈ ਭਰੀਆਂ ਜਾਂਦੀਆਂ ਸਨ ਅਤੇ ਕੀ ਹੁਣ 25% ਦੇ ਲਿਹਾਜ਼ ਨਾਲ 3 ਪੋਸਟਾਂ ਭਰਨਗੇ ?

(ਕੋਈ ਜਵਾਬ ਨਹੀਂ ਦਿਤਾ ਗਿਆ)

ਸਰਦਾਰ ਹਰਚੰਦ ਸਿੰਘ : ਜਿਸ ਤਰ੍ਹਾਂ ਕਿ ਹਾਈਕੋਰਟ ਨੇ ਲਿਖਿਆ ਹੈ ਕਿ ਜੇ 20% ਰਿਜ਼ਰਵੇਸ਼ਨ ਦੇ ਲਿਹਾਜ਼ ਨਾਲ 10 ਪੋਸਟਾਂ ਹੋਣ ਤਾਂ 2 ਪੋਸਟਾਂ ਹਰੀਜਨਾਂ ਨੂੰ ਜਾਣੀਆਂ ਚਾਹੀਦੀਆਂ ਹਨ ਪਰ ਪਿਛਲੇ ਸੈਸ਼ਨ ਵਿਚ ਮੁੱਖ ਮੰਤਰੀ ਸਾਹਿਬ ਨੇ ਹਾਊਸ ਵਿਚ ਐਲਾਨ ਕੀਤਾ ਸੀ ਕਿ 25% ਰਿਜ਼ਰਵੇਸ਼ਨ ਕਰ ਦਿਤੀ ਗਈ ਹੈ । 25% ਤੋਂ ਭਾਵ ਹੈ ਪਹਿਲੀ 5ਵੀਂ ਅਤੇ 9ਵੀਂ ਵਿਕੈਨਸੀ ਸ਼ਡਿਊਲਡ ਕਾਸਟਾਂ ਨੂੰ ਮਿਲਣੀ ਚਾਹੀਦੀ ਹੈ । ਜਦ ਸਰਦਾਰ ਪ੍ਰਕਾਸ਼ ਸਿੰਘ ਬਾਦਲ ਚੀਫ ਮਨਿਸਟਰ ਸਨ ਤਾਂ ਇਨ੍ਹਾਂ ਨੇ ਇਕ ਚਿੱਠੀ ਲਿਖੀ ਸੀ ਕਿ ਜੇ ਸਡਿਊਲਡ ਕਾਸਟ ਆਦਮੀ ਨਾ ਮਿਲਣ ਤਾਂ ਉਹ ਪੋਸਟਾਂ ਕੱਚੇ ਤੌਰ ਤੇ ਭਰ ਲਈਆਂ ਜਾਣ ਅਤੇ ਜਦ ਬਾਅਦ ਵਿਚ ਸ਼ਡਿਊਲਡ ਕਾਸਟ ਮਿਲ ਜਾਣ ਤਾਂ ਉਨ੍ਹਾਂ ਨੂੰ ਇਨ੍ਹਾਂ ਪੋਸਟਾਂ ਤੇ ਭਰਿਆ ਜਾਵੇ । ਹਾਈਕੋਰਟ ਨੇ ਇਸ ਚਿੱਠੀ ਨੂੰ ਰੱਦ ਨਹੀਂ ਸੀ ਕੀਤਾ ਅਤੇ ਨਾ ਹੀ ਇਸ ਸਰਕਾਰ ਨੇ ਉਸ ਚਿੱਠੀ ਨੂੰ ਰੱਦ ਕੀਤਾ ਹੈ । ਉਸੇ ਅਨੁਸਾਰ ਹੀ ਉਸ ਤੇ ਅਮਲ ਕੀਤਾ ਜਾ ਰਿਹਾ ਹੈ । ਪਿਛੇ 19 ਵਿਕੈਨਸੀਆਂ ਭਰੀਆਂ ਗਈਆਂ ਸਨ ਅਤੇ ਜਿਨ੍ਹਾਂ ਵਿਚ

Original with;
Punjab Vidhan Sabha
Digitized by;
Panjab Digital Library

(ਸਰਦਾਰ ਹਰਚੰਦ ਸਿੰਘ)

ਕੋਈ ਹਰੀਜਨ ਨਹੀਂ ਸੀ ਰਖਿਆ ਗਿਆ ਕਿਉਂ ਕਿ ਕਿਸੇ ਨੇ ਟੈਸਟ ਪਾਸ ਨਹੀਂ ਸੀ ਕੀਤਾ । ਪਰ ਹੁਣ ਜਦ ਕਿ 10 ਪੋਸਟਾਂ ਹੋਰ ਭਰਨੀਆਂ ਹਨ ਇਸ ਦਾ ਮਤਲਬ ਹੈ ਕਿ ਟੋਟਲ 29 ਪੋਸਟਾਂ ਹੋ ਗਈਆਂ । ਰਿਜ਼ਰਵੇਸ਼ਨ ਦੇ ਲਿਹਾਜ਼ ਨਾਲ 29 ਪੋਸਟਾਂ ਵਿਚੋਂ 7 ਪੋਸਟਾਂ ਸ਼ਡਿਊਲਡ ਕਾਸਟਾਂ ਲਈ ਬਣਦੀਆਂ ਹਨ । ਹਾਈਕੋਰਟ, ਜੋ ਪੰਜਾਬ ਸਰਕਾਰ ਫੈਸਲਾ ਕਰਦੀ ਹੈ, ਉਸੇ ਅਨੁਸਾਰ ਹਦਾਇਤ ਕਰ ਦਿੰਦੀ ਹੈ । ਹੁਣ ਜਦ ਕਿ 25% ਦੀ ਚਿਠੀ ਹਾਈਕੋਰਟ ਵਿਚ ਗਈ ਹੈ ਤਾਂ ਉਸ ਨੇ ਤਾਂ ਉਸ ਅਨੁਸਾਰ ਹੀ ਫੈਸਲਾ ਦੇਣਾ ਹੈ । ਸਪੀਕਰ ਸਾਹਿਬ, ਮੈਂ ਇਸ ਸਰਕਾਰ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਸਰਕਾਰ ਹੁਣ 7 ਪੋਸਟਾਂ ਤੇ ਸ਼ਡਿਊਲਡ ਕਾਸਟਸ ਨੂੰ ਲਗਾਵੇਗੀ ਜਦ ਕਿ 10 ਹਰੀਜਨਾਂ ਨੇ ਟੈਸਟ ਪਾਸ ਕਰ ਲਿਆ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਪੀ.ਸੀ.ਐਸ. ਜੁਡੀਸ਼ਲ ਜਿਹੜੇ ਹਨ ਉਨ੍ਹਾਂ ਦੀ ਨਿਯੁਕਤੀ ਲਈ ਹਾਈਕੋਰਟ ਦੀ ਰਾਏ ਨਾਲ ਕਰਨੀ ਪੈਂਦੀ ਹੈ । ਅਸੀਂ ਇਸ ਗਲ ਦਾ ਫੈਸਲਾ ਛੇਤੀ ਕਰਨ ਲਈ ਪੂਰਾ ਯਤਨ ਕਰ ਰਹੇ ਹਾਂ ਕਿ ਜਿਹੜੀਆਂ ਚਿਠੀਆਂ ਗਈਆਂ ਹਨ ਉਸ ਅਨੁਸਾਰ 10 ਪੋਸਟਾਂ ਵਿਚੋਂ 3 ਪੋਸਟਾਂ ਸ਼ਡਿਊਲਡ ਕਾਸਟਾਂ ਲਈ ਰਿਜ਼ਰਵ ਹੋਣੀਆਂ ਚਾਹੀਦੀਆਂ ਹਨ । ਜੇ ਕਿਤੇ ਪੋਸਟਾਂ ਰਿਜ਼ਰਵੇਸ਼ਨ ਤੋਂ ਘੱਟ ਰਹੀਆਂ ਤਾਂ ਉਸ ਨੂੰ ਪੂਰਾ ਕਰਨ ਦਾ ਯਤਨ ਕੀਤਾ ਜਾਵੇਗਾ ਅਤੇ ਹਾਈ ਕੋਰਟ ਨਾਲ ਸਲਾਹ ਕਰਕੇ 25% ਦੀ ਰਿਜ਼ਰਵੇਸ਼ਨ ਤੇ ਹੀ ਅਮਲ ਕਰਨ ਦੀ ਕੋਸ਼ਿਸ਼ ਕਰਾਂਗੇ ।

Mr. Speaker : Question Hour is over. The remainjng questions shall be deemed to have been answered under Rule 38 of the Rules of Procedure and Conduct of Business in the Punjab Legislative Assembly.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

STARRED QUSTION No. 2608

D.O. No. 4085-14m-74
Chief Minister, Punjab
Chandigarh

ਮਿਤੀ, 5 ਅਗਸਤ, 1974

ਪਿਆਰੇ ਸਪੀਕਰ ਸਾਹਿਬ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ: 2608, ਜੋ ਮਿਤੀ 6 ਅਗਸਤ 1974 ਲਈ ਸੁਆਲਾਂ ਦੀ ਸੂਚੀ ਵਿਚ ਸ਼ੀ ਸਰਦਾਰੀ ਲਾਲ ਕਪੂਰ ਐਮ.ਐਲ.ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਮੰਗੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਮਿਤੀ 4 ਸਤੰਬਰ,

Original with;
Punjab Vidhan Sabha
Digitized by;
Panjab Digital Library

1974 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਦਾ ਵਿਸ਼ਵਾਸ ਪਾਤਰ,

ਸਹੀ/-

(ਜ਼ੈਲ ਸਿੰਘ)

ਡਾ: ਕੇਵਲ ਕ੍ਰਿਸ਼ਨ,
ਸਪੀਕਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

STARRED QUESTION NO. 2685*

Extension has been asked for in respect of Starred Question No. 2685.)

STARRED QUESTION NO. 2666*

Extension has been asked for in respect of Starred Question No. 2666.)

STARRED QUESTION NO. 2656*

Extention has been asked for in respect of Starred Question No. 2656.)

ਪਿੰਡ ਭਿਖੀ, ਜ਼ਿਲ੍ਹਾ ਬਠਿੰਡਾ ਦੇ ਮਹੰਤ ਕਮਲ ਦਾਸ ਦੇ ਕਤਲ ਦਾ ਕੇਸ

*2678. **ਸਰਦਾਰ ਧੰਨਾ ਸਿੰਘ ਗੁਲਸ਼ਨ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

(ੳ) ਕੀ ਇਹ ਗਲ ਠੀਕ ਹੈ ਕਿ ਪਿੰਡ ਭਿਖੀ, ਥਾਨਾ ਭਿਖੀ, ਜ਼ਿਲ੍ਹਾ ਬਠਿੰਡਾ ਦੇ ਮਹੰਤ ਕਮਲ ਦਾਸ ਦਾ ਜੂਨ, 1974 ਦੇ ਪਹਿਲੇ ਹਫਤੇ ਵਿਚ ਕਤਲ ਕੀਤਾ ਗਿਆ ਸੀ ।

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿਚ ਹੋਵੇ ਤਾਂ ਕੀ ਉਕਤ ਕੇਸ ਦੇ ਦੋਸ਼ੀਆਂ ਨੂੰ ਗਰਿਫ਼ਤਾਰ ਕਰ ਲਿਆ ਗਿਆ ਹੈ, ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੇ ਨਾਂ ਅਤੇ ਪਤੇ ਕੀ ਕੀ ਹਨ ?

---

1. For Starred Question Nos. 2685 and 2666 and replies thereto please see Annexture to Punjab Vidhan Sabha Debate dated, 16-8-74.

2. For Starred Question No. 2656 and reply thereto please see appendix to this Debate.

Original with;
Punjab Vidhan Sabha
Digitized by;
Panjab Digital Library

ਗਿਆਨੀ ਜ਼ੈਲ ਸਿੰਘ : (ੳ) ਹਾਂ ਜੀ ।

(ਅ) ਚਾਰ ਕਥਿਤ ਦੋਸ਼ੀਆਂ ਵਿਚੋਂ ਇਕ ਦੋਸ਼ੀ ਰੂਪ ਸਿੰਘ ਪੁਤਰ ਨਿਰੰਜਨ ਸਿੰਘ ਵਾਸੀ ਬੰਗੀ ਦੀਪਾ, ਥਾਨਾ ਰਾਮਾ, ਜ਼ਿਲ੍ਹਾ ਬਠਿੰਡਾ ਨੂੰ ਗਰਿਫ਼ਤਾਰ ਕੀਤਾ ਗਿਆ ਹੈ । ਦੋ ਦੋਸ਼ੀਆਂ ਗੁਰਮੇਲ ਸਿੰਘ ਪਿੰਡ ਮਹਾਨਾ, ਥਾਨਾ ਨਥਾਨਾ, ਜ਼ਿਲ੍ਹਾ ਬਠਿੰਡਾ ਅਤੇ ਗੁਰਚਰਨ ਸਿੰਘ ਪਿੰਡ ਕੋਟ ਭਾਈ, ਜ਼ਿਲ੍ਹਾ ਫਰੀਦਕੋਟ ਨੇ ਆਪਣੇ ਆਪ ਨੂੰ ਅਦਾਲਤ ਵਿਚ ਪੇਸ਼ ਕਰ ਦਿਤਾ ਹੈ । ਚੌਥੇ ਦੋਸ਼ੀ ਨੂੰ ਜੋ ਕਾਰ ਦਾ ਡਰਾਈਵਰ ਸੀ ਗਿਰਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ।

HANDING OVER CHARGE BY OUTGOING SARPANCHES IN DAKHA ASSEMBLY CONSTITUENCY

***2654. Sardar Basant Singh Khalsa** : Will the Minister of State for Development be pleased to state :—

(a) the number of Panchayats in the Dakha Assembly Constituency the outgoing Sarpanches of which have not handed over the charge to the newly elected Sarpanches so far together with the reasons therefor;

(b) the action taken by the Government in this connection ?

Sardar Santokh Singh Randhawa : (a) Four. The reasons are as follows :—

1. In two cases, the Ex-Sarpanches refused to hand over the charge and the cases are pending in the Court of Chief Judicial Magistrate, Ludhiana and the proceedings under section 15(4) of the Punjab Gram Panchayat Act, 1952 against them have been started.

2. In third case the Ex-sarpanch secured a Stay Order from the High Court through a writ petition which was decided on 8th December, 1972. The proceedings under section 15(2) of the Punjab Gram Panchayat Act, 1952 were started against him and now the case has been referred to the Sub-Divisional Magistrate, Ludhiana as provided under section 15(3) of the Punjab Gram Panchayat Act, 1952 on 20th January, 1973.

3. In the fourth case the charge has not been handed over to the newly elected Sarpanch as he was suspended during the previous term as Sarpanch for embezzlement of Panchayat fund and case under section 406 and 409 I.P.C. is still pending against him in the Court. On the advice of the Legal Remembrancer, notice has been issued to the acting Sarpanch for handing over of the charge to him (i. e. newly elected Sarpanch) under section 15 (2) of the Punjab Gram Panchayat Act, 1952.

(b) As against (a) above.

Original with;
Punjab Vidhan Sabha
Digitized by;
Panjab Digital Library

(ੳ) ਚਾਰ । ਕਾਰਨ ਨਿਮਨ ਲਿਖਤ ਹਨ :-

(1) ਦੋ ਕੇਸਾਂ ਵਿਚ ਸਾਬਕਾ ਸਰਪੰਚਾਂ ਨੇ ਚਾਰਜ ਦੇਣ ਤੋਂ ਇਨਕਾਰ ਕਰ ਦਿਤਾ ਸੀ ਤੇ ਇਹ ਕੇਸ ਚੀਫ ਜੁਡੀਸ਼ੀਅਲ ਮੈਜਿਸਟਰੇਟ, ਲੁਧਿਆਣਾ ਦੀ ਅਦਾਲਤ ਵਿਚ ਪੈਂਡਿੰਗ ਹਨ। ਪੰਜਾਬ ਗਰਾਮ ਪੰਚਾਇਤ ਐਕਟ, 1952 ਦੀ ਧਾਰਾ 15(4) ਅਧੀਨ ਉਨ੍ਹਾਂ ਵਿਰੁਧ ਕਾਰਵਾਈ ਆਰੰਭ ਕਰ ਦਿਤੀ ਗਈ ਹੈ ।

(2) ਤੀਸਰੇ ਕੇਸ ਵਿਚ ਸਾਬਕਾ ਸਰਪੰਚ ਨੇ ਰਿਟ ਕਰਕੇ ਹਾਈ ਕੋਰਟ ਤੋਂ ਸਟੇ ਲੈ ਲਈ ਸੀ । ਰਿਟ ਦਾ ਫੈਸਲਾ 8 ਦਸੰਬਰ, 1972 ਨੂੰ ਹੋਇਆ । ਪੰਜਾਬ ਗਰਾਮ ਪੰਚਾਇਤ ਐਕਟ 1952 ਦੀ ਧਾਰਾ 15(2) ਅਧੀਨ ਉਸ ਵਿਰੁਧ ਕਾਰਵਾਈ ਆਰੰਭ ਕੀਤੀ ਗਈ ਹੈ ਤੇ ਹੁਣ ਕੇਸ ਪੰਜਾਬ ਗਰਾਮ ਪੰਚਾਇਤ ਐਕਟ 1952 ਦੀ ਧਾਰਾ 15(3) ਅਧੀਨ ਐਸ. ਡੀ. ਐਮ. ਲੁਧਿਆਣਾ ਦੀ ਅਦਾਲਤ ਵਿਚ ਚਲ ਰਿਹਾ ਹੈ ।

(3) ਚੌਥੇ ਕੇਸ ਵਿਚ ਚਾਰਜ ਨਵੇਂ ਚੁਣੇ ਸਰਪੰਚ ਨੂੰ ਇਸ ਕਰ ਕੇ ਨਹੀਂ ਦਿਤਾ ਗਿਆ ਕਿਉਂ ਜੋ ਇਹ ਪਹਿਲੀ ਪੰਚਾਇਤ ਵਿਚ ਵੀ ਸਰਪੰਚ ਸੀ ਜਦ ਕਿ ਇਸ ਨੇ ਪੰਚਾਇਤ ਫੰਡ ਦਾ ਗਬਨ ਕੀਤਾ ਸੀ ਅਤੇ ਉਸ ਦੇ ਵਿਰੁਧ ਹਾਲਾਂ ਵੀ 406, 409, ਆਈ. ਪੀ. ਸੀ. ਅਧੀਨ ਕੇਸ ਚਲ ਰਿਹਾ ਹੈ । ਐਲ.ਆਰ. ਦੀ ਸਲਾਹ ਲੈਣ ਉਪਰੰਤ ਹੁਣ ਐਕਟਿੰਗ ਸਰਪੰਚ ਨੂੰ ਪੰਜਾਬ ਗਰਾਮ ਪੰਚਾਇਤ ਐਕਟ 1952 ਦੀ ਧਾਰਾ 15(2) ਅਧੀਨ ਨੋਟਿਸ ਦਿਤਾ ਜਾ ਚੁਕਾ ਹੈ ਕਿ ਉਹ ਨਵੇਂ ਸਰਪੰਚ ਨੂੰ ਚਾਰਜ ਦੇ ਦੇਵੇ ।

(ਅ) ਜਿਵੇਂ ਉਪ੍ਰੋਕਤ 'ਉ' ਤੇ ਹੈ ।

ਪੰਜਾਬ ਰੋਡਵੇਜ਼ ਦੇ ਰਿਟਾਇਰ ਹੋਏ ਡਰਾਈਵਰਾਂ ਦੀ ਗਰੈਚੁਇਟੀ ਦੇ ਕੇਸ

*2683. **ਮਾਸਟਰ ਦਲੀਪ ਚੰਦ** : ਕੀ ਟਰਾਂਸਪੋਰਟ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ :—

(ੳ) ਕੀ ਜਨਰਲ ਮੈਨੇਜਰ, ਪੰਜਾਬ ਰੋਡਵੇਜ਼, ਅੰਮ੍ਰਿਤਸਰ ਨੇ ਪੰਜਾਬ ਸਰਕਾਰ ਦੀਆਂ ਮਿਤੀ 25 ਫਰਵਰੀ, 1972 ਦੀਆਂ ਹਦਾਇਤਾਂ ਦੀ ਪੈਰਵੀ ਵਿਚ 1 ਫਰਵਰੀ, 1973 ਤੋਂ ਹੁਣ ਤਕ ਦੇ ਸਮੇਂ ਦੇ ਦੌਰਾਨ ਪੰਜਾਬ ਰੋਡਵੇਜ਼ ਦੇ ਰਿਟਾਇਰ ਹੋਏ ਡਰਾਈਵਰਾਂ ਦੀਂ ਗਰੈਚੁਇਟੀ ਦੇ ਕੇਸ ਅਕਾਊਂਟੈਂਟ ਜਨਰਲ, ਪੰਜਾਬ ਨੂੰ ਭੇਜੇ, ਜੇਕਰ ਅਜਿਹਾ ਹੋਵੇ ਤਾਂ ਅਜਿਹੇ ਕੇਸਿਜ਼ ਦਾ ਵੇਰਵਾ ਸਦਨ ਦੀ ਮੇਜ਼ ਤੇ ਰਖਿਆ ਜਾਵੇ ;

Original with;
Punjab Vidhan Sabha
Digitized by;
Panjab Digital Library

[ਮਾਸਟਰ ਦਲੀਪ ਚੰਦ]

(ਅ) ਕੀ ਪੰਜਾਬ ਸਰਕਾਰ ਨੇ 23 ਫਰਵਰੀ, 1972 ਤੋਂ ਬਾਅਦ ਰਿਟਾਇਰ ਹੋਏ ਡਰਾਈਵਰਾਂ ਨੂੰ ਗਰੈਚੁਇਟੀ ਦੀ ਅਦਾਇਗੀ ਸਬੰਧੀ ਸੋਧੀਆਂ ਹੋਈਆਂ ਹਦਾਇਤਾਂ ਜਾਰੀ ਕੀਤੀਆਂ ਹਨ, ਜੇਕਰ ਅਜਿਹਾ ਹੋਵੇ ਤਾਂ ਹਦਾਇਤਾਂ ਦੀ ਕਾਪੀ ਸਦਨ ਦੀ ਮੇਜ਼ ਤੇ ਰਖੀ ਜਾਵੇ ;

(ਏ) ਉਪਰੋਕਤ ਭਾਗ (ਓ) ਵਿਚ ਵਰਣਿਤ ਹਰ ਇਕ ਕੇਸ ਇਸ ਵੇਲੇ ਕਿਸ ਪੜਾਅ ਤੇ ਹੈ ਅਤੇ ਹਰ ਇਕ ਤੇ ਕਦੋਂ ਤਕ ਅੰਤਿਮ ਕਾਰਵਾਈ ਕੀਤੀ ਜਾਣ ਅਤੇ ਸਬੰਧਤ ਰਿਟਾਇਰ ਹੋਏ ਡਰਾਈਵਰਾਂ ਨੂੰ ਅਦਾਇਗੀ ਕੀਤੇ ਜਾਣ ਦੀ ਉਮੀਦ ਹੈ ?

ਸਰਦਾਰ ਦਿਲਬਾਗ ਸਿੰਘ ਡਾਲੇਕੇ : (ਓ) ਹਾਂ ਜੀ, ਸਰਵ ਸ਼੍ਰੀ ਮੋਹਨ ਸਿੰਘ ਡਰਾਈਵਰ ਨੰ: 145 ਤੇ ਨਰੰਜਨ ਸਿੰਘ ਡਰਾਈਵਰ ਨੰ: 133

(ਅ) ਨਹੀਂ ਜੀ ।

(ਏ) ਅਦਾਇਗੀ ਅਜੇ ਨਹੀਂ ਕੀਤੀ ਗਈ । ਇਨ੍ਹਾਂ ਦੋਨਾਂ ਕੇਸਾਂ ਵਿਚ ਮਹਾਂਲੇਖਾਕਾਰ, ਪੰਜਾਬ ਨਾਲ ਲਿਖਾ ਪੜੀ ਹੋ ਰਹੀ ਹੈ ਅਤੇ ਛੇਤੀ ਤੋਂ ਛੇਤੀ ਅਦਾਇਗੀ ਕਰਨ ਦਾ ਜਤਨ ਕੀਤਾ ਜਾਵੇਗਾ ।

ਲੁਧਿਆਣਾ ਸ਼ਹਿਰ ਵਿਚ ਅਗਵਾ ਕਰਨ ਆਦਿ ਦੇ ਕੇਸ

*2607. **ਸ਼੍ਰੀ ਸਰਦਾਰੀ ਲਾਲ ਕਪੂਰ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ :—

(ਓ) 1 ਜਨਵਰੀ 1974 ਤੋਂ 30 ਅਪ੍ਰੈਲ 1974 ਅਤੇ 1973 ਦੇ ਦੌਰਾਨ ਇਸ ਸਮੇਂ ਲੁਧਿਆਣਾ ਸ਼ਹਿਰ ਵਿਚ ਹੋਏ ਅਗਵਾ ਕਰਨ, ਲੜਕੀਆਂ ਨਾਲ ਛੇੜਖਾਨੀ ਕਰਨ, ਜਬਰ ਜਨਾਹ ਅਤੇ ਔਰਤਾਂ ਦੇ ਜ਼ਬਰੀ ਗਹਿਣੇ ਉਤਾਰਨ ਦੇ ਕੇਸਾਂ ਦੀ ਵੱਖ ਵੱਖ ਗਿਣਤੀ ਕਿੰਨੀ ਹੈ ;

(ਅ) ਅਜਿਹੇ ਕੇਸਾਂ ਦੇ ਵਧਣ ਦੇ ਕੀ ਕਾਰਨ ਹਨ ;

(ਏ) ਸਰਕਾਰ ਦੁਆਰਾ ਲੁਧਿਆਣਾ ਸ਼ਹਿਰ ਵਿਚ ਕਾਨੂੰਨ ਅਤੇ ਵਿਵਸਥਾ ਬਣਾਏ ਰਖਣ ਲਈ ਮੌਜੂਦਾ ਪ੍ਰਬੰਧ ਨੂੰ ਤਕੜਾ ਕਰਨ ਲਈ ਕੀ ਕਾਰਵਾਈ ਕਰਨ ਦਾ ਵਿਚਾਰ ਹੈ ?

ਗਿਆਨੀ ਜ਼ੈਲ ਸਿੰਘ : (ਏ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਜੀ ।

(ਬੀ) ਜੁਰਮਾਂ ਵਿਚ ਸਮੁਚੇ ਤੌਰ ਤੇ ਕੋਈ ਵਾਧਾ ਨਹੀਂ ਹੋਇਆ ।

Original with;
Punjab Vidhan Sabha
Digitized by;
Panjab Digital Library

(ਸੀ) ਇਸ ਕਿਸਮ ਦੀਆਂ ਵਾਰਦਾਤਾਂ ਨੂੰ ਰੋਕਣ ਲਈ ਸ਼ਹਿਰ ਵਿਚ ਐਂਟੀ ਗੁੰਡਾ ਸਟਾਫ ਨੂੰ ਵਧੇਰੇ ਚੌਕਸ ਕਰ ਦਿਤਾ ਗਿਆ ਹੈ । ਲੜਕੀਆਂ ਨਾਲ ਛੇੜਖਾਨੀ ਦੀ ਵਧਾ ਨੂੰ ਰੋਕਣ ਲਈ, ਕਾਲਜਾਂ ਅਤੇ ਸਕੂਲਾਂ ਦੇ ਨੇੜੇ ਸਫੈਦ ਕਪੜਿਆਂ ਵਿਚ ਪੁਲਿਸ ਕਮਰਚਾਰੀ ਭਾਇਨਾਤ ਕੀਤੇ ਜਾਂਦੇ ਹਨ । ਬਾਵਰਦੀ ਪੁਲਿਸ ਕਰਮਚਾਰੀਆਂ ਦੀ ਗਸ਼ਤ ਤੇਜ਼ ਕਰ ਦਿਤੀ ਗਈ ਹੈ ।

ਲੁਧਿਆਣਾ ਸ਼ਹਿਰ ਵਿਚ 1 ਜਨਵਰੀ 1973 ਤੋਂ 30 ਅਪ੍ਰੈਲ 1973 ਅਤੇ 1 ਜਨਵਰੀ 1974 ਤੋਂ 30 ਅਪ੍ਰੈਲ 1974 ਦੇ ਸਮੇਂ ਵਿਚ ਅਗਵਾ, ਲੜਕੀਆਂ ਨਾਲ ਛੇੜਖਾਨੀ, ਜਬਰ ਜਨਾਹ ਅਤੇ ਔਰਤਾਂ ਤੋਂ ਜਬਰੀ ਜ਼ੇਵਰਾਤ ਖੋਹਣ ਦੇ ਕੇਸਾਂ ਦੀ ਸੂਚੀ :—

	1 ਜਨਵਰੀ 1973 ਤੋਂ 30 ਅਪ੍ਰੈਲ 1973	1 ਜਨਵਰੀ 1974 ਤੋਂ 30 ਅਪ੍ਰੈਲ 1974	ਵਾਧਾ/ਘਾਟਾ
ਅਗਵਾ	3	3	—
ਲੜਕੀਆਂ ਨਾਲ ਛੇੜਖਾਨੀ	1	2	+1
ਜਬਰ ਜਨਾਹ	3	—	—3
ਔਰਤਾਂ ਪਾਸੋਂ ਜ਼ੇਵਰਾਤ ਖੋਹਣਾ	2	2	—
	9	7	—2

ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਮੁਜਰਮ ਠਹਿਰਾਏ ਗਏ ਪੁਲਿਸ ਅਫ਼ਸਰ

*2682. **ਚੌਧਰੀ ਰਾਮ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ :—

(ੳ) ਕੀ 1 ਅਪ੍ਰੈਲ 1973 ਤੋਂ 30 ਜੂਨ 1974 ਦੇ ਦੌਰਾਨ ਕੋਈ ਪੁਲਿਸ ਅਫਸਰ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਮੁਜਰਮ ਕਰਾਰ ਦਿਤੇ ਗਏ ਸਨ, ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ ;

Original with;
Punjab Vidhan Sabha
Digitized by;
Panjab Digital Library

[ਚੌਧਰੀ ਰਾਮ ਸਿੰਘ]

(ਅ) ਉਪ੍ਰੋਕਤ ਭਾਗ (ਓ) ਵਿਚ ਵਰਣਿਤ ਅਫ਼ਸਰਾਂ ਵਿਚੋਂ ਅਜਿਹਿਆਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਰੁਧ ਉਨ੍ਹਾਂ ਨੂੰ ਮੁਜਰਮ ਠਹਿਰਾਏ ਜਾਣ ਕਾਰਨ ਵਿਭਾਗ ਨੇ ਕਾਰਵਾਈ ਕੀਤੀ ਹੈ ?

ਗਿਆਨੀ ਜ਼ੈਲ ਸਿੰਘ : (ਓ) ਮਿਤੀ 1 ਅਪ੍ਰੈਲ, 1973 ਤੋਂ 30 ਜੂਨ, 1974 ਦੇ ਦੌਰਾਨ ਜਿਹੜੇ ਪੁਲਿਸ ਕਰਮਚਾਰੀ ਭ੍ਰਿਸ਼ਟਾਚਾਰ ਦੇ ਦੋਸ਼ ਸਿਧ ਹੋਣ ਕਾਰਨ ਮੁਜਰਮ ਕਰਾਰ ਦਿਤੇ ਗਏ ਸਨ ਉਨ੍ਹਾਂ ਦੀ ਗਿਣਤੀ 3 ਹੈ ।

(ਅ) ਉਪ੍ਰੋਕਤ 3 ਕਰਮਚਾਰੀਆਂ ਵਿਚੋਂ ਇਕ ਨੂੰ ਨੌਕਰੀ ਤੋਂ ਡਿਸਮਿਸ ਕੀਤਾ ਜਾ ਚੁਕਿਆ ਹੈ ਤੇ ਬਾਕੀ ਦੇ ਜਿਨ੍ਹਾਂ ਨੇ ਸਜ਼ਾ ਵਿਰੁਧ ਅਪੀਲਾਂ ਦਾਇਰ ਕੀਤੀਆਂ ਹੋਈਆਂ ਹਨ, ਦਾ ਫੈਸਲਾ ਨਤੀਜੇ ਮਗਰੋਂ ਕੀਤਾ ਜਾਵੇਗਾ ।

STARRED QUESTION NO. 2664

ਬਲਬੀਰ ਸਿੰਘ

ਰਾਜ ਮੰਤਰੀ
ਸਿਹਤ ਤੇ ਸੰਤਾਨ ਸੰਜਮ ਵਿਭਾਗ,
ਪੰਜਾਬ,
ਅ. ਸ. ਨੰ: 9775-3 ਸਿ: (2)-74/-
ਮਿਤੀ 5 ਅਗਸਤ, 1974

ਪਿਆਰੇ ਡਾਕਟਰ ਸਾਹਿਬ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 2664 ਜੋ ਮਿਤੀ 6 ਅਗਸਤ 1974 ਲਈ ਸੁਆਲਾਂ ਦੀ ਸੂਚੀ ਵਿਚ ਸ਼੍ਰੀ ਪ੍ਰੇਮ ਸਿੰਘ ਪ੍ਰੇਮ, ਐਮ.ਐਲ.ਏ. ਦੇ ਨਾਂ ਹੇਠ (ਵਲੋਂ) ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਮਿਤੀ 12 ਅਗਸਤ 1974 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਸਤਿਕਾਰ ਸਹਿਤ

ਆਪ ਦਾ ਵਿਸ਼ਵਾਸ਼ ਪਾਤਰ
ਸਹੀ/-
(ਬਲਬੀਰ ਸਿੰਘ)

ਸ੍ਰੀ ਕੇਵਲ ਕ੍ਰਿਸ਼ਨ (ਡਾਕਟਰ)
ਸਪੀਕਰ,
ਪੰਜਾਬ ਵਿਧਾਨ ਸਭਾ ।

Original with;
Punjab Vidhan Sabha
Digitized by;
Panjab Digital Library

PROPOSED CONSTRUCTION OF CHECK DAM IN THE KANDI AREA OF BALACHAUR ASSEMBLY CONSTITUENCY

*2717. **Master Dalip Chand** : Will the Minister of State for Irrigation and Power be pleased to state whether there is any proposal under the consideration of the Government to construct a Check Dam in the Kandi Area of Balachaur Assembly Constituency along the Shivalik hills; if so, the time by which the construction work on the said Dam is likely to be started?

Sardar Gurbaksh Singh Sibia : Yes Sir. The proposal is at the investigation stage at present.

(ਹਾਂ ਜੀ । ਹਾਲੇ ਤਜਵੀਜ਼ ਪੜਤਾਲ ਦੀ ਸਟੇਜ ਤੇ ਹੈ ।)

CONSTRUCTION WORK ON SHAHPUR BARRAGE IN DISTRICT GURDASPUR

*2680. **Chaudhri Ram Singh** : Will the Minister of State for Irrigation and Power be pleased to state whether the construction work on Shahpur Barrage in District Gurdaspur has been taken in hand; if so, the time by which it is likely to be completed ?

Sardar Gurbaksh Singh Sibia : No. The time of completion of the work cannot be indicated at this stage.

(ਨਹੀਂ ਜੀ । ਕੰਮ ਦੇ ਮੁਕੰਮਲ ਹੋਣ ਦੇ ਸਮੇਂ ਬਾਰੇ ਇਸ ਸਟੇਜ ਤੇ ਕੁਝ ਨਹੀਂ ਦਸਿਆ ਜਾ ਸਕਦਾ ।)

STARRED QUESTION NO. 2679

ਗੁਰਬਖਸ਼ ਸਿੰਘ ਸਿਬਿਆ

ਰਾਜ ਮੰਤਰੀ,
ਸਿੰਚਾਈ ਤੇ ਬਿਜਲੀ ਵਿਭਾਗ,
ਪੰਜਾਬ, ਚੰਡੀਗੜ੍ਹ ।

ਅਗਸਤ 5, 1974 ।

ਪਿਆਰੇ ਡਾਕਟਰ ਸਾਹਿਬ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ: 2679 ਜੋ ਮਿਤੀ 6 ਅਗਸਤ 1974 ਲਈ ਸਵਾਲਾਂ ਦੀ ਸੂਚੀ ਵਿਚ ਕਾਮਰੇਡ ਜੰਗੀਰ ਸਿੰਘ ਜੋਗਾ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਪੀਕਰ]

ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸਵਾਲ ਨੂੰ 16 ਅਗਸਤ 1974 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾਲਤਾ ਕੀਤੀ ਜਾਵੇ ।

ਹਿਤੂ,

ਸਹੀ/-

(ਗੁਰਬਖਸ਼ ਸਿੰਘ ਸਿਬਿਆ)

ਡਾਕਟਰ ਕੇਵਲ ਕ੍ਰਿਸ਼ਨ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ ।

PLOTS ALLOTTED TO HOMELESS PERSONS IN DAKHA ASSEMBLY CONSTITUENCY

*2655. **Sardar Basant Singh Khalsa** : Will the Minister of State for Housing be pleased to state :—

(a) the number of homeless persons who have so far been allotted plots in the Dakha Assembly Constituency together with the names of the villages wherein these plots have been allotted;

(b) whether the allotment orders in respect of these plots have since been issued; if so, whether the possession thereof has been handed over to the allottees ;

(c) the number of the villages in the said constituency wherein the plots have not been allotted so far ?

Shrimati Gurbrinder Kaur Brar : (a) and (b) The information is given in the statement, Annexure "A".

(c) 60 villages, action to acquire land in these villages is afoot.

(ੳ) ਅਤੇ (ਅ) ਸੂਚਨਾ ਨਾਲ ਨਥੀ ਅਨੈਕਸਚਰ 'ਏ' ਤੇ ਦਿਤੀ ਜਾਂਦੀ ਹੈ ।

(ਏ) 60 ਪਿੰਡ, ਇਨ੍ਹਾਂ ਪਿੰਡਾਂ ਵਿਚ ਭੋਂ ਪ੍ਰਾਪਤੀ ਦਾ ਕਮ ਕੀਤਾ ਜਾ ਰਿਹਾ ਹੈ ।

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

ANNEXURE "A"

PLOTS ALLOTTED TO HOMELESS PERSONS IN DAKHA ASSEMBLY CONSTITUENCY

Sr. No.	Name of Block	Name of Villages	No. of Homeless persons allotted plots	Whether allotment orders issued	Whether possession has been given
1	2	3	4	5	6
1.	Pakhowal	Mansuran	121	Yes	Yes
2.	,,	Dolan Khurd	37	,,	,,
3.	Ludhiana	Bains	16	,,	,,
4.	,,	Bulara	98	,,	,,
5.	,,	Barewal Awana	89	,,	,,
6.	,,	Duley	10	,,	,,
7.	,,	Dhandra	15	,,	,,
8.	,,	Dewatwal	37	,,	,,
9.	,,	Dhandari Kalan	80	,,	,,
10.	,,	Fathpur	15	,,	,,
11.	,,	Giaspura	53	,,	,,
12.	,,	Gahaur	23	,,	,,
13.	,,	Jandiali	21	,,	,,

Sr. No.	Name of Block	Name of Villages	No. of Homless persons allotted plots	Whether allotment orders issued	Whether possession has been given
1	2	3	4	5	6
14.	Ludhiana	Jamalpur	195	Yes	Yes
15.	,,	Kailpur	1	,,	,,
16.	,,	Lalton Kalan	81	,,	,,
17.	,,	Manakwal	10	,,	,,
18.	,,	Mulanpur	37	,,	,,
19.	,,	Majara	48	,,	,,
20.	,,	Nandpur	60	,,	,,
21.	,,	Pawa	28	,,	,,
22.	,,	Panglian	30	,,	,,
23.	,,	Sherpur Khurd	83	,,	,,
24.	,,	Sunet	25	,,	,,
25.	,,	Senehwal Khurd	26	,,	,,
26.	,,	Kulawal	142	,,	,,
27.	,,	Kanech	106	,,	,,
28.	,,	Jamet	43	,,	,,
29.	,,	Mamoodpura	10	,,	,,

Original with:
Punjab Vidhan Sabha
Digitized by:
Panjab Digital Library

30.	Dehlon	Tiba	41	,,	,,
31.	,,	Dangora	1	,,	,,
32.	,,	Harnampura	28	,,	,,
33.	,,	Jassar	33	,,	,,
34.	Mangat	Khera Bet	76	,,	No
35.	,,	Burj Mankaur	8	,,	,,
36.	,,	Burj Lambra	5	,,	,,
37.	,,	Bholewal Kadim	24	,,	,,
38.	,,	Alowal	45	,,	Yes
39.	,,	Jainpur	9	,,	,,
40.	,,	Salempur	11	,,	,,
41.	,,	Birmi	93	,,	No
42.	,,	Phagla	25	,,	,,
43.	,,	Changan	51	,,	Yes
44.	,,	Talwara	23	,,	,,
45.	,,	Baranhara	13	,,	,,
46.	,,	Talwandi Kalan	86	,,	No
47.	,,	Majara Khurd	11	,,	,,
48.	,,	Ladian Khurd	48	,,	Yes
49.	,,	Jassian	138	,,	No
50.	,,	Bholewal Kadim	24	,,	,,
51.	,,	Chak	110	,,	Yes
52.	,,	Bhatian	23	,,	,,
53.	,,	Baloke	8	,,	No

Original with:
Punjab Vidhan Sabha
Digitized by:
Panjab Digital Library

Original with:
Punjab Vidhan Sabha
Digitized by:
Panjab Digital Library

Sr. No.	Name of Blok	Name of Village	No. of Homeless persons alloted plots	Whether allotment orders issued	Whether possession has been given
1	2	3	4	5	6
54.	Mangat	Bagga Khurd	2	Yes	Yes
55.	,,	Ladowal Manj	121	,,	No
56.	,,	Kadian	20	,,	,,
		Total	2,617		
			(i) No. to whom possessions given		1973
			(ii) No. to whom possessions remains to be given		639

ਗੁਰਦਾਸਪੁਰ ਦੀ ਸ਼ਿਕਾਇਤ ਕਮੇਟੀ ਦਾ ਕੰਮ ਕਾਰ

*2687. ਕਾਮਰੇਡ ਰਾਜ ਕੁਮਾਰ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ :—

(ੳ) ਕੀ 1 ਅਪਰੈਲ, 1974 ਤੋਂ ਜੂਨ 1974 ਦੇ ਸਮੇਂ ਦੇ ਦੌਰਾਨ ਉਨ੍ਹਾਂ ਨੂੰ ਕਿਸੇ ਵਿਧਾਇਕ ਵਲੋਂ ਜ਼ਿਲ੍ਹਾ ਗੁਰਦਾਸਪੁਰ ਦੀ ਸ਼ਿਕਾਇਤ ਕਮੇਟੀ ਦੇ ਭੈੜੇ ਕੰਮ ਕਾਜ ਸਬੰਧੀ ਕੋਈ ਯਾਦ ਪਤਰ ਮਿਲਿਆ ; ਜੇਕਰ ਅਜਿਹਾ ਹੋਵੇ, ਤਾਂ ਉਸ ਦੀ ਇਕ ਨਕਲ ਸਦਨ ਦੀ ਮੇਜ਼ ਤੇ ਰਖੀ ਜਾਵੇ ;

(ਅ) ਕੀ ਰਾਜ ਵਿਚ ਆਮ ਤੌਰ ਤੇ ਅਤੇ ਜ਼ਿਲ੍ਹਾ ਗੁਰਦਾਸਪੁਰ ਵਿਚ ਖਾਸ ਤੌਰ ਤੇ ਸ਼ਿਕਾਇਤ ਕਮੇਟੀਆਂ ਦੇ ਕੰਮ ਕਾਜ ਨੂੰ ਸੁਧਾਰਨ ਲਈ ਕੋਈ ਉਪਾਅ ਕੀਤੇ ਗਏ ਹਨ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ?

ਗਿਆਨੀ ਜ਼ੈਲ ਸਿੰਘ : (ੳ) ਜੀ ਹਾਂ । ਮਿਤੀ 22 ਅਪਰੈਲ 1974 ਨੂੰ ਮਿਲਿਆ ਸੀ । ਇਸ ਦੀ ਨਕਲ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

(ਅ) ਮਾਮਲਾ ਵਿਚਾਰ ਅਧੀਨ ਹੈ ।

Copy of letter No. 63-CM/74 dated 16th April, 1974, from Com, Raj Kumar, M.L.A. addressed to the Chief Minister, Punjab.

Subject :—Functioning of Grievances Committee in Gurdaspur District.

On 10th of April, when the Minister for Food & Supplies did not attend the meeting of Grievances Committee, even without formally regretting his inability to the Legislators. Following him in queue the Deputy Commissioner Gurdaspur, also relegated the importance of his presence in the Committee, to third priority. All this resulted in angry protest of some non-official members who had come to attend the meeting. Since quite some time I have noticed a tendancy, primarily, on the part of Government leaders to relegate the business of this committee to an un-importent position. The abrupt cancellation of programmes of visit to district without observing necessary protocol courtisies is not one point at issue, but the whole attitude of the Govt. towards such public bodies is in question.

When many among the Department heads failed to turn up for this meeting regularly and many among these who attend, come, wholly unprepared, then naturally the question arises, whether the publicmen, particularly the legislators and for that matter other widely busy persons should at all continue their association with grievance Committee under the given conditions.

The manner of dealing the matter before the committee hardly justifies any serious confidence in its efficiency. Issues are taken up in a half hearted way, then this lack of will on the part of the authorities and officers invariably crowned with traditional redtape and delay. The 'Dhariwal Cement Scandle' is a point at issue in my mind.

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

Rural public suffers mostly at the hands of revenue department. The Executive authorities of the Civil Administration are invariably at the centre of grievances. Irony of the fate is that the head of the district Administration namely the D.M./D.C. is posted in the Committee in such a manner that his actions can hardly be called into question. Unless it is statutorily made obligatory for the D. C. to ensure that in absence of a Minister one amongst the public men should preside over the meeting of Grievances Committee all and every except the District Administration would not ever receive the due attention to and Vigilance of the public men.

It is most unfortunate that continuing drift on the part of Govt. lead to a very unusual action on the part of non-official members to walkout of the meeting of the District Grievances Committee on 10th of April.

ਰਾਜ ਵਿਚ ਕੁਝ ਇਤਿਹਾਸਕ ਥਾਵਾਂ ਦਾ ਵਿਕਾਸ

*2686. **ਕਾਮਰੇਡ ਰਾਜ ਕੁਮਾਰ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਫਰਵਰੀ, 1974 ਤੋਂ ਹੁਣ ਤਕ ਦੇ ਸਮੇਂ ਦੇ ਦੌਰਾਨ ਯਾਤਰਾ ਵਿਭਾਗ, ਪੰਜਾਬ ਦੀ ਇਨਫਾਰਮਲ ਕੰਸਲਟੇਟਿਵ ਕਮੇਟੀ ਦੀ ਹੋਈ ਇਕ ਇਕਤਰਤਾ ਵਿਚ ਇਹ ਫੈਸਲਾ ਕੀਤਾ ਗਿਆ ਸੀ ਕਿ ਰਾਜ ਵਿਚ ਕੁਝ ਇਤਿਹਾਸਕ ਥਾਵਾਂ ਦਾ ਜਿਵੇਂ ਕਿ ਕਲਾਨੌਰ (ਜ਼ਿਲ੍ਹਾ ਗੁਰਦਾਸਪੁਰ) ਅਕਬਰ ਦੀ ਤਾਜਪੋਸ਼ੀ ਦਾ ਅਸਥਾਨ ਸੈਲਾਨੀ ਦਿਲਚਸਪੀ ਦੀਆਂ ਥਾਵਾਂ ਦੇ ਤੌਰ ਤੇ ਵਿਕਾਸ ਕੀਤਾ ਜਾਵੇ । ਜੇਕਰ ਅਜਿਹਾ ਹੋਵੇ, ਤਾਂ ਵਿਭਾਗ ਨੂੰ ਇਸ ਸਬੰਧੀ ਕੀ ਅਗਲੇਰੀ ਕਾਰਵਾਈ ਕੀਤੀ ਹੈ ?

ਗਿਆਨੀ ਜ਼ੈਲ ਸਿੰਘ : ਇਨਫਾਰਮਲ ਕੰਸਲਟੇਟਿਵ ਕਮੇਟੀ ਫਾਰ ਟੂਰਿਜ਼ਮ ਅਤੇ ਕਲਚਰਲ ਅਫੇਅਰਜ਼ ਦੀ ਮਿਤੀ 29 ਮਾਰਚ, 1974 ਨੂੰ ਮੀਟਿੰਗ ਹੋਈ ਸੀ । ਇਸ ਵਿਚ ਰਾਜ ਦੇ ਪੁਨਰਗਠਨ ਮਗਰੋਂ ਪੰਜਾਬ ਵਿਚ ਉਪਲੱਭਧ ਟੂਰਿਜ਼ਮ ਸਹੂਲਤਾਂ ਬਾਰੇ ਜਾਣਕਾਰੀ ਕੀਤੀ ਗਈ ਸੀ ਅਤੇ ਕੁਝ ਇਕ ਥਾਵਾਂ ਜਿਵੇਂ ਕਿ ਅੰਮ੍ਰਿਤਸਰ, ਘੜਾਮ, ਜ਼ਿਲ੍ਹਾ ਪਟਿਆਲਾ, ਰੌਜ਼ਾ ਸ਼ਰੀਫ, ਸਰਹਿੰਦ ਅਤੇ ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ ਆਦਿ ਦੇ ਸੈਲਾਨੀ ਵਿਕਾਸ ਬਾਰੇ ਸੁਝਾ ਦਿਤੇ ਗਏ ਸਨ ਪਰ ਕਿਸੇ ਸਕੀਮ ਬਾਰੇ ਕੋਈ ਅੰਤਿਮ ਫੈਸਲਾ ਨਹੀਂ ਸੀ ਕੀਤਾ ਗਿਆ ।

UNSTARRED QUESTIONS AND ANSWERS

ਰਾਜ ਵਿਚ ਸੈਨਿਕ ਸਕੂਲ

883. **ਕਾਮਰੇਡ ਸਤ ਪਾਲ ਡਾਂਗ** : ਕੀ ਮੁੱਖ ਮੰਤਰੀ ਜੀ ਦਸਣ ਦੀ ਕ੍ਰਿਪਾਲਤਾ ਕਰਨਗੇ—

(ੳ) ਕਿ ਪੰਜਾਬ ਵਿਚ ਕਿੰਨੇ ਸੈਨਿਕ ਸਕੂਲ ਹਨ ਅਤੇ ਉਹ ਕਿਹੜਿਆਂ ਥਾਵਾਂ ਤੇ ਸਥਿਤ ਹਨ ;

(ਅ) ਪੰਜਾਬ ਸਰਕਾਰ ਉਨ੍ਹਾਂ ਸਕੂਲਾਂ ਵਿਚੋਂ ਹਰ ਇਕ ਨੂੰ ਕਿੰਨੀ ਸਾਲਾਨਾ ਗਰਾਂਟ ਦਿੰਦੀ ਹੈ ;

Original with;
Punjab Vidhan Sabha
Digitized by;
Panjab Digital Library

(ਇ) ਕੀ ਉਨ੍ਹਾਂ ਸਕੂਲਾਂ ਵਿਚ ਕੰਮ ਕਰ ਰਹੇ ਚੌਥੀ ਕਲਾਸ ਦੇ ਕਰਮਚਾਰੀਆਂ ਦੇ ਗਰੇਡਾਂ ਅਤੇ ਤਨਖਾਹ ਦੇ ਸਕੇਲਾਂ ਅਤੇ ਮਹਿੰਗਾਈ ਭੱਤੇ ਦੀਆਂ ਦਰਾਂ ਵਿਚ ਸੋਧ ਲਈ ਪੰਜਾਬ ਸਰਕਾਰ ਦੀ ਅਗੇਤੀ ਪ੍ਰਵਾਨਗੀ ਦੀ ਲੋੜ ਹੈ ਅਤੇ ਕੀ ਸਰਕਾਰ ਵਲੋਂ ਇਸ ਸਬੰਧੀ ਕੋਈ ਰਕਮ ਵੀ ਦਿਤੀ ਜਾਂਦੀ ਹੈ ;

(ਸ) ਕੀ ਉਨ੍ਹਾਂ ਸਕੂਲਾਂ ਦੇ ਕਰਮਚਾਰੀਆਂ ਦੇ ਗ੍ਰੇਡ, ਤਨਖਾਹ ਦੇ ਸਕੇਲ ਅਤੇ ਮਹਿੰਗਾਈ ਭੱਤੇ ਦੀਆਂ ਦਰਾਂ ਉਹੀ ਹਨ ਜੋ ਉਨ੍ਹਾਂ ਸ਼੍ਰੇਣੀਆਂ ਦੇ ਪੰਜਾਬ ਸਰਕਾਰ ਦੇ ਕਰਮਚਾਰੀਆਂ ਦੀਆਂ ਹਨ ;

(ਹ) ਕੀ ਇਹ ਠੀਕ ਹੈ ਕਿ 1961 ਤੋਂ ਬਾਅਦ ਉਨ੍ਹਾਂ ਕਰਮਚਾਰੀਆਂ ਦੇ ਗ੍ਰੇਡਾਂ ਅਤੇ ਤਨਖਾਹ ਦੇ ਸਕੇਲਾਂ ਵਿਚ ਕੋਈ ਸੋਧ ਨਹੀਂ ਕੀਤੀ ਗਈ ;

(ਕ) ਕੀ ਉਨ੍ਹਾਂ ਕਰਮਚਾਰੀਆਂ ਦੀ ਤਨਖਾਹ ਦੇ ਸਕੇਲਾਂ ਅਤੇ ਮਹਿੰਗਾਈ ਭੱਤੇ ਵਿਚ ਸੋਧ ਲਈ ਕੋਈ ਮੰਗ ਪੰਜਾਬ ਸਰਕਾਰ ਪਾਸ ਲੰਬਿਤ ਪਈ ਹੈ ?

ਗਿਆਨੀ ਜ਼ੈਲ ਸਿੰਘ : (ਉ) ਇਕ, ਕਪੂਰਥਲੇ ਵਿਖੇ ।

(ਅ) ਨਿਲ ।

(ਇ) ਕੇਵਲ ਵਾਧੂ ਮਹਿੰਗਾਈ ਭੱਤਾ ਦੇਣ ਲਈ ਹੀ ਰਾਜ ਸਰਕਾਰ ਦੀ ਅਗੇਤੀ ਮੰਨਜ਼ੂਰੀ ਦੀ ਲੋੜ ਹੈ । ਸਰਕਾਰ ਵਲੋਂ ਇਸ ਕੰਮ ਲਈ ਕੋਈ ਸਹਾਇਤਾ ਨਹੀਂ ਦਿਤੀ ਜਾਂਦੀ ।

(ਸ) ਨਹੀਂ ਜੀ ।

(ਹ) ਹਾਂ ਜੀ ।

(ਕ) ਨਹੀਂ ਜੀ ।

1971 ਤੋਂ ਭਰਤੀ ਕੀਤੇ ਪੁਲਿਸ ਦੇ ਡਿਪਟੀ ਸੁਪਰਡੰਟ

884. ਕਾਮਰੇਡ ਸੱਤ ਪਾਲ ਡਾਂਗ : ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ਉ) ਰਾਜ ਵਿਚ 1 ਜਨਵਰੀ, 1971 ਤੋਂ ਹੁਣ ਤਕ ਦੇ ਸਮੇ ਦੇ ਦੌਰਾਨ ਤਦ ਅਰਥ ਆਧਾਰ ਤੇ ਸਿੱਧੇ ਤੌਰ ਤੇ ਭਰਤੀ ਕੀਤੇ ਗਏ ਪੁਲਿਸ ਦੇ ਡਿਪਟੀ ਸੁਪਰਡੰਟ ਦੀ ਗਿਣਤੀ ਤੇ ਨਾਂ ਅਤੇ ਪਤੇ ਕੀ ਹਨ ;

(ਅ) ਉਕਤ ਅਧਿਕਾਰੀ ਕਿਸ ਕਿਸ ਮਿਤੀ ਨੂੰ ਨਿਯੁਕਤ ਕੀਤੇ ਗਏ ਅਤੇ ਹਰੇਕ ਨੂੰ ਕਿੰਨੇ ਕਿੰਨੇ ਸਮੇਂ ਲਈ ਨਿਯੁਕਤ ਕੀਤਾ ਗਿਆ ;

(ਇ) ਸਿੱਧੇ ਤੌਰ ਤੇ ਭਰਤੀ ਕੀਤੇ ਗਏ ਡੀ. ਐਸ. ਪੀ. ਨੂੰ ਕਿੰਨੇ ਸਮੇਂ ਲਈ ਟਰੇਨਿੰਗ ਲੈਣੀ ਪੈਂਦੀ ਹੈ ?

Original with;
Punjab Vidhan Sabha
Digitized by:
Panjab Digital Library

ਗਿਆਨੀ ਜ਼ੈਲ ਸਿੰਘ : (ੳ) ਰਾਜ ਵਿਚ 1 ਜਨਵਰੀ, 1971 ਤੋਂ ਹੁਣ ਤੱਕ ਕੇਵਲ ਇਕ ਡਾ. ਐਸ. ਪੀ. ਨੂੰ ਤਦ ਅਰਥ ਆਧਾਰ ਤੇ ਸਿੱਧੇ ਤੌਰ ਤੇ ਭਰਤੀ ਕੀਤਾ ਗਿਆ ਹੈ । ਉਸ ਦਾ ਨਾਂ ਅਤੇ ਪੱਤਾ ਇਸ ਪ੍ਰਕਾਰ ਹੈ:—

ਸ਼੍ਰੀ ਬੇਅੰਤ ਸਿੰਘ, ਪਿੰਡ ਲੰਬੀ ਢਾਬ, ਜ਼ਿਲ੍ਹਾ ਫਰੀਦਕੋਟ ।

(ਅ) ਉਕਤ ਅਧਿਕਾਰੀ ਮਿਤੀ 28 ਜੁਲਾਈ, 1973 ਨੂੰ 6 ਮਹੀਨੇ ਲਈ ਨਿਯੁਕਤ ਕੀਤਾ ਗਿਆ ਸੀ ਅਤੇ ਪੰਜਾਬ ਲੋਕ ਸੇਵਾ ਕਮਿਸ਼ਨ ਨੂੰ ਇਸ ਅਧਿਕਾਰੀ ਨੂੰ ਅਗੋਂ ਲਈ ਨੌਕਰੀ ਵਿਚ ਰਖਣ ਦੀ ਮੰਨਜੂਰੀ ਲਈ ਲਿਖ ਦਿਤਾ ਸੀ । ਇਹ ਮਾਮਲਾ ਅਜੇ ਕਮਿਸ਼ਨ ਦੇ ਵਿਚਾਰ ਅਧੀਨ ਹੈ ।

(ਏ) ਸਿੱਧੇ ਤੌਰ ਤੇ ਭਰਤੀ ਹੋਏ ਡਾ. ਐਸ. ਪੀ ਦੀ ਟ੍ਰੇਨਿੰਗ ਦਾ ਸਮਾਂ 2 ਸਾਲ ਹੈ ।

UNSTARRED QUESTION No. 885

ਵਿਸ਼ਾ—ਵਿਧਾਨ ਸਭਾ ਅਨਸਟਾਰਡ ਸਵਾਲ ਨੰ: 885

ਸਭਾ ਦੇ ਸਵਾਲ ਨੰ: 885 ਜੋ ਮਿਤੀ 6 ਅਗਸਤ, 1974 ਲਈ ਅਨਸਟਾਰਡ ਸਵਾਲਾਂ ਦੀ ਸੂਚੀ ਵਿਚ ਕਾਮਰੇਡ ਸੱਤ ਪਾਲ ਡਾਂਗ, ਐਮ. ਐਲ. ਏ. ਵਲੋਂ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ ।

ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿਤਾ ਜਾਵੇਗਾ ।

ਸਹੀ/ਗੁਰਮੇਲ ਸਿੰਘ
ਸਿਖਿਆ ਮੰਤਰੀ ।

ਸਕੱਤਰ,
ਪੰਜਾਬ ਵਿਧਾਨ ਸਭਾ ।

ਗ: ਸ: ਪੱਤਰ ਨੰ: 9696-ਸਿ2(4ਸ)-74/, ਮਿਤੀ ਚੰਡੀਗੜ੍ਹ 5 ਅਗਸਤ, 1974 ।

QUESTIONS OF PRIVILEGE

Mr. Speaker : Comrade Satya Pal Dang and Comrade Shamsher Singh Josh, M.L.A.s, gave notice of a Privilege Motion on 5th August, 1974 against the Chief Minister that in the meeting of the Congress Legislature Party it was decided that the discussion on the No-Confidence Motion be held on the 5th August, 1974 and the Speaker was directed to implement it.

In this connection I may, at the very outset, say that the Speaker is given no direction, was also not given any direction by anyone in regard to the performance of the duties entrusted to him by the House. He is the servant of the House and not the master. Further I may mention that there are precedents when the No-Confidence was discussed on the very day on which its notice was received. This is not the case only in Punjab, but this is also the practice in Haryana, our sister State.

Original with;
Punjab Vidhan Sabha
Digitized by;
Panjab Digital Library

In Haryana, a No-Confidence Motion against the Ministry was moved on 26th October, 1971 and was discussed on the same day for six hours. In Punjab, as I also mentioned yesterday, No-Confidence Motion against the Ministry was moved on 25th April, 1969 and discussed on the same day for 103 minutes (1 hour 43 minutes). Again on 12th December, 1972, a No-Confidence Motion against the Ministry was moved and discussed on the same day for 284 minutes (4 hours 44 minutes).

As regards yesterday, the sense of the House was that the motion should be discussed and disposed of the same day, namely, the 5th August, 1974. I appreciate and I hope the House will also appreciate the stand taken by the Leader of the House that since a notice of a No-Confidence Motion had been received he would not proceed with any official business involving policy matters till the motion of No-Confidence had been disposed of. The Opposition was given full time to have its say on the motion they have moved. The motion was discussed for 353 minutes or almost 6 hours.

No question of breach of privilege against the Chief Minister is involved and I do not give my consent.

Mr. Speaker : On the 5th August, 1974, I informed the House that I had received notice of a Privilege Motion from Sardar Jasdev Singh Sandhu, M.L.A. alleging that he, alongwith three other Members, namely, Sardar Sukndev Singh Dhillon, Sardar Sukhdev Singh Dhindsa and Sardar Balwinder Singh were obstructed at 1-50 p.m. by a police constable and two Police Inspectors on duty near the outer enclosure of the Vidhan Bhawan. I had stated that I would enquire into the matter.

On enquiry I understand that the police on duty belongs to the Union Territory. The policemen and the officers on duty at the point mentioned by Sardar Jasdev Singh Sandhu did not know the Members and, therefore, one of them had asked for the entry pass. There could be no intention on the part of any police official to obstruct any member from entering the Vidhan Bhawan. Whatever was done was to ensure that only Members of the House entered the precincts of the Vidhan Bhawan. This, perhaps, could have been avoided if any official of the Vidhan Sabha was also on duty on this point. Since long it has been the practice to depute a Watch & Ward Assistant of the Vidhan Sabha at the inner check point near the bridge. From today, a Watch and Ward Assistant of the Punjab Vidhan Sabha has been deputed and will always be on duty in future at the barricade put by the Union Territory Police.

I assure the Members that by the arrangement now being made there would be no repetition of such an unpleasant incident. I further assure the Members that I am as much pained to know of this as they themselves are. I further have to inform the House that the officials concerned have offered their unconditional apology and expressed regrets for the inconvenience caused to the hon. Members mentioned in the motion.

Original with;
Punjab Vidhan Sabha
Digitized by;
Panjab Digital Library

[Mr. Speaker]

I hope that in view of the above the hon. Members will be satisfied and allow the matter to be closed. All officials on duty are expected to be very courteous and polite with all Members of the House irrespective of the party to which they may belong. I have issued strict directions that no lapse in this behalf will go unpunished.

Mr. Speaker : There is another notice of a Privilege Motion which was received yesterday from Comrade Shamsher Singh Josh, M. L. A., in which he has alleged that a Punjab Roadways Bus carrying some hon. Members from the M.L.A.s, Hostel to the Assembly building was stopped far away from the Vidhan Bhawan gate and was not allowed to enter the gate by a Police Inspector.

The facts in this case, as revealed to me, are that Union Territory Police has put up a barricade at some distance from the bridge outside the Vidhan Bhawan and only Members of the Vidhan Sabha or persons having entry passes for the galleries are permitted to enter the enclosure. When the bus was about to enter the barricade it was stopped by the policemen on duty. Seeing that the bus had stopped, the Watch and Ward Assistant, who was on duty near the bridge rushed to the place. He saw that in the bus there were 20 to 25 persons other than Members and there were a few members also in it. He requested that persons other than the Members may kindly get down at that spot and enter the enclosure after obtaining necessary passes. Perhaps, some of the hon. Members felt offended and all got down from the bus and walked from there to the Vidhan Bhawan. If the bus was carrying only the Members there was no question of its being stopped by anyone.

I feel that there is some misunderstanding and I assure that there could be no intention and no employee of the Vidhan Sabha Secretariat can even think to act in a way, which would be a cause of inconvenience or annoyance to any of the Members of the Vidhan Sabha much less to obstruct him from entering the Vidhan Bhawan.

The concerned officials have expressed regret and apologised for the inconvenience caused to the Members.

I hope that in view of the above the matter will be considered as closed.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਜਿਹੜੀ ਪ੍ਰਿਵਿਲੇਜ ਮੋਸ਼ਨ ਮੇਰੇ ਅਤੇ ਡਾਂਗ ਸਾਹਿਬ ਵਲੋਂ ਹੈ, ਇਸ ਦਾ ਸਬਸਟਾਂਟਿਵ ਮੈਟਰ ਇਹ ਸੀ ਕਿ ਉਸ ਮੀਟਿੰਗ ਵਿਚ ਜਿਸ ਵਿਚ ਕਿ ਨੋ-ਕਾਨਫੀਡੈਂਸ ਮੋਸ਼ਨ ਦੀ ਡਿਸਕਸ਼ਨ ਬਾਰੇ ਫੈਸਲਾ ਹੋਣਾ ਸੀ ਕਾਂਗਰਸ ਲੈਜਿਸਲੇਟਿਵ ਪਾਰਟੀ ਦੇ ਮੈਂਬਰਜ਼ ਵੀ ਸਨ, ਚੀਫ਼ ਮਨਿਸਟਰ ਸਾਹਿਬ ਅਤੇ ਆਨਰੇਬਲ ਸਪੀਕਰ ਸਾਹਿਬ ਵੀ ਸਨ....

Original with;
Punjab Vidhan Sabha
Digitized by;
Panjab Digital Library

On 5th August, the Speaker having participated in the meeting of the Congress Legislature Party and he was bound to implement the decision of that meeting. Hence we alleged that under the instructions of the Chief Minister and as a result of the resolution passed by the Congress Legislature Party in that meeting, the Speaker was not free to decide that matter. The Speaker under obligation has decided that the No-confidence Motion should be discussed on that very day. Hence our motion in regard to the breach of privilege should be admitted.

ਮਾਲ ਅਤੇ ਚੋਣ ਮੰਤਰੀ (ਸਰਦਾਰ ਉਮਰਾਓ ਸਿੰਘ) : ਮੈਨੂੰ ਬੜੀ ਹੈਰਾਨੀ ਹੁੰਦੀ ਹੈ ਕਿ ਜੋਸ਼ ਜੀ ਕਾਂਗਰਸ ਅਸੈਂਬਲੀ ਪਾਰਟੀ ਦੀਆਂ ਗੱਲਾਂ ਕਰਦੇ ਹਨ....

ਸਰਦਾਰ ਦਰਬਾਰਾ ਸਿੰਘ : ਮੈਂ ਸਪੀਕਰ ਸਾਹਿਬ, ਆਪਦਾ ਰੂਲਿੰਗ ਚਾਹੁੰਦਾ ਹਾਂ ਕਿ ਜਿਸ ਬਾਰੇ ਤੁਸੀਂ ਆਪਣਾ ਰੂਲਿੰਗ ਦੇ ਚੁਕੇ ਹੋ ਕੀ ਉਹ ਫੇਰ ਵੀ ਡਿਸਕਸ ਹੋ ਸਕਦਾ ਹੈ ?

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਮੈਨੂੰ ਇਸ ਗੱਲ ਦੀ ਹੈਰਾਨਗੀ ਹੈ ਕਿ ਕਾਂਗਰਸ ਅਸੈਂਬਲੀ ਪਾਰਟੀ ਦੀ ਮੀਟਿੰਗ ਹੋਵੇ ਅਤੇ ਡਾਂਗ ਜੀ ਅਤੇ ਜੋਸ਼ ਜੀ ਉਹ ਦੇ ਮੁਤੱਲਕ ਇਥੇ ਚਰਚਾ ਕਰਨ । ਮੈਨੂੰ ਇਲਮ ਨਹੀਂ ਕਿ ਇਨ੍ਹਾਂ ਨੇ ਕਾਂਗਰਸ ਅਸੈਂਬਲੀ ਪਾਰਟੀ ਜੁਆਇਨ ਕਰ ਲਈ ਹੈ ਜਾਂ ਇਨ੍ਹਾਂ ਨੇ ਇਕ ਹੋਰ ਪਾਰਟੀ ਦੇ ਮੈਂਬਰ ਹੁੰਦੇ ਹੋਏ ਦੂਸਰੀ ਪਾਰਟੀ ਵਿਚ ਕੀ ਹੁੰਦਾ ਹੈ ਉਥੇ ਕੀ ਵਾਪਰਿਆ ਹੈ ਇਨ੍ਹਾਂ ਨੂੰ ਉਸ ਬਾਰੇ ਕੋਈ ਸੁਪਨਾ ਆ ਗਿਆ ਹੈ । ਰੋਜ਼ ਡਾਂਗ ਸਾਹਿਬ ਆਪਣੇ ਮੈਂਬਰਾਂ ਨੂੰ ਕਹਿੰਦੇ ਹਨ ਉਠੋ ਅਤੇ ਵਾਕ ਆਊਟ ਕਰੋ (ਵਿਘਨ) ਜਿਹੜੀ ਪਾਰਟੀ ਮੀਟਿੰਗ ਵਿਚ ਕੋਈ ਗੱਲ ਨਹੀਂ ਹੋਈ ਉਸ ਬਾਰੇ ਕਿਸ ਢੰਗ ਨਾਲ ਇਨ੍ਹਾਂ ਨੇ ਇਥੇ ਪੇਸ਼ ਕੀਤਾ ਹੈ । ਫੇਰ ਇਨ੍ਹਾਂ ਨੇ ਵੇਗ ਢੰਗ ਨਾਲ ਸਪੀਕਰ ਤੇ ਐਸਪਰਸ਼ਨ ਕੀਤੀ ਹੈ । ਜੇ ਇਹੀ ਇਨ੍ਹਾਂ ਦਾ ਮੁੱਦਾ ਹੈ ਕਿ ਐਸਪਰਸ਼ਨ ਕੀਤੀ ਜਾਏ ਤਾਂ ਇਹ ਬੜੀ ਅਫਸੋਸਨਾਕ ਗੱਲ ਹੈ । ਇਸ ਤਰ੍ਹਾਂ ਨਾਲ ਹਾਊਸ ਨਹੀਂ ਚਲ ਸਕਦਾ ਹੈ । ਜੇ ਸਾਡੇ ਮੈਂਬਰਾਂ ਦੀ ਇਸ ਤਰੀਕੇ ਨਾਲ ਇੰਟੀਮੀਡੇਸ਼ਨ ਕੀਤੀ ਜਾਏ ਅਤੇ ਇਸ ਤਰੀਕੇ ਨਾਲ ਕੰਮ ਚਲਾਉਣ ਦਾ ਯਤਨ ਕੀਤਾ ਜਾਏ ਤਾਂ ਇਹ ਬਿਲਕੁਲ ਗਲਤ ਗੱਲ ਹੈ । ਮੇਰੀ ਗੁਜ਼ਾਰਿਸ਼ ਹੈ ਕਿ ਇਨ੍ਹਾਂ ਦਾ ਮੈਂਬਰ ਬੋਲ ਚੁਕਿਆ ਹੈ । ਤੁਹਾਡੇ ਜਿਹੜੇ ਹੈਂਡਜ਼ ਹਨ ਟਾਈਮ ਦੀ ਅਲਾਟਮੈਂਟ ਕਰਨ ਵਿਚ ਉਹ ਬਿਲਕੁਲ ਫਰੀ ਹਨ । ਹੁਣ ਮੈਂ ਕੌਲ ਐਂਡ ਸ਼ਕਦਰ ਦਾ 255 ਸਫਾ ਪੜ੍ਹਨਾ ਚਾਹੁੰਦਾ ਹਾਂ ।

'The Speaker is free to fix any time. The Speaker cannot be the subject of any breach of privilege motion since he is the protector of privileges.

ਮੇਰੀ ਗੁਜ਼ਾਰਿਸ਼ ਇਹ ਹੈ, ਸਪੀਕਰ ਸਾਹਿਬ, ਕਿ ਤੁਸੀਂ ਤਾਂ ਸਾਰੇ ਹਾਊਸ ਦੀ ਪ੍ਰਿਵਲੈਜਿਜ਼ ਦੇ ਪ੍ਰੋਟੈਕਟਰ ਹੋ (ਵਿਘਨ) ਇਸ ਢੰਗ ਨਾਲ ਐਲਾਨ ਕਰਕੇ ਇਸ ਹਾਊਸ ਦੀ ਤੌਹੀਨ ਕਰਦੇ ਹਨ । ਇਨ੍ਹਾਂ ਦੀ ਮੋਸ਼ਨ ਬਰੀਚ ਆਫ ਪ੍ਰਿਵਲੇਜ ਦੀ ਹਾਊਸ ਵਿਚ ਇਕ ਸਿਰਫ ਸਪੀਕਰ ਉਤੇ ਗਲਤ ਦੂਸ਼ਣ ਲਗਾਉਣ ਦੀ ਹੀ ਨਹੀਂ ਬਲਕਿ ਪਾਰਟੀ ਤੇ ਜਿਹੜੀ ਕਿ ਆਨਰੇਬਲ ਪਾਰਟੀ ਮੈਜਾਰਿਟੀ ਵਿਚ ਹੈ ਉਸ ਦੀ ਪਰੋਸੀਡਿੰਗਜ਼ ਨੂੰ ਵੀ ਗਲਤ ਤਰੀਕੇ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ । ਜੋ ਸਾਡੀ ਪਰੋਸੀਡਿੰਗਜ਼ ਦਾ ਇਨ੍ਹਾਂ ਨੇ

Original with;
Punjab Vidhan Sabha
Digitized by;
Panjab Digital Library

[ਮਾਲ ਅਤੇ ਚੋਣ ਮੰਤਰੀ]

ਚਰਚਾ ਕੀਤਾ ਹੈ ਅਤੇ ਰੰਗ ਢੰਗ ਨਾਲ ਇਨ੍ਹਾਂ ਨੇ ਇਸ ਨੂੰ ਪੁਟ ਕੀਤਾ ਹੈ ਇਸ ਨਾਲ ਇਹ ਸਾਰੇ ਮੈਂਬਰਾਂ ਦੀ ਹੱਕ ਹਲਫੀ ਕੀਤੀ ਹੈ । ਮੈਂ ਖੁਦ ਇਨ੍ਹਾਂ ਤੇ ਬਰੀਚ ਆਫ ਪ੍ਰਿਵਲਿਜ ਦਾ..(ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਇਨ੍ਹਾਂ ਨੇ ਮੇਰਾ ਬੜੀ ਵੇਰੀ ਨਾਂ ਲਿਆ ਹੈ । ਇਨ੍ਹਾਂ ਨੇ ਕਿਹਾ ਹੈ ਕਿ ਰੌਜ਼ ਡਾਂਗ ਸਾਹਿਬ ਫੜ ਕੇ ਮੈਂਬਰ ਲੈ ਜਾਂਦੇ ਹਨ । ਮੈਂ ਲੈ ਜਾਂਦਾ ਹਾਂ ਕਮਿਊਨਿਸਟ ਪਾਰਟੀ ਦੇ ਮੈਂਬਰਾਂ ਨੂੰ । ਮੈਂ ਸਮਝਦਾ ਹਾਂ ਇਹ ਮੇਰਾ ਹੱਕ ਹੈ । (ਵਿਘਨ) ਅਸੀਂ ਇਹ ਗੱਲ ਕਹਿੰਦੇ ਹਾਂ ਕਿ ਤੁਸੀਂ ਉਸ ਕੁਰਸੀ ਤੇ ਬੈਠ ਕੇ ਨਾਨ ਪਾਰਟੀ ਹੋ ਜਾਂਦੇ ਹੋ (ਵਿਘਨ) ਫੇਰ ਇਥੇ ਕਿਹਾ ਗਿਆ ਹੈ ਕਿ ਪਤਾ ਨਹੀਂ ਮੈਂ ਕਾਂਗਰਸ ਪਾਰਟੀ ਦਾ ਮੈਂਬਰ ਬਣ ਗਿਆ ਹਾਂ । ਇਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਕਾਂਗਰਸ ਪਾਰਟੀ ਦਾ ਮੈਂਬਰ ਤਾਂ ਮੈਂ ਅਖੀਰ ਮਰਦੇ ਦਮ ਤਕ ਨਹੀਂ ਬਣਨਾ । ਮੈਂ ਕਮਿਊਨਿਸਟ ਰਹਾਂਗਾ । ਮੈਂ ਉਮਰਾਓ ਸਿੰਘ ਨੂੰ ਚੈਲੰਜ ਕਰਦਾ ਹਾਂ ਇਹ ਆਪਣੀ ਪਾਰਟੀ ਨੂੰ ਸਾਂਭ ਲੈਣ । ਇਨ੍ਹਾਂ ਦੀ ਪਾਰਟੀ ਵਿਚ ਜੋ ਕੁਝ ਹੋਏਗਾ ਉਹ ਮੈਨੂੰ ਪਤਾ ਲਗ ਜਾਏਗਾ । ਹੁਣ ਸਪੀਕਰ ਸਾਹਿਬ, ਮੈਂ ਆਖਰੀ ਗੱਲ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਐਜੀਟੇਸ਼ਨ ਸੀ । ਕਾਂਗਰਸ ਪਾਰਟੀ ਦੀ ਮੀਟਿੰਗ ਹੋਈ । ਉਸ ਦੇ ਵਿਚ ਫੈਸਲਾ ਹੋਇਆ ਕਿ ਨੌ-ਕਾਨਫੀਡੈਂਸ ਮੋਸ਼ਨ ਦੀ ਗੱਲ ਹੋਏਗੀ, ਤੁਸੀ ਵੀ ਉਥੇ ਮੌਜੂਦ ਸੀ, ਤੁਸੀਂ ਡਿਨਾਈ ਨਹੀਂ ਕੀਤਾ । ਇਹ ਪੁਆਇੰਟ ਸੀਰੀਅਸ ਹੈ ।

Morally I stand vindicated what; I stated in the privilege motion is absolutely correct.

ਸ਼੍ਰੀ ਸਪੀਕਰ : ਜੋ ਹਾਊਸ ਦਾ ਪਰੈਸੀਡੈਂਟ ਸੀਂ ਜੋ ਵਿਧਾਨ ਸਭਾ ਦੇ ਪੁਰਾਣੇ ਪਰੈਸੀਡੈਂਟਸ ਸਨ ਮੈਂ ਉਸ ਨੂੰ ਫਾਲੋ ਕੀਤਾ ਹੈ । (I have followed the precedents of the House.)

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਮੈਂ ਸਮਝਦਾ ਸੀ ਕਿ ਤੁਹਾਡੀ ਰੂਲਿੰਗ ਤੋਂ ਬਾਅਦ ਕੋਈ ਡਿਸਕਸ਼ਨ ਨਹੀਂ ਹੋਣੀ ਚਾਹੀਦੀ ਸੀ । ਤੁਹਾਨੂੰ ਆਗਿਆ ਨਹੀਂ ਸੀ ਦੇਣੀ ਚਾਹੀਦੀ ਲੇਕਿਨ ਤੁਸੀਂ ਫਰਾਖਦਿਲੀ ਕਰਕੇ ਸਰਦਾਰ ਉਮਰਾਓ ਸਿੰਘ ਨੂੰ ਆਗਿਆ ਦੇ ਦਿਤੀ ਅਤੇ ਫੇਰ ਉਨ੍ਹਾਂ ਨੂੰ ਵੀ ਆਗਿਆ ਦੇ ਦਿਤੀ । ਮੈਂ ਉਸ ਦੇ ਮੁਤੱਲਕ ਕੁਝ ਨਹੀਂ ਕਹਿਣਾ ਚਾਹੁੰਦਾ । ਮਗਰ ਡਾਂਗ ਸਾਹਿਬ ਦੀ ਗੱਲ ਕਹਿਣਾ ਚਾਹੁੰਦਾ ਹਾਂ । ਡਾਂਗ ਸਾਹਿਬ ਨੇ ਕਿਹਾ ਹੈ ਕਿ ਮਰਦਿਆਂ ਤਕ ਕਾਂਗਰਸ ਵਿਚ ਸ਼ਾਮਲ ਨਹੀਂ ਹੋਵਾਂਗਾ ਪਰ ਉਸ ਤੋਂ ਬਾਅਦ ਉਨ੍ਹਾਂ ਨੇ ਕੋਈ ਵਾਇਦਾ ਨਹੀਂ ਕੀਤਾ ਹੈ । (ਵਿਘਨ) ਦੂਜੀ ਗੱਲ ਇਹ ਡਾਂਗ ਸਾਹਿਬ ਨੇ ਆਖੀ ਹੈ ਕਿ ਜੋ ਕਾਂਗਰਸ ਪਾਰਟੀ ਦੀ ਮੀਟਿੰਗ ਵਿਚ ਹੋਏਗਾ ਉਹ ਦੇ ਮੁਤੱਲਕ ਉਨ੍ਹਾਂ ਨੂੰ ਜ਼ਰੂਰ ਪਤਾ ਲਗ ਜਾਏਗਾ । ਮੈਂ ਡਾਂਗ ਸਾਹਿਬ ਨੂੰ ਕਹਾਂਗਾ ਕਿ ਇਸ ਗੱਲ ਦਾ ਉਨ੍ਹਾਂ ਨੂੰ ਗਿਆਤ ਹੋਣਾ ਚਾਹੀਦਾ ਹੈ ਕਿ ਇਹ ਡੈਮੋਕ੍ਰੇਟਿਕ ਪਾਰਟੀ ਹੈ ਅਤੇ ਫਾਸਿਸਟ ਨਹੀਂ । ਇਹ ਫੈਸਲੇ ਸਾਰੇ ਲੋਕਾਂ ਤਕ ਪਹੁੰਚਾਉਂਦੇ ਹਨ । ਲੇਕਿਨ ਮੈਂ ਡਾਂਗ ਸਾਹਿਬ ਨੂੰ ਪ੍ਰਾਰਥਨਾ ਕਰਾਂਗਾ ਕਿ ਸਮਾਂ ਬੀਤ ਗਿਆ ਹੈ ਅਤੇ ਅਗੇ ਨੂੰ ਇਹ ਧਿਆਨ ਰਖਣ । ਇਹ ਬੜੇ ਸੁਲਝੇ ਹੋਏ ਪਾਰਲੀਮੈਂਟਰੀਅਨ ਹਨ (ਵਿਘਨ) ਪਾਰਲੀਮੈਂਟਰੀਅਨ ਹੋਣਾ ਹੋਰ ਗੱਲ

Original with;
Punjab Vidhan Sabha
Digitized by;
Panjab Digital Library

ਹੈ ਅਤੇ ਡੈਮੋਕ੍ਰੇਟਿਕ ਹੋਣਾ ਹੋਰ ਗੱਲ ਹੈ। ਫੇਰ ਵੀ ਇਨ੍ਹਾਂ ਨੂੰ ਇਸ ਗੱਲ ਦਾ ਸਾਰਾ ਗਿਆਨ ਹੈ ਅਤੇ ਅਗੇ ਨੂੰ ਇਹ ਧਿਆਨ ਰਖਣ। ਜਿਹੜਾ ਇਨ੍ਹਾਂ ਨੇ ਸਪੀਕਰ ਸਾਹਿਬ, ਨੂੰ ਪਾਰਟੀ ਮੀਟਿੰਗ ਵਿਚ ਬੁਲਾਉਣ ਦਾ ਇਤਰਾਜ਼ ਕੀਤਾ ਹੈ। ਜੇ ਇਹ ਚਾਹੁੰਦੇ ਹਨ ਤਾਂ ਇਹ ਵੀ ਤੁਹਾਨੂੰ ਆਪਣੀ ਪਾਰਟੀ ਮੀਟਿੰਗ ਵਿਚ ਬੁਲਾ ਲਿਆ ਕਰਨ ਅਤੇ ਇਸ ਤਰ੍ਹਾਂ ਹੀ ਬਾਦਲ ਸਾਹਿਬ ਵੀ ਤੁਹਾਨੂੰ ਬੁਲਾ ਲਿਆ ਕਰਨ। ਤੁਸੀਂ ਜਾ ਆਇਆ ਕਰੋ ਤਾਂ ਸਾਨੂੰ ਕੀ ਇਤਰਾਜ਼ ਹੋ ਸਕਦਾ ਹੈ।

ਕੈਪਟਨ ਰਤਨ ਸਿੰਘ : ਜਿਹੜੀ ਪਲ੍ਹੀ ਮੇਰੇ ਆਨਰੇਬਲ ਮੈਂਬਰ ਦੋਸਤ ਕਾਮਰੇਡ ਸੱਤ ਪਾਲ ਡਾਂਗ ਨੇ ਲਈ ਹੈ, ਮੈਂ ਸਮਝਦਾ ਹਾਂ ਕਿ ਉਹ ਬਹੁਤ ਨਾ ਵਾਜਿਬ ਹੈ ਅੌਰ ਖਾਸ ਕਰਕੇ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਕਾਂਗਰਸ ਪਾਰਟੀ ਵਿਚ ਜੋ ਕੁਝ ਹੋਏਗਾ ਉਹਦਾ ਮੈਂਨੂੰ ਪਤਾ ਲਗ ਜਾਏਗਾ, ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਨਿਕਸ਼ਨ ਦਾ ਜਿਹੜਾ ਵਾਟਰਗੇਟ ਦਾ ਮਾਮਲਾ ਚਲ ਰਿਹਾ ਹੈ ਇਮਪੀਚਮੈਂਟ ਦਾ, ਕੀ ਉਹ ਕੰਮ ਹੁਣ ਇਹ ਕਰਨਗੇ ? ਸਾਡੀ ਪਾਰਟੀ ਬਹੁਤ ਹੁਸ਼ਿਆਰ ਹੋ ਗਈ ਹੈ। ਇਨ੍ਹਾਂ ਨੂੰ ਇਹ ਗੱਲ ਭੁਲਣੀ ਨਹੀਂ ਚਾਹੀਦੀ ਹੈ।

ਕਾਮਰੇਡ ਸੱਤ ਪਾਲ ਡਾਂਗ : ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਜਿਹੜੀ ਨਿਕਸਨ ਨੇ ਕਰਾਇਆ ਹੈ, ਉਸ ਬਾਰੇ ਮੈਂ ਗਿਆਨੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਅਮਰੀਕਾ ਨਾਲ ਟੋਟਲ ਤਅਲੁਕਾਤ ਤੋੜ ਲੈਣ ਨਹੀਂ ਤਾਂ ਇਹ ਬੀਮਾਰੀ ਇਥੇ ਵੀ ਫੈਲ ਜਾਣੀ ਹੈ। ਇਥੇ ਬੰਗਲਿੰਗ ਨਹੀਂ ਹੁੰਦੀ। ਕੈਪਟਨ ਸਾਹਿਬ ਦਾ ਕੋਈ ਬੰਦਾ ਮੇਰੇ ਕੋਲ ਆ ਕੇ ਕੁਝ ਦਸ ਜਾਏ ਤਾਂ ਉਹ ਦੇ ਵਿਚ ਮੈਂ ਕੀ ਕਰ ਸਕਦਾ ਹਾਂ।

PERSONAL EXPLANATION BY CAPTAIN RATTAN SINGH

ਕੈਪਟਨ ਰਤਨ ਸਿੰਘ : ਆਨ ਏ ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ, ਸਰ। ਜੋ ਕੁਝ ਸ਼੍ਰੀ ਡਾਂਗ ਸਾਹਿਬ ਨੇ ਕਿਹਾ ਹੈ ਮੈਂ ਸਮਝਦਾ ਹਾਂ ਕਿ ਜੋ ਕੁਝ ਵੀ ਇਨ੍ਹਾਂ ਨੇ ਮੇਰੇ ਮੁਤੱਲਕ ਕਿਹਾ ਹੈ ਉਹ ਬਿਲਕੁਲ ਝੂਠ ਹੈ (ਵਿਘਨ)

QUESTIONS OF PRIVILEGE (*Resumption*)

ਮੁੱਖ ਮੰਤਰੀ : ਸਾਡਾ ਜਿਹੜਾ ਸੁਨੇਹਾ ਦਿਤਾ ਹੈ ਮੇਰੇ ਦੋਸਤ ਨੇ ਮੈਂ ਉਨ੍ਹਾਂ ਦਾ ਸੁਨੇਹਾ ਪਹੁੰਚਾਉਣ ਦਾ ਯਤਨ ਕਰਾਂਗਾ। ਅਸੀਂ ਤਾਂ ਕਰਦੇ ਹਾਂ ਪਰ ਇਹ ਯਾਰੀ ਨਿਭਾਉਂਦੇ ਨਹੀਂ ਹਨ। ਮੇਰੇ ਯਾਰ ਨੂੰ ਮੰਦਾ ਨਾ ਬੋਲੀਂ ਮੇਰੀ ਭਾਵੇਂ ਜਾਨ ਕਢ ਲਉ। (ਵਿਘਨ)

ਗਿਆਨੀ ਕੁੰਦਨ ਸਿੰਘ ਪਤੰਗ : ਇਹ ਬੋਲੀ ਗਲਤ ਹੈ (ਵਿਘਨ) (ਸਰਦਾਰ ਦਰਬਾਰਾ ਸਿੰਘ ਵਲੋਂ (ਵਿਘਨ)

ਮੁੱਖ ਮੰਤਰੀ : ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੈਂ ਇਨ੍ਹਾਂ ਦਾ ਸੁਨੇਹਾ ਇਕ ਕੰਡੀਸ਼ਨ ਤੇ ਦੇ ਸਕਦਾ ਹਾਂ, ਅੌਰ ਇਤਫਾਕ ਵੀ ਕਰ ਲਵਾਂਗਾ ਅੌਰ ਆਪਣੀ ਚਾਏ ਇਨ੍ਹਾਂ ਨਾਲ ਮਿਲਾ ਲਵਾਂਗਾ। ਡਾਂਗ ਸਾਹਿਬ ਤੁਸੀਂ ਸ਼ੋਸ਼ਲਿਸਟ ਡੈਮੋਕ੍ਰੇਸੀ ਦੇ ਹਾਮੀ ਹੋ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਤੁਸੀਂ ਕੈਪੀਟਿਲਿਸਟ ਡੈਮੋਕ੍ਰੇਸੀ ਦੇ ਹਾਮੀ ਨਹੀਂ । ਤੁਸੀਂ ਕਹੋ ਕਿ ਹਿੰਦਸਤਾਨ ਵਿਚ ਸੋਸ਼ਲਿਸਟ ਡੈਮੋਕ੍ਰੇਸੀ ਹੋਣੀ ਚਾਹੀਦੀ ਹੈ ਤਾਂ ਜੋ ਇਥੇ ਕੋਈ ਅਖਬਾਰ ਨਾ ਨਿਕਲ ਸਕੇ, ਨਾ ਕੋਈ ਪਾਰਟੀ ਬਣਾਕੇ ਮੀਟਿੰਗ ਕਰ ਸਕੇ, ਨਾ ਨਾਅਰੇ ਲਗਾ ਸਕੇ, ਨਾ ਕਿਸੇ ਨੂੰ ਗਦੀਓਂ ਉਤਾਰ ਸਕੇ ਅਤੇ ਜਿਸ ਨੂੰ ਉਤਾਰਨਾ ਹੋਵੇ ਗੋਲੀ ਨਾਲ ਉਤਾਰਿਆ ਜਾਵੇ । (ਵਿਘਨ) ਸਪੀਕਰ ਸਾਹਿਬ, ਕਮਿਊਨਿਸਟ ਬਣਕੇ ਇਕ ਗੱਲ ਦੀ ਮੰਗ ਕਰਦੇ ਹਨ ਕਿ ਡੈਮੋਕ੍ਰੇਸੀ ਹੋਵੇ ਪਰ ਇੰਤਜ਼ਾਮ ਕਰਦੇ ਹਨ ਕਿ ਡੈਮੋਕ੍ਰੇਸੀ ਨਾ ਰਹੇ । ਇਸ ਕਰਕੇ ਡਾਂਗ ਸਾਹਿਬ ਦਾ ਸੁਨੇਹਾ ਦਿਆਂਗੇ ਪਰ ਇਨ੍ਹਾਂ ਨਾਲ ਇਤਫਾਕ ਨਹੀਂ ਕਰਦੇ ।

(ਇਸ ਸਮੇਂ ਕਾਮਰੇਡ ਸੱਤ ਪਾਲ ਡਾਂਗ ਬੋਲਣ ਵਾਸਤੇ ਖੜੇ ਹੋਏ ।

ਸ਼੍ਰੀ ਸਪੀਕਰ : ਡਾਂਗ ਸਾਹਿਬ, ਫਿਰ ਇਸ ਤਰ੍ਹਾਂ ਬਹਿਸ ਸ਼ੁਰੂ ਹੋ ਜਾਵੇਗੀ । (Dang Sahib, if you speak now that will initiate the discussion.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਬੋਲਣਾ ਹੈ । ਸਪੀਕਰ ਸਾਹਿਬ, ਮੈਨੂੰ ਸਫਾਈ ਦੇਣ ਦੀ ਲੋੜ ਨਹੀਂ ਹੈ । ਮੈਂ ਬੇਨਤੀ ਕਰਾਂਗਾ ਕਿ ਕਾਂਗਰਸ ਪਾਰਟੀ ਦੀਆਂ ਨੀਤੀਆਂ ਦਾ ਜੋ ਸਿੱਟਾ ਨਿਕਲਿਆ ਹੈ, ਮੈਂ ਕਲ ਵੀ ਆਪਣੀ ਤਕਰੀਰ ਵਿਚ ਦਸਿਆ ਸੀ, ਉਨ੍ਹਾਂ ਦੀਆਂ ਨੀਤੀਆਂ ਦਾ ਫਾਇਦਾ ਕਿਸ ਨੂੰ ਹੋ ਰਿਹਾ ਹੈ ਜਾਂ ਜੋ ਪ੍ਰਕਾਸ਼ ਨੂੰ ਹੋ ਰਿਹਾ ਹੈ ਜਾਂ ਹੋਰ ਕਿਸੇ ਨੂੰ ਹੋ ਰਿਹਾ ਹੈ । ਕਾਂਗਰਸ ਵਿਚ ਕੁਝ ਲੋਕ ਐਸੇ ਹਨ ਜਿਹੜੇ ਆਪਣੇ ਆਪ ਨੂੰ ਪਰੋਗਰੈਸਿਵ ਕਹਾਉਂਦੇ ਹਨ ਅਤੇ ਉਹ ਹੋਣਗੇ ਵੀ । ਗਿਆਨੀ ਜੀ ਨੂੰ ਸਸ਼ੀ ਭੂਸ਼ਨ ਕਹਿ ਰਹੇ ਹਨ ਕਿ ਕਾਂਗਰਸ ਪਾਰਟੀ ਨੂੰ ਹੀ ਫਰੀਡਮ ਆਫ ਸਪੀਚ ਹੋਣੀ ਚਾਹੀਦੀ ਹੈ ਅਤੇ ਲਿਮਟਿਡ ਡਿਕਟੇਟਰਸ਼ਿਪ ਹੋਣੀ ਚਾਹੀਦੀ ਹੈ । ਮੈਂ ਕਹਿੰਦਾ ਹਾਂ ਕਿ ਕਮਿਊਨਿਸਟ ਪਾਰਟੀ ਫਾਸਿਸਟ ਤਾਕਤਾਂ ਦੇ ਖਿਲਾਫ ਲੜੇਗੀ ਅਤੇ ਲੜਦੀ ਹੈ । ਕਮਿਊਨਿਸਟ ਪਾਰਟੀ ਕਾਂਗਰਸ ਦੀਆਂ ਗਲਤ ਨੀਤੀਆਂ ਦੇ ਖਿਲਾਫ ਲੜਦੀ ਹੈ ਅਤੇ ਲੜੇਗੀ । ਜਿਹੜਾ ਗਿਆਨੀ ਜੀ ਚਾਹੁੰਦੇ ਹਨ ਕਿ ਉਹ ਜੋ ਮਨਮਾਨੀਆਂ ਪੰਜਾਬ ਵਿਚ ਕਰਨ, ਮੈਂ ਕਹਾਂਗਾ ਕਿ ਇਹ ਚੀਜ਼ ਇਥੇ ਨਹੀਂ ਹੋਵੇਗੀ ।

ਸ਼੍ਰੀ ਸਪੀਕਰ : ਮੈਂ ਰਿਕੁਐਸਟ ਕਰਾਂਗਾ ਕਿ ਕਾਲ ਅਟੈਨਸ਼ਨ ਨੋਟਿਸ ਸ਼ੁਰੂ ਕੀਤੇ ਜਾਣ । ਕਾਲ ਅਟੈਨਸ਼ਨ ਨੋਟਿਸ ਨੰ: 24 । (ਵਿਘਨ) (ਸ਼ੋਰ) (I request that the House take up the Call Attention Notices. Call Attention Notice, No. 24.)

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਪ੍ਰਿਵਿਲਜ਼ ਮੋਸ਼ਨ ਦਿਤੀ ਸੀ । ਮੈਂ ਸਮਝਦਾ ਹਾਂ ਕਿ ਮੈਂਬਰਾਂ ਦਾ ਜੋ ਰਾਈਟ ਹੈ ਹਾਊਸ ਵਿਚ ਆਉਣ ਦਾ, ਉਨ੍ਹਾਂ ਨੂੰ ਇਸ ਤਰ੍ਹਾਂ ਰਸਤੇ ਵਿਚ ਰੋਕ ਕੇ ਮੈਂਬਰਜ਼ ਦਾ ਪ੍ਰਿਵਿਲਜ਼ ਖਤਮ ਕੀਤਾ ਗਿਆ ਹੈ । ਰਸਤੇ ਵਿਚ ਸਾਨੂੰ ਰੋਕਿਆ ਗਿਆ । ਜਦ ਅਸੀਂ ਇਨਸਪੈਕਟਰ ਨੂੰ ਦਸਿਆ ਕਿ ਅਸੀਂ ਅਸੈਂਬਲੀ ਦੇ ਮੈਂਬਰ ਹਾਂ ਤਾਂ ਉਸ ਨੇ ਸਾਨੂੰ ਸਗੋਂ ਥਰੈਟਨਿੰਗ ਕੀਤੀ । ਉਸ ਇਨਸਪੈਕਟਰ ਦਾ ਬੀਹੇਵੀਅਰ ਠੀਕ ਨਹੀਂ ਸੀ । ਉਸਨੇ ਬੜੀ ਗਲਤ ਲੈਂਗੂਏਜ ਯੂਜ਼ ਕੀਤੀ । (ਵਿਘਨ)

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ: ਤੁਸੀਂ ਪਹਿਲਾਂ ਮੈਨੂੰ ਸੁਣ ਲਵੋ । (ਵਿਘਨ) Please resume your seat. ਮੈਂ ਆਪਣੀ ਰਿਜੈਕਸ਼ਨ ਵਿਚ ਗੱਲ ਬੜੀ ਸਪੱਸ਼ਟ ਕੀਤੀ ਹੈ ਕਿ ਕਨਸਰਂਡ ਆਫੀਸ਼ੀਅਲਜ਼ ਨੇ ਰਿਗਰੈਟ ਸ਼ੋ ਕੀਤੀ ਹੈ ਅਤੇ ਮੈਂ ਇਹ ਵੀ ਕਿਹਾ ਸੀ ਕਿ ਤੁਸੀਂ ਡੇਢ ਵਜੇ ਮੇਰੇ ਚੈਂਬਰ ਵਿਚ ਆ ਜਾਣਾ । ਪੁਲਿਸ ਅਫ਼ਸਰ ਤੁਹਾਡਾ ਇੰਤਜ਼ਾਰ ਕਰਦੇ ਰਹੇ ਪਰ ਤੁਸੀਂ ਆਏ ਨਹੀਂ । ਉਹ ਤੁਹਾਡੇ ਸਾਹਮਣੇ ਵੀ ਰਿਗਰੈਟ ਕਰਨਾ ਚਾਹੁੰਦੇ ਸਨ । ਸੋ ਇਸ ਦੇ ਬਾਅਦ ਕੋਈ ਗੱਲ ਰਹਿ ਨਹੀਂ ਜਾਂਦੀ । (First listen to me. Please resume your seat. I have clearly mentioned in my ruling that the officials concerned have expressed their regrets for the inconvenience caused to the hon. Members. I had also requested you to discuss this matter in my Chamber at 1-30 P. M. The Police Officers kept waiting for you in order to show their regrets in your presence but you did not turn up. So this matter should end here.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਵੀ ਉਸ ਬੱਸ ਵਿਚ ਸੀ । ਇਕੱਲ ਸੰਧੂ ਸਾਹਿਬ ਹੀ ਉਸ ਬੱਸ ਵਿਚ ਨਹੀਂ ਸਨ, ਮੈਂ ਵੀ ਉਸ ਬੱਸ ਵਿਚ ਸੀ । ਮੈਂ ਮੁਲਾਜ਼ਮਾਂ ਦਾ ਬਹੁਤਾ ਕਸੂਰ ਨਹੀਂ ਸਮਝਦਾ ਕਿਉਂਕਿ ਲੋੜ ਪੈਣ ਤੇ ਉਹ ਮੁਆਫੀ ਵੀ ਮੰਗ ਲੈਂਦੇ ਹਨ । ਝਗੜਾ ਇਹ ਹੈ ਕਿ ਉਸ ਬੱਸ ਵਿਚ ਮੈਂ, ਸਰਦਾਰ ਜਸਦੇਵ ਸਿੰਘ ਸੰਧੂ, ਜੋਗਾ ਜੀ ਅਤੇ ਹੋਰ ਮੈਂਬਰ, ਮਤਲਬ ਕਿ 8-10 ਮੈਂਬਰ ਉਸ ਬੱਸ ਵਿਚ ਸੀ । ਕੁਝ ਬੰਦੇ ਹੋਰ ਬਾਹਰ ਦੇ ਵੀ ਸਨ । ਪਰ ਪੁਲਿਸ ਵਾਲਿਆਂ ਨੂੰ ਇੰਸਟਰੱਕਸ਼ਨਜ਼ ਇਹ ਹਨ ਕਿ ਬੱਸ ਵਿਚ ਬਾਹਰ ਦੇ ਆਦਮੀਆਂ ਨੂੰ ਅੱਗੇ ਨਹੀਂ ਜਾਣ ਦੇਣਾ । ਜਿਸ ਪੁਲਿਸ ਅਫ਼ਸਰ ਨੇ ਸੰਧੂ ਸਾਹਿਬ ਨੂੰ ਰੋਕਿਆ ਸੀ ਉਹ ਸ਼ਾਇਦ ਇਨ੍ਹਾਂ ਨੂੰ ਜਾਣਦਾ ਨਹੀਂ । ਪਰ ਹੁਣ ਸਵਾਲ ਇਹ ਹੈ ਕਿ ਉਹ ਜਿਹੜੇ ਪੁਲਿਸ ਦੇ ਆਦਮੀ ਹਨ ਉਹ ਬੱਸਾਂ ਵਾਲਿਆਂ ਨੂੰ ਤਾਂ ਉਥੇ ਰੋਕ ਲੈਂਦੇ ਹਨ ਪਰ ਜਿਹੜੇ ਐਨੇ ਆਦਮੀ ਕਾਰਾਂ ਵਿਚ ਆਉਂਦੇ ਹਨ ਉਨ੍ਹਾਂ ਨੂੰ ਨਹੀਂ ਰੋਕਿਆ ਜਾਂਦਾ । ਜਿਹੜੇ ਆਦਮੀ ਬੱਸਾਂ ਵਿਚ ਆਉਂਦੇ ਹਨ ਉਨ੍ਹਾਂ ਨੂੰ ਰੋਕ ਲੈਂਦੇ ਹਨ ਅਤੇ ਕਹਿੰਦੇ ਹਨ ਕਿ ਦੋ ਮੀਲ ਤੇ ਬੱਸ ਖੜੀ ਕਰੋ । ਅਸੀਂ ਕਹਿੰਦੇ ਹਾਂ ਕਿ ਸਾਰਿਆਂ ਨਾਲ ਇਕੋ ਕਿਸਮ ਦਾ ਟਰੀਟਮੈਂਟ ਹੋਣਾ ਚਾਹੀਦਾ ਹੈ । ਕਾਰਾਂ ਵਾਲਿਆਂ ਨੂੰ ਤਾਂ ਪੁਲਿਸ ਵਾਲੇ ਕਹਿੰਦੇ ਕੁਝ ਨਹੀਂ ਹਨ ਪਰ ਬੱਸਾਂ ਵਿਚ ਸਾਨੂੰ ਰੋਕਦੇ ਹਨ ।

ਸਰਦਾਰ ਜਸਦੇਵ ਸਿੰਘ ਸੰਧੂ : ਜਦ ਅਸੀਂ ਕਿਹਾ ਹੈ ਅਸੀਂ ਮੈਂਬਰ ਹਾਂ ਤਾਂ ਤੁਸੀਂ ਸਾਨੂੰ ਕਿਉਂ ਰੋਕਦੇ ਹੋ ਅਤੇ ਤੁਸੀਂ ਕਾਰਾਂ ਵਾਲਿਆਂ ਨੂੰ ਤਾਂ ਰੋਕਦੇ ਨਹੀਂ । ਕਿਉਂਕਿ ਕਾਰਾਂ ਵਿਚ ਉਨ੍ਹਾਂ ਮੈਂਬਰਜ਼ ਤੋਂ ਇਲਾਵਾ 8-8 ਹੋਰ ਆਦਮੀ ਬੈਠੇ ਹੁੰਦੇ ਹਨ ਤਾਂ ਇਸ ਤੇ ਪੁਲਿਸ ਵਾਲੇ ਕਹਿੰਦੇ ਹਨ ਕਿ ਇਹ ਸਾਡੀ ਮਰਜ਼ੀ ਹੈ ਕਿਸੇ ਨੂੰ ਅੰਦਰ ਜਾਣ ਦੇਈਏ ਜਾਂ ਨਾ ਜਾਣ ਦੇਈਏ । ਇਹ ਗੱਲ ਸਾਨੂੰ ਪੁਲਿਸ ਇਨਸਪੈਕਟਰ ਨੇ ਕਹੀ । ਇਸ ਤੋਂ ਵੱਧ ਹੋਰ ਕੀ ਹੋ ਸਕਦਾ ਹੈ ? ਉਹ ਜਾਣ ਬੁਝ ਕੇ ਰੋਕਣਾ ਚਾਹੁੰਦੇ ਹਨ ਜਾਂ ਫਿਰ ਉਨ੍ਹਾਂ ਨੂੰ ਸਟਰਿਕਟ ਇੰਸਟਰੱਕਸ਼ਨਜ਼ ਹੋਣਗੀਆਂ ਕਿ ਮੈਂਬਰਾਂ ਨੂੰ ਵੀ ਬਾਹਰ ਰੋਕੋ ਅਤੇ ਇਸੇ ਤਰ੍ਹਾਂ ਇਹ ਮੈਂਬਰ ਵੀ ਅੰਦਰ ਨਾ ਆਉਣ ਅਤੇ ਲੋਕ ਵੀ ਨਾ ਆਉਣ (ਵਿਘਨ) ਮੈਂ ਕਹਿੰਦਾ ਹਾਂ ਕਿ ਇੰਸਟਰੱਕਸ਼ਨਜ਼ ਸਾਰਿਆਂ ਵਾਸਤੇ ਇਕੋ ਜਿਹੀਆਂ ਹੋਈਆਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਦੇਵ ਸਿੰਘ ਸੰਧੂ]

ਚਾਹੀਦੀਆਂ ਹਨ । ਜਿਹੜਾ ਮੈਂਬਰ ਚੁਣਕੇ ਆਉਂਦਾ ਹੈ ਉਸ ਨੂੰ ਪਾਸ ਪੁੱਛਿਆ ਜਾਵੇ ਪਰ ਦੂਸਰੇ ਆਦਮੀ ਉਸ ਤਰ੍ਹਾਂ ਹੀ ਚਲੇ ਜਾਣ ਤਾਂ ਇਹ ਕਿਸ ਕਿਸਮ ਦਾ ਸਮਾਜਵਾਦ ਹੈ ? ਜੇ ਤੁਸੀਂ ਉਨ੍ਹਾਂ ਨੂੰ ਇਸ ਤਰ੍ਹਾਂ ਕਰਨ ਦੀ ਲਿਬਰਟੀ ਦਿਤੀ ਹੈ ਤਾਂ ਫਿਰ ਇਹ ਮੈਂਬਰ ਆਪਣੀ ਡਿਊਟੀ ਆਜ਼ਾਦੀ ਨਾਲ ਨਹੀਂ ਦੇ ਸਕਦੇ । ਇਸ ਲਈ ਤੁਹਾਨੂੰ ਇਸ ਤੇ ਸੀਰੀਅਸ ਐਕਸ਼ਨ ਲੈਣਾ ਚਾਹੀਦਾ ਹੈ ।

ਡਾਕਟਰ ਬਲਦੇਵ ਪ੍ਰਕਾਸ਼ : ਡਾਂਗ ਸਾਹਿਬ ਨੇ ਕਿਹਾ ਹੈ ਕਿ ਜਨਸੰਘ ਵਾਲੇ, ਜੈ ਪ੍ਰਕਾਸ਼ ਨਾਰਾਇਣ ਅਤੇ ਫਾਸਿਸਟ ਪਾਰਟੀਆਂ ਕਾਂਗਰਸ ਦੀਆਂ ਗਲਤ ਨੀਤੀਆਂ ਦਾ ਫਾਇਦਾ ਉਠਾ ਰਹੇ ਹਨ । (ਵਿਘਨ) ਇਨ੍ਹਾਂ ਦਾ ਇਹ ਫਤਵਾ ਠੀਕ ਨਹੀਂ ਹੈ । ਅੱਜ ਸੋਸ਼ਲਿਸਟ ਕੰਟਰੀਜ਼ ਵਿਚ ਕਿਸ ਤਰ੍ਹਾਂ ਲੋਕਾਂ ਨੂੰ ਗੋਲੀਆਂ ਨਾਲ ਦਬਾਇਆ ਜਾ ਰਿਹਾ ਹੈ । (ਵਿਘਨ) (ਸ਼ੋਰ) ਉਨ੍ਹਾਂ ਦੀ ਸਿਵਿਲ ਲਿਬਰਟੀ ਨੂੰ ਦਬਾਇਆ ਜਾ ਰਿਹਾ ਹੈ । ਜੇ ਬਾਰਿਸ਼ ਰੂਸ ਵਿਚ ਹੁੰਦੀ ਹੈ ਤਾਂ ਇਹ ਛਤਰੀ ਇਥੇ ਲਈ ਫਿਰਦੇ ਹਨ । ((ਹਾਸਾ) (ਵਿਘਨ) ਜਦ ਜੈ ਪ੍ਰਕਾਸ਼ ਨਾਰਾਇਣ ਕੁਰਬਾਨੀਆਂ ਦੇ ਰਿਹਾ ਸੀ ਤਾਂ ਉਦੋਂ ਇਹ ਲੋਕ ਠੀਕ ਸਮਝਦੇ ਹਨ । (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਛੱਜ ਤਾਂ ਬੋਲੇ ਪਰ ਛਾਣਨੀ ਕੀ ਬੋਲੇ । (ਵਿਘਨ) ਸਪੀਕਰ ਸਾਹਿਬ, ਆਰ. ਐਸ. ਐਸ. ਪਾਰਟੀ ਸਾਰੀ ਉਮਰ ਅੰਗਰੇਜ਼ਾਂ ਦੀ ਪਿੱਠੂ ਰਹੀ ਹੈ, ਇਸ ਬਾਰੇ ਉਨ੍ਹਾਂ ਨੂੰ ਵੀ ਪਤਾ ਹੈ ਅਤੇ ਮੈਨੂੰ ਵੀ ਪਤਾ ਹੈ । (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਸਾਡੀ ਪ੍ਰਿਵਿਲਿਜ਼ ਮੋਸ਼ਨ ਸੀ, ਉਸ ਦਾ ਕੀ ਬਣਿਆ ਹੈ ?

ਸ੍ਰੀ ਸਪੀਕਰ : ਸਰਦਾਰ ਧੰਨਾ ਸਿੰਘ ਗੁਲਸ਼ਨ ਵਾਲੀ ਪ੍ਰਿਵਿਲਿਜ ਕਮੇਟੀ ਨੂੰ ਰੈਫਰ ਕਰ ਦਿਤੀ ਹੈ (Privilege Motion given notice of by Sardar Dhanna Sirgh Gulshan has been referred to the Committee of Privileges.)

ADJOURNMENT MOTIONS

ਸਰਦਾਰ ਅਜਾਇਬ ਸਿੰਘ ਸੰਧੂ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਇਕ ਐਡਜਰਨਮੈਂਟ ਮੋਸ਼ਨ ਦਿਤੀ ਸੀ ਕਿ ਪੰਜਾਬ ਭਰ ਦੇ ਹਜ਼ਾਰਾਂ ਟੀਚਰਾਂ ਦੀਆਂ ਪੁਲਿਟੀਕਲ ਗਰਾਊਂਡਜ਼ ਤੇ ਅਤੇ ਉਨ੍ਹਾਂ ਨੂੰ ਵਿਕਟੇਮਾਈਜ਼ ਕਰਕੇ ਉਨ੍ਹਾਂ ਦੀਆਂ ਟਰਾਂਸਫਰਜ਼ ਕੀਤੀਆਂ ਹਨ । (ਵਿਘਨ) ਇਸ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ । ਮੈਂ ਦਸਦਾ ਹਾਂ ਕਿ ਬਗ਼ੈਰ ਕਿਸੇ ਅਸੂਲ ਦੇ ਉਨ੍ਹਾਂ ਦੀਆਂ ਟਰਾਂਸਫਰਾਂ ਦੂਰ ਦੂਰ ਕਰ ਦਿਤੀਆਂ ਹਨ । (ਵਿਘਨ) (ਸ਼ੋਰ)

Mr Speaker : Please resume your seat (*Interruption*)

ਸਰਦਾਰ ਅਜਾਇਬ ਸਿੰਘ ਸੰਧੂ : ਤੁਸੀਂ ਮੈਨੂੰ ਬੋਲਣ ਤਾਂ ਦਿਓ ?

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਇਹ ਅੱਡਜਰਨਮੈਂਟ ਦਾ ਵਿਸ਼ਾ ਨਹੀਂ ਬਣਦਾ । (It is not a fit subject for an Adjournment Motion.

ਸਰਦਾਰ ਅਜਾਇਬ ਸਿੰਘ ਸੰਧੂ : ਤੁਸੀਂ ਮੈਨੂੰ ਬੋਲਣ ਦੀ ਇਜਾਜ਼ਤ ਤਾਂ ਦਿਓ। ਉਨ੍ਹਾਂ ਟੀਚਰਾਂ ਨੂੰ ਦੂਰ ਦੂਰ ਬਦਲ ਦਿਤਾ ਗਿਆ ਹੈ । (ਵਿਘਨ) (ਸ਼ੋਰ)

ਕਾਮਰੇਡ ਸੱਤ ਪਾਲ ਡਾਂਗ : ਪੁਆਇੰਟ ਆਫ ਆਰਡਰ, ਸਰ । ਮੈਂ ਇਕ ਅੱਡਜਰਨਮੈਂਟ ਮੋਸ਼ਨ ਦਿਤੀ ਸੀ । ਕਲ੍ਹ ਲੁਧਿਆਣਾ ਵਿਚ ਇਕ ਮੈਨਡ ਕਰਾਸਿੰਗ ਤੇ ਰੇਲਵੇ ਗੱਡੀ ਅਤੇ ਕਾਰ ਦੀ ਟੱਕਰ ਵਿਚ 6 ਵਿਅਕਤੀ ਮਰ ਗਏ ਹਨ । ਉਸ ਤੋਂ ਪਹਿਲਾਂ ਵੀ ਉਥੇ ਬੜੇ ਐਕਸੀਡੈਂਟ ਹੋਏ ਹਨ ਅਤੇ ਬਹੁਤ ਆਦਮੀ ਮਰ ਗਏ ਹਨ । ਸਪੀਕਰ ਸਾਹਿਬ, ਤੁਸੀਂ ਇਹ ਮੋਸ਼ਨ ਇਸ ਗਰਾਊਂਡ ਤੇ ਰਿਜੈਕਟ ਕੀਤੀ ਕਿ ਇਹ ਪੰਜਾਬ ਗੌਰਮਿੰਟ ਦਾ ਵਿਸ਼ਾ ਨਹੀਂ ਹੈ । ਮੈਂ ਆਪਣੇ ਐਕਸਪਲੇਨੇਟਰੀ ਨੋਟ ਵਿਚ ਇਹ ਦਸਿਆ ਸੀ ਕਿ ਇਹ ਰੇਲਵੇ ਦੀ ਜਿਹੜੀ ਪਾਲਿਸੀ ਹੈ. ਗੌਰਮਿੰਟ ਆਫ ਇੰਡੀਆ ਦੇ ਕਹਿਣ ਤੇ ਸਟੇਟ ਸਰਕਾਰਾਂ ਮੰਨੀਆਂ ਹਨ ਕਿ ਇਹ ਸਟੇਟ ਗੌਰਮਿੰਟ ਦੀ ਰਿਸਪੌਂਸੇਬਿਲਿਟੀ ਹੈ । ਜੇ ਰਾਜ ਸਰਕਾਰ ਪੈਸੇ ਦੇਵੇਗੀ ਤਾਂ ਉਥੇ ਮੈਨਡ ਕਰਾਸਿੰਗ ਬਣੇਗਾ । ਉਸ ਦਾ ਖਰਚਾ ਪੰਜਾਬ ਸਰਕਾਰ ਹੀ ਦੇਵੇਗੀ ।

ਸ਼੍ਰੀ ਸਪੀਕਰ : ਮੈਂ ਮੋਸ਼ਨ ਸੀ. ਐਮ. ਸਾਹਿਬ ਨੂੰ ਭੇਜ ਦੇਵਾਂਗਾ । (I will send this motion to the Chief Minister.)

ਕਾਮਰੇਡ ਸੱਤ ਪਾਲ ਡਾਂਗ : ਜਿੰਨਾ ਚਿਰ ਪੰਜਾਬ ਗੌਰਮਿੰਟ ਪੈਸੇ ਨਹੀਂ ਦੇਵੇਗੀ ਉਦੋਂ ਤਕ ਉਥੇ ਮੈਨਡ ਕਰਾਸਿੰਗ ਨਹੀਂ ਹੋ ਸਕਦਾ । ਉਥੇ ਬਹੁਤ ਸਾਰੇ ਆਦਮੀ ਮਰ ਗਏ ਹਨ ।

ਸ਼੍ਰੀ ਸਪੀਕਰ : ਠੀਕ ਹੈ । ਕਾਲ ਅਟੈਨਸ਼ਨ ਮੋਸ਼ਨ ਨੰ: 24 (ਵਿਘਨ) (All right. Call Attention Motion No. 24.)

ਸਰਦਾਰ ਜਸਵਿੰਦਰ ਸਿੰਘ ਬਰਾੜ: * * * * *

ਸ਼੍ਰੀ ਸਪੀਕਰ : ਇਹ ਜੋ ਕੁਝ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ । (Whatever is being said without the permission of the Chair, should not be recorded.)

ਸਰਦਾਰ ਜਸਵਿੰਦਰ ਸਿੰਘ ਬਰਾੜ : * * * * *

ਸ਼੍ਰੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ । (Whatever the hon. Member is saying, should not be recorded.)

ਸਰਦਾਰ ਜਸਵਿੰਦਰ ਸਿੰਘ ਬਰਾੜ : ਤੁਸੀਂ ਸਾਨੂੰ ਸੁਣਨਾ ਨਹੀ ਚਾਹੁੰਦੇ ।

*Not recorded as ordered by the Chair

Original with;
Punjab Vidhan Sabha
Digitized by;
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ : ਸਾਰੇ ਟੀਚਰ ਬਦਲ ਦਿਤੇ ਗਏ ਹਨ । ਹਾਹਾਕਾਰ ਮਚੀ ਹੋਈ ਹੈ ।

ਸਰਦਾਰ ਜਸਵਿੰਦਰ ਸਿੰਘ ਬਰਾੜ : * * * *

ਸ਼੍ਰੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ । ਇਹ ਪਰੋਸੀਡਿੰਗਜ਼ ਦਾ ਹਿੱਸਾ ਨਾ ਬਣੇ (ਵਿਘਨ) You are obstructing the proceedings of the House. (Whatever is being said, should not be recorded. It should not form part of the proceedings. (*Interruption*) You are obstructing the proceedings of the House.)

ਮਾਸਟਰ ਚੰਦ ਸਿੰਘ : * * * *

ਸ਼੍ਰੀ ਸਪੀਕਰ : ਜੋ ਕੁਝ ਵੀ ਚੋਪੜਾ ਸਾਹਿਬ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (ਵਿਘਨ) You are obstructing the proceedings of the House. I will have to name you. [Whatever the hon. Member Mr. Chopra is saying, should not be recorded. (*Interruption*) You are obstructing the proceedings of the House. I will have to name you.]

ਸਰਦਾਰ ਜਸਵਿੰਦਰ ਸਿੰਘ ਬਰਾੜ : * * * *

ਸ਼੍ਰੀ ਸਪੀਕਰ : ਜੋ ਕੁਝ ਵੀ ਬਰਾੜ ਸਾਹਿਬ ਬਗੈਰ ਚੇਅਰ ਦੀ ਪਰਮਿਸ਼ਨ ਦੇ ਬੋਲ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (ਬਰਾੜ ਸਾਹਿਬ ਵਲੋਂ ਵਿਘਨ) You are obstructing the proceedings of House. (Whatever the hon. Member, Shri Brar is saying without the permission of the Chair, should not be recorded. (Interruption by Sardar Jaswinder Singh Brar.) You are obstructing the proceedings of the House.)

ਸਰਦਾਰ ਜਸਵਿੰਦਰ ਸਿੰਘ ਬਰਾੜ : * * * *

ਸ਼੍ਰੀ ਸਪੀਕਰ : ਬਰਾੜ ਸਾਹਿਬ ਜੋ ਕੁਝ ਵੀ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (ਬਰਾੜ ਸਾਹਿਬ ਵਲੋਂ ਵਿਘਨ) ਹਾਊਸ ਦੇ ਕੁਝ ਰੂਲਜ਼ ਹਨ, ਉਨ੍ਹਾਂ ਰੂਲਜ਼ ਦੇ ਮੁਤਾਬਕ ਆਨਰੇਬਲ ਮੈਂਬਰਜ਼ ਨੂੰ ਚਲਣਾ ਚਾਹੀਦਾ ਹੈ । (ਵਿਘਨ) (ਸ਼ੋਰ) Brar Sahib, please resume your seat. (Whatever the hon. Member Shri Brar is saying, should not be recorded) (Interruption by Sardar Jaswinder Singh Brar) There are certain rules of the House and the hon. Members should follow the same. (Interruption and Noise in the House) Brar Sahib, please resume your seat.)

---

*Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਜਸਵਿੰਦਰ ਸਿੰਘ ਬਰਾੜ : × × ×

ਸ਼੍ਰੀ ਸਪੀਕਰ : ਜੋ ਕੁਝ ਵੀ ਬਰਾੜ ਸਾਹਿਬ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (ਵਿਘਨ) (Whatever the hon. Member Sardar Jaswinder Singh Brar is saying, should not be recorded.) (*Interruption*)

ਸਰਦਾਰ ਅਜਾਇਬ ਸਿੰਘ ਸੰਧੂ : * × × ×

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । (ਵਿਘਨ) (ਸ਼ੋਰ) ਮੈਨੂੰ ਬੜਾ ਅਫ਼ਸੋਸ ਹੈ ਕਿ ਤੁਸੀਂ ਇਸ ਤਰ੍ਹਾਂ ਕਰ ਰਹੇ ਹੋ । (ਵਿਘਨ) (ਸ਼ੋਰ) (Badal Sahib, please intervene (ਸ਼ੋਰ) This is no point of order. (*Interruption and Noise*) I am sorry at your such behaviour. (*Interruption and Noise*) Badal Sahib please intervene.) (*Noise*)

ਕਾਮਰੇਡ ਸੱਤ ਪਾਲ ਡਾਂਗ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੈਂ ਕੋਈ ਗਲਤ ਢੰਗ ਇਸਤੇਮਾਲ ਨਹੀਂ ਕਰਨਾ ਚਾਹੁੰਦਾ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਢੰਗ ਦੇ ਨਾਲ ਟੀਚਰਾਂ ਅਤੇ ਟੀਚਰੈਸਸਿਜ਼ ਦੀਆਂ ਬਦਲੀਆਂ ਹੋਈਆਂ ਹਨ ਉਸ ਦੇ ਲਈ ਕੋਈ ਰੂਲ ਨਹੀਂ ਵਰਤਿਆ ਗਿਆ, ਕੋਈ ਅਸੂਲ ਨਹੀਂ ਵਰਤਿਆ ਗਿਆ । ਜਿਹੜੇ ਇਹਨਾਂ ਦੇ ਰੂਲਜ਼ ਬਣੇ ਹੋਏ ਹਨ ਬਦਲੀਆਂ ਵਾਸਤੇ ਉਹਨਾਂ ਦੀ ਵਾਇਓਲੇਸ਼ਨ ਹੋਈ ਹੈ । ਹੱਦ ਤੋਂ ਵੀ ਵੱਧ ਬਦਲੀਆਂ ਕੀਤੀਆਂ ਗਈਆਂ ਹਨ । ਇਨ੍ਹਾਂ ਦੇ ਇਕ ਕਾਂਗਰਸੀ ਲੀਡਰ ਸ਼੍ਰੀ ਪਰੇਮ ਸਾਗਰ ਨੇ ਵੀ ਲਿਖ ਕੇ ਦਿਤਾ ਸੀ ਕਿ ਇਨ੍ਹਾਂ ਬਦਲੀਆਂ ਵਾਸਤੇ ਕੋਈ ਅਸੂਲ ਹੋਣਾ ਚਾਹੀਦਾ ਹੈ, ਕੋਈ ਰੂਲ ਹੋਣਾ ਚਾਹੀਦਾ ਹੈ ਪਰ ਉਸ ਦੀ ਵੀ ਗਲ ਨਹੀਂ ਮੰਨੀ ਗਈ । (ਵਿਘਨ)

ਡਾਕਟਰ ਬਲਦੇਵ ਪ੍ਰਕਾਸ਼ : ਆਨ ਏ ਪੁਆਂਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਹਾਊਸ ਦੇ ਸਾਹਮਣੇ ਇਕ ਬੜਾ ਗੰਭੀਰ ਮਸਲਾ ਆਇਆ ਹੈ । ਹਜ਼ਾਰਾਂ ਟੀਚਰ ਬਾਹਰ ਧਰਨਾ ਮਾਰ ਕੇ ਬੈਠੇ ਹਨ । ਇਸ ਡੈਮੋਕਰੇਸੀ ਦੇ ਵਿਚ ਵਿਧਾਨ ਸਭਾ ਇਕ ਐਸੀ ਸੰਸਥਾ ਹੈ ਜਿਥੇ ਕਿ ਜਨਤਾ ਜਾਂ ਕਰਮਚਾਰੀ ਆਪਣਾ ਦੁਖ ਰੋ ਸਕਦੇ ਹਨ । ਤੁਸੀਂ ਐਡਜਰਨਮੈਂਟ ਮੋਸ਼ਨ ਡਿਸਅਲਾਓ ਕਰ ਦਿਤੀ ਔਰ ਇਹ ਠੀਕ ਹੈ ਕਿ ਐਡਜਰਨਮੈਂਟ ਮੋਸ਼ਨ ਦੇ ਡਿਸਅਲਾਓ ਹੋ ਜਾਣ ਦੇ ਬਾਅਦ ਡਿਸਕਸ਼ਨ ਨਹੀਂ ਹੋ ਸਕਦੀ । (ਵਿਘਨ)

ਸ਼੍ਰੀ ਸਪੀਕਰ : ਸਪਲੀਮੈਂਟਰੀ ਐਸਟੀਮੇਟਸ ਆਉਣੀਆਂ ਹਨ ਉਸ ਦੇ ਵਿਚ ਤੁਸੀਂ ਟੀਚਰਾਂ ਦੇ ਬਾਰੇ ਡਿਸਕਸ਼ਨ ਕਰ ਲੈਣਾ, ਮੈਂ ਅਲਾਓ ਕਰ ਦਿਆਂਗਾ । (ਵਿਘਨ) (The supplementary Estimates are coming before the House and you should raise this point during that discussion. I will allow you.)

---

*Not recorded/Expunged as ordered by the Chair.

Original with;
Punjab Vidhan Sabha
Digitized by;
Panjab Digital Library

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਹਮੇਸ਼ਾਂ ਅਗੇ ਇਸ ਤਰ੍ਹਾਂ ਹੁੰਦਾ ਰਿਹਾ ਹੈ ਕਿ ਮਨਿਸਟਰ ਇਨਚਾਰਜ ਇਹੋ ਜਿਹੇ ਮਸਲੇ ਤੇ ਹਾਊਸ ਨੂੰ ਰੋਸ਼ਨੀ ਪਾਉਂਦੇ ਰਹੇ ਹਨ । ਮੈਂ ਬੇਨਤੀ ਕਰਾਂਗਾ ਕਿ ਇਹ ਮਸਲਾ ਬੜਾ ਗੰਭੀਰ ਹੈ ਜਿਹੜਾ ਇਸ ਵੇਲੇ ਹਾਊਸ ਦੇ ਸਾਹਮਣੇ ਆਇਆ ਹੈ । ਅਸੈਂਬਲੀ ਤੋਂ ਬਾਹਰ 5,000 ਆਦਮੀ ਬੈਠੇ ਹਨ ਉਹਨਾਂ ਨਾਲ ਬੇ-ਇਨਸਾਫੀ ਹੋਈ ਹੈ । ਉਨ੍ਹਾਂ ਦੀਆਂ ਬਦਲੀਆਂ ਕਰਨ ਵਾਸਤੇ ਕੋਈ ਰੂਲ ਨਹੀਂ ਦੇਖਿਆ ਗਿਆ, ਕੋਈ ਅਸੂਲ ਨਹੀਂ ਦੇਖਿਆ ਗਿਆ । (ਵਿਘਨ) ਤੁਸੀਂ ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਉਹ ਇਸ ਦੇ ਬਾਰੇ ਹਾਊਸ ਨੂੰ ਰੋਸ਼ਨੀ ਪਾਉਣ । 5,000 ਆਦਮੀ ਬਾਹਰ ਬੈਠਾ ਹੈ ਉਨ੍ਹਾਂ ਨੂੰ ਕੋਈ ਦੁਖ ਹੋਵੇਗਾ ਤਾਂ ਹੀ ਬੈਠੇ ਹਨ ਐਵੇਂ ਤਾਂ ਨਹੀਂ ਬੈਠੇ ਹੋਏ । (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਤੁਸੀਂ ਅਜਾਇਬ ਸਿੰਘ ਸੰਧੂ ਜੀ ਨੇ ਜੋ ਐਡਜਰਨਮੈਂਟ ਮੋਸ਼ਨ ਦਿਤੀ ਸੀ ਉਸ ਨੂੰ ਰੂਲ ਆਉਟ ਕਰ ਦਿਤਾ ਔਰ ਨਾਲ ਹੀ ਫਰਮਾਇਆ ਕਿ ਸਪਲੀਮੈਂਟਰੀ ਐਸਟੀਮੇਟਸ ਆ ਰਹੀਆਂ ਹਨ ਉਸ ਦੇ ਵਿਚ ਇਸ ਆਈਟਮ ਨੂੰ ਲੈ ਲੈਣਾ । ਮੈਂ ਇਹ ਸਬਮਿਸ਼ਨ ਕਰਨਾ ਚਾਹੁੰਦਾ ਹਾਂ....(ਵਿਘਨ) ਸਪੀਕਰ ਸਾਹਿਬ, ਸਪਲੀਮੈਂਟਰੀ ਐਸਟੀਮੇਟਸ ਦਾ ਸਕੋਪ ਬੜਾ ਲਿਮਿਟਿਡ ਹੁੰਦਾ ਹੈ । ਇਸ ਸਪਲੀਮੈਂਟਰੀ ਐਸਟੀਮੇਟਸ ਵਿਚ ਕੋਈ ਐਜੂਕੇਸ਼ਨ ਦੀ ਡੀਮਾਂਡ ਵੀ ਨਹੀਂ ਹੈ ਜਿਸ ਕਰਕੇ ਅਸੀਂ ਇਹ ਗਲ ਨਹੀਂ ਕਹਿ ਸਕਦੇ । ਇਸ ਲਈ ਮੈਂ ਕਹਾਂਗਾ ਕਿ ਇਹ ਬੜਾ ਗੰਭੀਰ ਮਸਲਾ ਹੈ ਔਰ ਜੇ ਤੁਸੀਂ ਐਡਜਰਨਮੈਂਟ ਮੋਸ਼ਨ ਐਡਮਿਟ ਨਹੀਂ ਕਰ ਸਕਦੇ ਤਾਂ ਘਟੋ ਘਟ ਇਸ ਨੂੰ ਕਾਲ ਅਟੈਨਸ਼ਨ ਮੋਸ਼ਨ ਵਿਚ ਤਬਦੀਲ ਕਰਕੇ ਵਜ਼ੀਰ ਸਾਹਿਬ ਨੂੰ ਕਹੋ ਕਿ ਉਹ ਜਵਾਬ ਜਲਦੀ ਦੇ ਦੇਣ ।

ਸ਼੍ਰੀ ਸਪੀਕਰ : ਠੀਕ ਹੈ, ਇਹ ਐਡਜਰਨਮੈਂਟ ਮੋਸ਼ਨ ਕਾਲ ਅਟੈਨਸ਼ਨ ਮੋਸ਼ਨ ਵਿਚ ਤਬਦੀਲ ਕੀਤੀ ਜਾਂਦੀ ਹੈ । (ਵਿਘਨ) (ਸ਼ੋਰ) (ਸਰਦਾਰ ਬਸੰਤ ਸਿੰਘ ਖਾਲਸਾ ਵਲੋਂ ਵਿਘਨ) Please resume your seats. ਮੈਂ ਆਨਰੇਬਲ ਮੈਂਬਰਜ਼ ਨੂੰ ਕਹਿਣਾ ਚਾਹਾਂਗਾ ਕਿ ਜਿਹੜਾ ਇਸ ਐਡਜਰਨਮੈਂਟ ਮੋਸ਼ਨ ਦੀ ਸ਼ਕਲ ਵਿਚ ਆਇਆ ਹੈ ਉਹ ਵਾਕਿਆ ਹੀ ਬੜਾ ਗੰਭੀਰ ਹੈ ਇਸ ਦੇ ਬਾਰੇ ਕੋਈ ਟੀਚਰਜ਼ ਬਾਹਰ ਆਏ ਹੋਏ ਹਨ । ਗਰਾਂਟਸ ਤੇ ਜੋ ਡਿਸਕਸ਼ਨ ਹੋਣੀ ਹੈ ਔਰ ਮਨਿਸਟਰ ਸਾਹਿਬ ਨੇ ਜਵਾਬ ਦੇਣਾ ਹੈ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਵਿਸ਼ੇ ਤੇ ਜ਼ਰੂਰ ਰੋਸ਼ਨੀ ਪਾਉਣ । (ਵਿਘਨ) (All right. This Ajournment Motion is converted into a Call Attention Motion. (Interruption and Noise in the House) (Interruption by Sardar Basant Singh Khalsa) Please resume your seats. I would like to point out to the hon. Members that the issue raised in the Adjournment Motion is very serious. Some teachers have come here in this connection. I would request that while giving a reply to the debate on the Supplementary Estimates, the hon. Minister concerned may throw light on the matter.) (*Interruption*)

Original with;
Punjab Vidhan Sabha
Digitized by;
Panjab Digital Library

ਮਾਲ ਅਤੇ ਚੋਣ ਮੰਤਰੀ (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਕਾਲ ਅਟੈਨਸ਼ਨ ਮੋਸ਼ਨ ਦਾ ਜਵਾਬ ਅਸੀਂ ਜਲਦੀ ਦੇਣ ਦੀ ਕੋਸ਼ਿਸ਼ ਕਰਾਂਗੇ ਪਰ ਤੁਸੀਂ ਇਸ ਤਰ੍ਹਾਂ ਦੀ ਗਲ ਨਾ ਕਰੋ । (ਵਿਘਨ)

ਸ਼੍ਰੀ ਸਪੀਕਰ : ਜਿਸ ਵੇਲੇ ਤੁਸੀਂ ਗਰਾਂਟਸ ਤੇ ਬਹਿਸ ਦਾ ਜਵਾਬ ਦੇਣਾ ਹੈ ਉਸ ਵੇਲੇ ਇਸ ਤੇ ਵੀ ਰੋਸ਼ਨੀ ਪਾ ਦੇਣਾ । (ਵਿਘਨ) (ਸ਼ੋਰ) (You may throw some light on the issue while giving reply to the discussion on the Supplementary Grants. (*Interruption and Noise*)

ਮਾਲ ਅਤੇ ਚੋਣ ਮੰਤਰੀ : ਇਹ ਨਵੀਂ ਕਨਵੈਨਸ਼ਨ ਪਾ ਰਹੇ ਹੋ । ਤੁਸੀਂ ਇਸ ਤਰ੍ਹਾਂ ਨਾ ਕਰੋ । ਅਜ ਕੋਈ ਐਜੂਕੇਸ਼ਨ ਦੀ ਡੀਮਾਂਡ ਵੀ ਨਹੀਂ ਹੈ ।

ਸ਼੍ਰੀ ਸਪੀਕਰ : ਚਾਹੇ ਡੀਮਾਂਡ ਨਹੀਂ ਹੈ ਲੇਕਿਨ ਇਹ ਇਸ਼ੂ ਆਇਆ ਹੈ ਇਸ ਤੇ ਕੁਝ ਰੋਸ਼ਨੀ ਪਾ ਦਿਤੀ ਜਾਵੇ । (ਵਿਘਨ) (Although it has not figured in the Demands yet some light may be thrown on this issue as it has cropped up here in the House.) (*Interruption*)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਤੁਸੀਂ ਉਸੇ ਗਲ ਦੇ ਜਵਾਬ ਦੇ ਵਿਚ ਹੁਣ ਐਡਜਰਨਮੈਂਟ ਮੋਸ਼ਨ ਜੋ ਕਿ ਸਰਦਾਰ ਅਜਾਇਬ ਸਿੰਘ ਸੰਧੂ ਜੀ ਨੇ ਦਿਤੀ ਸੀ ਕਾਲ ਅਟੈਨਸ਼ਨ ਮੋਸ਼ਨ ਬਦਲ ਦਿਤੀ ਹੈ । ਪਰ ਜਿਹੜੀ ਗਲ ਮੈਂ ਪਹਿਲਾਂ ਕਹੀ ਸੀ ਉਹ ਤੁਸੀਂ ਕਟਾ ਦਿਤੀ....(ਵਿਘਨ) ਮੈਂ ਬੇਨਤੀ ਕਰਾਂਗਾ (ਵਿਘਨ) ਮੇਰੀ ਬੇਨਤੀ ਤਾਂ ਸਪੀਕਰ ਸਾਹਿਬ ਸੁਣ ਲਉ । ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਜਿਹੜੀਆਂ ਗਲਾਂ ਤੁਸੀਂ ਮੰਨ ਲਈਆਂ ਹਨ ਉਹੀ ਮੈਂ ਪਹਿਲਾਂ ਕਹੀਆਂ ਸਨ, ਕਿਰਪਾ ਕਰਕੇ ਜੋ ਮੈਂ ਕਿਹਾ ਸੀ ਉਹ ਪ੍ਰੋਸੀਡਿੰਗਜ਼ ਵਿਚ ਮੰਨ ਲਉ । (ਵਿਘਨ) (ਸ਼ੋਰ)

Mr. Speaker : Please resume your seat.

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ ਸਰ । ਸਪੀਕਰ ਸਾਹਿਬ, ਮੇਰੀ ਹਾਲੇ ਤਸੱਲੀ ਨਹੀਂ ਹੋਈ । ਮੇਰੀ ਐਡਜਰਨਮੈਂਟ ਮੋਸ਼ਨ ਤੁਸੀਂ ਕਾਲ ਅਟੈਨਸ਼ਨ ਮੋਸ਼ਨ ਬਣਾ ਦਿਤੀ ਪਰ ਇਹ ਤੁਸੀਂ ਨਹੀਂ ਦਸਿਆ ਕਾਲ ਅਟੈਨਸ਼ਨ ਮੋਸ਼ਨ ਦਾ ਜਵਾਬ ਅੱਜ ਹੀ ਸਰਕਾਰ ਦੇਵੇਗੀ । (ਵਿਘਨ) ਐਜੂਕੇਸ਼ਨ ਮਨਿਸਟਰ ਅੱਜ ਹੀ ਜਵਾਬ ਦੇਵੇ ।

ਸਪੀਕਰ ਸਾਹਿਬ ਸਰਦਾਰ ਉਮਰਾਓ ਸਿੰਘ ਨੇ ਕਿਹਾ ਹੈ ਕਿ ਇਹ ਨਹੀਂ ਕਰ ਸਕਦੇ ਅਤੇ ਤੁਸੀਂ ਰੂਲਿੰਗ ਦਿਤੀ ਹੈ, ਇਸ ਬਾਰੇ ਹੁਣ ਤੁਸੀਂ ਆਪ ਵੇਖ ਲਵੋ ।

ਸ਼੍ਰੀ ਸਪੀਕਰ : ਮੈਂ ਕਹਿ ਚੁਕਾ ਹਾਂ ਅਤੇ ਮੈਂ ਸਮਝਦਾ ਹਾਂ ਕਿ ਇਸ ਬਾਰੇ ਜਵਾਬ ਜ਼ਰੂਰ ਮਿਲੇਗਾ । (I have already requested them and I hope you will get a reply.)

Original with;
Punjab Vidhan Sabha
Digitized by;
Panjab Digital Library

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਇਹ ਇਕ ਆਰਡੀਨਰੀ ਐਡਮਨਿਸਟਰੇਟਿਵ ਮੈਟਰ ਹੈ । ਇਸ ਬਾਰੇ ਐਡਜਰਨਮੈਂਟ ਮੋਸ਼ਨ ਬਣਦੀ ਨਹੀਂ ਸੀ ਹੁਣ ਤੁਸੀਂ ਇਸ ਨੂੰ ਕਾਲ ਅਟੈਨਸ਼ਨ ਦਾ ਮੌਜੂ ਬਣਾ ਦਿਤਾ ਹੈ ਤੁਸੀਂ ਇਨ੍ਹਾਂ ਤੇ ਮੇਹਰਬਾਨੀ ਕੀਤੀ ਸੀ । ਪਹਿਲਾਂ ਤਾਂ ਉਸਦੀ ਕਾਲ ਅਟੈਨਸ਼ਨ ਮੋਸ਼ਨ ਬਣਾ ਦਿਤੀ ਹੁਣ ਇਹ ਵੀ ਕੰਨਸੇਸ਼ਨ ਦਿਤਾ ਹੈ ਕਿ ਜੋ ਡਿਮਾਂਡਜ਼ ਤੇ ਵੀ ਥੋੜਾ ਬਹੁਤ ਬੋਲ ਸਕਦੇ ਹਨ । ਮੇਰੀ ਗੁਜ਼ਾਰਿਸ਼ ਇਹ ਹੈ ਕਿ ਇਹ ਕੋਈ ਐਸਾ ਮਸਲਾ ਨਹੀਂ ਜਿਹੜਾ ਇਸ ਤਰੀਕੇ ਨਾਲ ਇਸ ਹਾਊਸ ਵਿਚ ਲਿਆਂਦਾ ਜਾਵੇ । ਜੇ ਕਰ ਕਿਸੇ ਐਮਪਲਾਈ ਦੀ ਟਰਾਂਸਫਰ ਹੋ ਗਈ ਹੈ ਤਾਂ ਉਸ ਨੂੰ ਹਾਊਸ ਵਿਚ ਲਿਆ ਕੇ ਉਹਨਾਂ ਨਾਲ ਇਨਸਾਫ ਨਹੀਂ ਬੇ-ਇਨਸਾਫੀ ਕਰਨਗੇ । ਇਹ ਸਰਕਾਰ ਦਾ ਕੰਮ ਹੈ ਜਦੋਂ ਉਹਨਾਂ ਦੀ ਸਰਕਾਰ ਸੀ ਉਹਨਾਂ ਨੇ ਸਾਰੇ ਹੀ ਟੀਚਰਜ਼ ਬਦਲ ਦਿਤੇ ਸਨ । ਇਸ ਐਡਮਨਿਸਟਰੇਟਿਵ ਮੈਟਰ ਨੂੰ ਜਿਸ ਤਰ੍ਹਾਂ ਇਹ ਚਾਹੁੰਦੇ ਹਨ ਅਸੀਂ ਨਹੀਂ ਕਰਾਂਗੇ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮਹਿਜ਼ ਟਰਾਂਫਰਜ਼ ਐਡਮਨਿਸ਼ਟਰੇਟਿਵ ਮੈਟਰ ਹੁੰਦਾ ਹੈ ਪਰ ਜੇ ਕਰ ਪੁਲੀਟੀਕਲ ਫੇਵਰਟਿਇਜ਼ ਨਾਲ ਕੋਈ ਐਸਾ ਕੰਮ ਕੀਤਾ ਜਾਏ ਤਾਂ ਹੀ ਇਹ ਮੈਟਰ ਇਥੇ ਰੇਜ਼ ਕੀਤਾ ਜਾਂਦਾ ਹੈ । ਇਟ ਇਜ਼ ਨਾਟ ਔਨ ਐਡਮਨਿਸਟਰੇਟਿਵ ਮੈਟਰ, ਇਹ ਮੈਟਰ ਬੜਾ ਇੰਪਾਰਟੈਂਟ ਹੈ ।

PERSONAL EXPLANATIONS BY SARVSHRI PREM GUPTA AND JASWINDER SINGH BRAR

ਸ਼੍ਰੀ ਪਰੇਮ ਗੁਪਤਾ : ਸਪੀਕਰ ਸਾਹਿਬ, ਆਨ ਏ ਪਰਸਨਲ ਐਕਸਪਲਾਨੇਸ਼ਨ । ਸਪੀਕਰ ਸਾਹਿਬ, ਮੈਂ ਐਜੂਕੇਸ਼ਨ ਕੰਸਲਟੇਟਿਵ ਕਮੇਟੀ ਦਾ ਮੈਂਬਰ ਹਾਂ । ਜਿਹੜੇ ਹੋਰ ਮੈਂਬਰਜ਼ ਹਨ ਉਨ੍ਹਾਂ ਦੇ ਨਾਲ ਇਕ ਦੋ ਮੀਟਿੰਗਾਂ ਹੋਈਆਂ ਹਨ । ਮੈਂ ਵੀ ਟੀਚਰਜ਼ ਦੀ ਟਰਾਂਸਫਰਜ਼ ਦੇ ਬਾਰੇ ਜੋ ਗਲ ਸਮਝਦਾ ਹਾਂ ਆਪਣੀ ਪੁਖ਼ਤਾ ਰਾਏ ਮੀਟਿੰਗ ਵਿਚ ਦਿਤੀ ਸੀ ਅਤੇ ਬਾਅਦ ਵਿਚ ਵੀ ਮੈਂ ਲਿਖ ਕੇ ਦਿਤਾ, ਲੇਕਿਨ ਟੀਚਰਜ਼ ਟਰਾਂਸਫਰਜ਼ ਬਾਰੇ ਅਸੀਂ ਬੜਾ ਕੁਝ ਕੀਤਾ ਹੈ । ਇਹ ਹਾਊਸ ਵਿਚ ਆਕੇ ਕੁਝ ਕਹਿੰਦੇ ਹਨ ਅਤੇ ਬਾਹਰ ਕੁਝ । ਮੀਟਿੰਗ ਵਿਚ ਇਹ ਕਹਿੰਦੇ ਹਨ ਕਿ ਟਰਾਂਸਫਰਜ਼ ਜ਼ਰੂਰ ਹੋਣੀਆਂ ਚਾਹੀਦੀਆਂ ਹਨ, ਮੇਰੀ ਰਾਏ ਹੈ ਕਿ ਜ਼ਰੂਰ ਨਹੀਂ ਹੋਣੀਆਂ ਚਾਹੀਦੀਆਂ, ਲੇਕਿਨ ਇਹ ਇਥੇ ਆਕੇ ਕਹਿੰਦੇ ਹਨ ਕਿ ਤਬਦੀਲੀਆਂ ਕਿਉਂ ਕੀਤੀਆਂ ਗਈਆਂ ? ਮੈਂ ਮਨਿਸਟਰ ਸਾਹਿਬ ਨੂੰ ਦਰਖਾਸਤ ਕਰਨੀ ਹੈ ਕਿ ਮੇਰੀ ਚਿੱਠੀ ਪੜ੍ਹ ਲੈਣ ਅਤੇ ਜੇ ਕੋਈ ਟਰਾਂਸਫਰਜ਼ ਡੀ.ਈ.ਓਜ਼ ਨੇ ਜਾਂ ਸੀ.ਈ.ਓਜ਼ ਨੇ ਜਾਂ ਹੋਰ ਕਿਸੇ ਅਫ਼ਸਰ ਨੇ ਕੀਤੀਆਂ ਹਨ ਉਹਨਾਂ ਦੇ ਬਾਰੇ ਵਿਚ ਜੇ ਕਿਸੇ ਨੂੰ ਕੋਈ ਇਨਕੰਨਵੀਨੀਐਂਸ ਹੋਈ ਹੈ ਉਹ ਐਪਲੀਕੇਸ਼ਨਜ਼ ਦੇ ਦੇਣ ਕਿ ਇਹ ਹਾਈ ਹੈਂਡਿਡਨੈਸ ਹੋਈ ਹੈ ।

(ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : ਕੀ ਇਹ ਪਰਸਨਲ ਐਕਸਪਲਾਨੇਸ਼ਨ ਹੈ ?

ਸ਼੍ਰੀ ਸਪੀਕਰ : ਗੁਪਤਾ ਜੀ, ਬਰੀਫਲੀ ਐਕਸਪਲੇਨ ਕਰ ਦਿਉ । (Gupta ji, please be brief.)

Original with;
Punjab Vidhan Sabha
Digitized by;
Panjab Digital Library

ਸ਼੍ਰੀ ਪੇਮ ਗੁਪਤਾ : ਮੈਂ ਅਰਜ਼ ਕਰ ਰਿਹਾ ਸੀ ਕਿ ਜੇ ਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਉਨ੍ਹਾਂ ਦੀਆਂ ਐਪਲੀਕੇਸ਼ਨਜ਼ ਲੈ ਕੇ ਹੀ-ਕੰਸਿਡਰ ਕਰ ਲਿਆ ਜਾਵੇ । ਪਰ ਮੈਨੂੰ ਹੈਰਾਨੀ ਹੁੰਦੀ ਹੈ ਕਿ ਜਿਹੜੀ ਸਰਕਾਰ ਨੇ ਸਾਰਿਆਂ ਨੂੰ ਬਦਲ ਦਿਤਾ ਹੋਵੇ ਉਹ ਅੱਜ ਇਥੇ ਰੌਲਾ ਪਾਉਂਦੇ ਹਨ ਕਿ ਤਬਦੀਲੀਆਂ ਕਰ ਦਿਤੀਆਂ ਇਹ ਠੀਕ ਨਹੀਂ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੇਰੀ ਪਰਸਨਲ ਐਕਸਪਲਾਨੇਸ਼ਨ ਇਹ ਹੈ ਕਿ ਮੈਂ ਤੁਹਾਡੇ ਦੁਆਰਾ ਇਹ ਗਲ ਕਰਨੀ ਚਾਹੁੰਦਾ ਹਾਂ ਕਿ ਸਰਦਾਰ ਉਮਰਾਓ ਸਿੰਘ ਨੇ ਕਿਹਾ ਹੈ ਕਿ [* X X X]

ਮਾਲ ਅਤੇ ਚੋਣ ਮੰਤਰੀ (ਸਰਦਾਰ ਉਮਰਾਓ ਸਿੰਘ) : ਮੈਂ ਇਹ ਨਹੀਂ ਕਿਹਾ । (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ : ਕਿਹਾ ਹੈ । (ਵਿਘਨ)

ਸ਼੍ਰੀ ਸਪੀਕਰ : ਜੇ ਇਹ ਸ਼ਬਦ ਕਹੇ ਹਨ ਤਾਂ ਪ੍ਰੋਸੀਡਿੰਗਜ਼ ਵਿਚੋਂ ਕੱਢ ਦਿਤੇ ਜਾਣ । (These words, if used should be expunged.)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੈਂ ਇਨ੍ਹਾਂ ਵਰਗਾ ਕੱਚਾ ਨਹੀਂ ਕਿ ਅਕਾਲੀ ਦਲ ਦਾ ਜਨਰਲ ਸੈਕਟਰੀ ਰਿਹਾ ਹੋਵਾਂ ਤੇ ਕਾਂਗਰਸੀਆਂ ਦੀ ਝੋਲੀ ਚੁਕਾਂ । ਮੈਂ ਅਕਾਲੀ ਹਾਂ ਅਤੇ ਅਕਾਲੀ ਰਹਾਂਗਾ ।

ਮਾਲ ਅਤੇ ਚੋਣ ਮੰਤਰੀ : ਉਹ ਅਕਾਲੀ ਦਲ ਖ਼ਤਮ ਹੋ ਚੁਕਾ ਹੈ ਇਹ ਬੋਗਸ ਅਕਾਲੀ ਹਨ । (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : * * * * *

(ਵਿਘਨ)

ਸ਼੍ਰੀ ਸਪੀਕਰ : ਇਹ ਜੋ ਕੁਝ ਬਰਾੜ ਸਾਹਿਬ ਨੇ ਕਿਹਾ ਹੈ ਉਹ ਰਿਕਾਰਡ ਵਿਚੋਂ ਕੱਢ ਦਿਤਾ ਜਾਵੇ । (Whatever the hon. Member Sardar Jaswinder Singh Brar has said that should be expunged.)

CALL-ATTENTION NOTICES UNDER RULE 66

(Serial No. 24)

Comrade Satya Pal Dang : Sir I beg to draw the attention of the Government towards a matter of urgent public importance namely there is serious discontentment amongst the employees of the Punjab Roadways for various reasons. Agreements made on 16th October, 1973, 6th December, 1973, 24th January, 1974 and 29th May, 1974

*Expunged as ordered by the Chair.

Original with;
Punjab Vidhan Sabha
Digitized by;
Panjab Digital Library

[Comrade Satya Paul Dang]

by the Government with Union of the employees have not been implemented. One fourth of the total fleet is standing idle in the workshops particularly at Moga Ferozepur, Batala and Ludhiana. Mileage to the extent of nearly 12 lacs is being missed every month. On the other hand, long important and productive/monopoly routes are being given to the private operators.

There is serious discontentment in the public too as public interests are vitally affected.

In view of the obvious and urgent importance of the matter the Government may please be asked to make a statement in the House.

ਸ਼੍ਰੀ ਸਪੀਕਰ : ਪ੍ਰਵਾਨ ਕੀਤੀ ਜਾਂਦੀ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ। (Admitted. The hon. Minister concerned may please make a statement.)

(ਕ੍ਰਮ ਨੰ: 26)

ਕਾਮਰੇਡ ਸੱਘੜ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ, ਜ਼ਿਲ੍ਹਾ ਫ਼ਰੀਦਕੋਟ, ਤਹਿਸੀਲ ਮੁਕਤਸਰ ਦੇ ਪਿੰਡ ਵੜਿੰਗਖੇੜਾ ਅਤੇ ਕਿਲਿਆਂਵਾਲੀ ਵਿਖੇ ਰੋਜ਼ਨਾਮਚਾ ਬਾਕਿਆਤੀ ਬਗੈਰ ਮੋਹਰਾਂ ਤੋਂ ਹੀ ਰੱਖੇ ਜਾਣ ਵੱਲ ਦੁਆਇਆ ਜਾਂਦਾ ਹੈ ਜੋ ਕਿ ਗੈਰ-ਕਾਨੂੰਨੀ ਹੈ ਅਤੇ ਇਸ ਤਰ੍ਹਾਂ ਇਲਾਕੇ ਦੇ ਵੱਡੇ ਮਾਲਕਾਂ ਨਾਲ ਰਲ਼ਕੇ ਮਹਿਕਮਾਂ ਮਾਲ ਦੇ ਅਧਿਕਾਰੀ ਗਿਰਦਾਵਰੀਆਂ ਵਿਚ ਵਡੇ ਪੈਮਾਨੇ ਉਤੇ ਅਦਲਾ ਬਦਲੀਆਂ ਕਰ ਰਹੇ ਹਨ। ਇਸ ਨਾਲ ਸਾਰੇ ਹਲਕੇ ਦੇ ਮਜ਼ਾਰਿਆਂ ਵਿਚ ਬੇਚੈਨੀ ਫੈਲੀ ਹੋਈ ਹੈ। ਮਾਮਲੇ ਦੀ ਮਹੱਤਤਾ ਨੂੰ ਸਾਹਮਣੇ ਰਖਦਿਆਂ ਸਰਕਾਰ ਨੂੰ ਬਿਆਨ ਦੇਣ ਲਈ ਕਿਹਾ ਜਾਵੇ।

ਸ਼੍ਰੀ ਸਪੀਕਰ : ਪ੍ਰਵਾਨ ਕੀਤੀ ਜਾਂਦੀ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ। (Admitted. The hon. Minister concerned may please make a statement.)

ਕ੍ਰਮ ਨੰ: 28

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਸਾਲ ਦੇ ਅਖੀਰ ਵਿਚ ਮਹਿਕਮਾ ਜੰਗਲਾਤ ਦੇ ਸਤਲੁਜ ਅਤੇ ਬਿਸਤ ਦੁਆਬ ਦੇ ਹੈਡ ਕਵਾਟਰ ਪਟਿਆਲਾ ਅਤੇ ਜਲੰਧਰ ਬਦਲੇ ਜਾ ਰਹੇ ਹਨ ਜਿਸ ਨਾਲ ਚੌਥੇ ਅਤੇ ਤੀਜੇ ਵਰਗ ਦੇ ਲਗ ਭਗ 1000 ਕਰਮਚਾਰੀ ਉਤੇ ਗੰਭੀਰ ਆਰਥਿਕ ਚੋਟ ਲੱਗੇਗੀ ਕਿਉਂਕਿ ਇਨਾਂ ਦੇ ਆਪਣੇ ਬੱਚੇ ਆਦਿ ਏਥੇ ਦਾਖ਼ਲ ਕਰਾਏ ਹੋਏ ਹਨ ਅਤੇ ਗਰੀਬ ਮੁਲਾਜ਼ਮ ਹੋਣ ਕਰਕੇ ਇਨ੍ਹਾਂ ਨੂੰ ਹੋਰ ਭੀ ਔਕੜਾਂ ਆਉਣਗੀਆਂ। ਮਾਮਲੇ ਦੀ ਮਹੱਤਤਾ ਨੂੰ ਸਾਹਮਣੇ ਰਖਦਿਆਂ ਸਰਕਾਰ ਨੂੰ ਬਿਆਨ ਦੇਣ ਲਈ ਕਿਹਾ ਜਾਵੇ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted. The hon. Minister concerned may please make a statement.)

(Serial No. 29)

Shri Sardari Lal Kapur : Sir, I beg to draw the attention of the Government towards a matter of urgent public importance, namely, due to short supply of electricity the industry and crops of the State are suffering a lot. Because of imperfect planning by the Punjab State Electricity Board, the industrialists of Ludhiana are very hard hit. They are given electricity for a short while and they do not get it for eight to ten hours daily with the result that huge loss is caused to the industrialists of Ludhiana and the labourers employed in those industries in Ludhiana proper become out of employment. Moreover, if an industrialist of Ludhiana, by chance, uses even two units more than prescribed then his electricity connection is cut off, which results in further corruption at the time of reconnection. If an industrialist bribes the staff of the Electricity Board, then he is favoured by his electric meter being made to run backward, thus showing less consumption of electricity by the person who gives the bribe. Thus there is a regular racket of corruption which needs immediate attention by the Government. This is, therefore, a fit case on which the Minister for Power should make a statement on the floor of the House. Hence this Call Attention Motion.

Mr. Speaker: Admitted. The Minister concerned may please make a statement.

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ ਮੇਰੀ ਇਕ ਕਾਲ ਅਟੈਨਸ਼ਨ ਮੋਸ਼ਨ ਸੀ ।

ਸ਼੍ਰੀ ਸਪੀਕਰ : ਤੁਸੀਂ ਚੈਂਬਰ ਵਿਚ ਆ ਜਾਣਾ । ਜੇ ਕੋਈ ਕਾਲ ਅਟੈਨਸ਼ਨ ਮੋਸ਼ਨ ਰਿਜੈਕਟ ਹੋਈ ਹੈ ਤਾਂ ਉਸਦੇ ਕੋਈ ਰੀਜ਼ਨਜ਼ ਤਾਂ ਜ਼ਰੂਰ ਹੋਣਗੇ । ਸਾਰੀਆਂ ਕਾਲ ਅਟੈਨਸ਼ਨ ਮੋਸ਼ਨਾਂ ਐਡਮਿਟ ਤਾਂ ਨਹੀਂ ਹੁੰਦੀਆਂ । (Please come to my chamber. Some reasons must have been given for rejecting a Call Attention Notice. All the Call Attention Notices can't be admitted.)

ਡਾਕਟਰ ਬਲਦੇਵ ਪ੍ਰਕਾਸ਼ : ਉਹ ਰਿਜੈਕਟ ਨਹੀਂ ਹੋਈ । ਤੁਸੀਂ ਇਹ ਕਾਰਨ ਦਿਤਾ ਹੈ :-

I am directed to inform you that the same has been dis-allowed by the hon'ble Speaker on the ground that another motion given by him is under action.

ਤੁਸੀਂ ਕਹਿੰਦੇ ਹੋ ਕਿ ਮੈਂ ਦੋ ਮੋਸ਼ਨਾਂ ਦਿਤੀਆਂ ਹਨ । ਇਕ ਉਤੇ ਐਕਸ਼ਨ ਹੋ ਰਿਹਾ ਹੈ ਅਤੇ ਇਕ ਡਿਸਅਲਾਓ ਹੋ ਗਈ ਹੈ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਤੁਸੀਂ ਇਸ ਨੂੰ ਦੁਬਾਰਾ ਭੇਜ ਦਿਉ । ਇਸਨੂੰ ਦੇਖ ਲਵਾਂਗੇ ਅਤੇ ਕਲ ਵਾਸਤੇ ਕੰਸਿਡਰ ਕਰ ਲਵਾਂਗੇ । (Please send it back. I will reconsider it for tomorrow.)

STATEMENT LAID ON THE TABLE OF THE HOUSE IN REPLY TO CALL ATTENTION NOTICE

Chief Parliamentarry Secretary (Sardar Gurcharan Singh Nihal Singh Wala) : Sir, I lay on the Table of the House reply to Call Attention Notice No. 6.

(Serial No. 6)

Shri Sardari Lal Kapur : to draw the attention of the Government towards a matter of urgent public importance, namely, the misuse of loud-speakers all over the State is creating a great nuisance for the students, sick persons and othrr residents of cities, towns and villagesJ of the State. Even though the attention of the Government has been drawn many times in and outside this House to the grave misuse of loud speakers by the Lottery-wallas, cinema owners and others, nothing has been done, so far, by the Government to put a stop to this nuisance. The Government should, therfore, make a statement on the floor of the House, as to what it proposes doing to save the public from this nuisance of loudspeakers, which is increasing day by day.

ਗਿਆਨੀ ਜ਼ੈਲ ਸਿੰਘ (ਮੁੱਖ ਮੰਤਰੀ) : ਇਸ ਸਬੰਧ ਵਿਚ ਦਸਿਆ ਜਾਂਦਾ ਹੈ ਕਿ ਪੰਜਾਬ ਵਿਚ ਲਾਉਡ-ਸਪੀਕਰ ਆਦਿ ਯੰਤਰਾਂ ਦੀ ਵਰਤੋਂ ਪੰਜਾਬ ਲਾਉਡ-ਸਪੀਕਰ ਆਦਿ ਯੰਤਰ (ਸ਼ੋਰ ਯੰਤਰ) ਐਕਟ, 1956 ਦੇ ਅਧੀਨ ਨਿਯਮਤ ਕੀਤੀ ਜਾਂਦੀ ਹੈ । ਇਸ ਐਕਟ ਦੀ ਧਾਰਾ 3 ਦੇ ਅਧੀਨ ਕੋਈ ਵਿਅਕਤੀ ਜ਼ਿਲ੍ਹਾ ਮੈਜਿਸਟਰੇਟ ਜਾਂ ਉਸ ਦੁਆਰਾ ਇਸ ਸਬੰਧੀ ਅਧਿਕਾਰਤ ਕਿਸੇ ਅਫਸਰ ਦੀ ਲਿਖਤੀ ਮਨਜ਼ੂਰੀ ਅਤੇ ਅਜਿਹੀਆਂ ਸ਼ਰਤਾਂ ਦੀ ਪਾਲਨਾ ਕਰਨ ਤੋਂ ਬਿਨਾਂ ਜੋ ਕਿ ਉਸ ਨਾਲ ਲਾਈਆਂ ਜਾਣ, ਕਿਸੇ ਅਹਾਤੇ ਵਿਚ ਜਾਂ ਉਸ ਵਿਚ ਬਣੀ ਕਿਸੇ ਇਮਾਰਤ ਤੇ ਅਜਿਹੀ ਆਵਾਜ਼ ਰਖਕੇ ਜਿਹੜੀ ਕਿ ਉਸ ਦੀ ਹਦੂਦ ਤੋਂ ਬਾਹਰ ਜਾਂਦੀ ਹੋਵੇ, ਕਿਸੇ ਯੰਤਰ ਦੀ ਵਰਤੋਂ ਨਹੀਂ ਕਰੇਗਾ । ਇਸ ਐਕਟ ਦੀ ਧਾਰਾ 4 ਇਹ ਪਾਬੰਦੀ ਲਾਉਂਦੀ ਹੈ ਕਿ ਕੋਈ ਵਿਅਕਤੀ ਜ਼ਿਲ੍ਹਾ ਮੈਜਿਸਟਰੇਟ ਜਾਂ ਉਸ ਦੁਆਰਾ ਅਧਿਕਾਰਤ ਕਿਸੇ ਅਫਸਰ ਦੀ ਲਿਖਤੀ ਮੰਨਜ਼ੂਰੀ ਅਤੇ ਅਜਿਹੀਆਂ ਸ਼ਰਤਾਂ ਦੀ ਪਾਲਣਾ ਕਰਨ ਤੋਂ ਬਿਨਾਂ ਜੋ ਕਿ ਉਸ ਤੇ ਲਾਈਆਂ ਜਾਣ, 10 ਵਜੇ ਰਾਤ ਤੋਂ 6 ਵਜੇ ਸਵੇਰੇ ਤਕ ਦੇ ਸਮੇਂ ਦੇ ਵਿਚਕਾਰ ਕਿਸੇ ਯੰਤਰ ਦੀ ਵਰਤੋਂ ਨਹੀਂ ਕਰੇਗਾ ਜਾਂ ਉਸਨੂੰ ਨਹੀਂ ਚਲਾਏਗਾ। ਇਸ ਕਾਨੂੰਨ ਦੀਆਂ ਪ੍ਰੋਵੀਜ਼ਨਜ਼ ਨੂੰ ਸੀ.ਆਰ.ਪੀ.ਸੀ. ਦੇ ਅਧੀਨ ਕੋਗਨੀਜ਼ੇਬਲ ਅਪਰਾਧ ਬਣਾਇਆ ਗਿਆ ਹੈ ।

2. ਇਸ ਐਕਟ ਦੀ ਕੜੀ ਪਾਲਣਾ ਕਰਨ ਲਈ ਜ਼ਿਲ੍ਹਾ ਮੈਜਿਸਟਰੇਟਾਂ ਨੂੰ ਸਮੇਂ ਸਮੇਂ ਤੇ ਹਿਦਾਇਤਾਂ ਕੀਤੀਆਂ ਜਾਂਦੀਆਂ ਹਨ ਅਤੇ ਇਹੋ ਜਿਹੀਆਂ ਹਿਦਾਇਤਾਂ ਹੁਣ ਫੇਰ ਜਾਰੀ

Original with;
Punjab Vidhan Sabha
Digitized by;
Panjab Digital Library

ਕੀਤੀਆਂ ਗਈਆਂ ਹਨ । ਜੇਕਰ ਕਿਸੇ ਥਾਂ ਤੇ ਇਸ ਕਾਨੂੰਨ ਦੀ ਪਾਲਣਾ ਨਹੀਂ ਹੋ ਰਹੀ ਤਾਂ ਮਾਨਯੋਗ ਮੈਂਬਰ ਲਿਖ ਕੇ ਦੇਣ, ਸਰਕਾਰ ਪੜਤਾਲ ਕਰਵਾ ਲਏਗੀ ।

Sardar Jasdev Singh Sandhu : On a point of order, Sir. (Interruption)

PAPERS LAID ON THE TABLE OF THE HOUSE

Finance Minister (Shri Hans Raj Sharma) : Sir, I beg to lay on the Table the *Punjab Motor Vehicles Taxation (Amendment) Ordinance, 1974 (Punjab Ordinance No. I of 1974.)

ਸ਼੍ਰੀ ਸਪੀਕਰ : ਸਰਕਾਰ ਦੇ ਸਾਹਮਣੇ ਬਿਜ਼ਨੈਸ ਹੈ । ਹਰ ਵੇਲੇ ਪੁਆਇੰਟ ਆਫ ਆਰਡਰ ਉਠਾਉਣਾ ਠੀਕ ਨਹੀਂ ਹੈ । (The Government has some business before it. It is not good to raise points of order every now and then.)

ਸਰਦਾਰ ਜਸਦੇਵ ਸਿੰਘ ਸੰਧੂ : ਤੁਸੀਂ ਸੁਣ ਤਾਂ ਲਉ । ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਇਸ ਗਲ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਜਨਾਬ ਰੋਜ਼ ਆਰਡਰ ਕਰਦੇ ਹਨ ਕਿ ਗੌਰਮਿੰਟ ਜਵਾਬ ਦੇਵੇ ਅਤੇ ਇਸ ਤਰ੍ਹਾਂ ਸਾਡੇ ਸਵਾਲ ਐਡਮਿਟ ਹੁੰਦੇ ਹਨ । ਤੁਹਾਨੂੰ ਇਹ ਸੁਣ ਕੇ ਹੈਰਾਨੀ ਹੋਵੇਗੀ ਕਿ ਅਜੇ ਤਕ ਬਜਟ ਸੈਸ਼ਨ 1973 ਦੇ ਸਵਾਲਾਂ ਦੇ ਜਵਾਬ ਅਤੇ ਕਾਲ ਅਟੈਨਸ਼ਨਾਂ ਮੋਸ਼ਨਾਂ ਦੇ ਜਵਾਬ ਨਹੀਂ ਆਏ । ਤੁਹਾਨੂੰ ਕੋਈ ਰੀਜ਼ਨੇਬਲ ਟਾਈਮ ਫ਼ਿਕਸ ਕਰਨਾ ਚਾਹੀਦਾ ਹੈ । ਉਸ ਟਾਈਮ ਦੇ ਵਿਚ ਵਿਚ ਸਾਨੂੰ ਜਵਾਬ ਮਿਲਨਾ ਚਾਹੀਦਾ ਹੈ । ਪਿਛਲੇ ਬਜਟ ਸੈਸ਼ਨ ਦੇ ਸਵਾਲ ਅਤੇ ਕਾਲ ਅਟੈਨਸ਼ਨ ਮੋਸ਼ਨਾਂ ਦੇ ਜਵਾਬ ਅਜੇ ਤਕ ਨਹੀਂ ਆਏ ।

ਸ਼੍ਰੀ ਸਪੀਕਰ : ਰੂਲਜ਼ ਕਮੇਟੀ ਵਿਚ ਇਸ ਚੀਜ਼ ਨੂੰ ਅਗਜ਼ਾਮਿਨ ਕਰ ਲਵਾਂਗੇ । (This matter can be examined in the Rules Committee.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਕਾਲ ਅਟੈਨਸ਼ਨ ਮੋਸ਼ਨਾਂ ਤੋਂ ਬਾਅਦ ਅਤੇ ਹਾਊਸ ਦਾ ਬਿਜ਼ਨਸ ਸਟਾਰਟ ਹੋਣ ਤੋਂ ਪਹਿਲਾਂ ਜ਼ੀਰੋ ਆਵਰ ਹੁੰਦਾ ਹੈ । ਮੈਨੂੰ ਇਕ ਤਾਰ ਮਿਲੀ ਹੈ । ਹਰੀਜਨਾਂ ਦੀ ਨਾਕਾ ਬੰਦੀ ਕੀਤੀ ਗਈ ਹੈ ।

ਸ਼੍ਰੀ ਸਪੀਕਰ : ਤੁਸੀਂ ਹਾਊਸ ਦੇ ਸਮੇਂ ਨੂੰ ਮਿਸਯੂਜ਼ ਕਰ ਰਹੇ ਹੋ। (You are misusing the time of the House.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ ਇਸ ਪਿੰਡ ਵਿਚ ਜੋ ਕਿ ਤਹਿਸੀਲ ਨਾਭੇ ਵਿਚ ਹੈ, 20 ਦਿਨਾਂ ਤੋਂ ਹਰੀਜਨਾਂ ਦਾ ਬਾਈਕਾਟ ਹੋਇਆ ਹੈ । ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਥੇ ਜਾ ਕੇ ਫ਼ੈਸਲਾ ਕਰਾ ਦੇਣ, ਉਥੇ ਦਿਹਾੜੀ ਦਾ ਕੋਈ ਝਗੜਾ ਹੋਵੇਗਾ ।

---

*Placed in the Library.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਇਹੋ ਜਿਹੀਆਂ ਛੋਟੀਆਂ ਛੋਟੀਆਂ ਗੱਲਾਂ ਨੂੰ ਬਾਰ ਬਾਰ ਨਹੀਂ ਲਿਆਉਣਾ ਚਾਹੀਦਾ । (Such petty matters should not be brought before the House very often.)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਜਿਸ ਤਰ੍ਹਾਂ ਦੀ ਪ੍ਰਿੰਟਿੰਗ ਸਵਾਲਾਂ ਦੀ ਅੱਜ ਕਲ ਹੋ ਰਹੀ ਹੈ, ਇਹ ਠੀਕ ਨਹੀਂ । ਮੈਨੂੰ ਇਸ ਬਾਰੇ ਬੜਾ ਅਫਸੋਸ ਹੈ । ਹਰ ਪੇਪਰ ਦੇ ਪਿਛੇ ਕੋਰੀਜੈਂਡਮ ਲਗਾ ਹੁੰਦਾ ਹੈ । ਹੁਣੇ ਡਾਕਟਰ ਬਲਦੇਵ ਪ੍ਰਕਾਸ਼ ਨੇ ਕਿਹਾ ਹੈ ਕਿ ਇਕ ਕਾਲ ਅਟੈਨਸ਼ਨ ਮੋਸ਼ਨ ਉਹਨਾਂ ਦੀ ਰਿਜੈਕਟ ਕਰ ਦਿਤੀ ਅਤੇ ਲਿਖਿਆ ਹੈ ਕਿ ਦੂਜੀ ਤੇ ਵਿਚਾਰ ਹੋ ਰਿਹਾ ਹੈ । ਸਪੀਕਰ ਸਾਹਿਬ, ਮੈਂ ਤੁਹਾਡੇ ਅੱਗੇ ਇਹ ਵੀ ਦਰਖਾਸਤ ਕਰਾਂਗਾ ਕਿ ਜੇ ਤੁਹਾਡੇ ਕੋਲ ਸਟਾਫ ਨਹੀਂ ਤਾਂ ਹੋਰ ਰਖ ਲਉ । ਮੈਂ ਇਸ ਸਬੰਧ ਵਿਚ ਫਾਈਨਾਂਸ ਮਨਿਸਟਰ ਸਾਹਿਬ ਨੂੰ ਵੀ ਬੇਨਤੀ ਕਰਾਂਗਾ ਇਨਐਫੀਸ਼ੈਂਸੀ ਤਾਂ ਵੈਸੇ ਆਰਡਰ ਆਫ ਦੀ ਡੇ ਹੋ ਗਈ ਹੈ । ਲੇਕਿਨ ਸਾਨੂੰ ਕਮ-ਅਜ਼-ਕਮ ਇਥੇ ਤਾਂ ਕੁਝ ਐਫੀਸ਼ੈਂਸੀ ਜ਼ਰੂਰ ਮੈਨਟੇਨ ਕਰਨੀ ਚਾਹੀਦੀ ਹੈ ।

Mr. Speaker : I will examine and remove this difficulty of this hon'ble Member.

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਜਿਤਨੀਆਂ ਵੀ ਸਾਡੇ ਕੋਲ ਪੰਜ, ਛੇ ਅਤੇ ਸੱਤ ਤਰੀਕ ਦੀਆਂ ਸਵਾਲਾਂ ਦੀਆਂ ਲਿਸਟਾਂ ਆਈਆਂ ਹਨ ਇਹਨਾਂ ਦੇ ਪਿਛੇ ਕਾਗਜ਼ ਲਗਿਆ ਹੋਇਆ ਹੈ ਅਤੇ ਉਸ ਦੇ ਵਿਚ ਲਿਖਿਆ ਹੈ ਕਿ ਇਸ ਥਾਂ ਤੇ ਇਹ ਪੜ੍ਹੋ । ਪਹਿਲਾਂ ਵੀ ਸੈਸ਼ਨਾਂ ਵਿਚ ਸਵਾਲਾਂ ਦੀਆਂ ਲਿਸਟਾਂ ਆਉਂਦੀਆਂ ਰਹੀਆਂ ਹਨ ਪਰ ਇਹੋ ਜਿਹੀ ਕਦੇ ਵੀ ਗਲ ਨਹੀਂ ਹੋਈ ।

ਸ਼੍ਰੀ ਸਪੀਕਰ : ਮੈਂ ਇਸ ਨੂੰ ਦੇਖ ਲਵਾਂਗਾ । (I will look into it.)

PRESENTATION OF COMMITTEE REPORT

Shri Prem Gupta (Chairman, Privileges Committee) : Sir I beg to present the Preliminary Report of the Committee of Privileges on the two Questions of Privilege referred to the Committee by the House on the 15th March, 1974, regarding pubication of a cartoon and an editorial in the daily 'Partap' Jullundur, of the 7th and 17th March, 1974, respectively;

and

I also move—

That the time fixed for presenting reports of the Committee of Privileges be extended up to the 31st March, 1975.

Mr. Speaker : Motion moved—

That the time fixed for presenting reports of the Committee of Privileges be extended up to the 31st March, 1975.

Original with;
Punjab Vidhan Sabha
Digitized by;
Panjab Digital Library

Mr. Speaker : Question is—

That the time fixed for presenting reports of the Committee of Privileges be extended up to the 31st, March, 1975.

(After ascertaining the votes of the Members present by voices, Mr. Speaker gave an opinion. This opinion was challenged. The bells were sounded. The question was put again and carried by voice vote.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਅਸੀਂ ਸ਼ਾਇਦ ਵੋਟਾਂ ਇਨ੍ਹਾਂ ਨਾਲ ਹੀ ਦੇ ਦੇਵਾਂਗੇ ਪਰ ਇਹ ਇਕ ਗਲ ਸਾਫ ਕਰ ਦੇਣ । ਪ੍ਰੀਵਿਲੇਜ਼ ਮੋਸ਼ਨ ਵੀਰਿੰਦਰ ਦੇ ਖਿਲਾਫ ਹੈ, ਉਹ ਜਲੰਧਰ ਬੈਠਾ ਹੈ ਪਰ ਇਹ ਜੰਮੂ ਕਸ਼ਮੀਰ ਕੀ ਕਰਨ ਗਏ ਸੀ ਔਰ ਅਗੇ ਕਿਥੇ ਜਾਣਾ ਹੈ ? (ਹਾਸਾ)

ਸਕੱਤਰ ਵਲੋਂ ਅਨਾਊਂਸਮੈਂਟ

ਸਕੱਤਰ: ਸ਼੍ਰੀਮਾਨ ਜੀ, ਮੈਂ ਉਹਨਾਂ ਬਿਲਾਂ ਦਾ ਵਿਵਰਣ ਜੋ ਪੰਜਾਬ ਵਿਧਾਨ ਸਭਾ ਦੁਆਰਾ ਆਪਣੇ ਛੇਵੇਂ ਸਮਾਗਮ, 1974 ਦੇ ਦੌਰਾਨ ਪਾਸ ਕੀਤੇ ਗਏ ਅਤੇ ਜਿਨ੍ਹਾਂ ਉਤੇ ਰਾਸ਼ਟਰਪਤੀ/ ਚਾਜਪਾਲ ਦੁਆਰਾ ਸਹਿਮਤੀ ਦੇ ਦਿਤੀ ਗਈ ਹੈ । ਸਦਨ ਦੀ ਮੇਜ਼ ਤੇ ਰਖਦਾ ਹਾਂ :-

1. ਪੰਜਾਬ ਲੈਂਡ ਰੈਵਿਨਿਊ (ਅਮੈਂਡਮੈਂਟ) ਬਿੱਲ, 1974
2. ਦੀ ਪੰਜਾਬ ਐਪ੍ਰੋਪਰੀਏਸ਼ਨ ਬਿੱਲ, 1974
3. ਦੀ ਪੰਜਾਬ ਐਪ੍ਰੋਪਰੀਏਸ਼ਨ (ਨੰਬਰ 2) ਬਿੱਲ, 1974
4. ਦੀ ਪੰਜਾਬ ਕੋਆਪ੍ਰੇਟਿਵ ਸੋਸਾਇਟੀਜ਼ (ਅਮੈਂਡਮੈਂਟ) ਬਿੱਲ, 1974
5. ਦੀ ਪੰਜਾਬ ਸਟੇਟ ਟਿਊਬਵੈਲ (ਅਮੈਂਡਮੈਂਟ) ਬਿੱਲ, 1974
6. ਦੀ ਪੰਜਾਬ ਮੋਟਰ ਸਪ੍ਰਿਟ (ਟੈਕਸੇਸ਼ਨ ਆਫ ਸੇਲਜ਼) ਅਮੈਂਡਮੈਂਟ ਬਿੱਲ 1974
7. ਦੀ ਪੰਜਾਬ ਜਨਰਲ ਸੇਲਜ਼ ਟੈਕਸ (ਅਮੈਂਡਮੈਂਟ) ਬਿੱਲ, 1974
8. ਦੀ ਪੰਜਾਬ ਟਾਊਨ ਇੰਪਰੂਵਮੈਂਟ (ਅਮੈਂਡਮੈਂਟ) ਬਿੱਲ, 1974
9. ਦੀ ਪੰਜਾਬ ਮਿਉਂਸਪਲ (ਅਮੈਂਡਮੈਂਟ) ਬਿੱਲ, 1974
10. ਦੀ ਪੰਜਾਬ ਐਗਰੀਕਲਚਰ ਪ੍ਰੋਡਿਊਸ ਮਾਰਕਿਟਸ (ਅਮੈਂਡਮੈਂਟ) ਬਿੱਲ, 1974 ।

(2) ਸ਼੍ਰੀਮਾਨ ਜੀ, ਮੈਂ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਨ ਨਿਯਮਾਵਲੀ ਦੇ ਨਿਯਮ 273 ਅਧੀਨ ਇਹ ਦਸਦਾ ਹਾਂ ਕਿ ਸਦਨ ਦੀ ਮੇਜ਼ ਤੇ ਰਖੇ ਵਿਵਰਣ ਅਨੁਸਾਰ ਗੜ੍ਹਾ ਰੋਡ ਜਲੰਧਰ ਵਿਖੇ ਪਲਾਟ ਅਲਾਟ ਕਰਨ ਅਤੇ ਚੰਡੀਗੜ੍ਹ ਨੇੜੇ ਮੁਹਾਲੀ ਵਿਖੇ ਪਲਾਟ ਅਲਾਟ ਕਰਨ ਸਬੰਧੀ ਦੋ ਪਟੀਸ਼ਨਾਂ ਮਿਲੀਆਂ ਹਨ । ਦਸਖਤ ਕਰਨ ਵਾਲਿਆਂ ਦਾ ਨੰਬਰ 118 ਜਲੰਧਰ ਦੇ ਬਾਰੇ ਵਿਚ ਹੈ ਔਰ 12 ਮੁਹਾਲੀ ਦੇ ਬਾਰੇ ਵਿਚ ਹੈ ।

Original with;
Punjab Vidhan Sabha
Digitized by;
Panjab Digital Library

DISCUSSION ON SUPPLEMENTARY ESTIMATES (FIRST INSTALMENT), 1974-75

Discussion on the Estimates of the expenditure charged on the Revenues of the State

Mr. Speaker : If any hon. Member wants to raise discussion on charged items he may please do so.

(No Member rose to speak)

VOTING OF THE DEMANDS FOR SUPPLEMETARY GRANTS

Mr. Speaker : There are 10 Demands for Grants which are to be discussed and voted upon to day. If the House agrees all the Demands may be deemed to have been read and moved, as per past practice. However, I would request the hon. Members that while raising discussion, Demand Number on which discussion is sought to be raised may please be indicated by the Members concerned. The Guillotine will be applied at 6-00 p.m.

Demand No. 10

A Minister to move that a supplementary sum not exceeding Rs. 45,00,000 be granted to the Governor to defray the charges that will come in course of payment for the year ending 31st March, 1975, in respect of Police.

Demand No. 17

A Minister to move that a supplementary sum not exceeding Rs. 20,00,000 be granted to the Governor to defray the charges that will come in course of payment for the year ending 31st March, 1975, in respect of Medical and Public Health.

Demand No. 18

A Minister to move that a Supplementary sum not exceeding Rs. 31,30,000 be granted to the Governor to defray the charges that will come in course of payment for the year ending 31st March, 1975, in respect of Housing and Urban Development.

Demand No. 19

A Minister to move that a supplementary sum not exceeding Rs. 2,24,000 be granted to the Governor to defray the charges that will come in course of payment for the year ending 31st March, 1975 in respect of Information, Publicity and Tourism.

Demand No. 21

A Minister to move that a supplementary sum not exceeding Rs. 71,00,000 be granted to the Governor to defray the charges that will come in course of payment for the year ending 31st March, 1975 in respect of Social Security and Welfare.

Demand No. 23

A Minister to move that a supplementary sum not exceeding Rs. 2,90,000 be granted to the Governor to defray the charges that will come in course of payment for the year ending 31st March, 1975 in respect of Co-operation.

Original with;
Punjab Vidhan Sabha
Digitized by;
Panjab Digital Library

Demand No. 24

A Minister to move that a supplementary sum not exceeding Rs. 10,00,000 be granted to the Governor to defray the charges that will come in course of payment for the year ending 31st March, 1975 in respect of Agriculture.

Demand No. 31

A Minister to move that a suplementary sum not exceeding Rs. 15,000 be granted to the Governor to defray the charges that will come in course of payment for the year ending 31st March, 1975, in respect of Community Development.

Demand No. 32

A Minister to move that a supplementary sum not exceeding Rs. 15,00,000 be granted to the Governor to defray the charges that will come in course of payment for the year ending 31st March, 1975, in respect of Industries.

Demand No. 39

A Minister to move that a suplementary sum not exceeding Rs. 5,35,40,000 be granted to the Governor to defray the charges that will come in course of payment for the year ending 31st March, 1975 in respect of Loans and Advances by the State Government.

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਸਪੀਕਰ ਸਾਹਿਬ, (ਥੰਪਿੰਗ) ਅੱਜ ਹਾਊਸ ਦੇ ਸਾਹਮਣੇ ਸਪਲੀਮੈਂਟਰੀ ਡਿਮਾਂਡਜ਼ ਅਤੇ ਗਰਾਂਟਸ ਕੋਈ 7 ਕਰੋੜ 33 ਲੱਖ ਰੁਪਏ ਦੀਆਂ ਪੇਸ਼ ਹੋਈਆਂ ਹਨ । ਸਾਡਾ ਖਿਆਲ ਸੀ ਕਿ ਕਾਫੀ ਅਮਾਊਂਟ ਡੀਵੈਲਪਮੈਂਟ ਦੇ ਕੰਮਾਂ ਵਾਸਤੇ ਰਖਿਆ ਜਾਵੇਗਾ । ਬਾਦਲ ਸਾਹਿਬ ਨੇ ਕਲ ਇਹ ਗਲ ਕਹੀ ਸੀ ਕਿ ਇਸ ਪਾਸੇ ਵਲ ਸਰਕਾਰ ਵਲੋਂ ਕੋਈ ਧਿਆਨ ਨਹੀਂ ਦਿਤਾ ਜਾ ਰਿਹਾ । ਮੈਨੂੰ ਵੀ ਅਫਸੋਸ ਹੈ ਕਿ ਇਸ ਸਪਲੀਮੈਂਟਰੀ ਡੀਮਾਂਡਜ਼ ਵਿਚ ਡੀਵੈਲਪਮੈਂਟ ਦੇ ਕੰਮਾਂ ਵਾਸਤੇ ਕੋਈ ਖਾਸ ਪੈਸਾ ਨਹੀਂ ਰਖਿਆ ਗਿਆ । (ਵਿਘਨ)

ਮੈਂ ਅਰਜ਼ ਕਰ ਰਿਹਾ ਸੀ ਕਿ ਦੋ ਆਈਟਮਜ਼ ਐਸੇ ਆਏ ਹਨ, ਇਕ ਆਇਆ ਹੈ 26 ਲਖ 44 ਹਜ਼ਾਰ ਰੁਪਏ ਦਾ Improvement in four slum areas of Ludhiana. ਇਕ ਹੋਰ ਆਇਆ ਹੈ Construction of houses for Harijans. ਇਹ ਦੋ ਆਈਟਮਜ਼ ਹਨ ਜਿਹੜੀਆਂ ਕਿ ਡੀਵੈਲਪਮੈਂਟ ਵਾਸਤੇ ਕਹੀਆਂ ਜਾ ਸਕਦੀਆਂ ਹਨ। ਇਕ ਆਈਟਮ ਆਈ ਹੈ Modernisation of Police forces. ਠੀਕ ਹੈ ਪੁਲੀਸ ਫੋਰਸ ਵਾਸਤੇ ਤੁਸੀਂ ਰਖਣਾ ਸੀ ਰਖ ਲਿਆ । ਇਸੇ ਤਰ੍ਹਾਂ ਹੀ Contribution to the Post-Graduate Institute of Medical Education and Research, Chandigarh ਵਾਸਤੇ 20 ਲੱਖ ਰੁਪਿਆ ਹੋ ਗਿਆ, ਠੀਕ ਹੈ ਗਲ ਖਤਮ ਹੋ ਗਈ । ਇਸੇ ਤਰ੍ਹਾਂ ਹੀ Share capital contribution to the Punjab Film and News Corporation Ltd., ਵਾਸਤੇ ਵੀ 15 ਹਜਾਰ ਰੁਪਿਆ ਰਖ ਲਿਆ । ਇਸ ਤਰ੍ਹਾਂ ਹੀ ਇਕ ਵੱਡੀ ਆਈਟਮ ਹੈ ਪੰਜ ਕਰੋੜ ਰੁਪਏ ਦੀ ਉਹ ਹੈ Grant of advances to Government

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ]

Employees for the purchase of wheat. ਠੀਕ ਹੈ ਲੋਨ ਦੇਣੇ ਚਾਹੀਦੇ ਹਨ ਚੰਗੀ ਗਲ ਹੈ ।

ਬਾਕੀ ਤੁਸੀਂ ਸਪੀਕਰ ਸਾਹਿਬ, ਵੇਖੋਗੇ ਕਿ ਇਹ ਡੀਮਾਂਡਜ ਹਨ :

(i) Loans to the Punjab State Co-operative Supply and Marketing Federation for the purchase of cotton.

(ii) Loans to the village panchayats for expenditure on Reveuue earning Schemes.

ਬਾਕੀ 15 ਲੱਖ ਰੁਪਏ Share capital contribution to the Punjab Film and News Corporation Ltd., ਤੇ ਖਰਚ ਕਰਨੇ ਹਨ ਪਰ ਡੀਵੈਲਪਮੈਂਟ ਦੇ ਕੰਮ ਲਈ ਕੁਝ ਨਹੀਂ ਰਖਿਆ ਗਿਆ । ਜੇਕਰ ਰਖਿਆ ਵੀ ਗਿਆ ਹੈ ਤਾਂ ਬਹੁਤ ਹੀ ਥੋੜਾ ਹੈ । ਸੜਕਾਂ ਦਾ ਕੰਮ ਰੁਕਿਆ ਪਿਆ ਹੈ, ਡੀਵੈਲਪਮੈਂਟ ਦਾ ਕੰਮ ਰੁਕਿਆ ਪਿਆ ਹੈ, ਸੜਕਾਂ ਬਣੀਆਂ ਹੋਈਆਂ ਹਨ ਪਰ ਪੈਚਿਜ਼ ਵੀ ਨਹੀਂ ਲਗਦੇ, ਬਿਜਲੀ ਦੇ ਆਉਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ । 60% ਤਾਂ ਕੱਟ ਲਗੀ ਹੋਈ ਹੈ । ਇਸ ਕੱਟ ਦੇ ਹੁੰਦਿਆਂ ਹੋਰ ਬਿਜਲੀ ਦੇ ਵਿਕਾਸ ਦੀ ਗੁੰਜਾਇਸ਼ ਨਹੀਂ ਹੈ । ਪੈਦਾਵਾਰ ਬਹੁਤ ਘਟੀ ਹੈ । ਇਸ ਬਾਰੇ ਮੈਂ ਹਾਊਸ ਨੂੰ ਫੈਕਟਸ ਫਿਗਰਜ਼ ਦੇਵਾਂਗਾ ਜਿਨ੍ਹਾਂ ਤੋਂ ਪਤਾ ਲਗੇਗਾ । ਪੈਦਾਵਾਰ ਦੀ ਪ੍ਰੋਕਿਉਰਮੈਂਟ ਤੋਂ ਹੀ ਪਤਾ ਲਗ ਜਾਂਦਾ ਹੈ ਕਿ ਕਿਤਨੀ ਹੋਈ ਹੈ । ਕਿਉਂਕਿ ਇਹ ਚੀਜ਼ ਐਸੀ ਹੈ ਜਿਹੜੀ ਕਿ ਬਹੁਤੀ ਦੇਰ ਤਕ ਘਰ ਨਹੀਂ ਰਖੀ ਜਾ ਸਕਦੀਂ । ਇਕ ਸਮਾਂ ਸੀ ਬਾਦਲ ਸਾਹਿਬ ਦੇ ਵੇਲੇ 35 ਲਖ ਟਨ ਪ੍ਰੋਕਿਉਅਰ ਹੋਈ ਸੀ । ਪਿਛਲੇ ਸਾਲ 27 ਲੱਖ ਟਨ ਕਣਕ ਦੀ ਪ੍ਰੋਕਿਉਅਰਮੈਂਟ ਹੋਈ ਜਿਸ ਦੀ ਸਾਬਾਸ਼ ਗਿਆਨੀ ਜੀ ਨੂੰ ਮਿਲੀ । ਇਸ ਸਾਲ ਨਵਾਂ ਤਰੀਕਾ ਅਪਣਾਇਆ ਗਿਆ ਤੇ ਮੇਰਾ ਅੰਦਾਜ਼ਾ ਹੈ ਕਿ ਇਹ 18/20 ਲੱਖ ਟਨ ਤੋਂ ਵਧਣੀ ਨਹੀਂ ਹੈ । ਇਸ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਪੈਦਾਵਾਰ ਘਟੀ ਹੈ, ਵਧੀ ਨਹੀਂ ਹੈ । ਇਹ ਗਲ ਟਰੈਜ਼ਰੀ ਬੈਂਚਿਜ਼ ਤੋਂ ਕਹੀ ਗਈ ਕਿ ਕਿਸਾਨ ਨੂੰ ਮਾਲਾ ਮਾਲ ਕਰ ਦਿਤਾ ਗਿਆ ਹੈ । ਯੱਸ਼ ਜੀ ਨੇ ਕਿਹਾ ਕਿ 60 ਕਰੋੜ ਰੁਪਏ ਦਾ ਇਥੇ ਦੇ ਕਿਸਾਨ ਨੂੰ ਫਾਇਦਾ ਪਹੁੰਚਾਇਆ ਗਿਆ । ਗਿਆਨੀ ਜੀ ਨੇ ਦੱਸਿਆ ਕਿ 261 ਕਰੋੜ ਰੁਪਏ ਦਾ ਫਾਇਦਾ ਕਿਸਾਨ ਨੂੰ ਦੇ ਦਿਤਾ ਹੈ । ਇਸ ਤਰ੍ਹਾਂ ਪੰਜਾਬ ਦੇ ਕਿਸਾਨ ਨੂੰ ਉਨ੍ਹਾਂ ਨੇ ਆਪਣੇ ਅੱਖਰਾਂ ਨਾਲ ਮਾਲਾ ਮਾਲ ਕਰ ਦਿਤਾ ਹੈ। ਲੇਕਿਨ ਇਹ ਅੰਕੜੇ ਜਿਹੜੇ ਕਿ ਹਾਊਸ ਦੇ ਸਾਹਮਣੇ ਰਖੇ ਗਏ ਹਨ ਸਹੀ ਨਹੀਂ ਹਨ । ਜੇਕਰ ਸਹੀ ਅੰਕੜੇ ਰੱਖਣ ਤਾਂ ਪੰਜਾਬ ਦੇ ਕਿਸਾਨ ਨੂੰ 90 ਕਰੋੜ ਰੁਪਏ ਦਾ ਘਾਟਾ ਹੋਇਆ ਹੈ । ਕਣਕ ਦੀ 76 ਰੁਪਏ ਪ੍ਰਤੀ ਕੁਇੰਟਲ ਪ੍ਰਾਈਸ ਜੋ ਮੁਕੱਰਰ ਹੋਈ ਸੀ ਉਸ ਨੂੰ ਸਟੇਬਲ ਪਰਾਈਸ ਮੰਨ ਕੇ ਅੰਕੜੇ ਲੈ ਲਏ । ਹੁਣ 105 ਰੁਪਏ ਹੋ ਗਈ ਹੈ । ਕਿਤੇ 112 ਰੁਪਏ ਤੇ ਕਿਸੇ ਥਾਂ ਤੇ 115 ਰੁਪਏ ਮਿਲਦੇ ਹਨ, ਉਸ ਨਾਲ ਇਹ ਹਿਸਾਬ ਲਗਾ ਕੇ ਇਹਨਾਂ ਨੇ ਕਹਿ ਦਿਤਾ ਕਿ 60 ਕਰੋੜ ਰੁਪਏ ਦਾ ਤੇ ਕਿਸੇ ਨੇ 260 ਕਰੋੜ ਰੁਪਏ ਦਾ ਫਾਇਦਾ ਦਸ ਦਿਤਾ ਹੈ । ਉਹ ਤਾਂ ਮਹਿਜ਼ ਜਮ੍ਹਾ ਖਰਚ ਦਾ ਹਿਸਾਬ ਕਿਤਾਬ ਸੀ ।

ਡਾਕਟਰ ਅਮੀਰ ਸਿੰਘ ਕਲਕਟ : ਪੁਆਇੰਟ ਆਫ ਆਰਡਰ, ਸਰ ।

ਸ਼੍ਰੀ ਸਪੀਕਰ : ਡਾਕਟਰ ਅਮੀਰ ਸਿੰਘ ਜੀ, ਤੁਹਾਡਾ ਕੀ ਪੁਆਇੰਟ ਆਫ ਆਰਡਰ ਹੈ । (Dr. Amir Singh Ji, what is your point of order.)

Original with;
Punjab Vidhan Sabha
Digitized by;
Panjab Digital Library

ਡਾਕਟਰ ਅਮੀਰ ਸਿੰਘ ਕਲਕਟ : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਬਰਨਾਲਾ ਜੀ ਕਿਹੜੀ ਡਿਮਾਂਡ ਤੇ ਬੋਲ ਰਹੇ ਹਨ ?

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਪਿਛਲੀ ਵਾਰੀ ਇਥੇ ਹਾਊਸ ਵਿਚ ਵੀ ਕਿਹਾ ਗਿਆ । ਯੂਨੀਵਰਸਿਟੀਆਂ ਤੋਂ ਫੈਕਟਸ ਐਂਡ ਫਿਗਰਜ਼ ਲੈ ਲਵੋ, ਸਾਡੇ ਨਾ ਲਵੋ । 95/- ਰੁਪਏ ਕੁਇੰਟਲ ਕਣਕ ਦੀ ਪੈਦਾਵਾਰ ਕਰਨ ਦਾ ਮੁਲ ਯੂਨੀਵਰਸਿਟੀ ਨੇ ਕਢਿਆ ਹੈ । ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ 95 ਰੁਪਏ ਵਿਚ ਕਿਸਾਨ ਨੂੰ ਨਹੀਂ ਪੈਂਦੀ, ਇਸ ਤੋਂ ਵੀ ਵੱਧ ਪੈਂਦੀ ਹੈ, ਇਹ ਭਾਵੇਂ ਜੋ ਮਰਜ਼ੀ ਕਹੀ ਜਾਣ । ਫਰਟੇਲਾਈਜ਼ਰ ਜੋ ਇਕ ਏਕੜ ਵਿਚ ਪੈਂਦਾ ਹੈ ਉਹ 250-300 ਰੁਪਏ ਦਾ ਪੈਂਦਾ ਹੈ, ਇਹ ਡਿਪਾਰਟਮੈਂਟ ਨੇ ਕਾਉਂਟ ਕੀਤਾ ਹੈ ਅਤੇ ਇਸ ਦੇ ਨਾਲ ਇਕ ਏਕੜ ਵਿਚ 10 ਕੁਇੰਟਲ ਪੈਦਾਵਾਰ ਹੁੰਦੀ ਹੈ ਅਗੇ ਇਕ ਕੁਇੰਟਲ ਤੇ 250 ਦੀ ਬਜਾਏ 25 ਰੁਪਏ ਦਾ ਫਰਟੇਲਾਈਜ਼ਰ ਪੈਂਦਾ ਸੀ ਅਤੇ ਹੁਣ 50/- ਰੁਪਏ ਫਰਟੇਲਾਈਜ਼ਰ ਇਕ ਕੁਇੰਟਲ ਤੇ ਖਰਚ ਹੋ ਰਿਹਾ ਹੈ, ਯਾਨੀ 25/- ਰੁਪਏ ਪਰ ਕੁਇੰਟਲ ਕੀਮਤ ਵਧ ਗਈ ਹੈ । ਜਿਨ੍ਹਾਂ ਨੇ ਕੰਬਾਈਨਜ਼ ਤੋਂ ਕੰਮ ਕਰਵਾਇਆ ਸੀ, ਉਸ ਤੇ ਢਾਈ ਰੁਪਏ ਪਰ ਕੁਇੰਟਲ ਦੀ ਲਾਗਤ ਵਧ ਗਈ ਹੈ, ਕਿਉਂਕਿ ਜਿਥੋਂ ਪਹਿਲਾਂ ਕੰਬਾਈਨ 120 ਰੁਪਏ ਵਿਚ ਮਿਲਦੀ ਸੀ, ਉਹ ਹੁਣ 145 ਰੁਪਏ ਵਿਚ ਮਿਲਦੀ ਹੈ । ਇਸ ਤੋਂ ਬਾਅਦ ਡੀਜ਼ਲ ਦੇ ਰੇਟ ਵਿਚ ਵਾਧਾ ਹੋਇਆ । ਇਹ ਅੱਵਲ ਤਾਂ ਮਿਲਿਆ ਨਹੀਂ । ਲੋਕਾਂ ਨੂੰ 3-3, 4-4 ਦਿਨ ਪੈਟਰੋਲ ਪੰਪਾਂ ਤੇ ਖੜਾ ਰਹਿਣਾ ਪਿਆ ਫਿਰ ਕਿਤੇ ਜਾ ਕੇ ਥੋੜ੍ਹਾ ਬਹੁਤਾ ਮਿਲਦਾ ਸੀ, ਲੋਕ ਆਪਣਾ ਕੰਮ ਛਡ ਕੇ ਆਉਂਦੇ ਸਨ, ਦਿਹਾੜੀਆਂ ਖਰਾਬ ਕਰਦੇ ਸਨ । ਇਸ ਤੋਂ ਇਲਾਵਾ ਉਨ੍ਹਾਂ ਨੂੰ ਡੀਜ਼ਲ ਬਲੈਕ ਵਿਚ ਮਿਲਦਾ ਸੀ । ਇਸੇ ਤਰ੍ਹਾਂ ਹੀ ਬਿਜਲੀ ਦੇ ਰੇਟਾਂ ਵਿਚ ਵੀ ਵਾਧਾ ਹੋਇਆ ਹੈ । 5 ਹਾਰਸ ਪਾਵਰ ਦਾ ਫਲੈਟ ਰੇਟ 40 ਰੁਪਏ ਤੋਂ ਸਾਢੇ 67 ਰੁਪਏ ਕਰ ਦਿਤਾ ਗਿਆ ਹੈ ਅਤੇ ਇਸ ਤਰ੍ਹਾਂ ਨਾਲ ਢਾਈ ਰੁਪਏ ਕੁਇੰਟਲ ਇਸ ਖਰਚ ਨੂੰ ਜਮ੍ਹਾਂ ਕਰਕੇ 125 ਰੁਪਏ ਕੁਇੰਟਲ ਕਿਸਾਨ ਦਾ ਖਰਚ ਹੋ ਜਾਂਦਾ ਹੈ । ਫਿਰ ਅਜ ਦੇ ਹਿਸਾਬ ਨਾਲ ਜੋ ਪੈਸੇ ਦੀ ਕੀਮਤ ਹੈ, ਉਹ ਪਹਿਲਾਂ ਪਿਛਲੇ ਸਾਲ 35 ਪੈਸੇ ਸੀ ਹੁਣ 28 ਪੈਸੇ ਰਹਿ ਗਈ ਹੈ । ਰੁਪਏ ਦੀ ਕੀਮਤ ਬਹੁਤ ਘਟ ਗਈ ਹੈ । ਇਸ ਦੇ ਨਾਲ 7% ਕਿਸਾਨ ਨੂੰ ਘਾਟਾ ਹੋਇਆ ਹੈ । ਇਸ ਦਾ ਮਤਲਬ ਇਹ ਹੋਇਆ ਕਿ ਕਿਸਾਨ ਨੂੰ ਕਣਕ 135 ਰੁਪਏ ਕੁਇੰਟਲ ਘਰ ਪੈਂਦੀ ਹੈ । ਪਰ ਸਹਕਾਰ ਨੇ ਇਸ ਦਾ ਭਾਅ 105 ਰੁਪਏ ਮੁਕਰਰ ਕਰ ਦਿਤਾ ।

ਸ਼੍ਰੀ ਸਪੀਕਰ : ਬਰਨਾਲਾ ਜੀ, ਤੁਹਾਡੀ ਪਾਰਟੀ ਵਲੋਂ ਕਿੰਨੇ ਮੈਂਬਰ ਬੋਲਣਗੇ ? (Barnala Ji, how many hon. Members from your party would take part in the discussion ?)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਇਕ ਹੋਰ ਮੈਂਬਰ ਬੋਲਣਗੇ ।

ਸ਼੍ਰੀ ਸਪੀਕਰ : 20 ਮਿੰਟ ਤੁਸੀਂ ਬੋਲ ਲਵੋ ਅਤੇ 10 ਮਿੰਟ ਤੁਹਾਡੇ ਦੂਜੇ ਮੈਂਬਰ ਸਾਹਿਬ ਨੂੰ ਦੇ ਦਿਤੇ ਜਾਣਗੇ । (You may speak for twenty minutes and an other hon. Member of your party will be given 10 minutes.)

Original with;
Punjab Vidhan Sabha
Digitized by;
Panjab Digital Library

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਠੀਕ ਹੈ ਜੀ । ਸੋ ਮੈਂ ਕਹਿ ਰਿਹਾ ਸੀ ਕਿ 135 ਰੁਪਏ ਕਣਕ ਕਿਸਾਨ ਨੂੰ ਘਰ ਪੈਂਦੀ ਹੈ ਅਤੇ ਜਿਸ ਦਾ ਭਾਅ ਮੁਕੱਰਰ ਹੋਇਆ 105 ਰੁਪਏ । ਇਹ ਤਾਂ ਕਿਸਾਨ ਨੇ ਸਿਆਣਪ ਕੀਤੀ ਕਿ ਉਸ ਨੇ ਕਣਕ ਕਿਤੇ 112 ਰੁਪਏ ਕਿਤੇ 118 ਰੁਪਏ ਅਤੇ ਕਿਤੇ 120 ਰੁਪਏ ਵਿਚ ਵੇਚੀ । ਇਹ ਕੰਮ ਤਾਂ ਕਿਸਾਨਾਂ ਨੇ ਹਿੰਮਤ ਨਾਲ ਕੀਤਾ ਅਤੇ ਉਨ੍ਹਾਂ ਨੇ ਇਹ ਕੋਸ਼ਿਸ਼ ਕੀਤੀ ਕਿ ਜਦੋਂ 105/- ਰੁਪਏ ਦੇ ਹਿਸਾਬ ਨਾਲ ਕਣਕ ਖਰੀਦਣ ਵਾਸਤੇ ਵੱਡਾ ਵਿਉਪਾਰੀ ਮੰਡੀ ਵਿਚ ਦਾਖਲ ਹੋਇਆ ਤਾਂ ਉਸ ਨੇ ਕਣਕ ਮੰਡੀ ਵਿਚ ਨਹੀਂ ਲਿਆਂਦੀ ਨਹੀਂ ਤਾਂ ਸਾਰੀ ਦੀ ਸਾਰੀ 105 ਰੁਪਏ ਤੇ ਹੀ ਵਿਕ ਜਾਂਦੀ । ਕਿਸਾਨ ਥੋੜ੍ਹਾ ਜਿਹਾ ਸਿਆਣਾ ਹੋਇਆ । ਜੇ ਕਿਸਾਨ ਇਸ ਤਰ੍ਹਾਂ ਨਾ ਕਰਦਾ ਤਾਂ ਉਨ੍ਹਾਂ ਨੂੰ 240 ਕਰੋੜ ਦਾ ਘਾਟਾ ਪੈਣਾ ਸੀ, ਜਿਹੜਾ ਪਿਛਲੀ ਵਾਰੀ ਉਨ੍ਹਾਂ ਨੂੰ ਨੁਕਸਾਨ ਹੋਇਆ, ਇਸ ਸਾਲ ਉਨ੍ਹਾਂ ਨੇ ਕੁਝ ਬਚਾ ਲਿਆ । ਉਨ੍ਹਾਂ ਨੇ ਮੰਡੀਆਂ ਵਿਚ ਕਣਕ ਉਸ ਵੇਲੇ ਲਿਆਂਦੀ ਜਿਸ ਵੇਲੇ ਉਥੇ ਜ਼ਰੂਰਤ ਸੀ । ਜਿਸ ਤਰ੍ਹਾਂ ਮੈਂ ਦਸਿਆ ਹੈ ਕਿ 135 ਰੁਪਏ ਖਰਚ ਆਉਂਦਾ ਹੈ, ਇਸ ਕਰਕੇ 30 ਰੁਪਏ ਭਾਅ ਘੱਟ ਮੁਕੱਰਰ ਹੋਇਆ ਹੈ ਅਤੇ 30 ਲਖ ਟਨ ਦੇ ਹਿਸਾਬ ਨਾਲ 90 ਕਰੋੜ ਰੁਪਏ ਦਾ ਨੁਕਸਾਨ ਇਸ ਵੇਲੇ ਕਿਸਾਨ ਨੂੰ ਹੁੰਦਾ ਹੈ । ਜੋ ਫਿਗਰਜ਼ ਸ਼੍ਰੀ ਯਸ਼ ਜੀ ਅਤੇ ਗਿਆਨੀ ਜੀ ਨੇ ਦਸੇ ਹਨ, ਉਹ ਗਲਤ ਹਨ । ਇਸ ਵੇਲੇ ਪੰਜਾਬ ਦਾ ਕਿਸਾਨ ਨਕੋ ਨਕੀ ਕਰਜ਼ੇ ਵਿਚ ਫਸ ਗਿਆ ਹੈ । ਦੇਸ਼ ਦੀ ਖਾਤਰ ਕਿਸਾਨ ਬੁਰੀ ਤਰ੍ਹਾਂ ਮਾਰਿਆ ਜਾ ਰਿਹਾ ਹੈ ਅਤੇ ਉਸ ਨੂੰ ਬਹੁਤ ਘਾਟਾ ਪੈ ਰਿਹਾ ਹੈ । ਇਸ ਗਲ ਦਾ ਪੈਦਾਵਾਰ ਤੇ ਵੀ ਬਹੁਤ ਅਸਰ ਪਿਆ ਹੈ । ਜਦੋਂ ਕਿਸਾਨ ਕਰਜ਼ੇ ਥਲੇ ਦਬ ਜਾਂਦਾ ਹੈ ਤਾਂ ਫਿਰ ਇਸ ਨੂੰ ਉਤਾਰਨ ਦੀ ਹੀ ਚਿੰਤਾਂ ਵਿਚ ਲਗਾ ਰਹਿੰਦਾ ਹੈ ਅਤੇ ਉਸ ਦੀ ਤਵੱਜੋ ਹੋਰ ਕਿਸੇ ਕੰਮ ਵਲ ਨਹੀਂ ਰਹਿੰਦੀ ਇਸ ਤਰ੍ਹਾਂ ਕਿਸਾਨ ਖੁਸ਼ਹਾਲ ਨਹੀਂ ਹੋ ਸਕਦਾ ।

ਫਿਰ ਡਿਵੈਲਪਮੈਂਟ ਦੇ ਬਾਰੇ ਵੀ ਬਹੁਤ ਕੁਝ ਕਿਹਾ ਗਿਆ ਅਤੇ ਇਹ ਵੀ ਕਿਹਾ ਗਿਆ ਕਿ ਸਕੂਲ ਅਤੇ ਕਾਲਜ ਵੀ ਵਧਾਏ ਗਏ ਹਨ । ਪਰ ਮੈਂ ਇਸ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਰਿਕਾਰਡ ਕਢਵਾ ਕੇ ਵੇਖ ਲਵੋ, ਪਹਿਲਾਂ ਨਾਲੋਂ ਘਟ ਹੀ ਖੁਲ੍ਹੇ ਹਨ । ਮੈਂ ਇਸ ਬਾਰੇ ਜ਼ਿਆਦਾ ਨਾ ਕਹਿੰਦਾ ਹੋਇਆ ਇਹੀ ਕਹਾਂਗਾ ਕਿ 1970-71 ਦੇ ਵਿਚ, ਜਦੋਂ ਕਿਸੇ ਵੇਲੇ ਸਾਨੂੰ ਸੇਵਾ ਕਰਨ ਦਾ ਮੌਕਾ ਮਿਲਿਆ ਸੀ, ਅਸੀਂ ਇਕ ਸਾਲ ਦੇ ਵਿਚ 156 ਮਿਡਲ ਸਕੂਲਾਂ ਨੂੰ ਅਪਗਰੇਡ ਕਰਕੇ ਹਾਈ ਬਣਾਇਆ ਸੀ ਅਤੇ 245 ਪਰਾਈਮਰੀ ਸਕੂਲ ਅਪਗਰੇਡ ਕੀਤੇ ਗਏ ਸਨ ਅਤੇ ਇਹ ਸਾਰੇ 401 ਬਣਦੇ ਹਨ, ਜਿਹੜੇ ਕਿ ਅਪਗਰੇਡ ਕੀਤੇ ਗਏ । ਅਗਰ ਇਹ ਸਰਕਾਰ ਵੀ ਇਸ ਤਰ੍ਹਾਂ ਕਰਦੀ ਤਾਂ ਮੈਂ ਤਾਰੀਫ ਕਰਦਾ । ਫਿਰ ਇਨ੍ਹਾਂ ਨੇ ਡਿਵੈਲਪਮੈਂਟ ਦੇ ਬਾਰੇ ਵੀ ਬਹੁਤ ਕੁਝ ਕਿਹਾ ਹੈ । ਅਸੈਂਬਲੀ ਵਿਚ ਵੀ ਕਿਹਾ ਕਿ 3 ਕਾਲਜ ਬਣਾਏ ਹਨ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਗੁਰੂ ਨਾਨਕ ਯੂਨੀਵਰਸਿਟੀ ਅਸੀਂ ਬਣਾਈ ਸੀ ਪਰ ਹੁਣ ਦੀ ਸਰਕਾਰ ਤਾਂ ਇਹ ਵਿਚਾਰ ਕਰ ਰਹੀ ਹੈ ਕਿ ਕਿਸੇ ਯੂਨੀਵਰਸਿਟੀ ਨੂੰ ਸੈਂਟਰ ਨੂੰ ਸੌਂਪ ਦਿਤਾ ਜਾਵੇ । ਜੋ ਯੂਨੀਵਰਸਿਟੀਆਂ ਬਣੀਆਂ ਹੋਈਆਂ ਹਨ, ਉਨ੍ਹਾਂ ਵਿਚੋਂ ਇਕ ਨੂੰ ਸੈਂਟਰ ਨੂੰ ਦੇ ਦੇਣ ਤੇ ਕੈਬਿਨਟ ਵਿਚ ਵੀ ਵਿਚਾਰ ਹੋ ਚੁਕਾ ਹੈ, ਅਖਬਾਰਾਂ ਵਿਚ, ਵੀ ਚਰਚਾ ਹੋਈ ਹੈ, ਕੁਝ ਬੰਦੇ ਇਸ ਚੀਜ਼ ਦੇ ਹੱਕ ਵਿਚ ਹਨ ਅਤੇ ਕੁਝ ਨਹੀਂ ਹਨ । ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੋ ਕੰਮ ਅਸੀਂ ਕੀਤੇ ਹਨ ਜਾਂ ਜਿਹੜੀਆਂ ਯੂਨੀਵਰਸਿਟੀਆਂ ਸਾਡੇ ਪੰਜਾਬ ਵਿਚ ਹਨ, ਉਨ੍ਹਾਂ ਵਿਚੋਂ ਕਿਸੇ ਯੂਨੀਵਰਸਿਟੀ ਨੂੰ ਸੈਂਟਰ ਨੂੰ ਕਿਉਂ ਦੇ ਰਹੇ ਹਨ ?

Original with;
Punjab Vidhan Sabha
Digitized by;
Panjab Digital Library

ਇਸ ਦੇ ਨਾਲ ਹੀ ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਬਹੁਤ ਸਾਰੇ ਕਾਰਖਾਨੇ ਲਗ ਗਏ ਹਨ ਅਤੇ ਇਨ੍ਹਾਂ ਨੇ ਇਸ ਗਲ ਨੂੰ ਚੈਲੰਜ ਕੀਤਾ ਸੀ । ਪਰ ਮੈਂ ਇਹ ਕਹਿੰਦਾ ਹਾਂ ਕਿ ਜੇ ਕਿਸੇ ਚੀਜ਼ ਦੀ ਪ੍ਰੋਡਕਸ਼ਨ ਵੱਧ ਹੋਵੇ ਤਾਂ ਉਹ ਚੀਜ਼ ਸਸਤੀ ਵਿਕਣੀ ਚਾਹੀਦੀ ਹੈ ਕਿਉਂਕਿ ਇਸ ਵਿਚ ਸਪਲਾਈ ਅਤੇ ਡਿਮਾਂਡ ਦਾ ਸਵਾਲ ਹੈ ਪਰ ਕੋਈ ਚੀਜ਼ ਵੀ ਇਸ ਸੂਬੇ ਵਿਚ ਲੋਕਾਂ ਨੂੰ ਇਸ ਵੇਲੇ ਸਸਤੀ ਨਹੀਂ ਮਿਲ ਰਹੀ ਬਾਜ਼ਾਰ ਵਿਚ ਕੋਈ ਚੀਜ਼ ਹੈ ਹੀ ਨਹੀਂ ਜੇ ਅੱਜ ਕੋਈ ਚੀਜ਼ ਮਿਲ ਜਾਵੇ ਤਾਂ ਦੂਜੇ ਦਿਨ ਗਾਇਬ ਹੋ ਜਾਂਦੀ ਹੈ । ਇਥੇ ਤਕ ਕਿ ਸਾਬਨ ਦੀ ਟਿਕੀ ਵੀ ਮਿਲਣੀ ਮੁਸ਼ਕਿਲ ਹੋ ਜਾਂਦੀ ਹੈ । ਪਤਾ ਨਹੀਂ ਕੀ ਹੋ ਰਿਹਾ ਹੈ । ਸਾਡੇ ਸੂਬੇ ਵਿਚ ਬਨਾਸਪਤੀ ਵੀ ਤਿਆਰ ਹੁੰਦਾ ਹੈ ਪਰ ਸਭ ਨੂੰ ਪਤਾ ਹੈ ਕਿ ਕਿਡੀਆਂ 2 ਲਾਈਨਾਂ ਵਿਚ ਲੋਕ ਖਲੋ ਕੇ ਕਿਤੇ ਅੱਧਾ ਅੱਧਾ ਕਿਲੋ ਘੀ ਲੈਂਦੇ ਹਨ ਅਤੇ ਉਹ ਵੀ ਕਈ ਕਈ ਦਿਨਾਂ ਬਅਦ । ਕਿੰਨੇ ਹੀ ਕਾਰਖਾਨੇ ਪ੍ਰਾਈਵੇਟ ਅਤੇ ਪਬਲਿਕ ਸੈਕਟਰ ਵਿਚ ਲਗੇ ਹੋਏ ਹਨ, ਪਰ ਚੀਜ਼ ਫਿਰ ਵੀ ਨਹੀਂ ਮਿਲਦੀ । ਬਾਕੀ ਸੀਮੇਂਟ ਦਾ ਕੀ ਹਾਲ ਹੈ, ਇਸ ਬਾਰੇ ਵੀ ਸਭ ਨੂੰ ਪਤਾ ਹੈ । ਡੀਜ਼ਲ ਬਾਰੇ ਇਹ ਸਰਕਾਰ ਕਹਿੰਦੀ ਹੈ ਕਿ ਮਥੁਰਾ ਤੋਂ ਜਲੰਧਰ ਤਕ ਪਾਈਪ ਲਾਈਨ ਲਗ ਰਹੀ ਹੈ ਅਤੇ ਫਿਰ ਡੀਜ਼ਲ ਦੀ ਸ਼ਾਰਟੇਜ਼ ਨਹੀਂ ਰਹੇਗੀ । ਪਰ ਸਵਾਲ ਤਾਂ ਇਹ ਹੈ ਕਿ ਲੋਕਾਂ ਨੂੰ ਡੀਜ਼ਲ ਤਾਂ ਅੱਜ ਨਹੀਂ ਮਿਲ ਰਿਹਾ ਅਤੇ ਇਹ ਜਿਹੜੀ ਪਾਈਪ ਲਾਈਨ ਹੈ ਇਸ ਨੂੰ ਘੱਟ ਤੋਂ ਘੱਟ 10 ਸਾਲ ਲਗ ਜਾਣਗੇ । ਇਹ ਰਿਫਾਈਨਰੀ 10 ਸਾਲ ਤੋਂ ਪਹਿਲਾਂ ਕੰਮ ਕਰਨਾ ਸ਼ੁਰੂ ਨਹੀਂ ਕਰ ਸਕੇਗੀ ਅਤੇ ਪ੍ਰੋਡਕਸ਼ਨ ਨਹੀਂ ਕਰ ਸਕੇਗੀ । ਲੋਕਾਂ ਨਾਲ ਇਸੇ ਤਰ੍ਹਾਂ ਦੇ ਵਾਅਦੇ ਕਰੀ ਜਾਂਦੇ ਹਨ ਪਰ ਕੰਮ ਕੋਈ ਨਹੀਂ ਹੋ ਰਿਹਾ ਹੈ । ਇਸ ਤਰ੍ਹਾਂ ਕਰਨ ਨਾਲ ਲੋਕਾਂ ਨੂੰ ਪਰਤਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਇਸ ਦੇ ਨਾਲ ਜ਼ਿਕਰ ਆਇਆ ਗਰੀਨ ਰੈਵੋਲਿਊਸ਼ਨ ਦਾ ਕਿ ਸੂਬੇ ਵਿਚ ਗਰੀਨ ਰੈਵੋਲਿਊਸ਼ਨ ਆਇਆ ਸੀ, ਪਰ ਇਹ ਰੈਵੋਲਿਊਸ਼ਨ 21 ਸਾਲ ਬਾਅਦ ਜਦੋਂ ਕਿ ਦੂਜੀ ਪਾਰਟੀ ਦੀ ਇਥੇ ਹਕੂਮਤ ਸੀ ਤਾਂ ਆਇਆ । ਸਾਡੀ ਪਾਰਟੀ ਦੇ ਵੇਲੇ ਪ੍ਰੋਡਕਸ਼ਨ ਵੱਧੀ ਅਤੇ ਦੂਜੇ ਦੇਸ਼ਾਂ ਤੋਂ ਅਨਾਜ ਲੈਣ ਤੋਂ ਛੁਟਕਾਰਾ ਮਿਲ ਗਿਆ ਸੀ, ਪਰ ਹੁਣ ਫਿਰ ਉਹੀ ਹਾਲਤ ਹੋ ਰਹੀ ਹੈ । ਇਸ ਵੇਲੇ ਉਸ ਗਰੀਨ ਰੈਵੋਲਿਊਸ਼ਨ ਵਾਲੀ ਗਲ ਨਹੀਂ ਹੈ । ਇਸ ਗਲ ਦੀ ਪੜਤਾਲ ਕਰਾਉਣੀ ਚਾਹੀਦੀ ਹੈ ਕਿ ਗਲ ਕੀ ਹੈ । ਹੁਣ ਵੀ ਇਹ ਕਿਹਾ ਜਾਂਦਾ ਹੈ ਕਿ ਦੋ ਮਿਲੀਅਨ ਟਨ ਜਾਂ 4 ਮਿਲੀਅਨ ਟਨ ਕਣਕ ਬਾਹਰੋਂ ਲੈਣੀ ਹੈ । ਇਸ ਬਾਰੇ ਫੈਕਟਸ ਅਤੇ ਫਿਗਰਜ਼ ਦਾ ਠੀਕ ਪਤਾ ਕਰਨਾ ਚਾਹੀਦਾ ਹੈ । ਅਜ ਤੋਂ 20 ਦਿਨ ਬਾਅਦ ਇਹ ਕਿਹਾ ਜਾਵੇਗਾ ਕਿ ਇਸ ਤੋਂ ਵੀ ਵੱਧ ਕਣਕ ਬਾਹਰੋਂ ਮੰਗਵਾਉਣੀ ਹੈ, ਅਤੇ ਫਿਰ 15 ਦਿਨ ਮਗਰੋਂ ਇਹ ਕਿਹਾ ਜਾਵੇਗਾ ਕਿ ਹੋਰ ਮੰਗਵਾਉਣੀ ਹੈ । ਇਸ ਦਾ ਕਾਰਨ ਇਹ ਹੈ ਕਿ ਜੋ ਇਥੇ ਅਨਾਜ ਪੈਦਾ ਕਰਦਾ ਹੈ, ਉਸ ਨੂੰ ਸੈਟਿਸਫਾਈ ਨਹੀਂ ਕੀਤਾ ਜਾਂਦਾ ਅਤੇ ਨਾ ਹੀ ਇਸ ਪਾਸੇ ਕੋਸ਼ਿਸ਼ ਕੀਤੀ ਜਾਂਦੀ ਹੈ ।

(ਇਸ ਵਕਤ ਸ਼੍ਰੀ ਡਿਪਟੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ ।)

ਡਿਪਟੀ ਸਪੀਕਰ ਸਾਹਿਬ, ਪਰੋਡਕਸ਼ਨ ਕਿਸੇ ਪਾਸੇ ਨਹੀਂ ਵੱਧੀ । ਜੇ ਕੁਝ ਵੱਧੀ ਵੀ ਹੈ ਤਾਂ ਉਹ ਸ਼ਾਇਦ ਕਿਸੇ ਫੈਕਟਰੀਆਂ ਵਿਚ ਵੱਧੀ ਹੈ । ਕੁਝ ਫੈਕਟਰੀਆਂ ਦੀ ਤਾਦਾਦ ਵੱਧੀ ਹੈ ਹੋਰ ਕਿਤੇ ਨਹੀਂ ਵੱਧੀ । ਜਿਥੋਂ ਤਕ ਫੂਡ ਗਰੇਨ ਦਾ ਸੁਅਲਕ ਹੈ ਪਰੋਡਕਸ਼ਨ ਘੱਟੀ ਹੈ । ਇਸ ਬਾਰੇ ਇਥੇ ਗਰੀਨ ਰੈਵੋਲਿਊਸ਼ਨ ਦਾ ਜ਼ਿਕਰ

4-20 P.M.

Original with;
Punjab Vidhan Sabha
Digitized by
Panjab Digital Library

[ਸਰਦਾਰ ਸੁਰਜੀਤ ਸਿੰਘ]

ਆਇਆ ਮੇਰੇ ਕਾਂਗਰਸੀ ਦੋਸਤ ਇਹ ਮੰਨਣ ਲਈ ਕਦੀ ਵੀ ਤਿਆਰ ਨਹੀਂ ਕਿ ਇਸ ਵਿਚ ਸਭ ਤੋਂ ਜ਼ਿਆਦਾ ਕੰਟਰੀਬਿਊਸ਼ਨ ਅਕਾਲੀਆਂ ਦੀ ਸੀ ਜਿਸ ਤੋਂ ਕਿਸਾਨ ਖੁਸ਼ ਹੋਏ । ਮੈਂ ਇਸ ਗਲ ਨੂੰ ਮੰਨਦਾ ਹਾਂ ਕਿ ਕਿਸਾਨਾਂ ਨੇ ਵੀ ਵੱਧ ਤੋਂ ਵੱਧ ਕੋਸ਼ਿਸ਼ ਕੀਤੀ ਅਤੇ ਇਨਵੈਸਟਮੈਂਟ ਵੀ ਕੀਤੀ ਜਿਸ ਦੇ ਸਦਕੇ ਇਥੇ ਗਰੀਨ ਰੈਵੋਲਿਊਸ਼ਨ ਆਇਆ । ਅੱਜ ਹਾਲਾਤ ਫਿਰ ਵਿਗੜਦੇ ਜਾ ਰਹੇ ਹਨ, ਇਸ ਦਾ ਵਡਾ ਕਾਰਣ ਹੈ ਕਿ ਸੂਬੇ ਦੀ ਇਕਾਨੋਮੀ ਸ਼ੈਟਰਡ ਹੈ ਉਸ ਦਾ ਗਲਾ ਘੁਟਿਆ ਜਾ ਰਿਹਾ ਹੈ ਕਿਉਂਕਿ ਸੂਬੇ ਵਿਚ ਇਕਾਨਮੀ ਸ਼ੈਟਰਡ ਹੋ ਚੁਕੀ ਹੈ । ਪਿਛਲੇ ਸਾਲ ਇਥੇ ਖਜ਼ਾਨਾ ਮੰਤਰੀ ਨੇ ਕਿਹਾ ਸੀ ਕਿ ਅੱਜ ਪੰਜਾਬ ਦੇ ਖਜ਼ਾਨੇ ਬਿਲਕੁਲ ਖਾਲੀ ਪਏ ਹਨ, ਪੈਸਾ ਖਰਚ ਕਰਨ ਵਾਸਤੇ ਨਹੀਂ ਹੈ । ਜਿਥੋਂ ਵੀ ਪੰਜਾਬ ਦੇ ਖਜ਼ਾਨੇ ਵਿਚ ਪੈਸੇ ਜਮ੍ਹਾਂ ਹੋ ਸਕਦੇ ਸਨ ਥੋੜੇ ਥੋੜੇ ਕਰਕੇ ਕਰਵਾਏ । ਡਿਪਟੀ ਸਪੀਕਰ ਸਾਹਿਬ, ਸਾਡਾ ਸੂਬਾ ਫਲਰਸ਼ਿੰਗ ਸੂਬਾ ਹੈ । ਜਿਹੜੀ ਸੂਬੇ ਦੀ ਇਸ ਵਾਰੀ ਹਾਲਤ ਹੋਈ ਹੈ ਉਹ ਕਦੇ ਵੀ ਨਹੀਂ ਸੀ ਹੋਈ । ਮੇਰੇ ਕਈ ਦੋਸਤ ਹਾਈ ਕੋਰਟ ਵਿਚ ਪਰੈਕਟਿਸ ਕਰਦੇ ਹਨ ਉਨ੍ਹਾਂ ਦੇ 8,8 ਮਹੀਨਿਆਂ ਦੇ ਬਿਲ ਪਏ ਰਹੇ ਉਨ੍ਹਾਂ ਨੂੰ ਪੈਸੇ ਨਾ ਮਿਲੇ । ਉਹ ਐਡਵੋਕੇਟ ਜਨਰਲ ਦੇ ਦਫਤਰ ਵਿਚ ਜਾਂਦੇ ਸਨ ਪਰ ਉਥੋਂ ਜਵਾਬ ਮਿਲਦਾ ਸੀ ਕਿ ਖਜ਼ਾਨੇ ਵਿਚ ਪੈਸਾ ਨਹੀਂ ਹੈ । ਹੁਣ ਜਾ ਕੇ ਕਿਤੇ 6 ਮਹੀਨਿਆਂ ਬਾਅਦ ਉਨ੍ਹਾਂ ਨੂੰ ਸ਼ਾਇਦ ਪੈਸੇ ਮਿਲੇ ਹਨ । ਲੋਕ ਮਹਿਸੂਸ ਕਰਨ ਲਗ ਪਏ ਹਨ ਕਿ ਸਾਡੇ ਸੂਬੇ ਦਾ ਦੀਵਾਲਾ ਨਿਕਲ ਗਿਆ ਹੈ ਸਾਡੇ ਸੂਬੇ ਵਿਚ ਪੈਸੇ ਦੀ ਕਮੀ ਹੋਣ ਦਾ ਸਭ ਤੋਂ ਵਡਾ ਕਾਰਣ ਸੈਂਟਰਲ ਟੈਕਸੇਸ਼ਨ ਹੈ । ਸਾਡੇ ਸੂਬੇ ਤੇ ਬਹੁਤ ਵਡੀ ਤਦਾਦ ਵਿਚ ਸੈਂਟਰ ਵਲੋਂ ਟੈਕਸ ਲਗੇ ਹੋਏ ਹਨ ਜਿਹੜੇ ਕਿ ਸਾਡੇ ਸੂਬੇ ਨੂੰ ਇਕੱਠੇ ਕਰਕੇ ਸੈਂਟਰ ਨੂੰ ਦੇਣੇ ਪੈਂਦੇ ਹਨ ।

ਡਿਪਟੀ ਸਪੀਕਰ ਸਹਿਬ, ਹੁਣ ਤੁਸੀਂ ਅੰਦਾਜ਼ਾ ਲਗਾਉ ਕਿ ਸ਼ੂਗਰ ਤੇ 37% ਟੈਕਸ ਜਿਹੜਾ ਹੈ ਉਹ ਸਾਰੇ ਦਾ ਸਾਰਾ ਸੈਂਟਰਲ ਗੌਰਮਿੰਟ ਨੂੰ ਚਲਾ ਜਾਂਦਾ ਹੈ, ਇਸੇ ਤਰ੍ਹਾਂ ਸੋਫਟ ਡਰਿੰਕਸ ਤੇ 20% ਟੈਕਸ ਹੈ ਜਿਹੜਾ ਕਿ ਸੈਂਟਰ ਦਾ ਹੈ, ਫਰਟੇਲਾਈਜ਼ਰ ਤੇ 20% ਹੈ । ਇਸੇ ਤਰ੍ਹਾਂ ਸੀਮਿੰਟ ਅਤੇ ਪਟ੍ਰੋਲ ਡੀਜ਼ਲ ਆਦਿ ਤੇ ਵੀ ਸੈਂਟਰ ਵਲੋਂ ਟੈਕਸ ਲਗਿਆ ਹੋਇਆ ਹੈ ਡੀਜ਼ਲ ਅਤੇ ਪੈਟ੍ਰੋਲ ਤੇ ਥੋੜ੍ਹਾ ਜਿਹਾ ਟੈਕਸ ਹੈ ਜਿਹੜਾ ਕਿ ਸਾਡੇ ਸੂਬੇ ਨੂੰ ਮਿਲਦਾ ਹੈ ਬਾਕੀ ਸਾਰਾ ਦਿਲੀ ਦੀ ਸਰਕਾਰ ਕੋਲ ਚਲਾ ਜਾਂਦਾ ਹੈ। ਕਪੜੇ ਤੇ, ਡਿਪਟੀ ਸਪੀਕਰ ਸਾਹਿਬ, ਬੇਤਹਾਸ਼ਾ ਸੈਂਟਰਲ ਗੌਰਮਿੰਟ ਦਾ ਟੈਕਸ ਲਗਿਆ ਹੋਇਆ ਹੈ, ਇਹ 20% ਤੋਂ ਲੈਕੇ 60% ਤਕ ਚਲਿਆ ਜਾਂਦਾ ਹੈ । ਇਸੇ ਤਰ੍ਹਾਂ ਹੋਰ ਵੀ ਜਿਹੜੀ ਚੀਜ਼ ਹੈ, ਟਰੈਕਟਰ ਹਨ, ਮੋਟਰ ਇੰਜਨ ਹਨ ਇਨ੍ਹਾਂ ਤੇ ਕਈ ਤਰ੍ਹਾਂ ਦੀਆਂ ਡਿਊਟੀਆਂ ਅਤੇ ਕਸਟਮਜ਼ ਲਗੇ ਹੋਏ ਹਨ ਜਿਹੜੇ ਕਿ ਸੈਂਟਰਲ ਗੌਰਮਿੰਟ ਨੂੰ ਦੇਣੇ ਪੈਂਦੇ ਹਨ ।

ਡਿਪਟੀ ਸਪੀਕਰ ਸਾਹਿਬ, ਸਾਡੇ ਸੰਵਿਧਾਨ ਦੇ ਤਹਿਤ ਸੂਬੇ ਦੀ ਡਿਵੈਲਪਮੈਂਟ ਦੀ ਰਿਸਪੌਂਸੀਬਿਲਟੀ ਸੂਬੇ ਤੇ ਹੀ ਹੈ ਪਰ ਸੂਬੇ ਦੇ ਟੈਕਸਾਂ ਦਾ ਪੈਸਾ ਸੈਂਟਰ ਸਰਕਾਰ ਲੈ ਲੈਂਦੀ ਹੈ । ਫਿਰ ਸੈਂਟਰ ਵਿਚ ਵਖਰੇ ਵਖਰੇ ਅਦਾਰੇ ਬਣੇ ਹੋਏ ਹਨ ਕੋਈ ਪਲੈਨਿੰਗ ਕਮਿਸ਼ਨ, ਫਾਈਨੈਂਸ ਕਮਿਸ਼ਨ, ਆਦਿ ਕਈ ਅਦਾਰੇ ਹਨ । ਜਦ ਸੂਬੇ ਦੀ ਸਰਕਾਰ ਨੂੰ ਪੈਸੇ ਦੀ ਲੋੜ ਪੈਂਦੀ ਹੈ ਤਾਂ ਉਸ ਨੂੰ ਇਨ੍ਹਾਂ ਅਦਾਰਿਆਂ ਵਿਚ ਜੁਤੀਆਂ ਰਗੜਨੀਆਂ ਪੈਂਦੀਆਂ ਹਨ । ਉਹ ਸੋਚਦੇ ਹਨ ਕਿ ਹੁਣ ਪੈਸਾ ਸਾਡੇ ਕੋਲ ਆ ਗਿਆ ਹੈ ਤਾਂ ਇਸ ਦਾ ਹਿਸਾਬ-ਕਿਤਾਬ ਵੀ

Original with;
Punjab Vidhan Sabha
Digitized by;
Panjab Digital Library

ਅਸੀਂ ਹੀ ਲਾਉਣਾ ਹੈ । ਉਨ੍ਹਾਂ ਅਦਾਰਿਆਂ ਵਿਚ ਪੰਜਾਬ ਦੀ ਨੁਮਾਇੰਦਗੀ ਬਿਲਕੁਲ ਨਹੀਂ ਹੁੰਦੀ ਜੇ ਹੁੰਦੀ ਹੈ ਤਾਂ ਬਿਲਕੁਲ ਨਾਮ ਮਾਤਰ ।

ਕਈ ਵਾਰੀ ਮਨਿਸਟਰ ਇਥੇ ਹਾਊਸ ਵਿਚ ਕਹਿੰਦੇ ਹਨ ਕਿ ਸਾਨੂੰ ਸੈਂਟਰਲ ਗੌਰਮਿੰਟ ਤੋਂ ਪੈਸਾ ਲੈਣ ਵਾਸਤੇ ਲੜਾਈ ਕਰਨੀ ਪੈਂਦੀ ਹੈ ਪੈਸਾ ਵੀ ਸਾਡੇ ਸੂਬੇ ਦਾ ਅਤੇ ਜਦ ਅਸੀਂ ਮੰਗਦੇ ਹਾਂ ਲੜਾਈ ਕਰਨੀ ਪੈਂਦੀ ਹੈ । ਜਦ ਅਸੀਂ ਪੈਸਾ ਮੰਗਣ ਲਈ ਜਾਂਦੇ ਹਾਂ ਤਾਂ ਉਹ ਸਾਨੂੰ ਕਹਿੰਦੇ ਹਨ ਕਿ ਤੁਹਾਡਾ ਸੂਬਾ ਤਾਂ ਖੁਸ਼ਹਾਲ ਸੂਬਾ ਹੈ, ਇਸ ਤੋਂ ਪਰਲਾ ਸੂਬਾ ਕਿਸੇ ਵੀ ਸੂਬੇ ਦਾ ਨਾਂ ਲੈ ਦਿੰਦੇ ਹਨ ਉਹ ਬਹੁਤ ਗਰੀਬ ਸੂਬਾ ਹੈ ਉਨ੍ਹਾਂ ਨੂੰ ਪੈਸੇ ਦੀ ਬਹੁਤ ਲੋੜ ਹੈ ਇਸ ਵਾਸਤੇ ਇਹ ਪੈਸਾ ਅਸੀਂ ਉਨ੍ਹਾਂ ਨੂੰ ਦੇ ਦਿੰਦੇ ਹਾਂ । ਫਿਰ ਕਈ ਵਾਰੀ ਕਹਿ ਦਿੰਦੇ ਹਨ ਕਿ ਤੁਹਾਡੇ ਸੂਬੇ ਦੀ ਪਰ ਕੈਪੀਟਾ ਇਨਕਮ ਤਾਂ ਜ਼ਿਆਦਾ ਹੈ ਪਰ ਫਲਾਣੇ ਸੂਬੇ ਦੀ ਪਰ ਕੈਪੀਟਾ ਇਨਕਮ ਬਹੁਤ ਘੱਟ ਹੈ, ਉਸ ਨੂੰ ਥੋੜ੍ਹੀ ਜਿਹੀ ਸਹਾਇਤਾ ਦੇ ਦੇਣ ਨਾਲ ਸਾਰੇ ਹਿੰਦੁਸਤਾਨ ਦੀ ਪਰ ਕੈਪੀਟਾ ਇਨਕਮ ਇਕੋ ਜਹੀ ਹੋ ਜਾਵੇਗੀ । ਇਸ ਤਰ੍ਹਾਂ ਉਹ ਕਹਿ ਕੇ ਟਾਲ ਦਿੰਦੇ ਹਨ ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਜਿਸ ਸੂਬੇ ਦੀ ਜਿਤਨੀ ਜ਼ਿਆਦਾ ਪਰ ਕੈਪੀਟਾ ਇਨਕਮ ਹੁੰਦੀ ਹੈ ਉਤਨਾ ਹੀ ਜ਼ਿਆਦਾ ਉਸ ਦਾ ਖਰਚ ਹੁੰਦਾ ਹੈ । ਟੈਕਸ ਸਭ ਤੋਂ ਜ਼ਿਆਦਾ ਅਸੀਂ ਦਿੰਦੇ ਹਾਂ ਲੇਕਿਨ ਪੈਸਾ ਦੂਜਿਆਂ ਸੂਬਿਆਂ ਨੂੰ ਮਿਲਦਾ ਹੈ ਜਿਹਕੇ ਕਿ ਦੂਜੇ ਸੂਬੇ ਵਿਚ ਵਸਣ ਵਾਲੇ ਹਨ । ਡਿਪਟੀ ਸਪੀਕਰ ਸਾਹਿਬ, ਇਹ ਗਲ ਨਹੀਂ ਕਿ ਉਥੇ ਉਨ੍ਹਾਂ ਦੇ ਸੂਬੇ ਵਿਚ ਕੰਮ ਨਹੀਂ ਜਾਂ ਜ਼ਮੀਨ ਚੰਗੀ ਨਹੀਂ ਜਾਂ ਔਜ਼ਾਰ ਨਹੀਂ, ਉਥੇ ਵੀ ਜ਼ਮੀਨ ਇਸੇ ਤਰ੍ਹਾਂ ਦੀ ਹੈ ਕੰਮ ਵੀ ਬਹੁਤ ਹੈ ਪਰ ਉਨ੍ਹਾਂ ਸੂਬਿਆਂ ਦੇ ਲੋਕ ਕੰਮ ਕਰਕੇ ਰਾਜ਼ੀ ਨਹੀਂ ਹਨ । ਉਹ ਖੇਤਰਾਂ ਵਿਚ ਆਪ ਨਾ ਜਾ ਕੇ ਜ਼ਨਾਨੀਆਂ ਨੂੰ ਭੇਜ ਦਿੰਦੇ ਹਨ । ਇਸ ਤਰ੍ਹਾਂ ਉਥੇ ਉਪਜ ਕੀ ਵਧੇਗੀ ਜਦ ਉਨ੍ਹਾਂ ਦੀ ਉਪਜ ਨਹੀਂ ਹੋਵੇਗੀ ਤਾਂ ਉਨ੍ਹਾਂ ਦੀ ਪਰ ਕੈਪੀਟਾ ਇਨਕਮ ਘੱਟ ਹੋਵੇਗੀ ।

ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਕਿਸਾਨ ਜਿਤਨੀ ਮੇਹਨਤ ਕਰਦਾ ਹੈ ਉਸ ਨੂੰ ਉਸ ਦੀ ਉਤਨੀ ਰਿਟਰਨ ਨਹੀਂ ਮਿਲਦੀ । ਸਾਡੇ ਸੂਬੇ ਦੇ ਲੋਕ ਮਿਹਨਤ ਕਰਦੇ ਹਨ । ਇਸ ਵਾਸਤੇ ਉਨ੍ਹਾਂ ਨੂੰ ਉਸ ਦੀ ਰਿਟਰਨ ਵੀ ਜ਼ਰੂਰ ਮਿਲਣੀ ਚਾਹੀਦੀ ਹੈ ਤਾਂ ਹੀ ਸਾਡੇ ਸੂਬੇ ਦੀ ਹੋਰ ਜ਼ਿਆਦਾ ਤਰੱਕੀ ਹੋ ਸਕਦੀ ਹੈ ।

ਮੈਂ ਬੇਨਤੀ ਕਰ ਰਿਹਾ ਸੀ ਕਿ ਸਾਡੀ ਇਕਨਾਮਿਕ ਕੰਡੀਸ਼ਨ ਇਸ ਕਰਕੇ ਕਮਜ਼ੋਰ ਰਹੀ ਹੈ ਕਿਉਂਕਿ ਇਥੇ ਸੈਂਟਰ ਵਲੋਂ ਟੈਕਸ ਉਗਰਾਉਹਣ ਦੇ ਰੀਸੋਰਸਿਜ਼ ਜ਼ਿਆਦਾ ਹਨ ਅਤੇ ਸਾਡੇ ਸੂਬੇ ਕੋਲ ਥੋੜ੍ਹੇ ਹੀ ਰਹਿ ਜਾਂਦੇ ਹਨ। ਅਸੈਂਬਲੀ ਵਿਚ ਬਿਲ ਲਿਆਉਣ ਤੋਂ ਇਹ ਡਰਦੇ ਹਨ ਅਤੇ ਬਾਅਦ ਵਿਚ ਇਹ ਆਰਡੀਨੈਂਸ ਰਾਹੀਂ ਟੈਕਸ ਲਾਉਂਦੇ ਹਨ । ਕੱਲ ਜਿਵੇਂ ਕਿ ਡਾਕਟਰ ਬਲਦੇਵ ਪ੍ਰਕਾਸ਼ ਨੇ ਕਿਹਾ ਸੀ ਕਿ ਇਸ ਸਰਕਾਰ ਨੇ ਟੈਕਸ ਬਸਾਂ ਦੇ ਕਿਰਾਏ ਤੇ ਲਾ ਦਿੱਤੇ ਹਨ ਪਰ ਕਾਰਾਂ ਤੇ ਨਹੀਂ ਲਾਏ । ਭਾਵ ਇਨ੍ਹਾਂ ਨੇ ਅਮੀਰਾਂ ਤੇ ਟੈਕਸ ਨਹੀਂ ਲਾਏ ਗਰੀਬਾਂ ਤੇ ਲਾ ਦਿੱਤੇ ਹਨ । ਸਿਨਮਾ ਬਣਾਉਣ ਵਾਲੇ ਜਿਹੜੇ ਕਿ ਸਿਨਮੇ ਦੇ ਮਾਲਕ ਹਨ ਉਨ੍ਹਾਂ ਤੇ ਟੈਕਸ ਨਹੀਂ ਲਾਏ ਪਰ ਸਿਨਮਾ ਵੇਖਣ ਵਾਲੇ ਤੇ ਟੈਕਸ ਲਾ ਦਿੱਤੇ ਹਨ । ਗਰੀਬ ਕਿਸਾਨਾਂ ਤੇ ਹੋਰ ਟੈਕਸ ਲਾ ਦਿੱਤਾ ਇਸ ਨਾਲ ਸੂਬੇ ਦੀ ਉਪਜ ਤੇ ਵੀ ਫਰਕ ਪਵੇਗਾ ।

Original with;
Punjab Vidhan Sabha
Digitized by;
Panj

[ਸਰਦਾਰ ਸੁਰਜੀਤ ਸਿੰਘ]

ਡਿਪਟੀ ਸਪੀਕਰ ਸਾਹਿਬ, ਸਾਡੇ ਸੂਬੇ ਦੇ ਰੀਸੋਰਸਿਜ਼ ਲਿਮਟਿਡ ਹੋਣ ਕਰਕੇ ਅਸੀਂ ਇਤਨੀ ਡਿਵੈਲਪਮੈਂਟ ਨਹੀਂ ਕਰ ਸਕਦੇ । ਸਾਡੇ ਸੂਬੇ ਵਿਚ ਫਾਈਨਾਂਸ਼ਲ ਅਟਾਨੋਮੀ ਹੋਣੀ ਚਾਹੀਦੀ ਹੈ । ਸੈਂਟਰਲ ਸਬਜੈਕਟਸ ਉਸ ਹਿਸਾਬ ਨਾਲ ਟੈਕਸ ਕੰਟਰੀਬਿਊਟ ਕਰੇ ਜਿਸ ਤਰੀਕੇ ਨਾਲ ਸੂਬੇ ਦੀ ਡਿਵੈਲਪਮੈਂਟ ਵੀ ਹੋ ਸਕੇ ਵਿਕਾਸ ਹੋ ਸਕੇ ਅਤੇ ਸੂਬਾ ਜਿਸ ਤਰ੍ਹਾਂ ਤਰੱਕੀ ਕਰਨਾ ਚਾਹੁੰਦਾ ਹੈ ਕਰ ਸਕੇ । ਸਾਡੇ ਸੂਬੇ ਦੇ ਟੈਕਸ ਦੇ ਰੀਸੋਰਸਿਜ਼ ਜਿਤਨੇ ਹੋਣ ਉਨ੍ਹਾਂ ਵਿਚ ਸੂਬੇ ਦਾ ਹਿੱਸਾ ਜ਼ਿਆਦਾ ਹੋਣਾ ਚਾਹੀਦਾ ਹੈ ਫਾਈਨਾਂਸ਼ਲ ਅਟਾਨੋਮੀ ਹੋਵੇ ਤਾਂ ਹੀ ਅਸੀਂ ਤਰੱਕੀ ਕਰ ਸਕਦੇ ਹਾਂ । ਹੁਣ ਜਿਸ ਤਰ੍ਹਾਂ ਕਿ ਸੈਂਟਰ ਦੀ ਗੌਰਮਿੰਟ ਨੇ ਡੀਫੈਂਸ ਵਿਚ ਨਵੀਂ ਭਰਤੀ ਕਰਨ ਲਈ, ਸੂਬੇ ਦੇ ਲਿਹਾਜ਼ ਨਾਲ ਭਰਤੀ ਕਰਨੀ ਹੈ ਤਾਂ ਸੈਂਟਰ ਗੌਰਮਿੰਟ ਨੂੰ ਅਬਾਦੀ ਦੇ ਲਿਹਾਜ਼ ਨਾਲ ਹੀ ਉਨ੍ਹਾਂ ਕੋਲੋਂ ਪੈਸੇ ਲੈਣੇ ਚਾਹੀਦੇ ਹਨ। ਜੇ ਆਬਾਦੀ ਦੇ ਲਿਹਾਜ਼ ਨਾਲ ਹੀ ਸਾਰਾ ਕੁਝ ਕਰਨਾ ਹੈ ਤਾਂ ਅਸੀਂ ਆਬਾਦੀ ਦੇ ਲਿਹਾਜ਼ ਨਾਲ ਹੀ ਪੈਸੇ ਦੀ ਅਲਾਟਮੈਂਟ ਕਰਨ ਨੂੰ ਤਿਆਰ ਹਾਂ । ਇਸੇ ਤਰ੍ਹਾਂ ਡੀਫੈਂਸ ਪਰਪਜ਼ਿਜ਼ ਲਈ ਵੀ ਅਸੀਂ ਜੇ ਕੰਟਰੀਬੀਊਟ ਕਰ ਦੇਈਏ ਤਾਂ ਇਸ ਦੇ ਵਿਚ ਕੀ ਹਰਜ ਹੈ । ਮੈਂ ਕਹਿੰਦਾ ਹਾਂ ਸਾਡੀ ਤਰ੍ਹਾਂ ਅਮਰੀਕਾ ਦੇ ਅੰਦਰ ਵੀ ਸਟੇਟਸ ਹਨ, ਉਨ੍ਹਾਂ ਨੂੰ ਬੜੇ ਬੜੇ ਅਧਿਕਾਰ ਹਨ । ਉਹ ਬਾਹਰਲੇ ਦੇਸਾਂ ਦੇ ਨਾਲ ਆਪਣੀ ਤਜਾਰਤ ਕਰ ਸਕਦੇ ਹਨ । ਉਨ੍ਹਾਂ ਨੇ ਟਰੇਡ ਕਮਿਸ਼ਨ ਬਣਾਏ ਹੋਏ ਹਨ । ਕੈਨੇਡਾ ਦੇ ਵਿਚ ਇਕ ਔਂਟਾਰੀਓ ਸਟੇਟ ਹੈ, ਉਨ੍ਹਾਂ ਦਾ ਆਪਣਾ ਟਰੇਡ ਕਮਿਸ਼ਨ ਹੈ ਅਤੇ ਬੜੀ ਭਾਰੀ ਤਾਦਾਦ ਵਿਚ ਦੂਸਰੇ ਮੁਲਕਾਂ ਦੇ ਨਾਲ ਤਜਾਰਤ ਕਰਦੇ ਹਨ। ਪਰ ਸਾਡੀ ਸਟੇਟ ਦੀ ਜੋ ਵੀ ਪ੍ਰੋਡਿਊਸ ਹੁੰਦੀ ਹੈ ਬਜਾਏ ਇਸ ਦੇ ਕਿ ਉਹ ਸਾਨੂੰ ਕੋਈ ਇਨਸੈਂਟਿਵ ਦੇਣ, ਸੈਂਟਰ ਤੋਂ ਰਿਸਟ੍ਰਿਕਸ਼ਨਜ਼ ਲਗਦੀਆਂ ਹਨ । ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਸੂਬੇ ਦਾ ਵਿਕਾਸ ਹੀ ਰੁਕ ਜਾਂਦਾ ਹੈ, ਜਿਤਨੀ ਸੂਬੇ ਦੀ ਡੀਵੈਲਪਮੈਂਟ ਚਾਹੀਦੀ ਹੈ ਉਹ ਹੋ ਨਹੀਂ ਸਕਦੀ । ਇਸ ਦੇ ਨਾਲ ਹੀ ਜਿਤਨੇ ਵੀ ਸਾਡੇ ਪੈਸੇ ਪੈਸੇ ਦੇ ਰੀਸੋਰਸਿਜ਼ ਹਨ ਉਨ੍ਹਾਂ ਨੂੰ ਇਸ ਤਰੀਕੇ ਨਾਲ ਟੈਕਸਿਜ਼ ਦੇ ਅੰਦਰ ਬੰਨ੍ਹਿਆ ਜਾਂਦਾ ਹੈ। ਇਨਕਮ ਸਾਡੀ ਅਤੇ ਕੰਟਰੋਲ ਸੈਂਟਰ ਦਾ, ਇਹ ਇਕ ਮੇਨ ਰੀਜ਼ਨ ਹੈ ਜਿਹੜਾ ਇਸ ਸਟੇਟ ਦੀ ਇਕਾਨੋਮੀ ਨੂੰ ਸ਼ੈਟਰ ਕਰਦਾ ਹੈ ।

ਪਲੈਨਜ਼ ਦਾ ਜ਼ਿਕਰ ਕਰਦੇ ਹੋਏ ਇਨ੍ਹਾਂ ਨੇ ਕਿਹਾ, ਕਿ ਪਹਿਲਾਂ 200 ਕਰੋੜ ਦੀਆਂ ਪਲੌਨਜ਼ ਸਨ, ਹੁਣ ਇਹ 800 ਕਰੋੜ ਤੱਕ ਦੀਆਂ ਹੋ ਗਈਆਂ ਹਨ । ਪਲੈਨਿੰਗ ਦੀ ਗਲ ਇਕ ਸੈਂਟਰਲ ਮਨਿਸਟਰ ਨੇ ਕੀਤੀ ਹੈ, ਜਿਹੜੀ ਕਿ ਅਖਬਾਰ ਵਿਚ ਆਈ ਹੈ, ਇਹ ਮੈਂ ਅਖਬਾਰ ਇਕਨਾਮਿਕ ਟਾਈਮਜ਼ ਦੇ ਵਿਚੋਂ ਪੜ੍ਹ ਕੇ ਆਪ ਨੂੰ ਸੁਣਾਉਣਾ ਚਾਹੁੰਦਾ ਹਾਂ :

"FOOL'S EXERCISE"

"Only a fool would venture to come out with figures with a degree of finality about the total outlay of the fifth plan at the moment."

Union Planning Minister, Shri D. P. Dhar here said to a representative of The U. N. I. This News is from Visakhapatnam:

ਅੱਜ ਵਜ਼ੀਰ ਸਾਹਿਬ ਇਸ ਤਰ੍ਹਾਂ ਦੀਆਂ ਪਲੈਨਜ਼ ਦੀਆਂ ਗਲਾਂ ਕਰਦੇ ਹਨ ਜਦੋਂ ਕਿ ਸੈਂਟਰ ਦੇ ਮਨਿਸਟਰ ਨੂੰ ਨਹੀਂ ਪਤਾ ਕਿ ਪਲੈਨਜ਼ ਕਿਤਨੀ ਅਮਾਊਂਟ ਦੀਆਂ ਹਨ । ਪਲੈਨਿੰਗ ਅਤੇ ਇਕਾਨੋਮੀ ਦੀ ਰੇਸ਼ੋ ਦੇ ਸਬੰਧ ਵਿਚ ਜਦੋਂ ਇਕ ਮਨਿਸਟਰ ਦੇ ਆਊਟ ਲੁਕ ਨੂੰ ਨਹੀਂ ਸੀ ਮੰਨਿਆ ਗਿਆ ਤਾਂ ਤੁਹਾਨੂੰ ਪਤਾ ਹੀ ਹੈ ਕਿ ਉਸ ਨੇ ਰੀਜ਼ਾਈਨ ਕਰ ਦਿੱਤਾ ਸੀ । ਉਹਦਾ

Original with;
Punjab Vidhan Sabha
Digitized by;
Panjab Digital Library

ਕਹਿਣਾ ਸੀ ਕੇ ਇਸ ਤਰ੍ਹਾਂ ਦੀ ਹੀਂ ਜੇ ਸਾਡੀ ਫ਼ਾਈਵ-ਈਅਰ ਪਲੈਨ ਰਹੀ ਤਾਂ ਇਹ ਕਿਸੇ ਤਰ੍ਹਾਂ ਵੀ ਕਾਮਯਾਬ ਨਹੀਂ ਹੋ ਸਕਦੀ। ਇਤਨਾ ਕਹਿੰਦਾ ਹੋਇਆ ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ।

ਸ਼੍ਰੀ ਸਰਦਾਰੀ ਲਾਲ ਕਪੂਰ (ਲੁਧਿਆਣਾ ਉੱਤਰ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਸਪਲੀਮੈਂਟਰੀ ਬਜਟ ਪੇਸ਼ ਕੀਤਾ ਹੈ ਮੈਂ ਸਮਝਦਾ ਹਾਂ ਕਿ ਕੁਝ ਗਲਾਂ ਰਹਿ ਗਈਆਂ ਹਨ ਉਨ੍ਹਾਂ ਨੂੰ ਪੂਰਾ ਕਰਨ ਵਾਸਤੇ ਇਹ ਸਪਲੀਮੈਂਟਰੀ ਬਜਟ ਪੇਸ਼ ਕੀਤਾ ਗਿਆ ਹੈ। ਮੇਰਾ ਆਪਣਾ ਖਿਆਲ ਹੈ ਕਿ ਪਿਛਲੇ ਸਾਲ ਦੇ ਸਪਲੀਮੈਂਟਰੀ ਡੀਮਾਂਡ ਦੇ ਨਾਲੋਂ ਇਸ ਦੇ ਵਿਚ ਕਾਫੀ ਤੋਂ ਜ਼ਿਆਦਾ ਰਕਮ ਘੱਟ ਹੈ। ਇਕ ਗਲ ਮੈਂ ਹੋਰ ਅਰਜ਼ ਕਰ ਦੇਵਾਂ ਕਿ ਡੀਵੈਲਪਮੈਂਟ ਦੇ ਸਿਲਸਲੇ ਵਿਚ 26,44,000 ਰੁਪਿਆ ਗਵਰਨਮੈਂਟ ਆਫ਼ ਇੰਡੀਆਂ ਤੋਂ ਮਿਲਣਾ ਹੈ, ਸਲੱਮਜ਼ ਦੀ ਕਲੀਰੈਂਸ ਦੇ ਵਾਸਤੇ, ਮੈਂ, ਪ੍ਰਾਰਥਨਾ ਕਰਾਂਗਾ ਕਿ ਇਹ ਠੀਕ ਹੈ ਕਿ ਇਹ ਰਕਮ ਸੈਂਟਰ ਤੋਂ ਲੁਧਿਆਣੇ ਨੂੰ ਮਿਲੀ ਹੈ। ਪੰਜਾਬ ਗਵਰਨਮੈਂਟ ਨੂੰ ਚਾਹੀਦਾ ਹੈ ਕਿ ਸੈਂਟਰ ਤੋਂ ਹੋਰ ਪੈਸਾ ਜਿਤਨੇ ਵਡੇ ਵਡੇ ਸ਼ਹਿਰ ਹਨ ਉਨ੍ਹਾਂ ਦੀ ਸਲੱਮ ਕਲੀਰੈਂਸ ਵਾਸਤੇ ਪੈਸਾ ਹਾਸਲ ਕਰੇ। ਸਲੱਮਜ਼ ਤਾਂ ਸਾਰੇ ਹੀ ਹੁੰਦੇ ਹਨ, ਉਨ੍ਹਾਂ ਦੇ ਲਈ ਰੁਪਿਆ ਮਿਲਣਾ ਜ਼ਰੂਰੀ ਹੈ। ਮੈਂ ਸਮਝਦਾ ਹਾਂ ਕਿ ਇਸ ਦੇ ਲਈ ਬਾਕਾਇਦਾ ਪਲੈਨਿੰਗ ਬਣਾਉਣੀ ਚਾਹੀਦੀ ਹੈ। ਸਲੱਮ ਏਰੀਆਜ਼ ਜੋ ਹਨ ਉਹ ਤਕਰੀਬਨ ਸਾਰੇ ਸ਼ਹਿਰਾਂ ਦੇ ਇਰਦ ਗਿਰਦ ਹਨ, ਇਸ ਤਰ੍ਹਾਂ ਦੀਆਂ ਜਿਹੜੀਆਂ ਜਗ੍ਹਾਂ ਹਨ ਇਨ੍ਹਾਂ ਦੇ ਵਿਚ ਗਰੀਬ ਮਜਦੂਰ ਰਹਿੰਦੇ ਹਨ, ਇਹ ਗੰਦੀਆਂ ਬਸਤੀਆਂ 45-50 ਸਾਲ ਦੀਆਂ ਪਈਆਂ ਹੋਈਆਂ ਹਨ. ਇਨ੍ਹਾਂ ਲੋਕਾਂ ਨੂੰ ਖਤਰਨਾਕ ਅਤੇ ਗੰਦੀਆਂ ਬੀਮਾਰੀਆਂ ਲਗਦੀਆਂ ਹਨ। ਮੈਂ ਇਕ ਜ਼ਿਲ੍ਹਾ ਲੁਧਿਆਣੇ ਦੀ ਹੀ ਮਿਸਾਲ ਕੋਟ ਕਰ ਦੇਵਾਂ ਕਿ ਏਥੇ 469 ਕੇਸਿਜ਼ ਟੀ. ਬੀ. ਦੇ ਐਸ ਵੇਲੇ ਰੀਕਾਰਡ ਦੇ ਵਿਚ ਮੌਜੂਦ ਹਨ। ਉਹ ਬੀਮਾਰੀ ਜਿਸ ਨੂੰ ਕਿ ਸ਼ਾਹੀ ਬੀਮਾਰੀ ਕਿਹਾ ਜਾਂਦਾ ਹੈ ਇਨ੍ਹਾਂ ਗੰਦੀਆਂ ਬਸਤੀਆਂ ਤੋਂ ਹੀ ਫੈਲਦੀ ਹੈ। ਸਰਕਾਰ ਨੂੰ ਖਾਸ ਧਿਆਨ ਦਿੰਦੇ ਹੋਏ ਇਨ੍ਹਾਂ ਬਸਤੀਆਂ ਲਈ ਗਵਰਨਮੈਂਟ ਆਫ ਇੰਡੀਆਂ ਤੋਂ ਪੈਸਾ ਮੰਗਿਆ ਜਾਵੇ।

ਜਿਹੜੇ ਅਰਬਨ ਬਸਤੀਆਂ ਬਣਾਉਂਦੇ ਹਨ ਉਸਦੇ ਵਿਚ ਇਕ ਗਲ ਦਾ ਧਿਆਨ ਰਖਣ ਦੀ ਜ਼ਰੂਰਤ ਹੈ। ਇਹ ਬਸਤੀਆਂ ਸ਼ਹਿਰਾਂ ਦੇ ਨਾਲ ਦੀਆਂ ਥਾਵਾਂ ਤੇ ਬੜੇ ਮਹਿੰਗੇ ਭਾਅ ਤੇ ਬਸਾਈਆਂ ਜਾਂਦੀਆਂ ਹਨ। ਜਿਨ੍ਹਾਂ ਦਾ ਮੁੱਲ ਕਦੇ 10-20 ਰੁ: ਗਜ਼ ਸੀ ਅਜ ਉਹ 150 ਰੁ: ਦੇ ਭਾਅ ਤੇ ਵੇਚੀਆਂ ਜਾਂਦੀਆਂ ਹਨ। ਜਦੋਂ ਇਹ ਜਗ੍ਹਾ ਗਵਰਨਮੈਂਟ ਐਕੁਆਇਰ ਕਰੇ ਤਾਂ ਇਨ੍ਹਾਂ ਦੇ ਮਾਲਕਾਂ ਤੋਂ ਇਸ ਥਾਂ ਦੇ ਡੀਵੈਲਪਮੈਂਟ ਚਾਰਜਿਜ਼ ਲੈਣੇ ਚਾਹੀਦੇ ਹਨ ਤਾਂ ਜੋ ਸਲੱਮਜ਼ ਨਾਲ ਦੀ ਨਾਲ ਹੀ ਠੀਕ ਕਰਾਏ ਜਾ ਸਕਣ। ਐਗਰੀਕਲਚਰਲ ਲੈਂਡ ਤਾਂ ਪਹਿਲਾਂ ਹੀ ਘੱਟ ਹੈ। ਸਰਕਾਰ ਜਿਥੇ ਅਰਬਨ ਡੀਵੈਲਪਮੈਂਟ ਕਰਦੀ ਹੈ, ਉਸ ਦੇ ਨਾਲ ਹੀ ਸਰਕਾਰ ਨੂੰ ਰੂਰਲ ਡੀਵੈਲਪਮੈਂਟ ਕਰਨੀ ਚਾਹੀਦੀ ਹੈ। ਇਸ ਤਰੀਕੇ ਨਾਲ ਜਿਹੜੇ ਇਲਾਕੇ ਰੂਰਲ ਏਰੀਆਜ਼ ਵਿਚ ਹਨ ਉਨ੍ਹਾਂ ਦੀ ਡਵੈਲਪਮੈਂਟ ਤੇ ਘੱਟ ਖਰਚ ਹੋਵੇਗਾ ਅਤੇ ਕੰਮ ਵੀ ਚੰਗਾ ਸੁਧਾਰ ਦਾ ਹੋਵੇਗਾ। ਜਿਹੜਾ ਪੈਸਾ ਲੁਧਿਆਣੇ ਲਈ ਮਿਲਿਆ ਹੈ ਇਹ ਦਰੁੱਸਤ ਤਰੀਕੇ ਦੇ ਨਾਲ ਖਰਚ ਹੋਣਾ ਚਾਹੀਦਾ ਹੈ। ਮਰਾ ਜਿਹੜਾ ਸੁਝਾਉ ਹੈ ਇਹਦੇ ਬਾਰੇ ਸਰਕਾਰ ਨੂੰ ਧਿਆਨ ਦੇਣ ਦੀ ਲੋੜ ਹੈ। ਇਕ ਗਲ ਮੈਂ ਇੰਡਸਟਰੀ ਦੇ ਬਾਰੇ ਵੀ ਕਹਿ ਦੇਣੀ ਚਾਹੁੰਦਾ ਹਾਂ ਕਿ ਪੰਜਾਬ ਵਿਚ ਬਿਜਲੀ ਦੀ ਸਹਾਇਤਾ ਨਾਲ ਬੜੀ ਘੱਟ ਇੰਡਸਟਰੀ ਚਲਦੀ ਹੈ। ਫੇਰ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਰਦਾਰੀ ਲਾਲ ਕਪੂਰ]

ਵੀ ਜਿਹੜੀ ਸਮਾਲ ਇੰਡਸਟਰੀ ਹੈ, ਉਨ੍ਹਾਂ ਛੋਟੇ-ਛੋਟੇ ਲੋਕਾਂ ਰਾਹੀਂ ਚਲਾਈ ਜਾ ਰਹੀ ਹੈ ਜਿਨ੍ਹਾਂ ਨੇ ਆਪਣਾ ਥੋੜਾ ਬਹੁਤ ਅਸਾਸਾ ਲਾਕੇ ਕੰਮ ਚਲਾਇਆ ਹੈ। ਉਨ੍ਹਾਂ ਨੇ ਮਿਹਨਤ ਕਰਕੇ ਪੰਜਾਬ ਦਾ ਨਾਉਂ ਬਣਾ ਦਿੱਤਾ ਹੈ। ਇਨ੍ਹਾਂ ਛੋਟੇ-ਛੋਟੇ ਕਾਰੀਗਰਾਂ ਦੀ ਮਦਦ ਕਰਨੀ ਚਾਹੀਦੀ ਹੈ ਤਾਂ ਜੋ ਉਹ ਲੋਕ ਚੰਗੀ ਤਰ੍ਹਾਂ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣ।

ਜਿਥੋਂ ਤੱਕ ਕੋਟੇ ਦੀ ਤਕਸੀਮ ਦਾ ਤੁਆਲੁਕ ਹੈ, ਮੈਂ ਕਹਾਂਗਾ ਕਿ ਇਹ ਤਕਸੀਮ ਗ਼ਲਤ ਹੁੰਦੀ ਹੈ। ਜਿਨ੍ਹਾਂ ਨੂੰ ਦਰਅਸਲ ਕੋਟਾ ਚਾਹੀਦਾ ਹੈ ਉਨ੍ਹਾਂ ਨੂੰ ਨਹੀਂ ਮਿਲਦਾ। ਇਹ ਕੋਟਾ ਉਨ੍ਹਾਂ ਨੂੰ ਹੀ ਮਿਲਦਾ ਹੈ ਜਿਹੜੇ ਕਾਰਖਾਨੇਦਾਰ ਹਨ। ਮੈਨੂੰ ਖਾਸ ਤੌਰ ਤੇ ਲੁਧਿਆਣੇ ਦਾ ਪਤਾ ਹੈ ਕਿ ਸਟੇਨਲੈਸ ਸਟੀਲ ਦਾ ਬਹੁਤ ਸਾਰਾ ਕੋਟਾ ਉਨ੍ਹਾਂ ਨੂੰ ਮਿਲਿਆ ਜਿਨ੍ਹਾਂ ਦੀ ਕੋਈ ਸਟੀਲ ਦੀ ਇੰਡਸਟਰੀ ਨਹੀਂ ਸੀ, ਉਨ੍ਹਾਂ ਲੋਕਾਂ ਨੇ ਕਰੋੜਾਂ ਰੁਪਏ ਬਣਾਏ। ਜੇਕਰ ਗਵਰਨਮੈਂਟ ਮੁਨਾਸਬ ਸਮਝੇ ਤਾਂ ਇਸ ਦੇ ਲਈ ਕੋਈ ਕਮੇਟੀ ਮੁਕੱਰਰ ਕਰੇ! ਇਸ ਮੁਆਮਲੇ ਨੂੰ ਚੰਗੀ ਤਰ੍ਹਾਂ ਜਾਂਚਣਾ ਚਾਹੀਦਾ ਹੈ। ਕੋਟਾ ਉਸ ਨੂੰ ਹੀ ਮਿਲਣਾ ਚਾਹੀਦਾ ਹੈ ਜਿਹੜਾ ਕੰਮ ਕਰਨ ਵਾਲਾ ਹੋਵੇ। ਇਸ ਤਰ੍ਹਾਂ ਨੁਕਸਾਨ ਛੋਟੇ ਕਾਰੀਗਰਾਂ ਦਾ ਹੋਇਆ ਹੈ ਅਤੇ ਕਾਰਖਾਨੇ-ਦਾਰਾਂ ਨੇ ਹੋਰ ਥਾਵਾਂ ਤੇ ਜਾ ਕੇ ਇਸ ਪੈਸੇ ਦੀਆਂ ਫੈਕਟਰੀਆਂ ਬਣਾਈਆਂ ਹਨ। ਉਨ੍ਹਾਂ ਲੋਕਾਂ ਦੀ ਸਰਕਾਰ ਨੂੰ ਮਦਦ ਕਰਨੀ ਚਾਹੀਦੀ ਹੈ ਜਿਨ੍ਹਾਂ ਦੀ ਆਮਦਨ 150 ਰੁਪਏ ਤੋਂ ਘੱਟ ਹੈ। ਜਿਥੋਂ ਤਕ ਲੇਬਰ ਦੀ ਮਦਦ ਦਾ ਸਵਾਲ ਹੈ ਮੇਰੀ ਅਰਜ਼ ਹੈ ਕਿ ਆਮ ਤੌਰ ਤੇ ਬਿਜਲੀ ਜਾਂਦੀ ਰਹਿੰਦੀ ਹੈ, ਕਾਰਖਾਨੇਦਾਰ ਜਦੋਂ ਵੀ ਬਿਜਲੀ ਬੰਦ ਹੋ ਜਾਵੇ ਲੇਬਰ ਨੂੰ ਜਵਾਬ ਦੇ ਦਿੰਦਾ ਹੈ ਇਸ ਤਰ੍ਹਾਂ ਲੇਬਰ ਨੂੰ ਕੋਈ ਪਤਾ ਨਹੀਂ ਹੁੰਦਾ ਕਿ ਅੱਜ ਉਸ ਨੂੰ ਕੰਮ ਤੋਂ ਕਦੋਂ ਜਵਾਬ ਮਿਲਣਾ ਹੈ। ਇਸ ਲਈ ਸਰਕਾਰ ਨੂੰ ਮੇਰਾ ਇਕ ਸੁਝਾਉ ਇਹ ਹੈ ਕਿ ਜਿਤਨੀਆਂ ਛੋਟੀਆਂ ਇੰਡਸਟਰੀਜ਼ ਹਨ ਉਨ੍ਹਾਂ ਨੂੰ ਟਾਈਮ ਸਿਰ ਚਾਲੂ ਰਖਣ ਲਈ ਜੈਨੇਰੇਟਰ-ਸੈਟਸ ਲਾਉਣੇ ਚਾਹੀਦੇ ਹਨ, ਤਾਂ ਜੋ ਬਿਜਲੀ ਦਾ ਇਸ ਤਰ੍ਹਾਂ ਦਾ ਘਾਟਾ ਪੂਰਾ ਹੋ ਸਕੇ।

ਜਿਹੜੀ ਪਲੈਨਿੰਗ ਬਣਦੀ ਹੈ ਪੰਜ ਸਾਲ ਵਾਸਤੇ ਇਸ ਬਾਰੇ ਸਾਨੂੰ ਚਾਹੀਦਾ ਹੈ ਕਿ ਇਹ ਸੋਚ ਕੇ ਬਣਾਈ ਜਾਵੇ। ਇਹ ਪਲੈਨਿੰਗ 50 ਸਾਲ ਵਾਸਤੇ ਬਣਾਉਣੀ ਪਵੇਗੀ। ਇਸ ਚੀਜ਼ ਨੂੰ ਮੱਦੇ ਨਜ਼ਰ ਰਖਦੇ ਹੋਏ ਪਲੈਨਿੰਗ ਕਰਨੀ ਚਾਹੀਦੀ ਹੈ। ਜਿਹੜੀ ਅੱਜ ਬਿਜਲੀ ਦੀ ਲੋੜ ਹੈ, ਇਸ ਤੋਂ ਕਿਤੇ ਵੱਧ ਅੱਗੇ ਨੂੰ ਬਿਜਲੀ ਦੀ ਲੋੜ ਪਵੇਗੀ। ਜੇ ਇਸ ਚੀਜ ਵਲ ਧਿਆਨ ਰਖਾਂਗੇ ਤਾਂ ਹੀ ਇਥੇ ਪੰਜਾਬ ਦੀ ਇੰਡਸਟਰੀ ਤਰੱਕੀ ਕਰ ਸਕਦੀ ਹੈ।

ਜਿਹੜਾ ਐਗਰੀਕਲਚਰ ਦਾ ਕੰਮ ਕਰਦੇ ਹਨ, ਉਨ੍ਹਾਂ ਦੀ ਆਮਦਨ ਬੇਸ਼ਕ ਕਣਕ ਦੀ ਹੈ, ਪਰ ਇਹ ਵੀ ਸੋਚਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਵਿਹਲੇ ਟਾਈਮ ਵਿਚ ਵੀ ਉਨ੍ਹਾਂ ਨੂੰ ਕੋਈ ਨਾ ਕੋਈ ਕੰਮ ਪ੍ਰੋਵਾਈਡ ਕਰਨਾ ਚਾਹੀਦਾ ਹੈ। ਪਿੰਡਾਂ ਵਿਚ ਛੋਟੀਆਂ-ਛੋਟੀਆਂ ਇੰਡਸਟਰੀਜ਼ ਲਗਾ ਦੇਣੀਆਂ ਚਾਹੀਦੀਆਂ ਹਨ ਤਾਂ ਕਿ ਉਹ ਪਿੰਡ ਦੇ ਲੋਕ ਆਪਣੇ ਵਿਹਲੇ ਵਕਤ ਇਹ ਕੰਮ ਕਰਕੇ ਆਪਣੀ ਆਮਦਨ ਵਧਾ ਸਕਣ। ਇੰਡਸਟਰੀਜ਼ ਨੂੰ ਸ਼ਹਿਰਾਂ ਵਿਚ ਹੀ ਕਨਸੈਂਟ੍ਰੇਟ ਨਹੀਂ ਕਰਨਾ ਚਾਹੀਦਾ ਬਲਕਿ ਇਹ ਛੋਟੀ-ਛੋਟੀ ਇੰਡਸਟਰੀਜ਼ ਨੂੰ ਪਿੰਡਾਂ ਵਿਚ ਵੀ ਲਗਾਉਣਾ ਚਾਹੀਦਾ ਹੈ।

ਜੁਆਇੰਟ ਸੈਕਟਰ ਵਿਚ ਜਿਹੜੀਆਂ ਇੰਡਸਟਰੀਆਂ ਲਗਾਈਆਂ ਹਨ ਉਹ ਕਾਮਯਾਬ ਹਨ। ਹਾਲੇ ਤਕ ਉਹ ਚਲ ਰਹੀਆਂ ਹਨ। ਉਹਦੇ ਲਈ ਗੌਰਮਿੰਟ ਨੂੰ ਖਾਸ ਤੌਰ ਤੇ ਧਿਆਨ

Original with;
Punjab Vidhan Sabha
Digitized by;
Panjab Digital Library

ਦੇਣਾ ਚਾਹੀਦਾ ਹੈ । ਜਿਹੜਾ ਰੁਪਿਆ ਗੌਰਮਿੰਟ ਦਾ ਲਗਦਾ ਹੈ ਉਹਦੀ ਕਾਫੀ ਚੰਗੀ ਤਰ੍ਹਾਂ ਨਾਲ ਦੇਖ ਭਾਲ ਹੋਣੀ ਚਾਹੀਦੀ ਹੈ ਤਾਂ ਕਿ ਇਹਦੇ ਵਿਚ ਕੋਈ ਅਜਿਹੀ ਗਲ ਨਾ ਹੋਵੇ ਜਿਸ ਨਾਲ ਕਿ ਗੌਰਮਿੰਟ ਦਾ ਰੁਪਿਆ ਜ਼ਾਇਆ ਹੋ ਜਾਵੇ । ਮੈਂ ਸਮਝਦਾ ਹਾਂ ਕਿ ਜਿਹੜੇ ਲੋਕ ਪਰਾਈਵੇਟਲੀ ਕੰਮ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਤਕਵੀਅਤ ਦੇਣੀ ਚਾਹੀਦੀ ਹੈ (ਵਿਘਨ) (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਂ ਦੋ ਚਾਰ ਮਿੰਟਾਂ ਵਿਚ ਹੀ ਖਤਮ ਕਰ ਦਿੰਦਾ ਹਾਂ ।

ਮੈਡੀਕਲ ਦੇ ਸਿਲਸਿਲੇ ਵਿਚ ਪਿਛਲੇ ਦਿਨਾਂ ਵਿਚ ਮੈਡੀਕਲ ਮੰਥਨ ਕੀਤਾ ਗਿਆ । ਉਸ ਨਾਲ ਹਰ ਜ਼ਿਲ੍ਹੇ ਵਿਚ ਪਤਾ ਲਗਿਆ ਕਿ ਲੋਕਾਂ ਨੂੰ ਕੀ ਕੀ ਬੀਮਾਰੀਆਂ ਹਨ । ਇਸ ਕੰਮ ਲਈ ਮੈਂ ਪੰਜਾਬ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ । ਇਹਦੇ ਨਾਲ ਪਤਾ ਲਗ ਸਕਦਾ ਹੈ ਕਿ ਪੰਜਾਬ ਵਿਚ ਲੋਕਾਂ ਦੀ ਸਿਹਤ ਕਿਸ ਤਰ੍ਹਾਂ ਦੀ ਹੈ। ਸਾਡੇ ਡਾਕਟਰਜ਼, ਡਾਇਰੈਕਟਰ ਸਾਹਿਬ ਅਤੇ ਸੈਕਟਰੀਜ਼ ਨੇ ਇਸ ਵਿਚ ਕਾਫੀ ਮਿਹਨਤ ਕੀਤੀ ਹੈ ਅਤੇ ਇਸ ਕੰਮ ਵਿਚ ਮਦਦ ਦਿਤੀ ਹੈ ਪਰ ਉਸ ਚੀਜ਼ ਨੂੰ ਕਾਇਮ ਰਖਣ ਵਾਸਤੇ ਉਸ ਨਾਲ ਇਨਟਚ ਰਹਿਣਾ ਚਾਹੀਦਾ ਹੈ। ਇਸ ਨਾਲ ਜਿਹੜੇ ਲੋਕ ਬੀਮਾਰ ਹਨ ਉਹ ਆਪਣੀਆਂ ਨਜ਼ਦੀਕੀ ਡਿਸਪੈਂਸਰੀਜ਼ ਵਿਚ ਆਪਣਾ ਇਲਾਜ ਕਰਾ ਸਕਣ, ਇਸ ਚੀਜ਼ ਦਾ ਪਰਬੰਧ ਹੋਣਾ ਚਾਹੀਦਾ ਹੈ । ਜੇ ਇਸ ਤਰ੍ਹਾਂ ਫਾਲੋਅੱਪ ਪਰੋਗਰਾਮ ਨਹੀਂ ਹੋਏਗਾ ਤਾਂ ਇਹ ਜਿਹੜਾ ਮੈਡੀਕਲ ਮੰਥਨ ਕੀਤਾ ਹੈ ਇਹ ਸਾਰਾ ਜ਼ਾਇਆ ਹੋ ਜਾਏਗਾ । ਮੈਂ ਸਮਝਦਾ ਹਾਂ ਕਿ ਗੌਰਮਿੰਟ ਆਫ ਪੰਜਾਬ ਨੂੰ ਚਾਹੀਦਾ ਹੈ ਕਿ ਇਹਦਾ ਧਿਆਨ ਕਰਕੇ ਉਹਦੇ ਨਾਲ ਇਨਟਚ ਰਹੇ ਅਤੇ ਫਾਲੋਅੱਪ ਪਰੋਗਰਾਮ ਚਲਾਈ ਰਖੇ ।

ਪਿਛਲੇ ਦਿਨਾਂ ਵਿਚ ਪੰਜਾਬ ਵਿਚ ਇਕ ਨਿਰਾਲੀ ਗਲ ਦਾ ਪਤਾ ਲਗਿਆ ਹੈ ਕਿ ਸਾਰੇ ਪੰਜਾਬ ਵਿਚ ਸਕੂਲਾਂ ਦੇ ਬਚਿਆਂ ਦੀਆਂ ਅੱਖਾਂ ਖਰਾਬ ਹਨ ਅਤੇ ਟਰਕੋਮਾ ਦੀ ਬੀਮਾਰੀ ਆਮ ਹੈ । ਇਹਦੇ ਮੁਤਅੱਲਕ ਗੌਰਮਿੰਟ ਨੂੰ ਚਾਹੀਦਾ ਹੈ ਕਿ ਇਸ ਦਾ ਚੰਗੀ ਤਰ੍ਹਾਂ ਨਾਲ ਇੰਤਜ਼ਾਮ ਕਰੇ । ਜਿਸ ਤਰ੍ਹਾਂ ਅਮਰੀਕਾ ਵਾਲਿਆਂ ਨੇ ਅਤੇ ਕਨੇਡਾ ਵਾਲਿਆਂ ਨੇ ਇਸ ਬੀਮਾਰੀ ਨੂੰ ਰੋਕਣ ਦਾ ਇੰਤਜ਼ਾਮ ਕੀਤਾ ਸੀ ਉਸ ਬਾਰੇ ਪਤਾ ਕਰਨਾ ਚਾਹੀਦਾ ਹੈ ਅਤੇ ਉਸੇ ਤਰ੍ਹਾਂ ਹੀ ਇਥੇ ਵੀ ਇੰਤਜ਼ਾਮ ਕਰਨਾ ਚਾਹੀਦਾ ਹੈ । ਮੈਂ ਸਮਝਦਾ ਹਾਂ ਕਿ ਹਰ ਦੂਜੇ-ਤੀਜੇ ਮਹੀਨੇ ਬਾਅਦ ਜਿਸ ਤਰ੍ਹਾਂ ਪੁਰਾਣੇ ਵਕਤਾਂ ਵਿਚ ਹੁੰਦਾ ਸੀ ਉਸੇ ਤਰ੍ਹਾਂ ਬਚਿਆਂ ਦਾ ਮੈਡੀਕਲ ਐਗਜ਼ਾਮੀਨੇਸ਼ਨ ਹੋਣਾ ਚਾਹੀਦਾ ਹੈ । ਇਸ ਵਾਰੀ ਬਿਹਾਰ ਵਿਚ ਚੇਚਕ ਬਾਰੇ ਤੁਹਾਨੂੰ ਪਤਾ ਹੀ ਹੈ ਕਿ ਇਸ ਬੀਮਾਰੀ ਨਾਲ ਕੋਈ 22,000 ਦੇ ਕਰੀਬ ਆਦਮੀਆਂ ਦੀ ਮ੍ਰਿਤੂ ਹੋ ਗਈ ਹੈ । ਥੋੜੀ ਜਿਹੀ ਇਹ ਬੀਮਾਰੀ ਪੰਜਾਬ ਵਿਚ ਵੀ ਆ ਗਈ ਹੈ । ਮੈਨੂੰ ਲੁਧਿਆਣੇ ਦਾ ਪਤਾ ਹੈ ਉਥੇ ਵੀ ਕੁਝ ਅਜਿਹੇ ਕੇਸਿਜ਼ ਹੋਏ ਹਨ । ਇਸ ਲਈ ਗੌਰਮਿੰਟ ਨੂੰ ਚਾਹੀਦਾ ਹੈ ਲੋਕਾਂ ਨੂੰ ਇਸ ਬੀਮਾਰੀ ਤੋਂ ਰੋਕਣ ਲਈ ਟੀਕੇ ਲਗਾਏ ਜਾਣ । ਪਿੰਡਾਂ ਵਿਚ ਲੋਕਾਂ ਨੂੰ ਇਸ ਸਬੰਧੀ ਕੁਝ ਪਤਾ ਹੀ ਨਹੀਂ ਹੈ, ਉਨ੍ਹਾਂ ਨੂੰ ਵੀ ਟੀਕੇ ਲਗਾਉਣ ਦਾ ਪਰਬੰਧ ਕਰਨਾ ਚਾਹੀਦਾ ਹੈ । ਇਸ ਲਈ ਮੈਂ, ਡਿਪਟੀ ਸਪੀਕਰ ਸਾਹਿਬ, ਅਰਜ਼ ਕਰਾਂਗਾ ਕਿ ਹੈਲਥ ਡਿਪਾਰਟਮੈਂਟ ਦੇ ਸਾਰੇ ਸਬੰਧਤ ਅਧਿਕਾਰੀਆਂ ਨੂੰ ਇਸ ਬਾਰੇ ਹਿਦਾਇਤਾਂ ਕਰਨੀਆਂ ਚਾਹੀਦੀਆਂ ਹਨ ਤਾਂਕਿ ਲੋਕਾਂ ਨੂੰ ਟੀਕੇ ਲਗ ਸਕਣ ਅਤੇ ਇਸ ਬੀਮਾਰੀ ਦੀ ਰੋਕ ਥਾਮ ਹੋ ਸਕੇ । ਇਸ ਬੀਮਾਰੀ ਨਾਲ ਅੱਖਾਂ ਜਾਂਦੀਆਂ ਰਹਿੰਦੀਆਂ ਹਨ ਅਤੇ ਇਹ ਬੜੀ ਭਿਆਨਕ ਬੀਮਾਰੀ ਹੈ। ਇਸ ਦੀ ਰੋਕ ਥਾਮ ਹੋਣੀ ਚਾਹੀਦੀ ਹੈ ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਰਦਾਰੀ ਲਾਲ ਕਪੂਰ]

ਡਿਪਟੀ ਸਪੀਕਰ ਸਾਹਿਬ, ਹੁਣ ਇਕ ਗਲ ਕਹਿ ਕੇ ਮੈਂ ਖਤਮ ਕਰਦਾ ਹਾਂ । ਪਿਛਲੇ ਦਿਨਾਂ ਵਿਚ ਦਯਾ ਨੰਦ ਮੈਡੀਕਲ ਕਾਲਜ, ਲੁਧਿਆਣਾ ਦੀ ਗਲ ਚਲੀ ਸੀ । ਉਥੇ ਦੇ ਮੁੰਡਿਆਂ ਨੇ ਹੜਤਾਲ ਕੀਤੀ ਸੀ । ਇਹ ਹੜਤਾਲ ਇਸ ਲਈ ਕੀਤੀ ਸੀ ਕਿ ਜਿਹੜੀ ਮੈਡੀਕਲ ਕੌਂਸਲ ਹੈ ਉਹ ਦਯਾ ਨੰਦ ਮੈਡੀਕਲ ਕਾਲਜ ਨਹੀਂ ਚਲਾ ਸਕਦੀ । ਉਨ੍ਹਾਂ ਕੋਲ ਪੈਸੇ ਨਹੀਂ ਹਨ । ਮੁੰਡਿਆਂ ਨੇ ਹੜਤਾਲ ਕੀਤੀ ਸੀ । ਗੌਰਮਿੰਟ ਨੇ ਕਿਹਾ ਕਿ ਆਰੀਆ ਪ੍ਰਤਿਨਿਧੀ ਸਭਾ ਜੇ ਇਹ ਕਾਲਜ ਸਾਡੇ ਸਪੁਰਦ ਕਰ ਸਕਦੀ ਹੈ, ਇਸ ਦੀ ਜਾਇਦਾਦ ਸਾਨੂੰ ਦੇ ਸਕਦੀ ਹੈ ਤਾਂ ਗੌਰਮਿੰਟ ਇਸ ਨੂੰ ਲੈ ਸਕਦੀ ਹੈ । ਫੇਰ ਗੌਰਮਿੰਟ ਇਸ ਨੂੰ ਰਨ ਕਰੇਗੀ । ਇਹ ਗਲ ਸਿਰੇ ਚੜ੍ਹੱਨ ਵਾਲੀ ਬਣ ਗਈ ਸੀ ਪਰ ਮੈਂ ਸਮਝਦਾ ਹਾਂ ਕਿ ਜੇ ਕਰ ਮਨਿਸਟਰਜ਼ ਇਹ ਪਸੰਦ ਕਰਦੇ ਤਾਂ ਲਾਜ਼ਮੀ ਤੌਰ ਤੇ ਦਯਾ ਨੰਦ ਮੈਡੀਕਲ ਕਾਲਜ ਗੌਰਮਿੰਟ ਕੋਲ ਆ ਸਕਦਾ ਸੀ । ਹੁਣ ਇਹ ਜਿਹੜਾ 10 ਲੱਖ ਜਾਂ 18 ਲੱਖ ਰੁਪਿਆ ਇਨ੍ਹਾਂ ਨੂੰ ਸਰਕਾਰ ਦਵੇਗੀ ਉਹ ਰੁਪਿਆ ਜ਼ਾਇਆ ਕਰਨ ਦੇ ਬਰਾਬਰ ਹੋਏਗਾ । ਇਸ ਵੇਲੇ ਚਾਰ ਸਾਲ ਦੀਆਂ ਕਲਾਸਿਜ਼ ਜਿਹੜੀਆਂ ਚਲ ਰਹੀਆਂ ਹਨ ਉਹ ਚਲਣੀਆਂ ਹਨ ਅਤੇ ਅਗੇ ਲਈ ਮੈਡੀਕਲ ਕੌਂਸਲ ਨੇ, ਯੂਨੀਵਰਸਿਟੀ ਨੇ ਚਲਣ ਦੀ ਇਜਾਜ਼ਤ ਨਹੀਂ ਦਿਤੀ । ਮੈਂ ਪ੍ਰਾਰਥਨਾ ਕਰਾਂਗਾ ਐਫ. ਐਮ. ਸਾਹਿਬ ਨੂੰ ਕਿ ਉਹ ਉਸ ਮੈਡੀਕਲ ਕਾਲਜ ਨੂੰ ਚਲਾਉਣ ਅਤੇ ਇਹ ਦਸ ਲੱਖ ਜਾਂ ਅਠਾਰਾਂ ਲੱਖ ਰੁਪਿਆ ਦੇਣ ਨਾਲ ਇਹ ਕਾਲਜ ਨਹੀਂ ਚਲ ਸਕਦਾ । ਉਸ ਦੀ ਬਿਲਡਿੰਗ, ਇਕੁਪਮੈਂਟ ਅਤੇ ਅੱਛੇ ਪਰੋਫੈਸਰਜ਼ ਨਹੀਂ ਹਨ । ਅੱਛੇ ਪਰੋਫੈਸਰਜ਼ ਉਥੋਂ ਚਲੇ ਗਏ ਹਨ । ਇਸ ਲਈ ਮੇਹਰਬਾਨੀ ਕਰਕੇ ਜੇ ਇਸ ਕਾਲਜ ਨੂੰ ਚਲਾਉਣਾ ਚਾਹੁੰਦੇ ਹੋ ਤਾਂ 50 ਜਾਂ 60 ਲੱਖ ਰੁਪਏ ਇਸ ਇੰਸਟੀਚਿਊਟ ਨੂੰ ਦਿਉ ਤਾਂ ਕਿ ਉਹ ਆਪਣੇ ਪੈਰਾਂ ਤੇ ਖੜੋ ਸਕੇ ਅਤੇ ਚਲ ਸਕੇ । ਮੈਂ ਸਮਝਦਾ ਹਾਂ ਕਿ ਲੁਧਿਆਣੇ ਵਰਗੀ ਐਡੀ ਵਡੀ ਜ਼ਗ੍ਹਾ ਤੇ ਐਸੀ ਇਨਸਟੀਚਿਊਸ਼ਨ ਦੀ ਮਦਦ ਕਰਨੀ ਚਾਹੀਦੀ ਹੈ । ਜੇ ਟੇਕਓਵਰ ਨਹੀਂ ਕਰਨਾ ਹੈ ਤਾਂ ਉਹਨੂੰ ਪੈਸੇ ਕਾਫੀ ਦੇਣੇ ਚਾਹੀਦੇ ਹਨ । ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਕਾਮਰੇਡ ਜੰਗੀਰ ਸਿੰਘ ਜੋਗਾ (ਮਾਨਸਾ) : ਡਿਪਟੀ ਸਪੀਕਰ ਸਾਹਿਬ, ਜਿਹੜੀ ਡੀਮਾਂਡ ਇਥੇ ਪੇਸ਼ ਹੋਈ ਹੈ 7 ਕਰੋੜ 33 ਲੱਖ ਦੀ ਇਹਦੇ ਵਿਚੋਂ ਸਭ ਤੋਂ ਵਡੀ ਡੀਮਾਂਡ ਪੁਲਿਸ ਦੀ ਹੈ । ਇਹ ਪੁਲਿਸ ਦੇ ਮੁਤਅੱਲਕ ਜੋ ਕੁਝ ਫਿਲੌਰ ਦਾ ਖਰਚਾ ਹੈ ਜਾਂ ਕੁਝ ਹੋਰ ਖਰਚੇ ਹਨ, ਇਹ ਮੈਂ ਸਮਝਦਾ ਹਾਂ ਕਿ ਇਹ ਟਰੇਨਿੰਗ ਦਾ ਜਿਥੋਂ ਤਕ ਤਾਲੁਕ ਹੈ ਸਾਨੂੰ 26-27 ਸਾਲ ਆਜ਼ਾਦ ਹੋਇਆਂ ਨੂੰ ਹੋ ਗਏ ਹਨ ਪਰ ਟਰੇਨਿੰਗ ਜਿਹੜੀ ਕਿ ਅੰਗਰੇਜ਼ਾਂ ਦੇ ਵੇਲੇ ਹੁੰਦੀ ਸੀ ਉਹਦੇ ਅਤੇ ਹੁਣ ਦੀ ਪੁਲਿਸ ਦੀ ਟਰੇਨਿੰਗ ਵਿਚ ਕੋਈ ਫਰਕ ਨਹੀਂ ਹੈ । ਜੁਰਾਇਮ ਜਿਹੜੇ ਹਨ ਉਹ ਪਹਿਲਾਂ ਨਾਲੋਂ ਹੁਣ ਬਦਲ ਚੁਕੇ ਹਨ ਇਸ ਲਈ ਜਿਹੜੀ ਟਰੇਨਿੰਗ ਪੁਲਿਸ ਨੂੰ ਦਿਤੀ ਜਾਂਦੀ ਹੈ ਉਹਦੇ ਰਿਜ਼ਲਟ ਸਾਡੇ ਸਾਹਮਣੇ ਹਨ । ਇਸ ਵਾਸਤੇ ਮੈਂ ਸਮਝਦਾ ਹਾਂ ਕਿ ਜਿਥੇ ਤੁਸੀਂ ਐਨਾ ਖਰਚ ਕਰਦੇ ਹੋ ਉਸ ਨਾਲ ਪੁਲਿਸ ਦੀ ਟਰੇਨਿੰਗ ਤੇ ਤਰੀਕੇ ਬਦਲਣੇ ਚਾਹੀਦੇ ਹਨ । ਇਥੇ ਜੁਰਾਇਮ ਦੇ ਤਰੀਕੇ ਬਦਲ ਚੁੱਕੇ ਹਨ । ਦੇਸ਼ ਦੀ ਸਰਮਾਇਦਾਰੀ ਤਰੱਕੀ ਵਿਚ ਜਾ ਰਹੀ ਹੈ । ਇਹਦੇ ਵਿਚ ਜੁਰਾਇਮ ਕਿਸ ਕਿਸਮ ਦੇ ਹੁੰਦੇ ਹਨ । ਉਹ ਜੁਰਾਇਮ ਨੂੰ ਰੋਕਣ ਲਈ ਪੁਲਿਸ ਨੂੰ ਕਿਸ ਕਿਸਮ ਦੀ ਟਰੇਨਿੰਗ ਦੀ ਲੋੜ ਹੈ ਉਹ ਨਹੀਂ ਦਿਤੀ ਜਾ ਰਹੀ । ਇਨ੍ਹਾਂ ਨੂੰ ਪੁਰਾਣੇ ਢੰਗ ਨਾਲ ਹੀ ਟਰੇਨਿੰਗ ਦਿਤੀ ਜਾ ਰਹੀ ਹੈ । ਜਿਸ ਤਰ੍ਹਾਂ ਕਿ ਅੰਮ੍ਰਿਤਸਰ ਸੈਂਟਰ ਵਿਚ ਲੈ ਜਾਉ ਅੰਦਰ ਕੁੱਟ ਕੇ ਰੋਗੀ ਕਰ ਦਿਉ ਭਾਵੇਂ ਕੁਝ ਨਿਕਲੇ ਜਾਂ ਨਾ ਨਿਕਲੇ ।

Original with;
Punjab Vidhan Sabha
Digitized by;
Panjab Digital Library

ਇਸ ਵਾਸਤੇ ਮੈਂ ਸਮਝਦਾ ਹਾਂ ਕਿ ਪੁਲਿਸ ਉਤੇ ਜੋ ਖਰਚ ਕੀਤਾ ਜਾਂਦਾ ਹੈ ਉਸ ਵਿਚ ਟਰੇਨਿੰਗ ਉਤੇ ਜ਼ਿਆਦਾ ਜੋਰ ਦਿਤਾ ਜਾਵੇ । ਜੋ ਹੋਰ ਆਜ਼ਾਦ ਦੇਸ਼ਾਂ ਵਿਚ ਨਵੇਂ ਨਵੇਂ ਤਰੀਕੇ ਟਰੇਨਿੰਗ ਦੇ ਹਨ ਉਸੇ ਤਰ੍ਹਾਂ ਇਥੇ ਟਰੇਨਿੰਗ ਦਿਤੀ ਜਾਵੇ । ਇਸ ਤੋਂ ਇਲਾਵਾ ਇਕ ਹੋਰ ਵੀ ਬੜਾ ਖਰਚ ਪੁਲਿਸ ਤੇ ਹੋ ਰਿਹਾ ਹੈ ਉਹ ਹੈ ਪੁਲਿਸ ਦਾ ਕਾਰਵਾਂ ਜਿਹੜਾ ਕਿ ਸੜਕਾਂ ਤੇ ਘੁਮਦਾ ਫਿਰਦਾ ਹੈ । ਅਜੇ ਤਕ ਕਈ ਅਜਿਹੇ ਕੇਸਿਜ਼ ਹੋਏ ਹਨ ਜਿਵੇਂ ਕਿ ਜਾਲੰਧਰ ਵਿਚ ਜਾਂ ਹੁਸ਼ਿਆਰਪੁਰ ਵਿਚ ਬੈਂਕਾਂ ਵਿਚ ਡਾਕੇ ਵਜੇ ਹਨ । ਥਾਣਿਆਂ ਵਿਚ ਕੋਈ ਚੀਜ਼ ਨਹੀਂ ਹੁੰਦੀ, ਜਿਸ ਨਾਲ ਕਿ ਉਹ ਡਕੈਤੀਆਂ ਨੂੰ ਰੋਕ ਸਕਣ । ਥਾਣਿਆਂ ਵਿਚ ਜੀਪਾਂ ਦੇਣੀਆਂ ਚਾਹੀਦੀਆਂ ਹਨ ਤਾਂ ਕਿ ਉਹ ਡਾਕੂਆਂ ਦੇ ਮਗਰ ਲਗ ਸਕਣ ਅਤੇ ਉਨ੍ਹਾਂ ਨੂੰ ਪਕੜ ਸਕਣ । ਪੁਲਿਸ ਥਾਣਿਆਂ ਵਿਚ ਜਿਥੇ ਸਿਵਲ ਮੁਕਾਮ ਹਨ ਉਨ੍ਹਾਂ ਨੂੰ ਚੰਗੇ ਹਥਿਆਰ, ਵਾਇਰਲੈਸ, ਜੀਪਾਂ ਅਤੇ ਹੋਰ ਸਵਾਰੀ ਗੱਡੀਆਂ ਦੇਣੀਆਂ ਚਾਹੀਦੀਆਂ ਹਨ ਤਾਂ ਕਿ ਉਹ ਪਿਛਾ ਕਰ ਸਕਣ । ਇਹ ਜਿਹੜਾ ਵਾਧੂ ਦਾ ਮਹਿਕਮਾ ਹੈ ਜਿਹੜਾ ਕਿ ਸੜਕਾਂ ਤੇ ਤੁਰਨ ਫਿਰਨ ਵਾਲਾ ਹੈ, ਇਸ ਨੂੰ ਬੰਦ ਕਰਨਾ ਚਾਹੀਦਾ ਹੈ । ਇਸ ਦੇ ਨਾਲ ਹੀ ਇਕ ਹੋਰ ਵੀ ਬੜੀ ਭੈੜੀ ਮਿਸਾਲ ਹੈ । (ਵਿਘਨ) ਐਫ. ਐਮ. ਸਾਹਿਬ ਇਸ ਗੱਲ ਨੂੰ ਸੁਣ ਲੈਣ । ਇਹ ਜਿਹੜਾ ਮੈਡੀਕਲ ਗਰੁੱਪ ਹੈ, ਇਹ ਜਿਹੜਾ ਆਯੁਰਵੈਦਿਕ ਗਰੁੱਪ ਹੈ ਇਹ ਪਿੰਡਾਂ ਵਿਚ ਗੋਲੀਆਂ ਵੇਚਦੇ ਹਨ ਅਤੇ ਜਿਸ ਦਾ ਨਤੀਜਾ ਇਹ ਹੈ ਕਿ ਲੋਕ ਗੋਲੀਆਂ ਦੇ ਆਦੀ ਹੋ ਗਏ ਹਨ । ਜੇ ਉਨ੍ਹਾਂ ਨੂੰ ਕਿਸੇ ਕੇਸ ਵਿਚ ਫੜ ਲਿਆ ਜਾਂਦਾ ਹੈ ਤਾਂ ਉਨ੍ਹਾਂ ਤੇ ਇਕ ਲਾਠੀ ਮਾਰਨ ਨਾਲ ਹੀ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ । ਇਸ ਤਰ੍ਹਾਂ ਉਨ੍ਹਾਂ ਦੀ ਥਾਣੇ ਵਿਚ ਹੀ ਮੌਤ ਹੋ ਜਾਂਦੀ ਹੈ ਅਤੇ ਇਸ ਤਰ੍ਹਾਂ ਥਾਣੇਦਾਰ ਤੇ ਮੁਕੱਦਮਾ ਚੱਲ ਪੈਂਦਾ ਹੈ । ਇਸ ਤਰ੍ਹਾਂ ਕਈ ਆਦਮੀ ਮਰੇ ਹਨ ਅਤੇ ਕਈ ਥਾਣਿਆਂ ਵਿਚ ਇਸ ਤਰ੍ਹਾਂ ਦੇ ਕੇਸ ਚਲਦੇ ਹਨ । ਇਸ ਤੋਂ ਅੱਗੇ ਇਹ ਹੈ ਕਿ ਜੇ ਕੋਈ ਥਾਣੇ ਵਿਚ ਰਿਪੋਰਟ ਲਿਖਾਉਣ ਜਾਂਦਾ ਹੈ ਤਾਂ ਉਸ ਦੀ ਰਿਪੋਰਟ ਨਹੀਂ ਲਿਖੀ ਜਾਂਦੀ। ਉਹ ਕਹਿੰਦੇ ਹਨ ਕਿ ਤੁਸੀਂ ਲਿਖਾ ਦਿਉ ਅਸੀਂ ਜ਼ਬਾਨੀ ਕਲਾਮੀ ਕੰਮ ਕਰਾਂਗੇ ਅਤੇ ਤੁਹਾਡੀ ਚੋਰੀ ਲੱਭ ਦਿਆਂਗੇ । ਕੋਈ ਥਾਣੇ ਵਿਚ ਰਿਪੋਰਟ ਦਰਜ ਨਹੀਂ ਹੁੰਦੀ । ਇਸ ਲਈ ਮੈਂ ਅਰਜ਼ ਕਰਾਂਗਾ ਕਿ ਇਸ ਪਾਸੇ ਵੀ ਸੁਧਾਰ ਹੋਣਾ ਚਾਹੀਦਾ ਹੈ । ਰਿਪੋਰਟਾਂ ਲਈਆਂ ਜਾਇਆ ਕਰਨ ਅਤੇ ਚੋਰੀ ਲੱਭਣ ਵਾਸਤੇ ਨਵੇਂ ਤਰੀਕੇ ਇਸਤੇਮਾਲ ਕੀਤੇ ਜਾਣ ਅਤੇ ਜਿਹੜੇ ਪੁਰਾਣੇ ਤਰੀਕੇ ਹਨ, ਉਨ੍ਹਾਂ ਨੂੰ ਛੱਡਿਆ ਜਾਵੇ । ਇਸ ਦੇ ਨਾਲ ਹੀ ਮੈਂ ਇਹ ਵੀ ਕਹਾਂਗਾ ਕਿ ਅਸੀਂ ਰੁਪਏ ਦੀ ਕੋਈ ਮੁਖਾਲਫਤ ਨਹੀਂ ਕਰਦੇ ਕਿ ਪੁਲਿਸ ਨੂੰ ਰੁਪਿਆ ਕਿਉਂ ਦਿੰਦੇ ਹੋ ਪਰ ਅਸੀਂ ਤਾਂ ਕਹਿੰਦੇ ਹਾਂ ਕਿ ਜਿਸ ਗੱਲ ਦੀ ਅੱਜ ਲੋੜ ਹੈ ਉਹ ਦਿਉ ਅਤੇ ਚੋਰੀ ਨੂੰ ਲੱਭਣ ਦੀਆਂ ਪੁਰਾਣੀਆਂ ਰਿਵਾਇਤਾਂ ਹਨ ਉਨ੍ਹਾਂ ਰਿਵਾਇਤਾਂ ਨੂੰ ਬਦਲਣਾ ਚਾਹੀਦਾ ਹੈ ਅਤੇ ਨਵੇਂ ਤਰੀਕੇ ਅਪਣਾਉਣੇ ਚਾਹੀਦੇ ਹਨ ।

ਇਸ ਤੋਂ ਅੱਗੇ ਇਹ ਹੈ ਕਿ ਪੁਲਿਸ ਲਾਈਨਾਂ ਬਹੁਤ ਬਣ ਗਈਆਂ ਹਨ ਅਤੇ ਬਹੁਤ ਦੂਰ ਦੂਰ ਬਣ ਗਈਆਂ ਹਨ । ਥਾਣਿਆਂ ਵਿਚ ਸਿਪਾਹੀਆਂ ਦੇ ਰਹਿਣ ਲਈ ਕੋਈ ਇੰਤਜ਼ਾਮ ਨਹੀਂ ਹੈ । ਉਹ ਸਿਪਾਹੀ ਸ਼ਹਿਰ ਚਲੇ ਜਾਂਦੇ ਹਨ ਪਰ ਜਦ ਕੋਈ ਵਾਰਦਾਤ ਹੁੰਦੀ ਹੈ ਤਾਂ ਉਨ੍ਹਾਂ ਸਿਪਾਹੀਆਂ ਨੂੰ ਇਕੱਠੇ ਕਰਨ ਵਿਚ ਹੀ 4-5 ਘੰਟੇ ਲੱਗ ਜਾਂਦੇ ਹਨ । ਮੈਂ ਆਪਣੇ ਮਾਨਸੇ ਹਲਕੇ ਦੀ ਗੱਲ ਕਰਦਾ ਹਾਂ । ਉਥੇ ਮਾਨਸੇ ਵਿਚ ਪੁਲਿਸ ਸਟੇਸ਼ਨ ਹੈ । ਉਥੇ ਥਾਣੇ ਲਈ ਕੋਈ ਥਾਂ ਨਹੀਂ ਹੈ । ਉਥੇ ਥਾਣਾ ਧਰਮਸ਼ਾਲਾ ਵਿਚ ਹੈ । ਉਥੇ ਸਿਪਾਹੀਆਂ ਦੇ ਰਹਿਣ ਦਾ ਕੋਈ ਇੰਤਜ਼ਾਮ ਨਹੀਂ ਹੈ । ਜਿਥੇ ਸਦਰ ਥਾਣੇ ਹਨ ਉਥੇ ਉਨ੍ਹਾਂ ਦੇ ਰਹਿਣ ਦਾ ਇੰਤਜ਼ਾਮ

Original with;
Punjab Vidhan Sabha
Digitized by;
Panjab Digital

[ਕਾਮਰੇਡ ਜੰਗੀਰ ਸਿੰਘ ਜੋਗਾ]

ਥਾਣੇ ਦੇ ਨੇੜੇ ਹੀ ਹੋਣਾ ਚਾਹੀਦਾ ਹੈ ਤਾਕਿ ਵੇਲੇ ਸਿਰ ਉਨ੍ਹਾਂ ਨੂੰ ਇਕੱਠੇ ਕਰਕੇ ਲਿਆਇਆ ਜਾ ਸਕੇ ।

ਹੁਣ ਮੈਂ ਦੂਸਰੀ ਡਿਮਾਂਡ ਵੱਲ ਆਉਂਦਾ ਹਾਂ । ਕਪੂਰ ਸਾਹਿਬ ਨੇ ਇਥੇ ਹੈਲਥ ਦਾ ਜ਼ਿਕਰ ਕੀਤਾ ਹੈ।ਮੈਂ ਸਮਝਦਾ ਹਾਂ ਕਿ ਹੈਲਥ ਵਾਲਿਆਂ ਦੇ ਕਈ ਤਰੀਕੇ ਕਾਮਯਾਬ ਹੋਏ ਹਨ ਜਿਸ ਤਰ੍ਹਾਂ ਕਿ ਮੰਬਨ ਦਾ ਪ੍ਰੋਗਰਾਮ ਹੈ । ਹੈਲਥ ਦੇ ਬਾਰੇ ਅਰਜ਼ ਇਹ ਹੈ ਕਿ ਅਜੇ ਤੱਕ ਸਾਡੇ ਹਸਪਤਾਲਾਂ ਵਿਚ ਜਦੋਂ ਕੋਈ ਮਰੀਜ਼ ਆਉਂਦਾ ਹੈ ਤਾਂ ਉਸ ਨੂੰ ਉਹ 3-3 ਦਿਨ ਦੇਖਦੇ ਰਹਿੰਦੇ ਹਨ ਅਤੇ 3 ਦਿਨਾਂ ਦੇ ਬਾਅਦ ਮਰੀਜ਼ ਮਰ ਜਾਂਦਾ ਹੈ ਤਾਂ ਫਿਰ ਉਸ ਨੂੰ ਉਸੇ ਤਰ੍ਹਾਂ ਹੀ ਵਾਪਿਸ ਲਿਜਾਇਆ ਜਾਂਦਾ ਹੈ । ਉਹ ਹਸਪਤਾਲਾਂ ਵਿਚ ਮਰੀਜ਼ ਨੂੰ 3 ਦਿਨ ਤੱਕ ਤਾਂ ਟੈਸਟ ਹੀ ਕਰਦੇ ਰਹਿੰਦੇ ਹਨ । ਜੇ ਪੀ. ਜੀ. ਆਈ. ਵਿਚ ਚਲੇ ਜਾਵੇ ਤਾਂ ਉਥੇ 15 ਦਿਨ ਟੈਸਟ ਹੁੰਦਾ ਹੈ । ਮੈਂ ਤੁਹਾਨੂੰ ਦੱਸਦਾ ਹਾਂ ਕਿ ਸੱਘੜ ਸਿੰਘ ਦੀ ਵਾਈਫ ਬੀਮਾਰ ਸੀ ਉਸ ਨੂੰ ਪੀ. ਜੀ. ਆਈ. ਵਿਚ ਲੈ ਗਏ । ਉਸ ਨੂੰ ਉਥੇ 5 ਦਿਨ ਤੱਕ ਟੈਸਟ ਹੀ ਕਰਦੇ ਰਹੇ, 5 ਦਿਨਾਂ ਤੱਕ ਉਨ੍ਹਾਂ ਦੀ ਮੌਤ ਹੋ ਗਈ ਅਤੇ ਫਿਰ ਉਸ ਦੀ ਲਾਸ਼ ਹੀ ਉਥੋਂ ਲੈ ਕੇ ਗਏ। ਉਹ ਮਰੀਜ਼ ਦਾ ਇਲਾਜ ਨਹੀਂ ਕਰਦੇ ਸਗੋਂ ਉਹ ਤਾਂ ਟੈਸਟ ਹੀ ਕਰਦੇ ਹਨ ਕਿ ਇਹ ਬੀਮਾਰੀ ਪੈਦਾ ਕਿਸ ਤਰ੍ਹਾਂ ਹੋਈ ? ਉਹ ਇਲਾਜ ਲੱਭਣ ਦੀ ਬਜਾਏ ਟੈਸਟ ਹੀ ਕਰਦੇ ਹਨ । ਉਹ ਤਜ਼ਰਬੇ ਹੀ ਕਰਦੇ ਹਨ । ਇਸ ਲਈ ਮੈਂ ਕਹਾਂਗਾ ਕਿ ਜਿਹੜੇ ਹਸਪਤਾਲਾਂ ਵਿਚ ਤਜਰਬੇ ਕਰਨੇ ਹਨ ਉਥੇ ਤਾਂ ਤਜਰਬੇ ਕਰੋ ਪਰ ਸਾਰੇ ਹਸਪਤਾਲਾਂ ਵਿਚ ਇਸ ਤਰ੍ਹਾਂ ਤਜਰਬੇ ਨਹੀਂ ਹੋਣੇ ਚਾਹੀਦੇ ਸਗੋਂ ਮਰੀਜਾਂ ਦਾ ਇਲਾਜ ਹੋਣਾ ਚਾਹੀਦਾ ਹੈ । ਮਰੀਜ਼ਾਂ ਦਾ ਉਸੇ ਵੇਲੇ ਹੀ ਇਲਾਜ ਹੋ ਸਕੇ ਅਤੇ ਉਨ੍ਹਾਂ ਨੂੰ ਉਸੇ ਵੇਲੇ ਹੀ ਸਹੂਲਤਾਂ ਮਿਲ ਸਕਣ ।

ਇਸ ਦੇ ਨਾਲ ਹੀ ਜਿਸ ਤਰ੍ਹਾਂ ਕਪੂਰ ਸਾਹਿਬ ਨੇ ਕਿਹਾ ਹੈ ਕਿ ਉਨ੍ਹਾਂ ਦੀ ਹਕੂਮਤ ਹੈ । ਅਸੀਂ ਤਾਂ ਕਹਿੰਦੇ ਹਾਂ ਕਿ ਇਹ ਠੀਕ ਹੈ । ਪਰ ਮੈਂ ਕਹਿੰਦਾ ਹਾਂ ਕਿ ਅੱਜ ਇਹ ਜਿਹੜੇ ਪ੍ਰਾਈਵੇਟ ਅਦਾਰੇ ਹਨ, ਪ੍ਰਾਈਵੇਟ ਦੁਕਾਨਦਾਰ ਹਨ, ਜਿਹੜੇ ਪ੍ਰਾਈਵੇਟ ਕਾਲਜ ਅਤੇ ਸਕੂਲ ਹਨ, ਇਨ੍ਹਾਂ ਵਿਚ ਬੜੀ ਲੁੱਟ ਮਚੀ ਹੋਈ ਹੈ । ਮੁਕਤਸਰ ਅਤੇ ਮੋਗਾ ਪ੍ਰਾਈਵੇਟ ਕਾਲਜ ਹਨ । ਉਹ 5 ਹਜ਼ਾਰ ਰੁਪਿਆ ਇਕ ਲੜਕਾ ਅਤੇ ਲੜਕੀ ਨੂੰ ਦਾਖਲ ਕਰਨ ਦਾ ਲੈਂਦੇ ਹਨ । ਭਾਵੇਂ ਉਸ ਦੇ ਨੰਬਰ 10 ਘੱਟ ਹੀ ਹੋਣ, ਨੰਬਰ ਨਹੀਂ ਵੇਖੇ ਜਾਂਦੇ ਸਗੋਂ ਪੈਸਿਆਂ ਵੱਲ ਵੇਖਿਆ ਜਾਂਦਾ ਹੈ । ਉਨ੍ਹਾਂ ਲੁਟੇਰਿਆਂ ਨੇ ਲੁੱਟਣ ਦਾ ਢੰਗ ਬਣਾਇਆ ਹੋਇਆ ਹੈ । ਮੈਡੀਕਲ ਕਾਲਜਾਂ ਵਿਚ ਵੀ ਇਸੇ ਤਰ੍ਹਾਂ ਹੀ ਹੈ । ਉਥੇ ਉਹ ਵਿਦਿਆਰਥੀਆਂ ਕੋਲੋਂ 10-20 ਹਜ਼ਾਰ ਰੁਪਿਆ ਲੈ ਕੇ ਉਨ੍ਹਾਂ ਨੂੰ ਦਾਖਲ ਕਰਦੇ ਹਨ । ਉਥੇ ਉਨ੍ਹਾਂ ਦੀਆਂ ਇਜ਼ਾਰੇਦਾਰੀਆਂ ਬਣੀਆਂ ਹੋਈਆਂ ਹਨ । ਗੌਰਮਿੰਟ ਨੂੰ ਉਨ੍ਹਾਂ ਨੂੰ ਆਪਣੇ ਕਬਜ਼ੇ ਵਿਚ ਲੈਣਾ ਚਾਹੀਦਾ ਹੈ । ਚਾਹੇ ਤਾਲੀਮ ਮੈਡੀਕਲ ਦੀ ਹੈ ਅਤੇ ਚਾਹੇ ਦੂਸਰੀ ਤਾਲੀਮ ਹੈ ਉਹ ਪ੍ਰਾਈਵੇਟ ਹੱਥਾਂ ਵਿਚ ਬਿਲਕੁਲ ਨਹੀਂ ਰਹਿਣ ਦੇਣੀ ਚਾਹੀਦੀ । ਪ੍ਰਾਈਵੇਟ ਅਦਾਰੇ ਜੋ ਹਨ ਇਹ ਇਕ ਕਿਸਮ ਦੀਆਂ ਦੁਕਾਨਾਂ ਹਨ । ਮੈਂ ਸਮਝਦਾ ਹਾਂ ਕਿ ਇਹ ਜਿਹੜੀ ਵੀ ਫਿਰਕੇਦਾਰੀਆਂ, ਲੜਾਈਆਂ ਅਤੇ ਝਗੜੇ ਸ਼ੁਰੂ ਹੁੰਦੇ ਹਨ, ਇਹ ਪ੍ਰਾਈਵੇਟ ਅਦਾਰਿਆਂ ਵਿਚੋਂ ਹੀ ਸ਼ੁਰੂ ਹੁੰਦੇ ਹਨ । ਇਸ ਲਈ ਜੇ ਇਨ੍ਹਾਂ ਅਦਾਰਿਆਂ ਨੂੰ ਫਿਰਕੇਦਾਰੀਆਂ ਅਤੇ ਝਗੜਿਆਂ ਤੋਂ ਬਚਾਉਣਾ ਹੈ ਤਾਂ ਪ੍ਰਾਈਵੇਟ ਅਦਾਰੇ ਜੋ ਇਨ੍ਹਾਂ ਬਿਮਾਰੀਆਂ ਦੀ ਜੜ੍ਹ ਹਨ, ਭਾਵੇ ਇਹ ਕੋਈ ਮੈਡੀਕਲ ਕਾਲਜ ਹੈ ਜਾਂ ਸਕੂਲ ਹੈ, ਸਰਕਾਰ ਇਨ੍ਹਾਂ ਨੂੰ ਆਪਣੇ ਕਬਜ਼ੇ ਵਿਚ ਲਵੇ । ਇਨ੍ਹਾਂ ਨੂੰ ਇਕੱਲਿਆਂ ਇਕੱਲਿਆਂ

Original with;
Punjab Vidhan Sabha
Digitized by;
Panjab Digital Library

ਨੂੰ ਪੈਸੇ ਦੇਣ ਦੀ ਲੋੜ ਨਹੀਂ ਹੈ । (ਘੰਟੀ) ਇਸ ਤਰ੍ਹਾਂ ਉਹ ਰੁਪਿਆ ਲੁੱਟਦੇ ਹਨ । ਇਥੇ ਹੋਰ ਬਹੁਤ ਸਾਰੀਆਂ ਗੱਲਾਂ ਤਾਲੀਮ ਦੇ ਬਾਰੇ ਕਹੀਆਂ ਗਈਆਂ ਹਨ. ਸਪੀਕਰ ਸਾਹਿਬ ਨੇ ਵੀ ਕਿਹਾ ਸੀ, ਭਾਵੇਂ ਇਸ ਡੀਮਾਂਡ ਦੇ ਵਿਚ ਇਸ ਦਾ ਜ਼ਿਕਰ ਨਹੀਂ ਹੈ ਕਿ ਮਹਿਕਮਾ ਤਾਲੀਮ ਦੇ ਬਾਰੇ ਕੋਈ ਗੱਲ ਕਹੀ ਜਾਵੇ ਪਰ ਮੈਨੂੰ ਬੜੇ ਅਫਸੋਸ ਦੇ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਜ਼ਿਲ੍ਹੇ ਦਾ 10 ਵੀਂ ਜਮਾਤ ਦਾ ਰਿਜ਼ਲਟ 17% ਆਇਆ ਹੈ । ਉਥੇ ਬਹੁਤ ਸਾਰੇ ਟੀਚਰ ਸਿਕਸ-ਮੰਥ ਬੇਸਿਜ਼ ਤੇ ਲੱਗੇ ਹੋਏ ਹਨ । ਉਸ ਦਾ ਨਤੀਜਾ ਇਹ ਹੈ ਕਿ ਰਿਜ਼ਲਟ ਇਸ ਤਰ੍ਹਾਂ ਦਾ ਆਇਆ ਹੈ । ਜਿਹੜੇ ਉਥੇ ਟੀਚਰ ਲੱਗੇ ਹੋਏ ਹਨ ਉਨ੍ਹਾਂ ਨੂੰ ਪੱਕਾ ਨਹੀਂ ਕੀਤਾ ਜਾਂਦਾ ਅਤੇ ਜਿਹੜੀਆਂ ਜਗ੍ਹਾਂ ਖਾਲੀ ਹਨ ਉਨ੍ਹਾਂ ਨੂੰ ਪੂਰਿਆਂ ਨਹੀਂ ਕੀਤਾ ਜਾਂਦਾ । ਪਹਿਲਾਂ ਅਕਾਲੀਆਂ ਦੀ ਸਰਕਾਰ ਸੀ ਇਨ੍ਹਾਂ ਨੇ ਕਿਹਾ ਸੀ ਕਿ ਜਿਹੜੇ ਟੀਚਰ ਇਕ ਸਾਲ ਤੇ ਲੱਗੇ ਹੋਏ ਹਨ ਉਹ ਪੱਕੇ ਕੀਤੇ ਜਾਣਗੇ ਉਹ ਵੀ ਚਲੇ ਗਏ ਪਰ ਟੀਚਰ ਪੱਕੇ ਨਹੀਂ ਹੋਏ । ਫਿਰ ਗਿਆਨੀ ਜੀ ਆ ਗਏ ਅਤੇ ਉਨ੍ਹਾਂ ਨੇ ਕਿਹਾ ਕਿ ਜਿਹੜੇ ਟੀਚਰ ਇਕ ਸਾਲ ਦੇ ਲੱਗੇ ਹੋਏ ਹਨ ਉਹ ਪੱਕੇ ਕੀਤੇ ਜਾਣਗੇ, ਮੈਂ ਕਹਿੰਦਾ ਹਾਂ ਕਿ ਉਨ੍ਹਾਂ ਨੂੰ ਪੱਕੇ ਤਾਂ ਕੀ ਕਰਨਾ ਸੀ ਸਗੋਂ ਨਵੇਂ ਟੀਚਰ ਰੱਖਣ ਵਾਸਤੇ ਐਡਵਰਟਾਈਜ਼ਮੈਂਟ ਆਈ ਹੈ ਅਤੇ ਦਰਖਾਸਤਾਂ ਮੰਗੀਆਂ ਗਈਆਂ ਹਨ । ਇਹ ਤਾਂ ਉਹ ਗੱਲ ਹੋਈ ਕਿ ਅੱਗਾ ਚੌੜ ਅਤੇ ਪਿੱਛਾ ਚੁਪੱਟ । ਇਹ ਸਕੂਲ ਖੋਲ੍ਹੀ ਜਾਂਦੇ ਹਨ ਪਰ ਉਨ੍ਹਾਂ ਵਾਸਤੇ ਨਾ ਕੋਈ ਟੀਚਰ ਦਿੰਦੇ ਹਨ, ਨਾ ਕੋਈ ਹੈਡਮਾਸਟਰ ਹੈ ਅਤੇ ਨਾ ਹੀ ਕੋਈ ਬਿਲਡਿੰਗ ਹੀ ਹੈ । ਇਹ ਤਾਂ ਚੌੜ ਚੁਪੱਟ ਵਾਲੀ ਗੱਲ ਹੈ । ਇਥੇ ਸਾਡੇ ਸਿਲਸਿਲਾ ਕੁਝ ਇਸ ਤਰ੍ਹਾਂ ਚੱਲ ਰਿਹਾ ਹੈ ਕਿ ਜੇ ਤਾਂ ਕਾਂਗਰਸ ਦਾ ਰਾਜ ਹੈ ਤਾਂ ਕਾਂਗਰਸ ਐਮ. ਐਲ. ਏਜ਼. ਦੇ ਹਲਕੇ ਵਿਚ ਸਕੂਲ ਬਣ ਜਾਂਦੇ ਹਨ । ਜਦ ਸਰਦਾਰ ਸੁਰਜੀਤ ਸਿੰਘ ਹੋਰਾਂ ਦੀ ਵਜ਼ਾਰਤ ਸੀ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਮੈਂ ਤੇਰੇ ਹਲਕੇ ਵਿਚ ਸਕੂਲ ਬਣਾਵਾਂਗਾ ਪਰ ਮੈਂ ਕਹਿੰਦਾ ਹਾਂ ਕਿ ਉਨ੍ਹਾਂ ਨੇ ਵੀ ਮੇਰੇ ਹਲਕੇ ਵਿਚ ਕੋਈ ਸਕੂਲ ਨਹੀਂ ਬਣਾਇਆ । ਇਸੇ ਤਰ੍ਹਾਂ ਹੀ ਹੁਣ ਕਾਂਗਰਸ ਵਾਲੇ ਵੀ ਮੇਰੇ ਹਲਕੇ ਵਿਚ ਕੋਈ ਸਕੂਲ ਨਹੀਂ ਬਣਾਉਂਦੇ । ਕਾਂਗਰਸ ਪਾਰਟੀ ਵਾਲੇ ਜਿਥੇ ਚਾਹੁਣ, ਭਾਵੇਂ ਉਥੇ ਬਿਲਡਿੰਗ ਹੋਵੇ ਜਾਂ ਨਾ ਹੋਵੇ, ਉਥੇ ਸਕੂਲ ਬਣ ਜਾਂਦਾ ਹੈ ਪਰ ਸਾਡਾ ਕੋਈ ਧਿਆਨ ਨਹੀਂ ਕੀਤਾ ਜਾਂਦਾ । ਸਾਡੇ ਨਾ ਕੋਈ ਬਿਲਡਿੰਗਜ ਹਨ ਅਤੇ ਨਾ ਸਾਡੇ ਸਕੂਲਾਂ ਦਾ ਪ੍ਰਬੰਧ ਹੈ । ਇਸ ਵਾਸਤੇ ਮੈਂ ਕਹਾਂਗਾ ਕਿ ਤਾਲੀਮ ਦੀ ਹਾਲਤ ਬਹੁਤ ਖਰਾਬ ਹੈ । ਮੈਂ ਤਾਲੀਮ ਦੀ ਅਜਿਹੀ ਭੈੜੀ ਹਾਲਤ ਪਹਿਲਾਂ ਕਦੇ ਨਹੀਂ ਸੀ ਦੇਖੀ । (ਘੰਟੀ) ਪਹਿਲੀ ਵਾਰ ਇਤਨਾ ਭੈੜਾ ਰਿਜ਼ਲਟ ਆਇਆ ਹੈ ਕਿਉਂ-ਕਿ ਟੀਚਰ ਨਹੀਂ ਹਨ ਅਤੇ ਤਿੰਨ-ਤਿੰਨ ਸਾਲ ਹੈਡਮਾਸਟਰ ਤੋਂ ਬਗੈਰ ਸਕੂਲ ਚਲੀ ਜਾਂਦੇ ਹਨ । ਮੈਂ ਸਮਝਦਾ ਹਾਂ ਕਿ ਤਾਲੀਮ ਦੇ ਮਾਮਲੇ ਵਿਚ ਸੁਧਾਰ ਹੋਣਾ ਚਾਹੀਦਾ ਹੈ । ਜਿਹੜੇ ਬੀ. ਈ. ਓ. ਰੱਖੇ ਹੋਏ ਹਨ ਉਨ੍ਹਾਂ ਦਾ ਕੋਈ ਕੰਮ ਨਹੀਂ ਹੈ । ਉਨ੍ਹਾਂ ਨੂੰ ਗਰਾਂਟ ਮਿਲ ਜਾਂਦੀ ਹੈ ਅਤੇ ਉਹ ਤਾਂ ਉਸ ਨੂੰ ਹੀ ਹਜ਼ਮ ਕਰ ਜਾਂਦੇ ਹਨ । ਮੈਂ ਤੁਹਾਨੂੰ ਦੱਸਦਾ ਹਾਂ ਕਿ ਪਿਛਲੇ ਦਿਨਾਂ ਵਿਚ 15-16 ਬਲਾਕਾਂ ਦੀਆਂ ਗਰਾਂਟਾਂ ਉਹ ਹਜ਼ਮ ਕਰ ਗਏ । ਉਨ੍ਹਾਂ ਦਾ ਕੰਮ ਹੈ ਤਨਖਾਹਾਂ ਦੇਣਾ । ਜਿਸ ਦੇ ਨਾਲੋਂ ਤਾਂ ਮੈਂ ਇਹ ਕਹਾਂਗਾ ਕਿ ਜਿਹੜੇ ਹਾਈ ਸਕੂਲ ਹਨ. ਉਨ੍ਹਾਂ ਵਿਚ ਕਲਰਕ ਵੀ ਹੁੰਦੇ ਹਨ ਇਸ ਲਈ ਇਹ ਜਿਹੜੇ ਪ੍ਰਾਇਮਰੀ ਸਕੂਲ ਹਨ ਇਹ ਉਨ੍ਹਾਂ ਸਕੂਲਾਂ ਦੇ ਅਧੀਨ ਹੀ ਕੀਤੇ ਜਾਣ ਤਾਂ ਠੀਕ ਹੈ । ਇਸ ਤਰ੍ਹਾਂ ਉਨ੍ਹਾਂ ਬੀ. ਈ. ਓਜ਼. ਦੀ ਕੋਈ ਜ਼ਰੂਰਤ ਨਹੀਂ ਹੈ ਅਤੇ ਉਨ੍ਹਾਂ ਦੀਆਂ ਤਨਖਾਹਾਂ ਬਚ ਸਕਦੀਆਂ ਹਨ ਅਤੇ ਉਹ ਕਿਸੇ ਹੋਰ ਪਾਸੇ ਪੈਸੇ ਵਰਤੇ ਜਾ ਸਕਦੇ ਹਨ ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਜੰਗੀਰ ਸਿੰਘ ਜੋਗਾ]

ਹੁਣ ਮੈਂ ਕਿਤਾਬਾਂ ਦੇ ਬਾਰੇ ਕੁਝ ਦੱਸਣਾ ਚਾਹੁੰਦਾ ਹਾਂ । ਪੜ੍ਹਾਈ ਸ਼ੁਰੂ ਹੋ ਜਾਂਦੀ ਹੈ ਪਰ ਤਿੰਨ ਤਿੰਨ ਮਹੀਨੇ ਕਿਤਾਬਾਂ ਨਹੀਂ ਛਪਦੀਆਂ । ਜੇ ਕਿਤਾਬਾਂ ਛਪਦੀਆਂ ਹਨ ਉਦੋਂ ਜਾ ਕੇ ਛਪਦੀਆਂ ਹਨ ਜਦੋਂ ਇਮਤਿਹਾਨ ਨੇੜੇ ਆ ਜਾਂਦੇ ਹਨ । ਇਸ ਲਈ ਗੌਰਮਿੰਟ ਨੂੰ ਇਸ ਪਾਸੇ ਆਪਣਾ ਪ੍ਰਬੰਧ ਕਰਨਾ ਚਾਹੀਦਾ ਹੈ ਅਤੇ ਸਕੂਲ ਦੀਆਂ ਕਿਤਾਬਾਂ ਜਲਦੀ ਛਪਾਈਆਂ ਜਾਇਆ ਕਰਨ ।

ਇਸ ਤੋਂ ਅਗੇ ਖੇਤੀ ਬਾੜੀ ਦੇ ਮੁਤੱਲਕ ਮੈਂ ਅਰਜ਼ ਕਰਾਂਗਾ ਕਿ ਖੇਤੀ ਬਾੜੀ ਦੀ ਤਰੱਕੀ ਵਾਸਤੇ ਜਿੰਨਾਂ ਰੁਪਿਆ ਰਖਿਆ ਗਿਆ ਮੈਂ ਸਮਝਦਾ ਹਾਂ ਕਿ ਉਹ ਥੋੜ੍ਹਾ ਹੈ । ਮੈਨੂੰ ਐਤਕੀ ਈਸਟ ਜਰਮਨੀ ਜਾਣ ਦਾ ਮੌਕਾ ਮਿਲਿਆ ਹੈ । ਉਥੇ ਮੈਂ ਦੇਖਿਆ ਹੈ ਕਿ 10% ਲੋਕ ਖੇਤੀ ਬਾੜੀ ਦਾ ਕੰਮ ਕਰਦੇ ਹਨ । 2 ਕਰੋੜ ਦੀ ਉਥੇ ਦੀ ਆਬਾਦੀ ਹੈ, ਪੰਜਾਬ ਜਿੰਨੀ ਉਥੇ ਦੀ ਆਬਾਦੀ ਹੈ ਅੱਰ 10% ਲੋਕ ਉਥੇ ਖੇਤੀ ਬਾੜੀ ਦਾ ਕੰਮ ਕਰਦੇ ਹਨ ਪਰ ਉਹ ਲੋਕ ਪੈਦਾਵਾਰ ਸਾਡੇ ਨਾਲੋਂ ਜ਼ਿਆਦਾ ਕਢਦੇ ਹਨ । ਸਾਡੇ ਇਥੇ ਜਿਹੜਾ ਖੇਤੀ ਬਾੜੀ ਦਾ ਢੰਗ ਹੈ ਇਹ ਬੜਾ ਨਾਕਸ ਹੈ । ਤੁਸੀਂ ਡਿਪਟੀ ਸਪੀਕਰ ਸਾਹਿਬ, ਇਹ ਸੁਣ ਕੇ ਹੈਰਾਨ ਹੋਵੋਗੇ ਕਿ 10 ਸਾਲ ਹੋ ਗਏ ਹਨ ਮੁਰੱਬਾਬੰਦੀ ਹੋਏ ਨੂੰ ਪਰ ਅਜੇ ਤਕ ਇਥੇ ਨਹਿਰੀ ਮਹਿਕਮਾ ਚੱਕ ਬੰਦੀ ਨਹੀਂ ਕਰ ਸਕਿਆ । ਕਿਸੇ ਦੀ ਜ਼ਮੀਨ ਇਧਰ ਹੈ ਅਤੇ ਕਿਸੇ ਦੀ ਉਧਰ ਹੈ । ਉਨ੍ਹਾਂ ਲੋਕਾਂ ਨੂੰ ਨਹਿਰੀ ਪਾਣੀ ਨਹੀਂ ਮਿਲ ਰਿਹਾ ਅਤੇ ਉਹ ਰੋਂਦੇ ਕੁਰਲਾਂਦੇ ਰਹਿੰਦੇ ਹਨ । ਹੋਰ ਵੀ ਸਾਡੇ ਇਸ ਸਿਸਟਮ ਵਿਚ ਉਣਤਾਈਆਂ ਹਨ । ਖਾਦ ਦੀ ਜਿਹੜੀ ਵੰਡ ਹੈ ਇਹ ਵੀ ਬੜੀ ਨਾਕਸ ਹੈ । ਖਾਦ ਦੀ ਵੰਡ ਦਾ ਕੰਮ ਕੋਆਪਰੇਟਿਵ ਸੋਸਾਇਟੀਆਂ ਤੋਂ ਖੋਹ ਲਿਆ ਹੈ ਅਤੇ ਪ੍ਰਾਈਵੇਟ ਸੈਕਟਰ ਵਾਲਿਆਂ ਨੂੰ ਦੇ ਦਿਤਾ ਹੈ । ਹੁਣ ਇਨ੍ਹਾਂ ਦੀ ਯਾਰੀ ਪ੍ਰਾਈਵੇਟ ਸੈਕਟਰ ਦੇ ਲਾਲਿਆਂ ਨਾਲ ਹੋ ਗਈ ਹੈ ਜਿਹੜੇ ਕਿ ਖਾਦ ਬਲੈਕ ਵਿਚ ਵੇਚਦੇ ਹਨ । ਇਸ ਪਾਸੇ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਅੱਤ ਪ੍ਰਾਈਵੇਟ ਸੈਕਟਰ ਦੇ ਰਾਹੀਂ ਜਿਹੜਾ ਖਾਦ ਦੇਣ ਦਾ ਤਰੀਕਾ ਹੈ ਉਹ ਬੰਦ ਹੋਣਾ ਚਾਹੀਦਾ ਹੈ ਅੱਰ ਕੋਆਪਰੇਟਿਵ ਅਦਾਰਿਆਂ ਦੇ ਰਾਹੀਂ ਹੀ ਸਾਰੀ ਸੇਲ ਹੋਣੀ ਚਾਹੀਦੀ ਹੈ ।

ਇਸ ਤੋਂ ਬਿਨਾ, ਡਿਪਟੀ ਸਪੀਕਰ ਸਾਹਿਬ, ਕੋਆਪਰੇਟਿਵ ਦੀ ਇਕ ਮੱਦ ਹੈ । ਅਸੀਂ ਕੋਆਪਰੇਟਿਵ ਨੂੰ ਬੜਾ ਚੰਗਾ ਸਮਝਦੇ ਹਾਂ । ਮੇਰੀ ਪਾਰਟੀ ਇਸ ਗੱਲ ਦੀ ਹਮਾਇਤ ਕਰਦੀ ਹੈ ਕਿ ਕੋਆਪਰੇਟਿਵ ਹੋਣੀ ਚਾਹੀਦੀ ਹੈ ਪਰ ਇਸ ਦੇ ਵਿਚ ਕੁਝ ਤਰਮੀਮਾਂ ਹੋਣੀਆਂ ਚਾਹੀਦੀਆਂ ਹਨ । ਅਸੀਂ ਦੇਖਦੇ ਹਾਂ ਕਿ ਕੋਆਪਰੇਟਿਵ ਦੇ ਵਿਚ ਇਕ ਖ਼ਜਾਨਚੀ ਬਣ ਜਾਂਦਾ ਹੈ ਤਾਂ ਉਹ ਹੀ ਠੇਕੇਦਾਰ ਬਣ ਜਾਂਦਾ ਹੈ ਅਤੇ ਉਹ ਸਾਰਾ ਰੁਪਿਆ ਖਾ ਜਾਂਦਾ ਹੈ । ਜਿਹੜਾ ਲੱਖ ਦੋ ਲੱਖ ਰੁਪਿਆ ਉਹ ਖਾ ਜਾਂਦਾ ਹੈ ਤਾਂ ਉਹ ਸਾਰੀ ਪ੍ਰਾਪਰਟੀ ਵਗੈਰਾ ਆਪਣੀ ਵਾਈਫ ਦੇ ਨਾਮ ਜਾਂ ਆਪਣੇ ਕਿਸੇ ਹੋਰ ਦੇ ਨਾਮ ਤੇ ਕਰਵਾ ਦਿੰਦਾ ਹੈ ਅੱਰ ਪਤਾ ਲਗਣ ਤੇ ਉਸ ਦੇ ਕੋਲੋਂ ਕੁਝ ਨਹੀਂ ਨਿਕਲਦਾ । ਇਸ ਲਈ ਮੈਂ ਸਮਝਦਾ ਹਾਂ ਕਿ ਕੋਆਪਰੇਟਿਵ ਦੇ ਵਿਚ ਕਾਨੂੰਨ ਲਿਆਉਣ ਦੀ ਲੋੜ ਹੈ ਜਿਸ ਨਾਲ ਕਿ ਕੋਆਪਰੇਟਿਵ ਵਿਚ ਸੁਧਾਰ ਹੋ ਸਕੇ । (ਘੰਟੀ)

ਜਿਥੋਂ ਤਕ, ਡਿਪਟੀ ਸਪੀਕਰ ਸਾਹਿਬ, ਚੋਣਾਂ ਦਾ ਤਾਲੁਕ ਹੈ. ਚੋਣਾਂ ਹੁੰਦੀਆਂ ਹਨ । ਚੋਣਾਂ ਵਿਚ ਦੋਹਾਂ ਧਿਰਾਂ ਦੀ ਗਲਤੀ ਹੈ । ਕੋਆਪਰੇਟਿਵ ਦੇ ਮੁਤੱਲਕ ਲੋਕੀ ਇਹ ਸਮਝਦੇ ਹਨ ਕਿ 5–7 ਬੰਦੇ ਹੀ ਕੋਆਪਰੇਟਿਵ ਨੂੰ ਚਲਾਉਂਦੇ ਹਨ ਅੱਰ ਇਹੀ ਜ਼ਿਮੇਵਾਰ ਹਨ । ਜਿਹੜਾ ਇਸ ਦੇ ਵਿਚ ਦਾਖਲ ਹੋ ਜਾਂਦਾ ਹੈ ਉਹੀ ਆਪਣੇ ਬਾਪ ਦਾਦੇ ਦੀ ਜਾਇਦਾਦ ਸਮਝਣ ਲਗ ਜਾਂਦਾ ਹੈ ਕਿ ਜਿੰਨਾ ਇਸ ਨੂੰ ਖਾ ਸਕਦੇ ਹੋ ਖਾ ਲਉ । ਇਸ ਲਈ ਮੈਂ ਸਰਕਾਰ ਨੂੰ ਇਹ

Original with;
Punjab Vidhan Sabha
Digitized by;
Panjab Digital Library

ਕਹਾਂਗਾ ਕਿ ਕੋਆਪਰੇਟਿਵ ਦੇ ਵਿਚ ਕਾਨੂੰਨ ਲਿਆਉਣ ਅਤੇ ਇਸ ਨੂੰ ਵਸੀਹ ਦਾਇਰੇ ਵਿਚ ਚਲਾਉਣ ਤਾਂ ਕਿ ਲੋਕਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਇਸ ਤੋਂ ਫਾਇਦਾ ਹੋ ਸਕੇ । (ਘੰਟੀ)

ਫਿਰ, ਡਿਪਟੀ ਸਪੀਕਰ ਸਾਹਿਬ, ਇਸ ਦੇ ਵਿਚ ਇਕ ਹੋਰ ਮੱਦ ਸ਼ਹੀਦ ਊਧਮ ਸਿੰਘ ਦੀ ਰਖੀ ਗਈ ਹੈ । ਮੈਂ ਸਮਝਦਾ ਹਾਂ ਕਿ ਇਹ ਬਹੁਤ ਚੰਗੀ ਚੀਜ਼ ਹੈ ਕਿ ਉਥੇ ਨਵਾਂ ਨਵਾਂ ਕਾਲਜ ਸ਼ਹੀਦ ਊਧਮ ਸਿੰਘ ਦੇ ਨਾਮ ਤੇ ਬਣਿਆ ਹੈ ਪਰ ਉਥੇ 2 ਪਾਰਟੀਆਂ ਦੀ ਲੜਾਈ ਵੀ ਹੈ । ਇਸ ਲਈ ਮੇਰਾ ਖਿਆਲ ਹੈ ਕਿ ਇਹ ਸੱਚੀ ਯਾਦਗਾਰ ਨਹੀਂ ਹੋਵੇਗੀ । ਜੇ ਸਰਕਾਰ ਇਸ ਗਲ ਵਲ ਧਿਆਨ ਨਹੀਂ ਦੇਵੇਗੀ । ਇਸ ਲਈ ਮੈਂ ਇਹ ਕਹਾਂਗਾ ਕਿ ਸਰਕਾਰ ਇਸ ਨੂੰ ਚਲਾਵੇ। ਉਨ੍ਹਾਂ ਦੇ ਬੁਤ ਅੰਮ੍ਰਿਤਸਤ ਤੇ ਸੁਨਾਮ ਵਿਚ ਲਾਏ ਜਾਣ । ਇਨ੍ਹਾਂ ਸ਼ਬਦਾਂ ਨਾਲ, ਡਿਪਟੀ ਸਪੀਕਰ ਸਾਹਿਬ, ਮੈਂ ਆਪ ਦਾ ਧੰਨਵਾਦ ਕਰਦਾ ਹਾ ।

ਚੌਧਰੀ ਦਰਸ਼ਨ ਸਿੰਘ (ਨੂਰ ਮਹਿਲ) : ਡਿਪਟੀ ਸਪੀਕਰ ਸਾਹਿਬ, ਸਪਲੀਮੈਂਟਰੀ ਐਸਟੀਮੇਟਸ ਤੇ ਅੱਜ ਬਹਿਸ ਹੋ ਰਹੀ ਹੈ । ਅਪੋਜ਼ੀਸ਼ਨ ਪਾਰਟੀ ਵਲੋਂ ਇਸ ਗਲ ਦੀ ਨੁਕਤਾ-ਚੀਨੀ ਕੋਈ ਖਾਸ ਮਾਅਨੇ ਨਹੀਂ ਰਖਦੀ ਕਿ 7–8 ਕਰੋੜ ਰੁਪਏ ਦੇ ਐਕਸਪੈਂਡੀਚਰ ਨੂੰ ਸਰਕਾਰ ਨੇ ਫੋਰਸੀਨ ਨਹੀਂ ਕੀਤਾ । 3-4 ਸੌ ਕਰੋੜ ਰੁਪਏ ਦਾ ਜਿਸ ਸਟੇਟ ਦਾ ਬਜਟ ਹੋਵੇ ਉਸ ਦੇ ਵਿਚ 7–8 ਕਰੋੜ ਰੁਪਏ ਦੀਆਂ ਸਪਲੀਮੈਂਟਰੀ ਡੀਮਾਂਡਜ਼ ਅਗਰ ਆ ਜਾਣ ਤਾਂ ਇਹ ਕੋਈ ਵਡੀ ਗਲ ਨਹੀਂ, ਕੋਈ ਅਣਹੋਣੀ ਗਲ ਨਹੀਂ ਹੈ । ਇਹ ਇਕ ਫਾਰਮੈਲਿਟੀ ਹੈ, ਅਨਫੋਰਸੀਨ ਐਕਸਪੈਂਡੀਚਰ ਸਰਕਾਰ ਨੂੰ ਕਰਨੇ ਹੀ ਪੈਂਦੇ ਹਨ ।

ਡਿਪਟੀ ਸਪੀਕਰ ਸਾਹਿਬ, ਇਕ ਗਲ ਅੱਜ ਦੇ ਇਕ ਸਵਾਲ ਵਿਚ ਵੀ ਆਈ ਸੀ ਉਸ ਦੇ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਸਰਕਾਰ ਨੂੰ ਅਤੇ ਖਾਸ ਤੌਰ ਤੇ ਵਿੱਤ ਮੰਤਰੀ ਸਾਹਿਬ ਨੂੰ ਕਾਸ਼ੀਅਸ ਹੋਣਾ ਚਾਹੀਦਾ ਹੈ ਜਦੋਂ ਉਹ ਕੇਂਦਰ ਦੀ ਸਰਕਾਰ ਤੋਂ ਓਵਰ ਡਰਾਫਟ ਮੰਗਦੀ ਹੈ । ਓਵਰ ਡਰਾਫਟਿੰਗ ਮੰਗਣ ਦੇ ਕਾਰਨ ਵਿੱਤ ਮੰਤਰੀ ਸਾਹਿਬ ਨੇ ਦਸੇ ਹਨ ਕਿ ਕਈ ਮਹਿਕਮਿਆਂ ਨੇ ਏਗੈਰ ਫਾਈਨਾਂਸ ਡੀਪਾਰਟਮੈਂਟ ਦੀ ਮਨਜ਼ੂਰੀ ਤੋਂ ਆਪਣੀ ਲਿਮਟਿਡ ਡੀਮਾਂਡਜ਼ ਤੋਂ ਬਾਹਰ ਨਿਕਲਦਿਆਂ ਹੋਇਆਂ ਓਵਰ ਐਕਸਪੈਂਡੀਚਰ ਕੀਤਾ ਅੰਰ ਜ਼ਿਸ ਦੇ ਲਈ ਪੰਜਾਬ ਦੀ ਸਰਕਾਰ ਨੂੰ ਰਿਜ਼ਰਵ ਬੈਂਕ ਵਲ ਦੌੜਨਾ ਪਿਆ । ਇਕੱਲਾ ਰਿਜ਼ਰਵ ਬੈਂਕ ਵਲ ਹੀ ਨਹੀਂ ਜਾਣਾ ਪਿਆ ਬਲਕਿ ਲੋਕਲ ਬਾਡੀਜ਼ ਅਤੇ ਹੋਰ ਡਿਫਰੈਂਟ ਬੋਰਡਜ਼ ਨੂੰ ਵੀ ਡਾਇਰੈਕਸ਼ਨਜ਼ ਕਰਨੀਆਂ ਪਈਆਂ ਕਿ ਉਹ ਆਪਣਾ ਸਰਪਲੱਸ ਫੰਡ ਟਰੈਜ਼ਰੀ ਵਿਚ ਜਮ੍ਹਾਂ ਕਰਵਾਉਣ । ਮੇਰਾ ਵਿਚਾਰ ਹੈ ਕਿ ਪੰਜਾਬ ਦੀ ਟਰੈਜ਼ਰੀ ਸੂਦ ਨਹੀਂ ਦੇ ਸਕਦੀ । ਰੂਲਜ਼ ਦੇ ਮੁਤਾਬਿਕ ਉਹ ਪੈਸਾ ਜਮ੍ਹਾਂ ਕਰ ਸਕਦੀ ਹੈ ਪਰ ਉਸ ਜਮ੍ਹਾਂ ਕੀਤੇ ਹੋਏ ਪੈਸੇ ਤੇ ਸੂਦ ਨਹੀਂ ਦੇ ਸਕਦੀ ਕਿਉਂ-ਕਿ ਉਸ ਦੇ ਅਗੇ ਕੋਈ ਸੋਰਸਿਜ਼ ਨਹੀਂ ਹਨ । ਉਹ ਰੁਪਿਆ ਜੋ ਜਮ੍ਹਾਂ ਕਰਵਾਇਆ ਜਾਂਦਾ ਹੈ ਉਤਨਾ ਕਢਵਾਇਆ ਜਾ ਸਕਦਾ ਹੈ ਪਰ ਉਸ ਤੇ ਉਹ ਸੂਦ ਨਹੀਂ ਦੇ ਸਕਦੀ । ਪੰਜਾਬ ਦੀ ਸਰਕਾਰ ਨੇ ਹਦਾਇਤਾਂ ਜਾਰੀ ਕਰ ਦਿਤੀਆਂ ਕਿ ਖਜ਼ਾਨੇ ਵਿਚ ਪੈਸਾ ਜਮ੍ਹਾ ਕਰਵਾਇਆ ਜਾਵੇ, ਪੈਸਾ ਜਮ੍ਹਾਂ ਹੋਇਆ ਪਰ ਉਸ ਪੈਸੇ ਦਾ ਸੂਦ ਨਹੀਂ ਦਿਤਾ ਜਾ ਸਕਦਾ । ਸਰਕਾਰ ਦੇ 3–3, 4–4 ਹਜ਼ਾਰ ਰੁਪਏ ਤਨਖਾਹ ਲੈਣ ਵਾਲੇ ਸੈਕਟਰੀਜ਼ ਬੈਠੇ ਹਨ, ਹੈਡ ਆਫ ਦੀ ਡੀਪਾਰਟਮੈਂਟਸ ਬੈਠੇ ਹਨ ਜੇ ਉਨ੍ਹਾਂ ਨੇ ਓਵਰ ਐਕਸਪੈਂਡੀਚਰ ਕੀਤਾ ਤਾਂ ਕਿਸ ਦੀ ਪ੍ਰਮਿਸ਼ਨ ਨਾਲ ਕੀਤਾ । ਇਹ ਕੋਈ ਮਾੜੀ ਜਿਹੀ ਇਰਰੈਗੂਲੈਰਿਟੀ ਨਹੀਂ ਹੈ, ਤੁਸੀਂ ਕਹਿ ਦਿਤਾ ਕਿ ਕੁਝ

Original with;
Punjab Vidhan Sabha
Digitized by;
Panj

[ਚੌਧਰੀ ਦਰਸ਼ਨ ਸਿੰਘ]

ਸਾਮਾਨ ਖਰੀਦ ਲਿਆ ਹੈ । ਜੇ ਤਾਂ ਉਸ ਸਮਾਨ ਦਾ ਕੋਈ ਵਪਾਰ ਕਰਨਾ ਸੀ ਜਾਂ ਸਾਮਾਨ ਅਗਲੇ ਮਹੀਨੇ ਮਿਲਣਾ ਨਹੀਂ ਸੀ ਤਾਂ ਤੇ ਗਲ ਵਖਰੀ ਹੈ ਪਰ ਜਦੋਂ ਉਸ ਸਾਮਾਨ ਦੀ ਡੀਮਾਂਡ ਨਹੀਂ ਸੀ, ਉਸ ਦੀ ਕੋਈ ਯੂਟਿਲਿਟੀ ਨਹੀਂ ਸੀ ਤਾਂ ਉਹ ਖਰੀਦਣ ਦੀ ਕੀ ਲੋੜ ਸੀ ? ਬਗੈਰ ਜ਼ਰੂਰਤ ਤੋਂ ਚੀਜ਼ਾਂ ਖ਼ਰੀਦ ਲਈਆਂ ਅੱਜ ਲੋੜ ਤੋਂ ਵੱਧ ਖਰੀਦ ਲਈਆਂ । ਸਰਕਾਰ ਨੂੰ ਇਸ ਪਾਸੇ ਕਾਸ਼ੀਅਸ਼ ਹੋਣਾ ਚਾਹੀਦਾ ਹੈ ।

ਇਕ ਡੀਮਾਂਡ, ਡਿਪਟੀ ਸਪੀਕਰ ਸਾਹਿਬ, ਪੁਲਿਸ ਮਾਡਰਨਾਈਜ਼ੇਸ਼ਨ ਦੇ ਬਾਰੇ ਵਿਚ ਹੈ। ਇਹ ਸੈਂਟਰ ਸਪਾਂਸਰਡ ਸਕੀਮ ਹੈ । ਕੋਈ ਕਰਾਈਮ ਛੁਡਿਆ ਨਹੀਂ ਜਾ ਸਕਦਾ unless the officer is properly armed with modern weapons, with transport facilities, with wireless set, etc. Every Police station must be connected with the control room. ਜਿੰਨਾ ਚਿਰ ਪੁਲਿਸ ਸਟੇਸ਼ਨਾਂ ਨੂੰ ਫੂਲੀ ਇਕੁਇਪਟ ਨਾ ਕੀਤਾ ਜਾਵੇ, ਪੁਲਿਸ ਨੂੰ ਨਵੇਂ ਅਤੇ ਮਾਡਰਨ ਢੰਗ ਦੀ ਟਰੇਨਿੰਗ ਨਾ ਦਿਤੀ ਜਾਵੇ ਮੁਲਜ਼ਮ ਨੂੰ ਤੁਸੀਂ ਫੜ ਨਹੀਂ ਸਕਦੇ । ਇਸ ਦੇ ਲਈ ਸੈਂਟਰ ਨੇ 75 ਫੀਸਦੀ ਲੋਨ ਦਿਤਾ ਹੈ ਅਤੇ 25 ਫੀ ਸਦੀ ਗਰਾਂਟ ਦੇ ਤੌਰ ਤੇ ਪੰਜਾਬ ਦੀ ਸਰਕਾਰ ਨੂੰ ਖਰਚ ਕਰਨ ਵਾਸਤੇ ਦਿਤਾ ਹੈ ਇਸ ਦੇ ਵਿਚ ਕਿਸ ਤਰ੍ਹਾਂ ਪੁਲਿਸ ਅਫਸਰ, who is not trained in the modern system, ਚਲ ਸਕੇਗਾ ? (ਵਿਘਨ) ਪੁਲਿਸ ਅਫਸਰਾਂ ਨੂੰ, ਇਨਵੈਸਟੀਗੇਟ ਅਫਸਰਾਂ ਨੂੰ ਮਾਡਰਨ ਤਰੀਕੇ ਅਡਾਪਟ ਕਰਨੇ ਚਾਹੀਦੇ ਹਨ । ਅਜੇ ਵੀ ਕਈ ਕੇਸਿਜ਼ ਹਨ ਜਿਥੇ ਪੁਰਾਣੇ ਢੰਗ ਨਾਲ ਟਾਰਚਰ ਕੀਤਾ ਜਾ ਰਿਹਾ ਹੈ । ਇਸ ਸਿਸਟਮ ਨੂੰ ਬਦਲਣਾ ਪਵੇਗਾ । ਪੁਲਿਸ ਅਫਸਰਾਂ ਨੂੰ ਮਾਡਰਨ ਟਰੇਨਿੰਗ ਦਿਉ ।

ਇਕ ਗਲ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਬੜੀ ਸ਼ਲਾਘਾ ਯੋਗ ਕੀਤੀ ਹੈ ਔਰ ਉਸ ਬਾਰ੍ਹੇ ਗਿਆਨੀ ਜੀ ਦੀ ਸਰਕਾਰ ਵਧਾਈ ਦੀ ਪਾਤਰ ਹੈ । ਉਹ ਗਲ ਇਹ ਹੈ ਕਿ ਸ਼ਹੀਦ ਊਧਮ ਸਿੰਘ ਦੀਆਂ ਰਿਮੇਨਜ਼ ਨੂੰ ਪੰਜਾਬ ਵਿਚ ਲਿਆਂਦਾ । ਕੇਂਦਰ ਸਰਕਾਰ ਵੀ ਇਸ ਪੱਖੋਂ ਵਧਾਈ ਦੀ ਪਾਤਰ ਹੈ । 1919 ਵਿਚ ਅੰਮ੍ਰਿਤਸਰ ਵਿਚ ਜਲਿਆਂਵਾਲੇ ਬਾਗ ਵਿਚ ਗੋਲੀ ਚਲੀ । ਜਨਰਲ ਡਾਇਰ ਨੇ ਉਥੇ ਗੋਲੀ ਚਲਾਈ ਔਰ ਬਹੁਤ ਸਾਰੇ ਬੰਦੇ ਮਾਰੇ ਗਏ ਪਰ ਉਸ ਵਿਚ ਸ਼ਹੀਦ ਊਧਮ ਸਿੰਘ ਦਾ ਕੋਈ ਭਰਾ ਜਾਂ ਭੈਣ ਨਹੀਂ ਸੀ ਮਾਰੇ ਗਏ । He was not there at that time. He was in Lahore. Udham Singh was not present at the scene of occurrence. He was in a Yatim Khana. ਇਸ ਬਾਰੇ ਸ਼ਹੀਦ ਊਧਮ ਸਿੰਘ ਦੀ ਡਿਊਟੀ ਲਗੀ । ਡਿਪਟੀ ਸਪੀਕਰ ਸਾਹਿਬ, ਸ਼ਹੀਦ ਊਧਮ ਸਿੰਘ ਨੇ 1919 ਦੇ ਵਾਕੇ ਨੂੰ 1940 ਤਕ ਆਪਣੇ ਮਨ ਵਿਚ ਦਬਾਈ ਰਖਿਆ । 1933 ਵਿਚ ਯੂ. ਕੇ. ਵਿਚ ਜਾ ਕੇ ਉਸ ਨੇ ਗੋਲੀ ਚਲਾਉਣ ਵਾਲੇ ਦੇ ਸੀਨੇ ਵਿਚ ਦੀ ਗੋਲੀ ਕੱਢ ਦਿਤੀ । From 1933 to 1940 for about seven years he was waiting for that opportunity.

ਸ਼੍ਰੀ ਡਿਪਟੀ ਸਪੀਕਰ : ਚੌਧਰੀ ਸਾਹਿਬ, ਕਾਕਟੇਲ ਨਾ ਬਣਾਉ । (ਵਿਘਨ) (Chaudhri Sahib, please do not make a cocktail of your speech.)

Original with;
Punjab Vidhan Sabha
Digitized by;
Panjab Digital Library

ਚੌਧਰੀ ਦਰਸ਼ਨ ਸਿੰਘ : ਬਹੁਤ ਅੱਛਾ ਜੀ ।

ਹੁਣ ਡਿਪਟੀ ਸਪੀਕਰ ਸਾਹਿਬ, ਮੈਂ ਇਕ ਗਲ ਹੋਰ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਨੇ ਬੜਾ ਨੇਕ ਅਤੇ ਅੱਛਾ ਕੰਮ ਕੀਤਾ । ਜੇ ਕਰ ਲਕੜੀ ਦੇ ਉਤੇ ਕੋਈ ਦਾਗ ਪੈ ਜਾਏ ਤਾਂ ਰੰਦਾ ਫੇਰ ਕੇ ਠੀਕ ਕੀਤਾ ਜਾ ਸਕਦਾ ਹੈ ਅਤੇ ਜੇ ਕਰ ਕਪੜੇ ਤੇ ਕੋਈ ਧੱਬਾ ਪੈ ਜਾਏ ਤਾਂ ਉਹ ਧੱਬਾ ਧੋਤਾ ਜਾ ਸਕਦਾ ਹੈ, ਇਹ ਧੱਬਾ 45 ਕਰੋੜ ਦੀ ਕੌਮ ਤੇ ਲਗਾ ਸੀ ਜਿਹੜਾ ਕਿ ਸ਼ਹੀਦ ਊਧਮ ਸਿੰਘ ਨੇ ਜਾ ਕੇ ਮਿਟਾਇਆ । ਇਹ ਚੰਗਾ ਕੀਤਾ ਕਿ ਉਸ ਦੀਆਂ ਰਿਮੇਨਜ਼ ਨੂੰ ਲਿਆਂਦਾ ਹੈ, ਪਰ ਹੁਣ ਉਸ ਦੇ ਲਈ ਬਿਫਿਟਿੰਗ ਮੈਮੋਰੀਅਲ ਬਣਾਉਣਾ ਚਾਹੀਦਾ ਹੈ । ਕੋਈ ਲਾਇਬ੍ਰੇਰੀ ਜਾਂ ਇਸ ਤੋਂ ਵੀ ਕੋਈ ਵੱਡੀ ਚੀਜ਼ ਬਣਾਉਣੀ ਚਾਹੀਦੀ ਹੈ ।

ਡਿਪਟੀ ਸਪੀਕਰ ਸਾਹਿਬ ਮੈਂ ਇਕ ਗਲ ਸਿਵਿਲ ਸਪਲਾਈ ਕਾਰਪੋਰੇਸ਼ਨ ਦੀ ਜਿਹੜੀ ਡਿਮਾਂਡ ਹੈ ਉਸ ਦੇ ਉਤੇ ਬੋਲਣਾ ਚਾਹੁੰਦਾ ਹਾਂ । ਇਸ ਮੰਗ ਦੇ ਥੱਲੇ ਪੈਸੇ ਮੰਗੇ ਹਨ ਕਿ ਪੰਜਾਬ ਦੇ ਲੋਕਾਂ ਨੂੰ ਜ਼ਰੂਰੀਆਤੇ ਜ਼ਿੰਦਗੀ ਵਕਤ ਸਿਰ ਪਹੁੰਚਾਣੀਆਂ ਹਨ, ਉਹ ਕਾਰਪੋਰੇਸ਼ਨ ਤਾਂ ਬਣਾ ਦਿਤੀ ਪਰ This Corporation is absolutely redundant. They are not taking interest in their work. ਕੋਈ ਉਸ ਦੀ ਮੀਟਿੰਗ ਨਹੀਂ ਹੋਈ ਅੌਰ ਕੋਈ ਜ਼ਰੂਰੀਆਤੇ ਜ਼ਿੰਦਗੀ ਨਹੀਂ ਮਿਲੀ ਕਿਸੇ ਨੂੰ । ਇਹ ਤਾਂ ਪੰਜਾਬ ਦੇ ਲੋਕ ਹਨ ਜਿਹੜੇ ਕਿ ਇਸ ਚੀਜ਼ ਬਰਦਾਸ਼ਤ ਕਰ ਜਾਂਦੇ ਹਨ । ਜਿਹੜੀ ਚੀਜ਼ ਮਿਲਦੀ ਹੈ ਉਸ ਦੀ ਫੇਅਰ ਡਿਸਟਰੀਬਿਊਸ਼ਨ ਨਹੀਂ ਹੁੰਦੀ, ਉਹ ਚੀਜ਼ਾਂ ਬਲੈਕ ਵਿਚ ਚਲੀਆਂ ਜਾਂਦੀਆਂ ਹਨ । ਇਥੇ ਕਾਰਪੋਰੇਸ਼ਨ ਕੀ ਕਰੇਗੀ । ਤੁਸੀਂ ਪੈਸੇ ਦਈ ਜਾਂਦੇ ਹੋ ਉਸ ਦੀ ਵਰਕਿੰਗ ਵਲ ਕੋਈ ਧਿਆਨ ਨਹੀਂ । ਇਸ ਨੂੰ ਠੀਕ ਤਰ੍ਹਾਂ ਚਾਲੂ ਕਰੋ। ਜਦ ਤਕ ਪ੍ਰਾਈਸਿਜ਼ ਕੰਟਰੋਲ ਨਹੀਂ ਹੋਣਗੀਆਂ ਇਹ ਠੀਕ ਨਹੀਂ ਚਲ ਸਕਦੀ। ਤੁਸੀਂ ਇਹ ਇਲਾਨ ਕਰ ਦਿਉ ਕਿ ਇਕ ਸਾਲ ਤਕ ਕੋਈ ਪ੍ਰਾਈਸਿਜ਼ ਇਨਕਰੀਜ਼ ਨਹੀਂ ਹੋਣਗੀਆਂ । There shall be no increase in prices for one year.

ਪੰਚਾਇਤਾਂ ਦੇ ਇਲੈਕਸ਼ਨਜ਼ ਵਾਸਤੇ 15 ਲੱਖ ਰੁਪਏ ਦੀ ਡਿਮਾਂਡ ਆਈ ਹੈ । ਸਰਕਾਰ ਨੇ ਪਿਛਲੇ ਸਾਲ ਇਲਾਨ ਕੀਤਾ ਸੀ ਕਿ ਅਸੀਂ ਚੋਣਾਂ ਕਰਾਉਣੀਆਂ ਹਨ ਅਤੇ ਪਿਛਲੇ ਸਾਲ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੇ ਇਲੈਕਸ਼ਨ ਲਈ ਕੁਝ ਮੈਟੀਰੀਅਲ ਪ੍ਰਿੰਟ ਕਰਾਇਆ ਸੀ ਅਤੇ ਪ੍ਰਚੇਜ਼ਿਜ਼ ਕੀਤੀਆਂ ਸਨ ਉਨ੍ਹਾਂ ਦਾ ਬਿਲ ਵੀ ਅਜੇ ਦੇਣਾ ਹੈ । ਇਹ ਠੀਕ ਹੈ ਕਿ ਡੈਮੋਕਰੈਟਿਕ ਸੈਟ-ਅੱਪ ਵਾਸਤੇ ਇਹ ਜ਼ਰੂਰੀ ਹੈ । (ਵਿਘਨ)

ਤੀਸਰੀ ਗਲ ਮੈਂ ਕਹਿਣੀ ਚਾਹੁੰਦਾ ਹਾਂ ਕਿ ਠੀਕ ਹੈ ਕਿ ਸੜਕਾਂ ਵੀ, ਸਕੂਲ ਵੀ ਹਰ ਚੀਜ਼ ਬਣਨੀ ਚਾਹੀਦੀ ਹੈ, ਪਰ ਜਿਸ ਤਰ੍ਹਾਂ ਡਾਂਗ ਸਾਹਿਬ ਨੇ ਵੀ ਕਿਹਾ ਹੈ So Long as urge for money is not checked, unrest shall never go from the country. Unrest shall increase. ਜਿੰਨਾ ਚਿਰ ਤੁਸੀਂ ਚੰਗੇ ਇਨਸਾਨ ਨਹੀਂ ਬਣਾਉਣੇ ਉਨਾਂ ਚਿਰ ਸਕੂਲ ਬਣਾਉਣ ਦਾ, ਸੜਕਾਂ ਬਣਾਉਣ ਦਾ ਹਸਪਤਾਲ ਬਣਾਉਣ ਦਾ ਕੋਈ ਫਾਹਿਦਾ ਨਹੀਂ । ਐਸੇ ਲੋਕ ਹਨ ਜਿਹੜੇ ਕਿ ਦਵਾਈਆਂ ਵਿਚ ਪਾਣੀ ਪਾ ਦਿੰਦੇ ਹਨ, ਮਿਸਾਲਿਆਂ ਵਿਚ ਲਿਦ ਪਾ ਦਿੰਦੇ ਹਨ । ਤੁਸੀਂ ਭਾਵੇਂ ਜਿੰਨੇ ਮਰਜ਼ੀ ਸਖ਼ਤ ਕਾਨੂੰਨ ਬਣਾ ਲਵੋ ਪਰ ਜਿਹੜੇ ਕਾਨੂੰਨ ਬਣਾਉਣ ਵਾਲੇ ਹਨ They are

Original with;
Punjab Vidhan Sabha
Digitized by;
Panjab Digital Library

[ਚੌਧਰੀ ਦਰਸ਼ਨ ਸਿੰਘ]

a party to it. It shall be proper to minimise consumption instead of supplying adulterated products. ਤੁਸੀਂ ਭਾਵੇਂ ਜਿੰਨੀ ਮਰਜ਼ੀ ਸਜ਼ਾ ਦਿਉ ਜਿੰਨਾ ਮਰਜ਼ੀ ਜੁਰਮਾਨਾ ਕਰ ਦਿਉ ਉਨ੍ਹਾਂ ਨੇ ਅੱਡਲਟਰੇਸ਼ਨ ਕਰਕੇ ਉਸ ਤੋਂ ਵੀ ਜ਼ਿਆਦਾ ਪੈਸਾ ਕੱਢ ਲੈਣਾ ਹੈ । ਉਨ੍ਹਾਂ ਦੇ ਉਤੇ ਪਹਾਪਰ ਕੰਟਰੋਲ ਕਰੋ ।

ਇਕ ਹੋਰ ਗਲ, ਡਿਪਟੀ ਸਪੀਕਰ ਸਾਹਿਬ, ਕੇਂਦਰ ਦੀ ਸਰਕਾਰ ਨੇ ਹੁਣੇ ਹੀ ਦਸਿਆ ਹੈ ਕਿ Punjab is the highest taxed State. (*Interruption*) It is correct that *per capita* income of the Punjab is also the highest but disparity between the rich and the poor should be narrowed. People are not moving even on the road. They are not getting necessities of life. They have to stand in long ques for getting diesel and other items. ਵਾਂਚੂ ਕਮੇਟੀ ਦੀ ਰਿਪੋਰਟ ਵਿਚ ਬਲੈਕ ਮਨੀ ਦਾ ਜ਼ਿਕਰ ਕੀਤਾ ਹੈ । This amount is absolutely unaccounted. It is polluted money. One has a note of rupees ten in his pocket and the other has thousands of rupees. In this way you cannot control the prices. ਮੈਂ ਕਹਿੰਦਾ ਹਾਂ ਕਿ ਪ੍ਰਾਈਸ ਇੰਡੈਕਸ ਨੂੰ ਰੋਕਣਾ ਚਾਹੀਦਾ ਹੈ ।

ਇਕ ਫਿਲਮ ਕਾਰਪੋਰੇਸ਼ਨ ਬਣਾਈ ਹੈ । ਸ਼ਰਮਾ ਜੀ ਨੂੰ ਸ਼ਾਇਦ ਫਿਲਮਅਸਤਾਨ ਦਾ ਬੜਾ ਸ਼ੌਕ ਹੈ । ਇਸ ਦੇ ਵਿਚ ਇਨ੍ਹਾਂ ਨੇ ਮੈਨੂੰ ਪੂਰਾ ਪਤਾ ਤਾਂ ਨਹੀਂ ਸ਼ਾਇਦ ਚੇਤਨਾ ਨੰਦ ਪ੍ਰੋਡਿਊਸਰ ਨੂੰ 15 ਲੱਖ ਰੁਪਿਆ ਦਿਤਾ ਸੀ । (ਵਿਘਨ) ਇਹ ਜਿਹੜੀ ਫਿਲਮ ਕਾਰਪੋਰੇਸ਼ਨ ਹੈ ਮੈਂ ਦਸਦਾ ਹਾਂ ਕਿ ਇਸ ਦੇ ਥੱਲੇ ਕੀ ਕਰਨ ਲਗੇ ਹਨ । ਇਨ੍ਹਾਂ ਨੇ 20 ਸਿਨਮੇ ਬਣਾਉਣੇ ਹਨ । 10 ਉਥੇ ਜਿਥੇ ਕਿ 10 ਹਜ਼ਾਰ ਦੀ ਪਾਪੂਲੇਸ਼ਨ ਜਾਂ ਵੱਧ ਹੈ ਅਤੇ 10 ਉਥੇ ਪਿੰਡਾਂ ਵਿਚ ਜਿਥੇ 10 ਹਜ਼ਾਰ ਤੋਂ ਘੱਟ ਪਾਪੂਲੇਸ਼ਨ ਹੈ । ਉਨ੍ਹਾਂ ਪਿੰਡਾਂ ਵਿਚ ਮਕਾਨ ਤਾਂ ਨਹੀਂ ਦਿਤੇ ਜਾ ਸਕੇ, ਇਹ ਸਟੂਡੀਜ਼ ਦੇਣ ਲਗੇ ਹਨ । 15 ਲੱਖ ਰੁਪਏ ਇਨ੍ਹਾਂ ਨੇ ਇਸ ਕਾਰਪੋਰੇਸ਼ਨ ਵਾਸਤੇ ਮੰਗ ਲਏ ਹਨ । ਇਨ੍ਹਾਂ ਨੇ ਸਿਨੇਮੇ ਬਣਾਉਣੇ ਹਨ ਪਿੰਡਾਂ ਵਿਚ । ਜਿਥੇ ਮਕਾਨ ਨਹੀਂ ਲੋਕਾਂ ਦੇ ਰਹਿਣ ਨੂੰ, ਜਿਥੇ ਲੋਕਾਂ ਨੂੰ ਰੋਟੀ ਨਹੀਂ ਲੱਭਦੀ । ਗਰੀਬ ਬਸਤੀਆਂ ਨਹੀਂ ਬਨਾ ਸਕਦੇ । ਪਿੰਡਾਂ ਵਿਚ ਅਦਾਰਿਆਂ ਦੇ ਦਫ਼ਤਰ ਨਹੀਂ ਬਣਾ ਸਕਦੇ ਪਰ ਇਹ ਸਿਨੇਮੇ ਬਣਾਉਣਾ ਚਾਹੁੰਦੇ ਹਨ ।

ਇਕ ਹੋਰ ਗਲ ਬਾਰੇ ਮੈਂ ਅਰਜ਼ ਕਰਨਾ ਚਾਹੁੰਦਾ ਹਾਂ, ਕੱਲ ਵੀ ਉਸ ਬਾਰੇ ਸੁਆਲ ਆਇਆ ਸੀ ਕਿ ਡੀ. ਆਈ. ਜੀ, ਪੁਲਿਸ 14-15 ਬਣਾ ਦਿਤੇ ਅਤੇ 8-8 ਚੀਫ ਇਨਜੀਨੀਅਰਜ਼ । Officers sitting in the offices are creating more posts. Every year they say that this post should be created. Last year budget of the P.W.D. was Rs. 42 crores. They created more posts. They created three posts of Chief Engineers. The budget has come down

Original with;
Punjab Vidhan Sabha
Digitized by;
Panja

to 22 crores. Now alternatively they are proceeding on leave turn by turn. They have not abolished the posts. The posts should have been abolished and they should have been reverted. ਪੋਸਟਾਂ ਕਰੀਏਟ ਕੀਤੀਆਂ ਜਾਂਦੀਆਂ ਹਨ । 14 ਡੀ. ਆਈ. ਜੀ. ਹਨ ਅਤੇ ਉਹ ਐਕਸਪੋਰਟ ਕੀਤੇ ਜਾਂਦੇ ਹਨ । ਡੀ.ਆਈ.ਜੀ. ਪ੍ਰਿਜ਼ਨ ਨੂੰ ਡੀ. ਆਈ. ਜੀ. ਹਾਊਸਿੰਗ ਬੋਰਡ ਲਾ ਦਿਤਾ । (ਵਿਘਨ) They are the Technical Engineers. They are creating the posts and sanctions are being accorded. In Punjab there is the highest number o Administrative Heads. ਇਸ ਕਰਕੇ ਇਸ ਪਾਸੇ ਵੀ ਧਿਆਨ ਦਿਓ ਅਤੇ ਅਕਾਨੋਮੀ ਕਰੋ । ਸ਼ਰਮਾ ਜੀ ਤੁਸੀ ਤਾਂ ਆਪਣਾ ਵਕਤ ਗੁਜ਼ਾਰ ਕੇ ਚਲਾ ਜਾਣਾ ਹੈ ਅਤੇ ਇਹ ਲੋਕ ਪਿਟਦੇ ਰਹਿਣਗੇ । ਇੰਨੇ ਅੱਖਰਾਂ ਨਾਲ ਮੈਂ ਆਪਦਾ ਧੰਨਵਾਦ ਕਰਦਾ ਹਾਂ ।

ਡਾਕਟਰ ਅਮੀਰ ਸਿੰਘ ਕਲਕਟ (ਟਾਂਡਾ) : ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਬੜਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਸਪਲੀਮੈਂਟਰੀ ਡਿਮਾਂਡਜ਼ ਤੇ ਬੋਲਣ ਦਾ ਮੌਕਾ ਦਿਤਾ ਹੈ । ਮੈਂ ਆਪਣੇ ਸੈਂਟੀਮੈਂਟਸ ਦਾ ਇਜ਼ਹਾਰ ਕੀਤੇ ਬਗੈਰ ਨਹੀਂ ਰਹਿ ਸਕਦਾ । ਸਾਡੀ ਸਰਕਾਰ ਨੇ, ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਬੜੇ ਚੰਗੇ ਚੰਗੇ ਕੰਮ ਬਜਟ ਸੈਸ਼ਨ ਤੋਂ ਬਾਅਦ ਕੀਤੇ ਹਨ । ਉਨ੍ਹਾਂ ਵਿਚੋਂ ਸਭ ਤੋਂ ਵੱਡਾ ਕੰਮ ਇਹ ਹੈ ਕਿ ਇਹ ਜੋ ਸਪਲੀਮੈਂਟਰੀਜ਼ ਆਈਆਂ ਹਨ ਉਨ੍ਹਾਂ ਵਿਚ ਸ਼ਹੀਦ ਊਧਮ ਸਿੰਘ ਦੀਆਂ ਐਸ਼ਿਜ਼ ਜਿਹੜੀਆਂ ਆਈਆਂ ਹਨ ਉਨ੍ਹਾਂ ਦੇ ਇੰਤਜ਼ਾਮ ਤੇ ਜਿਹੜਾ ਖ਼ਰਚ ਆਇਆ ਹੈ ਉਹ ਇਨ੍ਹਾਂ ਵਿਚ ਲਿਆਂਦਾ ਹੈ । (ਵਿਘਨ) ਚੁੱਪ ਤਾਂ ਕਰੋ ਜ਼ਰਾ ਸੁਣੋ ਤਾਂ ਸਹੀ । ਤੁਹਾਡੇ ਲੀਡਰਾਂ ਅਤੇ ਤੁਹਾਨੂੰ ਬਿਲਕੁਲ ਖ਼ਿਆਲ ਨਹੀਂ ਆਇਆ ਕਿ ਸ਼ਹੀਦ ਊਧਮ ਸਿੰਘ ਨੇ ਕੋਈ ਚੰਗਾ ਕੰਮ ਕੀਤਾ ਹੈ ਇਤਨਾ ਤਾਂ ਕਹਿ ਦੇਈਏ । ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਇਕ ਬੜਾ ਵਡਾ ਅਤੇ ਇਮੈਜੀਨੇਟਿਵ ਕੰਮ ਕੀਤਾ ਹੈ । ਇਥੇ ਬੜੇ ਬੜੇ ਚੀਫ਼ ਮਨਿਸਟਰਜ਼ ਆਏ । ਸਰਦਾਰ ਪ੍ਰਤਾਪ ਸਿੰਘ ਕੈਰੋਂ ਜਿਨ੍ਹਾਂ ਦਾ ਹਾਲੇ ਤਕ ਵੀ ਸਿੱਕਾ ਚਲਦਾ ਹੈ ਬੜੇ ਸਿਆਣੇ ਐਡਮਨਿਸ-ਟਰੇਟਰ ਰਹੇ ਉਨ੍ਹਾਂ ਨੇ ਨਹੀਂ ਸੋਚਿਆ ਕਿ ਸਾਡਾ ਇਕ ਸ਼ਹੀਦ ਉਥੇ ਕਬਰਾਂ ਵਿਚ ਪਿਆ ਹੈ (ਵਿਘਨ) ਸਾਡੀਆਂ ਜੋ ਰਿਵਾਇਤਾਂ ਹਨ ਉਨ੍ਹਾਂ ਦੀਆਂ ਹੱਡੀਆਂ ਨੂੰ ਪ੍ਰਾਪਰਲੀ ਜਲਾ ਨਹੀਂ ਸਕੇ । ਉਨ੍ਹਾਂ ਦੀ ਜਿਹੜੀ ਲਾਸਟ ਵਿਸ਼ ਸੀ ਉਸ ਨੂੰ ਪੂਰਾ ਨਹੀਂ ਕਰ ਸਕੇ । ਮੈਂ ਸਮਝਦਾ ਹਾਂ ਕਿ ਇਹ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਹੈ ਜਿਸ ਨੇ ਇਸ ਬਾਰੇ ਸੋਚਿਆ ਹੈ । ਇਕ ਸਾਡੇ ਲੀਡਰ ਸਰਦਾਰ ਦਲੀਪ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਪੁਤਰ ਹੋਏ ਹਨ ਉਸ ਦੀਆਂ ਹੱਡੀਆਂ ਵੀ ਉਥੇ ਪਈਆਂ ਹਨ, ਉਨ੍ਹਾਂ ਨੂੰ ਵੀ ਕਿਸੇ ਤਰ੍ਹਾਂ ਇਥੇ ਲੈ ਆਵੋ । ਗਿਆਨੀ ਜੀ ਨੇ ਇਕ ਮਹਾਨ ਕੰਮ ਕੀਤਾ ਹੈ ਅੱਤ ਮੈਂ ਸਮਝਦਾ ਹਾਂ ਕਿ ਕੱਲ੍ਹ ਦੀ ਜਿਹੜੀ ਨੋ-ਕਾਨਫ਼ੀਡੈਂਸ ਮੋਸ਼ਨ ਸੀ ਉਸ ਦਾ ਬੇਸ ਹੀ ਕੋਈ ਨਹੀਂ ਸੀ । ਇਨ੍ਹਾਂ ਲੋਕਾਂ ਨੂੰ ਮੂੰਹ ਨਹੀਂ ਲਾਉਣਾ ਚਾਹੀਦਾ । ਡਿਪਟੀ ਸਪੀਕਰ ਸਾਹਿਬ, ਗਿਆਨੀ ਜ਼ੈਲ ਸਿੰਘ ਨੇ ਸ਼ਹੀਦ ਊਧਮ ਸਿੰਘ ਜੀ ਦੀਆਂ ਅਸਥੀਆਂ ਲਿਆ ਕੇ ਜੋ ਸਤਿਕਾਰ ਉਨ੍ਹਾਂ ਨੂੰ ਦਿਤਾ ਹੈ ਅਤੇ ਜੋ ਮਹਾਨ ਕੰਮ ਕੀਤਾ ਹੈ ਇਸ ਨੂੰ ਪੰਜਾਬ ਦੇ ਲੋਕ ਹਮੇਸ਼ਾਂ ਯਾਦ ਰਖਣਗੇ ।

Original with;
Punjab Vidhan Sabha
Digitized by;
Panjab Digital Library

ਸਰਦਾਰ ਕਰਨੈਲ ਸਿੰਘ ਮਰੜ੍ਹੀ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਡਾਕਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਦਾ ਦੇਸ਼ ਅਜ਼ਾਦ ਹੋਇਆ ਹੈ, ਸੈਂਟਰ ਵਿਚ ਕਾਂਗਰਸ ਦੀ ਸਰਕਾਰ ਰਹੀ ਹੈ ਅਤੇ ਬਾਹਰ ਦੇ ਮੁਲਕਾਂ ਨਾਲ ਗਲ ਬਾਤ ਸੈਂਟਰ ਦੀ ਸਰਕਾਰ ਕਰਦੀ ਹੈ ਇਸ [* * *] ਨੂੰ ਇਹ ਨਹੀਂ ਪਤਾ ?

ਸ਼੍ਰੀ ਡਿਪਟੀ ਸਪੀਕਰ : ਇਹ ਲਫਜ਼ * * ਕੱਢ ਦਿਉ । Please sit down. (The word * * may be expunged, Please sit down)

ਸਰਦਾਰ ਕਰਨੈਲ ਸਿੰਘ ਮਰੜ੍ਹੀ : * * * *

ਸ਼੍ਰੀ ਡਿਪਟੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ, ਇਹ ਪ੍ਰੋਸੀਡਿੰਗਜ਼ ਦਾ ਭਾਗ ਨਹੀਂ ਬਣੇਗਾ । (Whatever the hon. Member is saying, should not form part of the proceedings.)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਲਿਆ ਕੇ ਪੰਜਾਬ ਸਰਕਾਰ ਨੇ ਬੜਾ ਚੰਗਾ ਕੰਮ ਕੀਤਾ ਹੈ । ਸਾਰਿਆਂ ਪੰਜਾਬੀਆਂ ਨੂੰ ਇਸ ਗਲ ਦਾ ਮਾਣ ਹੈ । ਡਾਕਟਰ ਅਮੀਰ ਸਿੰਘ ਜੀ ਨੂੰ ਇਸ ਗਲ ਨੂੰ ਗਲਤ ਤਰੀਕੇ ਨਾਲ ਪੁੱਟ ਕਰਨ ਦੀ ਇਜਾਜ਼ਤ ਨਾ ਦਿਉ । ਸਾਰੀਆਂ ਪਾਰਟੀਆਂ ਨੇ, ਸਾਰੇ ਲੋਕਾਂ ਨੇ ਸ਼ਹੀਦ ਦੀਆਂ ਅਸਥੀਆਂ ਨੂੰ ਬਹੁਤ ਜ਼ਿਆਦਾ ਸਤਿਕਾਰ ਦਿੱਤਾ ਹੈ । ਇਹ ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਇਸ ਚੀਜ਼ ਨੂੰ ਛੋਟਾ ਕਰਨ ਦੀ ਕੋਸ਼ਿਸ਼ ਨਾ ਕਰਨ । ਸਾਰਿਆਂ ਪੰਜਾਬੀਆਂ ਨੂੰ ਇਸ ਗਲ ਦਾ ਮਾਣ ਹੈ ।

ਡਾਕਟਰ ਅਮੀਰ ਸਿੰਘ ਕਲਕਟ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਇਹ ਮੈਨੂੰ ਛੇੜਨ ਨਾ । ਮੈਨੂੰ ਛੇਤੀ ਹੀ ਗੁੱਸਾ ਆ ਜਾਂਦਾ ਹੈ । ਇਹ ਤਾਂ ਅਨਪੜ੍ਹ ਡਾਕਟਰ ਹਨ ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ਡਿਪਟੀ ਸਪੀਕਰ ਸਾਹਿਬ, ਜੇ ਇਨ੍ਹਾਂ ਨੂੰ ਗੁੱਸਾ ਆਉਂਦਾ ਹੈ ਤਾਂ ਮੇਰੇ ਨਾਲ ਲੜ ਕੇ ਵੇਖ ਲੈਣ ।

ਡਾਕਟਰ ਅਮੀਰ ਸਿੰਘ ਕਲਕਟ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਤਕਲੀਫ ਨਹੀਂ ਹੋਣੀ ਚਾਹੀਦੀ । ਇਨ੍ਹਾਂ ਨੂੰ ਕਹੋ ਕਿ ਇਹ ਸੁਕੀਆਂ ਰੋਟੀਆਂ ਨਾ ਖਾਣ । ਬਦਾਮ ਰੋਗਨ ਛੱਕਣ । ਰੋਟੀਆਂ ਖਾਣ ਨਾਲ ਦਿਮਾਗ ਠੀਕ ਨਹੀਂ ਰਹਿੰਦਾ ਸਗੋਂ ਦਿਮਾਗ ਖਰਾਬ ਹੁੰਦਾ ਹੈ ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ਡਿਪਟੀ ਸਪੀਕਰ ਸਾਹਿਬ, ਇਸ ਸਲੋਤਰੀ ਡਾਕਟਰ ਨੂੰ ਕਹੋ ਕਿ ਇਹ ਨਾ ਬੋਲੇ ।

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਇਨਫਰਮੇਸ਼ਨ ਡਾਕਟਰ ਸਾਹਿਬ ਤੋਂ ਲੈਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਡਾਕਟਰੀ ਦੀ ਡਿਗਰੀ ਕਿਥੋਂ ਪ੍ਰਾਪਤ ਕੀਤੀ ਹੈ । ਕੀ ਇਨ੍ਹਾਂ ਨੇ ਗਿਆਨੀ ਜ਼ੈਲ ਸਿੰਘ ਵਾਂਗ ਡਾਕਟਰੀ ਦੀ ਡਿਗਰੀ ਤਾਂ ਨਹੀਂ ਲਈ ? ਹੁਣ ਤਾਂ ਬੱਚਿਆਂ ਨੂੰ ਪੜ੍ਹਾਉਣ ਦੀ ਲੋੜ ਹੀ ਨਹੀਂ । ਲੁਧਿਆਣੇ ਯੂਨੀਵਰਸਿਟੀ ਵਿਚ ਭੇਜ ਕੇ ਡਿਗਰੀਆਂ ਡਾਕਟਰੇਟ ਦੀਆਂ ਮਿਲ ਜਾਇਆ ਕਰਨਗੀਆਂ ।

ਡਾਕਟਰ ਅਮੀਰ ਸਿੰਘ ਕਲਕਟ : ਡਿਪਟੀ ਸਪੀਕਰ ਸਾਹਿਬ, ਗਿਆਨੀ ਜ਼ੈਲ ਸਿੰਘ ਨੇ ਬੜੀ ਮਿਹਨਤ ਨਾਲ ਡਾਕਟਰੀ ਦੀ ਡਿਗਰੀ ਪ੍ਰਾਪਤ ਕੀਤੀ ਹੈ, ਸਾਰੀ ਜ਼ਿੰਦਗੀ ਦੇਸ਼ ਦੀ ਸੇਵਾ ਲਈ ਲਾਈ ਹੈ । ਮੈਂ ਇਥੇ ਚੰਡੀਗੜ੍ਹ ਹਾਊਸ ਕਮੇਟੀ ਦੀ ਮੀਟਿੰਗ ਅਟੈਂਡ ਕਰਨ ਆਇਆ ਹੋਇਆ ਸੀ । ਜਿਸ ਵੇਲੇ ਮੈਂ ਵਾਪਸ ਗਿਆ ਤਾਂ ਉਸ ਵੇਲੇ ਅਸਥੀਆਂ ਟਾਂਡੇ ਵਲ ਜਾ ਰਹੀਆਂ ਸਨ । ਉਥੇ ਇਤਨੀ ਜ਼ਿਆਦਾ ਸਪਨਟੇਨੀਅਸ ਰਿਸਪਾਂਸ ਲੋਕਾਂ ਨੇ ਦਿਤੀ ਅਤੇ ਬਜ਼ਾਰ ਇਸ ਤਰ੍ਹਾਂ ਸਜਾਏ ਜਿਸ ਤਰ੍ਹਾਂ ਕਿ ਕੋਈ ਨਵੀਂ ਵਿਆਹੀ ਔਰਤ ਆਉਂਦੀ ਹੈ ।

ਸਰਦਾਰ ਕਰਨੈਲ ਸਿੰਘ ਮਰੂੜੀ : * * * * ।

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਇਹ ਜੋ ਕੁਝ ਕਹਿ ਰਹੇ ਹਨ ਇਹ ਪ੍ਰੋਸੀਡਿੰਗਜ਼ ਦਾ ਭਾਗ ਨਹੀਂ ਬਣੇਗਾ । (This is no point of order. Whatever the hon. Member is saying that should not form part of the proceedings).

ਸਰਦਾਰ ਬਲਵਿੰਦਰ ਸਿੰਘ ਭੁੰਦੜ : ਡਿਪਟੀ ਸਪੀਕਰ ਸਾਹਿਬ, ਡਾਕਟਰ ਸਾਹਿਬ ਬੜੇ ਸਿਆਣੇ ਹਨ ਅਤੇ ਉਮਰ ਵਿਚ ਵੀ ਮੇਰੇ ਨਾਲੋਂ ਵਡੇ ਹਨ । ਮੈਂ ਇਨ੍ਹਾਂ ਤੋਂ ਇਨਫਰਮੇਸ਼ਨ ਲੈਣਾ ਚਾਹੁੰਦਾ ਹਾਂ ਕਿ ਸਰਦਾਰ ਊਧਮ ਸਿੰਘ, ਸਰਦਾਰ ਭਗਤ ਸਿੰਘ ਅਤੇ ਸੁਭਾਸ਼ ਚੰਦਰ ਬੋਸ ਜਿਹੇ ਮਹਾਨ ਨੇਤਾ ਇਥੇ ਹੋਏ ਹਨ ਜਿਨ੍ਹਾਂ ਨੇ ਮਹਾਨ ਕੁਰਬਾਨੀਆਂ ਦਿਤੀਆਂ । ਸਾਨੂੰ ਉਨ੍ਹਾਂ ਤੇ ਮਾਣ ਹੈ । ਸਾਡੇ ਦੇਸ਼ ਨੂੰ ਆਜ਼ਾਦ ਹੋਇਆਂ 27 ਸਾਲ ਹੋ ਗਏ ਹਨ । ਅੱਜ 34 ਸਾਲ ਬਾਅਦ ਸ਼ਹੀਦ ਊਧਮ ਸਿੰਘ ਨੂੰ ਸਤਿਕਾਰ ਦਿਤਾ ਗਿਆ ਹੈ, ਇਹ ਚੰਗੀ ਗਲ ਹੈ । * * * * ।

ਸ਼੍ਰੀ ਯਸ਼ ਪਾਲ (ਆਬਕਾਰੀ ਅਤੇ ਕਰ ਮੰਤਰੀ) : ਇਹ ਬਿਲਕੁਲ ਗਲਤ ਗਲ ਹੈ । ਡਿਪਟੀ ਸਪੀਕਰ ਸਾਹਿਬ, ਮੇਰੀ ਗੁਜਾਰਿਸ਼ ਇਹ ਹੈ ਕਿ ਨੋਕ ਝੋਕ ਜਿਤਨੀ ਮਰਜ਼ੀ ਕਰ ਲੈਣ ਪਰ ਮਹਾਤਮਾ ਗਾਂਧੀ ਵਰਗੇ ਮਹਾਨ ਆਦਮੀ ਦੇ ਬਾਰੇ ਇਸ ਤਰ੍ਹਾਂ ਦੇ ਲਫ਼ਜ਼ ਨਹੀਂ ਵਰਤਣੇ ਚਾਹੀਦੇ ਜਿਹੜੇ ਕਿ ਉਨ੍ਹਾਂ ਨੇ ਕਦੇ ਨਹੀਂ ਕਹੇ । ਕਿਸੇ ਵੀ ਸੈਸ਼ਨ ਵਿਚ ਉਨ੍ਹਾਂ ਨੇ ਸਰਦਾਰ ਭਗਤ ਸਿੰਘ ਬਾਰੇ ਕੋਈ ਮਾੜਾ ਲਫਜ਼ ਨਹੀਂ ਕਿਹਾ । ਮੇਰੀ ਇਹ ਗੁਜਾਰਿਸ਼ ਹੈ ਕਿ ਇਹ ਲਫ਼ਜ਼ ਰਿਕਾਰਡ ਵਿਚੋਂ ਕੱਢ ਦਿਓ ।

ਸ਼੍ਰੀ ਡਿਪਟੀ ਸਪੀਕਰ : ਇਹ ਲਫਜ਼ ਰਿਕਾਰਡ ਵਿਚੋਂ ਕਢ ਦਿਓ । (These words should not form part of the proceedings).

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਡਾਕਟਰ ਅਮੀਰ ਸਿੰਘ ਕਲਕਟ : ਡਿਪਟੀ ਸਪੀਕਰ ਸਾਹਿਬ, ਮੈਂ ਇਹੋ ਜਿਹੀਆਂ ਪੰਜਾਹ ਮਿਸਾਲਾਂ ਦੇ ਸਕਦਾ ਹਾਂ ਜਿਨ੍ਹਾਂ ਵਿਚ ਹਿੰਦੂ ਸਿੱਖਾਂ ਵਿਚ ਲੜਾਈ ਪਵਾਉਣ ਲਈ ਹਿਸਟਰੀ ਨੂੰ ਡਿਸਟਾਰਟ ਕੀਤਾ ਗਿਆ ਹੋਵੇ। ਇਸ ਤਰ੍ਹਾਂ ਇਹ ਹੀ ਵੀਰ ਕਰਦੇ ਰਹੇ ਹਨ ਅਤੇ ਇਤਿਹਾਸ ਨੂੰ ਖਰਾਬ ਕਰਦੇ ਰਹੇ ਹਨ।

ਸਰਦਾਰ ਬਸੰਤ ਸਿੰਘ ਖਾਲਸਾ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਸਰਕਾਰ ਨੂੰ ਉਧਮ ਸਿੰਘ ਦੀਆਂ ਅਸਥੀਆਂ ਇਥੇ ਲਿਆਉਣ ਬਾਰੇ ਗਲ ਨੂੰ ਗਲਤ ਰੂਪ ਨਾ ਦੇਣ ਦਿੱਤਾ ਜਾਵੇ। ਇਥੇ ਸਾਰੀਆ ਪਾਰਟੀਆਂ ਨੇ ਮਿਲ ਕੇ ਸ਼ਹੀਦ ਦਾ ਸਵਾਗਤ ਕੀਤਾ। ਇਸ ਚੀਜ਼ ਦਾ ਪੁਲੀਟੀਕਲ ਫਾਇਦਾ ਇਨ੍ਹਾਂ ਨੂੰ ਨਹੀਂ ਉਠਾਉਣ ਦੇਣਾ ਚਾਹੀਦਾ।

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਤਾਂ ਇਹ ਹੀ ਨਹੀਂ ਪਤਾ ਕਿ ਉਹ ਦੂਹਲੇ ਸੀ ਜਾਂ ਦੂਹਲਣ, ਸਾਨੂੰ ਤਾਂ ਇਨ੍ਹਾਂ ਦੀ ਡਾਕਟਰੀ ਤੇ ਵੀ ਸ਼ੱਕ ਹੈ।

ਡਾਕਟਰ ਅਮੀਰ ਸਿੰਘ ਕਲਕਟ : ਡਿਪਟੀ ਸਪੀਕਰ ਸਾਹਿਬ, ਸਰਦਾਰ ਸੁਰਜੀਤ ਸਿੰਘ ਜੀ ਦੀ ਮੈਂ ਬੜੀ ਕਦਰ ਕਰਦਾ ਹਾਂ। ਉਨ੍ਹਾਂ ਨੇ ਸਪੀਚ ਦਿੱਤੀ ਹੈ। ਉਸ ਦਾ ਜਿਹੜਾ ਅਰਥ ਮੈਂ ਕੱਢਿਆ ਹੈ ਉਹ ਇਹ ਹੈ ਕਿ ਸੈਂਟਰ ਨੂੰ ਕੋਈ ਟੈਕਸ ਨਹੀਂ ਦੇਣਾ ਚਾਹੀਦਾ। ਸੈਂਟਰ ਤੋਂ ਫਿਰ ਸਾਨੂੰ ਪੈਸੇ ਮੰਗਣੇ ਪੈਂਦੇ ਹਨ। ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸੈਂਟਰ ਤੋਂ ਅਸੀਂ ਕਿਤਨੇ ਅਰਬ ਕਰੋੜ ਰੁਪਏ ਲੈ ਕੇ ਆਏ ਹਾਂ ਕਿ ਅੱਜ ਪੰਜਾਬ ਦਾ ਨਕਸ਼ਾ ਹੀ ਬਦਲ ਕੇ ਰਖ ਦਿੱਤਾ ਹੈ। ਗਿਆਨੀ ਜ਼ੈਲ ਸਿੰਘ ਦੀ ਪ੍ਰਸਿੱਧਤਾ ਤੇ ਇਨ੍ਹਾਂ ਨੂੰ ਤਕਲੀਫ ਹੈ। ਇਸ ਲਈ ਹੀ ਇਹ ਨੋ ਕਾਨਫੀਡੈਂਸ ਮੋਸ਼ਨ ਲੈ ਆਏ ਸਨ। ਅੱਜ ਪੰਜਾਬ ਵਿਚ ਇੰਡਸਟਰੀਲਾਈਜੇਸ਼ਨ ਹੋ ਰਹੀ ਹੈ ਅਤੇ ਪਿੰਡ ਪਿੰਡ ਨੂੰ ਸੜਕ ਪਹੁੰਚਾਈ ਗਈ ਹੈ। ਲਾਇ-ਬ੍ਰੇਰੀਜ਼ ਖੋਲ੍ਹ ਦਿੱਤੀਆਂ ਗਈਆਂ ਹਨ। ਪਿੰਡਾਂ ਦੇ ਵਿਚ ਨਿਰਮਾਣ ਦੇ ਕੰਮ ਹੋ ਰਹੇ ਹਨ। ਸਰਦਾਰ ਸੁਰਜੀਤ ਸਿੰਘ ਦਾ ਇਹ ਕਹਿਣਾ ਕਿ ਪਿੰਡਾਂ ਵਿਚ ਕੋਈ ਡਿਵੈਲਪਮੈਂਟ ਨਹੀਂ ਹੋ ਰਹੀ ਅਤੇ ਸਾਰਾ ਕੰਮ ਸਟੈਂਡ ਸਟਿਲ ਹੈ, ਇਹ ਗਲਤ ਗਲ ਹੈ। ਮੈਂ ਇਸ ਸਬੰਧ ਵਿਚ ਥੋੜ੍ਹੀ ਜਿਹੀ ਅਕਰੈਂਸ ਦਸਦਾ ਹਾਂ। ਸਾਡੇ ਐਕਸਾਈਜ਼ ਮਨਿਸਟਰ ਕੰਢੀ ਦੇ ਏਰੀਏ ਵਿਚ ਗਏ ਸਨ। ਇਨ੍ਹਾਂ ਨੇ ਉਥੋਂ ਇਲੈਕਸ਼ਨ ਵੀ ਲੜੀ ਸੀ। ਉਥੇ ਪਹਿਲਾਂ ਕੀ ਹਾਲ ਸੀ ਅਤੇ ਅੱਜ ਕੀ ਹਾਲ ਹੈ। ਕਿਸ ਤਰ੍ਹਾਂ ਲੋਕਾਂ ਨੇ ਖੁਸ਼ੀ ਨਾਲ ਉਨ੍ਹਾਂ ਦਾ ਸਵਾਗਤ ਕੀਤਾ ਹੈ। ਅੱਜ ਕਾਂਗਰਸ ਪਾਰਟੀ ਦੇ ਪਿੱਛੇ ਲੋਕ ਹਨ। ਇਸ ਚੀਜ਼ ਤੋਂ ਘਬਰਾਉਣਾ ਨਹੀਂ ਚਾਹੀਦਾ ਕਿ ਦੋ ਚਾਰ ਮੌਕਿਆਂ ਦੀਆਂ ਗਲਾਂ ਕਰਕੇ ਕਾਂਗਰਸ ਦੀ ਅਕਸਰੀਅਤ ਖਰਾਬ ਹੋ ਗਈ ਹੈ। ਇਹ ਇਸ ਨੂੰ ਖਰਾਬ ਨਹੀਂ ਕਰ ਸਕਦੇ, ਇਸਨੂੰ ਝੁਠਲਾ ਨਹੀਂ ਸਕਦੇ।

ਜੋ ਸਰਕਾਰ ਦੀਆਂ ਅਚੀਵਮੈਂਟਸ ਹਨ ਉਹ ਜਨਤਾ ਦੇ ਸਾਹਮਣੇ ਹਨ। ਇਸ ਤਰ੍ਹਾਂ ਕਰਕੇ ਤੁਸੀਂ ਆਪਣੀਆਂ ਅਚੀਵਮੈਂਟਸ ਵਧਾ ਨਹੀਂ ਸਕਦੇ। ਇਥੇ ਹੁਣੇ ਹੀ ਸਰਦਾਰ ਸੁਰਜੀਤ ਸਿੰਘ ਜੀ ਬੋਲੇ ਹਨ ਕਿ ਬਿਜਲੀ ਦੀ ਸ਼ਾਰਟੇਜ ਹੈ। ਜਿਹੜੀ ਇਸ ਬਾਰੇ ਕਾਨਫਰੰਸ ਹੋਈ ਸੀ ਉਸ ਦੇ ਵਿਚ ਉਹ ਆਪ ਨੁਮਾਇੰਦੇ ਦੇ ਤੌਰ ਤੇ ਗਏ ਸੀ। ਉਨ੍ਹਾਂ ਨੂੰ ਪਤਾ ਹੈ ਕਿ ਕਿਵੇਂ ਬਿਜਲੀ ਦੀ ਸ਼ਾਰਟੇਜ ਨੂੰ ਸਰਕਾਰ ਨੇ ਪੂਰਾ ਕੀਤਾ ਹੈ। ਹੁਣ ਸਪਲੀਮੈਂਟਰੀ ਡਿਮਾਂਡਜ ਤੇ

Original with;
Punjab Vidhan Sabha
Digitized by;
Panjab Digital Library

ਆ ਕੇ ਸਰਕਾਰ ਨੂੰ ਕਿਸੇ ਨਾ ਕਿਸੇ ਗ਼ਲ ਤੇ ਕੋਸਣਾ ਮੈਂ ਸਮਝਦਾ ਹਾਂ ਕਿ ਚੰਗੀ ਗਲ ਨਹੀਂ ਹੈ । ਫਲੈਟ ਰੇਟ ਨਹੀਂ ਵਧਾਉਣਾ ਚਾਹੀਦਾ, ਇਹ ਇਨ੍ਹਾਂ ਦੀ ਭਾਵਨਾ ਹੈ । ਮੈਂ ਸਮਝਦਾ ਹਾਂ ਕਿ ਪੰਜਾਬ ਇਕ ਐਸੀ ਸਟੇਟ ਹੈ ਜਿਸ ਵਿਚ ਕਿ ਬਿਜਲੀ ਦੇ ਟੈਰਿਫ ਕਈਆਂ ਸਟੇਟਾਂ ਨਾਲੋਂ ਘੱਟ ਹਨ । ਤੁਸੀਂ ਰੋਜ਼ ਬਿਜਲੀ ਵਰਕਰਜ਼ ਤੋਂ ਅਤੇ ਹੋਰ ਕਰਮਚਾਰੀਆਂ ਤੋਂ ਸਟਰਾਈਕਾਂ ਕਰਵਾ ਦਿੰਦੇ ਹੋ, ਇਸ ਤਰ੍ਹਾਂ ਸਾਰੀ ਐਡਮਨਿਸਟਰੇਸ਼ਨ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕਰਦੇ ਹੋ, ਰਾਤ ਦਿਨ ਜਲਸਿਆਂ ਵਿਚ ਸਪੀਚਾਂ ਕਰਦੇ ਹੋ । ਤੁਸੀਂ ਲਾਅ ਐਂਡ ਆਰਡਰ ਨੂੰ ਖਰਾਬ ਨਹੀਂ ਕਰ ਸਕਦੇ । ਸਰਕਾਰ ਨੇ ਕਿਸ ਤਦਬੀਰ ਨਾਲ ਪੁਲੀਸ ਐਡਮਨਿਸਟਰੇਸ਼ਨ ਨੂੰ ਸੰਭਾਲਿਆ ਹੈ, ਇਥੇ ਈਮਾਨਦਾਰ ਪੁਲੀਸ ਅਫ਼ਸਰ ਹਨ, ਉਨ੍ਹਾਂ ਦੇ ਸਦਕੇ ਇਹ ਸਾਰਾ ਕੁਝ ਠੀਕ ਹੋਇਆ ਹੈ । ਇਥੇ ਕੁਰੱਪਸ਼ਨ ਜਿਹੜੀ ਸੀ ਉਸ ਨੂੰ ਸਾਡੇ ਆਈ. ਜੀ. ਸਾਹਿਬ ਨੇ ਬੜਾ ਯਤਨ ਕਰਕੇ ਠੀਕ ਕੀਤਾ ਹੈ । ਮੈਂ ਸਮਝਦਾ ਹਾਂ ਕਿ ਇਹ ਠੀਕ ਗਲ ਹੈ । ਸਕੂਲਾਂ ਅਤੇ ਕਾਲਜਾਂ ਦੇ ਸਰਦਾਰ ਸੁਰਜੀਤ ਸਿੰਘ ਜੀ ਨੇ ਅੰਕੜੇ ਦਿਤੇ । ਮੈਂ ਇਹ ਕਹਾਂਗਾ ਕਿ ਇਨ੍ਹਾਂ ਨੇ ਆਪਣੇ ਹਲਕਿਆਂ ਵਿਚ ਤਾਂ ਜ਼ਰੂਰ ਸਕੂਲ ਤੇ ਕਾਲਜ ਬਣਾ ਲਏ ਹੋਣਗੇ ਪਰ ਪਿੰਡਾਂ ਵਿਚ ਜਿਹੜਾ ਇਸ ਸਰਕਾਰ ਨੇ ਢਾਈ ਹਜ਼ਾਰ ਸਕੂਲ ਖੋਲ੍ਹਿਆ ਹੈ ਉਹ ਕੋਈ ਛੋਟੀ ਜਿਹੀ ਅਚੀਵਮੈਂਟ ਨਹੀਂ ਹੈ । ਇਸ ਤਰ੍ਹਾਂ ਹੀ ਡਿਸਪੈਨਸਰੀਜ਼ ਦੇ ਬਾਰੇ ਮੈਂ ਕਹਿੰਦਾ ਹਾਂ ਕਿ ਸਾਡੇ ਹਲਕਿਆਂ ਵਿਚ ਡਿਸਪੈਨਸਰੀਆਂ ਪੂਰੀਆਂ ਨਹੀਂ ਹਨ । ਕੰਢੀ ਦੇ ਇਲਾਕੇ ਵਿਚ ਇਸ ਦਾ ਵਿਸਥਾਰ ਹੋਇਆ ਹੈ । (ਘੰਟੀ) ਇਕ ਗਲ ਕਹੇ ਬਗੈਰ ਮੈਂ ਨਹੀਂ ਬੈਠ ਸਕਦਾ, ਮੈਡੀਕਲ ਮੰਥਨ ਇਕ ਬੜਾ ਅਹਿਮ ਕੰਮ ਹੈ । ਹੈਲਥ ਮਨਿਸਟਰ ਸਾਹਿਬ ਨੂੰ ਮੈਂ ਬੇਨਤੀ ਕਰਾਂਗਾ ਕਿ ਸਾਡੇ ਗੁਰਦਾਸਪੁਰ, ਹੁਸ਼ਿਆਰਪੁਰ ਵਗੈਰਾ ਦੇ ਹਲਕਿਆਂ ਵਿਚ ਵੀ ਇਹ ਮੰਥਨ ਕਰਵਾ ਲੈਣ ਭਾਵੇਂ ਮੰਥਨ ਵਾਲੇ ਕੁਝ ਵੀ ਕਹਿਣ ਪਰ ਉਥੇ ਇਹ ਕੰਮ ਜ਼ਰੂਰ ਕਰਵਾ ਦੇਣਾ ਚਾਹੀਦਾ ਹੈ । ਫਿਰ ਮਹਿਕਮਾਂ ਆਯੁਰਵੈਦਿਕ ਹੈ, ਉਹ ਚੰਗਾ ਨਹੀਂ ਚਲਦਾ । ਮੈਂ ਇਹ ਨਹੀਂ ਕਹਿੰਦਾ ਪਰ ਮੈਂ ਡਾਕਟਰ ਹਾਂ ਔਰ ਮੈਂ ਇਹ ਗਲ ਕਹਿ ਸਕਦਾ ਹਾਂ । ਪਰ ਉਸ ਦਾ ਸੈਪਰੇਟ ਡਾਇਰੈਕਟੋਰੇਟ ਹੋਣਾ ਵੀ ਠੀਕ ਗਲ ਹੈ ।

ਇਸ ਤਰ੍ਹਾਂ ਹੀ ਓਵਰ ਡਰਾਫਟਿੰਗ ਦੀ ਬੜੀ ਚਰਚਾ ਹੋਈ ਹੈ । ਜੇਕਰ ਓਵਰ ਡਰਾਫਿਟੰਗ ਕਰਨੀ ਪਈ ਹੈ ਤਾਂ ਕੋਈ ਵੱਡੀ ਗਲ ਨਹੀਂ ਹੈ । ਇਕਨਾਮਿਕ ਕਰਾਈਸਿਜ਼ ਕਾਫੀ ਆਏ ਸੀ । ਸਾਨੂੰ ਸੈਂਟਰ ਦੀ ਮੱਦਦ ਕਰਨੀ ਚਾਹੀਦੀ ਹੈ ।

ਸ਼੍ਰੀ ਡਿਪਟੀ ਸਪੀਕਰ : ਬੈਠੋ ਬੈਠੋ, ਬਹੁਤ ਹੋ ਗਿਆ ਹੈ । (Please resume your seat. You have spoken enough.)

ਡਾਕਟਰ ਅਮੀਰ ਸਿੰਘ ਕਲਕਟ : ਦੋ ਮਿੰਟ ਹੋਰ ਬੋਲ ਲੈਣ ਦਿਓ ਜੀ ।

ਸ਼੍ਰੀ ਡਿਪਟੀ ਸਪੀਕਰ : ਨਹੀਂ ਜੀ, ਬੈਠ ਜਾਉ । (No, please resume your seat.)

(ਇਸ ਸਮੇਂ ਵਿੱਤ ਮੰਤਰੀ ਜੀ ਬੋਲਣ ਲਈ ਖੜ੍ਹੇ ਹੋਏ)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਅਨਾਊਂਸਮੈਂਟ ਹੋ ਜਾਵੇ ਤਾਂ ਉਹ ਪੂਰੀ ਹੋਣੀ ਚਾਹੀਦੀ ਹੈ । ਸਰਦਾਰ ਬਲਵਿੰਦਰ ਸਿੰਘ ਲਈ ਟਾਈਮ ਅਨਾਊਂਸ ਕੀਤਾ ਗਿਆ ਸੀ ।

Original with;
Punjab Vidhan Sabha
Digitized by;
Panj... Digital Library

ਵਿੱਤ ਮੰਤਰੀ : ਕੱਲ੍ਹ ਐਪ੍ਰੋਪਰੀਏਸ਼ਨ ਬਿੱਲ ਹੋਣਾ ਹੈ । ਉਸ ਤੇ ਬੋਲ ਲੈਣ । 6.00 ਵਜੇ ਗਿਲੋਟੀਨ ਲਗਣਾ ਹੈ, ਉਸ ਤੋਂ ਪਹਿਲਾਂ ਮੇਰਾ ਟਾਈਮ ਹੈ ।

ਸ਼੍ਰੀ ਡਿਪਟੀ ਸਪੀਕਰ : ਪਹਿਲਾਂ ਇਹ ਬੋਲ ਲੈਣ । ਤੁਸੀਂ ਫਾਇਨੈਂਸ ਮਨਿਸਟਰ ਸਾਹਿਬ ਤਸ਼ਰੀਫ ਰਖੋ । (Let Sardar Balwinder Singh Bhunder speak first. You may please resume your seat.)

ਸਰਦਾਰ ਬਲਵਿੰਦਰ ਸਿੰਘ ਭੁੰਦੜ (ਸਰਦੂਲਗੜ੍ਹ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਜੋ ਇਸ ਹਾਊਸ ਵਿਚ ਡਿਮਾਂਡਜ਼ ਲਿਆਂਦੀਆਂ ਗਈਆਂ ਹਨ 7 ਕਰੋੜ 33 ਲੱਖ ਰੁਪਏ ਦੀਆਂ ਇਹਨਾਂ ਡੀਮਾਂਡਜ਼ ਬਾਰੇ ਮੈਂ ਕੁਝ ਇਕ ਬੇਨਤੀਆਂ ਕਰਾਂਗਾ । ਸਰਦਾਰ ਦਰਸ਼ਨ ਸਿੰਘ ਜੀ ਨੇ ਕਿਹਾ ਹੈ ਕਿ ਚਾਰ ਕਰੋੜ ਦਾ ਖਰਚਾ ਹੋਵੇ ਜਾਂ ਅੱਠ ਕਰੋੜ ਦਾ ਕੋਈ ਵੱਡੀ ਗੱਲ ਨਹੀਂ ਹੈ । ਇਹ ਪਾਸ ਹੋਣੀਆਂ ਚਾਹੀਦੀਆਂ ਹਨ । ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਦੋਂ ਸਰਕਾਰ ਪਹਿਲਾਂ ਹੀ ਕਰਜ਼ਾਈ ਹੋ ਚੁੱਕੀ ਹੈ ਤਾਂ ਜਿਹੜੀਆਂ ਡੀਮਾਂਡਜ਼ ਨਾਜਾਇਜ਼ ਹਨ ਉਨ੍ਹਾਂ ਨੂੰ ਪਾਸ ਨਾ ਕਰਵਾ ਕੇ ਖਰਚੇ ਵਿਚ ਬੱਚਤ ਕਰਨੀ ਚਾਹੀਦੀ ਹੈ । ਜਿਸ ਤਰ੍ਹਾਂ ਕਿ ਡੀਮਾਂਡ ਨੰਬਰ 21 ਵਿਚ ਗੌਰਮਿੰਟ ਨੇ ਫਿਲਮ ਕਾਰਪੋਰੇਸ਼ਨ ਵਾਸਤੇ ਪੈਸਾ ਮੰਗਿਆ ਹੈ । ਇਹ ਜਿਹੜਾ ਕੰਮ ਕੀਤਾ ਹੈ ਇਸ ਤੋਂ ਮੈਂ ਸਮਝਦਾ ਹਾਂ ਕਿ ਸਟੇਟ ਨੂੰ ਕੋਈ ਫਾਇਦਾ ਨਹੀਂ ਹੋਇਆ । ਇਸ ਗਲ ਦਾ ਇਸ ਕਾਰਪੋਰੇਸ਼ਨ ਦੇ ਜੋ ਮੈਂਬਰ ਬਣਾਏ ਗਏ ਹਨ ਉਨ੍ਹਾਂ ਤੋਂ ਹੀ ਪਤਾ ਲਗਦਾ ਹੈ । ਸਾਡੀਆਂ ਜਿਹੜੀਆਂ ਜ਼ਰੂਰੀ ਚੀਜ਼ਾਂ ਹਨ ਜਿਵੇਂ ਕਿ ਆਟਾ, ਘਿਉ, ਲੂਣ, ਸਾਬਣ ਤੇਲ ਵਗੈਰਾ ਉਹ ਮਿਲਣੀਆਂ ਹੀ ਬੰਦ ਹੋ ਗਈਆਂ ਹਨ । ਮੇਰਾ ਖਿਆਲ ਹੈ ਕਿ ਗੁਰਬਖਸ਼ ਸਿੰਘ ਦਾ ਇਕ ਸੌ ਰੁਪਿਆ ਰੋਜ਼ ਦਾ ਟੀ.ਏ. ਡੀ.ਏ. ਬਣ ਜਾਂਦਾ ਹੋਣਾ ਹੈ । ਇਸ ਕਰਕੇ ਇਹ ਗਲਤ ਖਰਚੇ ਹਨ, ਇਨ੍ਹਾਂ ਦੀ ਜ਼ਰੂਰਤ ਸਰਕਾਰ ਨੂੰ ਨਹੀਂ ਹੈ । ਮਰੇ ਪਾਸ ਡਿਪਟੀ ਸਪੀਕਰ ਸਾਹਿਬ, ਥੋੜ੍ਹਾ ਜਿਹਾ ਟਾਈਮ ਹੈ ਇਸ ਲਈ ਮੈਂ ਇਹ ਗਲ ਇਥੇ ਹੀ ਛੱਡ ਦਿੰਦਾ ਹੈ ।

ਫਿਰ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਪ੍ਰਾਇਮਰੀ ਲੈਂਡ ਮਾਰਗੇਜ਼ ਬੈਂਕ ਵਾਸਤੇ 2.90 ਲੱਖ ਰੁਪਏ ਰੱਖੇ ਹਨ । ਇਨ੍ਹਾਂ ਨੇ ਇਹ ਫ਼ੈਸਲਾ ਕੀਤਾ ਹੈ ਕਿ ਹਰ ਪ੍ਰਾਇਮਰੀ ਬੈਂਕ ਨੂੰ 10 ਹਜ਼ਾਰ ਰੁਪਏ ਦੇਣੇ ਹਨ । ਇਨ੍ਹਾਂ ਦੀ ਨੀਤੀ ਇਹ ਹੈ ਕਿ ਇਸ ਤਰ੍ਹਾਂ ਨਾਲ ਉਨ੍ਹਾਂ ਦਾ ਕੰਟਰੋਲ ਵੀ ਇਨ੍ਹਾਂ ਦੇ ਹੱਥਾਂ ਵਿਚ ਸਿੱਧਾ ਹੀ ਆ ਜਾਵੇ । 10 ਹਜ਼ਾਰ ਰੁਪਏ ਵਾਲੇ ਹਿੱਸੇਦਾਰ ਦਾ ਕੋਈ ਮਾਇਨਾ ਨਹੀਂ ਹੈ ਕਿਉਂਕਿ ਲੱਖਾਂ ਦੀਆਂ ਬੈਂਕਾਂ ਹਨ । ਜੇਕਰ ਇਨ੍ਹਾਂ ਨੇ ਹਿੱਸਾ ਹੀ ਪਾਉਣਾ ਸੀ ਤਾਂ ਲੱਖ ਜਾਂ ਦੋ ਲੱਖ ਪਾਉਂਦੇ । ਮੈਂ ਸਮਝਦਾ ਹਾਂ ਕਿ ਇਹ ਪੁਲੀਟੀਕਲ ਚਾਲ ਹੈ । ਪਾਵਰ ਲੈਕੇ ਆਪਣੀ ਹਕੂਮਤ ਕਰਨਾ ਚਾਹੁੰਦੇ ਹਨ । ਜਿਥੇ ਸਰਕਾਰ ਨਹੀਂ ਆ ਸਕੀ ਉਥੇ ਇਹ ਇਸ ਤਰ੍ਹਾਂ ਆਪਣਾ ਕੰਟਰੋਲ ਕਰਨਗੇ । ਇਹ ਗਲ ਬਿਲਕੁਲ ਸਪੱਸ਼ਟ ਹੈ ਕਿ 10 ਹਜ਼ਾਰ ਰੁਪਇਆ ਹਰ ਇਕ ਪ੍ਰਾਇਮਰੀ ਬੈਂਕ ਵਿਚ ਪਾਉਣਾ ਹੈ । (ਮਾਲ ਅਤੇ ਚੋਣ ਮੰਤਰੀ ਵਲੋਂ ਵਿਘਨ)

ਮੈਂ ਠੀਕ ਬੋਲ ਰਿਹਾ ਹਾਂ ਜੀ । ਡਿਪਟੀ ਸਪੀਕਰ ਸਾਹਿਬ, ਡਿਮਾਂਡ ਨੰ: 24 ਹੈ । ਇਸ ਵਿਚ ਸਟੇਟ ਬੈਂਕ ਆਫ ਇੰਡੀਆ ਨੂੰ 10 ਲੱਖ ਰੁਪਿਆ ਦੇਣ ਵਾਸਤੇ ਰੱਖਿਆ ਹੈ । ਜੇਕਰ ਲੋਕਾਂ ਨੂੰ ਟਰੈਕਟਰ ਜਾਂ ਕੰਮਬਾਈਨਾਂ ਦੇਣ ਵਾਸਤੇ ਇਹ ਰਕਮ ਹੋਵੇ ਤਾਂ ਤੇ ਠੀਕ ਹੈ

Original with;
Punjab Vidhan Sabha
Digitized by;
Panjab Digital Library

ਲੇਕਿਨ ਇਨ੍ਹਾਂ ਦੀ ਸਟੇਟ ਬੈਂਕ ਇਸ ਕੰਮ ਵਿਚ ਅਧੂਰੀ ਹੈ । ਜੇਕਰ ਅਸੀਂ ਕੋਈ ਸਵਾਲ ਕਰਦੇ ਹਾਂ ਤਾਂ ਇਹ ਕਹਿੰਦੇ ਹਨ ਕਿ ਉਹ ਅਟਾਨੋਮਸ ਬਾਡੀ ਹੈ । ਉਹ ਅਦਾਰੇ ਇਤਨੇ ਬਾਗ਼ੀ ਹੋ ਚੁੱਕੇ ਹਨ । ਮਹਿਕਮੇਂ ਦੇ ਡਾਇਰੈਕਟਰ ਵੀ ਤੰਗ ਆ ਗਏ ਹਨ । ਉਥੇ ਜਿਹੜਾ ਮੈਨੇਜਿੰਗ ਡਾਇਰੈਕਟਰ ਹੈ ਡੇਢ ਸਾਲ ਹੋ ਗਿਆ ਹੈ ਉਸ ਨੇ ਅੰਨ੍ਹੀ ਪਾਈ ਹੋਈ ਹੈ । ਉਨ੍ਹਾਂ ਨੇ ਹਾਈਕੋਰਟ ਨੂੰ ਵੀ ਪਿੱਛੇ ਸੁਟ ਛੱਡਿਆ ਹੈ । ਪਿਛੇ ਜਿਹੇ 33-34 ਮੁੰਡੇ ਨੌਕਰੀ ਤੇ ਉਥੇ ਲਗਾਏ ਗਏ ਹਨ ਔਰ ਹਰ ਇਕ ਪਾਸੋਂ ਪੈਸੇ ਲਏ ਗਏ ਹਨ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਇਹ ਸੋਚ ਸਮਝ ਕੇ ਕਰੇ ।

ਫਿਰ ਇਕ ਫ਼ਿਲਮ ਕਾਰਪੋਰੇਸ਼ਨ ਬਣਾਈ ਗਈ ਹੈ । ਪੰਜਾਬ ਦਾ ਸੂਬਾ ਹਿੰਦੁਸਤਾਨ ਵਿਚ ਵੱਧ ਅਮੀਰ ਸੂਬਾ ਗਿਣਿਆ ਜਾਂਦਾ ਹੈ ਪਰ ਹੁਣ ਇਸ ਸਟੇਟ ਵਿਚ ਕਾਲ ਪੈ ਗਿਆ ਹੈ, ਆਟਾ ਨਹੀਂ ਮਿਲਦਾ, ਲੂਣ ਨਹੀਂ ਮਿਲਦਾ, ਤੇਲ ਨਹੀਂ ਮਿਲਦਾ, ਘਿਉ ਨਹੀਂ ਮਿਲਦਾ ।

5.40 ਸ਼ਾਮ | (ਇਸ ਸਮੇਂ ਸ਼੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਇਸ ਵਾਸਤੇ ਸਪੀਕਰ ਸਾਹਿਬ, ਸਟੇਟ ਦੇ ਉਤੇ ਇਹ ਵਾਧੂ ਭਾਰ ਪਾਇਆ ਗਿਆ ਹੈ । ਇਕ ਪਾਸੇ ਤਾਂ ਸੈਂਟਰਲ ਗੌਰਮਿੰਟ ਤੋਂ ਸਹਾਇਤਾ ਮੰਗਦੇ ਹਾਂ ਔਰ ਦੂਜੇ ਪਾਸੇ ਇਹ ਕਾਰਪੋਰੇਸ਼ਨ ਬਣਾ ਰਹੇ ਹਾਂ । ਕੀ ਮਖੌਲ ਬਣਾਇਆ ਹੋਇਆ ਹੈ ਸਾਡੇ ਨਾਲ । ਕੀ ਇਹ ਖਰਚ ਬਚ ਨਹੀਂ ਸਕਦਾ 15 ਲੱਖ ਰੁਪਏ ਦਾ ? ਇਹ ਸਾਡੇ ਤੇ ਕਿਉਂ ਨਵਾਂ ਬੋਝ ਪਾਇਆ ਜਾਵੇ ? (ਵਿਘਨ)

ਮੈਂ ਤਾਂ ਪਹਿਲਾਂ ਹੀ ਨਿੱਕੀ ਨਿੱਕੀ ਗਲ ਕਰ ਰਿਹਾ ਹਾਂ । ਫਿਰ ਡੀਮਾਂਡ ਨੰਬਰ 21 ਹੈ ਇਸ ਵਿਚ 21 ਲੱਖ ਰੁਪਏ ਪੰਚਾਇਤਾਂ ਵਾਸਤੇ ਜਿਹੜੀ ਸਕੀਮ ਹੈ ਉਸ ਲਈ ਮੰਗਿਆ ਹੈ ।

ਅਕਾਲੀ ਸਰਕਾਰ ਨੇ ਮਾਡਲ ਗਰਾਮਾਂ ਦੀ ਸਕੀਮ ਬਣਾਈ ਸੀ । ਜੇਂਤੀ ਪਿੰਡਾਂ ਤੇ ਅਗਰ ਸਰਕਾਰ ਖਰਚ ਕਰਦੀ ਹੈ ਤਾਂ ਕੋਈ ਗੁਨਾਹ ਨਹੀਂ । ਪਰ ਅਫਸੋਸ ਤਾਂ ਇਸ ਗਲ ਦਾ ਹੈ ਕਿ ਤੁਸੀਂ ਕਿਤੇ ਵੀ ਜਾ ਕੇ ਵੇਖ ਲਵੋ, ਇਕ ਪਿੰਡ ਵੀ ਇਸ ਤਰ੍ਹਾਂ ਦਾ ਨਹੀਂ ਬਣਿਆ, ਇਕ ਰੁਪਿਆ ਵੀ ਇਸ ਬਾਰੇ ਨਹੀਂ ਖਰਚਿਆ ਗਿਆ । ਸਰਦਾਰ ਨਸੀਬ ਸਿੰਘ ਜੀ ਇਕ ਪਿੰਡ ਵਿਚ ਗਏ ਸਨ, ਉਸ ਪਿੰਡ ਦਾ ਨਾਂ ਹੈ ਸੰਘਾ, ਉਸ ਪਿੰਡ ਨੂੰ ਜੇਂਤੀ ਪਿੰਡ ਡਿਕਲੇਅਰ ਹੋਏ ਦੋ ਸਾਲ ਹੋ ਗਏ ਹਨ ਪਰ ਉਥੇ ਇਕ ਪੈਸਾ ਵੀ ਹਾਲੀ ਤੀਕ ਖਰਚ ਨਹੀਂ ਕੀਤਾ ਗਿਆ ।

ਸ਼੍ਰੀ ਸਪੀਕਰ : ਤੁਹਾਡਾ ਸਮਾਂ ਹੋ ਗਿਆ ਹੈ । (Your time is over).

ਸਰਦਾਰ ਬਲਵਿੰਦਰ ਸਿੰਘ ਭੂੰਦੜ : ਮੈਂ ਥੋੜ੍ਹਾ ਜਿਹਾ ਹੋਰ ਬੋਲਣਾ ਹੈ । ਪੁਲਿਸ ਡਿਪਾਰਟਮੈਂਟ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਨੂੰ ਮਾਡਰਨਾਈਜ਼ ਕਰਨ ਵਾਸਤੇ ਪੈਸੇ ਮੰਗੇ ਗਏ ਹਨ ਕਿ ਇਸ ਡਿਪਾਰਟਮੈਂਟ ਵਾਸਤੇ ਜੀਪਾਂ ਅਤੇ ਹੋਰ ਚੀਜ਼ਾਂ ਚਾਹੀਦੀਆਂ ਹਨ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਤੁਸੀਂ ਤਸ਼ਰੀਫ ਰਖੋ ਜੀ, ਸਮਾਂ ਬਹੁਤ ਘੱਟ ਹੈ । (Please resume your seat, the time is very short).

ਸਰਦਾਰ ਬਲਵਿੰਦਰ ਸਿੰਘ ਭੂੰਦੜ : ਇਕ ਮਿੰਟ ਮੈਂ ਹੋਰ ਬੋਲਣਾ ਹੈ ।

ਵਿੱਤ ਮੰਤਰੀ : ਸਾਡੇ ਫੈਸਲੇ ਦੇ ਮੁਤਾਬਿਕ ਟਾਈਮ ਹੋ ਗਿਆ ਹੈ ।

ਸ਼੍ਰੀ ਸਪੀਕਰ : ਸਰਦਾਰ ਬਲਵਿੰਦਰ ਸਿੰਘ ਜੀ, ਤੁਹਾਡੀ ਪਾਰਟੀ ਵਲੋਂ ਸਰਦਾਰ ਸੁਰਜੀਤ ਸਿੰਘ ਬਰਨਾਲਾ ਨੇ ਕਾਫੀ ਬੋਲ ਲਿਆ ਹੈ, ਤੁਸੀਂ ਬੈਠ ਜਾਉ । (Sardar Balwinder Singh Ji, Sardar Surjit Singh Barnala has spoken much on behalf of your party. So please resume your seat now).

ਸਰਦਾਰ ਬਲਵਿਦਰ ਸਿੰਘ ਭੂੰਦੜ : ਇਸ ਪੁਲਿਸ ਦੇ ਮਹਿਕਮੇ ਵਾਸਤੇ 45 ਲੱਖ ਰੁਪਿਆ ਮੰਗਿਆ ਗਿਆ ਹੈ, ਇਨ੍ਹਾਂ ਨੂੰ ਟਰੇਨਿੰਗ ਦੇਣ ਵਸਤੇ, ਵਾਇਰਲੈਸ ਲਈ ਅਤੇ ਜੀਪਾਂ ਲਈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਜ਼ਰੂਰੀ ਖਰਚ ਹੈ ਉਹ ਜ਼ਰੂਰ ਕਰੋ, ਪਰ ਜਿਹੜੇ ਮੋਗੇ ਦੇ ਕਾਂਡ ਵਰਗੇ ਹਾਲਾਤ ਪੈਦਾ ਕਰਨ ਵਾਸਤੇ, ਜਲ੍ਹਿਆਂਵਾਲਾ ਬਾਗ ਦੀ ਤਰ੍ਹਾਂ (ਘੱਟੀ) ਕਰਨ ਵਾਸਤੇ ਪੁਲਿਸ ਨੂੰ ਟਰੇਨਿੰਗ ਦਿਤੀ ਜਾਵੇਗੀ .... ।

Mr. Speakar : Please resume your seat. ਟਾਈਮ ਬਹੁਤ ਥੋੜ੍ਹਾ ਹੈ । (Please resume your seat. The time is very short).

ਵਿੱਤ ਮੰਤਰੀ : ਰਿਪੋਰਟ ਬਾਅਦ ਵਿਚ ਲੈ ਲਵਾਂਗੇ, ਮੈਂ 20-25 ਮਿੰਟ ਬੋਲਣਾ ਹੈ, ਗਿਲੋਟੀਨ ਦਾ ਟਾਈਮ ਵਧਾ ਦੇਵੋ । 6.10 ਕਰ ਦੇਵੋ ਜੀ ।

ਸ਼੍ਰੀ ਸਪੀਕਰ : ਗਿਲੋਟੀਨ ਦਾ ਟਾਈਮ 6.15 ਕਰ ਦਿਤਾ ਜਾਂਦਾ ਹੈ । (ਵਿਘਨ) ਚੋਪੜਾ ਜੀ ਤੁਹਾਨੂੰ ਅਤੇ ਡਾਕਟਰ ਬਲਦੇਵ ਪ੍ਰਕਾਸ਼ ਜੀ ਨੂੰ ਕੱਲ੍ਹ ਐਪਰੋਪਰੀਏਸ਼ਨ ਬਿਲ ਤੇ ਬੋਲਣ ਲਈ ਟਾਈਮ ਦਿਤਾ ਜਾਵੇਗਾ । ਹੁਣ ਟਾਈਮ ਨਹੀਂ ਹੈ ਕਿਉਂਕਿ 6.15 ਵਜੇ ਗਿਲੋਟੀਨ ਅਪਲਾਈ ਹੋਣਾ ਹੈ । ਫਾਈਨੈਂਸ ਮਨਿਸਟਰ ਸਾਹਿਬ ਨੇ ਅਜੇ ਜਵਾਬ ਵੀ ਦੇਣਾ ਹੈ । ਜੇ ਤੁਹਾਨੂੰ ਦੋ-ਦੋ ਮਿੰਟ ਦਿਤੇ ਗਏ ਤਾਂ ਗਲ ਨਹੀਂ ਬਣਨੀ, ਇਸ ਕਰਕੇ ਕੱਲ੍ਹ ਬੋਲ ਲੈਣਾ । (The Guillotine will be applied at 6.15 P.M. (*Interruption*) Chopra Ji, you and Dr. Baldev Parkash both will be given time tomorrow during the discussion on the Appropriation Bill. No time is left now because the Guillotine is to be applied at 6.15 P.M. The Finance Minister has yet to give a reply to the debate. If both of you are given two minutes each today, it will not serve any purpose. So you may speak tomorrow).

ਡਾਕਟਰ ਬਲਦੇਵ ਪ੍ਰਕਾਸ਼ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਤੁਸੀਂ ਇਹ ਰੂਲਿੰਗ ਦਿਤੀ ਸੀ ਕਿ ਅੱਜ ਜਦੋਂ ਇਸ ਡਿਬੇਟ ਨੂੰ ਵਾਈਂਡ ਅੱਪ

Original with;
Punjab Vidhan Sabha
Digitized by;
Panjab Digital Library

ਕੀਤਾ ਜਾਵੇਗਾ ਤਾਂ ਉਸ ਵੇਲੇ ਐਜੂਕੇਸ਼ਨ ਮਨਿਸਟਰ ਟੀਚਰਜ਼ ਦੇ ਬਾਰੇ, ਜਿਸ ਬਾਰੇ ਸਭ ਦੀ ਡੀਮਾਂਡ ਸੀ, ਬਿਆਨ ਦੇਣਗੇ ।

ਸ਼੍ਰੀ ਸਪੀਕਰ : ਇਹ ਕਲ੍ਹ ਵੀ ਹੋ ਸਕਦਾ ਹੈ । (This can be done tomorrow also).

ਸਰਦਾਰ ਅਜਾਇਬ ਸਿੰਘ ਸੰਧੂ : ਅੱਜ ਵਾਸਤੇ ਹੀ ਕਿਹਾ ਗਿਆ ਸੀ, ਟੀਚਰਾਂ ਦੇ ਨੁਮਾਇੰਦੇ ਬਾਹਰ ਬੈਠੇ ਹਨ । (ਵਿਘਨ)

ਵਿੱਤ ਮੰਤਰੀ (ਸ਼੍ਰੀ ਹੰਸ ਰਾਜ ਸ਼ਰਮਾ) : ਸਪੀਕਰ ਸਾਹਿਬ, ਜਿਹੜੀਆਂ ਡਿਮਾਂਡਜ਼ ਹਾਊਸ ਦੇ ਸਾਹਮਣੇ ਪੇਸ਼ ਹਨ, ਉਹ ਬੜੀਆਂ ਸਾਫ ਹਨ....(ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਦਾ ਹਾਂ ਕਿ ਜਦੋਂ ਫਾਈਨੈਂਸ ਮਨਿਸਟਰ ਸਾਹਿਬ ਨੇ ਬੋਲਣਾ ਹੈ, ਤਾਂ ਫਿਰ ਐਜੂਕੇਸ਼ਨ ਮਨਿਸਟਰ ਸਾਹਿਬ ਉਨ੍ਹਾਂ ਤੋਂ ਪਹਿਲਾਂ ਹੀ ਬਿਆਨ ਦੇ ਦੇਣ ਤਾਂ ਹੀ ਠੀਕ ਹੈ ।

ਸ਼੍ਰੀ ਸਪੀਕਰ : ਕੱਲ ਵੀ ਐਪਰੋਪਰੀਏਸ਼ਨ ਬਿਲ ਹੈ । ਅੱਜ ਫਾਈਨੈਂਸ ਮਨਿਸਟਰ ਸਾਹਿਬ ਨੂੰ ਪਹਿਲਾਂ ਖਤਮ ਕਰਨ ਦੇਵੋ । (An Appropriation Bill will come before the House tomorrow also. Let the Finance Minister finish his speach first).

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਤੁਸੀਂ ਇਹ ਕਿਹਾ ਸੀ ਕਿ ਸਪਲੀਮੈਂਟਰੀ ਡੀਮਾਂਡਜ਼ ਦੇ ਵਿਚ ਮੈਂਬਰ ਇਸ ਮਹਿਕਮੇ ਨੂੰ ਰੈਫਰ ਵੀ ਕਹ ਸਕਦੇ ਹਨ । ਇਸ ਤੇ ਸਰਦਾਰ ਉਮਰਾਉ ਸਿੰਘ ਜੀ ਨੇ ਇਤਰਾਜ਼ ਕੀਤਾ ਸੀ । ਤੁਸੀਂ ਆਪਣੀ ਗਲ ਤੇ ਕਾਇਮ ਰਹੇ । ਅਸੀਂ ਇਸ ਕਰਕੇ ਇਹ ਬੇਨਤੀ ਕਰਾਂਗੇ ਕਿ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਬੁਲਾਇਆ ਜਾਵੇ ਅਤੇ ਉਹ ਬਿਆਨ ਦੇ ਦੇਣ । ਜਦੋਂ ਫਾਈਨੈਂਸ ਮਨਿਸਟਰ ਸਾਹਿਬ ਬੋਲ ਚੁਕਣਗੇ ਤਾਂ ਫਿਰ ਕਦੇ ਵੀ ਕੋਈ ਮਨਿਸਟਰ ਨਹੀਂ ਬੋਲਦਾ, ਕਿਉਂਕਿ ਫਾਈਨੈਂਸ ਮਨਿਸਟਰ ਸਾਹਿਬ ਡੀਮਾਂਡਜ਼ ਦਾ ਜਵਾਬ ਦੇਣ ਲਗੇ ਹਨ ਅਤੇ ਉਸ ਤੋਂ ਬਾਅਦ ਸਾਡੀ ਗਲ ਵਿਚੇ ਹੀ ਰਹਿ ਜਾਵੇਗੀ । ਇਸ ਕਰਕੇ ਐਜੂਕੇਸ਼ਨ ਮਨਿਸਟਰ ਨੂੰ ਬੁਲਾ ਲਿਆ ਜਾਵੇ, ਭਾਵੇਂ ਘੰਟੀ ਵਜਾ ਕੇ ਬੁਲਾ ਲਵੋ ।

ਸਰਦਾਰ ਅਜਾਇਬ ਸਿੰਘ ਸੰਧੂ : ਜੇ ਤਾਂ ਉਨ੍ਹਾਂ ਨੇ ਅੱਜ ਬਿਆਨ ਦੇਣਾ ਹੈ ਤਾਂ ਦੱਸ ਦੇਵੋ ਅਤੇ ਜੇ ਨਹੀਂ ਦੇਣਾ ਤਾਂ ਵੀ ਦੱਸ ਦੇਵੋ ।

ਮਾਲ ਅਤੇ ਚੋਣ ਮੰਤਰੀ : ਦੇਣਗੇ ।

ਵਿੱਤ ਮੰਤਰੀ : ਸਪੀਕਰ ਸਾਹਿਬ, ਇਹ ਜਿਹੜੀਆਂ ਸਪਲੀਮੈਂਟਰੀ ਡੀਮਾਂਡਜ਼ ਫ਼ਾਰ ਗਰਾਂਟਸ ਹਨ, ਇਹ ਬੜੀਆਂ ਸਾਫ ਹਨ । ਇਸ ਵਿਚ 733.33 ਲੱਖ ਰੁਪਏ ਦੀ ਫੁਲ ਡੀਮਾਂਡ ਹੈ । ਇਸ ਦੇ ਵਿਚ ਇਹ ਗਲ ਦਸੀ ਗਈ ਹੈ ਕਿ ਪਿਛਲਾ ਬਜਟ ਪੇਸ਼ ਕਰਨ ਤੋਂ ਬਾਅਦ ਜਿਹੜੇ ਕੋਈ ਅਨਫੋਰਸੀਨ ਖਰਚੇ ਹੋਏ ਅਤੇ ਜਿਹੜਾ ਸਾਡੇ ਸੂਬੇ ਦੇ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਐਕਸਚੈਕਰ ਤੋਂ ਜਾਣਾ ਹੈ, ਪੰਜਾਬ ਵਿਚੋਂ ਸਾਡਾ 733.3 ਲੱਖ ਵਿਚੋਂ ਇਹ ਸਿਰਫ 55.49 ਲੱਖ ਹੈ, ਜਿਹੜਾ ਸਾਡੀ ਪੰਜਾਬ ਸਰਕਾਰ ਤੋਂ ਆਉਟਫਲੋ ਹੋਣਾ ਹੈ । ਬਾਕੀ ਸਾਰਾ ਰੁਪਿਆ ਜਿਹੜਾ ਹੈ, ਉਸ ਬਾਰੇ ਮੈਂਬਰ ਸਾਹਿਬਾਨ ਵੇਖਣਗੇ, ਕਿ ਕੁਝ ਤਾਂ ਗਵਰਨਮੈਂਟ ਆਫ਼ ਇੰਡੀਆ ਤੋਂ ਆਏਗਾ ਅਤੇ ਕੁਝ ਨੈਸ਼ਨਲ ਡਿਵੈਲਪਮੈਂਟ ਕਾਰਪੋਰੇਸ਼ਨ ਤੋਂ ਆਏਗਾ । ਇਹ ਸਾਰੀਆਂ ਸਕੀਮਾਂ, ਸਪੀਕਰ ਸਾਹਿਬ, ਇਸ ਦੇ ਵਿਚ ਦਸੀਆਂ ਗਈਆਂ ਹਨ । ਜਿਸ ਤਰ੍ਹਾਂ, ਸਪੀਕਰ ਸਾਹਿਬ, ਮਾਡਰਨਾਈਜ਼ੇਸ਼ਨ ਆਫ਼ ਪੁਲਿਸ ਫੋਰਸ ਹੈ, ਇਸ ਵਾਸਤੇ ਰੁਪਿਆ ਗਵਰਨਮੈਂਟ ਆਫ਼ ਇੰਡੀਆ ਨੇ ਦੇਣਾ ਹੈ । ਇਹ ਇਕ ਨਵੀਂ ਸਕੀਮ ਹੈ, ਪੁਲਿਸ ਨੂੰ ਮਾਡਰਨਾਈਜ਼ ਕਰਨਾ ਹੈ, ਉਨ੍ਹਾਂ ਨੂੰ ਜੀਪਾਂ, ਵਾਇਰਲੈਸ ਵਗੈਰਾ ਦੇਣੀਆਂ ਹਨ । ਇਸ ਦੇ ਨਾਲ ਹੀ ਪੋਸਟ-ਗਰੈਜੂਏਟ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ ਇੰਸਟੀਚਿਊਟ ਵਾਸਤੇ ਪੈਸੇ ਰਖੇ ਗਏ ਹਨ ।

ਕਾਮਰੇਡ ਅਰਜਨ ਸਿੰਘ ਮਸਤਾਨਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪੁਲਿਸ ਨੂੰ ਇਹ ਟਰੇਨਿੰਗ ਦੇਣੀ ਹੈ ਕਿ ਜਿਸ ਨੂੰ ਚਾਹੋ ਮਾਰ ਦੇਵੋ ?

ਵਿੱਤ ਮੰਤਰੀ : ਇਸ ਇੰਸਟੀਚਿਊਟ ਦਾ ਪੰਜਾਬੀਆਂ ਨੂੰ ਬੜਾ ਫਾਇਦਾ ਹੋਇਆ ਹੈ, ਇਸ ਵਾਸਤੇ ਜ਼ਰੂਰ ਪੈਸੇ ਦੇਣੇ ਚਾਹੀਦੇ ਹਨ । ਇਸ ਦੇ ਨਾਲ ਹੀ ਮੈਡੀਕਲ ਕਾਲਜ ਜਿਹੜੇ ਹਨ, ਉਨ੍ਹਾਂ ਵਾਸਤੇ ਵੀ ਗਰਾਂਟਾਂ ਅਸੀਂ, ਜਿਸ ਤਰ੍ਹਾਂ ਹਾਊਸ ਜਾਣਦਾ ਹੈ, ਪਹਿਲਾਂ ਵੀ ਡਬਲ ਕਰ ਦਿਤੀਆਂ ਸਨ, ਹੁਣ ਵੀ ਡਬਲ ਕਰ ਦਿਤੀਆਂ ਹਨ ਅਤੇ ਉਨ੍ਹਾਂ ਨੂੰ ਲਗਾਤਾਰ ਮਦਦ ਦੇ ਰਹੇ ਹਾਂ । ਸਰਦਾਰੀ ਲਾਲ ਕਪੂਰ ਜੀ ਨੇ ਕਿਹਾ ਸੀ ਅਤੇ ਉਨ੍ਹਾਂ ਦੀ ਕਾਲਜ ਦੀ ਪਿਛਲੇ ਸਾਲ ਡਬਲ ਗਰਾਂਟ ਕੀਤੀ ਸੀ, ਹੁਣ ਵੀ ਡਬਲ ਕਰ ਦਿਤੀ ਹੈ ।

ਇਸ ਤਰ੍ਹਾਂ ਹੀ ਇੰਪਰੂਵਮੈਂਟ ਆਫ਼ ਸਲੱਮ ਏਰੀਆਜ਼ ਆਫ਼ ਲੁਧਿਆਣਾ ਅਤੇ ਸਟਾਫ ਫਾਰ ਇਨਫੋਰਸਮੈਂਟ ਆਫ ਕੰਟਰੋਲਡ ਏਰੀਆ ਹੈ ਅਤੇ ਅਰੇਂਜਮੈਂਟ ਫ਼ਾਰ ਰਿਸੈਪਸ਼ਨ ਆਫ਼ ਐਸ਼ਿਜ਼ ਆਫ਼ ਸ਼ਹੀਦ ਊਧਮ ਸਿੰਘ ਵਾਸਤੇ ਵੀ 2 ਲੱਖ 24 ਹਜ਼ਾਰ ਰੁਪਿਆ ਰਖਿਆ ਗਿਆ ਹੈ । ਇਸ ਤੋਂ ਬਾਅਦ ਕੰਸਟਰਕਸ਼ਨ ਆਫ਼ ਹਾਊਸਿਜ਼ ਫਾਰ ਹਰੀਜਨਜ਼ ਵਾਸਤੇ 21 ਲੱਖ ਰੁਪਿਆ ਰਖਿਆ ਗਿਆ ਹੈ ਅਤੇ ਜਿਹੜਾ ਪਿਛਲੇ ਸੈਸ਼ਨ ਵਿਚ ਕਿਹਾ ਗਿਆ ਸੀ ਕਿ ਹਰੀਜਨਾਂ ਲਈ ਗਵਰਨਮੈਂਟ ਆਫ਼ ਇੰਡੀਆ ਵਲੋਂ ਕੋਈ ਰੁਪਿਆ ਨਹੀਂ ਆਇਆ, ਇਹ ਹਿੰਦ ਸਰਕਾਰ ਵਲੋਂ ਹੀ ਆਇਆ ਹੈ । ਇਸ ਦੇ ਨਾਲ ਹੀ ਬਾਈ ਇਲੈਕਸ਼ਨ ਟੂ ਦੀ ਪੰਚਾਇਤਸ ਐਂਡ ਇਲੈਕਸ਼ਨਜ਼ ਟੂ ਦੀ ਪੰਚਾਇਤ ਸੰਮਤੀਜ਼ ਐਂਡ ਜ਼ਿਲ੍ਹਾ ਪਰੀਸ਼ਦਜ਼ ਵਾਸਤੇ ਖਰਚ ਹੈ । ਇਸ ਦੇ ਬਾਅਦ ਅਸਿਸਟੈਂਸ ਟੂ ਪਰਾਈਮਰੀ ਕੋਆਪਰੇਟਿਵ ਲੈਂਡ ਮਾਰਗੇਜ਼ ਬੈਂਕਸ ਵਾਸਤੇ ਹੈ । ਇਹ ਗਵਰਨਮੈਂਟ ਕੰਟਰੀਬਿਊਸ਼ਨ ਟੂਵਰਡਜ਼ ਦੀ ਸ਼ੇਅਰ ਕੈਪੀਟਲ ਆਫ਼ ਦੀ ਪ੍ਰਾਇਮਰੀ ਕੋਆਪਰੇਟਿਵ ਲੈਂਡ ਮਾਰਗੇਜ਼ ਬੈਂਕਾਂ ਵਾਸਤੇ ਹੈ । ਇਸ ਤਰ੍ਹਾਂ ਨਾਲ ਇਹ ਹੋਰ ਰੁਪਿਆ ਗਵਰਨਮੈਂਟ ਆਫ਼ ਇੰਡੀਆ ਤੋਂ ਲੈ ਸਕਣਗੇ । ਇਹ ਸਾਡਾ ਕੈਪੀਟਲ ਸ਼ੇਅਰ ਉਨ੍ਹਾਂ ਕੋਲ ਹੋਵੇਗਾ । ਇਸ ਦੇ ਨਾਲ ਹੀ ਪੰਜਾਬ ਸਟੇਟ ਸਿਵਿਲ ਸਪਲਾਈਜ਼ ਕਾਰਪੋਰੇਸ਼ਨ ਹੈ । ਇਸ ਵਿਚ ਅਸੀਂ 50 ਲੱਖ ਰੁਪਿਆ ਸ਼ੇਅਰ ਕੈਪੀਟਲ ਦਾ ਪਾ ਰਹੇ ਹਾਂ ਤਾਂ ਜੋ ਇਹ ਫਾਈਨੈਂਸ਼ਲ ਇੰਸਟੀਚਿਊਸ਼ਨਜ਼ ਤੋਂ ਕਰਜ਼ਾ ਲੈ ਸਕੇ । ਇਸ ਕਾਰਪੋਰੇਸ਼ਨ ਨੇ ਸਪਲਾਈ ਅਤੇ ਡਿਸਟਰੀਬਿਊਸ਼ਨ ਦਾ ਕੰਮ ਕਰਨਾ ਹੈ ਤਾਂ ਜੋ ਕੀਮਤਾਂ ਇਕੋ ਹੀ ਰਹਿਣ ਅਤੇ ਲੋਕਾਂ ਨੂੰ ਜ਼ਰੂਰੀਆਤੇ ਜ਼ਿੰਦਗੀ ਸਹੀ ਭਾਅ ਤੇ ਮਿਲ ਸਕਣ ।

Original with;
Punjab Vidhan Sabha
Digitized by;
Panjab Digital Library

ਇਸ ਤੋਂ ਇਲਾਵਾ ਡਿਵੈਲਪਮੈਂਟ ਮਾਰਗੇਜ਼ ਬੈਂਕ ਵਿਚ ਕੁਝ ਪੈਸਾ ਸ਼ੇਅਰ ਕੈਪੀਟਲ ਕੰਟਰੀਬਿਊਸ਼ਨ ਲਈ ਰਖਿਆ ਹੈ । ਇਹ ਜਿਹੜਾ ਪੈਸਾ ਰਖਿਆ ਗਿਆ ਹੈ ਸਰਦਾਰ ਸੁਰਜੀਤ ਸਿੰਘ ਬਰਨਾਲਾ ਨੇ ਫਰਮਾਇਆ ਸੀ ਕਿ ਇਹ ਡਿਵੈਲਪਮੈਂਟ ਐਕਸਪੈਂਡੀਚਰ ਨਹੀਂ ਹੋਇਆ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਡਿਵੈਲਪਮੈਂਟ ਐਕਸਪੈਂਡੀਚਰ ਤਾਂ ਸਾਰਾ ਬਜਟ ਹੈ ਜਿਹੜਾ ਕਿ ਇਨ੍ਹਾਂ ਨੇ ਪਿਛੇ ਪਾਸ ਕੀਤਾ ਸੀ। ਕੁਝ ਆਈਟਮਜ਼ ਐਸੀਆਂ ਹਨ ਜਿਹੜੀਆਂ ਕਿ ਬਾਅਦ ਵਿਚ ਕਰਾਪ ਹੋਈਆਂ ਸਨ ਅੱਰ ਉਹ ਉਸ ਵੇਲੇ ਵਿਜੂਲਾਈਜ਼ ਨਹੀਂ ਕੀਤੀਆਂ ਜਾ ਸਕਦੀਆਂ ਸੀ । ਡਿਵੈਲਪਮੈਂਟ ਐਕਸਪੈਂਡੀਚਰ ਦੇ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਗੌਰਮਿੰਟ ਨੇ ਹਮੇਸ਼ਾਂ ਹੀ ਆਪਣੇ ਬਜਟ ਦੇ ਅੰਦਰ ਸਭ ਤੋਂ ਜ਼ਿਆਦਾ ਹਿੱਸਾ ਐਕਸਪੈਂਡੀਚਰ ਨੂੰ ਹੀ ਦਿਤਾ ਹੈ ।

ਸਪੀਕਰ ਸਾਹਿਬ, ਫੋਰਥ ਪਲੈਨ ਦੇ ਪਹਿਲੇ ਸਾਲ ਵਿਚ 1969-70 ਵਿਚ ਪਲੈਨ ਡਿਵੈਲਪਮੈਂਟ ਤੇ 9.60 ਕਰੋੜ ਰੁਪਿਆ ਰਖਿਆ ਸੀ ਪਰ ਹੁਣ 1973-74 ਵਿਚ ਵੇਖੀਏ ਤਾਂ ਇਹ 126 ਕਰੋੜ ਰੁਪਿਆ ਹੋ ਗਿਆ ਸੀ ।

ਇਸ ਸਾਲ 126.5 ਕਰੋੜ ਰੁਪਿਆ ਅਸੀਂ ਡਿਵੈਲਪਮੈਂਟ ਐਕਸਪੈਂਡੀਚਰ ਤੇ ਖਰਚ ਕਰਨਾ ਹੈ ਇਸ ਢੰਗ ਨਾਲ ਅਗਰ ਸਪੀਕਰ ਸਾਹਿਬ, ਅਸੀਂ ਡਿਵੈਲਪਮੈਂਟ ਤੇ ਖਰਚ ਦਾ ਅੰਦਾਜ਼ਾ ਲਗਾਈਏ ਤਾਂ ਸਾਰੀ ਗਲ ਸਪੱਸ਼ਟ ਹੋ ਜਾਂਦੀ ਹੈ ।

ਜੇ ਅਸੀਂ ਸਿਰਫ ਐਜੂਕੇਸ਼ਨ ਤੇ ਹੀ ਵੇਖੀਏ ਤਾਂ 1967-68 ਵਿਚ 21 ਕਰੋੜ ਰੁਪਿਆ ਐਜੂਕੇਸ਼ਨ ਵਾਸਤੇ ਰਖਿਆ ਸੀ ਪਰ ਅਸੀਂ ਹੁਣ 1973-74 ਵਿਚ 46 ਕਰੋੜ ਰੁਪਿਆ ਐਜੂਕੇਸ਼ਨ ਤੇ ਖਰਚ ਕੀਤਾ ਹੈ ।

ਇਸੇ ਤਰ੍ਹਾਂ ਜੇ ਮੈਡੀਕਲ ਹੈਲਥ ਦੀ ਫੈਸੀਲਿਟੀਜ਼ ਤੇ ਵੇਖੀਏ ਤਾਂ 1967-68 ਵਿਚ 3.55 ਕਰੋੜ ਰੁਪਿਆ ਖਰਚ ਕੀਤਾ ਗਿਆ ਸੀ ਪਰ ਇਸ ਦੇ ਮੁਕਾਬਲੇ 1973-74 ਵਿਚ ਇਹ 7.23 ਕਰੋੜ ਰੁਪਿਆ ਮੈਡੀਕਲ ਤੇ ਖਰਚ ਕੀਤਾ ਗਿਆ ਹੈ ।

ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਸ ਹਾਊਸ ਦੇ ਸਾਰੇ ਮੈਂਬਰਜ਼ ਜਾਣਦੇ ਹਨ ਕਿ ਪੀਣ ਵਾਲੇ ਪਾਣੀ ਦੀ ਸਕੀਮ ਤੇ ਅਗਰ ਅਸੀਂ 1967-68 ਦੀਆਂ ਫਿਗਰਜ਼ ਲਈਏ ਤਾਂ ਉਹ 2.44 ਕਰੋੜ ਰੁਪਿਆ ਬਣਦਾ ਹੈ ਜਿਹੜਾ ਕਿ ਪਬਲਿਕ ਹੈਲਥ ਤੇ ਖਰਚ ਕੀਤਾ ਗਿਆ । ਪਰ 1973-74 ਦੀ ਫਿਗਰਜ਼ ਦੇ ਮੁਤਾਬਕ ਇਹ 10.30 ਕਰੋੜ ਰੁਪਿਆ ਸਿਰਫ ਪਬਲਿਕ ਹੈਲਥ ਅਤੇ ਪੀਣ ਵਾਲੇ ਪਾਣੀ ਦੀ ਸਕੀਮ ਤੇ ਖਰਚ ਕੀਤਾ ਗਿਆ ਹੈ । ਇਸ ਤਰ੍ਹਾਂ ਸਪੀਕਰ ਸਾਹਿਬ, ਤੁਸੀਂ ਅੰਦਾਜ਼ਾ ਲਗਾਉ ਤਾਂ ਪਤਾ ਲਗਦਾ ਹੈ ਕਿ ਸਾਰਾ ਬਜਟ ਹੀ ਡਿਵੈਲਪਮੈਂਟ ਐਕਸਪੈਂਡੀਚਰ ਤੇ ਹੈ । (ਸ਼ੋਰ)

ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਟੈਕਸ ਲਾਏ ਹਨ । ਮੈਂ ਸਮਝਦਾ ਹਾਂ ਕਿ ਜੇ ਅਸੀਂ ਟੈਕਸ ਜ਼ਿਆਦਾ ਲਾਏ ਹਨ ਤਾਂ ਹੀ ਅਸੀਂ ਸੂਬੇ ਦੀ ਤਰੱਕੀ ਕੀਤੀ ਹੈ । ਇਹ ਵੀ ਤਾਂ ਵੇਖੋ ਕਿ ਉਸ ਵੇਲੇ ਨਾਲੋਂ ਹੁਣ ਡਿਵੈਲਪਮੈਂਟ ਤੇ ਕਿੰਨਾ ਜ਼ਿਆਦਾ ਖਰਚ ਕੀਤਾ ਗਿਆ ਹੈ । ਜੇ ਰੁਪਿਆ ਖਰਚ ਕਰਨਾ ਹੀ ਨਹੀਂ ਤਾਂ ਹੋਰ ਟੈਕਸ ਲਾਉਣ ਦੀ ਲੋੜ ਹੀ ਨਹੀਂ ਰਹਿ ਜਾਂਦੀ ਬਲਕਿ ਥੋੜ੍ਹੀ ਥੋੜ੍ਹੀ ਟੈਕਸਾਂ ਵਿਚ ਛੋਟ ਹੋ ਸਕਦੀ ਹੈ ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਸਪੀਕਰ ਸਾਹਿਬ, ਹੁਣ ਮੈਂ ਖੇਤੀਬਾੜੀ ਵਲ ਆਉਂਦਾ ਹਾਂ ਉਸ ਦੀਆਂ ਵੀ ਮੈਂ ਫਿਗਰਜ਼ ਦਸ ਕੇ ਤੁਹਾਨੂੰ ਇਹ ਸਾਬਤ ਕਰਾਂਗਾ ਕਿ ਸਾਡੀ ਸਰਕਾਰ ਨੇ ਇਸ ਵਿਚ ਕਿਤਨੀ ਤਰੱਕੀ ਕੀਤੀ ਹੈ । 1967-68 ਵਿਚ 5 ਕਰੋੜ ਰੁਪਿਆ ਖੇਤੀ ਬਾੜੀ ਤੇ ਖਰਚ ਕਰਨ ਵਾਸਤੇ ਰਖਿਆ ਗਿਆ ਸੀ ਅਤੇ ਹੁਣ ਅਸੀਂ 1973-74 ਵਿਚ ਖੇਤੀਬਾੜੀ ਤੇ ਖਰਚ ਕਰਨ ਵਾਸਤੇ 11.68 ਕਰੋੜ ਰੁਪਿਆ ਰਖਿਆ ਸੀ । ਅਗਰ ਅਸੀਂ ਇਨ੍ਹਾਂ ਦੀ ਸਰਕਾਰ ਨੂੰ ਵੇਖੀਏ ਤਾਂ 1969-70, 1970-71 ਵਿਚ ਖੇਤੀਬਾੜੀ ਤੇ ਖਰਚ ਵੱਧਣ ਦੇ ਬਜਾਏ ਖਰਚ ਘਟਾਇਆ ਹੈ । 1969-70 ਵਿਚ 4.64 ਕਰੋੜ ਰੁਪਿਆ ਖਰਚ ਕੀਤਾ ਹੈ । ਇਸ ਤਰ੍ਹਾਂ ਇਨ੍ਹਾਂ ਨੇ ਖਰਚ ਘਟਾਇਆ ਹੈ । ਮੈਂ ਇਹ ਫਿਗਰਜ਼ ਹਾਊਸ ਦੀ ਮੇਜ਼ ਤੇ ਰਖ ਰਿਹਾ ਹਾਂ ਇਹ ਸਾਰੇ ਮੈਂਬਰਜ਼ ਸਾਹਿਬਾਨ ਵੇਖ ਲੈਣਗੇ । ਸਪੀਕਰ ਸਾਹਿਬ, ਉਪਜ ਦੀ ਪੈਦਾਵਾਰ ਤਦੇ ਵਧੇਗੀ ਜੇ ਖੇਤੀਬਾੜੀ ਤੇ ਜ਼ਿਆਦਾ ਖਰਚ ਕੀਤਾ ਜਾਵੇਗਾ । ਸਪੀਕਰ ਸਾਹਿਬ, ਇਨ੍ਹਾਂ ਦਾ ਪ੍ਰੋਗੈਸਿਵ ਖਿਆਲ ਨਹੀਂ ਸੀ, ਜੇ ਇਨ੍ਹਾਂ ਦਾ ਪ੍ਰੋਗ੍ਰੈਸਿਵ ਖਿਆਲ ਹੁੰਦਾ ਤਾਂ ਖੇਤੀਬਾੜੀ ਤੇ ਖਰਚ ਘੱਟਣ ਦੀ ਬਜਾਏ ਵੱਧ ਗਿਆ ਹੁੰਦਾ ।

ਇਸ ਤਰ੍ਹਾਂ ਸਪੀਕਰ ਸਾਹਿਬ, ਅਸੀਂ ਵੇਖਦੇ ਹਾਂ ਪੀ. ਡਬਲਿਊ. ਡੀ. ਤੇ ਵੀ ਸਾਡੀ ਸਰਕਾਰ ਨੇ 7 ਕਰੋੜ ਦੇ ਮੁਕਾਬਲੇ ਵਿਚ 30 ਕਰੋੜ ਰੁਪਏ ਖਰਚ ਕੀਤੇ ਹਨ ਅਤੇ 35 ਕਰੋੜ ਰੁਪਿਆ ਹੁਣ ਹੋਰ ਖਰਚ ਕਰਨ ਲਈ ਰਖਿਆ ਹੈ । ਇਨ੍ਹਾਂ ਨੂੰ ਪਤਾ ਹੀ ਹੈ ਕਿ ਇਹ ਸਾਰਾ ਡਿਵੈਲਪਮੈਂਟ ਐਕਸਪੈਂਡੀਚਰ ਦਾ ਹੀ ਬਜਟ ਹੈ ਅਸੀਂ 7 ਕਰੋੜ ਦੇ ਮੁਕਾਬਲੇ ਵਿਚ 30 ਕਰੋੜ ਰੁਪਿਆ ਸੜਕਾਂ ਅਤੇ ਬਿਲਡਿੰਗ ਵਗ਼ੈਰਾ ਤੇ ਖਰਚ ਕੀਤਾ ਹੈ । (ਸ਼ੋਰ)

ਸਰਦਾਰ ਜਸਵਿੰਦਰ ਸਿੰਘ ਬਰਾੜ : * * * * (ਸ਼ੋਰ)

Mr. Speaker : No point of order. (Noise)

ਸਰਦਾਰ ਬਲਵਿੰਦਰ ਸਿੰਘ ਭੁੰਦੜ : ਪੁਆਇੰਟ ਆਫ਼ ਆਰਡਰ ਸਰ । ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਇਕ ਗਲ ਕਰਨੀ ਚਾਹੁੰਦਾ ਹਾਂ ਕਿ....

ਸ਼੍ਰੀ ਸਪੀਕਰ : ਤੁਸੀਂ ਗਲ ਨਾ ਕਰੋ ਪੁਆਇੰਟ ਆਫ਼ ਆਰਡਰ ਰੇਜ਼ ਕਰੋ । (No remarks please, raise your point of order).

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਮੈਂ ਅੰਗਰੇਜ਼ੀ ਵਿਚ ਬੋਲਾਂ ਜਾਂ ਪੰਜਾਬੀ ਵਿਚ ਬੋਲਾਂ....

ਸ਼੍ਰੀ ਸਪੀਕਰ : ਤੁਹਾਡਾ ਕੋਈ ਪੁਆਇੰਟ ਆਫ਼ ਆਰਡਰ ਤਾਂ ਬਣਦਾ ਨਹੀਂ ਤੁਸੀਂ ਬਦੋ ਬਦੀ ਗਲ ਕਰਨਾ ਚਾਹੁੰਦੇ ਹੋ । (You have no point of order to raise but you are merely trying to interrupt)

ਸਰਦਾਰ ਬਲਵਿੰਦਰ ਸਿੰਘ ਭੁੰਦੜ : * * * *

Mr. Speaker : No point of order.

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਮੇਰੇ ਦੋਸਤ ਸ਼੍ਰੀ ਜੋਗਾ ਜੀ ਅਤੇ ਡਾਂਗ ਸਾਹਿਬ ਨੇ ਜਿਹੜਾ ਇਹ ਸਾਰਾ ਖਰਚ ਬਿਆਨ ਕੀਤਾ ਹੈ ਉਸ ਵਿਚ ਸ਼ਾਇਦ ਇਹ 5 ਕਰੋੜ ਰੁਪਿਆ ਜਿਹੜਾ ਕਿ ਮੁਲਾਜ਼ਮਾਂ ਨੂੰ ਕਣਕ ਲਈ ਲੋਨ ਦਿਤਾ ਹੈ ਉਸ ਨੂੰ ਇਹ ਭੁਲ ਗਏ ਹਨ, ਇਹ ਲੋਨ ਇੰਟਰੱਸਟ ਫਰੀ ਹੈ....

ਕਾਮਰੇਡ ਸੱਤਪਾਲ ਡਾਂਗ : ਪੁਆਇੰਟ ਆਫ ਇਨਫਰਮੇਸ਼ਨ, ਸਰ । ਇਨ੍ਹਾਂ ਨੇ ਜਿਹੜਾ 5 ਕਰੋੜ ਰੁਪਏ ਦੇ ਬਾਰੇ ਦਸਿਆ ਹੈ ਕੀ ਇਹ ਇਨ੍ਹਾਂ ਨੇ ਵਾਪਿਸ ਨਹੀਂ ਲੈਣਾ ?

ਵਿੱਤ ਮੰਤਰੀ : ਮੈਂ ਕਹਿ ਰਿਹਾ ਹਾਂ ਕਿ ਇਹ ਇੰਟਰੈਸਟ ਫਰੀ ਲੋਨ ਹੈ । ਇਸ ਬਾਰੇ ਪਿਛੇ ਮੰਗ ਕੀਤੀ ਗਈ ਸੀ ਕਿ ਲੋਨ ਦੇਣਾ ਚਾਹੀਦਾ ਹੈ । ਇਹ ਜਿਹੜਾ ਇਨ੍ਹਾਂ ਨੇ 7 ਕਰੋੜ ਰੁਪਿਆ ਗਿਣਿਆ ਹੈ ਇਸ ਵਿਚ 5 ਕਰੋੜ ਵੀਟ ਲੋਨ ਵੀ ਸ਼ਾਮਿਲ ਹੈ ।

ਸ਼੍ਰੀ ਸਪੀਕਰ : ਗਿਲੋਟੀਨ 6.15 ਵਜੇ ਐਪਲਾਈ ਹੋਵੇਗੀ । (Guillotine will be applied at 6.15 P.M.)

ਵਿੱਤ ਮੰਤਰੀ : ਸ਼੍ਰੀ ਸਹਦਾਰੀ ਲਾਲ ਕਪੂਰ ਨੇ ਕਿਹਾ ਸੀ ਕਿ ਕੋਟੇ ਵਗੈਰਾ ਦੀ ਡਿਸਟਰੀਬਿਊਸ਼ਨ ਠੀਕ ਨਹੀਂ ਹੁੰਦੀ । ਇਸ ਬਾਰੇ ਮੈਂ ਉਨ੍ਹਾਂ ਨੂੰ ਦਸ ਦੇਵਾਂ ਕਿ ਪਹਿਲਾਂ ਹੀ ਚੀਫ ਮਨਿਸਟਰ ਸਾਹਿਬ ਨੇ ਇਨਕੁਆਇਰੀ ਸ਼ੁਰੂ ਕਰ ਰਖੀ ਹੈ ਤਾਂ ਜੋ ਮੁਨਾਸਬ ਫੈਕਟਰੀਆਂ ਨੂੰ ਹੀ ਕੋਟਾ ਮਿਲੇ । ਜਿਥੋਂ ਤੱਕ ਇਨ੍ਹਾਂ ਦਾ ਜੈਨਰੇਟਰ ਸੈਟਸ ਲਾਉਣ ਦਾ ਸਵਾਲ ਸੀ ਸਹਕਾਰ ਨੇ ਪਹਿਲਾਂ ਹੀ ਰਾਜਿਸਥਾਨ ਅਤੇ ਹਿਮਾਚਲ ਸਰਕਾਰ ਨਾਲ ਗਲ ਬਾਤ ਕਰਕੇ ਜਿਤਨੀ ਲੋੜੀਂਦੀ ਬਿਜਲੀ ਐਗਰੀਕਲਚਰ ਲਈ ਅਤੇ ਇੰਡਸਟਰੀ ਲਈ ਚਾਹੀਦੀ ਹੈ ਪ੍ਰਬੰਧ ਕਰ ਲਿਆ ਹੈ ।

ਸਰਦਾਰ ਜਸਵਿੰਦਰ ਸਿੰਘ ਬਰਾੜ : * * * * (ਸ਼ੋਰ)

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ । (This is no point of order)

ਵਿੱਤ ਮੰਤਰੀ : ਇਕ ਗਲ ਕਪੂਰ ਜੀ ਨੇ ਜੁਆਇੰਟ ਸੈਕਟਰੀ ਇੰਡਸਟਰੀਜ਼ ਦੇ ਬਾਰੇ ਵੀ ਕਹੀ ਸੀ, ਮੈਂ ਕਹਾਂਗਾ ਕਿ ਆਫੀਸ਼ੀਅਲ ਤੌਰ ਤੇ ਗਵਰਨਮੈਂਟ ਦਾ ਡਾਇਰੈਕਟੋਰੇਟ ਲੈਵਲ ਤੇ ਇਕ ਇਨਸਟੀਚਿਊਸ਼ਨ ਮੌਜੂਦ ਹੈ ਜਿਹੜਾ ਇਸ ਪੈਸੇ ਦੀ ਰਾਖੀ ਕਰਦਾ ਹੈ....

ਸਰਦਾਰ ਗੁਰਦੇਵ ਸਿੰਘ ਸਿੱਧੂ : ਮੈਂ ਵਿੱਤ ਮੰਤਰੀ ਤੋਂ ਪੁੱਛਦਾ ਹਾਂ ਕਿ ਪਿਛਲੇ ਦਿਨਾਂ ਦੀ ਗਲ ਹੈ ਮੇਰੇ ਹਲਕੇ ਵਿਚ ਚੀਫ ਮਨਿਸਟਰ ਸਾਹਿਬ ਇਕ ਪੁਲ ਲਈ ਆਗਿਆ ਦੇ ਕੇ ਆਏ ਸੀ, ਪਰ ਐਕਸੀਐਨ ਨੇ ਇਸ ਬਾਰੇ ਹਰੀ ਝੰਡੀ ਵਿਖਾ ਦਿੱਤੀ ਕਿ ਪੈਸਾ ਨਹੀਂ ਹੈ .....।

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਵਿੱਤ ਮੰਤਰੀ : ਇਸ ਤਰ੍ਹਾਂ ਦੀਆਂ ਗਲਤ ਆਨਰੈਕਡ ਮੈਂਬਰ ਕਲ੍ਹ ਕਿਸੇ ਮੌਕੇ ਵੀ ਕਰ ਸਕਦੇ ਹਨ ਜਦੋਂ ਮੈਂ ਸਪਲੀਮੈਂਟਰੀ ਅੈਸਟੀਮੇਟਸ ਦਾ ਜਵਾਬ ਦੇ ਰਿਹਾ ਹੋਵਾਂ ਤਾਂ ਇਸ ਤਰ੍ਹਾਂ ਮੁਨਾਸਬ ਨਹੀਂ । ਜੋ ਵੀ ਸੁਝਾਓ ਕੋਆਪਰੇਟਿਵ ਦੇ ਮੁਤੱਲਕ ਮੈਂਬਰ ਸਾਹਿਬਾਨ ਵਲੋਂ ਸੁਜੈਸ਼ਨਜ਼ ਆਏ ਹਨ ਅਸੀਂ ਕੋਸ਼ਿਸ਼ ਕਰਾਂਗੇ ਕਿ ਉਨ੍ਹਾਂ ਤੇ ਅਮਲ ਹੋਵੇ । ਜਿਸ ਤਰ੍ਹਾਂ ਇਕ ਮੈਂਬਰ ਸਾਹਿਬ ਨੇ ਇਥੇ 2 ਕਰੋੜ ਰੁਪਏ ਦੇ ਗ਼ਬਨ ਦੀ ਵੀ ਗਲ ਕੀਤੀ ਸੀ, ਇਸ ਤਰ੍ਹਾਂ ਦੇ ਕੋਸ਼ਿਸ਼ ਨੂੰ ਪਕੜਨ ਲਈ ਅਸੀਂ ਇਕ ਇਨਫੋਰਸਮੈਂਟ ਮਸ਼ੀਨਰੀ ਬਣਾਈ ਹੈ, ਤਾਂ ਜੋ ਇਹ ਸਾਰਾ ਕੰਮ ਠੀਕ ਤਰੀਕੇ ਨਾਲ ਚਲ ਸਕੇ । .....

ਸਰਦਾਰ ਕਿਰਪਾਲ ਸਿੰਘ ਰੰਧਾਵਾ : ਮੈਂ ਇਕ ਗਲ ਵਿੱਤ ਮੰਤਰੀ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ 2 ਕਰੋੜ ਦੇ ਗ਼ਬਨ ਦੇ ਵਿਚ ਕੋਆਪਰੇਟਿਵ ਦਾ ਕੌਣ ਕੌਣ ਅਤੇ ਕਿਤਨੇ ਕੁ ਅਫ਼ਸਰ ਸ਼ਾਮਲ ਸੀ ? ਉਸ ਵਿਚ ਆਈ. ਏ. ਐਸ. ਕਿਤਨੇ ਆਫ਼ੀਸਰ ਹਨ ?

ਵਿੱਤ ਮੰਤਰੀ : ਮੈਂ ਇਨ੍ਹਾਂ ਗਲਾਂ ਦੇ ਵਿਚ ਜਾਣਾ ਨਹੀਂ ਚਾਹੁੰਦਾ । ਜਿਥੋਂ ਤੱਕ ਟਾਪ ਹੈਵੀ ਐਡਮਨਿਸਟ੍ਰੇਸ਼ਨ ਦਾ ਸਵਾਲ ਹੈ, ਇਸ ਵਿਚ ਪਿਛਲੇ ਸਾਲ 5 ਕਰੋੜ ਦੀ ਬੱਚਤ ਕੀਤੀ ਸੀ । ਇਸ ਸਾਲ ਸਾਡਾ ਖਿਆਲ ਹੈ ਕਿ ਕੋਈ 10 ਕਰੋੜ ਦੀ ਬਚਤ ਕਰਾਂਗੇ । ਜਿਨ੍ਹਾਂ ਥਾਵਾਂ ਤੇ ਕੰਮ ਘੱਟ ਸੀ ਅਸੀਂ ਉਥੋਂ ਬੰਦੇ ਰੀਮੂਵ ਕਰਕੇ ਖਾਲੀ ਥਾਵਾਂ ਤੇ ਲਾਏ ਅਤੇ ਇਸ ਤਰ੍ਹਾਂ ਬਚਤ ਕੀਤੀ ।

ਇਕ ਮਾਨਯੋਗ ਮੈਂਬਰ : ਟੀਚਰਾਂ ਦੀ ਵਿੰਡਿਕਟਿਵਨੈਸ ਬਾਰੇ ਦਸੋ ।

ਵਿੱਤ ਮੰਤਰੀ : ਉਹ ਵੀ ਦਸ ਦਿੰਦਾ ਹਾਂ, ਕਿ ਕਿਸੇ ਅਫ਼ਸਰ ਦੀ ਟਰਾਂਸਫਰ ਅਸੀਂ ਪਨਿਸ਼ਮੈਂਟ ਦੇ ਤੌਰ ਤੇ ਨਹੀਂ ਕੀਤੀ, ਇਹ ਤਾਂ ਅਕਾਲੀ ਸਰਕਾਰ ਜਿਨ੍ਹਾਂ ਨੇ ਹਜ਼ਾਰਾਂ ਦੀ ਤਾਦਾਦ ਵਿਚ ਟਰਾਂਸਫਰਾਂ ਕਰਕੇ ਵਿਕਟੇਮਾਈਜ਼ੇਸ਼ਨ ਕੀਤੀ ਸੀ । 1972 ਵਿਚ 19 ਹਜ਼ਾਰ ਟੀਚਰਾਂ ਦੀ ਟਰਾਂਸਫਰ ਹੋਈ ਸੀ ਜਦੋਂ ਕਿ ਉਨ੍ਹਾਂ ਦੀ ਕੋਈ ਸ਼ਿਕਾਇਤ ਨਹੀਂ ਜਿਹੜੇ ਲੋਕ ਆਪਣੇ ਸੁਆਰਥਾਂ ਲਈ ਟਰਾਂਸਫਰਾਂ ਕਰਦੇ ਸੀ ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਇਸ ਤਰ੍ਹਾਂ ਐਡਮਨਿਸਟਰੇਸ਼ਨ ਖਰਾਬ ਹੁੰਦੀ ਹੈ । ਅਸੀਂ 74 ਵਿਚ ਕੁਝ ਟਰਾਂਸਫਰਜ਼ ਕੀਤੀਆਂ ਹਨ, ਜਿਹੜੀਆਂ ਕਿ ਪਿਓਰਲੀ ਐਡਮਨਿਸਟਰੇਟਿਵ ਗਰਾਊਂਡਜ਼ ਤੇ ਹਨ, ਜੇ ਅਸੀਂ ਵੀ ਇਸ ਤਰ੍ਹਾਂ ਕਰੀਏ ਤਾਂ ਸਾਨੂੰ ਪਤਾ ਹੈ ਕਿ ਇਸ ਤਰ੍ਹਾਂ ਡੀਪਾਰਟਮੈਂਟ ਦਾ ਡਿਸਿਪਲਨ ਖਰਾਬ ਹੁੰਦਾ ਹੈ (ਤਾੜੀਆਂ) ਇਹੋ ਕਾਰਨ ਹੈ ਕਿ ਅਸੀਂ ਕੋਈ ਵੀ ਟਰਾਂਸਫਰ ਵਿਨਡਿਕਟਿਵ ਢੰਗ ਦੇ ਨਾਲ ਨਹੀਂ ਕੀਤੀ । ਮੈਂ ਹੁਣ ਵੀ ਇਨ੍ਹਾਂ ਨੂੰ ਕਹਾਂਗਾ ਕਿ ਉਨ੍ਹਾਂ ਨੂੰ ਸਮੂਥਲੀ ਕੰਮ ਕਰਨ ਦਿਓ ਟੀਚਰਾਂ ਨੂੰ ਉਕਸਾਉਣਾ ਨਹੀਂ ਚਾਹੀਦਾ ।

ਆਵਾਜ਼ਾਂ : ਇਹ ਝੂਠ ਜਵਾਬ ਦੇ ਰਹੇ ਹਨ ।

ਵਿੱਤ ਮੰਤਰੀ : ਮੈਂ ਸਹੀ ਕਹਿ ਰਿਹਾ ਹਾਂ ਅਸੀਂ ਕਿਸੇ ਕੀਮਤ ਤੇ ਡਿਸਿਪਲਨ ਖਰਾਬ ਨਹੀਂ ਹੋਣ ਦੇਵਾਂਗੇ । ਕੁਝ ਮੈਂਬਰ ਗਲ ਕਰਦੇ ਪੰਜਾਬ ਦੀ ਹਨ ਪਰ ਰਹਿੰਦੇ ਮਹਿੰਦਰਗੜ੍ਹ ਵਿਚ ਹਨ (ਹਾਸਾ) ਅਸੀਂ ਪੰਜਾਬ ਦੇ ਹਿਤਾਂ ਨੂੰ ਬਾਕਾਇਦਾ ਵਾਚ ਕਰ ਰਹੇ ਹਾਂ । ਇਨ੍ਹਾਂ ਸ਼ਬਦਾਂ ਨਾਲ ਮੈਂ ਕਹਾਂਗਾ ਕਿ ਇਹ ਸਪਲੀਮੈਂਟਰੀ ਡੀਮਾਂਡਜ਼ ਪਾਸ ਕੀਤੀਆਂ ਜਾਣ ।

Original with;
Punjab Vidhan Sabha
Digitized by;
Panjab Digital Library

Mr. Speaker : Question is—

DEMAND NO. 10

That a Supplementary sum not exceeding Rs. 45,00,000/- be granted to the Governor to defray the charges that will come in course of payment for the year ending 31st March, 1975 in respect of Police.

The motion was carried.

Mr. Speaker : Question is—

DEMAND NO. 17

That a Supplementary sum not exceeding Rs. 20,00,000/- be granted to the Governor to defray the charges that will come in course of payment for the year ending 31st March, 1975, in respect of Medical and Public Health.

The motion was carried.

WALK OUT

(ਇਸ ਵਕਤ ਕਈ ਮਾਨਯੋਗ ਮੈਂਬਰ ਸਾਹਿਬਾਨ ਖੜੇ ਹੋ ਕੇ ਬੋਲ ਰਹੇ ਸਨ * * * *) (ਸ਼ੋਰ)

(ਇਸ ਵੇਲੇ ਅਕਾਲੀ ਪਾਰਟੀ, ਸੀ.ਪੀ.ਆਈ ਅਤੇ ਸੀ.ਪੀ.ਆਈ. (ਐਮ) ਅਤੇ ਜਨ ਸੰਘ ਪਾਰਟੀਆਂ ਦੇ ਸਦਨ ਵਿਚ ਹਾਜ਼ਰ ਸਾਰੇ ਮੈਂਬਰ ਵਾਕ ਆਊਟ ਕਰ ਗਏ, ਜਾਂਦੇ ਹੋਏ * * * * ਨਾਹਰੇ ਲਾਉਂਦੇ ਜਾ ਰਹੇ ਸੀ ।)

ਸ਼੍ਰੀ ਸਪੀਕਰ : ਜੋ ਕੁਝ ਵੀ ਆਨਰੇਬਲ ਮੈਂਬਰਜ਼ ਕਹਿ ਰਹੇ ਹਨ, ਇਹ ਰੀਕਾਰਡ ਨਾ ਕੀਤਾ ਜਾਵੇ । (Whatever the hon. Members are sayings should not be recorded)

DISCUSSION ON SUPPLEMENTARY ESTIMATES (FIRST INSTALMENT) 1974-75 (*Resumption*)

DEMAND NO. 18

Mr. Speaker : Question is—

That a Supplementary sum not exceeding Rs. 31,30,000/- be granted to the Governor to defray the charges that will come in course of payment for the year ending 31st March, 1975, in respect of Housing and Urban Development.

The motion was carried.

---

*Not recorded as ordered by the Chair.

Original with;
Punjab Vidhan Sabha
Digitized by;
Panjab Digital Library

DEMAND NO. 19

Mr. Speaker: Question is—

That a Supplementary sum not exceeding Rs. 2,24,000/- be granted to the Governor to defray the charges that will come in course of payment for the year ending 31st March, 1975 in respect of Information, Publicity and Tourism.

The motion was carried.

DEMAND NO. 21

Mr. Speaker : Question is—

That a Supplementary sum not exceeding Rs. 71,00,000/- be granted to the Governor to defray the charges that will come in course of payment for the year ending 31st March, 1975 in respect of Social Security and Welfare,

The motion was carried.

DEMAND NO. 23

Mr. Speaker : Question is—

That a Supplementary sum not exceeding Rs. 2,90,000/- be granted to the Governor to defray the charges that will come in course of payment for the year ending 31st March, 1975 in respect of Co-operation.

The motion was carried.

DEMAND NO. 24

Mr. Speaker: Question is—

That a Supplementary sum not exceeding Rs. 10,00,000/- be granted to the Governor to defray the charges that will come in course of payment for the year ending 31st March, 1975 in respect of Agriculture.

The motion was carried.

DEMAND NO. 31

Mr. Speaker: Question is—

That a Supplementary sum not exceeding Rs. 15,000/- be granted to the Governor to defray the charges that will come in course of payment for the year ending 31st March, 1975 in respect of Community Development.

The motion was carried.

DEMAND NO. 32

Mr. Speaker: Question is—

That a Supplementary sum not exceeding Rs. 15,00,000/- be granted to the Governor to defray the charges that will come in course of payment for the year ending 31st March, 1975 in respect of Industries.

The motion was carried.

Original with;
Punjab Vidhan Sabha
Digitized by;
Panjab Digital Library

DEMAND NO. 39

Mr. Speaker : Question is—

That a Supplementary sum not exceeding Rs. 5,35,40,000/- be granted to the Governor to defray the charges that will come in course of payment for the year ending 31st March, 1975 in respect of Loans and Advances by the State Government.

The motion was carried.

PUNJAB AIDED COLLEGES (SECURITY OF SERVICE OF TEACHERS) BILL, 1974 (*Withdrawal of*)

Minister for Finance (Shri Hans Raj Sharma) : Sir, I beg to ask for leave to withdraw the Punjab Aided Colleges (Security of Service of Teachers) Bill, 1974 (Bill No. 11-PLA of 1974).

Mr. Speaker : Motion moved—

That leave be granted to withdraw the Punjab Aided Colleges (Security of Service of Teachers) Bill 1974 (Bill No. 11-PLA of 1974)

Mr. Speaker : Question is—

That leave be granted to withdraw the Punjab Aided Colleges (Security of Service of Teachers) Bill 1974 (Bill No. 11-PLA of 1974).

The motion was carried.

ਸਰਦਾਰ ਜਸਦੇਵ ਸਿੰਘ ਸੰਧੂ : ਇਸ ਕੁਰਸੀ ਤੇ ਬੈਠ ਕੇ ਆਸਮਾਨ ਤੇ (ਵਿਘਨ) ਆਪਨੇ ਕਹਿ ਦਿਤਾ ਹੈ ਕਿ 'ਨੋਜ਼ ਹੈਵ ਇਟ' । ਸਰਕਾਰ ਜਿਹੜੀ ਹੈ ਇਹ ਗੌਰਮਿੰਟ ਟੀਚਰਜ਼ ਨਾਲ ਫਰਾਡ ਕਰਨਾ ਚਾਹੁੰਦੀ ਹੈ । ਤੁਸੀਂ ਸਾਡਾ ਪਰੋਟੈਸਟ ਰਿਕਾਰਡ ਨਹੀਂ ਕਰਾਉਣਾ ਚਾਹੁੰਦੇ ।

PRESENTATION OF FIRST REPORT OF THE BUSINESS ADVISORY COMMITTEE

Mr. Speaker : I present the First Report of the Business Advisory Committee. The Report reads :

After some discussion, it was decided that the following business be transacted at the sittings of the House mentioned below :—

Wednesday, the 7th August, 1974.	..	1. The Punjab Appropriation (No. 3) Bill, 1974. 2. The Punjab Commercial Crops Cess Bill, 1974.
Thursday, the 8th August, 1974.	..	Off day.
Friday, the 9th August, 1974	..	Off day.

Original with;
Punjab Vidhan Sabha
Digitized by;
Panjab Digital Library

[Mr. Speaker]

Saturday, the 10th August, 1974.	..	Off day.
Sunday, the 11th August, 1974.	..	Holiday.
Monday, the 12th August, 1974.	..	1. The Punjab Panchayat Samitis and Zila Parishads (Amendment) Bill, 1974.
		2. The Indian Stamp (Punjab Amendment) Bill, 1974.
		3. The Punjab Passengers and Goods Taxation (Amendment) Bill, 1974.
		4. The Punjab Entertainment Duty (Amendment) Bill, 1974.
		5. The Punjab Motor Spirit (Taxation of Sales) Second Amendment Bill, 1974.
		6. The Punjab Motor Vehicles Taxation (Amendment) Bill, 1974.
Tuesday, the 13th August, 1974.	..	1. The Punjab Affiliated Colleges (Security of Service of Teachers) Bill, 1974.
		2. The Punjab Land Revenue (Amendment) Bill, 1974.

It was also decided that the House will meet on the 14th August, 1974. This day will be utilized for transacting non-official business. The details of the non-official business to be transacted on 14th August, 1974 will be decided in the meeting of the Business Advisory Committee to be held on the 12th August, 1974.

Minister for Revenue and Elections : Sir, I beg to move—

That this House agrees with the recommendations contained in the First Report of the Business Advisory Committee.

Mr. Speaker : Motion moved—

That this House agrees with the recommendations contained in the First Report of the Business Advisory Committee.

EXTENSION OF TIME OF THE SITTING

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਮੇਰੀ ਗੁਜਾਰਿਸ਼ ਇਹ ਹੈ ਕਿ ਅੱਜ ਦੇ ਏਜੰਡੇ ਦੇ ਮੁਤਾਬਿਕ ਥੋੜ੍ਹਾ ਜਿਹਾ ਸਮਾਂ ਸਪਲੀਮੈਂਟਰੀ ਐਸਟੀਮੇਟਸ ਨੂੰ ਵੱਧ ਲਗ ਗਿਆ ਹੈ। ਇਸ ਲਈ ਹਾਊਸ ਦਾ ਸਮਾਂ ਐਕਸਟੈਂਡ ਕਰ ਦਿਤਾ ਜਾਵੇ।

ਸ਼੍ਰੀ ਸਪੀਕਰ : ਜਦੋਂ ਤਕ ਬਿਲ ਪਾਸ ਨਾ ਹੋ ਜਾਣ ਹਾਊਸ ਦਾ ਸਮਾਂ ਐਕਸਟੈਂਡ ਕੀਤਾ ਜਾਂਦਾ ਹੈ। (The time of the sitting is extended till the Bills on the Agenda are disposed of).

Original with;
Punjab Vidhan Sabha
Digitized by;
Panjab Digital Library

ESENTATION OF FIRST REPORT OF THE BUSINESS ADVISORY COMMITTEE (*Resumption*)

ਕਾਮਰੇਡ ਸੱਤ ਪਾਲ ਡਾਂਗ : ਇਹ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਰਿਪੋਰਟ ਪੇਸ਼ ਕੀਤੀ ਹੈ । ਪਾਸ ਹੋਣ ਤੋਂ ਪਹਿਲਾਂ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਰਿਪੋਰਟਾਂ ਪਿਛਲੇ ਸੈਸ਼ਨ ਵਿਚ ਹੋਈਆਂ ਸਨ ਉਨ੍ਹਾਂ ਤੇ ਬਹਿਸ ਬਾਰੇ ਕੀ ਫ਼ੈਸਲਾ ਹੋਇਆ ਹੈ ?

ਸ਼੍ਰੀ ਸਪੀਕਰ : ਜੋਸ਼ ਸਾਹਿਬ ਵੀ ਉਥੇ ਸਨ । ਨਾਨ-ਆਫੀਸ਼ੀਅਲ ਡੇ ਬਾਰੇ ਗਲ ਹੋਈ ਸੀ, ਉਸਦੇ ਬਾਰੇ ਫ਼ੈਸਲਾ ਕਰ ਲਵਾਂਗੇ । (Mr. Josh was also there in the meeting. Matter regarding business for the Non-Official Day was discussed. This will be decided later).

Mr. Speaker : Question is—

That this House agrees with the recommendations contained in the First Report of the Business Advisory Committee.

The motion was carried.

THE PUNJAB HOMOEOPATHIC PRACTITIONERS (AMENDMENT) BILL, 1974.

Minister of State for Health & Family Planning (Sardar Balbir Singh) : Sir, I beg to introduce the Punjab Homoeopathic Practitioners (Amendment) Bill, 1974.

Sir, I beg to move—

That the Punjab Homoeopathic Practitioners (Amendment) Bill, be taken into consideration at once.

Mr. Speaker : Motion moved—

That the Punjab Homoeopathic Practitioners (Amendment) Bill be taken into consideration at once.

ਸ਼੍ਰੀ ਸਪੀਕਰ : ਅੱਧਾ ਅੱਧਾ ਘੰਟਾ ਬਿਲ ਲਈ ਰਖਿਆ ਹੋਇਆ ਹੈ । ਮੈਂ ਬੇਨਤੀ ਕਰਾਂਗਾ ਕਿ ਐਨਾ ਟਾਈਮ ਹੀ ਲੈਣਾ । (Only half an hour has been earmarked for each Bill. I would request that we should stick to the decision.)

ਸਰਦਾਰ ਬਸੰਤ ਸਿੰਘ ਖਾਲਸਾ (ਦਾਖਾ, ਐਸ.ਸੀ.) : ਸਪੀਕਰ ਸਾਹਿਬ, ਅੱਜ ਹਾਊਸ ਵਿਚ ਪੰਜਾਬ ਹੋਮਿਓਪੈਥਿਕ ਪ੍ਰੈਕਟੀਸ਼ਨਰਜ਼ (ਅਮੈਂਡਮੈਂਟ) ਬਿਲ, 1974 ਆਇਆ ਹੈ ਜਿਸ ਰਾਹੀਂ ਪੰਜਾਬ ਹੋਮਿਓਪੈਥਿਕ ਪ੍ਰੈਕਟੀਸ਼ਨਰਜ਼ ਐਕਟ, 1965 ਦੀਆਂ ਕੁਝ ਧਾਰਾਵਾਂ ਨੂੰ ਅਮੈਂਡ ਕੀਤਾ ਗਿਆ ਹੈ । ਸਪੀਕਰ ਸਾਹਿਬ, ਇਸ ਅਮੈਂਡਮੈਂਟ ਰਾਂਹੀਂ ਪੰਜਾਬ ਸਰਕਾਰ ਨੇ ਜਿਹੜਾ ਹੋਮਿਓਪੈਥਿਕ ਸਿਸਟਮ ਹੈ ਉਹਨੂੰ ਇਕ ਕੌਂਸਲ ਚਲਾ ਰਹੀ ਹੈ । ਉਹਦੀ ਜਿਹੜੀ ਮਿਆਦ ਹੈ, ਅਤੇ ਉਹਦੇ ਮੈਂਬਰ ਜਿਹੜੇ ਨੌਮੀਨੇਟ ਕੀਤੇ ਗਏ ਹੁਨ, ਉਹ ਵੀ ਚਾਰ ਸਾਲ ਲਈ ਕੀਤੇ ਹਨ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਬਸੰਤ ਸਿੰਘ ਖਾਲਸਾ]

ਸਾਨੂੰ ਇਹਦੇ ਵਿਚ ਕੋਈ ਇਤਰਾਜ਼ ਨਹੀਂ ਹੈ ਕਿ ਉਹਦੀ ਮਿਆਦ ਵਧਾਈ ਜਾਵੇ ਪਰ ਇਸ ਗਲ ਤੇ ਇਤਰਾਜ਼ ਹੈ ਕਿ ਜਿਨ੍ਹਾਂ ਲੋਕਾਂ ਨੇ ਇਸ ਸਿਸਟਮ ਨੂੰ ਲਾਗੂ ਕਰਨਾ ਹੈ, ਪ੍ਰੈਕਟਿਸ ਕਰਨੀ ਹੈ, ਉਹ ਲੋਕ ਇਸ ਤਰੀਕੇ ਨਾਲ ਰਖੇ ਗਏ ਹਨ । ਜਿਹੜਾ ਪਹਿਲਾਂ ਐਲੋਪੈਥੀ ਸਿਸਟਮ ਚਲਦਾ ਹੈ ਜਿਹੜਾ ਬੜਾ ਸਾਇੰਸ ਤੇ ਆਧਾਰਤ ਹੈ, ਉਹ ਵੀ ਠੀਕ ਨਹੀਂ ਚਲ ਰਿਹਾ ਹੈ । ਇਹ ਜਿਹੜੇ ਹੋਮਿਓਪੈਥੀ ਚਲਾਉਣ ਵਾਸਤੇ ਲੋਕਾਂ ਨੇ ਪ੍ਰੈਕਟਿਸ ਕਰਨੀ ਹੈ, ਉਨ੍ਹਾਂ ਦੀ ਕੁਆਲੀਫੀਕੇਸ਼ਨਜ਼ ਦਾ ਜੋ ਮਿਆਰ ਰਖਿਆ ਗਿਆ ਹੈ ਉਹ ਨੀਵਾਂ ਰਖਿਆ ਗਿਆ ਹੈ। ਸਪੀਕਰ ਸਾਹਿਬ,ਇਸ ਬਿਲ ਵਿਚ ਕਿਹਾ ਗਿਆ ਹੈ ਜਿਹੜੇ ਆਦਮੀ ਮੈਟ੍ਰਿਕ ਪਾਸ ਹੋਣ ਅਤੇ ਉਨ੍ਹਾਂ ਦਾ ਪੰਜ ਸਾਲ ਦਾ ਐਕਸਪੀਰੀਐਂਸ ਹੋਵੇ,ਇਸ ਲਾਈਨ ਵਿਚ ਕਿਤੇ ਪ੍ਰੈਕਟਿਸ ਕੀਤੀ ਹੋਵੇ, ਉਨ੍ਹਾਂ ਦੀ ਰਜਿਸਟਰੇਸ਼ਨ ਕੀਤੀ ਜਾਏਗੀ । ਤੁਹਾਨੂੰ ਹਿੰਦੁਸਤਾਨ ਵਿਚ ਪਤਾ ਹੈ ਕਿ ਕਿਵੇਂ ਸਰਟੀਫਿਕੇਟ ਇਸ਼ੂ ਕੀਤੇ ਜਾਂਦੇ ਹਨ । ਫੇਰ ਕਿਵੇਂ ਇਨ੍ਹਾਂ ਲੋਕਾ ਨੂੰ ਕਿਹਾ ਜਾਂਦਾ ਹੈ ਕਿ ਇਨ੍ਹਾਂ ਲੋਕਾਂ ਨੂੰ ਪੰਜ ਸਾਲਾਂ ਦਾ ਤਜ਼ਰਬਾ ਹੋਵੇ । ਜਿਨ੍ਹਾਂ ਦੀ ਪੰਜ ਸਾਲਾਂ ਦੀ ਪ੍ਰੈਕਟਿਸ ਹੋਵੇ ਉਨਾਂ ਲੋਕਾਂ ਨੂੰ ਸਰਟੀਫਿਕੇਟ ਅਤੇ ਰਜਿਸਟਰੇਸ਼ਨ ਕੀਤੀ ਜਾਵੇ । ਐਥੇ ਹੀ ਬਸ ਨਹੀਂ ਚਲੋ ਮੈਟ੍ਰਿਕ ਪਾਸ ਤਾਂ ਇਕ ਪਾਸੇ ਰਿਹਾ ਜਿਸ ਨੂੰ ਥੋੜ੍ਹਾ ਬਹੁਤ ਤਜ਼ਰਬਾ ਹੋਵੇ ਚਾਹੇ ਕੋਈ ਪੜ੍ਹਾ ਆੜਾ ਹੀ ਜਾਣਦਾ ਹੋਵੇ ਉਨ੍ਹਾਂ ਲੋਕਾਂ ਨੂੰ ਵੀ ਰਜਿਸਟਰ ਕਰਨਗੇ । ਜਿਹੜੇ ਬਿਲਕੁਲ ਕੋਰੇ ਹਨ, ਜਾਂ ਉਹਦੀ 25 ਸਾਲ ਦੀ ਉਮਰ ਹੋਵੇ, 15 ਸਾਲ ਦਾ ਤਜ਼ਰਬਾ ਹੋਵੇ, ਉਨ੍ਹਾਂ ਨੂੰ ਵੀ ਰਜਿਸਟਰ ਕੀਤਾ ਜਾਵੇ । ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਦੇਸ਼ ਵਿਚ ਇਸ ਪੰਜਾਬ ਵਿਚ ਪਹਿਲਾਂ ਜਿਹੜੀ ਮੈਡੀਕਲ ਲਾਈਨ ਚਲ ਰਹੀ ਹੈ ਇਹਦੇ ਵਿਚ ਹੀ ਚੰਗੇ ਐਕਸਪੀਰੀਐਂਸਡ ਡਾਕਟਰਜ਼ ਅਵੇਲੇਬਲ ਨਹੀਂ ਹਨ । ਇਹ ਜਿਹੜਾ ਸਿਸਟਮ ਭਾਵੇਂ ਹੋਮਿਓਪੈਥੀ ਦਾ ਚਲ ਰਿਹਾ ਹੈ ਜਾਂ ਆਯੁਰਵੈਦਿਕ ਦਾ ਚਲ ਰਿਹਾ ਹੈ ਇਹਦੇ ਨਾਲ ਸਾਡੇ ਲੋਕਾਂ ਨੂੰ ਨਾ ਮਾਰੋ । ਇਸ ਲਈ ਉਨ੍ਹਾਂ ਨੂੰ ਚੰਗੀਆਂ ਸਹੂਲਤਾਂ ਦਿਉ । ਇਨ੍ਹਾਂ ਨੇ ਕਿਹਾ ਹੈ ਕਿ ਹੋਮਿਓਪੈਥਿਕ ਡਿਸਪੈਂਸਰੀਆਂ ਖੋਲ੍ਹੀਆਂ ਜਾਣੀਆਂ ਚਾਹੀਦੀਆਂ ਹਨ । ਪਿੰਡਾਂ ਵਿਚ ਹੋਮਿਓ-ਪੈਥਿਕ ਦੀਆਂ ਡਿਸਪੈਂਸਰੀਆਂ ਖੋਲ੍ਹੀਆਂ ਜਾਣਗੀਆਂ ਜਿਹੜੀਆਂ ਪਿੰਡਾਂ ਵਿਚ ਐਲੋਪੈਥਿਕ ਦੀਆਂ ਡਿਸਪੈਂਸਰੀਆਂ ਹਨ ਉਨ੍ਹਾਂ ਵਿਚ ਉਥੇ ਦਵਾਈਆਂ ਨਹੀਂ ਹਨ । ਜੇ ਦਵਾਈਆਂ ਹਨ ਤਾਂ ਮਿਲਦੀਆਂ ਨਹੀਂ ਹਨ ਕਿਉਂਕਿ ਇਸ ਦੀ ਕੋਈ ਚੈਕਿੰਗ ਨਹੀਂ ਹੁੰਦੀ । ਉਥੇ ਡਿਸਪੈਂਸਰੀਆਂ ਵਿਚ ਡਾਕਟਰ ਨਹੀਂ ਹਨ ।

ਸ਼੍ਰੀ ਸਪੀਕਰ : ਤੁਸੀਂ ਬਿੱਲ ਤੇ ਬੋਲੋ । (Please speak on the Bill.)

ਸਰਦਾਰ ਬਸੰਤ ਸਿੰਘ ਖਾਲਸਾ : ਮੈਂ ਦਸ ਰਿਹਾ ਹਾਂ ਕਿ ਜਿਥੇ ਐਲੋਪੈਥਿਕ ਨਹੀਂ ਚਲ ਰਹੀ ਉਥੇ ਇਹ ਹੋਮਿਓਪੈਥਿਕ ਨੂੰ ਲਿਆ ਰਹੇ ਹਨ ।

ਸ਼੍ਰੀ ਸਪੀਕਰ : ਪਰ ਤੁਸੀਂ ਜਿਹੜਾ ਬਿਲ ਦਾ ਸਕੋਪ ਹੈ, ਉਸ ਤੇ ਬੋਲੋ । (Please confine yourself to the scope of the Bill.)

ਸਰਦਾਰ ਬਸੰਤ ਸਿੰਘ ਖਾਲਸਾ : ਇਹ ਜਿਹੜੀ ਮੈਟ੍ਰਿਕ ਕੁਆਲੀਫੀਕੇਸ਼ਨ ਰਖੀ ਗਈ ਹੈ, ਇਸ ਦੇ ਵਿਚ 5 ਸਾਲ ਦਾ ਤਜਰਬਾ ਰਖਿਆ ਗਿਆ ਹੈ, ਇਹ ਠੀਕ ਨਹੀਂ ਹੈ ਜਦ ਕਿ ਹਿਦੁਸਤਾਨ ਵਿਚ ਕਲਕਤੇ ਅਤੇ ਲਖਨਊ ਵਿਚ ਪਿੰਡਾਂ ਵਿਚ ਸਕੂਲ ਚਲ ਰਹੇ ਹਨ ਉਨ੍ਹਾਂ ਨੂੰ ਟਰੇਨਿੰਗ ਦਿਤੀ ਜਾਂਦੀ ਹੈ, ਉਥੇ ਇਨ੍ਹਾਂ ਲੋਕਾਂ ਨੂੰ ਟਰੇਨਿੰਗ ਦਿਤੀ ਜਾਵੇ

Original with;
Punjab Vidhan Sabha
Digitized by;
Panjab Digital Library

ਅਤੇ ਜਿਹੜੇ ਉਥੋਂ ਟਰੇਨਿੰਗ ਲੈ ਕੇ ਆਉਣ ਉਨ੍ਹਾਂ ਨੂੰ ਸਰਟੀਫੀਕੇਟ ਦਿਤੇ ਜਾਣ ਅਤੇ ਫਿਰ ਉਨ੍ਹਾਂ ਦੀ ਰਜਿਸਟਰੇਸ਼ਨ ਕੀਤੀ ਜਾਵੇ । ਜਿਹੜੇ ਅਨਪੜ੍ਹ ਆਦਮੀ ਹਨ ਅਤੇ ਜਿਨ੍ਹਾਂ ਨੂੰ ਕੋਈ ਤਜ਼ਰਬਾ ਨਹੀਂ ਹੈ ਉਹ ਝੂਠਾ ਸਰਟੀਫੀਕੇਟ ਹੀ ਦਿਖਾ ਦਿੰਦੇ ਹਨ, ਇਹ ਚੀਜ਼ ਬਿਲਕੁਲ ਨਹੀਂ ਚਲਣੀ ਚਾਹੀਦੀ । ਮੈਂ ਬੇਨਤੀ ਕਰਾਂਗਾ ਕਿ ਜਿਸ ਤਰ੍ਹਾਂ ਕਲਕਤੇ ਅਤੇ ਲਖਨਊ ਵਿਚ ਟਰੇਨਿੰਗ ਸੈਂਟਰ ਚਲਦੇ ਹਨ ਉਥੇ ਉਨ੍ਹਾਂ ਨੂੰ ਟਰੇਨਿੰਗ ਦਿਤੀ ਜਾਵੇ ਅਤੇ ਪਿੰਡਾਂ ਵਿਚ ਟਰੇਂਡ ਆਦਮੀ ਜਾ ਕੇ ਕੰਮ ਚਲਾਉਣ ਅਤੇ ਇਸ ਤਰ੍ਹਾਂ ਲੋਕਾਂ ਨੂੰ ਨਾ ਮਾਰਨ (ਘੰਟੀ) ਇਹ ਜਿਹੜੀ ਅਨਪੜ੍ਹ ਆਦਮੀਆਂ ਦੀ ਵੀ ਰਜਿਸਟਰੇਸ਼ਨ ਕੀਤੀ ਜਾਂਦੀ ਹੈ ਇਹ ਨਹੀਂ ਕੀਤੀ ਜਾਣੀ ਚਾਹੀਦੀ । ਇਹ ਜਿਹੜੇ ਪਿੰਡਾਂ ਵਿਚ ਹਕੀਮ ਹਨ ਅਤੇ ਉਹ ਅਨਪੜ੍ਹ ਹਨ, ਉਹ ਕੀ ਦਵਾਈ ਦੇ ਸਕਦੇ ਹਨ ? (ਘੰਟੀ)

Mr. Speaker : Please resume your seat.

ਸ਼੍ਰੀ ਪ੍ਰੇਮ ਗੁਪਤਾ (ਪਟਿਆਲਾ) : ਸਪੀਕਰ ਸਾਹਿਬ, ਇਹ ਜਿਹੜਾ ਬਿੱਲ ਲਿਆਂਦਾ ਗਿਆ ਹੈ, ਇਸ ਦੇ ਸਟੇਟਮੈਂਟ ਆਫ ਆਬਜੈਕਟਸ ਐਂਡ ਰੀਜ਼ਨਜ਼ ਜਿਹੜੇ ਹਨ ਇਨ੍ਹਾਂ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਇਸ ਬਿੱਲ ਦਾ ਮੰਤਵ ਹੈ ਕਿ ਕੋਈ ਹੋਮਿਓਪੈਥਿਕ ਕੌਂਸਲ ਹੋਵੇ, ਸਰਕਾਰ ਉਸ ਨੂੰ ਰੈਗੂਲੇਟ ਕਰਨਾ ਚਾਹੁੰਦੀ ਹੈ । ਨਾਲ ਹੀ ਜਿਹੜੇ ਹੋਮਿਓਪੈਥਿਕ ਟਰੀਟਮੈਂਟ ਦੇ ਵਿਚ ਲੋਕ ਇਨਵਾਲਵਡ ਹਨ, ਉਨ੍ਹਾਂ ਨੂੰ ਸਰਕਾਰ ਕੁਝ ਰੈਗੂਲੇਟ ਕਰਨਾ ਚਾਹੁੰਦੀ ਹੈ । ਖਾਲਸਾ ਜੀ ਨੇ ਐਲੋਪੈਥਿਕ ਦੇ ਬਾਰੇ ਬਹੁਤ ਕੁਝ ਕਿਹਾ ਹੈ । ਪਰ ਮੇਰੇ ਪਾਸ ਐਨਾ ਸਮਾਂ ਨਹੀਂ ਹੈ ਕਿ ਮੈਂ ਇਸ ਦੀ ਡਿਟੇਲ ਵਿਚ ਜਾ ਸਕਾਂ । ਇਹ ਠੀਕ ਹੈ ਕਿ ਇਸ ਦੇਸ਼ ਵਿਚ ਕਈ ਕਿਸਮ ਦੇ ਇਲਾਜ ਕਰਨ ਦੇ ਤਰੀਕੇ ਹਨ । ਆਯੁਰਵੈਦਿਕ ਵੀ ਚਲਦਾ ਹੈ, ਐਲੋਪੈਥਿਕ ਸਿਸਟਮ ਵੀ ਚਲਦਾ ਹੈ ਅਤੇ ਹੋਮਿਓਪੈਥਿਕ ਸਿਸਟਮ ਵੀ ਚਲਦਾ ਹੈ ਪਰ ਮੈਂ ਕਹਿੰਦਾ ਹਾਂ ਕਿ ਹੈਲਥ ਦੀ ਜਿਹੜੀ ਏਡ ਹੈ, ਉਹ ਐਨੀ ਨਹੀਂ ਮਿਲ ਰਹੀ ਜਿਤਨੀ ਕਿ ਮਿਲਣੀ ਚਾਹੀਦੀ ਹੈ । ਇਸ ਲਈ ਜਿਹੜਾ ਵੀ ਸਿਸਟਮ ਕੰਟਰੀ ਵਿਚ ਅਵੇਲੇਬਲ ਹੈ ਉਸ ਨੂੰ ਜਿੰਨਾਂ ਐਕਸ-ਪਲੋਰ ਕਰ ਲਿਆ ਜਾਵੇ ਲੋਕਾਂ ਦੀ ਭਲਾਈ ਵਾਸਤੇ ਮੈਂ ਸਮਝਦਾ ਹਾਂ ਕਿ ਉਹ ਉਤਨਾ ਹੀ ਚੰਗਾ ਹੈ । ਹਰ ਸਿਸਟਮ ਦਾ ਆਪਣਾ ਫਾਇਦਾ ਹੈ । ਹਕੀਮਾਂ ਦਾ ਆਪਣਾ ਫਾਇਦਾ ਹੈ ।

Mr. Speaker : Please be relevant.

ਸ਼੍ਰੀ ਪ੍ਰੇਮ ਗੁਪਤਾ : ਜੇ ਤੁਸੀਂ ਕਹੋ ਤਾਂ ਮੈਂ ਬੈਠ ਜਾਂਦਾ ਹਾਂ ।

ਸ਼੍ਰੀ ਸਪੀਕਰ : ਜਿਸ ਮਕਸਦ ਲਈ ਬਿਲ ਲਿਆਂਦਾ ਹੈ ਉਸ ਵਾਸਤੇ ਬੋਲੋ ।
(Please confine yourself to the purpose of the Bill.)

ਸ਼੍ਰੀ ਪ੍ਰੇਮ ਗੁਪਤਾ : ਮੈਨੂੰ ਟਾਈਮ ਦਸ ਦਿਉ ਕਿ ਮੈਂ 4 ਮਿੰਟ ਬੋਲਣਾ ਹੈ ਜਾਂ 5 ਮਿੰਟ ਬੋਲਣਾ ਹੈ ।

Mr. Speaker : Please be relevant.

ਸ਼੍ਰੀ ਪ੍ਰੇਮ ਗੁਪਤਾ : ਮੈਂ ਰੈਲੇਵੈਂਟ ਹਾਂ ।

ਸ਼੍ਰੀ ਦਰਬਾਰਾ ਸਿੰਘ : ਸਾਰੇ ਬੋਲਣ ਵਾਲੇ ਨਾਨ-ਟੈਕਨੀਕਲ ਹਨ । ਇਨ੍ਹਾਂ ਨੂੰ ਇਸ ਬਾਰੇ ਕੀ ਪਤਾ ਹੈ । (ਹਾਸਾ)

Original with;
Punjab Vidhan Sabha
Digitized by;
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ : ਡਾਕਟਰ ਅਮੀਰ ਸਿੰਘ ਨੂੰ ਬੁਲਾਉ । (ਵਿਘਨ) ਜੇ ਡਾਕਟਰ ਅਮੀਰ ਸਿੰਘ ਨਹੀਂ ਬੋਲ ਸਕਦਾ ਤਾਂ ਡਾਕਟਰ ਜ਼ੈਲ ਸਿੰਘ ਨੂੰ ਬੁਲਾ ਲਵੋ । (ਵਿਘਨ) (ਹਾਸਾ)

ਸ਼੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੈਂ ਤਾਂ ਐਨੀ ਬੇਨਤੀ ਕਰਨੀ ਸੀ ਕਿ ਹੋਮਿਓ-ਪੈਥਿਕ ਸਿਸਟਮ ਨੂੰ ਰੈਗੂਲੇਟ ਕਰਨ ਵਾਸਤੇ ਅਤੇ ਕੁਐਕਸ ਨੂੰ ਰੋਕਣ ਵਾਸਤੇ ਕੋਈ ਕਾਨੂੰਨ ਬਣਾਉਣਾ ਪਵੇਗਾ ਤਾਂ ਹੀ ਉਹ ਰੁੱਕੇ ਜਾਣਗੇ ਨਹੀਂ ਤਾਂ ਫਿਰ ਉਹ ਬੰਦੇ ਜਿਥੇ ਦਿਲ ਕਰੇਗਾ ਆਪਣਾ ਡੱਬਾ ਲੈ ਕੇ ਬੈਠ ਜਾਣਗੇ । ਸਰਕਾਰ ਦੀ ਕੋਸ਼ਿਸ਼ ਹੈ ਕਿ ਕੁਐਕਸ ਨੂੰ ਰੋਕਿਆ ਜਾਵੇ ਅਤੇ ਹੋਮਿਓਪੈਥਿਕ ਸਿਸਟਮ ਨੂੰ ਚੰਗੀ ਤਰ੍ਹਾਂ ਚਾਲੂ ਕੀਤਾ ਜਾ ਸਕੇ, ਇਹ ਠੀਕ ਗੱਲ ਹੈ ।

ਸ਼੍ਰੀ ਸਰਦਾਰੀ ਲਾਲ ਕਪੂਰ (ਲੁਧਿਆਣਾ ਉੱਤਰ) : ਸਪੀਕਰ ਸਾਹਿਬ, ਜਿਹੜਾ ਬਿੱਲ ਫਾਈਨੈਂਸ ਮਨਿਸਟਰ ਸਾਹਿਬ ਨੇ ਪੇਸ਼ ਕੀਤਾ ਹੈ ਹੋਮਿਓਪੈਥਿਕ ਦਾ, ਮੈਂ ਇਸ ਦੀ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ । ਕਿੰਨੇ ਚਿਰ ਦੀ ਇਹ ਗੱਲ ਚੱਲ ਰਹੀ ਸੀ ਕਿ ਹੋਮਿਓਪੈਥਿਕ ਦਾ ਜਿਹੜੇ ਲੋਕ ਕੰਮ ਕਰਦੇ ਹਨ ਉਹ ਕਹਿੰਦੇ ਸਨ ਕਿ ਇਸ ਚੀਜ਼ ਨੂੰ ਰੈਗੂਲੇਟ ਕਰਨਾ ਚਾਹੀਦਾ ਹੈ ਸੋ ਇਹ ਚੀਜ਼ ਸਰਕਾਰ ਨੇ ਕੀਤੀ ਹੈ ਐਲੋਪੈਥਿਕ ਸਿਸਟਮ ਨਾਲ ਇਲਾਜ ਮਹਿੰਗਾ ਪੈਂਦਾ ਹੈ ਅਤੇ ਹੋਮਿਓਪੈਥਿਕ ਨਾਲ ਸਸਤਾ ਪੈਂਦਾ ਹੈ । ਬੜੇ ਬੜੇ ਮੁਲਕਾਂ ਵਿਚ ਇਹ ਇਲਾਜ ਕਾਮਯਾਬ ਹੋਇਆ ਹੈ । ਇਸ ਦੇ ਵਿਚ ਇਹ ਪਾਬੰਦੀ ਵੀ ਹੋਣੀ ਚਾਹੀਦੀ ਹੈ ਕਿ ਜਿਹੜਾ ਹੋਮਿਓਪੈਥਿਕ ਦੀ ਪ੍ਰੈਕਟਿਸ ਕਰੇਗਾ ਉਹ ਐਲੋਪੈਥਿਕ ਦੀਆਂ ਦਵਾਈਆਂ ਨਹੀਂ ਰਖੇਗਾ । ਜੇ ਹੋਮਿਓਪੈਥਿਕ ਦਾ ਸਿਸਟਮ ਹੈ ਤਾਂ ਉਹੀ ਹੋਵੇ ਉਸ ਕੋਲ ਫਿਰ ਹੋਰ ਦਵਾਈ ਨਾ ਹੋਵੇ । ਇਹ ਜਿਹੜੀਆਂ ਹੋਮਿਓਪੈਥਿਕ ਦੀਆਂ ਡਿਗਰੀਆਂ ਵਿਕਦੀਆਂ ਹਨ, ਇਹ ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ । ਇਸ ਕਿਸਮ ਦੇ ਜਿਹੜੇ ਪੇਸ਼ਾਵਰ ਆਦਮੀ ਹਨ ਉਨ੍ਹਾਂ ਦਾ ਇਹ ਕੰਮ ਬੰਦ ਹੋਣਾ ਚਾਹੀਦਾ ਹੈ । ਇਸ ਕਰਕੇ ਮੈਂ ਪ੍ਰਾਰਥਨਾ ਕਰਾਂਗਾ ਕਿ ਜਿਹੜਾ ਬੋਰਡ ਮੁਕੱਰਰ ਹੋਵੇਗਾ ਉਸ ਦੇ ਵਿਚ ਵੈਲ ਕੁਆਲੀਫਾਈਡ ਆਦਮੀ ਹੋਣ । ਇਸ ਦੇ ਵਿਚ ਇਕ ਗੱਲ ਇਹ ਲਿਖੀ ਹੈ ਕਿ ਕੋਈ ਆਦਮੀ ਜੋ ਮੈਟਰੀਕੁਲੇਟ ਭਾਵੇਂ ਨਾ ਹੋਵੇ ਅਤੇ ਜੇ ਉਹ ਥੋੜ੍ਹਾ ਜਿਹਾ ਜਾਣਦਾ ਹੋਵੇ ਅਤੇ ਆਪਣੀ ਫੀਸ ਭਰ ਦੇਵੇ ਅਤੇ ਸਟੇਟ ਗੌਰਮਿੰਟ ਤੋਂ ਇਜ਼ਾਜ਼ਤ ਲੈ ਲਵੇ ਤਾਂ ਠੀਕ ਹੈ । ਪਰ ਇਹ ਗੱਲ ਮੇਰੀ ਸਮਝ ਵਿਚ ਨਹੀਂ ਆਈ ਕਿ ਉਹ ਜਾਣਦਾ ਕੁਝ ਵੀ ਨਾ ਹੋਵੇ ਅਤੇ ਫੀਸ ਦੇਵੇ ਅਤੇ ਜੇ ਸਟੇਟ ਗੌਰਮਿੰਟ ਦੀ ਇਜਾਜ਼ਤ ਲੈ ਲਵੇ ਤਾਂ ਠੀਕ ਹੈ, ਇਹ ਗਲ ਮੇਰੀ ਸਮਝ ਵਿਚ ਨਹੀਂ ਆਈ । ਮੈਂ ਕਹਿੰਦਾ ਹਾਂ ਕਿ ਉਹ ਕੁਆਲੀਫਾਈਡ ਹੋਵੇ, ਹੋਮਿਓਪੈਥਿਕ ਵਿਚ ਇਹ ਗੱਲ ਯਾਦ ਰਖਣੀ ਚਾਹੀਦੀ ਹੈ ਕਿ ਜੇ ਕੋਈ ਆਦਮੀ ਤਜ਼ਰਬੇਕਾਰ ਨਾ ਹੋਵੇ ਅਤੇ ਜਿਨ੍ਹਾਂ ਲੋਕਾਂ ਨੂੰ ਉਸ ਨੇ ਦਵਾਈ ਦੇ ਦਿਤੀ ਅਤੇ ਉਲਟ ਦਵਾਈ ਦੇ ਦਿਤੀ ਤਾਂ ਫਿਰ ਉਹ ਮਰੀਜ਼ ਠੀਕ ਨਹੀਂ ਹੋ ਸਕਦੇ । ਇਸ ਲਈ ਵੈਲ ਕੁਆਲੀਫਾਈਡ ਆਦਮੀ ਹੋਣੇ ਚਾਹੀਦੇ ਹਨ । ਇਹ ਜਿਹੜਾ ਬਿਲ ਪੇਸ਼ ਕੀਤਾ ਗਿਆ ਹੈ ਮੈਂ ਇਸ ਦੀ ਮੁਬਾਰਕਬਾਦ ਦਿੰਦਾ ਹਾਂ ।

ਡਾਕਟਰ ਹਰਭਜਨ ਸਿੰਘ (ਆਦਮਪੁਰ) : ਬੜੀ ਦੇਰ ਤੋਂ ਸਰਕਾਰ ਨੇ ਇਸ ਪਾਸੇ ਧਿਆਨ ਦਿਤਾ ਹੈ ਕਿ ਹੋਮਿਓਪੈਥਿਕ ਨੂੰ ਰਿਕੁਗਨਾਈਜ਼ ਕੀਤਾ ਜਾਵੇ । ਬਾਹਰਲੇ ਸਾਰੇ ਦੇਸ਼ਾਂ ਵਿਚ ਇਸ ਨੂੰ ਬੜੀ ਅੱਛੀ ਤਰ੍ਹਾਂ ਰਿਕੁਗਨਾਈਜ਼ ਕੀਤਾ ਗਿਆ ਹੈ ਪਰ ਅਸੀਂ ਬੜੇ ਲੇਟ ਹੋ ਗਏ ਹਾਂ । ਮੈਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ ਜੋ ਇਨ੍ਹਾਂ ਨੇ ਹੋਮਿਓਪੈਥਿਕ ਨੂੰ ਰਿਕੁਗਨਾਈਜ਼

Original with;
Punjab Vidhan Sabha
Digitized by;
Panjab Digital Library

ਕਰਨ ਦੀ ਕੋਸ਼ਿਸ਼ ਕੀਤੀ ਹੈ । ਇਥੇ ਖਾਲਸਾ ਜੀ ਨੇ ਕਿਹਾ ਹੈ ਕਿ ਹੋਮਿਓਪੈਥਿਕ ਵਾਸਤੇ ਬੜੇ ਕੁਆਲੀਫਾਈਡ ਆਦਮੀ ਚਾਹੀਦੇ ਹਨ । ਮੈਂ ਕਹਿੰਦਾ ਹਾਂ ਕਿ ਹੋਮਿਓਪੈਥਿਕ ਕੋਈ ਐਸੀ ਦਵਾਈ ਨਹੀਂ ਹੈ ਜਿਹੜੀ ਕਿ ਨੁਕਸਾਨ ਪਹੁੰਚਾ ਸਕੇ । ਜੇ ਗਲਤੀ ਨਾਲ ਵੀ ਕੋਈ ਹੋਰ ਦਵਾਈ ਦਿਤੀ ਜਾਵੇ ਤਾਂ ਉਹ ਕੋਈ ਨੁਕਸਾਨ ਨਹੀਂ ਕਰਦੀ । (ਵਿਘਨ) ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ । ਮੈਨੂੰ ਇਸ ਬਾਰੇ ਪਤਾ ਹੈ । ਜੇ ਅੱਖਾਂ ਮੀਟ ਕੇ ਵੀ ਇਹ ਦਵਾਈ ਦੇ ਦਿਉ ਤਾਂ ਵੀ ਇਸ ਦਾ ਕੋਈ ਨੁਕਸਾਨ ਨਹੀਂ ਹੁੰਦਾ । (ਵਿਘਨ)

ਸ਼੍ਰੀ ਸਪੀਕਰ : ਅੱਖਾਂ ਮੀਟ ਕੇ ਕਿਸੇ ਨੂੰ ਦਵਾਈ ਨਹੀਂ ਦੇਣੀ ਚਾਹੀਦੀ । (Medicine should not be prescribed without proper diagnoses.)

ਡਾਕਟਰ ਹਰਭਜਨ ਸਿੰਘ : ਇਸ ਦੇ ਵਿਚ ਕਿਸੇ ਕੁਆਲੀਫੀਕੇਸ਼ਨ ਦੀ ਲੋੜ ਨਹੀਂ ਹੈ । ਤਜ਼ਰਬੇ ਨਾਲ ਹੀ ਕੰਮ ਚਲ ਸਕਦਾ ਹੈ । ਜੇ ਪੰਜਾਬੀ ਦੀ ਕਿਤਾਬ ਪੜ੍ਹੀ ਹੋਈ ਹੋਵੇ ਅਤੇ 4-5 ਸਾਲ ਦਾ ਤਜ਼ਰਬਾ ਹੋਵੇ ਉਸ ਨੇ 4-5 ਸਾਲ ਕੰਮ ਕੀਤਾ ਹੋਵੇ ਤਾਂ ਉਹ ਕੰਮ ਚੰਗਾ ਚਲਾ ਸਕਦਾ ਹੈ । ਇਸ ਤਰ੍ਹਾਂ ਉਸ ਨੂੰ ਕਾਫੀ ਤਜ਼ਰਬਾ ਹੋ ਜਾਂਦਾ ਹੈ । ਜਿਹੜੇ ਲੋਕ ਇਸੇ ਸਿਸਟਮ ਦੇ ਉਤੇ ਹੀ ਨਿਰਭਰ ਹਨ ਅਤੇ ਉਨ੍ਹਾਂ ਨੂੰ 20-30 ਸਾਲ ਇਸ ਪਾਸੇ ਕੰਮ ਕਰਦਿਆਂ ਨੂੰ ਹੋ ਗਏ ਹੋਣ, ਉਨ੍ਹਾਂ ਨੂੰ ਰਿਕੁਗਨਾਈਜ਼ ਕਰਨਾ ਬਹੁਤ ਜ਼ਰੂਰੀ ਸੀ ਅਤੇ ਇਸ ਕੌਂਸਲ ਨੂੰ ਰਿਕੁਗਨਾਈਜ਼ ਕਰਨਾ ਬਹੁਤ ਜ਼ਰੂਰੀ ਸੀ । (ਘੰਟੀ) ਹੋਮਿਓਪੈਥਿਕ ਦਾ ਫਾਰਮੂਲਾ ਹੋਰ ਹੈ । ਇਸ ਦਾ ਕਿਸੇ ਨੂੰ ਪਤਾ ਨਹੀਂ ਹੈ । ਮੈਂ ਕਹਿੰਦਾ ਹਾਂ ਕਿ ਇਸ ਤੋਂ ਕਿਸੇ ਨੂੰ ਡਰਨਾ ਨਹੀਂ ਚਾਹੀਦਾ । ਜੇ ਕੋਈ ਘਟ ਪੜ੍ਹਿਆ ਹੋਇਆ ਰਿਕੁਗਨਾਈਜ਼ ਹੋ ਜਾਵੇ ਤਾਂ ਵੀ ਕੋਈ ਡਰ ਨਹੀਂ ਹੈ, ਇਸ ਦਾ ਕੋਈ ਹਰਜ਼ ਨਹੀਂ ਹੈ । (ਘੰਟੀ)

ਰਾਜ ਮੰਤਰੀ, ਸਿਹਤ ਅਤੇ ਪਰਿਵਾਰ ਨਿਯੋਜਨ (ਸਰਦਾਰ ਬਲਬੀਰ ਸਿੰਘ) : ਸਪੀਕਰ ਸਾਹਿਬ, ਇਹ ਜਿਹੜੀਆਂ ਅਮੈਂਡਮੈਂਟਸ ਅਸੀਂ ਪੰਜਾਬ ਹੋਮਿਓਪੈਥਿਕ ਪ੍ਰੈਕਟੀਸ਼ਨਰ ਬਿਲ ਵਿਚ ਲਿਆਂਦੀਆਂ ਹਨ ਇਸ ਦੀ ਬੜੀ ਲੋੜ ਸੀ । ਜਿਸ ਤਰ੍ਹਾਂ ਡਾਕਟਰ ਹਰਭਜਨ ਸਿੰਘ ਜੀ ਨੇ ਦਸਿਆ ਹੈ ਕਿ ਬਹੁਤ ਦੇਰ ਤੋਂ ਇਸ ਗਲ ਦੀ ਲੋੜ ਸੀ ਕਿ ਜਿਹੜਾ ਹੋਮਿਓਪੈਥਿਕ ਸਿਸਟਮ ਹੈ ਇਸ ਨੂੰ ਰਜਿਸਟਰ ਕੀਤਾ ਜਾਵੇ । ਖਾਲਸਾ ਜੀ ਨੇ ਜੋ ਗਲ ਕਹੀ ਹੈ ਮੇਰਾ ਖਿਆਲ ਹੈ ਕਿ ਉਨ੍ਹਾਂ ਜੋ ਪਹਿਲਾਂ ਬਿਲ ਹੈ ਉਸ ਨੂੰ ਪੜ੍ਹਿਆ ਨਹੀਂ, ਉਸ ਦੇ ਵਿਚ ਪਹਿਲਾਂ ਹੀ ਪ੍ਰੋਵੀਜ਼ਨ ਹੈ । ਜਿਹੜੇ ਕੁਆਲੀਫਾਈਡ ਬੰਦੇ ਡਿਗਰੀ ਲੈਂਦੇ ਹਨ ਉਹ ਪਹਿਲਾਂ ਹੀ ਰਜਿਸਟਰ ਕੀਤੇ ਜਾਂਦੇ ਹਨ । ਇਹ ਅਮੈਂਡਮੈਂਟਸ ਸਿਰਫ ਤਜ਼ਰਬੇ ਦੇ ਆਧਾਰ ਤੇ ਲਿਆਂਦੀਆਂ ਹਨ । ਇਸ ਦੇ ਲਈ ਮੈਟਰਿਕ ਕੁਆਲੀਫੀਕੇਸ਼ਨ ਅੰਦਰ 25 ਸਾਲ ਦੀ ਉਮਰ ਇਸ ਕਰਕੇ ਰਖੀ ਹੈ ਕਿਉਂਕਿ ਇਹ ਸਾਇੰਸ ਜਰਮਨ ਤੋਂ ਉਤਪੰਨ ਹੋਈ ਅਤੇ ਹੋਰ ਕਿਸੇ ਲੈਂਗੂਏਜ਼ ਵਿਚ ਇਸ ਦੀਆਂ ਕੋਈ ਬਹਤੀਆਂ ਕਿਤਾਬਾਂ ਨਹੀਂ ਛਪਦੀਆ । ਇਸ ਦੇ ਵਿਚ ਨਾਨ ਮੈਟਰਿਕ ਜਿਹੜੇ ਹਨ ਉਨ੍ਹਾਂ ਨੂੰ ਵੀ ਵਾਂਝਿਆਂ ਨਹੀਂ ਰਖਿਆ ਗਿਆ । ਜਿਸ ਦੀ ਉਮਰ 35 ਸਾਲ ਦੀ ਹੈ ਉਸ ਦਾ ਲਗਾਤਾਰ 15 ਸਾਲ ਦਾ ਤਜ਼ਰਬਾ ਹੋਵੇ ਉਨ੍ਹਾਂ ਨੂੰ ਵੀ ਰਜਿਸਟਰ ਕੀਤਾ ਜਾਂਦਾ ਹੈ ਇਸ ਦੇ ਵਿਚ ਇਕ ਧਾਰਾ 21 ਹੈ ਉਸ ਦੇ ਰਾਹੀਂ ਜਿਹੜੀ ਕੌਂਸਲ ਹੈ ਉਸ ਦੇ ਕੋਲ ਪਹਿਲਾਂ ਪਾਵਰ ਨਹੀਂ ਸੀ ਉਸ ਨੂੰ ਕੁਆਲੀਫਾਇੰਗ ਐਗਜ਼ਾਮੀਨੇਸ਼ਨ ਦਾ ਅਧਿਕਾਰ ਦਿਤਾ ਗਿਆ ਹੈ । ਉਨ੍ਹਾਂ ਨੂੰ ਡਿਗਰੀ ਡਿਪਲਮਾ ਦੇਣ ਦਾ ਅਧਿਕਾਰ ਦਿਤਾ ਹੈ । ਅਵਾਰਡ, ਸਟਾਈਪੈਂਡ, ਸਕਾਲਰਸ਼ਿਪਸ, ਮੈਡਲ, ਪ੍ਰਾਈਜ਼ਿਜ਼ ਅਤੇ ਹੋਰ ਰੀਵਾਰਡ ਦਾ ਅਧਿਕਾਰ ਦਿਤਾ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਸਿਹਤ ਅਤੇ ਪਰਿਵਾਰ ਨਿਯੋਜਨ]

ਗਿਆ ਹੈ, ਟੈਕਸਟ ਬੁਕਸ ਪਬਲਿਸ਼ਰਜ਼ ਅਤੇ ਤਿਆਰ ਕਰਨ ਲਈ, ਲਾਇਬ੍ਰੇਰੀ ਮੇਨਟੇਨ ਕਰਨ ਲਈ, ਕੋਈ ਸਟਡੀਜ਼ ਬੋਰਡ ਜਾਂ ਕਮੇਟੀ ਐਪੁਆਇੰਟ ਕਰਨ ਆਦਿ ਦੇ ਅਧਿਕਾਰ ਦਿਤੇ ਗਏ ਹਨ। ਔਰ ਕੌਂਸਲ ਦੀ ਮਿਆਦ ਵੀ 3 ਸਾਲ ਤੋਂ ਵਧਾ ਕੇ 4 ਸਾਲ ਕਰ ਦਿਤੀ ਗਈ ਹੈ।

ਇਸ ਦੇ ਵਿਚ ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਮੈਟਰਿਕ ਦੀ ਕੁਆਲੀਫੀਕੇਸ਼ਨ ਇਸ ਕਰਕੇ ਰਖੀ ਹੈ ਕਿ ਜਿਹੜਾ ਸਾਡਾ ਪਹਿਲਾ ਤਜ਼ਰਬਾ ਸੀ ਉਹ ਕੋਈ ਇਤਨਾ ਅੱਛਾ ਸਾਬਤ ਨਹੀਂ ਹੋਇਆ। ਕਈ ਵੈਦ ਹਕੀਮਾਂ ਨੂੰ ਰਜਿਸਟਰ ਕੀਤਾ ਗਿਆ ਸੀ ਅਤੇ ਉਸ ਵੇਲੇ ਕਈ ਐਸੇ ਕੁਐਕਸ ਵੀ ਰਜਿਸਟਰ ਹੋ ਗਏ ਹਨ ਜਿਨ੍ਹਾਂ ਨਾਲ ਕਿ ਇਹ ਸਕਸੈਸਫੁਲ ਨਹੀਂ ਹੋ ਸਕਿਆ। ਮੈਂ ਦਸਣਾ ਚਾਹੁੰਦਾ ਹਾਂ ਕਿ ਬੋਰਡ ਦੀ ਰਿਕੁਮੈਂਡੇਸ਼ਨ ਤੋਂ ਬਾਅਦ ਸਰਕਾਰ ਦੀ ਇਜਾਜ਼ਤ ਵੀ ਹੋਵੇਗੀ ਔਰ ਮੇਰਾ ਖਿਆਲ ਹੈ ਕਿ ਕਪੂਰ ਸਾਹਿਬ ਨੂੰ ਇਹ ਗਲ ਹੁਣ ਸਮਝ ਲਗ ਗਈ ਹੋਵੇਗੀ। ਇਕ ਗਲ ਮੈਂ ਕਪੂਰ ਸਾਹਿਬ ਨੂੰ ਤੁਹਾਡੇ ਰਾਹੀਂ ਸਪੀਕਰ ਸਾਹਿਬ, ਇਹ ਵੀ ਦੱਸ ਦੇਣਾ ਚਾਹੁੰਦਾ ਹਾਂ ਕਿ ਹੋਮਿਓਪੈਥਿਕ ਦੇ ਵਿਚ ਪਹਿਲਾਂ ਹੀ ਇਹ ਪ੍ਰੋਵੀਜ਼ਨ ਹੈ ਕਿ ਜਿਹੜੇ ਹੋਮਿਓਪੈਥਿਕ ਸਿਸਟਮ ਵਿਚ ਰਜਿਸਟਰ ਹੋ ਗਏ ਹਨ। ਉਹ ਕਿਸੇ ਹੋਰ ਸਿਸਟਮ ਵਿਚ ਰਜਿਸਟਰ ਨਹੀਂ ਹੋ ਸਕਦੇ। ਇਸ ਲਈ ਮੈਂ ਸਪੀਕਰ ਸਾਹਿਬ, ਬੇਨਤੀ ਕਰਦਾ ਹਾਂ ਕਿ ਇਹ ਇਕ ਬਹੁਤ ਅੱਛਾ ਬਿਲ ਹੈ ਔਰ ਜਿਸ ਦੇ ਨਾਲ ਹੋਮਿਓਪੈਥਿਕ ਸਿਸਟਮ ਪ੍ਰਚਲਤ ਹੋਵੇਗਾ। ਮੈਂ ਡਾਕਟਰ ਹਰਭਜਨ ਸਿੰਘ ਦਾ ਖਾਸ ਤੌਰ ਤੇ ਧੰਨਵਾਦੀ ਹਾਂ ਜਿਨ੍ਹਾਂ ਨੇ ਪ੍ਰੈਕਟੀਸ਼ਨਰ ਹੁੰਦਿਆਂ ਹੋਇਆਂ ਟੈਕਨੀਕਲ ਗਲ ਦੱਸੀ ਹੈ ਕਿ ਜੇ ਕਿਸੇ ਵੇਲੇ ਕੋਈ ਹੋਮਿਓਪੈਥਿਕ ਸਿਸਟਮ ਦੀ ਅਯੋਗ ਵਰਤੋਂ ਹੋ ਵੀ ਜਾਵੇ ਤਾਂ ਉਸ ਨਾਲ ਕਈ ਨੁਕਸਾਨ ਨਹੀਂ ਹੋਵੇਗਾ। ਇਨ੍ਹਾਂ ਸ਼ਬਦਾਂ ਨਾਲ ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਅਮੈਂਡਮੈਂਟਸ ਨੂੰ ਪਾਸ ਕਰ ਦਿਤਾ ਜਾਵੇ।

Mr. Speaker : Question is—

That the Punjab Homoeopathic Practitioners (Amendment) Bill, 1974 be taken into consideration at once.

The motion was carried.

Mr. Speaker : Now the House will proceed to consider the Bill Clause by Clause.

CLAUSE 2

Mr. Speaker: Question is—

That Clause 2 stand part of the Bill.

The motion was carried.

CLAUSE 3

Mr. Speaker : Question is—

That Clause 3 stand part of the Bill.

The motion was carried.

Original with;
Punjab Vidhan Sabha
Digitized by;
Panjab Digital Library

CLAUSE 4

Mr. Speaker : Question is—

That Clause 4 stand part of the Bill.

The motion was carried.

CLAUSE 5

Mr. Speaker : Question is—

That Clause 5 Stand part of the Bill.

The motion was carried.

CLAUSE 6

Mr. Speaker : Question is—

That Clause 6 stand part of the Bill.

The motion was carried.

CLAUSE 1

Mr. Speaker: Question is—

That Clause 1 stand part of the Bill.

The motion was carried.

TITLE

Mr. Speaker : Question is—

That title be the Title of the Bill.

The motion was carried.

Minister of State for Health and Family Planning (Sardar Balbir Singh) : Sir, I move—

That the Punjab Homoeopathic Practitioners (Amendment) Bill, be passed.

Mr. Speaker : Motion moved—

That the Punjab Homoeopathic Practitioners (Amendment) Bill, be passed.

ਕਾਮਰੇਡ ਸੱਤ ਪਾਲ ਡਾਂਗ (ਅੰਮ੍ਰਿਤਸਰ ਪੱਛਮ): ਸਪੀਕਰ ਸਾਹਿਬ, ਮੈਂ ਦੋ ਫਿਕਰਿਆਂ ਵਿਚ ਕੁਝ ਬੇਨਤੀ ਕਰਨਾ ਚਾਹੁੰਦਾ ਹਾਂ । ਇਸ ਬਿੱਲ ਤੇ ਕੁਝ ਡਾਕਟਰ ਸਾਹਿਬਾਨ ਬੋਲੇ ਹਨ ਅਤੇ ਕੁਝ ਡਾਕਟਰ ਸਾਹਿਬ ਚੁਪ ਰਹੇ ਹਨ ।

ਇਕ ਆਵਾਜ਼ : ਇਨ੍ਹਾਂ ਦਾ ਮਤਲਬ ਡਾਕਟਰ ਅਮੀਰ ਸਿੰਘ ਤੋਂ ਹੈ। (ਵਿਘਨ)

ਇਕ ਹੋਰ ਆਵਾਜ਼ : ਇਹ ਆਫਟਰ ਥਾਟ ਹੈ । (ਵਿਘਨ)

Original with;
Punjab Vidhan Sabha
Digitized by;
Panjab Digital Library

ਕਾਮਰੇਡ ਸੱਤ ਪਾਲ ਡਾਂਗ : ਤੁਸੀਂ ਇਸ ਨੂੰ ਐਪਰੀਸ਼ੇਟ ਕਰੋਗੇ। (ਵਿਘਨ) ਸਪੀਕਰ ਸਾਹਿਬ, ਮੈਂ ਇਸ ਗਲ ਤੇ ਆਪਣੀ ਰਾਏ ਨਹੀਂ ਦੇਣਾ ਚਾਹੁੰਦਾ ਹਾਂ ਕਿ ਬਿਨਾਂ ਕਿਸੇ ਡਿਗਰੀ ਲਏ ਕਿਸੇ ਇਨਸਟੀਚਿਊਸ਼ਨ ਵਿਚੋਂ ਨਿਕਲਿਆਂ ਨਿਰਾ ਐਕਸਪੀਰੀਐਂਸ ਨਾਲ ਇਲਾਜ ਠੀਕ ਹੋ ਸਕਦਾ ਹੈ। ਮੈਂ ਇਸ ਝਗੜੇ ਵਿਚ ਨਹੀਂ ਪੈਣਾ ਚਾਹੁੰਦਾ। ਮੈਂ ਇਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅਗੇ ਆਯੁਰਵੈਦਿਕ ਸਿਸਟਮ ਦੇ ਵੈਦ ਪੰਜਾਬ ਗੌਰਮਿੰਟ ਇਸੇ ਤਰ੍ਹਾਂ ਰਜਿਸਟਰ ਕਰਦੀ ਸੀ। ਉਸ ਦਾ ਐਕਸਪੀਰੀਐਂਸ ਬੜਾ ਬਿਟਰ ਹੋਇਆ ਪਰ ਮੈਂ ਇਸ ਵੇਲੇ ਕੋਟ ਨਹੀਂ ਕਰਨਾ ਚਾਹੁੰਦਾ। ਮੋਗੇ ਵਿਚ ਜੋ ਵਾਕਿਆ ਹੋਇਆ ਹੈ, ਹੋਰ ਵੀ ਬਹੁਤ ਸਾਰੀਆਂ ਥਾਂਵਾਂ ਤੇ ਮੌਤਾਂ ਹੋਈਆਂ ਹਨ। ਮੈਨੂੰ ਪਰਸਨਲੀ ਇਸ ਗਲ ਦਾ ਪਤਾ ਹੈ ਅਤੇ ਇਸ ਗਲ ਦਾ ਐਕਸਪੀਰੀਐਂਸ ਹੈ ਕਿ ਕੁਝ ਲੋਕ ਐਮ.ਐਲ.ਏਜ਼ ਕੋਲ ਆ ਜਾਂਦੇ ਹਨ ਅਤੇ ਜਿਸ ਦਾ ਕੋਈ ਐਕਸਪੀਰੀਐਂਸ ਨਹੀਂ ਹੁੰਦਾ ਉਹ ਸਰਟੀਫੀਕੇਟ ਲੈ ਜਾਂਦੇ ਹਨ। ਉਹ ਸਰਟੀਫਾਈ ਕਰਵਾ ਲੈਂਦੇ ਹਨ ਅਤੇ ਆਯੁਰਵੈਦਿਕ ਡਾਇਰੈਕਟਰ ਤੋਂ ਸਰਟੀਫੀਕੇਟ ਲੈ ਲੈਂਦੇ ਹਨ। ਜਿਹੜੀ ਖਾਲਸਾ ਜੀ ਨੇ ਗਲ ਕਹੀ ਹੈ ਉਹ ਦਰੁਸਤ ਨੈ ਅਤੇ ਉਸ ਦੇ ਨਤੀਜੇ ਅਸੀਂ ਦੇਖੇ ਹਨ। ਇਸ ਲਈ ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜਦੋਂ ਉਹ ਇਸ ਐਕਟ ਦੇ ਹੇਠਾਂ ਰੂਲ ਬਣਾਉਣ ਤਾਂ ਘਟੋ ਘਟ ਦੋ ਗਲਾਂ ਜ਼ਰੂਰ ਇਨਸ਼ੋਅਰ ਕਰਨ। ਇਕ ਤਾਂ ਇਹ ਦੇਖਣ ਕਿ ਵਾਕਿਆਈ ਉਹ ਕੁਆਲੀਫਾਈਡ ਹੋ ਚੁਕੇ ਹਨ ਅਤੇ ਦੂਸਰਾ ਇਹ ਕਿ ਇਹ ਸੋਰਸ ਆਫ ਕੁਰੱਪਸ਼ਨ ਨਾ ਬਣੇ ਜਾਂ ਇਸ ਤਰ੍ਹਾਂ ਨਾ ਹੋਵੇ ਕਿ ਜਿਥੋਂ ਮਰਜ਼ੀ ਕੋਈ ਸਰਟੀਫੀਕੇਟ ਲੈ ਲਵੇ। ਉਹ ਰੂਲਜ਼ ਇਸ ਹਿਸਾਬ ਨਾਲ ਬਣਾਉਣ ਜਿਨ੍ਹਾਂ ਨਾਲ ਇਹ ਸਿਸਟਮ ਕਾਮਯਾਬ ਹੋਵੇ ਅਤੇ ਲੋਕਾਂ ਨੂੰ ਕੋਈ ਨੁਕਸਾਨ ਨਾ ਪਹੁੰਚੇ।

ਰਾਜ ਮੰਤਰੀ, ਸਿਹਤ ਅਤੇ ਪਰਿਵਾਰ ਨਿਯੋਜਨ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਡਾਂਗ ਸਾਹਿਬ ਦੇ ਗਿਆਤ ਲਟੀ ਦਸਣਾ ਚਾਹੁੰਦਾ ਹਾਂ ਕਿ ਮੈਂ ਪਹਿਲਾਂ ਵੀ ਇਸ ਹਾਊਸ ਵਿਚ ਬਜਟ ਸੈਸ਼ਨ ਵੇਲੇ ਕਿਹਾ ਸੀ ਅਤੇ ਹੁਣ ਵੀ ਦਸਿਆ ਹੈ ਕਿ ਪਹਿਲਾਂ ਕੁਝ ਵੈਦ, ਹਕੀਮ ਇਸ ਤਰ੍ਹਾਂ ਹੀ ਰਜਿਸਟਰ ਹੋ ਗਏ ਸਨ ਜਿਹੜੇ ਕਿ ਨਹੀਂ ਸੀ ਹੋਣੇ ਚਾਹੀਦੇ। ਇਸ ਗਲ ਨਾਲ ਮੈਂ ਡਾਂਗ ਸਾਹਿਬ ਨਾਲ ਸਹਿਮਤ ਹਾਂ। ਸਰਕਾਰ ਇਸ ਬਾਰੇ ਤੇ ਵਿਚਾਰ ਕਰ ਰਹੀ ਹੈ ਕਿ ਜਿਹੜੇ ਪਹਿਲਾਂ ਰਜਿਸਟਰ ਹੋ ਚੁਕੇ ਹਨ ਉਨ੍ਹਾਂ ਦੀ ਰਜਿਸਟਰੇਸ਼ਨ ਖਤਮ ਕੀਤੀ ਜਾਵੇ ਜਾਂ ਉਨ੍ਹਾਂ ਲਈ ਕੁਆਲੀਫਾਇੰਗ ਐਗਜ਼ਾਮੀਨੇਸ਼ਨ ਕੀਤਾ ਜਾਵੇ। ਮੈਂ ਹੁਣ ਸਪੀਕਰ ਸਾਹਿਬ ਤੁਹਾਡੇ ਰਾਹੀਂ ਹਾਊਸ ਨੂੰ ਯਕੀਨ ਦੁਆਉਣਾ ਚਾਹੁੰਦਾ ਹਾਂ ਕਿ ਹੁਣ ਇਸ ਗਲ ਵਲ ਸਟਰਿਕਟ ਧਿਆਨ ਰਖਿਆ ਜਾਵੇਗਾ ਕਿ ਉਹੀ ਬੰਦੇ ਰਜਿਸਟਰ ਹੋਣ ਜਿਨ੍ਹਾ ਨੂੰ ਵਾਕਿਆਈ ਤਜਰਬਾ ਹੈ। ਡਾਂਗ ਸਾਹਿਬ ਨੂੰ ਜਿਹੜਾ ਸ਼ੰਕਾ ਹੈ ਕਿ ਸੋਰਸ ਆਫ ਕੁਰੱਪਸ਼ਨ ਹੋ ਜਾਵੇਗਾ ਮੈਂ ਇਸ ਗਲ ਦਾ ਯਕੀਨ ਦੁਆਉਂਦਾ ਹਾਂ ਕਿ ਐਸਾ ਨਹੀਂ ਹੋਵੇਗਾ।

Mr. Speaker : Question is—

That the Punjab Homoeopathic Practitioners (Amendment) Bill, be passed.

The motion was carried.

Original with;
Punjab Vidhan Sabha
Digitized by;
Panjab Digital Library

RESOLUTION UNDER CLAUSE 2 (a) OF ARTICLE 213 OF THE CONSTITUTION DISAPPROVING THE PUNJAB MUNICIPAL (AMENDMENT) ORDINANCE, 1974 AND THE PUNJAB MUNICIPAL (SECOND AMENDMENT) BILL, 1974

Mr. Speaker : Practice in the past has been that Ordinance and the Bill seeking replacement of the Ordinance are discussed together though voting takes place on each item separately. If the House agrees the Resolution disapproving the Punjab Municipal (Amendment) Ordinance, 1974 and the Punjab Municipal (Second Amendment) Bill, 1974 be discussed together.

Voices : Yes, Yes.

Comrade Satya Pal Dang : Sir, I beg to move—

> That this House disapproves the Punjab Municipal (Amendment) Ordinance, 1974 (Punjab Ordinance No. 2 of 1974.)

Minister for Finance (Shri Hans Raj Sharma) : Sir, I beg to introduce the Punjab Municipal (Second Amendment) Bill, 1974. Sir, I also move—

> That the Punjab Municipal (Second Amendment) Bill be taken into consideration at once.

Mr. Speaker : Motions moved—

> (i) That this House disapproves the Punjab Municipal (Amendment) Ordinance, 1974 (Punjab Ordinance No. 2 of 1974);
>
> (ii) That the Punjab Municipal (Second Amendment) Bill be taken into consideration at once.

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਹਾਊਸ ਦੇ ਡੈਕੋਰਮ ਅਤੇ ਡਿਗਨਿਟੀ ਨੂੰ ਧਿਆਨ ਵਿਚ ਰਖਦੇ ਹੋਏ ਹਾਊਸ ਦਾ ਕੋਈ ਨਾ ਕੋਈ ਟਾਈਮ ਜ਼ਰੂਰ ਮੁਕੱਰਰ ਹੋਣਾ ਚਾਹੀਦਾ ਹੈ, ਇਹ ਨਹੀਂ ਕਿ ਜਦ ਤਕ ਚਲੀ ਚਲੇ। ਕਲ ਵੀ ਰਾਤ ਦੇ 12 ਵਜੇ ਤਕ ਬੈਠੇ ਰਹੇ ਅੱਜ ਵੀ 12 ਵੱਜ ਸਕਦੇ ਹਨ। ਇਸ ਵਲ ਜ਼ਰੂਰ ਕੁਝ ਧਿਆਨ ਦਿਤਾ ਜਾਏ।

ਸ਼੍ਰੀ ਸਪੀਕਰ : ਟਾਈਮ ਤਾਂ ਹਾਊਸ ਨੇ ਹੀ ਮੁਕੱਰਰ ਕਰਨਾ ਹੈ। ਬਿਜ਼ਨਸ ਐਡਵਾਈਜ਼ਰੀ ਕਮੇਟੀ ਵਿਚ ਇਹ ਫੈਸਲਾ ਹੋਇਆ ਸੀ ਕਿ ਅੱਧਾ ਘੰਟਾ ਇਕ ਬਿੱਲ ਤੇ ਲੈਣਾ ਹੈ। ਅੱਜ ਦਾ ਬਿਜ਼ਨਸ ਖਤਮ ਕਰਕੇ ਹੀ ਹਾਊਸ ਨੇ ਉਠਣਾ ਹੈ। (The time of the sitting is to be fixed by the House. It was decided in the Business Advisory Committee that only half an hour should be allotted for each Bill. The House will rise today only after transacting the Business, which is on the Agenda for to-day.)

Original with;
Punjab Vidhan Sabha
Digitized by;
Panjab Digital Library

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਡਾਕਟਰ ਸਾਹਿਬ ਕਿਉਂ ਨਸਦੇ ਹਨ ਮਿਹਨਤ ਕਰਨ ਤੋਂ ਕਲ ਵੀ ਇਹ ਘਬਰਾਉਂਦੇ ਸੀ । ਸਾਰੀ ਸਾਰੀ ਰਾਤ ਅਸੈਂਬਲੀਆਂ ਚਲਦੀਆਂ ਰਹਿੰਦੀਆਂ ਹਨ । ਪਾਰਲੀਮੈਂਟ ਰਾਤ ਦੇ ਕਿੰਨੇ ਕਿੰਨੇ ਵਜੇ ਤਕ ਬੈਠੀ ਰਹਿੰਦੀ ਹੈ । ਸਾਨੂੰ ਰਾਤ ਨੂੰ ਜ਼ਿਆਦਾ ਮਿਹਨਤ ਕਰਨੀ ਚਾਹੀਦੀ ਹੈ, ਜਿਨੇ ਲੋਕਾਂ ਦੇ ਕੰਮ ਕਰਨੇ ਚਾਹੀਦੇ ਹਨ । ਮੈਂ ਤਾਂ ਇਹ ਕਹਾਂਗਾ ਕਿ ਹਮੇਸ਼ਾਂ ਅਸੈਂਬਲੀ ਰਾਤ ਨੂੰ ਲਗੇ ।

ਕਾਮਰੇਡ ਸੱਤ ਪਾਲ ਡਾਂਗ (ਅੰਮ੍ਰਿਤਸਰ ਪੱਛਮ) : ਸਪੀਕਰ ਸਾਹਿਬ, ਜਿਸ ਕਾਨੂੰਨ ਨੂੰ ਤਰਮੀਮ ਕਰਨ ਵਾਸਤੇ ਇਹ ਆਰਡੀਨੈਂਸ ਜਾਰੀ ਕੀਤਾ ਗਿਆ ਹੈ ਉਹ ਕਾਨੂੰਨ ਵੀ ਗਲਤ ਸੀ ਅਸੀਂ ਉਸ ਦੀ ਵਿਰੋਧਤਾ ਕੀਤੀ ਸੀ ਅੱਰ ਉਸ ਦੇ ਵਿਚ ਜੇਕਰ ਇਕ ਗੁਣਾ ਗਲਤੀ ਸੀ ਜਾਂ ਕਸੂਰ ਸੀ ਤਾਂ ਇਸ ਵਿਚ ਚਾਰ ਗੁਣਾਂ ਵਧ ਹਨ । ਸਪੀਕਰ ਸਾਹਿਬ, ਮਿਉਂਸਪਲ ਕਮੇਟੀ ਦੀਆਂ ਚੋਣਾਂ ਦੀ ਮਿਆਦ 3 ਸਾਲਾਂ ਤੋਂ 5 ਸਾਲ ਕਰ ਦਿਤੀ ਹੈ ਇਹ ਗਲ ਦਰੁਸਤ ਹੈ, ਇਹ ਕੋਈ ਝਗੜੇ ਵਾਲੀ ਗਲ ਨਹੀਂ ਲੇਕਿਨ ਜੇ ਸਰਕਾਰ ਦੀ ਅਣਗਹਿਲੀ ਨਾਲ 5 ਸਾਲ ਖਤਮ ਹੋਣ ਤੇ ਮਿਉਂਸਪਲ ਕਮੇਟੀ ਦੀ ਚੋਣ ਨਾ ਹੋਵੇ ਤਾਂ ਉਹ ਕਮੇਟੀ ਆਟੋਮੈਟੀਕਲੀ ਸੁਪਰਸੀਡ ਹੋ ਜਾਏਗੀ, ਉਸ ਨੂੰ ਸੁਪਰਸੀਡ ਕਰਨ ਵਾਸਤੇ ਨਵਾਂ ਕਾਨੂੰਨ ਲਿਆਂਦਾ ਹੈ ਅੱਰ ਇਹ ਕਿਹਾ ਹੈ ਕਿ 5 ਸਾਲਾਂ ਦੇ ਬਾਅਦ ਜਿਹੜੇ ਚੁਣੇ ਹੋਏ ਮੈਂਬਰ ਹਨ ਉਹ ਮੈਂਬਰ ਨਹੀਂ ਰਹਿਣਗੇ ਅਤੇ ਜੋਕਰ ਚੋਣਾਂ ਨਾ ਹੋ ਸਕੀਆਂ ਤਾਂ ਐਡਮਨਿਸਟਰੇਟਰ ਮੁਕਰਰ ਕਰ ਦਿਤਾ ਜਾਏਗਾ । ਲੇਕਿਨ ਇਕ ਵਾਇਦਾ ਕੀਤਾ ਹੈ ਕਿ ਇਕ ਸਾਲ ਦੇ ਅੰਦਰ ਅੰਦਰ ਇਹੋ ਜਿਹੀ ਕਮੇਟੀ ਦੀਆਂ ਚੋਣਾਂ ਅਸੀਂ ਕਰਾ ਦਿਆਂਗੇ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕਮੇਟੀ ਦੀ ਮਿਆਦ 5 ਸਾਲਾਂ ਦੀ ਹੈ ਅਤੇ 5 ਸਾਲਾਂ ਦੇ ਮੁਕ ਜਾਣ ਤੇ ਚੋਣਾਂ ਕਿਉਂ ਨਾ ਹੋਣ ਇਹ ਗਲ ਸਮਝ ਤੋਂ ਬਾਹਰ ਹੈ । ਜੇ ਕਿਸੇ ਪਹਿਲੀ ਸਰਕਾਰ ਨੇ ਨਹੀਂ ਸੀ ਕਰਾਈਆਂ ਭਾਵੇਂ ਪੁਰਾਣੀ ਕਾਂਗਰਸ ਦੀ ਸਰਕਾਰ ਸੀ ਭਾਵੇਂ ਅਕਾਲੀਆਂ ਦੀ ਸਰਕਾਰ ਸੀ ਅਤੇ ਭਾਵੇਂ ਕੌਈ ਹੋਰ ਸਰਕਾਰ ਸੀ ਉਹ ਗਲਤ ਗਲ ਸੀ । ਦਰੁਸਤ ਗਲ ਇਹ ਹੈ ਕਿ ਮਿਆਦ ਮੁਕਣ ਤੋਂ ਪਹਿਲਾਂ ਨਵੀਆਂ ਚੋਣਾਂ ਹੋ ਜਾਣ, ਨਵੇਂ ਮੈਂਬਰ ਪੁਰਾਣੇ ਮੈਂਬਰਾਂ ਤੋਂ ਚਾਰਜ ਲੈ ਲੈਣ, ਸਰਕਾਰ ਇਹ ਕਾਨੂੰਨ ਬਣਾ ਸਕਦੀ ਹੈ ਕਿ ਹਰ ਹਾਲਤ ਵਿਚ ਚੋਣਾਂ ਹੋ ਜਾਣਗੀਆਂ, ਇਹ ਹੈ ਜਮਹੂਰੀ ਗਲ । ਪਰ ਸਰਕਾਰ ਇਹ ਕਾਨੂੰਨ ਨਹੀਂ ਬਣਾਉਂਦੀ । ਇਹ ਸਰਕਾਰ ਚਾਹੁੰਦੀ ਹੈ ਕਿ ਅਗਰ ਕਿਸੇ ਕਾਰਨ ਕਰਕੇ ਸਰਕਾਰ ਕਿਸੇ ਕਮੇਟੀ ਦੀ ਚੋਣ ਵੇਲੇ ਸਿਰ ਨਹੀਂ ਕਰਾ ਸਕਦੀ ਤਾਂ ਉਥੇ ਇਕ ਸਾਲ ਲਈ ਐਡਮਨਿਸਟਰੇਟਰ ਮੁਕੱਰਰ ਕਰ ਦਿਤਾ ਜਾਏ । ਮੈਂ ਕਹਿੰਦਾ ਹਾਂ ਕਿ ਕਿਉਂ ਐਡਮਨਿਸਟਰੇਟਰ ਮੁਕੱਰਰ ਕੀਤਾ ਜਾਏ, ਪੁਰਾਣੇ ਮੈਂਬਰ ਹੀ ਕਿਉਂ ਨਾ ਰਹਿਣ । ਜਿਥੋਂ ਤਕ ਕਿਸੇ ਕਮੇਟੀ ਦੀ ਨਾਅਹਲੀਅਤ ਦਾ ਸੁਆਲ ਹੈ, ਕਿਸੇ ਕਮੇਟੀ ਦੀ ਗੜਬੜ ਦਾ ਸੁਆਲ ਹੈ ਜਾਂ ਕੋਈ ਕਮੇਟੀ ਠੀਕ ਕੰਮ ਨਹੀਂ ਕਰਦੀ, ਉਸ ਕਮੇਟੀ ਨੂੰ ਤਾਂ ਅਗੇ ਹੀ ਸੁਪਰਸੀਡ ਕਰਨ ਦਾ ਕਾਨੂੰਨ ਹੈ, ਪਰ ਜਿਹੜੀ ਕਮੇਟੀ ਅੱਛਾ ਕੰਮ ਕਰ ਰਹੀ ਹੈ 5 ਸਾਲਾਂ ਤੋਂ ਚਲੀ ਆ ਰਹੀ ਹੈ, ਚੋਣਾਂ ਸਰਕਾਰ ਨਹੀਂ ਕਰਾਉਂਦੀ ਲੋਕਾਂ ਦਾ ਹੱਕ ਸਰਕਾਰ ਖੋਹ ਲੈਂਦੀ ਹੈ ਇਹ ਬੇਅਸੂਲੀ ਗਲ ਹੈ । ਪਹਿਲਾਂ ਕਿਹਾ ਸੀ ਕਿ ਐਡਮਨਿਸਟਰੇਟਰ ਇਕ ਸਾਲ ਲਈ ਹੋਣਾ ਹੈ ਅਤੇ ਇਕ ਸਾਲ ਦੇ ਅੰਦਰ ਅੰਦਰ ਚੋਣਾਂ ਕਰਾ ਦਿਆਂਗੇ ਪਰ ਹੁਣ ਜਿਹੜਾ ਨਵਾਂ ਐਕਟ ਹੈ ਇਸ ਦੇ ਵਿਚ ਹੈ ਕਿ 2 ਸਾਲਾਂ ਵਿਚ ਕਰਾ ਦਿਆਂਗੇ । ਇਹ ਜਮਹੂਰੀਅਤ ਦੇ ਵਿਰੁਧ ਗੱਲ ਹੈ । ਇਹ ਜਮਹੂਰੀਅਤ ਦੇ ਵਿਰੁਧ ਇਜ਼ਹਾਰ ਹੈ ਇਨ੍ਹਾਂ ਦਾ ।

Original with;
Punjab Vidhan Sabha
Digitized by;
Panjab Digital Library

ਲੋਕਲ ਅਦਾਰੇ ਡੈਮੋਕਰੇਸੀ ਦੇ ਚਿੰਨ੍ਹ ਹਨ। ਪਿੰਡਾਂ ਵਿਚ ਪੰਚਾਇਤਾਂ ਹਨ, ਸ਼ਹਿਰਾਂ ਵਿਚ ਕਮੇਟੀਆਂ ਹਨ ਲੋਕਾਂ ਦੀਆਂ ਚੁਣੀਆਂ ਹੋਈਆਂ। ਇਨ੍ਹਾਂ ਦੇ ਅਫ਼ਸਰ ਕਹਿ ਛਿੰਦੇ ਹਨ ਕਿ ਉਹ ਲੋਕ ਜਿਹੜੇ ਲੋਕਾਂ ਦੇ ਚੁਣੇ ਹੋਏ ਹਨ ਮਾੜੇ ਹੁੰਦੇ ਹਨ। ਉਹ ਕਮੇਟੀਆਂ ਵਿਚ ਖਰਾਬੀਆਂ ਕਰਦੇ ਹਨ ਵਕਤ ਸਿਰ ਚੋਣਾਂ ਨਾ ਕਰਾਈਆਂ ਜਾਣ। ਜੇ ਲੋਕਾਂ ਨੂੰ ਪਤਾ ਹੋਵੇ ਕਿ ਵਕਤ ਸਿਰ ਚੋਣਾ ਹੋਈਆਂ ਹਨ ਤਾਂ ਮੈਂ ਕਹਿ ਸਕਦਾ ਹਾਂ ਕਿ ਲੋਕਾਂ ਨੇ ਬਹੁਤ ਹੀ ਅੱਛਾ ਕੰਮ ਕਰਨਾ ਹੈ ਕਿਉਂਕਿ ਉਨ੍ਹਾਂ ਨੂੰ ਪਤਾ ਹੋਵੇਗਾ ਕਿ ਉਨ੍ਹਾਂ ਨੇ ਫਿਰ ਲੋਕਾਂ ਕੋਲ ਜਾਣਾ ਹੈ। ਤੁਹਾਡਾ ਲੋਕਲ ਫੰਡ ਅਕਾਊਂਟਸ ਦਾ ਐਗਜ਼ਾਮਿਨਰ ਜਿਹੜਾ ਹੈ ਉਹ ਗੌਰਮਿੰਟ ਦਾ ਅਫ਼ਸਰ ਹੁੰਦਾ ਹੈ। ਉਹ ਦਸ ਸਕਦਾ ਹੈ ਕਿ ਜਿਥੇ ਐਡਮਨਿਸਟਰੇਟਰ ਰਹੇ ਉਥੇ ਜ਼ਿਆਦਾ ਗ਼ਬਨ ਹੋਏ, ਜ਼ਿਆਦਾ ਇਰਰੈਗੂਲੈਰਿਟੀਜ਼ ਹੋਈਆਂ ਔਰ ਜ਼ਿਆਦਾ ਫੈਵਰਟਇਜ਼ਮ ਹੁੰਦੀ ਹੈ। ਇਸ ਕਰਕੇ ਚੁਣੇ ਹੋਏ ਲੋਕਾਂ ਦੀ ਥਾਂ ਤੇ ਐਡਮਨਿਸਟਰੇਟਰ ਲਾਉਣੇ ਕੋਈ ਚੰਗੀ ਗਲ ਨਹੀਂ। ਹੁਣ ਸਰਕਾਰ ਨੇ ਇਹ ਗਲ ਕਰ ਦਿਤੀ ਹੈ ਕਿ ਜੇਕਰ ਸਰਕਾਰ ਚੋਣਾ ਨਾ ਕਰਾਏ ਤਾਂ ਪੁਰਾਣੇ ਮੈਂਬਰ ਤਾਂ ਰਹਿਣੇ ਹੀ ਨਹੀਂ ਅਤੇ ਉਨ੍ਹਾਂ ਦੀ ਥਾਂ ਤੇ ਐਡਮਨਿਸਟਰੇਟਰ ਮੁਕੱਰਰ ਕਰ ਦਿਤੇ ਜਾਣਗੇ। ਪਹਿਲਾਂ ਇਕ ਸਾਲ ਲਈ ਸੀ ਹੁਣ ਦੋ ਸਾਲ ਕਰਨ ਲਗੇ ਹਨ। ਇਹ ਕਹਿੰਦੇ ਹਨ ਕਿ ਅਸੀਂ ਤਾਂ ਚੋਣਾ ਕਰਾਉਂਦੇ ਸੀ ਕੁਝ ਐਡਮਨਿਸਟਰੇਟਿਵ ਰੀਜ਼ਨਜ਼ ਕਰਕੇ ਜਿਹੜੀਆਂ ਕਮੇਟੀਆਂ ਸਸਪੈਂਡ ਕੀਤੀਆਂ ਸਨ ਪਠਾਨਕੋਟ, ਪਟਿਆਲਾ, ਫਰੀਦਕੋਟ ਆਦਿ ਉਨ੍ਹਾਂ ਦੇ ਵਾਰਡ ਨਹੀਂ ਬਣ ਸਕੇ ਇਸ ਕਰਕੇ ਚੋਣਾਂ ਨਹੀਂ ਕਰਾਈਆਂ ਜਾ ਸਕੀਆਂ। ਮੈਂ ਦਸਣਾ ਚਾਹੁੰਦਾ ਹਾਂ ਕਿ ਜਦੋਂ ਪਟਿਆਲਾ ਮਿਉਂਸਪਲ ਕਮੇਟੀ ਸਸਪੈਂਡ ਹੋਈ ਸੀ ਉਸ ਦੀਆਂ ਚੋਣਾਂ ਨੂੰ 5 ਸਾਲ ਨਹੀਂ 12 ਸਾਲ ਹੋ ਗਏ ਸਨ, ਹੁਣ ਇਕ ਸਾਲ ਹੋਰ ਐਡਮਨਿਸਟਰੇਟਰ ਰਹੇਗਾ ਕਿਉਂਕਿ ਵਾਰਡ ਨਹੀਂ ਬਣ ਸਕੇ। ਸਪੀਕਰ ਸਾਹਿਬ, ਜੇ ਮਰਜ਼ੀ ਹੋਵੇ ਸਰਕਾਰ ਦੀ ਤਾਂ ਉਂਜ ਮਿੰਟਾਂ ਵਿਚ ਕੰਮ ਹੋ ਸਕਦਾ ਹੈ ਭਾਵੇਂ ਸੜਕਾਂ ਬਣਾਉਣੀਆਂ ਹੋਣ ਭਾਵੇਂ ਵਾਰਡਜ਼ ਬਣਾਉਣੇ ਹੋਣ। ਵਾਰਡ ਕਿਉਂ ਨਹੀਂ ਬਣ ਸਕਦੇ ? ਸਪੈਸ਼ਲ ਸਟਾਫ਼ ਲਾ ਦਿਉ ਦਿਨਾਂ ਵਿਚ ਹੀ ਵਾਰਡ ਬਣ ਸਕਦੇ ਹਨ। ਸਪੀਕਰ ਸਾਹਿਬ, ਮੈਂ ਜਾਣਨਾ ਚਾਹੁੰਦਾ ਹਾਂ ਕਿ ਇਸ ਕਿਸਮ ਦੇ ਆਰਡੀਨੈਂਸ ਲਿਆਉਣ ਦੀ ਕੀ ਲੋੜ ਪਈ ਸੀ ? ਚਾਰੇ ਪਾਸੇ ਮਹਿੰਗਾਈ ਵੱਧ ਰਹੀ ਸੀ, ਰਿਸ਼ਵਤ, ਬੇਕਾਰੀ ਭੁਖ ਨੰਗ ਸਭ ਕੁਝ ਵੱਧ ਰਿਹਾ ਸੀ ਲੋਕਾਂ ਵਿਚ ਰਿਜ਼ੈਂਟਮੈਂਟ ਸੀ। ਪਹਿਲਾਂ ਇੰਦਰਾ ਵੇਵ ਚਲੀ ਜਾਂਦੀ ਸੀ, 1971-72 ਵਿਚ ਚੋਣਾਂ ਕਰਾਈਆਂ। ਹੁਣ ਕੁਝ ਕਮੇਟੀਆਂ ਦੀਆਂ ਚੋਣਾਂ ਕਰਾਈਆਂ ਪਤਾ ਲਗਾ ਕਿ ਇੰਦਰਾ ਵੇਵ ਨਹੀਂ। ਮਿਆਦ 5 ਸਾਲਾਂ ਦੀ ਕਰ ਦਿਤੀ ਅਤੇ ਕਹਿ ਦਿਤਾ ਕਿ ਐਡਮਨਿਸਟਰੇਟਰ ਸਸਪੈਂਡ ਕਮੇਟੀਆਂ ਵਿਚ ਇਕ ਸਾਲ ਦੀ ਬਜਾਏ ਦੋ ਸਾਲਾਂ ਤਕ ਰਹੇਗਾ।

ਹੁਣ ਸਪੀਕਰ ਸਾਹਿਬ, ਮੈਂ ਆਰਡੀਨੈਂਸ ਜਾਰੀ ਕਰਨ ਦੇ ਮੈਰਿਟ ਤੇ ਆਉਂਦਾ ਹਾਂ। ਇਹੋ ਜਿਹੀ ਕਿਹੜੀ ਐਮਰਜੈਂਸੀ ਆ ਗਈ ਸੀ ਜਿਸ ਕਰਕੇ ਇਹ ਚੀਜ਼ ਹਾਊਸ ਵਿਚ ਲਾ ਲਿਆ ਕੇ ਆਰਡੀਨੈਂਸ ਜਾਰੀ ਕੀਤਾ ਗਿਆ। ਇਸ ਬਿੱਲ ਦੇ ਸਟੇਟਮੈਂਟ ਆਫ਼ ਔਬਜੈਕਟਸ ਵਿਚ ਲਿਖਿਆ ਹੈ :

> ".....The elections to supersede Municipal Committees, therefore, had to be postponed by one year and consequently, an Ordinance was promulgated on the 8th April, 1974 to provide that the Municipal Committees shall remain suspended till the supersession is revoked by a notification by the State Government and further to provide that the period of supersession shall not exceed two years."

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ. ਪਾਲ. ਡਾਂਗ]

ਇਹ ਡੇਟ ਬੜੀ ਸਿਗਨੀਫਿਕੈਂਟ ਹੈ ਕਿ ਇਹ ਆਰਡੀਨੈਂਸ 8 ਅਪਰੈਲ, 1974 ਨੂੰ ਜਾਰੀ ਕੀਤਾ ਗਿਆ । ਸਾਡਾ ਬੱਜਟ ਸੈਸ਼ਨ ਮਾਰਚ, 1974 ਵਿਚ ਮੁਕਿਆ ਸੀ । ਆਮ ਤੌਰ ਤੇ ਕਈ ਵਾਰੀ ਬਜਟ ਸੈਸ਼ਨ ਅਪਰੈਲ ਤਕ ਚਲਾ ਜਾਂਦਾ ਹੈ । ਇਹ ਜਦੋਂ ਮਾਰਚ, 1974 ਵਿਚ ਬੱਜਟ ਸੈਸ਼ਨ ਮੁਕ ਰਿਹਾ ਸੀ ਇਨ੍ਹਾਂ ਨੂੰ ਪਤਾ ਸੀ ਕਿ ਵਾਰਡ ਨਹੀਂ ਬਣੇ । ਚਲੋ ਮੈਂ ਮੰਨ ਲੈਂਦਾ ਹਾਂ ਕਿ ਸ਼ਾਇਦ ਚੀਫ ਮਨਿਸਟਰ ਸਾਹਿਬ ਨੂੰ ਪਤਾ ਨਾ ਹੋਵੇ ਪਰ ਜਿਹੜਾ ਮਨਿਸਟਰ ਇੰਚਾਰਜ ਸੀ ਉਸ ਨੂੰ ਤਾਂ ਪਤਾ ਸੀ ਕਿ ਵਾਰਡ ਨਹੀਂ ਬਣੇ । ਇਨ੍ਹਾਂ ਕੋਲ ਕਿਹੜੇ ਵੈਲਿਡ ਰੀਜ਼ਨਜ਼ ਹਨ ਕਿ ਇਹ ਚੀਜ਼ ਇਨ੍ਹਾਂ ਨੇ ਬੱਜਟ ਸੈਸ਼ਨ ਵਿਚ ਕਿਉਂ ਨਹੀਂ ਲਿਆਂਦੀ ।

ਸਪੀਕਰ ਸਾਹਿਬ, ਬੱਜਟ ਸੈਸ਼ਨ ਚਲਾ ਗਿਆ, 10-15 ਦਿਨ ਦੇ ਬਾਅਦ ਆਰਡੀਨੈਂਸ ਆ ਗਿਆ । ਸਰਕਾਰ ਹਾਊਸ ਵਿਚ ਇਹ ਕਹਿ ਜਾਂਦੀ ਹੈ ਕਿ ਟੈਕਸ ਨਹੀਂ ਲਗਾਉਣੇ ਪਰ ਹਾਊਸ ਜਦੋਂ ਉਠ ਗਿਆ ਤਾਂ ਉਸ ਤੋਂ ਬਾਅਦ ਐਗਜ਼ੈਕਟਿਵ ਆਰਡਰ ਰਾਹੀਂ ਟੈਕਸ ਲਾ ਦਿੱਤੇ ਜਾਂਦੇ ਹਨ। ਐਡਮਿਨਿਸਟਰੇਟਰ ਦੀ ਮਿਆਦ ਵਧਾਉਣੀ ਹੈ । ਇਕ ਸਾਲ ਤੋਂ ਦੋ ਸਾਲ ਕਰਨੀ ਹੈ । ਹਾਊਸ ਉਠ ਗਿਆ । 10 ਦਿਨਾਂ ਦੇ ਬਾਅਦ ਆਰਡੀਨੈਂਸ ਕਰ ਦਿਤਾ ਜਾਂਦਾ ਹੈ । ਸਾਡੀ ਪਾਰਟੀ ਇਸ ਆਰਡੀਨੈਂਸ ਦੀ ਸਟਰੋਂਗਲੀ ਵਿਰੋਧਤਾ ਕਰਦੀ ਹੈ । ਮੈਂ ਇਸ ਨੂੰ ਇਕ ਰਿਫਲੈਕਸ਼ਨ ਸਮਝਦਾ ਹਾਂ । ਜਿਹੜੀ ਗੌਰਮਿੰਟ ਵਿਚ ਐਂਟੀ ਡੈਮੋਕਰੇਟਿਕ ਟੈਂਡੈਂਸੀ ਆ ਰਹੀ ਹੈ ਇਹ ਬੰਦ ਹੋਣੀ ਚਾਹੀਦੀ ਹੈ । ਇਹ ਲੋਕਾਂ ਦੇ ਹਿੱਤ ਵਿਚ ਨਹੀਂ ਹਨ । ਇਹ ਇਸ ਕਰਕੇ ਆ ਰਹੀ ਹੈ ਕਿ ਇਨ੍ਹਾਂ ਦੀਆਂ ਇੰਟਰਨਲ ਪਾਲਿਸੀਆਂ ਨਾਲ ਲੋਕ ਸੈਟਿਸਫਾਈਡ ਨਹੀਂ, ਡਿਸਸੈਟਿਸਫਾਈਡ ਹਨ । ਇਹ ਜਿਹੜਾ ਹਾਊਸ ਉਠ ਜਾਣ ਤੋਂ ਬਾਅਦ ਆਰਡੀਨੈਂਸ ਜਾਰੀ ਕਰਨ ਦਾ ਅਨਡੈਮੋਕਰੇਟਿਕ ਤਰੀਕਾ ਹੈ ਇਹ ਬੰਦ ਹੋਣਾ ਚਾਹੀਦਾ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਇਹ ਕਹਿੰਦਾ ਹਾਂ ਕਿ ਇਹ ਆਰਡੀਨੈਂਸ ਡਿਸਅਪਰੂਵ ਹੋਣਾ ਚਾਹੀਦਾ ਹੈ ।

ਡਾਕਟਰ ਬਲਦੇਵ ਪ੍ਰਕਾਸ਼ (ਅੰਮ੍ਰਿਤਸਰ ਪੂਰਬ) : ਸਪੀਕਰ ਸਾਹਿਬ, ਇਹ ਜਿਹੜਾ ਆਰਡੀਨੈਂਸ ਲਾਗੂ ਕੀਤਾ ਗਿਆ ਹੈ ਅਤੇ ਇਹ ਜਿਹੜੀ ਮਿਊਂਸਪਲ ਕਮੇਟੀਆਂ ਵਿਚ ਐਡਮਿਨਿਸਟਰੇਟਰ ਰਹਿਣ ਲਈ ਕਿਹਾ ਜਾ ਰਿਹਾ ਹੈ ਇਹ ਜਮਹੂਰੀਅਤ ਦਾ ਹੱਕ ਜੋ ਜਨਤਾ ਨੂੰ ਦਿੱਤਾ ਗਿਆ ਹੈ ਉਸ ਦਾ ਗਲਾ ਘੁਟਣ ਵਾਲੀ ਗੱਲ ਹੈ । ਸਪੀਕਰ ਸਾਹਿਬ, ਇਸ ਆਰਡੀਨੈਂਸ ਨੂੰ ਦੋ ਲਾਈਨਾਂ ਦਾ ਆਰਡੀਨੈਂਸ ਕਿਹਾ ਗਿਆ ਹੈ । ਇਸ ਦੇ ਵਿਚ ਸਿਰਫ ਇਨ੍ਹਾਂ ਦੋ ਲਾਈਨਾਂ ਦਾ ਹੀ ਮਤਲਬ ਨਹੀਂ । ਅੱਠ ਤਰੀਕ ਤੋਂ ਪਹਿਲਾਂ ਸਾਰੀਆਂ ਗੱਲਾਂ ਦਾ ਫੈਸਲਾ ਹੋ ਗਿਆ ਕਿ ਨਾਮੀਨੇਸ਼ਨਜ਼ ਕਦ ਹੋਣਗੀਆਂ, ਵਿਦਡਰਾਲਜ਼ ਕਿਹੜੀ ਤਰੀਕ ਨੂੰ ਹੋਣਗੀਆਂ ਅਤੇ ਕਿਹੜੀ ਤਰੀਕ ਨੂੰ ਇਲੈਕਸ਼ਨਜ਼ ਹੋਣਗੀਆਂ। ਗਜ਼ਟ ਨੋਟੀਫੀਕੇਸ਼ਨ ਕਰਾਕੇ ਇਹ ਚੀਜ਼ ਪਬਲਿਸ਼ ਕੀਤੀ ਗਈ । 25 ਮਾਰਚ ਨੂੰ ਅੰਮ੍ਰਿਤਸਰ ਦੀ ਬਾਈ ਅਲੈਕਸ਼ਨ ਦਾ ਰਿਜ਼ਲਟ ਆ ਗਿਆ ਅਤੇ ਉਸ ਦੇ ਬਾਅਦ ਸਰਕਾਰ ਨੇ ਇਹ ਮਹਿਸੂਸ ਕੀਤਾ ਕਿ ਜੇ ਮਿਊਂਸਪਲ ਕਮੇਟੀਆਂ ਦੀਆਂ ਚੋਣਾਂ ਹੋ ਗਈਆਂ ਤਾਂ ਫਿਰ ਕਾਂਗਰਸ ਦੀ ਬੜੀ ਬੁਰੀ ਹਾਰ ਹੋਵੇਗੀ । ਇਸ ਨੁਕਤਾ ਨਿਗਾਹ ਨੂੰ ਸਾਹਮਣੇ ਰਖਦੇ ਹੋਏ ਇਨ੍ਹਾਂ ਨੇ 8 ਅਪਰੈਲ ਨੂੰ ਜਦੋਂ ਕਿ ਕਈ ਜਗ੍ਹਾ ਨਾਮੀਨੇਸ਼ਨਜ਼ ਵੀ ਹੋ ਗਈਆ ਸਨ, ਇਹ ਆਰਡੀਨੈਂਸ ਕਰ ਦਿੱਤਾ । ਇਹ ਆਰਡੀਨੈਂਸ ਲਾਗੂ ਕਰਨ ਦਾ ਮਤਲਬ ਕੀ ਹੈ ? ਕੀ ਪਹਿਲਾਂ ਸਰਕਾਰ ਨੂੰ ਇਹ ਨਹੀਂ ਸੀ ਪਤਾ ਕਿ ਵਾਰਡ ਨਹੀਂ ਬਣੇ ਜਾਂ ਅਜੇ ਹੱਦਾਂ ਵਧਾਉਣੀਆਂ ਹਨ ? ਇਸ ਦਾ ਮਤਲਬ ਇਹ ਹੈ ਕਿ ਦੋ ਸਾਲ ਤੋਂ ਅੰਧੇਰਗਰਦੀ ਲੋਕਲ

Original with;
Punjab Vidhan Sabha
Digitized by;
Panjab Digital Library

ਬਾਡੀਜ਼ ਡਿਪਾਰਟਮੈਂਟ ਵਿਚ ਚਲਦੀ ਰਹੀ ਹੈ ਅਤੇ ਇਹ ਮੈਂ ਤੁਹਾਡੇ ਸਾਹਮਣੇ ਰਖਣਾਂ ਚਾਹੁੰਦਾ ਹਾਂ ।

ਸਪੀਕਰ ਸਾਹਿਬ, ਜਿਨ੍ਹਾਂ ਮਿਊਂਸਪੈਲਟੀਜ਼ ਵਿਚ ਆਪੋਜ਼ੀਸ਼ਨ ਮੈਜਾਰਟੀ ਵਿਚ ਆਈ ਉਨ੍ਹਾਂ ਨੂੰ ਇਸ ਸਰਕਾਰ ਨੇ ਚਲਣ ਹੀ ਨਹੀਂ ਦਿੱਤਾ । ਮੈਂ ਤੁਹਾਡੇ ਸਾਹਮਣੇ ਇਕ ਇਕ ਉਦਾਹਰਣ ਰਖਾਂਗਾ । ਬਟਾਲਾ ਮਿਊਂਸਪਲ ਕਮੇਟੀ ਵਿਚ 11 ਮੈਂਬਰ ਆਪੋਜ਼ੀਸ਼ਨ ਦੇ ਆਏ ਅਤੇ 10 ਕਾਂਗਰਸ ਦੇ ਆਏ । ਡੇਢ ਸਾਲ ਤਕ ਕਾਂਗਰਸ ਸਰਕਾਰ ਨੇ ਇਹ ਮਿਊਂਸਪਲ ਕਮੇਟੀ ਕੰਸਟੀਚੂਟ ਹੀ ਨਹੀਂ ਹੋਣ ਦਿੱਤੀ । ਤਰੀਕਾ ਕੀ ਅਪਣਾਇਆ ? ਉਥੇ ਇਕ ਮੈਂਬਰ ਜਿਹੜਾ ਕਿ ਹਰੀਜਨ ਸੀ ਅਤੇ ਚੰਣ ਜਿਤ ਕੇ ਆਇਆ ਸੀ ਉਸ ਦਾ ਨਾਂ ਸੂਰਜ ਪ੍ਰਕਾਸ਼ ਵਲਦ ਧਨੀ ਰਾਮ ਸੀ ਅਤੇ ਜਿਹੜੀ ਗਜ਼ਟ ਨੋਟੀਫੀਕੇਸ਼ਨ ਛਪੀ ਸੀ ਉਸ ਦੇ ਵਿਚ ਕਲੈਰੀਕਲ ਮਿਸਟੇਕ ਨਾਲ ਛਪਾਈ ਵਿਚ ਧਨੀ ਰਾਮ ਦੀ ਥਾਂ ਬਨੀ ਰਾਮ ਛਾਪਿਆ ਗਿਆ । ਜਦੋਂ ਮੌਕਾ ਆਇਆ ਤਾਂ ਉਸ ਵੇਲੇ ਉਥੋਂ ਦੇ ਅਫਸਰ ਨੇ ਉਸ ਸੂਰਜ ਪ੍ਰਕਾਸ਼ ਦੇ ਘਰ ਚਿੱਠੀ ਭੇਜੀ ਕਿ ਤੁਸੀਂ ਓਥ ਲੈਣ ਵਾਸਤੇ ਆਓ । ਪਰ ਜਦੋਂ ਉਹ ਓਥ ਲੈਣ ਲਈ ਗਿਆ ਤਾਂ ਉਸ ਨੂੰ ਕਿਹਾ ਗਿਆ ਕਿ ਤੇਰੇ ਪਿਤਾ ਦਾ ਨਾਂ ਗਲਤ ਛਪਿਆ ਹੈ ਅਤੇ ਇਸ ਲਈ ਓਥ ਨਹੀਂ ਹੋ ਸਕਦੀ । ਇਸ ਤਰ੍ਹਾਂ ਨਾਲ ਇਕ ਮੈਂਬਰ ਉਨ੍ਹਾਂ ਦਾ ਘੱਟ ਗਿਆ । ਆਪਣੀ ਮੈਜਾਰਟੀ ਕਰਨ ਵਾਸਤੇ ਇਹੋ ਜਿਹੇ ਹੱਥ ਕੰਡੇ ਇਨ੍ਹਾਂ ਨੇ ਵਰਤੇ ਹਨ । ਇਹ ਕਹਿੰਦੇ ਹਨ ਕਿ ਅਸੀਂ ਜਮਹੂਰੀਅਤ ਦੇ ਰੱਖਸ਼ਕ ਹਾਂ । ਕਾਂਗਰਸ ਪਾਰਟੀ ਕਹਿੰਦੀ ਹੈ ਸਾਡੀ ਪਾਰਟੀ ਦੇ ਕਾਰਨ ਇਸ ਦੇਸ਼ ਦੇ ਵਿਚ ਜਮਹੂਰੀਅਤ ਕਾਇਮ ਹੈ ਪਰ ਉਸ ਪਾਰਟੀ ਦੇ ਮਨਿਸਟਰ ਨੇ ਅਫਸਰ ਨੂੰ ਇਹ ਹਦਾਇਤ ਦਿੱਤੀ ਕਿ ਕਿਸੇ ਤਰ੍ਹਾਂ ਓਥ ਨਾ ਕਰਾਈ ਜਾਵੇ । ਉਹ ਅਫਸਰ ਕਹਿੰਦਾ ਹੈ ਕਿ ਮੈਂ ਜਾਣਦਾ ਹਾਂ ਕਿ ਤੂੰ ਸੂਰਜ ਪ੍ਰਕਾਸ਼ ਹੈਂ ਪਰ ਮੈਂ ਤੇਰੀ ਓਥ ਨਹੀਂ ਕਰਾ ਸਕਦਾ । ਫਿਰ ਸਰਕਾਰ ਇਹ ਕਹਿੰਦੀ ਹੈ ਕਿ ਵਾਰਡ ਨਹੀਂ ਬਣੇ । ਫਿਰ ਕੀ ਹੁੰਦਾ ਹੈ ਜਿਥੇ ਇਨ੍ਹਾਂ ਦੀ ਮੈਜਾਰਟੀ ਨਹੀਂ ਹੁੰਦੀ ਉਥੇ ਪਹਿਲਾਂ ਮੈਜਾਰਟੀ ਨੂੰ ਮਾਇਨਰਟੀ ਵਿਚ ਕਨਵਰਟ ਕਰ ਦਿੰਦੇ ਹਨ ਅਤੇ ਆਪਣੀ ਮੈਜਾਰਟੀ ਕਰਕੇ ਫਿਰ ਉਥੇ ਇਨ੍ਹਾਂ ਨੇ ਕੌਆਪਸ਼ਨ ਕਰ ਲਈਆਂ । ਕੌਆਪਸ਼ਨਾਂ ਜਿਹੜੀਆਂ ਕੀਤੀਆਂ ਗਈਆਂ ।

ਸ਼੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਇਹ ਆਰਡੀਨੈਂਸ ਬਾਰੇ ਤਾਂ ਬੋਲ ਨਹੀਂ ਰਹੇ ਹਨ । ਇਹ ਤਾਂ ਹੋਰ ਹੀ ਗੱਲਾਂ ਕਰਨ ਲਗ ਪਏ ਹਨ ।

ਸ਼੍ਰੀ ਸਪੀਕਰ: ਡਾਕਟਰ ਸਾਹਿਬ ਬੜੇ ਪੁਰਾਣੇ ਪਾਰਲੀਮੈਂਟੇਰੀਅਨ ਹਨ । ਇਨ੍ਹਾਂ ਨੂੰ ਪ੍ਰੋਸੀਜ਼ਰ ਦਾ ਪਤਾ ਹੈ । ਇਹ ਇਰਰੈਲੇਵੈਂਟ ਨਹੀਂ ਬੋਲਣਗੇ । (Dr. Sahib is a very old parliamentarian. He is fully familiar with the procedure. He will not be irrelevant.)

ਸ਼੍ਰੀ ਪਰੇਮ ਚੰਦ ਗੁਪਤਾ : ਤੁਸੀਂ ਕਿਹਾ ਹੈ ਕਿ ਰੈਲੇਵੈਂਟ ਰਹੋ । ਇਸ ਬਿਲ ਜਾਂ ਆਰਡੀਨੈਂਸ ਵਿਚ ਬਟਾਲੇ ਦੀ ਮਿਊਂਸਪੈਲਟੀ ਕਿਥੇ ਆਉਂਦੀ ਹੈ। ਕੀ ਇਨ੍ਹਾਂ ਨੈ ਠੇਕਾ ਲਿਆ ਹੈ ਇਰਰੈਲੇਵੈਂਟ ਬੋਲਣ ਦਾ ।

Mr. Speaker: I have asked Dr. Baldev Parkash to be relevant.

Original with;
Punjab Vidhan Sabha
Digitized by;
Panjab Digital Library

ਸ਼੍ਰੀ ਗੁਰਦਿਆਲ ਸੈਣੀ :ਸਪੀਕਰ ਸਾਹਿਬ ਜੇ ਡਾਕਟਰ ਸਾਹਿਬ ਨੂੰ ਮਿਉਂਸਪਲ ਕਮੇਟੀਆਂ ਬਾਰੇ ਗਲ ਕਰਨ ਦੀ ਖੁਲ੍ਹੀ ਛੁਟੀ ਹੈ ਤਾਂ ਫਿਰ ਸਾਨੂੰ ਵੀ ਟਾਈਮ ਦਿਉ ।

ਸਰਦਾਰ ਸਤਨਾਮ ਸਿੰਘ ਬਾਜਵਾ: ਤੁਸੀਂ ਸਪੀਕਰ ਸਾਹਿਬ ਨੂੰ ਕਿਉਂ ਦਬਾਉਂਦੇ ਹੋ ।

ਸ਼੍ਰੀ ਸਪੀਕਰ: ਡਾਕਟਰ ਸਾਹਿਬ ਨੂੰ ਬੋਲਣ ਦਿਓ। ਵਕਤ ਜ਼ਾਇਆ ਨਾ ਕਰੋ । (Please let Dr. Sahib speak. Don't waste the time of the House.)

ਡਾਕਟਰ ਬਲਦੇਵ ਪ੍ਰਕਾਸ਼: ਸਪੀਕਰ ਸਾਹਿਬ, ਮੈਂ ਥੋੜੇ ਜਿਹੇ ਫੈਕਟਸ ਹਾਊਸ ਦੇ ਸਾਹਮਣੇ ਰਖਣੇ ਹਨ । ਇਹ ਇਸ ਆਰਡੀਨੈਂਸ ਨਾਲ ਬਿਲਕੁਲ ਰੈਲੇਵੈਂਟ ਹਨ। ਇਹ ਚਾਹੁੰਦੇ ਹਨ ਕਿ ਮਿਉਂਸਪਲ ਕਮੇਟੀਜ਼ ਸੁਪਰਸੀਡਿਡ ਰਹਿਣ, ਉਹ ਫੰਕਸ਼ਨ ਨਾ ਕਰਨ ਅਤੇ ਐਡਮਿਨਿਸਟਰੇਟਰ ਉਥੇ ਲਗੇ ਰਹਿਣ । ਮੈਂ ਇਹ ਕਹਿੰਦਾ ਹਾਂ ਕਿ ਇਹ ਮਿਉਂਸਪਲ ਕਮੇਟੀਆਂ ਕੰਸਟੀਚੂਟ ਹੀ ਨਹੀਂ ਹੋਣ ਦਿੰਦੇ ।

ਸਰਦਾਰ ਕਿਰਪਾਲ ਸਿੰਘ ਰੰਧਾਵਾ: ਸਪੀਕਰ ਸਾਹਿਬ, ਡਾਕਟਰ ਸਾਹਿਬ ਜਿਹੜੇ ਫੈਕਟਸ ਦਸ ਰਹੇ ਹਨ ਇਹ ਵਨ ਸਾਈਡਿਡ ਹਨ । ਕੀ ਇਨ੍ਹਾਂ ਦੀ ਨਾਲਿਜ ਵਿਚ ਇਹ ਚੀਜ਼ ਹੈ ਕਿ ਇਹੋ ਜਿਹੀਆਂ ਮਿਉਂਸਪਲ ਕਮੇਟੀਆਂ ਵਿਚ ਜਿਥੇ ਕਿ ਅਕਾਲੀਆਂ ਜਾਂ ਜਨਸੰਘ ਦੀ ਮੈਜਾਰਟੀ ਹੈ ਉਥੇ ਇਸ ਸਰਕਾਰ ਨੇ ਲੱਖਾਂ ਰੁਪਏ ਡਿਵੈਲਪਮੈਂਟ ਦੇ ਕੰਮਾਂ ਵਾਸਤੇ ਦਿੱਤੇ ਹਨ ?

ਡਾਕਟਰ ਬਲਦੇਵ ਪ੍ਰਕਾਸ਼: ਸਪੀਕਰ ਸਾਹਿਬ, ਇਥੇ ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਦੀ ਗਜ਼ਟ ਨੋਟੀਫੀਕੇਸ਼ਨ ਜਾਰੀ ਕੀਤੀ ਗਈ । ਪਹਿਲਾਂ ਚੋਣਾਂ ਹੋ ਜਾਣ ਤੋਂ ਦੋ ਤਿੰਨ ਮਹੀਨੇ ਤਕ ਤਾਂ ਇਸ ਸਰਕਾਰ ਨੇ ਜਿਥੇ ਕਿ ਆਪੋਜ਼ੀਸ਼ਨ ਪਾਰਟੀ ਦੇ ਮੈਂਬਰ ਜ਼ਿਆਦਾ ਆ ਗਏ ਸਨ, ਕਮੇਟੀਆਂ ਕੰਸਟੀਚੂਟ ਹੀ ਨਹੀਂ ਹੋਣ ਦਿਤੀਆਂ । ਫਿਰ ਉਥੇ ਕੋਆਪਸ਼ਨ ਕਰਵਾਈ ਗਈ । ਇਕ ਅਫਸਰ ਨੂੰ ਸਪੈਸ਼ਲੀ ਭੇਜਿਆ ਗਿਆ ਕਿ ਉਹ ਬਾਈ ਹੈਂਡ....(ਸ਼ੋਰ)

ਸਰਦਾਰ ਪ੍ਰਿਥੀਪਾਲ ਸਿੰਘ: ਅੰਮ੍ਰਿਤਸਰ ਵਿਚ ਤਾਂ ਮਿਉਂਸਪਲ ਕਮੇਟੀ ਵਿਚ ਜਨਸੰਘ ਕਾਬਜ਼ ਹੈ । ਉਥੇ ਡਿਵੈਲਪਮੈਂਟ ਦੇ ਕੰਮਾਂ ਲਈ 80 ਲੱਖ ਰੁਪਏ ਦੀ ਗਰਾਂਟ ਦਿੱਤੀ ਗਈ । ਉਸਦੇ ਵਿਚੋਂ ਇਕ ਪੈਸਾ ਵੀ ਡਿਵੈਲਪਮੈਂਟ ਦੇ ਕੰਮ ਤੇ ਖਰਚ ਨਹੀਂ ਕੀਤਾ ਗਿਆ । ਇਸ ਦੇ ਵਿਚੋਂ 30 ਲੱਖ ਰੁਪਏ ਇਮਪਲਾਈਜ਼ ਨੂੰ ਤਨਖਾਹ ਦੇ ਦਿਤੀ ।

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਇਹ ਆਪਣੇ ਟਾਈਮ ਤੇ ਬੋਲਣ । ਕਿਸੇ ਤੇ ਕੋਈ ਪਾਬੰਦੀ ਨਹੀਂ ਇਹ ਕਮ-ਅਜ਼-ਕਮ ਸੁਣਨ ਤਾਂ ਸਹੀ ।

ਸ਼੍ਰੀ ਪਰੇਮ ਕੁਪਤਾ: ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਇਹ ਰੈਲੇਵੈਂਟ ਰਹਿਣ । ਟਾਈਮ ਬੇਸ਼ਕ ਚਾਰ ਘੰਟੇ ਹੋਰ ਵਧਾ ਦਿਓ । ਅਸੀਂ ਬੈਠਣ ਵਾਸਤੇ ਤਿਆਰ ਹਾਂ ।

ਡਾਕਟਰ ਬਲਦੇਵ ਪ੍ਰਕਾਸ਼: ਸਪੀਕਰ ਸਾਹਿਬ, ਇਹ ਜਿਹੜਾ ਆਰਡੀਨੈਂਸ ਜਾਰੀ ਕੀਤਾ ਗਿਆ ਹੈ ਇਹ ਇਸ ਹਕਤਾ ਨਿਗਾਹ ਨਾਲ ਕੀਤਾ ਗਿਆ ਹੈ ਕਿ ਪੰਜਾਬ ਦੇ ਸ਼ਹਿਰਾਂ

Original with;
Punjab Vidhan Sabha
Digitized by;
Panjab Digital Library

ਵਿਚ ਮਿਉਂਸਪਲ ਕਮੇਟੀਆਂ ਕਾਂਸਟੀਚੂਟ ਨਾ ਹੋ ਸਕਣ । ਇਸ ਵਿਚ ਕੋਈ ਵਜ੍ਹਾ ਨਹੀਂ ਕਿ ਸਰਕਾਰ ਇਕ ਸਾਲ ਦੇ ਅੰਦਰ ਵਾਰਡ ਪੂਰੇ ਨਾ ਕਰ ਸਕੇ । ਜਿਨ੍ਹਾਂ ਮਿਉਂਸਪਲ ਕਮਟੀਆਂ ਦੀਆਂ ਸਰਕਾਰ ਹੱਦਾਂ ਵਧਾਉਣਾ ਚਾਹੇ ਉਹ ਕਿਉਂ ਨਹੀਂ ਵਧਾ ਸਕਦੀ । ਮੈਂ ਤੁਹਾਡੇ ਸਾਹਮਣੇ ਅੰਮ੍ਰਿਤਸਰ ਦੀ ਮਿਉਂਸਪਲ ਕਮੇਟੀ ਦਾ ਜ਼ਿਕਰ ਕਰਦਾ ਹਾਂ । ਉਥੇ ਦੇ ਪ੍ਰੈਜ਼ੀਡੈਂਟ ਨੂੰ ਪਹਿਲਾਂ ਕਾਂਗਰਸ ਦੀ ਸਪੋਰਟ ਸੀ ।

ਸ਼੍ਰੀ ਪਰੇਮ ਗੁਪਤਾ : ਸਪੀਕਰ ਸਾਹਿਬ, ਇਸ ਬਿਲ ਵਿਚ ਅੰਮ੍ਰਿਤਸਰ ਮਿਉਂਸਪੈਲਟੀ ਕਿਥੇ ਆ ਗਈ ਹੈ ?

ਡਾਕਟਰ ਬਲਦੇਵ ਪ੍ਰਕਾਸ਼ : ਜਿਸ ਦਿਨ ਕਾਂਗਰਸ ਪਾਰਟੀ ਨੇ ਮਿਉਂਸਪਲ ਕਮੇਟੀ ਦੇ ਪ੍ਰਧਾਨ ਨੂੰ ਸਪੋਰਟ ਦੇਣ ਤੋਂ ਨਾ ਕਰ ਦਿੱਤੀ ਉਸ ਤੋਂ ਅਗਲੇ ਦਿਨ ਹੀ ਸੁਪਰਸੈਸ਼ਨ ਦੇ ਆਰਡਰ ਚਲੇ ਗਏ ।

ਸ਼੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਤੁਸੀਂ ਡਾਕਟਰ ਬਲਦੇਵ ਪ੍ਰਕਾਸ਼ ਦਾ ਲਿਹਾਜ਼ ਕਰ ਰਹੇ ਹੋ । ਤੁਸੀਂ ਉਨ੍ਹਾਂ ਨੂੰ ਬੋਲਣ ਦੀ ਖੁਲ੍ਹੀ ਛੁਟੀ ਦਿਤੀ ਹੈ । ਇਸ ਨੂੰ ਅਸੀਂ ਬਰਦਾਸ਼ਤ ਨਹੀਂ ਕਰਾਂਗੇ । (ਸ਼ੋਰ)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਇਹ ਬਿੱਲ ਸਿਰਫ ਦੋ ਲਾਈਨਾਂ ਦਾ ਹੈ ਅੰਰ ਇਸ ਵਿਚ ਐਡਮਨਿਸਟਰੇਟਰ ਅਪੁਆਇੰਟ ਕਰਨ ਬਾਰੇ ਪੀਰੀਅਡ ਹੈ । ਅੰਮ੍ਰਿਤਸਰ ਦੀ ਕਮੇਟੀ ਤਾਂ ਸੁਪਰਸੀਡ ਹੀ ਨਹੀਂ ਹੋਈ ਉਸ ਬਾਰੇ ਇਨ੍ਹਾਂ ਨੂੰ ਫਿਕਰ ਕਿਵੇਂ ਹੋ ਗਿਆ ਹੈ । ਇਨ੍ਹਾਂ ਨੇ ਜੇਕਰ ਮਿਸਾਲ ਹੀ ਦੇਣੀ ਹੈ ਤਾਂ ਜਿਹੜੀ ਕੋਈ ਕਮੇਟੀ ਸੁਪਰਸੀਡ ਹੋਈ ਹੈ ਉਸ ਦੀ ਦੇਣ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਡਾਕਟਰ ਸਾਹਿਬ ਦੀ ਪਾਰਟੀ ਨਾਲ ਸਾਡੇ ਬਹੁਤ ਮਤਭੇਦ ਹਨ ਪਰ ਹਾਊਸ ਦੇ ਵਿਚ ਜਿਹੜਾ ਪ੍ਰੈਸੀਜਰ ਹੈ ਉਸ ਮੁਤਾਬਿਕ ਚਲਣ । ਕਈ ਕਮੇਟੀਆਂ ਨੂੰ ਸੁਪਰਸੀਡ ਕੀਤਾ ਗਿਆ ਤੇ ਹੋਰ ਕਮੇਟੀਆਂ ਸੁਪਰਸੀਡ ਹੋ ਜਾਣਗੀਆਂ ਉਨ੍ਹਾਂ ਉਤੇ ਵੀ ਇਹ ਲਾਗੂ ਹੁੰਦਾ ਹੈ । ਉਸ ਦੀ ਆਪੋਜ਼ੀਸ਼ਨ ਵਾਲੇ ਅਗਰ ਇਸ ਕਿਸਮ ਦੀ ਕੋਈ ਮਿਸਾਲ ਦੇਣ ਤਾਂ ਠੀਕ ਹੈ।

ਸ਼੍ਰੀ ਸਪੀਕਰ : ਕੋਈ ਪਾਸਿਂਗ ਰੈਫਰੈਂਸ ਵੀ ਹੋ ਸਕਦਾ ਹੈ। (Even passing reference can be made.)

ਸ਼੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਹ ਇਰਰੈਲੇਵੈਂਟ ਬੋਲ ਲੈਣ, ਸਾਨੂੰ ਵੀ ਬੋਲਣ ਦੀ ਇਜਾਜ਼ਤ ਦਿਤੀ ਜਾਵੇ। ਇਹ ਬਿੱਲ ਭਾਵੇਂ ਦੋ ਹੀ ਲਾਈਨਾਂ ਦਾ ਹੈ, ਇਸ ਵਿਚ ਬਹੁਤ ਸਾਰੇ ਮੈਂਬਰ ਜ਼ਰੂਰ ਬੋਲਣਾ ਚਾਹੁੰਦੇ ਹਨ, ਇਸ ਵਾਸਤੇ ਮੇਰੀ ਬੇਨਤੀ ਹੈ ਕਿ ਹਾਊਸ ਦਾ ਟਾਈਮ ਅੱਧਾ ਘੰਟਾ ਹੋਰ ਵਧਾ ਦਿਤਾ ਜਾਵੇ ।

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਬਿਲਕੁਲ ਰੈਲੇਵੈਂਟ ਬੋਲੋ । (Doctor Sahib, please be relevant.)

Original with;
Punjab Vidhan Sabha
Digitized by;
Panjab Digital Library

ਡਾਕਟਰ ਬਲਦੇਵ ਪ੍ਰਕਾਸ਼ : ਤੁਸੀਂ, ਸਪੀਕਰ ਸਾਹਿਬ, ਆਪ ਹੀ ਦਸੋ ਕਿ ਅੰਮ੍ਰਿਤਸਰ ਦੀ ਮਿਉਂਸਪਲ ਕਮੇਟੀ ਦਾ ਮੈਂ ਕਿਉਂ ਜ਼ਿਕਰ ਕੀਤਾ ਹੈ। ਸਪੀਕਰ ਸਾਹਿਬ, ਇਨ੍ਹਾਂ ਦੀ ਨੀਤੀ ਇਹ ਹੈ ਕਿ ਉਸ ਕਮੇਟੀ ਨੂੰ ਸੁਪਰਸੀਡ ਕਰਕੇ ਇਨਡਾਇਰੈਕਟਲੀ ਐਡਮਨਿਸਟਰੇਟਰ ਲਗਾ ਕੇ ਰੂਲ ਕਰੀਏ । ਕੀ ਇਹ ਡੈਮੋਕਰੇਸੀ ਹੈ ? ਅੱਜ ਉਹ ਮਿਉਂਸਪਲ ਕਮੇਟੀ ਠੀਕ ਚਲ ਰਹੀ ਹੈ ਕਿਉਂਕਿ ਕਾਂਗਰਸ ਦੀ ਸਪੋਰਟ ਹੈ ਜਿਥੇ ਕਾਂਗਰਸ ਦੀ ਸਪੋਰਟ ਨਹੀਂ ਹੁੰਦੀ ਉਥੇ ਅਗਲੇ ਦਿਨ ਹੀ ਨੋਟਿਸ ਚਲਾ ਜਾਂਦਾ ਹੈ । ਦੋ ਸਾਲ ਤਕ ਐਡਮਨਿਸਟਰੇਟਰ ਲਗਾਕੇ ਰੂਲ ਕਰਨ ਦੀ ਇਨ੍ਹਾਂ ਦੀ ਨੀਤੀ ਹੈ। ਮੈਂ ਦਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦੀਨਾਨਗਰ ਦੀ ਮਿਉਂਸਪਲ ਕਮੇਟੀ ਨੂੰ ਨੋਟਿਸ ਦਿਤਾ ਹੈ ।....

ਸ਼੍ਰੀ ਪਰਤਾਪ ਚੰਦ ਭੰਡਾਰੀ : ਸਪੀਕਰ ਸਾਹਿਬ, ਮੈਂ ਡਾਕਟਰ ਸਾਹਿਬ ਪਾਸੋਂ ਇਕ ਇਨਫਰਮੇਸ਼ਨ ਲੈਣੀ ਚਾਹੁੰਦਾ ਹਾਂ ।

ਸਰਦਾਰ ਸਤਨਾਮ ਸਿੰਘ ਬਾਜਵਾ : ਇਨਫਰਮੇਸ਼ਨ ਤਾਂ ਸਰਕਾਰ ਪਾਸੋਂ ਲਈ ਜਾਂਦੀ ਹੈ ਮੈਂਬਰ ਤੋਂ ਤਾਂ ਨਹੀਂ ਲਈ ਜਾਂਦੀ ।

ਸ਼੍ਰੀ ਪਰਤਾਪ ਚੰਦ ਭੰਡਾਰੀ : ਡਾਕਟਰ ਸਾਹਿਬ, ਮੈਂ ਤੁਹਾਡੇ ਪਾਸੋਂ ਇਹ ਇਨਫਰਮੇਸ਼ਨ ਲੈਣੀ ਚਾਹੁੰਦਾ ਹਾਂ ਕਿ ਤੁਹਾਡੀ ਪਾਰਟੀ ਨੇ ਅੰਮ੍ਰਿਤਸਰ ਕਮੇਟੀ ਵਿਚ ਇਹ ਰੈਜ਼ੋਲਿਊਸ਼ਨ ਨਹੀਂ ਕੀਤਾ ਕਿ ਕਮੇਟੀ ਤੋੜ ਦਿਓ ਅੱਤ ਇਲੈਕਸ਼ਨ ਕਰਵਾਏ ਜਾਣ ?

ਡਾਕਟਰ ਬਲਦੇਵ ਪ੍ਰਕਾਸ਼ : ਸੋ ਸਪੀਕਰ ਸਾਹਿਬ, ਮੈਂ ਜਿਹੜੀ ਗਲ ਕਹਿ ਰਿਹਾ ਸੀ ਉਹ ਇਹ ਹੈ ਕਿ ਇਨ੍ਹਾਂ ਦੀ ਇਨਟੈਨਸ਼ਨ ਖਰਾਬ ਹੈ । ਉਹ ਕਮੇਟੀ ਸੁਪਰਸੀਡ ਹੋਵੇਗੀ ।

ਸ਼੍ਰੀ ਗੁਰਦਿਆਲ ਸੈਣੀ : ਮੈਂ ਡਾਕਟਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਬਿੱਲ ਹੈ ਜਿਨ੍ਹਾਂ ਕਮੇਟੀਆਂ ਦੀ ਪੰਜ ਸਾਲ ਦੀ ਮਿਆਦ ਖਤਮ ਨਹੀਂ ਹੋਣੀ ਉਨ੍ਹਾਂ ਤੇ ਲਾਗੂ ਨਹੀਂ ਹੁੰਦਾ । ਇਸ ਕਰਕੇ ਘਬਰਾਓ ਨਾ । ਅੰਮ੍ਰਿਤਸਰ ਵਿਚ ਇਹ ਲਾਗੂ ਨਹੀਂ ਹੋਵੇਗਾ ।

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਤੁਸੀਂ ਦੋ ਤਿੰਨ ਮਿੰਟਾਂ ਵਿਚ ਹੀ ਵਾਈਂਡ ਅਪ ਕਰੋ । (Doctor Sahib, I will request you to please wind up within two three minutes.)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਇਹ ਜਾਣ ਬੁਝ ਕੇ ਇਸ ਤਰ੍ਹਾਂ ਕਰਦੇ ਹਨ । ਇਨ੍ਹਾਂ ਦੀ ਇਨਟੈਨਸ਼ਨ ਇਤਨੀ ਖਰਾਬ ਹੈ ਕਿ ਦੀਨਾਨਗਰ ਮਿਉਂਸਪੈਲਿਟੀ ਨੂੰ ਨੋਟਿਸ ਸੁਪਰਸੈਸ਼ਨ ਦਾ ਦਿਤਾ ਗਿਆ । ਜਿਹੜੀਆਂ ਗਲਤੀਆਂ ਪਹਿਲੀ ਕਮੇਟੀ ਨੇ ਕੀਤੀਆਂ ਸਨ ਉਨ੍ਹਾਂ ਦੀ ਬਿਨਾ ਤੇ ਇਸ ਤਰ੍ਹਾਂ ਕੀਤਾ ਜਾ ਰਿਹਾ ਹੈ । ਇਹ ਤਾਂ ਉਸ ਤਰ੍ਹਾਂ ਕਰਦੇ ਹਨ ਜਿਸ ਤਰ੍ਹਾਂ ਸ਼ੇਰ ਤੇ ਬੱਕਰੇ ਦੀ ਕਹਾਣੀ ਆਉਂਦੀ ਹੈ । ਸ਼ੇਰ ਕਹਿਣ ਲਗਾ ਬਕਰੇ ਨੂੰ ਖਾਣ ਵਾਸਤੇ ਕਿ.....

ਸ਼੍ਰੀ ਸਪੀਕਰ : ਕਹਾਣੀਆਂ ਨਾ ਸੁਣਾਓ ਡਾਕਟਰ ਸਾਹਿਬ । (Doctor Sahib do not narrate stories.)

Original with;
Punjab Vidhan Sabha
Digitized by;
Panjab Digital Library

ਸਰਦਾਰ ਸਤਨਾਮ ਸਿੰਘ ਬਾਜਵਾ: ਬੱਚਿਆਂ ਨੂੰ ਕਹਾਣੀਆਂ ਸੁਣਾਉਣੀਆਂ ਹੀ ਪੈਂਦੀਆਂ ਹਨ । (ਹਾਸਾ) (ਵਿਘਨ)

ਸ਼੍ਰੀ ਸਪੀਕਰ: ਤੁਸੀਂ ਇਸ ਤਰ੍ਹਾਂ ਨਾ ਕਹੋ, ਇਨ੍ਹਾਂ ਦੇ ਕਿਤਨੇ ਕਿਤਨੇ ਬੱਚੇ ਹਨ । (ਹਾਸਾ) (You should not say like this. They have got so many children of their own.)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਇਹ ਆਰਡੀਨੈਂਸ ਲੋਕ ਰਾਜ ਨੂੰ ਖਤਮ ਕਰਨ ਵਾਲਾ ਆਰਡੀਨੈਂਸ ਹੈ । ਜਿਹੜੇ ਹਕੂਕ ਮਿਉਂਸਪਲ ਕਮੇਟੀ ਨੂੰ ਮਿਉਂਸਪਲ ਐਕਟ ਦੇ ਤਹਿਤ ਹਨ ....

ਸ਼੍ਰੀ ਜੈ ਮੁਨੀ : * * *

Mr. Speaker: This is no point of order. (*Interruption and Noise.*)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਹ ਕਾਂਗਰਸੀ ਵੀ ਬੋਲਦੇ ਹਨ । ਜਿਨ੍ਹਾਂ ਦੇ ਰੋਮ ਰੋਮ ਵਿਚ ਕੁਰੱਪਸ਼ਨ ਰਚੀ ਹੋਈ ਹੈ । (ਵਿਘਨ)

Mr. Speaker: Order please.

ਡਾਕਟਰ ਬਲਦੇਵ ਪ੍ਰਕਾਸ਼: ਸਪੀਕਰ ਸਾਹਿਬ, ਦੋ ਸਾਲਾਂ ਦਾ ਇਤਿਹਾਸ ਪੰਜਾਬ ਦਾ ਕਾਂਗਰਸ ਰਾਜ ਦਾ ਰਿਹਾ ਹੈ ਇਹ ਲੋਕ ਲੋਕ-ਰਾਜ ਦਾ ਗਲਾ ਘੁੱਟ ਰਹੇ ਹਨ ....।

ਸ਼੍ਰੀ ਸਪੀਕਰ: ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਕਰਵਾ ਦਿਤੀਆਂ ਹਨ । (The Elections to Municipal Committees have been held.)

ਡਾਕਟਰ ਬਲਦੇਵ ਪਰਕਾਸ਼: ਸਪੀਕਰ ਸਾਹਿਬ, ਮੈਂ ਜ਼ਿਆਦਾ ਕੁਝ ਹੋਰ ਨਾ ਕਹਿੰਦਾ ਹੋਇਆ ਹਾਊਸ ਅਗੇ ਇਹ ਮੰਗ ਕਰਦਾ ਹਾਂ ਕਿ ਇਸ ਆਰਡੀਨੈਂਸ ਨੂੰ ਖਤਮ ਕੀਤਾ ਜਾਵੇ ।

ਸ਼੍ਰੀ ਸਪੀਕਰ : ਸਰਦਾਰ ਹਰਬੰਸ ਸਿੰਘ ਜਲਾਲ ਸਿਲੈਕਟ ਕਮੇਟੀ ਨੂੰ ਰੈਫਰ ਕਰਨਾ ਚਾਹੁੰਦੇ ਹਨ । ਜਲਾਲ ਜੀ ਤੁਸੀਂ ਬੋਲੋ । (Sardar Harbans Singh Jalal wants that the Bill be referred to a Select Committee. Jalal Ji you may please speak.)

ਮਾਲ ਅਤੇ ਚੋਣ ਮੰਤਰੀ: ਆਰਡੀਨੈਂਸ ਹੋਇਆ ਹੈ । ਪੰਦਰਾਂ ਦਿਨਾਂ ਦਾ ਟਾਈਮ ਹੁੰਦਾ ਹੈ । ਵੈਸੇ ਬੋਲ ਲੈਣ ਪਰ ਇਸ ਤਰ੍ਹਾਂ ਹੋ ਨਹੀਂ ਸਕਦਾ ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਹਰਬੰਸ ਸਿੰਘ ਜਲਾਲ (ਫੂਲ): ਸਪੀਕਰ ਸਾਹਿਬ, ਮੈਂ ਇਸ ਆਰਡੀਨੈਂਸ ਨਾਲ ਸਹਿਮਤ ਨਹੀਂ ਹਾਂ। ਇਹ ਆਰਡੀਨੈਂਸ ਜਿਹੜਾ ਕਿ ਹਾਊਸ ਵਿਚ ਪੇਸ਼ ਹੋਇਆ ਹੈ ਇਹ ਸਰਕਾਰ ਦੀ ਗਲਤ ਪਾਲਿਸੀ ਦਾ ਸਿੱਟਾ ਹੈ।

(ਇਸ ਸਮੇਂ ਮਾਸਟਰ ਚੰਦ ਸਿੰਘ ਜੀ ਬੋਲਣ ਲਈ ਖੜ੍ਹੇ ਹੋ ਗਏ) (ਕਈ ਹੋਰ ਮਾਨਯੋਗ ਮੈਂਬਰ ਸਾਹਿਬਾਨ ਵੀ ਖੜ੍ਹੇ ਸਨ)

ਸ਼੍ਰੀ ਸਪੀਕਰ: ਮਾਸਟਰ ਜੀ, ਪਹਿਲਾਂ ਜਲਾਲ ਜੀ ਨੂੰ ਬੋਲ ਲੈਣ ਦਿਓ, ਤੁਸੀਂ ਫੇਰ ਬੋਲ ਲੈਣਾ। (Master Ji, let us first listen to Shri Jalal. You may speak later on.)

ਮਾਸਟਰ ਚੰਦ ਸਿੰਘ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਨੂੰ ਵੀ ਕੋਈ ਟਾਈਮ ਦਿਤਾ ਜਾਵੇ।

ਸਰਦਾਰ ਹਰਬੰਸ ਸਿੰਘ ਜਲਾਲ: ਸਪੀਕਰ ਸਾਹਿਬ, ਸਾਡੇ ਹਾਊਸ ਦੀ ਇਹ ਇਕ ਰਵਾਇਤ ਬਣ ਗਈ ਹੈ ਕਿ ਭਾਵੇਂ ਕੋਈ ਮੈਂਬਰ ਕਿਤਨਾਂ ਵੀ ਸੀਨੀਅਰ ਹੋਵੇ, ਕੋਈ ਸੱਜਣ ਰੈਲੇਵੈਂਟ ਵੀ ਹਏ ਪਰ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਮੇਰੀ ਬੇਨਤੀ ਹੈ ਕਿ ਜਿਹੜਾ ਮੈਂਬਰ ਰੈਲੇਵੈਂਟ ਮੈਂਬਰ ਨੂੰ ਟੋਕਣ ਦੀ ਕੋਸ਼ਿਸ਼ ਕਰਦਾ ਹੈ ਉਸ ਨੂੰ ਘੱਟੋ ਘੱਟ ਜੇਕਰ ਉਸ ਦਾ ਪੁਆਇੰਟ ਆਫ ਆਰਡਰ ਨਾ ਬਣਦਾ ਹੋਵੇ ਤਾਂ ਰੀਗਰੈਟ ਸ਼ੋ ਕਰਨੀ ਚਾਹੀਦੀ ਹੈ।

ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਬਿਲ ਪੇਸ਼ ਹੋਇਆ ਹੈ। ਇਹ ਬਿੱਲ ਵੀ ਪਹਿਲੇ ਬਿੱਲ ਵਾਂਗ ਸਰਕਾਰ ਦੀਆਂ ਕੋਝੀਆਂ ਕਰਤੂਤਾਂ ਅਤੇ ਲੁੱਟ ਕਸੁੱਟ ਦਾ ਪ੍ਰਤੀਕ ਬਿੱਲ ਹੈ। ਇਹ ਸਰਕਾਰ ਦੀ ਕਮਜ਼ੋਰੀ ਦੀ ਪੈਦਾਵਾਰ ਹੈ। ਸਪੀਕਰ ਸਾਹਿਬ, ਹੁਣ ਮੈਂ ਦੱਸਾਂਗਾ ਕਿ ਇਹ ਕਿਵੇਂ ? ਹੁਣ ਮੈਂ ਦਸਾਂਗਾ ਕਿ ਸਰਕਾਰ ਨੇ ਇਕ ਨਹੀਂ ਇਸ ਮਿਊਂਸਪਲ ਐਕਟ ਵਿਚ ਦਰਜਨਾਂ ਵਾਰ ਆਪਣੀਆਂ ਕਮਜ਼ੋਰੀਆਂ ਛੁਪਾਉਣ ਵਾਸਤੇ ਅਮੈਂਡਮੈਂਟਾਂ ਲਿਆਂਦੀਆਂ ਹਨ (ਵਿਘਨ) ਮੈਂ ਬਿਲ ਤੇ ਹੀ ਆਉਂਦਾ ਹਾਂ। ਇਹ ਬਿੱਲ ਕਿਉਂ ਲਿਆਇਆ ਜਾ ਰਿਹਾ ਹੈ, ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਕਿ ਸ਼ਹਿਰਾਂ ਦੇ ਲੋਕੀਂ ਕਿਸੇ ਮਨਿਸਟਰ ਨੂੰ ਸੁਣਨ ਨੂੰ ਤਿਆਰ ਨਹੀਂ, ਸਰਕਾਰ ਸ਼ਹਿਰਾਂ ਵਿਚ ਠੁਕਰਾਈ ਜਾ ਚੁੱਕੀ ਹੈ।

ਸ਼੍ਰੀ ਸਪੀਕਰ : ਕੀ ਇਹ ਰੈਲੇਵੈਂਟ ਹੈ ? (Is it relevant ?)

ਸਰਦਾਰ ਹਰਬੰਸ ਸਿੰਘ ਜਲਾਲ : ਇਹ ਰੈਲੇਵੈਂਟ ਹੀ ਹੈ ਜੀ।

ਸਰਦਾਰ ਸੰਤਨਾਮ ਸਿੰਘ ਬਾਜਵਾ: ਤੁਸੀਂ, ਸਪੀਕਰ ਸਾਹਿਬ, ਪਹਿਲਾਂ ਹੀ ਟੋਕ ਦਿੱਤਾ ਹੈ।

ਸਰਦਾਰ ਅਜਾਇਬ ਸਿੰਘ ਸੰਧੂ : ਮਨਿਸਟਰਾਂ ਦੇ ਨਾਂ ਤੇ ਕਿਉਂ ਐਲਰਜਿਕ ਹੋ ਜਾਂਦੇ ਹੋ।

ਸ਼੍ਰੀ ਸਪੀਕਰ : ਇਨ੍ਹਾਂ ਨੂੰ ਰੈਲੇਵੈਂਟ ਹੋਣਾ ਚਾਹੀਦਾ ਹੈ। (The hon. Member should be relevant.)

Original with;
Punjab Vidhan Sabha
Digitized by;
Panjab Digital Library

ਸਰਦਾਰ ਹਰਬੰਸ ਸਿੰਘ ਜਲਾਲ : ਤੁਸੀਂ ਮੈਨੂੰ 5 ਮਿੰਟ ਦੇ ਦੇਵੋ ।

ਸ਼੍ਰੀ ਸਪੀਕਰ : ਜੇ ਰੈਲੇਵੈਂਟ ਬੋਲੋਗੇ ਤਾਂ । (Provided you are relevant.)

ਸਰਦਾਰ ਹਰਬੰਸ ਸਿੰਘ ਜਲਾਲ : ਮੈਂ ਰੈਲੇਵੈਂਟ ਤਾਂ ਹਾਂ ਪ੍ਰੰਤੂ ਤੁਹਾਨੂੰ ਭੀ ਰੈਲੇਵੈਂਸੀ ਦਾ ਪਤਾ ਹੋਣਾ ਚਾਹੀਦਾ ਹੈ ।

Mr. Speaker : I know what is relevancy. Please withdraw your words.

ਸਰਦਾਰ ਹਰਬੰਸ ਸਿੰਘ ਜਲਾਲ : ਮੈਂ ਵਿਦਡਰਾ ਕਰ ਲੈਂਦਾ ਹਾਂ ਜੀ ਪਰ ਇਹ ਠੀਕ ਹੈ ।

ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਸ ਸਰਕਾਰ ਨੂੰ ਇਸ ਬਿੱਲ ਰਾਹੀਂ ਚੋਣਾਂ ਨੂੰ ਪਿਛੇ ਪਾਣ ਦੀ ਕੀ ਲੋੜ ਪਈ ? ਇਨ੍ਹਾਂ ਨੂੰ ਸ਼ਹਿਰਾਂ ਵਿਚ ਕੋਈ ਸੁਣਨਾ ਨਹੀਂ ਚਾਹੁੰਦਾ, ਇਨ੍ਹਾਂ ਨੂੰ ਜਨਤਾ ਨੇ ਠੁਕਰਾ ਦਿੱਤਾ ਹੈ । ਇਸੇ ਕਰਕੇ ਹੀ ਇਹ ਚੋਣਾਂ ਪਿਛੇ ਪਾਉਣਾ ਚਾਹੁੰਦੇ ਹਨ । ਇਨ੍ਹਾਂ ਦਾ ਸ਼ਹਿਰਾਂ ਦੇ ਵਿਚ ਕਾਲੀਆਂ ਝੰਡੀਆਂ ਨਾਲ ਸੁਆਗਤ ਹੁੰਦਾ ਹੈ । ਚੋਣ ਕਰਵਾਣ ਦੀ ਜੁਰਅਤ ਨਹੀਂ ।

ਸ਼੍ਰੀ ਸਪੀਕਰ : ਕੋਈ ਕੰਸਟਰੱਕਟਿਵ ਸੂਜੈਸ਼ਨ ਦੇਵੋ । (Please give some constructive suggestion.)

ਸਰਦਾਰ ਹਰਬੰਸ ਸਿੰਘ ਜਲਾਲ : ਦੇ ਰਿਹਾ ਹਾਂ ਜੀ ।

ਵਿੱਤ ਮੰਤਰੀ : ਬਿੱਲ ਤੇ ਬੋਲੋ ।

ਸਰਦਾਰ ਹਰਬੰਸ ਸਿੰਘ ਜਲਾਲ : ਬੇਨਤੀ ਇਹ ਹੈ ਕਿ ਮੈਨੂੰ ਬੋਲ ਲੈਣ ਦੇਵੋ, ਭਾਵੇਂ 4 ਮਿੰਟ ਦੇਵੋ, 3 ਮਿੰਟ ਦੇਵੋ ਜਾਂ 2 ਮਿੰਟ ਦੇਵੋ ।

ਸਪੀਕਰ ਸਾਹਿਬ, ਇਹ ਚੋਣਾਂ 5 ਸਾਲ ਪੂਰੇ ਹੋਣ ਤੋਂ ਬਾਅਦ ਵੀ ਨਹੀਂ ਕਰਵਾਈਆਂ ਗਈਆਂ ਅਤੇ ਮਿਉਂਸਪਲ ਕਮੇਟੀਆਂ ਨੂੰ ਸੁਪਰਸੀਡ ਕਰ ਦਿੱਤਾ ਗਿਆ । ਇਸ ਤੋਂ ਬਾਅਦ ਇਕ ਸਾਲ ਦੀ ਮਿਆਦ ਵਧਾਈ ਗਈ, ਫਿਰ ਵੀ ਚੋਣਾਂ ਨਹੀਂ ਕਰਾ ਸਕੇ ਅਤੇ ਹੁਣ ਨਵਾਂ ਅਰਸਾ ਮੰਗ ਰਹੇ ਹਨ ਕਿ ਵਾਰਡਾਂ ਦੀ ਡੀਲਿਮਿਟੇਸ਼ਨ ਕਰਨੀ ਰਹਿੰਦੀ ਹੈ । ਇਸ ਦੇ ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਮਿਉਂਸਪਲ ਕਮੇਟੀਆਂ ਦੀ ਹੱਦਬੰਦੀ ਵੀ ਨਵੇਂ ਸਿਰਿਓਂ ਹੋਣੀ ਹੈ । ਇਸ ਦਾ ਤਾਂ ਇਹ ਕਾਰਨ ਹੈ ਕਿ ਜਿਹੜੇ ਲੋਕ ਇਨ੍ਹਾਂ ਨੂੰ ਵੋਟਾਂ ਨਹੀਂ ਦੇਣਾ ਚਾਹੁੰਦੇ, ਉਨ੍ਹਾਂ ਨੂੰ ਇਸ ਵਾਰਡਾਂ ਦੀ ਹਦਬੰਦੀ ਵਿਚ ਬਾਹਰ ਕੱਢ ਦਿਤਾ ਜਾਵੇਗਾ ਅਤੇ ਇਸ ਹਿਸਾਬ ਨਾਲ ਡੀਲਿਮਿਟੇਸ਼ਨ ਆਫ ਵਾਰਡਜ਼ ਕੀਤੀ ਜਾਵੇਗੀ ਕਿ ਜਿਹੜੀ ਇਨ੍ਹਾਂ ਨੂੰ ਸੂਟ ਕਰੇ । ਮੈਂ ਤਾਂ ਇਹ ਕਹਿੰਦਾ ਹਾਂ ਕਿ ਲੋਕਾਂ ਦਾ ਫਰੈਂਚਾਇਜ਼ ਦਾ ਜਿਹੜਾ ਹੱਕ ਹੈ, ਉਸ ਨੂੰ ਖੋਹਿਆ ਜਾ ਰਿਹਾ ਹੈ । ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਇਕ ਅਜੇਹੀ ਅਮੈਂਡਮੈਂਟ ਕੀਤੀ ਗਈ ਸੀ ਕਿ ਵਾਰਡਾਂ ਵਾਸਤੇ ਜਿਹੜੀਆਂ ਕਮੇਟੀਜ਼ ਹਨ, ਜਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਬੰਸ ਸਿੰਘ ਜਲਾਲ]

ਸਬ-ਕਮੇਟੀਜ਼ ਵੀ ਬਣਾਈਆ ਜਾ ਸਕਦੀਆਂ ਹਨ। ਇਹ ਇਸ ਕਰਕੇ ਕੀਤਾ ਗਿਆ ਕਿ ਆਪਣੀ ਮਰਜ਼ੀ ਦੇ ਮੈਂਬਰਜ਼ ਇਨ੍ਹਾਂ ਕਮੇਟੀਆਂ ਵਿਚ ਪਾਏ ਜਾਣ ਅਤੇ ਜਿਥੇ ਇਨ੍ਹਾਂ ਨੂੰ ਆਪਣੇ ਬੰਦਿਆਂ ਦੀ ਘਾਟ ਹੋਵੇ ਉਸ ਘਾਟ ਨੂੰ ਆਪਣੇ ਆਦਮੀ ਨਾਮਜ਼ਦ ਕਰਕੇ ਪੂਰਾ ਕੀਤਾ ਜਾਵੇ । ਇਹ ਸਭ ਇਕ ਬਹਾਨਾ ਹੈ, ਕਿਉਂਕਿ ਇਨ੍ਹਾਂ ਨੂੰ ਲੋਕਾਂ ਨੇ ਠੁਕਰਾ ਦਿਤਾ ਹੋਇਆ ਹੈ । (ਘੰਟੀ)

ਸ਼੍ਰੀ ਸਪੀਕਰ : ਜਲਾਲ ਸਾਹਿਬ, ਤੁਸੀਂ ਹੁਣ ਵਾਈਂਡ ਅੱਪ ਕਰੋ । (Jalal Sahib, please wind up now.)

ਸਰਦਾਰ ਹਰਬੰਸ ਸਿੰਘ ਜਲਾਲ : ਬਸ ਜੀ, ਇਕ ਮਿੰਟ ਹੋਰ ਲਵਾਂਗਾ । ਸਪੀਕਰ ਸਾਹਿਬ, ਇਹ ਜਿਹੜੀ ਹੱਦਬੰਦੀ ਵਾਲੀ ਗੱਲ ਹੈ. ਇਸ ਨਾਲ ਇਨ੍ਹਾਂ ਨੇ ਲੋਕਾਂ ਦੀਆਂ ਨਵੀਆਂ ਜ਼ਮੀਨਾਂ ਸ਼ਹਿਰੀ ਹੱਦ ਵਿਚ ਸ਼ਾਮਲ ਕਰਨੀਆਂ ਹਨ ਅਤੇ ਉਨ੍ਹਾਂ ਲੋਕਾਂ ਦੀਆਂ ਕਰਨੀਆਂ ਹਨ, ਜੋ ਇਨ੍ਹਾਂ ਦੇ ਆਪਣੇ ਹਨ ਜਾਂ ਇਸ ਕਰਕੇ ਕਰਨਾ ਹੈ ਕਿ ਜੋ ਇਨ੍ਹਾਂ ਦੇ ਆਦਮੀ ਨਹੀਂ ਹਨ । ਉਨ੍ਹਾਂ ਨੂੰ ਆਪਣੀ ਲਿਮਿਟ ਤੋਂ ਬਾਹਰ ਕਢਣਾ ਚਾਹੁੰਦੇ ਹਨ । ਮਤਲਬ ਇਹ ਕਿ ਆਪਣੇ ਆਦਮੀਆਂ ਨੂੰ ਫਾਇਦਾ ਪਹੁੰਚਾਣਾ ਹੈ । ਮੈਂ ਇਥੇ ਨਾਂ ਨਹੀਂ ਲੈਂਦਾ, ਇਕ ਐਮ. ਐਲ. ਏ. ਨੇ ਇਸ ਤਰ੍ਹਾਂ ਕਰਕੇ ਲੱਖਾਂ ਰੁਪਏ ਦੀ ਪਰਾਪਰਟੀ ਬਣਾ ਲਈ ਹੈ, ਮੇਰੇ ਕੋਲ ਖਸਰਾ ਨੰਬਰ ਵੀ ਹੈ । ਪਰ ਇਹ ਕਹਿੰਦੇ ਹਨ ਕਿ ਨਵੀਂ ਹੱਦਬੰਦੀ ਕਰਨੀ ਹੈ । ਇਸ ਬਾਰੇ ਮੈਂ ਇਹ ਅਰਜ਼ ਕਰਾਂਗਾ ਕਿ ਇਹ ਸਭ ਕੁਝ ਇਨ੍ਹਾਂ ਨੇ ਆਪਣੀ ਸ਼ਾਖ ਨੂੰ ਬਹਾਲ ਕਰਨ ਵਾਸਤੇ ਕੀਤਾ ਹੈ ।

ਸਰਦਾਰ ਹਰਚੰਦ ਸਿੰਘ : ਹੱਥ ਤੁਸੀਂ ਬਾਦਲ ਸਾਹਿਬ ਵੱਲ ਕਰਦੇ ਹੋ ।

ਸਰਦਾਰ ਹਰਬੰਸ ਸਿੰਘ ਜਲਾਲ : ਸਪੀਕਰ ਸਾਹਿਬ, ਇਹ ਸਰਕਾਰ ਹੁਣ ਆਪਣੀ ਹਵਸ ਨੂੰ ਪੂਰਾ ਕਰਨ ਵਾਸਤੇ ਇਸ ਚੀਜ਼ ਨੂੰ ਕਰ ਰਹੀ ਹੈ । ਪਰ ਜਦੋਂ ਇਨ੍ਹਾਂ ਨੂੰ ਪਤਾ ਹੈ ਕਿ ਜਨਤਾ ਨੇ ਇਨ੍ਹਾਂ ਨੂੰ ਠੁਕਰਾ ਦਿੱਤਾ ਹੈ ਚੋਣਾਂ ਨਹੀਂ ਜਿੱਤ ਸਕਦੇ ਤਾਂ ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਕਿਉਂ ਲੋਕਾਂ ਦੇ ਚੋਣ ਕਰਨ ਦੇ ਹੱਕਾਂ ਨੂੰ ਮਾਰ ਰਹੇ ਹਨ । ਇਸ ਲਈ ਇਹ ਬਿੱਲ ਪਾਸ ਨਹੀਂ ਹੋਣਾ ਚਾਹੀਦਾ ।

ਸ਼੍ਰੀ ਪ੍ਰੇਮ ਗੁਪਤਾ (ਪਟਿਆਲਾ) : ਸਪੀਕਰ ਸਾਹਿਬ, ਇਹ ਜਿਹੜਾ ਬਿਲ ਲਿਆਂਦਾ ਗਿਆ ਹੈ .....

ਸ਼੍ਰੀ ਸਪੀਕਰ : ਰੈਲੇਵੈਂਟ ਹੀ ਬੋਲਣਾ ਜੀ । (You should be relevant please).

ਸ਼੍ਰੀ ਪ੍ਰੇਮ ਗੁਪਤਾ : ਮੈਂ ਸਪੈਸਿਫਿਕ ਗੱਲ ਹੀ ਕਰਾਂਗਾ । ਸਾਡਾ ਸ਼ਹਿਰ ਇਸ ਵਿਚ ਇਨਵਾਲਵਡ ਹੈ । ਇਹ ਜਿਹੜਾ ਬਿਲ ਲਿਆਇਆ ਗਿਆ ਹੈ, ਸਪੀਕਰ ਸਾਹਿਬ, ਤੁਹਾਨੂੰ ਪਤਾ ਹੀ ਹੈ ਕਿ ਜਿਹੜਾ ਪੰਜਾਬ ਦਾ 1911 ਦਾ ਮਿਉਂਸਪਲ ਐਕਟ ਹੈ, ਉਸ ਦੇ ਵਿਚ ਪਿਛਲੇ ਸਾਲ ਵੀ ਅਮੈਂਡਮੈਂਟ ਕੀਤੀ ਗਈ, ਉਹ ਇਹ ਸੀ ਕਿ ਪਹਿਲਾਂ ਕੋਈ ਐਕਟ ਦੇ ਵਿਚ ਡਿਊਰੇਸ਼ਨ ਨਹੀਂ ਸੀ ਫਿਕਸ ਕੀਤੀ ਗਈ । ਇਸ ਗੱਲ ਨੂੰ ਇਹ ਮੇਰੇ ਆਪੋਜ਼ੀਸ਼ਨ ਦੇ ਦੋਸਤ ਸਮਝ ਨਹੀਂ ਸਕੇ । ਪਹਿਲਾਂ ਇਹ ਸੀ ਕਿ ਜੇ ਮਿਉਂਸਪਲ ਕਮੇਟੀ ਦੀ ਡਿਊਰੇਸ਼ਨ ਖਤਮ ਹੋ ਜਾਵੇ ਤਾਂ ਫਿਰ ਕੀ ਕੀਤਾ ਜਾਵੇ, ਕਾਨੂੰਨ ਦੇ ਮੁਤਾਬਕ ਜੇ ਡਿਊਰੇਸ਼ਨ ਖਤਮ ਹੋ

Original with;
Punjab Vidhan Sabha
Digitized by;
Panjab Digital Library

ਜਾਵੇ ਤਾਂ ਕੀ ਬਣੇ । ਇਸ ਕਰਕੇ ਜੋ ਇਸ ਬਿਲ ਤੋਂ ਪਹਿਲਾਂ ਦੀ ਅਮੈਂਡਮੈਂਟ ਆਈ, ਉਸ ਵਿਚ ਇਹ ਕਲੀਅਰ ਕੀਤਾ ਗਿਆ ਹੈ ਕਿ 5 ਸਾਲ ਪੂਰੇ ਹੋ ਜਾਣ ਤੋਂ ਬਾਅਦ 1 ਸਾਲ ਦੇ ਅੰਦਰ ਅੰਦਰ ਇਲੈਕਸ਼ਨ ਕਰਵਾਇਆ ਜਾਵੇ । ਕੋਈ 100 ਮਿਉਂਸਪਲ ਕਮੇਟੀਆਂ ਹਨ, ਉਨ੍ਹਾਂ ਵਿਚੋਂ 80 ਦੇ ਇਲੈਕਸ਼ਨ ਕਰਵਾਏ ਗਏ ਅਤੇ ਮੇਰੇ ਸਾਹਮਣੇ ਬੈਠੇ ਦੋਸਤਾਂ ਨੂੰ ਪਤਾ ਹੈ । ਡਾਕਟਰ ਬਲਦੇਵ ਪ੍ਰਕਾਸ਼ ਨੂੰ ਵੀ ਪਤਾ ਹੈ ਕਿ ਇਨ੍ਹਾਂ ਦਾ ਕੀ ਹਾਲ ਹਇਆ (ਵਿਘਨ) ਸਪੀਕਰ ਸਾਹਿਬ, ਜਦਾਂ ਤੋਂ ਮਿਉਂਸਪਲ ਏਰੀਆਜ਼ ਬਣੇ ਸਨ, ਉਸ ਤੋਂ ਬਾਅਦ ਕਈ ਨਵੇਂ ਏਰੀਆਜ਼ ਉਸ ਦੇ ਨਾਲ ਨਾਲ ਡਿਵੈਲਪ ਹੋ ਗਏ । ਇਸ ਦਾ ਨਤੀਜਾ ਕੀ ਹੋਇਆ ਕਿ ਲੋਕਾਂ ਨੇ ਕਈ ਮਕਾਨ ਬਣਾ ਲਏ ਅਤੇ ਇਸ ਤਰ੍ਹਾਂ ਨਾਲ ਹੈਪਹੈਜ਼ਰਡ ਗਰੋਥ ਹੋਣ ਲੱਗ ਪਈ, ਜਿਸ ਦਾ ਨਤੀਜਾ ਕੀ ਹੋਇਆ ਕਿ ਸਲੱਮਜ਼ ਬਣਨੇ ਸ਼ੁਰੂ ਹੋ ਗਏ । ਕਈ ਨਵੀਆਂ ਕਲੋਨੀਜ਼ ਮਿਉਂਸਪਲ ਕਮੇਟੀਆਂ ਦੇ ਏਰੀਆਜ਼ ਦੇ ਨਾਲ ਨਾਲ ਬਣਨੀਆਂ ਸ਼ੁਰੂ ਹੋ ਗਈਆਂ । ਕਈ ਲੋਕ ਜ਼ਮੀਨ ਖ਼ਰੀਦ ਲੈਂਦੇ ਸਨ ਅਤੇ ਫਿਰ ਹੋਰਨਾਂ ਨੂੰ ਵੇਚ ਕੇ ਚਲੇ ਜਾਂਦੇ ਸਨ । ਇਹ ਸਭ ਨੂੰ ਪਤਾ ਹੈ ਕਿ ਕੁਝ ਕੰਟਰੋਲਡ ਏਰੀਆਜ਼ ਵੀ ਹੁੰਦੇ ਹਨ ਤਾਂ ਜੋ ਮਿਉਂਸਪਲ ਹਦੂਦ ਦੇ ਨਾਲ ਨਾਲ ਹੋਰ ਕੋਈ ਹੈਪਹੈਜ਼ਰਡ ਗਰੋਥ ਨਾ ਹੋਵੇ । ਇਸ ਕਰਕੇ ਜਦੋਂ ਲਿਮਿਟਸ ਐਕਸਟੈਂਡ ਹੋਣਗੀਆਂ ਤਾਂ ਮਿਉਂਸਪਲ ਕਮੇਟੀਆਂ ਉਨ੍ਹਾਂ ਕਲੋਨੀਜ਼ ਵਗੈਰਾ ਨੂੰ ਆਪਣੇ ਹੱਥ ਵਿਚ ਲੈ ਲੈਣਗੀਆਂ ਅਤੇ ਉਸ ਸਾਰੀ ਜਗ੍ਹਾ ਦੀ ਠੀਕ ਤਰੀਕੇ ਨਾਲ ਡਿਵੈਲਪਮੈਂਟ ਹੋ ਸਕੇਗੀ ਅਤੇ ਉਥੇ ਦੇ ਲੋਕਾਂ ਨੂੰ ਸਹੂਲਤਾਂ ਵੀ ਮਿਲ ਸਕਣਗੀਆਂ । ਇਸ ਕਰਕੇ ਇਹ ਬੜੀ ਚੰਗੀ ਗੱਲ ਇਸ ਸਰਕਾਰ ਨੇ ਕੀਤੀ ਹੈ ਕਿ ਇਹ ਬਿਲ ਲਿਆਂਦਾ ਹੈ, ਇਸ ਦੇ ਨਾਲ ਨਵੇਂ ਏਰੀਆਜ਼ ਬਣਨਗੇ ਅਤੇ ਨਵੀਂ ਡੀਲਿਮੀਟੇਸ਼ਨ ਹੋਵੇਗੀ ਅਤੇ ਲੋਕਾਂ ਨੂੰ ਫਾਇਦਾ ਹੋਵੇਗਾ ।

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ. ਸੀ): ਸਪੀਕਰ ਸਾਹਿਬ, ਜਿਹੜਾ ਇਸ ਸਰਕਾਰ ਨੇ ਅਪ੍ਰੈਲ, 1974 ਨੂੰ ਆਰਡੀਨੈਂਸ ਇਸ਼ੂ ਕੀਤਾ ਸੀ, ਉਸ ਨੂੰ ਕਾਨੂੰਨੀ ਸ਼ਕਲ ਦੇਣ ਵਾਸਤੇ ਇਹ ਬਿਲ ਲਿਆਂਦਾ ਗਿਆ ਹੈ । ਸਪੀਕਰ ਸਾਹਿਬ, ਪਹਿਲਾਂ ਜਿਹੜਾ ਅਰਸਾ ਰੱਖਿਆ ਗਿਆ ਸੀ ਉਹ ਇਕ ਸਾਲ ਸੀ, ਹੁਣ ਦੋ ਸਾਲ ਕਰ ਦਿੱਤਾ ਔਰ ਉਸ ਤੋਂ ਬਾਅਦ ਤਿੰਨ ਸਾਲ ਕਰ ਦੇਣਗੇ ਅਤੇ ਇਹ ਸਿਲਸਿਲਾ ਇਸੇ ਤਰ੍ਹਾਂ ਹੀ ਇਹ ਸਰਕਾਰ ਚਲਾਉਂਦੀ ਰਹੇਗੀ । ਸਪੀਕਰ ਸਾਹਿਬ, ਇਹ ਸਰਕਾਰ ਇਸ ਤਰ੍ਹਾਂ ਕਰਕੇ ਜਮਹੂਰੀਅਤ ਨੂੰ ਕਤਲ ਕਰ ਰਹੀ ਹੈ, ਇਥੇ ਜਮਹੂਰੀਅਤ ਦਾ ਕਤਲ ਕੀਤਾ ਜਾ ਰਿਹਾ ਹੈ ।

ਵਿਦਿਆ ਮੰਤਰੀ (ਸ਼੍ਰੀ ਗੁਰਮੇਲ ਸਿੰਘ) : ਜਮਹੂਰੀਅਤ ਜੀ * * *

ਸ਼੍ਰੀ ਸਪੀਕਰ : ਇਹ ਜਿਹੜਾ ਲਫ਼ਜ਼ * * ਕਿਹਾ ਗਿਆ ਹੈ, ਇਹ ਐਕਸਪੰਜ ਕਰ ਦਿੱਤਾ ਜਾਵੇ । (This word * * may be expunged.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਹ ਜਿਹੜਾ ਲਫ਼ਜ਼ ਕਿਹਾ ਗਿਆ ਹੈ.....

ਸ਼੍ਰੀ ਸਪੀਕਰ : ਉਹ ਮੈਂ ਐਕਸਪੰਜ ਕਰਵਾ ਦਿੱਤਾ ਹੈ । (I have already ordered it to be expunged.)

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਕਈ ਮਿਉਂਸਪੈਲਟੀਆਂ ਨੂੰ ਬਿਤਨਾ ਅਰਸਾ ਹੋ ਗਿਆ ਹੈ ਪਰ ਉਨ੍ਹਾਂ ਦੀਆਂ ਚੋਣਾਂ ਹੁਣ ਤੱਕ ਨਹੀਂ ਹੋਈਆਂ । ਜਿਥੇ ਤਾਂ ਕਾਂਗ੍ਰਸ ਦੀ ਨੁਮਾਇੰਦਗੀ ਹੈ ਉਥੇ ਤਾਂ ਇਨ੍ਹਾਂ ਨੇ ਚੋਣਾਂ ਕਰਵਾ ਦਿੱਤੀਆਂ ਹਨ ਪਰ ਜਿਥੇ ਕਾਂਗ੍ਰਸ ਦੀ ਨੁਮਾਇੰਦਗੀ ਨਹੀਂ ਹੈ ਉਥੇ ਦੀ ਮਿਉਂਸਪੈਲਟੀ ਦੀਆਂ ਚੋਣਾਂ ਇਨ੍ਹਾਂ ਨੇ ਨਹੀਂ ਕਰਵਾਈਆਂ । 1972-73 ਵਿਚ ਜਲੰਧਰ ਵਿਚ ਮੁਲਾਜ਼ਮਾਂ ਨੂੰ ਹਾਊਸ ਲੋਨ ਦੇਣ ਵਾਸਤੇ 1 ਲੱਖ ਰੁਪਿਆ ਰਖਿਆ ਸੀ ਉਸ ਵਿਚੋਂ 35 ਹਜ਼ਾਰ ਤਾਂ ਉਥੋਂ ਦੇ ਸੈਕਟਰੀ ਨੇ ਰੱਖ ਲਿਆ ਅਤੇ ਬਾਕੀ 35 ਹਜ਼ਾਰ S. O. ਵਾਸਤੇ ਰੱਖਿਆ । ਬਾਕੀ ਮੁਲਾਜ਼ਮਾਂ ਲਈ 30 ਹਜ਼ਾਰ ਰਹਿ ਗਿਆ ਇਸ ਤਰ੍ਹਾਂ ਇਹ ਕਾਂਗਰਸੀ ਕਰ ਰਹੇ ਹਨ ।

ਕਾਮਰੇਡ ਜੰਗੀਰ ਸਿੰਘ ਜੋਗਾ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ ਕੱਲ੍ਹ ਤਾਂ ਹਾਊਸ 12.00 ਵਜੇ ਤਕ ਚਲਾਇਆ ਸੀ ਕੀ ਅੱਜ ਵੀ ਕੱਲ੍ਹ ਦੀ ਤਰ੍ਹਾਂ ਹੀ ਚਲਾਉਣਾ ਹੈ ਹਾਲੇ ਤਾਂ ਇਕ ਬਿੱਲ ਹੋਰ ਪਿਆ ਹੈ ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਜਿਥੇ ਇਤਨਾ ਵੱਡਾ ਫਰਾਡ ਹੁੰਦਾ ਹੈ ਉਥੇ ਕੋਈ ਐਕਸ਼ਨ ਨਹੀਂ ਲਿਆ ਜਾਂਦਾ (ਘੰਟੀ) ਜਿਹੜੀਆਂ ਕੋਆਪ੍ਰੇਟਿਵ ਸੁਸਾਇਟੀਜ਼ ਹਨ ਉਨ੍ਹਾਂ ਵਿਚ ਬੜੀ ਭਾਰੀ ਕੁਰੱਪਸ਼ਨ ਹੈ (ਘੰਟੀ) ।

Mr. Speaker : Please resume your seat.

ਸ਼੍ਰੀ ਬ੍ਰਿਜ ਲਾਲ ਗੋਇਲ (ਰਾਜਪੁਰਾ) : ਸਪੀਕਰ ਸਾਹਿਬ, ਪੰਜਾਬ ਮਿਉਂਸਪੈਲਟੀ ਬਿਲ ਜੋ ਸਾਡੇ ਸਾਹਮਣੇ ਪੇਸ਼ ਹੈ ਇਸ ਦੇ ਉਤੇ ਸਾਡੇ ਸਾਹਮਣੇ ਬੈਠੇ ਮੈਂਬਰਾਂ ਨੈ ਇਸ ਦੀ ਵਿਰੋਧਤਾ ਕੀਤੀ ਹੈ ਉਸ ਦਾ ਕਾਰਨ ਮੈਂ ਸਮਝਦਾ ਹਾਂ ਕਿ ਇਲੈਕਸ਼ਨ ਹੁਣ ਤਕ ਨਹੀਂ ਕਰਵਾਏ । ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਇਲੈਕਸ਼ਨ ਹੁਣ ਤੱਕ ਕਰਾ ਦਿੱਤੇ ਹੁੰਦੇ ਤਾਂ ਇਨ੍ਹਾਂ ਨੇ ਇਲੈਕਸ਼ਨ ਹੋਣ ਤੋਂ ਬਾਅਦ ਹਾਈ ਕੋਰਟ ਵਿਚ ਜਾਕੇ ਕਈ ਪਟੀਸ਼ਨਾਂ ਕਰਨੀਆਂ ਸਨ, ਕਈ ਰਿਟਾਂ ਕਰਨੀਆਂ ਸਨ ਕਿ ਪੰਜਾਬ ਗੌਰਮਿੰਟ ਨੇ ਇਲੈਕਸ਼ਨ ਤਾਂ ਕਰਾ ਦਿੱਤੇ ਹਨ ਪਰ ਹੱਦਬੰਦੀ ਹੁਣ ਤਕ ਨਹੀਂ ਕੀਤੀ ।

(ਕਾਂਗ੍ਰਸ ਪਾਰਟੀ ਵਲੋਂ ਤਾੜੀਆਂ)

ਪੰਜਾਬ ਸਰਕਾਰ ਨੇ ਇਹ ਚੀਜ਼ ਪਹਿਲੇ ਸੋਚੀ ਕਿ ਇਨ੍ਹਾਂ ਨੂੰ ਕਿਤੇ ਹਾਈ ਕੋਰਟ ਨਾ ਜਾਣਾ ਪਵੇ ਇਸ ਕਰਕੇ ਇਹ ਅਮੈਂਡਮੈਂਟ ਬਿਲ ਲੈ ਆਈ ਹੈ। ਦੂਜੀ ਗੱਲ ਇਨ੍ਹਾਂ ਨੇ ਕਹੀ ਹੈ ਕਿ 12, 12 ਸਾਲ ਹੋ ਗਏ ਹਨ ਇਲੈਕਸ਼ਨ ਨਹੀਂ ਕਰਵਾਏ ਇਸ ਪੰਜਾਬ ਸਰਕਾਰ ਨੇ ਇਸ ਵਾਸਤੇ ਇਹ ਅਮੈਂਡਮੈਂਟ ਬਿਲ ਲੈ ਆਂਦਾ ਹੈ ਇਸ ਬਿਲ ਦੇ ਪਾਸ ਹੋਂ ਜਾਣ ਨਾਲ ਕੋਈ ਵੀ ਮਿਉਂਸਪੈਲਿਟੀ ਐਸੀ ਨਹੀਂ ਰਹੇਗੀ ਜਿਥੇ ਕਿ ਹਰ 5 ਸਾਲ ਤੋਂ ਬਾਅਦ ਫਿਰ ਇਲੈਕਸ਼ਨ ਨਾ ਹੋਵੇ । (ਘੰਟੀ) ।

ਫਿਰ, ਸਪੀਕਰ ਸਾਹਿਬ, ਇਨ੍ਹਾਂ ਨੇ ਗੱਲ ਕੀਤੀ ਹੈ ਕਿ ਇਹ ਸਰਕਾਰ ਚੋਣਾਂ ਵਿਚ ਹਾਰਨ ਦੇ ਡਰ ਤੋਂ ਇਲੈਕਸ਼ਨਾਂ ਨਹੀਂ ਕਰਾਉਂਦੀ । ਡਾਕਟਰ ਬਲਦੇਵ ਪ੍ਰਕਾਸ਼ ਜੀ ਤਾਂ ਇਹ ਸਮਝਦੇ ਹਨ ਕਿ ਸ਼ਾਇਦ ਪੰਜਾਬ ਦੀ ਜਨਤਾ ਹੁਣ ਉਨ੍ਹਾਂ ਦੇ ਨਾਲ ਹੈ (ਘੰਟੀ) ਪਰ ਇਹ ਉਨ੍ਹਾਂ ਦੀ ਗਲਤ ਫਹਿਮੀ ਹੈ ਅੱਜ ਵੀ ਜੇ ਕਿਥੇ ਇਹ ਫਰੈਸ਼ ਇਲੈਕਸ਼ਨ ਕਰਵਾ ਲੈਣ ਤਾਂ ਇਨ੍ਹਾਂ ਨੂੰ ਪਤਾ ਲੱਗ ਜਾਵੇਗਾ ਕਿ ਜਨਤਾ ਕਿਸ ਪਾਰਟੀ ਨਾਲ ਹੈ (ਘੰਟੀ)(ਸ਼ੋਰ)

Original with;
Punjab Vidhan Sabha
Digitized by;
Panjab Digital Library

Mr. Speaker : Please resume your seat.

ਡਾਕਟਰ ਅਮੀਰ ਸਿੰਘ ਕਲਕਟ (ਟਾਂਡਾ) : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਵਕਤ ਦਿੱਤਾ ਹੈ.....

ਸਰਦਾਰ ਅਜਾਇਬ ਸਿੰਘ ਸੰਧੂ : ਪੁਆਇੰਟ ਆਫ਼ ਆਰਡਰ ਸਰ । ਸਪੀਕਰ ਸਾਹਿਬ ਬੇਨਤੀ ਇਹ ਹੈ ਕਿ ਅਸੀਂ ਪਾਰਟੀ ਵਲੋਂ ਸਰਦਾਰ ਜਸਦੇਵ ਸਿੰਘ ਸੰਧੂ ਦੀ ਡਿਊਟੀ ਲਾਈ ਹੈ ਪਰ ਤੁਸੀਂ ਸਾਡੀ ਪਾਰਟੀ ਵੱਲ ਵੇਖਦੇ ਵੀ ਨਹੀਂ ਹੋ । (ਸ਼ੋਰ)

Mr. Speaker : Please resume your seat.

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਮੈਂ ਤਾਂ 2, 3 ਮਿੰਟ ਹੀ ਲਵਾਂਗਾ। ਡਾਕਟਰ ਬਲਦੇਵ ਪ੍ਰਕਾਸ਼ ਜੀ ਮੇਰੇ ਦੋਸਤ ਹਨ, ਮੈਂ ਉਨ੍ਹਾਂ ਦੇ ਖਿਲਾਫ ਤਾਂ ਨਹੀਂ ਬੋਲ ਸਕਦਾ । ਮੈਂ ਸਮਝਦਾ ਹਾਂ ਕਿ ਉਹ ਬੜੇ ਸਮਝਦਾਰ ਹਨ ਪਰ ਉਨ੍ਹਾਂ ਨੇ ਇਸ ਬਿਲ ਦੀ ਵਿਰੋਧਤਾ ਕੀਤੀ ਹੈ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਉਨ੍ਹਾਂ ਨੂੰ ਦਸਦਾ ਹਾਂ ਕਿ ਇਹ ਬਿਲ ਬਿਲਕੁਲ ਹਾਰਮਫੁਲ ਨਹੀਂ ਹੈ ਅਤੇ ਬਹੁਤ ਚੰਗਾ ਹੈ । ਮੈਂ ਡਾਕਟਰ ਸਾਹਿਬ ਨੂੰ ਇਸ ਦੇ ਰੀਜ਼ਨ ਦੇਕੇ ਦਸਾਂਗਾ ਕਿ ਇਹ ਬਿਲ ਕਿਤਨਾ ਚੰਗਾ ਹੈ ।

ਸਪੀਕਰ ਸਾਹਿਬ, ਮੈਂ 14 ਸਾਲ ਮਿਉਂਸਪੈਲਟੀ ਦਾ ਪ੍ਰੈਜ਼ੀਡੈਂਟ ਰਿਹਾ ਹਾਂ । ਮੈਂ ਆਪ ਵੀ ਤੰਗ ਆ ਗਿਆ ਸੀ ਅਤੇ ਚਾਹੁੰਦਾ ਸੀ ਕਿ ਇਸ ਮਿਉਂਸਪੈਲਿਟੀ ਐਕਟ ਵਿਚ ਕੋਈ ਚੇਂਜ ਹੋਣੀ ਚਾਹੀਦੀ ਹੈ । ਇਸ ਵਿਚ ਜਿਹੜੀ ਸੁਜੈਸ਼ਨ ਕੀਤੀ ਗਈ ਹੈ ਇਹ ਬੜੀ ਚੰਗੀ ਚੀਜ਼ ਹੈ । ਪ੍ਰੈਜ਼ੀਡੈਂਟ ਸਾਹਿਬ, ਨੂੰ ਮੈਂਬਰਾਂ ਦੇ ਨਾਲ ਮਿਲ ਕੇ ਚਲਣਾ ਪੈਂਦਾ ਹੈ । ਜੇ ਉਹ ਮੈਂਬਰਾਂ ਦੇ ਨਾਲ ਮਿਲ ਕੇ ਨਹੀਂ ਚਲਦਾ ਤਾਂ ਉਹ ਵੀ ਪ੍ਰੈਜ਼ੀਡੈਂਟ ਕਾਇਮ ਨਹੀਂ ਰਹਿ ਸਕਦਾ ।

ਇਹ ਜਿਹੜੀ ਸੁਜੈਸ਼ਨ ਹੈ ਇਸ ਨਾਲ ਲੋਕਾਂ ਨੂੰ ਪਤਾ ਲਗ ਜਾਇਆ ਕਰੇਗਾ ਕਿ ਸਾਡੇ ਸ਼ਹਿਰ ਵਿਚ ਕਿਤਨੀ ਕੁ ਤਰੱਕੀ ਹੋਈ ਹੈ ਕਿਤਨਾ ਕੁ ਪਰਿਵਰਤਨ ਹੋਇਆ ਹੈ । ਲੋਕ ਇਸ ਨਾਲ ਸੁਖੀ ਹੋਣਗੇ ਅਤੇ ਮੈਂ ਤਾਂ ਸਮਝਦਾ ਹਾਂ ਕਿ ਇਹ ਬਿਲ ਬਗੈਰ ਕਿਸੇ ਟੀਕਾ ਟਿਪਣੀ ਤੋਂ ਪਾਸ ਹੋ ਜਾਣਾ ਚਾਹੀਦਾ ਹੈ ।

ਸਪੀਕਰ ਸਾਹਿਬ, ਸਾਡੇ ਸਾਥੀਆਂ ਨੂੰ ਇਹ ਗਲਤ ਫਹਿਮੀ ਹੋ ਗਈ ਹੈ, ਕਾਂਗ੍ਰਸ ਪਾਰਟੀ ਚੋਣਾਂ ਕਰਾਉਣ ਤੋਂ ਡਰਦੀ ਹੈ ਮੈਂ ਇਨ੍ਹਾਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਸਾਨੂੰ ਅੱਜ ਵੀ ਲੋਕਾਂ ਦਾ ਵਿਸ਼ਵਾਸ ਪ੍ਰਾਪਤ ਹੈ ਜੇ ਇਹ ਨਹੀਂ ਮੰਨਦੇ ਤਾਂ ਇਹ ਅੱਜ ਵੀ ਕਿਸੇ ਵੀ ਕੰਸਟੀਚੂਐਂਸੀ ਤੋਂ ਲੜ ਕੇ ਵੇਖ ਲੈਣ । ਇਨ੍ਹਾਂ ਨੂੰ ਪਤਾ ਲੱਗ ਜਾਵੇਗਾ । (ਹਾਸਾ)

(ਇਸ ਵੇਲੇ ਕਈ ਮਾਨਯੋਗ ਮੈਂਬਰ ਬੋਲਣ ਲਈ ਖੜ੍ਹੇ ਹੋ ਗਏ) (ਸ਼ੋਰ)

ਸਰਦਾਰ ਜਸਦੇਵ ਸਿੰਘ ਸੰਧੂ (ਡਕਾਲਾ): ਸਪੀਕਰ ਸਾਹਿਬ, ਪਿਛਲੇ ਸਾਲ 18-5-1973 ਨੂੰ ਜੋ ਇਸ ਬਿਲ ਵਿਚ ਅਮੈਂਡਮੈਂਟ ਕੀਤੀ ਸੀ ਤਾਂ ਉਸੇ ਹੀ ਬਿਲ ਵਿਚ ਇਹ ਹੁਣ ਫਿਰ ਤਰਮੀਮ ਕਰਨ ਵਾਸਤੇ ਬਿਲ ਲੈ ਆਏ ਹਨ । ਪਿਛਲੇ ਸਾਲ ਇਸ ਹਾਊਸ ਵਿਚ ਇਨ੍ਹਾਂ ਨੇ ਇਹ ਫਾਹਿਦਾ ਕੀਤਾ ਸੀ ਕਿ ਅਸੀਂ ਇਸ ਸਾਲ ਦੇ ਅੰਤਰ ਅੰਤਰ ਚੋਣਾਂ ਕਰਵਾ ਦਿਆਂਗੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਦੇਵ ਸਿੰਘ ਸੰਧੂ]

ਜੇ ਕੋਈ ਕੁਦਰਤੀ ਆਫਤ ਨਾ ਆਈ ਤਾਂ ਜ਼ਰੂਰ ਕਰਵਾ ਦਿਆਂਗੇ । ਸਪੀਕਰ ਸਾਹਿਬ ਬੜੀ ਖੁਸ਼ਕਿਸਮਤੀ ਦੀ ਗੱਲ ਹੈ ਪਿਛਲੇ ਸਾਲ ਇਹੋ ਜਿਹੀ ਕੋਈ ਡਿਸਟਰਬੈਂਸ ਨਹੀਂ ਹੋਈ ਅਤੇ ਨਾ ਹੀ ਕੋਈ ਹੋਰ ਅਜਿਹੀ ਮੁਸ਼ਕਲ ਪਈ ਹੈ ਪਰ ਫਿਰ ਵੀ ਇਹ ਚੋਣਾਂ ਹੁਣ ਤਕ ਨਹੀਂ ਕਰਵਾ ਸਕੇ । ਹੁਣ ਫਿਰ ਇਹ ਬਿਲ ਲਿਆ ਕੇ ਸਾਡੇ ਕੋਲੋਂ ਹੋਰ ਇਕ ਸਾਲ ਦੀ ਮਨਜ਼ੂਰੀ ਲੈਣਾ ਚਾਹੁੰਦੇ ਹਨ ।

ਸਪੀਕਰ ਸਾਹਿਬ, ਮੈਂ ਪਟਿਆਲੇ ਦੀ ਮਿਸਾਲ ਦਿੰਦਾ ਹਾਂ । ਪਟਿਆਲੇ ਵਿਚ ਮਿਉਂਸਪੈਲਟੀ ਦੀ ਚੋਣਾਂ ਲਈ ਵੋਟਰਾਂ ਦੀਆਂ ਲਿਸਟਾਂ ਬਣ ਗਈਆਂ, ਨੌਮੀਨੇਸ਼ਨ ਪੇਪਰ ਉਸ ਤਾਰੀਖ ਲਈ ਨਿਯਤ ਕਰ ਲਏ ਪਰ ਇਕ ਲਖਤ ਇਸ ਸਰਕਾਰ ਵਲੋਂ ਹੁਕਮ ਚਲਾ ਗਿਆ ਕਿ ਚੋਣਾਂ ਮੁਲਤਵੀ ਕਰ ਦਿੱਤੀਆਂ ਜਾਣ, ਕਿਉਂਕਿ ਸਰਕਾਰ ਡਰਦੀ ਸੀ ਕਿ ਜੇ ਉਥੇ ਚੋਣਾਂ ਹੋ ਗਈਆਂ ਤਾਂ ਅਸੀਂ ਜਿੱਤ ਨਹੀਂ ਸਕਾਂਗੇ । ਇਸ ਕਰਕੇ ਇਹ ਚੋਣਾਂ ਮੁਲਤਵੀ ਕਰੀ ਜਾਂਦੇ ਹਨ ।

ਕੱਲ੍ਹ ਜੋ ਇਥੇ ਬੇਪਰਤੀਤੀ ਦਾ ਮਤਾ ਆਇਆ ਸੀ ਉਸ ਤੇ ਬੋਲਦਿਆਂ ਹੋਇਆਂ ਟਰੈਜ਼ਰੀ ਬੈਂਚਿਜ਼ ਦੇ ਮੈਂਬਰਾਂ ਨੇ ਕਿਹਾ ਕਿ ਉਨ੍ਹਾਂ ਨੇ ਚੋਣਾਂ ਕਰਵਾਈਆਂ । ਮੈਂ ਹੈਰਾਨ ਹਾਂ ਕਿ ਉਹ ਕਿਸ ਦਲੇਰੀ ਨਾਲ ਕਹਿੰਦੇ ਸੀ ਜਦੋਂ ਕਿ ਇਨ੍ਹਾਂ ਦੀ ਸਰਕਾਰ ਨੇ ਚੋਣਾਂ ਮੁਲਤਵੀ ਕਰਾਈਆਂ ਹਨ । ਖਾਸ ਖਾਸ ਹਲਕਿਆਂ ਦੀਆਂ ਮਿਉਂਸਪਲ ਕਮੇਟੀਆਂ ਦੀ ਆਈਡੈਂਟੀਫੀਕੇਸ਼ਨ ਕਰਕੇ, ਜਿਥੋਂ ਕਿ ਇਨ੍ਹਾਂ ਨੂੰ ਉਮੀਦ ਸੀ ਕਿ ਉਹ ਜਿੱਤ ਨਹੀਂ ਸਕਦੇ, ਉਥੋਂ ਦੀਆਂ ਚੋਣਾਂ ਮੁਲਤਵੀ ਕਰਵਾਈਆਂ ਗਈਆਂ । ਇਥੋਂ ਤੱਕ ਕਿ ਸ੍ਰੀ ਓਂਕਾਰ ਚੰਦ ਅਤੇ ਕੁਝ ਉਨ੍ਹਾਂ ਦੇ ਸਾਥੀਆਂ ਦੇ ਬਚਾਓ ਲਈ ਖੁਦ ਚੀਫ ਮਨਿਸਟਰ ਸਾਹਿਬ ਨੇ ਦਖਲ ਦੇ ਕੇ ਚੋਣਾਂ ਮੁਲਤਵੀ ਕਰਵਾਈਆਂ । ਇਸ ਗੱਲ ਤੋਂ ਇਨ੍ਹਾਂ ਦੀ ਲੀਅਤ ਸਾਫ ਜ਼ਾਹਰ ਹੁੰਦੀ ਹੈ ਕਿ ਜੇ ਹੋਰ ਥਾਵਾਂ ਤੋਂ ਚੋਣਾ ਕਰਵਾ ਸਕਦੀ ਹੈ ਤਾਂ ਕੀ ਕਾਰਨ ਹੈ ਇਹ ਬਰਨਾਲਾ, ਲੁਧਿਆਣਾ, ਪਠਾਨਕੋਟ ਅਤੇ ਹੋਰ ਇਸ ਤਰ੍ਹਾਂ ਦੇ ਵੱਡੇ ਵੱਡੇ ਸ਼ਹਿਰਾਂ ਵਿਚ ਚੋਣਾਂ ਕਰਾਉਣ ਤੋਂ ਕਿਉਂ ਝਿਜਕਦੀ ਹੈ ।

ਫੇਰ ਇਹ ਕਹਿੰਦੇ ਹਨ ਕਿ ਸਾਡੀ ਐਡਮਨਿਸਟ੍ਰੇਸ਼ਨ ਚੰਗੀ ਹੈ, ਮੈਂ ਬਹੁਤੀਆਂ ਮਿਸਾਲਾਂ ਨਹੀਂ ਦੇਣਾ ਚਾਹੁੰਦਾ ਸਿਰਫ ਇਕ ਮਿਸਾਲ ਹੀ ਦੇਵਾਂਗਾ । ਇਨ੍ਹਾਂ ਨੇ ਇਕ ਪੈਟੀ ਅਫਸਰ ਨੂੰ ਲੁਧਿਆਣਾ ਮਿਉਂਸਪਲ ਕਮੇਟੀ ਦਾ ਐਡਮਨਿਸਟ੍ਰੇਟਿਵ ਅਫਸਰ ਲਾਇਆ ਹੈ । ਲੁਧਿਆਣਾ ਮਿਉਂਸਪਲ ਕਮੇਟੀ ਪੰਜਾਬ ਦੇ ਵਿਚ ਇਕ ਤੀਜੇ ਦਰਜੇ ਦੀ ਮਿਉਂਸਪਲ ਕਮੇਟੀ ਹੈ । ਇਹ ਅਫਸਰ ਜਿਤਨੀ ਦੇਰ ਰਿਹਾ ਉਹ ਆਪਣੀ ਕੋਠੀ ਬਣਾਉਂਦਾ ਰਿਹਾ । ਜਦੋਂ ਉਸ ਦੀ ਕੋਠੀ ਬਣ ਗਈ ਫੇਰ ਤਬਦੀਲੀ ਕੀਤੀ । ਇਸ ਤਰੀਕੇ ਦੇ ਨਾਲ ਇਥੇ ਕੁਰੱਪਸ਼ਨ ਹੋ ਰਹੀ ਹੈ । ਫੇਰ ਇਹ ਕਹਿੰਦੇ ਹਨ ਕਿ ਕੁਰੱਪਸ਼ਨ ਨਹੀਂ ਹੁੰਦੀ, ਮੈਂ ਕਹਾਂਗਾ ਕਿ ਤੁਸੀਂ ਰੀਕਾਰਡ ਵੇਖੋ ਲੁਧਿਆਣੇ ਦੇ ਐਡਮਨਿਸਟਰੇਟਰ ਨੇ ਸਾਮਾਨ ਖਰੀਦਣ ਵਾਸਤੇ 4 ਮਹੀਨੇ ਤੱਕ 4,39,000/- ਆਪਣੇ ਪਾਸ ਰਖਿਆ ਅਤੇ ਕੋਈ ਸਾਮਾਨ ਸਪਲਾਈ ਨਹੀਂ ਕੀਤਾ । ਇਸ ਤਰੀਕੇ ਨਾਲ ਉਹ ਸਰਕਾਰੀ ਪੈਸਾ ਮਿਸਯੂਜ਼ ਕਰਦੇ ਹਨ । ਜਿੱਥੇ ਵੀ ਐਡਮਨਿਸਟਰੇਟਰ ਦਾ ਰਾਜ ਹੁੰਦਾ ਹੈ ਉਹ ਲੋਕਾਂ ਦੀਆਂ ਤਕਲੀਫਾਂ ਦੇਖਣ ਦੀ ਬਜਾਏ ਆਪਣੇ ਆਪ ਨੂੰ ਇਕ ਡਿਕਟੇਟਰ ਸਮਝਣ ਲਗ ਜਾਂਦਾ ਹੈ । ਪਟਿਆਲਾ ਮਿਉਂਸਪਲ ਕਮੇਟੀ ਦੀ ਮੈਂ ਇਥ ਗੱਲ ਕਰਾਂ ਕਿ

Original with;
Punjab Vidhan Sabha
Digitized by;
Panjab Digital Library

ਉਥੇ ਕਮਿਸ਼ਨਰ ਲੋਕਲ ਬਾਡੀਜ਼ ਨੇ ਕੁਝ ਕੁਰੱਪਟ ਆਦਮੀਆਂ ਨੂੰ ਡਿਸਮਿਸ ਕੀਤਾ ਪਰ ਜਦੋਂ ਐਡਮਨਿਸਟਰੇਟਰ ਨੂੰ ਨਾਲ ਲੈਕੇ ਕੁਝ ਕਾਂਗਰਸੀ ਭਰਾਵਾਂ ਨੇ ਅਪਰੋਚ ਕੀਤਾ ਤਾਂ ਉਨ੍ਹਾਂ ਕੁਰੱਪਟ ਅਫ਼ਸਰਾਂ ਨੂੰ ਬਹਾਲ ਕਰ ਦਿੱਤਾ । ਇਸ ਤਰ੍ਹਾਂ ਦੇ ਬੰਦੇ ਹਨ ਜੋ ਕੁਰੱਪਟ ਆਦਮੀਆਂ ਨੂੰ ਸ਼ੀਲਡ ਕਰਦੇ ਹਨ । ਇਨ੍ਹਾਂ ਦੀ ਇਹ ਗੱਲ ਬਿਲਕੁਲ ਗ਼ਲਤ ਹੈ ਕਿ ਜਿਥੇ ਵੀ ਐਡਮਨਿਸਟਰੇਟਰ ਲਾਇਆ ਹੈ ਉਥੇ ਮਿਊਂਸਪਲ ਕਮੇਟੀਆਂ ਦਾ ਕੰਮ ਠੀਕ ਹੋਇਆ ਹੈ । ਮੈਂ ਕਹਿੰਦਾ ਹਾਂ ਕਿ ਉਹ ਡਿਕਟੇਟਰਾਨਾ ਤੌਰ ਤੇ ਹਕੂਮਤ ਕਰਦੇ ਹਨ ਅਤੇ ਸਾਰੀ ਸਰਕਾਰੀ ਮਸ਼ੀਨਰੀ ਆਪਣੇ ਜ਼ਾਤੀ ਮੁਫ਼ਾਦ ਦੇ ਲਈ ਵਰਤਦੇ ਹਨ । ਸਰਕਾਰ ਨੇ ਜਿਤਨੇ ਵੀ ਐਡਮਨਿਸਟਰੇਟਰ ਲਾਏ ਹਨ ਉਹ ਕੁਰੱਪਟ ਹਨ ਮੈਂ ਇਹ ਪਟਿਆਲੇ ਦੀ ਮਿਸਾਲ ਦੇ ਕੇ ਸਾਬਤ ਕਰ ਸਕਦਾ ਹਾਂ, ਉਹ ਕੁਨਬਾ ਪਰਵਰੀ ਕਰਦੇ ਹਨ । ਮੈਂ ਕਹਿੰਦਾ ਹਾਂ ਕਿ ਇਹ ਕੋਈ ਔਖੀ ਗੱਲ ਨਹੀਂ ਇਹ ਚਾਹੁਣ ਤਾਂ ਚੋਣਾਂ ਕਰਾ ਸਕਦੇ ਹਨ, ਪਰ ਇਨ੍ਹਾਂ ਦੀ ਮਜਬੂਰੀ ਇਹ ਹੈ ਕਿ ਜਿਹੜਾ ਇਨ੍ਹਾਂ ਨੇ ਕੁਰੱਪਸ਼ਨ ਦਾ ਹਸਤਾ ਇਖਤਿਆਰ ਕੀਤਾ ਹੈ, ਉਹ ਖਤਮ ਹੋ ਜਾਵੇਗਾ, ਇਨ੍ਹਾਂ ਦੀ ਡਿਕਟੇਟਰਸ਼ਿਪ ਨਹੀਂ ਰਹਿਣੀ । ਅੰਮ੍ਰਿਤਸਰ ਦੀ ਚੋਣ ਹਾਰ ਕੇ ਇਨ੍ਹਾਂ ਦਾ ਮਨ ਹੌਰ ਹੋ ਗਿਆ ਹੈ । ਇਹ ਇਸ ਤਰ੍ਹਾਂ ਲਟਕਾ ਕੇ ਉਥੇ ਆਪਣਾ ਰਾਜ ਕਾਇਮ ਕਰਨਾ ਚਾਹੁੰਦੇ ਹਨ, ਜਿਹੜਾ ਕਿ ਬਿਲਕੁਲ ਨਹੀਂ ਹੋਣਾ ਚਾਹੀਦਾ ।

ਸ਼੍ਰੀ ਪ੍ਰਤਾਪ ਚੰਦ ਭੰਡਾਰੀ (ਅੰਮ੍ਰਿਤਸਰ ਕੇਂਦਰੀ) : ਸਪੀਕਰ ਸਾਹਿਬ ਮੈਂ ਇਕ ਗੱਲ ਹਾਊਸ ਨੂੰ ਦੱਸਣੀ ਚਾਹੁੰਦਾ ਹਾਂ ਕਿ ਇਸ ਬਿਲ ਤੇ ਦੋ ਵੜੇ ਪਾਰਲੀਮੈਂਟੇਰੀਅਨ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਕਾਮਰੇਡ ਸੱਤਪਾਲ ਡਾਂਗ ਬੋਲੇ ਹਨ । ਇਹ ਉਹ ਲੋਕ ਹਨ ਜਿਨ੍ਹਾਂ ਨੇ ਡੈਮੋਕਰੇਸੀ ਦਾ ਨਾਸ਼ ਕੀਤਾ ਹੈ । ਇਹ ਅੰਮ੍ਰਿਤਸਰ ਮਿਊਂਸਪਲ ਕਮੇਟੀ ਨੂੰ ਕਾਰਪੋਰੇਸ਼ਨ ਬਣਾਉਣ ਲਈ ਲਗਾਤਾਰ 5 ਸਾਲ ਧੱਕੇ ਖਾਂਦੇ ਰਹੇ ਪਰ ਬਣਾ ਨਹੀਂ ਸਕੇ । ਸਾਡੀ ਸਰਕਾਰ ਨੇ ਕੁਝ ਤਾਂ ਕੀਤਾ । ਗੰਦੀਆਂ ਅਤੇ ਘਟੀਆ ਤਰੀਕੇ ਨਾਲ ਬਣਾਈਆਂ ਬਸਤੀਆਂ ਨੂੰ ਸਾਫ ਕੀਤਾ । ਸਲੱਮ ਏਰੀਆਜ਼ ਨੂੰ ਸਾਫ ਕਰਕੇ ਰਹਿਣ ਯੋਗ ਬਣਾਇਆ । ਅਸੀਂ ਜੇ ਇਨ੍ਹਾਂ ਕਮੇਟੀਆਂ ਦੇ ਏਰੀਆਜ਼ ਨੂੰ ਠੀਕ ਕਰਨ ਵਾਸਤੇ, ਏਰੀਆ ਦੀ ਲਿਮਿਟ ਠੀਕ ਕਰਨ ਵਾਸਤੇ ਜੋ ਹੌਰ ਟਾਈਮ ਲੈ ਲਿਆ ਤਾਂ ਇਸ ਦੇ ਵਿਚ ਕੀ ਗੁਨਾਹ ਹੋ ਗਿਆ । ਮੈਂ ਇਕ ਗੱਲ ਇਸ ਹਾਊਸ ਨੂੰ ਯਾਦ ਕਰਾ ਦੇਣੀ ਚਾਹੁੰਦਾ ਹਾਂ ਕਿ ਹਾਰ ਜਿਹੜੀ ਅੰਮ੍ਰਿਤਸਰ ਹੋਈ ਉਹ ਸਾਡੀ ਆਪਣੀ ਗਲਤ ਨੀਤੀ ਕਾਰਨ ਹੋਈ । ਜੇ ਤੁਹਾਨੂੰ ਮਾਣ ਹੈ ਤਾਂ ਤੁਸੀਂ ਅੱਜ ਕਿਸੇ ਥਾਂ ਤੋਂ ਆਪਣੇ ਬੰਦੇ ਨੂੰ ਖੜ੍ਹਾ ਕਰਕੇ ਵੇਖ ਲਓ ਅਸੀਂ ਵੇਖਾਂਗੇ ਕਿ ਤੁਸੀਂ ਕਿਵੇਂ ਜਿਤਦੇ ਹੋ । ਡਾਕਟਰ ਬਲਦੇਵ ਪ੍ਰਕਾਸ਼ ਜੇ ਐਤਕੀ ਜਿੱਤ ਕੇ ਆ ਗਏ ਤਾਂ ਕੀ ਹੈ, ਉਹ ਪਹਿਲਾਂ 4 ਵਾਰੀ ਹਾਰੇ ਹਨ ।

ਡਾਕਟਰ ਬਲਦੇਵ ਪ੍ਰਕਾਸ਼ : ਭੰਡਾਰੀ ਸਾਹਿਬ ਨੇ ਇਥੇ ਸਪੀਕਰ ਸਾਹਿਬ, ਇਹ ਕਿਹਾ ਕਿ ਅੰਮ੍ਰਿਤਸਰ ਕਾਰਪੋਰੇਸ਼ਨ ਦਾ ਬਿਲ 5 ਸਾਲ ਇਥੇ ਧੱਕੇ ਖਾਂਦਾ ਰਿਹਾ । ਮੈਂ ਉਨ੍ਹਾਂ ਦੀ ਇਨਫਰਮੇਸ਼ਨ ਵਾਸਤੇ ਦਸ ਦੇਵਾਂ ਕਿ ਇਹ 1962 ਤੋਂ ਲੈਕੇ ਜਦੋਂ ਕਿ ਸਰਦਾਰ ਪਰਤਾਪ ਸਿੰਘ ਕੈਰੋਂ ਦੀ ਹਕੂਮਤ ਸੀ ਇਹ ਬਿਲ ਪੈਂਡਿੰਗ ਹੈ । ਪਹਿਲਾਂ ਇਹ 5-7 ਸਾਲ ਪਿਆ ਰਿਹਾ ਫੇਰ ਇਕ ਸਿਲੈਕਟ ਕਮੇਟੀ ਬਣਾਈ । ਜਿਥੋਂ ਤੱਕ ਮੇਜ਼ੀ ਜਿੱਤ ਦਾ ਸਵਾਲ ਹੈ, ਮੈਂ

Original with;
Punjab Vidhan Sabha
Digitized by;
Panjab Digital Library

[ਡਾਕਟਰ ਬਜਦੇਵ ਪ੍ਰਕਾਸ਼]

ਕੋਈ ਐਤਕੀ ਹੀਂ ਜਿੱਤ ਕੇ ਨਹੀਂ ਆਇਆ ਮੈਂ 1957 ਤੋਂ ਲੈ ਕੇ 1967 ਤੱਕ ਲਗਾਤਾਰ ਜਿਤ ਕੇ ਆਉਂਦਾ ਰਿਹਾ ਹਾਂ ਅਤੇ ਇਨ੍ਹਾਂ ਦੀ ਸਾਰੀ ਤਾਕਤ ਦੇ ਬਾਵਜੂਦ ਮੈਂ ਠੋਸ ਮੈਜਾਰਿਟੀ ਦੇ ਵਿਚ ਜਿੱਤ ਕੇ ਆਉਂਦਾ ਰਿਹਾ ਹਾਂ ।

ਵਿੱਤ ਮੰਤਰੀ (ਸ਼੍ਰੀ ਹੰਸ ਰਾਜ ਸ਼ਰਮਾ): ਸਪੀਕਰ ਸਾਹਿਬ, ਇਹ ਇਕ ਬੜਾ ਹੀ ਇਨੋਸੈਂਟ ਬਿਲ ਸੀ । ਇਹ ਬਿਲ ਜਿਹੜਾ ਆਰਡੀਨੈਂਸ ਬਣਿਆ ਸੀ ਉਸ ਨੂੰ ਰੈਗੂਲਰਾਈਜ਼ ਕਰਨ ਵਾਸਤੇ ਹੈ । ਪਿਛਲੇ ਸੈਸ਼ਨ ਦੇ ਵਿਚ ਇਸ ਹਾਊਸ ਨੇ ਫ਼ੈਸਲਾ ਕੀਤਾ ਸੀ ਕਿ 5 ਸਾਲ ਦੇ ਅਰਸੇ ਤੱਕ ਜੇ ਕਿਸੇ ਮਿਊਂਸਪਲ ਕਮੇਟੀ ਦੀ ਇਲੈਕਸ਼ਨ ਨਾ ਹੋਵੇ ਤਾਂ ਉਹ ਸਸਪੈਂਡ ਕੀਤੀ ਜ਼ਾਵੇਗੀ । ਜੇ ਤੁਸੀਂ ਸਰਕਾਰ ਦਾ ਮਨਸ਼ਾ ਵੇਖਣਾ ਚਾਹੁੰਦੇ ਹੋ ਕਿ ਕੀ ਹੈ । ਅਸੀਂ ਡੈਮੋਕਰੇਟਿਕ ਹਾਂ ਜਾ ਨਹੀਂ ਹਾਂ, ਤੁਸੀਂ ਅੰਦਾਜ਼ਾ ਲਗਾਉ ਕਿ ਅਸੀਂ ਇਲੈਕਸ਼ਨਾਂ ਕਰਵਾਈਆਂ 100 ਵਿਚੋਂ 72 ਮਿਊਂਸਪਲ ਕਮੇਟੀਆਂ ਦੀਆਂ ਪਹਿਲਾਂ ਅਤੇ ਅੱਜ ਉਨ੍ਹਾਂ ਦੀ ਗਿਣਤੀ 80 ਹੋ ਗਈ ਹੈ। ਦੋ ਮਿਊਂਸਪਲ ਕਮੇਟੀਆਂ ਤੇ ਇਨਐਫੀਸ਼ੈਂਸੀ ਅਤੇ ਮਾੜ ਐਡਮਨਿਸਟ੍ਰੇਸ਼ਨ ਦਾ ਇਲਜ਼ਾਮ ਸੀ ਉਹ ਸਸਪੈਂਡ ਹੋ ਗਈਆਂ । ਇਸ ਬਿਲ ਦਾ ਮਹਿਜ਼ 18 ਮਿਊਂਸਪਲ ਕਮੇਟੀਆਂ ਨਾਲ ਸਬੰਧ ਹੈ । ਇਨ੍ਹਾਂ ਵਿਚੋਂ ਕਈਆਂ ਦੇ ਵਾਰਡ ਬਣਾਉਣੇ ਹਨ ਕਿਉਂਕਿ ਉਨ੍ਹਾਂ ਦੇ ਏਰੀਆਜ਼ ਦੀ ਡੀਲਿਮਿਟੇਸ਼ਨ ਹੋ ਗਈ ਹੈ । ਤਿੰਨ ਚਾਰ ਮਿਊਂਸਪਲ ਕਮੇਟੀਆਂ ਐਸੀਆਂ ਹਨ ਜਿਨ੍ਹਾਂ ਬਾਰੇ ਐਲ. ਆਰ. ਦੀ ਇਕ ਪੁਆਇੰਟ ਤੇ ਰਾਏ ਮੰਗੀ ਸੀ ਜਿਸ ਨੇ ਜਵਾਬ ਦਿੱਤਾ ਹੈ ਜੋ ਇਲੈਕਸ਼ਨ ਕਰਵਾਈ ਤਾਂ ਹਾਈਕੋਰਟ ਤੋਂ ਦੂਸਰੀ ਪਾਰਟੀ ਸਟੇਅ ਲੈ ਸਕਦੀ ਹੈ ।

ਲੋਕਾਂ ਦੀ ਮੰਗ ਸੀ ਕਿ ਨੋਟੀਫਾਈਡ ਏਰੀਆ ਜਿਹੜਾ ਕਿ ਸਦੀਆਂ ਤੋਂ ਆ ਰਿਹਾ ਹੈ ਇਹ ਵਧਾਇਆ ਜਾਵੇ । ਇਨ੍ਹਾਂ ਦੀ ਇਹ ਪਿਛਲੇ 10 ਸਾਲ ਤੋਂ ਮੰਗ ਸੀ । 4-5 ਐਸੀਆਂ ਕਮੇਟੀਆਂ ਹਨ ਜਿਨ੍ਹਾਂ ਦੇ ਵਾਰਡਜ਼ ਬਣਨੇ ਹਨ । ਦੋ ਮਿਊਂਸਪਲ ਕਮੇਟੀਆਂ ਐਸੀਆਂ ਹਨ ਜਿਨ੍ਹਾਂ ਦੇ ਕੇਸਿਜ਼ ਅਜੇ ਹਾਈਕੋਰਟ ਦੇ ਵਿਚ ਪੈਂਡਿੰਗ ਹਨ । ਇਨ੍ਹਾਂ ਦਾ ਜਦੋਂ ਤਕ ਕੋਰਟ ਤੋਂ ਫ਼ੈਸਲਾ ਨਹੀਂ ਹੋ ਜਾਂਦਾ ਅਸੀਂ ਚੋਣਾਂ ਨਹੀਂ ਕਰਾ ਸਕਦੇ । ਲਿਮਿਟਸ ਦੇ ਮੁਤਾਲਿਕ ਇਕ ਕਨਸਾਲੀਡੇਸ਼ਨ ਕਮੇਟੀ ਬਣੀ ਸੀ ਜਿਸ ਵਿਚ ਲੋਕਲ ਬਾਡੀਜ਼, ਅਰਬਨ ਕਮੇਟੀਜ਼ ਅਤੇ ਐਮ. ਐਲ. ਏ. ਸਾਹਿਬਾਨ ਹਨ ਇਹ ਵੀ ਮੈਂਬਰ ਸਨ । ਇਸ ਕਮੇਟੀ ਨੇ ਆਪਣੀਆਂ ਸਿਫ਼ਾਰਸ਼ਾਂ ਕੀਤੀਆਂ ਜਿਸ ਦੀ, ਕਿ ਮੀਟਿੰਗ 28 ਮਾਰਚ, 1974 ਨੂੰ ਹੋਈ । ਇਹ ਸੀ ।

"Members of the Committee referred to the alarming rate at which the areas immediately around the existing limits of local bodies were coming under totally unplanned and haphazard construction of residential, commercial and industrial buildings. With a view to immediately bringing these areas under control as also with a view to enabling the local bodies to augment their resources, the Committee unanimously recommended that immediate action be taken to bring urbanisable land adjoining the existing local bodies within the municipal limits".

ਉਨ੍ਹਾਂ ਦਾ ਇਹ ਰੈਜ਼ੋਲੀਊਸ਼ਨ ਵੀ ਸਾਡੇ ਧਿਆਨ ਦੇ ਵਿਚ ਹੈ । ਪੰਜਾਬ ਦੀਆਂ ਜਿਹੜੀਆਂ ਮਿਊਂਸਪਲ ਕਮੇਟੀਆਂ ਹਨ ਇਨ੍ਹਾਂ ਦੀ ਲਿਮਿਟ ਤੋਂ ਬਾਹਰ ਬਹੁਤ ਸਾਰੀਆਂ ਕਨਸਟਰੱਕਸ਼ਨਜ਼ ਹੋ ਚੁੱਕੀਆਂ ਹਨ, ਜਿਹੜੇ ਕਾਰਖਾਨੇਦਾਰ ਹਨ ਉਹ ਮਹਿਸੂਲ ਬਚਾਉਣ ਲਈ ਆਪਣੇ ਗੁਦਾਮ ਬਾਹਰ ਲੈ ਗਏ ਹਨ । ਦੋ ਤਿੰਨ ਚੀਜਾਂ ਨੂੰ ਮੁੱਖ ਰਖ ਕੇ ਇਨ੍ਹਾਂ ਦੀਆਂ ਚੋਣਾਂ ਨਹੀਂ ਹੋਈਆਂ ਵਾਰਡ ਵੀ ਬਣਾਉਣੇ ਹਨ । ਅਸੀਂ ਇਹ ਕਿਹਾ ਹੈ ਕਿ ਅਸੀਂ ਲਿਮਿਟਸ ਬੜ੍ਹਾਈ ਜਾ ਹਨ ।

Original with;
Punjab Vidhan Sabha
Digitized by;
Panjab Digital Library

ਸਾਡੀਆਂ ਮਿਉਂਸਪਲ ਕਮੇਟੀਆਂ ਵਿਚ ਇਹ ਜਿਹੜੇ ਨਵੇਂ ਸਲੱਮਜ਼ ਹਨ ਇਨ੍ਹਾਂ ਨੂੰ ਮਿਉਂਸਪਲ ਲਿਮਿਟਸ ਅੰਦਰ ਲੈ ਲਵਾਂਗੇ ਅਤੇ ਉਨ੍ਹਾਂ ਦੀ ਇਮਪਰੂਵਮੈਂਟ ਕਰਾਂਗੇ। ਨਵੇਂ ਵਾਰਡਜ਼ ਬਣਾਵਾਂਗੇ। (ਵਿਘਨ)

ਸਰਦਾਰ ਪ੍ਰਹਿਲਾਦ ਸਿੰਘ : ਸਪੀਕਰ ਸਾਹਿਬ, ਉਸ ਕਮੇਟੀ ਦਾ ਮੈਂ ਵੀ ਮੈਂਬਰ ਹਾਂ। ਇਨ੍ਹਾਂ ਨੇ ਕਿਹਾ ਹੈ ਕਿ ਲਿਮਿਟ ਵਧਾਵਾਂਗੇ ਪਰ ਇਸ ਤੇ ਕੋਈ ਅਮਲ ਨਹੀਂ ਹੁੰਦਾ ਹੈ। (ਵਿਘਨ)

ਵਿਤ ਮੰਤਰੀ : ਮੈਨੂੰ ਪਤਾ ਸੀ ਕਿ ਇਹ ਮੈਂਬਰ ਇਸ ਤਰ੍ਹਾਂ ਕਹਿਣਗੇ। (ਵਿਘਨ)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਮੈਂ ਇਕ ਇਨਫਰਮੇਸ਼ਨ ਐਫ.ਐਮ. ਸਾਹਿਬ ਤੋਂ ਲੈਣੀ ਚਾਹੁੰਦਾ ਹਾਂ ਕਿ ਜਿਨ੍ਹਾਂ ਜਿਨ੍ਹਾਂ ਆਪੋਜ਼ੀਸ਼ਨ ਪਾਰਟੀਆਂ ਦੇ ਮੈਂਬਰਾਂ ਨੇ ਇਹ ਮੀਟਿੰਗ ਅਟੈਂਡ ਕੀਤੀ ਸੀ ਉਨ੍ਹਾਂ ਦੇ ਇਹ ਨਾਉਂ ਦੱਸ ਦੇਣ।

ਵਿੱਤ ਮੰਤਰੀ : ਸਾਰੀਆਂ ਪਾਰਟੀਆਂ ਦੇ ਮੈਂਬਰ ਸੀ। ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਜਿਹੜੇ ਆਪੋਜ਼ੀਸ਼ਨ ਦੇ ਮੈਂਬਰ ਸਾਹਿਬ ਨੇ ਕਿਹਾ ਕਿ ਕੀ ਐਕਸ਼ਨ ਹੋਇਆ ਹੈ। ਸਾਨੂੰ ਪਤਾ ਸੀ ਕਿ ਇਨ੍ਹਾਂ ਨੇ ਇਸ ਤਰ੍ਹਾਂ ਕਹਿਣਾ ਹੈ। 18 ਮਿਉਂਸਪਲ ਕਮੇਟੀਆਂ ਦਾ ਤਾਂ ਜ਼ਿਕਰ ਇਸ ਵਿਚ ਆ ਗਿਆ ਹੈ। ਬਾਕੀ ਜਗ੍ਹਾ ਕੀ ਐਕਸ਼ਨ ਲਿਆ ਹੈ ਅਸੀਂ ਮੀਟਿੰਗ ਤੋਂ ਬਾਅਦ ਇਸ ਤੇ ਕਾਰਵਾਈ ਕੀਤੀ। ਸਾਰੀਆਂ ਮਿਉਂਸਪਲ ਕਮੇਟੀਆਂ ਨੂੰ ਲਿਖਿਆ ਜਿਸ ਵਿਚ ਧਾਰੀਵਾਲ, ਤਪਾ, ਰਾਜਪੁਰਾ ਅਤੇ ਡੇਰਾ ਬੱਸੀ ਸ਼ਾਮਲ ਸਨ ਕਿ ਲਿਮਿਟਸ ਐਕਸਟੈਂਡ ਕਰੋ। ਪ੍ਰਿਲੀਮਨਰੀ ਨੋਟਿਸਿਜ਼ ਕੁਝ ਮੰਡੀ, ਫਿਰੋਜ਼ਪੁਰ ਅਤੇ ਹੁਸ਼ਿਆਰਪੁਰ ਵਾਸਤੇ ਇਸ਼ੂ ਕਰ ਦਿੱਤੇ। ਜਿਹੜੀ ਲਿਮਿਟਸ ਬੜ੍ਹਾਉਣ ਦੀ ਕਾਰਵਾਈ ਹੈ ਉਹ ਸ਼ੁਰੂ ਹੋ ਚੁੱਕੀ ਹੈ। ਪ੍ਰਿਲੀਮਨਰੀ ਨੋਟਿਸਿਜ਼ ਇਨ ਰਿਸਪੈਕਟ ਆਫ ਨਾਂਗਲ ਵੀ ਈਸ਼ੂ ਹੋ ਚੁੱਕੇ ਹਨ। ਨੋਟੀਫਾਈਡ ਏਰੀਆ ਇਨ ਰਿਸਪੈਕਟ ਆਫ ਬਠਿੰਡਾ ਵਾਸਤੇ ਪਬਲਿਕ ਤੋਂ ਓਬਜੈਕਸ਼ਨ ਇਨਵਾਈਟ ਕਰਨ ਵਾਲਾ ਐਕਸ਼ਨ ਲਿਆ ਹੈ। ਇਸ ਤੋਂ ਬਾਅਦ ਮੁਕੇਰੀਆਂ, ਛੇਹਰਟਾ ਅਤੇ ਤਰਨਤਾਰਨ ਵਾਲਿਆਂ ਨੂੰ ਪ੍ਰਿਲਿਮਨਰੀ ਨੋਟੀਫੀਕੇਸ਼ਨ ਜ਼ਾਰੀ ਕਰ ਦਿੱਤਾ ਹੈ ਕਿ ਲਿਮਿਟਸ ਵਧਾਕੇ ਮਿਉਂਸਪਲ ਏਰੀਆ ਵਿਚ ਲੈ ਆਉ ਅਤੇ ਜਿਹੜੇ ਸਲੱਮਜ਼ ਨਵੇਂ ਬਣ ਗਏ ਹਨ ਉਨ੍ਹਾਂ ਨੂੰ ਦੂਰ ਕਰੋ। 15 Municipal Committees have passed resolutions expressing their intention to extend their existing limits and they have sent these resolutions to the Deputy Commissioners. ਹੋਰ 25 ਮਿਉਂਸਪਲ ਕਮੇਟੀਆਂ ਲਈ ਐਕਸ਼ਨ ਇਨੀਸ਼ੀਏਟ ਕਰਨ ਦਾ ਰੈਜ਼ੂਲਿਊਸ਼ਨ ਕਰਨ ਦਾ ਮੁਕੰਮਲ ਤੌਰ ਤੇ ਐਕਸ਼ਨ ਲੈ ਲਿਆ ਹੈ। ਇਹ ਮੈਂ ਇਸ ਕਰਕੇ ਦੱਸ ਰਿਹਾ ਸੀ। (ਵਿਘਨ)

ਸਰਦਾਰ ਪ੍ਰਹਿਲਾਦ ਸਿੰਘ : ਖੰਨੇ ਦੀ ਕੋਈ ਗੱਲ ਨਹੀਂ ਹੋਈ। (ਵਿਘਨ) ਇਥੇ ਵੈਸਟਿਡ ਇੰਟ੍ਰਸਟਸ ਹਨ।

ਵਿੱਤ ਮੰਤਰੀ: ਖੰਨੇ ਨਾਲ ਕੋਈ ਦੁਸ਼ਮਣੀ ਨਹੀਂ ਹੈ। ਇਹ ਸਾਨੂੰ ਪਤਾ ਸੀ (ਵਿਘਨ) ਐਨੇ ਕਦਮ ਅਹਿਮ ਉਠਾ ਰਹੇ ਹਾਂ। ਵੈਸਟਿਡ ਇੰਟ੍ਰਸਟ ਪਹਿਲਾਂ ਵੀ ਰਹੇ ਹਨ। ਛੰਗਾਨੀ

Original with: Punjab Vidhan Sabha
Digitized by: Panjab Digital Library

[ਵਿੱਤ ਮੰਤਰੀ]

ਕਮਿਸ਼ਨ ਵਿਚ ਵੈਸਟਿਡ ਇੰਟ੍ਰਸਟ ਦੀ ਜਦੋਂ ਰਿਪੋਰਟ ਆਈ ਤਾਂ ਪਤਾ ਲਗ ਜਾਏਗਾ । ਮੈਂ ਨਿਹਾਇਤ ਅਦਬ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਪਤਾ ਸੀ ਕਿ ਹੋਰ ਮਿਉਂਸਪਲ ਕਮੇਟੀਆਂ ਦੀ ਲਿਮਿਟਸ ਵਧਾਉਣ ਲਈ ਇਸ ਵਿਚ ਵੱਡੇ ਵੱਡੇ ਧਨਾਢ ਆਉਣਗੇ ਜਿਹੜੇ ਗੋਦਾਮ ਨੇ ਉਹ ਆਉਣਗੇ ਅਤੇ ਜਾਂ ਫੇਰ ਪਲਾਟ ਬਣਾਕੇ ਵੇਚਣਾ ਚਾਹੁੰਦੇ ਹਨ । (ਵਿਘਨ) ਮੈਨੂੰ ਪਤਾ ਹੈ ਕਿ ਲੋਕ ਜ਼ਮੀਨਾਂ ਦੇ ਪਲਾਟ ਬਣਾਕੇ ਵੇਚਕੇ ਪੈਸੇ ਵਟਣਾ ਚਾਹੁੰਦੇ ਸੀ । ਇਸ ਚੀਜ਼ ਵਾਸਤੇ ਹਾਊਸ ਦੇ ਸਾਥ ਦੀ ਲੋੜ ਹੈ । ਇਹ ਡੈਮੋਕ੍ਰੇਸੀ ਡਾਕਟਰ ਸਾਹਿਬ (ਡਾਕਟਰ ਬਾਂਦੇਵ ਪ੍ਰਕਾਸ਼ ਵੱਲ ਇਸ਼ਾਰਾ ਕਰਦੇ ਹੋਏ) 10-15 ਮਿਉਂਸਪਲ ਕਮੇਟੀਆਂ ਵਿਚ ਨਹੀਂ ਆਉਂਦੀ ਇਹ ਤਾਂ 80 ਮਿਉਂਸਪਲ ਕਮੇਟੀਆਂ ਵਿਚ ਤਾਕਤ ਅਜ਼ਮਾਈ ਕਰਨ ਬੈਠੇ ਹੋ (ਵਿਘਨ) ਜਿਥੋਂ ਹਾਰਦੇ ਹੋ ਉਥੋਂ ਫੇਰ ਜਿੱਤ ਜਾਂਦੇ ਹੋ । (ਵਿਘਨ)

ਸਰਦਾਰ ਸਤਨਾਮ ਸਿੰਘ ਬਾਜਵਾ : * *

ਸ਼੍ਰੀ ਸਪੀਕਰ : ਇਹ ਕੋਟੀ ਪੁਅ ਇੰਟ ਆਫ ਆਡਰ ਨਹੀਂ ਹੈ (This is no point of order).

ਸ਼੍ਰੀ ਗੁਰਦਿਆਲ ਸੈਣੀ : ਆਨ ਏ ਪੁਆਇੰਟ ਆਫ ਆਰਡਰ, ਸਰ । ਇਹ ਬਾਜਵਾ ਸਾਹਿਬ ਨੂੰ ਕੁਝ ਵਹਿਮ ਹੋ ਗਿਆ ਹੈ ਜਿਹੜਾ ਇਹ ਕਹਿੰਦੇ ਹਨ ਕਿ ਹੁਣ ਇਲੈਕਸ਼ਨ ਕਰਾਕੇ ਦੇਖੋ । ਇਹ ਇਨ੍ਹਾਂ ਦਾ ਵਹਿਮ ਹੈ । (ਵਿਘਨ)

ਚੌਧਰੀ ਜਗਤ ਰਾਮ : * * *

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਡ ਆਰਡਰ ਨਹੀਂ ਹੈ । (This is no point of order.)

ਸਰਦਾਰ ਸਤਨਾਮ ਸਿੰਘ ਬਾਜਵਾ : * * * (ਵਿਘਨ)

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਜੋ ਕੁਝ ਇਨ੍ਹਾਂ ਨੇ ਕਿਹਾ ਹੈ ਉਹ ਪਾਰਟ ਆਫ ਦੀ ਪ੍ਰੋਸੀਡਿੰਗਜ਼ ਨਾ ਬਣੇ । (This is no point of order. Whatever the hon. Member has said should not form part of the proceedings.)

ਵਿੱਤ ਮੰਤਰੀ : ਅਸੀਂ ਇਲੈਕਸ਼ਨਾਂ ਤੋਂ ਪਿਛੇ ਨਹੀਂ ਹਟਦੇ । ਇਸ ਤੋਂ ਇਲਾਵਾ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸੁਪਰਸੈਸ਼ਨ ਦੇ ਸਬੰਧ ਵਿਚ ਤੁਸੀਂ ਪਿਛਲੀਆਂ ਸਰਕਾਰਾਂ ਦੇ ਵੇਲੇ ਦੇਖ ਲਉ ਹਰ ਸਰਕਾਰ ਵਿਚ ਮਿਉਂਸਪਲ ਕਮੇਟੀਆਂ ਸੁਪਰਸੀਡ ਹੋਈਆਂ ਹਨ । ਜਿਹੜੀਆਂ ਕਮੇਟੀਆਂ ਕੰਮ ਨਹੀਂ ਕਰਦੀਆਂ ਉਹ ਸੁਪਰਸੀਡ ਹੀ ਹੁੰਦੀਆਂ ਹਨ । (ਵਿਘਨ) ਸੁਪਰਸੀਡ ਹਰ ਰਾਜ ਵਿਚ ਹੁੰਦੀਆਂ ਆਈਆਂ ਹਨ । ਕੋਈ ਮੋਟਿਵ ਇੰਪੁਟ ਨਹੀਂ ਕਰਨਾ ਚਾਹੀਦਾ । (ਵਿਘਨ) ਜੇ ਕੋਈ ਮਿਉਂਸਪਲ ਕਮੇਟੀ ਕੰਮ ਨਹੀਂ ਕਰਦੀ ਤਾਂ ਉਹ ਸੁਪਰਸੀਡ ਹੀ ਹੋਣੀ ਚਾਹੀਦੀ ਹੈ । ਜੇ ਅਸੈਂਬਲੀਆਂ ਸੁਪਰਸੀਡ ਹੋ ਸਕਦੀਆਂ ਹਨ ਤਾਂ ਫੇਰ ਇਹ ਕਿਉਂ ਨਹੀਂ ਹੋ ਸਕਦੀਆਂ ? (ਹਾਸਾ) ਅਸੈਂਬਲੀ ਸੁਪਰਸੀਡ ਤੋਂ ਬਾਅਦ ਗਵਰਨਰ ਸਾਹਿਬ ਦਾ ਰਾਜ ਹੁੰਦਾ ਹੈ, ਉਹ ਵੀ ਰਾਜ ਹੁੰਦਾ ਹੈ, ਅਤੇ ਇਸ ਤੋਂ ਬਾਅਦ ਫੇਰ ਇਲੈਕਸ਼ਨਜ਼ ਹੋ ਜਾਂਦੀਆਂ

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਹਨ ਫੇਰ ਅਸੈਂਬਲੀ ਬਣ ਜਾਂਦੀ ਹੈ ਅਤੇ ਡੋਮੋਕ੍ਰੈਟਿਕ ਤੌਰ ਤੇ ਇਲੈਕਟਿਡ ਬੰਦਿਆਂ ਦੀ ਸਰਕਾਰ ਬਣ ਜਾਂਦੀ ਹੈ । ਜਿਹੜੇ ਕਿ ਲੋਕਾਂ ਦੀਆਂ ਵੋਟਾਂ ਲੈਕੇ ਆਏ ਹੋਏ ਹੁੰਦੇ ਹਨ । ਡਾਕਟਰ ਸਾਹਿਬ ਤੇ ਦੁੱਖ ਹੋਇਆ ਉਨ੍ਹਾਂ ਨੇ ਮੈਡਨ ਸਪੀਚ ਕੀਤੀ ਅਤੇ ਉਸੇ ਵਿਚ ਹੀ ਸਰਕਾਰ ਦੀ ਵਿਰੋਧਤਾ ਕੀਤੀ ਜੋ ਕਿ ਡੈਮੋਕ੍ਰੇਸੀ ਦੀ ਪਰੰਮਪਰਾ ਦੇ ਵਿਰੁੱਧ ਹੈ । ਅੱਜ ਅਖ਼ਬਾਰ ਪੜ੍ਹਿਆ ਉਹਦੇ ਵਿਚ ਲਿਖਿਆ ਹੋਇਆ ਹੈ । ਕਿ ਅਸੈਂਬਲੀ ਤੁੜਵਾਨੇ ਕੇ ਲੀਏ ਅੰਦੋਲਨ ਕਰੇਂਗੇ । ਇਹ ਤਾਂ ਕਹਿੰਦੇ ਹਨ ਕਿ ਅਸੈਂਬਲੀ ਤੋੜ ਦਿਉ ਅਤੇ ਮਿਉਂਸਪਲ ਕਮੇਟੀਆਂ ਕਇਮ ਰਖੋ । ਕੀ ਇਹ ਗੱਲ ਡੈਮੋਕਰੇਸੀ ਦੇ ਅਨਕੂਲ ਹੈ । (ਵਿਘਨ) (ਹਾਸਾ)

ਸਰਦਾਰ ਸਤਨਾਮ ਸਿੰਘ ਬਾਜਵਾ : ਜਿਹੜੀ ਅਸੈਂਬਲੀ ਮਿਉਂਸਪਲ ਕਮੇਟੀ ਤੋਂ ਭੈੜੀ ਹੋਵੇ ਉਹਨੂੰ ਤੋੜਨ ਵਿਚ ਹਰਜ ਕੀ ਹੈ ।

ਵਿੱਤ ਮੰਤਰੀ : ਜਿਥੇ ਜਨ-ਸੰਘ ਦੀ ਮੈਜਾਰਿਟੀ ਹੈ ਉਹ ਰਖੋ ਤਾਂ ਹੀ ਜਮਹੂਰੀਅਤ ਕਾਇਮ ਰਹੇਗੀ । ਅਸੀਂ ਜਿੰਨੀਆਂ ਮਿਉਂਸਪਲ ਕਮੇਟੀਆਂ ਸੁਪਰਸੀਡ ਕੀਤੀਆਂ ਹਨ ਤੁਸੀਂ ਪਤਾ ਕਰ ਲਉ ਉਨ੍ਹਾਂ ਵਿਚ ਕਈਆਂ ਤੇ ਕਾਂਗਰਸ ਦਾ ਕਬਜ਼ਾ ਸੀ । (ਵਿਘਨ) ਸਵਾਲ ਨਿਹਾਇਤ ਜ਼ੁਮੇਂਵਾਰੀ ਦਾ ਹੈ ।

ਜੋ ਅਸੀਂ ਅਤੇ ਤੁਸੀਂ ਕੰਮ 15 ਸਾਲਾਂ ਵਿਚ ਨਹੀਂ ਕਰ ਸਕੇ ਉਹ ਕਰਨਾ ਚਾਹੀਦਾ ਹੈ । ਵੈਸਟਿਡ ਇੰਟਰੈਸਟ ਦਾ ਮੁਕਾਬਲਾ ਕਰਨਾ ਹੈ ਅਤੇ ਸ਼ਹਿਰਾਂ ਦੀ ਹਾਲਤ ਨੂੰ ਸੁਧਾਰਨ ਵਾਸਤੇ, ਉਨ੍ਹਾਂ ਦੀ ਡਿਵੈਲਪਮੈਂਟ ਵਾਸਤੇ ਅਤੇ ਮਿਉਂਸਪਲ ਕਮੇਟੀਜ਼ ਦੀ ਆਮਦਨ ਵਧਾਉਣ ਵਾਸਤੇ ਇਹ ਬਿਲ ਆਇਆ ਹੈ । 1972-73 ਅਤੇ 1974 ਵਿਚ ਮੈਂ ਬੜੀ ਜ਼ਿੰਮੇਵਾਰੀ ਨਾਲ ਕਹਿ ਸਕਦਾ ਹਾਂ ਕਿ ਹਰ ਮਿਉਂਸਪਲ ਕਮੇਟੀ ਨੂੰ ਗਰਾਂਟ ਅਤੇ ਲੋਨ ਦਿੱਤਾ ਹੈ । (ਤਾੜੀਆਂ) ਇਸ ਦਾ ਪਿਛਲੇ ਸਾਲਾਂ ਨਾਲ ਮੁਕਾਬਲਾ ਕਰਕੇ ਦੇਖੋ ਤਾਂ ਤੁਹਾਨੂੰ ਪਤਾ ਲਗੇਗਾ ਕਿ ਕਿਤੇ ਲੋਨ ਅਤੇ ਕਿਤੇ ਗਰਾਂਟ ਦਿੱਤੀ ਗਈ ਹੈ । ਜਿਹੜੀ ਵਾਟਰ-ਸਪਲਾਈ ਦੀ ਸਕੀਮ ਹੈ ਅਤੇ ਜਿਹੜੀ ਸਿਵਰੇਜ ਦੀ ਸਕੀਮ ਹੈ ਉਸ ਦੀ ਮੱਦਦ ਕੀਤੀ ਹੈ । ਜੇ ਮਹਿਸੂਲ ਚੁੰਗੀ ਦੀ ਚੋਰੀ ਨੂੰ ਰੋਕਿਆ ਜਾਵੇ ਤਾਂ ਇਹ ਕੋਈ ਮਾੜਾ ਕੰਮ ਨਹੀਂ ਹੈ । (ਘੰਟੀ) ਪਿੰਡਾਂ ਦੇ ਲੋਕ ਸ਼ਹਿਰਾਂ ਵਿਚ ਆਉਂਦੇ ਹਨ । ਇਹ ਹਰ ਸਾਲ ਬੜਾ ਫਿਨੋਮਿਨਾ ਬਣ ਰਿਹਾ ਹੈ । ਜੇ ਸ਼ਹਿਰਾਂ ਨੂੰ ਇਗਨੋਰ ਕੀਤਾ ਗਿਆ ਤਾਂ ਇਸ ਦਾ ਮਤਲਬ ਹੈ ਕਿ ਕਈ ਕਿਸਮ ਦੀਆਂ ਬਿਮਾਰੀਆਂ ਪੈਦਾ ਹੋਣਗੀਆਂ ਅਤੇ ਲੋਕਾਂ ਦੀ ਸਿਹਤ ਖਰਾਬ ਹੋਵੇਗੀ । ਇਸ ਕਰਕੇ ਮੈਂ ਅਪੀਲ ਕਰਦਾ ਹਾਂ ਕਿ ਇਹ ਜਿਹੜਾ ਬਿਲ ਹੈ ਇਸ ਨੂੰ ਸਰਬਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ ।

Mr. Speaker : Question is—

That this House disapproves the Punjab Municipal (Amendment) Ordinance 1974 (Punjab Ordinance No. 2 of 1974).

The motion was lost.

Mr. Speaker : Question is—

That the Punjab Municipal (second Amendment) Bill bs taken into consideration at once.

The motion was carried.

Original with;
Punjab Vidhan Sabha
Digitized by;
Panjab Digital Library

Mr. Speaker : Now the House will proceed to consider the Bill Clause by Clause.

CLAUSE 2

Mr. Speaker : There is a notice of amendment to this Clause by Chaudhri Ram Singh.

Chaudhri Ram Singh : Sir, I do not want to move my amendment.

Mr. Speaker : Question is—

That Clause 2 stand part of the Bill.

The motion was carried.

CLAUSE 3

Mr. Speaker : Question is—

That Clause 3 stand part of the Bill.

The motion was carried.

CLAUSE I

Mr. Speaker : Question is—

That Clause I stand part of the Bill.

The motion was carried.

TITLE

Mr. Speaker : Question is—

That Title be the title of the Bill.

The motion was carried.

Finance Minister : Sir, I beg to move—

That the Punjab Municipal (Second Amendment) Bill be passed.

Mr. Speaker : Motion moved—

That the Punjab Municipal (Second Amendment) Bill be passed.

ਚੌਧਰੀ ਰਾਮ ਸਿੰਘ (ਪਠਾਨਕੋਟ) : ਸਪੀਕਰ ਸਾਹਿਬ, ਆਪੋਜ਼ੀਸ਼ਨ ਨੇ ਇਸ ਸਿਲਸਿਲੇ ਵਿਚ ਇਹ ਕਿਹਾ ਕਿ ਡੈਮੋਕਰੇਸੀ ਨੂੰ ਖਤਮ ਕੀਤਾ ਜਾ ਰਿਹਾ । (ਵਿਘਨ) ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਬਿਲ ਬੜਾ ਜ਼ਰੂਰੀ ਸੀ । ਕਿਉਂਕਿ ਜਿਸ ਦੀ ਹਦੂਦ ਵਧਦੀ ਜਾਂਦੀ ਹੈ ਉਸ ਦੇ ਲਈ ਕੋਈ ਨਾ ਕੋਈ ਇੰਤਜ਼ਾਮ ਕਰਨਾ ਜ਼ਰੂਰੀ ਹੁੰਦਾ ਹੈ । ਤੁਹਾਨੂੰ ਪਤਾ ਹੈ ਕਿ ਕਮੇਟੀ ਡੀ.ਸੀ. ਦੇ ਤਹਿਤ ਬਣਦੀ ਹੈ । ਡੀ.ਸੀ. ਉਸ ਦਾ ਮੈਂਬਰ ਹੁੰਦਾ ਹੈ । ਜੀ. ਏ. ਉਸ ਦਾ ਮੈਂਬਰ ਹੁੰਦਾ ਹੈ ਅਤੇ ਬਲਾਕ ਸੰਮਿਤੀ ਦਾ ਚੇਅਰਮੈਨ ਵੀ ਉਸ ਦਾ ਮੈਂਬਰ ਹੁੰਦਾ ਹੈ । ਇਸ ਬਾਰੇ ਡਾਂਗ ਸਾਹਿਬ ਨੂੰ ਵੀ ਪਤਾ ਹੈ । ਕਈ ਕਮੇਟੀਆਂ ਦੇ ਕੇਸ ਇਹੋ ਜਿਹੇ ਹਨ ਜਿਹੜੇ

Original with;
Punjab Vidhan Sabha
Digitized by;
Panjab Digital Library

ਕਿ 6-8 ਸਾਲ ਡੱਕ ਡਿਸਾਈਡ ਨਹੀਂ ਹੁੰਦੇ । ਹੁਣ ਸਰਕਾਰ ਨੇ ਇਹ ਕੀਤਾ ਹੈ ਕਿ ਇਸ ਦੀ ਲਿਮਿਟ ਇਕ ਸਾਲ ਦੀ ਬਜਾਏ 2 ਸਾਲ ਕੀਤੀ ਜਾਵੇ । ਮੈਂ ਤਾਂ ਇਸ ਰਾਇ ਦਾ ਸੀ ਕਿ ਇਸ ਦੀ ਮਿਆਦ 3 ਸਾਲ ਦੀ ਕੀਤੀ ਜਾਵੇ ਕਿਉਂਕਿ ਇਹ ਚੀਜ਼ ਗਜ਼ਟ ਹੋਣੀ ਹੈ, ਵਾਰਡ ਬਣਨੇ ਹਨ ਅਤੇ ਫਿਰ ਹੋਰ ਕਈ ਚੀਜ਼ਾਂ ਕਰਨੀਆਂ ਹਨ । ਹੁਣ 7—8 ਮਹੀਨੇ ਦਾ ਸਮਾਂ ਰਹਿ ਗਿਆ ਹੈ ਅਤੇ ਫਿਰ ਇਨ੍ਹਾਂ ਨੂੰ ਹੋਰ ਪੀਰੀਅਡ ਲੈਣਾ ਪਵੇਗਾ ਅਤੇ ਜਾਂ ਫਿਰ ਤੁਹਾਡੇ ਵਲੋਂ ਆਰਡੀਨੈਂਸ ਜਾਰੀ ਕਰਨਾ ਪਵੇਗਾ ਅਤੇ ਇਹ ਕੰਮ 7-8 ਮਹੀਨੇ ਵਿਚ ਪੂਰਾ ਨਹੀਂ ਹੋਣਾ । ਇਸ ਲਈ ਤੁਸੀਂ 1 ਜਾਂ ਡੇਢ ਸਾਲ ਦੀ ਹੋਰ ਐਕਸਟੈਨਸ਼ਨ ਮੰਗ ਲਵੋ ।(ਵਿਘਨ) ਇਹ ਇਕ ਪਰੋਸੀਜਰਲ ਗੱਲ ਹੈ । ਸਪੀਕਰ ਸਾਹਿਬ, ਮੈਂ ਇਹ ਕਹਾਂਗਾ ਕਿ ਇਹ ਬਹੁਤ ਜ਼ਰੂਰੀ ਸੀ ਅਤੇ ਇਸ ਦੇ ਬਗੈਰ ਗੁਜ਼ਾਰਾ ਨਹੀਂ ਸੀ ਕਿਉਂਕਿ ਬਹੁਤ ਸਾਰੇ ਵੱਡੇ ਬਿਉਪਾਰੀ ਬਾਹਿਰ ਗੁਦਾਮ ਬਣਾਈ ਜਾ ਰਹੇ ਹਨ ਅਤੇ ਮਜ਼ਦੂਰ ਮਰ ਰਹੇ ਹਨ । ਬਲਦੇਵ ਪ੍ਰਕਾਸ਼ ਅਤੇ ਇਨ੍ਹਾਂ ਦੇ ਜਿਹੜੇ ਸਹਿਯੋਗੀ ਹਨ ਵੱਡੇ ਜ਼ਿਮੀਦਾਰ, ਉਨ੍ਹਾਂ ਨੇ ਬਾਹਿਰ ਗੁਦਾਮ ਬਣਾਏ ਹਨ । ਉਹ ਕਮੇਟੀਆਂ ਦਾ ਪੈਸਾ ਮਾਰ ਰਹੇ ਹਨ । ਉਹ ਲੋਕਾਂ ਦੀ ਮਹਿਸੂਲ ਚੁੰਗੀ ਮਾਰ ਰਹੇ ਹਨ। (ਘੰਟੀ) ਇਹ ਜਿਹੜੇ ਮੈਂ ਸੁਝਾਉ ਦਿੱਤੇ ਹਨ ਅਗਰ ਸਰਕਾਰ ਇਨ੍ਹਾਂ ਨੂੰ ਮੰਨ ਲਵੇ ਅਤੇ ਪੀਰੀਅਡ 3 ਸਾਲ ਲਈ ਕਰ ਲੈਣ ਤਾਂ ਇਹ ਕੰਮ ਚੰਗਾ ਹੋਵੇਗਾ ।

Mr. Speaker : Question is—

That the Punjab Municipal (Second Amendment) Bill be passed.

The motion was carried.

THE PUNJAB AGRICULTURAL PRODUCE MARKETS (AMENDMENT) BILL 1974

Agriculture and Forest Minister (Master Gurbanta Singh) : Sir, I beg to introduce the Punjab Agricultural Produce Markets (Amendment) Bill, 1974.

I also move.

That the Punjab Agricultural Produce Markets (Amendment) Bill be taken into consideration at once.

Mr. Speaker : Motion moved—

That the Punjab Agricultural Produce Markets (Amendment) Bill be taken into consideration at once.

ਸਰਦਾਰ ਪ੍ਰਹਿਲਾਦ ਸਿੰਘ (ਸਮਰਾਲਾ) : ਸਪੀਕਰ ਸਾਹਿਬ, ਇਹ ਜਿਹੜਾ ਪੰਜਾਬ ਐਗਰੀਕਲਚਰਲ ਪ੍ਰੋਡਿਊਸ ਮਾਰਕਿਟਸ (ਅਮੈਂਡਮੈਂਟ) ਬਿਲ (ਆਰਡੀਨੈਂਸ) ਇਨ੍ਹਾਂ ਨੇ ਲਿਆਂਦਾ ਹੈ ਮੈਂ ਕਹਿੰਦਾ ਹਾਂ ਕਿ ਇਸ ਨਾਲ ਪੰਜਾਬ ਦੀ ਜਨਤਾ ਨਾਲ ਬੜਾ ਭਾਰੀ ਧੋਖਾ ਕੀਤਾ ਗਿਆ ਹੈ । ਸਾਨੂੰ ਇਸ ਚੀਜ਼ ਦਾ ਪਤਾ ਹੈ ਕਿਉਂਕਿ ਅਸੀਂ ਪਿੰਡਾਂ ਵਿਚ ਰਹਿਣ ਵਾਲੇ ਹਾਂ । ਇਥੇ ਵੀ ਸਾਡੇ ਹਾਊਸ ਵਿਚ ਸਾਡੇ ਨਾਲ ਵਿਤਕਰਾ ਹੁੰਦਾ ਹੈ ਅਤੇ ਇਹ ਬਿਲ ਬਾਅਦ ਵਿਚ ਲਿਆਂਦਾ ਗਿਆ ਹੈ । ਇਸ ਤਰ੍ਹਾਂ ਵਿਤਕਰਾ ਨਹੀਂ ਕਰਨਾ ਚਾਹੀਦਾ। ਮੈਂ ਇਸ ਦੀ ਵਿਰੋਧਤਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਹਿਲਾਦ ਸਿੰਘ]

ਕਰਦਾ ਹੋਇਆ ਕਹਾਂਗਾ ਕਿ ਜੇ ਤੁਸੀਂ ਪੰਜਾਬ ਦੀ ਜਨਤਾ ਨੂੰ ਨੇੜੇ ਹੋ ਕੇ ਵੇਖੋ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਇਹ ਉਨ੍ਹਾਂ ਨਾਲ ਬੇਇਨਸਾਫੀ ਹੈ । ਉਨ੍ਹਾਂ ਦੀ ਮਾਰਕਿਟ ਫੀਸ ਡੇਢ ਰੁਪਏ ਦੀ ਥਾਂ ਸਵਾ ਦੋ ਰੁਪਏ ਕੀਤੀ ਗਈ ਹੈ । ਇਸ ਚੀਜ਼ ਦਾ ਅਸਰ ਸਿੱਧਾ ਕਿਸਾਨਾਂ ਤੇ ਪੈਣਾ ਹੈ। ਇਸ ਨਾਲ ਇਕ ਜ਼ਰੂਰ ਫਾਇਦਾ ਹੋਵੇਗਾ ਕਿ ਮਾਰਕੀਟਿੰਗ ਬੋਰਡ ਦੀ ਆਮਦਨ ਵਧੀ ਹੈ ਲੇਕਿਨ ਪੰਜਾਬ ਦੀ ਜਨਤਾ ਤੇ ਇਸ ਦਾ ਅਸਰ ਮਾੜਾ ਪਿਆ ਹੈ । ਇਹ ਜਿਹੜੀ ਇਸ ਦੀ ਕਲਾਜ਼ 4 ਹੈ, ਇਸ ਵਿਚ ਲਿਖਿਆ ਹੈ ਕਿ ਇਨ੍ਹਾਂ ਦੇ ਵਿਚ ਚੋਰੀ ਨਾ ਹੋ ਸਕੇ । ਮੈਂ ਕਹਾਂਗਾ ਕਿ ਇਸ ਗੌਰਮਿੰਟ ਨੇ ਚੋਰੀਂ ਕਰਨ ਦਾ ਰਾਹ ਪਹਿਲਾਂ ਹੀ ਉਨ੍ਹਾਂ ਨੂੰ ਦੱਸ ਦਿੱਤਾ ਹੈ ਕਿ ਕਿਸ ਤਰ੍ਹਾਂ ਚੋਰੀ ਕਰਨੀ ਹੈ । ਇਹ ਚੀਜ਼ ਆਮ ਮੰਡੀਆਂ ਵਿਚ ਚੱਲ ਰਹੀ ਹੈ । ਇਸ ਚੀਜ਼ ਨਾਲ ਨਾ ਕਿਸੇ ਮਾਰਕਿਟ ਕਮੇਟੀ ਨੂੰ ਫਾਇਦਾ ਹੁੰਦਾ ਹੈ ਅਤੇ ਨਾ ਹੀ ਕਿਸਾਨ ਨੂੰ ਫਾਇਦਾ ਹੁੰਦਾ ਹੈ ਬਲਕਿ ਇਸ ਦਾ ਵਪਾਰੀ ਨੂੰ ਫਾਇਦਾ ਹੁੰਦਾ ਹੈ । ਇਨ੍ਹਾਂ ਨੇ ਆਪ ਹੀ ਚੋਰੀ ਕਰਨ ਦਾ ਰਾਹ ਦੱਸਿਆ ਹੈ ਜਿਹੜੀ ਕਿ ਚੰਗੀ ਗੱਲ ਨਹੀਂ ਹੈ । ਮਾਸਟਰ ਜੀ ਨੇ ਇਹ ਇਕ ਐਸੀ ਚੀਜ਼ ਲਿਆਂਦੀ ਹੈ ਜਿਸ ਦਾ ਆਮ ਗਰੀਬ ਜਨਤਾ ਤੇ ਮਾੜਾ ਅਸਰ ਪੈਂਦਾ ਹੈ । ਇਸ ਦਾ ਅਸਰ ਕਿਸੇ ਅਮੀਰ ਤੇ ਨਹੀਂ ਪੈਂਦਾ, ਇਸ ਦਾ ਅਸਰ ਗਰੀਬ ਜਨਤਾ ਤੇ ਪੈਂਦਾ ਹੈ । ਇਸ ਦਾ ਅਸਰ ਪੈਂਦਾ ਕਿਸ ਤਰ੍ਹਾਂ ਹੈ ? । ਉਹ ਇਸ ਤਰ੍ਹਾਂ ਪੈਂਦਾ ਹੈ ਕਿਸਾਨ ਤੇ ਤਾਂ ਸਵਾ ਦੋ ਰੁਪਏ ਫੀਸ ਲੱਗ ਜਾਣੀ ਹੈ, ਉਹ ਬਿਉਪਾਰੀਂ ਨੇ ਤਾਂ ਵਿਚ ਹੀ ਕੱਟ ਲੈਣੇ ਹਨ ਪਰ ਜਿਸ ਵੇਲੇ ਉਹ ਵੇਚਣਗੇ ਤਾਂ ਸਵਾ ਦੋ ਰੁਪਏ ਦੇ ਹਿਸਾਬ ਨਾਲ ਹੀ ਵੇਚੇਗਾ ਜਿਸ ਦੀ ਸਰਕਾਰ ਨੇ ਉਨ੍ਹਾਂ ਨੂੰ ਇਜਾਜ਼ਤ ਦਿੱਤੀ ਹੈ । ਗੌਰਮਿੰਟ ਨੇ ਖੁਲ੍ਹੀ ਇਜਾਜ਼ਤ ਦਿੱਤੀ ਹੈ ਦੂਸਰਿਆਂ ਸੂਬਿਆਂ ਵਿਚ ਵੇਚਣ ਦੀ। 75 ਪੈਸੇ ਵੱਧਣ ਨਾਲ ਪੰਜਾਬ ਦੀ ਗਰੀਬ ਜਨਤਾ ਨੂੰ ਨੁਕਸਾਨ ਹੋਇਆ ਹੈ । ਮੈਂ ਤਾਂ ਇਹ ਵੀ ਕਹਿੰਦਾ ਹਾਂ ਕਿ ਪੰਜਾਬ ਦੀ ਜਨਤਾ ਨੂੰ ਹੀ ਨਹੀਂ ਬਲਕਿ ਹਿੰਦੁਸਤਾਨ ਦੀ ਜਨਤਾ ਨੂੰ ਵੀ ਨੁਕਸਾਨ ਹੋਇਆ ਹੈ । (ਘੰਟੀ)

ਸਪੀਕਰ ਸਾਹਿਬ, ਮੈਂ ਕੁਝ ਸੁਝਾਵ ਦੇਣਾ ਚਾਹੁੰਦਾ ਹਾਂ । ਮਾਰਕੀਟਿੰਗ ਬੋਰਡ ਦੀ ਜਿਹੜੀ ਫੀਸ ਵਧਾ ਦਿੱਤੀ ਹੈ ਇਹ ਪਿੰਡਾਂ ਦਾ ਪੈਸਾ ਹੈ ਅਤੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਪਿੰਡਾਂ ਤੇ ਹੀ ਲਾਉਣਾ ਚਾਹੀਦਾ ਹੈ । ਪੰਜਾਬ ਵਿਚ ਪਿੰਡਾਂ ਵਿਚ ਬਹੁਤ ਸਾਰੀਆਂ ਪੁਲੀਆਂ ਸੇਮ ਦੇ ਨਾਲਿਆਂ ਤੇ ਹਨ ਉਨ੍ਹਾਂ ਨੂੰ ਕੋਈ ਪੈਸਾ ਨਹੀਂ ਮਿਲ ਰਿਹਾ। ਮੈਂ ਤੁਹਾਡੇ ਰਾਹੀਂ ਸਪੀਕਰ ਸਾਹਿਬ, ਸਰਕਾਰ ਨੂੰ ਕਹਾਂਗਾ ਕਿ ਪੁਲਾਂ ਵਾਸਤੇ ਪੈਸਾ ਦਿੱਤਾ ਜਾਵੇ । ਮੈਨੂੰ ਪਤਾ ਹੈ ਕਿ ਤੁਹਾਡੇ ਹਲਕੇ ਵਿਚ ਪੁਲਾਂ ਵਾਸਤੇ ਕਾਫੀ ਪੈਸਾ ਦਿੱਤਾ ਗਿਆ ਹੈ ਲੇਕਿਨ ਸਾਡੇ ਹਲਕਿਆਂ ਵਿਚ ਬਹੁਤ ਘੱਟ ਪੈਸੇ ਦਿੱਤੇ ਹਨ । ਇਸ ਕਰਕੇ ਮੇਰੀ ਅਰਜ਼ ਹੈ ਕਿ ਸਾਰੇ ਹਲਕਿਆਂ ਦਾ ਇਸ ਕੰਮ ਵਿਚ ਖਿਆਲ ਰਖਣਾ ਚਾਹੀਦਾ ਹੈ ।

ਸੜਕਾਂ ਦੇ ਬਾਰੇ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਸਰਕਾਰ ਨੇ ਕਰੈਸ਼ ਪ੍ਰੋਗਰਾਮ ਬੰਦ ਕਰ ਦਿੱਤਾ ਹੈ । ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਸਬ ਡਵੀਜ਼ਨ ਸਮਰਾਲਾ ਵਿਚ 42 ਸੜਕਾਂ ਐਸੀਆਂ ਪਈਆਂ ਹਨ ਜਿਹੜੀਆਂ ਕਿ ਬਿਲਕੁਲ ਕੱਚੀਆਂ ਪਈਆਂ ਹਨ ਅਤੇ ਮਿਟੀ ਵਗੈਰਾ ਹੀ ਸੁੱਟੀ ਹੋਈ ਹੈ । ਸਰਕਾਰ ਦੀ ਇਹ ਪਾਲਿਸੀ ਸੀ ਕਿ ਦੋ ਸਾਲਾਂ ਦੇ ਅੰਦਰ ਅੰਦਰ ਸਾਰੇ ਪਿੰਡਾਂ ਨੂੰ ਸੜਕਾਂ ਨਾਲ ਜੋੜ ਦੇਵਾਂਗੇ, ਉਸ ਗੱਲ ਨੂੰ ਸਿਰੇ ਚਾੜ੍ਹਨਾ ਚਾਹੀਦਾ ਹੈ

Original with;
Punjab Vidhan Sabha
Digitized by;
Panjab Digital Library

ਅਤੇ ਪਿੰਡਾਂ ਵਿਚ ਸੜਕਾਂ ਬਣਾਉਣੀਆਂ ਚਾਹੀਦੀਆਂ ਹਨ ।(ਘੰਟੀ) ਸਪੀਕਰ ਸਾਹਿਬ, ਸਰਕਾਰ ਦਾ ਖ਼ਜ਼ਾਨਾ ਮੁਕਿਆ ਹੋਇਆ ਹੈ ਅੱਰ ਉਸ ਨੇ ਉਧਾਰ ਲੈ ਲਿਆ ਹੈ । ਮੇਰੀ ਅਰਜ਼ ਹੈ ਕਿ ਜਿਹੜਾ ਪਿੰਡਾਂ ਵਾਲਿਆਂ ਦਾ ਪੈਸਾ ਹੈ ਉਹ ਪਿੰਡਾਂ ਵਾਲਿਆਂ ਤੇ ਹੀ ਖਰਚ ਹੋਣਾਂ ਚਾਹੀਦਾ ਹੈ ।

ਜਿਹੜੇ, ਸਪੀਕਰ ਸਾਹਿਬ, ਮਾਰਕੀਟਿੰਗ ਬੋਰਡ ਦੇ ਚੇਅਰਮੈਨ ਹਨ ਉਨ੍ਹਾਂ ਨਾਲ ਮੇਰੀ ਗੱਲ ਹੋਈ ਸੀ, ਉਹ ਚੰਗੇ ਇਨਸਾਨ ਹਨ ਅਤੇ ਕਾਫੀ ਕੰਮ ਕਰਨਾ ਚਾਹੁੰਦੇ ਹਨ । ਲੇਕਿਨ ਮੈਨੂੰ ਇਸ ਗੱਲ ਦਾ ਸ਼ੱਕ ਹੈ ਕਿ ਸਰਕਾਰ ਉਸ ਨੂੰ ਹਟਾ ਨਾ ਦੇਵੇ । ਉਹ ਪੁਲ ਬਣਾਉਣਾ ਚਾਹੁੰਦੇ ਹਨ, ਝੀਲ ਬਣਾਉਣਾ ਚਾਹੁੰਦੇ ਹਨ ਪਰ ਕਿਧਰੇ ਸਰਕਾਰ ਉਨ੍ਹਾਂ ਨੂੰ ਰੋਕ ਨਾ ਦੇਵੇ ਕਿ ਸਾਨੂੰ ਪੈਸੇ ਚਾਹੀਦੇ ਹਨ ਅਤੇ ਇਹ ਕੰਮ ਨਾ ਕਰੋ । ਮੇਰੀ ਅਰਜ਼ ਹੈ ਕਿ ਜੇ ਉਹ ਚੰਗੇ ਕੰਮ ਕਰਦੇ ਹਨ ਤਾਂ ਉਨ੍ਹਾਂ ਨੂੰ ਇਸ ਤੋਂ ਨਹੀਂ ਰੋਕਣਾ ਚਾਹੀਦਾ ।

ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਦਾ ਮਨਸ਼ਾ ਹੈ ਉਹ ਇਹ ਹੈ ਕਿ ਚੋਰੀ ਕਰਾਉਣੀ ਹੈ । ਮੈਂ ਸਮਝਦਾ ਹਾਂ ਕਿ ਇਹ ਇਨ੍ਹਾਂ ਦੀ ਆਦਤ ਹੈ ਚੋਰੀ ਕਰਵਾਉਣ ਦੀ ਅਤੇ ਇਹ ਕਰਵਾਈ ਜਾਣ । ਸਭ ਤੋਂ ਵੱਡੀ ਗੱਲ ਜਿਹੜੀ ਹੈ ਉਹ ਇਹ ਹੈ ਕਿ ਮਾਰਕਿਟ ਕਮੇਟੀਆਂ ਵਿਚ ਇਲੈਕਸ਼ਨ ਕਰਵਾਈ ਜਾਵੇ । ਪਰ ਇਹ ਇਲੈਕਸ਼ਨ ਨਹੀਂ ਕਰਵਾਉਣਾ ਚਾਹੁੰਦੇ । ਇਸ ਦੇ ਵਿਚ ਨਾਮੀਨੇਸ਼ਨਜ਼ ਕਰਵਾਉਂਦੇ ਹਨ ਅੱਰ ਇਸ ਦੇ ਵਿਚ ਆਪਣੇ ਬੰਦਿਆਂ ਨੂੰ ਅਕਾਮੋਡੇਟ ਕਰਨਾ ਚਾਹੁੰਦੇ ਹਨ । ਇਹ ਆਪਣੇ ਬੰਦਿਆਂ ਨੂੰ ਕਹਿੰਦੇ ਹਨ ਕਿ ਤੁਹਾਨੂੰ ਅਸੀਂ ਮੈਂਬਰ ਬਣਾ ਦਿਆਂਗੇ, ਚੇਅਰਮੈਨ ਬਣਾ ਦਿਆਂਗੇ । ਸਪੀਕਰ ਸਾਹਿਬ, ਇਨ੍ਹਾਂ ਨੇ ਇਸ ਵੇਲੇ ਐਡਮਿਨਿਸ-ਟਰੇਟਰਜ਼ ਲਗਾਏ ਹੋਏ ਹਨ ਅਤੇ ਉਨ੍ਹਾਂ ਨੇ ਬੜੀ ਧਾਂਦਲੀ ਮਚਾਈ ਹੋਈ ਹੈ। ਮੈਂ ਤੁਹਾਨੂੰ ਸਮਰਾਲੇ ਦੀ ਇਕ ਮਿਸਾਲ ਦੇਣਾ ਚਾਹੁੰਦਾ ਹਾਂ ਕਿ ਉਥੇ ਦੀ ਜੋ ਮਾਰਕਿਟ ਕਮੇਟੀ ਹੈ ਉਸ ਦੇ ਵਿਚ ਜਿਹੜਾ ਬੰਦਾ ਇਨ੍ਹਾਂ ਨੇ ਲਗਾਇਆ ਹੋਇਆ ਹੈ 40-45 ਹਜ਼ਾਰ ਰੁਪਿਆ ਖਾ ਗਿਆ ਹੈ । ਉਥੇ ਮੰਡੀ ਵਾਸਤੇ ਜਿਹੜੀ ਜਗ੍ਹਾਂ ਸਿਲੈਕਟ ਹੋਈ ਸੀ ਉਸ ਦਾ ਸੌਦਾ 52 ਹਜ਼ਾਰ ਰੁਪਿਆ ਹੋਇਆ ਸੀ ਪਰ ਉਸ ਐਡਮਿਨਿਸਟਰੇਟਰ ਨੇ 95 ਹਜ਼ਾਰ ਰੁਪਏ ਵਿਚ ਲਈ ਅਤੇ ਬਾਕੀ ਰੁਪਿਆ ਵਿਚੋਂ ਆਪ ਖਾ ਗਿਆ ਪਰ ਅੱਜ ਤੱਕ ਉਸ ਦੀ ਕੋਈ ਇਨਕੁਆਇਰੀ ਨਹੀਂ ਹੋਈ । 20 ਵਾਰੀ ਅਸੀਂ ਲਿਖ ਕੇ ਦਿੱਤਾ ਹੈ ਪਰ ਕੋਈ ਐਕਸ਼ਨ ਨਹੀਂ ਹੋਇਆ । ਉਹ ਬੰਦਾ ਮਾਸਟਰ ਜੀ ਦਾ ਸ਼ਾਇਦ ਕੋਈ ਮਨਜ਼ੂਰੇ ਨਜ਼ਰ ਹੈ, ਇਸ ਕਰਕੇ ਉਸ ਦੇ ਖਿਲਾਫ ਇਹ ਕੋਈ ਐਕਸ਼ਨ ਨਹੀਂ ਲੈਣਾ ਚਾਹੁੰਦੇ । ਮੈਂ ਕਹਿਣਾ ਚਾਹੁੰਦਾ ਹਾਂ ਕਿ ਉਸ ਦੇ ਖਿਲਾਫ ਐਕਸ਼ਨ ਲੈਣਾ ਚਾਹੀਦਾ ਹੈ । (ਘੰਟੀ) (ਵਿਘਨ) ਬਸ ਜੀ ਸਪੀਕਰ ਸਾਹਿਬ, ਅੰਤ ਵਿਚ ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਪਿੰਡਾਂ ਦਾ ਪੈਸਾ ਹੈ ਉਹ ਪਿੰਡਾਂ ਤੇ ਹੀ ਲਗਣਾਂ ਚਾਹੀਦਾ ਹੈ, ਸ਼ਹਿਰਾਂ ਤੇ ਨਹੀਂ ਲਗਣਾ ਚਾਹੀਦਾ । ਇਤਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਕਾਮਰੇਡ ਜੰਗੀਰ ਸਿੰਘ ਜੋਗਾ (ਮਾਨਸਾ) : ਸਪੀਕਰ ਸਾਹਿਬ, ਵਧਾਈ ਦੇ ਪਾਤਰ ਤਾਂ ਦੋਨੋਂ ਨਹੀਂ ਹਨ ਕਿਉਂਕਿ ਇਹ ਸਿਲਸਿਲਾ ਅਕਾਲੀਆਂ ਦੀ ਸਰਕਾਰ ਵੇਲੇ ਸ਼ੁਰੂ ਕੀਤਾ ਗਿਆ ਸੀ । ਪਹਿਲਾਂ 60 ਪੈਸੇ ਫੀਸ ਇਨ੍ਹਾਂ ਨੇ ਕੀਤੀ ਸੀ, ਫਿਰ ਰੁਪਿਆਂ ਕਰ ਦਿੱਤਾ, ਗਿਆਨੀ ਜੀ ਨੇ ਡੇਢ ਰੁਪਿਆਂ ਕਰ ਦਿੱਤਾ ਅਤੇ ਹੁਣ ਸਵਾ ਦੋ ਰੁਪਏ ਕਰ ਦਿੱਤੇ ਹਨ ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਜੰਗੀਰ ਸਿੰਘ ਜੋਗਾ]

ਜਿਸ ਦੇ ਹੱਥ ਵਿਚ ਕੋਈ ਤਾਕਤ ਆ ਜਾਂਦੀ ਹੈ ਉਹ ਹੀ ਇਹ ਵਧਾਉਣ ਦੀ ਕੋਸ਼ਿਸ਼ ਕਰਦਾ ਹੈ । ਅਕਾਲੀ ਇਸ ਗੱਲ ਤੋਂ ਬਰੀ ਨਹੀਂ ਹੋ ਸਕਦੇ, ਕਿਉਂਕਿ ਇਹ ਕੰਮ ਉਨ੍ਹਾਂ ਨੇ ਸ਼ੁਰੂ ਕੀਤਾ ਸੀ । ਸਪੀਕਰ ਸਾਹਿਬ, ਭਾਵੇਂ ਇਹ ਫੀਸ ਵੱਧ ਗਈ ਹੈ ਪਰ ਇਸ ਦਾ ਬਹੁਤਾ ਭਾਰ ਕਿਸਾਨ ਤੇ ਨਹੀਂ ਪੈਂਦਾ । ਇਸ ਦਾ ਬੋਝ ਆਮ ਮੁਲਾਜ਼ਮਾਂ ਤੇ ਪੈਂਦਾ ਹੈ । ਪੰਜਾਬ ਦੇ ਜਿੰਨੇ ਮੁਲਾਜ਼ਮ ਹਨ ਉਹ ਮੰਡੀਆਂ ਵਿਚੋਂ ਦਾਣਾ ਖਰੀਦਦੇ ਹਨ ਅੱਰ ਇਹ ਬੋਝ ਉਨ੍ਹਾਂ ਮੁਲਾਜ਼ਮਾਂ ਤੇ ਪੈਂਦਾ ਹੈ । ਇਹ ਬੋਝ ਪੰਜਾਬ ਦੇ ਮਜ਼ਦੂਰਾਂ ਤੇ ਪੈਂਦਾ ਹੈ, ਚਾਹੇ ਕੋਈ ਸਨੱਅਤ ਮਜ਼ਦੂਰ ਹੈ ਅਤੇ ਚਾਹੇ ਮੰਡੀਆਂ ਦਾ ਮਜ਼ਦੂਰ ਹੈ, ਇਹ ਉਨ੍ਹਾਂ ਲੋਕਾਂ ਤੇ ਬੋਝ ਪੈਂਦਾ ਹੈ । ਇਸ ਦੇ ਵਧਣ ਨਾਲ ਵੱਡੇ ਆਦਮੀ ਨੂੰ ਕੋਈ ਫ਼ਰਕ ਨਹੀਂ ਪੈਂਦਾ, ਫਰਕ ਤਾਂ ਗਰੀਬ ਆਦਮੀ ਨੂੰ ਪੈਣਾ ਹੈ ।

ਸਪੀਕਰ ਸਾਹਿਬ, ਇਹ ਠੀਕ ਹੈ ਕਿ ਪੰਜਾਬ ਨੂੰ ਇਸ ਦੇ ਨਾਲ ਕੁਝ ਆਮਦਨ ਵੱਧੀ ਹੈ ਪਰ ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਪੈਸਾ ਪਿੰਡਾਂ ਤੇ ਹੀ ਖਰਚ ਹੋਣਾ ਚਾਹੀਦਾ ਹੈ । ਇਨ੍ਹਾਂ ਨੇ ਪੰਚਾਇਤਾਂ ਦੀਆਂ ਚੋਣਾਂ ਤਾਂ ਕਰਵਾ ਦਿਤੀਆਂ ਹਨ ਪਰ ਹਾਲੀ ਤਕ ਮਾਰਕਿਟ ਕਮੇਟੀਆਂ ਦੀਆਂ ਚੋਣਾਂ ਨਹੀਂ ਕਰਵਾਈਆਂ । ਗੌਰਮਿੰਟ ਦੀ ਇਹ ਨੀਅਤ ਹੈ ਕਿ ਰੁਪਏ ਨੂੰ ਕਾਬੂ ਰਖਿਆ ਜਾਵੇ । ਦੋ ਸਾਲ ਹੋ ਗਏ ਹਨ ਪੰਚਾਇਤਾਂ ਦੀਆਂ ਚੋਣਾਂ ਹੋਏ ਨੂੰ ਪਰ ਅਜੇ ਤਕ ਇਹ ਮਾਰਕਿਟ ਕਮੇਟੀਆਂ ਦੀਆਂ ਚੋਣਾਂ ਦਾ ਨਾਮ ਹੀ ਨਹੀਂ ਲੈਂਦੇ । ਇਹ ਨਾਮਜ਼ਦਗੀਆਂ ਦਾ ਝਗੜਾ ਕਰਦੇ ਹਨ ਅਤੇ ਆਪਣੇ ਬੰਦਿਆਂ ਨੂੰ ਕਮੇਟੀਆਂ ਵਿਚ ਨਾਮਜ਼ਦ ਕਰਨਾ ਚਾਹੁੰਦੇ ਹਨ । ਮੇਰੀ ਬੇਨਤੀ ਹੈ ਕਿ ਇਸ ਦੀਆਂ ਜਲਦੀ ਤੋਂ ਜਲਦੀ ਚੋਣਾਂ ਕਰਵਾਉਣੀਆਂ ਚਾਹੀਦੀਆਂ ਹਨ ਤਾਂ ਕਿ ਲੋਕ ਆਪਣੇ ਹੱਕਾਂ ਦੀ ਰਾਖੀ ਆਪ ਕਰ ਸਕਣ । ਸਪੀਕਰ ਸਾਹਿਬ, ਇਨ੍ਹਾਂ ਨੇ ਐਡਮਿਨਿਸਟਰੇਟਰ ਲਗਾਏ ਹੋਏ ਹਨ ਅਤੇ ਉਹ ਜਿਵੇਂ ਮਰਜ਼ੀ ਰੁਪਿਆ ਖ਼ਰਚ ਕਰਦੇ ਹਨ । ਸਾਨੂੰ ਇਸ ਗਲ ਦਾ ਬੜਾ ਗਿਲਾ ਹੈ ਕਿ ਇਹ ਮਾਰਕਿਟ ਫੀਸ ਪਿੰਡਾਂ ਤੋਂ ਵਸੂਲ ਹੁੰਦੀ ਹੈ ਪਰ ਇਸ ਦਾ ਸਾਰਾ ਰੁਪਿਆ ਪਿੰਡਾਂ ਵਿਚ ਨਹੀਂ ਖਰਚ ਕੀਤਾ ਜਾਂਦਾ । ਜਿਥੇ ਗੌਰਮਿੰਟ ਦਾ ਦਿਲ ਕਰਦਾ ਹੈ ਉਥੇ ਹੀ ਇਹ ਖਰਚ ਕਰਦੀ ਹੈ । ਕਦੇ ਕਿਸੇ ਕਾਲਜ ਨੂੰ ਪੈਸੇ ਦੇ ਦੇਂਦੇ ਹਨ ਕਦੇ ਕਿਸੇ ਨੂੰ ਦੇ ਦਿੰਦੇ ਹਨ । ਮੇਰੇ ਕਹਿਣ ਦਾ ਭਾਵ ਹੈ ਕਿ ਜਿਥੇ ਇਨ੍ਹਾਂ ਦਾ ਦਿਲ ਕਰਦਾ ਹੈ ਉਥੇ ਇਹ ਪੈਸਾ ਖਰਚ ਕਰਦੇ ਹਨ ਅੱਰ ਪਿੰਡਾਂ ਦੀ ਤਰੱਕੀ ਵਲ ਕੋਈ ਧਿਆਨ ਨਹੀਂ ਦਿਤਾ ਜਾਂਦਾ । ਪਿੰਡਾਂ ਵਿਚ ਜਿਹੜੀਆਂ ਸੜਕਾਂ ਟੁੱਟੀਆਂ ਭੱਜੀਆਂ ਹਨ ਉਹ ਅਜੇ ਤਕ ਉਸੇ ਤਰ੍ਹਾਂ ਹੀ ਪਈਆਂ ਹਨ । ਸਾਡੇ ਆਪਣੇ ਜ਼ਿਲ੍ਹੇ ਦੀ ਹਾਲਤ ਇਹ ਹੈ ਕਿ ਮੇਰੇ ਹਲਕੇ ਵਿਚ ਪਾਂਡੇ ਸਾਹਿਬ ਬੈਠੇ ਹਨ ਉਨ੍ਹਾਂ ਨੇ ਜਿਹੜੀਆਂ ਸੜਕਾਂ ਸ਼ੁਰੂ ਕਰਵਾਈਆਂ ਹਨ ਉਹ ਉਸੇ ਤਰ੍ਹਾਂ ਹੀ ਪਈਆਂ ਹਨ । ਉਹ ਇਨ੍ਹਾਂ ਦੇ ਵੇਲੇ ਤਾਂ ਮੁਕੰਮਲ ਹੁੰਦੀਆਂ ਨਜਰ ਨਹੀਂ ਆਉਂਦੀਆਂ, ਪੰਜ ਸਾਲਾਂ ਤੋਂ ਬਾਅਦ ਹੀ ਹੋਣਗੀਆਂ । ਇਹ ਕਹਿੰਦੇ ਹਨ ਕਿ ਹਰ ਪਿੰਡ ਨੂੰ ਪਿੰਡ ਨਾਲ ਮਿਲਾ ਦੇਣਾ ਹੈ । ਇਹ ਇਨ੍ਹਾਂ ਦੀ ਗਲ ਕੋਈ ਠੀਕ ਨਹੀ ਲਗਦੀ । ਮੇਰੇ ਹਲਕੇ ਵਿਚ 56 ਵਿਚੋਂ 32 ਸੜਕਾਂ ਹਾਲੇ ਰਹਿੰਦੀਆਂ ਹਨ । ਸਭ ਤੋਂ ਵੱਧ ਰੁਪਿਆ ਸਪੀਕਰ ਸਾਹਿਬ, ਮੰਡੀ ਮਾਨਸਾ ਦਿੰਦੀ ਹੈ ਪਰ ਉਥੇ ਖਰਚ ਕੁਝ ਨਹੀਂ ਹੋਤਾ ਜਾਂਦਾ । ਜਿਥੋਂ ਰੁਪਿਆ ਘਟ ਵਸੂਲ ਹੁੰਦਾ ਹੈ ਉਥੇ ਇਹ ਜ਼ਿਆਦਾ ਖਰਚ ਕਰ ਦਿੰਦੇ ਹਨ ਅਤੇ ਜਿਥੋਂ ਰੁਪਿਆ ਵੱਧ ਵਸੂਲ ਹੁੰਦਾ ਹੈ ਉਥੇ ਘਟ ਵਰਤਿਆ ਜਾਂਦਾ ਹੈ । ਇਸ ਲਈ ਮੈਂ ਸਮਝਦਾ ਹਾਂ ਕਿ ਮਾਰਕਿਟ ਕਮੇਟੀਆਂ ਦੀਆਂ ਚੋਣਾਂ ਜਲਦੀ ਕਰਵਾਉਣ ਵਲ

Original with;
Punjab Vidhan Sabha
Digitized by;
Panjab Digital Library

ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਲੋਕ ਆਪਣੀ ਰਾਇ ਦੇ ਸਕਣ ਅੱਤ ਫੰਡ ਤੇ ਕੰਟਰੋਲ ਹੋਵੇ । ਸਾਨੂੰ ਇਸ ਗਲ ਦਾ ਗਿਲਾ ਹੈ ਕਿ ਮਾਰਕਿਟ ਕਮੇਟੀਆਂ ਵਿਚ ਧਾਂਧਲੀ ਮਚੀ ਹੋਈ ਹੈ ਅੱਤ ਇਕ ਇਕ ਆਦਮੀ 10–10 ਹਜ਼ਾਰ ਰੁਪਿਆ ਖਾ ਜਾਂਦਾ ਹੈ ਪਰ ਉਸ ਦੀ ਪੜਤਾਲ 10—10 ਸਾਲ ਨਹੀਂ ਹੁੰਦੀ । ਸਾਡੀ ਮਾਰਕਿਟ ਕਮੇਟੀ ਦਾ ਕੇਸ ਸੀ ਉਸ ਨੂੰ 10 ਸਾਲ ਹੋ ਗਏ ਹਨ ਉਸ ਦੇ ਲਈ ਇਹ ਫੈਸਲਾ ਨਹੀਂ ਕਰ ਸਕੇ ਕਿ ਕੇਸ ਚਲਾਇਆ ਜਾਵੇ ਜਾਂ ਨਾ ਚਲਾਇਆ ਜਾਵੇ । (ਘੰਟੀ) (ਵਿਘਨ) ਇਸ ਲਈ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਇਸ ਤਰ੍ਹਾਂ ਦੇ ਕੰਮ ਕਰਦੇ ਹਨ ਉਨ੍ਹਾਂ ਤੇ ਸਖ਼ਤੀ ਨਾਲ ਕੰਟਰੋਲ ਕੀਤਾ ਜਾਵੇ ।

ਦੂਸਰੀ ਗਲ ਇਹ ਹੈ ਕਿ ਅੱਜੇ ਤਕ ਮੰਡੀਆਂ ਵਿਚ ਕਿਸਾਨ ਗੱਡੇ ਲੈ ਕੇ ਆਂਦਾ ਹੈ, ਬਲਦ ਲਿਜਾਂਦਾ ਹੈ ਉਨ੍ਹਾਂ ਦੇ ਪੀਣ ਦਾ ਪਾਣੀ ਨਹੀਂ, ਉਨ੍ਹਾਂ ਦੇ ਖੜ੍ਹਨ ਵਾਸਤੇ ਮੰਡੀਆਂ ਵਿਚ ਜਗ੍ਹਾ ਨਹੀਂ । ਉਨ੍ਹਾਂ ਦੇ ਰਹਿਣ ਸਹਿਣ ਲਈ ਜਗ੍ਹਾ ਬਣਾਉਣੀ ਚਾਹੀਦੀ ਹੈ । ਸਪੀਕਰ ਸਾਹਿਬ, ਚੋਣਾਂ ਦਾ ਜਿਹੜਾ ਸਿਲਸਲਾ ਹੈ ਉਸ ਨੂੰ ਇਹ ਖ਼ਾਮਖ਼ਾਹ ਤੂਲ ਦਈ ਜਾਂਦੇ ਹਨ । ਜਦੋਂ ਪੰਚਾਇਤਾਂ ਚੁਣੀਆਂ ਹੋਈਆਂ ਹਨ ਕਿਉਂ ਨਹੀਂ ਪੰਚਾਇਤਾਂ ਵਿਚੋਂ ਚੋਣਾਂ ਕਰਾਈਆਂ ਜਾਂਦੀਆਂ । ਜੇਕਰ ਮਾਰਕਿਟ ਕਮੇਟੀਆਂ ਦੇ ਚੱਕਰ ਵਿਚ ਪੈਂਦੇ ਹਨ ਤਾਂ ਇਨ੍ਹਾਂ ਨੂੰ ਮਾਰਕੀਟ ਕਮੇਟੀਆਂ ਦਾ ਹੋਰ ਬਿਲ ਲਿਆਉਣਾ ਚਾਹੀਦਾ ਹੈ । ਹੋਰ ਬਿਲ ਲਿਆਉਣ, ਸਾਨੂੰ ਵੀ ਪਤਾ ਲਗੇ । ਪਰ ਜਿਹੜਾ ਪਬਲਿਕ ਦਾ ਹੱਕ ਹੈ ਪਬਲਿਕ ਵਾਸਤੇ ਵਰਤਣਾ ਚਾਹੀਦਾ ਹੈ । ਜਿਹੜੇ ਵਪਾਰੀ ਹਨ ਉਹ 11 ਰੁਪਏ ਲੈਂਦੇ ਹਨ ਉਨ੍ਹਾਂ ਤੇ ਡੀ.ਆਈ.ਆਰ ਲਾਇਆ ਜਾਵੇ (ਵਿਘਨ)

ਸ਼੍ਰੀ ਪਿਆਰਾ ਰਾਮ ਧੰਨੋਵਾਲੀ (ਫਗਵਾੜਾ ਐਸ.ਸੀ.): ਸਪੀਕਰ ਸਾਹਿਬ, ਮਾਸਟਰ ਗੁਰਬੰਤਾ ਸਿੰਘ ਜੀ ਨੇ ਇਹ ਜਿਹੜਾ ਪੰਜਾਬ ਐਗਰੀਕਲਚਰਲ ਪ੍ਰੋਡਿਊਸ ਮਾਰਕਿਟ ਅਮੈਂਡਮੈਂਟ ਬਿਲ ਲਿਆਂਦਾ ਹੈ ਇਹ ਬੜਾ ਅੱਛਾ ਬਿਲ ਹੈ ਅਤੇ ਮਾਸਟਰ ਜੀ ਵਧਾਈ ਦੇ ਪਾਤਰ ਹਨ । ਇਸ ਬਿਲ ਦੀ ਜਿਹੜੀ ਮਨਸ਼ਾ ਹੈ ਮੇਰਾ ਖਿਆਲ ਹੈ ਕਿ ਆਪੋਜ਼ੀਸ਼ਨ ਦੇ ਅਕਾਲੀ ਮੈਂਬਰ ਸਰਦਾਰ ਪ੍ਰਹਿਲਾਦ ਸਿੰਘ ਜੀ ਨੇ ਸ਼ਾਇਦ ਇਹ ਪੜ੍ਹਿਆ ਨਹੀਂ ਅਤੇ ਨਾ ਹੀ ਕਮਿਉਨਿਸਟ ਮੈਂਬਰ ਜੋਗਾ ਜੀ ਨੇ ਪੜ੍ਹਿਆ ਹੈ । ਉਹ ਬੜੇ ਸਿਆਣੇ ਪਾਰਲੀਮੈਂਟੇਰੀਅਨ ਹਨ ਉਨ੍ਹਾਂ ਨੇ ਇਸ ਦੇ ਐਮਜ਼ ਐਂਡ ਔਬਜੈਕਟਸ ਨਹੀਂ ਪੜ੍ਹੇ ਕਿ ਇਹ ਅਮੈਂਡਮੈਂਟ ਕਿਉਂ ਲਿਆਂਦੀ ਹੈ । ਉਨ੍ਹਾਂ ਨੇ ਇਸ ਪਾਸੇ ਕੋਈ ਧਿਆਨ ਨਹੀਂ ਦਿਤਾ । ਇਹ ਤਾਂ ਬੜਾ ਹੀ ਸਿੰਪਲ ਬਿਲ ਹੈ । ਇਸ ਐਕਟ ਦੀ ਜਿਹੜੀ ਧਾਰਾ 37 ਹੈ ਉਸ ਦੇ ਵਿਚ ਜੋ ਮਾਰਕਿਟ ਫ਼ੀਸ ਦੀ ਚੋਰੀ ਹੁੰਦੀ ਸੀ ਜਾਂ ਉਸ ਨੂੰ ਕੋਈ ਖੁਰਦ ਬੁਰਦ ਕਰਦਾ ਸੀ ਉਸ ਦੇ ਲਈ ਇਕ ਮਹੀਨੇ ਦੀ ਸਜ਼ਾ ਅਤੇ ਪੰਜ ਸੌ ਰੁਪਏ ਜੁਰਮਾਨਾ ਸੀ ਉਸ ਐਕਟ ਵਿਚ ਜਿਹੜਾ ਇਹ ਫ਼ੀਸ ਖੁਰਦ ਬੁਰਦ ਕਰੇਗਾ ਹੁਣ ਉਸਨੂੰ ਪੰਜ ਸੌ ਦੀ ਬਜਾਏ 5 ਹਜ਼ਾਰ ਰੁਪਏ ਜੁਰਮਾਨਾ ਅਤੇ 6 ਮਹੀਨੇ ਦੀ ਸਜ਼ਾ ਹੋਵੇਗੀ ਅੱਤ ਇਹ ਪੈਸਾ ਜਿੰਨਾ ਵੀ ਹੈ ਮੇਰੇ ਆਨਰੇਬਲ ਮੈਂਬਰ ਨੇ ਕਿਹਾ ਹੈ ਕਿ ਇਹ ਜੰਤਾ ਤੇ ਬੋਝ ਹੈ । ਮੈਂ ਕਹਿੰਦਾ ਹਾਂ ਕਿ ਸਾਡੀ ਪੰਜਾਬ ਦੀ ਜੰਤਾ ਤੇ ਇਹ ਬਿਲਕੁਲ ਬੋਝ ਨਹੀਂ ਹੈ । ਜਿਹੜੀ ਪੰਜਾਬ ਦੀ ਕਣਕ ਦੀ, ਚਾਵਲ ਦੀ ਜਾਂ ਸਬਜ਼ੀਆਂ ਵਗੈਰਾ ਦੀ ਪ੍ਰੋਡਿਊਸ ਹੈ ਅਸੀਂ ਠੀਕ ਵਰਤਦੇ ਹਾਂ ਪਰ ਜ਼ਿਆਦਾ ਤਰ ਇਹ ਬਾਹਰ ਜਾਂਦੀਆਂ ਹਨ । ਇਹ ਪੈਸਾ ਮਾਰਕਿਟ ਫੀਸ ਰਾਹੀਂ ਦੂਸਰੇ ਸੂਬਿਆਂ ਤੋਂ ਸਾਡੇ ਕੋਲ ਆਉਣਾ ਹੈ । ਜਿਹੜੇ ਸਾਡੇ ਕੋਲੋਂ ਪ੍ਰੋਡਿਊਸ ਖਰੀਦ ਕੇ ਲੈ ਜਾਂਦੇ ਹਨ । ਇਸ ਨਾਲ ਸਾਨੂੰ ਕੋਈ 6 ਕਰੋੜ ਰੁਪਏ ਦੀ ਆਮਦਨ ਹੋਵੇਗੀ ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਪਿਆਰਾ ਰਾਮ ਧੰਨੋਵਾਲੀ]

ਫਿਰ ਜੋਗਾ ਜੀ ਨੇ ਗਲ ਕੀਤੀ ਕਿ ਇਸ ਦਾ ਅਸਰ ਗਰੀਬ ਜੰਤਾ ਤੇ ਪਏਗਾ । ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਪੰਜਾਬ ਦੀ 70% ਆਬਾਦੀ ਪਿੰਡਾਂ ਵਿਚ ਰਹਿੰਦੀ ਹੈ । ਜਿਹੜੀ ਗਰੀਬ ਆਬਾਦੀ ਹੈ ਉਸਨੂੰ ਜਿਹੜੀ ਚੀਜ਼ ਦੀ ਜ਼ਰੂਰਤ ਹੁੰਦੀ ਹੈ ਉਹ ਮਾਰਕਿਟ ਵਿਚੋਂ ਨਹੀਂ ਖਰੀਦਦੀ ਬਲਕਿ ਦਿਹਾਤਾਂ ਵਿਚੋਂ ਹੀ ਖਰੀਦ ਲੈਂਦੀ ਹੈ । ਮੈਂ ਸਮਝਦਾ ਹਾਂ ਕਿ ਇਹ ਫੀਸ ਜਿਹੜਾ ਮਾਲ ਖਰੀਦਾਰ ਲੈ ਕੇ ਸਾਡੇ ਸੂਬੇ ਵਿਚੋਂ ਬਾਹਰ ਜਾਂਦਾ ਹੈ ਉਨ੍ਹਾਂ ਤੇ ਬੋਝ ਪੈਂਦਾ ਹੈ । ਮੈਂ ਸਰਦਾਰ ਗੁਰਬੰਤਾ ਸਿੰਘ ਜੀ ਨੂੰ ਵਧਾਈ ਦਿੰਦਾ ਹਾਂ ਕਿ ਜਿਹੜਾ ਉਨ੍ਹਾਂ ਨੇ ਇਹ ਤਰਮੀਮੀ ਬਿਲ ਲਿਆਂਦਾ ਹੈ ਇਸ ਨਾਲ ਪਿੰਡਾਂ ਦੀਆਂ ਸੜਕਾਂ ਬਣਨੀਆਂ ਹਨ, ਪੁਲ ਬਣਨੇ ਹਨ ਅਤੇ ਜਿਮੀਂਦਾਰਾਂ ਨੂੰ ਮੰਡੀਆਂ ਵਿਚ ਸਹੂਲਤਾਂ ਮਿਲਣੀਆਂ ਹਨ । ਇਹ ਇਨ੍ਹਾਂ ਨੇ ਚੰਗੀ ਗਲ ਕੀਤੀ ਹੈ ।

ਦੂਸਰੀ ਗਲ ਜੋਗਾ ਜੀ ਨੇ ਇਹ ਕਹੀ ਸੀ ਕਿ ਪਿੰਡਾਂ ਵਿਚ ਸੜਕਾਂ ਪੁਲ ਆਦਿ ਨਹੀਂ ਬਣਨੇ, ਪਰ ਸਟੇਟਮੈਂਟ ਆਫ਼ ਔਬਜੈਕਟਸ ਐਂਡ ਰੀਜ਼ਨਜ਼ ਵਿਚ ਇਹ ਲਿਖਿਆ ਹੋਇਆ ਹੈ ਕਿ "In order to provide link roads, culverts and bridges in the rural areas...." ਉਨ੍ਹਾਂ ਨੇ ਸ਼ਾਇਦ ਇਹ ਗਲ ਪੜ੍ਹੀ ਨਹੀਂ ਕਿ ਇਹ ਸਾਰਾ ਪੈਸਾ ਜਿਹੜਾ ਹੈ ਇਹ ਪਿੰਡਾਂ ਤੇ ਖ਼ਰਚ ਹੋਣਾ ਹੈ । ਇਸ ਲਈ ਮਾਸਟਰ ਜੀ ਵਧਾਈ ਦੇ ਪਾਤਰ ਹਨ ਜਿਹੜਾ ਉਨ੍ਹਾਂ ਨੇ ਇਹ ਅਮੈਂਡਿੰਗ ਬਿਲ ਲਿਆਂਦਾ ਹੈ ।

ਖੇਤੀ ਬਾੜੀ ਅਤੇ ਜੰਗਲਾਤ ਮੰਤਰੀ (ਮਾਸਟਰ ਗੁਰਬੰਤਾ ਸਿੰਘ): ਸਪੀਕਰ ਸਾਹਿਬ, ਮੈਂ ਸਮਝਦਾ ਸੀ ਕਿ ਇਹ ਬਿਲਕੁਲ ਇੰਨੋਸੈਂਟ ਜਿਹਾ ਬਿਲ ਹੈ ਇਸ ਤੇ ਕੀ ਬੋਲਣਾ ਹੈ ਕਿਸੇ ਨੇ, ਪਰ ਫਿਰ ਵੀ ਇਨ੍ਹਾਂ ਨੇ ਕੁਝ ਸੁਝਾਵ ਦਿਤੇ ਹਨ, ਮੈਂ ਇਨ੍ਹਾਂ ਦਾ ਮਸ਼ਕੂਰ ਹਾਂ । ਸਪੀਕਰ ਸਾਹਿਬ, ਮੇਰੇ ਦੋਸਤਾਂ ਨੇ ਇਹ ਇਤਰਾਜ਼ ਕੀਤਾ ਕਿ ਤੁਸੀਂ ਮਾਰਕਿਟ ਕਮੇਟੀਆਂ ਦੀਆਂ ਇਲੈਕਸ਼ਨਾਂ ਕਿਉਂ ਨਹੀਂ ਕਰਾਉਂਦੇ । ਮਾਰਕਿਟ ਕਮੇਟੀਆਂ ਦੀਆਂ ਇਲੈਕਸ਼ਨਾਂ ਦਾ ਇਸ ਵਿਚ ਕੋਈ ਜ਼ਿਕਰ ਨਹੀਂ ਹੈ । ਮੈਨੂੰ ਇਨ੍ਹਾਂ ਦੇ ਸਮੇਂ ਦੀ ਯਾਦ ਆ ਜਾਂਦੀ ਹੈ ਕਿ ਇਨ੍ਹਾਂ ਨੇ ਕਿਉਂ ਨਹੀਂ ਸੀ ਕਰਾਈਆਂ । ਮੈਂ ਇਸ ਗਲ ਨੂੰ ਛੇੜਣਾ ਨਹੀਂ ਚਾਹੁੰਦਾ । ਮੈਨੂੰ ਇਨ੍ਹਾਂ ਨੇ ਅਖਤਿਆਰ ਦੇ ਦਿਤੇ ਹਨ ਕਿ ਮੈਂ ਨਾਮੀਨੇਟ ਕਰਾਂ । ਹੁਣ ਇਹ ਦੇਖਣ ਕਿ ਮੈਂ ਕਿਸੇ ਵੇਲੇ ਨਾਮੀਨੇਸ਼ਨਜ਼ ਕਰਾਂ । ਸਪੀਕਰ ਸਾਹਿਬ, ਮੇਰੇ ਦੋਸਤਾਂ ਨੇ ਕਿਹਾ ਹੈ ਕਿ ਮਾਰਕਿਟ ਕਮੇਟੀਆਂ ਵਿਚ ਗਬਨ ਹੋਏ । ਮੈਂ ਇਨ੍ਹਾਂ ਨੂੰ ਯਕੀਨ ਦਿਲਾਉਂਦਾ ਹਾਂ ਕਿ ਤੁਸੀਂ ਆਉ ਮੈਨੂੰ ਦਸੋ ਕਿ ਕਿਥੇ ਗਬਨ ਹੋਇਆ ਹੈ ਮੈਂ ਗਬਨ ਕਰਨ ਵਾਲੇ ਨੂੰ ਜ਼ਰੂਰ ਸਜ਼ਾ ਦਿਆਂਗਾ । ਮੈਂ ਤਾਂ ਉਹ ਆਦਮੀ ਹਾਂ ਕਿ ਜਿਹੜਾ ਗਲਤੀ ਕਰੇਗਾ ਉਸ ਨੂੰ ਕੰਨੋਂ ਫੜ ਕੇ ਮਾਰਕਿਟ ਕਮੇਟੀ ਦੇ ਦਫ਼ਤਰ ਵਿਚੋਂ ਬਾਹਰ ਕੱਢ ਦਿਆਂਗਾ ।

ਸਪੀਕਰ ਸਾਹਿਬ, ਫਿਰ ਮੇਰੇ ਦੋਸਤਾਂ ਨੇ ਕਿਹਾ ਹੈ ਕਿ ਇਹ ਬੋਝ ਗਰੀਬਾਂ ਤੇ ਪੈਂਦਾ ਹੈ । ਸਪੀਕਰ ਸਾਹਿਬ, ਮੈਂ ਦਸਦਾ ਹਾਂ ਕਿ ਪਿਛਲੇ ਸਾਲ ਪੰਜਾਬ ਨੇ 29 ਲੱਖ ਟਨ ਕਣਕ ਅਤੇ ਸਾਢੇ ਨੌਂ ਟਨ ਚਾਵਲ ਬਾਹਰਲੇ ਸੂਬਿਆਂ ਨੂੰ ਭੇਜੇ ਹਨ । ਜਿਹੜੀ ਮਾਰਕਿਟ ਫ਼ੀਸ ਉਸ ਕਣਕ ਅਤੇ ਚਾਵਲਾਂ ਤੇ ਲਗੀ ਹੈ ਉਹ ਸਾਨੂੰ ਬਾਹਰਲੇ ਸੂਬਿਆਂ ਵਿਚੋਂ ਆਈ ਹੈ । ਮੈਨੂੰ ਤਾਹਨਾ ਦਿਤਾ ਗਿਆ ਕਿ ਗੁਰਬੰਤਾ ਸਿੰਘ ਜਦਾਂ ਤੋਂ ਖੇਤੀ ਬਾੜੀ ਮਨਿਸਟਰ ਬਣਿਆ ਹੈ ਤੇ ਸਾਡੇ ਤੇ ਮਾਰਕਿਟ ਫ਼ੀਸ ਲਾ ਦਿਤੀ ਹੈ । ਇਹ ਬਿਲ ਮੈਂ 1967 ਵਿਚ ਬਣਾਇਆ ਸੀ ਅਤੇ 100

Original with;
Punjab Vidhan Sabha
Digitized by;
Panjab Digital Library

ਰੁਪਏ ਮਗਰ 50 ਪੈਸੇ ਲਾਏ ਸੀ । ਫਿਰ ਇਨ੍ਹਾਂ ਦੀ ਸਰਕਾਰ ਆ ਗਈ ਅਤੇ ਇਨ੍ਹਾਂ ਨੇ ਇਕ ਰੁਪਿਆ ਕਰ ਦਿਤਾ । ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਸੱਚ ਮੁੱਚ ਇਹ ਅੱਛੀ ਚੀਜ਼ ਦਿਤੀ ਹੈ । ਪਿਛਲੇ ਸਾਲ ਮਾਰਕਿਟ ਕਮੇਟੀਆਂ ਨੇ ਪਿੰਡਾਂ ਦੀਆਂ ਸੜਕਾਂ, ਬ੍ਰਿਜ, ਨਾਲੀਆਂ ਬਣਾਉਣ ਵਾਸਤੇ 10 ਕਰੋੜ ਰੁਪਏ ਦਿਤੇ ਹਨ । ਮੈਂ ਮਹਿਸੂਸ ਕਰਦਾ ਹਾਂ ਕਿ ਇਸ ਪੈਸੇ ਨਾਲ ਇਹ ਪੈਸਾ ਜਿਹੜਾ ਮਾਰਕਿਟ ਕਮੇਟੀਆਂ ਦਾ ਹੈ ਕੋਈ ਪਿੰਡ ਐਸਾ ਨਹੀਂ ਰਹੇਗਾ, ਕੋਈ ਜਗ੍ਹਾ ਐਸੀਂ ਨਹੀਂ ਰਹੇਗੀ ।

ਸਰਦਾਰ ਗੁਰਦੇਵ ਸਿੰਘ ਸਿੱਧੂ : ਆਨ ਏ ਪ੍ਰਆਇੰਟ ਆਫ ਇਨਫਰਮੇਸ਼ਨ, ਸਰ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਸਟਰ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਇਹ ਸਾਡੇ ਜ਼ਿਲ੍ਹਾ ਪਟਿਆਲਾ ਦੇ ਗਰੀਵੈਂਸਿਜ਼ ਮਨਿਸਟਰ ਹਨ ਉਥੇ ਅਸੀਂ ਇਕ ਪੁਲ ਬਣਾਉਣ ਲਈ ਕਿਹਾ ਸੀ ਤਾਂ ਇਨ੍ਹਾਂ ਨੇ ਡਬਾ ਖ਼ਾਲੀ ਕਰਕੇ ਕਹਿ ਦਿਤਾ ਸੀ ਕਿ ਕੋਈ ਪੈਸਾ ਨਹੀਂ । (ਵਿਘਨ)

ਖੇਤੀ ਬਾੜੀ ਅਤੇ ਜੰਗਲਾਤ ਮੰਤਰੀ: ਸਪੀਕਰ ਸਾਹਿਬ, ਇਹ ਅਜੇ ਇੰਝਾਣਾ ਹੈ, ਇਹ ਭੁਲਦਾ ਹੈ । ਉਹ ਪੁਲ ਸਪੀਕਰ ਸਾਹਿਬ ਪੀ. ਡਬਲਯੂ. ਡੀ. ਨੇ ਬਣਾਉਣਾ ਸੀ ਅਤੇ ਉਸ ਮਹਿਕਮੇ ਨੇ ਕਿਹਾ ਕਿ ਬਰਸਾਤ ਦੇ ਦਿਨਾਂ ਵਿਚ ਇਹ ਨਹੀਂ ਬਣ ਸਕਦਾ । ਮੈਂ ਵੀ ਕਹਿ ਦਿਤਾ ਕਿ ਬਰਸਾਤਾਂ ਤੋਂ ਬਾਅਦ ਬਣਾ ਦਿਆਂਗੇ । (ਵਿਘਨ)

ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਸ ਮਾਰਕਿਟ ਫੀਸ ਨਾਲ ਪਿੰਡਾਂ ਦੀਆਂ ਸੜਕਾਂ, ਪਿੰਡਾਂ ਦੇ ਜਿਹੜੇ ਛੋਟੇ ਛੋਟੇ ਪੁਲ ਹਨ, ਪਿੰਡਾਂ ਦੇ ਵਿਚ ਜਿਹੜੀਆਂ ਮੰਡੀਆਂ ਹਨ ਉਨ੍ਹਾਂ ਦੀਆਂ ਨਾਲੀਆਂ ਪੱਕੀਆਂ ਕਰਾਂਗੇ, ਫ਼ਰਸ਼ ਪੱਕੇ ਕਰਾਂਗੇ, ਥੜੇ ਬਣਾਵਾਂਗੇ । ਪਿੰਡਾਂ ਦੇ ਵਿਚ ਕਈ ਐਸੇ ਸਕੂਲ ਹਨ ਜਿਨ੍ਹਾਂ ਨੂੰ ਅਸੀਂ ਇਸ ਵਿੱਚੋਂ ਪੈਸੇ ਦਿਤੇ ਹਨ ।

ਸਪੀਕਰ ਸਾਹਿਬ ਇਨ੍ਹਾਂ ਪੈਸਿਆਂ ਨਾਲ ਮੰਡੀਆਂ ਵਿਚ ਵਾਟਰ ਵਰਕਸ ਲਾਉਂਦੇ ਹਾਂ, ਗੱਡਿਆਂ ਦੇ ਸਟੈਂਡ ਬਣਾਉਂਦੇ ਹਾਂ । ਦਿਹਾਤੀਆਂ ਵਾਸਤੇ ਰੈਸਟ ਹਾਊਸ ਬਣਾਉਂਦੇ ਹਾਂ । ਕਈ ਮਾਰਕਿਟ ਕਮੇਟੀਆਂ ਵਿਚ ਅੱਗ ਬੁਝਾਉਣ ਦੇ ਇੰਜਣਾਂ ਦਾ ਵੀ ਇੰਤਜ਼ਾਮ ਕੀਤਾ ਗਿਆ ਹੈ । ਕਿਸਾਨਾਂ ਵਾਸਤੇ ਕਮਿਊਨਟੀ ਕਿਚਨ ਵੀ ਬਣਾਉਂਦੇ ਹਾਂ । ਜ਼ਿਮੀਂਦਾਰ ਜਿਹੜੇ ਫਸਲ ਲਿਆਉਂਦੇ ਹਨ ਉਨ੍ਹਾਂ ਵਾਸਤੇ ਤਰਪਾਲਾਂ ਵੀ ਮੁਲ ਲੈ ਕੇ ਦਿੰਦੇ ਹਾਂ । ਇਸ ਦੇ ਨਾਲ ਹੀ ਪਿੰਡਾਂ ਦੀ ਡਿਵੈਲਪਮੈਂਟ ਅਤੇ ਰਸਤਿਆਂ ਨੂੰ ਪੱਕਾ ਕਰਨ ਅਤੇ ਹੋਰ ਚੀਜ਼ਾਂ ਵਾਸਤੇ ਪੈਸੇ ਦਿੰਦੇ ਹਾਂ । ਮੇਰੇ ਦੋਸਤ ਜੋਗਾ ਸਾਹਿਬ ਨੇ ਇੱਕ ਗਲ ਕਹੀ ਹੈ ਕਿ ਮੰਡੀਆਂ ਵਿਚ ਜ਼ਿਮੀਂਦਾਰਾਂ ਤੋਂ ਵੱਧ ਚੀਜ਼ ਲੋਕ ਲੈ ਲੈਂਦੇ ਹਨ । ਇਸ ਬਿਲ ਵਿਚ ਦੋ ਕਲਾਜ਼ਾਂ ਰਖੀਆਂ ਹਨ । ਪਹਿਲਾਂ ਤਾਂ ਜੇਕਰ ਕੋਈ ਇਸ ਤਰ੍ਹਾਂ ਦਾ ਜੁਰਮ ਕਰਦਾ ਸੀ ਤਾਂ ਉਸ ਨੂੰ ਇਕ ਮਹੀਨੇ ਦੀ ਸਜ਼ਾ ਅਤੇ 250 ਜਾਂ 500 ਰੁਪਏ ਜੁਰਮਾਨਾ ਕੀਤਾ ਜਾਂਦਾ ਸੀ । ਅਸੀਂ ਸੈਕਸ਼ਨ 6 ਅਤੇ 8 ਦੇ ਵਿਚ ਇਹ ਪ੍ਰੋਵਾਈਡ ਕੀਤਾ ਹੈ ਕਿ ਉਸ ਨੂੰ 6 ਮਹੀਨਿਆਂ ਦੀ ਕੈਦ ਹੋਵੇਗੀ ਅਤੇ 5,000 ਰੁਪਏ ਤਕ ਜੁਰਮਾਨਾ ਹੋਵੇਗਾ ਤਾਂ ਕਿ ਕੋਈ ਇਸ ਤਰ੍ਹਾਂ ਦਾ ਕੰਮ ਕਰਨ ਦੀ ਜੁਰਤ ਨਾ ਕਰ ਸਕੇ । ਜੋਗਾ ਸਾਹਿਬ ਨੇ ਇੱਕ ਹੋਰ ਗਲ ਕਹੀ ਸੀ ਕਿ ਮਾਰਕਿਟ ਫੀਸ ਲੋਕ ਨਹੀਂ ਦਿੰਦੇ । ਇਸ ਬਿਲ ਵਿਚ ਅਸੀਂ ਇਕ ਕਲਾਜ਼ ਪਾ ਦਿੱਤੀ ਹੈ ਕਿ ਜਿਹੜੇ ਮਾਰਕਿਟਿੰਗ ਬੋਰਡ ਜਾਂ ਮਾਰਕਿਟ ਕਮੇਟੀਆਂ ਦੇ ਕਰਮਚਾਰੀ ਹਨ ਉਹ ਦੇਖਣ ਕਿ ਜਿਹੜਾ ਖਰੀਦਦਾਰ ਮੰਡੀ ਤੋਂ ਬਾਹਰ ਕਣਕ ਖਰੀਦੇਗਾ ਜਾਂ ਮਾਰਕਿਟ ਫੀਸ ਨਹੀਂ ਦੇਵੇਗਾ

Original with;
Punjab Vidhan Sabha
Digitized by;
Panjab Digital Library

[ਖੇਤੀ ਬਾੜੀ ਅਤੇ ਜੰਗਲਾਤ ਮੰਤਰੀ]

ਤਾਂ ਉਸਦੇ ਵਾਸਤੇ ਕਲਾਜ਼ ਛਾਪ ਦਿੱਤੀ ਹੈ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਬਿੱਲ ਰਾਹੀਂ ਇਹ ਜਿਹੜੀ ਮਾਰਕਿਟ ਫ਼ੀਸ ਵਧਾਈ ਹੈ ਇਹ ਲੋਕਾਂ ਦੇ ਫਾਇਦੇ ਵਾਸਤੇ ਹੀ ਹੈ। ਅਸੀਂ ਚਾਹੁੰਦੇ ਹਾਂ ਕਿ ਮੰਡੀਆਂ ਵਿਚ ਚੰਗੇ ਫਰਸ਼ ਹੋਣ। ਸਪੀਕਰ ਸਾਹਿਬ, ਮੈਂ ਕਹਿ ਸਕਦਾ ਹੈ ਕਿ ਸਾਰੇ ਹਿੰਦੁਸਤਾਨ ਵਿਚ ਪੰਜਾਬ ਦੀਆਂ ਮੰਡੀਆਂ ਸਭ ਤੋਂ ਚੰਗੀਆਂ ਹਨ। ਅਸੀਂ ਕੋਸ਼ਿਸ਼ ਕਰਾਂਗੇ ਕਿ ਇਹ ਹੋਰ ਚੰਗੀਆਂ ਬਣਨ। ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਇਸ ਬਿੱਲ ਨੂੰ ਛੇਤੀ ਤੋਂ ਛੇਤੀ ਪਾਸ ਕਰ ਦਿੱਤਾ ਜਾਵੇ।

Question is—

That the Punjab Agricultural Produce Markets (Amendment) Bill be taken into consideration at once.

The motion was carried.

Mr. Speaker : Now the House will proceed to consider the Bill clause by clause.

CLAUSE 2

Mr. Speaker: Question is—

That Clause 2 stand part of the Bill.

The motion was carried.

CLAUSE 3

Mr. Speaker : Question is—

That Clause 3 stand part of the Bill.

The motion was carried.

CLAUSE 4

Mr. Speaker : Question is—

That Clause 4 stand part of the Bill.

The motion was carried

CLAUSE 5

Mr. Speaker : Question is—

That Clause 5 stand part of the Bill.

The motion was carried

CLAUSE 1

Mr. Speaker : Question is—

That Clause 1 stand part of the Bill

The motion was carried

Original with;
Punjab Vidhan Sabha
Digitized by;
Panjab Digital Library

TITLE

Mr. Speaker : Question is—

That title be the Title of the Bill.

The motion was carried

Agriculture and Forest Minister (Master Gurbanta Singh) : Sir, I beg to move—

That the Punjab Agricultural Produce Markets (Amendment) Bill be passed.

Mr. Speaker : Motion moved—

That the Punjab Agricultural Produce Market (Amendment) Bill, 1974 be passed.

Mr. Speaker : Question is—

That the Punjab Agricultural Produce Markets (Amendment) Bill, 1974 be passed.

The motion was carried

Mr. Speaker : The House stands adjourned till 9.00 a.m. on Wednesday, the 7th August, 1974.

8.26 p.m. *The Sabha then adjourned till 9-00 A.M. on Wednesday, the 7th August, 1974.*

1241—12-11-74—282 Copies—Govt. Press, Patiala.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by
Panjab Digital Library

APPENDIX

TO

PUNJAB VIDHAN SABHA DEBATES

Dated 6th August, 1974

Vol II—No. 2

VILLAGES IN SAMRALA SUB-DIVISION NOT YET LINKED WITH ANY ROADS

*2656 1. **Sardar Prehlad Singh**
2. **Giani Kundan Singh Patang** } Will the Minister of State for Public Works be pleased to state the total number of villages in Samrala Sub-Division which are not yet linked with any roads together with the reasons therefor ?

ਸ਼੍ਰੀ ਜੋਗਿੰਦਰ ਪਾਲ ਪਾਂਡੇ (ਰਾਜ ਮੰਤਰੀ, ਲੋਕ ਨਿਰਮਾਣ ਵਿਭਾਗ): ਸਮਰਾਲਾ ਸਬ-ਡਵੀਜ਼ਨ ਵਿੱਚ ਸਾਰੇ ਪਿੰਡਾਂ ਨੂੰ ਪਹੁੰਚ ਸੜਕਾਂ ਨਾਲ ਜੋੜ ਦਿੱਤਾ ਗਿਆ ਹੈ। ਕੇਵਲ 42 ਇਹੋ ਜਿਹੇ ਪਿੰਡ ਹਨ ਜਿਹੜੇ ਬਣੀਆਂ ਸੜਕਾਂ ਤੋਂ ਇਕ ਕਿਲੋਮੀਟਰ ਜਾਂ ਇਸ ਤੋਂ ਵੀ ਘੱਟ ਦੂਰੀ ਤੇ ਹਨ। ਇਨ੍ਹਾਂ ਪਿੰਡਾਂ ਨੂੰ ਸਰਕਾਰ ਦੀ ਪਾਲਿਸੀ ਅਨੁਸਾਰ ਸੜਕਾਂ ਨਾਲ ਜੁੜਿਆ ਹੀ ਸਮਝਿਆ ਜਾਂਦਾ ਹੈ। ਜਦੋਂ ਸਾਡੇ ਪ੍ਰਾਂਤ ਵਿੱਚ ਬਾਕੀ ਰਹਿੰਦੇ ਸਾਰੇ ਪਿੰਡਾਂ ਵਿਚ ਸੜਕਾਂ ਮੁਕੰਮਲ ਹੋ ਜਾਣਗੀਆਂ ਤਾਂ ਇਨ੍ਹਾਂ ਘੱਟ ਦੂਰੀ ਵਾਲੇ ਪਿੰਡਾਂ ਨੂੰ ਵੀ ਸੜਕ ਦੇਣ ਲਈ ਵਿਚਾਰ ਕੀਤਾ ਜਾਵੇਗਾ।

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

19
SP.

PUNJAB VIDHAN SABHA

DEBATES

7th August, 1974

Vol. II—No. 3

OFFICIAL REPORT

CONTENTS

Wednesday, the 7th August, 1974

	PAGE
Starred Questions and Answers ..	(3)1
Written Answers to Starred Questions laid on the Table under Rule 38 ..	(3)20
Unstarred Question And Answer ..	(3)41
Adjournment Motion ..	(3)41
Walk-out(s) ..	(3)45
Adjournment Motion (*Resumption*) ..	(3)46
Walk-out(s) ..	(3)53
Call Attention Notices under Rule 66 ..	(3)54
Question on statement made in Reply to Call Attention Notice No. 6 ..	(3)57
Papers laid on the Table of the House ..	(3)58
Bill—	
The Punjab Appropriation (No. 3)—, 1974 ..	(3)59
Adjournment Motion converted into Call Attention Motion ..	(3)59
Bill—	
The Punjab Appropriation (No. 3)—, 1974 (*Resumption of consideration*) ..	(3)60
The Punjab Commercial Crops Cess—, 1974 ..	(3)101
Extension of the time of the sitting ..	(3)102
Bill— ..	
The Punjab Commercial Crops Cess—, 1974 (*Resumption of consideration*) ..	(3)102

Punjab Vidhan Sabha Secretariat, Chandigarh.

Price Rs. 3.75

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by:
Panjab Digital Library

PUNJAB VIDHAN SABHA

Wednesday, the 7th August, 1974

The Vidhan Sabha met in the Punjab Vidhan Sabha Hall, Vidhan Bhawan, Sector-1, Chandigarh 160001 at 9.00 A.M. of the Clock. Mr. Speaker (Dr. Kewal Krishan) in the Chair.

STARRED QUESTIONS AND ANSWERS

SUPPLEMENTARIES TO STARRED QUESTION NO. 2633

ਕਾਮਰੇਡ ਸੱਤ ਪਾਲ ਡਾਂਗ : ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਕੀ ਇਹ ਹਕੀਕਤ ਹੈ ਜਾਂ ਨਹੀਂ ਕਿ ਲੜਕੇ ਦੇ ਗੋਲੀ ਲੱਗਣ ਅੌਰ ਮਰਨ ਦੇ ਦਰਮਿਆਨ ਦੋ ਘੰਟੇ ਦਾ ਵਕਫ਼ਾ ਸੀ ? ਉਹ ਲੜਕਾ ਦੋ ਘੰਟੇ ਉਥੇ ਹੀ ਪਿਆ ਤੜਪਦਾ ਰਿਹਾ ਅੌਰ ਉਸ ਨੂੰ ਮੈਡੀਕਲ ਟਰੀਟਮੈਂਟ ਨਹੀਂ ਮਿਲਿਆ, ਇਸ ਕਰਕੇ ਉਸ ਦੀ ਮੌਤ ਹੋਈ ਹੈ, ਕੀ ਇਹ ਹਕੀਕਤ ਨਹੀਂ ਹੈ ?

ਵਿਦਿਆ ਮੰਤਰੀ : ਸਪੀਕਰ ਸਾਹਿਬ, ਗੋਲੀ ਲੱਗਣ ਤੋਂ ਬਾਅਦ ਉਸ ਨੂੰ ਹਸਪਤਾਲ ਪਹੁੰਚਾਇਆ ਗਿਆ । ਜਦੋਂ ਡਾਕਟਰਾਂ ਨੇ ਇਹ ਰਾਏ ਦਿਤੀ ਕਿ ਇਸ ਦੀ ਹਾਲਤ ਚੰਗੀ ਨਹੀਂ ਹੈ, ਡੇਂਜਰਸ ਹੈ ਤਾਂ ਉਸ ਨੂੰ ਅੰਮ੍ਰਿਤਸਰ ਵੀ. ਜੇ. ਹਸਪਤਾਲ ਵਿਚ ਪਹੁੰਚਾਇਆ ਗਿਆ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਹ ਤਾਂ ਸਿਰਫ ਇਤਨੀ ਹੀ ਗਲ ਦੱਸ ਦੇਣ ਕਿ ਉਸ ਲੜਕੇ ਦੇ ਜ਼ਖਮੀ ਹੋਇਆਂ ਅੌਰ ਹਸਪਤਾਲ ਜਾਣ ਦੇ ਦਰਮਿਆਨ ਕਿਤਨਾ ਵਕਫ਼ਾ ਸੀ ?

(ਕੋਈ ਉੱਤਰ ਨਹੀਂ ਆਇਆ)

ਸ਼੍ਰੀ ਵਿਸ਼ਵਾ ਮਿਤਰ ਸੇਖੜੀ : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਇਹ ਹੈ ਕਿ ਕੀ ਸਕੂਲਾਂ ਦੇ ਵਿਚ ਡੰਮੀ ਗੰਨਾਂ ਲੈ ਜਾਈਆਂ ਜਾ ਸਕਦੀਆਂ ਹਨ ਜਾਂ ਕਿ ਲਾਈਟ ਗੰਨਾਂ ਵੀ ਲੈ ਜਾਈਆਂ ਜਾ ਸਕਦੀਆਂ ਹਨ ? ਇਸ ਦੇ ਬਾਰੇ ਵਜ਼ੀਰ ਸਾਹਿਬ ਜਵਾਬ ਦੇਣ ।

ਮੰਤਰੀ : ਸਪੀਕਰ ਸਾਹਿਬ, ਜਿਹੜੀ ਰਾਈਫਲ .22 ਦੀ ਹੈ ਜਿਸ ਵਿਚੋਂ ਗੋਲੀ ਚਲੀ ਹੈ, ਉਸ ਕਿਸਮ ਦੀਆਂ ਲੈ ਜਾਈਆਂ ਜਾ ਸਕਦੀਆਂ ਹਨ ।

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : ਸਪੀਕਰ ਸਾਹਿਬ, ਆਇਆ ਉਸ ਬੰਦੂਕ ਵਿਚ ਐਮੰਨਿਊਸ਼ਨ ਫਿਲਡ ਸੀ, ਜੇਕਰ ਸੀ ਤਾਂ ਉਸ ਹਾਲਤ ਵਿਚ ਕੰਪਨੀ ਦੇ ਪਲਟੂਨ ਕਮਾਂਡਰ ਨੇ ਭਰੀ ਹੋਈ ਬੰਦੂਕ ਦਾ ਖਿਆਲ ਨਹੀਂ ਰਖਿਆ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਜਿਹੜਾ ਕੰਪਨੀ ਕਮਾਂਡਰ ਸੀ ਉਹ ਡੀਮਾਨਸਟਰੇਸ਼ਨ ਦੇ ਰਿਹਾ ਸੀ । ਉਸ ਵੇਲੇ ਗੋਲੀ ਚਲੀ ਹੈ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਹਕੀਕਤ ਹੈ ਜਾਂ ਨਹੀਂ ਕਿ ਜਿਸ ਵੇਲੇ ਸਟੂਡੈਂਟ ਹਸਪਤਾਲ ਲਿਆਂਦਾ ਗਿਆ ਗੋਲੀ ਲੱਗਣ ਤੋਂ ਦੋ ਘੰਟੇ ਦੇ ਬਾਅਦ ਲਿਆਂਦਾ ਗਿਆ ? ਅੱਰ ਕੀ ਉਸ ਵੇਲੇ ਹੈਡਮਾਸਟਰ ਉਥੇ ਸੀ ਜਾਂ ਨਹੀਂ ਸੀ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਹੁਣ ਨੋਟਿਸ ਦਿਤਾ ਹੈ, ਮੈਂ ਇਹ ਵੀ ਦੱਸ ਦੇਵਾਂਗਾ ।

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : ਸਪੀਕਰ ਸਾਹਿਬ, ਪਲਟੂਨ ਕਮਾਂਡਰ ਨਾਂ ਤਾਂ ਕੋਈ ਡੀਮਾਨਸਟਰੇਸ਼ਨ ਦੇ ਰਿਹਾ ਸੀ । ਦਰਅਸਲ ਵਾਕਿਆ ਇਹ ਹੈ ਕਿ ਬੰਦੂਕ ਫਿਲਡ ਪਈ ਸੀ ਅੱਰ ਉਸ ਬੱਚੇ ਉਪਰ ਕਿਸੇ ਹੋਰ ਬੱਚੇ ਤੋਂ ਚਲ ਗਈ ਹੈ । ਕੀ ਮਨਿਸਟਰ ਸਾਹਿਬ ਇਸ ਗਲ ਦੀ ਇਨਕੁਆਇਰੀ ਕਰਾਉਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਗਲ ਇਨ੍ਹਾਂ ਨੇ ਹੁਣ ਦੱਸੀ ਹੈ । ਲੇਕਿਨ ਜੋ ਕੇਸ ਸੀ ਉਸ ਦਾ ਫੈਸਲਾ 31 ਜੁਲਾਈ, 1973 ਨੂੰ ਹੋ ਚੁਕਿਆ ਹੈ ਅੱਰ ਕੋਰਟ ਨੇ ਕਿਸੇ ਨੂੰ ਕੋਈ ਸਜ਼ਾ ਨਹੀਂ ਦਿਤੀ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਬੱਚੇ ਦੀ ਮੌਤ ਦਾ ਸਵਾਲ ਹੈ । ਮੈਂ ਤਾਂ ਐਲੀਗੇਸ਼ਨ ਲਗਾ ਰਿਹਾ ਹਾਂ ਕਿ ਦੋ ਘੰਟੇ ਬੱਚਾ ਤੜਫਦਾ ਰਿਹਾ ਹੈ । ਹੈਡਮਾਸਟਰ ਡਿਊਟੀ ਉਪਰ ਨਹੀਂ ਸੀ । ਉਸ ਹੈਡਮਾਸਟਰ ਉਪਰ ਹੋਰ ਕੁਰੱਪਸ਼ਨ ਦੇ ਚਾਰਜਿਜ਼ ਵੀ ਹਨ। ਕੀ ਇਹ ਫੈਕਟ ਹੈ ਕਿ ਉਸ ਨੂੰ ਪ੍ਰਾਪਰ ਟਾਈਮ ਤੇ ਹਸਪਤਾਲ ਨਹੀਂ ਲਿਆਂਦਾ ਗਿਆ ਅਤੇ ਉਸ ਨੂੰ ਪ੍ਰਾਪਰ ਟਾਈਮ ਤੇ ਪ੍ਰਾਪਰ ਟਰੀਟਮੈਂਟ ਨਹੀਂ ਮਿਲਿਆ ਅੱਰ ਹੈਡਮਾਸਟਰ ਡਿਊਟੀ ਤੇ ਨਹੀਂ ਸੀ, ? ਅਗਰ ਫੈਕਟ ਹੈ then why does not he come out with it.

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਹ ਬੜੀ ਮਾੜੀ ਗਲ ਹੈ ਕਿ ਮੁੰਡਾ ਹਰੀਜਨ ਹੋਵੇ, ਵਜ਼ੀਰ ਵੀ ਹਰੀਜਨ ਹੋਵੇ ਅੱਰ ਹਰੀਜਨਾਂ ਦੇ ਰਾਈਟ ਉਹ ਪ੍ਰੋਟੈਕਟ ਨਾ ਕਰ ਸਕਦਾ ਹੋਵੇ । ਇਹ ਬੜੀ ਹੀ ਮਾੜੀ ਗਲ ਹੈ ।

ਮੁੱਖ ਸੰਸਦੀ ਸਕੱਤਰ : ਅੱਰ ਇਹ ਵੀ ਕਹਿ ਦੇਵੋ ਕਿ ਪੁੱਛਣ ਵਾਲਾ ਵੀ ਹਰੀਜਨ ਹੋਵੇ । (ਹਾਸਾ)

ਮੰਤਰੀ : ਮੈਂ ਤਾਂ ਸਾਰਿਆਂ ਦੇ ਰਾਈਟ ਪ੍ਰੋਟੈਕਟ ਕਰਨ ਲਈ ਇਥੇ ਬੈਠਾ ਹਾਂ । ਹਰੀਜਨਾਂ ਦੇ ਰਾਈਟ ਵੀ ਪ੍ਰੋਟੈਕਟ ਕਰਨੇ ਹਨ ਅੱਰ ਨਾਨ-ਹਰੀਜਨਾਂ ਦੇ ਵੀ ਅੱਰ ਸਰਕਾਰ ਦਾ ਇਹ ਫਰਜ਼ ਹੈ ।

ਜਿਥੋਂ ਤਕ, ਸਪੀਕਰ ਸਾਹਿਬ, ਇਸ ਗਲ ਦਾ ਸਵਾਲ ਹੈ ਜਿਹੜਾ ਕਿ ਇਨ੍ਹਾਂ ਨੇ ਕਿਹਾ ਹੈ ਕਿ ਮੁੰਡਾ ਦੋ ਘੰਟੇ ਉਥੇ ਪਿਆ ਰਿਹਾ, ਹਿ ਗਲ ਮੇਰੇ ਨੋਟਿਸ ਵਿਚ ਨਹੀਂ ਹੈ ।

Original with;
Punjab Vidhan Sabha
Digitized by:
Panjab Digital Library

ਜੋ ਗਲ ਮੇਰੇ ਨੋਟਿਸ ਵਿਚ ਆਈ ਹੈ ਉਹ ਇਹ ਹੈ ਕਿ ਜਦੋਂ ਗੋਲੀ ਚਲੀ ਉਸ ਤੋਂ ਬਾਅਦ ਛੇਤੀ ਹੀ ਉਸ ਨੂੰ ਹਸਪਤਾਲ ਵਿਚ ਪਹੁੰਚਾਇਆ ਗਿਆ ।

ਜੋ ਡਾਂਗ ਸਾਹਿਬ ਨੇ ਕਿਹਾ ਹੈ ਕਿ ਉਸ ਹੈਡਮਾਸਟਰ ਦੇ ਖਿਲਾਫ ਹੋਰ ਵੀ ਚਾਰਜਿਜ਼ ਹਨ, ਮੈਨੂੰ ਦੱਸ ਦੇਣ, ਮੈਂ ਇਨਕੁਆਇਰੀ ਹੋਲਡ ਕਰਵਾ ਲਵਾਂਗਾ ।

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : ਪਰਸੋਂ ਸੀ. ਐਮ. ਸਾਹਿਬ ਨੇ ਕਿਹਾ ਸੀ ਕਿ ਬੱਚੇ ਦੇ ਪੇਰੈਂਟਸ ਨੂੰ ਕੀ ਰੀਲੀਫ ਦਿਤਾ ਹੈ, ਇਹ ਪਤਾ ਕਰ ਲਵਾਂਗਾ । ਇਸ ਲਈ ਜਿਥੋਂ ਤਕ ਰੀਲੀਫ ਦਾ ਕੁਅੱਲਕ ਹੈ ਉਹ ਵੀ ਦੱਸ ਦੇਣ । ਬਾਕੀ ਡਾਂਗ ਸਾਹਿਬ ਦੀ ਗਲ ਗਲਤ ਹੈ । ਉਸ ਨੂੰ ਫੌਰਨ ਹਸਪਤਾਲ ਵਿਚ ਪਹੁੰਚਾ ਦਿਤਾ ਗਿਆ ਸੀ ।

ਸਰਦਾਰ ਅਜਾਇਬ ਸਿੰਘ ਸੰਧੂ : ਸੀ. ਐਮ. ਸਾਹਿਬ ਨੇ 7 ਤਾਰੀਖ ਤਕ ਦੱਸ ਦੇਣ ਦਾ ਵਾਇਦਾ ਕੀਤਾ ਸੀ ਕਿ ਕੀ ਰੀਲੀਫ ਦਿਤਾ ਹੈ ?

ਸ਼੍ਰੀ ਸਪੀਕਰ : ਇਨਫਰਮੇਸ਼ਨ ਨਹੀਂ ਆਈ ਹੋਣੀ । ਨੈਕਸਟ ਕੁਐਸਚਨ ਪਲੀਜ਼ । (The information may not have been received by the Govt., Next question please).

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਉਸ ਦਿਨ ਸੀ. ਐਮ. ਸਾਹਿਬ ਨੇ ਬਾਹਵਾਂ ਉਲਾਰ ਕੇ ਕਿਹਾ ਸੀ ਕਿ ਮੈਂ ਰੀਲੀਫ ਦੇਵਾਂਗਾ । ਹੁਣ ਇਹ ਇਤਨਾਂ ਵੀ ਨਹੀਂ ਦੱਸ ਸਕਦੇ ਕਿ ਇਨਫਰਮੇਸ਼ਨ ਆਈ ਹੈ ਜਾਂ ਨਹੀਂ ਆਈ ।

ਸ਼੍ਰੀ ਸਪੀਕਰ : ਵਜ਼ੀਰ ਸਾਹਿਬ ਨੇ ਜਵਾਬ ਦੇ ਦਿਤ ਹੈ । (The Minister has already given the reply.)

ਸ਼ਰਦਾਰ ਅਜਾਇਬ ਸਿੰਘ ਸੰਧੂ : ਇਹ ਐਸ਼ੋਰੈਂਸ ਸੀ ਕਿ 7 ਤਾਰੀਖ ਨੂੰ ਅਸੀਂ ਇਹ ਪਤਾ ਕਰਕੇ ਦਸ ਦਿਆਂਗੇ ਕਿ ਲੜਕੇ ਦੇ ਪੈਰੈਂਟਸ ਨੂੰ ਕੀ ਰੀਲੀਫ ਦਿਤਾ ਹੈ ।

ਸ਼੍ਰੀ ਸਪੀਕਰ : ਵਜ਼ੀਰ ਸਾਹਿਬ ਨੇ ਜਵਾਬ ਦੇ ਦਿਤਾ ਹੈ । (The Minister has given the reply.)

ਸਰਦਾਰ ਅਜਾਇਬ ਸਿੰਘ ਸੰਧੂ : ਕੀ ਦਿਤਾ ਹੈ ਜੀ ਜਵਾਬ ?

ਸ਼੍ਰੀ ਸਪੀਕਰ : ਉਨ੍ਹਾਂ ਨੇ ਜਵਾਬ ਦੇ ਦਿਤਾ ਹੈ ਕਿ ਬੱਚੇ ਨੂੰ ਹਸਪਤਾਲ ਵਿਚ ਪਹੁੰਚਾ ਦਿਤਾ ਗਿਆ ਸੀ । (He has given the reply that the boy was got admitted in the hospital.)

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : ਪਰ ਸਪੀਕਰ ਸਾਹਿਬ, ਅਵਾਰਡ ਕੀ ਦਿਤਾ ਹੈ ਬੱਚੇ ਦੀ ਡੈਥ ਹੋਣ ਤੋਂ ਬਾਅਦ ?

ਚੌਧਰੀ ਦਰਸ਼ਨ ਸਿੰਘ : ਅਜੇ ਇਨਫਰਮੇਸ਼ਨ ਨਹੀਂ ਆਈ ਹੈ ।

Original with;
Punjab Vidhan Sabha
Digitized by;
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਚੌਧਰੀ ਦਰਸ਼ਨ ਸਿੰਘ ਕੋਈ ਵਜ਼ੀਰ ਹੈ ? ਸਪੀਕਰ ਸਾਹਿਬ, ਉਸ ਦਿਨ ਚੀਫ ਮਨਿਸਟਰ ਸਾਹਿਬ ਨੇ ਵਾਇਦਾ ਕੀਤਾ ਸੀ ਕਿ ਅਸੀਂ 7 ਤਾਰੀਖ ਤਕ ਦੱਸ ਦਿਆਂਗੇ । ਹੁਣ ਚੀਫ ਮਨਿਸਟਰ ਸਾਹਿਬ ਵੀ ਚੁੱਪ ਬੈਠੇ ਹਨ । ਵਜ਼ੀਰ ਸਾਹਿਬ ਤੁਹਾਡੇ ਵਲ ਝਾਕ ਰਹੇ ਸਨ ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਹ ਵਾਇਦਾ ਕੀਤਾ ਸੀ ਕਿ 7 ਤਾਰੀਖ ਤਕ ਇਨਫਰਮੇਸ਼ਨ ਲੈ ਕੇ ਹਾਊਸ ਨੂੰ ਜਾਣੂ ਕਰਵਾ ਦੇਵਾਂਗਾ । ਕੁਝ ਇਨਫਰਮੇਸ਼ਨ ਵਜ਼ੀਰ ਸਾਹਿਬ ਨੇ ਦੇ ਦਿਤੀ ਹੈ, ਬਾਕੀ ਜਿਸ ਮਸਲੇ ਤੇ ਕਮੀ ਰਹਿ ਗਈ ਹੈ ਤਾਂ ਉਹ ਵੀ ਇਸੇ ਸੈਸ਼ਨ ਦੇ ਅੰਦਰ ਅੰਦਰ ਦੱਸ ਦਿਤੀ ਜਾਵੇਗੀ । ਮੈਂਬਰ ਸਾਹਿਬਾਨ ਪ੍ਰਾਈਵੇਟਲੀ ਜਾਂ ਇਥੇ ਦੱਸ ਦੇਣ ਕਿ ਕਿਹੜੀ ਕਿਹੜੀ ਇਨਫਰਮੇਸ਼ਨ ਚਾਹੀਦੀ ਹੈ ।

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਦਾ ਇਹ ਕੇਸ ਹੋ ਗਿਆ ਸੀ ਕੀ ਇਹ ਸਮਝਦੇ ਹਨ ਕਿ ਜੇ ਇਸ ਤਰ੍ਹਾਂ ਦੇ ਹਾਲਾਤ ਵਿਚ ਗਰੀਬ ਹਰੀਜਨ ਲੜਕਾ ਹੋਵੇ ਤਾਂ ਕੀ ਉਸ ਦੇ ਪੇਅਰੈਂਟਸ ਨੂੰ ਕੰਪੈਨਸੇਸ਼ਨ ਦੇਣਾ ਚਾਹੀਦਾ ਹੈ ਜਾਂ ਨਹੀਂ ਦੇਣਾ ਚਾਹੀਦਾ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਬਾਦਲ ਸਾਹਿਬ ਨਾਲ ਇਤਫਾਕ ਕਰਦਾ ਹਾਂ ਕਿ ਦੇਣਾ ਚਾਹੀਦਾ ਹੈ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, "ਦੇਣਾ ਚਾਹੀਦਾ ਹੈ" ਤਾਂ ਵੇਗ ਟਰਮ ਹੈ ।

ਸਰਦਾਰ ਪਰਕਾਸ਼ ਸਿੰਘ ਬਾਦਲ : ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਦੇਣਾ ਚਾਹੀਦਾ ਹੈ, ਇਹ ਕਿਤਨੇ ਚਿਰ ਤਕ ਫਾਈਨਲ ਫੈਸਲਾ ਕਰ ਲੈਣਗੇ ?

(ਕੋਈ ਉਤਰ ਨਹੀਂ ਆਇਆ)

MINIMUM WAGES FOR AGRICULTURAL WORKERS IN THE STATE

*2690. **Comrade Achhra Singh** : Will the Minister for Finance be pleased to state—

(a) whether it is fact that minimum wages for agricultural workers in the State were fixed only one year (or so) ago if so, the details thereof;

(b) whether it is a fact that the general price index then was 50% (or so) lower as compared with the price index at present;

(c) if the answer to part (b) above be in the affirmative whether Government is considering any proposal to raise the minimum wage structure of the said workers to make it compatible with the present price hike;

(d) whether there is any proposal under the consideration of the Government to provide separate staff from Labour Farm Inspectors etc. to implement the minimum wages ?

Original with;
Punjab Vidhan Sabha
Digitized by;
Panjab Digital Library

Shri Hans Raj Sharma : (a) Minimum wages for agriculture workers were not fixed but were revised in December, 1972. A copy of the notification dated 1st December, 1972 is placed on the table of the House.

(b) No Sir; working class consumer price index has increased by about 30% since December, 1972.

(c) Not yet.

(d) No Sir.

[(ੳ) ਖੇਤੀਬਾੜੀ ਰੋਜ਼ਗਾਰ ਵਿਚ ਕੰਮ ਕਰ ਰਹੇ ਕਿਰਤੀਆਂ ਦੀਆਂ ਘਟ ਤੋਂ ਘਟ ਉਜ਼ਰਤਾਂ ਵਿਚ ਸੋਧ ਦਸੰਬਰ, 1972, ਵਿਚ ਕੀਤੀ ਗਈ ਸੀ ਨਾ ਕਿ ਫਿਕਸ ਕੀਤੀਆਂ ਗਈਆਂ ਸਨ । ਅਧਿਸੂਚਨਾ ਮਿਤੀ 1 ਦਸੰਬਰ, 1972 ਦੀ ਕਾਪੀ ਸਦਨ ਦੇ ਮੇਜ਼ ਤੇ ਰਖੀ ਜਾਂਦੀ ਹੈ ।

(ਅ) ਨਹੀਂ ਜੀ ।

(ੲ) ਅਜੇ ਤਕ ਨਹੀਂ ਜੀ ।

(ਸ) ਨਹੀਂ ਜੀ ।]

COPY OF THE NOTIFICATION

(Published in the Punjab Government Gazette, Legislative Supplement, dated the 8th December, 1972).

LABOUR DEPARTMENT

NOTIFICATION

The 1st December, 1972.

No. S. O. 46/C. A. XI/48/8.5/72 .— In exercise of the powers conferred by sub-section (2) of section 5 of the Minimum Wages Act, 1948 (Central Act XI of 1948), the Governor of Punjab, after considering the advice of the Committee appointed under clause (a) of sub-section (1) of the said section, is pleased to revise and fix the following minimum rates of wages (all inclusive) in respect of the employment in Agriculture in the Punjab State as fixed/revised,—vide Punjab Government notification No, 18168-2L & E-II-67/1799, dated the 18th January, 1968 :—

Sr. No.	Categories of Employees/ Jobs	All inclusive minimum rates of wages fixed/revised
1.	Attached Labour (whole-time servant) :—	
	(a) Kandi Area ..	Rs. 960 consolidated per annum or foodgrains equivalent thereof with meals.
	(b) Other Areas ..	Rs. 1,200 consolidated per annum or foodgrains equivalent thereof with meals.
2.	Ploughing, embanking, sowing and manuring :—	
	(a) Kandi Area ..	Rs. 5.50 per day or Rs. 4.00 per day with meals.
	(b) Other Areas ..	Rs. 6.50 per day or Rs. 5.00 per day with meals.

Original with;
Punjab Vidhan Sabha
Digitized by;
Panjab Digital Library

(Finance Minister)

3. Transplanting of rice :—		
(a) Japanese method	..	Rs. 5 per kanal with meals.
(b) Traditional method	..	Rs. 4 per kanal with meals.
4. Weeding :—		
(a) For Kandi Area	..	Rs. 5.50 per day or Rs. 4.00 per day with meals.
(b) Other Areas	..	Rs. 6.50 per day or Rs. 5.00 per day with meals.
5. Irrigation	..	Rs. 6.50 per day or Rs. 5.00 per day with meals.
6. Harvesting of wheat	..	One Bhari per day or 1/20th of harvested wheat (or cash equivalent thereof).
7. Threshing of wheat	..	Rs. 7.50 per day or Rs. 6.00 per day with meals.
8. Winnowing including carriage of grains and stocking of Bhusa	..	1/20th of winnowed grain.
9. Jhoka (or stoker employed on gur making)	..	1.25 Kg. of gur per 40 Kgs. of gur produced.
10. Picking of cotton	..	1/16th of the Kapas picked or 15 paise per Kg. of Kapas picked.
11. Picking of Chillies	..	1/10th of the Chillies picked.
12. Threshing of paddy	..	8 Kg. per quintal of paddy threshed.
13. Blacksmiths/carpenters who are employed in operations incidental to or in conjunction with farming	..	Rs. 10 per day with meals.
14. Tractor Driver	..	Rs. 200 per month consolidated.
15. Harvesting or groundnuts or any other crops other than wheat	..	Rs. 6.50 per day or Rs. 5.00 per day with meals.
16. Tube well Operator	..	As fixed by Government for Tube well Operation Employment.
17. Mali	..	Rs. 180 per month consolidated.
18. Other Operations :—		
(a) Kandi Area	..	Rs. 5.50 per day or Rs. 4.00 per day with meals.
(b) Other Areas	..	Rs. 6.50 per day or Rs. 5.00 per day with meals.

Notes :—

1. Kandi Area means Nurpur Bedi and Anandpur Sahib Blocks of Ropar District, Dharkalan Block of Gurdaspur District and parts of Ropar and Hoshiarpur Districts lying between Chandigarh-Ropar, Garhshankar-Hoshiarpur-Dasuya-Hajipur-Talwara road and Shivalik hills.
2. The hours of work and overtime rate shall be as laid down in the Minimum Wages Act, 1948, and the rules.

K. D. VASUDEVA,

Secretary to Government, Punjab,
Labour and Employment Departments.

Original with;
Punjab Vidhan Sabha
Digitized by;
Panjab Digital Library

ਕਾਮਰੇਡ ਅੱਛਰਾ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਇਸ ਗਲ ਦੇ ਪੇਸ਼ੇਨਜ਼ਰ ਕਿ 1972 ਵਿਚ ਦਿਹਾੜੀ 5 ਤੋਂ ਸਾਢੇ ਛੇ ਰੁਪਏ ਫਿਕਸ ਕੀਤੀ ਸੀ, ਹੁਣ ਇਤਨੀ ਮਹਿੰਗਾਈ ਹੋ ਚੁਕੀ ਹੈ, ਕੀ ਇਹ ਗਲ ਵੇਖਦੇ ਹੋਏ ਸਰਕਾਰ ਇਸ ਦਿਹਾੜੀ ਵਿਚ 50% ਦਾ ਵਾਧਾ ਕਰਨ ਨੂੰ ਤਿਆਰ ਹੈ ? ਜੇਕਰ ਤਿਆਰ ਹੈ ਤਾਂ ਕਦ ਤਕ ਵਧਾ ਦਿਤੀ ਜਾਵੇਗੀ ?

ਵਿੱਤ ਮੰਤਰੀ : ਜਿਸ ਤਰ੍ਹਾਂ ਮੈਂ ਦੱਸਿਆ ਹੈ ਕਿ ਸੰਨ 1972 ਵਿਚ ਰੇਟ ਰੀਵਾਈਜ਼ ਕੀਤੇ ਗਏ ਸੀ ਅੌਰ ਬਾਕੀ ਸੂਬਿਆਂ ਨਾਲੋਂ ਵੱਧ ਮੁਕੱਰਰ ਕੀਤੇ ਗਏ ਸੀ । ਇਹ ਗਲ ਠੀਕ ਹੈ ਕਿ ਮਹਿੰਗਾਈ ਵਧੀ ਹੈ ਲੇਕਿਨ ਗੌਰਮਿੰਟ ਆਮ ਤੌਰ ਤੇ ਮੀਨੀਮੱਮ ਵੇਜਿਜ਼ ਪੰਜ ਸਾਲ ਬਾਅਦ ਰੀਵਾਈਜ਼ ਕਰਦੀ ਹੈ । ਅਸੀਂ ਪਿਛਲੇ ਸਾਲ ਤਿੰਨ ਸਾਲ ਬਾਅਦ ਰੀਵਾਈਜ਼ ਕੀਤੇ ਸਨ । ਅਸੀਂ ਇਸ ਚੀਜ਼ ਨੂੰ ਐਗਜ਼ਾਮਿਨ ਕਰਦੇ ਪਏ ਹਾਂ । ਬਾਕੀਆਂ ਸਟੇਟਾਂ ਤੋਂ ਵੀ ਇਨਫਰਮੇਸ਼ਨ ਮੰਗੀ ਹੋਈ ਹੈ ।

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਪੰਜਾਬ ਤੋਂ ਬਾਹਰੋਂ ਲੇਬਰ ਆ ਰਹੀ ਹੈ । ਪਰ ਸਾਡੀ ਆਪਣੀ ਲੇਬਰ ਸਟਰਾਈਕ ਕਰ ਰਹੀ ਹੈ । ਕੀ ਸਰਕਾਰ ਇਸ ਅਸਪੈਕਟ ਤੇ ਵੀ ਵਿਚਾਰ ਕਰੇਗੀ ?

ਮੰਤਰੀ : ਮੇਰੀ ਅਰਜ਼ ਇਹ ਹੈ ਕਿ ਸਾਡੇ ਲੇਬਰ ਦੀ ਜ਼ਰੂਰਤ ਪੈਂਦੀ ਹੈ, ਇਸ ਕਰਕੇ ਬਾਹਰਲੇ ਸੂਬਿਆਂ ਵਿਚੋਂ ਆਉਂਦੇ ਹਨ ਅਤੇ ਇਸ ਦਾ ਮਤਲਬ ਇਹ ਨਹੀਂ ਕਿ ਇਥੇ ਲੇਬਰ ਅਨਅੈਂਪਲਾਇਡ ਰਹਿੰਦੀ ਹੈ ।

ਸਰਦਾਰ ਕਿਰਪਾਲ ਸਿੰਘ ਰੰਧਾਵਾ : ਇਹ ਜਿਹੜੀ ਦਿਹਾੜੀ ਖੇਤ ਮਜ਼ਦੂਰ ਲੈਂਦਾ ਹੈ, ਇਹ ਕੁਝ ਚੀਜ਼ਾਂ ਦੀ ਸ਼ਕਲ ਵਿਚ ਅਤੇ ਕੁਝ ਰੁਪਏ ਦੀ ਸ਼ਕਲ ਵਿਚ ਲੈਂਦਾ ਹੈ । ਕਣਕ ਵਗੈਰਾ ਦੀ ਸ਼ਕਲ ਵਿਚ ਵੀ ਦਿਹਾੜੀ ਲੈਂਦਾ ਹੈ । ਇਸ ਕਰਕੇ ਕੀ ਜਿਹੜੀਆਂ ਮਿਨੀਮਮ ਵੇਜਿਜ਼ ਫਿਕਸ ਹਨ, ਉਸ ਦੇ ਨਾਲੋਂ ਇਹ ਵਧ ਨਹੀਂ ਲੈਂਦੇ ?

ਮੰਤਰੀ : ਜਿਥੋਂ ਤਕ ਮਹਿੰਗਾਈ ਦਾ ਤੁਅੱਲਕ ਹੈ, ਇਸ ਬਾਰੇ ਗਲ ਇਹ ਹੈ ਕਿ ਜਿਹੜੀ ਮਿਨੀਮਮ ਵੇਜਿਜ਼ ਕਮੇਟੀ ਬਣੀ ਸੀ, ਜਿਸ ਦੇ ਵਿਚ ਦੋਨਾਂ ਸਾਈਡਾਂ ਦੇ, ਸਰਕਾਰ ਦੇ ਵੀ ਅਤੇ ਦੂਜੇ ਵੀ, ਸ਼ਾਮਿਲ ਸਨ, ਉਸ ਨੇ ਇਹ ਯੂਨੈਨੀਮਸ ਰਿਕੁਮੈਂਡੇਸ਼ਨ ਕੀਤੀ । ਇਸ ਗਲ ਦਾ ਵੀ ਇਜ਼ਹਾਰ ਕੀਤਾ ਗਿਆ ਸੀ ਕਿ ਇਹ ਜਿਹੜੀ ਵਰਕਰਜ਼ ਦੀ ਕੈਟੇਗਰੀ ਹੈ, ਇਨ੍ਹਾਂ ਨੂੰ ਫਰੀ ਮੀਲਜ਼ ਮਿਲ ਜਾਂਦੇ ਹਨ । We will see that wages are paid in kind. ਜਿਨ੍ਹਾਂ ਨੂੰ ਵੇਜਿਜ਼ ਇਨ ਕਾਈਂਡ ਦਿਤੀਆਂ ਜਾਂਦੀਆਂ ਹਨ, ਉਸ ਵਾਸਤੇ ਵੀ ਇਹ ਕਰ ਦਿਤਾ ਗਿਆ ਹੈ ਕਿ ਉਹ ਆਟੋਮੈਟੀਕਲੀ ਕੰਪੈਨਸੇਟ ਹੋ ਜਾਂਦੇ ਹਨ ਕਿਉਂਕਿ ਉਹ ਇਨ ਕਾਈਂਡ ਵੇਜਿਜ਼ ਲੈਂਦੇ ਹਨ ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ਜਿਹੜੇ ਦਿਹਾੜੀ ਕਰਦੇ ਹਨ, ਉਨ੍ਹਾਂ ਨੂੰ ਪੁੱਛੋ ।

ਕਾਮਰੇਡ ਸੱਤ ਪਾਲ ਡਾਂਗ : ਕੀ ਵਜ਼ੀਰ ਸਾਹਿਬ ਨੂੰ ਇਹ ਇਲਮ ਹੈ ਕਿ ਜਿਹੜੀਆਂ ਮਿਨੀਮਮ ਵੇਜਿਜ਼ ਹਨ, ਉਨ੍ਹਾਂ ਨੂੰ ਲਾਗੂ ਕਰਵਾਉਣ ਵਾਸਤੇ ਕੋਈ ਇਫੈਕਟਿਵ ਮਸ਼ੀਨਰੀ ਨਹੀਂ ਜਿਹੜੀ ਇਹ ਵੇਖੇ ਕਿ ਇਹ ਚੀਜ਼ ਲਾਗੂ ਹੁੰਦੀ ਹੈ ਕਿ ਨਹੀਂ ਹੁੰਦਾ ਕੀ ਹੈ ਕਿ ਜਦੋਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਹਰੀਜਨ ਲੇਬਰ ਵੇਜਿਜ਼ ਮੰਗਦੀ ਹੈ ਤਾਂ ਉਸ ਦਾ ਸੋਸ਼ਲ ਬਾਈਕਾਟ ਕੀਤਾ ਜਾਂਦਾ ਹੈ। ਇਸ ਦੇ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਹ ਮਿਨੀਮਮ ਵੇਜਿਜ਼ ਸਰਕਾਰੀ ਸੀਡ ਫਾਰਮਾਂ ਤੇ ਸਰਕਾਰ ਨੇ ਲਾਗੂ ਨਹੀਂ ਕੀਤੇ ਅਤੇ ਇਹ ਕਿਉਂ ਨਹੀਂ ਕੀਤੇ ?

ਮੰਤਰੀ : ਪਹਿਲਾਂ ਕੋਈ ਮਸ਼ੀਨਰੀ ਨਹੀਂ ਸੀ, ਸਿਰਫ ਪਟਵਾਰੀ ਕੋਲ ਹੀ ਇਹ ਪਾਵਰ ਸੀ, ਹੋਰ ਕਿਸੇ ਨੂੰ ਨਹੀਂ ਸੀ। 1972 ਦੇ ਵਿਚ ਇਹ ਪਾਵਰ ਹੋਰ ਅਫਸਰਾਂ ਨੂੰ ਵੀ ਦੇ ਦਿਤੀ ਗਈ ਹੈ ਤਾਂ ਜੋ ਇਸ ਚੀਜ਼ ਦੀ ਐਨਫੋਰਸਮੈਂਟ ਹੋਵੇ। ਹੁਣ ਹਰ ਮਹਿਕਮੇ ਦਾ ਅਫਸਰ, ਨਾਇਬ ਤਹਿਸੀਲਦਾਰ, ਤਹਿਸੀਲਦਾਰ, ਡਿਸਟ੍ਰਿਕਟ ਵੈਲਫੇਅਰ ਅਫਸਰ, ਇਨਸਪੈਕਟਰ ਆਫ ਕੋਆਪਰੇਟਿਵ ਸੋਸਾਇਟੀਜ਼ ਡਿਪਾਰਟਮੈਂਟ, ਬਲਾਕ ਡਿਵੈਲਪਮੈਂਟ ਅਤੇ ਪੰਚਾਇਤ ਅਫਸਰ, ਇਨ੍ਹਾਂ ਸਾਰਿਆਂ ਨੂੰ ਐਨਫੋਰਸਮੈਂਟ ਦੀ ਪਾਵਰ ਦੇ ਦਿਤੀ ਗਈ ਹੈ ਤਾਂ ਜੋ ਉਹ ਵੀ ਇਸ ਰਿਵੀਜ਼ਨ ਤੇ ਅਮਲ ਕਰਵਾ ਸਕਣ। ਇਸ ਕਰਕੇ ਇਨ੍ਹਾਂ ਅਫਸਰਾਂ ਨੂੰ ਪਾਵਰ ਦੇ ਦੇਣ ਤੋਂ ਬਾਅਦ ਕਿਸੇ ਹੋਰ ਅਫਸਰ ਨੂੰ ਮੁਕੱਰਰ ਕੀਤਾ ਜਾਣਾ ਜ਼ਰੂਰੀ ਨਹੀਂ। ਦੂਜੇ ਕੋਈ ਜ਼ਿਆਦਾ ਝਗੜੇ ਇਸ ਬਾਰੇ ਨਹੀਂ ਹਨ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਕੀ ਵਜ਼ੀਰ ਸਾਹਿਬ ਦਸਣਗੇ ਕਿ ਜਿਹੜੀ ਇਨ੍ਹਾਂ ਨੇ ਮਸ਼ੀਨਰੀ ਸੈਟ-ਅਪ ਕੀਤੀ ਹੈ, ਉਸ ਦੇ ਰਾਹੀਂ ਇਨ੍ਹਾਂ ਨੂੰ ਕੋਈ ਸ਼ਿਕਾਇਤ ਵੀ ਮਿਲੀ ਹੈ ਕਿ ਮਿਨੀਮਮ ਵੇਜਿਜ਼ ਨਹੀਂ ਮਿਲ ਰਹੀਆਂ ਹਨ ?

ਮੰਤਰੀ : ਤਿੰਨ-ਚਾਰ ਦਿਨ ਹੋਏ ਇਕ ਅੱਧੀ ਸ਼ਿਕਾਇਤ ਆਈ ਸੀ।

ਸਰਦਾਰ ਦਰਬਾਰਾ ਸਿੰਘ : ਮੈਂ ਮੰਤਰੀ ਜੀ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਕਾਫੀ ਸਾਰੇ ਅਫਸਰਾਂ ਨੂੰ ਪਾਵਰਾਂ ਦੇ ਦਿਤੀਆਂ ਹਨ ਮਿਨੀਮਮ ਵੇਜਿਜ਼ ਨੂੰ ਲਾਗੂ ਕਰਨ ਵਾਸਤੇ। ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਐਗਰੀਕਲਚਰ ਸੈਕਟਰ ਵਿਚ ਜਿਹੜੇ ਬਾਹਰ ਦੇ ਸੂਬਿਆਂ ਦੇ ਮਜ਼ਦੂਰ ਆਉਂਦੇ ਹਨ, ਉਹ ਸਾਡੇ ਖੇਤ ਮਜ਼ਦੂਰਾਂ ਤੋਂ ਘੱਟ ਪੈਸੇ ਲੈ ਕੇ ਕੰਮ ਕਰਦੇ ਹਨ, ਜਿਸ ਨਾਲ ਸਾਡੇ ਮਜ਼ਦੂਰਾਂ ਨੂੰ ਨੁਕਸਾਨ ਹੁੰਦਾ ਹੈ ਅਤੇ ਉਹ ਬੇਕਾਰ ਹੋ ਜਾਂਦੇ ਹਨ। ਕੀ ਇਸ ਚੀਜ਼ ਨੂੰ ਚੈਕ ਕਰਨ ਵਾਸਤੇ ਮਿਨੀਮਮ ਵੇਜਿਜ਼ ਨੂੰ ਘੱਟ ਨਾ ਕੀਤਾ ਜਾਵੇ, ਇਸ ਵਾਸਤੇ ਕੋਈ ਇਫੈਕਟਿਵ ਮਸ਼ੀਨਰੀ ਹੈ ?

ਮੰਤਰੀ : ਇਸ ਚੀਜ਼ ਨੂੰ ਬਹੁਤ ਸਖਤੀ ਨਾਲ ਇੰਪਲੀਮੈਂਟ ਕੀਤਾ ਜਾਵੇਗਾ। ਇਫੈਕਟਿਵਲੀ ਕੀਤਾ ਜਾਵੇਗਾ ਅਤੇ ਮੈਂ ਮੈਂਬਰ ਸਾਹਿਬਾਨ ਨੂੰ ਕਹਾਂਗਾ, ਦਰਖਾਸਤ ਕਰਾਂਗਾ ਕਿ ਜੇ ਉਨ੍ਹਾਂ ਦੇ ਹਲਕੇ ਵਿਚ ਇਸ ਤਰ੍ਹਾਂ ਦੀ ਕੋਈ ਸ਼ਿਕਾਇਤ ਹੋਵੇ, ਉਹ ਮੇਰੇ ਕੋਲ ਲੈ ਆਉਣ ਜਾਂ ਭੇਜ ਦੇਣ, ਉਸ ਤੇ ਐਕਸ਼ਨ ਲਵਾਂਗੇ। ਮੈਂ ਇਹ ਵੀ ਕਹਾਂਗਾ ਕਿ....

ਕਾਮਰੇਡ ਸੱਤ ਪਾਲ ਡਾਂਗ : ਸਰਕਾਰੀ ਫਾਰਮਾਂ ਤੇ ਕਿਉਂ ਐਕਸ਼ਨ ਨਹੀਂ ਲੈਂਦੇ ?

ਮੰਤਰੀ : ਹਾਲੇ ਤੀਕ ਮੇਰੇ ਕੋਲ ਕੋਈ ਵੀ ਸ਼ਿਕਾਇਤ ਨਹੀਂ ਆਈ ਨਾ ਕਿਸੇ ਮੈਂਬਰ ਸਾਹਿਬ ਨੇ ਕੋਈ ਦਰਖਾਸਤ ਭੇਜੀ ਹੈ। ਪਰਸੋਂ ਚੌਥੇ ਇਕ ਸ਼ਿਕਾਇਤ ਆਈ ਹੈ, ਉਸ ਦੀ ਇਨਕੁਆਇਰੀ ਕਰਵਾ ਲਵਾਂਗੇ ਅਤੇ ਐਕਸ਼ਨ ਲਵਾਂਗੇ। ਸਾਡਾ ਝਗੜੇ ਵਧਾਉਣ ਦਾ ਮਕਸਦ ਨਹੀਂ। ਕਾਨੂੰਨ ਬਣਾ ਦਿਤਾ ਹੈ (ਵਿਘਨ) ਅਤੇ ਉਸ ਤੇ ਅਮਲ ਕਰਨਾ ਹੈ। **ਸਪੀਕਰ ਸਾਹਿਬ,**

Original with;
Punjab Vidhan Sabha
Digitized by;
Panjab Digital Library

ਭਾਵੇਂ ਯੂ. ਪੀ. ਵਿਚੋਂ ਆਵੇ ਭਾਵੇਂ ਰਾਜਸਥਾਨ ਵਿਚੋਂ ਆਵੇ, ਮਿਨੀਮਮ ਵੇਜਿਜ਼ ਦਿਤੀਆਂ ਜਾਣਗੀਆਂ ।

ਸਰਦਾਰ ਹਰਚੰਦ ਸਿੰਘ : ਵਜ਼ੀਰ ਸਾਹਿਬ ਨੇ ਕਿਹਾ ਹੈ ਉਨ੍ਹਾਂ ਦੇ ਨੋਟਿਸ ਵਿਚ ਕਿਸੇ ਦੀ ਕੋਈ ਸ਼ਿਕਾਇਤ ਨਹੀਂ ਆਈ ਲੇਕਿਨ 10 ਦਿਨ ਪਹਿਲਾਂ ਇਹ ਖਬਰ ਅਖ਼ਬਾਰਾਂ ਵਿਚ ਛਪੀ ਸੀ ਕਿ ਲੌਂਤ ਪਿੰਡ, ਸਬ ਡਿਵੀਜ਼ਨ ਨਾਭਾ ਵਿਚ ਉਥੇ ਦੇ ਸਰਪੰਚ ਨੇ ਹਰੀਜਨਾਂ ਦਾ ਬਾਈਕਾਟ ਕਰ ਦਿਤਾ । ਕਲ ਹੋਰ ਇਸ ਬਾਰੇ ਅਖ਼ਬਾਰ ਵਿਚ ਛਪਿਆ ਹੈ ਕਿ ਬਾਈਕਾਟ ਨੂੰ 21 ਦਿਨ ਹੋ ਗਏ ਹਨ ਅਤੇ ਬਦਸਤੂਰ ਜਾਰੀ ਹੈ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਦੀ ਕੋਈ ਇਫੈਕਟਿਵ ਮਸ਼ੀਨਰੀ ਨਹੀਂ ਹੈ ਜਿਹੜੀ ਇਨ੍ਹਾਂ ਚੀਜ਼ਾਂ ਨੂੰ ਸਰਕਾਰ ਦੇ ਨੋਟਿਸ ਵਿਚ ਲਿਆਂਦੀ ਰਹੇ ? ਕੀ ਸਰਕਾਰ ਦੇ ਡੀ. ਸੀ., ਐਸ. ਐਸ. ਪੀ. ਜਾਂ ਹੋਰ ਅਫ਼ਸਰ ਨਹੀਂ ਹੁੰਦੇ ? ਕੀ ਇਨ੍ਹਾਂ ਦਾ ਕੋਈ ਸੋਸ਼ਲ ਵੈਲਫੇਅਰ ਅਫ਼ਸਰ ਵੀ ਇਸ ਕੰਮ ਨੂੰ ਨਹੀਂ ਵੇਖਦਾ ਕਿ ਮਿਨੀਮਮ ਵੇਜਿਜ਼ ਲਾਗੂ ਹੋ ਰਹੀਆਂ ਹਨ ਜਾਂ ਨਹੀਂ ?

ਜਥੇਦਾਰ ਗੁਰਬਚਨ ਸਿੰਘ : ਸਰਪੰਚ ਕਾਂਗਰਸੀ ਹੈ.... (ਵਿਘਨ)

ਸ਼੍ਰੀ ਸਪੀਕਰ : ਤੁਸੀਂ ਇੰਟਰਪਟ ਨਾ ਕਰੋ, ਇਹ ਅਸੈਂਬਲੀ ਹੈ ਤੁਸੀਂ ਅਸੈਂਬਲੀ ਵਿਚ ਬੈਠੇ ਹੋ ਇਸ ਦਾ ਖਿਆਲ ਰਖੋ (ਵਿਘਨ) Order please. (Please don't interrupt. Remember that you are sitting in the Assembly. (*Interruption*) Order please.)

ਮੰਤਰੀ : ਜਿਥੋਂ ਤਕ ਬਾਈਕਾਟ ਦਾ ਤੁਅੱਲਕ ਹੈ, ਚੀਫ ਮਨਿਸਟਰ ਸਾਹਿਬ ਨੇ ਸਾਰੇ ਸੁਪਰਇੰਨਟੈਂਡੈਂਟਸ ਆਫ ਪੁਲੀਸ ਨੂੰ ਇਸ ਬਾਰੇ ਲਿਖ ਭੇਜਿਆ ਹੈ ਅਤੇ ਇਸ ਬਾਰੇ ਇਕ ਸੈਲ ਵੀ ਬਣਾਇਆ ਗਿਆ ਹੈ ਜਿਹੜਾ ਕਿ ਚੰਡੀਗੜ੍ਹ ਵਿਚ ਹੈ ਅਤੇ ਉਹ ਸੈਲ ਇਹ ਵੇਖੇਗਾ ਕਿ ਜਿਥੋਂ ਕਿਤੋਂ ਵੀ ਕੰਪਲੇਂਟ ਆਵੇ, ਉਸ ਦੀ ਇਨਕੁਆਇਰੀ ਕਰਵਾਈ ਜਾਵੇਗੀ ਅਤੇ ਐਕਸ਼ਨ ਲਿਆ ਜਾਵੇਗਾ ।

ਚੌਧਰੀ ਜਗਤ ਰਾਮ : ਸਪੀਕਰ ਸਾਹਿਬ, ਮੈਨੂੰ ਵੀ ਟਾਈਮ ਦੇਵੋ ।

ਸ਼੍ਰੀ ਸਪੀਕਰ : ਜ਼ਰੂਰ ਦੇਵਾਂਗੇ । (The hon. Member will also be given time to speak.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਹ ਜਿਹੜਾ ਲਾਉਤ ਪਿੰਡ ਹੈ ਜਿਸ ਦਾ ਜ਼ਿਕਰ ਸਰਦਾਰ ਹਰਚੰਦ ਸਿੰਘ ਨੇ ਕੀਤਾ ਹੈ, ਇਥੇ ਦਾ ਸਰਪੰਚ ਕਾਂਗਰਸੀ ਹੈ, ਉਸ ਨੇ ਇਨ੍ਹਾਂ ਦੇ ਗਲ ਵਿਚ ਨੋਟਾਂ ਦਾ ਹਾਰ ਪਾਇਆ ਸੀ....

ਸ਼੍ਰੀ ਸਪੀਕਰ : ਇਹ ਕੋਈ ਸਵਾਲ ਨਹੀਂ ਹੈ । (This is no question)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ ਮੈਂ ਠੀਕ ਕਹਿ ਰਿਹਾ ਹਾਂ .....

ਸਰਦਾਰ ਹਰਚੰਦ ਸਿੰਘ : ਸਪੀਕਰ ਸਾਹਿਬ, ਮੈਂ ਪਰਸਨਲ ਐਕਸਪਲੈਨੇਸ਼ਨ ਦੇਣੀ

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਬਾਅਦ ਵਿਚ ਦੇ ਦੇਣਾ ਜੀ । (You may please do so later on).

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ 20 ਦਿਨ ਤੋਂ ਇਕ ਪਿੰਡ ਵਿਚ ਬਾਈਕਾਟ ਹੈ । (ਵਿਘਨ) ਇਨ੍ਹਾਂ ਦੇ ਗਲ ਵਿਚ 500 ਰੁਪਏ ਦੇ ਨੋਟਾਂ ਦਾ ਹਾਰ ਪਾਇਆ ਗਿਆ ਸੀ....

Mr. Speaker : No discussion.

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, 20 ਦਿਨ ਹੋ ਗਏ ਹਨ ਬਾਈਕਾਟ ਹੋਏ ਨੂੰ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਦੇ ਡੀ. ਸ਼ੀ. ਅਤੇ ਡੀ. ਐਸ. ਪੀ. ਜਾਂ ਐਸ. ਡੀ. ਐਮ. ਇਤਨੇ ਦਿਨਾਂ ਵਿਚ ਤੁਹਾਡੇ ਨੋਟਿਸ ਵਿਚ ਨਹੀਂ ਲਿਆ ਸਕੇ ? ਇਹ ਇਸ ਕਰਕੇ ਹੈ ਕਿ ਉਹ ਸਰਪੰਚ ਕਾਂਗਰਸੀ ਹੈ ਅਤੇ ਇਸ ਕਰਕੇ ਐਕਸ਼ਨ ਨਹੀਂ ਲਿਆ ਜਾਂਦਾ । ਅਗਰ ਤੁਸੀਂ ਇਸ ਤਰ੍ਹਾਂ ਦੀਆਂ ਗਲਾਂ ਬੰਦ ਕਰਨਾ ਚਾਹੁੰਦੇ ਹੋ ਤਾਂ ਐਕਸ਼ਨ ਲਵੋ, ਅਗਰ ਤੁਸੀਂ ਵਾਕਈ ਸੀਰੀਅਸ ਹੋ ਤਾਂ ਐਕਸ਼ਨ ਲੈਣਾ ਚਾਹੀਦਾ ਹੈ ।

ਮੰਤਰੀ : ਸੰਧੂ ਸਾਹਿਬ ਹਰੀਜਨਾਂ ਦੇ ਲੀਡਰ ਹਨ ।

ਸਰਦਾਰ ਹਰਚੰਦ ਸਿੰਘ : ਸਪੀਕਰ ਸਾਹਿਬ, ਮੈਨੂੰ ਵੀ ਬੋਲਣ ਦੇਵੋ । (ਵਿਘਨ)

ਮੰਤਰੀ : ਮੈਨੂੰ ਵਿਸ਼ਵਾਸ ਹੈ ਕਿ ਜੇ ਸਰਪੰਚ ਕਾਂਗਰਸੀ ਹੁੰਦਾ ਤਾਂ ਇਨ੍ਹਾਂ ਦਾ ਇਸ ਵੇਲੇ ਤਕ ਮੋਰਚਾ ਲਗਾ ਹੋਣਾ ਸੀ ।

ਸਰਦਾਰ ਅਜਾਇਬ ਸਿੰਘ ਸੰਧੂ : ਸਾਡਾ ਨਹੀਂ ਹੈ ।

ਮੰਤਰੀ : ਮੈਂ ਇਹ ਤਾਂ ਨਹੀਂ ਕਿਹਾ ਕਿ ਅਕਾਲੀ ਹੁੰਦਾ, ਇਹ ਗਲ ਸਾਰਿਆਂ ਤੇ ਲਾਗੂ ਹੁੰਦੀ ਹੈ । ਜੋ ਵੀ ਕੋਈ ਨਾਕਾ ਬੰਦੀ ਕਰਨਗੇ, ਹਰੀਜਨਾਂ ਨਾਲ ਧੱਕਾ ਕਰਨਗੇ, ਇਸ ਤਰ੍ਹਾਂ ਉਨ੍ਹਾਂ ਨੂੰ ਨਹੀਂ ਕਰਨ ਦਿਤਾ ਜਾਵੇਗਾ । ਪੰਜਾਬ ਜਾਣਦਾ ਹੈ ਕਿ ਹਰੀਜਨਾਂ ਨਾਲ ਜ਼ਿਆਦਾ ਧੱਕਾ ਕਿਹੜੀ ਪਾਰਟੀ ਕਰਦੀ ਹੈ । (ਵਿਘਨ)

ਸਰਦਾਰ ਹਰਚੰਦ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ ।

ਸ਼੍ਰੀ ਸਪੀਕਰ : ਕੁਐਸ਼ਚਨ ਆਵਰ ਵਿਚ ਪੁਆਇੰਟ ਆਫ ਆਰਡਰ ਨਹੀਂ ਹੋ ਸਕਦਾ। (Point of order cannot be raised during Question Hour).

ਸਰਦਾਰ ਹਰਚੰਦ ਸਿੰਘ : ਮੈਂ ਪਰਸਨਲ ਐਕਸਪਲੈਨੇਸ਼ਨ ਦੇਣੀ ਹੈ ।

ਸ਼੍ਰੀ ਸਪੀਕਰ : ਬਾਅਦ ਵਿਚ ਦੇ ਦੇਣਾ ਜੀ । (You may do so later on.)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਜਿਹੜੇ ਖੇਤ ਮਜ਼ਦੂਰ ਹਨ, ਉਨ੍ਹਾਂ ਨੂੰ ਪਿੰਡਾਂ ਵਿਚ ਉਸ ਵੇਲੇ ਹੀ ਕੰਮ ਮਿਲਦਾ ਹੈ ਜਦੋਂ ਝੋਨੇ ਅਤੇ

Original with;
Punjab Vidhan Sabha
Digitized by;
Panjab Digital Library

ਕਣਕ ਵਗੈਰਾ ਦੀ ਬਿਜਾਈ ਹੋਣੀ ਹੋਵੇ ਅਤੇ ਫਿਰ ਬਹੁਤ ਸਾਰਾ ਅਰਸਾ ਇਹ ਲੋਕੀਂ ਵਿਹਲੇ ਰਹਿੰਦੇ ਹਨ । ਕੀ ਸਰਕਾਰ ਇਸ ਲਈ ਕੋਈ ਪ੍ਰਬੰਧ ਕਰਨ ਨੂੰ ਤਿਆਰ ਹੈ ?

ਮੰਤਰੀ : ਸਪੀਕਰ ਸਾਹਿਬ, ਮਰੜ੍ਹੀ ਸਾਹਿਬ ਸ਼ਾਇਦ ਉਦੋਂ ਭੁਲ ਗਏ ਸਨ ਜਦੋਂ ਕਿ ਅਸੀਂ ਮਿਨੀਮਮ ਵੇਜਿਜ਼ ਮੁਕੱਰਰ ਕੀਤੇ ਸਨ । ਇਹ ਵੇਜਿਜ਼ ਪਹਿਲੇ 1962 ਵਿਚ ਰੀਵਾਈਜ਼ ਕੀਤੇ ਗਏ ਫਿਰ 1972 ਵਿਚ ਰੀਵਾਈਜ਼ ਕੀਤੇ ਗਏ । ਉਦੋਂ ਤਾਂ ਇਹ ਭੁਲ ਗਏ ਸਨ ਜਦੋਂ ਇਹ ਸਾਰਾ ਕਾਨੂੰਨ ਬਣਿਆ ਸੀ । ਹੁਣ ਇਹ ਕਹਿੰਦੇ ਹਨ ਲੇਬਰ ਦੀ ਮਿਨੀਮਮ ਵੇਜਿਜ਼ ਵਧਾਈ ਜਾਵੇ । ਸਪੀਕਰ ਸਾਹਿਬ, ਹੁਣ ਐਗਰੀਕਲਚਰ ਮੈਕੇਨਾਈਜ਼ਡ ਹੋ ਗਈ ਹੈ ਅਤੇ ਉਥੇ ਬਾਹਰੋਂ ਲੇਬਰ ਮੰਗਵਾ ਕੇ ਰਖੀ ਜਾ ਰਹੀ ਹੈ । ਜਿਹੜੇ ਬੈਕਵਰਡ ਏਰੀਆ ਹਨ ਜਿਵੇਂ ਕਿ ਹੁਸ਼ਿਆਰਪੁਰ ਦਾ ਏਰੀਆ ਹੈ ਉਥੇ ਵੀ ਐਗਰੀਕਲਚਰ ਮੈਕੇਨਾਈਜ਼ਡ ਹੋਣ ਤੇ ਲੇਬਰ ਬਾਹਰੋਂ ਆਵੇਗੀ ।

ਚੌਧਰੀ ਜਗਤ ਰਾਮ : ਸਪੀਕਰ ਸਾਹਿਬ, ਇਕ ਆਨਰੇਬਲ ਮੈਂਬਰ ਨੇ ਸੰਧੂ ਸਾਹਿਬ ਨੂੰ ਇਹ ਕਿਹਾ ਹੈ..... (ਜਥੇਦਾਰ ਗੁਰਚਰਨ ਸਿੰਘ) (ਵਿਘਨ)

Mr. Speaker : Order please. Please resume your seat.

ਚੌਧਰੀ ਜਗਤ ਰਾਮ : * * * (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਹ ਜਿਹੜੇ ਲਫਜ਼ ਹਨ ਇਹ ਐਕਸਪੰਜ ਹੋਣੇ ਚਾਹੀਦੇ ਹਨ (ਸ਼ੋਰ)

ਸ਼ੀ ਸਪੀਕਰ : ਜੋ ਇਹ ਲਫਜ਼ ਪਾਰਟੀ ਦੇ ਖਿਲਾਫ ਬੋਲੇ ਹਨ ਇਹ ਐਕਸਪੰਜ ਕਰ ਦਿਤੇ ਜਾਣ । (Whatever has been said about the Party should be expunged).

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਚੋਰ ਦੀ ਦਾੜ੍ਹੀ ਵਿਚ ਤਿਨਕਾ । ਇਹ ਲਫਜ਼ ਇਨ੍ਹਾਂ ਨੇ ਉਨ੍ਹਾਂ ਨੂੰ ਤਾਂ ਨਹੀਂ ਕਹੇ । (ਸ਼ੋਰ)

ਚੌਧਰੀ ਜਗਤ ਰਾਮ : ਸਪੀਕਰ ਸਾਹਿਬ, ਇਕ ਆਨਰੇਬਲ ਮੈਂਬਰ ਨੇ ਸੰਧੂ ਸਾਹਿਬ ਨੂੰ ਕਿਹਾ ਸੀ ਕਿ ਇਹ ਤਾਂ ਬਾਦਲ ਦਾ ਚਮਚਾ ਅਤੇ ਕੜਛਾ ਹੈ । ਕੀ ਇਹ ਲਫਜ਼ ਠੀਕ ਹਨ ?

Mr. Speaker : Ruled out. No question.

(ਇਸ ਵੇਲੇ ਕਈ ਮਾਨਯੋਗ ਮੈਂਬਰ ਸਾਹਿਬਾਨ ਬੋਲਣ ਲਈ ਖੜ੍ਹੇ ਹੋ ਗਏ ਅਤੇ ਉਨ੍ਹਾਂ ਵਿਚੋਂ ਕਾਮਰੇਡ ਦਾਨਾ ਰਾਮ ਨੇ ਆਪਣੇ ਬੈਂਚ ਤੋਂ ਖੜੇ ਹੋਕੇ ਸਪਲੀਮੈਂਟਰੀ ਕਰਨ ਲਈ ਇਜ਼ਾਜਤ ਮੰਗੀ)

---

*Expunged as ordered by the Chair.

Original with;
Punjab Vidhan Sabha
Digitized by
Panjab Digital Library

ਸ਼੍ਰੀ ਸਪੀਕਰ: ਅਗਰ ਹਾਊਸ ਦੇ ਮੈਂਬਰਾਂ ਦੀ ਇਹ ਸਲਾਹ ਹੈ ਅਤੇ ਉਹ ਇੰਟਰਸੱਟਿਡ ਹਨ ਤਾਂ ਜਿੰਨੀ ਦੇਰ ਇਹ ਕੁਐਸਚਨ ਚਲਦਾ ਹੈ ਚਲਣ ਦਿੰਦੇ ਹਾਂ । (If the House so desire, supplementary questions on this question may continue as long as the Members want to pursue it).

ਸਰਦਾਰ ਪ੍ਰੇਮ ਸਿੰਘ ਪ੍ਰੇਮ : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਇਹ ਹੈ ਜਿਹੜੇ ਪਹਿਲੇ 3 ਮੈਂਬਰਾਂ ਨੇ ਸਵਾਲ ਕੀਤੇ ਹਨ ਅਤੇ ਵਿੱਤ ਮੰਤਰੀ ਸਾਹਿਬ ਨੇ ਡਰਾਮਾ ਬਾਜ਼ੀ ਕਰਕੇ ਉਨ੍ਹਾਂ ਨੂੰ ਟਾਲਣ ਦਾ ਯਤਨ ਕੀਤਾ ਹੈ, ਇਸ ਕਰਕੇ ਸਪੀਕਰ ਦੀ ਇਹ ਡਿਊਟੀ ਬਣ ਜਾਂਦੀ ਹੈ ਕਿ ਉਹ ਪਰਾਪਰ ਰਿਪਲਾਈ ਲਈ ਮਨਿਸਟਰ ਸਾਹਿਬ ਨੂੰ ਕਹੇ ।

ਸਵਾਲ ਇਹ ਹੈ ਕਿ ਮੁੱਖ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਉਨ੍ਹਾਂ ਨੇ ਇੰਨਸਟ੍ਰੱਕਸ਼ਨਜ਼ ਜਾਰੀ ਕੀਤੀਆਂ ਹਨ ਕਿ ਇਕ ਸੈਲ ਬਣਾਇਆ ਗਿਆ ਹੈ ਜੋ ਇਸ ਦੀ ਪੜਤਾਲ ਕਰੇਗਾ । ਪਰ ਅੱਜ 22 ਦਿਨ ਹੋ ਗਏ ਹਨ ਹੜਤਾਲ ਹੋ ਰਹੀ ਹੈ ਇਸ ਤੇ ਉਸ ਸੈਲ ਨੇ ਕੀ ਕੀਤਾ ਹੈ ।

ਮੰਤਰੀ : ਸਪੀਕਰ ਸਾਹਿਬ ਡਰਾਮੇ ਬਾਜ਼ੀ ਦੇ ਤਾਂ ਇਹ ਆਪ ਮਾਹਿਰ ਹਨ ਲੇਕਿਨ ਮੈਂ ਕਹਿੰਦਾ ਹਾਂ ਕਿ ਮੈਨੂੰ ਇਸ ਵਾਅਕੇ ਦੇ ਬਾਰੇ ਪਤਾ ਲਗਾ ਹੈ ਇਸ ਵਾਸਤੇ ਮੈਨੂੰ ਇਨਫਰਮੇਸ਼ਨ ਲੈਣ ਵਾਸਤੇ ਕੁਝ ਸਮਾਂ ਦਿਉ । ਇਨਫਰਮੇਸ਼ਨ ਆਉਣ ਤੇ ਮੈਂ ਦਸ ਦਿਆਂਗਾ ।

ਸ਼੍ਰੀ ਸਪੀਕਰ : ਠੀਕ ਹੈ । (All right).

ਕੈਪਟਨ ਰਤਨ ਸਿੰਘ : ਕੀ ਮਨਿਸਟਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਜਿਹੜੀਆਂ ਮਿਨੀਮਮ ਵੇਜਿਜ਼ ਐਗਰੀਕਲਚਰਲ ਲੇਬਰ ਲਈ ਰਖੀਆਂ ਹਨ ਉਹ ਸਭ ਦੀਆਂ ਬਰਾਬਰ ਹਨ ਜਾਂ ਵੱਧ ਘੱਟ ਹਨ ? ਕੀ ਉਨ੍ਹਾਂ ਵਿਚ ਇਨ੍ਹਾਂ ਵੇਜਿਜ਼ ਦਾ ਕੋਈ ਡਿਫਰੈਂਸ ਤਾਂ ਨਹੀਂ ਹੈ ? ਜਿਹੜੀ ਪਰਾਈਵੇਟ ਲੇਬਰ ਕੰਮ ਕਰ ਰਹੀ ਹੈ ਅਤੇ ਜਿਹੜੀ ਸਰਕਾਰ ਨੇ ਆਪ ਲੇਬਰ ਰੱਖੀ ਹੈ ਉਨ੍ਹਾਂ ਦੇ ਵਿਚ ਕੋਈ ਸਕਿਲਡ ਜਾਂ ਅਨਸਕਿਲਡ ਲੇਬਰ ਦੀ ਮਿਨੀਮਮ ਵੇਜਿਜ਼ ਵਿਚ ਕੋਈ ਫਰਕ ਤਾਂ ਨਹੀਂ ਰਖਿਆ ਗਿਆ ਹੈ ?

Minister : I can say without fear of contradiction that these wages are the highest in India as compared to those prevalent in any other State.

ਕੈਪਟਨ ਸਾਹਿਬ ਨੇ ਇਹ ਵੀ ਕਿਹਾ ਹੈ ਕਿ ਇੰਡਸਟਰੀਜ਼ ਵਿਚ ਇਹ ਵੇਜਿਜ਼ ਵੱਧ ਹਨ ਅਤੇ ਜਦੋਂ ਸਾਰੇ ਦੇਸ਼ ਵਿਚ ਮਿਨੀਮਮ ਵੇਜਿਜ਼ ਮੁਕੱਰਰ ਹਨ ਤਾਂ ਜਿਸ ਵੇਲੇ ਕਿ ਗਰੀਨ ਰੈਵੋਲਿਊਸ਼ਨ ਆਇਆ ਹੈ ਅਤੇ ਪਰੋਡਕਸ਼ਨ ਦੀ ਕਪੈਸਟੀ ਵੀ ਵੱਧ ਗਈ ਹੈ ਨਾਲ ਹੀ Capacity of paying those increased wages ਵੀ ਵਧੀ ਹੈ due to mechanisation of agriculture.

ਇਸ ਦੇ ਨਾਲ ਇੰਡਸਟਰੀਅਲ ਰੈਵੋਲਿਊਸ਼ਨ ਵਿਚ ਪਰੋਡਕਸ਼ਨ ਦੀ ਕਪੈਸਟੀ ਵੀ ਵੱਧੀ ਹੈ ਅਤੇ ਉਨ੍ਹਾਂ ਦੀ ਵੇਜਿਜ਼ ਵੀ ਵੱਧੀ ਹੈ । ਲੇਕਿਨ ਜੋ ਦਫ਼ਤਰਾਂ ਵਿਚ ਵੇਜਿਜ਼ ਹਨ

Original with;
Punjab Vidhan Sabha
Digitized by;
Panjab Digital Library

ਜਾਂ ਹੁਣ ਦਫਤਰਾਂ ਵਿਚ ਕਿੰਨੇ ਹੋਣੇ ਚਾਹੀਦੇ ਹਨ ਇਸ ਵਾਸਤੇ ਪੇ ਕਮਿਸ਼ਨ ਜੋ ਬਣਿਆ ਹੈ ਉਹ ਹੀ ਇਸ ਨੂੰ ਗਵਰਨ ਕਰਦਾ ਹੈ ।

ਸਪੀਕਰ ਸਾਹਿਬ, ਇਕ ਹੋਰ ਬੇਨਤੀ ਮੈਂ ਕਰਨਾ ਚਾਹੁੰਦਾ ਹਾਂ ਕਿ ਸੀਡਜ਼ ਫਾਰਮ ਵਿਚ ਜਿਥੇ ਕਿ ਹਾਲੇ ਤਕ ਮਿਨੀਮਮ ਵੇਜਿਜ਼ ਮੁਕੱਰਰ ਨਹੀਂ ਹੋਈ ਉਥੇ ਵੀ ਸਰਕਾਰ ਮਿਨੀਮਮ ਵੇਜਿਜ਼ ਮੁਕੱਰਰ ਜ਼ਰੂਰ ਕਰਵਾਏਗੀ ।

ਸ਼੍ਰੀ ਸਰਦਾਰੀ ਲਾਲ ਕਪੂਰ : ਮੈਂ ਇਹ ਕਹਿਣਾ ਚਾਹੁੰਦਾ ਹਾਂ (ਸ਼ੋਰ)

(ਇਸ ਵੇਲੇ ਕਈ ਮਾਨਯੋਗ ਮੈਂਬਰ ਬੋਲਣ ਲਈ ਖੜ੍ਹੇ ਸਨ ਅਤੇ ਕਾਮਰੇਡ ਦਾਨਾ ਰਾਮ ਜੀ ਬੈਂਚ ਤੇ ਖੜੇ ਹੋ ਕੇ ਬੋਲਣ ਲਈ ਇਜ਼ਾਜ਼ਤ ਲੈਣ ਲਈ ਖੜੇ ਸਨ)

ਸ਼੍ਰੀ ਸਪੀਕਰ : ਕਪੂਰ ਸਾਹਿਬ, ਪਹਿਲੇ ਕਾਮਰੇਡ ਦਾਨਾ ਰਾਮ ਜੀ ਨੂੰ ਸੁਣ ਲਓ । (Kapur Sahib, let Comrade Dana Ram speak first).

ਕਾਮਰੇਡ ਦਾਨਾ ਰਾਮ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਕ ਸੈਲ ਸਰਕਾਰ ਨੇ ਕਾਇਮ ਕੀਤਾ ਹੈ ਪਰ ਉਸ ਸੈਲ ਨੇ ਜਿਹੜਾ ਲਾਂਬੀ ਪਿੰਡ ਵਿਚ ਹਰੀਜਨਾਂ ਦਾ ਮਾਲ ਫਾਟਕ ਤੇ ਰੋਕ ਕੇ ਉਨ੍ਹਾਂ ਦਾ ਮਾਲ ਦਬਾਇਆ ਗਿਆ ਹੈ, ਉਸ ਬਾਰੇ ਇਸ ਸੈਲ ਨੇ ਕੀ ਇਨਕੁਆਇਰੀ ਕਰਵਾਈ ਹੈ ਅਤੇ ਕੀ ਉਹ ਮਾਲ ਹਰੀਜਨਾਂ ਨੂੰ ਵਾਪਿਸ ਕਰਾਉਣਗੇ ? ਇਸ ਬਾਰੇ ਇਨ੍ਹਾਂ ਨੂੰ ਤਾਰ ਵੀ ਦਿੱਤੀ ਗਈ ਸੀ ਪਰ ਉਸ ਤੇ ਹਾਲੇ ਤਕ ਕੋਈ ਐਕਸ਼ਨ ਨਹੀਂ ਹੋਇਆ ।

ਮੰਤਰੀ : ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਤਾਰ ਦਿੱਤੀ ਹੈ ਉਸ ਤੇ ਪੂਰੀ ਤਰ੍ਹਾਂ ਇਨਕੁਆਇਰੀ ਹੋ ਰਹੀ ਹੈ ਪਰ ਜਿਹੜਾ ਸੈਲ ਕਾਇਮ ਕੀਤਾ ਗਿਆ ਹੈ ਉਹ ਮਿਨੀਮਮ ਵੇਜਿਜ਼ ਨੂੰ ਫਿਕਸ ਕਰਨ ਲਈ ਅਤੇ ਜਿਥੇ ਨਾਕਾਬੰਦੀ ਹੁੰਦੀ ਹੈ ਉਨ੍ਹਾਂ ਦਾ ਬਾਈਕਾਟ ਕਰਨ ਲਈ ਬਣਾਇਆ ਗਿਆ ਹੈ ।

ਸ਼੍ਰੀ ਸਰਦਾਰੀ ਲਾਲ ਕਪੂਰ : ਮੈਂ ਮਨਿਸਟਰ ਸਾਹਿਬ ਤੋਂ ਇਹ ਗਲ ਪੁੱਛਣੀ ਚਾਹੁੰਦਾ ਹਾਂ ਜਿਹੜੇ ਬਾਈਕਾਟ ਪਿੰਡਾਂ ਵਿਚ ਹੋਏ ਹਨ, ਇਕ 7 ਮਈ ਨੂੰ ਹੋਇਆ ਇਕ 11 ਜੂਨ ਨੂੰ ਵੀ ਹੋਇਆ, ਇਹ ਖਬਰ ਉਨ੍ਹਾਂ ਦੇ ਨੋਟਿਸ ਵਿਚ ਵੀ ਆਈ ਹੋਵੇਗੀ । ਮੈਂ ਜਾਣਨਾ ਚਾਹੁੰਦਾ ਹਾਂ ਕਿ ਸਰਕਾਰ ਇਸ ਬਾਰੇ ਕੀ ਸਟੇਪ ਉਠਾ ਰਹੀ ਹੈ ? ਇਨ੍ਹਾਂ ਬਾਈਕਾਟਾਂ ਦੀ ਮੇਹਰਬਾਨੀ ਨਾਲ ਹਰੀਜਨਾਂ ਦੀ ਜ਼ਿੰਦਗੀ ਦੁਭਰ ਹੋ ਰਹੀ ਹੈ ।

ਮੰਤਰੀ : ਹਰੀਜਨਾਂ ਦੀ ਗਲ ਹਾਊਸ ਵਿਚ ਇਸ ਤਰ੍ਹਾਂ ਪੇਸ਼ ਕੀਤੀ ਜਾ ਰਹੀ ਹੈ ਜਿਸ ਤਰ੍ਹਾਂ ਪਿੰਡਾਂ ਵਾਲਿਆਂ ਦੇ ਹਰੀਜਨ ਮੁਲ ਖਰੀਦੇ ਹੋਏ ਹਨ । ਅਸੀਂ ਇਸ ਪਰਪਜ਼ ਲਈ ਇਕ ਸੈਲ ਕਰੀਏਟ ਕੀਤਾ ਹੋਇਆ ਹੈ ਜਦੋਂ ਵੀ ਕੋਈ ਖਬਰ ਪਿੰਡਾਂ ਵਾਲਿਆਂ ਦੀ ਆਉਂਦੀ ਹੈ ਅਸੀਂ ਫੌਰਨ ਐਕਸ਼ਨ ਲੈਂਦੇ ਹਾਂ ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਵਿੱਤ ਮੰਤਰੀ ਜੀ ਨੇ ਦਸਿਆ ਹੈ ਕਿ ਇਨ੍ਹਾਂ ਨੇ ਹੈਡ ਕੁਆਰਟਰ ਦੇ ਵਿਚ ਇਕ ਸੈਲ ਕਰੀਏਟ ਕੀਤਾ ਹੋਇਆ ਹੈ । ਇਸ ਸੈਲ ਦਾ ਇਨਚਾਰਜ ਕੋਈ ਆਈ. ਏ. ਐਸ. ਆਫੀਸਰ ਹੈ । ਦੂਸਰੇ ਮੇਰੇ ਹਲਕੇ ਵਿਚ ਇਕ ਪਿੰਡ

Original with;
Punjab Vidhan Sabha
Digitized by;
Panjab Digital Library

[ਚੌਧਰੀ ਦਰਸ਼ਨ ਸਿੰਘ]

ਵਿਚ ਹਰੀਜਨਾਂ ਦਾ 70 ਦਿਨ ਤੱਕ ਬਾਈਕਾਟ ਰਿਹਾ ਪਰ ਕਿਸੇ ਨੇ ਕੋਈ ਸਟੈਪ ਨਹੀਂ ਉਠਾਏ। ਜੋ ਸੈਲ ਕਰੀਏਟ ਕੀਤਾ ਹੋਇਆ ਹੈ, ਉਸ ਰਾਹੀਂ ਕੋਈ ਬ੍ਰੇਹਤਰੀ ਹੁੰਦੀ ਨਜ਼ਰ ਨਹੀਂ ਆਉਂਦੀ। ਇਥੇ ਇਕ ਪੈਟੀ ਆਫੀਸਰ ਐਸ. ਏ. ਐਸ. ਦੇ ਗਰੇਡ ਦਾ ਹੈ ਜੋ ਹਰੀਜਨਾਂ ਦੇ ਝਗੜੇ ਦਾ ਨਿਪਟਾਰਾ ਨਹੀਂ ਕਰਵਾ ਸਕਦਾ ਇਸ ਦੇ ਲਈ ਸਰਕਾਰ ਨੂੰ ਕੋਈ ਹੋਰ ਪ੍ਰਬੰਧ ਕਰਨਾ ਚਾਹੀਦਾ ਹੈ, ਇਹ ਤਾਂ ਇਕ ਤਰ੍ਹਾਂ ਨਾਲ ਜਰਨਲ ਪਰਪਜ਼ਿਜ਼ ਦੇ ਵਾਸਤੇ ਹੈ।

ਮੰਤਰੀ : ਇਹ ਸੈਲ ਜਿਹੜਾ ਇਕ ਸੀਨੀਅਰ ਆਫੀਸਰ ਦੀ ਦੇਖ ਰੇਖ ਵਿਚ ਬਣਾਇਆ ਗਿਆ ਹੈ, ਇਹ ਡਿਸਟ੍ਰਿਕਟ ਆਫੀਸਰਜ਼ ਨਾਲ ਵੀ ਤਾਲ-ਮੇਲ ਰਖਦਾ ਹੈ ਅਤੇ ਹਰੀਜਨਾਂ ਦੇ ਮਸਲੇ ਵੀ ਹੱਲ ਕਰਦਾ ਹੈ

ਚੌਧਰੀ ਰਾਮ ਸਿੰਘ : ਕੀ ਮੰਤਰੀ ਜੀ ਇਹ ਦਸਣ ਦੀ ਖੇਚਲ ਕਰਨਗੇ ਕਿ ਜਿਵੇਂ ਉਨ੍ਹਾਂ ਨੇ ਦਸਿਆ ਕਿ ਇਹ ਸੈਲ ਇਕ ਸੀਨੀਅਰ ਅਫਸਰ ਦੀ ਦੇਖ ਰੇਖ ਦੇ ਵਿਚ ਹੈ, ਪਰ ਉਨ੍ਹਾਂ ਨੇ ਇਹ ਨਹੀਂ ਦਸਿਆ ਕਿ ਇਸ ਮਹਿਕਮੇ ਦੇ ਅਫਸਰ ਨੂੰ ਕੀ ਇਖਤਿਆਰ ਹਨ। ਕੋਈ ਇਸ ਦੀਆਂ ਸਲਾਹਕਾਰ ਏਜੰਸੀਆਂ ਹਨ ਜਾਂ ਵੈਸੇ ਹੀ ਗਲ ਬਾਤ ਕਰਕੇ ਆਪਣੇ ਫੈਸਲੇ ਨੂੰ ਇੰਪਲੀਮੈਂਟ ਕਰਾਉਂਦਾ ਹੈ ਕਿਉਂਕਿ ਹਰੀਜਨਾਂ ਦੇ ਝਗੜੇ ਦੀ ਗਲ ਹਰ ਪਿੰਡ ਦੇ ਨਾਲ ਤੁਅੱਲਕ ਰਖਦੀ ਹੈ। ਇਸ ਵਾਸਤੇ ਪਹਿਲਾਂ ਇਹ ਦਸਿਆ ਜਾਵੇ ਕਿ ਇਸ ਅਫਸਰ ਨੂੰ ਇਖਤਿਆਰ ਕੀ ਹਨ ?

ਇਹ ਵੀ ਦਸਿਆ ਜਾਵੇ ਕਿ ਜੋ ਫੀਲਡ ਆਫੀਸਰ ਦੀ ਨੌਈਅਤ ਦੇ ਇਖਤਿਆਰਾਤ ਹਨ ਕੀ ਉਹ ਤਹਿਸੀਲਦਾਰ ਨਾਲ ਮਿਲ ਕੇ ਜਾਂ ਸਲਾਹਕਾਰ ਨਾਲ ਗਲ ਕਰਕੇ ਆਪਣੇ ਇਖਤਿਆਰਾਤ ਨੂੰ ਇੰਪਲੀਮੈਂਟ ਕਰਾ ਸਕਦਾ ਹੈ ? ਕੀ ਉਹ ਪ੍ਰਾਸੀਕੀਊਸ਼ਨ ਕਰ ਸਕਦਾ ਹੈ ?

ਮੰਤਰੀ : ਉਸ ਨੂੰ ਐਨਫੋਰਸਮੈਂਟ ਪਾਵਰਜ਼ ਦਿੱਤੀਆਂ ਹੋਈਆਂ ਹਨ। ਉਸ ਨੂੰ ਜੇ ਕੋਈ ਇਸ ਤਰ੍ਹਾਂ ਦੀ ਸ਼ਿਕਾਇਤ ਮਿਲੇ ਤਾਂ ਉਹ ਪਰਾਸੀਕੀਊਸ਼ਨ ਵੀ ਕਰਾ ਸਕਦਾ ਹੈ।

ਮੁੱਖ ਸੰਸਦੀ ਸਕੱਤਰ : ਮੈਂ ਇਸ ਬਾਰੇ ਆਪਣੀ ਇਕ ਪੁਜ਼ੀਸ਼ਨ ਵਾਜਹ ਕਰਨੀ ਚਾਹੁੰਦਾ ਹਾਂ। ਮੇਰੇ ਆਪਣੇ ਹਲਕੇ ਵਿਚ ਪਿੰਡ ਬਲਾਸਪੁਰ ਵਿਖੇ ਇਕ ਗੁਰਦਵਾਰੇ ਤੇ ਹਰੀਜਨਾਂ ਦਾ ਕਬਜ਼ਾ ਹੈ। ਉਥੇ ਦੇ ਮਹੰਤ ਦੀ ਜ਼ਿੰਮੇਵਾਰੀ ਹੈ ਕਿ ਉਹ ਭਾਵੇਂ ਕਿਸੇ ਨੂੰ ਆਪਣੀ ਗਦੀ ਦੇ ਦੇਵੇ, ਉਸ ਗੁਰਦਵਾਰੇ ਦੇ ਨਾਉਂ ਜ਼ਮੀਨ ਵੀ ਹੈ। ਪਿਛਲੇ ਦਿਨਾਂ ਵਿਚ ਕੀ ਹੋਇਆ ਕਿ ਪਿੰਡ ਦੇ ਜ਼ਿਮੀਦਾਰ ਨੇ ਪਟਵਾਰੀ ਨਾਲ ਮਿਲਕੇ ਜ਼ਮੀਨ ਦਾ ਇੰਤਕਾਲ ਆਪਣੇ ਨਾਉਂ ਕਰਾ ਲਿਆ। ਜਦੋਂ ਇਹ ਗਲ ਗਵਰਨਮੈਂਟ ਦੇ ਨੋਟਿਸ ਵਿਚ ਆਈ ਤਾਂ ਸਰਕਾਰ ਨੇ ਉਨ੍ਹਾਂ ਲੋਕਾਂ ਦੇ ਖਿਲਾਫ ਕੇਸ ਰਜਿਸਟਰ ਕੀਤਾ ਜਿਨ੍ਹਾਂ ਨੇ ਕਿ ਕਬਜ਼ਾ ਕੀਤਾ ਸੀ ਜਾਂ ਇਹ ਸੌਦਾ ਕਰਵਾਇਆ ਸੀ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਓਰਿਜਨਲ ਕੁਐਸਚਨ ਜੋ ਸੀ ਉਹ ਤਾਂ ਇਹ ਸੀ ਕਿ ਐਗਰੀਕਲਚਰਲ ਵਰਕਰਜ਼ ਦੀਆਂ ਮਿਨੀਮਮ ਵੇਜਿਜ਼ ਘੱਟ ਹਨ ਸਰਕਾਰ ਇਨ੍ਹਾਂ ਨੂੰ ਵਧਾਉਣ ਦਾ ਕੀ ਯਤਨ ਕਰੇਗੀ। ਪਰ ਇਨ੍ਹਾਂ ਦਾ ਜਵਾਬ ਆਇਆ ਹੈ

Original with;
Punjab Vidhan Sabha
Digitized by;
Panjab Digital Library

ਕਿ ਅਸੀਂ ਬਾਹਰਲੀ ਸਟੇਟਸ ਤੋਂ ਵੇਜਿਜ਼ ਦੀਆਂ ਡੀਟੇਲਜ਼ ਮੰਗਵਾਈਆਂ ਹਨ । ਇਸ ਦਾ ਸਵਾਲ ਨਾਲ ਕੋਈ ਸਬੰਧ ਨਹੀਂ । ਬਾਹਰਲੇ ਸੂਬਿਆਂ ਦੀਆਂ ਵੇਜਿਜ਼ ਕਿਸ ਤਰ੍ਹਾਂ ਹੈਲਪਫੁਲ ਹੋ ਸਕਦੀਆਂ ਹਨ । ਕੀ ਸਰਕਾਰ ਐਗਰੀਕਲਚਰਲ ਵੇਜਿਜ਼ ਨੂੰ ਲਿਵਿੰਗ ਪ੍ਰਾਈਸ ਇੰਡੈਕਸ ਦੇ ਨਾਲ ਜੋੜਨ ਲਈ ਤਿਆਰ ਹੈ ?

ਮੰਤਰੀ : ਜਿਥੋਂ ਤੱਕ ਪ੍ਰਾਈਸ ਇੰਡੈਕਸ ਦਾ ਸਵਾਲ ਹੈ, ਇਸ ਬਾਰੇ 1972 ਵਿਚ ਇਕ ਹਾਈਲੈਵਲ ਤੇ ਕਮੇਟੀ ਬਣੀ ਸੀ ਜਿਸਨੇ ਫੈਸਲਾ ਕੀਤਾ ਸੀ ਕਿ ਅਜੇ ਐਗਰੀਕਲਚਰਲ ਵੇਜਿਜ਼ ਨੂੰ ਪ੍ਰਾਈਸ ਇੰਡੈਕਸ ਦੇ ਨਾਲ ਜੋੜਨ ਦੀ ਲੋੜ ਨਹੀਂ । ਜੋ ਵੇਜਿਜ਼ 1972 ਦੇ ਵਿਚ ਮੁਕੱਰਰ ਹੋਈਆਂ ਉਨ੍ਹਾਂ ਦਾ ਜੇਕਰ ਦੂਸਰੀਆਂ ਸਟੇਟਸ ਦੇ ਨਾਲ ਮੁਕਾਬਲਾ ਕੀਤਾ ਜਾਵੇ ਤਾਂ ਪਤਾ ਲਗੇਗਾ ਕਿ ਪੰਜਾਬ ਦੀਆਂ ਕਾਫੀ ਜ਼ਿਆਦਾ ਹਨ । ਅਨਾਜ ਦੀ ਪ੍ਰਾਈਸ ਵੀ ਅਗੇ ਨਾਲੋਂ ਵਧੀ ਹੈ, ਫਰਟੇਲਾਈਜ਼ਰ ਦੀ ਇਨਪੁਟ ਇਕ ਰੇਟ ਤੇ ਥਰੂਆਊਟ ਮਿਲਣ ਦੇ ਵਾਸਤੇ ਕਮੇਟੀ ਨੇ ਆਪਣੀਆਂ ਸਿਫਾਰਸ਼ਾਂ 1972 ਵਿਚ ਕੀਤੀਆਂ ਸਨ ਅਤੇ, ਰੇਟਸ ਰੀਵਾਈਜ਼ ਕੀਤੇ ਸਨ । ਅਸੀਂ ਅਜ ਇਤਨੇ ਅਰਸੇ ਤੋਂ ਬਾਅਦ ਰੀਵਾਈਜ਼ ਕਰਨ ਲਗੇ ਹਾਂ ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ, ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਹ ਮਜ਼ਦੂਰ ਨੂੰ ਘੱਟ ਤੋਂ ਘੱਟ 6.50 ਰੁਪਏ ਦੇ ਰੇਟ ਤੇ ਦਿਹਾੜੀ ਦਿੰਦੇ ਹਨ, ਪਰ ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਅੱਜ ਚੀਜ਼ਾਂ ਦੇ ਰੇਟ ਕਿਤੇ ਦੀ ਕਿਤੇ ਪਹੁੰਚ ਗਏ ਹਨ । ਇਸ ਦਿਹਾੜੀ ਨੂੰ ਵੀ ਉਹ ਕੀ ਕਰਨ ? ਫੇਰ ਜੇ ਇਹ ਵੀ ਨਾ ਦੇਣ ਤਾਂ ਹੋਰ ਵੀ ਸ਼ਰਮ ਦੀ ਗਲ ਹੈ । ਜ਼ਿਮੀਂਦਾਰ ਉਨ੍ਹਾਂ ਨੂੰ ਘੱਟ ਰੇਟ ਤੇ ਕੰਮ ਕਰਨ ਲਈ ਮਜਬੂਰ ਕਰਦੇ ਹਨ ਜੇ ਨਹੀਂ ਜਾਂਦੇ ਤਾਂ ਉਨ੍ਹਾਂ ਦੇ ਸੋਸ਼ਲ ਬਾਈਕਾਟ ਹੁੰਦੇ ਹਨ । ਤਹਿਸੀਲ ਨਾਭੇ ਵਿਚ 20 ਦਿਨ ਦਾ ਬਾਈਕਾਟ ਹੈ, ਪਟਿਆਲਾ ਜ਼ਿਲ੍ਹਾ ਦੇ ਇਕ ਪਿੰਡ ਵਿਚ ਬਾਈਕਾਟ ਹੋਇਆ ਹੈ, ਹੁਸ਼ਿਆਰਪੁਰ ਦੇ ਕਈ ਪਿੰਡਾਂ ਵਿਚ ਹਰੀਜਨਾਂ ਦਾ ਬਾਈਕਾਟ ਹੈ । ਸਰਕਾਰ ਨੇ ਇਹ ਜਿਹੜੀ ਮਸ਼ੀਨਰੀ ਹਰੀਜਨਾਂ ਦੇ ਝਗੜੇ ਮਿਟਾਉਣ ਲਈ ਸਥਾਪਤ ਕੀਤੀ ਹੈ, ਇਸ ਨੇ ਕਿਸੇ ਕੇਸ ਦਾ ਵੀ ਕੋਈ ਨਿਪਟਾਰਾ ਨਹੀਂ ਕੀਤਾ । ਜੇ ਸਰਕਾਰ ਨੇ 6.50 ਰੁਪਏ ਦੇਣ ਦਾ ਹੁਕਮ ਵੀ ਕੀਤਾ ਹੈ ਤਾਂ ਉਹ 4.50 ਰੁਪਏ ਤੇ ਉਨ੍ਹਾਂ ਦਾ ਸਮਝੌਤਾ ਕਰਾਉਂਦੇ ਹਨ । ਸਰਕਾਰ ਦੱਸੇ ਕੀ ਇਹ ਗੱਲ ਦਰੁਸਤ ਹੈ ?

ਮੰਤਰੀ : ਇਸ ਦੇ ਲਈ ਪਹਿਲਾਂ ਨੋਟਿਸ ਆਉਣਾ ਚਾਹੀਦਾ ਹੈ ।

ਕੈਪਟਨ ਰਤਨ ਸਿੰਘ : ਸਪਲੀਮੈਂਟਰੀ ਸਰ । (ਵਿਘਨ)

(ਇਸ ਵੇਲੇ ਚੌਧਰੀ ਸੁੰਦਰ ਸਿੰਘ ਤੇ ਹੋਰ ਕਈ ਮਾਨਯੋਗ ਮੈਂਬਰ ਆਪਣੀਆਂ ਸੀਟਾਂ ਤੇ ਸਪਲੀਮੈਂਟਰੀਜ਼ ਕਰਨ ਲਈ ਖੜੇ ਹੋ ਗਏ । (ਸ਼ੋਰ)

ਸ਼੍ਰੀ ਸਪੀਕਰ : ਕੈਪਟਨ ਰਤਨਸਿੰਘ ਜੀ ਪਹਿਲਾਂ ਤੁਸੀਂ ਸਪਲੀਮੈਂਟਰੀ ਕਰ ਲਉ ਅਤੇ ਬਾਅਦ ਵਿਚ ਚੌਧਰੀ ਸਾਹਿਬ ਕੁਸ਼ੀਂ ਕਰ ਲੈਣਾ । (ਸ਼ੋਰ) (Captain Rattan Singh please put your supplementary question first, thereafter Chaudhri Sunder Singh, may put hissupplementary.)

ਚੌਧਰੀ ਸੁੰਦਰ ਸਿੰਘ : ਬਾਅਦ ਵਿਚ ਟਾਈਮ ਖਤਮ ਹੋ ਜਾਂਦਾ ਹੈ । (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਪਹਿਲਾਂ ਕੈਪਟਨ ਸਾਹਿਬ ਕਹਿ ਲੈਣ ਫੇਰ ਬਾਅਦ ਵਿਚ ਚੌਧਰੀ ਸਾਹਿਬ ਤੁਸੀਂ ਕਹਿ ਲਈਉ। (Let Captain Sahib put his supplementary first and then you may put your supplementary). (*Interruption*)

ਸਰਦਾਰ ਅਜਾਇਬ ਸਿੰਘ ਸੰਧੂ : ਇਹ ਬੜਾ ਧੱਕਾ ਹੋ ਰਿਹਾ ਹੈ (ਵਿਘਨ)। (ਸ਼ੋਰ)

ਸ਼੍ਰੀ ਸਪੀਕਰ : ਆਨਰੇਬਲ ਮੈਂਬਰਜ਼ ਨੂੰ ਸੀਰੀਅਸ ਹੋਣਾ ਚਾਹੀਦਾ ਹੈ। Order, order please. (The hon. Members should be serious. Order, order please).

ਕੈਪਟਨ ਰਤਨ ਸਿੰਘ : ਚੌਧਰੀ ਸੁੰਦਰ ਸਿੰਘ ਮੇਰੇ ਨਾਲੋਂ ਸੀਨੀਅਰ ਮੈਂਬਰ ਹਨ (ਵਿਘਨ)

Mr. Speaker : No interruption please.

ਕੈਪਟਨ ਰਤਨ ਸਿੰਘ : ਮੈਂ ਅੱਗੇ ਵੀ ਸਵਾਲ ਕੀਤਾ ਸੀ, ਬਦਕਿਸਮਤੀ ਇਹ ਹੈ ਉਹ ਸਪੈਸੇਫਿਕ ਕੁਐਸਚਨ ਦਾ ਸਪੈਸੇਫਿਕ ਆਂਨਸਰ ਨਹੀਂ ਆਇਆ ਹੈ। ਆਇਆ ਪੰਜਾਬ ਵਿਚ ਬਾਹਰਲਿਆਂ ਸੂਬਿਆਂ ਨਾਲੋਂ ਮਿਨੀਮਮ ਵੇਜਿਜ਼ ਜਿਹੜੇ ਹਨ ਉਹ ਇੰਡਸਟ੍ਰੀਜ਼ ਲੇਬਰ ਦੇ ਐਗ੍ਰੀਕਲਚਰਲ ਲੇਬਰ ਨਾਲੋਂ ਘੱਟ ਹਨ ਜਾਂ ਨਹੀਂ ? ਅਗਰ ਘੱਟ ਹਨ ਤਾਂ ਇਨ੍ਹਾਂ ਨੂੰ ਉਨ੍ਹਾਂ ਦੇ ਬਰਾਬਰ ਤੇ ਲਿਆਉਣ ਦਾ ਸਰਕਾਰ ਕੀ ਕਦਮ ਉਠਾਏਗੀ ? ਚਾਹੇ ਕੋਈ ਸ਼ਹਿਰਾਂ ਵਿਚ ਵਸਦੇ ਹਨ ਜਾਂ ਪਿੰਡਾਂ ਵਿਚ ਵਸਦੇ ਹਨ ਇਨ੍ਹਾਂ ਸਾਰਿਆਂ ਦੇ ਮਿਨੀਮਮ ਵੇਜਿਜ਼ ਇਕੋ ਜਿਹੇ ਹੋਣੇ ਚਾਹੀਦੇ ਹਨ। ਪੰਜਾਬ ਵਿਚ ਦੋ ਸਟੈਂਡਰਡ ਨਹੀਂ ਰਹਿਣੇ ਚਾਹੀਦੇ। ਸਪੀਕਰ ਸਾਹਿਬ, ਫਾਈਨੈਂਸ ਮਨਿਸਟਰ ਸਾਹਿਬ ਖੇਚਲ ਕਰਕੇ ਇਸ ਬਾਰੇ ਹਾਊਸ ਨੂੰ ਦੱਸ ਦੇਣ।

ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਕ ਤਾਂ ਮੇਰੀ ਉਪੀਨੀਅਨ ਮੰਗੀ ਗਈ ਹੈ ਅਤੇ ਦੂਜੇ ਫੈਕਟਸ ਮੰਗੇ ਗਏ ਹਨ। ਫੈਕਟਸ ਇਹ ਹਨ ਕਿ ਇੰਡਸਟ੍ਰੀਜ਼ ਵਿਚ ਮਿਨੀਮਮ ਵੇਜਿਜ਼ ਜਿਹੜੇ ਹਨ ਉਹ ਕਮ ਹਨ ਐਗਰੀਕਲਚਰ ਵਿਚ ਜ਼ਿਆਦਾ ਹਨ। ਬਾਕੀ ਜਿਥੇ ਮੇਰੀ ਮੈਟਰ ਆਫ ਉਪੀਨੀਅਨ ਹੈ ਉਹ ਮੈਂ ਦਸਣਾ ਚਾਹੁੰਦਾ ਹਾਂ, ਇਹ ਪੁਰਾਣੇ ਦੋਸਤ ਹਨ। ਐਗ੍ਰੀਕਲਚਰ ਵਿਚ ਮਿਨੀਮਮ ਵੇਜ ਲਿਵਿੰਗ ਇੰਡੈਕਸ ਨਾਲ ਜੁੜਿਆ ਨਹੀਂ ਅਤੇ ਇੰਡਸਟ੍ਰੀਜ਼ ਵਿਚ ਇਹ ਲਿਵਿੰਗ ਇੰਡੈਕਸ ਨਾਲ ਜੁੜਿਆ ਹੋਇਆ ਹੈ। ਜਿਹੜੇ ਬੈਨੇਫਿਟਸ ਇੰਡਸਟ੍ਰੀਅਲ ਵਰਕਰਜ਼ ਨੂੰ ਮਿਲਦੇ ਹਨ ਜਿਵੇਂ ਕਿ ਗਰੈਚੂਟੀ, ਬੋਨਸ, ਮੈਡੀਕਲ ਆਦਿ ਉਹ ਇਥੇ ਨਹੀਂ ਮਿਲਦੇ ਹਨ। ਸਪੀਕਰ ਸਾਹਿਬ, ਸਮਾਜਵਾਦ ਲਿਆਉਣ ਦਾ ਜਿਥੋਂ ਤਕ ਤੁਅੱਲਕ ਹੈ ਇਹ ਝਗੜਾ ਉਦੋਂ ਤਕ ਚਲਦਾ ਰਹੇਗਾ ਜਦੋਂ ਤਕ ਕਿ ਮੀਨਜ਼ ਆਫ ਪ੍ਰੋਡਕਸ਼ਨ ਅੰਰ ਮੀਨਜ਼ ਆਫ ਡਿਸਟ੍ਰੀਬੀਊਸ਼ਨ ਪ੍ਰਾਈਵੇਟ ਰਖਣਗੇ।

ਚੌਧਰੀ ਸੁੰਦਰ ਸਿੰਘ : ਸਪੀਕਰ ਸਾਹਿਬ, ਮੈਂ ਸਵਾਲ ਨਹੀਂ ਕਰਨਾ ਚਾਹੁੰਦਾ ਸੀ, ਮੈਂ ਤਾਂ ਕੈਪਟਨ ਸਾਹਿਬ ਦੀ ਵਜ੍ਹਾ ਨਾਲ ਸਵਾਲ ਕਰਨਾ ਚਾਹੁੰਦਾ ਹਾਂ। ਮੈਂ ਦਸਣਾ ਚਾਹੁੰਦਾ ਹਾਂ (ਵਿਘਨ) ਉਨ੍ਹਾਂ ਨੇ ਕਿਹਾ ਹੈ ਕਿ ਦਿਹਾਤਾਂ ਵਿਚ ਅਤੇ ਸ਼ਹਿਰਾਂ ਵਿਚ ਮਿਨੀਮਮ ਵੇਜਿਜ਼ ਬਾਰੇ ਫਰਕ ਨਹੀਂ ਚਾਹੀਦਾ, ਜਿਸ ਦਾ ਮਤਲਬ ਨਿਕਲਦਾ ਹੈ ਕਿ ਇਹ ਹੋਣਾ ਚਾਹੀਦਾ ਹੈ (ਵਿਘਨ) ਕਈ ਜਗ੍ਹਾ ਤੇ ਇਨ੍ਹਾਂ ਦਾ ਬਾਈਕਾਟ ਹੁੰਦਾ ਰਿਹਾ ਹੈ। (ਵਿਘਨ) ਮਿਨੀਮਮ ਵੇਜਿਜ਼ ਜਿਹੜੇ ਹਨ ਇਹ ਪਿੰਡਾਂ ਵਿਚ ਸ਼ਹਿਰਾਂ ਦੇ ਬਰਾਬਰ ਹੋਣੇ ਚਾਹੀਦੇ ਹਨ।

Original with;
Punjab Vidhan Sabha
Digitized by;
Panjab Digital Library

Mr. Speaker : Please be specific (*Interruption*).

ਚੌਧਰੀ ਸੁੰਦਰ ਸਿੰਘ : ਬਾਈਕਾਟ ਜਿਹੜੇ ਹੁੰਦੇ ਰਹੇ ਹਨ ਉਸ ਬਾਰੇ ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਪੁਲਿਸ ਵਿਚ ਜ਼ਿਆਦਾ ਭਰਤੀ ਹਰੀਜਨ ਅਫਸਰਾਂ ਦੀ ਹੋਣੀ ਚਾਹੀਦੀ ਹੈ ਤਾਂ ਹੀ ਇਧਰ ਸੁਧਾਰ ਹੋ ਸਕਦਾ ਹੈ।

ਮੰਤਰੀ : ਜੋ ਚੌਧਰੀ ਸੁੰਦਰ ਸਿੰਘ ਨੇ ਕਿਹਾ ਹੈ ਕਿ ਬਾਈਕਾਟ ਹੁੰਦੇ ਹਨ, ਮੈਂ ਇਸ ਬਾਰੇ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਸ ਬਾਰੇ ਇੰਤਜ਼ਾਮ ਕੀਤੇ ਗਏ ਹਨ। ਮੈਂ ਸਮਝਦਾ ਹਾਂ ਕਿ ਜਿਸ ਰੇਟ ਨਾਲ ਹਰੀਜਨਾਂ ਦੀ ਆਬਾਦੀ ਵਧ ਰਹੀ ਹੈ, ਇਸ ਦਾ ਕਾਰਨ ਇਹ ਹੈ ਕਿ ਉਨ੍ਹਾਂ ਵਿਚ ਫੈਮਿਲੀ ਪਲੈਨਿੰਗ ਦਾ ਪ੍ਰਚਾਰ ਘੱਟ ਹੈ। ਹਰੀਜਨਾਂ ਦਾ ਬਾਈਕਾਟ ਕਰਨਾ ਤਾਂ ਇਕ ਪਾਸੇ ਰਿਹਾ, ਇਨ੍ਹਾਂ ਨਾਲ ਕੋਈ ਧੱਕਾ ਕਰਨ ਬਾਰੇ ਸੋਚ ਵੀ ਨਹੀਂ ਸਕੇਗਾ।

ਕਾਮਰੇਡ ਅੱਛਰਾ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਮੰਤਰੀ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ (ਵਿਘਨ) ਮੇਰਾ ਸਵਾਲ ਇਹ ਹੈ ਕਿ ਵਿੱਤ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਪੰਜਾਬ ਵਿਚ ਐਗਰੀਕਲਚਰਲ ਮਿਨੀਮਮ ਵੇਜ ਹੋਰ ਸੂਬਿਆਂ ਨਾਲੋਂ ਵੱਧ ਹੈ। ਇਸ ਬਾਰੇ ਮੇਰੀ ਅਰਜ਼ ਹੈ ਕਿ ਕੈਰਾਲਾ ਵਿਚ 10.80 ਰੁਪਏ ਮਿਨੀਮਮ ਵੇਜ ਹੈ। ਦੂਜੇ ਕੈਰਾਲਾ ਵਾਲਿਆਂ ਨੇ ਕੀ ਕੀਤਾ ਹੈ ਕਿ ਉਨ੍ਹਾਂ ਨੇ ਪ੍ਰੋਵੀਡੈਂਟ ਫੰਡ ਦੀ ਸਕੀਮ ਵੀ ਸ਼ੁਰੂ ਕਰ ਦਿਤੀ ਹੈ। ਕੀ ਇਹ ਇਥੇ ਵੀ 10.80 ਰੁਪਏ ਬਤੌਰ ਮਿਨੀਮਮ ਵੇਜ ਕਰਨ ਨੂੰ ਤਿਆਰ ਹਨ ? ਕੀ ਉਨ੍ਹਾਂ ਨੂੰ ਪ੍ਰੋਵੀਡੈਂਟ ਫੰਡ ਦੇਣ ਨੂੰ ਤਿਆਰ ਹਨ ?

ਮੰਤਰੀ : ਲਾਸਟ ਟਾਈਮ ਜਦੋਂ ਕੈਰਾਲਾ ਤੋਂ ਇਨਫਰਮੇਸ਼ਨ ਮੰਗਵਾਈ ਗਈ ਸੀ ਤਾਂ ਅਸੀਂ ਉਨ੍ਹਾਂ ਨਾਲੋਂ ਵਧ ਦਿੰਦੇ ਸੀ। ਜੇ ਬਾਅਦ ਵਿਚ ਉਨ੍ਹਾਂ ਨੇ ਇਹ ਰੇਟ ਵਧਾ ਦਿਤਾ ਹੋਵੇ ਤਾਂ ਮੈਨੂੰ ਪਤਾ ਨਹੀਂ ਹੈ। ਮੈਂ ਹਫਤੇ ਦੇ ਅੰਦਰ ਅੰਦਰ ਇਹ ਇਨਫਰਮੇਸ਼ਨ ਮੰਗਵਾ ਲਵਾਂਗਾ।

ਸ਼੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਸਪਲੀਮੈਂਟਰੀ ਦੇ ਜਵਾਬ ਵਿਚ ਕਿਹਾ ਸੀ ਕਿ ਸੈਕ੍ਰੇਟੇਰੀਏਟ ਲੈਵਲ ਤੇ ਸੈਲ ਬਣਾਇਆ ਹੋਇਆ ਹੈ। ਵੀਕਰ ਸੈਕਸ਼ਨ, ਲੇਬਰਰਜ਼ ਅੌਰ ਹਰੀਜਨਾਂ ਵਾਸਤੇ ਜੋ ਪਿੰਡਾਂ ਵਿਚ ਵਸਦੇ ਹਨ ਉਨ੍ਹਾਂ ਲਈ ਸੈਕ੍ਰੇਟੇਰੀਏਟ ਲੈਵਲ ਤੇ ਸੈਲ ਬਣਾਇਆ ਹੋਇਆ ਹੈ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹਦਾ ਹੈਡ ਕੌਣ ਹੈ। ਉਸ ਦੀ ਬਣਤਰ ਕੀ ਹੈ, ਇਸ ਬਾਰੇ ਦਸਿਆ ਜਾਵੇ।

ਮੰਤਰੀ : ਮੈਂ ਇਨ੍ਹਾਂ ਨੂੰ ਇਨਫਰਮੇਸ਼ਨ ਦੇ ਦਿਆਂਗਾ।

ਸਰਦਾਰ ਅਜਾਇਬ ਸਿੰਘ ਸੰਧੂ : ਸਾਰੇ ਹਾਊਸ ਨੂੰ ਕਿਉਂ ਨਾ ਇਨਫਰਮੇਸ਼ਨ ਮਿਲੇ। ਇਹ ਕੋਈ ਸੈਲ ਨਹੀਂ ਬਣਿਆ ਹੋਇਆ ਹੈ।

ਸਰਦਾਰ ਸੁਰਜੀਤ ਸਿੰਘ ਅਟਵਾਲ : ਇਨ੍ਹਾਂ ਨੇ ਹੁਣੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਸਟੇਟ ਵਿਚ ਪ੍ਰਾਈਵੇਟ ਸੈਕਟਰ ਵਿਚ ਪ੍ਰੋਡਕਸ਼ਨ ਦੇ ਸਾਧਨ ਹਨ। ਉਦੋਂ ਤਕ ਸੋਸ਼ਲਿਸਟ ਨਿਜ਼ਾਮ ਨਹੀਂ ਆ ਸਕਦਾ ਜਦ ਤਕ ਕਿ ਇਹ ਪ੍ਰੋਡਕਸ਼ਨ ਦਾ ਕੰਮ ਪਬਲਿਕ ਅੰਡਰਟੇਕਿੰਗ ਨਾ ਸੰਭਾਲ ਲਵੇ। (ਵਿਘਨ) ਕੀ ਇਸ ਗਲ ਦਾ ਖਿਆਲ ਰਖਦੇ ਹੋਏ ਅਗੇ ਨੂੰ ਜੁਆਇੰਟ ਸੈਕਟਰ ਵਿਚ ਹੋਰ ਕਾਰਖਾਨੇ ਨਹੀਂ ਲਗਵਾਉਣਗੇ ?

Original with;
Punjab Vidhan Sabha
Digitized by:
Panjab Digital Library

ਸ਼੍ਰੀ ਸਪੀਕਰ : ਇਹ ਸਪਲੀਮੈਂਟਰੀ ਅਰਾਈਜ਼ ਨਹੀਂ ਹੁੰਦੀ ਹੈ । (This supplementary question does not arise).

ਸਰਦਾਰ ਸੁਰਜੀਤ ਸਿੰਘ ਅਟਵਾਲ : ਇਹ ਸਵਾਲ ਬਣਦਾ ਹੈ ।

ਸ਼੍ਰੀ ਪ੍ਰਤਾਪ ਚੰਦ ਭੰਡਾਰੀ : ਸਪੀਕਰ ਸਾਹਿਬ, ਇਸ ਹਾਊਸ ਦੇ ਮੈਂਬਰ ਸਾਹਿਬਾਨ ਮਿਨੀਮਮ ਵੇਜਿਜ਼ ਬਾਰੇ ਬਹੁਤ ਜ਼ਿਆਦਾ ਉਤਾਵਲੇ ਹਨ । ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਸ ਹਾਊਸ ਦੇ ਜਿਹੜੇ ਮੈਂਬਰ ਆਪਣੇ ਖੇਤਾਂ ਵਿਚ ਕੰਮ ਕਰਾਉਂਦੇ ਹਨ ਅਤੇ ਉਨ੍ਹਾਂ ਨੂੰ ਮਿਨੀਮਮ ਵੇਜਿਜ਼ ਨਹੀਂ ਦੇ ਰਹੇ, ਜੇ ਅਸੀਂ ਉਨ੍ਹਾਂ ਦੇ ਨਾਮ ਦੱਸੀਏ ਤਾਂ ਕੀ ਇਹ ਐਸ਼ੋਰੈਂਸ ਦਿਵਾਉਣਗੇ ਕਿ ਉਨ੍ਹਾਂ ਦੇ ਖਿਲਾਫ ਇਨਕੁਆਇਰੀ ਕਰਾਈ ਜਾਵੇਗੀ ? (ਤਾੜੀਆਂ)

ਮੰਤਰੀ : ਜ਼ਰੂਰ ਕਰਾਵਾਂਗੇ ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਿਹਨਤਕਸ਼ ਅਤੇ ਦਿਹਾੜੀਦਾਰ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ (ਵਿਘਨ) ਮੈਂ ਵਿੱਤ ਮੰਤਰੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਸ ਗੱਲ ਨੂੰ ਮੁਖ ਰੱਖਕੇ ਕਿ ਸ਼ਹਿਰਾਂ ਵਿਚ ਜਿਹੜੇ ਰਹਿਣ ਵਾਲੇ ਹਨ ਉਨ੍ਹਾਂ ਦੀ ਕਾਸਟ ਆਫ ਲਿਵਿੰਗ ਜਿਹੜੇ ਪਿੰਡਾਂ ਵਿਚ ਰਹਿਣ ਵਾਲੇ ਹਨ ਉਨ੍ਹਾਂ ਨਾਲੋਂ ਦੁਗਣੀ ਹੈ । ਇਸ ਲਈ ਕੀ ਵਜ਼ੀਰ ਸਾਹਿਬ ਪਿੰਡਾਂ ਨਾਲੋਂ ਸ਼ਹਿਰਾਂ ਵਾਲਿਆਂ ਦੀ ਮਿਨੀਮਮ ਵੇਜਿਜ਼ ਨੂੰ ਦੁਗਣੀ ਮੁਕੱਰਰ ਕਰਨ ਦਾ ਯਤਨ ਕਰਨਗੇ । ਕੀ ਇਹ ਵੀ ਵਜ਼ੀਰ ਸਾਹਿਬ ਦੱਸਣਗੇ ਕਿ ਇੰਡਸਟਰੀਅਲ ਸੈਕਟਰ, ਜੁਆਇੰਟ ਸੈਕਟਰ ਅਤੇ ਪ੍ਰਾਈਵੇਟ ਸੈਕਟਰ ਦੇ ਇਸ ਵੇਲੇ ਘਟੋ ਘਟ ਵੇਜਿਜ਼ ਜਿਹੜੇ ਦਿੱਤੇ ਜਾ ਰਹੇ ਹਨ ਉਹ ਕੀ ਹਨ ਅਤੇ ਇਨ੍ਹਾਂ ਨੇ ਜਿਹੜੀ ਮਿਨੀਮਮ ਵੇਜਿਜ਼ ਮੁਕੱਰਰ ਕੀਤੇ ਹਨ ਉਹ ਕੀ ਹਨ? ਇਸ ਦੇ ਨਾਲ ਹੀ ਮੈਂ ਇਹ ਵੀ ਪੁਛਣਾ ਚਾਹੁੰਦਾ ਹਾਂ ਕਿ ਪਿੰਡਾਂ ਵਿਚ ਜਿਹੜਾ ਹਰੀਜਨਾਂ ਦਾ ਸੋਸ਼ਲ ਬਾਈਕਾਟ ਕੀਤਾ ਜਾ ਰਿਹਾ ਹੈ..... (ਵਿਘਨ)

Mr. Speaker : Be brief and to the point.

ਸਰਦਾਰ ਦਰਬਾਰਾ ਸਿੰਘ : ਇਹ ਸਵਾਲ ਦਾ ਪਾਰਟ 'ਸੀ' ਹੈ । (ਵਿਘਨ) ਇਸ ਗੱਲ ਨੂੰ ਮੁੱਖ ਰੱਖਕੇ ਕਿ ਭਾਵੇਂ ਇਨ੍ਹਾਂ ਦੀ ਸਰਕਾਰ ਸੀ ਅਤੇ ਭਾਵੇਂ ਕਿਸੇ ਹੋਰ ਦੀ ਸਰਕਾਰ ਸੀ ਅਤੇ ਭਾਵੇਂ ਇਸ ਤੋਂ ਪਹਿਲਾਂ ਹੋਰ ਸਰਕਾਰ ਸੀ, ਇਹ ਬੜੀ ਮਾੜੀ ਗੱਲ ਹੈ ਜਿਹੜਾ ਮਿਹਨਤ ਕਸ਼ ਹੈ....।

ਸ਼੍ਰੀ ਸਪੀਕਰ : ਐਨੀ ਵੱਡੀ ਤਕਰੀਰ ਸਵਾਲ ਵਿਚ ਨਹੀਂ ਹੁੰਦੀ । (No such lengthy speech can be made during the Question Hour.)

ਸਰਦਾਰ ਦਰਬਾਰਾ ਸਿੰਘ : ਹਰੀਜਨਾਂ ਦਾ ਬਾਈਕਾਟ ਹੁੰਦਾ ਹੈ, ਇਹ ਸਾਡੇ ਤੇ ਕਲੰਕ ਹੈ ।

ਸ਼੍ਰੀ ਸਪੀਕਰ : ਤੁਸੀਂ ਬੜੀ ਦੇਰ ਸਪੀਕਰ ਦੀ ਕੁਰਸੀ ਤੇ ਰਹੇ ਹੋ । (ਵਿਘਨ) Please be brief and to the point. Please don't make a speech. (You have been in the Speaker's Chair for a long time. (*Interruption*) Please be brief and to the point. Please don't make a speech.)

Original with;
Punjab Vidhan Sabha
Digitized by;
Panjab Digital Library

ਸਰਦਾਰ ਦਰਬਾਰਾ ਸਿੰਘ : ਇਸ ਗੱਲ ਦੀ ਨੌਈਅਤ ਨੂੰ ਮੁਖ ਰਖਕੇ ਕਿ ਇਹ ਹਰੀਜਨਾਂ ਤੇ ਬੜਾ ਜ਼ੁਲਮ ਹੋ ਰਿਹਾ ਹੈ, ਇਹ ਸਾਡੇ ਸਮਾਜ ਤੇ ਧੱਬਾ ਹੈ । ਇਸ ਲਈ ਕੀ ਵਜ਼ੀਰ ਸਾਹਿਬ ਇਸ ਝਗੜੇ ਨੂੰ ਨਿਪਟਾਉਣ ਲਈ ਕੋਈ ਉਚੇਚਾ ਫਲਾਇੰਗ ਸਕੁਐਡ ਸਟੇਟ ਲੈਵਲ ਤੇ ਮੁਕਰਰ ਕਰਨਗੇ ਅਤੇ ਪਿੰਡਾਂ ਵਿਚ ਜਿਹੜਾ ਸੈਕਸ਼ਨ ਅਜਿਹੇ ਗੁਨਾਹ ਕਰ ਰਿਹਾ ਹੈ । ਉਨ੍ਹਾਂ ਤੇ ਕੋਈ ਐਕਸ਼ਨ ਲੈਣਗੇ ਅਤੇ ਇਸ ਬਾਰੇ ਕਾਨੂੰਨ ਬਣਾਉਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਇਨ੍ਹਾਂ ਦਾ ਜਵਾਬ ਪਹਿਲਾਂ ਹੀ ਦੇ ਦਿਤਾ ਹੈ । ਹੁਣ ਤਾਂ ਕੁਐਸ਼ਚਨ ਆਵਰ ਵਿਚ ਡਿਸਕਸ਼ਨ ਹੀ ਸ਼ੁਰੂ ਹੋ ਗਈ ਹੈ । ਮੈਂ ਮੰਨਦਾ ਹਾਂ ਕਿ ਸਵਾਲ ਬੜਾ ਗੰਭੀਰ ਹੈ (ਵਿਘਨ) ਲੇਕਿਨ ਉਸ ਦੇ ਬਾਵਜੂਦ ਮੈਂ ਪਹਿਲਾਂ ਹੀ ਇਸ ਦਾ ਜਵਾਬ ਦੇ ਦਿਤਾ ਹੈ । ਮੈਂ ਹੁਣ ਵੀ ਦਸਦਾ ਹਾਂ ਕਿ ਜਿਥੋਂ ਤਕ ਸ਼ਹਿਰਾਂ ਅਤੇ ਪਿੰਡਾਂ ਵਿਚ ਐਗਰੀਕਲਚਰ ਅਤੇ ਇੰਡਸਟਰੀਜ਼ ਦੇ ਮਿਨੀਮਮ ਵੇਜਿਜ਼ ਦਾ ਸਵਾਲ ਹੈ ਮੈਂ ਉਸ ਦਾ ਜਵਾਬ ਕੈਪਟਨ ਸਾਹਿਬ ਦੇ ਸਵਾਲ ਦੇ ਜਵਾਬ ਵਿਚ ਦੇ ਦਿਤਾ ਸੀ, ਕਿਉਂਕਿ ਉਨ੍ਹਾਂ ਨੂੰ ਬੈਨੀਫਿਟ ਬਹੁਤ ਜ਼ਿਆਦਾ ਹਨ । ਜਿਥੋਂ ਤਕ ਨਾਕਿਆਂ ਦਾ ਸਵਾਲ ਹੈ ਉਸ ਬਾਰੇ ਮੈਂ ਅਰਜ਼ ਕੀਤੀ ਹੈ ਕਿ ਅਸੀਂ ਇਕ ਸੈਲ ਬਣਾਇਆ ਹੋਇਆ ਹੈ ਅਤੇ ਲੇਬਰ ਡਿਪਾਰਟਮੈਂਟ ਵਿਚ ਇਕ ਫਲਾਇੰਗ ਸਕੁਐਡ ਬਣਾਇਆ ਹੈ ਅਤੇ ਉਹ ਪ੍ਰਾਇਮੈਰੀਲੀ ਇੰਡਸਟਰੀਅਲ ਵਰਕਰਜ਼ ਲਈ ਬਣਾਇਆ ਗਿਆ ਹੈ । ਉਨ੍ਹਾਂ ਨੂੰ ਪਿੰਡਾਂ ਵਿਚ ਵੀ ਭੇਜਿਆ ਜਾਵੇਗਾ । ਉਹ ਲੇਬਰ ਡਿਪਾਰਟਮੈਂਟ ਦੇ ਅੰਦਰ ਹੀ ਹੈ । ਬਾਕੀ ਜਿਥੋਂ ਤਕ ਪ੍ਰਾਈਵੇਟ ਇੰਡਸਟਰੀਜ਼, ਗੌਰਮਿੰਟ ਇੰਡਸਟਰੀਜ਼ ਅਤੇ ਜੁਆਇੰਟ ਇੰਡਸਟਰੀਜ਼ ਦਾ ਤੁਅੱਲਕ ਹੈ ਇਸ ਸਬੰਧ ਵਿਚ ਜਿਹੜੀ ਗੌਰਮਿੰਟ ਆਫ ਇੰਡੀਆ ਦੀ ਪਾਲਿਸੀ ਹੈ ਅਸੀਂ ਉਸ ਦੇ ਮੁਤਾਬਿਕ ਚਲ ਰਹੇ ਹਾਂ । ਅਸੀਂ ਰੀਆਲਿਸਟਿਕ ਹਾਂ । ਅਸੀਂ ਰਿਐਲਟੀ ਨੂੰ ਮੂਹਰੇ ਰਖਕੇ ਚਲ ਰਹੇ ਹਾਂ ਲੇਕਿਨ ਸਮਾਜਵਾਦ ਦਾ ਨਿਸ਼ਾਨਾ ਉਹੀ ਹੈ । ਅਸੀਂ ਉਸ ਲਕਸ਼ ਵਲ ਨੂੰ ਚਲ ਰਹੇ ਹਾਂ, ਅਸੀਂ ਰਿਐਲਿਟੀ ਨੂੰ ਸਾਹਮਣੇ ਰਖਕੇ ਚਲ ਰਹੇ ਹਾਂ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਅਗੇ ਨਹੀਂ ਵਧਾਂਗੇ । (ਵਿਘਨ)

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਬੋਲਣ ਵਾਸਤੇ ਖੜੇ ਹੋ ਗਏ ।)

ਸ਼੍ਰੀ ਸਪੀਕਰ : ਬਹੁਤ ਸਾਰੇ ਸਵਾਲ ਹੋ ਚੁਕੇ ਹਨ । (Already a large number of supplementary questions have been put regarding this question.)

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਦਰਬਾਰਾ ਸਿੰਘ ਬੋਲਣ ਲਈ ਖੜੇ ਹੋਏ)

ਸ਼੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਹੈ ।

ਸ਼੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਇਹ ਹੈ.. (ਵਿਘਨ)

Mr. Speaker : Please resume your seat.

Original with;
Punjab Vidhan Sabha
Digitized by;
Panjab Digital Library

ਸ਼੍ਰੀ ਪ੍ਰੇਮ ਗੁਪਤਾ : ਮੈਂ ਤੁਹਾਨੂੰ ਵਧਾਈ ਦਿੰਦਾ ਹਾਂ ਕਿ ਲੈਜਿਸਲੇਟਿਵ ਹਿਸਟਰੀ ਵਿਚ ਇਹ ਪਹਿਲਾਂ ਇਹੋ ਜਿਹਾ ਸਵਾਲ ਆਇਆ ਹੈ ।

ਸ਼੍ਰੀ ਸਪੀਕਰ ; ਤੁਸੀਂ ਵਧਾਈ ਨਾ ਦਿਓ. ਤੁਸੀਂ ਸਵਾਲ ਕਰੋ । (No congratulations; please put a supplementary question.)

ਗਿਆਨੀ ਕੁੰਦਨ ਸਿੰਘ ਪਤੰਗ : ਇਸ ਵੇਲੇ ਸਾਡਾ ਸਵਾਲ ਪਛੜੀਆਂ ਸ਼੍ਰੇਣੀਆਂ, ਬੈਕਵਰਡ ਕਲਾਸਾਂ ਦਾ ਹੈ । ਇਹ ਉਨ੍ਹਾਂ ਵਾਸਤੇ ਕਰਦੇ ਕੁਝ ਨਹੀਂ ਹਨ ਸਿਰਫ ਭਰਾਵਾਂ ਦਾ ਨਾਮ ਲੈ ਲੈ ਕੇ ਯਾਰਾਂ ਨੂੰ ਰੋਇਆ ਜਾਂਦਾ ਹੈ । ਇਹ ਫੱਫੇ ਕੁੱਟਣੀ ਵਾਲੀ ਗੱਲ ਹੈ । ਇਹ ਕਰਦੇ ਕਰਾਉਂਦੇ ਕੁਝ ਨਹੀਂ ਹਨ । (ਵਿਘਨ)

Mr. Speaker : This is no supplementary question.

ਕਾਮਰੇਡ ਮਹਿਤਾਬ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਥੇ ਹਰੀਜਨਾਂ ਦੇ ਬਾਈਕਾਟ ਹੁੰਦੇ ਹਨ ਉਥੇ ਮੈਂ ਦੱਸਦਾ ਹਾਂ ਕਿ ਮੇਰੇ ਹਲਕੇ ਥਾਣਾ ਜਲਾਲਾਬਾਦ ਵਿਚ ਪਿੰਡ ਕੀੜਿਆਂ ਵਾਲੀ ਹੈ । ਉਥੇ ਹਰੀਜਨਾਂ ਦਾ ਮਾਲ ਥਾਣੇ ਭਿਜਵਾਕੇ ਉਨ੍ਹਾਂ ਦੇ ਪੈਸੇ ਭਰਾਏ ਗਏ । ਉਨ੍ਹਾਂ ਹਰੀਜਨਾਂ ਨੂੰ ਪੁਲਿਸ ਨੇ ਮਾਰਿਆ, ਕੁਟਿਆ । ਕੀ ਇਹ ਉਨ੍ਹਾਂ ਦੇ ਪੈਸੇ ਵਾਪਿਸ ਦਿਵਾਉਣਗੇ ਅਤੇ ਇਸ ਗੱਲ ਦੀ ਇਨਕੁਆਇਰੀ ਕਰਨ ਨੂੰ ਤਿਆਰ ਹਨ ?

ਮੰਤਰੀ : ਅਗਰ ਇਹ ਫੈਕਟਸ ਐਂਡ ਫਿੱਗਰਜ਼ ਲਿਖਕੇ ਦੇ ਦੇਣ ਅਤੇ ਜੇ ਇਹ ਰਲ ਠੀਕ ਹੋਈ ਤਾਂ ਉਨ੍ਹਾਂ ਨੂੰ ਪੈਸੇ ਵਾਪਿਸ ਦੇ ਦਿਤੇ ਜਾਣਗੇ ਅਤੇ ਜਿਸ ਦੀ ਗਲਤੀ ਹੋਵੇਗੀ ਉਨ੍ਹਾਂ ਦੇ ਖਿਲਾਫ ਐਕਸ਼ਨ ਵੀ ਹੋਵੇਗਾ ।

Mr. Speaker : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Legislative Assembly.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

COMPLAINT OF CORRUPTION AGAINST THE NON-OFFICIAL MEMBERS OF THE IMPROVEMENT TRUST, AMRITSAR.

***2754. Dr. Baldev Parkash**: Will the Minister for Finance be pleased to state—

(a) whether any complaint of corruption was received by the Government against non-official members of the Improvement Trust, Amritsar in 1973-74;

(b) whether any enquiry was instituted against the members referred to in part (a) above; if so, the name of the officer who conducted the enquiry;

(c) the result of the said enquiry as also of the subsequent action taken by the Government in the matter ?

Original with;
Punjab Vidhan Sabha
Digitized by;
Panjab Digital Library

Shri Hans Raj Sharma : (a) Yes sir.

(b) Yes, sir. A preliminary enquiry was conducted by Shri V.P. Dubey, P. C. S. Regional Deputy Director, Local Government, Amritsar.

(c) The enquiry has not been finalised; further probe in to the various allegations has been ordered.

[(ੲ) ਹਾਂ ਜੀ ।

(ਬੀ) ਹਾਂ ਜੀ । ਸ਼੍ਰੀ ਵੀ.ਪੀ. ਦੂਬੇ, ਪੀ.ਸੀ.ਐਸ., ਰੀਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਅੰਮ੍ਰਿਤਸਰ, ਨੇ ਆਰੰਭਕ ਪੜਤਾਲ ਕੀਤੀ ਸੀ ।

(ਸੀ) ਪੜਤਾਲ ਹਾਲੇ ਮੁਕੰਮਲ ਨਹੀਂ ਹੋਈ । ਵੱਖ ਵੱਖ ਦੋਸ਼ਾਂ ਬਾਰੇ ਹੋਰ ਪੜਤਾਲ ਦੇ ਹੁਕਮ ਦਿਤੇ ਗਏ ਹਨ ।]

SCHOLARSHIPS FOR STUDENTS DOING GIANI AND PRABHAKAR ETC.

***2637. Giani Kundan Singh Patang** : Will the Minister for Education be pleased to state whether the Scheduled Caste students studying for Giani, Vidwan and Budhiman in Punjabi and Rattan, Bhushan and Prabhakar in Hindi in the colleges inthe State are given stipends by the Government as is done in the case of students of other classes ?

Shri Gurmail Singh : No.

(ਨਹੀਂ ਜੀ) ।

ਸਮਰਾਲਾ ਸਬ-ਡਵੀਜ਼ਨ ਵਿਚ ਅਪ-ਗਰੇਡ ਕੀਤੇ ਗਏ ਸਕੂਲ

***2658. 1. ਸਰਦਾਰ ਪ੍ਰਹਿਲਾਦ ਸਿੰਘ**
2. ਗਿਆਨੀ ਕੁੰਦਨ ਸਿੰਘ ਪਤੰਗ : ਕੀ ਵਿਦਿਆ ਮੰਤਰੀ ਜੀ ਕਿਰਪਾ ਕਰਕੇ ਦਸਣਗੇ ਕਿ ਚਾਲੂ ਮਾਲੀ ਸਾਲ ਦੇ ਦੌਰਾਨ ਸਮਰਾਲਾ ਸਬ-ਡਵੀਜ਼ਨ ਵਿਚ ਕਿੰਨੇ ਸਕੂਲ ਅਪਗਰੇਡ ਕੀਤੇ ਗਏ ਅਤੇ ਕਿਨਾਂ ਕਿੰਨਾਂ ਪਿੰਡਾਂ ਵਿਚ ਸਕੂਲ ਅਪਗਰੇਡ ਕੀਤੇ ਗਏ ?

ਸ਼੍ਰੀ ਗੁਰਮੇਲ ਸਿੰਘ : ਸਮਰਾਲਾ ਸਡ-ਡਵੀਜ਼ਨ ਦਾ ਚਾਲੂ ਮਾਲੀ ਸਾਲ ਵਿਚ ਅਜੇ ਤਕ ਕੋਈ ਸਕੂਲ ਅਪਗਰੇਡ ਨਹੀਂ ਕੀਤਾ ਗਿਆ ।

CLERKS APPOINTED AS MASTER/MISTRESSES IN THE EDUCATION DEPARTMENT IN MAY, 1974

***2670. Comrade Satya Pal Dang** : Will the Minister for Education be pleased to state :

(a) whether it is a fact that the Government approved the appointment of 55 B.Ed. Clerks of the Education Department as Masters/Mistresses, some time during the month of May, 1974; if so, the exact date when the said decision was taken ;

Original with;
Punjab Vidhan Sabha
Digitized by;
Panjab Digital Library

[Comrade Satya Pal Dang]

(b) whether the necessary instructions in this connection have been issued to the Director of Public Instruction, Punjab, if so, when;

(c) whether the said instructions have been implemented; if not the reasons therefor and the stage at which the matter stands at present ?

Shri Gurmail Singh : (a) Yes,
on 3-5-74

(b) Yes.
on 21-5-1974.

(c) The particulars of 55 B.Ed. Clerks are being collected and the case will be finalised after the receipt of the necessary data.

[(ੳ) ਹਾਂ ਜੀ ।
3-5-1974 ।

(ਅ) ਹਾਂ ਜੀ ।
21-5-1974 ।

(ੲ) 55 ਬੀ.ਐਡ. ਕਲਰਕਾਂ ਦੇ ਵੇਰਵੇ ਇਕਠੇ ਕੀਤੇ ਜਾ ਰਹੇ ਹਨ ਅਤੇ ਲੋੜੀਂਦੀ ਸੂਚਨਾ ਇਕੱਠੀ ਹੋਣ ਉਪਰੰਤ ਕੇਸ ਦਾ ਨਿਪਟਾਰਾ ਕੀਤਾ ਜਾਵੇਗਾ ।]

ਅਭਿਨੰਦਨ ਗ੍ਰੰਥ

***2626. ਕਾਮਰੇਡ ਸੱਤ ਪਾਲ ਡਾਂਗ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ ਮਈ, 1974 ਵਿਚ ਜਾਂ ਇਸ ਦੇ ਨੇੜੇ ਤੇੜੇ ਅੰਮ੍ਰਿਤਸਰ ਵਿਚ ਇਕ ਸਮਾਰੋਹ ਤੇ ਸ੍ਰੀ ਸੋਹਣ ਸਿੰਘ ਜਲਾਲਉਸਮਾਨ ਨੂੰ ਭੇਂਟ ਕੀਤਾ ਗਿਆ ਅਭਿਨੰਦਨ ਗ੍ਰੰਥ ਸਰਕਾਰ ਨੇ ਛਪਵਾਇਆ ਸੀ । ਜੇਕਰ ਅਜਿਹਾ ਹੋਵੇ ਤਾਂ ਹੁਣ ਤਕ ਕਿੰਨੀਆਂ ਕਾਪੀਆਂ ਛਪੀਆਂ ਜਾਂ ਛਪਵਾਉਣ ਦੀ ਤਜਵੀਜ਼ ਹੈ ?

(ਅ) ਉਕਤ ਗ੍ਰੰਥ ਦੀਆਂ ਕਾਪੀਆਂ ਦੀ ਕਿਸ ਤਰ੍ਹਾਂ ਵਰਤੋਂ ਕੀਤੀ ਹੈ ਜਾਂ ਕੀਤੇ ਜਾਣ ਦੀ ਤਜਵੀਜ਼ ਹੈ ?

ਗਿਆਨੀ ਜ਼ੈਲ ਸਿੰਘ : (ੳ) ਨਹੀਂ ਜੀ ।

(ਅ) ਸੁਆਲ ਹੀ ਪੈਦਾ ਨਹੀਂ ਹੁੰਦਾ ।

ਮਾਰਚ, 1974 ਵਿਚ ਮੁੱਖ ਮੰਤਰੀ, ਪੰਜਾਬ ਦੁਆਰਾ ਦੌਰਾ ।

***2748. ਡਾਕਟਰ ਬਲਦੇਵ ਪ੍ਰਕਾਸ਼** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ—

(ੳ) ਮਾਰਚ, 1974 ਦੇ ਮਹੀਨੇ ਵਿਚ ਉਨ੍ਹਾਂ ਦੁਆਰਾ ਕੀਤੇ ਗਏ ਦੌਰੇ ਦਾ **ਵੇਰਵਾ** ਕੀ ਹੈ ।

Original with;
Punjab Vidhan Sabha
Digitized by;
Panjab Digital Library

(ਅ) ਮਾਰਚ, 1974 ਵਿਚ ਅੰਮ੍ਰਿਤਸਰ ਵਿਚ ਉਨ੍ਹਾਂ ਨੇ ਕੁਲ ਕਿੰਨੇ ਦਿਨ ਬਿਤਾਏ।

(ਏ) ਮਾਰਚ, 1974 ਵਿਚ ਉਨ੍ਹਾਂ ਦੇ ਅੰਮ੍ਰਿਤਸਰ ਵਿਚ ਠਹਿਰਨ ਤੇ, ਉਨ੍ਹਾਂ ਦੇ ਟੀ.ਏ., ਕਾਰ ਦਾ ਖਰਚਾ, ਪਟਰੋਲ ਆਦਿ ਉਨ੍ਹਾਂ ਦੇ ਅਮਲੇ ਦੇ ਟੀ.ਏ. ਵਜੋਂ ਜਿਹੜੇ ਮੁੱਖ ਮੰਤਰੀ ਨੂੰ ਚੰਡੀਗੜ੍ਹ ਤੇ ਅੰਮ੍ਰਿਤਸਰ ਮਿਲਣ ਗਏ, ਕੁਲ ਕਿੰਨਾ ਖਰਚਾ ਆਇਆ ।

(ਸ) ਮਾਰਚ, 1974 ਵਿਚ ਅੰਮ੍ਰਿਤਸਰ ਵਿਖੇ ਠਹਿਰਨ ਦੇ ਸਮਾਂ ਦੇ ਦੌਰਾਨ ਉਨ੍ਹਾਂ ਨੇ ਜਿਨ੍ਹਾਂ ਸਰਕਾਰੀ ਸਮਾਰੋਹਾਂ ਵਿਚ ਭਾਗ ਲਿਆ ਉਨ੍ਹਾਂ ਦਾ ਵੇਰਵਾ ਕੀ ਹੈ ?

ਗਿਆਨੀ ਜ਼ੈਲ ਸਿੰਘ : ਲੋੜੀਂਦੀ ਸੂਚਨਾ ਦਾ ਵਿਵਰਨ ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ ।

ਸਟੇਟਮੈਂਟ

(ੳ) ਲੋੜੀਂਦੀ ਸੂਚਨਾ ਨੱਥੀ ਕੀਤੀ ਜਾਂਦੀ ਹੈ ।

(ਅ) 11 ਦਿਨ ।

(ਏ)

ਮੁੱਖ ਮੰਤਰੀ ਜੀ ਦੇ ਟੀ.ਏ. ਦਾ ਖਰਚਾ	..	62 ਰੁਪਏ 50 ਪੈਸੇ
ਸਰਕਾਰੀ ਅਫ਼ਸਰਾਂ ਦੇ ਟੀ.ਏ. ਦਾ ਖਰਚਾ	..	245 ਰੁਪਏ 50 ਪੈਸੇ
ਅਮਲੇ ਦੇ ਟੀ.ਏ. ਦਾ ਖਰਚਾ	..	413 ਰੁਪਏ 43 ਪੈਸੇ
ਕਾਰ ਦਾ ਖਰਚਾ (ਪਟਰੋਲ ਆਦਿ)	..	991 ਰੁਪਏ 03 ਪੈਸੇ

(ਸ) 2-3-74 ਸਥਾਨਕ ਅਫ਼ਸਰਾਂ ਨਾਲ ਮੀਟਿੰਗ, ਅਤੇ

3-3-74 ਤਾਮਰ ਪੱਤਰ ਵੰਡੇ ਅਤੇ ਗੁਰੂ ਰਵੀਦਾਸ ਜੀ ਦੇ ਜਨਮ ਦਿਨ ਤੇ ਪਬਲਿਕ ਜਲਸੇ ਨੂੰ ਸੰਬੋਧਤ ਕੀਤਾ ।

10-3-74 ਲੜਕੀਆਂ ਦੇ ਸਰਕਾਰੀ ਕਾਲਜ, ਅੰਮ੍ਰਿਤਸਰ ਵਿਖੇ ਇਨਾਮ ਵੰਡਣ ਦੀ ਰਸਮ ਦੀ ਪ੍ਰਧਾਨਗੀ ਕੀਤੀ ।

17-3-74 ਬੀ. ਆਰ. ਮਾਡਲ ਸਕੂਲ, ਅੰਮ੍ਰਿਤਸਰ ਦੇ ਸਾਲਾਨਾ ਦਿਵਸ ਅਤੇ ਇਨਾਮ ਵੰਡਣ ਦੀ ਰਸਮ ਦੀ ਪ੍ਰਧਾਨਗੀ ਕੀਤੀ ।

ਮਾਰਚ 1973 ਦੇ ਮਹੀਨੇ ਵਿਚ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਵਲੋਂ ਕੀਤੇ ਗਏ ਦੌਰੇ ਦਾ ਵੇਰਵਾ ।

ਚੰਡੀਗੜ੍ਹ	2 ਮਾਰਚ, 1974	ਨਾਗੋਕੇ
ਨਾਗੋਕੇ	2 ਮਾਰਚ, 1974	ਅੰਮ੍ਰਿਤਸਰ
ਅੰਮ੍ਰਿਤਸਰ	3 ਮਾਰਚ, 1974	ਚੰਡੀਗੜ੍ਹ
ਚੰਡੀਗੜ੍ਹ	5 ਮਾਰਚ, 1974	ਦਿੱਲੀ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਦਿੱਲੀ	5 ਮਾਰਚ, 1974	ਚੰਡੀਗੜ੍ਹ
ਚੰਡੀਗੜ੍ਹ	8 ਮਾਰਚ, 1974	ਅਨੰਦਪੁਰ ਸਾਹਿਬ
ਅਨੰਦਪੁਰ ਸਾਹਿਬ	8 ਮਾਰਚ, 1974	ਚੰਡੀਗੜ੍ਹ
ਚੰਡੀਗੜ੍ਹ	10 ਮਾਰਚ, 1974	ਅੰਮ੍ਰਿਤਸਰ
ਅੰਮ੍ਰਿਤਸਰ	10 ਮਾਰਚ, 1974	ਚੰਡੀਗੜ੍ਹ
ਚੰਡੀਗੜ੍ਹ	15 ਮਾਰਚ, 1974	ਦਿੱਲੀ
ਦਿੱਲੀ	16 ਮਾਰਚ, 1974	ਜਲੰਧਰ
ਜਲੰਧਰ	17 ਮਾਰਚ, 1974	ਅੰਮ੍ਰਿਤਸਰ

ਸਟੇ ਅੰਮ੍ਰਿਤਸਰ ਵਿਖੇ ਮਿਤੀ 18 ਮਾਰਚ, 1974 ਤੋਂ ਲੈ ਕੇ 23 ਮਾਰਚ, 1974 ਤਕ (ਕੋਈ ਟੀ. ਏ. ਡੀ.ਏ. ਕਲੇਮ ਨਹੀਂ ਕੀਤਾ)

ਅੰਮ੍ਰਿਤਸਰ	24 ਮਾਰਚ, 1974	ਜਲੰਧਰ
ਜਲੰਧਰ	24 ਮਾਰਚ, 1974	ਦਿੱਲੀ
ਦਿੱਲੀ	25 ਮਾਰਚ, 1974	ਚੰਡੀਗੜ੍ਹ
ਚੰਡੀਗੜ੍ਹ	27 ਮਾਰਚ, 1974	ਮਾਰਾਊਲੀ (ਨਜ਼ਦੀਕ ਮੋਰਿੰਡਾ)
ਮਾਰਾਊਲੀ	27 ਮਾਰਚ, 1974	ਚੰਡੀਗੜ੍ਹ
ਚੰਡੀਗੜ੍ਹ	30 ਮਾਰਚ, 1974	ਫਤਿਹਗੜ੍ਹ ਸਾਹਿਬ
ਫਤਿਹਗੜ੍ਹ ਸਾਹਿਬ	30 ਮਾਰਚ, 1974	ਪਿੰਡ ਭਾਗੋ ਮਾਜਰਾ (ਨਜ਼ਦੀਕ ਖਰੜ)
ਭਾਗੋ ਮਾਜਰਾ	30 ਮਾਰਚ, 1974	ਚੰਡੀਗੜ੍ਹ
ਚੰਡੀਗੜ੍ਹ	31 ਮਾਰਚ, 1974	ਜਲੰਧਰ
ਜਲੰਧਰ	31 ਮਾਰਚ, 1974	ਕੋਟਕਪੂਰਾ
ਕੋਟਕਪੂਰਾ	31 ਮਾਰਚ, 1974	ਬਰਨਾਲਾ
ਬਰਨਾਲਾ	31 ਮਾਰਚ, 1974	ਚੰਡੀਗੜ੍ਹ

COUNTRY LIQUOR VENDS IN THE STATE

*2634. **Shri Vishwamitter Sekhri** : Will the Minister for Excise and Taxation be pleased to State—

(a) the number of country liquor vends in the State district-wise on the date before he took over as the excise and Taxation Minister, Punjab;

(b) the number of such vendsin the State at present district-wise together with the reasons for the increase: if any, in the number ?

Original with;
Punjab Vidhan Sabha
Digitized by;
Panjab Digital Library

Shri Yash Pal : (a) and (b) The necessary information is laid on the Table. Generally the new vends are opened to check illicit distillation and smuggling from neighbouring States.

[(ੳ) ਅਤੇ (ਅ) ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ। ਆਮ ਤੌਰ ਤੇ ਨਵੇਂ ਠੇਕੇ ਨਾਜਾਇਜ਼ ਸ਼ਰਾਬ ਦੀ ਕਸ਼ੀਦ ਅਤੇ ਗੁਆਂਢੀ ਸਟੇਟ ਤੋਂ ਸਮਗਲਿੰਗ ਨੂੰ ਰੋਕਣ ਲਈ, ਖੋਲੇ ਜਾਂਦੇ ਹਨ।]

The number of Country Liquor Vends in the State district-wise before and after the present Excise and Taxation Minister took over is as under—

S. No.	Name of the District	Number of country liquor Vends before the date the present Excise and Taxation Minister, Punjab, took charge	Number of country Liquor Vends at present
1	2	3	4
1.	Hoshiarpur	88	93
2.	Jullundur	104	110
3.	Amritsar	98	105
4.	Gurdaspur	103	111
5.	Kapurthala	48	48
6.	Patiala	147	150
7.	Sangrur	229	232
8.	Ludhiana	148	155
9.	Ropar	72	74
10.	Ferozepur	97	99
11.	Bhatinda	220	227
12.	Faridkot	226	235
	Total	1580	1639

[ਪੰਜਾਬ ਵਿਚ ਮੌਜੂਦਾ ਆਬਕਾਰੀ ਤੇ ਕਰ ਮੰਤਰੀ ਦੇ ਚਾਰਜ ਸੰਭਾਲਣ ਤੋਂ ਪਹਿਲਾਂ ਤੇ ਬਾਦ ਦੇਸੀ ਸ਼ਰਾਬ ਦੇ ਠੇਕਿਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ।

ਲੜੀ ਨੰ.	ਜ਼ਿਲ੍ਹੇ ਦਾ ਨਾਮ	ਮੌਜੂਦਾ ਆਬਕਾਰੀ ਤੇ ਕਰ ਮੰਤਰੀ ਦੇ ਚਾਰਜ ਸੰਭਾਲਣ ਤੋਂ ਪਹਿਲਾਂ ਦੇਸੀ ਸ਼ਰਾਬ ਦੇ ਠੇਕਿਆਂ ਦੀ ਗਿਣਤੀ	ਦੇਸੀ ਸ਼ਰਾਬ ਦੇ ਵਰਤਮਾਨ ਠੇਕਿਆਂ ਦੀ ਗਿਣਤੀ
1	2	3	4
1.	ਹੁਸ਼ਿਆਰਪੁਰ	88	93
2.	ਜਲੰਧਰ	104	110
3.	ਅੰਮ੍ਰਿਤਸਰ	98	105

Original with;
Punjab Vidhan Sabha
Digitized by;
Panjab Digital Library

1	2	3	4
4.	ਗੁਰਦਾਸਪੁਰ	103	111
5.	ਕਪੂਰਥਲਾ	48	48
6.	ਪਟਿਆਲਾ	147	150
7.	ਸੰਗਰੂਰ	229	232
8.	ਲੁਧਿਆਣਾ	148	155
9.	ਰੋਪੜ	72	74
10.	ਫਿਰੋਜ਼ਪੁਰ	97	99
11.	ਬਠਿੰਡਾ	220	227
12.	ਫਰੀਦਕੋਟ	226	235
	ਜੋੜ	1,580	1,639]

ਬੀ.ਡੀ.ਓ. ਸਮਰਾਲਾ ਦੁਆਰਾ ਕੀਤੀ ਜਾ ਰਹੀ ਪੰਚਾਇਤਾਂ ਦੇ ਗਬਨ ਅਤੇ ਬੇਕਾਇਦਗੀਆਂ ਦੇ ਕੇਸਾਂ ਦੀ ਜਾਂਚ ਪੜਤਾਲ ।

*2659 1. **ਸਰਦਾਰ ਪ੍ਰਹਿਲਾਦ ਸਿੰਘ**
2. **ਗਿਆਨੀ ਕੁੰਦਨ ਸਿੰਘ ਪਤੰਗ** : ਕੀ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਬੀ.ਡੀ.ਓ., ਸਮਰਾਲਾ ਕੁਝ ਪੰਚਾਇਤਾਂ ਦੁਆਰਾ ਕੀਤੇ ਗਏ ਗਬਨ ਅਤੇ ਬੇਕਾਇਦਗੀਆਂ ਦੇ ਕੇਸਾਂ ਦੀ ਜਾਂਚ ਪੜਤਾਲ ਕਰ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਪੰਚਾਇਤਾਂ ਦੇ ਨਾਂ ਕੀ ਕੀ ਹਨ;

(ਅ) ਉਕਤ ਜਾਂਚ-ਪੜਤਾਲਾਂ ਕਿੰਨੀ ਦੇਰ ਤੋਂ ਹੋ ਰਹੀਆਂ ਹਨ ਅਤੇ ਹੁਣ ਤਕ ਉਨ੍ਹਾਂ ਦਾ ਫੈਸਲਾ ਕਰਨ ਵਿਚ ਦੇਰੀ ਦੇ ਕੀ ਕਾਰਨ ਹਨ ?

ਸਰਦਾਰ ਸੰਤੋਖ ਸਿੰਘ ਰੰਧਾਵਾ: (ੳ) ਹਾਂ ਜੀ, ਪੰਚਾਇਤਾਂ ਦੇ ਨਾਂ ਇਸ ਪ੍ਰਕਾਰ ਹਨ—

(1) ਬਘੌਰ (2) ਘਰਖਨਾਂ (3) ਜਸਪਾਲੋਂ ।

(ਅ) ਗ੍ਰਾਮ ਪੰਚਾਇਤ ਬਘੌਰ ਤੇ ਘਰਖਨਾਂ ਦੀ ਇਨਕੁਆਰੀ 9 ਮਹੀਨੇ ਤੋਂ ਅਤੇ ਗ੍ਰਾਮ ਪੰਚਾਇਤ ਜਸਪਾਲੋਂ ਦੀ 7 ਮਹੀਨੇ ਤੋਂ ਚਲ ਰਹੀ ਹੈ ! ਇਨ੍ਹਾਂ ਦੇ ਫੈਸਲੇ ਲਈ ਦੇਰ ਦੇ ਨਿਮਨ ਲਿਖਤ ਕਾਰਨ ਹਨ ·

(1) **ਗ੍ਰਾਮ ਪੰਚਾਇਤ ਬਘੌਰ**—ਸਾਬਕਾ ਸਰਪੰਚ ਸ੍ਰੀ ਬਚਨ ਸਿੰਘ, ਪਿੰਡ ਬਘੌਰ ਦੇ ਵਿਰੁੱਧ ਇਨਕੁਆਇਰੀ ਪੰਚਾਇਤ ਫੰਡ ਦੇ ਗਬਨ ਬਾਬਤ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਲੁਧਿਆਣਾ ਦੇ ਦਫਤਰ ਵਿਚ ਚਲ ਰਹੀ ਹੈ। ਸਾਬਕਾ ਸਰਪੰਚ ਨੇ ਪੰਚਾਇਤ ਦੇ ਵਿਚ ਵਿਕਾਸ ਦੇ ਕੰਮ ਕੀਤੇ ਹਨ । ਉਨ੍ਹਾਂ ਵਿਕਾਸ ਦੇ ਕੰਮਾਂ ਦੇ

Original with;
Punjab Vidhan Sabha
Digitized by;
Panjab Digital Library

ਕਾਗਜ਼ ਉਪ ਮੰਡਲ ਅਫ਼ਸਰ ਪੰਚਾਇਤੀ ਰਾਜ ਨੂੰ ਅਸੈਸਮੈਂਟ ਲਈ ਭੇਜੇ ਗਏ ਹਨ । ਉਨ੍ਹਾਂ ਵਲੋਂ ਉਤਰ ਆਉਣ ਤੇ ਇਹ ਇਨਕੁਆਇਰੀ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਲੁਧਿਆਣਾ ਵਲੋਂ ਛੇਤੀ ਨਿਪਟਾ ਦਿਤੀ ਜਾਵੇਗੀ ।

(2) **ਗ੍ਰਾਮ ਪੰਚਾਇਤ ਘਰਖਨਾ**—ਸਾਬਕਾ ਸਰਪੰਚ ਸ਼੍ਰੀ ਹਰ ਭਾਗ ਸਿੰਘ ਦੇ ਵਿਰੁੱਧ ਪਿੰਡ ਦੇ ਕੁਝ ਵਿਅਕਤੀਆਂ ਨੇ ਸ਼ਿਕਾਇਤ ਕੀਤੀ ਸੀ ਕਿ ਸਰਪੰਚ ਨੇ ਪੰਚਾਇਤ ਫੰਡ ਵਿਚ ਹੇਰਾ ਫੇਰੀ ਕੀਤੀ ਹੈ। ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਸਮਰਾਲਾ ਨੇ ਸਾਰੀ ਮਿਸਲ ਉਪ ਮੰਡਲ ਅਫ਼ਸਰ (ਸਿਵਲ) ਸਮਰਾਲਾ ਦੇ ਦਫਤਰ ਨੂੰ ਮਾਰਚ, 1974 ਦੀ ਭੇਜ ਦਿਤੀ ਹੋਈ ਹੈ । ਉਪ ਮੰਡਲ ਅਫਸਰ (ਸਿਵਲ), ਸਮਰਾਲਾ ਇਸ ਦੀ ਪੁਛ ਗਿਛ ਕਰ ਰਹੇ ਹਨ ।

(3) **ਗ੍ਰਾਮ ਪੰਚਾਇਤ ਜਸਪਾਲੋਂ**—ਸ਼੍ਰੀ ਹਰਚੰਦ ਸਿੰਘ ਸਰਪੰਚ ਪੰਚਾਇਤ ਨੇ ਅਪਣੀ ਪੰਚਾਇਤ ਦੇ ਮਤੇ ਮਿਤੀ 6-9-73 ਰਾਹੀਂ ਕੁਝ ਦੋਸ਼ ਸਾਬਕਾ ਸਰਪੰਚ ਸ਼੍ਰੀ ਰਾਜਿੰਦਰ ਸਿੰਘ ਦੇ ਵਿਰੁੱਧ ਲਾਏ ਸਨ । ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਸਮਰਾਲਾ ਤੇ ਡਿਪਟੀ ਕਮਿਸ਼ਨਰ ਲੁਧਿਆਣਾ ਦੀ ਰਿਪੋਰਟ ਅਨੁਸਾਰ ਇਹ ਦੋਵੇਂ ਪਿੰਡ ਦੇ ਧੜੇ ਪੁਰਾਨੀ ਦੁਸ਼ਮਨੀ ਕਾਰਨ ਇਕ ਦੂਜੇ ਤੇ ਕੀਚੜ ਉਛਾਲਦੇ ਹਨ । ਕਾਨੂੰਨ ਅਨੁਸਾਰ ਸਰਪੰਚੀ ਦੇ ਪਦ ਤੋਂ ਹਟਣ ਉਪਰੰਤ ਇਕ ਸਾਲ ਦੇ ਅੰਦਰ-ਅੰਦਰ ਸਾਬਕਾ ਸਰਪੰਚ ਵਿਰੁੱਧ ਕਾਰਵਾਈ ਕੀਤੀ ਜਾ ਸਕਦੀ ਹੈ । ਪਰ ਇਹ ਕੰਮ ਇਕ ਸਾਲ ਦੇ ਬੀਤ ਜਾਣ ਬਾਅਦ ਨੋਟਿਸ ਵਿਚ ਆਇਆ । ਦੋਵੇਂ ਧੜੇ ਇਸ ਇਨਕੁਆਇਰੀ ਨੂੰ ਸਿਰੇ ਚੜਾਉਣ ਵਿਚ ਦਿਲਚਸਪੀ ਨਹੀਂ ਰਖਦੇ ਅਤੇ ਕਿਸੇ ਨਾਂ ਕਿਸੇ ਬਹਾਨੇ ਇਸ ਇਨਕੁਆਇਰੀ ਨੂੰ ਪਿਛੇ ਪਾ ਰਹੇ ਹਨ। ਬਲਾਕ ਵਿਕਾਸ ਤੇ ਪੰਚਾਇਤ ਅਫਸਰ ਸਮਰਾਲਾ ਤੇ ਡਿਪਟੀ ਕਮਿਸ਼ਨਰ, ਲੁਧਿਆਣਾ ਇਸ ਵਿਚਾਰ ਦੇ ਹਨ ਕਿ ਸ਼ਾਇਦ ਹੀ ਕੋਈ ਗੰਭੀਰ ਦੋਸ਼ ਇਸ ਇਨਕੁਆਇਰੀ ਦੇ ਸਿਟੇ ਵਜੋਂ ਨਿਕਲੇ ।

ਜ਼ਿਲ੍ਹਾ ਬਠਿੰਡਾ ਵਿਚ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਕਾਰਨ ਮੌਤਾਂ

*2712. **ਸਰਦਾਰ ਧੰਨਾ ਸਿੰਘ ਗੁਲਸ਼ਨ**: ਕੀ ਸਿਹਤ ਅਤੇ ਪਰਿਵਾਰ ਨਿਯੋਜਨ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ ਸਰਕਾਰ ਨੂੰ ਇਸ ਗਲ ਦਾ ਪਤਾ ਹੈ ਕਿ ਜ਼ਿਲ੍ਹਾ ਬਠਿੰਡਾ ਵਿਚ ਨਸ਼ੀਲੀਆਂ ਦਵਾਈਆਂ ਦੀ ਖਪਤ ਵਧਦੀ ਜਾ ਰਹੀ ਹੈ ;

(ਅ) ਮਾਰਚ, 1973 ਤੋਂ ਅਗਸਤ, 1974 ਤੱਕ ਦੇ ਸਮੇਂ ਦੇ ਦੌਰਾਨ ਉਕਤ ਜ਼ਿਲ੍ਹੇ ਵਿਚ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਕਾਰਨ ਕਿੰਨੀਆਂ ਮੌਤਾਂ ਹੋਈਆਂ ;

(ੲ) ਨਸ਼ੀਲੀਆਂ ਦਵਾਈਆਂ ਦੀ ਖਪਤ ਨੂੰ ਰੋਕਣ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ ?

ਸਰਦਾਰ ਬਲਬੀਰ ਸਿੰਘ: (ੳ) ਹਾਂ ਜੀ ।

(ਅ) ਕੋਈ ਨਹੀਂ ਜੀ ।

Original with;
Punjab Vidhan Sabha
Digitized by;
Panjab Digital Library

[ਸਿਹਤ ਅਤੇ ਨਿਯੋਜਨ ਰਾਜ ਮੰਤਰੀ]

(ਏ) (1) ਕੈਮਿਸਟਾਂ ਦਾ ਇਸ ਦਵਾਈ ਦਾ ਖਰੀਦੋਫਰੋਖਤ ਦੇ ਰਿਕਾਰਡ ਚੈਕ ਕੀਤੇ ਜਾਂਦੇ ਹਨ ।

(2) ਈਸਟ ਪੰਜਾਬ ਡਰਗਜ਼ ਐਕਟ, 1949 ਦੇ ਅਧੀਨ ਇਸ ਦਵਾਈ ਦੇ ਰੱਖਣ ਅਤੇ ਖੁਲ੍ਹੀ ਵੇਚਣ ਤੇ ਰੋਕ ਲਾ ਦਿਤੀ ਗਈ ਹੈ ।

ਗ੍ਰਾਂਟ-ਇਨ-ਏਡ ਸਕੀਮ ਦੇ ਦਿੱਲੀ ਪੈਟਰਨ ਅਧੀਨ ਸਕੂਲਾਂ ਲਈ ਗ੍ਰਾਂਟ

*2744. **ਸ਼੍ਰੀ ਗੁਰਦਿਆਲ ਸੈਣੀ**: ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਸਰਕਾਰ ਰਾਜ ਵਿਚ ਪ੍ਰਾਈਵੇਟ ਪ੍ਰਬੰਧ ਹੇਠਲੇ ਮਾਨਤਾ ਪ੍ਰਾਪਤ ਸਕੂਲਾਂ ਨੂੰ (ਗ੍ਰਾਂਟ-ਇਨ-ਏਡ ਸਕੀਮ ਦੇ ਦਿੱਲੀ ਪੈਟਰਨ ਅਧੀਨ) 1-12-47 ਤੋਂ 95 ਪ੍ਰਤੀਸ਼ਤ ਗ੍ਰਾਂਟ ਦੇ ਰਹੀ ਹੈ ;

(ਅ) ਕੀ ਇਹ ਠੀਕ ਹੈ ਕਿ ਸਰਕਾਰ ਉਨ੍ਹਾਂ ਸਕੂਲਾਂ ਨੂੰ ਉਕਤ 95% ਗ੍ਰਾਂਟ ਨਹੀਂ ਦੇ ਰਹੀ ਜਿਨ੍ਹਾਂ ਨੂੰ 1-12-67 ਤੋਂ ਪਿਛੋਂ ਮਾਨਤਾ ਦਿਤੀ ਗਈ ਸੀ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ;

(ਏ) ਕੀ ਸਰਕਾਰ ਦਾ ਭਾਗ (ਅ) ਵਿਚ ਵਰਣਿਤ ਸਕੂਲਾਂ ਨੂੰ 95 ਪ੍ਰਤੀਸ਼ਤ ਗ੍ਰਾਂਟ ਦੇਣ ਦਾ ਵਿਚਾਰ ਹੈ । ਜੇਕਰ ਅਜਿਹਾ ਹੋਵੇ ਤਾਂ ਕਿਸ ਸਮੇਂ ਤਕ ?

ਸ਼੍ਰੀ ਗੁਰਮੇਲ ਸਿੰਘ : (ੳ) ਹਾਂ ਜੀ ।

(ਅ) ਹਾਂ ਜੀ । ਇਨ੍ਹਾਂ ਸਕੂਲਾਂ ਨੂੰ ਗ੍ਰਾਂਟ-ਇਨ-ਏਡ ਦੇਣਾ ਵੀ ਵਿਚਾਰਿਆ ਜਾ ਸਕਦਾ ਹੈ ।

(ਏ) ਇਸ ਸਮੇਂ ਅਜਿਹੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ।

ਪੰਜਾਬ ਸਰਕਾਰੀ ਭਾਸ਼ਾ (ਵਿਧਾਨਿਕ) ਕਮਿਸ਼ਨ

*2761 **ਸਰਦਾਰ ਹਰਚੰਦ ਸਿੰਘ** : ਕੀ ਸਿਖਿਆ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ—

(ੳ) ਪੰਜਾਬ ਸਰਕਾਰੀ ਭਾਸ਼ਾ (ਵਿਧਾਨਿਕ) ਕਮਿਸ਼ਨ ਕਿਸ ਤਰੀਕ ਨੂੰ ਕਾਇਮ ਕੀਤਾ ਗਿਆ ਸੀ ।

(ਅ) ਉਕਤ ਕਮਿਸ਼ਨ ਦੀ ਬਣਤਰ ਕੀ ਹੈ ;

(ਏ) ਉਕਤ ਕਮਿਸ਼ਨ ਦੇ ਪੂਰਨਕਾਲੀ ਮੈਂਬਰ ਅਤੇ ਅਹੁਦੇ ਦੇ ਅਧਾਰ ਤੇ ਮੈਂਬਰ ਨਿਯੁਕਤ ਕਰਨ ਬਾਰੇ ਨਿਯਤ ਕੀਤੀਆਂ ਗਈਆਂ ਯੋਗਤਾਵਾਂ ਕੀ ਹਨ ;

(ਸ) ਕਮਿਸ਼ਨ ਦੇ ਪੂਰਨਕਾਲੀ ਮੈਂਬਰ ਦੀ ਨਿਯੁਕਤੀ ਲਈ ਕੀ ਸ਼ਰਤ ਹੈ ?

Original with;
Punjab Vidhan Sabha
Digitized by;
Panjab Digital Library

ਗਿਆਨੀ ਜ਼ੈਲ ਸਿੰਘ (ਮੁੱਖ ਮੰਤਰੀ) : (ਓ) ਮਿਤੀ 29 ਜਨਵਰੀ, 1973 ।

(ਅ) ਇਹ ਇਕ 5 ਮੈਂਬਰੀ ਕਮਿਸ਼ਨ ਹੈ, ਜਿਸਦੇ ਹੇਠ ਲਿਖੇ ਮੈਂਬਰ ਹਨ—

(1) ਕਾਨੂੰਨੀ ਸਲਾਹਕਾਰ ਅਤੇ ਸਕੱਤਰ, ਪੰਜਾਬ, ਸਰਕਾਰ, ਵਿਧਾਨ ਭਾਗ"	ਅਹੁਦੇ ਦੇ ਆਧਾਰ ਤੇ
(2) ਸੈਂਟਰਲ ਆਫੀਸ਼ੀਅਲ ਭਾਸ਼ਾ (ਵਿਧਾਨਿਕ) ਕਮਿਸ਼ਨ ਵਿਚ ਪੰਜਾਬ ਸਟੇਟ ਨੂੰ ਪ੍ਰਤਿਨਿਧਤਾ ਕਰਦਾ ਮੈਂਬਰ	,,
(3) ਡੀਨ ਆਫ ਦੀ ਲਾਅ ਫੈਕਲਟੀ, ਪੰਜਾਬੀ ਯੂਨੀਵਰਸਟੀ, ਪਟਿਆਲਾ	,,
(4) ਸਰਕਾਰ ਵਲੋਂ ਨਿਯੁਕਤ ਕੀਤੇ ਗਏ ਦੋ ਵਿਅਕਤੀ	ਹੋਲ ਟਾਈਮ ਮੈਂਬਰ

(ਏ) ਹੋਲ ਟਾਈਮ ਮੈਂਬਰ ਦੀ ਨਿਯੁਕਤੀ ਲਈ ਵਿਦਿਅਕ ਯੋਗਤਾਵਾਂ—

(1) ਪ੍ਰਵਾਨਤ ਯੂਨੀਵਰਸਿਟੀ ਦਾ ਲਾ—ਗਰੈਜੂਏਟ ਹੋਵੇ ।

(2) ਪੰਜਾਬੀ ਦੀ ਐਮ.ਏ. ਜਾਂ ਪੰਜਾਬੀ ਵਿਚ ਆਨਰਜ਼ ਜਾਂ ਪੰਜਾਬੀ ਦਾ ਲਿਖਾਰੀ ਹੋਵੇ ਤੇ ਉਸਨੇ ਪੰਜਾਬੀ ਭਾਸ਼ਾ ਵਿਚ ਚੰਗੀ ਪੱਧਰ ਦੀਆਂ ਪੁਸਤਕਾਂ ਲਿਖੀਆਂ ਹੋਣ ।

ਤਜਰਬਾ—ਘੱਟੋ-ਘੱਟ 10 ਸਾਲ ਦੇ ਸਮੇਂ ਲਈ ਵਕਾਲਤ ਕੀਤੀ ਹੋਵੇ ਜਾਂ ਘੱਟੋ-ਘੱਟ 10 ਸਾਲ ਦੇ ਸਮੇਂ ਲਈ ਕੋਈ ਅਜਿਹੀ ਨੌਕਰੀ ਕੀਤੀ ਹੋਵੇ ਜੋ ਕਾਨੂੰਨੀ ਕੰਮ ਨਾਲ ਸਬੰਧਤ ਹੋਵੇ । ਸਮੇਂ ਦਾ ਹਿਸਾਬ ਲਾਉਣ ਸਮੇਂ ਜਿਸ ਸਮੇਂ ਵਿਚ ਕੋਈ ਅਜਿਹਾ ਕੰਮ ਕੀਤਾ ਹੋਵੇ ਜੋ ਕਾਨੂੰਨ ਨਾਲ ਸਬੰਧਤ ਹੋਵੇ, ਉਸ ਵਿਚ ਸਮਾਂ ਵੀ ਗਿਣਿਆ ਜਾਵੇਗਾ ਜਿਸ ਵਿਚ ਕਦੀ ਵੀ ਉਸ ਨੇ ਵਕਾਲਤ ਕੀਤੀ ਹੋਵੇ । ਅੰਗਰੇਜ਼ੀ ਤੋਂ ਪੰਜਾਬੀ ਵਿਚ ਕਾਨੂੰਨੀ ਕੰਮ ਦਾ ਅਨੁਵਾਦ ਕਰਨ ਦਾ ਤਜਰਬਾ ਰੱਖਣ ਵਾਲਿਆਂ ਨੂੰ ਤਰਜੀਹ ਦਿਤੀ ਜਾਵੇਗੀ ।

ਅਹੁਦੇ ਦੇ ਅਧਾਰ ਤੇ ਨਿਯੁਕਤ ਕਰਨ ਬਾਰੇ ਮੈਂਬਰ ਦੀਆਂ ਵਿਦਿਅਕ ਯੋਗਤਾਵਾਂ

ਇਨ੍ਹਾਂ ਬਾਰੇ ਕੋਈ ਨਿਸਚਿਤ ਕੀਤੀਆਂ ਯੋਗਤਾਵਾਂ ਨਹੀਂ ਹਨ। ਇਹ ਵਿਅਕਤੀ ਜਿਸ ਜਿਸ ਅਸਾਮੀ ਤੇ ਪਹਿਲਾਂ ਹੀ ਲਗੇ ਹੋਏ, ਨਿਯੁਕਤ ਕੀਤੇ ਜਾਂਦੇ ਹਨ, ਉਹ ਹੀ ਯੋਗਤਾਵਾਂ ਹੀ ਉੱਚੀਆਂ ਹਨ ।

(ਸ) ਪੂਰਨਕਾਲੀ ਮੈਂਬਰ ਦੀ ਨਿਯੁਕਤੀ ਦੀ ਮਿਆਦ ਸਬੰਧੀ ਹਾਲੀਂ ਤਕ ਕੋਈ ਨਿਰਣਾ ਨਹੀਂ ਹੋਇਆ । ਮਾਮਲਾ ਵਿਚਾਰ ਅਧੀਨ ਹੈ ।

Original with;
Punjab Vidhan Sabha
Digitized by;
Panjab Digital Library

JAN SANGH AND AKALI WORKERS ARRESTED AT JAITO ON THE 12TH JULY, 1974

*2733. **Sardar Ajaib Singh Sandhu** : Will the Chief Minister be pleased to state—

(a) Whether it is a fact that Jan Sangh and Akali workers were lathi charged and about ½ (half) dozen of them were arrested in the 12th July, 1974 while they were staging a dharna in front of the Jaito Police Station;

(b) If the answer to part (a) above be in the affirmative reasons for staging the said dharna?

ਗਿਆਨੀ ਜ਼ੈਲ ਸਿੰਘ : (ੳ) ਮਿਤੀ 12 ਜੁਲਾਈ, 1974 ਨੂੰ ਜੈਤੋ ਵਿਖੇ ਅਕਾਲੀ ਅਤੇ ਜਨ-ਸੰਘ ਵਰਕਰਾਂ ਤੇ ਕੋਈ ਲਾਠੀ ਚਾਰਜ ਨਹੀਂ ਕੀਤਾ ਗਿਆ, ਪਰੰਤੂ 7 ਵਿਅਕਤੀਆਂ ਨੂੰ, ਜਦੋਂ ਉਹ ਥਾਣੇ ਅਗੇ ਧਰਨੇ ਤੇ ਬੈਠੇ ਸੀ, ਨਾਹਰੇ ਆਦਿ ਲਗਾ ਰਹੇ ਸੀ ਅਤੇ ਜਿਨ੍ਹਾਂ ਤੋਂ ਨੁਕਸੇ ਅਮਨ (Breach of Piece) ਦਾ ਖਤਰਾ ਸੀ, ਅਧੀਨ ਧਾਰਾ 107/151 ਜ਼ਾਬਤਾ ਫੌਜਦਾਰੀ ਗ੍ਰਿਫਤਾਰ ਕੀਤਾ ਗਿਆ ;

(ਅ) ਜੈਤੋ ਵਿਖੇ ਅਕਾਲੀ ਅਤੇ ਜਨ-ਸੰਘ ਦੇ ਮਿਤੀ 2 ਜੁਲਾਈ, 1974 ਦੇ ਜਲਸੇ ਵਿਚ ਇਨ੍ਹਾਂ ਪਾਰਟੀਆਂ ਅਤੇ ਕਾਂਗਰਸ ਪਾਰਟੀ ਦੇ ਵਰਕਰਾਂ ਵਿਚ ਝਗੜਾ ਹੋਇਆ ਸੀ ਜਿਸ ਦੇ ਦੌਰਾਨ ਜਲਸੇ ਤੋਂ ਕੁਝ ਵਿਥ ਤੇ ਇਕ ਸਟਾਲ ਪਿਛੇ ਕੁਝ ਵਿਅਕਤੀਆਂ ਨੇ ਹਵਾਈ ਫਾਇਰ ਕੀਤੇ ਸਨ ਅਤੇ ਅਕਾਲੀ ਵਰਕਰਾਂ ਨੇ ਕੁਝ ਕਾਂਗਰਸ ਵਰਕਰਾਂ ਨੂੰ ਮਾਰ-ਕੁਟਾਈ ਕੀਤੀ ਸੀ । ਅਕਾਲੀ ਅਤੇ ਜਨ-ਸੰਘ ਵਰਕਰਾਂ ਨੇ ਇਹ ਧਰਨਾ ਉਨ੍ਹਾਂ ਦੇ ਵਰਕਰਾਂ ਵਿਰੁਧ ਮਾਰ ਕੁਟਾਈ ਦੇ ਕੇਸ ਦੀ ਵਾਪਸੀ, ਫਾਇਰ ਕਰਨ ਵਾਲੇ ਦੋਸ਼ੀਆਂ ਦੀ ਫੌਰੀ ਗ੍ਰਿਫਤਾਰੀ ਅਤੇ ਐਸ. ਐਚ. ਓ· ਜੈਤੋ ਦੀ ਮੁਅੱਤਲੀ ਲਈ ਅਰੰਭ ਕੀਤਾ ਸੀ ।

17-7-1974 ਨੂੰ ਪਟਿਆਲਾ ਵਿਖੇ ਗ੍ਰਿਫ਼ਤਾਰ ਕੀਤੇ ਗਏ ਪ੍ਰਦਰਸ਼ਕ

*2735 **ਸਰਦਾਰ ਅਜਾਇਬ ਸਿੰਘ ਸੰਧੂ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕੀ—

(ੳ) ਕੀ 17-7-1974 ਨੂੰ ਪਟਿਆਲਾ ਵਿਖੇ ਪ੍ਰਦਰਸ਼ਨ ਕਰਨ ਤੇ ਕੁਝ ਅਕਾਲੀ ਅਤੇ ਜਨ-ਸੰਘ ਵਰਕਰ ਗ੍ਰਿਫਤਾਰ ਕੀਤੇ ਗਏ ਸਨ ? ਜੇਕਰ ਅਜਿਹਾ ਹੋਵੇ ਤਾਂ ਕਿੰਨੇ ;

(ਅ) ਉਕਤ ਪ੍ਰਦਰਸ਼ਕਾਂ ਵਿਰੁਧ ਕੀ ਕਾਰਵਾਈ ਕੀਤੀ ਗਈ ?

ਗਿਆਨੀ ਜ਼ੈਲ ਸਿੰਘ : (ੳ) ਤੇ (ਅ)ਨਹੀਂ ਜੀ । ਕਿਸੇ ਪ੍ਰਦਰਸ਼ਕ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਸੀ । ਕੁਝ ਵਿਅਕਤੀ ਜਿਹੜੇ ਕਿ ਸਮਾਗਮ ਵਿਚ ਖਲੱਲ, ਗੜਬੜ ਅਤੇ ਸ਼ਰਾਰਤ ਕਰਨ ਦਾ ਇਰਾਦਾ ਰਖਦੇ ਸਨ ਉਨ੍ਹਾਂ ਨੂੰ ਐਸਾ ਕਰਨ ਤੋਂ ਰੋਕਣ ਲਈ ਮੌਕੇ ਤੋਂ ਹਟਾ ਦਿਤਾ ਗਿਆ ਅਤੇ ਪੁੱਛ ਗਿੱਛ ਕਰਨ ਉਪਰੰਤ ਜਾਣ ਦਿਤਾ ਗਿਆ ।

Original with;
Punjab Vidhan Sabha
Digitized by;
Panjab Digital Library

ਬਠਿੰਡਾ ਸ਼ਾਖਾ ਨਹਿਰ ਤੇ ਛੋਟੇ ਪੁਲ ਬਣਾਉਣਾ

*2645 ਗਿਆਨੀ ਕੁੰਦਨ ਸਿੰਘ ਪਤੰਗ : ਕੀ ਬਿਜਲੀ ਅਤੇ ਸਿੰਜਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਬਾਲੋਕੇ ਅਤੇ ਮੂਮਾ (ਭਦੌੜ ਹਲਕਾ, ਜ਼ਿਲ੍ਹਾ ਸੰਗਰੂਰ) ਪਿੰਡਾਂ ਦੇ ਲੋਕਾਂ ਦੀ ਸਹੂਲਤ ਲਈ, ਜਿਨ੍ਹਾਂ ਦੀ ਬਹੁਤ ਸਾਰੀ ਜ਼ਮੀਨ ਨਹਿਰ ਦੇ ਦੂਜੇ ਪਾਸੇ ਹੈ ਅਤੇ ਉਨ੍ਹਾਂ ਪਿੰਡਾਂ ਤੋਂ ਵੱਡੇ ਪੁਲ ਬਹੁਤ ਦੂਰ ਹਨ, ਬਠਿੰਡਾ ਸ਼ਾਖਾ ਨਹਿਰ ਤੇ ਛੋਟੇ ਪੁਲ ਬਣਾਉਣ ਦਾ ਸਰਕਾਰ ਦਾ ਕੋਈ ਵਿਚਾਰ ਹੈ ?

ਸਰਦਾਰ ਗੁਰਬਖਸ਼ ਸਿੰਘ ਸਿਬੀਆ : ਨਹੀਂ ਜੀ ।

STARRED QUESTION No. 2693

Mr. Speaker : Extension has been asked for in respect of Starred Question No. 2693.

STARRED QUESTION No. 2762

Mr. Speaker : Extension has been asked for in respect of Starred Question No. 2762.

SUPPLY OF ATTA BY FLOUR MILLS TO THE GOVERNMENT IN THE STATE

***2631. Shri Vishwa Mitter Sekhri** : Will the Minister of State for Food and Supplies be pleased to state—

(a) Whether it has come to his notice that Flour Mills in the State sometimes do not supply Atta (Wheat Flour) to the Governmet with the result that the Government had to get Atta (Wheat Flour) from the Chakies in the month of February, 1974.

(b) if the reply to part (a) above be in the affirmative, the reasons for the Flour Mills not supplying the Atta to the Government;

(c) whether Government contemplate taking action/steps requiring such Mills to prepare Atta for supply to the Food and Supplies Deptt. for ultimate distribution/sale among the public in the State.

Sardar Gurdarshan Singh : (a)No. Chakies are also engaged alongwith Roller Flour Mills for the prepration of wholemeal atta in the State.

(b) Question does not arise.

(c) Question does not arise.

[(ੳ) ਨਹੀਂ । ਚੱਕੀਆਂ ਦੀ ਵਰਤੋਂ ਵੀ ਮਿਲਾਂ ਦੇ ਨਾਲ ਆਟੇ ਦੀ ਪਿਸਾਈ ਲਈ ਕੀਤੀ ਜਾਂਦੀ ਹੈ ।

(ਅ) ਸਵਾਲ ਪੈਦਾ ਹੀ ਨਹੀਂ ਹੁੰਦਾ ।

(ਏ) ਸਵਾਲ ਪੈਦਾ ਹੀ ਨਹੀਂ ਹੁੰਦਾ ।]

Original with;
Punjab Vidhan Sabha
Digitized by;
Panjab Digital Library

DEPOTS OF COARSE CLOTH OPENED IN KHANNA, SAMRALA AND MACHHIWARA TOWNS OF SAMRALA SUB-DIVISION

*2660. 1. **Sardar Prehlad Singh** :

2. **Giani Kundan Singh Patang** : Will the Minister of State for Food and Supplies be pleased to state—

(a) whether any depots of 'Coarse Cloth' were opened by the Government in Khanna, Samrala and Machhiwara towns of Samrala Sub-Division during the period from 1972 to June, 30 1973; if so, their number ;

(b) the details of the arrangements made by the Government for the distribution of 'Coarse Cloth' in the remaining villages of Sub-Division, Samrala ?

Sardar Gurdarshan Singh: (a) Yes, excepting Machhiwara. Number of Depots at Khanna 2, Samrala 1, and Maenhiwara nil.

(b) Distribution of coarse cotton cloth in remaining villages of Sub-Division of Samrala is made through 9 villages Societies/Primary Societies selected by Assitt. Registrar Coop. Societies,

[(ੳ) ਹਾਂ ਜੀ, ਸਵਾਏ ਮਾਛੀਵਾੜਾ ਦੇ ਖੰਨਾ ਵਿਖੇ ਡਿਪੂਆਂ ਦਾ ਨ. 2 ਸਮਰਾਲਾ 1 ਅਤੇ ਮਾਛੀਵਾੜਾ ਨਿਲ ।

(ਅ) ਸਮਰਾਲਾ ਸਬ-ਡਵੀਜਨ ਦੇ ਬਾਕੀ ਦੇ ਪਿੰਡਾਂ ਵਿਚ ਮੋਟਾ ਕੱਪੜਾ ਕਪੜੇ ਦੀ ਵੰਡ 9 ਪਿੰਡਾਂ ਦੀਆਂ ਸੋਸਾਇਟੀਆਂ ਪ੍ਰਾਇਮਰੀ ਸੁਸਾਇਟੀਆਂ ਜ਼ਿ.ਲ੍ਹਾ ਦੀ ਚੋਣ ਸਹਾਇਕ ਰਜਿਸਟਰਾਰ ਕੋਆਪਰੇਟਿਵ ਸੁਸਾਇਟੀ ਰਾਹੀਂ ਕੀਤੀ ਗਈ ਹੈ, ਰਾਹੀਂ ਕੀਤੀ ਜਾਂਦੀ ਹੈ ।]

ਜ਼ਿਲ੍ਹਾ ਚੌਕਸੀ ਕਮੇਟੀਆਂ ਦੇ ਗੈਰ-ਸਰਕਾਰੀ ਮੈਂਬਰ

*2747. **ਡਾਕਟਰ ਬਲਦੇਵ ਪ੍ਰਕਾਸ਼**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਜ਼ਿਲ੍ਹਾ ਚੌਕਸੀ ਕਮੇਟੀਆਂ ਵਿਚ ਗੈਰ-ਸਰਕਾਰੀ ਮੈਂਬਰਾਂ ਦੀ ਨਿਯੁਕਤੀ ਲਈ ਕੀ ਕਸੌਟੀ ਅਪਣਾਈ ਗਈ ;

(ਅ) ਰਾਜ ਵਿਚ ਹਰ ਇਕ ਜ਼ਿਲ੍ਹਾ ਚੌਕਸੀ ਕਮੇਟੀ ਵਿਚ ਐਮ.ਐਲ.ਏਜ਼ ਤੋਂ ਇਲਾਵਾ ਨਿਯੁਕਤ ਕੀਤੇ ਗਏ ਦੂਜੇ ਗੈਰ-ਸਰਕਾਰੀ ਮੈਂਬਰਾਂ ਦੀ ਗਿਣਤੀ ਕਿੰਨੀ ਹੈ ;

(ੲ) ਹਰ ਇਕ ਜ਼ਿਲ੍ਹੇ ਵਿਚ ਐਮ.ਐਲ.ਏਜ਼ ਤੋਂ ਇਲਾਵਾ ਉਕਤ ਕਮੇਟੀਆਂ ਦੇ ਮੈਂਬਰਾਂ ਵਜੋਂ ਨਿਯੁਕਤ ਕੀਤੇ ਗਏ ਰੂਲਿੰਗ ਪਾਰਟੀ ਨਾਲ ਸਬੰਧ ਰੱਖਣ ਵਾਲੇ ਮੈਂਬਰਾਂ ਦੀ ਗਿਣਤੀ ਕਿੰਨੀ ਹੈ ;

(ਸ) ਹਰ ਇਕ ਜ਼ਿਲ੍ਹੇ ਵਿਚ ਉਕਤ ਕਮੇਟੀਆਂ ਵਿਚ ਐਮ.ਐਲ.ਏਜ਼ ਤੋਂ ਇਲਾਵਾ ਦੂਜੀਆਂ ਰਾਜਨੀਤਕ ਪਾਰਟੀਆਂ ਨੂੰ ਦਿਤੀ ਗਈ ਪ੍ਰਤੀਨਿਧਤਾ ਦਾ ਫੇਰਵਾ ਕੀ ਹੈ :

Original with;
Punjab Vidhan Sabha
Digitized by;
Panjab Digital Library

(ਹ) ਕੀ ਜ਼ਿਲ੍ਹਾ ਚੌਕਸੀ ਕਮੇਟੀਆਂ ਵਿਚ ਦੂਜੀਆਂ ਰਾਜਨੀਤਕ ਪਾਰਟੀਆਂ ਦੇ ਵਿਅਕਤੀਆਂ ਨੂੰ ਸ਼ਾਮਲ ਕਰਨ ਲਈ ਉਨ੍ਹਾਂ ਨੂੰ ਕੋਈ ਪੱਤਰ ਜਾਂ ਮੇਜਰਨਾਮਾ ਮਿਲਿਆ ਹੈ; ਜੇਕਰ ਅਜਿਹਾ ਹੋਵੇ; ਤਾਂ ਉਸ ਤੇ ਕੀ ਕਾਰਵਾਈ ਕੀਤੀ ਗਈ?

ਗਿਆਨੀ ਜ਼ੈਲ ਸਿੰਘ: (ੳ) ਕਮੇਟੀ ਬਣਾਉਣ ਲਗਿਆਂ ਹੇਠ ਲਿਖਿਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ—

1. ਜ਼ਿਲ੍ਹੇ ਦੇ ਸਾਰੇ ਐਮ.ਪੀਜ਼ ਅਤੇ ਐਮ.ਐਲ.ਏਜ਼ ।
2. ਸਕੱਤਰ, ਸੈਲਰਜ਼ ਸੋਲਜਰ ਅਤੇ ਏਅਰਮੈਨ ਬੋਰਡ ।
3. ਪ੍ਰਧਾਨ, ਜ਼ਿਲ੍ਹਾ ਬਾਰ ਐਸੋਸੀਏਸ਼ਨ ।
4. ਮਜ਼ਦੂਰਾਂ ਦਾ ਇਕ ਨੁਮਾਇੰਦਾ ।
5. ਜ਼ਿਲ੍ਹਾ ਹੈਡਕੁਆਰਟਰ ਦੀ ਨਗਰਪਾਲਕਾ ਦੇ ਪ੍ਰਧਾਨ ।
6. ਚੇਅਰਮੈਨ, ਜ਼ਿਲ੍ਹਾ ਪ੍ਰੀਸ਼ਦ ।
7. ਸਾਬਕਾ ਫੌਜੀਆਂ ਦਾ ਇਕ ਨੁਮਾਇੰਦਾ ।
8. ਜ਼ਿਲ੍ਹੇ ਦੇ ਕੁਝ ਉਘੇ ਵਿਅਕਤੀ ਅਤੇ ਸੋਸ਼ਲ ਵਰਕਰ ।

(ਅ) ਐਮ.ਪੀ. ਅਤੇ ਐਮ.ਐਲ.ਏ ਤੋਂ ਇਲਾਵਾ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀਆਂ ਵਿਚ ਨਿਯੁਕਤ ਕੀਤੇ ਗਏ ਦੂਜੇ ਗੈਰ ਸਰਕਾਰੀ ਮੈਂਬਰਾਂ ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

(ਏ ਤੇ ਜ) ਉਪਰੋਕਤ (ੳ) ਤੇ ਦਿਤੇ ਗਏ ਉਤਰ ਵਿਚ ਦਸੀ ਗਈ ਕਸੌਟੀ ਅਨੁਸਾਰ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀਆਂ ਦੇ ਗੈਰ ਸਰਕਾਰੀ ਮੈਂਬਰਾਂ ਦੀ ਨਾਮਜ਼ਦਗੀ ਪਾਰਟੀ ਦੇ ਆਧਾਰ ਤੇ ਨਹੀਂ ਕੀਤੀ ਜਾਂਦੀ ਇਸ ਲਈ ਮੰਗੀ ਗਈ ਸੂਚਨਾ ਉਪਲਭਤ ਨਹੀਂ ਹੈ ।

(ਹ) ਹਾਂ ਜੀ । ਕਿਉਂਕਿ ਪਹਿਲਾਂ ਹੀ ਨੁਮਾਇੰਦਗੀ ਰਾਜਨੀਤਕ ਪਾਰਟੀਆਂ ਦਾ ਖਿਆਲ ਰੱਖ ਕੇ ਨਹੀਂ ਕੀਤੀ ਗਈ ਇਸ ਲਈ ਇਸ ਮਾਮਲੇ ਵਿਚ ਹੋਰ ਕਾਰਵਾਈ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

"ਅਨੁਲਗ ੳ"

ਐਮ. ਪੀ. ਅਤੇ ਐਮ ਐਲ. ਏ. ਤੋਂ ਇਲਾਵਾ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀਆਂ ਵਿਚ ਨਿਯੁਕਤ ਕੀਤੇ ਗਏ ਦੂਜੇ ਗੈਰ ਸਰਕਾਰੀ ਮੈਂਬਰਾਂ ਦੀ ਗਿਣਤੀ ।

ਲੜੀ ਨੰ:	ਜ਼ਿਲ੍ਹੇ ਦਾ ਨਾਂ		ਮੈਂਬਰਾਂ ਦੀ ਗਿਣਤੀ
1.	ਜਲੰਧਰ	..	17
2.	ਰੋਪੜ	..	18
3.	ਹੁਸ਼ਿਆਰਪੁਰ	..	17
4.	ਅੰਮ੍ਰਿਤਸਰ	..	15

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

5.	ਲੁਧਿਆਣਾ	..	15
6.	ਸੰਗਰੂਰ	..	14
7.	ਪਟਿਆਲਾ	..	14
8.	ਫਰੀਦਕੋਟ	..	14
9.	ਬਠਿੰਡਾ	..	13
10.	ਗੁਰਦਾਸਪੁਰ	..	12
11.	ਕਪੂਰਥਲਾ	..	10
12.	ਫਿਰੋਜ਼ਪੁਰ	..	11

ਬਨਾਸਪਤੀ ਮਿਲ, ਅੰਮ੍ਰਿਤਸਰ ਨੂੰ ਸਰਕਾਰ ਦੁਆਰਾ ਆਪਣੇ ਅਧਿਕਾਰ ਵਿਚ ਲੈਣਾ।

***2632. ਸ਼੍ਰੀ ਵਿਸ਼ਵਾਮਿਤਰ ਸੇਖੜੀ:** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ :—

(ੳ) ਕੀ ਫਰਵਰੀ-ਮਾਰਚ, 1974 ਮਹੀਨਿਆਂ ਦੇ ਦੌਰਾਨ ਜਦੋਂ ਪੰਜਾਬ ਵਿਧਾਨ ਸਭਾ ਦਾ ਬਜਟ ਸਮਾਗਮ ਚਲ ਰਿਹਾ ਸੀ ਬਨਾਸਪਤੀ ਮਿਲ, ਅੰਮ੍ਰਿਤਸਰ ਨੂੰ, ਸਰਕਾਰ ਨੇ ਆਪਣੇ ਅਧਿਕਾਰ ਵਿਚ ਲੈ ਲਈ ਸੀ;

(ਅ) ਕੀ ਉਕਤ ਮਿਲ ਨੇ ਬਨਾਸਪਤੀ ਘਿਉ ਬਣਾਉਣਾ ਸ਼ੁਰੂ ਕਰ ਦਿਤਾ ਹੈ ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਣ ਹਨ ਅਤੇ ਕਸੂਰਵਾਰ ਅਫਸਰਾਂ/ ਅਧਿਕਾਰੀਆਂ ਦੇ ਨਾਂ ਕੀ ਹਨ ;

(ੲ) ਹੁਣ ਤਕ ਉਕਤ ਬਨਾਸਪਤੀ ਮਿਲ ਨਾ ਚਲਾਉਣ ਲਈ ਜ਼ਿਮੇਵਾਰ ਅਫਸਰਾਂ ਵਿਰੁਧ ਸਰਕਾਰ ਕੀ ਕਾਰਵਾਈ ਕਰਨ ਦਾ ਵਿਚਾਰ ਰਖਦੀ ਹੈ ?

ਗਿਆਨੀ ਜ਼ੈਲ ਸਿੰਘ: (ੳ) ਹਾਂ ਜੀ,

(ਅ) ਨਹੀਂ ਜੀ; ਕਾਨੂੰਨੀ ਅੜਚਨਾਂ ਦੇ ਕਾਰਣ ਅੰਮ੍ਰਿਤਸਰ ਸ਼ੂਗਰ ਮਿਲ ਦਾ ਪ੍ਰਬੰਧ ਲੈਣ ਸਬੰਧੀ ਨੋਟੀਫਿਕੇਸ਼ਨ ਸਰਕਾਰ ਨੂੰ ਵਾਪਸ ਲੈਣਾ ਪਿਆ ਅਤੇ ਇਸ ਦਾ ਕਬਜ਼ਾ ਜਿਨ੍ਹਾਂ ਵਿਅਕਤੀਆਂ ਕੋਲੋਂ ਲਿਆ ਗਿਆ ਸੀ ਉਨ੍ਹਾਂ ਨੂੰ ਵਾਪਸ ਕਰਨਾ ਪਿਆ। ਕੇਂਦਰੀ ਸਹਕਾਰ ਪੁਰਜ਼ੋਰ ਬੇਨਤੀ ਕੀਤੀ ਗਈ ਕਿ ਉਹ ਇਸ ਮਿਲ ਨੂੰ ਇੰਡਸਟਰੀਅਲ ਡਿਵੈਲਪਮੈਂਟ ਰੈਗੂਲੇਸ਼ਨ ਐਕਟ ਦੇ ਤਹਿਤ ਜਲਦੀ ਹੀ ਲੈਣ ਦੀ ਕਾਰਵਾਈ ਕਰਨ। ਮਾਮਲਾ ਕੇਂਦਰੀ ਸਰਕਾਰ ਦੇ ਵਿਚਾਰ ਅਧੀਨ ਹੈ।

Original with;
Punjab Vidhan Sabha
Digitized by;
Panjab Digital Library

ਇਸ ਸਬੰਧੀ ਕਿਸੇ ਅਫਸਰ/ਅਧਿਕਾਰੀ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ ।

(ਏ) ਉਪਰੋਕਤ 'ਅ' ਅਨੁਸਾਰ ਸਵਾਲ ਪੈਦਾ ਨਹੀਂ ਹੁੰਦਾ ।

PRODUCTION POTENTIAL OF VANASPATI GHEE MANUFACTURING MILLS IN THE STATE

*2689. **Comrade Achhra Singh**: Will the Minister of State for Food and Supplies be pleased to state—

(a) the maximum production capacity, per month, of the Vanaspati Ghee Mills at present in the State, mill-wise,

(b) the total production of vanaspati ghee in the State in the month of June, 1974.

(c) whether it is a fact that the actual production of Vanaspati ghee in the month of June, 1974 was far less than the capacity referred to in part (a) above; if so, the reasons thereof?

Sardar Gurdarshan Singh: (a) The present installed capacity per day of the Vanaspati Mills in the State, as intimated by the manufacturers concerned is as under :—

	(Tonnes per day)
(1) Amrit Vanaspati and Co. Ltd., Rajpura	.. 100
(2) Oswal Vanaspati and Allied Industries, Ludhiana	.. 30
(3) Oswal Vanaspati and General Industries, Ludhiana	.. 25
(4) Kishan Chand and Co. Ludhiana	.. 25
(5) Nav Bharat Vanaspati and Allied Industries, Doraha	.. 50
(6) Markfed Vanaspati and Allied Industries, Khanna	.. 50
(7) Ranbir Chemical Industries, Kharar	.. 25
(8) Amritsar Sugar Mills, Amritsar	.. 75
Total	.. 380

(b) 894 tonnes.

(c) Yes. Low production of Vanaspati by mills was mainly due to prevailing high rates of indigenous edible oils, non-supply of imported oils on subsidized rates by Government of India, power cut and shortage of steam coal.

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਖੁਰਾਕ ਅਤੇ ਸਪਲਾਈ]

[ਪੰਜਾਬ ਵਿਚ 7 ਬਨਾਸਪਤੀ ਮਿੱਲਾਂ ਦੀ ਇਨਸਟਾਲਡ ਕੈਪਸਿਟੀ ਪ੍ਰਤੀ ਦਿਨ ਜਿਵੇਂ ਕਿ ਵਨਾਸਪਤੀ ਮੈਨੂਫੈਕਚਰਰਜ਼ ਨੇ ਦਸਿਆ ਹੈ, ਇਸ ਪ੍ਰਕਾਰ ਹੈ :—

		(ਟੱਨ ਪ੍ਰਤੀ ਦਿਨ)
1.	ਮੈ: ਅੰਮ੍ਰਿਤ ਬਨਾਸਪਤੀ ਐਂਡ ਕੋ: ਰਾਜਪੁਰਾ ..	100
2.	ਮੈ: ਓਸਵਾਲ ਬਨਾਸਪਤੀ ਐਂਡ ਅਲਾਈਡ ਇਨਡਸਟਰੀਜ਼, ਲੁਧਿਆਣਾ ..	30
3.	ਮੈ: ਓਸਵਾਲ ਬਨਾਸਪਤੀ ਐਂਡ ਜਨਰਲ ਇਨਡਸਟਰੀਜ਼, ਲੁਧਿਆਣਾ ..	25
4.	ਮੈ: ਕ੍ਰਿਸ਼ਨ ਚੰਦ ਐਂਡ ਕੰ: ਲੁਧਿਆਣਾ ..	25
5.	ਮੈ: ਨਵ ਭਾਰਤ ਬਨਾਸਪਤੀ ਐਂਡ ਲਿਮਿਟਿਡ ਇਨਡਸਟਰੀਜ਼, ਦੋਰਾਹਾ ..	50
6.	ਮਾਰਕਫੈਡ ਬਨਾਸਪਤੀ ਅਤੇ ਅਲਾਈਡ, ਇੰਡਸਟਰੀਜ਼, ਖੰਨਾ ..	50
7.	ਰਣਬੀਰ ਕੈਮੀਕਲਜ਼ ਇੰਡਸਟਰੀਜ਼, ਖਰੜ ..	25
8.	ਅੰਮ੍ਰਿਤਸਰ ਸੂਗਰ ਮਿਲਜ਼, ਅੰਮ੍ਰਿਤਸਰ ..	75
	ਜੋੜ ..	380

(ਅ) 894 ਟੰਨ ।

(ਏ) ਹਾਂ ਜੀ । ਖਾਣ ਵਾਲੇ ਦੇਸੀ ਤੇਲਾਂ ਦੇ ਭਾਅ ਜ਼ਿਆਦਾ ਵੱਧ ਜਾਣ ਕਾਰਨ ਅਤੇ ਭਾਰਤ ਸਰਕਾਰ ਵਲੋਂ ਸਬਸੀਡਾਈਜ਼ਡ ਭਾਵਾਂ ਤੇ ਵਿਦੇਸ਼ੀ ਤੇਲਾਂ ਦੀ ਸਪਲਾਈ ਨਾ ਹੋਣ ਕਾਰਨ ਬਨਾਸਪਤੀ ਮਿੱਲਾਂ ਵਲੋਂ ਘੱਟ ਉਤਪਾਦਨ ਹੋਇਆ । ਪਾਵਰ ਕੱਟ ਅਤੇ ਸਟੀਮ ਕੋਲ ਦੀ ਥੁੜ ਬਨਾਸਪਤੀ ਦੀ ਘੱਟ ਉਪਜ ਕਾਰਨ ਹਨ ।]

SHORTAGE OF CEMENT IN THE STATE

*2734. **Sardar Ajaib Singh Sandhu**: Will the Minister of State for Food and Supplies be pleased to state :—

(a) the extent to which the State is faced with the shortage of cement in relation to its consumption and demand at present ;

Original with;
Punjab Vidhan Sabha
Digitized by;
Panjab Digital Library

(b) the steps taken so far or proposed to be taken by the Government to over-come this shortage ;

(c) whether the Government intends to do away with the present partial control of cement; if so, the reasons therefor?

Sardar Gurdarshan Singh: (a) Against overall demand of 4.50 lac tonnes, the State received only about 1 lac tonnes of cement from January to June, 1974 which shows that Punjab is receiving hardly 22% of the demand.

(b) Information is laid on the Table of the House.

(c) Matter is under consideration.

[(ੳ) 4.50 ਲਖ ਟਨ ਦੀ ਮੰਗ ਦੇ ਵਿਰੁਧ ਪ੍ਰਾਂਤ ਵਿਚ ਇਕ ਲਖ ਟਨ ਸੀਮਿੰਟ ਜਨਵਰੀ ਤੋਂ ਜੂਨ, 1974 ਤਕ ਆਇਆ ਇਥੋਂ ਜ਼ਾਹਰ ਹੈ ਕਿ ਸਾਨੂੰ ਬੜੀ ਮੁਸ਼ਕਲ ਨਾਲ ਮੰਗ ਦਾ 22 ਪ੍ਰਤੀਸ਼ਤ ਸੀਮਿੰਟ ਆਇਆ ।

(ਅ) ਉੱਤਰ ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ ;

(ਏ) ਮਾਮਲਾ ਵਿਚਾਰ ਅਧੀਨ ਹੈ ।]

Steps taken so for or proposed to be taken by the Government to overcome cement shortage

1. From 1st July, 1973 Government of India introduced the system of allocating fixed quantities of cement to the State for its further allocation by the States themselves among the Government Departments, semi-government departments/bulk consumers, and general public. Efforts were made at personal level by the then Minister for Food and Supplies, through personal representations to the Union Minister for Industrial Development to get adequate quota fixed for Punjab. The quota of Punjab was fixed at 5.05 lac tonnes per annum or say 1,26,250 tonnes per quarter.

2. Continuous efforts were made to ensure full supplies against the quota. Officers of the Central Government were approached at the level of the Senior Officers of the Department quite frequently. The Minister for Food and Supplies also addressed demi-official letters, from time to time, to the Union Industrial Development Minister and followed these up through personal meetings also. Even the Chief Minister, Punjab has been addressing the Union Minister demi-officially. Recently Prime Minister has also been requested demi-officially about this matter.

3. Meetings were held with the representatives of the Manufacturers Officers of Government of India and Railways from time to time to accelerate the despatches of cement to Punjab.

4. In order to give fair and reasonably remunerative margin on sale of cement to the cement dealers, handling charges of cement have been revised from Rs. 17.00 to Rs. 28.60 per tonne, with effect from 1st June, 1974.

5. As an experimental measure, distribution control on cement was partially relaxed for a period of 2 months from 1st June to 31st July, 1974. and dealers were permitted to sell 50% of the stock received by them in free sale at the control rate.

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਖੁਰਾਕ ਅਤੇ ਸਪਲਾਈ]

ਸੀਮਿੰਟ ਦੀ ਕਮੀ ਨੂੰ ਦੂਰ ਕਰਨ ਲਈ ਸਰਕਾਰ ਦੁਆਰਾ ਹੁਣ ਤਕ ਕੀਤੀ ਗਈ ਕਾਰਵਾਈ

ਭਾਰਤ ਸਰਕਾਰ ਨੇ ਮਿਤੀ 1 ਜੁਲਾਈ, 1973 ਤੋਂ ਸੀਮਿੰਟ ਦਾ ਕੋਟਾ ਹਰ ਪ੍ਰਾਂਤ ਲਈ ਨਿਸਚਿਤ ਕੀਤਾ ਤਾਂ ਜੋ ਹਰ ਪ੍ਰਾਂਤ ਸਰਕਾਰ ਉਸ ਨੂੰ ਸਰਕਾਰੀ ਵਿਭਾਗਾਂ, ਅੱਧ ਸਰਕਾਰੀ ਸੰਸਥਾਵਾਂ, ਬਾਕੀ ਖਪਤਕਾਰਾਂ ਅਤੇ ਆਮ ਜਨਤਾ ਵਿਚ ਵੰਡ ਸਕੇ। ਰਾਜ ਮੰਤਰੀ, ਖੁਰਾਕ ਤੇ ਸਪਲਾਈ ਵਿਭਾਗ ਨੇ ਨਿਜੀ ਤੌਰ ਤੇ ਕੇਂਦਰੀ ਮੰਤਰੀ ਉਦਯੋਗ ਤੇ ਵਿਕਾਸ ਨਾਲ ਬਹੁ ਮਾਤਰਾ ਵਿਚ ਕੋਟਾ ਫਿਕਸ ਕਰਨ ਲਈ ਗੱਲ ਬਾਤ ਕੀਤੀ। ਪੰਜਾਬ ਸਰਕਾਰ ਦਾ ਸਾਲਾਨਾ ਕੋਟਾ 5.05 ਲੱਖ ਟਨ ਭਾਵ 1,26,200 ਟਨ ਪ੍ਰਤੀ ਤਿਮਾਹੀ ਦਾ ਮੁਕੱਰਰ ਕੀਤਾ।

2. ਪੂਰੀ ਮਾਤਰਾ ਵਿਚ ਸੀਮਿੰਟ ਮੰਗਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਗਈ, ਇਸ ਸਬੰਧੀ ਖੁਰਾਕ ਤੇ ਸਪਲਾਈ ਵਿਭਾਗ ਦੇ ਸੀਨੀਅਰ ਅਫ਼ਸਰਾਂ ਨੇ ਕੇਂਦਰੀ ਸਰਕਾਰ ਦੇ ਅਫ਼ਸਰਾਂ ਨਾਲ ਗੱਲਬਾਤ ਕੀਤੀ। ਰਾਜ ਮੰਤਰੀ, ਖੁਰਾਕ ਤੇ ਸਪਲਾਈ ਨੇ ਵੀ ਅੱਧ ਸਰਕਾਰੀ ਪੱਤਰ ਰਾਹੀਂ ਕੇਂਦਰੀ ਉਦਯੋਗ ਤੇ ਵਿਕਾਸ ਮੰਤਰੀ ਨੂੰ ਬੇਨਤੀ ਕੀਤੀ ਅਤੇ ਨਿਜੀ ਤੌਰ ਤੇ ਵੀ ਮਿਲੇ ਇਸ ਤੋਂ ਇਲਾਵਾ ਮੁੱਖ ਮੰਤਰੀ ਜੀ ਨੇ ਪ੍ਰਧਾਨ ਮੰਤਰੀ ਜੀ ਨੂੰ ਅੱਧ ਸਰਕਾਰੀ ਪੱਤਰ ਰਾਹੀਂ ਬੇਨਤੀ ਕੀਤੀ।

3. ਸੀਮਿੰਟ ਦੀ ਥੁੜ ਨੂੰ ਪੂਰਾ ਕਰਨ ਲਈ ਭਾਰਤ ਸਰਕਾਰ ਦੇ, ਫੈਕਟਰੀਆਂ ਵਾਲੇ, ਅਤੇ ਰੇਲਵੇ ਦੇ ਪ੍ਰਤੀਨਿਧੀਆਂ ਨਾਲ ਗੱਲਬਾਤ ਕੀਤੀ।

4. ਪੰਜਾਬ ਦੇ ਡੀਲਰਾਂ ਨੂੰ ਸਹੀ ਮਾਰਜਨ ਦੇਣ ਲਈ ਸੀਮਿੰਟ ਦੀ ਵੇਚ ਸਬੰਧੀ ਹੈਂਡਲਿੰਗ ਚਾਰਜਿਜ਼ ਵਿਚ 17 ਰੁਪਏ ਤੋਂ 28.60 ਪੈਸੇ ਪ੍ਰਤੀ ਟਨ ਮਿਤੀ 1 ਜੂਨ, 1974 ਤੋਂ ਵਾਧਾ ਕੀਤਾ।

5. ਤਜਰਬੇ ਦੇ ਤੌਰ ਤੇ ਸੀਮਿੰਟ ਤੋਂ ਮਿਤੀ 1 ਜੂਨ, 1974 ਤੋਂ 2 ਮਹੀਨਿਆਂ ਲਈ ਪਾਰਸ਼ੀਅਲ ਕੰਟਰੋਲ ਹਟਾ ਦਿਤਾ ਜਿਸ ਰਾਹੀਂ ਡੀਲਰਾਂ ਨੂੰ ਇਜਾਜ਼ਤ ਦਿਤੀ ਕਿ ਉਹ ਸੀਮਿੰਟ ਦੀ ਆਮਦ ਦਾ 50% ਆਪਣੇ ਅਧਾਰ ਤੇ ਨਿਸਚਿਤ ਰੇਟਾਂ ਤੇ ਵੇਚ ਸਕਦੇ ਹਨ।

1973-74 ਦੇ ਦੌਰਾਨ ਜਲੰਧਰ ਜ਼ਿਲ੍ਹੇ ਵਿਚ ਸੁਤੰਤਰਤਾ ਸੰਗਰਾਮੀਆਂ ਨੂੰ ਦਿਤੀਆਂ ਗਈਆਂ ਪੈਨਸ਼ਨਾਂ।

*2746. **ਮਾਸਟਰ ਚੰਦ ਸਿੰਘ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਪੰਜਾਬ ਸਰਕਾਰ ਨੇ 1973-74 ਦੇ ਦੌਰਾਨ ਜਲੰਧਰ ਜ਼ਿਲ੍ਹੇ ਵਿਚ ਸੁਤੰਤਰਤਾ ਸੰਗਰਾਮੀਆਂ ਨੂੰ ਪੈਨਸ਼ਨਾਂ ਦਿਤੀਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਅਜਿਹੇ ਪੈਨਸ਼ਨ ਲੈਣ ਵਾਲਿਆਂ ਦੀ ਇਕ ਸੂਚੀ ਸਦਨ ਦੀ ਮੇਜ਼ ਤੇ ਰਖੀ ਜਾਵੇ ?

Original with;
Punjab Vidhan Sabha
Digitized by;
Panjab Digital Library

ਗਿਆਨੀ ਜ਼ੈਲ ਸਿੰਘ: ਜੀ ਹਾਂ । ਸੂਚੀ ਹੇਠ ਲਿਖੇ ਅਨੁਸਾਰ ਹੈ :—

ਲੜੀ ਨੰ:	ਨਾਮ	ਪੈਨਸ਼ਨ ਦੀ ਦਰ
1.	ਕਾਮਰੇਡ ਉਜਾਗਰ ਸਿੰਘ ਬਿਲਗਾ, ਸਰਵੋਦਿਆ ਲੀਡਰ, ਫ਼ਿਲੌਰ, ਜ਼ਿਲ੍ਹਾ ਜਲੰਧਰ	.. 100 ਰੁਪਏ ਮਾਸਕ
2.	ਸ਼੍ਰੀਮਤੀ ਰਣਜੀਤ ਕੌਰ ਵਿਧਵਾ ਸ਼੍ਰੀ ਬਿਸ਼ਨ ਸਿੰਘ, ਪਿੰਡ ਤੇ ਡਾਕਘਰ ਦੁਸਾਂਝ ਕਲਾਂ, ਤਹਿਸੀਲ ਫ਼ਿਲੌਰ, ਜ਼ਿਲ੍ਹਾ ਜਲੰਧਰ	.. 50 ਰੁਪਏ ਮਾਸਕ
3.	ਸ਼੍ਰੀਮਤੀ ਸਤਵੰਤ ਕੌਰ, ਵਿਧਵਾ ਸ਼੍ਰੀ ਮੇਹਰ ਸਿੰਘ, ਮਕਾਨ ਨੰ: 546 ਮੁਹੱਲਾ ਸਰਾਜਗੰਜ, ਜਲੰਧਰ ਸ਼ਹਿਰ	.. 100 ਰੁਪਏ ਮਾਸਕ

REPRESENTATION FOR SERVICES CONCESSIONS FOR BLIND

*2671. **Comrade Satya Pal Dang**: Will the Chief Minister be pleased to—

(a) State whether any legislator forwarded to him on 1st July, 1974 a representation entitled 'Request for Service concessions for the Blind' signed by the Superintendent, Central Khalsa Orphage, Amritsar, and others; if so, a copy of the same be laid on the Table of the House ;

(b) lay the details of the action/decision taken by the Government in this connection on the Table of the House ?

Miss Sarla Prasher (Minister of State for Social Welfare): (a) Yes. A copy of the representation is placed on the table of the House.

(b) The representation is under sympathetic consideration of the Government.

[(ੳ) ਜੀ ਹਾਂ । ਰਿਪਰੇਜ਼ੈਂਟੇਸ਼ਨ ਦੀ ਕਾਪੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

(ਅ) ਰੀਪਰੇਜ਼ੈਂਟੇਸ਼ਨ ਸਰਕਾਰ ਦੇ ਹਮਦਰਦੀ ਭਰੇ ਵਿਚਾਰ ਅਧੀਨ ਹੈ ।]

Original with;
Punjab Vidhan Sabha
Digitized by;
Panjab Digital Library

[Minister of State for Social Welfare]

COPY OF REPRESENTATION

Subject : Request for service concessions for the Blind,

Sir,

We deeply appreciate the fact that the Central State Government have been making a serious endeavour to place blind and other physically handicapped persons in suitable employment. Certain minor concessions have also been allowed. As a result of these concessions, a small number of blind persons have secured employment both in the Central and State Governments. One of the important concessions already allowed by the Central Government is that blind and other physically handicapped persons are allowed a relaxation by five years in the upper age limit for the purpose of entry into class III and IV services. Some of the State Governments have allowed even ten years.

2. As you are, no doubt, aware, this country has very meagre facilities for the education of the blind, parents are unwilling to send their blind children to sohools even if they do exist in the area. Moreover many blind children are educated in special schools away from parents. This is another factor which makes parents unwilling to part with their children. Further more, the standard of teaching in these schools is by no means high. All this results in the blind child taking more years than the normal child in acquiring the required academic or technical qualification.

3. Another important factor is that the blind adult has to wait much longer to be able to secure work. As a consequence, at the time of retirement, many blind persons are unable to put in the required number of years to earn a full pension.

4. Blindness does not affect longivity nor does it necessarily effect his effiaiency in old age. In the circumstances, may we request that the Central and State Governments permit a blind employee to continue in service for a period of five years beyond the prescribed age of retirement, subject of course to medieal fitness and efficiency being maintained. This will confer on the blind the following main advantages :—

(i) He will be entitled to full pension.

(ii) He will not be a burden on the family for a long time. The families are unwilling to accept a blind person in old age; and

(iii) The blind adult who often marries late on account of late education and service and consequently delayed position of being self supporting.

5. Ordinarily the wives of the blind are handicapped. As such the blind man have to face more burden.

6. He would be grateful if this request is considered sympathatically and orders issued at the earliest possible movement.

Yonrs faithfully,

Sd/-
President

Institute for the blind
Amritsar

Sd/-
Superintendent
Central Khalsa Orphanage
Amritsar.

THUMB IMPRESSION
Hony. Gen. Secretary
The Bhartiya Andh Hitkari Sabha
Reg.
Amritsar.

Forwarded in original to Giani Zail Singh, Chief Minister, Punjab for favour of sympathetic consideration.

Camp Meerut Cantt.

Satyapal Dang (M.L.A.)
1st July, 1974.

Original with;
Punjab Vidhan Sabha
Digitized by;
Panjab Digital Library

UNSTARRED QUESTION AND ANSWER

ਗੌਰਮਿੰਟ ਵੁਡ ਵਰਕਿੰਗ ਇੰਸਟੀਚਿਊਟ, ਜਲੰਧਰ

886. ਸ਼੍ਰੀ ਗੁਰਦਿਆਲ ਸੈਣੀ: ਕੀ ਲੋਕ ਸਿਹਤ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਗੌਰਮਿੰਟ ਵੁਡ ਵਰਕਿੰਗ ਇੰਸਟੀਚਿਊਟ, ਜਲੰਧਰ ਸ਼ਹਿਰ, ਜੋ 1929 ਤੋਂ ਟਰੇਨਿੰਗ ਦਿੰਦਾ ਹੈ, ਬੰਦ ਕਰ ਦਿਤਾ ਗਿਆ ਹੈ ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ?

ਜਥੇਦਾਰ ਸੋਹਨ ਸਿੰਘ ਜਲਾਲਉਸਮਾਂ: ਗੌਰਮਿੰਟ ਵੁਡ ਵਰਕਿੰਗ ਇੰਸਟੀਚਿਊਟ, ਜਲੰਧਰ ਨੂੰ ਬੰਦ ਕਰਨ ਬਾਰੇ ਫੈਸਲਾ ਕੀਤਾ ਗਿਆ ਹੈ । ਡਿਪਲੋਮਾ ਕੋਰਸ ਦੀਆਂ ਚਲ ਰਹੀਆਂ ਕਲਾਸਾਂ ਨੂੰ ਮੁਕੰਮਲ ਕੀਤਾ ਜਾਵੇਗਾ ਪਰ ਨਵੇਂ ਦਾਖਲੇ ਨਹੀਂ ਕੀਤੇ ਜਾਣਗੇ । ਬਦ ਕਰਨ ਦੇ ਕਾਰਨ ਇਹ ਹਨ ਕਿ ਇਸ ਵਿਚ ਦਾਖਲਾ ਲੈਣ ਵਾਲੇ ਸਿਖਿਆਰਥੀਆਂ ਦੀ ਗਿਣਤੀ, ਮੰਜ਼ੂਰ ਸ਼ੁਦਾ ਸੀਟਾਂ ਤੋਂ ਹਰ ਸਾਲ ਬਹੁਤ ਘੱਟ ਹੁੰਦੀ ਸੀ ਅਤੇ ਜਿਹੜੇ ਥੋੜੇ ਬਹੁਤ ਸਿਖਿਆਰਥੀ ਦਾਖਲ ਹੁੰਦੇ ਸੀ ਉਹ ਕੋਰਸ ਨੂੰ ਅੱਧ-ਵਿਚਾਲੇ ਹੀ ਛੱਡ ਜਾਂਦੇ ਸੀ ਅਤੇ ਜਿਹੜੇ ਪਾਸ ਕਰ ਲੈਂਦੇ ਸੀ ਉਨ੍ਹਾਂ ਨੂੰ ਯੋਗ ਰੋਜ਼ਗਾਰ ਨਹੀਂ ਮਿਲਦਾ ਸੀ।

ADJOURNMENT MOTION

ਸਰਦਾਰ ਅਜਾਇਬ ਸਿੰਘ ਸੰਧੂ: ਆਨ ਏ ਪੁਆਇੰਟ ਆਫ ਆਰਡਰ, ਸਰ । ਮਾਨਯੋਗ ਸਪੀਕਰ ਸਾਹਿਬ, ਮੈਂ ਇਕ ਐਡਜਰਨਮੈਂਟ ਮੋਸ਼ਨ ਇਸ ਸਬੰਧ ਵਿਚ ਦਿਤੀ ਸੀ ਕਿ ਜਿਹੜਾ 9 ਤਾਰੀਖ ਨੂੰ ਪ੍ਰਾਈਮ ਮਨਿਸਟਰ ਸਾਹਿਬ ਦੀ ਸਪੋਰਟ ਲਈ ਦਿੱਲੀ ਵਿਚ ਸਟੂਡੈਂਟਸ ਦਾ, ਨੌਜਵਾਨਾਂ ਦਾ ਸ਼ੋ ਕੀਤਾ ਜਾ ਰਿਹਾ ਹੈ, ਉਸ ਨੂੰ ਤੁਸੀਂ ਰਿਜੈਕਟ ਕਰ ਦਿਤਾ ਹੈ । ਰਿਜੈਕਟ ਕਰਨ ਦੇ ਤੁਸੀਂ ਦੋ ਰੀਜ਼ਨਜ਼ ਦਿਤੇ ਹਨ । ਮੈਂ ਤੁਹਾਡੀ ਇਸ ਦੇ ਬਾਰੇ ਵਿਚ ਰੂਲਿੰਗ ਚਾਹੁੰਦਾ ਹਾਂ....(ਵਿਘਨ) ਮੇਰੀ ਅਰਜ਼ ਤਾਂ ਸੁਣ ਲਓ ਜੀ । ਇਹ ਤੁਸੀਂ ਇਸ ਕਰਕੇ ਰਿਜੈਕਟ ਕਰ ਦਿਤੀ ਕਿ....

'That the Government is not involved in the matter.

Further the matter could have been raised at the earliest opportunity or discussed during the course of discussion on the No Confidence Motion.

ਮੈਂ, ਸਪੀਕਰ ਸਾਹਿਬ, ਇਨ੍ਹਾਂ ਦੋਹਾਂ ਗੱਲਾਂ ਬਾਰੇ ਤੁਹਾਡਾ ਧਿਆਨ ਦਿਵਾਉਣਾ ਹੈ.... (ਵਿਘਨ)

ਮਾਲ ਅਤੇ ਚੋਣ ਮੰਤਰੀ (ਸਰਦਾਰ ਉਮਰਾਓ ਸਿੰਘ): ਸਪੀਕਰ ਸਾਹਿਬ, ਤੁਹਾਡੀ ਰੂਲਿੰਗ ਆ ਗਈ ਹੈ ਅਤੇ ਤੁਹਾਡੀ ਰੂਲਿੰਗ ਤੋਂ ਬਾਅਦ ਕੋਈ ਡਿਸਕਸ਼ਨ ਨਹੀਂ ਹੋ ਸਕਦੀ । (ਵਿਘਨ)

Sardar Ajaib Singh Sandhu: Let me clear.

Mr. Speaker : You cannot discuss this matter. No discussion can be allowed on the ruling.

Original with;
Punjab Vidhan Sabha
Digitized by;
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਇੰਨਾ ਧੱਕਾ ਨਾ ਕਰੋ.... (ਵਿਘਨ)

ਸ਼੍ਰੀ ਸਪੀਕਰ: ਤੁਸੀਂ ਪੁਆਇੰਟ ਆਫ਼ ਆਰਡਰ ਉਠਾ ਕੇ ਇਹ ਗੱਲ ਕਹਿ ਰਹੇ ਹੋ। (ਵਿਘਨ) ਮੈਂ ਡਿਸਕਸ਼ਨ ਅਲਾਓ ਨਹੀਂ ਕਰ ਸਕਦਾ। (ਵਿਘਨ) (You are discussing this thing by raising a point of order. (*Interruption*) I cannot allow discussion.) (*Interruption*)

ਸਰਦਾਰ ਅਜਾਇਬ ਸਿੰਘ ਸੰਧੂ: ਗੱਲ ਕਿਉਂ ਨਹੀਂ ਸੁਣਨੀ। ਤੁਹਾਡੇ ਰੀਜ਼ਨਜ਼ ਠੀਕ ਨਹੀਂ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਤੁਸੀਂ ਮੈਨੂੰ ਸੁਣ ਲਓ। (ਵਿਘਨ) ਧੱਕਾ ਨਾ ਕਰੋ।

ਸ਼੍ਰੀ ਸਪੀਕਰ: ਇਹ ਚੇਅਰ ਤੇ ਐਸਪਰਸ਼ਨ ਹੈ। (*Interruption by Sardar Ajaib Singh Sandhu*) I am on my legs. Hear me first. ਮੈਂ ਇਹ ਅਰਜ਼ ਕਰਨਾ ਚਾਹੁੰਦਾ ਸੀ ਕਿ ਜਿਹੜੀ ਐਡਜਰਨਮੈਂਟ ਮੋਸ਼ਨ ਤੁਸੀਂ ਦਿਤੀ ਹੈ ਉਸ ਦੇ ਬਾਰੇ ਵਿਚ ਮੇਰੀ ਰੂਲਿੰਗ ਤੁਹਾਨੂੰ ਪਹੁੰਚ ਗਈ ਹੈ। ਐਡਜਰਨਮੈਂਟ ਮੋਸ਼ਨ ਇਸ ਕਰਕੇ ਰਿਜੈਕਟ ਹੋ ਗਈ ਹੈ ਕਿ ਨਾ ਤਾਂ ਕੋਈ ਰੀਸੈਂਟ ਅਕਰੈਂਸ ਹੈ ਅਤੇ ਨਾ ਇਸ ਵਾਕਿਆ ਵਿਚ ਗੌਰਮਿੰਟ ਇਨਵਾਲਵਡ ਹੈ। ਇਸ ਕਰਕੇ ਐਡਜਰਨਮੈਂਟ ਮੋਸ਼ਨ ਆਉਣ ਦਾ ਕੋਈ ਮਤਲਬ ਨਹੀਂ (ਵਿਘਨ) (ਸ਼ੋਰ) (It is an aspersion on the Chair. (*Interruption by Sardar Ajaib Singh Sandhu*) I am on my legs. Hear me first. I would like to point out that my ruling on your Adjournment Motion has reached you. That Adjournment Motion has been rejected for the reason that neither it relates to a recent occurrence nor the Government is involved in it. So no Adjournment Motion can be admitted bearing on this topic.) (*Interruption and noise in the House*)

(ਇਸ ਵਕਤ ਆਨਰੇਬਲ ਮੈਂਬਰਜ਼ ਸਰਦਾਰ ਦਰਬਾਰਾ ਸਿੰਘ ਅਤੇ ਸਰਦਾਰ ਅਜਾਇਬ ਸਿੰਘ ਸੰਧੂ ਪੁਆਇੰਟ ਆਫ਼ ਆਰਡਰ ਰੇਜ਼ ਕਰਨ ਲਈ ਖੜੇ ਹੋ ਗਏ। ਸਪੀਕਰ ਸਾਹਿਬ ਨੇ ਸਰਦਾਰ ਦਰਬਾਰਾ ਸਿੰਘ ਨੂੰ ਬੋਲਣ ਦੀ ਇਜਾਜ਼ਤ ਦਿਤੀ)

ਸਰਦਾਰ ਦਰਬਾਰਾ ਸਿੰਘ: ਸਪੀਕਰ ਸਾਹਿਬ, ਮੇਰੀ ਸਬਮਿਸ਼ਨ ਇਹ ਹੈ, ਕੱਲ ਵੀ ਮੈਂ ਸਬਮਿਸ਼ਨ ਕੀਤੀ ਸੀ, ਕਿ ਤੁਸੀਂ ਇਕ ਵਾਰੀ ਰੂਲਿੰਗ ਦੇ ਦਿਤੀ ਫਿਰ ਕਈ ਸੱਜਣ ਪੁਆਇੰਟ ਆਫ਼ ਆਰਡਰ ਰੇਜ਼ ਕਰਕੇ ਡਿਸਕਸ਼ਨ ਸ਼ੁਰੂ ਕਰ ਦਿੰਦੇ ਹਨ। ਤੁਸੀਂ ਪਹਿਲਾਂ ਉਨ੍ਹਾਂ ਨੂੰ ਨਾ ਕਰ ਦਿੰਦੇ ਹੋ ਫਿਰ ਤੁਸੀਂ ਅਲਾਓ ਕਰ ਦਿੰਦੇ ਹੋ। ਇਹ ਸਾਡੇ ਰੂਲਜ਼ ਦੀ ਉਲੰਘਣਾ ਹੈ ਅੰਰ ਇਹ ਪਰੈਕਟਿਸ ਬੰਦ ਹੋਣੀ ਚਾਹੀਦੀ ਹੈ। ਤੁਹਾਡੀ ਰੂਲਿੰਗ ਤੇ ਡਿਸਕਸ਼ਨ ਨਹੀਂ ਹੋਣੀ ਚਾਹੀਦੀ (ਵਿਘਨ)

Original with;
Punjab Vidhan Sabha
Digitized by;
Panjab Digital Library

ਕਾਮਰੇਡ ਸੱਤਪਾਲ ਡਾਂਗ: ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੈਂ ਇਕ ਐਡਜਰਨਮੈਂਟ ਮੋਸ਼ਨ ਦਿਤੀ ਸੀ ਤੁਸੀਂ ਕਿਹਾ ਹੈ ਕਿ ਰੀਸੈਂਟ ਅਕਰੈਂਸ ਨਹੀਂ ਹੈ । (ਵਿਘਨ) ਸਬਮਿਸ਼ਨ ਅਗੇ ਹੁੰਦੀ ਰਹੀ ਹੈ ਅਤੇ ਤੁਸੀਂ ਸੁਣਦੇ ਰਹੇ ਹੋ । ਮੇਰੀ ਵੀ ਸਬਮਿਸ਼ਨ ਸੁਣ ਲਓ । (ਵਿਘਨ) ਸਪੀਕਰ ਸਾਹਿਬ, ਕੱਲ ਤੇ ਪਰਸੋਂ ਸਾਰੇ ਪਜਾਬ ਦੇ ਵਿਚ ਵਿਦਿਆਰਥੀਆਂ ਨੇ ਹੜਤਾਲਾਂ ਕੀਤੀਆਂ, ਜਲਸੇ ਕਢੇ ਗਏ ਹਨ ਸਸਤੀਆਂ ਟੈਕਸਟ ਬੁਕਾਂ ਲਈ....(ਵਿਘਨ)

ਸ਼੍ਰੀ ਸਪੀਕਰ: ਟੈਕਸਟ ਬੁਕਾਂ ਦੀ ਤਾਂ ਬੜੀ ਦੇਰ ਤੋਂ ਗੱਲ ਚਲ ਰਹੀ ਹੈ, ਕੋਈ ਰੀਸੈਂਟ ਅਕਰੈਂਸ ਦਸੋ । (The issue regarding text books is an old one, please quote some recent occurrence.)

ਕਾਮਰੇਡ ਸੱਤਪਾਲ ਡਾਂਗ: ਰੀਸੈਂਟ ਅਕਰੈਂਸ ਹੈ ਜੀ ਕਿ ਹੜਤਾਲਾਂ ਕੱਲ ਤੇ ਪਰਸੋਂ ਹੋਈਆਂ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੋ ਵਿਦਿਆਰਥੀਆਂ ਦੀਆਂ ਮੰਗਾਂ ਹਨ ਉਹ ਮੰਨਣੀਆਂ ਚਾਹੀਦੀਆਂ ਹਨ । ਜੇ ਤੁਸੀਂ ਉਨ੍ਹਾਂ ਨੂੰ ਯੂਨੀਵਰਸਟੀਆਂ ਵਿਚ ਰਿਪਰੈਜ਼ੈਂਟੇਸ਼ਨ ਨਹੀਂ ਦੇਵੋਗੇ, ਉਨ੍ਹਾਂ ਦੀ ਐਜੂਕੇਸ਼ਨ ਸਸਤੀ ਨਹੀਂ ਕਰੋਗੇ ਤਾਂ ਜਿੰਨਾਂ ਮਰਜ਼ੀ ਜ਼ੋਰ ਲਾ ਲਓ ਤੁਹਾਡੇ ਨਾਲ ਉਹ ਨਹੀਂ ਆਉਣਗੇ । ਇਸ ਲਈ, ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਸ ਤੇ ਡਿਸਕਸ਼ਨ ਹੋਣ ਦਿਉ ਕਿ ਵਿਦਿਆਰਥੀਆਂ ਨੇ ਹੜਤਾਲਾਂ ਕਿਉਂ ਕੀਤੀਆਂ ? (ਵਿਘਨ)

ਮਾਲ ਅਤੇ ਚੋਣ ਮੰਤਰੀ (ਸਰਦਾਰ ਉਮਰਾਓ ਸਿੰਘ): ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਤੁਸੀਂ ਆਪਣਾ ਰੂਲਿੰਗ ਐਡਜਰਨਮੈਂਟ ਮੋਸ਼ਨ ਤੇ ਦੇ ਦਿਤਾ ਹੈ ਉਸ ਦੇ ਬਾਅਦ ਤੁਸੀਂ ਡਾਂਗ ਸਾਹਿਬ ਨੂੰ ਕੁਝ ਕਹਿਣ ਦੀ ਇਜਾਜ਼ਤ ਦੇ ਦਿਤੀ । ਜਿਹੜੀ ਇਨ੍ਹਾਂ ਦੀ ਐਡਜਰਨਮੈਂਟ ਮੋਸ਼ਨ ਆਈ ਹੈ ਉਹ ਮੈਂ ਸਪੀਕਰ ਸਾਹਿਬ, ਪੜ੍ਹ ਕੇ ਬੜਾ ਹੈਰਾਨ ਹੋਇਆ ਕਿ ਡਾਂਗ ਸਾਹਿਬ ਤੇ ਜੋਸ਼ ਸਾਹਿਬ ਇਤਨੇ ਪੁਰਾਣੇ ਤੇ ਸਿਆਣੇ ਪਾਰਲੀਮੈਂਟੇਰੀਅਨ ਹਨ ਇਨ੍ਹਾਂ ਨੇ ਐਡਜਰਨਮੈਂਟ ਮੋਸ਼ਨ ਦੇਣ ਲਗਿਆਂ ਕੋਈ ਰੂਲ ਨਜ਼ਰ ਵਿਚ ਨਹੀਂ ਰਖਿਆ ।

ਕਮਿਉਨਿਸਟ ਪਾਰਟੀ ਵਲੋਂ ਆਵਾਜ਼ਾਂ: ਵਾਹ, ਵਾਹ ।

ਮਾਲ ਅਤੇ ਚੋਣ ਮੰਤਰੀ: ਜਿਹੜੀ ਐਡਜਰਨਮੈਂਟ ਮੋਸ਼ਨ ਹੈ ਉਹ ਇਕ ਸਬਜੈਕਟ ਤੇ ਹੋਣੀ ਚਾਹੀਦੀ ਹੈ । ਇਸ ਦੇ ਬਾਰੇ ਰੂਲਜ਼ ਬੜੇ ਕਲੀਅਰ ਹਨ ਕਿ ਐਡਜਰਨਮੈਂਟ ਮੋਸ਼ਨ ਇਕ ਸਬਜੈਕਟ ਤੇ ਹੀ ਹੋਣੀ ਚਾਹੀਦੀ ਹੈ ਅੰਰ ਅਰਜੈਂਟ ਮੈਟਰ ਹੋਣਾ ਚਾਹੀਦਾ ਹੈ । ਇਹ ਮੋਸ਼ਨ ਗਲਤ ਦਿੰਦੇ ਹਨ ਅੰਰ ਫਿਰ ਉਸ ਤੇ ਡਿਸਿਸਟ ਕਰਦੇ ਹਨ । (ਵਿਘਨ)

ਸ਼੍ਰੀ ਸਪੀਕਰ: ਉਹ ਰਿਜੈਕਟ ਹੋ ਗਈ ਹੈ, ਤੁਸੀਂ ਤਸ਼ਰੀਫ਼ ਰਖੋ । (ਵਿਘਨ) (That has been rejected, please resume your seat.) *(Interruptions)*

Original with;
Punjab Vidhan Sabha
Digitized by;
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ: ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜਦੋਂ ਤੁਸੀਂ ਕੋਈ ਐਡਜਰਨਮੈਂਟ ਮੋਸ਼ਨ ਰਿਜੈਕਟ ਕਰਦੇ ਹੋ ਤਾਂ ਤੁਸੀਂ ਸਾਨੂੰ ਸੁਣਦੇ ਹੋ । ਅੱਜ ਮੈਨੂੰ ਪਤਾ ਨਹੀਂ ਤੁਸੀਂ ਇਤਨੇ ਕਾਹਲੇ ਕਿਉਂ ਹੋ ਗਏ ਹੋ । ਸਪੀਕਰ ਸਾਹਿਬ, ਤੁਸੀਂ ਕਿਹਾ ਹੈ ਕਿ ਪੰਜਾਬ ਸਰਕਾਰ ਇਸ ਦੇ ਵਿਚ ਇਨਵਾਲਵਡ ਨਹੀਂ । ਤੁਹਾਨੂੰ ਪਤਾ ਹੈ ਕਿ ਪਹਿਲਾਂ ਅਸੈਂਬਲੀ 9 ਤਾਰੀਖ ਤਕ ਸੀ ਔਰ ਇਥੇ ਸਾਡੇ ਸਾਹਮਣੇ ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਅਸੀਂ ਮੁੰਡੇ ਦਿਲੀ ਲੈ ਕੇ ਜਾਣੇ ਹਨ । (ਵਿਘਨ) ਜਦੋਂ ਗੌਰਮਿੰਟ ਸਾਰੀ ਜਾ ਰਹੀ ਹੈ ਤਾਂ ਗੌਰਮਿੰਟ ਇਨਵਾਲਵਡ ਕਿਉਂ ਨਹੀਂ ? (ਵਿਘਨ)

ਸ਼੍ਰੀ ਸਪੀਕਰ: ਇਨਡਵੀਜੂਅਲ ਕੋਈ ਵੀ ਜਾ ਸਕਦਾ ਹੈ, ਇਹ ਗੌਰਮਿੰਟ ਬਿਜ਼ਨਸ ਨਹੀਂ ਹੈ । (It is not a Government business, anyone can go in one's individual capacity.)

ਸਰਦਾਰ ਅਜਾਇਬ ਸਿੰਘ ਸੰਧੂ: ਪਹਿਲਾਂ ਸੈਸ਼ਨ 9 ਤਾਰੀਖ਼ ਤਕ ਸੀ । ਕੱਲ ਇਨ੍ਹਾਂ ਨੇ ਫੈਸਲਾ ਕੀਤਾ ਹੈ....(ਵਿਘਨ)

ਸ਼੍ਰੀ ਸਪੀਕਰ: ਅੱਜ ਐਪਰੋਪ੍ਰੀਏਸ਼ਨ ਬਿਲ ਤੇ ਡਿਸਕਸ਼ਨ ਹੋਣੀ ਹੈ, ਉਸ ਦੌਰਾਨ ਤੁਸੀਂ ਕੋਈ ਇਸ਼ੂ ਉਠਾ ਸਕਦੇ ਹੋ । (Appropriation Bill will be discussed today and you can raise any issue during that discussion.)

ਸਰਦਾਰ ਅਜਾਇਬ ਸਿੰਘ ਸੰਧੂ: ਪੰਜਾਬ ਸਰਕਾਰ 10 ਲੱਖ ਰੁਪਿਆ ਖਰਚ ਕਰ ਰਹੀ ਹੈ....

Mr. Speker : Please resume your seat.

ਸਰਦਾਰ ਅਜਾਇਬ ਸਿੰਘ ਸੰਧੂ: ਰਿਜ਼ਯੂਮ ਕਾਹਦੇ ਲਈ ਸੀਟ ਕਰੀਏ । (ਵਿਘਨ) (ਸ਼ੋਰ) ਹਿੰਦੁਸਤਾਨ ਦੀ ਪ੍ਰਾਈਮ ਮਨਿਸਟਰ ਨੂੰ ਸ਼ੋ ਕਰਨਾ ਚਾਹੁੰਦੇ ਹਨ ..(ਵਿਘਨ) (ਸ਼ੋਰ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਆਨ ਏ ਪੁਆਇੰਟ ਆਫ਼ ਆਰਡਰ ਪਰਸਨਲ ਐਕਸਪਲੇਨੇਸ਼ਨ, ਸਰ ।

ਸ੍ਰੀ ਸਪੀਕਰ: ਜੋਸ਼ ਸਾਹਿਬ ਤੁਹਾਡੀ ਪਰਸਨਲ ਐਕਸਪਲੇਨੇਸ਼ਨ ਕੋਈ ਬਣਦੀ ਨਹੀਂ (ਵਿਘਨ) ਤਸ਼ਰੀਫ ਰਖੋ । ਉਨ੍ਹਾਂ ਨੇ ਕੋਈ ਐਸੀ ਗੱਲ ਨਹੀਂ ਕਹੀ (Josh Sahib, there is no issue which needs your personal explanation. (*Interruption*) Please resume your seat. He has not referred to any such matter.)

(ਇਸ ਵਕਤ ਡਾਕਟਰ ਅਮੀਰ ਸਿੰਘ ਕੱਲਕਟ ਪੁਆਇੰਟ ਆਫ਼ ਆਰਡਰ ਰੇਜ਼ ਕਰਨ ਲਈ ਖੜੇ ਹੋਏ)

Original with;
Punjab Vidhan Sabha
Digitized by;
Panjab Digital Library

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਅਸੀਂ ਇਕ ਅਡਜਰਨਮੈਂਟ ਮੋਸ਼ਨ ਵਿਦਿਆਰਥੀਆਂ ਦੇ ਸਬੰਧ ਵਿਚ ਦਿਤੀ, ਉਹ ਤੁਸੀਂ ਦੋ ਗਰਾਊਂਡਜ਼ ਤੇ ਰਿਜੈਕਟ ਕਰ ਦਿਤੀ ਹੈ। ਇਕ ਤੁਸੀਂ ਇਹ ਕਿਹਾ ਹੈ ਕਿ ਰੀਸੈਂਟ ਅਕਰੈਂਸ ਨਹੀਂ ਅਤੇ ਦੂਸਰਾ ਕਿਹਾ ਹੈ ਕਿ ਨੋ-ਕਾਂਫੀਡੈਂਸ ਮੋਸ਼ਨ ਵੇਲੇ ਡਿਸਕਸ ਕਰ ਲੈਣਾ ਸੀ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਵਿਦਿਆਰਥੀਆਂ ਨੇ 5-6 ਤਾਰੀਖ ਨੂੰ ਰੈਲੀਆਂ ਕੀਤੀਆਂ ਹਨ....(ਵਿਘਨ)

ਸ਼੍ਰੀ ਸਪੀਕਰ: ਜੋਸ਼ ਸਾਹਿਬ, ਜੋ ਕੁਝ ਡਾਂਗ ਸਾਹਿਬ ਨੇ ਕਿਹਾ ਹੈ ਉਹ ਤੁਸੀਂ ਰਿਪੀਟ ਕਰ ਰਹੇ ਹੋ। (ਵਿਘਨ) I have rejected that motion. No discussion can be allowed. (josh Sahib, you are repeating what Comrade Satya Pal Dang has said (*Interruption*) I have rejected that motion. No discussion can be allowed.)

WALK-OUT(S)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: * * * (ਵਿਘਨ) (ਸ਼ੋਰ)

(ਇਸ ਵਕਤ ਕਮਿਊਨਿਸਟ ਪਾਰਟੀ ਦੇ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਨਾਹਰੇ ਲਾਉਂਦੇ ਹੋਏ ਵਾਕ ਆਊਟ ਕਰ ਗਏ)

ਸ਼੍ਰੀ ਸਪੀਕਰ: ਜੋ ਕੁਝ ਨਾਹਰੇ ਲਗਾਏ ਜਾਂ ਰਹੇ ਹਨ ਇਹ ਰੀਕਾਰਡ ਨਾ ਕੀਤੇ ਜਾਣ। ਜੋ ਕੁਝ ਜੋਸ਼ ਸਾਹਿਬ ਨੇ ਵਿਦਆਊਟ ਦੀ ਪ੍ਰਮਿਸ਼ਨ ਆਫ਼ ਦੀ ਚੇਅਰ ਕਿਹਾ ਹੈ ਇਹ ਐਕਸਪੰਜ ਕਰ ਦਿਤਾ ਜਾਵੇ। (The Slogans being raised should not be recorded. Whatever the hon. Member Comrade Shamsher Singh Josh has said without the permission of the Chair, should be expunged.)

ਡਾਕਟਰ ਅਮੀਰ ਸਿੰਘ ਕਲਕਟ: ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਆਰਡਰ।

ਸ਼੍ਰੀ ਸਪੀਕਰ: ਡਾਕਟਰ ਸਾਹਿਬ, ਤੁਸੀਂ ਬੈਠੋ (ਵਿਘਨ) (Dr. Sahib, please resume your seat) (*Interruption*)

ਮਾਸਟਰ ਚੰਦ ਸਿੰਘ: ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਆਰਡਰ, (ਵਿਘਨ)

ਸ਼੍ਰੀ ਸਪੀਕਰ: ਚੋਪੜਾ ਜੀ ਤੁਸੀਂ ਤਸ਼ਰੀਫ ਰਖੋ (ਵਿਘਨ) (Chopra Ji, please resume your seat.) (*Interruption*).

(ਇਸ ਸਮੇਂ ਮਾਸਟਰ ਚੰਦ ਸਿੰਘ ਬਗੈਰ ਪਰਮਿਸ਼ਨ ਤੋਂ ਕੁਝ ਬੋਲ ਰਹੇ ਸਨ ਜੋ ਹਾਊਸ ਵਿਚ ਜ਼ਿਆਦਾ ਸ਼ੋਰ ਹੋਣ ਕਾਰਨ ਸੁਣਾਈ ਨਹੀਂ ਸੀ ਦੇ ਰਿਹਾ * * *)

*Not recorded/Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ: ਇਹ ਜੋ ਕੁਝ ਬਗੈਰ ਪਰਮਿਸ਼ਨ ਬੋਲ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ (Whatever the hon. Member is saying without the permission of the Chair should not be recorded.)

ਮਾਸਟਰ ਚੰਦ ਸਿੰਘ: ਸਪੀਕਰ ਸਾਹਿਬ, ਮੈਂ ਅੱਜ ਏ ਪਰੋਟੈਸਟ ਵਾਕ ਆਊਟ ਕਰਦਾ ਹਾਂ ।

(ਇਸ ਸਮੇਂ ਮਾਸਟਰ ਚੰਦ ਸਿੰਘ ਜੀ ਵਾਕ ਆਊਟ ਕਰਕੇ ਹਾਊਸ ਤੋਂ ਬਾਹਰ ਚਲੇ ਗਏ ।)

ADJOURNMENT MOTION (RESUMPTION)

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਸਪੀਕਰ ਸਾਹਿਬ, ਅਸੀਂ ਜੋ ਐਡਜਰਨਮੈਂਟ ਮੋਸ਼ਨ ਦਿਤੀ ਹੈ ਉਹ ਤੁਸੀਂ ਰਿਜੈਕਟ ਕਰ ਦਿਤੀ ਹੈ । ਮੈਂ ਸਮਝਦਾ ਹਾਂ ਕਿ ਜਿਹੜੇ ਰੀਜ਼ਨਜ਼ ਤੁਸੀਂ ਰਿਜੈਕਟ ਕਰਨ ਦੇ ਦਿਤੇ ਹਨ ਉਹ ਠੀਕ ਨਹੀਂ ਹਨ ....

ਸ਼੍ਰੀ ਸਪੀਕਰ: ਇਹ ਚੇਅਰ ਤੇ ਅਸਪਰਸ਼ਨ ਹੈ ....(It is an aspersion on the Chair.)

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਸਪੀਕਰ ਸਾਹਿਬ, ਸਾਰਿਆਂ ਦੀਆਂ ਡਿਊਟੀਆਂ ਲਗੀਆਂ ਹਨ ਕਿ ਕਾਲਜਾਂ ਦੇ ਮੁੰਡੇ ਲੈ ਕੇ ਚਲੋ ਅਤੇ ਮੈਨੂੰ ਪਤਾ ਹੈ ਕਿ ਸਾਡੇ ਆਨਰੇਬਲ ਸਪੀਕਰ ਸਾਹਿਬ ਦੀ ਵੀ ਡਿਊਟੀ ਲਗੀ ਹੈ । (ਵਿਘਨ)

ਸ਼੍ਰੀ ਸਪੀਕਰ: ਕੋਈ ਇੰਡੀਵਿਜੂਅੱਲ ਕਪੈਸਿਟੀ ਵਿਚ ਭਾਵੇਂ ਜਾਵੇ ਜਾਂ ਨਾ ਜਾਵੇ । ਮੇਰੀ ਡਿਊਟੀ ਕੋਈ ਨਹੀਂ ਲਗੀ । (ਵਿਘਨ) (Any hon. Member can go there in his individual capacity. But I have not been given any duty in this connection.) (*Interruption*)

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਮੈਨੂੰ ਇਸ ਚੀਜ਼ ਦਾ ਪਤਾ ਹੈ ....

ਸ਼੍ਰੀ ਸਪੀਕਰ: ਤੁਸੀਂ ਐਪਰੋਪ੍ਰੀਏਸ਼ਨ ਬਿੱਲ ਤੇ ਬੋਲ ਲੈਣਾ (ਵਿਘਨ) (You may please refer to it while speaking on the Appropriation Bill.)

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਸਪੀਕਰ ਸਾਹਿਬ, ਜਦੋਂ ਐਪਰੋਪ੍ਰੀਏਸ਼ਨ ਬਿਲ ਆਉਂਦਾ ਹੈ ਤਾਂ ਤੁਸੀਂ ਕਹਿ ਦਿੰਦੇ ਹੋ ਕਿ 3 ਆਈਟਮਜ਼ ਹਨ ਅਤੇ 15 ਮਿੰਟ ਬੋਲਣਾ ਹੈ ਅੱਰ ਇਨ੍ਹਾਂ ਆਈਟਮਜ਼ ਤੋਂ ਇਧਰ ਉਧਰ ਨਹੀਂ ਜਾ ਸਕਦੇ । ਇਹ ਬੜਾ ਇੰਪਾਰਟੈਂਟ ਇਸ਼ੂ ਹੈ । ਇਸ ਤੇ ਡਿਸਕਸ਼ਨ ਵਾਸਤੇ ਕੋਈ ਟਾਈਮ ਮੁਕਰੱਰ ਕਰ ਦਿਓ ।

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ): ਸਪੀਕਰ ਸਾਹਿਬ, ਵਿਰੋਧੀ ਦੱਲ ਦੇ ਨੇਤ

Original with;
Punjab Vidhan Sabha
Digitized by;
Panjab Digital Library

ਨੇ ਇਸ ਮਾਮਲੇ ਨੂੰ ਕਿਹਾ ਹੈ ਕਿ ਬੜਾ ਸੀਰੀਅੱਸ ਹੈ । ਮੈਂ ਤੁਹਾਡੀ ਮਾਰਫ਼ਤ ਕਹਿਣਾ ਚਾਹੁੰਦਾ ਹਾਂ :

"ਚੌਹਦਵੀਂ ਕਾ ਚਾਂਦ ਹੋ ਯਾ ਆਫਤਾਬ ਹੋ,
ਜੋ ਕੁੱਛ ਭੀ ਹੋ ਖ਼ੁਦਾ ਕੀ ਕਸਮ ਲਾ ਜਵਾਬ ਹੋ" ।

ਪਤਾ ਨਹੀਂ ਇਸ ਗੱਲ ਨੂੰ ਇਨ੍ਹਾਂ ਨੇ ਕਿਉਂ ਇਤਨੀ ਮਹਾਨਤਾ ਦੇ ਦਿਤੀ ਹੈ....

ਸਰਦਾਰ ਅਜਾਇਬ ਸਿੰਘ ਸੰਧੂ: ਅੱਜ ਇਨ੍ਹਾਂ ਦੀ ਤਬੀਅਤ ਆਸ਼ਕਾਨਾ ਹੋ ਗਈ ਹੈ....।

ਮੁੱਖ ਮੰਤਰੀ: ਮੈਂ ਬਾਦਲ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਡੈਮੋਕਰੈਟਿਕ ਅਸੂਲਾਂ ਦੇ ਮੁਤਾਬਕ ਜੇ ਕੋਈ ਵਜ਼ੀਰ ਬਣ ਜਾਏ ਤਾਂ ਉਹ ਆਪਣੀ ਪਾਰਟੀ ਦਾ ਮੈਂਬਰ ਵੀ ਹੁੰਦਾ ਹੈ ਅੱਤੇ ਉਸ ਨੂੰ ਆਪਣੀ ਪਾਰਟੀ ਦਾ ਆਰਡਰ ਮੰਨਣਾ ਪੈਂਦਾ ਹੈ। ਇਹ ਵੀ ਆਪਣੀ ਪਾਰਟੀ ਦੇ ਮੈਂਬਰ ਹਨ ਅਤੇ ਮੈਂ ਵੀ ਕਾਂਗਰਸ ਪਾਰਟੀ ਦਾ ਮੈਂਬਰ ਹਾਂ । ਜੋ ਕਾਂਗਰਸ ਪਾਰਟੀ ਦੇ ਨਾਲ ਐਫੀਲੀਏਟਿਡ ਯੂਥ ਕਾਂਗਰਸ ਹੈ ਉਸ ਦੇ ਜਨਰਲ ਸੈਕਟਰੀ ਨੇ ਕਿਹਾ ਹੈ ਕਿ ਉਥੇ ਯੂਥ ਰੈਲੀ ਹੋ ਰਹੀ ਹੈ ਤੁਹਾਨੂੰ ਪਹੁੰਚਣਾ ਚਾਹੀਦਾ ਹੈ । ਪਰਦੇਸ਼ ਕਾਂਗਰਸ ਦਾ ਇਹ ਹੁਕਮ ਹੈ ਕਿ ਤੁਸੀਂ ਕੁਇਟ ਇੰਡੀਆ ਮੂਵਮੈਂਟ ਵਾਲੇ ਦਿਨ ਹੀ ਯਾਦ ਕਰਾਉਣ ਲਈ ਦਿਲੀ ਵਿਚ ਪਹੁੰਚੋ, ਜਿੰਨੇ ਵੀ ਪਹੁੰਚ ਸਕਦੇ ਹੋ । ਅੱਤੇ ਮੈਂ ਸਾਰੇ ਮਨਿਸਟਰਜ਼ ਨੂੰ ਕਿਹਾ ਹੈ ਕਿ ਆਪਣੀਆਂ ਪ੍ਰਾਈਵੇਟ ਕਾਰਾਂ ਤੇ ਜਾਓ ਅੱਤੇ ਕੋਈ ਭੱਤਾ ਨਹੀਂ ਮਿਲੇਗਾ । ਜੇਕਰ ਕੋਈ ਪ੍ਰਾਈਵੇਟ ਕਾਰ ਨਹੀਂ ਲਿਜਾ ਸਕਦਾ ਅੱਤੇ ਜੇ ਸਰਕਾਰੀ ਕਾਰ ਲਿਜਾਏਗਾ ਤਾਂ ਉਸ ਨੂੰ ਕਰਾਇਆ ਦੇਣਾ ਪਵੇਗਾ । ਜੇਕਰ 9 ਤਾਰੀਖ਼ ਨੂੰ ਕਿਸੇ ਮਨਿਸਟਰ ਦਾ ਉਥੇ ਆਫੀਸ਼ਲ ਕੰਮ ਵੀ ਹਵੇ ਤਾਂ ਵੀ ਉਸ ਨੂੰ ਆਉਣ ਜਾਣ ਦਾ ਕੋਈ ਭੱਤਾ ਨਹੀਂ ਮਿਲੇਗਾ । ਮਹਿਜ਼ ਉਥੇ ਆਰਗੇਨਾਈਜ਼ੇਸ਼ਨ ਦਾ ਕੰਮ ਹੈ । ਬਾਦਲ ਸਾਹਿਬ ਤੁਸੀਂ ਜ਼ਰਾ ਠੰਡੇ ਦਿਲ ਨਾਲ ਸੋਚੋ। ਤੁਸੀਂ ਵੀ ਦਿਲੀ ਵਿਚ ਕਈ ਜਲੂਸ ਕਢੇ ਹਨ ਅੱਤੇ ਸਾਨੂੰ ਵੀ ਕਢਣ ਦਿਉ । ਬਜ਼ੁਰਗਾਂ ਦੀਆਂ ਰਿਵਾਇਤਾਂ ਨੂੰ ਕਾਇਮ ਰਖੋ। ਤੁਸੀਂ ਜਿਤਨਾ ਰੌਲਾ ਪਾ ਲਿਆ ਹੈ ਠੀਕ ਹੈ ।

ਸਰਦਾਰ ਬਸੰਤ ਸਿੰਘ ਖਾਲਸਾ: * * *

ਸ਼੍ਰੀ ਸਪੀਕਰ: ਜੋ ਕੁਝ ਇਹ ਕਹਿ ਰਹੇ ਹਨ ਰਿਕਾਰਡ ਨਾ ਕੀਤਾ ਜਾਵੇ । (Whatever the hon. Member is saying should not be recorded.)

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਗਿਆਨੀ ਜੀ ਨੇ ਪਹਿਲਾਂ ਜਿਹੜਾ ਸ਼ੇਅਰ ਪੜ੍ਹਿਆ ਸੀ ਨਾਮ ਮੇਰਾ ਲਿਆ ਸੀ ਪਤਾ ਨਹੀਂ ਇਸ਼ਾਰਾ ਕਿੱਧਰ ਸੀ....

ਸ਼੍ਰੀ ਸਪੀਕਰ: ਇਸ਼ਾਰਾ ਤੁਹਾਡੀ ਸ਼ਖ਼ਸੀਅੱਤ ਵੱਲ ਸੀ । (He has referred to your personality.)

---

*Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਨਹੀਂ ਜੀ ਮੇਰੀ ਸ਼ਖਸੀਅੱਤ ਵੱਲ ਨਹੀਂ ਸੀ। ਸਪੀਕਰ ਸਾਹਿਬ, ਮੈਨੂੰ ਦੇਖ ਕੇ ਤਾਂ ਇਨ੍ਹਾਂ ਨੂੰ ਕੋਈ ਚੱਜ ਦਾ ਸ਼ੇਅਰ ਆਉਂਦਾ ਹੀ ਨਹੀਂ....

ਸਪੀਕਰ ਸਾਹਿਬ, ਜਿਹੜੇ ਤੁਸੀਂ ਰੀਜ਼ਨਜ਼ ਦਿਤੇ ਸੀ ਉਹ ਉਲਟੇ ਦਿਤੇ। ਉਥੇ ਮਨਿਸਟਰ ਜਾਣਗੇ ਪਰ ਪ੍ਰਾਈਵੇਟ ਕਾਰਾਂ ਵਿਚ, ਲੇਕਿਨ ਉਨ੍ਹਾਂ ਦੀਆਂ ਡਿਊਟੀਆਂ ਲਗ ਗਈਆਂ ਹਨ। ਜੇ ਕਰ ਮਨਿਸਟਰਜ਼ ਦੀਆਂ ਡਿਊਟੀਆਂ ਨਾ ਲਗਦੀਆਂ ਤਾਂ ਇਕ ਇਕ ਟਰਾਂਸਪੋਰਟ ਦੀਆਂ 30-30 ਬੱਸਾਂ ਕਿਸ ਤਰ੍ਹਾਂ ਮਿਲ ਜਾਂਦੀਆਂ ? ਅਸੀਂ ਬੜੇ ਹੈਰਾਨ ਹਾਂ ਕਿ ਸਾਰੀਆਂ ਟਰਾਂਸਪੋਰਟ ਦੀਆਂ ਬਸਾਂ ਜਾ ਰਹੀਆਂ ਹਨ। ਇਥੇ ਲੋਕਾਂ ਦੇ ਆਵਾਜਾਈ ਦੇ ਸਾਧਨ ਸਾਰੇ ਦਰਹਮ ਬਰਹਮ ਹੋ ਜਾਣਗੇ। ਲੋਕ ਕਚਹਿਰੀਆਂ ਵਿਚ ਨਹੀਂ ਪਹੁੰਚ ਸਕਣਗੇ ਅਤੇ ਆਪਣੇ ਹੋਰ ਜ਼ਰੂਰੀ ਕਾਰੋਬਾਰ ਤੋਂ ਰਹਿ ਜਾਣਗੇ। ਸਾਰੀ ਸਰਕਾਰੀ ਮਸ਼ੀਨਰੀ ਇਸ ਪਾਸੇ ਲਗੀ ਹੋਈ ਹੈ। ਸਾਰੇ ਜ਼ਿਲ੍ਹਿਆਂ ਵਿਚ ਡਿਪਟੀ ਕਮਿਸ਼ਨਰਾਂ ਦੀਆਂ ਡਿਊਟੀਆਂ ਲਾਈਆਂ ਗਈਆਂ ਹਨ। ਸਾਰੇ ਪੰਜਾਬ ਵਿਚ ਲਾਅ ਐਂਡ ਆਰਡਰ ਅਗੇ ਹੀ ਖ਼ਤਮ ਹੈ, ਇਨ੍ਹਾਂ ਦਿਨਾਂ ਵਿਚ ਹੋਰ ਵੀ ਖਤਮ ਹੋ ਜਾਏਗਾ। ਇਹ ਬੜਾ ਇੰਪਾਰਟੈਂਟ ਮਸਲਾ ਹੈ ਇਸ ਤੇ ਡਿਸਕਸ਼ਨ ਲਈ ਟਾਈਮ ਮਿਲਣਾ ਚਾਹੀਦਾ ਹੈ।

ਸ਼੍ਰੀ ਸਪੀਕਰ: ਤੁਸੀਂ ਐਪਰੋਪ੍ਰੀਏਸ਼ਨ ਬਿਲ ਤੇ ਬੋਲ ਲੈਣਾ। (You may please refer to it while speaking on the Appropriation Bill.)

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਉਸ ਵਕਤ ਤੁਸੀਂ ਕਹਿ ਦੇਣਾ ਹੈ ਕਿ ਸਿਰਫ ਅੱਧਾ ਘੰਟਾ ਬੋਲਣਾ ਹੈ। ਤੁਸੀਂ ਇਸ ਦੇ ਲਈ ਟਾਈਮ ਰਖ ਲਵੋ।

ਸਰਦਾਰ ਜਸਦੇਵ ਸਿੰਘ ਸੰਧੂ: ਆਨ ਏ ਪੁਆਇੰਟ ਆਫ਼ ਆਰਡਰ, ਸਰ।

ਸ਼੍ਰੀ ਸਪੀਕਰ: ਪਹਿਲਾਂ ਗਿਆਨੀ ਜੀ ਨੂੰ ਸੁਣ ਲਵੋ। (Please first listen to Giani Ji.)

ਸਰਦਾਰ ਅਜਾਇਬ ਸਿੰਘ ਸੰਧੂ: ਸੀ.ਐਮ. ਸਾਹਿਬ ਇਤਨੇ ਵਿਚ ਸ਼ੇਅਰ ਯਾਦ ਕਰ ਲੈਂਦੇ ਹਨ ਅਤੇ ਇਤਨੇ ਵਿਚ ਇਹ ਬੋਲ ਲੈਂਦੇ ਹਨ....

ਮਾਲ ਅਤੇ ਚੋਣ ਮੰਤਰੀ: ਦੋਹਾਂ ਸੰਧੂਆਂ ਨੇ ਢਾਡੀ ਜੱਥਾ ਬਣਾ ਲਿਆ ਹੈ.... (ਹਾਸਾ)

ਮੁੱਖ ਮੰਤਰੀ: ਸਪੀਕਰ ਸਾਹਿਬ, ਜੋ ਸੰਧੂ ਸਾਹਿਬ ਨੇ ਐਡਜਰਨਮੈਂਟ ਮੋਸ਼ਨ ਦਿਤੀ ਸੀ ਭਾਵੇਂ ਉਹ ਡਿਸਅਲਾਓ ਹੋ ਗਈ ਹੈ ਪਰ ਉਸ ਤੇ ਡਿਸਕਸ਼ਨ ਹੋ ਗਈ ਹੈ। ਦੋ ਤਕਰੀਰਾਂ ਲੀਡਰ ਆਫ਼ ਦੀ ਅਪੋਜ਼ੀਸ਼ਨ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਕਰ ਲਈਆਂ ਹਨ।

ਸਪੀਕਰ ਸਾਹਿਬ, ਇਨ੍ਹਾਂ ਨੂੰ ਕਿਉਂ ਡਾਊਟ ਹੋ ਗਿਆ ਹੈ ਕਿ ਇਨ੍ਹਾਂ ਦੀ ਸ਼ਖਸੀਅੱਤ ਤੇ ਇਹੋ ਜਿਹਾ ਸ਼ੇਅਰ ਨਹੀਂ ਹੋ ਸਕਦਾ। ਮੈਂ ਤਾਂ ਪਿਆਰ ਵਿਚ ਇਨ੍ਹਾਂ ਨੂੰ ਕਿਹਾ ਸੀ ਅਤੇ ਤੁਹਾਡੀ ਮਾਰਫਤ ਕਿਹਾ ਸੀ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ: ਮੈਂ ਵੀ ਐਂਡੋਰਸ ਕੀਤਾ ਹੈ.... (I have also endorsed it.)

ਮੁੱਖ ਮੰਤਰੀ: ਸਪੀਕਰ ਸਾਹਿਬ, ਅਸੀਂ ਇਕੋ ਜ਼ਿਲ੍ਹੇ ਦੇ ਹਾਂ ਅਸੀਂ ਇਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਹਾਂ। ਸਰਦਾਰ ਜੀ ਬਿਲਕੁਲ ਸ਼ਕ ਨਾ ਕਰਿਆ ਕਰੋ, ਤੁਸੀਂ ਬਹੁਤ ਸੁੰਦਰ ਹੋ। (ਹਾਸਾ)

ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਇਹ ਕਿਹਾ ਹੈ ਕਿ ਡਿਊਟੀਆਂ ਲਗੀਆਂ ਹਨ। ਮੈਂ ਦਸਦਾ ਹਾਂ ਕਿ ਡਿਊਟੀਆਂ ਸਰਕਾਰ ਨੇ ਕਿਸੇ ਦੀਆਂ ਨਹੀਂ ਲਗਾਈਆਂ। ਡਿਊਟੀਆਂ ਪਾਰਟੀਆਂ ਨੇ ਲਗਾਈਆਂ ਹਨ ਔਰ ਇਕਲੇ ਮਨਿਸਟਰਜ਼ ਦੀਆਂ ਨਹੀਂ ਲਗਾਈਆਂ ਬਲਕਿ ਜਿਹੜੇ ਪੀ. ਸੀ. ਸੀ. ਦੇ ਮੈਂਬਰ ਹਨ ਅਤੇ ਜਿਹੜੇ ਡੀ. ਸੀ. ਸੀ. ਦੇ ਪ੍ਰਧਾਨ ਹਨ ਉਨ੍ਹਾਂ ਦੀਆਂ ਵੀ ਲਾਈਆਂ ਹਨ ਕਿ ਉਹ ਵੀ ਉਥੇ ਪਹੁੰਚਣ ਔਰ ਜਿੰਨੇ ਵੀ ਕੰਪਨੀਆਂ ਵਾਲੇ ਬਸਾਂ ਲਿਜਾ ਰਹੇ ਹਨ ਉਹ ਆਪਣੇ ਉਤਸ਼ਾਹ ਨਾਲ ਲਿਜਾ ਰਹੇ ਹਨ।

ਆਵਾਜ਼ਾਂ: ਗਲਤ ਗੱਲ ਹੈ। ਸਾਰੇ ਜ਼ਿਲ੍ਹਿਆਂ ਵਿਚ ਚਿੱਠੀਆਂ ਗਈਆਂ ਹਨ....(ਵਿਘਨ)

ਮੁੱਖ ਮੰਤਰੀ: ਸਪੀਕਰ ਸਾਹਿਬ, ਅਸੀਂ ਸਰਕਾਰੀ ਤੌਰ ਤੇ ਕਿਸੇ ਨੂੰ ਕੋਈ ਹਿਦਾਇਤਾਂ ਜਾਰੀ ਨਹੀਂ ਕੀਤੀਆਂ। ਇਸ ਗੱਲ ਦਾ ਸਬੂਤ ਇਹ ਹੈ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਢਬਵਾਲੀ ਟਰਾਂਸਪੋਰਟ ਕੰਪਨੀ ਹੈ। ਇਹ ਕੰਪਨੀ ਨੂੰ ਪੁੱਛ ਸਕਦੇ ਹਨ ਕਿ ਕੀ ਉਨ੍ਹਾਂ ਕੋਲ ਕੋਈ ਆਰਡਰ ਗਏ ਹਨ ? ਜੇ ਉਹ ਕੰਪਨੀ ਇਨ੍ਹਾਂ ਇਕੱਲਿਆਂ ਦੀ ਹੈ ਤਾਂ ਉਸ ਕੰਪਨੀ ਦੀਆਂ ਬਸਾਂ ਨਹੀਂ ਜਾਣਗੀਆਂ ਅਤੇ ਜੇ ਕਰ ਉਸ ਕੰਪਨੀ ਵਿਚ ਕੋਈ ਕਾਂਗਰਸੀ ਹੋਣਗੇ ਤਾਂ ਉਹ ਆਪਣੀ ਮਰਜ਼ੀ ਨਾਲ ਜ਼ਰੂਰ ਬਸਾਂ ਲਿਜਾਣਗੇ ਉਨ੍ਹਾਂ ਦੀ ਆਪਣੀ ਚੀਜ਼ ਹੈ, ਉਹ ਵਰਤ ਸਕਦੇ ਹਨ। ਮੈਂ ਕਹਿੰਦਾ ਹਾਂ ਕਿ ਕੋਈ ਸਰਕਾਰੀ ਮਸ਼ੀਨਰੀ ਨਹੀਂ ਵਰਤੀ ਜਾ ਰਹੀ ਹੈ। ਅਗਰ ਕੋਈ ਆਪਣੀ ਮਰਜ਼ੀ ਨਾਲ ਜਾਏ ਤਾਂ ਕੋਈ ਇਤਰਾਜ਼ ਨਹੀਂ ਕਰਨਾ ਚਾਹੀਦਾ। ਬਾਦਲ ਸਾਹਿਬ, ਤੁਸੀਂ ਜੇ ਹੁਣ ਵੀ ਮੰਨਣ ਨੂੰ ਤਿਆਰ ਨਹੀਂ ਤਾਂ ਹੋਰ ਕੀ ਹੋ ਸਕਦਾ ਹੈ।

ਸਰਦਾਰ ਜਸਦੇਵ ਸਿੰਘ ਸੰਧੂ: ਸਪੀਕਰ ਸਾਹਿਬ, ਇਹ ਬੜਾ ਅਹਿਮ ਮਸਲਾ ਹੈ। ਜਿਸ ਤਰੀਕੇ ਨਾਲ ਸਰਕਾਰੀ ਅਫਸਰ ਸਕੂਲਾਂ ਅਤੇ ਕਾਲਜਾਂ ਵਿਚ ਜਾ ਕੇ ਨੌਜਵਾਨਾਂ ਨੂੰ ਕਹਿ ਰਹੇ ਹਨ ਕਿ ਇਹ ਚੀਜ਼ ਹੋ ਰਹੀ ਹੈ ....

ਸ਼੍ਰੀ ਸਪੀਕਰ: ਤੁਸੀਂ ਤਾਂ ਫਿਰ ਉਹੀ ਚੀਜ਼ ਸ਼ੁਰੂ ਕਰ ਦਿਤੀ ਹੈ। (You are repeating the same story.)

ਸਰਦਾਰ ਜਸਦੇਵ ਸਿੰਘ ਸੰਧੂ: ਸਾਰੇ ਡਿਸਟ੍ਰਿਕਟ ਐਜੂਕੇਸ਼ਨ ਅਫਸਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ ਅਤੇ ਕਾਲਜਾਂ ਦੇ ਪ੍ਰਿੰਸੀਪਲਾਂ ਦੀਆਂ ਵੀ ਡਿਊਟੀਆਂ ਲਗਾਈਆਂ ਗਈਆਂ ਹਨ ਕਿ 9 ਤਾਰੀਖ ਦੀ ਰੈਲੀ ਲਈ ਜ਼ਬਰਦਸਤੀ ਬੱਚਿਆਂ ਨੂੰ ਦਿਲੀ ਭੇਜਿਆ ਜਾਵੇ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ: ਮੈਂ ਆਨਰੇਬਲ ਮੈਂਬਰਜ਼ ਅਗੇ ਬੇਨਤੀ ਕਰਾਂਗਾ ਕਿ ਸਰਦਾਰ ਅਜਾਇਬ ਸਿੰਘ ਸੰਧੂ ਦੀ ਜਿਹੜੀ ਐਡਜਰਨਮੈਂਟ ਮੋਸ਼ਨ ਸੀ ਉਹ ਰਿਜੈਕਟ ਹੋ ਗਈ ਹੈ। ਇਸ ਤੇ ਬਹਿਸ ਨਹੀਂ ਹੋ ਸਕਦੀ। ਜੇ ਇਸ ਗੱਲ ਨੂੰ ਮਹਿਸੂਸ ਕਰਦੇ ਹੋ ਤਾਂ ਅੱਜ ਜਦੋਂ ਐਪਰੋਪਰੀਏਸ਼ਨ ਬਿਲ ਤੇ ਡਿਸਕਸ਼ਨ ਹੋਣੀ ਹੈ ਤਾਂ ਉਸ ਵੇਲੇ ਤੁਸੀਂ ਅਗਰ ਕੋਈ ਪਾਸਿੰਗ ਰੈਫਰੈਂਸ ਕਰਨਾ ਚਾਹੋ ਤਾਂ ਉਹ ਕਰ ਸਕਦੇ ਹੋ। ਮੈਂ ਇਸ ਡਿਸਕਸ਼ਨ ਨੂੰ ਹੁਣ ਕਲੋਜ਼ ਕਰਨਾ ਚਾਹੁੰਦਾ ਹਾਂ। (I would submit for the information of the hon. Members that the Adjournment Motion given by S. Ajaib Singh Sandhu has been rejected. No discussion can be held on this issue. However, if you feel like it, you may make a passing reference to this issue while speaking on the Appropriation Bill. I want to close this controversy now.)

ਡਾਕਟਰ ਬਲਦੇਵ ਪ੍ਰਕਾਸ਼: ਆਨ ਏ ਪੁਆਇੰਟ ਆਫ ਆਰਡਰ, ਸਰ।

Mr. Speaker: Call Attention Motion No. 31.

ਸਰਦਾਰ ਅਜਾਇਬ ਸਿੰਘ ਸੰਧੂ: ਤੁਸੀਂ ਮੇਰੀ ਗੱਲ ਸੁਣ ਲਓ।

ਸ਼੍ਰੀ ਸਪੀਕਰ: ਮੈਂ ਕੋਈ ਡਿਸਕਸ਼ਨ ਅਲਾਓ ਨਹੀਂ ਕਰਾਂਗਾ। (I will not allow discussion now.)

ਸਰਦਾਰ ਅਜਾਇਬ ਸਿੰਘ ਸੰਧੂ: * * *

ਸ਼੍ਰੀ ਸਪੀਕਰ: ਇਹ ਜੋ ਕੁਝ ਆਨਰੇਬਲ ਮੈਂਬਰ ਚੇਅਰ ਦੀ ਪਰਮਿਸ਼ਨ ਤੋਂ ਬਿਨਾਂ ਕਹਿ ਰਹੇ ਹਨ, ਪ੍ਰੋਸੀਡਿੰਗਜ਼ ਦਾ ਭਾਗ ਨਾ ਬਣੇ। (Whatever the hon. Member is saying without the permission of the Chair, should not form part of the proceedings.)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਤੁਸੀਂ ਦਸੋ ਕਿ ਤੁਹਾਡੀ ਡਿਊਟੀ ਲਗੀ ਹੈ ਜਾਂ ਨਹੀਂ ?

ਸ਼੍ਰੀ ਸਪੀਕਰ: ਮੇਰੀ ਕੋਈ ਡਿਊਟੀ ਨਹੀਂ ਲਗੀ। ਲੇਕਿਨ ਮੈਂ ਇਹ ਨਹੀਂ ਕਹਿ ਸਕਦਾ ਕਿ ਮੈਂ ਜਾਣਾ ਹੈ ਜਾਂ ਨਹੀਂ ਜਾਣਾ। ਤੁਸੀਂ ਹੁਣ ਜੇ ਕੋਈ ਹੋਰ ਗੱਲ ਕਰਨੀ ਹੈ ਤਾਂ ਕਰ ਲਓ। (I have not been put on duty. But I can't say if I will go or not. If you want to raise some other point you may do so.)

ਡਾਕਟਰ ਬਲਦੇਵ ਪ੍ਰਕਾਸ਼: ਸਪੀਕਰ ਸਾਹਿਬ, ਮੈ ਚੀਫ ਮਨਿਸਟਰ ਸਾਹਿਬ ਤੋਂ ਇਕ ਪੁਆਇੰਟ ਤੇ ਇਨਫਰਮੇਸ਼ਨ ਲੈਣਾ ਚਾਹੁੰਦਾ ਹਾਂ।

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ: ਇਸ ਚੀਜ਼ ਤੇ ਡਿਸਕਸ਼ਨ ਮੈਂ ਬੰਦ ਕਰ ਦਿਤੀ ਹੈ। ਮੈਂ ਇਹ ਡਿਸਕਸ਼ਨ ਅਲਾਓ ਨਹੀਂ ਕਰਾਂਗਾ। ਜੇ ਤੁਸੀਂ ਕੋਈ ਹੋਰ ਗੱਲ ਕਰਨੀ ਹੈ ਤਾਂ ਕਰ ਲੈਣਾ। (I have closed discussion on this issue. I will not allow this discussion now. If you want to raise discussion on some other issue you may do so.)

ਸਰਦਾਰ ਦਿਲਬਾਗ ਸਿੰਘ (ਨਵਾਂ ਸ਼ਹਿਰ): ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਇਹ ਅਕਾਲੀ ਪਾਰਟੀ ਵਾਲੇ ਕਹਿੰਦੇ ਹਨ ਕਿ ਸਾਡੇ ਇਕ ਇਸ਼ਾਰੇ ਤੇ ਪੰਜਾਬ ਬੰਦ ਹੋ ਜਾਂਦਾ ਹੈ। ਹੁਣ ਇਨ੍ਹਾਂ ਦੇ ਇਕ ਇਸ਼ਾਰੇ ਤੇ ਟਰਾਂਸਪੋਰਟ ਬੰਦ ਕਿਉਂ ਨਹੀਂ ਹੁੰਦੀ ? ਸਪੀਕਰ ਸਾਹਿਬ, ਟਰਾਂਸਪੋਰਟ ਦੇ ਸਾਡੇ ਕੋਲ ਪਰਮਿਟ ਹਨ। ਜੇ ਕੋਈ ਸਾਡੇ ਕੋਲੋਂ ਬੱਸ ਮੰਗੇ ਤਾਂ ਅਸੀਂ ਨਾਂਹ ਨਹੀਂ ਕਰ ਸਕਦੇ। ਅਸੀਂ ਆਪਣੀ ਖੁਸ਼ੀ ਨਾਲ ਬੱਸਾ ਦਿੰਦੇ ਹਾਂ, ਕਿਸੇ ਦੇ ਪਰੈਸ਼ਰ ਥਲੇ ਨਹੀਂ ਦਿੰਦੇ ਅਤੇ ਨਾ ਹੀ ਦਿਆਂਗੇ।

ਸਰਦਾਰ ਪ੍ਰੇਮ ਸਿੰਘ ਪ੍ਰੇਮ: ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਅੱਜ ਹਾਊਸ ਵਿਚ ਇਕ ਨਵੀਂ ਗੱਲ ਹੋਈ ਹੈ। ਚੀਫ ਮਨਿਸਟਰ ਸਾਹਿਬ ਨੇ ਲੀਡਰ ਆਫ ਦੀ ਆਪੋਜ਼ੀਸ਼ਨ ਦੇ ਨਾਲ ਇਸ਼ਕ ਦੀਆਂ ਗਲਾਂ ਕੀਤੀਆਂ ਹਨ ਅਤੇ ਉਹ ਇਹ ਗੱਲਾਂ ਸੁਣ ਕੇ ਸ਼ਰਮਾ ਗਏ ਸਨ। ਤੁਸੀਂ ਇਹ ਦਸੋ ਕਿ ਆਇਆ ਇਹ ਇਨ ਆਰਡਰ ਹੈ ਜਾਂ ਆਊਟ ਆਫ ਆਰਡਰ ਹੈ। ਇਹ ਨਵੀਂ ਕਨਵੈਨਸ਼ਨ ਇਥੇ ਸ਼ੁਰੂ ਨਾ ਕਰੋ।

ਸ਼੍ਰੀ ਸਪੀਕਰ: ਇਹ ਇਨ ਆਰਡਰ ਹੈ। (This is in order.)

ਡਾਕਟਰ ਬਲਦੇਵ ਪ੍ਰਕਾਸ਼: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਚੀਫ ਮਨਿਸਟਰ ਸਾਹਿਬ ਨੇ ਹਾਊਸ ਵਿਚ ਹੁਣੇ ਕਿਹਾ ਸੀ ਕਿ ਇਸ ਰੈਲੀ ਵਿਚ ਮਨਿਸਟਰ ਵੀ ਡੀ. ਸੀ. ਸੀ. ਦੇ ਪ੍ਰਧਾਨ ਅਤੇ ਹੋਰ ਕਾਂਗਰਸੀ ਵਰਕਰ ਵੀ ਜਾ ਰਹੇ ਹਨ। ਉਹ ਜਾ ਸਕਦੇ ਹਨ। ਸਾਨੂੰ ਇਸ ਤੇ ਕੋਈ ਇਤਰਾਜ਼ ਨਹੀਂ। ਲੇਕਿਨ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜ਼ਿਲ੍ਹਿਆਂ ਵਿਚ ਡਿਪਟੀ ਕਮਿਸ਼ਨਰ ਅਤੇ ਡਿਸਟਿਰਕਟ ਐਜੂਕੇਸ਼ਨ ਅਫਸਰ ਸਕੂਲਾਂ ਦੀਆਂ ਮੈਨੇਜਮੈਂਟਾਂ ਨਾਲ ਪ੍ਰੋਗਰਾਮ ਬਣਾ ਰਹੇ ਹਨ ਕਿ ਲੜਕਿਆਂ ਨੂੰ ਦਿੱਲੀ ਲੈ ਜਾਣਾ ਹੈ। ਕੀ ਇਹ ਆਪਣੇ ਉਤਸ਼ਾਹ ਨਾਲ ਜਾਂ ਇਨੀਸ਼ੀਏਟਿਵ ਨਾਲ ਕਰ ਰਹੇ ਹਨ? ਜੇ ਉਹ ਆਪਣੇ ਉਤਸ਼ਾਹ ਨਾਲ ਕਰ ਰਹੇ ਹਨ ਤਾਂ ਇਹ ਦਸਣ ਕਿ ਕੀ ਸਰਕਾਰੀ ਅਫਸਰ ਆਪਣੇ ਉਤਸ਼ਾਹ ਨਾਲ ਇਹੋ ਜਿਹੇ ਪ੍ਰੋਗਰਾਮ ਬਣਾ ਸਕਦੇ ਹਨ? ਕੀ ਚੀਫ ਮਨਿਸਟਰ ਸਾਹਿਬ ਉਨ੍ਹਾਂ ਡਿਪਟੀ ਕਮਿਸ਼ਨਰਾਂ ਅਤੇ ਡਿਸਟ੍ਰਿਕਟ ਐਜੂਕੇਸ਼ਨ ਅਫਸਰਾਂ ਦੇ ਖਿਲਾਫ ਕੋਈ ਐਕਸ਼ਨ ਲੈਣਗੇ ਜਿਨ੍ਹਾਂ ਨੇ ਲੜਕਿਆਂ ਨੂੰ ਰੈਲੀ ਵਿਚ ਭਾਗ ਦਿਵਾਉਣ ਲਈ ਪ੍ਰੋਗਰਾਮ ਬਣਾਇਆ ਹੋਵੇ? ਅਸੀਂ ਇਸ ਦਾ ਬਾਕਾਇਦਾ ਸਬੂਤ ਦਿਆਂਗੇ ਕਿ ਉਨ੍ਹਾਂ ਨੇ ਕਿਹਾ ਹੈ ਕਿ ਦਿੱਲੀ ਚਲੋ।

Mr. Speaker : Please resume your seat.

ਮੁੱਖ ਮੰਤਰੀ: ਸਪੀਕਰ ਸਾਹਿਬ, ਡਾਕਟਰ ਬਲਦੇਵ ਪ੍ਰਕਾਸ਼ ਵਰਗੇ ਸਿਆਣੇ ਆਦਮੀ ਤੋਂ ਮੈਨੂੰ ਇਹ ਆਸ ਨਹੀ ਸੀ ਕਿ ਉਹ ਇਸ ਤਰ੍ਹਾਂ ਦੀ ਗਲਤਫ਼ਹਿਮੀ ਵਿਚ ਪੈ ਜਾਣਗੇ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਕੋਈ ਵੀ ਜਲੂਸ ਹੋਵੇ, ਰੈਲੀ ਹੋਵੇ ਜਾਂ ਜਲਸਾ ਹੋਵੇ, ਇਹ ਕਿਸੇ ਪਾਰਟੀ ਦਾ ਹੋਵੇ, ਡਿਪਟੀ ਕਮਿਸ਼ਨਰ ਦੀ ਅਤੇ ਐਸ. ਪੀ. ਕਨਸੰਰਡ ਦੀ ਇਹ ਜ਼ਿਮੇਂਵਾਰੀ ਹੈ ਕਿ ਉਹ ਇਸ ਗੱਲ ਦੀ ਨਿਗਰਾਨੀ ਕਰੇ ਕਿ ਇਸ ਵਿਚ ਕਿਸੇ ਕਿਸਮ ਦਾ ਵਿਘਨ ਨਾ ਪਵੇ ।

ਸਰਦਾਰ ਅਜਾਇਬ ਸਿੰਘ ਸੰਧੂ: ਉਹ ਦਿੱਲੀ ਤਕ ਵੀ ਨਿਗਰਾਨੀ ਕਰਨ ਆਪਣੇ ਜ਼ਿਲ੍ਹੇ ਤੋਂ ਲੈ ਕੇ ।

ਮੁੱਖ ਮੰਤਰੀ: ਲੇਕਿਨ ਕੋਈ ਸਰਕਾਰੀ ਅਫਸਰ ਕਿਸੇ ਨੂੰ ਵੀ ਪ੍ਰੇਰਨਾ ਨਹੀਂ ਕਰ ਰਿਹਾ ਅਤੇ ਨਾ ਹੀ ਕਿਸੇ ਦੀ ਮਦਦ ਕਰ ਰਿਹਾ ਹੈ । ਇਥੇ ਇਕ ਗੱਲ ਡਾਕਟਰ ਬਲਦੇਵ ਪ੍ਰਕਾਸ਼ ਨੇ ਕਹੀ । ਮੈਂ ਇਸ ਗੱਲ ਤੇ ਕਨਵਿੰਸਡ ਹਾਂ ਕਿ ਰਾਸ਼ਟਰੀ ਜਨਸੰਘ ਹਿੰਦੁਸਤਾਨ ਦੀ ਉਨਤੀ ਅਤੇ ਹਿੰਦੁਸਤਾਨ ਨਾਲ ਪਿਆਰ ਕਰਨ ਵਾਲੀ ਜਥੇਬੰਦੀ ਹੈ । ਲੇਕਿਨ ਮੈਨੂੰ ਅਫਸੋਸ ਇਸ ਗੱਲ ਦਾ ਹੈ ਕਿ ਜਨਸੰਘ ਨੂੰ ਪਤਾ ਨਹੀਂ ਕਿ 9 ਤਾਰੀਖ ਵਾਲਾ ਦਿਨ ਹਿੰਦੁਸਤਾਨ ਦੇ ਇਤਿਹਾਸ ਵਿਚ ਇਕ ਮਹੱਤਵਪੂਰਨ ਦਿਨ ਹੈ ਅਤੇ ਇਹ ਭੁਲਾਇਆ ਨਹੀਂ ਜਾ ਸਕਦਾ । ਇਨ੍ਹਾਂ ਨੂੰ ਪਤਾ ਨਹੀਂ ਕਿ ਕਿਸ ਤਰ੍ਹਾਂ ਹਿੰਦੁਸਤਾਨ ਦੀ ਆਜ਼ਾਦੀ ਦੇ ਲਈ ਇਸ 9 ਤਰੀਕ ਨੂੰ ਨੌਜਵਾਨਾਂ ਨੇ ਪ੍ਰਣ ਕੀਤਾ ਸੀ ਕਿ ਅਸੀਂ ਬੇਸ਼ਕ ਮਰ ਜਾਵਾਂਗੇ ਪਰ ਅੰਗਰੇਜ਼ ਨੂੰ ਛੇਤੀ ਤੋਂ ਛੇਤੀ ਹਿੰਦੁਸਤਾਨ ਵਿਚੋਂ ਕੱਢ ਦੇਵਾਂਗੇ । ਉਨ੍ਹਾਂ ਨੇ ਕਿਹਾ ਸੀ ਕਿ ਅੰਗਰੇਜ਼ੋ ਹਿੰਦੁਸਤਾਨ ਵਿਚੋਂ ਨਿਕਲ ਜਾਓ । ਇਸ ਚੀਜ਼ ਦਾ ਉਨ੍ਹਾਂ ਨੇ ਸਲੋਗਨ ਦਿਤਾ ਸੀ । ਇਹ ਸ਼ਹੀਦਾਂ ਦਾ ਦਿਨ ਹੈ । ਮੈਨੂੰ ਆਸ ਸੀ ਕਿ ਇਸ ਗੱਲ ਤੇ ਦੇਸ਼ ਦੀਆਂ ਸਾਰੀਆਂ ਪਾਰਟੀਆਂ ਖੁਸ਼ੀ ਨਾਲ ਸ਼ਾਮਲ ਹੁੰਦੀਆਂ । ਕਾਂਗਰਸ ਪਾਰਟੀ ਦੀ ਨੇਤਾ ਸ਼੍ਰੀਮਤੀ ਇੰਦਰਾਗਾਂਧੀ ਨੇ ਇਸ ਰੈਲੀ ਨੂੰ ਐਡਰੈਸ ਕਰਨਾ ਹੈ ਅਤੇ ਸਾਰੇ ਹਿੰਦੁਸਤਾਨ ਵਿਚੋਂ ਨੌਜਵਾਨਾਂ ਨੇ ਦਿੱਲੀ ਆਉਣਾ ਹੈ । ਇਹ ਇਸ ਚੀਜ਼ ਉਤੇ ਇਤਰਾਜ਼ ਕਰਦੇ ਹਨ ਅਤੇ ਅੈਡਜਰਨਮੈਂਟ ਮੋਸ਼ਨਾਂ ਦਿੰਦੇ ਹਨ ਕਿਉਂਕਿ ਇਨ੍ਹਾਂ ਨੂੰ ਪਤਾ ਨਹੀਂ ਕਿ ਦੇਸ਼ ਦੀ ਆਜ਼ਾਦੀ ਲਈ ਕਿਤਨੀਆਂ ਕੁਰਬਾਨੀਆਂ ਕੀਤੀਆਂ ਗਈਆਂ । ਕਿੰਨਿਆਂ ਨੌਜਵਾਨਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ । ਇਨ੍ਹਾਂ ਨੂੰ ਜ਼ਰਾ ਭਰ ਵੀ ਇਹ ਗੱਲ ਦਾ ਧਿਆਨ ਨਹੀਂ ਆਇਆ ਕਿ ਦੇਸ਼ ਦੀ ਆਜ਼ਾਦੀ ਦੇ ਲਈ ਲੋਕ ਮਰ ਮਿਟੇ ਸਨ । ਉਨ੍ਹਾਂ ਦੀ ਯਾਦ ਨੂੰ ਮੰਨਾਉਣ ਲਈ ਮੇਲੇ ਲਗਦੇ ਹਨ । ਪਰ ਇਨ੍ਹਾਂ ਨੇ ਇਸ ਵਿਚ ਉਤਸ਼ਾਹ ਨਾਲ ਹਿੱਸਾ ਪਾਉਣ ਦੀ ਬਜਾਏ, ਰੋਸ ਪ੍ਰਗਟ ਕੀਤਾ ਹੈ ।

ਸਰਦਾਰ ਅਜਾਇਬ ਸਿੰਘ ਸੰਧੂ ਆਨ ਏ ਪੁਆਇੰਟ ਆਫ ਆਰਡਰ, ਸਰ ।

ਸਰਦਾਰ ਜਸਦੇਵ ਸਿੰਘ ਸੰਧੂ: * * * (ਸ਼ੋਰ) (ਵਿਘਨ)

ਸ਼੍ਰੀ ਸਪੀਕਰ: ਇਹ ਜੋ ਕੁਝ ਚੇਅਰ ਦੀ ਪਰਮਿਸ਼ਨ ਤੋਂ ਬਿਨਾਂ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ । ਤੁਸੀਂ ਐਪਰੋਪਰੀਏਸ਼ਨ ਬਿਲ ਦੇ ਦੌਰਾਨ ਪਾਸਿੰਗ ਰੈਫਰੈਂਸ ਕਰ ਲੈਣਾ । ਮੈਂ ਇਸ ਤੇ ਡਿਸਕਸ਼ਨ ਨਹੀਂ ਅਲਾਓ ਕਰ ਸਕਦਾ । (Whatever is being said without the permission of the Chair should not be recorded. You may make a passing reference while discussing the Appropriation Bill. I can't allow discussion on this issue now.)

*Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ: ਆਨ ਏ ਪੁਆਇੰਟ ਆਫ ਆਰਡਰ, ਸਰ ।

ਸ਼੍ਰੀ ਸਪੀਕਰ: ਮੈਂ ਇਸ ਨੂੰ ਅਲਾਓ ਨਹੀਂ ਕਰ ਸਕਦਾ । (I can not allow it.)

ਸਰਦਾਰ ਅਜਾਇਬ ਸਿੰਘ ਸੰਧੂ: ਤਸੀਂ ਇਸ ਤਰ੍ਹਾਂ ਨਹੀਂ ਕਰ ਸਕਦੇ ।

ਸ਼੍ਰੀ ਸਪੀਕਰ: ਮੈਂ ਕਰ ਸਕਦਾ ਹਾਂ। ਤੁਸੀਂ ਮੇਰੀ ਬੇਨਤੀ ਸੁਣ ਲਓ । ਐਪਰੋਪਰੀਏਸ਼ਨ ਬਿਲ ਹੁਣੇ ਆ ਰਿਹਾ ਹੈ । ਉਸ ਤੇ ਡਿਸਕਸ਼ਨ ਤਿੰਨ ਚਾਰ ਘੰਟੇ ਹੋਵੇਗੀ । ਉਸ ਵੇਲੇ ਤੁਸੀਂ ਇਸ ਚੀਜ਼ ਨੂੰ ਡਿਸਕਸ ਕਰ ਲੈਣਾ । ਤੁਸੀਂ ਹਾਊਸ ਦਾ ਸਮਾਂ ਨਸ਼ਟ ਨਾ ਕਰੋ । ਮੈਂ ਸਮਝਦਾਂ ਹਾਂ ਕਿ ਤੁਸੀਂ ਮੇਰੀ ਇਸ ਰਿਕੁਐਸਟ ਨੂੰ ਜ਼ਰੂਰ ਮੰਨੋਗੇ । ਹਾਊਸ ਦਾ ਬਿਜ਼ਨਸ ਆਬਸਟਰਕਟ ਨਾ ਕਰੋ । (I can disallow this discussion. Please listen to me. The Appropriation Bill will be before the House for three to four hours. You may raise this issue at that time. Please don't waste the time of the House. I hope you will accede to my request and not obstruct the proceedings of the House.)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੇਰੀ ਬੇਨਤੀ ਸੁਣ ਲਓ । ਤੁਸੀਂ ਮਨ ਮਰਜ਼ੀ ਨਾਲ ਚੀਫ ਮਨਿਸਟਰ ਸਾਹਿਬ ਤੋਂ ਸਾਨੂੰ ਗਾਲਾਂ ਕੱਢਾ ਲੈਂਦੇ ਹੋ ।

ਸ਼੍ਰੀ ਸਪੀਕਰ : ਮੈਂ ਇਹ ਡਿਸਕਸ਼ਨ ਅਲਾਓ ਨਹੀਂ ਕਰਾਂਗਾ । (I will not allow this discussion.)

WALK OUT(S)

ਸਰਦਾਰ ਅਜਾਇਬ ਸਿੰਘ ਸੰਧੂ : * * * *

ਸ਼੍ਰੀ ਸਪੀਕਰ: ਜੋ ਕੁਝ ਸੰਧੂ ਸਾਹਿਬ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (ਵਿਘਨ) (ਸ਼ੋਰ) Whatever Sandhu Sahib is saying should not be recorded.)

ਸਰਦਾਰ ਅਜਾਇਬ ਸਿੰਘ ਸੰਧੂ : ਐਜ਼ ਏ ਪ੍ਰੋਟੈਸਟ ਅਸੀਂ ਵਾਕ ਆਊਟ ਕਰਦੇ ਹਾਂ । (ਇਸ ਸਮੇਂ ਅਕਾਲੀ ਪਾਰਟੀ ਦੇ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਵਾਕ ਆਊਟ ਕਰ ਗਏ)

ਮਾਸਟਰ ਚੰਦ ਸਿੰਘ : * * *

Mr. Speaker: Whatever the hon. Member Master Chand Singh is saying should not be recorded.

(ਇਸ ਵਕਤ ਮਾਸਟਰ ਚੰਦ ਸਿੰਘ ਜੀ ਵੀ ਅਕਾਲੀ ਪਾਰਟੀ ਦੇ ਮੈਂਬਰ ਸਾਹਿਬਾਨ ਦੇ ਨਾਲ ਹੀ ਵਾਕ ਆਉਟ ਕਰ ਗਏ)

---

*Not recorded as ordered by the chair.

Original with;
Punjab Vidhan Sabha
Digitized by;
Panjab Digital Library

(ਜਾਂਦੇ ਜਾਂਦੇ ਮੈਂਬਰ ਸਾਹਿਬਾਨ ਜ਼ੋਰ ਜ਼ੋਰ ਨਾਲ ਨਾਹਰੇ ਲਗਾ ਰਹੇ ਸਨ * * *)

Mr. Speaker : Whatever the slogans are being raised by the hon. Members should not be recorded.

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਥੇ ਜਿਹੜੀ ਐਡਜਰਨਮੈਂਟ ਮੋਸ਼ਨ ਲਿਆਂਦੀ ਹੈ ਉਹ ਇਸ ਕਰਕੇ ਲਿਆਂਦੀ ਹੈ ਕਿ ਨੌਜਵਾਨਾਂ ਦੀ .....

ਸ਼੍ਰੀ ਸਪੀਕਰ : ਸਰਦਾਰ ਦਰਬਾਰਾ ਸਿੰਘ ਜੀ ਇਹ ਗੱਲ ਹੋ ਚੁਕੀ ਹੈ । ਤੁਸੀਂ ਬੈਠੋ । (Sardar Darbara Singh Ji, please resume your seat. The discussion on that matter is closed.)

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਤੁਸੀਂ ਮੇਰੀ ਗੱਲ ਤਾਂ ਸੁਣ ਲਓ । ਇਕ ਮਹਾਨ ਰੈਲੀ ਦਿੱਲੀ ਵਿਚ ਹੋ ਰਹੀ ਹੈ । ਉਹ ਇਸ ਕਰਕੇ ਹੋ ਰਹੀ ਹੈ ਕਿ ਫਾਸਿਸਟ ਤਾਕਤਾਂ ਜਿਹੜੀਆਂ ਕਿ ਜਮਹੂਰੀਅਤ ਦੇ ਖਿਲਾਫ ਉਠਦੀਆਂ ਪਈਆਂ ਹਨ ਉਨ੍ਹਾਂ ਵਿਰੁਧ ਵਿਖਾਵਾ ਕੀਤਾ ਜਾਵੇ । ਅੱਜ ਹਿੰਦੁਸਤਾਨ ਦਾ ਨੌਜਵਾਨ ਜਮਹੂਰੀਅਤ ਕੀਮਤਾਂ ਦੀ ਕਦਰ ਕਰਦਾ ਹੈ । ਮੈਂ ਅਰਜ਼ ਕਰਦਾ ਹਾਂ ਕਿ ਇਹ ਜਿਹੜੇ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ ਇਹ ਉਨ੍ਹਾਂ ਨੌਜਵਾਨਾਂ ਨੂੰ ਜਾਕੇ ਰੋਕਣ, ਪਰ ਇਹ ਉਨ੍ਹਾਂ ਨੂੰ ਹੁਣ ਰੋਕ ਨਹੀਂ ਸਕਦੇ । ਇਨ੍ਹਾਂ ਦਾ ਕੋਈ ਪ੍ਰੋਗਰਾਮ ਨਹੀਂ ਹੈ । (ਥੰਪਿੰਗ)

Mr. Speaker : Please resume your seat.

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਸਾਬਕਾ ਸਪੀਕਰ ਸਾਹਿਬ, ਪਿਛਲੇ ਸੈਸ਼ਨ ਵਿਚ ਸਾਡੇ ਨਾਲ ਸਹਿਮਤ ਸਨ ਕਿ ਜੇਕਰ ਫਾਸਿਸਟ ਤਾਕਤਾਂ ਦੇ ਖਿਲਾਫ਼ ਨੌਜਵਾਨਾਂ ਨੂੰ ਲਾਮਬੰਦ ਕਰਨਾ ਹੈ ਤਾਂ ਉਨ੍ਹਾਂ ਦੀਆਂ ਮੰਗਾਂ ਵੀ ਮੰਨਣੀਆਂ ਪੈਣਗੀਆਂ, ਸਰਕਾਰ ਨੂੰ ਆਪਣੀਆਂ ਨੀਤੀਆਂ ਬਦਲਣੀਆਂ ਪੈਣਗੀਆਂ ਪਰ ਹੁਣ ਤਾਂ ਸਰਦਾਰ ਦਰਬਾਰਾ ਸਿੰਘ ਜੀ ਕੁਝ ਹੋਰ ਹੀ ਕਹੀ ਜਾ ਰਹੇ ਹਨ । (ਹਾਸਾ)

CALL ATTENTION NOTICES UNDER RULE 66

(ਕ੍ਰਮ ਨੰ : 31)

ਕਾਮਰੇਡ ਅਰਜਨ ਸਿੰਘ ਮਸਤਾਨਾ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ, ਪਿਛਲੇ ਦਿਨਾਂ ਵਿਚ ਮਾਧੋਪੁਰ ਹੈਡ ਵਰਕਸ ਤੋਂ ਥੱਲੇ ਆਇਆ ਰਾਵੀ ਵਿਚ ਹੜਾਂ ਕਾਰਨ ਤੇ ਅਫ਼ਸਰਾਂ ਦੀ ਕੁਤਾਹੀ ਤੇ ਗੈਰ ਹਾਜ਼ਰੀ ਕਾਰਨ ਹੋਈ ਤਬਾਹੀ ਕਾਰਨ ਕਰੋੜਾਂ ਰੁਪਏ ਦੀ ਮਸ਼ੀਨਰੀ ਤਬਾਹ ਹੋ ਗਈ ਹੈ ਤੇ ਨਹਿਰ ਅਪਰਬਾਰੀ ਦੁਆਬ ਦਾ ਮੂੰਹ ਸਿਲਟ ਨਾਲ ਭਰ ਗਿਆ ਹੈ ਤੇ ਨਹਿਰ ਵਿਚ ਪਾਣੀ ਬੰਦ ਹੈ ਝੋਨੇ ਦੀ ਫਸਲ ਸੁੱਕ ਰਹੀ ਹੈ । ਲੋਕਾਂ ਵਿਚ ਬੜੀ ਬੇਚੈਨੀ ਹੈ । ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾ ਕਰਨ ।

---

*Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਪ੍ਰਵਾਨ ਕੀਤੀ ਜਾਂਦੀ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ ।(Admitted. The hon. Minister concerned may please make a statement)

(ਕ੍ਰਮ ਨੰ. 32)

ਕਾਮਰੇਡ ਮਹਿਤਾਬ ਸਿੰਘ (ਜਲਾਲਾਬਾਦ): ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਬਾਤ, ਪੰਜਾਬ ਸਰਕਾਰ ਨੇ ਇਕ ਇਲਾਨ ਦੇ ਮੁਤਾਬਕ ਬਾਰਡਰ ਏਰੀਆ ਦੇ 10 ਮੀਲ ਦੀ ਪੱਟੀ ਵਿਚ ਸਬਸਿਡੀ ਦੇ ਕੇ ਟਿਊਬਵੈਲ ਦੇਣ ਦਾ ਫ਼ੈਸਲਾ ਕੀਤਾ ਸੀ, ਜੋ 2500/- ਰੁਪਏ (ਪੰਝੀ ਸੌ) ਪਹਿਲਾਂ ਬੋਰ ਆਦਿ ਲਈ ਤੇ ਦੂਜੀ ਕਿਸ਼ਤ 2500/- ਰੁਪਏ ਇੰਜਨ ਖਰੀਦਣ ਲਈ ਕਈ ਥਾਵਾਂ ਤੇ ਪਹਿਲੀ ਕਿਸ਼ਤ ਲੋਨ 2500/- ਰੁਪਏ ਕਿਸਾਨਾਂ ਨੇ ਲੈਂਡ ਮਾਰਟਗੇਜ਼ ਬੈਂਕ ਰਾਹੀਂ ਦੇ ਦਿੱਤੀ ਹੈ ਪਰ ਦੂਜੀ ਕਿਸ਼ਤ 2500/- ਰੁਪਏ ਨਹੀਂ ਦਿੱਤੀ ਗਈ, ਜਿਸ ਨਾਲ ਪੰਜਾਬ ਦੇ ਬਾਰਡਰ ਦੇ ਕਿਸਾਨ ਨੂੰ ਕਾਫ਼ੀ ਨੁਕਸਾਨ ਹੋ ਰਿਹਾ ਹੈ ਕਿ 2500/- ਰੁਪਏ ਜਿਸ ਨਾਲ ਬੋਰ ਹੋ ਚੁੱਕਾ ਹੈ ਇਸ ਦਾ ਵਿਆਜ ਪੈ ਰਿਹਾ ਹੈ ਤੇ ਦੂਜੀ ਸਬਸਿਡੀ ਦੀ ਕਿਸ਼ਤ ਨਾ ਦੇਣ ਨਾਲ ਕਿਸਾਨਾਂ ਦਾ ਨੁਕਸਾਨ ਹੋ ਰਿਹਾ ਹੈ । ਪੈਦਾਵਾਰ ਪਹਿਲਾ ਸਾਉਣੀ ਫ਼ਸਲ ਦਾ ਨੁਕਸਾਨ ਹੋਇਆ ਤੇ ਹੁਣ ਹਾੜੀ ਦਾ ਵੀ ਇੰਜਨ ਨਾ ਮਿਲਣ ਨਾਲ ਨੁਕਸਾਨ ਹੋ ਜਾਵੇਗਾ, ਤੁਰਤ ਬਾਕੀ ਸਬਸਿਡੀ ਦੀ ਰਕਮ ਦੇ ਦਿੱਤੀ ਜਾਵੇ । ਕਿਰਪਾ ਕਰਕੇ ਸਬੰਧਤ ਮੰਤਰੀ ਬਿਆਨ ਦੇਣ ਦੀ ਖੇਚਲ ਕਰਨ ।

ਸ਼੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ । ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The hon Minister concerned may please make a statement.)

(Serial No. 35)

Comrade Achhra Singh: Sir, I beg to draw the attention of the Government towards a matter of urgent public importance namely, the salary of Veterinary Assistant Surgeons in Punjab has not been paid to them since January, 1974 which cause them great hardship to support their families.

In view of obvious and urgent importance of the matter I request the Minister to make a statement in this House.

ਸ਼੍ਰੀ ਸਪੀਕਰ. ਪ੍ਰਵਾਨ ਕੀਤਾ ਜਾਂਦਾ ਹੈ । ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The hon. Minister concerned may please make a statement)

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ ਵਿਕਾਸ : ਸਪੀਕਰ ਸਾਹਿਬ, ਮੈਂ ਇਸ ਕਾਲ ਅਟੈਨਸ਼ਨ ਦਾ ਜਵਾਬ ਜੇਕਰ ਇਜਾਜ਼ਤ ਹੋਵੇ ਤਾਂ ਹੁਣੇ ਹੀ ਦੇ ਦਿੰਦਾ ਹਾਂ ।

ਸਪੀਕਰ ਸਾਹਿਬ, 24 ਜਨਵਰੀ, 1974 ਤੋਂ ਪਹਿਲਾਂ ਜਿਹੜੇ ਵੀ.ਏ.ਐਸ. ਡਾਕਟਰ ਹਨ ਉਹ ਨਾਨ ਗਜ਼ਟਿਡ ਸਨ ਅਤੇ ਉਨ੍ਹਾਂ ਦੀ ਤਨਖਾਹ ਅਸੀਂ ਦਿਦੇ ਸੀ । 25 ਜਨਵਰੀ, 1974 ਨੂੰ 416 ਵੀ. ਏ. ਐਸ. ਗਜ਼ਟਿਡ ਅਫਸਰ ਬਣਾ ਦਿਤੇ ਗਏ । ਨਿਯਮ ਅਨੁਸਾਰ ਉਨ੍ਹਾਂ ਦੀ ਤਨਖਾਹ ਏ. ਜੀ. ਵਲੋਂ ਦੇਣੀ ਬਣਦੀ ਹੈ ਪਰ ਉਨ੍ਹਾਂ ਨੇ ਕਿਹਾ ਹੈ ਕਿ ਇਤਨੇ ਅਧਿਕਾਰੀਆਂ ਦਾ ਕੰਮ ਲੈਣ ਲਈ ਉਹ ਤਿਆਰ ਨਹੀਂ ਹੈ । ਜਦੋਂ ਤਕ ਪੇ-ਸਲਿਪ ਜਾਰੀ ਕਰਨ ਦੇ ਕਾਬਲ ਨਾ ਹੋ ਜਾਵੇ ਉਦੋਂ ਤਕ ਪਹਿਲਾਂ ਵਾਂਗ ਹੀ ਤਨਖਾਹ ਦਿੰਦੇ ਜਾਵੋ । ਵਿੱਤ ਵਿਭਾਗ ਨੇ ਇਹ ਗੱਲ ਪ੍ਰਵਾਨ ਨਾ ਕੀਤੀ । ਏ. ਜੀ. ਨੇ ਇਕੱਲੇ ਇਕੱਲੇ ਦੀ ਗਜ਼ਟ ਨੋਟੀਫਿਕੇਸ਼ਨ ਵਾਸਤੇ ਲਿਖਿਆ ਅਤੇ ਨਾਲ ਹੀ ਉਨ੍ਹਾਂ ਕਰਮਚਾਰੀਆਂ ਦੇ ਰਿਕਾਰਡ ਜ਼ਿਲ੍ਹਾ ਪੱਧਤ ਤੋਂ ਮੰਗਵਾਏ । ਨੋਟੀਫੀਕੇਸ਼ਨ ਹੋ ਚੁਕੀ ਹੈ ਅਤੇ ਰਿਕਾਰਡ ਪਹੁੰਚ ਚੁਕੇ ਹਨ । ਏ. ਜੀ. ਨੇ ਇਸੇ ਮਹੀਨੇ ਤਨਖਾਹ ਦੇਣ ਦਾ ਭਰੋਸਾ ਦਿਵਾਇਆ ਹੈ । ਤਨਖਾਹ ਇਸੇ ਮਹੀਨੇ ਹੀ ਮਿਲ ਜਾਵੇਗੀ ।

ਸ਼੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਮੇਰੀਆਂ ਬਹੁਤ ਸਾਰੀਆਂ ਕਾਲ ਅਟੈਨਸ਼ਨਾਂ ਸਨ । ਇਕ ਦੇ ਵਿਚ ਜਵਾਬ ਆਇਆ ਹੈ, ਮੈਂ ਉਸ ਦੇ ਬਾਰੇ ਕੁਐਸਚਨ ਕਰਨਾ ਚਾਹੁੰਦਾ ਹਾਂ ।

ਸ਼੍ਰੀ ਸਪੀਕਰ : ਬਾਅਦ ਵਿਚ ਕੁਐਸਚਨ ਕਰ ਲੈਣਾ, ਹੁਣ ਤੁਸੀਂ ਤਸ਼ਰੀਫ ਰਖੋ । (You may put a question afterwards. Now, you may please resume your seat.)

(Serial No. 38)

1. **Comrade Satya Pal Dang**
2. **Comrade Jangir Singh Joga**
3. **Comrade Dana Ram**
4. **Comrade Saghar Singh**

Sir, I beg to draw the attention of the Government towards a matter of urgent public importance namely inaccuracies in reports sent by B. D. O's and S. D. O's that free house-sites have been distributed and actual possession given to 1.84 lac rural wage workers. Allotments on paper have been reported to have been actually distributed with possession but house sites have been distributed in rare cases.

The lands made available by Panchayats remained by and large undistributed so far.

Steps should be taken to ensure actual distribution of house-sites to the beneficiaries.

The State Government had provided Rs. 2 crores for acquisition of land for house-sites during the current financial year. The work of acquisition of land for the purpose is slow and halting. There is possibility of cut in the budgetary allocation for the purpose.

The Minister should make a statement on the subject to elucidate the actual position and steps being taken to improve matters.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ । ਵਜ਼ੀਰ ਸਾਹਿਬ ਧਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The hon. Minister concerned may please make a statement.)

(Serial No. 44)

Sardar Ajaib Singh Sandhu: Sir, I beg to draw the attention of the Government towards a matter of urgent public importance, namely, the large-scale transfers of thousands of teachers in the State which has caused great hardship and inconvenience to them.

In view of the urgency of the matter the Government is requested to make a statement in the House.

Mr. Speaker: Admitted. The Minister concerned may please make a statement. ਕਪੂਰ ਸਾਹਿਬ, ਤੁਸੀਂ ਕਾਲ-ਅਟੈਨਸ਼ਨ ਬਾਰੇ ਸਵਾਲ ਕਰਨਾ ਚਾਹੁੰਦੇ ਸੀ (Admitted. The Minister concerned may please make a statement. Kapur Sabib you wanted to ask a question with regard to your Call-Attention Motion.)

QUESTION ON STATEMENT MADE IN REPLY TO CALL-ATTENTION NOTICE NO. 6

ਸ਼੍ਰੀ ਸਰਦਾਰੀ ਲਾਲ ਕਪੂਰ: ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਨੰਬਰ 6 ਹੈ । ਇਨ੍ਹਾਂ ਨੇ ਲਾਊਡ-ਸਪੀਕਰਾਂ ਦੇ ਬਾਰੇ ਜਵਾਬ ਦਿਤਾ ਕਿ ਇਸ ਬਾਰੇ ਕਾਨੂੰਨੀ ਤੌਰ ਤੇ ਸਾਰਿਆਂ ਨੂੰ ਹਿਦਾਇਤ ਹੈ ਕਿ ਐਕਸ਼ਨ ਲਿਆ ਜਾਵੇ । ਮੇਰਾ ਸਵਾਲ ਇਹ ਹੈ ਕਿ ਇਹ ਜਿਹੜੀ ਹਿਦਾਇਤ ਕੀਤੀ ਗਈ ਹੈ, ਇਹ 1973 ਵਿਚ ਹੋਈ, ਪਰ ਹਾਲਾਂ ਠੀਕ ਇਹ ਨਿਊਸੈਂਸ ਪੰਜਾਬ ਵਿਚ ਬੰਦ ਨਹੀਂ ਹੋਈ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਸ ਬਾਰੇ ਕਿੰਨੇ ਚਲਾਨ ਕੀਤੇ ਗਏ । ਰਾਤ 10.00 ਵਜੇ ਤੋਂ ਲੈਕੇ ਸਵੇਰੇ 6.00 ਵਜੇ ਤਕ ਲਾਊਡਸਪੀਕਰ ਵਜਦੇ ਰਹਿੰਦੇ ਹਨ, ਇਸ ਗਲ ਨੂੰ ਸਾਰੇ ਪੰਜਾਬ ਦੇ ਲੋਕੀਂ ਜਾਣਦੇ ਹਨ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਸ ਬਾਰੇ ਸਰਕਾਰ ਨੇ ਕੀ ਕੀਤਾ ਹੈ ?

(ਕੋਈ ਮਨਿਸਟਰ ਸਾਹਿਬ ਜਵਾਬ ਦੇਣ ਵਾਸਤੇ ਨਹੀਂ ਉਠੇ)

ਸ਼੍ਰੀ ਸਪੀਕਰ : ਮੈਨੂੰ ਬੜਾ ਅਫਸੋਸ ਹੈ ਵਜ਼ੀਰ ਸਾਹਿਬ ਦਾ ਇਸ ਪਾਸੇ ਧਿਆਨ ਨਹੀਂ ਹੈ, ਕਪੂਰ ਸਾਹਿਬ ਨੇ ਸਵਾਲ ਕਰ ਦਿਤਾ ਹੈ ਪਰ ਵਜ਼ੀਰ ਸਾਹਿਬ ਨੇ ਸੁਣਿਆ ਨਹੀਂ । ਇਸ ਲਈ ਮੈਂ ਇਹ ਰਿਕੁਐਸਟ ਕਰਾਂਗਾ ਕਿ ਅਸੈਂਬਲੀ ਵਿਚ ਬੈਠੇ ਹੋਏ ਇਸ ਤਰ੍ਹਾਂ ਨਾ ਕੀਤਾ ਜਾਵੇ ਅਤੇ ਸਾਰੀ ਚੀਜ਼ ਨੂੰ ਧਿਆਨ ਨਾਲ ਸੁਣਿਆ ਜਾਵੇ । ਕਪੂਰ ਸਾਹਿਬ ਦੁਬਾਰਾ ਸਵਾਲ ਕਰੋ । (I am very sorry to say that the hon. Minister is not attentive. He has not heard the question put by Kapur Sahib. So I would ask him to pay full attention to what is said in the House. I would request Kapur Sahib to put the question again.)

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਰਦਾਰੀ ਲਾਲ ਕਪੂਰ: ਜਿਹੜਾ ਸਰਕਾਰ ਨੇ ਜਵਾਬ ਦਿਚਾ ਹੈ ਲਾਊਡ-ਸਪੀਕਰਾਂ ਦੇ ਮੁਤਲਿਕ, ਉਹ ਇਹ ਹੈ ਕਿ ਇਸ ਬਾਰੇ ਇਕ ਕਾਨੂੰਨ ਹੈ ਕਿ ਜਿਹੜਾ ਇਸ ਦੀ ਉਲੰਘਣਾ ਕਰੇ ਉਸ ਨੂੰ ਗ੍ਰਿਫਤਾਰ ਕੀਤਾ ਜਾਵੇ, ਮੁੱਕਦਮਾ ਚਲਾਇਆ ਜਾਵੇ । ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਰਾਤ ਦੇ 10.00 ਵਜੇ ਤੋਂ ਲੈ ਕੇ ਸਵੇਰੇ ਦੇ 6.00 ਵਜੇ ਤਕ ਇਹ ਲਾਊਡ-ਸਪੀਕਰ ਵਜਦੇ ਰਹਿੰਦੇ ਹਨ । ਲਾਂਟਰੀਆਂ ਵਾਲੇ, ਸਿਨਮਿਆਂ ਵਾਲੇ ਅਤੇ ਹੋਰ ਦੂਜੇ ਲੋਕੀਂ ਇਹ ਲਾਊਡ ਸਪੀਕਰ ਵਜਾਉਂਦੇ ਰਹਿੰਦੇ ਹਨ, ਕੋਈ ਇਸ ਗਲ ਦੀ ਇਜਾਜ਼ਤ ਨਹੀਂ ਲੈਂਦਾ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਕੋਈ ਕਿਸੇ ਦੇ ਖਿਲਾਫ ਐਕਸ਼ਨ ਲਿਆ ਹੈ ।

ਸਰਦਾਰ ਅਜਾਇਬ ਸਿੰਘ ਸੰਧੂ : ਕੋਈ ਐਕਸ਼ਨ ਲਿਆ ਹੀ ਨਹੀਂ ।

ਮੁੱਖ ਮੰਤਰੀ : ਜੋ ਕਪੂਰ ਸਾਹਿਬ ਨੇ ਕਿਹਾ ਹੈ, ਇਸ ਤਰ੍ਹਾਂ ਨਹੀਂ ਹੈ ! ਜੋ ਜਵਾਬ ਦੇ ਵਿਚ ਕਿਹਾ ਗਿਆ ਹੈ ਕਿ ਜੋ ਹਿਦਾਇਤਾਂ ਅਤੇ ਕਾਨੂੰਨ ਦੀ ਉਲੰਘਣਾ ਕਰਦਾ ਹੈ ਉਸ ਦੇ ਖਿਲਾਫ ਸਖਤ ਕਾਰਵਾਈ ਤੇ ਸਜ਼ਾ ਦਿਤੀ ਜਾਵੇਗੀ । ਪਰ ਕਪੂਰ ਸਾਹਿਬ ਨੂੰ ਇਹ ਵੀ ਨਹੀਂ ਭੁਲਣਾ ਚਾਹੀਦਾ ਕਿ ਗੁਰਦਵਾਰਿਆਂ ਵਿਚ, ਮੰਦਰਾਂ ਵਿਚ, ਵਿਆਹ ਸ਼ਾਦੀਆਂ ਵਿਚ ਅਤੇ ਹੋਰ ਕਈ ਲੋਕ ਕਿਸੇ ਸਮਾਗਮ ਤੇ ਇਜਾਜ਼ਤ ਲੈ ਕੇ ਲਾਊਡ-ਸਪੀਕਰ ਵਜਾਉਂਦੇ ਹਨ, ਕਈ ਹੋਰ ਇਸ ਤਰ੍ਹਾਂ ਦੇ ਫੰਕਸ਼ਨਜ਼ ਹੋਣ ਤਾਂ ਵੀ ਵਜਾ ਸਕਦੇ ਹਨ । ਜੋ ਕੋਈ ਆਦਮੀ ਬਗੈਰ ਇਜਾਜ਼ਤ ਦੇ ਲਾਊਡ-ਸਪੀਕਰ ਇਸਤੇਮਾਲ ਕਰਦਾ ਹੈ ਅਤੇ ਗੜਬੜ ਪੈਦਾ ਕਰਦਾ ਹੈ ਤਾਂ ਇਤਲਾਹ ਦਿਤੀ ਜਾਵੇ ਅਤੇ ਫਿਰ ਵੀ ਜੇ ਕੋਈ ਅਫਸਰ ਸਜ਼ਾ ਨਹੀਂ ਦਿੰਦਾ ਤਾਂ ਸਾਨੂੰ ਦਸੋ, ਅਸੀਂ ਇਸ ਬਾਰੇ ਸਖਤ ਐਕਸ਼ਨ ਲਵਾਂਗੇ ।

ਸ਼੍ਰੀ ਸਰਦਾਰੀ ਲਾਲ ਕਪੂਰ : ਮੈਂ ਤਾਂ ਇਸ ਬਾਰੇ 3 ਚਿੱਠੀਆਂ ਇਥੇ ਵੀ ਲਿਖੀਆਂ ਅਤੇ ਉਥੇ ਵੀ ਲਿਖੀਆਂ ।

Mr. Speaker : Not allowed.

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਮੇਰੀ ਕਾਲ-ਅਟੈਨਸ਼ਨ ਮੋਸ਼ਨ ਸੀ . .

ਕਾਮਰੇਡ ਅਰਜਨ ਸਿੰਘ ਮਸਤਾਨਾ : ਆਨ ਏ ਪੁਆਇੰਟ ਆਫ ਆਰਡਰ, ਸਰ ।

ਸ਼੍ਰੀ ਸਪੀਕਰ : ਤੁਸੀਂ ਤਸ਼ਰੀਫ ਰਖੋ ਜੀ । ਸਰਦਾਰ ਉਮਰਾਓ ਸਿੰਘ ਜੀ ਬੋਲਣ ਲਗੇ ਹਨ, ਉਨ੍ਹਾਂ ਨੂੰ ਬੋਲ ਲੈਣ ਦਿਉ । ਇੰਟਰਪਟ ਨਾ ਕਰੋ । (Please resume your seat. Let Sardar Umrao Singh speak. Do not interrupt.)

PAPERS LAID ON THE TABLE OF THE HOUSE

Revenue and Election Minister (Sardar Umrao Singh): Sir, I lay on the Table the Annual Financial Statement (Budget Estimates) and Supplementary Budget Estimates* of the Punjab State Electricity Board for the year 1973-74, as required under Section 61 (3) of the Electricity (Supply) Act, 1948.

I also lay on the Table the *Annual Reports and Accounts of the Punjab State Warehousing Corporation for the years 1967-68 (from 1st November 1967 to 31st March, 1968) and 1968-69, as required under section 31 (11) of the Warehousing Corporations Act, 1962.

*Placed in the Library.

Original with;
Punjab Vidhan Sabha
Digitized by;
Panjab Digital Library

THE PUNJAB APPROPRIATION (NO. 3) BILL, 1974

Finance Minister (Shri Hans Raj Sharma): Sir, I beg to introduce the Punjab Appropriation (No. 3) Bill.

Sir, I also move—

That the Punjab Appropriation (No. 3) Bill be taken into consideration at once.

Mr. Speaker: Motion moved—

That the Punjab Appropriation (No. 3) Bill be taken into consideration at once.

ਕਾਮਰੇਡ ਅਰਜਨ ਸਿੰਘ ਮਸਤਾਨਾ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ।

ਸ਼੍ਰੀ ਸਪੀਕਰ : ਤੁਸੀਂ ਤਸ਼ਰੀਫ ਰਖੋ ਜੀ । (Please resume your seat.)

(ਇਸ ਸਮੇਂ ਡਾਕਟਰ ਬਲਦੇਵ ਪ੍ਰਕਾਸ਼, ਕਾਮਰੇਡ ਅਰਜਨ ਸਿੰਘ ਮਸਤਾਨਾ, ਸਰਦਾਰ ਸੁਖਦੇਵ ਸਿੰਘ ਢੀਂਡਸਾ ਅਤੇ ਹੋਰ ਕੁਝ ਮੈਂਬਰ ਸਾਹਿਬਾਨ ਖੜੇ ਹੋ ਗਏ)

ਸ਼੍ਰੀ ਸਪੀਕਰ : ਜਿਹੜੀਆਂ ਕਾਲ-ਅਟੈਨਸ਼ਨ ਮੋਸ਼ਨਜ਼ ਰਿਜੈਕਟ ਹੋਈਆਂ ਹਨ, ਉਨ੍ਹਾਂ ਕੁਝ ਰੀਜ਼ਨਜ਼ ਹਨ । ਜੇ ਕਿਸੇ ਆਨਰੇਬਲ ਮੈਂਬਰ ਦੀ ਤਸੱਲੀ ਨਾ ਹੋਵੇ ਤਾਂ ਉਸ ਬਾਰੇ ਫਿਰ ਪਤਾ ਕਰ ਲੈਣਾ । (Some Call-Attention Notices have been rejected due to certain reasons. If however, the hon. Members are not satisfied, they may satisfy themselves later on.)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਮੈਂ 43 ਨੰਬਰ ਕਾਲ-ਅਟੈਨਸ਼ਨ ਮੋਸ਼ਨ ਦਿਤੀ ਸੀ.....

Mr. Speaker: Order please.

ਮਾਲ ਅਤੇ ਚੋਣ ਮੰਤਰੀ : ਢਾਈ ਘੰਟੇ ਟਾਈਮ ਹੈ, ਸਪੀਕਰ ਸਾਹਿਬ, ਅਤੇ ਦੋ ਬਿਲ ਹਨ, ਇਸ ਕਰਕੇ ਅੱਧਾ ਅੱਧਾ ਟਾਈਮ ਰਖ ਲਵੋ ।

ADJOURNMENT MOTION CONVERTED INTO CALL-ATTENTION MOTION

ਸਰਦਾਰ ਅਜਇਬ ਸਿੰਘ ਸੰਧੂ : ਸਪੀਕਰ ਸਾਹਿਬ, ਜਿਹੜੀ ਜਲਾਲ ਸਾਹਿਬ ਦੀ ਐਡਜਰਨਮੈਂਟ ਸ਼ਨ ਸੀ ਇਕ ਪਿੰਡ ਵਿਚ ਇਕ ਬੰਦਾ ਮਾਰ ਦਿਤਾ ਹੈ, ਉਸ ਨੂੰ ਕਾਲ-ਅਟੈਨਸ਼ਨ ਮੋਸ਼ਨ ਵਿਚ ਕਨਵਰ ਕਰ ਦੇਵੋ ।

Original with:
Punjab Vidhan Sabha
Digitized by:
Panjab Digital Library

ਸ੍ਰੀ ਸਪੀਕਰ : ਮੈਂ ਐਗਜ਼ਾਮਿਨ ਕਰ ਲਵਾਂਗਾ । (I will examine it.)

ਮਾਲ ਅਤੇ ਚੋਣ ਮੰਤਰੀ : ਕਰ ਦੇਵੋ ਜੀ । ਕਾਲ-ਅਟੈਨਸ਼ਨ ਬਣਾ ਦੇਵੋ ਜੀ ।

ਸ੍ਰੀ ਸਪੀਕਰ : ਕਰ ਦਿੰਦੇ ਹਾਂ ਜੀ, 12 ਤਾਰੀਖ ਨੂੰ ਆ ਜਾਵੇਗੀ । (All right, it will be taken up on the 12th instant.)

ਕਾਮਰੇਡ ਅਰਜਨ ਸਿੰਘ ਮਸਤਾਨਾ : ਸਪੀਕਰ ਸਾਹਿਬ, ਬਾਰਡਰ ਦੇ ਲੋਕਾਂ ਨੂੰ 1965 ਤੋਂ ਲੈਕੇ ਤੰਗ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਕੱਢਿਆ ਜਾ ਰਿਹਾ ਹੈ, ਇਹ ਪੰਜਾਬ ਦੇ ਬਾਰਡਰ ਦਾ ਮਸਲਾ ਹੈ, ਇਸ ਬਾਰੇ ਚੀਫ ਮਨਿਸਟਰ ਸਾਹਿਬ ਨੂੰ ਵੀ ਮਿਲਿਆ ਗਿਆ ਪਰ ਇਸ ਪਾਸੇ ਧਿਆਨ ਨਹੀਂ ਦਿਤਾ ਜਾ ਰਿਹਾ.....

ਸ੍ਰੀ ਸਪੀਕਰ : ਤੁਸੀਂ ਹੁਣ ਕਹਿ ਲਿਆ ਹੈ, ਤਸ਼ਰੀਫ ਰਖੋ । (You have had your say. Please resume your seat now)

THE PUNJAB APPROPRIATION (NO. 3) BILL, 1974

(Resumption of Consideration)

ਸਰਦਾਰ ਜਸਵਿੰਦਰ ਸਿੰਘ ਬਰਾੜ (ਕੋਟਕਪੂਰਾ) : ਸਪੀਕਰ ਸਾਹਿਬ, ਕਿਸੇ ਮੁਲਕ ਨੂੰ ਤਕੜਾ, ਨਰੋਆ ਅਤੇ ਨਿਘਰ ਵੇਖਣ ਵਾਸਤੇ ਉਸ ਮੁਲਕ ਦੀ ਅਤੇ ਉਥੇ ਦੀ ਆਰਥਿਕ ਹਾਲਤ ਨੂੰ ਸੁਧਾਰਨਾ ਪਵੇਗਾ ਅਤੇ ਇਸ ਲਈ ਠੀਕ ਢੰਗ ਨਾਲ ਚਲਣਾ ਚਾਹੀਦਾ ਹੈ । ਲੇਕਿਨ ਸੈਂਟਰ ਵਿਚ ਵੀ ਅਤੇ ਪੰਜਾਬ ਵਿਚ ਵੀ ਕਾਂਗਰਸ ਦੀ ਸਥਕਾਰ ਹੈ । ਪੈਸੇ ਦੀ ਇਨਫਲੇਸ਼ਨ ਹੋਣ ਨਾਲ ਸਾਡਾ ਆਰਥਿਕ ਢਾਂਚਾ ਵਿਗੜ ਗਿਆ ਹੈ । ਇਸ ਕਰਕੇ ਇਹ ਹੋਇਆ ਹੈ ਕਿ ਸੈਂਟਰ ਦੀ ਪਾਲੀਸੀ ਗਲਤ ਹੈ ਅਤੇ ਉਸ ਦੀ ਇੰਪਲੀਮੈਂਟੇਸ਼ਨ ਇਥੇ ਗਲਤ ਹੋਈ । ਇਹ ਜੋ ਆਰਥਿਕਤਾ ਵਿਚ ਘਾਟਾ ਅਤੇ ਵਾਧਾ ਰਿਹਾ ਹੈ ਉਸ ਨਾਲ ਗਰੀਬ ਲੋਕਾਂ ਦਾ ਲੱਕ ਤੋੜ ਦਿਤਾ ਗਿਆ ਹੈ ਅਤੇ ਹਰੀਜਨਾਂ ਨੂੰ ਮਜ਼ਬੂਰ ਕਰ ਦਿਤਾ ਹੈ ਕਿ ਉਹ ਦੋਨੋਂ ਡੰਗ ਭੁਖੇ ਰਹਿਣ ਅਤੇ ਉਨ੍ਹਾਂ ਨੂੰ ਰੋਟੀ ਨਾ ਮਿਲੇ । ਮਹਿੰਗਾਈ ਨੇ ਇੰਨੀ ਜੜ੍ਹ ਪਕੜ ਲਈ ਹੈ ਕਿ ਮੁਲਕ ਦੀ 2/3 ਆਬਾਦੀ ਹੀ ਗਰੀਬ ਕਰ ਦਿਤੀ ਹੈ । ਇੰਨੀ ਮਹਿੰਗਾਈ ਹੋ ਗਈ ਹੈ ਕਿ ਗਰੀਬਾਂ ਨੂੰ ਦਿਨੋਂ ਦਿਨ ਤੰਗੋ ਤੰਗ ਕੀਤਾ ਜਾ ਰਿਹਾ ਹੈ। ਆਟਾ ਬਹੁਤ ਮਹਿੰਗਾ ਮਿਲਦਾ ਹੈ, ਸੀਮੈਂਟ ਨਹੀਂ ਮਿਲਦਾ, ਚਾਵਲ ਨਹੀਂ ਮਿਲਦਾ, ਖੰਡ ਨਹੀਂ ਮਿਲਦੀ ਅਤੇ ਜੇ ਇਹ ਚੀਜ਼ਾਂ ਮਿਲਦੀਆਂ ਹਨ ਤਾਂ ਬਹੁਤ ਮਹਿੰਗੀਆਂ ਬਲੈਕ ਵਿਚ ਮਿਲਦੀਆਂ ਹਨ । ਇਸ ਦਾ ਮਤਲਬ ਕੀ ਹੈ ? ਇਸ ਦਾ ਕਾਰਨ ਇਹ ਹੈ ਸਰਕਾਰ ਦੀਆਂ ਗਲਤ ਪਾਲੀਸੀਆਂ ਹਨ ਅਤੇ ਕੁਰਪੱਸ਼ਨ ਹੈ । ਮੁਲਕ ਦੇ ਵਿਚ 83 ਘਰਾਣੇ ਅਜਿਹੇ ਹਨ ਜਿਨ੍ਹਾਂ ਕੋਲ 75/76% ਦੌਲਤ ਹੈ ਅਤੇ ਜਿੰਨਾ ਚਿਰ ਉਨ੍ਹਾਂ ਨੂੰ ਖਤਮ ਨਹੀਂ ਕੀਤਾ ਜਾਂਦਾ, ਮਨਾਪਲਿਸਟਾਂ ਨੂੰ, ਬਲੈਕਮਾਰਕੀਟੀਆਂ ਨੂੰ, ਹੋਰਡਰਜ਼ ਨੂੰ ਖ਼ਤਮ ਨਹੀਂ ਕੀਤਾ ਜਾਂਦਾ, ਉਨੀ ਦੇਰ ਤਕ ਹਾਲਤ ਠੀਕ ਨਹੀਂ ਹੋ ਸਕਦੀ । ਸਪੀਕਰ ਸਾਹਿਬ, ਇਹ ਜੋ ਪਰਾਈਸ ਰਾਈਜ਼ ਹੋਈ ਹੈ, ਇਸ ਦਾ ਕਾਰਨ ਸਰਕਾਰ ਦੀ ਗਲਤ ਨੀਤੀ ਹੈ । ਇਸ ਵੇਲੇ ਹਰ ਚੀਜ਼ ਵਿਚ ਅਡੱਲਟਰੇਸ਼ਨ ਹੈ । ਖੰਡ ਨਹੀਂ ਮਿਲਦੀ, ਘੀ ਨਹੀਂ ਮਿਲਦਾ, ਆਟਾ ਵੀ ਇੰਨਾ ਮਹਿੰਗਾ ਹੈ ਕਿ ਗਰੀਬ ਆਦਮੀ ਗੁਜ਼ਾਰਾ ਨਹੀਂ ਕਰ ਸਕਦਾ । ਇਨ ਤਰ੍ਹਾਂ ਦੇ ਹਾਲਾਤ ਹੋਣ ਦੇ ਬਾਵਜੂਦ ਵੀ ਮਜ਼ਦੂਰ ਦੀ

Original with;
Punjab Vidhan Sabha
Digitized by;
Panjab Digital Library

ਉਜਰਤ 3/- ਤੋਂ 5/- ਰੁਪਏ ਰੱਖੀ ਜਾਂਦੀ ਹੈ । ਕੀ ਤੁਸੀਂ ਇਹ ਮਹਿਸੂਸ ਨਹੀਂ ਕਰਦੇ ਕੀ ਇੰਨੀ ਮਹਿੰਗਾਈ ਵਿਚ ਗਰੀਬ ਆਦਮੀ ਕਿਸ ਤਰ੍ਹਾਂ ਰੋਟੀ ਖਾ ਸਕਦਾ ਹੈ ?

(ਇਸ ਵਕਤ ਪੈਨਲ ਆਫ ਚੇਅਰਮੈਨ ਦੇ ਮੈਂਬਰ ਕੈਪਟਨ ਰਤਨ ਸਿੰਘ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਚੇਅਰਮੈਨ ਸਾਹਿਬ, ਇਹ ਸਾਰੀਆਂ ਚੀਜ਼ਾਂ ਜੋ ਇਸ ਮੌਕੇ ਤੇ ਮਹਿੰਗੀਆਂ ਹੁੰਦੀਆਂ ਜਾ ਰਹੀਆਂ ਹਨ, ਮੈਂ ਸਮਝਦਾ ਹਾਂ ਕਿ ਇਹ ਜਿਹੜਾ ਇਨ੍ਹਾਂ ਨੇ ਗਰੀਬੀ ਹਟਾਉਣ ਦਾ ਨਾਹਰਾ ਲਾਕੇ ਪੰਜਾਬ ਦੇ ਲੋਕਾਂ ਨੂੰ ਧੋਖੇ ਵਿਚ ਰਖਿਆ ਹੈ ਇਹੀ ਇਸ ਦਾ ਕਾਰਨ ਹੈ । ਇਹ ਗਲਤ ਪਾਲਿਸੀ ਜੋ ਕਾਂਗ੍ਰਸ ਸਰਕਾਰ ਨੇ ਬਣਾਈ ਹੈ ਇਸ ਨਾਲ ਬੈਕਵਰਡ ਕਲਾਸ ਨੂੰ, ਮਜ਼ਦੂਰਾਂ ਨੂੰ, ਔਰ ਉਨ੍ਹਾਂ ਲੋਕਾਂ ਨੂੰ ਜੋ ਕਿ ਕਾਰਖਾਨੇ ਵਿਚ ਕੰਮ ਕਰਦੇ ਹਨ ਅਤੇ ਜਿਹੜੇ ਖੇਤ ਮਜ਼ਦੂਰ ਹਨ ਉਨ੍ਹਾਂ ਨਾਲ ਭਾਰੀ ਬੇਇਨਸਾਫੀ ਹੋ ਰਹੀ ਹੈ ।

ਪੰਜਾਬ ਸਰਕਾਰ ਸਮਾਜਵਾਦ ਦਾ ਨਾਹਰਾ ਲਾਉਂਦੀ ਹੈ ਪਰ ਚੇਅਰਮੈਨ ਸਾਹਿਬ, ਕਾਰਖਾਨੇ ਵਿਚ ਕੰਮ ਕਰਨ ਵਾਲੇ ਮਜ਼ਦੂਰ ਅਤੇ ਖੇਤਾਂ ਵਿਚ ਕੰਮ ਕਰਨ ਵਾਲੇ ਗਰੀਬ ਮਜ਼ਦੂਰ ਜਿਹੜੇ ਕਿ ਦਿਹਾੜੀ ਕਰਕੇ ਆਪਣਾ ਪੇਟ ਨਹੀਂ ਭਰ ਸਕਦੇ, ਉਨ੍ਹਾਂ ਨੂੰ ਉਨ੍ਹਾਂ ਕਾਰਖਾਨਿਆਂ ਵਿਚੋਂ ਪੂਰਾ ਹਿੱਸਾ ਨਹੀਂ ਦਿਵਾਇਆ ਜਾਂਦਾ, ਵਡੇ ਵਡੇ ਲੈਂਡਲਾਰਡਜ਼ ਕੋਲੋਂ ਜ਼ਮੀਨ ਲੈਕੇ ਛੋਟੇ ਖੇਤ ਮਜ਼ਦੂਰਾਂ ਨੂੰ ਨਹੀਂ ਦਿੱਤੀ ਜਾਂਦੀ । ਮੈਂ ਸਮਝਦਾ ਹਾਂ ਇਥੇ ਸਮਾਜਵਾਦ ਕਦੇ ਨਹੀਂ ਆ ਸਕਦਾ ।

ਸੈਂਟਰ ਵਲੋਂ ਅਤੇ ਪੰਜਾਬ ਸਰਕਾਰ ਵਲੋਂ ਜੋ ਇਹ ਇਨ੍ਹਾਂ ਗਰੀਬ ਲੋਕਾਂ ਨਾਲ ਫਰਾਡ ਕੀਤਾ ਜਾ ਰਿਹਾ ਹੈ ਮੈਂ ਸਮਝਦਾ ਹਾਂ ਕਿ ਇਸ ਦੇ ਪਿਛੇ ਵਡੇ ਵਡੇ ਜਾਗੀਰਦਾਰਾਂ ਦਾ ਅਤੇ ਵਡੇ ਵਡੇ ਟਰਾਂਸਪੋਰਟਰਾਂ ਦਾ ਹੱਥ ਹੈ ਜਿਹੜੇ ਹਿੰਦੁਸਤਾਨ ਦੇ ਹਰੀਜਨਾਂ ਨੂੰ ਅਤੇ ਪੰਜਾਬ ਦੀ ਗਰੀਬ ਜਨਤਾ ਨੂੰ ਕਮਜ਼ੋਰ ਕਰਕੇ ਉਨ੍ਹਾਂ ਨੂੰ ਉਚਾ ਨਹੀਂ ਉਠਣ ਦੇ ਰਹੇ ।

ਮੈਂ ਚੇਅਰਮੈਨ ਸਾਹਿਬ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਜਦੋਂ ਇਸ ਸਰਕਾਰ ਨੇ ਜ਼ਮੀਨ ਦੀ ਸੀਲਿੰਗ ਕਰਨੀ ਹੈ ਤਾਂ ਫਿਰ ਕਿਉਂ ਨਹੀਂ ਜ਼ਮੀਨ ਦੀ ਸੀਲਿੰਗ ਕਰਕੇ ਫਾਲਤੂ ਜ਼ਮੀਨ ਗਰੀਬ ਲੋਕਾਂ ਵਿਚ ਵੰਡਦੀ ? ਇਥੇ ਜਿਹੜੇ ਵਡੇ ਵਡੇ ਜਾਗੀਰਦਾਰ, ਕਾਰਖਾਨੇਦਾਰ ਅਤੇ ਮਨਾਪਲਿਸਟ ਹਨ ਉਨ੍ਹਾਂ ਨੂੰ ਆਪਣੇ ਕਾਰਖਾਨਿਆਂ ਵਿਚ ਅਤੇ ਆਪਣੀਆਂ ਜ਼ਮੀਨਾਂ ਵਿਚ ਗਰੀਬ ਮਜ਼ਦੂਰਾਂ ਨੂੰ ਹਿੱਸਾ ਦੇਣਾ ਚਾਹੀਦਾ ਹੈ । ਇਸ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਜਾਗੀਰਦਾਰਾਂ ਅਤੇ ਕਾਰਖਾਨੇਦਾਰਾਂ ਕੋਲੋਂ ਇਨ੍ਹਾਂ ਗਰੀਬ ਮਜ਼ਦੂਰਾਂ ਨੂੰ ਦਿਵਾਏ ਨਹੀਂ ਤਾਂ ਇਕ ਦਿਨ ਇਹ ਗਰੀਬ ਤਬਕਾ ਇਨ੍ਹਾਂ ਦਾ ਗਲਾ ਘੁਟਕੇ ਵੀ ਆਪਣਾ ਹਿੱਸਾ ਲੈ ਲੈਣਗੇ ।

ਚੇਅਰਮੈਨ ਸਾਹਿਬ, ਦੂਜੀ ਗੱਲ ਜਿਸ ਦਾ ਕਿ ਦਿੱਲੀ ਦੀ ਸਰਕਾਰ ਵੀ ਅਤੇ ਪੰਜਾਬ ਦੀ ਸਰਕਾਰ ਵੀ ਢੰਡੋਰਾ ਪਿਟਦੀ ਰਹਿੰਦੀ ਹੈ ਉਹ ਇਹ ਹੈ ਇਨ੍ਹਾਂ ਨੇ 21 ਲੱਖ ਰੁਪਿਆ ਗਰੀਬ ਹਰੀਜਨਾਂ ਲਈ ਜੈਯੰਤੀ ਵਿਲੇਜਿਜ਼ ਬਣਾਉਣ ਵਾਸਤੇ ਰਖਿਆ ਹੈ । ਚੇਅਰਮੈਨ ਸਾਹਿਬ, ਇਸ ਨਾਲ ਕੀ ਪੰਜਾਬ ਦਾ ਗਰੀਬ ਤਬਕਾ ਖੁਸ਼ ਹੋ ਸਕਦਾ ਹੈ ? 21 ਲੱਖ ਰੁਪਿਆ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਵਿੰਦਰ ਸਿੰਘ ਬਰਾੜ]

ਜਿਹੜਾ ਰਖਿਆ ਗਿਆ ਹੈ ਇਸ ਵਿਚੋਂ 2 ਹਜ਼ਾਰ ਰੁਪਿਆ ਹਰ ਪਰਿਵਾਰ ਨੂੰ ਮਿਲੇਗਾ। ਚੇਅਰਮੈਨ ਸਾਹਿਬ, ਇਸ ਜ਼ਮਾਨੇ ਵਿਚ ਜਦ ਕਿ 136/- ਰੁਪਏ ਇੱਟਾਂ ਦਾ ਭਾਅ ਹੋਵੇ ਅਤੇ 98/- ਰੁਪਏ ਸੀਮਿੰਟ ਦਾ ਭਾਅ ਹੋਵੇ ਉਹ ਵੀ ਜਿਹੜੇ ਸਰਕਾਰੀ ਬੈਂਚਿਜ਼ ਤੇ ਬੈਠੇ ਹਨ ਉਹੀ ਇਸ ਭਾਅ ਤੇ ਇਹ ਚੀਜ਼ਾਂ ਲੈ ਸਕਦੇ ਹਨ ਸਾਡੇ ਵਰਗਿਆਂ ਨੂੰ ਤਾਂ ਉਹ ਵੀ ਨਹੀਂ ਮਿਲਦੀ। ਫਿਰ ਜਿਹੜਾ ਇਕ ਗਰੀਬ ਆਦਮੀ ਹੈ ਜਿਸ ਦੇ ਘਰ ਦੇ 5, 6 ਜੀਅ ਖਾਣ ਵਾਲੇ ਹਨ ਉਹ ਇਸ 2,000 ਵਿਚ ਕਿਵੇਂ ਆਪਣਾ ਮਕਾਨ ਬਣਾ ਸਕਦਾ ਹੈ। ਇਸ ਨਾਲ ਤਾਂ ਉਹ ਕਬੂਤਰ ਦਾ ਘੌਂਸਲਾ ਹੀ ਬਣਾ ਸਕਦਾ ਹੈ, ਇਸ ਤੋਂ ਇਲਾਵਾ ਹੋਰ ਕੁਝ ਨਹੀਂ ਕਰ ਸਕਦਾ। ਮੈਂ ਤਾਂ ਸਮਝਦਾ ਹਾਂ ਕਿ ਜੋ ਇਹ ਰਕਮ ਇਸ ਨਾਲੋਂ 4 ਗੁਣਾ ਵੀ ਜ਼ਿਆਦਾ ਹੋ ਜਾਵੇ ਤਾਂ ਵੀ ਉਹ ਆਪਣਾ ਮਕਾਨ ਨਹੀਂ ਬਣਾ ਸਕਦਾ।

ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਇਕ ਸੁਝਾਉ ਦੇਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਜਾਗੀਰਦਾਰ ਅਤੇ ਵਡੇ ਵਡੇ ਸਰਮਾਏਦਾਰ ਹਨ ਜਿਨ੍ਹਾਂ ਚਿਰ ਤਕ ਇਹ ਸਰਕਾਰ ਇਨ੍ਹਾਂ ਨੂੰ ਅਤੇ ਗਰੀਬ ਲੋਕਾਂ ਨੂੰ ਬਰਾਬਰ ਤੇ ਨਹੀਂ ਲੈ ਆਉਂਦੀ ਇਤਨੀ ਦੇਰ ਤਕ ਸਮਾਜਵਾਦ ਨਹੀਂ ਆ ਸਕਦਾ। ਸਮਾਜਵਾਦ ਲਿਆਉਣ ਵਾਸਤੇ ਦੋਨੇ ਪਹੀਏ ਇਕੋ ਜਿਹੇ ਹੋਣੇ ਚਾਹੀਦੇ ਹਨ ਤਾਂ ਹੀ ਸਮਾਜਵਾਦ ਆ ਸਕਦਾ ਹੈ।

ਸ਼੍ਰੀ ਸਭਾਪਤੀ : ਬਰਾੜ ਸਾਹਿਬ, ਜਿੰਨਾਂ ਟਾਈਮ ਤੁਹਾਨੂੰ ਅਲਾਟ ਹੈ ਤੁਸੀਂ ਉਸ ਦੇ ਹਿਸਾਬ ਨਾਲ ਹੀ ਬੋਲੋ। (Brar Sahib, please finish your speech within the time allotted to you.)

ਸਰਦਾਰ ਜਸਵਿੰਦਰ ਸਿੰਘ ਬਰਾੜ : ਚੇਅਰਮੈਨ ਸਾਹਿਬ, ਮੈਂ ਤਾਂ ਅੱਜ ਰੱਜਕੇ ਬੋਲਣਾ ਹੈ।

ਚੇਅਰਮੈਨ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ 21 ਲੱਖ ਰੁਪਿਆ ਜੋ ਕਿ ਗਰੀਬ ਮਜ਼ਦੂਰਾਂ ਦੇ ਮਕਾਨਾਂ ਵਾਸਤੇ ਰਖਿਆ ਗਿਆ ਹੈ, ਇਸ ਨਾਲ ਹਰ ਹਰੀਜਨ ਅਤੇ ਹਰ ਗਰੀਬ ਨੂੰ 2,000 ਰੁਪਿਆ ਮਿਲਣਾ ਹੈ, ਇਸ ਨਾਲ ਤਾਂ ਉਨ੍ਹਾਂ ਦਾ ਕੁਝ ਵੀ ਨਹੀਂ ਬਣਨ ਲਗਾ ਅਤੇ ਨਾ ਹੀ ਉਹ ਇਸ ਨਾਲ ਖੁਸ਼ ਹੋ ਸਕਦਾ ਹੈ।

ਚੇਅਰਮੈਨ ਸਾਹਿਬ, ਪੰਜਾਬ ਸਰਕਾਰ ਨੇ ਹਰੀਜਨਾਂ ਦੇ ਬੱਚਿਆਂ ਲਈ ਪੜ੍ਹਾਈ ਕਰਨ ਲਈ ਰਿਜ਼ਰਵੇਸ਼ਨ ਜੋ ਰਖੀ ਹੈ ਅਤੇ ਉਨ੍ਹਾਂ ਨੂੰ ਜੋ ਐਡਮਿਸ਼ਨ ਦਿੱਤੀ ਜਾਂਦੀ ਹੈ ਉਸ ਦੇ ਵਿਚ ਮੈਰਿਟ ਨੂੰ ਨਹੀਂ ਵੇਖਿਆ ਜਾਂਦਾ। ਜਿਸ ਵੇਲੇ ਐਡਮਿਸ਼ਨ ਦਾ ਮੌਕਾ ਹੁੰਦਾ ਹੈ ਉਸ ਵੇਲੇ ਲਿਹਾਜ਼ਦਾਰੀ ਕੀਤੀ ਜਾਂਦੀ ਹੈ। ਜਿਸ ਦੇ 65% ਮਾਰਕਸ ਹੁੰਦੇ ਹਨ ਉਸ ਨੂੰ ਤਾਂ ਇਗਨੋਰ ਕਰ ਦਿੱਤਾ ਜਾਂਦਾ ਹੈ ਅਤੇ ਦੂਜੇ ਜਿਨ੍ਹਾਂ ਦੇ ਥੋੜੇ ਮਾਰਕਸ ਹੁੰਦੇ ਹਨ ਉਨ੍ਹਾਂ ਨੂੰ ਰਖ ਲਿਆ ਜਾਂਦਾ ਹੈ।

ਮੈਂ ਕਹਿੰਦਾ ਹਾਂ ਕਿ ਸਕੂਲਾਂ ਵਿਚ ਪੜ੍ਹਨ ਵਾਲੇ ਬਚਿਆਂ ਨੂੰ ਮੁਫਤ ਐਜੂਕੇਸ਼ਨ ਮਿਲਣੀ ਚਾਹੀਦੀ ਹੈ। ਇਤਨੇ ਤਕ ਹਿੰਦੁਸਤਾਨ ਬਿਲਕੁਲ ਤਰੱਕੀ ਨਹੀਂ ਕਰ ਸਕਦਾ ਜਦੋਂ ਤਕ ਕਿ ਇਨ੍ਹਾਂ ਗਰੀਬ ਹਰੀਜਨਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਪੂਰਾ ਖਿਆਲ ਨਹੀਂ ਰਖਿਆ ਜਾਂਦਾ।

Original with;
Punjab Vidhan Sabha
Digitized by;
Panjab Digital Library

ਚੇਅਰਮੈਨ ਸਾਹਿਬ, ਸਾਡੀ ਸਰਕਾਰ ਨੇ ਹਰੀਜਨਾਂ ਦੀ ਰਿਜ਼ਰਵੇਸ਼ਨ 20% ਤੋਂ ਵਧਾ ਕੇ 25% ਕਰ ਦਿੱਤੀ ਹੈ, ਇਸ ਦਾ ਅਸੈਂਬਲੀ ਵਿਚ ਬਿਆਨ ਕਰ ਦਿਤਾ ਗਿਆ ਸੀ ਪਰ ਜੇ ਅਸਲ ਵਿਚ ਅਸੀਂ ਜ਼ਿਲ੍ਹਾ-ਵਾਈਜ਼ ਇਨ੍ਹਾਂ ਦੀ ਰਿਜ਼ਰਵੇਸ਼ਨ ਵੇਖੀਏ ਤਾਂ ਪੰਜਾਬ ਦੇ ਕਿਸੇ ਵੀ ਜ਼ਿਲ੍ਹੇ ਵਿਚ ਵੇਖ ਲਵੋ ਇਨ੍ਹਾਂ ਦੀ ਰਿਜ਼ਰਵੇਸ਼ਨ ਪੂਰੀ ਨਹੀਂ ਹੈ। ਗਰੀਬ ਹਰੀਜਨਾਂ ਨਾਲ ਇਹ ਮਾਮਲੇ ਵਿਚ ਬਹੁਤ ਧੱਕਾ ਕੀਤਾ ਜਾ ਰਿਹਾ ਹੈ ਉਨ੍ਹਾਂ ਨੂੰ ਪੂਰੀ ਪੂਰੀ ਇਸ ਦੀ ਨੁਮਾਇੰਦਗੀ ਨਹੀਂ ਮਿਲ ਰਹੀ।

ਚੇਅਰਮੈਨ ਸਾਹਿਬ ਮੈਂ ਤਾਂ ਸਮਝਦਾ ਹਾਂ ਕਿ ਜੇ ਸੋਸ਼ਲਿਜ਼ਮ ਲਿਆਉਣਾ ਹੈ ਤਾਂ ਗਰੀਬਾਂ ਨੂੰ ਤਕੜੇ ਕਰਨਾ ਚਾਹੀਦਾ ਹੈ। ਕੱਲ ਹੀ ਚੇਅਰਮੈਨ ਸਾਹਿਬ, ਪੀ. ਸੀ. ਐਸ. ਦੇ ਬਾਰੇ ਜਿਸ ਵੇਲੇ ਸਵਾਲ ਚਲ ਰਿਹਾ ਸੀ ਤਾਂ ਜਿਹੜੀਆਂ ਇਸ ਸਾਲ ਪੋਸਟਾਂ ਪੀ.ਸੀ.ਐਸ, ਦੀਆਂ ਭਰਨੀਆਂ ਹਨ ਉਨ੍ਹਾਂ ਵਿਚ ਜਿੰਨੇ ਵੀ ਸ਼ੈਡਿਊਲਡ ਕਾਸਟਾਂ ਨੇ ਟੈਸਟ ਪਾਸ ਕਰ ਲਿਆ ਹੈ ਉਨ੍ਹਾਂ ਸਾਰਿਆਂ ਨੂੰ ਰਖ ਲੈਣਾ ਚਾਹੀਦਾ ਹੈ। ਇਸ ਨਾਲ ਗਰੀਬ ਹਰੀਜਨਾਂ ਨੂੰ ਚੰਗੀਆਂ ਨੌਕਰੀਆਂ ਤੇ ਨੁਮਾਇੰਦਗੀ ਮਿਲੇਗੀ ਅਤੇ ਹੋਰਾਂ ਵਿਚ ਇਸ ਦਾ ਹੌਂਸਲਾ ਵਧੇਗਾ ਹੋਰ ਹਰੀਜਨਾਂ ਦੇ ਬੱਚੇ ਵੀ ਪੜ੍ਹ ਸਕਣਗੇ।

ਚੇਅਰਮੈਨ ਸਾਹਿਬ, ਮੈਂ ਪਹਿਲੇ ਵੀ ਅਰਜ਼ ਕੀਤੀ ਹੈ ਕਿ ਸਟੂਡੈਂਟਸ ਨੂੰ ਐਡਮਿਸ਼ਨ ਵਿਚ ਬੜੀ ਮੁਸ਼ਕਲ ਹੁੰਦੀ ਹੈ। ਉਥੇ ਮੈਰਿਟ ਤੇ ਦਾਖਲਾ ਬਿਲਕੁਲ ਨਹੀਂ ਦਿੱਤਾ ਜਾਂਦਾ। ਐਗਰੀਕਲਚਰ ਯੂਨੀਵਰਸਿਟੀ ਲੁਧਿਆਣੇ ਵਿਚ ਜਿਹੜੇ ਵਿਦਿਆਰਥੀ 65% ਜਾਂ 70% ਨੰਬਰ ਲੈਕੇ ਆਉਂਦੇ ਹਨ ਉਨ੍ਹਾਂ ਨੂੰ ਉਨ੍ਹਾਂ ਦੀ ਮੈਰਿਟ ਤੇ ਦਾਖਲਾ ਨਹੀਂ ਦਿੱਤਾ ਜਾਂਦਾ ਬਲਕਿ ਇਕ ਇੰਟਰਵਿਊ ਰਖ ਲੈਂਦੇ ਹਨ। ਫਿਰ ਉਸ ਇੰਟਰਵਿਊ ਵਿਚ ਵਿਦਿਆਰਥੀਆਂ ਦੀਆਂ ਸ਼ਕਲਾਂ ਦੇਖ ਕੇ ਨੰਬਰ ਦਿੰਦੇ ਹਨ। ਜਿਨ੍ਹਾਂ ਮੁੰਡਿਆਂ ਦੇ 65% ਨੰਬਰ ਹੁੰਦੇ ਹਨ ਉਨ੍ਹਾਂ ਨੂੰ ਨਹੀਂ ਰਖਿਆ ਜਾਂਦਾ ਅਤੇ ਮਨਿਸਟਰਾਂ ਦੇ ਮੁੰਡਿਆਂ ਨੂੰ ਇੰਟਰਵਿਊ ਵਿਚ ਜ਼ਿਆਦਾ ਨੰਬਰ ਦੇਕੇ ਉਨ੍ਹਾਂ ਨੂੰ ਦਾਖਲਾ ਦੇ ਦਿੱਤਾ ਜਾਂਦਾ ਹੈ।

ਮੈਂ ਅਰਜ਼ ਕਰ ਦੇਵਾਂ ਕਿ ਐਗਰੀਕਲਚਰ ਯੂਨੀਵਰਸਟੀ ਦੇ ਵਿਚ ਵੈਟਨਰੀ ਡਾਕਟਰਾ ਦਾ ਇੰਟਰਵੀਊ ਹੋਇਆ, ਉਥੇ ਮੈਰਿਟ ਨੂੰ ਨਜ਼ਰ ਅੰਦਾਜ਼ ਕੀਤਾ ਗਿਆ। ਮੈਂ ਇਹ ਗਲ ਇਸ ਲਈ ਉਨ੍ਹਾਂ ਦੇ ਨੋਟਿਸ ਵਿਚ ਲਿਆਉਂਦਾ ਹਾਂ ਕਿ ਉਹ ਇਸ ਤੇ ਪਰਾਪਰ ਐਕਸ਼ਨ ਲੈਣ। ਇਹ ਫਰਜ਼ ਵਜ਼ੀਰ ਸਾਹਿਬ ਦਾ ਬਣਦਾ ਹੈ। ਐਗਰੀਕਲਚਰ ਯੂਨੀਵਰਸਟੀ ਦੇ ਵਿਚ ਇਸ ਤਰ੍ਹਾਂ ਦੀਆਂ ਗੱਲਾਂ ਦਾ ਹੋਣਾ ਇਕ ਬਹੁਤ ਬੁਰੀ ਰਵਾਇਤ ਹੈ। ਵਜ਼ੀਰ ਸਾਹਿਬ, ਪੜਤਾਲ ਕਰਨ ਜੇ ਇਹ ਗਲ ਗਲਤ ਹੋਵੇ ਤਾਂ ਭਾਵੇਂ ਜੋ ਮਰਜ਼ੀ ਕਰਨ।

ਸਟੂਡੈਂਟਸ ਦੀਆਂ ਕੁਝ ਸਹੀਂ ਡੀਮਾਂਡਜ਼ ਹਨ, ਉਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਸਿਨਮੇ ਦੀਆਂ ਟਿਕਟਾਂ ਘਟ ਰੇਟ ਤੇ ਮਿਲਣ। ਹਰ ਰੋਜ਼ 20—30 ਮੀਲ ਤੱਕ ਉਹ ਲੋਕ ਸਫ਼ਰ ਕਰਦੇ ਹਨ, ਸਟੂਡੈਂਟਸ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਬਸਾਂ ਦੇ ਟਿਕਟ ਕਨਸੈਸ਼ਨਲ ਰੇਟ ਤੇ ਦਿੱਤੇ ਜਾਣ। ਅਗੇ ਜਦੋਂ ਅਸੀਂ ਪੜ੍ਹਦੇ ਸੀ ਇਸ ਤਰ੍ਹਾਂ ਦੀਆਂ ਰਿਆਇਤਾਂ ਮਾਮੂਲੀ ਸਮਝੀਆਂ ਜਾਂਦੀਆਂ ਸਨ।

ਸ਼੍ਰੀ ਸਭਾਪਤੀ : ਬਰਾੜ ਜੀ, ਸਿਨਮਾ ਦੀ ਗਲ ਛੱਡੋ, ਸਿਨਮਾ ਦੇ ਟਿਕਟ ਸਸਤੇ ਕਰ ਦਿੱਤੇ ਤਾਂ ਬਚੇ ਸਿਨਮਾ ਵੇਖ ਕੇ ਖਰਾਬ ਹੋ ਜਾਣਗੇ। (Brar Sahib, it will spoil the children if cinema tickets are made cheaper.)

Original with;
Punjab Vidhan Sabha
Digitized by;
Panjab Digital Library

ਸਰਦਾਰ ਜਸਵਿੰਦਰ ਸਿੰਘ ਬਰਾੜ : ਚੇਅਰਮੈਨ ਸਾਹਿਬ, ਅੱਜ ਕੱਲ ਤਾਂ ਅਮਰੀਕਾ ਵਿਚ ਟੈਲੀਵਿਜ਼ਨ ਤੇ ਮੁੰਡਿਆਂ ਨੂੰ, ਪੜ੍ਹਾਇਆ ਜਾਂਦਾ ਹੈ ਉਹ ਨਹੀਂ ਖਰਾਬ ਹੁਦੇ ਇਥੇ ਕੀ ਹੋ ਜਾਵੇਗਾ । ਇਸ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਟੂਡੈਂਟ ਵਰਗ ਦੇ ਹਿੱਤਾਂ ਨੂੰ ਮੁੱਖ ਰਖਣ, ਉਹ ਇਸ ਦੇਸ਼ ਦਾ ਉਜਲ ਭਵਿੱਖ ਹਨ । ਪਰ ਜਿਸ ਤਰ੍ਹਾਂ ਦੀਆਂ ਗਲਾਂ ਐਗਰੀਕਲਚੁਰਲ ਯੂਨੀਵਰਸਈ ਵਿਚ ਹੋ ਰਹੀਆਂ ਹਨ, ਗੁਰੂ ਨਾਨਕ ਯੂਨੀਵਰਸਈ ਦੇ ਇੰਜੀਨੀਰਿੰਗ ਕਾਲਿਜ ਵਿਚ ਹੋ ਰਹੀਆਂ ਹਨ, ਉਥੇ ਸਟੂਡੈਂਟਸ ਦਾ ਫਿਊਚਰ ਖਰਾਬ ਕੀਤਾ ਜਾ ਰਿਹਾ ਹੈ, ਮੈਰਿਟ ਦਾ ਵੀ ਕੋਈ ਲਿਹਾਜ਼ ਨਹੀਂ ਕੀਤਾ ਜਾਂਦਾ ।

ਫੇਰ ਵਜ਼ੀਰ ਸਾਹਿਬ ਨੂੰ ਇਹ ਖਿਆਲ ਹੋਣਾ ਚਾਹੀਦਾ ਹੈ ਕਿ ਸਟੂਡੈਂਟ ਵਰਗ ਪਹਿਲਾਂ ਹੀ ਬੜਾ ਸਤਾਇਆ ਹੋਇਆ ਹੈ, ਕੁਝ ਲੋਕ ਉਨ੍ਹਾਂ ਨੂੰ ਆਪਣੇ ਸੁਆਰਥ ਵਾਸਤੇ ਉਭਾਰ ਰਹੇ ਹਨ । ਸਾਨੂੰ ਪਤਾ ਲਗਾ ਹੈ ਕਿ ਇਹ ਲੋਕ ਸਟੂਡੈਂਟਸ ਵਰਗ ਦੀਆਂ ਬਸਾਂ ਭਰਕੇ ਇੰਦਰਾ ਗਾਂਧੀ ਨੂੰ ਖੁਸ਼ ਕਰਨ ਦੇ ਲਈ ਮਜਬਰ ਕਰਕੇ ਦਿੱਲੀ ਲੈ ਜਾ ਰਹੇ ਹਨ । ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸ੍ਰੀ ਜੈ ਪ੍ਰਕਾਸ਼ ਨਾਰਾਇਣ, ਉਹ ਵਡਾ ਨੇਤਾ ਹੈ ਜਿਸ ਨੇ ਸਾਰੀ ਜ਼ਿੰਦਗੀ ਇਸ ਮੁਲਕ ਦੇ ਲਈ ਹੀ ਲਾਈ ਹੈ । ਉਸ ਨੇ ਵਡੀਆਂ ਵਡੀਆਂ ਮੂਵਮੈਂਟਸ ਦੇ ਵਿਚ ਹਿੱਸਾ ਲਿਆ । ਇਹ ਲੋਕ ਆਪਣੇ ਪਾਪਾਂ ਨੂੰ ਲੁਕਾਉਣ ਵਾਸਤੇ ਪੰਜਾਬ ਦੇ ਸਟੂਡੈਂਟਸ ਨੂੰ ਦਿੱਲੀ ਲੈ ਜਾਣ ਦਾ ਯਤਨ ਕਰ ਰਹੇ ਹਨ । ਜੇ ਇਹ ਇਸੇ ਤਰ੍ਹਾਂ ਹੀ ਉਨ੍ਹਾਂ ਨੂੰ ਮਜਬੂਰ ਕਰਨਗੇ ਤਾਂ ਉਹ ਵਰਗ ਜਿਹੜਾ ਇਨ੍ਹਾਂ ਤੋਂ ਪਹਿਲਾਂ ਹੀ ਤੰਗ ਹੈ ਇਨ੍ਹਾਂ ਦਾ ਕਦੇ ਸਾਥ ਨਹੀਂ ਦੇਵੇਗਾ ।

ਗਿਆਨੀ ਜੀ ਨੇ ਬੜਾ ਚੰਗਾ ਕੰਮ ਕੀਤਾ ਹੈ ਜਿਹੜਾ ਇਨ੍ਹਾਂ ਨੇ ਪੰਜਾਬ ਵਿਚ ਸ਼ਹੀਦ ਊਧਮ ਸਿੰਘ ਦੀਆਂ ਅਸਤੀਆਂ ਲਿਆਂਦੀਆਂ, ਪਰ ਮੈਂ ਇਹ ਗਲ ਕਰਦਾ ਹਾਂ ਕਿ ਜਿਸ ਤਰ੍ਹਾਂ ਦੇ ਇਨ੍ਹਾਂ ਭਦਰ ਪੁਰਸ਼ਾਂ ਦੇ ਕਾਰਨਾਮੇ ਹਨ, ਜੇ ਕਿਤੇ ਸ਼ਹੀਦ ਊਧਮ ਸਿੰਘ ਦੀਆਂ ਹੱਡੀਆਂ ਨੂੰ ਮਾਸ ਲਗ ਗਿਆ ਅਤੇ ਉਹਦੇ ਵਿਚ ਜਾਨ ਪੈ ਗਈ ਤੇ ਕਿਸੇ ਨੇ ਫੜਾ ਦਿੱਤਾ ਉਹਦੇ ਹਥ ਵਿਚ ਖੰਡਾ, ਤਾਂ ਜਦੋਂ ਉਸ ਨੂੰ ਲਗਿਆ ਪਤਾ ਕਿ ਇਹ ਉਹ ਲੋਕ ਹਨ ਜਿਹੜੇ ਮੇਰੇ ਵਰਗ ਦੇ ਲੋਕਾਂ ਨੂੰ ਸਤਾ ਰਹੇ ਹਨ ਉਸ ਨੇ ਖੰਡੇ ਨਾਲ ਇਨ੍ਹਾਂ ਚਿਟਕਪੜੀਆਂ ਦਾ ਮਾਹ ਮਾਰਕੇ ਨਾਸ ਕਰ ਦੇਣਾ ਹੈ, ਇਨ੍ਹਾਂ ਭਦਰਪੁਰਸ਼ਾਂ ਦਾ ਕਤਲੇ ਆਮ ਕਰ ਦੇਣਾ ਹੈ । ਸਾਨੂੰ ਯਕੀਨ ਹੈ ਕਿ ਸ਼ਹੀਦ ਊਧਮ ਸਿੰਘ ਦੀਆਂ ਹੱਡੀਆਂ ਨੂੰ ਮਾਸ ਲਗਣਾ ਹੈ ਅਤੇ ਉਸ ਵਿਚ ਜਿੰਦ ਪੈਣੀ ਹੈ । ਸਾਡੀ ਧਰਤੀ ਤੇ ਸਟੂਡੈਂਟਸ ਵਰਗ ਵਿਚੋਂ ਊਧਮ ਸਿੰਘ ਵਰਗੇ ਸ਼ਹੀਦ ਪੈਦਾ ਹੋਏ ਹਨ । ਪਰ ਇਹ ਲੋਕ ਆਪਣੇ ਪਾਪ ਛੁਪਾਉਣ ਦੇ ਮਾਰੇ ਸਟੂਡੈਂਟ ਵਰਗ ਨਾਲ ਵੀ ਇਤਨਾ ਭੈੜਾ ਸਲੂਕ ਕਰ ਰਹੇ ਹਨ । ਜੇ ਤੁਸੀਂ ਦਿਲੋਂ ਸ਼ਹੀਦ ਨੂੰ ਸ਼ਰਧਾਂਜਲੀ ਦੇਣੀ ਹੈ ਤਾਂ ਉਸ ਦੀਆਂ ਦੱਸੀਆਂ ਲੀਹਾਂ ਤੇ ਚਲੋ ।

ਅਕਾਲੀ ਸਰਕਾਰ ਫੇਲੇ ਇਨ੍ਹਾਂ ਨੇ ਰੌਲਾ ਪਾਇਆ ਕਿ ਅਸੀਂ 20 ਹਜ਼ਾਰ ਟੀਚਰਾਂ ਦੀਆਂ ਬਦਲੀਆਂ ਕੀਤੀਆਂ । ਉਹ ਵਰਾਂਸਫਰਾਂ ਕਿਸੇ ਕਾਰਨ ਹੋਈਆ ਸੀ, ਪਰ ਇਨ੍ਹਾਂ 20 ਹਜ਼ਾਰ ਬਦਲੀਆਂ ਨੂੰ ਵੀ ਮੈਂ ਕੋਈ ਚੰਗਾ ਨਹੀਂ ਸਮਝਦਾ । ਚੇਅਰਮੈਨ ਸਾਹਿਬ, ਹੁਣ ਇਨ੍ਹਾਂ ਨੇ 5 ਹਜ਼ਾਰ ਟੀਚਰਾਂ ਦੀਆਂ ਬਦਲੀਆਂ ਕੀਤੀਆਂ ਹਨ, ਇਹ ਬਦਲੀਆਂ ਪੁਲੀਟੀਕਲ ਬੇਸਿਜ਼ ਤੇ ਕੀਤੀਆਂ ਹਨ । ਉਨ੍ਹਾਂ ਨੂੰ ਰਿਪਰੈਜ਼ੈਂਟਿਵ ਨੇਚਰ ਨਾਲ ਤਬਦੀਲ ਕੀਤਾ । ਆਪਣੇ

Original with;
Punjab Vidhan Sabha
Digitized by;
Panjab Digital Library

ਦਫਤਰ ਦੇ ਕਮਰੇ ਦੇ ਵਿਚ ਬੈਠਕੇ ਅਫਸਰਾਂ ਤੋਂ ਇਹ ਪੁਛਿਆ ਕਿ ਉਨ੍ਹਾਂ ਵਿਚ ਕਿਹੜਾ ਜਨ-ਸੰਘੀ ਹੈ ਅਤੇ ਕਿਹੜਾ ਕਾਂਗਰਸੀ ਹੈ, ਫਲਾਂ ਦਾ ਝੁਕਾ ਕਿਧਰ ਹੈ । ਮੈਂ ਚੇਅਰਮੈਨ ਸਾਹਿਬ, ਆਪ ਦੀ ਵਸਾਤਤ ਦੇ ਨਾਲ ਇਹ ਦਸਣਾ ਚਾਹੁੰਦਾ ਹਾਂ ਕਿ ਜਿਤਨੇ ਵੀ ਟੀਚਰ, ਪ੍ਰੋਫੈਸਰ, ਰਾਈਟਰ, ਅਤੇ ਹੋਰ ਜੋ ਯੂਨੀਵਰਸਟੀਜ਼ ਦਾ ਇੰਟੈਲੀਜੈਂਸੀਆ ਹੈ, ਸਭ ਸਟੂਡੈਂਟ ਵਰਗ ਦੇ ਨਾਲ ਹੈ । ਮੁਲਕ ਦੇ ਬੇਹਤਰੀਨ ਪ੍ਰੋਗਰਾਮ ਨੂੰ ਉਹ ਹੁਣ ਖਰਾਬ ਕਰਨ ਦੀ ਕੋਸ਼ਿਸ਼ ਨਾ ਕਰਨ । ਜੇ ਇਸ ਤਰ੍ਹਾਂ ਬਦਲੇ ਦੀ ਭਾਵਨਾ ਨਾਲ ਕੰਮ ਕਰਨਗੇ ਤਾਂ ਮੈਂ ਉਨ੍ਹਾਂ ਨੂੰ ਵਾਰਨਿੰਗ ਦਿੰਦਾ ਹਾਂ ਕਿ ਉਹ ਵਕਤ ਦੂਰ ਨਹੀਂ ਜਦੋਂ ਇਨ੍ਹਾਂ ਨੂੰ ਹਾਲਾਤ ਦਾ ਮੁਕਾਬਲਾ ਕਰਨਾ ਮੁਸ਼ਕਲ ਹੋ ਜਾਵੇਗਾ । ਮੈਂ ਇਨ੍ਹਾਂ ਨੂੰ ਹੀ ਇਕ ਮਿਸਾਲ ਦਿੰਦਾ ਹਾਂ ਕਿ ਇਕ ਲੜਕੀ ਦਾ ਸੈਪੇਰੇਸ਼ਨ ਦਾ ਕੇਸ ਸੀ, ਲੜਕੀ ਟੀਚਰ ਸੀ, ਇਨ੍ਹਾਂ ਨੇ ਲੜਕੇ ਨੂੰ ਤਬਦੀਲ ਕਰਕੇ ਤਾਂ ਹੋਰ ਜਗ੍ਹਾ ਲਾ ਦਿੱਤਾ ਪਰ ਲੜਕੀ ਦੀ ਅਪਵਾਇੰਟਮੈਂਟ ਉਸ ਦੇ ਸਹੁਰੇ ਘਰ ਪਿੰਡ ਕਰ ਦਿੱਤੀ । ਲੜਕੀ ਪੜ੍ਹੀ ਲਿਖੀ ਹੈ, ਇੰਟੈਲੀਜੈਂਟ ਵੀ ਹੈ, ਫਰੀਡਮ-ਫਾਈਟਰਜ਼ ਦੀ ਫੈਮਿਲੀ ਨੂੰ ਬੀਲਾਂਗ ਕਰਦੀ ਹੈ, ਉਹ ਨੇ ਕਿਸੇ ਗਲ ਤੇ ਤੰਗ ਆਕੇ ਸੈਪੇਰੇਸ਼ਨ ਲਈ, ਪਰ ਇਨ੍ਹਾਂ ਨੇ ਕਿਸੇ ਦੇ ਕਹਿਣ ਤੇ ਮੁੜ ਉਸ ਪਿੰਡ ਬਦਲੇ ਦੀ ਭਾਵਨਾ ਨਾਲ ਲਾਇਆ । ਉਸ ਦੇ ਖਿਲਾਫ਼ ਇਤਨਾ ਮੁਹਾਜ਼ ਚੁਕਿਆ ਗਿਆ ਕਿ ਜਗ੍ਹਾ ਜਗ੍ਹਾ ਤੋਏ ਤੋਏ ਹੋਈ ।

ਇਸ ਤਰ੍ਹਾਂ ਦੀਆਂ ਅੰਮ੍ਰਿਤਸਰ ਦੇ ਵਿਚ ਵੀ ਕਈ ਬਦਲੀਆਂ ਕੀਤੀਆਂ ਗਈਆਂ । ਟੀਚਰ ਵਰਗ ਨਾਲ ਇਸ ਤਰ੍ਹਾਂ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ ਅਤੇ ਪੁਲੀਟੀਕਲ ਵਿੰਡਿਕਟਿਵਨੈਸ ਕਾਰਨ ਉਨ੍ਹਾਂ ਨੂੰ ਮੁਸ਼ਕਲਾਂ ਵਿਚ ਪਾਇਆ ਜਾ ਰਿਹਾ ਹੈ, ਉਹ ਤਾਂ ਪਹਿਲਾਂ ਹੀ ਬਹੁਤ ਸਤਾਏ ਹੋਏ ਹਨ, ਹੁਣ ਤਾਂ ਕਫਨ ਵਿਚੋਂ ਕੀਲਾ ਲਭਣ ਵਾਲੀ ਗਲ ਹੈ । ਜੇ ਕੋਈ ਐਡਮਨਿਸਟ੍ਰੇਟਿਵ ਨੇਚਰ ਦੀ ਤਬਦੀਲੀ ਹੋਵੇ ਤਾਂ ਠੀਕ ਹੈ, ਕਿਸੇ ਦੇ ਖਿਲਾਫ ਕੋਈ ਕੰਪਲੇਂਟ ਹੋਵੇ ਬੇਸ਼ਕ ਕਰੋ, ਪਰ ਜਿਸ ਤਰ੍ਹਾਂ ਇਹ ਕੁਰੱਪਸ਼ਨ ਕਰਨ ਵਾਲੇ ਟੋਲੇ ਵਜ਼ੀਰਾਂ ਨਾਲ ਮਿਲਕੇ ਤਬਦੀਲੀਆਂ ਕਰਵਾ ਰਹੇ ਹਨ, ਇਹ ਨਹੀਂ ਹੋਣਾ ਚਾਹੀਦਾ । (ਘੰਟੀ)

ਮੈਂ ਵਾਈਂਡ ਅਪ ਹੀ ਕਰ ਰਿਹਾ ਹਾਂ, ਮੈਂ ਅਰਜ਼ ਕਰਾਂ ਕਿ ਇਹ ਗੱਲ ਪਿਛਲੇ ਸੈਸ਼ਨ ਵਿਚ ਵੀ ਆਈ ਸੀ, ਕਿ ਦਫਤਰਾਂ, ਸਰਕਾਰੀ ਥਾਵਾਂ, ਥਾਣਿਆਂ ਵਿਚ ਜਿਥੇ ਆਮ ਤੌਰ ਤੇ 307 ਅਤੇ 351 ਆਦਿ ਕਈ ਦਫਾ ਦੇ ਅਧੀਨ ਜਾਣ ਬੁਝਕੇ ਫਸਾਇਆ ਜਾਂਦਾ ਹੈ ਉਥੇ ਇਨ੍ਹਾਂ ਦੇ ਲੀਡਰਾਂ ਦੀਆਂ ਵਡੀਆਂ ਵਡੀਆਂ ਫੋਟੋਆਂ ਲਗੀਆਂ ਹੋਈਆਂ ਹਨ । ਇਹ ਦੇਸ਼ ਰਿਸ਼ੀਆਂ ਮੁਨੀਆਂ ਦਾ ਦੇਸ਼ ਹੈ ਇਥੇ ਗੁਰੂ ਨਾਨਕ, ਬਾਬਾ ਫਰੀਦ, ਕਬੀਰ ਵਰਗੇ ਮਹਾਨ ਭਗਤ ਹੋਏ ਹਨ, ਉਹ ਹਮੇਸ਼ਾ ਜ਼ੁਲਮ ਦੇ ਖਿਲਾਫ਼ ਆਵਾਜ਼ ਵੀ ਉਠਾਉਂਦੇ ਰਹੇ, ਜੇ ਉਨ੍ਹਾਂ ਤਸਵੀਰਾਂ ਦੀ ਥਾਂ ਭਗਤਾਂ ਸੰਤਾਂ ਦੀਆਂ ਤਸਵੀਰਾਂ ਲਾ ਦਿੰਦੇ ਤਾਂ ਕੀ ਹਰਜ਼ ਸੀ ? ਪਿਛਲੇ ਸੈਸ਼ਨ ਵਿਚ ਮੈਂ ਵੀ ਕਿਹਾ, ਹੋਰ ਮੈਂਬਰ ਸਾਹਿਬਾਨ ਨੇ ਵੀ ਕਿਹਾ ਪਰ ਇਨ੍ਹਾਂ ਨੇ ਐਸਾ ਕਰਕੇ ਸਾਡੀਆਂ ਫੀਲਿੰਗਜ਼ ਨੂੰ ਮਜਰੂਹ ਕੀਤਾ ਹੈ । ਇਸ ਤਰ੍ਹਾਂ ਦਾ ਰਵੱਈਆ ਇਹ ਸਰਕਾਰ ਦਾ ਨਹੀਂ ਹੋਣਾ ਚਾਹੀਦਾ ।

ਜਿਹੜੇ ਲੋਕ ਰੂਰਲ ਡਿਸਪੈਂਸਰੀਜ਼ ਵਿਚ ਜਾ ਕੇ ਲਗਦੇ ਹਨ, ਉਨ੍ਹਾਂ ਨੂੰ ਪਹਿਲਾਂ 5 ਸਾਲ ਲਗਾਕੇ ਜੀ. ਐਮ. ਐਸ. ਕਰਕੇ ਆਉਣਾ ਪੈਂਦਾ ਹੈ, ਇਹ ਜਿਥੇ ਆਪਣੀਆਂ ਡਿਊਟੀਜ਼ ਵੀ ਦਿੰਦੇ ਹਨ ਉਥੇ ਫੈਮਿਲੀ ਪਲੈਨਿੰਗ ਦਾ ਵੀ ਕੰਮ ਕਰਦੇ ਹਨ, ਰੈਡਕਰਾਸ ਦਾ ਕੰਮ ਕਰਦੇ ਹਨ, ਦੂਸਰੇ ਡਾਕਟਰਾਂ ਦੀ ਤਰ੍ਹਾਂ ਸਾਰੇ ਕੰਮ ਲੁਕ ਆਫਟਰ ਕਰਦੇ ਹਨ ਪਰ ਇਨ੍ਹਾਂ ਦਾ ਗਰੇਡ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਵਿੰਦਰ ਸਿੰਘ ਬਰਾੜ]

ਐਮ. ਬੀ. ਬੀ. ਐਸ. ਡਾਕਟਰਾਂ ਨਾਲੋਂ ਘੱਟ ਹੈ । ਮੈਂ ਕੋਈ ਐਲੋਪੈਥਕ ਡਾਕਟਰਾਂ ਦੇ ਖਿਲਾਫ ਨਹੀਂ ਪਰ ਇਤਨਾ ਜ਼ਰੂਰ ਕਹਾਂਗਾ ਕਿ ਦੋਹਾਂ ਦੇ ਬਰਾਬਰ ਦੇ ਗਰੇਡ ਹੋਣੇ ਚਾਹੀਦੇ ਹਨ । ਇਨ੍ਹਾਂ ਡਿਸਪੈਂਸਰੀਆਂ ਦੀ ਤਾਦਾਦ ਵਧਾਉਣ ਵਾਸਤੇ 10 ਲੱਖ ਰੁਪਏ ਦੀ ਗਰਾਂਟ ਦੇਣ ਬਾਰੇ ਵੀ ਸਿਫਾਰਸ਼ਾਂ ਹੋਈਆਂ ਹਨ, ਪਰ ਇਨ੍ਹਾਂ ਦੀ ਕੋਈ ਪੁੱਛ ਪਰਤੀਤ ਨਾ ਹੋਣ ਕਰਕੇ ਇਸ ਪਾਸੇ ਕੁਝ ਖਰਚ ਨਹੀਂ ਹੋ ਰਿਹਾ । ਇਹ ਲੋਕ ਐਲੋਪੈਥਿਕ ਡਾਕਟਰਾਂ ਵਾਲੇ ਕੰਮ ਕਰਦੇ ਹਨ । ਮੈਂ ਕਹਾਂਗਾ ਕਿ ਇਨ੍ਹਾਂ ਦਾ ਆਪਣਾ ਵਖਰਾ ਡਾਇਰੈਕਟੋਰੇਟ ਹੋਣਾ ਚਾਹੀਦਾ ਹੈ ਤਾਂ ਜੋ ਇਨ੍ਹਾਂ ਨਾਲ ਕਿਸੇ ਤਰ੍ਹਾਂ ਦਾ ਅਨਿਆ ਨਾ ਹੋ ਸਕੇ ।

ਐਗ੍ਰੀਕਲਚਰ ਦੇ ਬਾਰੇ ਵਿਚ ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਐਗ੍ਰੀਕਲਚਰਿਸਟ ਨੇ ਪੰਜਾਬ ਦਾ ਸਿਰ ਉਚਾ ਕੀਤਾ ਹੈ ਅਤੇ ਪੰਜਾਬ ਦੇ ਕਿਸਾਨਾਂ ਨੇ ਇੰਦਰਾ ਨੂੰ ਅਤੇ ਹੋਰ ਵਜ਼ੀਰਾਂ ਨੂੰ ਬਾਹਰਲੇ ਮੁਲਕਾਂ ਅਗੇ ਕਣਕ ਵਾਸਤੇ ਹਥ ਅਡਣੋ ਬਚਾ ਦਿਤਾ ਹੈ । ਪੰਜਾਬ ਦੇ ਕਿਸਾਨ ਨੇ ਕਣਕ ਪੈਦਾ ਕਰਕੇ ਹਿੰਦੁਸਤਾਨ ਦੇ ਗਰੀਬ ਦੇ ਢਿਡ ਵਿਚ ਅੰਨ ਪਾਇਆ ਹੈ । (ਵਿਘਨ) ਪਰ ਇਨ੍ਹਾਂ ਨਾਲ ਸਲੂਕ ਕੀ ਕੀਤਾ ਜਾ ਰਿਹਾ ਹੈ, 100 ਪਰਸੈਂਟ ਖਾਦ ਦੇ ਮੁਲ ਵਧਾ ਦਿਤੇ ਗਏ ਹਨ । ਟ੍ਰੈਕਟਰ ਜਿਹੜਾ ਕਿ ਪਹਿਲਾਂ 30,000 ਰੁਪਏ ਦਾ ਆ ਜਾਂਦਾ ਸੀ ਉਹ ਹੁਣ 54–55 ਹਜ਼ਾਰ ਰੁਪਏ ਦਾ ਕਰ ਦਿਤਾ ਹੈ । ਇਨ੍ਹਾਂ ਲਈ ਡੀਜ਼ਲ ਦੀਆਂ ਕੀਮਤਾਂ ਅਤੇ ਪੈਟਰੋਲ ਦੀਆਂ ਕੀਮਤਾਂ ਵਧਾ ਦਿਤੀਆਂ ਹਨ । ਹੋਰ ਵੀ ਜੋ ਇਨ੍ਹਾਂ ਦੀਆਂ ਜ਼ਰੂਰੀਆਤੇ ਜਿੰਦਗੀ ਹਨ ਉਹਨਾਂ ਦੇ ਰੇਟ ਵੀ ਵਧਾ ਦਿਤੇ ਹਨ । ਬੀਜ ਖਾਲਸ ਨਹੀਂ ਮਿਲਦਾ । ਉਹ ਬੀਜ ਜਿਹੜਾ ਕਿ ਮੈਕਸੀਕੋ ਵਿਚੋਂ ਲਿਆਕੇ ਹਿੰਦੁਸਤਾਨ ਦਾ ਸਿਰ ਉਚਾ ਕੀਤਾ ਸੀ ਅਤੇ ਅਮਰੀਕਾ ਅਤੇ ਰੂਸ ਅੱਗੇ ਝੋਲੀ ਅਡਣੋਂ ਇਨ੍ਹਾਂ ਹਟਾਇਆ ਸੀ । ਉਹ ਪੰਜਾਬ ਦੇ ਕਿਸਾਨ ਨੂੰ ਹੁਣ ਮਾਰਿਆ ਜਾ ਰਿਹਾ ਹੈ । ਇਨ੍ਹਾਂ ਨੂੰ ਖਤਮ ਕੀਤਾ ਜਾ ਰਿਹਾ ਹੈ ਤਾਂ ਕਿ ਇਹ ਆਪਣਾ ਸਿਰ ਉਚਾ ਕਰਕੇ ਨਾ ਤੁਰ ਸਕਣ । ਸਾਡੇ ਲੀਡਰ ਬਾਦਲ ਸਾਹਿਬ ਨੇ ਕੁਝ ਅੰਕੜੇ ਦਿਤੇ ਸੀ, ਮੈਂ ਉਨ੍ਹਾਂ ਨੂੰ ਦੋਹਰਾਕੇ ਹਾਊਸ ਦਾ ਵਕਤ ਜ਼ਾਇਆ ਨਹੀਂ ਕਰਨਾ ਚਾਹੁੰਦਾ । ਐਗ੍ਰੀਕਲਚਰ ਦੇ ਵਜ਼ੀਰ ਸਾਹਿਬ ਗਰੀਬ ਵਰਗ ਨਾਲ ਤੁਅੱਲਕ ਰਖਦੇ ਹਨ । ਫਰੀਦਕੋਟ, ਬਠਿੰਡਾ ਅਤੇ ਫਿਰੋਜ਼ਪੁਰ ਵਿਚ ਮਾੜਾ ਪਾਣੀ ਹੈ । ਉਸ ਏਰੀਆ ਵਿਚ ਡੀਪ ਟੀਊਬਵੈਲ ਲਗਾਉਣ ਦੀ ਲੋੜ ਹੈ । ਉਹ ਜ਼ਮੀਨਾਂ ਅਜਿਹੀਆਂ ਹਨ ਜਿਹੜੀਆਂ ਕਿ ਬੰਦੇ ਪੈਦਾ ਕਰ ਸਕਦੀਆਂ ਹਨ । ਕਣਕ, ਚੌਲ, ਨਰਮਾ ਪੈਦਾ ਕਰਕੇ ਸਾਰੇ ਹਿੰਦੁਸਤਾਨ ਦਾ ਢਿੱਡ ਭਰ ਸਕਦਾ ਹੈ । (ਵਿਘਨ) ਉਥੇ ਡੀਪ ਟੀਊਬਵੈਲ ਬੋਰਿੰਗ ਦੀ ਲੋੜ ਹੈ ਅਤੇ ਇਹ ਕਰਨਾ ਚਾਹੀਦਾ ਹੈ । ਫਰੀਦਕੋਟ ਦੇ ਲਾਗੇ ਹਜ਼ਾਰਾਂ ਏਕੜ ਜ਼ਮੀਨ ਸਰਪਲਸ ਪਈ ਹੈ । ਉਥੇ ਮੈਡੀਕਲ ਕਾਲਜ ਬਣਾਕੇ ਡਿਵੈਲਪਮੈਂਟ ਦਾ ਕੰਮ ਜੋ ਫਰੀਦਕੋਟ ਵਿਚ ਕੀਤਾ ਹੈ ਉਸ ਲਈ ਅਸੀਂ ਇਸ ਸਰਕਾਰ ਦੇ ਵਜ਼ੀਰਾਂ ਨੂੰ ਮੁਬਾਰਕਬਾਦ ਦਿੰਦੇ ਹਾਂ । ਮੈਂ ਬੇਨਤੀ ਕਰਦਾ ਹਾਂ ਕਿ ਉਥੇ ਸਾਡੇ ਫਰੀਦਕੋਟ ਦੇ ਇਲਾਕੇ ਵਿਚ ਐਗ੍ਰੀਕਲਚਰ ਯੂਨੀਵਰਸਿਟੀ ਦਾ ਇਕ ਮਿਨੀ ਕੈਂਪਸ ਬਣਾ ਦਿਤਾ ਜਾਵੇ, ਉਥੇ ਡੀਪ ਟੀਊਬਵੈਲ ਬੋਰ ਕੀਤੇ ਜਾਣ । ਲੇਕਿਨ ਇਸ ਬਾਰੇ ਵਿਚ ਜੋ ਚਿੱਠੀਆਂ ਲਿਖੀਆਂ ਗਈਆਂ ਸਨ ਉਨ੍ਹਾਂ ਦਾ ਵੀ ਕੋਈ ਅਸਰ ਨਹੀਂ ਹੋਇਆ । ਉਥੇ ਫਰੀਦਕੋਟ ਵਿਚ ਮੁਲਾਜ਼ਮਾਂ ਲਈ ਕੋਈ ਘਰ ਨਹੀਂ ਹਨ, ਉਥੇ ਕੋਈ ਕਾਰਖਾਨਾ ਨਹੀਂ ਲਗਾਇਆ ਗਿਆ, ਸਾਰੇ ਜ਼ਿਲ੍ਹੇ ਦੀ ਪੁਜ਼ੀਸ਼ਨ ਬੜੀ ਔਡ ਹੈ । ਮੈਂ ਬੇਨਤੀ ਕਰਦਾ ਹਾਂ ਐਗ੍ਰੀਕਲਚਰ ਮਨਿਸਟਰ ਸਾਹਿਬ ਨੂੰ ਅਤੇ ਚੀਫ ਮਨਿਸਟਰ ਸਾਹਿਬ ਨੂੰ ਕਿ ਉਸ ਬੈਕਵਰਡ ਇਲਾਕੇ ਵਿਚ ਸ਼ੂਗਰਕੇਨ, ਕਾਟਨ, ਸਪਿੰਨਿੰਗ ਅਤੇ ਜਿੰਨਿੰਗ ਦੀਆਂ ਫੈਕਟਰੀਆਂ ਲਗਾਈਆਂ

Original with;
Punjab Vidhan Sabha
Digitized by;
Panjab Digital Library

ਜਾਣ ਅਤੇ ਇਸ ਤੋਂ ਇਲਾਵਾ ਹੋਰ ਦੂਜੀਆਂ ਫੈਕਟਰੀਆਂ ਵੀ ਲਗਾਈਆਂ ਜਾਣ । ਫਰੀਦਕੋਟ ਵਿਚ ਖਾਦ ਦੀ ਫੈਕਟਰੀ ਲਗਾਉਣੀ ਚਾਹੀਦੀ ਹੈ । ਇਸ ਤੋਂ ਇਲਾਵਾ ਡੀਪ ਟਿਊਬਵੈਲ ਬੋਰ ਕਰੋ । ਇਹ ਖਾਦ ਦੀ ਕੀਮਤ ਬਹਤ ਵਧਾ ਦਿਤੀ ਹੈ । ਇਕ ਖਾਦ ਦੀ ਬੋਰੀ ਦੀ ਕੀਮਤ ਪੰਜ ਸੱਤ ਰੁਪਏ ਹੋਣੀ ਚਾਹੀਦੀ ਹੈ ਤਾਂ ਕਿ ਕਿਸਾਨ ਖਾਦ ਨੂੰ ਮਿੱਟੀ ਸਮਝਕੇ ਆਪਣੇ ਖੇਤ ਵਿਚ ਪਾ ਸਕੇ ਅਤੇ ਅਨਾਜ ਉਗਾ ਕੇ ਸਾਰੇ ਹਿੰਦੁਸਤਾਨ ਦਾ ਢਿੱਡ ਭਰ ਸਕੇ । (ਘੰਟੀ)

Mr. Chairman : Wind up please. ਮੈਂ ਮਜਬੂਰ ਹਾਂ । ਜਾਂ ਤਾਂ ਤੁਹਾਡੇ ਲੀਡਰ ਸਾਹਿਬ ਕਹਿ ਦੇਣ ਕਿ ਹੋਰ ਕਿਸੇ ਨੇ ਇਨ੍ਹਾਂ ਦੀ ਪਾਰਟੀ ਵਿਚੋਂ ਨਹੀਂ ਬੋਲਣਾ, ਤਾਂ ਤੇ ਟਾਈਮ ਦੇ ਸਕਦਾ ਹਾਂ । (Wind up please. I am helpless unless your party leader says that no other member from his party will speak. Only then I can allow you more time.)

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਇਨ੍ਹਾਂ ਨੂੰ ਟਾਈਮ ਦੇ ਦਿਉ ਜੀ ।

ਸ੍ਰੀ ਸਭਾਪਤੀ : ਅੱਛਾ ਜੀ । (All right)

ਸਰਦਾਰ ਜਸਵਿੰਦਰ ਸਿੰਘ ਬਰਾੜ : ਬਿਜਲੀ ਬੋਰਡ ਦੇ ਚੇਅਰਮੈਨ ਨੇ ਆਉਂਦਿਆਂ ਹੀ ਜੱਟਾਂ ਤੇ ਮਾਲੀਆ ਵਧਾ ਦਿਤਾ ਹੈ । ਜੇ ਜੱਟ ਨੇ ਅਰਦਾਸਾ ਸੋਧ ਲਿਆ ਫੇਰ ਮੁਸ਼ਕਿਲ ਹੋਵੇਗੀ (ਵਿਘਨ) ਇਨ੍ਹਾਂ ਨੂੰ ਜੱਟਾਂ ਨੇ ਵੜਨ ਨਹੀਂ ਦੇਣਾ । ਇਨ੍ਹਾਂ ਦਾ ਮਾਲੀਆ ਦੁਗਣਾ ਕਰ ਦਿਤਾ ਹੈ ਅਤੇ ਹੋਰ ਟੈਕਸ ਵੀ ਇਨ੍ਹਾਂ ਤੇ ਵਧਾ ਰਹੇ ਹਨ । ਇਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ । (ਵਿਘਨ) ਤੁਹਾਡੇ ਵਰਗੇ ਜ਼ਿਆਣੇ ਬੰਦਿਆਂ ਨੂੰ ਇਨ੍ਹਾਂ ਨੂੰ, ਬਿਜਲੀ ਵਾਲਿਆਂ ਨੂੰ ਸ਼ਰਮ ਦਿਵਾਉਣੀ ਚਾਹੀਦੀ ਹੈ । ਟਿਊਬਵੈਲ ਚਲਦੇ ਨਹੀਂ, ਮਸ਼ੀਨਾਂ ਦਾਣੇ ਕਢਣ ਵਾਲੀਆਂ ਚਲਦੀਆਂ ਨਹੀਂ, ਬਿਜਲੀ ਉਨ੍ਹਾਂ ਨੂੰ ਮਿਲਦੀ ਨਹੀਂ, ਮਾਲੀਆਂ ਉਨ੍ਹਾਂ ਦਾ ਦੁਗਣਾ ਕਰ ਦਿਤਾ ਹੈ । ਹਾਊਸ ਟੈਕਸ ਹੋਰ ਲਗਾਉਣ ਨੂੰ ਫਿਰਦੇ ਹਨ । ਸ਼ਰਮਾ ਜੀ ਬੜੇ ਇਮਾਨਦਾਰ ਨੇ, ਇਨ੍ਹਾਂ ਨੇ ਪੰਜਾਬ ਦੇ ਕਿਸਾਨ ਨੂੰ ਤਬਾਹ ਕਰਨ ਵਾਸਤੇ ਕੋਈ 14 ਕਰੋੜ ਰੁਪਏ ਦੇ ਟੈਕਸ ਲਗਾਏ ਹਨ । 7 ਕਰੋੜ ਰੁਪਏ ਦਾ ਹੋਰ ਬਿਜਲੀ ਟੈਕਸ ਪੰਜਾਬ ਦੇ ਕਿਸਾਨ ਤੇ ਲਗਾਇਆ ਹੈ । ਮੈਂ ਤਾਂ ਇਹ ਸਮਝਦਾ ਹਾਂ ਕਿ ਇਹ ਇਥੇ ਦੇ ਕਿਸਾਨਾਂ ਨੂੰ ਮਾਰਨ ਵਾਸਤੇ ਇਕ ਸਾਜਿਸ਼ ਕੀਤੀ ਹੋਈ ਹੈ । ਮੈਂ ਬੇਨਤੀ ਕਰਾਂਗਾ ਕਿ ਬਿਜਲੀ ਦੇ ਰੇਟ ਨਹੀਂ ਵਧਣੇ ਚਾਹੀਦੇ, ਮਾਲੀਆ ਘੱਟ ਹੋਣਾ ਚਾਹੀਦਾ ਹੈ । ਅਕਾਲੀ ਸਰਕਾਰ ਵੇਲੇ, ਬਾਦਲ ਸਾਹਿਬ ਦੀ ਸਰਕਾਰ ਵੇਲੇ, ਹਾਊਸ ਟੈਕਸ ਹਟਾਇਆ ਗਿਆ ਸੀ, ਬੈਟਰਮੈਂਟ ਟੈਕਸ ਹਟਾਇਆ ਗਿਆ ਸੀ ਅਤੇ 84% ਰਲੀਫ਼ ਦਿਤਾ ਸੀ । ਲੇਕਿਨ ਇਨ੍ਹਾਂ ਨੇ ਸੋਚ ਲਿਆ ਹੈ ਕਿ ਜੇ ਬਾਦਲ ਸਾਹਿਬ ਨੇ ਚੰਗੇ ਕੰਮ ਕੀਤੇ ਹਨ ਤਾਂ ਇਨ੍ਹਾਂ ਨੇ ਉਨ੍ਹਾਂ ਦੇ ਉਲਟ ਕਰਨਾ ਹੈ । ਪੰਜਾਬ ਦੇ ਕਿਸਾਨ ਨੂੰ ਤਬਾਹ ਨਾ ਕਰੋ । ਹਿੰਦੁਸਤਾਨ ਦੇ ਗਰੀਬਾਂ ਨੂੰ ਭੁੱਖਾ ਨਾ ਮਰਨ ਦਿਉ । ਜੇ ਕਿਸਾਨ ਮਰੇਗਾ ਤਾਂ ਹਿੰਦੁਸਤਾਨ ਦਾ ਗਰੀਬ ਕਿਸ ਤਰ੍ਹਾਂ ਬਚ ਸਕਦਾ ਹੈ । ਉਹਦਾ ਢਿੱਡ ਕਿਵੇਂ ਭਰ ਸਕਦਾ ਹੈ । ਸ੍ਰੀ ਜੈ ਪ੍ਰਕਾਸ਼ ਨਾਰਾਇਣ, ਮਹਾਤਮਾ ਗਾਂਧੀ, ਦੇਸ਼ ਭਗਤ ਭਗਤ ਸਿੰਘ ਅਤੇ ਸ਼ਹੀਦ ਊਧਮ ਸਿੰਘ, ਇਨ੍ਹਾਂ ਲੋਕਾਂ ਨੇ ਹਿੰਦੁਸਤਾਨ ਨੂੰ ਆਜ਼ਾਦੀ ਦਿਵਾਈ, ਤੁਸੀਂ ਹੁਣ ਕਿਤੇ ਫੇਰ ਉਹੀ ਦੌਰ ਵਿਚ ਨਾ ਜਾ ਵੜਿਓ ਜਿਸ ਤੋਂ ਕਿ ਉਪ੍ਰੋਕਤ ਦਸੇ ਸੱਜਣਾਂ ਨੇ ਸਾਨੂੰ ਕਢਾਇਆ ਸੀ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਵਿੰਦਰ ਸਿੰਘ ਬਰਾੜ]

ਲਾਅ ਐਂਡ ਆਰਡਰ ਬਾਰੇ ਗਲ ਸਾਡੇ ਲੀਡਰ ਸਾਹਿਬ ਨੇ ਕੀਤੀ ਹੈ । ਮੈਂ ਤਾਂ ਸਿਰਫ ਦੋ ਕੇਸਾਂ ਬਾਰੇ ਹੀ ਦਸਣਾ ਚਾਹੁੰਦਾ ਹਾਂ । ਲਾਅ ਐਂਡ ਆਰਡਰ ਬਾਰੇ ਸਰਕਾਰ ਦਾ ਫਰਜ਼ ਹੈ ਕਿ ਹਰ ਸ਼ਹਿਰੀ ਦੀ ਇੱਜ਼ਤ ਮਹਿਫੂਜ਼ ਹੋਵੇ । ਪਰ ਇਥੇ ਪੰਜਾਬ ਸਰਕਾਰ ਲਾਅ ਐਂਡ ਆਰਡਰ ਕਿਸ ਤਰ੍ਹਾਂ ਮੇਨਟੈਨ ਕਰਦੀ ਹੈ । ਪੁਲਿਸ ਨੂੰ ਖੁਲ੍ਹੇ ਅਖਤਿਆਰ ਹਨ ਕਿ ਜਿਹੜੇ ਬੰਦੇ ਸਾਡੇ ਨਾਲ ਸਹਿਮਤ ਨਹੀਂ ਹਨ ਉਨ੍ਹਾਂ ਨੂੰ ਜੇਲ੍ਹਾਂ ਵਿਚ ਸੁਟ ਦਿਤਾ ਜਾਵੇ । ਜਿਥੇ ਵੀ ਵਜ਼ੀਰ ਸਾਹਿਬਾਨ ਜਾਂ ਚੀਫ ਮਨਿਸਟਰ ਸਾਹਿਬ ਜਾਂਦੇ ਹਨ ਉਥੇ ਬਿਨਾਂ ਕਿਸੇ ਸ਼ਿਕਾਇਤ ਦੇ ਦਫਾ 107 ਅਤੇ 151 ਤਹਿਤ ਕਮਿਊਨਿਸਟਾਂ ਨੂੰ, ਅਕਾਲੀਆਂ ਨੂੰ ਅਤੇ ਜਨਸੰਘੀਆਂ ਨੂੰ ਦੋ ਦਿਨ ਪਹਿਲਾਂ ਹੀ ਪਕੜ ਲਿਆ ਜਾਂਦਾ ਹੈ । ਇਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਜੈਤੋਂ ਵਿਚ ਭਗਵਾਨ ਦਾਸ, ਜ਼ਿਲ੍ਹਾ ਕਾਂਗਰਸ ਵਾਈਸ ਪਰੈਜ਼ੀਡੈਂਟ ਅਤੇ ਉਹਦੇ ਮੁੰਡੇ ਜਗਦੀਸ਼ ਚੰਦਰ ਨੇ ਗੁੰਡੇ ਲੈ ਕੇ ਅਕਾਲੀਆਂ ਅਤੇ ਜਨਸੰਘੀਆਂ ਦੇ ਜਲਸੇ ਤੇ ਗੋਲੀਆਂ ਚਲਾਈਆਂ । ਇਨ੍ਹਾਂ ਵਲੋਂ ਵਾਇਦਾ ਕੀਤਾ ਗਿਆ ਸੀ ਕਿ ਦੋਸ਼ੀਆਂ ਨੂੰ ਪਕੜਿਆ ਜਾਵੇਗਾ । ਪਰ ਕੀਤਾ ਕੀ ਜਾ ਰਿਹਾ ਹੈ ? ਜਿਹੜੇ ਪੁਰਅਮਨ ਜਲਸਾ ਕਰ ਰਹੇ ਸਨ ਉਨ੍ਹਾਂ ਤੇ ਕੇਸਿਜ਼ ਬਣਾਏ ਜਾ ਰਹੇ ਹਨ। ਚਾਹੇ ਉਨ੍ਹਾਂ ਦਾ ਕੋਈ ਵੀ ਕਸੂਰ ਨਹੀਂ ਸੀ । ਤੁਸੀਂ ਆਪਣੇ ਘਰ ਵਿਚ ਬੈਠੇ ਹੋ, ਹਾਈ ਕੋਰਟ ਦਾ, ਸੁਪਰੀਮ ਕੋਰਟ ਦਾ, ਕਾਂਸਟੀਚੂਸ਼ਨ ਨੇ ਇਹ ਹੱਕ ਦਿਤਾ ਹੈ ਕਿ ਆਪਣੇ ਆਪ ਨੂੰ ਪ੍ਰੋਟੈਕਟ ਕਰ ਸਕਦੇ ਹੋ । ਗੁੰਡੇ ਜਿਹੜੇ ਅਸਲਾ ਲੈਕੇ, ਪਸਤੌਲ ਲੈਕੇ ਆਏ, ਉਨ੍ਹਾਂ ਨੇ ਅਜਾਇਬ ਸਿੰਘ ਨੂੰ, ਭਾਟੀਆ ਨੂੰ ਮਾਰਿਆ ਪਰ ਉਹ ਹਾਲੇ ਤਕ ਪਕੜੇ ਨਹੀਂ ਗਏ । ਉਥੇ ਐਨੇ ਨਿਕੰਮੇ ਐਸ. ਐਸ. ਓ. ਅਤੇ ਐਸ. ਪੀ. ਲਗਾਏ ਹੋਏ ਹਨ ਕਿ ਉਨ੍ਹਾਂ ਨੂੰ ਕਾਂਗਰਸ ਸਰਕਾਰ ਦੀ ਝੋਲੀ ਚੁਕਣ ਤੋਂ ਬਿਨਾਂ ਹੋਰ ਕੋਈ ਕੰਮ ਹੀ ਨਹੀਂ ਹੈ । ਇਕ ਗੋਪੀ ਰਾਮ ਜੈਤੋਂ ਵਿਖੇ ਹੈ, ਇਹ ਉਥੇ ਦਾ ਵਪਾਰੀ ਆਦਮੀ ਹੈ । ਉਸ ਨੂੰ ਪਕੜਕੇ ਥਾਣੇਦਾਰ ਸਾਹਿਬ ਨੇ, ਸਰਕਾਰ ਦੀ ਝੋਲੀ ਚੁਕਣ ਵਾਸਤੇ, ਉਸ ਦਾ ਮੂੰਹ ਕਾਲਾ ਕਰਕੇ ਅਤੇ ਦਰਵਾਜੇ ਵਿਚ ਬਿਠਾਇਆ ਗਿਆ ਤਾਂ ਕਿ ਕਾਂਗਰਸੀ ਹਾਕਮ ਖੁਸ਼ ਹੋ ਜਾਣ । ਉਹ ਇਸ ਤਰ੍ਹਾਂ ਕਰਕੇ ਕਾਂਗਰਸੀਆਂ ਨੂੰ ਖੁਸ਼ ਕਰਕੇ ਆਪ ਰੱਜਕੇ ਪੈਸੇ ਖਾਈ ਜਾਂਦਾ ਹੈ । ਚਾਹੀਦਾ ਤਾਂ ਇਹ ਸੀ ਕਿ ਉਹਨੂੰ ਸਸਪੈਂਡ ਕੀਤਾ ਜਾਂਦਾ ਜਾਂ ਉਹਦੀ ਟਰਾਂਸਫਰ ਕੀਤੀ ਜਾਂਦੀ ਪਰ ਸਰਕਾਰ ਇਹ ਸੋਚ ਰਹੀ ਹੈ ਕਿ ਉਹਦੀ ਤਰੱਕੀ ਕੀਤੀ ਜਾਵੇ । ਪਹਿਲਾਂ ਤਾਂ ਇਹ ਹੁੰਦਾ ਸੀ ਕਿ ਜਿਹੜਾ ਮਾੜਾ ਕੰਮ ਕਰਦਾ ਸੀ, ਹੋਰ ਇਖਲਾਕ ਤੋਂ ਗਿਰਿਆ ਹੋਇਆ ਕੰਮ ਕਰਦਾ ਸੀ, ਉਹਨੂੰ ਹੀ ਮੂੰਹ ਕਾਲਾ ਕਰਕੇ ਗਧਿਆਂ ਤੇ ਬਿਠਾਇਆ ਜਾਂਦਾ ਸੀ । ਪਰ ਉਸ ਬੰਦੇ ਦਾ ਜਿਸ ਦਾ ਕੋਈ ਕਸੂਰ ਨਹੀਂ ਸੀ ਉਸ ਦਾ ਮੂੰਹ ਕਾਲਾ ਕੀਤਾ ਗਿਆ । ਉਸਦਾ ਮੂੰਹ ਮੈਂ ਆਪ ਧੁਆਇਆ ਹੈ । ਜੇ ਮੈਂ ਨਾ ਉਥੇ ਜਾਂਦਾ ਤਾਂ ਸ਼ਾਇਦ ਉਹਨੂੰ ਗਧੇ ਤੇ ਬਿਠਾਇਆ ਜਾਂਦਾ ਅਤੇ ਸ਼ਹਿਰ ਵਿਚ ਫਿਰਾਇਆ ਜਾਂਦਾ । ਗਾਂਧੀ ਜੀ ਨੇ ਤਾਂ ਨੰਗੇ ਪੈਰ ਫਿਰ ਫਿਰ ਕੇ ਆਜ਼ਾਦੀ ਲਈ ਪਰ ਇਹ ਸਾਡੇ ਪੰਜਾਬ ਦੇ ਚੀਫ ਮਨਿਸਟਰ ਅਤੇ ਹੋਰ ਵਜ਼ੀਰ ਸਾਹਿਬਾਨ ਨੂੰ ਖੁਸ਼ ਕਰਨ ਵਾਸਤੇ ਪੁਲਿਸ ਦੇ ਅਫਸਰ ਲੋਕਾਂ ਦਾ ਮੂੰਹ ਕਾਲਾ ਕਰਦੇ ਹਨ ਅਤੇ ਉਨ੍ਹਾਂ ਨੂੰ ਗਧਿਆਂ ਤੇ ਬਿਠਾਉਂਦੇ ਹਨ । ਇਹ ਲੋਕ ਰਾਜ ਹੈ ? ਇਸ ਵਿਚ ਮੂੰਹ ਕਾਲਾ ਕਰਕੇ ਤੋਰਿਆ ਜਾਂਦਾ ਹੈ । ਫਰੀਦਕੋਟ ਬੀਨਾਂ ਵਾਲਾ ਪਿੰਡ ਵਿਖੇ ਜਗਾ ਨੂੰ ਥਾਣੇਦਾਰ ਦਰਸ਼ਨ ਸਿੰਘ ਨੇ ਪਕੜ ਲਿਆ ਅਤੇ ਉਸ ਗ਼ਰੀਬ ਹਰੀਜਨ ਨੂੰ ਪਕੜਕੇ ਉਹਦੇ ਮੂੰਹ ਵਿਚ ਗੰਦਗੀ ਪਾਈ ਗਈ ।

Original with;
Punjab Vidhan Sabha
Digitized by;
Panjab Digital Library

ਉਸ ਨੂੰ ਯੂਰਿਨ ਪਿਲਾਇਆ ਗਿਆ । ਹੁਣ ਇਹ ਉਸ ਐਸ. ਐਚ. ਓ. ਨੂੰ ਤਰੱਕੀ ਦੇਣ ਦੀ ਸੋਚ ਰਹੇ ਹਨ । ਉਸ ਨੂੰ ਇਸ ਕਰਕੇ ਯੂਰਿਨ ਪਿਲਾਇਆ ਗਿਆ ਅਤੇ ਉਸ ਗਰੀਬ ਦੇ ਮੂੰਹ ਤੇ ਗੰਦਗੀ ਬੰਨ੍ਹੀ ਗਈ ਕਿਉਂਕਿ ਉਸ ਨੇ ਇਕ ਕਾਂਗਰਸੀ ਸਰਪੰਚ ਨੂੰ ਆਪਣੀ ਵੋਟ ਨਹੀਂ ਸੀ ਦਿੱਤੀ, ਜਿਹੜਾ ਕਿ ਪਹਿਲਾਂ ਹੋਰ ਹੁੰਦਾ ਸੀ ਅਤੇ ਫਿਰ ਕਾਂਗਰਸੀ ਹੋ ਗਿਆ ਸੀ । ਇਸ ਸਰਕਾਰ ਬਾਰੇ ਇਸ ਤੋਂ ਵੱਧ ਹੋਰ ਕੀ ਕਿਹਾ ਜਾ ਸਕਦਾ ਹੈ । ਇਸ ਸਰਕਾਰ ਨੂੰ ਸ਼ਰਮ ਆਉਣੀ ਚਾਹੀਦੀ ਹੈ । ਇਸ ਯੁਗ ਵਿਚ ਗਰੀਬਾਂ ਨਾਲ ਧੱਕਾ ਹੋ ਰਿਹਾ ਹੈ ਅਤੇ ਉਨ੍ਹਾਂ ਤੇ ਝੂਠੇ ਮੁਕੱਦਮੇ ਬਣਾਏ ਜਾਂਦੇ ਹਨ ।

ਸ਼੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਕੀ ਇਹ ਸ਼ਰਮ ਦਾ ਲਫਜ਼ ਠੀਕ ਹੈ ?

ਆਵਾਜ਼ਾਂ : ਠੀਕ ਹੈ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਇਥੇ ਸ਼ਰਮਾ ਜੀ ਨੇ ਅਤੇ ਕੋਆਪ੍ਰੇਟਿਵ ਦੇ ਮਨਿਸਟਰ ਨੇ ਕਿਹਾ ਸੀ ਕਿ ਕੋਆਪ੍ਰੇਟਿਵ ਮੂਵਮੈਂਟ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਤਰੱਕੀ ਕਰ ਰਹੀ ਹੈ । ਮੈਂ ਕਹਿੰਦਾ ਹਾਂ ਕਿ ਇਨ੍ਹਾਂ ਵਿਚੋਂ 1 ਲੱਖ 20 ਹਜ਼ਾਰ ਰੁਪਏ ਦਾ ਗਬਨ ਹੁੰਦਾ ਫੜਿਆ ਹੈ । ਕੀ ਇਹ ਇਸ ਤਰ੍ਹਾਂ ਦੀ ਤਰੱਕੀ ਕਰ ਰਹੀ ਹੈ ? 2 ਲੱਖ 90 ਹਜ਼ਾਰ ਰੁਪਿਆ ਲੈਂਡ ਮਾਰਗੇਜ਼ ਬੈਂਕ ਨੂੰ ਦੇਣ ਵਾਸਤੇ ਰੱਖਿਆ ਹੈ । ਉਤੋਂ ਉਤੋਂ ਦੇਖਣ ਨੂੰ ਤਾਂ ਇਹ ਚੰਗਾ ਲਗਦਾ ਹੈ ਅੰਦਰੋਂ ਇਨ੍ਹਾਂ ਦੀ ਸਾਜਿਸ਼ ਦਿਸਦੀ ਹੈ । ਇਹ ਇਸ ਤਰ੍ਹਾਂ ਪੰਜਾਬ ਦੇ ਲੋਕਾਂ ਨਾਲ ਧੱਕਾ ਕਰ ਰਹੇ ਹਨ । ਇਹ ਆਪਣੇ ਇਜ਼ਾਰੇਦਾਰਾਂ ਨੂੰ ਉਨ੍ਹਾਂ ਬੈਂਕਾਂ ਵਿਚ ਲਗਾ ਰਹੇ ਹਨ । ਇਹ ਆਪਣੇ ਆਦਮੀਆਂ ਨੂੰ ਬੈਂਕਾਂ ਦੇ ਡਾਇਰੈਕਟਰ ਅਤੇ ਐਮ. ਡੀ. ਬਣਾਉਣ ਵਾਸਤੇ ਇਸ ਤਰ੍ਹਾਂ ਕਰ ਰਹੇ ਹਨ । ਆਪਣੇ ਆਦਮੀਆਂ ਨੂੰ ਲੁਟਾਉਣ ਵਾਸਤੇ ਅਤੇ ਆਪ ਲੁੱਟ ਮਾਰ ਕਰਨ ਵਾਸਤੇ ਇਹ ਬੈਂਕਾਂ ਵਿਚ ਹਿੱਸਾ ਪਾ ਰਹੇ ਹਨ । ਇਨ੍ਹਾਂ ਨੇ 10 ਹਜ਼ਾਰ ਰੁਪਏ ਦੇ ਹਿਸਾਬ ਨਾਲ 29 ਬੈਂਕਾਂ ਵਿਚ ਹਿੱਸੇਦਾਰੀ ਪਾਈ ਹੈ । ਇਹ ਆਪਣਾ ਹਿੱਸਾ ਤਾਂ ਬੈਂਕਾਂ ਵਿਚ ਪਾ ਰਹੇ ਹਨ ਤਾਂ ਕਿ ਇਹ ਆਪਣੇ ਬੰਦੇ ਉਥੇ ਨਾਮੀਨੇਟ ਕਰ ਸਕਣ ਅਤੇ ਉਹ ਬੰਦਾ ਉਸ ਨੂੰ ਵੋਟ ਪਾਵੇ ਜਿਸ ਨੂੰ ਸਰਕਾਰ ਦੇ ਵਜ਼ੀਰ ਕਹਿਣ ਅਤੇ ਇਸ ਤਰ੍ਹਾਂ ਇਨ੍ਹਾਂ ਦਾ ਬੈਂਕਾਂ ਤੇ ਕਬਜ਼ਾ ਹੋ ਸਕੇ । ਮੈਂ ਤੁਹਾਨੂੰ ਫਰੀਦਕੋਟ ਦੀ ਗੱਲ ਦੱਸਦਾ ਹਾਂ । ਉਥੇ ਕਾਂਗਰਸ ਦਾ ਪਰਧਾਨ ਜਾ ਕੇ ਡਰਾਉਂਦਾ ਹੈ । ਪਹਿਲਾਂ ਉਹ ਚੰਡੀਗੜ੍ਹ ਦੇ ਅਫਸਰਾਂ ਨੂੰ ਡਰਾਉਂਦਾ ਹੈ ਅਤੇ ਫਿਰ ਉਥੇ ਜਾ ਕੇ ਉਨ੍ਹਾਂ ਨੂੰ ਡਰਾਉਂਦਾ ਹੈ ਅਤੇ ਕਾਗਜ਼ ਰਿਜੈਕਟ ਕਰਨ ਦੀਆਂ ਧਮਕੀਆਂ ਦਿੰਦਾ ਹੈ । ਉਹ ਇਸ ਤਰ੍ਹਾਂ ਤਾਂ ਕਰ ਰਿਹਾ ਹੈ ਤਾ ਕਿ ਜ਼ਿਲ੍ਹੇ ਵਿਚ ਆਪਣੀ ਮਿਨੀ ਹਕੂਮਤ ਕਾਇਮ ਕਰ ਸਕੇ । ਉਹ ਉਥੇ ਕਹਿੰਦਾ ਹੈ ਕਿ ਮੈਂ ਤੁਹਾਡੇ ਕਾਗਜ਼ ਰਿਜੈਕਟ ਕਰਾ ਦਿਆਂਗਾ । ਪਰ ਫਿਰ, ਚੇਅਰਮੈਨ ਸਾਹਿਬ, ਤੁਹਾਡੇ ਵਰਗੇ ਸਿਆਣੇ ਆਦਮੀ ਦੇ ਕਹਿਣ ਤੇ ਅਤੇ ਕੁਝ ਪ੍ਰਮਾਤਮਾ ਨੇ ਸਾਨੂੰ ਵੀ ਤਾਕਤ ਬਖਸ਼ੀ ਅਤੇ ਕੁਝ ਹੋਰ ਕਾਂਗਰਸੀਆਂ ਦੇ ਕਹਿਣ ਤੇ ਉਹ ਇਲੈਕਸ਼ਨ ਪੋਸਟਪੋਨ ਕਰ ਦਿੱਤੀ ਗਈ । ਇਹ ਇਨ੍ਹਾਂ ਦਾ ਹਾਲ ਹੈ ।

ਇਸੇ ਤਰ੍ਹਾਂ ਹੀ ਜ਼ੀਰੇ ਦੀ ਗੱਲ ਹੈ । ਉਥੇ ਹਰਚਰਨ ਸਿੰਘ ਹੀਰੋ ਨੂੰ, ਜਦ ਉਸ ਨੇ ਕਾਗਜ਼ ਰਿਜੈਕਟ ਕਰਨ ਦਾ ਉਪਰਾਲਾ ਕੀਤਾ ਤਾਂ ਉਸ ਨੂੰ ਅੰਦਰ ਕਰ ਦਿਤਾ ਗਿਆ । ਇਸੇ ਤਰ੍ਹਾਂ ਮਹਿਲਕਲਾਂ ਦੀ ਗੱਲ ਹੈ । ਉਥੇ ਅਕਾਲੀਆਂ ਦਾ ਆਦਮੀ ਜਿੱਤ ਗਿਆ ਲੇਕਿਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਵਿੰਦਰ ਸਿੰਘ ਬਰਾੜ]

ਰਿਜ਼ਲਟ ਡਿਕਲੇਅਰ ਕਰਨ ਵੇਲੇ ਉਥੇ ਕੁਝ ਗੁੰਡੇ ਪਹੁੰਚ ਗਏ ਅਤੇ ਉਨ੍ਹਾਂ ਨੇ ਉਥੇ ਸੌ ਕਾਰਤੂਸ ਚਲਾਏ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਤਰ੍ਹਾਂ ਕੋਆਪ੍ਰੇਟਿਵ ਮੂਵਮੈਂਟ ਕਾਮਯਾਬ ਹੋਵੇਗੀ ਜਾਂ ਕਿ ਫੇਲ੍ਹ ਹੋਵੇਗੀ ? ਜਦ ਸਾਡਾ ਆਦਮੀ ਜਿੱਤ ਗਿਆ ਤਾਂ ਉਘੇ ਅਫ਼ਸਰ ਨੂੰ ਕਹਿਕੇ ਉਸ ਦਾ ਰਾਂਗ ਰਿਜ਼ਲਟ ਡਿਕਲੇਅਰ ਕਰਾਇਆ ਗਿਆ । ਇਤਨਾ ਹੀ ਨਹੀਂ ਗੋਲੀਆਂ ਨਾਲ ਡਰਾਇਆ ਗਿਆ । ਮੈਂ ਕਹਿੰਦਾ ਹਾਂ ਕਿ ਜਿਥੇ ਹਰਚਰਨ ਸਿੰਘ ਹੀਰੋ ਵਰਗਿਆਂ ਨੂੰ ਫੜਿਆ ਜਾਵੇ ਅਤੇ ਜਿਥੇ ਡੈਮੋਕਰੈਟਿਕ ਰਾਈਟ ਖੋਹੇ ਜਾਣ ਤਾਂ ਫਿਰ ਉਸ ਸਰਕਾਰ ਦਾ ਤਾਂ ਰੱਬ ਹੀ ਰਾਖਾ ਹੈ । ਮੈਂ ਇਸ ਤੋਂ ਵੱਧ ਇਸ ਬਾਰੇ ਹੋਰ ਕੁਝ ਨਹੀਂ ਕਹਿ ਸਕਦਾ ।

ਸ਼੍ਰੀ ਸਭਾਪਤੀ : ਤੁਹਾਡਾ ਸਮਾਂ ਹੋ ਗਿਆ ਹੈ । (Your time is over.)

ਸਰਦਾਰ ਜਸਵਿੰਦਰ ਸਿੰਘ ਬਰਾੜ : ਇਹ ਸਮਾਜਵਾਦ ਦੇ ਠੇਕੇਦਾਰ ਆਪਣੇ ਆਪ ਨੂੰ ਕਹਾਉਂਦੇ ਹਨ । ਇਹ ਫੂਡ ਦਾ ਮਾਮਲਾ ਵਿਉਪਾਰੀਆਂ ਦੇ ਹੱਥ ਵਿਚ ਦੇ ਰਹੇ ਹਨ । (ਵਿਘਨ) ਇਹ ਹਿੰਦੁਸਤਾਨ ਨੂੰ ਲੁੱਟ ਰਹੇ ਹਨ । ਕਿਉਂਕਿ ਇਨ੍ਹਾਂ ਨੇ ਇਲੈਕਸ਼ਨ ਵਾਸਤੇ ਫੰਡ ਲੈਣਾ ਹੈ ਇਸ ਵਾਸਤੇ ਇਹ ਵਿਉਪਾਰੀਆਂ ਦੇ ਹੱਥ ਵਿਚ ਤਾਕਤ ਦੇ ਰਹੇ ਹਨ । ਇਸ ਵਾਸਤੇ ਉਨ੍ਹਾਂ ਨੂੰ ਤਾਕਤ ਦਿੱਤੀ ਹੈ । ਇਸ ਬਾਰੇ ਕਾਮਰੇਡ ਅਤੇ ਸਾਡੀ ਪਾਰਟੀ ਕਹਿ ਰਹੀ ਹੈ । (ਵਿਘਨ) ਕੇਰਲਾ, ਆਂਧਰਾ ਅਤੇ ਹੈਦਰਾਬਾਦ ਆਦਿ ਵਿਚ ਕਣਕ ਦਾ ਭਾਅ 300, 400 ਰੁਪਏ ਪ੍ਰਤੀ ਕੁਇੰਟਲ ਹੈ, ਜਦ ਕਿ ਪੰਜਾਬ ਦੇ ਕਿਸਾਨ ਨੂੰ 115 ਰੁਪਏ ਜਾਂ 116 ਰੁਪਏ ਭਾਅ ਦਿੱਤਾ ਜਾਂਦਾ ਹੈ । ਬਾਕੀ ਫਾਇਦਾ ਵਿਉਪਾਰੀ ਅਤੇ ਹੋਰਡਰ ਆਦਿ ਲੈ ਗਏ ਹਨ ਫਿਰ ਉਨ੍ਹਾਂ ਦੇ ਸਿਰ ਤੇ ਬੈਠੇ ਵਜ਼ੀਰ ਇਸ ਦਾ ਫਾਇਦਾ ਉਠਾ ਰਹੇ ਹਨ । ਪਹਿਲਾਂ ਕਿਹਾ ਗਿਆ ਸੀ ਕਿ ਬਾਜਰੇ ਦੀਆਂ ਬੋਰੀਆਂ ਬਾਹਿਰ ਨਹੀਂ ਜਾਣਗੀਆਂ ਪਰ ਜਦੋਂ 5 ਕਰੋੜ ਰੁਪਿਆ ਲੈ ਲਿਆ ਤਾਂ ਇਕ ਦਿਨ ਵਿਚ ਹੀ ਕਿਹਾ ਗਿਆ ਕਿ ਬਾਹਿਰ ਜਾਣਗੀਆਂ । ਜਿਥੇ ਇਹੋ ਜਿਹੀਆਂ ਗੱਲਾਂ ਹੋਣ ਤਾਂ ਫਿਰ ਉਸ ਦੇਸ਼ ਦਾ ਕੀ ਬਣੇਗਾ, ਉਥੇ ਸੋਸ਼ਲਿਜ਼ਮ ਕਿਸ ਤਰ੍ਹਾਂ ਆਵੇਗਾ ? ਮੈਂ ਦੱਸਦਾ ਹਾਂ ਕਿ ਇਨ੍ਹਾਂ ਦਾ ਸੋਸ਼ਲਿਜ਼ਮ ਕਿਹੜੇ ਤਰੀਕੇ ਨਾਲ ਆਵੇਗਾ । (ਵਿਘਨ) ਮੈਂ ਇਕ ਹੋਰ ਮਿਸਾਲ ਦਿੰਦਾ ਹਾਂ। ਸੁਕਰਾਤ ਇਕ ਬਹੁਤ ਵੱਡਾ ਫਿਲਾਸਫਰ ਹੋਇਆ ਹੈ। ਉਸ ਨੇ ਬਹੁਤ ਕੰਮ ਕੀਤੇ ਹਨ। (ਵਿਘਨ) ਹੁਣ ਉਹ ਗੱਲ ਨਹੀਂ ਹੈ। ਗਿਆਨੀ ਜੀ ਜਦ ਪੜ੍ਹੇ ਸਨ ਤਾਂ ਉਦੋਂ ਪੜ੍ਹਨ ਲਿਖਣ ਦਾ ਜ਼ਮਾਨਾ ਨਹੀਂ ਸੀ ।ਉਦੋਂ ਸਕੂਲ ਨਹੀਂ ਸਨ । ਇਸ ਵਿਚ ਗਿਆਨੀ ਜੀ ਦਾ ਦੋਸ਼ ਨਹੀਂ ਹੈ ਕਿ ਉਹ ਪੜ੍ਹ ਨਹੀਂ ਸਕੇ । ਮੈਂ ਪੁੱਛਣਾ ਚਾਹੁੰਦਾ ਹਾਂ ਉਸ ਵਾਈਸ ਚਾਂਸਲਰ ਨੂੰ ਜਿਹੜਾ ਡਾਕਟਰ ਦੀ ਗਲਤ ਡਿਗਰੀ ਦਿੰਦਾ ਹੈ, ਜਿਸ ਨੇ ਡਾਕਟਰ ਦੀ ਗਲਤ ਡਿਗਰੀ ਦਿੱਤੀ ਹੈ ਉਹ ਵੀ ਸਿਰਫ ਇਸ ਵਾਸਤੇ ਕਿ ਉਹ ਐਕਸਟੈਨਸ਼ਨ ਲੈ ਸਕੇ । (ਵਿਘਨ)

ਸਰਦਾਰ ਹਰਚੰਦ ਸਿੰਘ: ਇਹ ਉਨ੍ਹਾਂ ਦੇ ਘਰ ਦੀ ਗੱਲ ਹੈ, ਇਹ ਇਥੇ ਨਾ ਕਰੋ । (ਘੰਟੀ)

Mr. Chairman: Please wind up.

Original with;
Punjab Vidhan Sabha
Digitized by;
Panjab Digital Library

ਸਰਦਾਰ ਜਸਵਿੰਦਰ ਸਿੰਘ ਬਰਾੜ: ਇਹ ਤਾਂ ਰਜਵਾੜਿਆਂ ਦੇ ਖਿਲਾਫ਼ ਲੜਨ ਵਾਲੇ ਹਨ। ਇਨ੍ਹਾਂ ਨੂੰ ਉਸ ਵਾਈਸ ਚਾਂਸਲਰ ਦੇ ਮੂੰਹ ਤੇ ਚਪੇੜ ਮਾਰਨੀ ਚਾਹੀਦੀ ਸੀ ਅਤੇ ਇਨ੍ਹਾਂ ਨੂੰ ਇਹ ਡਿਗਰੀ ਨਹੀਂ ਲੈਣੀ ਚਾਹੀਦੀ ਸੀ। ਉਸ ਨੂੰ ਇਸ ਤਰ੍ਹਾਂ ਐਕਸਟੈਨਸ਼ਨ ਨਹੀਂ ਲੈਣੀ ਚਾਹੀਦੀ। ਇਹ ਇਸ ਕਰਕੇ ਕੀਤਾ ਗਿਆ ਕਿ ਉਸ ਨੇ ਐਕਸਟੈਨਸ਼ਨ ਲੈਣੀ ਸੀ। ਐਕਸਟੈਨਸ਼ਨ ਲੈਣ ਵਾਸਤੇ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ।

ਸ਼੍ਰੀ ਸਭਾਪਤੀ: ਵਾਈਸ ਚਾਂਸਲਰ ਦੇ ਬਾਰੇ ਜਿਹੜੇ ਤੁਸੀਂ ਇਹ ਲਫਜ਼ ਕਹੇ ਸਨ, ਇਹ ਤੁਹਾਨੂੰ ਸ਼ੋਭਾ ਨਹੀਂ ਦਿੰਦੇ। ਇਹ ਠੀਕ ਨਹੀਂ ਲਗਦੇ। (The words used by you in connection with Vice-Chancellor do not behove you. These words are not in a good taste.)

ਸਰਦਾਰ ਜਸਵਿੰਦਰ ਸਿੰਘ ਬਰਾੜ: ਇਹੋ ਜਿਹੇ ਅਫ਼ਸਰ ਤੋਂ ਬਚੋਂ ਜੋ ਗਲਤ ਤਰੀਕੇ ਨਾਲ ਝੋਲੀ ਚੁੱਕੀ ਜਾਂਦਾ ਹੈ।

ਸ਼੍ਰੀ ਪ੍ਰੇਮ ਗੁਪਤਾ: ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਆਪ ਇਹ ਕਈ ਵਾਰ ਰੂਲਿੰਗ ਦੇ ਚੁਕੇ ਹੋ ਕਿ ਜਿਹੜਾ ਆਦਮੀ ਆਪਣੇ ਆਪ ਨੂੰ ਇਥੇ ਡਿਫੈਂਡ ਨਾ ਕਰ ਸਕਦਾ ਹੋਵੇ ਉਹ ਅੰਡਰ ਡਿਸਕੱਸ਼ਨ ਨਹੀਂ ਆ ਸਕਦਾ। (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ: ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਉਦੋਂ ਇਥੇ ਰਾਜੇ ਮਹਾਰਾਜਿਆਂ ਦਾ ਰਾਜ ਸੀ। ਉਦੋਂ ਅਮੀਰ ਆਦਮੀ, ਲੈਂਡ ਲਾਰਡਜ਼ ਹੀ ਪੜ੍ਹ ਸਕਦੇ ਸਨ ਅਤੇ ਹੋਰ ਕੋਈ ਨਹੀਂ ਪੜ੍ਹ ਸਕਦਾ ਸੀ।

Mr. Chairman: Please wind up within five minutes.

ਸਰਦਾਰ ਜਸਵਿੰਦਰ ਸਿੰਘ ਬਰਾੜ: ਇਸ ਦੇ ਵਿਚ ਕਿਸੇ ਦਾ ਕਸੂਰ ਨਹੀਂ ਹੈ। (ਵਿਘਨ) ਇਸ ਦੇ ਵਿਚ ਕਿਸੇ ਦਾ ਕੀ ਕਸੂਰ ਹੈ, ਮੇਰਾ ਬਾਪ ਨਹੀਂ ਪੜ੍ਹ ਸਕਿਆ। ਜੇ ਉਸ ਨੂੰ ਡਿਗਰੀ ਦਿਤੀ ਜਾਵੇ ਤਾਂ ਉਹ ਡਿਗਰੀ ਪਾੜਕੇ ਸੁੱਟ ਦੇਵੇਗਾ ਕਿ ਮੈਂ ਪੜ੍ਹਿਆ ਨਹੀਂ ਹਾਂ। ਚੇਅਰਮੈਨ ਸਾਹਿਬ, ਇਸ ਤੋਂ ਅੱਗੇ ਇੰਡਸਟਰੀਜ਼ ਦੀ ਗੱਲ ਲੈ ਲਵੋ। 104 ਫਰਮਾਂ ਜਲੰਧਰ ਵਿਚ ਬੋਗਸ ਕੋਟਾ ਲੈਂਦੀਆਂ ਹਨ, ਸਟੀਲ ਦੇ ਅਤੇ ਹੋਰ ਚੀਜ਼ਾਂ ਦੇ। ਜੇ ਇਨ੍ਹਾਂ ਦੀ ਗਿਣਤੀ ਕਰੋ ਤਾਂ ਬਹੁਤ ਜ਼ਿਆਦਾ ਹੈ। ਇਸੇ ਤਰ੍ਹਾਂ ਹੀ ਬਟਾਲਾ ਵਿਚ 216 ਫਰਮਾਂ ਬੋਗਸ ਕੋਟਾ ਲੈਂਦੀਆਂ ਹਨ ਅਤੇ 135 ਬੋਗਸ ਫਰਮਾਂ ਲੁਧਿਆਣਾ ਵਿਚ ਹਨ ਜਿਨ੍ਹਾਂ ਦੀ ਨਾ ਕੋਈ ਦੁਕਾਨ ਹੈ, ਨਾ ਹੀ ਉਨ੍ਹਾਂ ਦਾ ਕੋਈ ਮਕਾਨ ਹੈ। ਨਾ ਉਨ੍ਹਾਂ ਦਾ ਕੋਈ ਮੁਨੀਮ ਹੈ।

ਜ਼ਿਲ੍ਹਾ ਫਰੀਦਕੋਟ ਦਾ ਕਾਂਗਰਸ ਦਾ ਪ੍ਰਧਾਨ ਚੀਜ਼ਾਂ ਬਲੈਕ ਵਿਚ ਲੁਧਿਆਣੇ ਵਿਚ ਆ ਕੇ ਵੇਚਦਾ ਹੈ। ਕਿਸ ਤਰ੍ਹਾਂ ਲੋਕਾਂ ਦੇ ਪੈਸੇ ਨੂੰ ਲੁਟਿਆ ਜਾਂਦਾ ਹੈ ਅਤੇ ਲੁਟਾਇਆ ਜ਼ਾਂਦਾ ਹੈ ਕਾਂਗਰਸ ਦੇ ਲੀਡਰ ਨੇ ਇਸ ਤਰ੍ਹਾਂ ਦੀ ਕੁਰੱਪਸ਼ਨ ਕੀਤੀ ਅਤੇ ਸਰਕਾਰ ਉਨ੍ਹਾਂ ਦੀ ਮੱਦਦ ਕਰ ਰਹੀ ਹੈ।

ਤੁਸੀਂ ਮਾਰਕਫੈਡ ਲੈ ਲਵੋ, ਬੈਂਕਾਂ ਲੈ ਲਵੋ। ਉਥੇ ਇਨ੍ਹਾਂ ਆਪਣੇ ਆਦਮੀ ਚੇਅਰਮੈਨ ਬਣਾਏ ਹਨ। ਕਿਸ ਤਰ੍ਹਾਂ ਕੋਆਪ੍ਰੇਟਿਵ ਸੋਸਾਇਟੀਜ਼ ਵਿਚ ਘਪਲੇ ਕੀਤੇ ਜਾਂਦੇ ਹਨ।

Mr. Chairman: Please resume your seat.

Original with;
Punjab Vidhan Sabha
Digitized by;
Panjab Digital Library

ਸਰਦਾਰ ਜਸਵਿੰਦਰ ਸਿੰਘ ਬਰਾੜ: ਹਰਦਿਆਲ ਸਿੰਘ ਬਰਾੜ, ਲੈਂਡ ਮਾਰਟਗੇਜ ਬੈਂਕ ਦਾ ਚੇਅਰਮੈਨ ਹੈ। ਉਸ ਨੇ ਇਕ ਨਾਮ ਨਿਹਾਦ ਕਮੇਟੀ ਬਣਾ ਲਈ ਹੈ। ਉਸ ਦੀ ਮਿਆਦ ਟੱਪ ਗਈ ਹੈ। ਹੁਣੇ ਜਿਹੇ ਹੀ ਲੈਂਡ ਮਾਰਟਗੇਜ ਬੈਂਕ ਵਿਚ ਕੁਝ ਐਲ. ਵੀ. ਓ. ਲਗਾਏ ਗਏ ਹਨ, ਉਨ੍ਹਾਂ ਤੋਂ 10-10 ਹਜ਼ਾਰ ਰੁਪਏ ਦੇ ਹਿਸਾਬ ਨਾਲ ਪੈਸੇ ਲਏ ਗਏ ਹਨ। ਇਸੇ ਤਰ੍ਹਾਂ ਹੀ ਜੁਆਇੰਟ ਰਜਿਸਟਰਾਰ ਗਰੇਵਾਲ ਕੋਲ ਕੰਪਲੇਂਟ ਆਈ ਹੈ ਕਿ 27 ਹਜ਼ਾਰ ਰੁਪਿਆ ਲੈ ਕੇ ਇਕ ਆਦਮੀ ਨੂੰ ਅਕਾਊਂਟੈਂਟ ਲਗਾਇਆ ਗਿਆ ਹੈ।

ਸਰਦਾਰ ਹਰਚੰਦ ਸਿੰਘ: 300 ਰੁਪਿਆ ਤਨਖਾਹ ਲੈਣ ਵਾਲਾ 27 ਹਜ਼ਾਰ ਰੁਪਿਆ ਕਿਸ ਤਰ੍ਹਾਂ ਦੇ ਸਕਦਾ ਹੈ ? (ਘੰਟੀ)

ਸ਼੍ਰੀ ਸਭਾਪਤੀ: ਬਰਾੜ ਸਾਹਿਬ, ਤੁਸੀਂ ਬੈਠ ਜਾਓ। (Brar Sahib, please resume your seat.)

ਸਰਦਾਰ ਜਸਵਿੰਦਰ ਸਿੰਘ ਬਰਾੜ: ਚੇਅਰਮੈਨ ਸਾਹਿਬ, ਜਿਸ ਰਾਜ ਵਿਚ ਇਹੋ ਜਿਹੇ ਕੰਮ ਹੁੰਦੇ ਹੋਣ, ਕੁਰੱਪਸ਼ਨ ਚੱਲਦੀ ਹਵੇ, ਜਿਸ ਰਾਜ ਵਿਚ ਮਨੋਪੋਲਿਸਟ ਪਲਦੇ ਹੋਣ, ਹੋਰਡਿੰਗ ਹੁੰਦੀ ਹੋਵੇ, ਇਜ਼ਾਰੇਦਾਰਾਂ ਨੂੰ ਪਰਮਿਟ ਅਤੇ ਕੋਟੇ ਦਿਤੇ ਜਾਣ, ਬੋਗਸ ਪਰਮਿਟ ਅਤੇ ਕੋਟੇ ਵੰਡੇ ਜਾਣ ਫਿਰ ਉਸ ਦੇਸ਼ ਦਾ ਕੀ ਬਣੇਗਾ? ਮੈਂ ਸਮਝਦਾ ਹਾਂ ਕਿ ਸ਼ਹੀਦ ਉਧਮ ਸਿੰਘ ਜ਼ਰੂਰ ਪੈਦਾ ਹੋਵੇਗਾ। ਉਨ੍ਹਾਂ ਦੀਆਂ ਹੱਡੀਆਂ ਨੂੰ ਮਾਸ ਲਗੇਗਾ। ਮੇਰੀ ਅਰਦਾਸ ਜਰੂਰੀ ਮੰਨਣੀ ਪਵੇਗੀ ਅਤੇ ਇਨ੍ਹਾਂ ਬੇਈਮਾਨਾਂ ਦਾ ਅਰਦਾਸਾ ਸੋਧਿਆ ਜਾਵੇਗਾ। (ਤਾੜੀਆਂ)

ਸ਼੍ਰੀ ਪ੍ਰੇਮ ਗੁਪਤਾ: (ਪਟਿਆਲਾ) ਚੇਅਰਮੈਨ ਸਾਹਿਬ, ਕਲ ਫਾਈਨਾਂਸ ਮਨਿਸਟਰ ਸਾਹਿਬ ਨੇ ਸਪਲੀਮੈਂਟਰੀ ਐਸਟੀਮੇਟਸ ਦੀ ਡਿਸਕਸ਼ਨ ਦਾ ਜਵਾਬ ਦਿੰਦਿਆਂ ਇਹ ਗੱਲ ਦਸੀ ਸੀ ਕਿ ਐਜੂਕੇਸ਼ਨ ਤੇ ਅਸੀ ਤਕਰੀਬਨ 55 ਕਰੋੜ ਰੁਪਿਆ ਸਾਲ ਦਾ ਖ਼ਰਚ ਕਰਦੇ ਹਾਂ ਜਦੋਂ ਕਿ ਇਸ ਤੋਂ ਪਹਿਲਾਂ ਇਹ ਖਰਚਾ ਬੜਾ ਘੱਟ ਸੀ। ਸਹਕਾਰ ਦਾ ਏਮ ਐਂਡ ਔਬਜੈਕਟ ਇਹ ਹੈ ਕਿ ਲੋਕਾਂ ਨੂੰ ਚੰਗੀ ਐਜੂਕੇਸ਼ਨ ਦਿਤੀ ਜਾਵੇ ਅੱਰ ਵੱਧ ਤੋਂ ਵੱਧ ਐਜੂਕੇਸ਼ਨ ਦਾ ਪਸਾਰ ਹੋਵੇ। ਨਾਲ ਦੀ ਨਾਲ ਜਿਹੜੇ ਐਜੂਕੇਸ਼ਨ ਡਿਪਾਰਟਮੈਂਟ ਵਿਚ ਕੰਮ ਕਰਨ ਵਾਲੇ ਲੋਕ ਹਨ ਉਨ੍ਹਾਂ ਦੀ ਬੈਟਰਮੈਂਟ ਹੋਵੇ ਅੱਰ ਇਸ ਦੇ ਨਾਲ ਹੀ ਜਿਹੜੀ ਐਜੂਕੇਸ਼ਨ ਡੀਪਾਰਟਮੈਂਟ ਦੀ ਐਡਮਿਨਿਸਟਰੇਸ਼ਨ ਹੈ, ਇਸ ਨੂੰ ਠੀਕ ਕੀਤਾ ਜਾਵੇ। ਮੈਂ, ਚੇਅਰਮੈਨ ਸਾਹਿਬ, ਇਸ ਸਬੰਧ ਵਿਚ 2-3 ਗਲਾਂ ਕਰਨੀਆਂ ਹਨ। ਸਹਕਾਰ ਨੇ ਪਿਛਲੇ ਸੈਸ਼ਨ ਵਿਚ ਇਹ ਫੈਸਲਾ ਕੀਤਾ ਸੀ ਕਿ ਅਸੀ ਡਾਇਰੈਕਟਰ ਪ੍ਰਾਈਮਰੀ ਐਜੂਕੇਸ਼ਨ ਲਾਉਣਾ ਹੈ ਲੇਕਿਨ ਮੇਰੀ ਇਹ ਰਾਇ ਹੈ ਕਿ ਇਕੱਲਾ ਡਾਇਰੈਕਟਰ ਲਾਉਣ ਨਾਲ ਹੀ ਇਹ ਮਸਲਾ ਹੱਲ ਨਹੀਂ ਹੋਣਾ।

ਇਕ ਅਵਾਜ਼: ਵਖਰਾ ਡਾਇਰੈਕਟੋਰੇਟ ਜਾਂ ਡਾਇਰੈਕਟਰ ?

ਸ਼੍ਰੀ ਪ੍ਰੇਮ ਗੁਪਤਾ: ਡਾਇਰੈਕਟਰ, ਪ੍ਰਾਈਮਰੀ ਐਜੂਕੇਸ਼ਨ ਲਾਉਣਾ ਹੈ ਜੀ। (ਵਿਘਨ) ਮੇਰੀ ਰਾਇ ਹੈ ਕਿ ਪ੍ਰਾਈਮਰੀ ਐਜੂਕੇਸ਼ਨ ਦੀਆਂ ਜੋ ਪ੍ਰਾਬਲਮਜ਼ ਹਨ ਉਹ ਬੜੀਆਂ ਕੰਮਪਲੀਕੇਟਿਡ ਹੋ ਗਈਆਂ ਹਨ। ਇਸ ਦੇ ਵਿਚ ਸਰਕਾਰ ਨੂੰ ਧਿਆਨ ਦੇਣ ਦੀ ਲੋੜ ਹੈ। ਇਹ ਮਹਿਕਮਾ ਸਾਰੇ ਪੰਜਾਬ ਵਿਚ ਸਕੂਲ ਲੈਵਲ ਤੋਂ ਡਾਇਰੈਕਟਰੇਟ ਲੈਵਲ ਤਕ ਅੱਡ ਹੋਣਾ ਚਾਹੀਦਾ ਹੈ। ਬਾਈਫਰਕੇਸ਼ਨ ਡਿਸਟ੍ਰਿਕਟ ਲੈਵਲ ਤੇ ਹੋਣੀਆਂ ਚਾਹੀਦੀਆਂ ਹਨ। ਮੈਂ ਸਰਕਾਰ ਨੂੰ ਇਹ

Original with;
Punjab Vidhan Sabha
Digitized by;
Panjab Digital Library

[ਪ੍ਰੇਮ ਗੁਪਤਾ]

ਬੇਨਤੀ ਕਰਾਂਗਾ ਕਿ ਜਿਥੇ ਉਨ੍ਹਾਂ ਬੜਾ ਸੋਚ ਸਮਝ ਕੇ ਇਹ ਚੰਗਾ ਫੈਸਲਾ ਕੀਤਾ ਅੰਰ ਐਜੂਕੇਸ਼ਨ ਤੇ 55 ਕਰੋੜ ਰੁਪਿਆ ਖਰਚ ਕਰਨਾ ਹੈ ਉਥੇ ਮੇਰੀ ਅਰਜ਼ ਹੈ ਜੇ ਥੋੜਾ ਹਰ ਵਧ ਹੋ ਜਾਵੇ ਤਾਂ ਕੋਈ ਗੱਲ ਨਹੀਂ ਅੰਰ ਇਹ ਪ੍ਰਾਈਮਰੀ ਐਜੂਕੇਸ਼ਨ ਦਾ ਮਹਿਕਮਾ ਇੰਡੀਪੈਂਡੰਟ ਕਰਨਾ ਚਾਂਹੀਦਾ ਹੈ । ਇਸ ਦੇ ਨਾਲ ਹੀ ਪ੍ਰਾਈਮਰੀ ਐਜੂਕੇਸ਼ਨ ਤਰੱਕੀ ਕਰ ਸਕਦੀ ਹੈ ਅਤੇ ਪ੍ਰਾਈਮਰੀ ਐਜੂਕੇਸ਼ਨ ਜਿਸ ਤੇ ਸਾਰਾ ਦਾਰੋ ਮਦਾਰ ਹੁੰਦਾ ਹੈ ਐਜੂਕੇਸ਼ਨ ਦਾ ਉਸ ਨੂੰ ਸਟਰੈਂਗਥਨ ਕਰ ਸਕਦੇ ਹਾਂ ।

ਦੂਸਰੀ ਗੱਲ ਚੇਅਰਮੈਨ ਸਾਹਿਬ, ਮੈਂ ਐਜੂਕੇਸ਼ਨ ਬੋਰਡ ਦੇ ਮੁਤੱਲਕ ਕਰਨਾ ਚਾਹੁੰਦਾ ਹਾਂ ਕਿ ਇਹ ਬਹੁਤ ਚੰਗੀ ਗੱਲ ਕੀਤੀ ਗਈ ਹੈ ਕਿ ਐਜੂਕੇਸ਼ਨ ਬੋਰਡ ਬਣਾਇਆ ਗਿਆ ਹੈ । ਇਸ ਐਜੂਕੇਸ਼ਨ ਬੋਰਡ ਦਾ ਮਤਲਬ ਇਹੀ ਸੀ ਕਿ ਇਸ ਦੇ ਵਿਚ ਨੁਮਾਇੰਦਗੀ ਮਾਸਟਰਾਂ ਜਾਂ ਹੈਡਮਾਸਟਰਾਂ ਨੂੰ ਮਿਲੇ ਅਤੇ ਸਕੂਲ ਲੈਵਲ ਦਾ ਪੜ੍ਹਾਈ ਦਾ ਮਿਆਰ ਉਚਾ ਹੋ ਸਕੇ । ਪਰ ਹੋਇਆ ਕੀ ਕਿ ਇਸ ਐਜੂਕੇਸ਼ਨ ਬੋਰਡ ਦੇ ਵਿਚ ਸਾਰੀਆਂ ਯੂਨੀਵਰਸਟੀਆਂ ਦੇ ਵਾਈਸ ਚਾਂਸਲਰ ਮੈਂਬਰ ਬਣਾ ਦਿਤੇ ਅੰਰ ਯੂਨੀਵਰਸਟੀਆਂ ਵਾਲਾ ਕੰਟਰੋਲ ਇਸ ਦੇ ਵਿਚ ਹੋ ਗਿਆ। ਇਸ ਲਈ ਮੇਰੀ ਬੇਨਤੀ ਹੈ ਕਿ ਜਿਹੜੀ ਗਵਰਨਿੰਗ ਬੋਰਡ ਦੇ ਵਿਚ ਰਿਪ੍ਰੈਜ਼ੈਂਨਟੇਸ਼ਨ ਹੈ ਉਹ ਸਕੂਲਾਂ ਦੇ ਮਾਸਟਰਾਂ ਨੂੰ ਅਤੇ ਹੈਡਮਾਸਟਰਾਂ ਨੂੰ ਮਿਲਣੀ ਚਾਹੀਦੀ ਹੈ। ਮੈਂ ਤਾਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜੇ ਕੋਈ ਅਲੈਕਟਿਵ ਸਿਸਟਮ ਹੋ ਸਕਦਾ ਹੈ ਤਾਂ ਉਹ ਲਾਗੂ ਕਰ ਦੇਣਾ ਚਾਹੀਦਾ ਹੈ ।

ਇਕ ਗੱਲ, ਚੇਅਰਮੈਨ ਸਾਹਿਬ, ਮੈਂ ਪ੍ਰਾਈਵੇਟ ਸਕੂਲਾਂ ਦੇ, ਇਨਸਟੀਚਿਊਸ਼ਨਜ਼ ਦੇ ਟੀਚਰਾਂ ਦੀ ਸਿਕਿਉਰਟੀ ਆਫ ਸਰਵਿਸ ਦੇ ਬਾਰੇ ਵਿਚ ਕਹਿਣਾ ਚਾਹੁੰਦਾ ਹਾਂ । ਟੀਚਰਾਂ ਦੀ ਸਿਕਿਉਰਟੀ ਆਫ ਸਰਵਿਸ ਵਾਸਤੇ ਐਕਟ ਪਿਛਲੇ ਸੈਸ਼ਨ ਵਿਚ ਇਨਟਰੋਡਿਊਸ ਹੋਇਆ ਸੀ ਅੰਰ ਉਸ ਦੇ ਵਿਚ ਕੁਝ ਕਮੀਆਂ ਰਹਿ ਗਈਆਂ ਸਨ । ਅਸੀਂ ਇਹ ਕਿਹਾ ਸੀ ਕਿ ਇਹ ਰਿਵਾਈਜ਼ਡ ਲਿਆਓ । ਹੁਣ ਉਹ ਲੈ ਆਉਂਣਾ ਹੈ । ਪਹਿਲਾਂ ਪ੍ਰਾਈਵੇਟ ਟੀਚਰਜ਼ ਨੂੰ ਪ੍ਰੋਟੈਕਸ਼ਨ ਨਹੀਂ ਸੀ, ਹੁਣ ਇਸ ਸਰਕਾਰ ਨੇ ਉਨ੍ਹਾਂ ਨੂੰ ਪ੍ਰੋਟੈਕਸ਼ਨ ਦੇਣ ਦਾ ਫੈਸਲਾ ਕੀਤਾ ਹੈ ।

ਇਸ ਦੇ ਨਾਲ ਹੀ ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਇਹ ਵੀ ਦਰਖਾਸਤ ਕਰਨਾ ਚਾਹੁੰਦਾ ਹਾਂ ਕਿ ਸਰਕਾਰ ਹਰ ਸਾਲ ਨਵੇਂ ਸਕੂਲ ਖੋਲ੍ਹਦੀ ਹੈ । ਪਿਛਲੇ ਸਾਲ ਵੀ ਬੜੇ ਸਕੂਲ ਇਨ੍ਹਾਂ ਨੇ ਨਵੇਂ ਖੋਲੇ ਹਨ। ਪਰ ਮੇਰੀ ਅਰਜ਼ ਹੈ ਕਿ ਜਿਹੜੇ ਸਕੂਲ ਖੋਲਣੇ ਹੁੰਦੇ ਹਨ ਉਹ ਥੋੜਾ ਜਿਹਾ ਸਮੇਂ ਸਿਰ ਖੋਲ ਲਿਆ ਕਰਨ । ਜੇ ਅਸੀਂ 100 ਹਾਈ ਸਕੂਲ ਖੋਲਣਾ ਹੈ, ਜਾਂ 150 ਸਕੂਲ ਖੋਲਣਾ ਹੈ ਜਾਂ 50 ਸਕੂਲ ਖੋਲਣੇ ਹਨ ਜਾਂ ਜਿੰਨੇ ਮਰਜ਼ੀ ਖੋਲਣੇ ਹਨ, ਉਹ ਖੋਲੋ, ਪਰ ਉਸ ਦੇ ਲਈ ਕੋਈ ਟਾਈਮ ਹੋਣਾ ਚਾਹੀਦਾ ਹੈ । ਐਡਮੀਸ਼ਨ ਦੇ ਟਾਈਮ ਨੂੰ ਖ਼ਿਆਲ ਵਿਚ ਰੱਖਣਾ ਚਾਹੀਦਾ ਹੈ । ਸਰਕਾਰ ਕੋਈ ਇਸ ਤਰ੍ਹਾਂ ਦੀ ਪਾਲਿਸੀ ਬਣਾਏ ਕਿ ਪਹਿਲੀ ਅਪਰੈਲ ਤੋਂ ਜਾਂ ਜਦੋਂ ਐਕੇਡੈਮਿਕ ਸੈਸ਼ਨ ਸ਼ੁਰੂ ਹੁੰਦਾ ਹੈ ਤਾਂ ਉਦੋਂ ਇਹ ਕੰਮ ਹੋ ਜਾਣਾ ਚਾਹੀਦਾ ਹੈ ਤਾਂ ਕਿ ਨਾ ਸਟੂਡੈਂਟਸ ਨੂੰ ਕੋਈ ਡਿਫੀਕਲਟੀ ਹੋਵੇ ਨਾ ਪੇਰੈਂਟਸ ਨੂੰ ਡਿਫੀਕਲਟੀ ਹੋਵੇ ।

ਇਸ ਦੇ ਨਾਲ ਹੀ, ਚੇਅਰਮੈਨ ਸਾਹਿਬ, ਇਕ ਗਲ ਟੀਚਰਜ਼ ਦੀ ਟਰਾਂਸਫਰਜ਼ ਬਾਰੇ ਕਹਿਣਾ ਚਾਹੁੰਦਾ ਹਾਂ । ਇਸ ਦੇ ਬਾਰੇ ਸ਼ਰਮਾ ਜੀ ਨੇ ਜਵਾਬ ਦਿਤਾ, ਐਜੂਕੇਸ਼ਨ ਮਨਿਸਟਰ ਸਾਹਿਬ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਪ੍ਰੇਮ ਗੁਪਤਾ]

ਵੀ ਬੈਠੇ ਸਨ । ਜਿਥੋਂ-ਤਕ ਮੇਰਾ ਵਿਸ਼ਵਾਸ ਹੈ ਉਹ ਇਹ ਹੈ ਕਿ ਕਾਂਗਰਸ ਪਾਰਟੀ ਦੀ ਜਾਂ ਕਾਂਗਰਸ ਪਾਰਟੀ ਦੀ ਸਰਕਾਰ ਦੀ ਕੋਈ ਇਹੋ ਜਿਹੀ ਨੀਤੀ ਨਹੀਂ ਹੈ ਕਿ ਕਿਸੇ ਵੀ ਟੀਚਰ ਨੂੰ ਦੁਖੀ ਕੀਤਾ ਜਾਵੇ, ਉਸ ਨੂੰ ਵਿਕਟੇਮਾਈਜ਼ ਕੀਤਾ ਜਾਵੇ । ਕਾਨੂੰਨ ਕੁਝ ਵੀ ਹੋਵੇ । ਕਾਨੂੰਨ ਵਿਚ ਇਹ ਕਿਹਾ ਗਿਆ ਹੈ ਕਿ ਟਰਾਂਸਫਰ ਕੋਈ ਪਨਿਸ਼ਮੈਂਟ ਨਹੀਂ ਹੈ । ਲੇਕਿਨ ਅਗਰ ਅਸੀਂ ਪ੍ਰੈਕਟਿਸ ਦੇਖੀਏ ਤਾਂ ਇਹ ਪਤਾ ਲਗੇਗਾ ਕਿ ਇਹ ਪਨਿਸ਼ਮੈਂਟ ਹੀ ਹੈ । ਜਿਹੜਾ ਬੰਦਾ ਘਰ ਬੈਠਾ ਹੈ ਉਸ ਨੂੰ ਚਾਹੇ ਤੁਸੀਂ 10 ਮੀਲ ਤੇ ਬਦਲ ਦਿਉ, 20 ਮੀਲ ਤੇ ਬਦਲ ਦਿਉ ਜਾਂ 50 ਮੀਲ ਤੇ ਬਦਲ ਦਿਉ ਉਸ ਨੂੰ ਘਰ ਦਾ ਸਾਰਾ ਸਮਾਨ ਨਾਲ ਚੁਕਣਾ ਪੈਂਦਾ ਹੈ, ਡਿਸਲੋਕੇਟ ਹੋਣਾ ਪੈਂਦਾ ਹੈ, ਬਚਿਆਂ ਦੀ ਪੜ੍ਹਾਈ ਵਿਚ ਫਰਕ ਪੈਂਦਾ ਹੈ । ਇਸ ਤੋਂ ਵਧ ਹੋਰ ਉਸ ਨੂੰ ਕੀ ਸਜ਼ਾ ਹੋ ਸਕਦੀ ਹੈ ? ਬਰਾੜ ਸਾਹਿਬ ਨੇ ਵੀ ਇਕ ਗਲ ਕਹੀ ਹੈ ਕਿ ਜੇ ਕਿਸੇ ਨੇ ਕੋਈ ਗਲਤੀ ਕੀਤੀ ਹੈ ਤਾਂ ਉਸ ਨੂੰ ਸਜ਼ਾ ਦੇਣੀ ਚਾਹੀਦੀ ਹੈ । ਅਗਰ ਐਡਮਿਨਿਸਟਰੇਟਿਵ ਗਰਾਊਂਡਜ਼ ਲਈ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋ ਸਕਦਾ । ਲੇਕਿਨ ਇਸ ਦੀ ਬੈਕ ਗਰਾਊਂਡ ਕੀ ਹੈ । ਮੈਂ ਇਸ ਗਲ ਵਿਚ ਨਹੀਂ ਜਾਣਾ ਚਾਹੁੰਦਾ ਕਿ 1971 ਵਿਚ ਅਕਾਲੀ ਸਰਕਾਰ ਨੇ ਮਾਸ ਲੈਵਲ ਤੇ ਬਦਲੀਆਂ ਕਰ ਦਿਤੀਆਂ । ਬਅਦ ਵਿਚ ਕੀ ਹੋਇਆ ਉਹ ਤੁਹਾਡੇ ਸਾਰਿਆਂ ਦੇ ਸਾਹਮਣੇ ਹੈ । ਪੰਜਾਬ ਸਰਕਾਰ ਨੇ ਇਸ ਕੰਮ ਦੇ ਲਈ ਇਕ ਕਨਸਲਟੇਟਿਵ ਕਮੇਟੀ ਬਣਾਈ ਉਸ ਦੇ ਵਿਚ ਹਰ ਇਕ ਨੂੰ ਲਿਆ ਗਿਆ । ਉਸ ਕਮੇਟੀ ਦੀਆਂ 2 ਮੀਟਿੰਗ ਹੋਈਆਂ ਉਸ ਮੀਟਿੰਗ ਵਿਚ ਮਹਿਕਮੇ ਨੇ ਇਹ ਪ੍ਰੋਪੋਜ਼ਲ ਲਿਆਂਦੀ ਕਿ ਇਸ ਸਾਲ ਕੋਈ ਟਰਾਂਸਫਰ ਨਹੀਂ ਕਰਨੀ ਚਾਹੀਦੀ । ਜੇ ਸਰਕਾਰ ਨੇ ਵਿਨਡਿਕਟਿਵ ਢੰਗ ਨਾਲ ਬਦਲੀਆਂ ਕਰਨੀਆਂ ਹੁੰਦੀਆਂ ਤਾਂ ਐਜੂਕੇਸ਼ਨ ਮਨਿਸਟਰ ਸਾਹਿਬ ਮਹਿਕਮੇ ਦੀ ਇਹ ਪ੍ਰੋਪੋਜ਼ਲ ਕਨਸਲਟੇਟਿਵ ਕਮੇਟੀ ਵਿਚ ਨਾ ਲਿਆਉਂਦੇ । ਲੇਕਿਨ ਕੁਝ ਕਾਰਣਾਂ ਕਰਕੇ ਕਨਸਲਟੇਟਿਵ ਕਮੇਟੀ ਕਿਸੇ ਫੈਸਲੇ ਤੇ ਨਹੀਂ ਪਹੁੰਚ ਸਕੀ । ਕਨਸਲਟੇਟਿਵ ਕਮੇਟੀ ਨੇ ਇਸ ਗਲ ਤੇ ਐਗਰੀ ਨਹੀਂ ਕੀਤਾ ਕਿ ਟਰਾਂਸਫਰਜ਼ ਨਾ ਹੋਣ । ਅਗੇ ਟਰਾਂਸਫਰਜ਼ ਦਾ ਫਾਰਮੂਲਾ ਕੀ ਹੋਵੇ ਇਸ ਦੇ ਵਾਸਤੇ ਡਿਫਰੈਂਟ ਓਪੀਨੀਅਨਜ਼ ਹਨ । (ਵਿਘਨ) ਜੋ ਪਿਛਲੇ ਸਾਲ ਢੰਗ ਅਪਣਾਇਆ ਹੈ ਉਹ ਇਸ ਸਾਲ ਅਪਨਾ ਲਉ, ਇਹ ਮੈਂ ਪ੍ਰੋਪੋਜ਼ਲ ਦਿਤੀ ਸੀ । ਇਸ ਗਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਐਜੂਕੇਸ਼ਨ ਡੀਪਾਰਟਮੈਂਟ ਕੀ ਕਰੇ । ਜੋ ਪ੍ਰਿੰਸੀਪਲ ਬਣ ਜਾਂਦਾ ਹੈ ਉਸ ਨੂੰ ਅਸੀਂ ਆਪ ਫਾਲੋ ਨਹੀਂ ਕਰਦੇ । ਅਸੀਂ ਮਨਿਸਟਰ ਸਾਹਿਬ ਕੋਲ ਜਾਂਦੇ ਹਾਂ ਹੋਰ ਪਾਰਟੀਆਂ ਦੇ ਬੰਦੇ ਮਨਿਸਟਰ ਸਾਹਿਬ ਕੋਲ ਜਾਂਦੇ ਹਨ ਉਹ ਮਨਿਸਟਰ ਸਾਹਿਬ ਨੂੰ ਕਹਿੰਦੇ ਹਨ ਕਿ ਫਲਾਣੇ ਦੀ ਬਦਲੀ ਕਰ ਦਿਉ, ਫਲਾਣੇ ਦੀ ਬਦਲੀ ਕਰ ਦਿਉ । ਉਹ ਲੋਕਾਂ ਦੀਆਂ ਅਰਜ਼ੀਆਂ ਚੁਕੀ ਫਿਰਦੇ ਹਨ । ਮਨਿਸਟਰ ਸਾਹਿਬ ਕਹਿੰਦੇ ਹਨ ਮੈਂ ਇਸ ਤਰ੍ਹਾਂ ਨਹੀਂ ਕਰ ਸਕਦਾ ਤਾਂ ਉਹ ਕਹਿੰਦੇ ਹਨ ਕਿ ਤੁਸੀਂ ਜਿਸ ਤਰ੍ਹਾਂ ਮਰਜ਼ੀ ਕਰੋ, ਮਹਿਕਮੇ ਨੂੰ ਜੋ ਮਰਜ਼ੀ ਕਹੋ ਪਰ ਮੇਰੇ ਕਹਿਣ ਤੇ ਇਹ ਬਦਲੀ ਜ਼ਰੂਰੀ ਕਰੋ । ਜੇ ਮਨਿਸਟਰ ਸਹਿਬ ਨੇ ਇਸ ਤਰ੍ਹਾਂ ਉਸ ਦੇ ਕਹਿਣ ਤੇ ਕਰ ਦਿਤਾ ਤਾਂ ਇਹ ਕੋਈ ਜ਼ਿਆਦਤੀ ਵਾਲੀ ਗਲ ਨਹੀਂ ਹੈ (ਵਿਘਨ) (ਘੰਟੀ) ਜੇ ਕੋਈ ਟੀਚਰਜ਼ ਆਪਸ ਵਿਚ ਮਿਊਚਲ ਬਦਲੀ ਕਰਾਉਣਾ ਚਾਹੁੰਦੇ ਹਨ ਅਤੇ ਲਿਖ ਕੇ ਦਿੰਦੇ ਹਨ ਕਿ ਸਾਡੀ ਮਿਊਚਲ ਟਰਾਂਸਫਰ ਕਰ ਦਿਉ ਤਾਂ ਮਹਿਕਮਾ ਕਹਿੰਦਾ ਹੈ ਕਿ ਤੁਸੀਂ ਸਲਾਹ ਆਪਸ ਵਿਚ ਕਿਉਂ ਕਰ ਲਈ ਹੈ? (ਵਿਘਨ) (ਘੰਟੀ) ਚੇਅਰਮੈਨ ਸਾਹਿਬ, ਮੈਨੂੰ 5 ਮਿੰਟ ਦਿਉ ਜੀ । ਮੈਨੂੰ ਟਾਪਿਕ ਤਾਂ ਕੰਪਲੀਟ ਕਰ ਲੈਣ ਦਿਉ ਜੀ ।

Original with;
Punjab Vidhan Sabha
Digitized by;
Panjab Digital Library

ਮਹਿਕਮਾ ਕਹਿੰਦਾ ਹੈ ਕਿ ਤੁਸੀਂ ਆਪ ਸਲਾਹ ਕਰਕੇ ਕਿਉਂ ਆ ਗਏ । ਜੇ ਕੋਈ ਕਹੇ ਕਿ ਖਾਲੀ ਜਗ੍ਹਾ ਪਈ ਹੈ ਤਾਂ ਕਹਿੰਦੇ ਹਨ ਕਿ ਤੁਸੀਂ ਅਰਜ਼ੀ ਦਿਤੀ ਹੈ । ਮਹਿਕਮੇ ਨੇ ਕਿਹਾ ਕਿ ਚੂੰਕਿ ਕੰਸਲਟੇਟਿਵ ਕਮੇਟੀ ਨੇ ਸਾਡੀ ਰਾਏ ਨਹੀਂ ਮੰਨੀ ਸਾਲ ਦੋ ਸਾਲ ਵਾਸਤੇ ਬਦਲੀਆਂ ਬੰਦ ਕਰ ਦਿਉ ਤਾਂ ਡਾਇਰੈਕਟਰ ਵੀ ਬਦਲ ਗਿਆ, ਸੈਕਟਰੀ ਵੀ ਬਦਲ ਗਿਆ ਅਤੇ ਵਜ਼ੀਰ ਵੀ ਬਦਲ ਗਿਆ ਜਿਹੜਾ ਨਵਾਂ ਸੈਟ-ਅੱਪ ਆਇਆ ਪਤਾ ਨਹੀਂ ਉਨ੍ਹਾਂ ਨੇ ਕਿਹੜਾ ਰੂਲ ਅਪਲਾਈ ਕਰ ਦਿਤਾ । ਮੈਂ ਕਲ ਵੀ ਅਰਜ਼ ਕੀਤੀ ਸੀ ਕਿ ਜੇ ਕਰ ਸਰਕਾਰ ਦੀ ਕੋਈ ਪਾਲਸੀ ਨਹੀਂ ਤਾਂ ਬਦਲੀਆਂ ਨੂੰ ਰੀਕਨਸਿਡਰ ਕਰ ਲਵੇ । ਜੇ ਕਿਸੇ ਨੂੰ ਰੀਲੀਫ ਮਿਲ ਸਕਦਾ ਹੈ, ਦੇ ਦੇਣਾ ਚਾਹੀਦਾ ਹੈ । ਅਜਿਹਾ ਕਰਨ ਨਾਲ ਕਿਸੇ ਵਿਧਾਨ ਸਭਾ ਦੇ ਮੈਂਬਰ ਨੇ ਨਹੀਂ ਆ ਕੇ ਕਹਿਣਾ ਕਿ ਕਿਸੇ ਸ਼ਰਾਰਤ ਦੇ ਬੇਸਿਜ਼ ਤੇ ਜਾਂ ਕੋਈ ਲੜਾਈ ਝਗੜੇ ਦੇ ਕਾਰਨ ਕੀਤਾ ਹੈ । ਐਡਮਨਿਸਟਰੇਟਿਵ ਗਰਾਊਂਡ ਤੇ ਬਦਲੀਆਂ ਕਰਨੀਆਂ ਹਨ । ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਕਲ ਵੀ ਕਿਹਾ ਸੀ ਅਤੇ ਅੱਜ ਵੀ ਦਰਖਾਸਤ ਕਰਦਾ ਹਾਂ ਕਿ ਇਹ ਜਿਹੜੀਆਂ ਰਿਪ੍ਰੈਜ਼ੈਂਟੇਸ਼ਨਜ਼ ਹਨ ਇਨ੍ਹਾਂ ਨੂੰ ਅਫ਼ਸਰਾਂ ਕੋਲ ਜਾਂ ਸੀ. ਈ. ਓ. ਵਗੈਰਾ ਕੋਲ ਨਾ ਭੇਜੋ । ਉਹ ਕੀ ਰੀਕੰਸਿਡਰ ਕਰਨਗੇ ਉਨ੍ਹਾਂ ਨੇ ਤਾਂ ਟਰਾਂਸਫਰਜ਼ ਕੀਤੀਆਂ ਹੀ ਨਹੀਂ, ਤੁਸੀਂ ਆਪਣੇ ਲੈਵਲ ਤੇ ਕਰੋ । ਪੋਸਟਾਂ ਹੋਰ ਨਵੀਆਂ ਵੀ ਆਉਣੀਆਂ ਹਨ । ਜੇ ਕਿਸੇ ਦੀ ਟਰਾਂਸਫਰ ਲਾਗ ਡਾਟ ਨਾਲ ਹੋ ਗਈ ਹੈ ਤਾਂ ਉਸ ਨੂੰ ਰੀਕੰਸਿਡਰ ਕਰ ਲਵੋ । ਇਸ ਤੇ ਕੋਈ ਕੰਪਲੀਕੇਸ਼ਨਜ਼ ਨਹੀਂ ਅਤੇ ਇਕ ਆਨਾ ਵੀ ਖਰਚ ਨਹੀਂ ਆਉਣਾ ।

ਹੁਣ ਚੇਅਰਮੈਨ ਸਾਹਿਬ, ਮੈਂ ਦਿੱਲੀ ਜਿਹੜੀ ਰੈਲੀ ਹੋਣੀ ਹੈ ਉਸ ਦੇ ਬਾਰੇ ਦੋ ਗੱਲਾਂ ਕਰਨੀਆਂ ਚਾਹੁੰਦਾ ਹਾਂ । (ਵਿਘਨ)

ਸ਼੍ਰੀ ਸਭਾਪਤੀ: ਇਸ ਦੇ ਬਾਰੇ ਵਿਚ ਤਾਂ ਚੀਫ ਮਨਿਸਟਰ ਸਾਹਿਬ ਨੇ ਕਹਿ ਹੀ ਦਿਤਾ ਹੈ । (The hon. Chief Minister has already made a mention about it.)

ਸ਼੍ਰੀ ਪ੍ਰੇਮ ਗੁਪਤਾ: ਅੱਛਾ ਜੀ । ਮੈਂ ਹੁਣ ਸ਼ਾਰਟੇਜ ਅਤੇ ਸਪਲਾਈ ਦੀ ਗਲ ਕਰਦਾ ਹਾਂ । ਸਰਦਾਰ ਗੁਰਦਰਸ਼ਨ ਸਿੰਘ ਜੀ ਵੀ ਆ ਗਏ ਹਨ । ਇਕ ਤੇ ਮਹਿੰਗਾਈ ਹੈ । ਠੀਕ ਹੈ ਇਹ ਕਿਸੇ ਕਾਰਨਾਂ ਕਰਕੇ ਇੰਟਰਨੈਸ਼ਨਲ ਲੈਵਲ ਤੇ ਜਾਂ ਨੈਸ਼ਨਲ ਲੈਵਲ ਤੇ ਹੋ ਜਾਂਦੀ ਹੈ । ਅਸੀਂ ਇਜ਼ਾਰੇਦਾਰਾਂ ਨੂੰ ਰੋਕਣਾ ਚਾਹੁੰਦੇ ਹਾਂ ਪਰ ਇਥੇ ਕੁਝ ਹੋਰ ਉਨ੍ਹਾਂ ਦੇ ਹੱਕ ਵਿਚ ਹਨ । ਜੇ ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਲੈਂਦੇ ਹਾਂ ਤਾਂ ਕੋਈ ਸੁਪਰੀਮ ਕੋਰਟ ਵਿਚ ਚਲਾ ਜਾਂਦਾ ਹੈ, ਕੋਈ ਕਿਤੇ ਚਲਾ ਜਾਂਦਾ ਹੈ । ਸਾਡੇ ਡੈਮੋਕਰੇਟਿਕ ਸੈਟ-ਅੱਪ ਵਿਚ ਕੰਸਟੀਚਿਊਸ਼ਨਲੀ ਪ੍ਰੋਵਾਈਡਿਡ ਹੈ । ਚੇਅਰਮੈਨ ਸਾਹਿਬ, ਲੋਕ ਮਹਿੰਗਾਈ ਤਾਂ ਬਰਦਾਸ਼ਤ ਕਿਸੇ ਨਾ ਕਿਸੇ ਤਰੀਕੇ ਨਾਲ ਕਰਦੇ ਹਨ, ਪਰ ਕਈ ਚੀਜ਼ਾਂ ਮਿਲਦੀਆਂ ਨਹੀਂ ਹਨ ਅਤੇ ਲੋਕਾਂ ਨੂੰ ਲੈਣ ਵੇਲੇ ਬੜੀ ਔਖਿਆਈ ਹੁੰਦੀ ਹੈ, ਚੀਜ਼ ਹੋਵੇ ਔਰ ਮਿਲੇ ਨਾ ਇਹ ਬਰਦਾਸ਼ਤ ਕਰਨਾ ਔਖਾ ਹੁੰਦਾ ਹੈ । ਸੋ ਮੈਂ ਕਹਿੰਦਾ ਹਾਂ ਕਿ ਸਾਡਾ ਡਿਸਟ੍ਰਿਬਿਊਸ਼ਨ ਸਿਸਟਮ ਠੀਕ ਹੋਵੇ । ਜੇ ਚੀਜ਼ ਨਹੀਂ ਹੈ ਤਾਂ ਨੋਟਿਸ ਲਾ ਦਿਤਾ ਜਾਵੇ । ਕੀ ਜ਼ਰੂਰੀ ਹੈ ਕਿ ਲੋਕਾਂ ਨੂੰ 4-4 ਘੰਟੇ ਧੁਪੇ ਖੜ੍ਹਾਈ ਰਖਣਾ ਇਹ ਕਹਿ ਕੇ ਕਿ ਹੁਣੇ ਆ ਜਏਗੀ, ਹੁਣੇ ਆ ਜਾਏਗੀ । ਜੇ ਕਰ ਡੀਪੂ ਥੋੜ੍ਹੇ ਹਨ ਤਾਂ ਡੀਪੂ ਹੋਰ ਵਧਾ ਦਿਉ । ਇਸ ਦੇ ਬਾਅਦ ਜਿਹੜੀ ਡਿਫੀਕਲਟੀ ਹੈ ਉਸ ਨੂੰ ਹਲ ਕਰਨ ਵਾਸਤੇ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਪ੍ਰੇਮ ਗੁਪਤਾ]

ਉਸ ਤੇ ਹੋਰ ਚੰਗੇ ਢੰਗ ਨਾਲ ਐਕਟ ਕਰੋ । ਚੇਅਰਮੈਨ ਸਾਹਿਬ, ਮੈਂ ਤੁਹਾਨੂੰ ਇੱਟਾਂ ਦੀ ਗਲ ਕਰਦਾ ਹਾਂ । ਸਪਾਂਸਰਡ ਕੋਲ ਡੋਮੈਸਟਿਕ ਯੂਜ਼ ਵਾਸਤੇ ਤਾਂ ਬੰਦ ਕੀਤਾ ਹੋਇਆ ਹੈ । ਨਾਨ ਸਪਾਂਸਰਡ ਕੋਲਾ ਜਿਹੜਾ ਟੱਰਕਾਂ ਵਿਚ ਆਉਂਦਾ ਸੀ ਉਹ ਵੀ ਨਹੀਂ ਆਉਂਦਾ ਅਤੇ ਪਤਾ ਨਹੀਂ ਕੀ ਭਾਅ ਮਿਲਦਾ ਹੈ । 60 ਜਾਂ 70 ਰੁਪਏ ਕੁਅੰਟਲ ਖਰੀਦ ਕੇ ਲੋਕ ਰੋਟੀ ਨਹੀਂ ਪਕਾ ਸਕਦੇ । ਸਰਕਾਰ ਨੇ ਇੱਟਾਂ ਤੇ ਕੰਟਰੋਲ ਕੀਤਾ ਹੋਇਆ ਹੈ, ਭਠੇ ਵਾਲਿਆਂ ਨੂੰ ਸਪਾਂਸਰਡ ਕੋਲਾ ਦੇਣਾ ਹੈ ਨਾਲ ਹੀ ਮਹਿਕਮੇ ਨੇ ਇਹ ਵੀ ਹਦਾਇਤਾਂ ਕੀਤੀਆਂ ਹੋਈਆਂ ਹਨ ਕਿ ਤੁਸੀਂ ਕੰਟਰੋਲ ਰੇਟ ਤੋਂ ਉਪਰ ਨਹੀਂ ਖਰੀਦ ਸਕਦੇ । ਪਿਛੇ ਭੱਠੇ ਵਾਲੇ ਕੋਲਾ ਲਈ ਗਏ ਪਰ ਇੱਟਾਂ ਨਹੀਂ ਦਿਤੀਆਂ, ਕਈ ਥਾਵਾਂ ਤੋਂ ਇੱਟਾਂ ਲੈ ਲਈਆਂ ਹਨ ਅਤੇ ਉਨ੍ਹਾਂ ਨੂੰ ਕੋਲਾ ਨਹੀਂ ਦਿਤਾ ਕਿਤੇ 70/— ਰੁਪਏ ਤੇ ਕਿਤੇ 100/- ਰੁਪਏ, ਫਿਰ ਕਹਿੰਦੇ ਹਨ ਕਿ ਖਰਚ ਵਧ ਗਿਆ। ਇਹ ਹੋਰ ਵੀ ਵਧ ਜਾਣਾ ਹੈ । ਜਿਸ ਨੂੰ ਤੁਸੀਂ ਸਪਾਂਸਰਡ ਕੋਲਾ ਦੇਣਾ ਹੈ ਉਸ ਕੋਲੋਂ ਰਿਟਰਨ ਪੂਰੀ ਲਵੋ ਅੱਰ ਆਪ ਹੀ ਡਿਸਟਰੀਬਿਊਟ ਕਰੋ ਭੱਠੇ ਵਾਲਿਆਂ ਤੇ ਨਾ ਛੱਡ । ਇਸ ਤੋਂ ਇਲਾਵਾ ਕੋਟੇ ਪਰਮਿਟ ਕੋਈ ਲਈ ਬੈਠਾ ਹੈ ਕੰਮ ਕੋਈ ਕਰ ਰਿਹਾ ਹੈ। ਮੈਂ ਕਹਿੰਦਾ ਹਾਂ ਕਿ ਇਸ ਗਲ ਦੀ ਇਨਕੁਆਇਰੀ ਕਰਵਾਉ ਕਿ ਕਿੰਨੇ ਬੋਗਸ ਕੋਟਾ ਹੋਲਡਰਜ਼ ਪੰਜਾਬ ਵਿਚ ਅੱਰ ਕਿੰਨੇ ਕਿਸ ਕਿਸ ਨੇ ਦਿਤੇ । ਇਸੇ ਬਾਰੇ ਲੋਕਾਂ ਵਿਚ ਬੜੀ ਰਿਜ਼ੈਂਟਮੈਂਟ ਹੈ । ਕੋਈ ਮਿਹਨਤ ਕਰਨ ਦੇ ਬਾਵਜੂਦ ਰੋਟੀ ਨਹੀਂ ਖਾ ਸਕਦਾ ਕੋਈ ਬਿਨਾ ਮਿਹਨਤ ਕੀਤੇ ਲੱਖਾਂਪਤੀ ਬਣਿਆ ਬੈਠਾ ਹੈ । ਇਨ੍ਹਾਂ ਗੱਲਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਮਾਸਟਰ ਚੰਦ ਸਿੰਘ (ਸ਼ੇਰਪੁਰ ਐਸ. ਸੀ.): ਚੇਅਰਮੈਨ ਸਾਹਿਬ, ਸਭ ਤੋਂ ਪਹਿਲਾਂ ਮੈਂ ਪੁਲੀਸ ਦੀ ਡਿਮਾਂਡ ਬਾਰੇ ਬੋਲਣਾ ਚਾਹੁੰਦਾ ਹਾਂ । ਇਸ ਸਰਕਾਰ ਨੇ ਅਗੇ ਵੀ ਬਿਲ ਪੇਸ਼ ਕੀਤਾ ਸੀ ਪੁਲੀਸ ਦਾ ਅਤੇ ਉਸ ਨਾਲੋਂ ਜ਼ਿਆਦਾ ਖਰਚ ਕੀਤਾ ਹੈ ਅਤੇ ਹੁਣ ਹੋਰ ਵੀ ਕਰ ਰਹੀ ਹੈ । ਇਕ ਬਹਾਨਾ ਲਾਇਆ ਜਾ ਰਿਹਾ ਹੈ ਕਿ ਇਸ ਨੂੰ ਮੋਡਰਨਾਈਜ਼ ਕਰਨਾ ਹੈ ਅਤੇ ਮਸ਼ੀਨਰੀ ਲੈ ਕੇ ਦੇਣੀ ਹੈ । ਇਸ ਤਰ੍ਹਾਂ ਦੇ ਵਾਧੂ ਖਰਚ ਕੀਤੇ ਜਾ ਰਹੇ ਹਨ । ਇਥੇ ਹੀ ਨਹੀਂ ਹਿੰਦੁਸਤਾਨ ਦੀ ਸਰਕਾਰ ਨੇ ਬੜਾ ਭਾਰੀ ਖਰਚ ਵਿਚ ਵਾਧਾ ਕੀਤਾ ਹੈ । 1946 ਵਿਚ ਚੇਅਰਮੈਨ ਸਾਹਿਬ, 13 ਕਰੋੜ ਰੁਪਏ ਖਰਚ ਕੀਤੇ ਜਾਂਦੇ ਸੀ ਪੁਲੀਸ ਤੇ ਉਸ ਵੇਲੇ ਅੰਗਰੇਜ਼ਾਂ ਦੀ ਸਰਕਾਰ ਸੀ । ਅੰਗਰੇਜ਼ਾਂ ਨੂੰ ਡਰ ਸੀ ਜਨਤਾ ਤੋਂ ਫਿਰ ਵੀ 13 ਕਰੋੜ ਰੁਪਏ ਖਰਚ ਕੀਤੇ ਜਾਂਦੇ ਸਨ। ਅੱਜ ਹਿੰਦੁਸਤਾਨ ਵਿਚ 313 ਕਰੋੜ ਰੁਪਏ ਖਰਚ ਕੀਤੇ ਜਾਂਦੇ ਹਨ। ਹੁਣ ਫਰਕ ਵੇਖ ਲਵੋ 13 ਅੱਰ 313 ਦਾ, ਇਨ੍ਹਾਂ ਨੇ ਦਿਤਨਾ ਜ਼ਿਆਦਾ ਖਰਚ ਵੱਧਾ ਦਿਤਾ ਹੈ। ਪੰਜਾਬ ਵਿਚ ਤਾਂ ਇਹ ਪੁਲੀਸ ਰਾਜ ਕਾਇਮ ਕਰਨਾ ਚਾਹੁੰਦੇ ਹਨ । ਪੁਲੀਸ ਦੇ ਥਾਣੇ ਅਫ਼ੀਮ ਦੇ ਅੱਡੇ ਬਣੇ ਹੋਏ ਹਨ । ਉਥੇ ਇਮਾਨਦਾਰ ਆਦਮੀ ਦੀ ਕੋਈ ਇਜ਼ਤ ਨਹੀਂ। ਧੰਨੌਲਾ ਵਿਚ ਪਿੰਡ ਧੂਰ ਕੋਟ ਦਾ ਇਕ ਨੌਜਵਾਨ ਟੱਟੀ ਗਿਆ ਸੀ ਉਸ ਨੂੰ ਫੜ ਲਿਆ ਉਸ ਨੂੰ ਕੋਠੇ ਵਿਚ ਲਿਜਾ ਕੇ ਉਸ ਦੇ ਗੁਦੇ ਵਿਚ ਡੰਡਾ ਚੜ੍ਹਾਇਆ ਅਤੇ ਉਸ ਦੀਆਂ ਆਂਤੜਾਂ ਕੱਢ ਕੇ ਮਰਨ ਵਾਲਾ ਕਰ ਦਿਤਾ ਗਿਆ ਫਿਰ ਧੰਨੌਲੇ ਥਾਣੇ ਵਿਚ ਲਿਆਂਦਾ ਗਿਆ । ਉਸ ਨੇ ਮਰ ਜਾਣਾ ਸੀ ਪਰ ਉਥੇ ਦੇ ਐਸ. ਆਈ. ਜੰਗੀਰ ਸਿੰਘ ਨੇ ਕੱਚ ਦਾ ਗਿਲਾਸ ਮਾਰ ਕੇ ਕਹਿ ਦਿਤਾ ਕਿ ਖੁਦਕੁਸ਼ੀ ਕਰ ਲਈ। ਪਰ ਉਸ ਨੌਜਵਾਨ ਨੇ ਬਰਨਾਲਾ ਜਾ ਕੇ ਬਿਆਨ ਦਿਤਾ ਕਿ ਉਸ ਦੇ ਗੁਦੇ ਵਿਚ ਡੰਡਾ ਚੜਾਇਆ ਅਤੇ ਥਾਣੇ ਵਿਚ ਗਿਲਾਸ ਮਾਰਿਆ । ਇਹ ਬਿਆਨ ਕਲਮ ਬੰਦ ਹਨ । ਥਾਣੇਦਾਰ ਤੇ ਕੇਸ ਚਲਾਉਣ ਦੀ ਬਜਾਏ ਉਸ ਨੂੰ ਹਾਲੇ ਤਾਈਂ ਥਾਣੇ ਵਿਚ ਰਖਿਆ

Original with;
Punjab Vidhan Sabha
Digitized by;
Panjab Digital Library

ਹੋਇਆ ਹੈ। ਇਹ ਮਾਮਲਾ ਗਰੀਵੈਂਸਿਸ ਕਮੇਟੀ ਦੀ ਮੀਟਿੰਗ ਵਿਚ ਵੀ ਉਠਾਇਆ ਗਿਆ ਸ਼੍ਰੀ ਚੇਅਰਮੈਨ ਸਾਹਿਬ, ਉਥੇ ਕਿਹਾ ਗਿਆ ਕਿ 302 ਬਣਾ ਦਿਤੀ ਗਈ ਹੈ ਪਰ ਕੁਝ ਨਹੀਂ ਕੀਤਾ।

8 ਮਈ, 1974 ਨੂੰ ਡੀ. ਐਸ. ਪੀ. ਬਰਨਾਲਾ ਨੇ ਧਨੌਲਾ ਥਾਣੇ ਵਿਚ ਟੈਲੀਫੂਨ ਕੀਤਾ ਕਿ ਇਕ ਆਦਮੀ ਆ ਰਿਹਾ ਹੈ ਉਹ ਕਾਲੇ ਕੋਟ ਦਾ ਕਪੜਾ ਵੇਚਦਾ ਹੈ। ਕਾਲਾ ਕੋਟ ਕਹਿੰਦੇ ਹਨ ਅਫੀਮ ਨੂੰ। ਸੀਨੀਅਰ ਪੁਲੀਸ ਅਫਸਰ ਉਨ੍ਹਾਂ ਨੂੰ ਕੁਝ ਨਹੀਂ ਕਹਿੰਦੇ ਔਰ ਇਹ ਪੁਲੀਸ ਰਾਜ ਪੈਦਾ ਕਰ ਰਹੇ ਹਨ। ਇਥੇ ਹੀ ਬਸ ਨਹੀਂ 2 ਤਾਰੀਖ ਨੂੰ ਥਾਣਾ ਸ਼ੇਰ ਪੁਰ ਵਿਚ ਰਾਤ ਦੇ ਡੇਢ ਵਜੇ ਪੁਲੀਸ ਅਫਸਰ ਇਕ ਕੁਰੱਪਟ ਔਰਤ ਨਾਲ ਮੌਜ ਮਾਣਦਾ ਫੜਿਆ ਗਿਆ, ਉਸ ਦਾ ਕੁਝ ਨਹੀਂ ਕੀਤਾ। ਇਹ ਇਸ ਤਰ੍ਹਾਂ ਮੌਡਰਨਾਈਜ਼ ਕਰ ਰਹੇ ਹਨ ਪੁਲੀਸ ਨੂੰ। ਮੈਂ ਕਹਿੰਦਾ ਹਾਂ ਕਿ ਇਹ ਜਿਹੜਾ ਪੁਲੀਸ ਰਾਜ ਹੈ ਇਸ ਨੂ ਖਤਮ ਕਰੋ ਅਤੇ ਜਿਹੜਾ ਵਾਧੂ ਖਰਚ ਕਰ ਰਹੇ ਹੋ ਉਸ ਨੂੰ ਘਟ ਕਰੋ।

ਬਾਕੀ ਗਲ ਰਹੀ ਐਜੂਕੇਸ਼ਨ ਡਿਪਾਰਟਮੈਂਟ ਬਾਰੇ। ਇਨ੍ਹਾਂ ਨੇ ਕਿਹਾ ਕਿ ਅਸੀਂ ਐਜੂਕੇਸ਼ਨ ਬਾਰੇ ਬੜਾ ਕੁਝ ਕਰ ਰਹੇ ਹਾਂ। ਅਸੀਂ ਸਕੂਲ ਖੋਲ੍ਹ ਰਹੇ ਹਾਂ, ਪਰ ਆਪੋਜ਼ੀਸ਼ਨ ਮੈਂਬਰਾਂ ਦੇ ਹਲਕੇ ਵਿਚ ਇਕ ਵੀ ਸਕੂਲ ਨਹੀਂ ਖੋਲ੍ਹਿਆ ਜਾ ਰਿਹਾ। ਚਲੋ ਮੰਨ ਲੈਂਦੇ ਹਾਂ ਕਿ ਨਾ ਖੋਲ੍ਹੋ ਉਨ੍ਹਾਂ ਦੇ ਹਲਕਿਆਂ ਵਿਚ, ਚਲੋ ਜਿਹੜੇ ਤੁਹਾਡੇ ਆਪਣੇ ਕਾਂਗਰਸੀ ਹਨ ਉਨ੍ਹਾਂ ਦੇ ਹਲਕੇ ਵਿਚ ਹੀ ਖੋਲ੍ਹੋ ਪਰ ਫਰਾਡ ਨਾ ਕਰੋ। ਹਰ ਗਲ ਵਿਚ ਇਹ ਫਰਾਡ ਕਰਦੇ ਹਨ। ਇਨ੍ਹਾਂ ਨੇ ਟੀਚਰਜ਼ ਵਾਸਤੇ ਪਹਿਲਾਂ ਪੋਸਟਾਂ ਐਡਵਰਟਾਈਜ਼ ਕੀਤੀਆਂ। ਉਨ੍ਹਾਂ ਦੀ ਅਜੇ ਇੰਟਰਵਿਊ ਪੈਂਡਿੰਗ ਪਈ ਹੈ ਅਤੇ ਹੁਣ ਨਵੀਂ ਐਡਵਰਟਾਈਜ਼ਮੈਂਟ ਆ ਗਈ ਹੈ ਬੀ. ਟੀ. ਅਤੇ ਜੇ.ਬੀ. ਟੀ. ਅਤੇ ਸੋਸ਼ਲ ਸਟੱਡੀ ਟੀਚਰਾਂ ਵਾਸਤੇ ਕਿ ਅਸੀਂ ਇਤਨੇ ਰਖਣੇ ਹਨ। ਚੇਅਰਮੈਨ ਸਾਹਿਬ, ਇਹ ਬੜਾ ਵਡਾ ਫਰਾਡ ਹੈ। ਇਨ੍ਹਾਂ ਤੇ ਬੇਰੁਜ਼ਗਾਰੀ ਟੈਕਸ ਥੋਪਿਆ ਜਾ ਰਿਹਾ ਹੈ। ਚੇਅਰਮੈਨ ਸਾਹਿਬ, ਐਜੂਕੇਸ਼ਨ ਡਿਪਾਰਟਮੈਂਟ ਤੋਂ ਇਲਾਵਾ ਐਜੂਕੇਸ਼ਨ ਬੋਰਡ ਵਿਚ ਵੀ ਬੜੀ ਬੁਰੀ ਹਾਲਤ ਹੈ। ਉਥੇ ਰੀਜ਼ਲਟ ਪੈਂਡਿੰਗ ਪਏ ਹਨ। ਹਾਈ ਸਕੂਲ ਦੇ ਰਿਜ਼ਲਟ ਅਜੇ ਪੈਂਡਿੰਗ ਪਏ ਹਨ। ਕੋਈ ਕਿਸੇ ਨੂੰ ਪੁੱਛਦਾ ਨਹੀਂ ਹੈ। 10ਵੀਂ ਕਲਾਸ ਦੇ ਦਾਖਲੇ ਬੰਦ ਹੋ ਗਏ ਹਨ, ਕਾਲਜਾਂ ਦੇ ਦਾਖਲੇ ਬੰਦ ਹੋ ਰਹੇ ਹਨ ਅਤੇ ਹੋਰ ਕੋਰਸਾਂ ਦੇ ਦਾਖਲੇ ਵੀ ਬੰਦ ਹੋ ਰਹੇ ਹਨ ਪਰ ਇਹ ਰਿਜ਼ਲਟ ਨਹੀਂ ਕੱਢ ਰਹੇ। ਚੇਅਰਮੈਨ ਸਾਹਿਬ, ਮੈਂ ਸਹਿਕਾਰਤਾ ਬਾਰੇ ਵੀ ਕੁਝ ਕਹਿਣਾ ਚਾਹੁੰਦਾ ਹਾਂ।

ਸ਼੍ਰੀ ਸਭਾਪਤੀ: ਤੁਹਾਡੀ ਪਾਰਟੀ ਦੀ ਸਟਰੈਂਥ ਦੇ ਮੁਤਾਬਿਕ ਤੁਹਾਡਾ ਸਿਰਫ ਇਕ ਮਿੰਟ ਬਣਦਾ ਹੈ ਪਰ ਤੁਸੀਂ ਕਾਫੀ ਸਮਾਂ ਲੈ ਚੁਕੇ ਹੋ। (According to your party strength you are entitled to speak for one minute only, but you have taken much more time than that.)

ਮਾਸਟਰ ਚੰਦ ਸਿੰਘ : ਚੇਅਰਮੈਨ ਸਾਹਿਬ, ਮੈਂ ਥੋੜ੍ਹਾ ਜਿਹਾ ਸਹਿਕਾਰਤਾ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਇਹ ਬੜਾ ਅੱਛਾ ਸਿਸਟਮ ਸੀ ਪਰ ਇਹ ਹੁਣ ਇਕ ਕੁਰੱਪਟ ਮਹਿਕਮਾ ਬਣ ਚੁਕਿਆ ਹੈ। ਇਸ ਅਦਾਰੇ ਵਿਚ ਕਾਫੀ ਹੇਰਾ ਫੇਰੀ ਤੇ ਗਬਨ ਹੋ ਰਿਹਾ ਹੈ। ਕਿਸੇ ਵੀ ਹੋਰ ਮਹਿਕਮੇ ਵਿਚ ਇਤਨੀ ਕੁਰੱਪਸ਼ਨ ਨਹੀਂ ਹੈ। ਮੈਂ ਤੁਹਾਡੇ ਜ਼ਰੀਂ ਹੰਸ ਰਾਜ ਸ਼ਰਮਾ ਜੀ ਨੂੰ ਪੁੱਛਦਾ ਹਾਂ ਕਿ ਉਹ ਦਸਣ ਕਿ ਕੀ ਕੋਈ ਐਸੀ ਕੋਅਪਰੇਟਿਵ ਸੋਸਾਇਟੀ ਹੈ ਜਿਥੇ ਕਿ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਕੁਰੱਪਸ਼ਨ ਨਾ ਹੁੰਦੀ ਹੋਵੇ ? ਜਿਹੜੇ ਕੁਰੱਪਸ਼ਨ ਕਰਦੇ ਹਨ ਉਨ੍ਹਾਂ ਨੂੰ ਫੜਦੇ ਨਹੀਂ । ਫੜਦੇ ਉਸਨੂੰ ਹਨ ਜਿਸ ਨੇ 500/- ਰੁਪਏ ਦੇਣੇ ਹੁੰਦੇ ਹਨ ਜਾਂ 100/- ਰੁਪਿਆ ਦੇਣਾ ਹੁੰਦਾ ਹੈ । ਇਥੇ ਹੀ ਬੱਸ ਨਹੀਂ ਜਿਨ੍ਹਾਂ ਨੇ ਪੈਸੇ ਲਏ ਵੀ ਨਹੀਂ ਹੁੰਦੇ, ਉਨ੍ਹਾਂ ਦੇ ਜਾਲ੍ਹੀ ਅੰਗੂਠੇ ਲਗਵਾ ਕੇ ਉਨ੍ਹਾਂ ਦੇ ਨਾਂ ਅਗੇਂਸਟ ਲੋਨ ਦਿਖਾਇਆ ਜਾਂਦਾ ਹੈ । ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ । ਲੈਂਡ ਮਾਰਗੇਜ਼ ਬੈਂਕ ਦੀਆਂ ਚੋਣਾਂ ਵਿਚ ਗੋਲੀ ਚਲਾਈ ਗਈ। ਕਾਂਗਰਸੀ ਵਰਕਰ ਇਕ ਔਂਕਾਰ ਚੰਦ ਹੈ ਜਿਸ ਨੇ ਲਾਰਜ ਸਕੇਲ ਕੁਰੱਪਸ਼ਨ ਕੀਤੀ ਹੈ। ਉਹ ਹੁਣ ਵੀ ਕਰ ਰਿਹਾ ਹੈ । ਬਿਜਲੀ ਬੋਰਡ ਦੇ ਐਸ. ਡੀ. ਓਜ਼. ਦੀਆਂ ਪੋਸਟਾਂ ਲਈ ਹਜ਼ਾਰਾਂ ਰੁਪਏ ਬਟੋਰੇ ਹਨ । ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ । ਉਹ ਸ਼ਰੇਆਮ ਲੋਕਾਂ ਨੂੰ ਲੁਟ ਰਿਹਾ ਹੈ । ਉਹ ਹੋਰ ਵੀ ਹਰ ਰੋਜ਼ ਇਸ ਤਰ੍ਹਾਂ ਦੇ ਕੁਕਰਮ ਕਰ ਰਿਹਾ ਹੈ । ਉਸਨੇ ਜਾਲ੍ਹੀ ਵੋਟਾਂ ਪਵਾ ਕੇ ਹਾਰੇ ਹੋਇਆਂ ਨੂੰ ਜਿਤਾਇਆ । ਉਸ ਨੇ ਲੈਂਡ ਮਾਰਗੇਜ਼ ਬੈਂਕ ਦੀਆਂ ਚੋਣਾਂ ਵਿਚ ਗੋਲੀ ਚਲਵਾਈ ।

ਡਾਕਟਰ ਅਮੀਰ ਸਿੰਘ ਕਲਕਟ: ਚੇਅਰਮੈਨ ਸਾਹਿਬ, ਜਿਹੜਾ ਵਿਅਕਤੀ ਆਪਣੇ ਆਪ ਨੂੰ ਇਸ ਹਾਊਸ ਵਿਚ ਡਿਫੈਂਡ ਨਹੀਂ ਕਰ ਸਕਦਾ ਉਸ ਦਾ ਨਾਂ ਨਹੀਂ ਲੈਣਾ ਚਾਹੀਦਾ।

Mr. Chairman : The names of the persons who are in high authority can be mentioned.

ਮਾਸਟਰ ਚਦ ਸਿੰਘ :ਚੇਅਰਮੈਨ ਸਾਹਿਬ, ਇਹ ਵੀ ਕਰਦੇ ਰਹਿੰਦੇ ਹੋਣਗੇ । ਉਥੇ ਚੋਣਾ ਹੋਈਆਂ । ਲੜਾਈ ਹੋਈ ਅਤੇ ਕਈਆਂ ਨੂੰ ਕੁਟਿਆ ਗਿਆ। ਕੁਟਿਆ ਕਿਸੇ ਹੋਰ ਨੇ ਸੀ ਤੇ ਇਲਜ਼ਾਮ ਕਿਸੇ ਹੋਰ ਤੇ ਲਾ ਦਿਤਾ ਗਿਆ। ਇਸ ਤਰ੍ਹਾਂ ਦੇ ਕੰਮ ਚਲ ਰਹੇ ਹਨ। ਅੰਮ੍ਰਿਤਸਰ ਵਿਚ ਚੋਣਾਂ ਦੇ ਕਾਗਜ਼ ਰੱਦ ਕਰਾ ਦਿੱਤੇ।

ਸ਼੍ਰੀ ਸਭਾਪਤੀ:ਹੁਣ ਤੁਸੀਂ ਬੈਠ ਜਾਉ । (Please resume your seat now.)

ਮਾਸਟਰ ਚੰਦ ਸਿੰਘ : ਮੈਂ ਵਾਈਂਡ ਅੱਪ ਹੀ ਕਹਨ ਲੱਗਾ ਹਾਂ ।

ਸਰਦਾਰ ਜਸਦੇਵ ਸਿੰਘ ਸੰਧੂ: ਚੇਅਰਮੈਨ ਸਾਹਿਬ, ਇਥੇ ਹਾਊਸ ਨੂੰ ਲਾਬੀ ਬਣਾਇਆ ਜਾ ਰਿਹਾ ਹੈ । ਇਨ੍ਹਾਂ ਨੂੰ ਲਬੀ ਵਿਚ ਭੇਜ ਦਿਉ । ਗੁਰਦਰਸ਼ਨ ਸਿੰਘ ਜੀ ਬੇਗਮ ਸਾਹਿਬਾ ਨਾਲ ਬੈਠ ਕੇ ਸਭ ਕੁਝ ਭੁਲ ਜਾਂਦੇ ਹਨ ।

ਸ਼੍ਰੀ ਸਭਾਪਤੀ: ਸਰਦਾਰ ਗੁਰਦਰਸ਼ਨ ਸਿੰਘ ਜੀ ਗੱਲਾਂ ਨਾ ਕਰੋ । (*Addressing Sardar Gurdarshan Singh* : Please don't talk in the House.)

ਮਾਸਟਰ ਚੰਦ ਸਿੰਘ :ਚੇਅਰਮੈਨ ਸਾਹਿਬ, 1971 ਵਿਚ ਜੀਤ ਰਾਮ, ਕਰਨੈਲ ਸਿੰਘ ਨੂੰ ਡਿਸਮਿਸ ਕੀਤਾ ਗਿਆ ਸੀ ਉਨ੍ਹਾਂ ਦੇ ਕੇਸ ਲੇਬਰ ਕੋਰਟ ਨੂੰ ਨਹੀਂ ਭੇਜੇ ਗਏ । 1972-73 ਵਿਚ ਬੰਤ ਰਾਮ ਜਿਹੜਾ ਕਿ ਐਸਕੋਰਟ ਫੈਕਟਰੀ ਵਿਚ ਕੰਮ ਕਰਦਾ ਸੀ ਉਸ ਨੂੰ ਡਿਸਮਿਸ ਕੀਤਾ ਗਿਆ। ਇਸ ਤਰ੍ਹਾਂ ਨਾਜਾਇਜ਼ ਕੇਸ ਬਣਾਏ ਜਾਂਦੇ ਹਨ । ਪੁਲਿਸ ਦੀ ਮਦੱਦ ਨਾਲ

Original with;
Punjab Vidhan Sabha
Digitized by;
Panjab Digital Library

307 ਦੇ ਕੇਸ ਬਣਾਏ ਜਾਂਦੇ ਹਨ । ਇਹ ਚੀਜ਼ ਬੰਦ ਹੋਣੀ ਚਾਹੀਦੀ ਹੈ। ਅੱਜ ਪੰਜਾਬ ਵਿਚ ਕੋਇਲਾ ਨਹੀਂ ਮਿਲਦਾ, ਸੀਮੈਂਟ ਨਹੀਂ ਮਿਲਦਾ, ਇੱਟਾਂ ਨਹੀਂ ਮਿਲਦੀਆਂ । ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਇਸ ਦਾ ਕੋਈ ਇੰਤਜ਼ਾਮ ਕਰਨ ਤਾਕਿ ਪੰਜਾਬ ਦੀ ਜਨਤਾ ਸੁਖ ਦਾ ਸਾਹ ਲੈ ਸਕੇ । ਚੇਅਰਮੈਨ ਸਾਹਿਬ, ਮੈਂ ਇਕ ਮਿੰਟ ਵਿਚ ਹੀ ਖਤਮ ਕਰ ਦੇਵਾਂਗਾ ।

ਸ਼੍ਰੀ ਸਭਾਪਤੀ :ਵਾਈਂਡ ਅੱਪ ਕਰੋ ਜੀ (Please wind up now.)

ਕਾਮਰੇਡ ਸੱਤ ਪਾਲ ਡਾਂਗ :ਚੇਅਰਮੈਨ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿਹੜੇ ਰੂਲ ਦੇ ਮੁਤਾਬਿਕ ਤੁਸੀਂ ਕਾਮਰੇਡ ਜੋਸ਼ ਨੂੰ ਟਾਈਮ ਨਹੀਂ ਦੇ ਰਹੇ ? ਉਹ 10 ਮੈਂਬਰਾਂ ਦੇ ਇਕ ਗਰੁਪ ਨੂੰ ਇਸ ਅਸੈਂਬਲੀ ਵਿਚ ਰਿਪਰੈਜ਼ੈਂਟ ਕਰਦੇ ਹਨ ?

ਸ਼੍ਰੀ ਸਭਾਪਤੀ: ਮੈਂ ਜੋਸ਼ ਜੀ ਨੂੰ ਟਾਈਮ ਦੇਣਾ ਹੈ । ਪਹਿਲਾਂ ਆਪੋਜ਼ੀਸ਼ਨ ਵਾਲਿਆਂ ਨੂੰ ਟਾਈਮ ਦਿੱਤਾ ਹੈ । ਫਿਰ ਟਰੈਜ਼ਰੀ ਬੈਂਚਿਜ਼ ਵਾਲਿਆਂ ਨੂੰ ਟਾਈਮ ਦੇਣਾ ਹੈ । ਇਸ ਤੋਂ ਬਾਅਦ ਤੁਹਾਡੀ ਵਾਰੀ ਆਉਂਦੀ ਹੈ । (I will give time to Mr. Josh. First of all the Opposition was given time. The next turn is that of Ruling Party and then comes your turn.)

ਕਾਮਰੇਡ ਸੱਤ ਪਾਲ ਡਾਂਗ :ਪੁਆਇੰਟ ਅਫ ਆਰਡਰ, ਸਰ । ਵਾਰੀ ਦੇਣ ਦਾ ਵੀ ਕੋਈ ਰੂਲ ਹੁੰਦਾ ਹੈ, ਤਰੀਕਾ ਹੁੰਦਾ ਹੈ, ਕੋਈ ਪ੍ਰੈਸੀਡੈਂਟ ਜਾਂ ਸੈਥਡ ਹੁੰਦਾ ਹੈ। ਇਹ ਨਹੀਂ ਕਿ ਜਿਸ ਤਰ੍ਹਾਂ ਮਰਜ਼ੀ ਕਰੀ ਜਾਓ । ਤੁਸੀਂ ਜੇ ਕਾਂਗਰਸ ਪਾਰਟੀ ਨੂੰ ਫੇਵਰ ਕਰਨਾ ਹੈ ਤਾਂ ਉਥੇ ਬਹਿ ਕੇ ਕਰ ਲੈਣਾ । ਉਥੇ ਬਹਿ ਕੇ ਤਾਂ ਤੁਸੀਂ ਬੜੀਆਂ ਤਾਰੀਫਾਂ ਕਰਦੇ ਹੋ। ਇਥੇ ਬਹਿ ਕੇ ਤਾਂ ਇਮਪਾਰਸ਼ਲ ਰਹੋ ।

ਸ਼੍ਰੀ ਸਭਾਪਤੀ: ਤੁਹਾਨੂੰ ਇਹ ਲਫਜ਼ ਵਿਦਡਰਾ ਕਰਨੇ ਚਾਹੀਦੇ ਹਨ । ਮੈਂ ਕੋਈ ਫੇਵਰ ਨਹੀਂ ਕਰ ਰਿਹਾ । ਕਾਂਗਰਸ ਪਾਰਟੀ ਨੂੰ ਤਾਂ ਜਨਤਾ ਨੇ ਫੇਵਰ ਕੀਤਾ ਹੈ । ਉਨ੍ਹਾਂ ਨੂੰ ਉਨ੍ਹਾਂ ਦੇ ਨੰਬਰ ਮੁਤਾਬਿਕ ਹੀ ਟਾਈਮ ਦਿਤਾ ਜਾਵੇਗਾ। (You should withdraw these words. I am not favouring any body here. The public has favoured the Congress Party. They will get time according to their party strength.)

Comrade Satya Pal Dang: I withdraw my words. I know how the proceedings of the House are being conducted and how these should be conducted.

Mr. Chairman: I also know these things. Please don't obstruct the proceedings of the House. The Congress Party have taken only twenty minutes.

Comrade Satya Pal Dang: It is not a question of twenty minutes. It is a question of method of giving time.

Original with;
Punjab Vidhan Sabha
Digitized by;
Panjab Digital Library

Mr. Chairman: Mr. Dang, you know parliamentary practice. You cannot challenge the orders of the Chair and the Chair (Captain Rattan Singh) fortunately has more experience in parliamentary affairs than you.

ਕਾਮਰੇਡ ਸੱਤਪਾਲ ਡਾਂਗ : ਜਿਸ ਤਰ੍ਹਾਂ ਦੀ ਕਾਰਵਾਈ ਹੋਵੇਗੀ ਉਸੇ ਤਰ੍ਹਾਂ ਦੀ ਕੋਆਪਰੇਸ਼ਨ ਮਿਲੇਗੀ । ਇਸ ਦੀ ਗਰੰਟੀ ਲੈ ਲਉ।

ਸਰਦਾਰ ਬੇਅੰਤ ਸਿੰਘ (ਪਾਇਲ): ਚੇਅਰਮੈਨ ਸਾਹਿਬ, ਇਹ ਜਿਹੜਾ ਰੁਪਿਆ ਇਸ ਬਿਲ ਰਾਹੀਂ ਮੰਗਿਆ ਗਿਆ ਹੈ, ਇਸ ਦੀ ਬੜੀ ਭਾਰੀ ਜ਼ਰੂਰਤ ਸੀ ਕਿਉਂਕਿ ਬਜਟ ਜਦੋਂ ਪਾਸ ਹੋ ਗਿਆ ਸੀ ਤਾਂ ਕਈ ਚੀਜ਼ਾਂ ਉਸ ਦੇ ਬਾਅਦ ਯਾਦ ਆਈਆਂ ਅਤੇ ਉਨ੍ਹਾਂ ਲਈ ਖਰਚ ਕਰਨਾ ਪੈਂਦਾ ਹੈ । ਮੈਂ ਇਸ ਕਰਕੇ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ । ਚੇਅਰਮੈਨ ਸਾਹਿਬ, ਇਸ ਦੇਸ਼ ਦੀ ਅਤੇ ਖਾਸ ਕਰਕੇ ਇਸ ਸੂਬੇ ਦੀ ਜਿਹੜੀ ਇਕਾਨਮੀ ਹੈ ਇਹ ਐਗਰੀਕਲਚਰ ਤੇ ਜ਼ਿਆਦਾ ਤਰ ਨਿਰਭਰ ਹੈ। ਐਗਰੀਕਲਚਰ ਵਾਸਤੇ ਇਥੇ ਇਕ ਮੱਦ ਆਈ ਹੈ । ਮਾਰਟਗੇਜ ਬੈਂਕ ਨੇ 40 ਲਖ ਰੁਪਏ ਦੇ ਡਿਬੈਂਚਰ ਫਲੋਟ ਕੀਤੇ ਹਨ । 10 ਲੱਖ ਰੁਪਿਆ ਸਾਡੀ ਸਰਕਾਰ ਨੇ ਉਸ ਦੇ ਵਿਚ ਦੇਣਾ ਹੈ । ਐਗਰੀਕਲਚਰ ਰਿਫਾਈਨਾਂਸ ਕਾਰਪੋਰੇਸ਼ਨ ਨੇ ਸਾਢੇ 27 ਕਰੋੜ ਰੁਪਏ ਦਾ ਇਕ ਪ੍ਰਾਜੈਕਟ ਬਣਾਇਆ ਹੈ ਇਸ ਦੇ ਤਹਿਤ ਇਹ 8,000 ਟਰੈਕਟਰ ਬਾਹਰੋਂ ਮੰਗਵਾ ਰਹੀ ਹੈ 20 ਕੰਬਾਈਨਾਂ ਅਤੇ 200 ਹਾਰਵੈਸਟਰਜ਼ ਮੰਗਵਾ ਰਹੀ ਹੈ। ਮੈਂ ਸਮਝਦਾ ਹਾਂ ਕਿ ਇਹ ਬੜੀ ਚੰਗੀ ਗਲ ਹੈ । ਇਸ ਦੇ ਨਾਲ ਹੀ ਮੈਂ ਇਕ ਗਲ ਇਹ ਕਹਿਣੀ ਚਾਹੁੰਦਾ ਹਾਂ ਕਿ ਅਸੀਂ ਐਗਰੀਕਲਚਰ ਨੂੰ ਉਚਾ ਲੈ ਜਾਣਾ ਚਾਹੁੰਦੇ ਹਾਂ ਪਰ ਨਹੀਂ ਲਿਜਾ ਸਕੇ । ਜਿਸ ਤਰ੍ਹਾਂ ਸਾਡੀ ਸਰਕਾਰ ਟਰੈਕਟਰ ਬਣਾਉਣ ਦੀ ਫੈਕਟਰੀ ਖੋਲ੍ਹਣ ਦੀ ਕੋਸ਼ਿਸ਼ ਕਰ ਰਹੀ ਹੈ ਜੇਕਰ ਬਾਹਰੋਂ ਮੰਗਵਾਉਣ ਦੀ ਥਾਂ ਜੇ ਅਸੀਂ ਟਰੈਕਟਰ ਇਥੇ ਪੈਦਾ ਕਰ ਸਕੀਏ, ਇੰਜਣ ਬਣਾ ਸਕੀਏ ਅਤੇ ਕਿਸਾਨ ਨੂੰ ਉਸਦੀ ਲੋੜ ਅਨੁਸਾਰ ਬਿਜਲੀ ਦੇ ਸਕੀਏ ਅਤੇ ਹੋਰ ਸਾਧਨ ਮੁਹੱਈਆਂ ਕਰ ਸਕੀਏ ਤਾਂ ਮੈਂ ਸਮਝਦਾ ਹਾਂ ਕਿ ਸਾਨੂੰ ਬਾਹਰਲੇ ਦੇਸ਼ਾਂ ਤੋਂ ਕਣਕ ਮੰਗਵਾਉਣ ਦੀ ਜ਼ਰੂਰਤ ਨਹੀਂ । ਪੰਜਾਬ ਅਨਾਜ ਦੀ ਸਾਰੀ ਕਮੀ ਪੂਰੀ ਕਰ ਦੇਵੇਗਾ । ਚੇਅਰਮੈਨ ਸਾਹਿਬ, ਮੈਂ ਬਿਜਲੀ ਦੇ ਮੁਤਲਿਕ ਇਕ ਦੋ ਗੱਲਾਂ ਕਰਨਾ ਚਾਹੁੰਦਾ ਹਾਂ । ਇਸ ਦੀ ਪੈਦਾਵਾਰ ਲਈ ਅਸੀਂ ਕੋਸ਼ਿਸ਼ ਕਰਦੇ ਰਹੇ ਹਾਂ । ਥੀਨ ਡੈਮ ਤਿਆਰ ਹੈ। ਹੋਰ ਪ੍ਰਾਜੈਕਟ ਸਾਡੇ ਹੱਥ ਵਿਚ ਹਨ ਇਹ ਠੀਕ ਹੈ ਕਿ ਬਿਜਲੀ ਦੀ ਕਮੀ ਹੈ, ਅੱਜ ਲੋਕ ਵੇਖਦੇ ਰਹਿੰਦੇ ਹਨ ਕਿ ਸਾਨੂੰ ਕਿਤਨੇ ਵਜੇ ਬਿਜਲੀ ਮਿਲਦੀ ਹੈ, ਕਿਤਨੇ ਵਜੇ ਨਹੀਂ ਮਿਲਦੀ। ਇਸ ਬਾਰੇ ਮੈਂ ਅਰਜ਼ ਕਰਾਂਗਾ ਕਿ ਬਿਜਲੀ ਦਾ ਟਾਈਮ ਬੰਨ ਦੇਣਾ ਚਾਹੀਦਾ ਹੈ ਕਿ ਕਿਤਨੇ ਵਜੇ ਆਉਣੀ ਹੈ ਤੇ ਕਿਤਨੇ ਵਜੇ ਤੋਂ ਕਿਤਨੇ ਵਜੇ ਤਕ ਫਲਾਣੇ ਏਰੀਏ ਵਿਚ ਮਿਲਣੀ ਹੈ। ਇਸ ਤਰ੍ਹਾਂ ਝੋਨੇ ਦੀ ਗਲ ਸੀ । ਉਪਰੋਂ ਰੱਬ ਦੀ ਕਰੋਪੀ ਸੀ, ਬਾਰਸ਼ ਲੇਟ ਹੋਈ । ਇਹ ਠੀਕ ਹੈ ਕਿ ਅਸੀਂ ਫਲੈਟ ਰੇਟ ਰਖਿਆ ਹੋਇਆ ਹੈ ਅੱਰ ਫਲੈਟ ਰੇਟ ਦੋ ਗੁਣਾ ਕਰ ਦਿਤਾ ਹੈ । ਇਹ ਚੰਗੀ ਗੱਲ ਹੈ ਕਿਉਂਕਿ ਜੇਕਰ ਟੈਕਸ ਨਾ ਲਗਾਏ ਜਾਣ ਤਾਂ ਡੀਵੈਲਪਮੈਂਟ ਨਹੀਂ ਹੋ ਸਕਦੀ ਲੇਕਿਨ ਇਕ ਗੱਲ ਜ਼ਰੂਰ ਕਰਨੀ ਚਾਹੁੰਦ ਹਾਂ ਕਿ ਜਿਤਨੀ ਚੀਜ਼ ਵਰਤੀਏ, ਉਤਨੀ ਹੀ ਰਕਮ ਲੈਣੀ ਚਾਹੀਦੀ ਹੈ ।

(ਇਸ ਵਕਤ ਸ਼੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਸ਼ਪੀਕਰ ਸਾਹਿਬ, ਫਲੈਟ ਰੇਟ ਹਟਾ ਦਿਤਾ ਜਾਵੇ, ਫਲੈਟ ਰੇਟਸ ਦੀ ਬਜਾਏ ਇਹ ਕਰ ਦਿਤਾ ਜਾਵੇ ਕਿ ਸਾਡੇ ਪਾਸੋਂ ਯੂਨਿਟਸ ਦੇ ਹਿਸਾਬ ਨਾਲ ਪੈਸੇ ਲਏ ਜਾਣ । ਯੂਨਿਟ ਦਾ ਰੇਟ ਜਿਤਨਾਂ ਵੀ ਮਰਜ਼ੀ ਹੈ ਕਰ ਲਉ ਲੇਕਿਨ ਮੈਂ ਸਮਝਦਾ ਹਾਂ ਕਿ ਯੂਨਿਟ ਦੇ ਹਿਸਾਬ ਨਾਲ ਪੈਸੇ ਲੈਣੇ ਚਾਹੀਦੇ ਹਨ । ਦੂਸਰੀ ਅਰਜ਼ ਇਹ ਹੈ ਕਿ ਐਤਕੀ ਕਣਕ ਪਿਛਲੇ ਸਾਲ ਨਾਲੋਂ ਜ਼ਿਆਦਾ

Original with;
Punjab Vidhan Sabha
Digitized by;
Panjab Digital Library

ਹੋਈ ਹੈ । ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਸਾਡੇ ਚੀਫ ਮਨਿਸਟਰ ਸਾਹਿਬ ਨੇ ਬਿਆਨ ਦਿਤਾ ਹੈ । ਅਖਬਾਰਾਂ ਇਸ ਗੱਲ ਦੀਆਂ ਗਵਾਹ ਹਨ। ਉਨ੍ਹਾਂ ਨੇ ਕਿਹਾ ਹੈ ਕਿ ਫਰਟੀਲਾਈਜ਼ਰ ਦੀ ਜਿਹੜੀ ਕੀਮਤ ਵਧੀ ਹੈ ਉਸ ਨੂੰ ਕਿਸੇ ਨਾ ਕਿਸੇ ਸ਼ਕਲ ਵਿਚ ਕਿਸਾਨਾਂ ਨੂੰ ਵਾਪਸ ਕੀਤਾ ਜਾਵੇਗਾ।

(ਇਸ ਸਮੇਂ ਕਮਿਊਨਿਸਟ ਪਾਰਟੀ ਦੇ ਮੈਂਬਰ ਸਾਹਿਬਾਨ ਵਲੋਂ ਆਪਸ ਵਿਚ ਗੱਲਾਂ ਕਰਨ ਦੀਆਂ ਆਵਾਜ਼ਾਂ ਆ ਰਹੀਆਂ ਸਨ ।)

ਸਰਦਾਰ ਹਰਚੰਦ ਸਿੰਘ: ਸਪੀਕਰ ਸਾਹਿਬ, ਉਨ੍ਹਾਂ ਨੂੰ ਬੰਦ ਕਰਵਾ ਦਿਉ ਨਹੀਂ ਤਾਂ ਲੜ ਪੈਣਗੇ ।

ਕਾਮਰੇਡ ਦਾਨਾ ਰਾਮ: ਲੜਾਈ ਉਦੋਂ ਹੋਵੇਗੀ ਜਦੋਂ ਫਾਰਮ ਤੇ ਕਬਜ਼ਾ ਕੀਤਾ ।

Mr. Speaker: Order, please.

ਸਰਦਾਰ ਬੇਅੰਤ ਸਿੰਘ: ਸਪੀਕਰ ਸਾਹਿਬ, ਇਹ ਮੇਰੇ ਨਾਲਿਜ ਵਿਚ ਗਲ ਹੈ ਕਿ ਕਈ ਮੰਡੀਆਂ ਵਿਚ ਕਣਕ ਦਾ ਕੀ ਭਾਅ ਹੈ ? ਉਥੇ 108 ਰੁਪਏ ਕੁਇੰਟਲ ਕਿਤੇ 115 ਰੁਪਏ ਤੇ ਫਿਰ 122-123 ਰੁਪਏ ਨੂੰ ਵਿਕੀ ਹੈ । ਲੇਕਿਨ ਮੁਨਾਫਾ ਜਿਹੜਾ ਹੈ ਉਹ ਵਪਾਰੀ ਲੈ ਗਿਆ ਹੈ । ਅਗਰ ਪੰਜਾਬ ਸਰਕਾਰ ਦੀ ਗੱਲ ਕੇਂਦਰ ਸਰਕਾਰ ਮੰਨ ਜਾਂਦੀ ਤਾਂ ਮੈਂ ਸਮਝਦਾ ਹਾਂ ਕਿ ਉਹ ਰੁਪਿਆ ਸਾਡੇ ਸੂਬੇ ਵਿਚ ਰਹਿਣਾ ਸੀ । ਉਸ ਨੇ ਬਾਹਰ ਨਹੀਂ ਸੀ ਜਾਣਾ । ਸੋ ਮੈਂ ਅਰਜ਼ ਕਰਾਂਗਾ ਕਿ ਐਗਰੀਕਲਚਰ ਬਾਰੇ ਸਾਡੀ ਸਰਕਾਰ ਨੂੰ ਵੱਧ ਧਿਆਨ ਦੇਣਾ ਚਾਹੀਦਾ ਹੈ।

ਫਿਰ ਬੀਜਾਂ ਦੀ ਗੱਲ ਹੈ । ਸਾਡੀ ਮੌਣੀ ਤਾਂ ਬੀਜੀ ਗਈ ਹੈ ਲੇਕਿਨ ਹਾੜੀ ਦਾ ਸਮਾਂ ਨੇੜੇ ਆ ਰਿਹਾ ਹੈ । ਅਕਤੂਬਰ/ਨਵੰਬਰ ਨੂੰ ਹਾੜੀ ਬੀਜਣ ਲਗ ਜਾਂਦੇ ਹਾਂ । ਮੈਂ ਅਰਜ਼ ਕਰਦਾ ਹਾਂ ਕਿ ਜਿਤਨਾ ਚਿਰ ਬੀਜ ਚੰਗੇ ਨਹੀਂ ਮਿਲਦੇ ਪੈਦਾਵਾਰ ਨਹੀਂ ਵਧਦੀ । ਜਿਹੜੇ ਬੀਜ ਅਸੀਂ ਮੈਕਸੀਕੋ ਤੋਂ ਲਿਆਂਦੇ ਸਨ ਉਨ੍ਹਾਂ ਨਾਲੋਂ ਪੀ. ਬੀ. 377 ਜਾਂ 351 ਦਾ ਘੱਟ ਝਾੜ ਹੁੰਦਾ ਹੈ । ਸਾਡੇ ਬੀਜ ਉਤਨਾ ਝਾੜ ਨਹੀਂ ਦਿੰਦੇ । ਐਗਰੀਕਲਚਰ ਮਨਿਸਟਰ ਸਾਹਿਬ ਇਥੇ ਬੈਠੇ ਨਹੀਂ ਹਨ ਮੈਂ ਉਨ੍ਹਾਂ ਨੂੰ ਅਰਜ਼ ਕਰਾਂਗਾ ਕਿ ਇਸ ਗੱਲ ਦਾ ਪ੍ਰਬੰਧ ਕਰਨਾ ਚਾਹੀਦਾ ਹੈ । ਜਿਤਨਾ ਚਿਰ ਤਕ ਬੀਜ ਚੰਗੇ ਨਹੀਂ ਮਿਲਦੇ ਪੈਦਾਵਾਰ ਵੀ ਚੰਗੀ ਨਹੀਂ ਹੋ ਸਕਦੀ ।

ਸਪੀਕਰ ਸਾਹਿਬ, ਫਰਟੇਲਾਈਜ਼ਰ ਦੇ ਭਾਅ ਵੱਧ ਗਏ ਹਨ ਪਰ ਸਾਡੇ ਚੀਫ ਮਨਿਸਟਰ ਸਾਹਿਬ ਨੇ ਇਹ ਗੱਲ ਕਹੀ ਹੈ ਕਿ ਕਿਸੇ ਨਾ ਕਿਸੇ ਸ਼ਕਲ ਵਿਚ ਉਨ੍ਹਾਂ ਨੂੰ ਕੰਪੈਨਸੇਟ ਕੀਤਾ ਜਾਵੇਗਾ। ਇਸ ਗੱਲ ਤੇ ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ । ਹੋ ਸਕਦਾ ਹੈ ਕਿ ਉਹ ਇਸ ਨੂੰ ਸਬਸਿੱਡੀ ਦੀ ਸ਼ਕਲ ਵਿਚ ਦੇ ਦੇਣ। ਔਰ ਮੈਂ ਸਮਝਦਾ ਹਾਂ ਕਿ ਜਿਤਨਾ ਚਿਰ ਤਕ ਕਿਸਾਨਾਂ ਨੂੰ ਇਨਸੈਨਟਿਵ ਨਹੀਂ ਦਿੰਦੇ ਪੈਦਾਵਾਰ ਨਹੀਂ ਵੱਧ ਸਕਦੀ । ਹੁਣ ਇਨਸੈਨਟਿਵ ਮਿਲਣ ਲਗੇ ਹਨ ਪਰ ਮੈਂ ਅਰਜ਼ ਕਰਾਂਗਾ ਕਿ ਇਹ ਜ਼ਿਆਦਾ ਤੋਂ ਜ਼ਿਆਦਾ ਹੋਣੇ ਚਾਹੀਦੇ ਹਨ ।

ਪੁਲੀਸ ਨੂੰ ਮੌਡਰੈਨਾਈਜ਼ ਕਰਨ ਵਾਸਤੇ ਰੁਪਿਆ ਰਖਿਆ ਗਿਆ ਹੈ । ਮੈਂ ਸਮਝਦਾ ਹਾਂ ਕਿ ਇਹ ਅੱਛੀ ਗੱਲ ਹੈ ਕਿਉਂਕਿ ਕਰਾਈਮਜ਼ ਵੱਧਦੇ ਜਾ ਰਹੇ ਹਨ । ਅਪ੍ਰੈਚ ਰੋਡਾਂ ਇਤਨੀਆਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੇਅੰਤ ਸਿਘ]

ਹਨ ਕਿ ਕੋਈ ਨਾ ਕੋਈ ਸਮੱਗਲਰ ਕੋਈ ਕਰਾਈਮ ਕਰਕੇ ਕਿਸੇ ਪਾਸੇ ਚਲਾ ਜਾਂਦਾ ਹੈ ਤੇ ਕੋਈ ਕਿਸੇ ਪਾਸੇ ਚਲਾ ਜਾਂਦਾ ਹੈ । ਇਹ ਪੁਲੀਸ ਜਿਹੜੀ ਕਿ ਚੰਗੇ ਕੰਮ ਲਈ ਲਗਾਈ ਗਈ ਹੈ, ਇਸ ਦੇ ਛੋਟੇ ਕਰਮਚਾਰੀ ਤਦ ਤਕ ਠੀਕ ਨਹੀਂ ਹੋ ਸਕਦੇ ਜਿਤਨੇ ਚਿਰ ਤਕ ਵੱਡੇ ਕਰਮਚਾਰੀ ਉਨ੍ਹਾਂ ਸਾਹਮਣੇ ਚਾਨਣ ਮੁਨਾਰਾ ਬਣ ਕੇ ਨਹੀਂ ਖੜੇ ਹੁੰਦੇ । ਅਗੇ ਥਾਣਿਆਂ ਵਿਚ ਜੀਪਾਂ ਵੀ ਸਨ, ਉਨ੍ਹਾਂ ਬਾਰੇ ਮੈਨੂੰ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਉਹ ਪੈਟਰੋਲ ਦੀ ਕਮੀ ਕਰਕੇ ਰਾਤ ਦਿਨ ਸੜਕਾਂ ਤੇ ਘੁੰਮਣੋ ਬੰਦ ਹੋ ਗਈਆਂ ਹਨ । ਪਹਿਲਾਂ ਉਹ ਰਾਤ ਦਿਨ ਘੁੰਮਦੀਆਂ ਰਹਿੰਦੀਆਂ ਸਨ । ਬਾਹਰਲਿਆਂ ਮੁਲਕਾਂ ਵਿਚ ਜੇਕਰ ਕੋਈ ਐਕਸੀਡੈਂਟ ਹੋ ਜਾਂਦਾ ਹੈ ਤਾਂ ਚਾਰ ਮਿੰਟਾਂ ਦੇ ਅੰਦਰ ਅੰਦਰ ਉਥੇ ਪੁਲੀਸ ਪੁੱਜ ਜਾਂਦੀ ਹੈ ਅੌਰ ਆਦਮੀਆਂ ਨੂੰ ਹਸਪਤਾਲ ਪਹੁੰਚਾ ਦਿਤਾ ਜਾਂਦਾ ਹੈ ਪਰ ਇਥੇ ਸਾਡੀ ਪੁਲੀਸ ਦਾ ਇਹ ਕੰਮ ਹੈ ਕਿ ਜੇਕਰ ਕਿਸੇ ਥਾਂ ਕੋਈ ਐਸਾ ਵਾਕਿਆ ਹੋ ਜਾਵੇ ਤਾਂ ਦਿਹਾੜੀ ਦਿਹਾੜੀ ਆਦਮੀ ਮਰਿਆ ਪਿਆ ਰਹਿੰਦਾ ਹੈ ਅੌਰ ਪੁਲੀਸ ਨਹੀਂ ਪਹੁੰਚਦੀ । ਇਸ ਲਈ ਮੇਰੀ ਇਹ ਬੇਨਤੀ ਹੈ ਕਿ ਪਹਿਲੇ ਵਾਲੀ ਸਕੀਮ ਫਿਰ ਤਜਰਬੇ ਦੇ ਤੌਰ ਤੇ ਸ਼ੁਰੂ ਹੋਣੀ ਚਾਹੀਦੀ ਹੈ । ਮੈਂ ਸਮਝਦਾ ਹਾਂ ਕਿ ਇਤਨੇ ਨਾਲ ਹੀ ਗੁਜ਼ਾਰਾ ਨਹੀਂ ਹੁੰਦਾ ਉਥੇ ਥਾਣਿਆਂ ਵਿਚ ਦੋ-ਤਿੰਨ ਵਹੀਕਲਜ਼ ਵੀ ਹੋਣੇ ਚਾਹੀਦੇ ਹਨ ।

ਫਿਰ ਸਪੀਕਰ ਸਾਹਿਬ, ਇਕ ਸੀ. ਆਈ. ਏ. ਸਟਾਫ ਸਰਕਾਰ ਨੇ ਰਖਿਆ ਹੋਇਆ ਹੈ। ਮੈਂ ਸਮਝਦਾ ਹਾਂ ਕਿ ਉਸ ਦੀ ਕੋਈ ਲੋੜ ਨਹੀਂ ਹੈ । ਉਹ ਸਟਾਫ ਵਾਲੇ ਕਿਸੇ ਨਾ ਕਿਸੇ ਨੂੰ ਫੜ ਕੇ ਲੈ ਜਾਂਦੇ ਹਨ ਅੌਰ ਉਸ ਤੇ ਅਫੀਮ ਜਾਂ ਹੋਰ ਕੋਈ ਕਰਾਈਮ ਦਾ ਦੋਸ਼ ਮੜ੍ਹ ਦਿੰਦੇ ਹਨ । ਇਸ ਲਈ ਮੇਰੀ ਅਰਜ਼ ਹੈ ਕਿ ਉਹ ਸਟਾਫ ਹਟਾ ਦੇਣਾ ਚਾਹੀਦਾ ਹੈ । ਉਸ ਦੀ ਥਾਂ ਥਾਣਿਆਂ ਵਿਚ ਬੇਸ਼ਕ ਸਟਾਫ ਵਧਾ ਦਿਉ । ਪਰ ਸੀ. ਆਈ. ਏ. ਸਟਾਫ ਵਾਲੀ ਗਲਤ ਗੱਲ ਹੈ । ਉਸ ਦੀ ਲੋੜ ਨਹੀਂ ਹੈ । ਉਸ ਤੋਂ ਤਾਂ ਅਸੀਂ ਉਂਜ ਹੀ ਚੰਗੇ ਹਾਂ ।

ਇਕ ਹੋਰ ਅਰਜ਼ ਕਰਦਾ ਹਾਂ ਕਿ ਥਾਣਿਆਂ ਵਿਚ ਗੇਜ਼ਟਿਡ ਅਫਸਰ ਨਿਯੁਕਤ ਕੀਤੇ ਜਾਣੇ ਚਾਹੀਦੇ ਹਨ । ਸਰਦਾਰ ਗੁਰਨਾਮ ਸਿੰਘ ਦੇ ਵੇਲੇ ਇਕ ਮਾਡਲ ਥਾਣਾ ਬਣਾਇਆ ਗਿਆ ਸੀ । ਸਾਨੂੰ ਉਸ ਤਰ੍ਹਾਂ ਦੇ ਥਾਣੇ ਨਹੀਂ ਚਾਹੀਦੇ । ਜੇਕਰ ਉਥੇ ਥਾਣੇ ਵਿਚ ਗਜ਼ਟਿਡ ਅਫਸਰ ਲਗਾਏ ਜਾਣ ਤਾਂ ਮੈਂ ਸਮਝਦਾ ਹਾਂ ਕਿ ਇੰਤਜ਼ਾਮ ਚੰਗਾ ਹੋ ਸਕਦਾ ਹੈ । ਹੁਣ ਤਾਂ ਮੈਂ ਸਮਝਦਾ ਹਾਂ ਕਿ ਥਾਣੇਦਾਰ ਨੇ ਝੱਗਾ ਹੀ ਚੁਕ ਦਿਤਾ ਹੈ । ਇਸ ਲਈ ਮੈਂ ਸਮਝਦਾ ਹਾਂ ਕਿ ਜੇਕਰ ਗਜ਼ਟਿਡ ਅਫ਼ਸਰ ਉਥੇ ਲਗਾਏ ਜਾਣ ਤਾਂ ਉਹ ਵੀ ਠੀਕ ਕੰਮ ਕਰਨ ਲਗ ਪੈਣਗੇ ।

ਸਪੀਕਰ ਸਾਹਿਬ, ਇਨ੍ਹਾਂ ਨੇ ਪੀ. ਜੀ. ਆਈ. ਨੂੰ 20 ਲੱਖ ਰੁਪਿਆ ਦੇਣ ਲਈ ਰਖਿਆ ਹੈ । ਇਹ ਬੜੀ ਚੰਗੀ ਗੱਲ ਹੈ । ਪੀ. ਜੀ. ਆਈ. ਨੇ ਸਾਡਾ ਨਾਮ ਉੱਚਾ ਕੀਤਾ ਹੈ । ਕਈ ਵਾਰ ਤਾਂ ਉਹ ਮਰੀਜ਼ ਜਿਹੜੇ ਕਿ ਬਿਲਕੁਲ ਹੀ ਰਹਿ ਜਾਂਦੇ ਹਨ ਤਾਂ ਉਨ੍ਹਾਂ ਨੂੰ ਉਥੇ ਲਿਆਇਆ ਜਾਂਦਾ ਹੈ ਪਰ ਜੇਕਰ ਵੇਲੇ ਸਿਰ ਜਦੋਂ ਕਿ ਮਰੀਜ਼ ਦੀ ਹਾਲਤ ਜ਼ਿਆਦਾ ਹੀ ਖਰਾਬ ਨਾ ਹੋਈ ਹੋਈ ਹੋਵੇ ਪੀ .ਜੀ. ਆਈ. ਲਿਆਇਆ ਜਾਵੇ ਤਾਂ ਉਹ ਮਰੀਜ਼ ਬਿਲਕੁਲ ਠੀਕ ਹੋ ਜਾਂਦੇ ਹਨ। ਜਿਸ ਤਰ੍ਹਾਂ ਉਥੇ ਡਾਕਟਰ ਸਾਹਿਬ ਮਰੀਜ਼ ਦਾ ਇਲਾਜ ਕਰਨ ਲਈ ਭਜਦੇ ਹਨ ਉਹ ਸ਼ਲਾਘਾਯੋਗ ਹੈ ।

Original with;
Punjab Vidhan Sabha
Digitized by;
Panjab Digital Library

ਸਾਡੇ ਹੈਲਥ ਮਹਿਕਮੇ ਦੇ ਡਾਇਰੈਕਟਰ ਸਾਹਿਬ ਨੇ ਵੀ ਕਾਫੀ ਕੰਮ ਕੀਤਾ ਹੈ । ਹਰ ਜ਼ਿਲ੍ਹੇ ਵਿਚ ਚੈਕਿੰਗ ਕੀਤੀ ਹੈ ਅੌਰ ਹਰ ਇਕ ਮਰੀਜ਼ ਨੂੰ ਦੱਸਿਆ ਹੈ ਕਿ ਤੈਨੂੰ ਫਲਾਣੀ ਬੀਮਾਰੀ ਹੈ । ਮੈਂ ਇਕ ਆਦਮੀ ਵੇਖਿਆ ਹੈ । ਤੁਰਿਆ ਆਦਮੀ ਦੀ ਲੱਤ ਜਿਹੜੀ ਸੀ ਉਹ ਸੁੱਕੀ ਹੋਈ ਸੀ । ਵਜ੍ਹਾ ਇਹ ਸੀ ਕਿ ਉਸ ਨੇ ਦੱਸਿਆ ਕਿ ਸੱਤ ਅੱਠ ਸਾਲ ਤੋਂ ਮੈਂ ਇਸ ਲੱਤ ਨੂੰ ਇਸ ਤਰ੍ਹਾਂ ਹੀ ਲਈਂ ਬੈਠਾ ਹਾਂ । ਸਾਡੇ ਡਾਕਟਰ ਸਾਹਿਬ ਨੇ ਉਸ ਨੂੰ ਦੱਸਿਆ ਕਿ ਲੱਤ ਨੂੰ ਇਸ ਤਰ੍ਹਾਂ ਲਈਂ ਫਿਰਨ ਦਾ ਕੋਈ ਫਾਇਦਾ ਨਹੀਂ ਹੈ । ਉਸ ਦਾ ਇਲਾਜ ਕਰਨ ਲਈ ਉਸ ਨੂੰ ਚੰਗੀ ਤਰ੍ਹਾਂ ਟੈਸਟ ਕੀਤਾ । ਇਸ ਤਰ੍ਹਾਂ ਕਿਸੇ ਨੂੰ ਟੀ. ਬੀ. ਸੀ, ਕਿਸੇ ਨੂੰ ਕੈਂਸਰ ਸੀ । ਮੈਂ ਇਹ ਕਹਿੰਦਾ ਹਾਂ ਕਿ ਉਹ ਗੱਲਾਂ ਕਾਗਜ਼ਾਂ ਵਿਚ ਹੀ ਨਾ ਰਹਿ ਜਾਣ । ਮੈਡੀਕਲ ਮੰਥਨ ਹੋ ਗਿਆ ਹੈ । ਡਾਕਟਰ ਸਾਹਿਬ ਪਿੰਡਾਂ ਵਿਚ ਜਾ ਸਕਦੇ ਹਨ, ਉਨ੍ਹਾਂ ਮਰੀਜ਼ਾਂ ਨੂੰ ਫਿਰ ਵੇਖ ਸਕਦੇ ਹਨ । ਇਸ ਲਈ ਉਨ੍ਹਾਂ ਨੂੰ ਪਿੰਡਾਂ ਵਿਚ ਜਾ ਕੇ ਉਨ੍ਹਾਂ ਦਾ ਇਲਾਜ ਕਰਨਾ ਚਾਹੀਦਾ ਹੈ । ਇਸ ਤਰ੍ਹਾਂ ਲੋਕਾਂ ਨੂੰ ਬਹੁਤਾ ਫਾਇਦਾ ਹੋ ਸਕਦਾ ਹੈ । ਹੈਲਥ ਬੜੀ ਜਰੂਰੀ ਚੀਜ਼ ਹੈ । ਬਾਹਰਲੇ ਮੁਲਕਾਂ ਵਿਚ, ਜਿਸ ਤਰ੍ਹਾਂ ਕਿ ਇੰਗਲੈਂਡ ਹੈ ਜਿਥੇ ਕਿ ਡੈਮੋਕ੍ਰੈਸੀ ਹੈ, ਉਥੇ ਲੋਕਾਂ ਨੂੰ ਦੰਦ ਤਕ ਵੀ ਲਗਾਏ ਜਾਂਦੇ ਹਨ । (ਵਿਘਨ) ਵੇਖਣਾ ਤਾਂ ਇਹ ਹੈ ਕਿ ਰੇਸ਼ੋ ਕੀ ਹੈ । ਅਤੇ ਸਾਨੂੰ ਕਿੱਨਾ ਟੈਕਸ ਦੇਣਾ ਪੈਂਦਾ ਹੈ। ਅਗਰ ਅਸੀਂ ਵੈਲਫੇਅਰ ਇਸ ਸਟੇਟ ਨੂੰ ਬਣਾਉਣਾ ਹੈ ਤਾਂ ਟੈਕਸ ਲਗਾਉਣੇ ਪੈਣਗੇ, ਪਰ ਇੰਨੇ ਨਹੀਂ ਲਗਣੇ ਜਿੰਨੇ ਅਸੀਂ ਸਮਝਦੇ ਹਾਂ। ਜੇ ਟੈਕਸ ਲਗਣਗੇ ਤਾਂ ਹੀ ਲੋਕਾਂ ਨੂੰ ਰਾਹਤ ਦਿਤੀ ਜਾ ਸਕਦੀ ਹੈ ।

ਸ਼੍ਰੀ ਸਪੀਕਰ: ਤੁਸੀਂ ਹੁਣ ਬੈਠੋ ਜੀ। (Please resume your seat now.)

ਵਿੱਤ ਮੰਤਰੀ (ਸ਼੍ਰੀ ਹੰਸ ਰਾਜ ਸ਼ਰਮਾ): ਸਪੀਕਰ ਸਾਹਿਬ, ਥੋੜ੍ਹਾ ਜਿਹਾ ਹਾਊਸ ਦਾ ਸਮਾਂ ਐਕਸਟੈਂਡ ਕਰਨਾ ਪਵੇਗਾ. 12-30 ਵਜੇ ਦੀ ਬਜਾਏ ਗਿਲੋਟੀਨ ਇਕ ਵਜੇ ਐਪਲਾਈ ਕਰ ਦੇਣਾ ।

ਸਰਦਾਰ ਬਅੰਤ ਸਿੰਘ : ਸਪੀਕਰ ਸਾਹਿਬ, ਕੁਝ ਮੈਂ ਪਬਲਿਕ ਹੈਲਥ ਡਿਪਾਰਟਮੈਂਟ ਦੇ ਬਾਰੇ ਕਹਿਣਾ ਚਾਹੁੰਦਾ ਹਾਂ । ਇਹ ਡਿਪਾਰਮੈਂਟ ਸਿਰਫ ਸ਼ਹਿਰਾਂ ਵਿਚ ਹੀ ਕੰਮ ਕਰਦਾ ਹੈ । ਇਸ ਮਹਿਕਮੇ ਨੂੰ ਪਿੰਡਾਂ ਵਿਚ ਵੀ ਕੰਮ ਕਰਨਾ ਚਾਹੀਦਾ ਹੈ । ਜਿਹੜੇ ਜੈਂਤੀ ਪਿੰਡ ਹਨ, ਉਨ੍ਹਾਂ ਵਿਚ ਵੀ ਇਸ ਡਿਪਾਰਟਮੈਂਟ ਨੂੰ ਪਬਲਿਕ ਹੈਲਥ ਦਾ ਕੰਮ ਕਰਨਾ ਚਾਹੀਦਾ ਹੈ । ਬਲਕਿ ਪਬਲਿਕ ਹੈਲਥ ਦਾ ਕੰਮ ਹਰ ਪਿੰਡ ਵਿਚ ਜਾਣਾ ਚਾਹੀਦਾ ਹੈ , ਅਤੇ ਸੈਨੀਟੇਸ਼ਨ ਦੇ ਕੰਮ ਨੂੰ ਠੀਕ ਕਰਨਾ ਚਾਹੀਦਾ ਹੈ । ਕਿਉਂਕਿ ਹੁਣ ਪਿੰਡਾਂ ਵਿਚ ਪੱਕੀਆਂ ਗਲੀਆਂ ਵਗੈਰਾ ਬਣ ਰਹੀਆਂ ਹਨ, ਇਸ ਕਰਕੇ ਪਿੰਡਾਂ ਵਾਲਿਆਂ ਨੂੰ ਸਭ ਚੀਜ਼ਾਂ ਮਿਲਣੀਆਂ ਚਾਹੀਦੀਆਂ ਹਨ, ਉਥੇ ਇੱਟਾਂ ਵਗੈਰਾ ਦੇਣ ਦਾ ਵੀ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਜੋ ਪਬਲਿਕ ਹੈਲਥ ਦਾ ਕੰਮ ਠੀਕ ਤਰ੍ਹਾਂ ਨਾਲ ਹੋ ਸਕੇ । ਇਸ ਕਰਕੇ ਮੈਂ ਇਹ ਕਹਾਂਗਾ ਕਿ ਪਬਲਿਕ ਹੈਲਥ ਡਿਪਾਰਟਮੈਂਟ ਨੂੰ ਵੀ ਪਿੰਡਾਂ ਦੇ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਹੈ ਅਤੇ ਜਿਹੜੀਆਂ ਪਿੰਡਾਂ ਵਿਚ ਕਮੀਆਂ ਹਨ, ਉਨ੍ਹਾਂ ਨੂੰ ਪੂਰਾ ਕਰਨਾ ਚਾਹੀਦਾ ਹੈ ।

ਸ਼੍ਰੀ ਸਪੀਕਰ: ਜੋਸ਼ ਜੀ ਤੁਸੀਂ 10 ਮਿੰਟ ਵਿਚ ਖਤਮ ਕਰ ਲੈਣਾ । (Josh Ji, please finish your speech in ten minutes.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : 10 ਮਿੰਟ ਤਾਂ ਥੋੜ੍ਹੇ ਹਨ । ਸਿੰਗਲ ਪਾਰਟੀ ਦੇ ਮੈਂਬਰ 10 ਮਿੰਟ ਲੈਂਦੇ ਹਨ. ਮੈਨੂੰ ਕਮ-ਅਜ਼-ਕਮ 15 ਮਿੰਟ ਤੁਾਂ ਦੇਵੋ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਗਿਲੋਟੀਨ ਹਾਊਸ ਦੀ ਮਰਜ਼ੀ ਨਾਲ ਇਕ ਵਜੇ ਐਪਲਾਈ ਕੀਤਾ ਜਾਵੇਗਾ । ਕੀ ਇਹ ਹਾਊਸ ਦੀ ਪਲੈਇਜ਼ਰ ਹੈ ? (If the House agrees, the Guillotine will be applied at 1.00 p.m. Is it the pleasure of the House?]

ਆਵਾਜ਼ਾਂ : ਹਾਂ, ਜੀ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ (ਖਰੜ) : ਸਪੀਕਰ ਸਾਹਿਬ, ਦੋ ਕਰੋੜ ਦੇ ਗਬਨ ਦੇ ਕੇਸ ਕੋ-ਆਪਰੇਟਿਵ ਮਹਿਕਮੇ ਵਿਚ ਫੜੇ ਗਏ ਹਨ। ਇਸ ਮਹਿਕਮੇ ਵਿਚ ਇਨ੍ਹਾਂ ਸਾਲਾਂ ਵਿਚ ਸਾਰਿਆਂ ਹੋਰ ਮਹਿਕਮਿਆਂ ਤੋਂ ਜ਼ਿਆਦਾ ਕੁਰੱਪਸ਼ਨ ਅਤੇ ਭਰਿਸ਼ਟਾਚਾਰ ਹੈ । ਇਹ ਕੁਰੱਪਸ਼ਨ ਅਤੇ ਭਰਿਸ਼ਟਾਚਾਰ ਦਾ ਅੱਡਾ ਬਣ ਗਿਆ ਹੈ। ਇਸ ਦੇ ਵਿਚ ਕੋਈ ਕਿਸੇ ਕਿਸਮ ਦਾ ਇਨਸਾਫ ਨਹੀਂ ਹੈ । ਜਿਹੜੇ ਪਿੰਡਾਂ ਦੇ ਲੋਕ ਇਨ੍ਹਾਂ ਸੋਸਾਇਟੀਆਂ ਦੇ ਬੁਨਿਆਦੀ ਮੈਂਬਰ ਹਨ, ਹਿੱਸੇਦਾਰ ਹਨ, ਉਨ੍ਹਾਂ ਨਾਲ ਇਸ ਤਰ੍ਹਾਂ ਕੀਤਾ ਜਾਂਦਾ ਹੈ ਕਿ ਜਿਹੜੇ ਇਸ ਮਹਿਕਮੇ ਦੇ ਇਨਸਪੈਕਟਰ ਅਤੇ ਸੈਕਟਰੀਜ਼ ਹਨ, ਉਹ ਇਨੋਸੈਂਟ ਲੋਕਾਂ ਦੇ ਅੰਗੂਠੇ ਗਲਤ ਲਗਵਾ ਕੇ ਕਰਜ਼ਾ ਲੈ ਜਾਂਦੇ ਹਨ ਅਤੇ ਉਸ ਨੂੰ ਖਾ ਜਾਂਦੇ ਹਨ ਅਤੇ ਬਾਅਦ ਵਿਚ ਉਨ੍ਹਾਂ ਲੋਕਾਂ ਤੋਂ ਵਸੂਲ ਕੀਤਾ ਜਾਂਦਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਅਦਾਰਿਆਂ ਵਿਚ ਸਰਕਾਰੀ ਦਖਲ ਬਿਲਕੁਲ ਨਹੀਂ ਹੋਣਾ ਚਾਹੀਦਾ। ਸਰਦਾਰ ਗੁਰਨਾਮ ਸਿੰਘ ਨੇ ਕੋਆਪਰੇਟਿਵ ਐਕਟ ਵਿਚ ਇਕ ਗਲਤ ਅਮੈਂਡਮੈਂਟ ਕਰਕੇ ਇਸ ਸਾਰੇ ਮਹਿਕਮੇ ਨੂੰ ਰਜਿਸਟਰਾਰ ਦੇ ਪੈਰਾਂ ਥੱਲੇ ਸੁੱਟ ਦਿਤਾ ਸੀ ਅਤੇ ਉਸ ਦੇ ਅਧਾਰ ਤੇ ਹੀ ਇਹ ਗੌਰਮਿੰਟ ਹਰ ਅਦਾਰੇ ਵਿਚ, ਹਰ ਚੋਣ ਵਿਚ ਬੁਰੀ ਤਰ੍ਹਾਂ ਦਖਲ ਦੇ ਰਹੀ ਹੈ ਅਤੇ ਵਿਰੋਧੀ ਧੜੇ ਦੇ ਆਦਮੀਆਂ ਦੇ ਕਾਗਜ਼ ਅਸਿਸਟੈਂਟ ਰਜਿਸਟਰਾਰ ਰੱਦ ਕਰ ਦਿੰਦੇ ਹਨ ਅਤੇ ਸਰਕਾਰੀ ਪਾਰਟੀ ਦੇ ਆਦਮੀਆਂ ਦੀ ਮਦਦ ਕਰਦੇ ਹਨ । 10-7-74 ਨੂੰ ਡਿਸਟਰਿਕਟ ਹੋਲਸੇਲ ਸੋਸਾਇਟੀ, ਰੋਪੜ ਦੀ ਇਲੈਕਸ਼ਨ ਸੀ । ਉਥੇ ਚਾਰ ਡਾਇਰੈਕਟਰ ਕਮਿਊਨਿਸਟ ਪਾਰਟੀ ਦੇ ਸਮਰਥਕ ਸਨ ਅਤੇ ਚਾਰ ਕਾਂਗਰਸ ਪਾਰਟੀ ਦੇ ਸਮਰਥਕ ਸਨ । ਇਕ ਕਮਿਊਨਿਸਟ ਪਾਰਟੀ ਦਾ ਜਿਹੜਾ ਸਮਰਥਕ ਸੀ, ਉਹ ਜਲੰਧਰ ਗਿਆ ਹੋਇਆ ਸੀ, ਉਸ ਨੂੰ ਜ਼ਬਰਦਸਤੀ ਅਗਵਾ ਕਰ ਲਿਆ ਗਿਆ ਅਤੇ ਉਸ ਨੂੰ ਡਿਸਟਰਿਕਟ ਕਾਂਗਰਸ ਕਮੇਟੀ ਦੀ ਕਾਰ ਵਿਚ ਲੈ ਜਾ ਕੇ ਉਸ ਨੂੰ ਘਰ ਬਿਠਾਈ ਰਖਿਆ ਤਾਂ ਜੋ ਉਹ ਵੋਟਿੰਗ ਵਿਚ ਹਿੱਸਾ ਨਾ ਲੈ ਸਕੇ । ਅਤੇ ਇਸ ਤਰ੍ਹਾਂ ਕਰਕੇ ਮਸਨੂਈ ਬਹੁਗਿਣਤੀ ਨਾਲ ਆਪਣੇ ਹੱਕ ਵਿਚ ਚੋਣ ਕਰਵਾਈ ਜਾ ਸਕੇ 9 ਤਾਰੀਖ ਨੂੰ ਮਾਰਕਫੈਡ ਦੀ ਇਲੈਕਸ਼ਨ ਹੈ, ਉਥੇ ਵੀ ਦਖਲ ਅੰਦਾਜ਼ੀ ਕੀਤੀ ਜਾ ਰਹੀ ਹੈ ਤਾਂ ਜੋ ਆਪੋਜੀਸ਼ਨ ਦੇ ਆਦਮੀ ਨਾ ਆ ਸਕਣ। ਮੈਂ ਅਲੈਜ ਕਰਦਾ ਹਾਂ ਕਿ ਰੋਪੜ ਦੇ ਹਲਕੇ ਦੀਆਂ 7 ਵੋਟਾਂ ਸਨ, ਪਰ ਇਨ੍ਹਾਂ ਨੇ ਕੀ ਕੀਤਾ ਕਿ ਉਨ੍ਹਾਂ ਦੇ ਦੋ ਹਿੱਸੇ ਕਰ ਦਿਤੇ । 3 ਪਟਿਆਲੇ ਨਾਲ ਜੋੜ ਦਿਤੇ ਅਤੇ 4 ਹੁਸ਼ਿਆਰਪੁਰ ਨਾਲ ਜੋੜ ਦਿਤੇ ਤਾਂ ਜੋ ਰੋਪੜ ਜ਼ਿਲ੍ਹੇ ਦਾ ਕੋਈ ਵੀ ਵਿਰੋਧੀ ਧੜੇ ਦਾ ਆਦਮੀ ਚੋਣ ਵਿਚ ਨਾ ਆ ਸਕੇ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਦਾ ਦਖਲ ਸਾਰੇ ਅਦਾਰਿਆਂ ਵਿਚ ਬਹੁਤ ਵਧ ਰਿਹਾ ਹੈ ਜਿਹੜਾ ਕਿ ਨਾਵਾਜਿਬ ਹੈ ਅਤੇ ਇਹ ਗੱਲ ਬਿਲਕੁਲ ਠੀਕ ਨਹੀਂ ।

ਇਸ ਦੇ ਨਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 2 ਲੱਖ 90 ਹਜ਼ਾਰ ਰੁਪਿਆ ਇਹ ਸਰਕਾਰ ਪਰਾਇਮਰੀ ਕੋਆਪਰੇਟਿਵ ਲੈਂਡ ਮਾਰਟਗੇਜ ਬੈਂਕਸ ਨੂੰ ਦੇ ਰਹੀ ਹੈ ਅਤੇ ਆਪਣਾ ਹਿੱਸਾ ਪਾ ਰਹੀ ਹੈ । ਇਹ ਰੁਪਿਆ ਕੰਟਿਨਜੈਂਸੀ ਵਿਚੋਂ ਦਿਤਾ ਗਿਆ ਹੈ ਅਤੇ ਉਸ ਦੀ ਹੁਣ ਸਾਡੇ ਕੋਲੋਂ ਪ੍ਰਵਾਨਗੀ ਲਈ ਜਾ ਰਹੀ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੀ ਕਿਹੜੀ ਜ਼ਰੂਰਤ ਪੈ ਗਈ ਸੀ ਕਿ 10-10 ਹਜ਼ਾਰ ਰੁਪਏ ਦਾ ਹਿੱਸਾ ਪਾਉਣਾ ਹੈ । ਇਹ ਕਹਿੰਦੇ ਹਨ

Original with;
Punjab Vidhan Sabha
Digitized by;
Panjab Digital Library

ਕਿ ਇਸ ਨਾਲ ਟਿਊਬਵੈਲਾਂ ਵਾਸਤੇ ਕਰਜ਼ੇ ਦਿਤੇ ਜਾਣਗੇ, ਪਰ ਇਸ ਰੁਪਏ ਨਾਲ ਤਾਂ ਟਿਊਬਵੈਲਾਂ ਵਾਸਤੇ ਕਰਜ਼ੇ ਪੂਰੇ ਨਹੀਂ ਦਿਤੇ ਜਾ ਸਕਦੇ । ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਇਹ ਹਿੱਸਾ ਇਸ ਕਰਕੇ ਪਾਇਆ ਹੈ ਕਿ ਜਿਹੜੇ ਇਨ੍ਹਾਂ ਦੇ ਐਡਮਨਿਸਟਰੇਟਰ ਹਨ, ਉਹ ਇਨ੍ਹਾਂ ਅਦਾਰਿਆਂ ਦੀਆਂ ਕਮੇਟੀਆਂ ਵਿਚ, ਉਹ ਇਨ੍ਹਾਂ ਅਦਾਰਿਆਂ ਵਿਚ ਦਖਲ ਦੇਣਗੇ ਇਹ ਦਖਲ ਨਹੀਂ ਹੋਣਾ ਚਾਹੀਦਾ, ਇਹ ਬੜੀ ਨਾਵਾਜਿਬ ਗੱਲ ਹੈ ਅਤੇ ਇਹ ਰੁਪਿਆ ਨਹੀਂ ਸੀ ਦੇਣਾ ਚਾਹੀਦਾ । ਸਪੀਕਰ ਸਾਹਿਬ, ਇਥੇ ਗਿਆਨੀ ਜੀ, ਮੁੱਖ ਮੰਤਰੀ ਅਤੇ ਡਿਪਟੀ ਮਨਿਸਟਰ, ਇਸ ਮਹਿਕਮੇ ਦੇ ਬੈਠੇ ਹਨ ਅਤੇ ਮੈਂ ਉਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੋਆਪਰੇਟਿਵ ਬੈਂਕਸ ਨੇ 1970-71 ਵਿਚ 11 ਕਰੋੜ ਰੁਪਏ ਦਾ ਕਰਜ਼ਾ ਦਿਤਾ, 1971-72 ਵਿਚ 15 ਕਰੋੜ, 1972-73 ਵਿਚ 12 ਕਰੋੜ ਅਤੇ ਇਸ ਸਾਲ 1973-74 ਵਿਚ ਸਾਢੇ ਦਸ ਕਰੋੜ ਰੁਪਿਆ ਦਿਤਾ । ਮਤਲਬ ਇਹ ਕਿ ਇਸ ਦੀ ਮਿਕਦਾਰ 18 ਕਰੋੜ ਤੋਂ ਘਟ ਕੇ ਸਾਢੇ 10 ਕਰੋੜ ਰਹਿ ਗਈ ਹੈ ਕਿਉਂਕਿ ਲੋਕੀਂ ਪਿੰਡਾਂ ਵਿਚ ਕਰਜ਼ੇ ਲੈਂਦੇ ਨਹੀਂ, ਤੁਸੀਂ ਭਾਵੇਂ ਅੰਕੜੇ ਮੰਗਵਾ ਕੇ ਵੇਖ ਲਵੋ । ਇਸ ਕਰਕੇ ਇਹ ਜਿਹੜਾ 2 ਲੱਖ 90 ਹਜ਼ਾਰ ਰੁਪਿਆ ਦਿਤਾ ਗਿਆ ਹੈ ਇਸ ਦੀ ਕੀ ਜਸਟੀਫਿਕੇਸ਼ਨ ਹੈ । ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਕ ਸਕੀਮ 1969 ਵਿਚ ਬਣੀ ਸੀ ਜਿਸ ਰਾਹੀਂ 8,000 ਟਰੈਕਟਰ ਲਿਆਉਣੇ ਸੀ ਅਤੇ ਇਸ ਤੇ 32 ਕਰੋੜ ਰੁਪਿਆ ਖਰਚ ਹੋਣਾ ਸੀ । ਇਹ ਸਕੀਮ ਸੈਂਟਰਲ ਗਵਰਨਮੈਂਟ ਤੋਂ ਪਾਸ ਹੋ ਗਈ ਸੀ ਅਤੇ ਐਗਰੀਕਲਚਰਲ ਫਾਈਨੈਂਸ ਕਾਰਪੋਰੇਸ਼ਨ ਨੇ ਵੀ ਪਾਸ ਕਰ ਦਿਤੀ ਹੈ । ਪਰ ਹੋਇਆ ਕੀ? ਇਕ ਡਾਇਰੈਕਟਰ ਨੇ ਇਕ ਪ੍ਰਾਈਵੇਟ ਕੰਪਨੀ ਨਾਲ ਰਲ ਕੇ ਇਹ ਸਕੀਮ ਚਾਰ ਸਾਲ ਕੋਲਡ ਸਟੋਰੇਜ ਵਿਚ ਛੁਪਾਈ ਰਖੀ ਅਤੇ ਇਸ ਫੈਸਲੇ ਨੂੰ ਲਾਗੂ ਨਹੀਂ ਹੋਣ ਦਿਤਾ । ਇਸ ਸਾਰੀ ਚੀਜ਼ ਦਾ ਜ਼ੁੰਮੇਵਾਰ ਲੈਂਡ ਮਾਰਟਗੇਜ ਬੈਂਕ ਹੈ । ਮੈਂ ਪੁੱਛਦਾ ਹਾਂ ਕਿ ਹੁਣ ਕਿਸ ਤਰ੍ਹਾਂ 500 ਟਰੈਕਟਰ ਲੈਣੇ ਹਨ? ਜਿਥੇ ਪਹਿਲਾਂ 8,000 ਟਰੈਕਟਰ ਪੰਜਾਬ ਵਿਚ ਆਉਣੇ ਸਨ, ਉਥੇ ਹੁਣ ਸਿਰਫ 500 ਆਉਣੇ ਹਨ । ਇਸ ਵੇਲੇ ਜਿਹੜੀ ਟਰੈਕਟਰ ਦੀ ਕੀਮਤ ਹੈ ਉਸ ਵਿਚ ਵੀ 7-8 ਹਜ਼ਾਰ ਰੁਪਏ ਦਾ ਵਾਧਾ ਹੋ ਚੁੱਕਾ ਹੈ ਅਤੇ ਇਹ ਲੋਕਾਂ ਨੂੰ ਮਹਿੰਗੇ ਮਿਲਣਗੇ ਅਤੇ ਘਾਟਾ ਪਵੇਗਾ । ਇਹ ਇਕ ਬਹੁਤ ਵੱਡਾ ਸਕੈਂਡਲ ਹੈ ਅਤੇ ਇਸ ਦੀ ਇਨਕੁਆਇਰੀ ਕੀਤੀ ਜਾਵੇ ਕਿ ਜਿਸ ਵਕਤ 8,000 ਟਰੈਕਟਰ ਆਉਣੇ ਸਨ ਤਾਂ ਉਸ ਵਕਤ ਇਸ ਸਕੀਮ ਨੂੰ ਕਿਉਂ ਰੋਕਿਆ ਗਿਆ ।

ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਕੋਆਪਰੇਟਿਵ ਲੈਂਡ ਮਾਰਟਗੇਜ ਬੈਂਕ ਐਂਪਲਾਈਜ਼ ਯੂਨੀਅਨ ਦੇ ਜਨਰਲ ਸੈਕਟਰੀ ਨੇ ਲੈਂਡ ਮਾਰਟਗੇਜ ਬੈਂਕ ਦੇ ਐਡਮਨਿਸਟਰੇਟਰ ਦੇ ਅਗੇਂਸਟ ਚਾਰਜ ਸ਼ੀਟ ਲਿਖ ਕੇ ਦਿਤੀ ਸੀ ਅਤੇ ਮੈਂ ਉਸ ਨੂੰ ਰਿਕਮੈਂਡ ਕੀਤਾ ਸੀ। ਚੀਫ਼ ਮਨਿਸਟਰ ਸਾਹਿਬ ਨੂੰ ਉਹ ਚਿੱਠੀ ਵੀ ਭੇਜੀ ਅਤੇ ਹੋਰ ਚਿੱਠੀ ਵੀ ਲਿਖੀ ਅਤੇ ਉਸ ਦਾ ਅਸੈਂਬਲੀ ਵਿਚ ਜਵਾਬ ਵੀ ਆਇਆ ਸੀ ਕਿ ਇਨਕੁਆਇਰੀ ਕੀਤੀ ਗਈ ਹੈ। ਮੈਂ ਅਲੈਜ ਕੀਤਾ ਕਿ ਜਿਸ ਨੇ ਚਿੱਠੀ ਲਿਖੀ ਸੀ ਉਸ ਨੂੰ ਇਸ ਬਾਰੇ ਪੁੱਛਿਆ ਤਕ ਨਹੀਂ ਗਿਆ ਅਤੇ ਘਰ ਬੈਠ ਕੇ ਹੀ ਇਨਕੁਆਇਰੀ ਕਰ ਲਈ ਗਈ । ਫਿਰ ਅਪ੍ਰੈਲ ਵਿਚ ਬਜਟ ਸੈਸ਼ਨ ਤੋਂ ਬਾਅਦ 17 ਐਮ. ਐਲ. ਏਜ਼ ਨੇ ਦਸਖਤ ਕਰਕੇ ਉਸ ਐਡਮਨਿਸਟਰੇਟਰ ਦੇ ਖਿਲਾਫ਼ ਮੈਮੋਰੈਂਡਮ ਦਿਤਾ । ਉਨ੍ਹਾਂ ਵਿਚ ਇਹ ਐਮ. ਐਲ. ਏ. ਵੀ ਸਨ ਸਰਵਸ਼੍ਰੀ ਦਲੀਪ ਚੰਦ, ਸੱਤਪਾਲ ਸਿੰਘ, ਸਾਧੂ ਸਿੰਘ, ਕੁੰਦਨ ਸਿੰਘ, ਸੁਰਿੰਦਰ ਸਿੰਘ, ਗੁਰਬਚਨ ਸਿੰਘ, ਬ੍ਰਿਸ਼ ਭਾਨ,

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਬਅੰਤ ਸਿੰਘ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ 17 ਐਮ. ਐਲ. ਏਜ਼ ਇਸ ਹਾਊਸ ਦੇ ਸਨ ਅਤੇ ਇਹ ਸਾਰੀ ਚੀਜ਼ ਮਨਿਸਟਰ ਅਤੇ ਮੁੱਖ ਮੰਤਰੀ ਜੀ ਦੇ ਨੋਟਿਸ ਵਿਚ ਲਿਆਂਦੀ ਗਈ ਕਿ ਇਹ ਬਹੁਤ ਸੀਰੀਅਸ ਗੱਲ ਹੈ ਅਤੇ ਇਸ ਅਫ਼ਸਰ ਨੇ ਇਕ ਲੱਖ ਰੁਪਿਆ ਇਸ ਵਿਚੋਂ ਖਾਧਾ ਹੈ, ਪਰ ਕੋਈ ਐਕਸ਼ਨ ਨਹੀਂ ਲਿਆ ਗਿਆ । ਇਸ ਤੋਂ ਬਾਅਦ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਸ ਬਾਰੇ 'ਹਿੰਦ ਸਮਾਚਾਰ' ਵਿਚ ਇਕ ਖਬਰ ਛੱਪੀ ਸੀ, ਜਿਹੜੀ ਕਿ ਇਸ ਤਰ੍ਹਾਂ ਹੈ, ਉਹ ਮੈਂ ਪੜ੍ਹ ਕੇ ਸੁਣਾਉਂਦਾ ਹਾਂ : "ਪੰਜਾਬ ਲੈਂਡ ਮਾਰਟਗੇਜ ਬੈਂਕ ਕੇ ਆਲਾ ਅਫ਼ਸਰ ਕੇ ਜਿਨਸੀ ਵਾ ਅਯਾਸ਼ੀ ਸਕੈਂਡਲ ਕਾ ਇੰਕਸ਼ਾਫ" ।

ਬੈਂਕ ਕੇ ਰੁਪਏ ਸੇ ਰੰਗ ਰਲੀਓਂ ਕੀ ਸਨਸਨੀਖੇਜ਼ ਦਾਸਤਾਨ—

ਚੰਡੀਗੜ੍ਹ:-20-9-73—ਪੰਜਾਬ ਲੈਂਡ ਮਾਰਟਗੇਜ ਬੈਂਕ ਐਂਪਲਾਈਜ਼ ਯੂਨੀਅਨ ਕੇ ਜਨਰਲ ਸੈਕਟਰੀ, ਸ਼੍ਰੀ ਸ਼ਮਸ਼ੇਰ ਸਿੰਘ ਨੇ ਬੈਂਕ ਕੇ ਏਕ ਆਲਾ ਅਫਸਰ ਕੇ ਖਿਲਾਫ਼ ਇੰਤਹਾਈ ਸਨਸਨੀ ਖੇਜ਼ ਅਯਾਸ਼ੀ ਵਾ ਜਿਨਸੀ ਸਕੈਂਡਲ ਕਾ ਧਮਾਕਾਖੇਜ਼ ਇਲਜ਼ਾਮ ਲਗਾਇਆ ਹੈ । ਆਜ ਯਹਾਂ ਏਕ ਤਹਿਰੀਰੀ ਬਿਆਨ ਮੇਂ ਸ਼ਮਸ਼ੇਰ ਸਿੰਘ ਨੇ ਬੈਂਕ ਮਜ਼ਕੋਰਾ ਆਲਾ ਅਫ਼ਸਰ ਪਰ ਸੰਗੀਨ ਇਲਜ਼ਾਮ ਭੀ ਆਇਦ ਕੀਆ ਕੇ 'ਵੋਹ ਬੈਂਕ ਕੇ ਰੁਪਏ ਸੇ ਅਯਾਸ਼ੀ ਕਰਤਾ ਹੈ ਔਰ ਆਪਣੀ ਜਿਨਸੀ ਭੂਖ ਮਿਟਾਤਾ ਹੈ" ਇਸ ਵਿਚ ਹੋਰ ਵੀ ਬਹੁਤ ਕੁਝ ਲਿਖਿਆ ਹੋਇਆ ਹੈ ਅਤੇ ਉਸ ਅਫ਼ਸਰ ਤੇ ਬੜੇ ਸੰਗੀਨ ਇਲਜ਼ਾਮ ਲਗਾਏ ਗਏ ਹਨ। ਇਸ ਕਰਕੇ ਇਸ ਚੀਜ਼ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ । ਜੋ ਇਲਜ਼ਾਮਾਤ ਲਗਾਏ ਗਏ ਹਨ, ਉਨ੍ਹਾਂ ਨੂੰ ਮੈਂ ਵੀ ਸਾਬਤ ਕਰਾਗਾ, ਮੇਰੇ ਪਾਸ ਸਬੂਤ ਮੌਜੂਦ ਹੈ ਅਤੇ ਯੂਨੀਅਨ ਦੇ ਪਾਸ ਵੀ ਸਬੂਤ ਚਾਰਜਿਜ਼ ਸਾਬਤ ਕਰਨ ਲਈ ਮੌਜੂਦ ਹਨ ਮੈਂ ਸਮਝਦਾ ਹਾਂ ਕਿ ਜਦੋਂ 17 ਐਮ.ਐਲ. ਏਜ਼. ਨੇ ਰਿਪਰੈਜ਼ੈਂਟ ਕੀਤਾ ਹੋਵੇ ਤਾਂ ਇਨਕੁਆਇਰੀ ਹੋਣੀ ਚਾਹੀਦੀ ਹੈ।

ਮੈਂ ਖੇਤੀਬਾੜੀ ਦੇ ਸਬੰਧ ਵਿਚ ਵੀ ਇਕ ਬੇਨਤੀ ਕਰਨਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਐਗਰੀਕਲਚਰਲ ਮਨਿਸਟਰ ਆਫ਼ ਇੰਡੀਆ ਨੇ ਜੋ 1973-74 ਦੀ ਰਿਪੋਰਟ ਛਾਪੀ ਹੈ ਉਸ ਦੇ ਵਿਚ ਉਨ੍ਹਾਂ ਨੇ ਕਿਹਾ ਹੈ ਕਿ 1973-74 ਵਿਚ ਖੇਤੀਬਾੜੀ ਦੀ ਜਿਹੜੀ ਕੁਮੱਰਸ਼ਲ ਕਰਾਪਸ ਹੈ ਉਨ੍ਹਾਂ ਦੀ ਪ੍ਰੋਡਕਸ਼ਨ ਸਾਢੇ 8% ਘੱਟੀ ਹੈ ਔਰ ਪਿਛਲੇ ਸਾਲ ਫੂਡ ਗਰੇਨਜ਼ ਕਰਾਪਸ ਦੀ ਪ੍ਰੋਡਕਸ਼ਨ ਸਾਢੇ 9% ਘੱਟੀ ਹੈ । ਰੀਜ਼ਨਜ਼ ਇਹ ਦਿਤੇ ਹਨ ਕਿ ਡਰਾਟ ਆ ਗਿਆ ਔਰ ਦੂਸਰਾ ਰੀਜ਼ਨ ਸ਼ਾਰਟੇਜ ਆਫ ਫਰਟੇਲਾਈਜ਼ਰ ਦਿਤਾ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ, ਸਪੀਕਰ ਸਾਹਿਬ, ਕਿ ਪੰਜਾਬ ਦੀ ਸਰਕਾਰ ਨੇ ਪੰਜਾਬ ਦੀ ਖੇਤੀ ਬਾੜੀ ਦੇ ਖੇਤਰ ਵਲ ਕੋਈ ਪੂਰਾ ਧਿਆਨ ਨਹੀਂ ਦਿਤਾ । ਸਾਡੀ ਐਗਰੀਕਲਚਰਲ ਇਕਾਨਮੀ ਸਾਰੀ ਸਟੇਟ ਦੀ ਸੰਕਟ ਵਿਚ ਹੈ। ਪੰਜਾਬ ਦਾ ਜੋ ਗਰੀਬ ਕਿਸਾਨ ਉਹ ਬਿਲਕੁਲ ਤਬਾਹੀ ਤੇ ਪਹੁੰਚ ਗਿਆ ਹੈ । ਪ੍ਰੋਡਕਸ਼ਨ ਦਿਨ ਬਦਿਨ ਘੱਟਦੀ ਜਾ ਰਹੀ ਹੈ। ਉਨ੍ਹਾਂ ਨੂੰ ਐਗਰੀਕਲਚਰਲ ਇਨਪੁਟਸ ਪੂਰੀਆਂ ਨਹੀਂ ਮਿਲ ਰਹੀਆਂ ਅਤੇ ਜੋ ਮਿਲ ਰਹੀਆਂ ਹਨ ਉਹ ਪੂਰੇ ਭਾਅ ਤੇ ਨਹੀਂ ਮਿਲ ਰਹੀਆਂ । ਇਸ ਲਈ ਮੈਂ ਇਸ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਸ ਨੂੰ ਖੇਤੀਬਾੜੀ ਵਲ ਧਿਆਨ ਦੇਣਾ ਚਾਹੀਦਾ ਹੈ, ਕਿਸਾਨ ਨੂੰ ਇਨਪੁਟਸ ਠੀਕ ਭਾਅ ਤੇ ਦੇਣੇ ਚਾਹੀਦੇ ਹਨ ।

ਇਕ ਗੱਲ, ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਲੈਂਡੀਕਲ ਲੈਂਡ ਰਿਫਾਰਮ ਵਿਚ ਇਹ ਸਰਕਾਰ ਫੇਲ੍ਹ ਹੋਈ ਹੈ । ਪੰਜਾਬ ਲੈਂਡ ਰਿਫਾਰਮਜ਼ ਇਨ੍ਹਾਂ ਨੂੰ ਚਾਲੂ ਕੀਤਾ ਔਰ

Original with;
Punjab Vidhan Sabha
Digitized by;
Panjab Digital Library

ਇਸ ਅਸੈਂਬਲੀ ਵਿਚ ਪਾਸ ਕੀਤਾ ਹੈ ਪਰ ਇਹ ਸਰਕਾਰ ਇਸ ਵਿਚ ਫੇਲ੍ਹ ਹੋਈ ਹੈ। ਫਾਈਨਾਂਸ਼ਲ ਕਮਿਸ਼ਨਰ ਨੇ ਮਿਤੀ 10-8-1973 ਨੂੰ ਇਕ ਬਿਆਨ ਦਿਤਾ ਹੈ ਜਿਸ ਦੇ ਵਿਚ ਉਨ੍ਹਾਂ ਨੇ ਕਿਹਾ ਹੈ ਕਿ 1 ਲੱਖ 74 ਹਜ਼ਾਰ ਏਕੜ ਭੂਮੀ ਵੰਡੀ ਜਾ ਸਕਦੀ ਹੈ। ਨਾਲ ਦੀ ਨਾਲ ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਇਸ 1 ਲੱਖ 74 ਹਜ਼ਾਰ ਏਕੜ ਭੂਮੀ ਵਿਚੋਂ 48,424 ਏਕੜ ਭੂਮੀ ਤੁਰੰਤ ਦਿਤੀ ਜਾ ਸਕਦੀ ਹੈ ਯਾਨੀ ਜਿਨ੍ਹਾਂ ਤੇ ਕੋਈ ਮੁਕੱਦਮਾ ਨਹੀਂ ਹੈ, ਕੋਈ ਕੁਝ ਨਹੀਂ ਹੈ। ਪੰਜਾਬ ਸਰਕਾਰ ਨੇ ਲੈਂਡ ਰੀਫਾਰਮ ਕਮੇਟੀ ਵਿਚ ਵੀ ਇਹ ਬਿਆਨ ਦਿਤਾ ਸੀ। ਲੇਕਿਨ, ਸਪੀਕਰ ਸਾਹਿਬ, ਇਨ੍ਹਾਂ ਨੇ ਜ਼ਮੀਨ ਵੰਡੀ ਕਿੰਨੀ ? ਉਹ ਮੈਂ ਹਾਊਸ ਨੂੰ ਦਸੱਣਾ ਚਾਹੁੰਦਾ ਹਾਂ। ਮਿਤੀ 1-1-1974 ਤਕ ਜਿਹੜੀ ਜ਼ਮੀਨ ਵੰਡੀ ਗਈ ਹੈ ਉਹ ਸਿਰਫ 350 ਸਟੈਂਡਰਡ ਏਕੜ ਵੰਡੀ ਗਈ ਹੈ। ਔਰ ਕਬਜ਼ਾ ਕਿੰਨਿਆਂ ਨੂੰ ਮਿਲਿਆ ਉਹ ਵੀ ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ। ਜੋਗਾ ਸਾਹਿਬ ਦੇ ਹਲਕੇ ਵਿਚ ਤਹਿਸੀਲ ਮਾਨਸਾ ਵਿਚ 46 ਸਟੈਂਡਰਡ ਏਕੜ ਜ਼ਮੀਨ ਦਾ ਮਿਲਿਆ ਹੈ। ਜੇ ਮਾਲ ਮੰਤਰੀ ਜੀ ਜਾਂ ਕੋਈ ਹੋਰ ਇਨ੍ਹਾਂ ਅੰਕੜਿਆਂ ਨੂੰ ਗਲਤ ਸਾਬਤ ਕਰ ਦੇਵੇ ਔਰ ਇਸ ਤੋਂ ਵੱਧ ਸਾਬਤ ਕਰ ਦੇਵੇ ਤਾਂ ਮੈਂ ਅਸੈਂਬਲੀ ਤੋਂ ਅਸਤੀਫਾ ਦੇ ਦੇਵਾਂਗਾ। ਇਸ ਕਰਕੇ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਲੈਂਡ ਰਿਫਾਰਮ ਦਾ ਕੀ ਫਾਇਦਾ ਸੀ? ਇਸ ਦਾ ਕੀ ਮਤਲਬ ਸੀ ? (ਵਿਘਨ) ਜੇ ਕੋਈ ਕੰਮ ਨਹੀਂ ਕਰਨਾ, ਜੇ ਕੋਈ ਜ਼ਮੀਨ ਨਹੀਂ ਦੇਣੀ ਤਾਂ ਇਸ ਦਾ ਕੀ ਫਾਇਦਾ ਸੀ?

ਸਪੀਕਰ ਸਾਹਿਬ, ਇਥੇ ਹੀ ਬਸ ਨਹੀਂ ਜਿਨ੍ਹਾਂ ਲੋਕਾਂ ਨੇ ਇਸ ਐਕਟ ਦੀ ਸੈਕਸ਼ਨ 15 ਦੇ ਅਧੀਨ ਦਰਖਾਸਤਾਂ ਦਿਤੀਆਂ ਉਹ ਵੀ ਜ਼ਰਾ ਦੇਖ ਲਓ। ਸੈਕਸ਼ਨ 15 ਵਿਚ ਹੈ ਕਿ ਜ਼ਮੀਨ-ਹੀਣ ਲੋਕ ਡੀ.ਸੀ. ਨੂੰ ਜਾਂ ਐਸ. ਡੀ. ਓ. ਨੂੰ ਜ਼ਮੀਨ ਲੈਣ ਲਈ ਆਪਣੀਆ ਦਰਖਾਸਤਾਂ ਦੇ ਸਕਦੇ ਹਨ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਕੁਲ 2,622 ਦਰਖਾਸਤਾਂ ਆਈਆਂ ਅਤੇ ਇਨ੍ਹਾਂ 2,622 ਦਰਖਾਸਤਾਂ ਵਿਚੋਂ 1,470 ਦਰਖਾਸਤਾਂ ਇਕੱਲੀਆਂ ਫਾਜ਼ਿਲਕਾ ਸਬ-ਡਵੀਜ਼ਨ ਵਿਚੋਂ ਆਈਆਂ ਹਨ। ਤੁਸੀਂ, ਸਪੀਕਰ ਸਾਹਿਬ, ਇਹ ਸੁਣ ਕੇ ਹੈਰਾਨ ਹੋਵੋਗੇ ਕਿ ਉਥੇ ਦੇ ਐਸ. ਡੀ. ਓ. ਨੇ ਉਹ 1,470 ਦੀਆਂ 1,470 ਦਰਖਾਸਤਾਂ ਰੱਦ ਕਰ ਦਿੱਤੀਆਂ, ਕੋਈ ਸੁਣਵਾਈ ਨਹੀਂ ਹੋਈ। ਇਸੇ ਤਰ੍ਹਾਂ, ਸਪੀਕਰ ਸਾਹਿਬ, ਹੁਸ਼ਿਆਰਪੁਰ ਵਿਚ ਤੁਹਾਡੇ ਜ਼ਿਲ੍ਹੇ ਵਿਚ 74 ਦਰਖਾਸਤਾਂ ਦਸੂਏ ਦੇ ਐਸ. ਡੀ. ਓ. ਨੇ ਰੱਦ ਕਰ ਦਿਤੀਆਂ। ਜਿਨ੍ਹਾਂ ਅਫਸਰਾਂ ਨੇ ਇਹ ਦਰਖਾਸਤਾਂ ਰੱਦ ਕੀਤੀਆਂ ਹਨ ਉਨ੍ਹਾਂ ਨੇ ਇਹ ਸਾਰਾ ਲੈਂਡ ਲਾਰਡਾਂ ਨਾਲ ਮਿਲ ਕੇ ਕੀਤਾ ਹੈ। ਮੁੜ ਕੇ ਉਹ ਇਹ ਬਿਆਨ ਦੇ ਦੇਣਗੇ ਕਿ ਕੋਈ ਦਰਖਾਸਤ ਨਹੀਂ ਆਈ। ਇਹ ਐਡਮਿਨਿਸਟਰੇਸ਼ਨ ਅਗਰ ਇਤਨੀਆਂ ਦਰਖਾਸਤਾਂ ਰੱਦ ਕਰੇ ਤਾਂ ਇਸ ਤੋਂ ਵਧ ਲੋਕਾਂ ਨਾਲ ਕੀ ਧੱਕਾ ਹੋ ਸਕਦਾ ਹੈ। ਇਹ ਸਰਕਾਰ ਲੈਂਡ ਰਿਫਾਰਮ ਲਿਆਉਣ ਵਿਚ ਦਾਅਵਾ ਨਹੀਂ ਕਰ ਸਕਦੀ। (ਵਿਘਨ) (ਘੰਟੀ) ਜੇ ਦਾਅਵਾ ਕਰਦੀ ਹੈ ਤਾਂ ਇਹ ਬਿਲਕੁਲ ਗਲਤ ਹੈ।

ਫਿਰ, ਸਪੀਕਰ ਸਾਹਿਬ, ਵਿਦਿਆ ਵਿਭਾਗ ਦੀ ਜੋ ਪੁਜ਼ੀਸ਼ਨ ਹੈ ਉਹ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ। ਇਸ ਵਿਚ ਬਹੁਤ ਕੁਰੱਪਸ਼ਨ ਕੀਤੀ ਜਾ ਰਹੀ ਹੈ। ਇਹ ਮੇਰੇ ਕੋਲ ਇਕ ਫਿੰਡ (ਬਾਲ ਦਿਖਾਉਂਦੇ ਹੋਏ) ਹੈ ਜਿਹੜੀ ਕਿ ਡੀ. ਈ. ਓ. ਬਠਿੰਡਾ ਨੇ ਸਾਢੇ 11 ਰੁਪਏ ਦੇ ਹਿਸਾਬ ਨਾਲ 2 ਹਜ਼ਾਰ ਖਰੀਦੀ ਜਦ ਕੇ ਬਜ਼ਾਰ ਵਿਚ ਇਸ ਦਾ ਮੁੱਲ 2 ਰੁਪਏ 69 ਪੈਸੇ ਹੈ। ਇਸੇ ਤਰ੍ਹਾਂ ਸੀਟੀਆਂ (ਸੀਟੀ ਦਿਖਾਉਂਦੇ ਹੋਏ) 30 ਰੁਪਏ ਦਰਜਨ ਖਰੀਦੀਆਂ ਔਰ ਇਸੇ ਤਰ੍ਹਾਂ ਆਹ ਇਕ ਰਸੀ ਜਿਹੀ (ਰਸੀ ਦਿਖਾਉਂਦੇ ਹੋਏ) 12 ਰੁਪਏ ਮੀਟਰ ਖਰੀਦੀ। ਇਹ

Original with;
Punjab Vidhan Sabha
Digitized by;
Panja

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਚੀਜ਼ ਡੀ. ਈ. ਓ. ਬਠਿੰਡਾ ਨੇ 5 ਲੱਖ ਰੁਪਏ ਦੀਆਂ ਖਰੀਦੀਆਂ । ਇਸ ਦੇ ਵਿਚ ਲੱਖਾਂ ਰੁਪਏ ਦਾ ਸਕੈਂਡਲ ਹੈ ਅੌਰ ਇਹ ਸਰਕਾਰ ਦੇ ਨੋਟਿਸ ਵਿਚ 6 ਮਹੀਨੇ ਤੋਂ ਹੈ ਪਰ ਇਸ ਸਰਕਾਰ ਨੇ ਉਸ ਤੇ ਕੋਈ ਐਕਸ਼ਨ ਨਹੀਂ ਲਿਆ । ਇਸ ਲਈ ਮੈਂ ਇਹ ਕਹਾਂਗਾ ਕਿ ਇਸ ਗੱਲ ਦੀ ਇਨਕੁਆਇਰੀ ਕਰਵਾਈ ਜਾਵੇ ਤਾਂ ਕਿ ਭਰਿਸ਼ਟਾਚਾਰ ਦਾ ਪਤਾ ਲਗ ਸਕੇ (ਘੰਟੀ)

ਸ਼੍ਰੀ ਪ੍ਰੇਮ ਗੁਪਤਾ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਜੋਸ਼ ਸਾਹਿਬ ਨੇ ਇਨਕੁਆਇਰੀ ਦੀ ਮੰਗ ਕੀਤੀ ਹੈ । ਮੈਂ ਨਾਲ ਇਹ ਵੀ ਮੰਗ ਕਰਦਾ ਹਾਂ ਕਿ ਜਦੋਂ ਇਨਕੁਆਇਰੀ ਕੀਤੀ ਜਾਵੇ ਤਾਂ ਉਸ ਫਰਮ ਦੀ ਵੀ ਇਨਕੁਆਇਰੀ ਕੀਤੀ ਜਾਵੇ । ਉਸ ਫਰਮ ਨੇ ਡੀ. ਈ. ਓ. ਬਠਿੰਡਾ ਨੂੰ ਹੋਰ ਰੇਟਸ ਤੇ ਚੀਜ਼ਾਂ ਦਿਤੀਆਂ ਹਨ ਅਤੇ ਕਿਸੇ ਹੋਰ ਡੀ. ਈ. ਓ. ਨੂੰ ਹੋਰ ਰੇਟਸ ਤੇ ਚੀਜ਼ਾਂ ਦਿਤੀਆਂ ਹਨ । ਇਕੋ ਫਰਮ ਨੇ ਇਕੋ ਮਹਿਕਮੇ ਵਿਚ ਡਿਫਰੈਂਟ ਰੇਟਸ ਤੇ ਚੀਜ਼ਾਂ ਦਿਤੀਆਂ ਹਨ, ਇਹ ਵੀ ਵੇਖਣਾ ਚਾਹੀਦਾ ਹੈ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਥੈਂਕ ਯੂ, ਗੁਪਤਾ ਸਾਹਿਬ, ਅੰਤ ਵਿਚ ਮੈਂ ਸਪੀਕਰ ਸਾਹਿਬ, ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਮੁਲਾਜ਼ਮਾਂ ਪ੍ਰਤੀ ਰਵੱਈਆ ਠੀਕ ਕਰੋ । ਤੁਸੀਂ ਮੁਲਜ਼ਮਾਂ ਨੂੰ ਟਰਮੀਨੇਟ ਕਰਕੇ, ਉਨ੍ਹਾਂ ਤੇ ਲਾਠੀਆ ਵਰਸਾ ਕੇ, ਉਨ੍ਹਾਂ ਦੀਆਂ ਸਰਵਿਸਿਜ਼ ਵਿਚ ਬਰੇਕਸ਼ ਕਰਕੇ ਕੁਚਲ ਨਹੀਂ ਸਕਦੇ (ਘੰਟੀ) ਇਲੈਕਟ੍ਰੀਸਿਟੀ ਬੋਰਡ ਦੇ ਵਰਕ ਚਾਰਜ ਇਮਪਲਾਈਜ਼ ਜੋ ਹਨ ਉਨ੍ਹਾਂ ਨੂੰ ਬਹਾਲ ਕਰਨਾ ਚਾਹੀਦਾ ਹੈ, ਮੁਲਾਜ਼ਮਾਂ ਪ੍ਰਤੀ ਰਵੱਈਆਂ ਠੀਕ ਕਰਨਾ ਚਾਹੀਦਾ ਹੈ । ਟੀਚਰਜ਼ ਦੀਆਂ ਅਤੇ ਸਟੂਡੈਂਟਸ ਦੀਆਂ ਜੋ ਮੰਗਾਂ ਹਨ ਉਹ ਮੰਨ ਲੈਣੀਆਂ ਚਾਹੀਦੀਆਂ ਹਨ। ਧੰਨਵਾਦ ।

ਡਾਕਟਰ ਬਲਦੇਵ ਪ੍ਰਕਾਸ਼ (ਅੰਮ੍ਰਿਤਸਰ) : ਸਪੀਕਰ ਸਾਹਿਬ, ਐਪਰੋਪ੍ਰੀਏਸ਼ਨ ਬਿਲ ਤੇ ਬਹਿਸ ਚਲ ਰਹੀ ਹੈ । ਸਰਕਾਰ ਨੇ ਬਹੁਤ ਸਾਰੀਆਂ ਡੀਮਾਂਡਜ਼ ਦੇ ਅੰਡਰ ਰੁਪਿਆ ਮੰਗਿਆ ਹੈ । ਸਭ ਤੋਂ ਪਹਿਲਾਂ ਪੁਲਿਸ ਦੀ ਡੀਮਾਂਡ ਹੈ। ਪੁਲਿਸ ਦੀ ਮਾਡਰਨਾਈਜ਼ੇਸ਼ਨ ਵਾਸਤੇ ਰੁਪਿਆ ਮੰਗਿਆ ਗਿਆ ਹੈ । ਇਸ ਦੇ ਵਿਚ ਸਪੀਕਰ ਸਾਹਿਬ, ਕੋਈ ਸ਼ੱਕ ਨਹੀਂ ਕਿ ਪੁਲਿਸ ਦੇ ਵਿਚ ਮਾਡਰਨਾਈਜੇਸ਼ਨ ਹੋਣੀ ਚਾਹੀਦੀ ਹੈ ਪਰ ਮਾਡਰਨਾਈਜੇਸ਼ਨ ਦੇ ਨਾਲ ਨਾਲ ਪੁਲਿਸ ਦੇ ਮਹਿਕਮੇ ਦੀ ਐਫੀਸ਼ੈਂਸੀ ਦਾ ਵੀ ਤੁਅੱਲਕ ਹੈ, ਉਸ ਵਲ ਵੀ ਧਿਆਨ ਦੇਣਾ ਚਾਹੀਦਾ ਹੈ । ਜਦੋਂ ਤਕ ਅਸੀਂ ਅੱਜ ਪੁਲਿਸ ਦਾ ਰਵੱਈਆ ਨਹੀਂ ਬਦਲਦੇ ਉਦੋਂ ਤਕ ਇਸ ਦਾ ਕੋਈ ਫਾਇਦਾ ਨਹੀਂ ਹੋਵੇਗਾ । ਪੁਲਿਸ ਦਾ ਅੱਜ ਰਵੱਈਆ ਪਾਰਟੀਜ਼ਨ ਹੈ ਅਤੇ ਉਹ ਇਕ ਖਾਸ ਪੋਲੀਟੀਕਲ ਪ੍ਰੈਸ਼ਰ ਥੱਲੇ ਅਤੇ ਉਸ ਦੇ ਇਸ਼ਾਰਿਆਂ ਤੇ ਚਲਦੀ ਹੈ । ਆਮ ਸ਼ਹਿਰੀਆਂ ਨੂੰ ਉਸ ਤੋਂ ਕੋਈ ਇਨਸਾਫ ਨਹੀਂ ਮਿਲਦਾ ਅੱਜ ਕੋਈ ਸ਼ਹਿਰੀ ਆਪਣੀ ਰਿਪੋਰਟ ਦਰਜ ਨਹੀਂ ਕਰਵਾ ਸਕਦਾ ਜਦੋਂ ਤਕ ਕਿ ਪੁਲਿਸ ਨੂੰ ਕੋਈ ਉਪਰੋਂ ਇਸ਼ਾਰਾ ਨਾ ਹੋ ਜਾਵੇ। ਇਹ ਪੁਲਿਸ ਦੀ ਜਿਹੜੀ ਜ਼ਹਿਨੀਅਤ ਹੈ, ਇਸ ਨੂੰ ਬਦਲਣ ਦੀ ਲੋੜ ਹੈ। ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜੈਤੋ ਦੇ ਵਿਚ ਅਪੋਜੀਸ਼ਨ ਵਾਲਿਆਂ ਦਾ ਕੋਈ ਜਲਸਾ ਹੋਇਆ ਅੌਰ ਉਸ ਜਲਸੇ ਦੇ ਵਿਚ ਕਿਸੇ ਸ਼ਖਸ਼ ਨੇ ਗੋਲੀ ਚਲਾਈ । ਪੁਲਿਸ ਨੇ ਉਸ ਤੇ ਕੋਈ ਕਾਰਵਾਈ ਨਹੀਂ ਕੀਤੀ ਅਤੇ ਕੋਈ ਗ੍ਰਿਫਤਾਰੀ ਨਹੀਂ ਕੀਤੀ । ਅਸੀਂ ਲੋਕ ਰਾਜ ਦੇ ਵਿਚ ਰਹਿੰਦੇ ਹਾਂ ਅਤੇ ਲੋਕ ਰਾਜ ਦੇ ਵਿਚ ਕਿਸੇ ਵਿਅੱਕਤੀ ਦਾ ਗੋਲੀ ਚਲਾਉਣਾ ਅੌਰ ਪੁਲਿਸ ਦਾ ਕੇਸ ਰਜਿਸਟਰ ਕਰਕੇ ਕਿਸੇ ਨੂੰ ਗ੍ਰਿਫਤਾਰ ਨਾ ਕਰਨਾ ਇਕ ਬੜੀ ਵੱਡੀ ਗੱਲ ਹੈ । ਅਸੀਂ ਅਪੋਜ਼ੀਸ਼ਨ ਦੇ ਸੱਜਣ

Original with;
Punjab Vidhan Sabha
Digitized by;
Panjab Digital Library

ਇਸ ਸਿਲਸਿਲੇ ਵਿਚ ਮੁੱਖ ਮੰਤਰੀ ਸਾਹਿਬ ਨੂੰ ਵੀ ਮਿਲੇ । ਇਹ ਠੀਕ ਹੈ ਕਿ ਉਨ੍ਹਾਂ ਨੇ ਪੁਲਿਸ ਦੇ ਬੜੇ ਆਲਾ ਅਫਸਰ ਉਥੇ ਬੁਲਾ ਲਏ ਅਤੇ ਉਨ੍ਹਾਂ ਨੇ ਜੋ ਬਿਆਨ ਦਿਤਾ ਹੈ ਉਹ ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ—

ਸ਼੍ਰੀ ਪ੍ਰੇਮ ਗੁਪਤਾ: * * * * (ਵਿਘਨ)

Mr Speaker: This is no point of order.

ਡਾਕਟਰ ਬਲਦੇਵ ਪ੍ਰਕਾਸ਼: ਸਪੀਕਰ ਸਾਹਿਬ, ਇਨ੍ਹਾਂ ਨੇ ਟਾਈਮ ਜ਼ਰੂਰ ਵੇਸਟ ਕਰਨਾ ਹੈ, ਕਰ ਲੈਣ ਦਿਉ । (ਵਿਘਨ) (ਗੁਪਤਾ ਸਾਹਿਬ ਵਲੋਂ ਵਿਘਨ)

ਸ਼੍ਰੀ ਸਪੀਕਰ: ਗੁਪਤਾ ਸਾਹਿਬ ਤਸ਼ਰੀਫ ਰਖੋ । ਇਹ ਕੋਈ ਪੁਆਇੰਟ ਆਫ ਆਰਡਰ ਹੈ ? ਤੁਸੀਂ ਤਾਂ ਪੜ੍ਹੇ ਲਿਖੇ ਹੋ (ਵਿਘਨ) (Gupta Sahib please resume your seat. Is it a point of order? You are a learned man.) (*Interruption*)

ਚੌਧਰੀ ਰਾਮ ਸਿੰਘ : * * * (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ । (This is no point of order) ।

ਸ਼੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਨਹੀਂ, ਚੌਧਰੀ ਸਾਹਿਬ ਦਾ ਪੁਆਇੰਟ ਆਫ ਆਰਡਰ ਨਹੀਂ । ਮੈਂ ਪੁਛਣਾ ਚਾਹੁੰਦਾ ਹਾਂ ਕਿ ਪੁਆਇੰਟ ਆਫ ਆਰਡਰ ਕੀ ਹੁੰਦਾ ਹੈ ?

ਸ਼੍ਰੀ ਸਪੀਕਰ : ਗੁਪਤਾ ਜੀ ਤੁਸੀਂ ਆਪ ਜਾਣਦੇ ਹੋ ਕਿ ਪੁਆਇੰਟ ਆਫ਼ ਆਰਡਰ ਕੀ ਹੁੰਦਾ ਹੈ । Please resume your seat. (Gupta jee, you know well what a point of order is. Please resume your seat.)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਮੈਂ ਇਹ ਕਹਿ ਰਿਹਾ ਸੀ ਕਿ ਉਥੇ ਮੁੱਖ ਮੰਤਰੀ ਸਾਹਿਬ ਨੇ ਪੁਲੀਸ ਦੇ ਆਲਾ ਅਫਸਰ ਅਤੇ ਹੋਮ ਸੈਕਟਰੀ ਸਾਹਿਬ ਨੂੰ ਬੁਲਾਇਆ ਅਤੇ ਉਨ੍ਹਾਂ ਨੇ ਤਸਦੀਕ ਕੀਤੀ ਕਿ ਵਾਕਈ ਆਪੋਜ਼ੀਸ਼ਨ ਦੇ ਜਲਸੇ ਵਿਚ ਗੋਲੀ ਚਲੀ ਅਤੇ ਜਲਸਾ ਡਿਸਟਰਬ ਹੋਇਆ । ਉਨ੍ਹਾਂ ਨੇ ਇਕ ਹੋਰ ਗੱਲ ਕਹੀ ਕਿ ਗੋਲੀ ਚਲਾਈ ਕਿਸ ਨੇ ਇਹ ਪਤਾ ਨਹੀਂ ਲਗਾ । ਇਹ ਕੋਈ ਜੁਰਮ ਨਹੀਂ ਬਣਦਾ ਇਸ ਕਰਕੇ ਕਿਸੇ ਨੂੰ ਫੜਿਆ ਨਹੀਂ ਗਿਆ । ਅਗਰ ਕਿਸੇ ਦੀ ਕੋਈ ਬੰਦੂਕ ਹੋਵੇ ਉਹ ਕਿਤੇ ਜਾ ਕੇ ਚਲਾਂਵੇ ਉਹ ਚਲਾ ਸਕਦਾ ਹੈ ਇਸ ਲਈ ਨਹੀਂ ਫੜਿਆ ਗਿਆ । ਅਸੀਂ ਹਵਾਲਦਾਰ ਨੂੰ, ਥਾਣੇਦਾਰ ਨੂੰ ਜਾਂ ਐਸ. ਪੀ. ਨੂੰ ਕੀ ਕਹਾਂਗੇ ਜਦੋਂ ਪੁਲੀਸ ਦੇ ਆਲਾ ਅਫਸਰ ਇਹ ਕਹਿੰਦੇ ਹਨ ਕਿ ਅਗਰ

*Expunged as ordered by the Chair.

Original with;
Punjab Vidhan Sabha
Digitized by;
Panjab Digital Library

[ਡਾਕਟਰ ਬਲਦੇਵ ਪ੍ਰਕਾਸ਼]

ਕੋਈ ਆਦਮੀ ਕਿਸੇ ਜਲਸੇ ਵਿਚ ਕੋਈ ਗੋਲੀ ਚਲਾਉਂਦਾ ਹੈ ਅਤੇ ਗੋਲੀ ਕਿਸੇ ਨੂੰ ਲਗੇ ਨਾ ਤਾਂ ਕੋਈ ਜੁਰਮ ਨਹੀਂ ਬਣਦਾ । ਇਹ ਚੀਜ਼ ਉਨ੍ਹਾਂ ਨੇ ਮੁੱਖ ਮੰਤਰੀ ਸਾਹਿਬ ਦੇ ਸਾਹਮਣੇ ਮੰਨੀ ਹੈ । ਮੁੱਖ ਮੰਤਰੀ ਸਾਹਿਬ ਨੇ ਆਪ ਮਹਿਸੂਸ ਕੀਤਾ ਕਿ ਇਹ ਰਵਈਆ ਠੀਕ ਨਹੀਂ । ਉਹ ਕਹਿੰਦੇ ਹਨ ਕਿ ਜੇ ਕਿਸੇ ਕੋਲ ਬੰਦੂਕ ਹੈ ਅਤੇ ਜੇ ਉਸ ਦਾ ਉਸ ਕੋਲ ਲਾਇਸੈਂਸ ਹੈ ਉਹ ਗੋਲੀ ਚਲਾ ਸਕਦਾ ਹੈ ਅਸੀਂ ਫੜ ਨਹੀਂ ਸਕਦੇ । ਦੂਸਰੇ ਪਾਸੇ ਕਹਿੰਦੇ ਹਨ ਕਿ ਕਿਸ ਨੇ ਚਲਾਈ ਸਾਨੂੰ ਕੋਈ ਪਤਾ ਨਹੀਂ । ਮੈਂ ਪੁੱਛਦਾ ਹਾਂ ਕਿ ਫਿਰ ਤੁਸੀਂ ਕਿਸ ਤਰ੍ਹਾਂ ਕਹਿੰਦੇ ਹੋ ਕਿ ਬੰਦੂਕ ਉਸ ਦੀ ਆਪਣੀ ਹੈ ਅਤੇ ਉਸ ਦੇ ਕੋਲ ਲਾਈਸੈਂਸ ਹੈ । ਇਹ ਦੋਨੋ ਗੱਲਾਂ ਪੁਲੀਸ ਦੇ ਹਾਈਐਸਟ ਅਫਸਰਾਂ ਦੀਆਂ ਕੰਟਰਾਡਿਕਟਰੀ ਹਨ । ਅਸੀਂ ਕਿਸ ਤਰਾਂ ਤੁਵੱਕੋ ਕਰ ਸਕਦੇ ਹਾਂ ਇਨ੍ਹਾਂ ਕੋਲੋਂ ਕਿ ਸਟੇਟ ਵਿਚ ਸਭ ਕੁਝ ਠੀਕ ਢੰਗ ਨਾਲ ਚੱਲੇ । ਇਹ ਜਿਹੜਾ ਪੁਲੀਸ ਅਤੇ ਅਫਸਰਾਂ ਦਾ ਵਤੀਰਾ ਹੈ ਇਹ ਗਲਤ ਹੈ । ਪੁਲੀਸ ਸਰਕਾਰ ਦੇ ਇਸ਼ਾਰੇ ਤੇ ਆਪੋਜ਼ੀਸ਼ਨ ਨੂੰ ਦਬਾਉਣ ਵਾਸਤੇ ਹੀ ਹੈ । ਜੇ ਕਿਤੇ ਕਿਸੇ ਮਨਿਸਟਰ ਨੇ ਸਰਕਾਰੀ ਦੌਰੇ ਤੇ ਜਾਣਾ ਹੋਵੇ ਤਾਂ ਪੁਲਿਸ ਇਕ ਦਿਨ ਪਹਿਲਾਂ ਸ਼ਾਮ ਨੂੰ ਆਪੋਜ਼ੀਸ਼ਨ ਦੇ ਮੈਂਬਰਾਂ ਨੂੰ ਫੜਨਾ ਸ਼ੁਰੂ ਕਰ ਦਿੰਦੀ ਹੈ ।

ਮੈਂ ਸਮਾਣੇ ਦੀ ਗੱਲ ਕਰਦਾ ਹਾਂ ਕਿ ਉਥੇ ਦਫਾ 307 ਇਸ ਕਰਕੇ ਲਗਾਈ ਕਿ ਉਥੇ ਇਕ ਸੱਪ ਨਿਕਲ ਆਇਆ । ਇਹ ਉਥੇ 5 ਆਦਮੀਆਂ ਨੂੰ ਇਕ ਸੱਪ ਨਿਕਲਣ ਕਰਕੇ ਫੜ ਕੇ ਲੈ ਗਏ । ਉਹ 5 ਆਦਮੀ ਇਨ੍ਹਾਂ ਨੂੰ ਸੱਪ ਡਸਾਉਣ ਲਈ ਲਿਜਾ ਰਹੇ ਸਨ । ਸਪੀਕਰ ਸਾਹਿਬ, ਇਹ ਕੋਈ ਕਾਨੂੰਨ ਹੈ ? .. ..

ਸ਼੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਡਾਕਟਰ ਸਾਹਿਬ ਨੇ ਆਪਣੀ ਤਕਰੀਰ ਕਰਦਿਆਂ ਕਿਹਾ ਹੈ ਕਿ ਜੇ ਕਿਸੇ ਮਨਿਸਟਰ ਨੇ ਜਾਂ ਚੀਫ਼ ਮਨਿਸਟਰ ਨੇ ਸਰਕਾਰੀ ਦੌਰੇ ਤੇ ਜਾਣਾ ਹੋਵੇ ਤਾਂ ਪੁਲਿਸ ਵਾਲੇ ਦੋ ਦਿਨ ਪਹਿਲਾਂ ਆਪੋਜ਼ੀਸ਼ਨ ਵਾਲਿਆਂ ਨੂੰ ਫੜ ਲੈਂਦੇ ਹਨ । (ਵਿਘਨ)

ਸ਼੍ਰੀ ਸਪੀਕਰ : ਗੁਪਤਾ ਜੀ, ਤੁਸੀਂ ਆਪਣਾ ਪੁਆਇੰਟ ਆਫ਼ ਆਰਡਰ ਕਰੋ । (Gupta jee, you should confine yourself to the point of order.)

ਸ਼੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜੇ ਸਰਕਾਰ ਆਪੋਜ਼ੀਸ਼ਨ ਵਾਲਿਆਂ ਨੂੰ ਪਹਿਲਾਂ ਫੜ ਲੈਂਦੀ ਹੈ ਤਾਂ ਫਿਰ ਕਾਂਗਰਸ ਦੇ ਜਲਸਿਆਂ ਵਿਚ ਗੜ ਬੜ ਕਰਨ ਲਈ ਕਿਸ ਤਰ੍ਹਾਂ ਇਹ ਪਹੁੰਚ ਜਾਂਦੇ ਹਨ ।

ਡਾਕਟਰ ਬਲਦੇਵ ਪ੍ਰਕਾਸ਼ : ** ** **

Mr. Speaker : This is an aspersion on the hon. Members, it should be expunged.

ਸ਼੍ਰੀ ਪ੍ਰੇਮ ਗੁਪਤਾ : ਵਿਦਡਰਾ ਕਰਾਓ ਜੀ .. ..

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਐਕਸਪੰਜ ਕਰ ਦਿਤਾ ਹੈ, ਤੁਸੀਂ ਤਸ਼ਰੀਫ ਰਖ । (It has been expunged, please resume your seat.)

ਸ਼੍ਰੀ ਵਿਸ਼ਵਾ ਮਿਤਰ ਸੇਖੜੀ : * * *

Mr. Speaker : No point of order.

ਡਾਕਟਰ ਬਲਦੇਵ ਪ੍ਰਕਾਸ਼ : ਇਹੀ ਮੈਂ ਕਹਿ ਰਿਹਾ ਹਾਂ । ਮਰੇ ਕਹਿਣ ਦੇ ਬਾਅਦ ਵੀ ਜੇ ਇਹ ਉਠਾਈ ਜਾ ਰਹੇ ਹਨ ਤਾਂ ਇਨ੍ਹਾਂ ਦੀ ਮਰਜ਼ੀ । (ਵਿਘਨ)

ਸਪੀਕਰ ਸਾਹਿਬ, ਇਕ ਮੈਡੀਕਲ ਦੀ ਡਿਮਾਂਡ ਆਈ ਹੈ । ਮੇਰੇ ਤੋਂ ਪਹਿਲਾਂ ਬਰਾੜ ਸਾਹਿਬ ਨੇ ਕਿਹਾ ਸੀ ਕਿ ਸਾਡੇ ਪੰਜਾਬ ਵਿਚ ਕੋਈ 300 ਦੇ ਕਰੀਬ ਆਯੁਰਵੈਦਿਕ ਡਿਸਪੈਂਸਰੀਆਂ ਹਨ ਅੰਰ ਇਹ ਦੇਸ਼ ਵਿਚ ਸਾਡਾ ਪੁਰਾਣਾ ਸਿਸਟਮ ਆਫ ਮੈਡੀਸਨ ਹੈ । ਇਸ ਨੂੰ ਬਿਲਕੁਲ ਇਗਨੌਰ ਕੀਤਾ ਜਾ ਰਿਹਾ ਹੈ । ਇਹ ਬੇਹਤਰ ਹੋਵੇਗਾ ਜੇ ਸਰਕਾਰ ਇਸ ਦੇ ਵਾਸਤੇ ਇਕ ਸੈਪਰੇਟ ਡਾਇਰੈਕਟੋਰੇਟ ਬਣਾਏ । ਇਸ ਸਿਸਟਮ ਦੀਆਂ ਮੈਡੀਸਨਜ਼ ਵਲ ਠੀਕ ਢੰਗ ਨਾਲ ਧਿਆਨ ਨਹੀਂ ਦਿਤਾ ਜਾ ਰਿਹਾ, ਅਸੀਂ ਇਸ ਨੂੰ ਕਿਸੇ ਹੋਰ ਸਿਸਟਮ ਨਾਲ ਚਲਾ ਰਹੇ ਹਾਂ, ਇਹ ਠੀਕ ਨਹੀਂ ।

ਸਪੀਕਰ ਸਾਹਿਬ, ਪਬਲਿਸਿਟੀ ਡਿਮਾਂਡ ਵਿਚ ਵੀ ਰੁਪਏ ਦੀ ਮੰਗ ਕੀਤੀ ਗਈ ਹੈ । ਠੀਕ ਹੈ ਸਰਕਾਰ ਪਬਲਿਸਿਟੀ ਕਰੇ । ਲੇਕਿਨ ਜਿਸ ਢੰਗ ਨਾਲ ਸਰਕਾਰ ਕੁਝ ਗੱਲਾਂ ਕਰਦੀ ਹੈ ਉਸ ਤੇ ਮੈਨੂੰ ਇਤਰਾਜ਼ ਹੈ ਅੰਰ ਉਹ ਇਹ ਹੈ ਕਿ ਸਰਕਾਰੀ ਪੈਸੇ ਦੇ ਨਾਲ ਜਿਹੜੀ ਪਬਲਿਸਿਟੀ ਹੁੰਦੀ ਹੈ ਉਹ ਕਿਸੇ ਪਾਰਟੀ ਨੂੰ ਫ਼ਾਇਦਾ ਪਹੁੰਚਾਉਣ ਲਈ ਨਹੀਂ ਹੋਣੀ ਚਾਹੀਦੀ । ਰੀਸੈਂਟਲੀ ਸਰਦਾਰ ਊਧਮ ਸਿੰਘ ਦੀਆਂ ਅਸਥੀਆਂ ਆਈਆਂ ਅੰਰ ਉਸ ਦੀ ਆਮਦ ਵਿਚ ਸਰਕਾਰ ਨੇ ਬਹੁਤ ਸਾਰੇ ਰੁਪਏ ਦੀ ਮੰਗ ਕੀਤੀ ਹੈ । ਸਰਕਾਰ ਨੇ ਬਹੁਤ ਸਾਰੀ ਕੋਸ਼ਿਸ਼ ਇਹ ਕੀਤੀ ਹੈ ਕਿ ਉਸ ਦਾ ਕਰੈਡਿਟ ਕਾਂਗਰਸ ਪਾਰਟੀ ਨੂੰ ਦਿਤਾ ਜਾਏ । ਸਾਰੀ ਪੰਜਾਬ ਦੀ ਜਨਤਾ ਨੇ ਉਨ੍ਹਾਂ ਅਸਥੀਆਂ ਦਾ ਸੁਆਗਤ ਕੀਤਾ ਅਤੇ ਸ਼ਰਧਾ ਭੇਂਟ ਕੀਤੀ । ਖੁਸ਼ੀ ਨਾਲ ਇਹ ਡਿਮਾਂਡ ਮੰਨ ਲੈਣੀ ਚਾਹੀਦੀ ਹੈ ਪਰ ਇਸ ਕੰਮ ਵਿਚ ਵੀ ਸਰਕਾਰ ਆਪਣੀ ਪਾਰਟੀ ਦੀ ਸ਼ੋ ਵਾਸਤੇ ਚਲ ਪਈ । ਬਾਕੀ ਪਾਰਟੀਆਂ ਨੂੰ ਪੁੱਛਿਆ ਤਕ ਨਹੀਂ ਗਿਆ । ਜਦੋਂ ਅਖਬਾਰਾਂ ਵਿਚ ਆਇਆ ਤਾਂ ਬਾਅਦ ਵਿਚ ਆਪੋਜ਼ੀਸ਼ਨ ਪਾਰਟੀਆਂ ਨੂੰ ਬੁਲਾਇਆ ਗਿਆ । ਅਸੀਂ ਚੀਫ ਮਨਿਸਟਰ ਸਾਹਿਬ ਨੂੰ ਚੰਡੀਗੜ ਮਿਲਣ ਲਈ ਆਏ ਤਾਂ ਉਨ੍ਹਾਂ ਨੇ ਸਾਨੂੰ ਕਿਹਾ ਕਿ ਇਹ ਗੱਲ ਰਹਿ ਗਈ ਹੈ ਕਿ ਅਸੀਂ ਤੁਹਾਨੂੰ ਸਮੇਂ ਸਿਰ ਬੁਲਾ ਨਹੀਂ ਸਕੇ । ਮੇਰਾ ਚੀਫ ਮਨਿਸਟਰ ਸਾਹਿਬ ਨੂੰ ਕਹਿਣ ਦਾ ਭਾਵ ਇਹ ਹੈ ਕਿ ਇਹੋ ਜਿਹੀਆਂ ਜਿਹੜੀਆਂ ਗੱਲਾਂ ਹੁੰਦੀਆਂ ਹਨ ਇਹ ਸਾਂਝੀਆਂ ਹੁੰਦੀਆਂ ਹਨ, ਸਾਂਝਾ ਰੁਪਈਆ ਖਰਚ ਹੋਵੇ । ਇਹ ਨਹੀਂ ਕਿ ਜੋ ਮਰਜ਼ੀ ਆਏ ਪਾਰਟੀ ਵਾਸਤੇ ਕੀਤਾ ਜਾਏ । ਅਸੀਂ ਬਿਆਸਾ ਦੇ ਪੁਲ ਤੇ .. .. ।

ਚੌਧਰੀ ਰਾਮ ਸਿੰਘ : * * *

(ਵਿਘਨ)

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਚੌਧਰੀ ਸਾਹਿਬ, ਤਸ਼ਰੀਫ਼ ਰਖੋ । (ਵਿਘਨ) (Chaudhri Sahib, please resume your seat.) (*Interruption*)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਕੀ ਇਹ ਪੁਆਇੰਟ ਆਫ ਆਰਡਰ ਹੈ ?

ਸ਼੍ਰੀ ਸਪੀਕਰ : ਨਹੀਂ ਜੀ । (No please.)

ਸ਼੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਸ਼ਹੀਦ ਊਧਮ ਸਿੰਘ ਦੇ ਜਲੂਸ ਨੂੰ, ਸਾਰੇ ਫੰਕਸ਼ਨ ਨੂੰ ਡਾਕਟਰ ਸਾਹਿਬ ਨੇ ਆਪਣੇ ਵਿਚਾਰ ਦੱਸਦਿਆਂ ਕਿਹਾ ਹੈ ਕਿ ਕਾਂਗਰਸ ਨੇ ਪਾਰਟੀ ਬਾਜ਼ੀ ਬਣਾਉਣ ਦੀ ਕੋਸ਼ਿਸ਼ ਕੀਤੀ ਹੈ । ਮੈਂ ਕਹਿੰਦਾ ਹਾਂ ਕਿ ਇਹ ਕੋਈ ਸਰਕਾਰ ਦਾ ਮਨਸ਼ਾ ਨਹੀਂ ਸੀ । (ਵਿਘਨ) ਮੈਂ ਡਾਕਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਨਸੰਘ ਦਾ ਝੰਡਾ ਲੈ ਕੇ ਕਿਉਂ ਜਲੂਸ ਲੈ ਗਏ ਸਨ । ਕੀ ਇਹ ਬਗੈਰ ਝੰਡੇ ਦੇ ਨਹੀਂ ਸੀ ਜਾ ਸਕਦੇ ?

ਜਥਦਾਰ ਗੁਰਬਚਨ ਸਿੰਘ : * * *

ਸ਼੍ਰੀ ਸਪੀਕਰ : ਇਹ ਮੈਂਬਰ ਸਾਹਿਬ ਜੋ ਕੁਝ ਬਗੈਰ ਪਰਮਿਸ਼ਨ ਦੇ ਬੋਲ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (Whatever the hon. Member is saying without the permission of the Chair, should not be recorded.)

ਸਰਦਾਰ ਗੁਰਮੇਜ਼ ਸਿੰਘ : * * *

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order.)

ਸਰਦਾਰ ਅਜਾਇਬ ਸਿਘ ਸੰਧੂ : * * *

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order.)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਜਿਹੜੀਆਂ ਇਹ ਲੈ ਕੇ ਆਏ ਹਨ ਉਸ ਵਾਸਤੇ ਜਿਤਨਾ ਵੀ ਕਰੈਡਿਟ ਮਿਲਣਾ ਚਾਹੀਦਾ ਹੈ ਅਤੇ ਜਿਤਨੀ ਤਾਰੀਫ਼ ਇਨ੍ਹਾਂ ਦੀ ਕਰਨੀ ਚਾਹੀਦੀ ਹੈ, ਮੈਂ ਉਸਦੇ ਵਿਚ ਆਪਣੇ ਆਪ ਨੂੰ ਸ਼ਾਮਿਲ ਕਰਦਾ ਹਾਂ ।

ਸਰਦਾਰ ਪ੍ਰਿਥੀਪਾਲ ਸਿੰਘ : * * *

---

*Not recorded/Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਮੈਂ ਮੈਂਬਰ ਸਾਹਿਬਾਨ ਨੂੰ ਰਿਕੁਐਸਟ ਕਰਾਂਗਾ ਕਿ ਪੁਆਇੰਟ ਆਫ ਆਰਡਰ ਦਾ ਮਿਸਯੂਜ ਨਾ ਕਰਨ। (I would request the hon. Members not to misuse the facility of point of order.)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਜੇ ਪਾਰਟੀਆਂ ਪਰਾਪੇਗੰਡਾ ਕਰਦੀਆਂ ਹਨ ਤਾਂ ਮੈਨੂੰ ਉਸ ਤੇ ਕੋਈ ਇਤਰਾਜ਼ ਨਹੀਂ। ਹਰ ਪਾਰਟੀ ਪਰਾਪੇਗੰਡਾ ਕਰਦੀ ਹੈ। ਸਪੀਕਰ ਸਾਹਿਬ, ਕਾਂਗਰਸ ਪਾਰਟੀ ਇਹ ਕਹਿੰਦੀ ਰਹੀ ਕਿ ਫਿਰਕਾਪ੍ਰਸਤੀ ਨੂੰ ਖਤਮ ਕਰਨ ਵਾਲੇ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਆਈਆਂ ਹਨ। ਉਹ ਤਾਂ ਇੰਗਲੈਂਡ ਅੰਗਰੇਜ਼ਾਂ ਤੋਂ ਬਦਲਾ ਲੈਣ ਗਏ ਸੀ ਕੋਈ ਫਿਰਕਾਪ੍ਰਸਤੀ ਨਹੀਂ ਮਿਟਾਉਣ ਗਏ ਸੀ। (ਘੰਟੀ)

ਅਜ, ਸਪੀਕਰ ਸਾਹਿਬ, ਬਹੁਤ ਸਾਰੇ ਮਹਿਕਮੇ ਐਸੇ ਹਨ ਜਿਨ੍ਹਾਂ ਦੇ ਵਿਚ ਸਰਕਾਰੀ ਮੁਲਾਜ਼ਮਾਂ ਨੂੰ ਤਨਖਾਹਾਂ ਨਹੀਂ ਮਿਲੀਆਂ। ਇਰੀਗੇਸ਼ਨ ਡਿਪਾਰਟਮੈਂਟ ਦੇ ਇਨਵੈਸਟੀਗੇਸ਼ਨ ਸਰਕਲ, ਚੰਡੀਗੜ, ਦੇ ਸਟਾਫ ਨੂੰ 6 ਮਹੀਨੇ ਤੋਂ ਤਨਖਾਹ ਨਹੀਂ ਮਿਲੀ। ਅੱਜ ਦੀ ਮੰਹਿਗਾਈ ਵਿਚ ਸਰਕਾਰੀ ਕਰਮਚਾਰੀ ਕਿਸ ਤਰ੍ਹਾਂ ਬਿਨਾਂ ਤਨਖਾਹ ਦੇ ਆਪਣੇ ਬੱਚਿਆਂ ਦਾ ਪੇਟ ਪਾਲ ਸਕਦਾ ਹੈ। ਇਸ ਤਰ੍ਹਾਂ ਦਾ ਇਨਜਸਟਿਸ ਹੋ ਰਿਹਾ ਹੈ। ਇਹੋ ਜਿਹੇ ਕੇਸਾਂ ਵਿਚ ਮਨਿਸਟਰ ਸਾਹਿਬ ਨੂੰ ਇਨਕੁਆਇਰੀ ਕਰਵਾ ਕੇ ਕਾਰਵਾਈ ਕਰਨੀ ਚਾਹੀਦੀ ਹੈ।

ਸਰਕਾਰ ਨੇ ਜਿਹੜੀ ਫਿਲਮ ਕਾਰਪੋਰੇਸ਼ਨ ਬਣਾਈ ਹੈ ਅਤੇ ਇਸ ਦੇ ਲਈ ਪੰਜ ਕਰੋੜ ਰੁਪਿਆ ਸਰਕਾਰ ਨੇ ਲਗਾਉਣਾ ਹੈ, ਇਸ ਦੇ ਮੁਤੱਲਿਕ ਮੈਂ ਇਕ ਦੋ ਗੱਲਾਂ ਕਰਨੀਆਂ ਚਾਹੁੰਦਾ ਹਾਂ। ਇਹ ਬਿਲਕੁਲ ਵੇਸਟੇਜ ਆਫ ਮਨੀ ਹੈ। ਇਹ ਸਰਕਾਰ ਦਾ ਪੈਸਾ ਵਿਅਰਥ ਜਾਵੇਗਾ। ਪਿਕਚਰਾਂ ਲਈ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਵੇਲੇ ਵੀ ਲੱਖਾਂ ਰੁਪਏ ਐਡਵਾਂਸ ਦੇ ਤੌਰ ਤੇ ਦਿਤੇ ਗਏ ਸਨ। ਉਹ ਨਹੀਂ ਮਿਲਿਆ। ਉਸ ਦੇ ਬਾਅਦ ਫਿਰ ਚੇਤਨ ਅਨੰਦ ਨੂੰ 10 ਲੱਖ ਰੁਪਿਆ ਪੰਜਾਬ ਸਰਕਾਰ ਨੇ ਲੋਨ ਦਿਤਾ ਸੀ ਉਹ ਵਾਪਸ ਨਹੀਂ ਮਿਲਿਆ। ਉਸ ਵਾਸਤੇ ਅਸੀਂ ਹੁਣ ਮੁਕੱਦਮਾ ਕਰ ਰਹੇ ਹਾਂ। ਇਸ ਦੇ ਬਾਵਜੂਦ ਵੀ ਅਸੀਂ ਫਿਲਮਾਂ ਦੇ ਝਗੜੇ ਵਿਚ ਪੈ ਗਏ ਹਾਂ। (ਵਿਘਨ)

ਸ਼੍ਰੀ ਸਪੀਕਰ : ਡਾਕਟਰ ਸਾਹਿਬ ਤਸ਼ਰੀਫ ਰਖੋ। (Doctor Sahib, please resume your seat.)

Original with;
Punjab Vidhan Sabha
Digitized by;
Panj... Digital Library

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਸਾਨੂੰ ਵੀ ਬੋਲਣ ਲਈ ਟਾਈਮ ...ਣਾ ਚਾਹੀਦਾ ਹੈ । ਬੇਸ਼ਕ ਟਾਈਮ ਵਧਾ ਦਿਉ ।

ਸ਼੍ਰੀ ਸਪੀਕਰ : ਟਾਈਮ ਅਗੇ ਹੀ ਐਕਸਟੈਂਡ ਕੀਤਾ ਜਾ ਚੁਕਿਆ ਹੈ । ਹੁਣ ਹੋਰ ਜ਼ਿਆਦਾ ਐਕਸਟੈਂਡ ਨਹੀਂ ਕਰਨਾ । (The time of the sitting of the House has already been extended. It cannot be extended further.)

ਵਿੱਤ ਮੰਤਰੀ (ਸ਼੍ਰੀ ਹੰਸ ਰਾਜ ਸ਼ਰਮਾ) : ਸਪੀਕਰ ਸਾਹਿਬ, ਕਲ੍ਹ ਜਿਹੜੀਆਂ ਸਪਲੀਮੈਂਟਰੀ ਡਿਮਾਂਡਜ਼ ਹਾਊਸ ਨੇ ਪਾਸ ਕੀਤੀਆਂ ਸਨ ਉਨ੍ਹਾਂ ਦੇ ਸਬੰਧ ਵਿਚ ਐਪਰੋਪਰੀਏਸ਼ਨ ਬਿਲ ਸਦਨ ਦੇ ਸਾਹਮਣੇ ਪੇਸ਼ ਹੈ । ਉਨ੍ਹਾਂ ਡਿਮਾਂਡਜ਼ ਤੋਂ ਬਾਹਰ ਵੀ ਜਾ ਕੇ ਕੁਝ ਦੋਸਤਾਂ ਨੇ ਆਪਣੇ ਖਿਆਲਾਤ ਦਾ ਇਜ਼ਹਾਰ ਕੀਤਾ ਹੈ। ਬਰਾੜ ਸਾਹਿਬ ਨੇ ਕਿਹਾ ਸੀ ਕਿ ਹਰੀਜਨਾਂ ਲਈ ਬੜਾ ਥੋੜ੍ਹਾ ਰੁਪਿਆ ਰਖਿਆ ਗਿਆ ਹੈ ।

ਸ਼੍ਰੀ ਸਪੀਕਰ : ਤੁਸੀਂ 15 ਮਿੰਟ ਤਾਂ ਲਵੋਗੇ । (I suppose you will take 15 minutes.)

ਵਿੱਤ ਮੰਤਰੀ : ਨਹੀਂ ਜੀ 20 ਮਿੰਟ ਤਾਂ ਲਵਾਂਗਾ ਹੀ ।

ਸ਼੍ਰੀ ਸਪੀਕਰ : ਗਿਲੋਟੀਨ 1.15 ਵਜੇ ਅਪਲਾਈ ਕੀਤਾ ਜਾਵੇਗਾ । (The Guillotine will be applied at 1.15 P.M.)

ਵਿੱਤ ਮੰਤਰੀ : ਸਪੀਕਰ ਸਾਹਿਬ, ਜਿਥੋਂ ਤਕ ਇਹ ਕਿਹਾ ਗਿਆ ਹੈ ਕਿ ਹਰੀਜਨਾਂ ਲਈ ਪੈਸਾ ਥੋੜ੍ਹਾ ਰਖਿਆ ਗਿਆ ਹੈ ਮੈਂ ਇਸ ਸਬੰਧ ਵਿਚ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਾਲ 1971-72 ਵਿਚ 1 ਕਰੋੜ ਰੁਪਿਆ ਰਖਿਆ ਗਿਆ ਸੀ ਹਰੀਜਨਾਂ ਦੀ ਵੈਲਫੇਅਰ ਵਾਸਤੇ ਅਤੇ ਇਹ ਹੁਣ ਵਧਾ ਕੇ 74-75 ਵਿਚ ਸਾਢੇ 5 ਕਰੋੜ ਕਰ ਦਿਤਾ ਹੈ । ਇਹ ਚੀਜ਼ ਇਹ ਚੈਕ-ਅੱਪ ਕਰ ਸਕਦੇ ਹਨ । ਇਸ ਤੋਂ ਇਲਾਵਾ ਹੁਣ ਇਨ੍ਹਾਂ ਡਿਮਾਂਡਜ਼ ਵਿਚ ਵੀ 21 ਲੱਖ ਰੁਪਿਆ ਹੋਰ ਮੰਗਿਆ ਜਾ ਰਿਹਾ ਹੈ । ਇਹ ਹਰੀਜਨਾਂ ਦੇ ਮਕਾਨਾਂ ਵਾਸਤੇ ਜੈਂਤੀ ਵਿਲੇਜ ਸਕੀਮ ਦੇ ਤਹਿਤ ਖਰਚ ਹੋਵੇਗਾ । ਜਿਹੜਾ ਬਾਕੀ ਕੰਮ ਹਰੀਜਨਾਂ ਦੀਆਂ ਧਰਮਸ਼ਾਲਾਵਾਂ ਬਣਾਉਣ ਦਾ ਹੈ ਅਤੇ ਹਰੀਜਨ ਬਸਤੀਆਂ ਦੀ ਇਨਵਾਇਰਨਮੈਂਟਲ ਇੰਪਰੂਵਮੈਂਟ ਦਾ ਹੈ ਉਸ ਬਾਰੇ ਮੈਂ ਜ਼ਿਕਰ ਕਰ ਚੁੱਕਾ ਹਾਂ ਕਿ ਅਸੀਂ ਹਰੀਜਨ ਵੈਲਫੇਅਰ ਵਾਸਤੇ ਕੁਲ ਸਾਢੇ ਪੰਜ ਕਰੋੜ ਰੁਪਿਆ ਇਸ ਸਾਲ ਵਿਚ ਖਰਚ ਕਰਨਾ ਹੈ । ਡਾਕਟਰ ਬਲਦੇਵ ਪ੍ਰਕਾਸ਼ ਜੀ ਨੇ ਕੁਝ ਐਸੀਆਂ ਗੱਲਾਂ ਕਹੀਆਂ ਹਨ ਜਿਨ੍ਹਾਂ ਦਾ ਤੁਅੱਲਕ ਪੁਲਿਸ ਦੇ ਨਾਲ ਹੈ ਅਤੇ ਦੂਜੇ ਵੀ ਕੁਝ ਸਾਥੀਆਂ ਨੇ ਪੁਲਿਸ ਦਾ ਜ਼ਿਕਰ ਕੀਤਾ ਹੈ । ਸਪੀਕਰ ਸਾਹਿਬ, ਗੌਰਮਿੰਟ ਆਫ਼ ਇੰਡੀਆ ਨੇ ਇਹ ਮਹਿਸੂਸ ਕੀਤਾ ਹੈ ਕਿ ਸਾਨੂੰ ਸਟੇਟ ਦੀ ਪੁਲਿਸ ਨੂੰ ਡਿਵੈਲਪਡ ਕੰਟਰੀਜ਼ ਵਾਂਗ ਨਵੇਂ ਢੰਗਾਂ ਨਾਲ ਅਤੇ ਨਵੇਂ ਇਕੁਅਪਮੈਂਟ ਦੇ ਕੇ ਤਿਆਰ ਕਰਨਾ ਚਾਹੀਦਾ ਹੈ । ਜਿਹੜੇ ਕ੍ਰਿਮੀਨਲ ਹਨ, ਸਮੱਗਲਰਜ਼ ਹਨ ਅਤੇ ਹੋਰ ਜਿਹੜੇ ਐਂਟੀ-ਸੋਸ਼ਲ ਐਲੀਮੈਂਟਸ ਹਨ ਉਨ੍ਹਾਂ ਦੇ ਖਿਲਾਫ਼ ਪੁਲਿਸ ਨੇ ਬੜਾ ਕੰਡੈਮਨੇਬਲ ਕੰਮ ਕੀਤਾ ਹੈ । ਡਾਕਟਰ ਸਾਹਿਬ ਅੰਮ੍ਰਿਤਸਰ ਵਿਚ ਰਹਿੰਦੇ ਹਨ । ਇਨ੍ਹਾਂ ਨੂੰ ਪਤਾ ਨਹੀਂ ਕਿ ਐਂਟੀ-ਸੋਸ਼ਲ

Original with;
Punjab Vidhan Sabha
Digitized by;
Panjab Digital Library

ਐਲੀਮੈਂਟ ਕੋਲ ਨਵੇਂ ਤੋਂ ਨਵੇਂ ਇਕੁਅਪਮੈਂਟ ਇਸ ਵਕਤ ਹਨ । ਜਦ ਤਕ ਪੁਲਿਸ ਕੋਲ ਉਨ੍ਹਾਂ ਤੋਂ ਜ਼ਿਆਦਾ ਇਕੁਅਪਮੈਂਟ ਨਹੀਂ ਹੋਣਗੇ, ਤਾਂ ਲਾਜ਼ਮੀ ਤੌਰ ਤੇ ਇਨ੍ਹਾਂ ਐਂਟੀ-ਸੋਸ਼ਲ ਈਵਲਜ਼ ਨੂੰ ਪੁਲਿਸ ਖਤਮ ਨਹੀਂ ਕਰ ਸਕੇਗੀ । ਜਦੋਂ ਵੀ ਸਮੱਗਲਰਜ਼ ਦਾ ਮੁਕਾਬਲਾ ਕਰਨ ਲਈ ਪੁਲਿਸ ਨੂੰ ਮਾਡਰੇਨਾਈਜ਼ ਕਰਨ ਦਾ ਜ਼ਿਕਰ ਹੁੰਦਾ ਹੈ ਤਾਂ ਡਾਕਟਰ ਸਾਹਿਬ ਨੂੰ ਪਤਾ ਨਹੀਂ ਕਿਉਂ ਖਤਰਾ ਪੈਦਾ ਹੋ ਜਾਂਦਾ ਹੈ ਕਿ ਕਿਤੇ ਇਸ ਦਾ ਕੋਈ ਪੁਲੀਟੀਕਲ ਮਕਸਦ ਤਾਂ ਨਹੀਂ । ਮੈਂ ਸਮਝਦਾ ਹਾਂ ਕਿ ਜੇ ਚੰਗੇ ਕੰਮ ਦੀ ਤਾਰੀਫ ਨਹੀਂ ਕਰਨੀ ਤਾਂ ਠੀਕ ਗੱਲ ਨਹੀਂ । ਅਸੀਂ ਪੁਲਿਸ ਨੂੰ ਕਿਸੇ ਪੁਲਿਟੀਕਲ ਮਕਸਦ ਵਾਸਤੇ ਮਾਡਰੇਨਾਈਜ਼ ਨਹੀਂ ਕਰ ਰਹੇ। ਇਥੇ ਕਿਹਾ ਗਿਆ ਕਿ ਜਲਸੇ ਵਿਚ ਗੋਲੀ ਚਲਾਈ ਗਈ । ਇਹ ਫੈਸਲਾ ਕਰਕੇ ਅਖਬਾਰਾਂ ਵਿਚ ਦਿੰਦੇ ਹਨ ਕਿ ਅਸੀਂ ਕਿਸੇ ਜਲਸੇ ਨੂੰ ਨਹੀਂ ਹੋਣ ਦਿਆਂਗੇ ਅਤੇ ਗੜਬੜ ਕਰਾਂਗੇ । ਅਗਰ ਕੋਈ ਆਦਮੀ ਇਨ੍ਹਾਂ ਦੇ ਕੰਮਾਂ ਤੋਂ ਤੰਗ ਆ ਕੇ, ਇਨ੍ਹਾਂ ਦੇ ਫਿਰਕਾਪ੍ਰਸਤੀ ਦੇ ਪ੍ਰਚਾਰ ਤੋਂ ਤੰਗ ਆ ਕੇ, ਇਨ੍ਹਾਂ ਦੇ ਹਰ ਜਲਸੇ ਵਿਚ ਗੜਬੜ ਕਰਨ ਤੋਂ ਤੰਗ ਆ ਕੇ ਇਸ ਤਰ੍ਹਾਂ ਦਾ ਕੰਮ ਕਰਦਾ ਹੈ ਤਾਂ ਵੀ ਪੁਲਿਸ ਨੇ ਉਸ ਨੂੰ ਮੁਆਫ ਨਹੀਂ ਕੀਤਾ ।

ਸਰਦਾਰ ਅਜਾਇਬ ਸਿੰਘ ਸੰਧੂ : ਤੁਸੀਂ ਕਿਉਂ ਗਲਤ ਬਿਆਨੀ ਕਰ ਰਹੇ ਹੋ। ਉਸ ਭਗਵਾਨ ਦਾਸ ਦੇ ਮੁੰਡਿਆਂ ਨੂੰ ਹਾਲੇ ਤਕ ਵੀ ਨਹੀਂ ਫੜਿਆ ਗਿਆ ।

ਵਿੱਤ ਮੰਤਰੀ : ਜਿਸ ਕਾਂਗਰਸੀ ਨੂੰ ਜ਼ਖਮੀ ਕੀਤਾ ਗਿਆ ਉਸ ਦਾ ਜ਼ਿਕਰ ਤੱਕ ਵੀ ਨਹੀਂ ਕੀਤਾ ।

ਸਰਦਾਰ ਅਜਾਇਬ ਸਿੰਘ ਸੰਧੂ : ਉਹ ਉਥੇ ਪ੍ਰਸ਼ਾਦ ਲੈਣ ਗਿਆ ਸੀ ।

ਸ਼੍ਰੀ ਵਿਸ਼ਵਾ ਮਿਤਰ ਸੇਖੜੀ : * * * *

ਸਰਦਾਰ ਜਸਦੇਵ ਸਿੰਘ ਸੰਧੂ : ਗਲਤ ਹੈ, ਗਲਤ ਹੈ ।

Mr. Speaker : No interruption please.

ਸਰਦਾਰ ਹਰਬੰਸ ਸਿੰਘ ਜਲਾਲ : * * * *

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : * * * *

ਸਰਦਾਰ ਹਰਬੰਸ ਸਿੰਘ ਜਲਾਲ : * * * *

ਸ਼੍ਰੀ ਸਪੀਕਰ : ਜੋ ਕੁਝ ਜਲਾਲ ਜੀ ਨੇ ਕਿਹਾ ਹੈ, ਇਹ ਰਿਕਾਰਡ ਦਾ ਪਾਰਟ ਨਾ ਬਣੇ । (Whatever Jalal Sahib has said should not form part of the proceedings.)

ਸਰਦਾਰ ਅਜਾਇਬ ਸਿੰਘ ਸੰਧੂ : ਉਹ ਵੀ ਜਿਹੜਾ ਸੇਖੜੀ ਸਾਹਿਬ ਨੇ ਕਿਹਾ ਹੈ ।

ਸ਼੍ਰੀ ਸਪੀਕਰ : ਹਾਂ ਜੀ । (Yes please.)

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਰਦਾਰੀ ਲਾਲ ਕਪੂਰ : * * * *

ਸ਼੍ਰੀ ਸਪੀਕਰ : ਇਹ ਪੁਆਇੰਟ ਆਫ ਆਰਡਰ ਤਾਂ ਨਹੀਂ । ਇਨਫਰਮੇਸ਼ਨ ਲੈ ਸਕਦੇ ਹੋ । (This is no point of order. You may seek information.)

ਵਿੱਤ ਮੰਤਰੀ : ਸਪੀਕਰ ਸਾਹਿਬ, ਇਹ ਐਵੇਂ ਹੀ ਇਨਟਰੱਪਟ ਕਰੀ ਜਾਂਦੇ ਹਨ । ਇਹ ਰਿਵਾਇਤ ਗਲਤ ਹੈ ਕਿ ਹਾਊਸ ਨੂੰ ਇਸ ਤਰੀਕੇ ਨਾਲ ਐਕਸਟੈਂਡ ਹਰ ਦਫਾ ਕੀਤਾ ਜਾਂਦਾ ਰਹੇ, ਇਸ ਦਾ ਕੋਈ ਫਾਇਦਾ ਨਹੀਂ । (ਸ਼ੋਰ)

ਸਰਦਾਰ ਗੁਰਦੇਵ ਸਿੰਘ ਸਿਧੂ : * * * *

Mr. Speaker : No point of order.

ਵਿੱਤ ਮੰਤਰੀ : ਸਪੀਕਰ ਸਾਹਿਬ, ਜਦੋਂ ਅਕਾਲੀ ਪਾਰਟੀ ਦਾ ਪੰਜਾਬ ਵਿਚ ਰਾਜ ਰਿਹਾ ਅਤੇ ਜਦੋਂ ਜਨਸੰਘ ਦਾ ਰਾਜ ਰਿਹਾ ਉਸ ਵੇਲੇ ਇਹ ਆਪ ਜਾਣਦੇ ਹਨ ਕਿ ਪੰਜਾਬ ਵਿਚ ਕਿੰਨਾ ਤਸ਼ੱਦਦ ਕੀਤਾ ਜਾਂਦਾ ਰਿਹਾ ਹੈ । ਇਸ ਬਾਰੇ ਆਪ ਨੂੰ ਵੀ ਯਾਦ ਹੋਵੇਗਾ, ਖਾਸ ਤੌਰ ਤੇ ਸ਼ਹਿਰਾਂ ਦੇ ਅੰਦਰ, ਸਪੀਕਰ ਸਾਹਿਬ, ਕਿਸ ਢੰਗ ਨਾਲ ਪੁਲਿਸ ਨੇ ਜ਼ੁਲਮ ਕੀਤੇ । ਇਹ ਆਪੋਜ਼ੀਸ਼ਨ ਉਸ ਵੇਲੇ ਕਾਂਗਰਸ ਨੂੰ ਕਰੱਸ਼ ਕਰਨ ਵਾਸਤੇ, ਪੰਜਾਬ ਦੇ ਰਾਜ ਭਾਗ ਵਿਚ ਸੀ । ਮੈਂ ਤਾਂ ਇਹ ਸਮਝਦਾ ਹਾਂ ਕਿ ਕਾਂਗਰਸ ਨਾਨ-ਵਾਇਲੈਂਸ ਤੇ ਵਿਸ਼ਵਾਸ਼ ਰਖਦੀ ਹੈ, ਤਸ਼ੱਦਦ ਤੇ ਵਿਸ਼ਵਾਸ਼ ਨਹੀਂ ਰਖਦੀ । (ਸ਼ੋਰ)

ਸਪੀਕਰ ਸਾਹਿਬ, ਮੈਂ ਤਾਂ ਕਹਿੰਦਾ ਹਾਂ ਕਿ ਜਿਸ ਪਾਰਟੀ ਦੇ ਦਿਮਾਗ ਵਿਚ ਹੋਵੇ ਕਿ ਉਸ ਨੇ ਦੂਸਰੀ ਪਾਰਟੀ ਦੇ ਜਲਸੇ ਨੂੰ ਨਹੀਂ ਚਲਣ ਦੇਣਾ ਅਸੀਂ ਉਨ੍ਹਾਂ ਨੂੰ ਇਸ ਗਲ ਦੀ ਬਿਲਕੁਲ ਇਜਾਜ਼ਤ ਨਹੀਂ ਦੇਵਾਂਗੇ । ਚਾਹੇ ਉਹ ਕਾਂਗਰਸ ਪਾਰਟੀ ਦਾ ਜਲਸਾ ਹੋਵੇ ਚਾਹੇ ਉਹ ਜਨਸੰਘੀਆਂ ਦਾ ਜਲਸਾ ਹੋਵੇ, ਚਾਹੇ ਕਮਿਊਨਿਸਟਾਂ ਦਾ ਜਲਸਾ ਹੋਵੇ ਜਾਂ ਉਹ ਜਲਸਾ ਅਕਾਲੀਆਂ ਦਾ ਹੋਵੇ । ਕੋਈ ਵੀ ਪਾਰਟੀ ਕਿਸੇ ਵੀ ਦੂਸਰੀ ਪਾਰਟੀ ਦੇ ਵਿਚ ਤਸ਼ੱਦਦ ਨਹੀਂ ਕਰ ਸਕਦੀ ।

ਸਰਦਾਰ ਅਜਾਇਬ ਸਿੰਘ ਸੰਧੂ : * * * *

Mr. Speaker : No point of order.

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਅਰਜ਼ ਕੀਤੀ ਹੈ ਕਿ ਚਾਹੇ ਉਹ ਕਾਂਗਰਸੀਆਂ ਦਾ ਜਲਸਾ ਹੋਵੇ, ਚਾਹੇ ਉਹ ਜਨਸੰਘੀਆਂ ਦਾ ਹੋਵੇ ਅਤੇ ਚਾਹੇ ਉਹ ਅਕਾਲੀਆਂ ਦਾ ਹੋਵੇ ਕਿਸੇ ਵੀ ਹੋਰ ਪਾਰਟੀ ਨੂੰ ਇਜਾਜ਼ਤ ਨਹੀਂ ਕਿ ਉਸ ਵਿਚ ਗੜਬੜ ਕਰੇ । ਇਨਾਂ ਨੂੰ ਬਿਲਕੁਲ ਇਸ ਗਲ ਦੀ ਇਜਾਜ਼ਤ ਨਹੀਂ ਕਿ ਕੋਈ ਤਸ਼ਦਦ ਦੀ ਕਾਰਵਾਈ ਕਰਕੇ ਕਿਸੇ ਜਮਹੂਰੀਅਤ ਅਦਾਰੇ ਨੂੰ ਖਤਮ ਕਰਨ ਜਾਂ ਕਿਸੇ ਜਮਹੂਰੀਅਤ ਦੀ ਐਕਟੀਵਿਟੀ ਨੂੰ ਖਤਮ ਕਰਨ । (ਸ਼ੋਰ)

Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਇਨ੍ਹਾਂ ਨੂੰ ਪੁਲਿਸ ਦਾ ਧੰਨਵਾਦ ਕਰਨਾ ਚਾਹੀਦਾ ਹੈ ਕਿ ਇਹ ਅਮਨ ਅਤੇ ਸ਼ਾਂਤੀ ਨਾਲ ਜਲਸੇ ਅਤੇ ਜਲੂਸ ਕਰਦੇ ਫਿਰਦੇ ਹਨ, ਇਹ ਪੁਲਿਸ ਦੀ ਮਿਹਰਬਾਨੀ ਕਰਕੇ ਹੀ ਹੈ । ਬਾਕੀ ਸੂਬਿਆਂ ਵਿਚ ਜਿਥੇ ਵੀ ਗੜਬੜ ਹੋਈ ਅਤੇ ਉਸ ਗੜਬੜ ਤੋਂ ਬਾਅਦ ਅਸੈਂਬਲੀ ਡੀਜ਼ੌਲਵ ਹੋਈ, ਮੈਂ ਗੁਜਰਾਤ ਦੀ ਗੱਲ ਕਰ ਰਿਹਾ ਹਾਂ, ਨਾ ਉਥੇ ਮਹਿੰਗਾਈ ਹਟੀ ਅਤੇ ਨਾ ਹੀ ਉਥੋਂ ਕੁਰੱਪਸ਼ਨ ਹਟੀ । ਇਨ੍ਹਾਂ ਪਾਰਟੀਆਂ ਨੇ ਕੋਈ ਕੰਨਸਟ੍ਰਕਟਿਵ ਕੰਮ ਨਾ ਕੀਤਾ । They want to Scuttle democracy in the country.

ਸਪੀਕਰ ਸਾਹਿਬ, ਪੁਲਿਸ ਜਿਥੇ ਲਾਅ ਐਂਡ ਆਰਡਰ ਮੇਨਟੇਨ ਕਰਦੀ ਹੈ ਜਿਥੇ ਐਂਟੀ ਸੋਸ਼ਲ ਐਲੀਮੈਂਟ ਨੂੰ ਪਕੜਦੀ ਹੈ ਉਥੇ ਇਹ ਮਹਿਸੂਸ ਕਰਦੇ ਹਨ ਕਿ ਪੁਲਿਸ ਇਨ੍ਹਾਂ ਦੀ ਪਾਰਟੀ ਦੇ ਜਲਸਿਆਂ ਵਿਚ ਕੋਈ ਗੜਬੜ ਕਰ ਰਹੀ ਹੈ ਅਤੇ ਇਹ ਕਹਿੰਦੇ ਹਨ ਕਿ ਪੁਲਿਸ ਸਾਡੀ ਪਾਰਟੀ ਦੇ ਜਲਸੇ ਵਿਚ ਗੜਬੜ ਕਰਦੀ ਹੈ । ਪਰ ਅਸਲ ਵਿਚ ਪੁਲਿਸ ਉਥੇ ਲਾ ਐਂਡ ਆਰਡਰ ਮੇਨਟੇਨ ਕਰਨ ਲਈ ਜਾਂਦੀ ਹੈ । ਇਹ ਉਸ ਨੂੰ ਆਪਣੀ ਹੱਤਕ ਸਮਝਦੇ ਹਨ । (ਸ਼ੋਰ) ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ .. .. ..

ਚੌਧਰੀ ਸੁੰਦਰ ਸਿੰਘ : * * * *

Mr. Speaker : No point of order.

ਸਰਦਾਰ ਕਰਨੈਲ ਸਿੰਘ ਮਰੜੀ : * * * * (ਸ਼ੋਰ)

Mr. Speaker : No point of order.

ਵਿੱਤ ਮੰਤਰੀ : ਹੈਲੋ, ਹੈਲੋ । (ਹਾਸਾ)

ਸ਼੍ਰੀ ਸਪੀਕਰ : ਵਜ਼ੀਰ ਸਾਹਿਬ ਤੁਸੀਂ ਮਾਈਕ ਤੇ ਬੋਲ ਰਹੇ ਹੋ ਟੈਲੀਫੂਨ ਤੇ ਤਾਂ ਨਹੀਂ ਬੋਲ ਰਹੇ ਹੋ । (You are speaking on the mike and not the telephone.)

ਵਿੱਤ ਮੰਤਰੀ : ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਮੈਡੀਕਲ ਮੰਥਨ ਥੋੜ੍ਹਾ ਹੀ ਸਮਾਂ ਹੋਇਆ ਹੈ ਸ਼ੁਰੂ ਕੀਤਿਆਂ ਨੂੰ, ਪਰ ਇਸ ਵਿਚ ਸਾਡੀ ਸਰਕਾਰ ਕਾਫੀ ਸਫਲ ਰਹੀ ਹੈ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੈਡੀਕਲ ਡੀਪਾਰਟਮੈਂਟ ਤੇ ਜਦੋਂ ਕਿ 1967–68 ਵਿਚ ਸਾਢੇ 3 ਕਰੋੜ ਰੁਪਿਆ ਰਖਿਆ ਗਿਆ ਸੀ, ਇਹ 1973–74 ਵਿਚ 7.23 ਕਰੋੜ ਰੁਪਿਆ ਰਖਿਆ ਗਿਆ ਅਤੇ ਕੰਟ ਈਅਰ ਵਿਚ ਜੋ ਕਿ ਚਲ ਰਿਹਾ ਹੈ ਇਸ ਵਿਚ 11 ਕਰੋੜ ਰੁਪਿਆ ਰਖਿਆ ਗਿਆ ਹੈ । ਇਸ ਸਾਲ ਅਸੀਂ ਮੈਡੀਕਲ ਮੰਥਨ ਵਿਚ ਕੁਝ ਜ਼ਿਲ੍ਹੇ ਕਵਰ ਕੀਤੇ ਹਨ । ਉਸ ਤੋਂ ਜਿਹੜੀ ਬਿਮਾਰੀ ਦਾ ਪਤਾ ਲਗਾ ਹੈ

*Expunged as ordered by the Chair.

Original with;
Punjab Vidhan Sabha
Digitized by
Panjab Digital Library

[ਵਿੱਤ ਮੰਤਰੀ]

ਉਸ ਦਾ ਫਾਲੋ-ਅਪ ਕਰ ਰਹੇ ਹਾਂ। ਰੋਪੜ ਵਿਚ ਜਿਹੜਾ ਮੈਡੀਕਲ ਮੰਥਨ ਪ੍ਰੋਗਰਾਮ ਰਖਿਆ ਗਿਆ ਸੀ ਉਸ ਤੋਂ ਜਿਹੜੀਆਂ ਬੀਮਾਰੀਆਂ ਦਾ ਇਲਾਜ ਦੇਰ ਨਾਲ ਹੋਣ ਵਾਲਾ ਸੀ ਉਸ ਦਾ ਅਸੀਂ ਫਾਲੋ-ਅਪ ਕਰ ਰਹੇ ਹਾਂ ਅਤੇ ਜਿਹੜੀਆਂ ਜਲਦੀ ਠੀਕ ਹੋਣ ਵਾਲੀਆਂ ਸਨ ਉਨ੍ਹਾਂ ਦਾ ਇਲਾਜ ਸ਼ੁਰੂ ਕਰ ਦਿਤਾ ਹੈ।

ਸਪੀਕਰ ਸਾਹਿਬ, ਸਾਡੇ ਇਸ ਮੈਡੀਕਲ ਮੰਥਨ ਦੇ ਪ੍ਰੋਗਰਾਮ ਦੀ ਹਿੰਦੁਸਤਾਨ ਦੇ ਸਾਰੇ ਸੂਬਿਆਂ ਦੀਆਂ ਸਰਕਾਰਾਂ ਨੇ ਪ੍ਰਸ਼ੰਸਾ ਕੀਤੀ ਹੈ ਅਤੇ ਉਹ ਵੀ ਅਜਿਹਾ ਮੈਡੀਕਲ ਮੰਥਨ ਸ਼ੁਰੂ ਕਰਨ ਲਈ ਸੋਚ ਰਹੇ ਹਨ।

ਡਾਕਟਰ ਅਮੀਰ ਸਿੰਘ ਕਲਕਟ : ਆਨ ਏ ਪੁਆਇੰਟ ਆਫ ਆਰਡਰ, ਸਰ। ਸਾਡਾ ਇਕ ਬੈਕਵਰਡ ਡਿਸਟਰਿਕਟ ਹੈ ਤੁਸੀਂ ਜਾਂ.ਤਾਂ ਉਸ ਦੇ ਲਈ ਫੰਡਜ਼ ਪ੍ਰੋਵਾਈਡ ਕਰ ਦਿਉ ਨਹੀਂ ਤਾਂ ਅਸੀਂ ਰੌਲਾ ਪਾਵਾਂਗੇ।

ਸ਼੍ਰੀ ਸਪੀਕਰ : ਇਹ ਤਾਂ ਉਨ੍ਹਾਂ ਨੇ ਮਜ਼ਾਕ ਨਾਲ ਗਲ ਕਹੀ ਹੈ। ਵੈਸੇ ਰੌਲਾ ਪਾਉਣ ਦੀ ਉਨ੍ਹਾਂ ਦੀ ਆਦਤ ਨਹੀਂ। (He has said this in a lighter mood, otherwise he is not a man who causes interruptions.)

ਵਿੱਤ ਮੰਤਰੀ : ਇਕ ਗੱਲ ਟੈਕਸਿਜ਼ ਬਾਰੇ ਮੈਂ ਕਹਾਂ ਕਿ ਕੁਝ ਅਖਬਾਰਾਂ ਦੇ ਵਿਚ ਛਪਿਆ ਹੈ ਕਿ ਅਸੀਂ ਫਰੈਸ਼ ਟੈਕਸਿਜ਼ ਲਗਾ ਰਹੇ ਹਾਂ। ਪਰ ਮੈਂ ਇਹ ਗਲ ਵਾਜ਼ਾ ਕਰ ਦੇਣੀ ਚਾਹੁੰਦਾ ਹਾਂ ਕਿ ਅਸੀਂ ਕੋਈ ਮਿਨੀ ਬਜਟ ਨਹੀਂ ਲਿਆ ਰਹੇ ਅਤੇ ਨਾ ਹੀ ਕੋਈ ਫਰੈਸ਼ ਟੈਕਸਿਜ਼ ਲਾ ਰਹੇ ਹਾਂ। ਅਸੀਂ ਤਾਂ ਮਹਿਜ਼ ਜਿਹੜੇ ਆਰਡੀਨੈਂਸਿਜ਼ ਹਨ ਉਨ੍ਹਾਂ ਨੂੰ ਬਿਲਾਂ ਦੀ ਸ਼ਕਲ ਦੇਣੀ ਹੈ। (ਤਾੜੀਆਂ)

ਕਾਮਰੇਡ ਸੱਤ ਪਾਲ ਡਾਂਗ : ਇਸੇ ਤਰ੍ਹਾਂ ਦੀ ਗਲ, ਸਪੀਕਰ ਸਾਹਿਬ, ਪਿਛਲੇ ਸੈਸ਼ਨ ਦੇ ਵਿਚ ਵੀ ਕਹੀ ਗਈ ਸੀ। ਮੈਂ ਜਾਣਨਾ ਚਾਹੁੰਦਾ ਹਾਂ ਕਿ ਕੀ ਇਹ ਅਸ਼ੋਰੈਂਸ ਅਸੈਂਬਲੀ ਸੈਸ਼ਨ ਤੱਕ ਹੈ ਜਾਂ ਸਾਰੇ ਸਾਲ ਲਈ, ਪਿਛਲੀ ਦਫਾ ਸੈਸ਼ਨ ਖਤਮ ਹੋਇਆ ਹੀ ਸੀ ਕਿ ਤੁਸੀਂ ਨਵੇਂ ਟੈਕਸਾਂ ਦਾ ਐਲਾਨ ਕਰ ਦਿਤਾ ਸੀ।

ਵਿੱਤ ਮੰਤਰੀ : ਜੋ ਘਾਟਾ ਸੀ ਉਹ ਅਸੀਂ ਸਪਲੀਮੈਂਟਰੀ ਗਰਾਂਟਸ (ਮਿਨੀ ਬਜਟ) ਰਾਹੀਂ ਪੂਰਾ ਕਰ ਲਿਆ ਹੈ। ਹੁਣ ਨਾ ਹੀ ਸਾਡਾ ਕੋਈ ਓਵਰ ਡਰਾਫਟ ਹੈ ਅਤੇ ਨਾ ਹੀ ਅਸੀਂ ਕੋਈ ਫਰੈਸ਼ ਟੈਕਸਿਜ਼ ਲਾਉਣੇ ਹਨ।

ਸਰਦਾਰ ਅਜਾਇਬ ਸਿੰਘ ਸੰਧੂ : ਜਦੋਂ ਨੋ-ਕਾਨਫੀਡੈਂਸ ਮੋਸ਼ਨ ਤੇ ਬਹਿਸ ਚਲ ਰਹੀ ਸੀ ਤੁਸੀਂ ਕਿਹਾ ਸੀ ਕਿ ਇਹ ਮਿਨੀ ਬਜਟ ਹੈ, ਅਸੀਂ ਕਿਹਾ ਤੁਸੀਂ ਜ਼ਰੂਰ ਟੈਕਸ ਲਾਉਣੇ ਹਨ। ਹੁਣ ਮੈਨੂੰ ਚੀਫ ਮਨਿਸਟਰ ਸਾਹਿਬ ਹੀ ਦਸਣ ਕਿ ਉਹ ਕਿਹੜੇ ਮਿਨੀ ਬਜਟ ਦੀ ਗਲ ਕਹ ਰਹੇ ਸੀ ?

Original with;
Punjab Vidhan Sabha
Digitized by;
Panjab Digital Library

ਮੁੱਖ ਮਤਰੀ : ਸਪੀਕਰ ਸਾਹਿਬ, ਮੈਂ ਇਹ ਪੁਜ਼ੀਸ਼ਨ ਵਾਜ਼ਾ ਕਰ ਦੇਵਾਂ, ਮੈਨੂੰ ਐਗਜ਼ੈਕਟ ਲਫ਼ਜ਼ ਤਾਂ ਯਾਦ ਨਹੀਂ ਕਿ ਕੀ ਹਨ, ਪਰ ਮੇਰਾ ਮਤਲਬ ਇਸੇ ਸਪਲੀਮੈਂਟਰੀ ਬਜਟ ਤੋਂ ਸੀ ਜਿਹੜਾ ਕਿ ਅੱਜ ਆਇਆ ਹੈ ।

ਵਿੱਤ ਮੰਤਰੀ : ਜਿਥੋਂ ਤੱਕ ਐਜੂਕੇਸ਼ਨ ਦੇ ਬਜਟ ਦਾ ਸਵਾਲ ਹੈ ਅਸੀਂ ਦੋ ਸਾਲਾਂ ਦੇ ਵਿਚ ਇਹ ਵਧਾ ਕੇ 25 ਤੋਂ 53 ਕਰੋੜ ਤੱਕ ਲੈ ਆਏ ਹਾਂ । (ਤਾੜੀਆਂ) ਅਸੀਂ ਜਾਬ ਓਰੀਐਂਟਿਡ ਐਜੂਕੇਸ਼ਨ ਸ਼ੁਰੂ ਕਰਨਾ ਚਾਹੁੰਦੇ ਹਾਂ । ਇਸ ਬਾਰੇ ਅਸੀਂ ਆਪਣੇ ਐਕਸਪਰਟਸ ਦੀ ਹਾਏ ਮੰਗੀ ਹੈ, ਜਦੋਂ ਵੀ ਰਿਪੋਰਟ ਆ ਗਈ ਅਸੀਂ ਜ਼ਰੂਰ ਇਸ ਤੇ ਅਮਲ ਕਰਾਂਗੇ । ਇਹ ਇਸ ਲਈ ਕਿ ਨੌਜਵਾਨਾਂ ਨੂੰ ਪੜਾਈ ਦੇ ਨਾਲ ਨਾਲ ਜਾਬਜ਼ ਵੀ ਮਿਲ ਸਕਣ । ਜਿਥੋਂ ਤੱਕ ਟੀਚਰਾਂ ਦੀ ਸਿਕਿਉਰਟੀ ਦਾ ਸਵਾਲ ਹੈ ਅਸੀਂ ਪ੍ਰਾਈਵੇਟ ਟੀਚਰਜ਼ ਦੇ ਮੁਤਾਲਿਕ ਇਸ ਸੈਸ਼ਨ ਵਿਚ ਬਿਲ ਲਿਆ ਹੀ ਰਹੇ ਹਾਂ, ਉਨ੍ਹਾਂ ਨੂੰ ਬਾਕਾਇਦਾ ਸਕਿਉਰਟੀ ਮਿਲੇਗੀ । ਇਸੇ ਲਈ ਕੀਤਾ ਜਾ ਰਿਹਾ ਹੈ ਤਾਂ ਜੋ ਕਿਸੇ ਨਾਲ ਕੋਈ ਇਸ ਤਰ੍ਹਾਂ ਦੀ ਬੇਇਨਸਾਫ਼ੀ ਨਾ ਹੋਵੇ ।

ਬਰਾੜ ਸਾਹਿਬ ਨੇ ਆਪਣੀ ਸਪੀਚ ਵਿਚ ਸਟੂਡੈਂਟਸ ਦਾ ਜ਼ਿਕਰ ਕੀਤਾ ਸੀ, ਪਰ ਮੈਂ ਉਨ੍ਹਾਂ ਨੂੰ ਦਸ ਦੇਵਾਂ ਕਿ ਪੰਜਾਬ ਦੇ ਸਟੂਡੈਂਟਸ ਜ਼ਿਮੇਵਾਰ ਬਚੇ ਹਨ ਉਨ੍ਹਾਂ ਨੂੰ ਆਪਣੀਆਂ ਕਲਾਸਾਂ ਵਿਚ ਜਾ ਕੇ ਪੜ੍ਹਨ ਦਾ ਸ਼ੌਕ ਹੈ । ਉਹ ਆਪਣਾ ਕੈਰੀਅਰ ਬਣਾਉਣਾ ਚਾਹੁੰਦੇ ਹਨ । ਕੁਝ ਮੈਂਬਰਾਂ ਨੇ ਕਿਹਾ ਸੀ ਕਿ ਅਸੀਂ ਪੰਜਾਬ ਦੇ ਵਿਚ ਫੀਸਾਂ ਵਧਾਈਆਂ ਹਨ, ਪਰ ਉਨ੍ਹਾਂ ਦਾ ਇਹ ਕਹਿਣਾ ਗਲਤ ਹੈ ਬਲਕਿ ਅਸੀਂ ਤਾਂ ਚਾਹੁੰਦੇ ਹਾਂ ਕਿ ਉਨ੍ਹਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦੇਈਏ । ਸਾਨੂੰ ਸਟੂਡੈਂਟਸ ਦੀ ਡਿਫੀਕਲਟੀ ਦਾ ਪੂਰਾ ਪੂਰਾ ਅਹਿਸਾਸ ਹੈ ।

ਕੋਆਪਰੇਟਿਵ ਮਹਿਕਮੇ ਦੇ ਮੁਤਾਲਿਕ ਜੋਸ਼ ਜੀ ਨੇ ਬੜੇ ਜੋਸ਼ ਦੇ ਨਾਲ ਕਿਹਾ ਸੀ ਕਿ ਲੈਂਡ ਮਾਰਟਗੇਜ ਬੈਂਕ ਨੇ ਸ਼ਾਰਟ ਟਰਮਜ਼ ਲੋਨ ਦਿਤੇ ਹਨ ਜਿਹੜਾ 10.2 ਕਰੋੜ ਹੈ । ਸਾਡੇ ਲੌਂਗ-ਟਰਮਜ਼ ਲੋਨੀਜ਼ ਨੂੰ 10.58 ਕਰੋੜ ਐਡਵਾਂਸ ਹੋਏ ਹਨ । ਹੁਣ ਅਸੀਂ ਇਹ ਕੈਪੀਟਲ ਬੇਸ ਤੇ ਵੱਧਾ ਰਹੇ ਹਾਂ, ਇਸ ਲਈ ਕਿ ਲੋਕ ਵੱਧ ਤੋਂ ਵੱਧ ਪੈਸਾ ਰੀਜ਼ਰਵ ਬੈਂਕ ਤੋਂ ਲੈ ਸਕਣ । (ਵਿਘਨ) ਮੈਂ ਜਵਾਬ ਦੇ ਰਿਹਾ ਸੀ ਕਿ ਜ਼ਿਮੀਦਾਰਾਂ ਨੂੰ ਲੋਨ ਕਿਤਨਾ ਮਿਲੇ । ਜਿਥੋਂ ਤਕ ਇਨਕੁਆਇਰੀ ਦਾ ਸਵਾਲ ਹੈ, ਜੇ ਕਿਸੇ ਦੇ ਖਿਲਾਫ ਕੋਈ ਸੀਰੀਅਸ ਐਲੀਗੇਸ਼ਨਜ਼ ਲਗਦੇ ਹਨ ਤਾਂ ਅਸੀਂ ਬਾਕਾਇਦਾ ਇਨਕੁਆਇਰੀ ਕਰਦੇ ਹਾਂ । ਅਗੇ ਇਕ ਇਨਕੁਆਇਰੀ ਚਲਦੀ ਪਈ ਹੈ । ਪਰ ਜਿਸ ਦੀ ਇਨਕੁਆਇਰੀ ਹੋਵੇ ਉਸ ਨੂੰ ਬਕਾਇਦਾ ਤੌਰ ਤੇ ਵੇਖਣ ਲਈ 2-3 ਮਹੀਨੇ ਲਗ ਜਾਣੇ ਤਾਂ ਮਾਮੂਲੀ ਗੱਲ ਹੁੰਦੀ ਹੈ.... (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਆਨ-ਟੇ-ਪੁਆਇੰਟ ਆਫ਼ ਇਨਫਰਮੇਸ਼ਨ, ਸਰ । ਮੈਂ ਵਜ਼ੀਰ ਸਾਹਿਬ ਤੋਂ ਇਹ ਗੱਲ ਜਾਣਨੀ ਚਾਹੁੰਦਾ ਹਾਂ ਕਿ ਜਦੋਂ ਵੀ ਐਲੀਗੇਸ਼ਨ ਲਗਦੇ ਹਨ ਤਾਂ ਸਰਕਾਰ ਇਨਕੁਆਇਰੀ ਕਰਦੀ ਹੈ । ਸਰਦਾਰ ਹਰਦਿਆਲ ਸਿੰਘ ਬਰਾੜ, ਮੈਨੇਜਰ ਲੈਂਡ ਮਾਰਟਗੇਜ ਬੈਂਕ ਤੇ 17 ਐਮ.ਐਲ.ਏਜ਼ ਨੇ ਬੜੇ ਸੀਰੀਅਸ ਐਲੀਗੇਸ਼ਨਜ਼ ਲਾਏ, ਦਸਿਆ ਜਾਵੇ ਸਰਕਾਰ ਨੇ ਹੁਣ ਤੱਕ ਕੀ ਕੀਤਾ ਹੈ ?

Original with;
Punjab Vidhan Sabha
Digitized by;
Panja

ਵਿੱਤ ਮੰਤਰੀ : ਜੇਕਰ ਨਾਉਂ ਨਾ ਵੀ ਲੈਂਦੇ ਤਾਂ ਵੀ ਮੈਂ ਸਮਝ ਜਾਣਾ ਸੀ । ਮੈਂ ਉਨ੍ਹਾਂ ਦੀ ਵਾਕਫ਼ੀਅਤ ਲਈ ਦਸ ਦੇਵਾਂ ਕਿ ਇਨ੍ਹਾਂ ਐਲੀਗੇਸ਼ਨਜ਼ ਤੇ ਡੀਪਾਰਟਮੈਂਟ ਬੜੇ ਧਿਆਨ ਨਾਲ ਵਿਚਾਰ ਕਰ ਰਿਹਾ ਹੈ ।

ਕਾਮਰੇਡ ਸੱਤ ਪਾਲ ਡਾਂਗ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਜਦੋਂ ਮੈਨੇਜਿੰਗ ਡਾਇਰੈਕਟਰ ਦੇ ਪੱਧਰ ਦਾ ਅਫ਼ਸਰ ਹੇਰਾ ਫੇਰੀ ਕਰਦਾ ਹੈ, ਉਸ ਦੇ ਖਿਲਾਫ਼ ਬੜੇ ਸੀਰੀਅਸ ਐਲੀਗੇਸ਼ਨਜ਼ ਹਨ, ਇਨ੍ਹਾਂ ਐਲੀਗੇਸ਼ਨਜ਼ ਵਿਚ ਉਪਰ ਤੋਂ ਲੈਕੇ ਨੀਚੇ ਤਕ ਸਾਰੇ ਹੀ ਆਫੀਸਰਜ਼ ਇਨਵਾਲਵਡ ਹਨ ਅੱਤ ਐਲੀਗੇਸ਼ਨਜ਼ ਵੀ 17 ਐਮ.ਐਲ.ਏਜ਼ ਵਲੋਂ ਲਾਏ ਗਏ ਹਨ, ਫੇਰ ਡੀਪਾਰਟਮੈਂਟਲ ਇਨਕੁਆਇਰੀ ਦਾ ਕੀ ਮਤਲਬ ਡਾਇਰੈਕਟਲੀ ਕਿਉਂ ਨਹੀਂ ਪੜਤਾਲ ਕਰਾਈ ਜਾਂਦੀ ?

ਵਿੱਤ ਮੰਤਰੀ : ਮੈਂ ਅਰਜ਼ ਕਰਦਾ ਹਾਂ ਕਿ ਜਿਹੜੇ ਐਲੀਗੇਸ਼ਨਜ਼ ਲਗੇ ਹਨ ਉਨ੍ਹਾਂ ਦੀ ਮੁਕੰਮਲ ਤੌਰ ਤੇ ਜਾਂਚ ਪੜਤਾਲ ਕੀਤੀ ਜਾਏਗੀ । ਇਸ ਬਾਰੇ ਆਰਡੀਨੈਂਸ ਮਹਿਕਮਾ ਜਾਂਚ ਪੜਤਾਲ ਕਰ ਰਿਹਾ ਹੈ ।

ਸਰਦਾਰ ਜਸਦੇਵ ਸਿੰਘ ਸੰਧੂ : ਇਹਦੀ ਇਨਕੁਆਇਰੀ ਵਿਜੀਲੈਂਸ ਤੋਂ ਕਰਾਉ । (ਵਿਘਨ)

ਵਿਤ ਮੰਤਰੀ : ਗੌਰਮਿੰਟ ਦੀ ਪਾਲਿਸੀ ਸਾਫ਼ ਹੈ। ਕੋਆਪਰੇਸ਼ਨ ਮੂਵਮੈਂਟ ਨੂੰ ਲੋਕਾਂ ਦੀ ਮੂਵਮੈਂਟ ਬਣਾਉਣਾ ਹੈ ਅੱਤ ਗੌਰਮਿੰਟ ਇਸ ਗੱਲ ਦੀ ਕੋਸ਼ਿਸ਼ ਕਰੇਗੀ ਕਿ ਆਫੀਸ਼ਲ ਇੰਟਰਫੀਅਰੈਂਸ ਘਟ ਤੋਂ ਘਟ ਹੋ ਜਾਵੇ । (ਵਿਘਨ)

ਲੈਂਡ ਰਿਫਾਰਮਜ਼ ਦੇ ਬਾਰੇ ਵਿਚ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਰੈਵੇਨੀਊ ਮਨਿਸਟਰ ਸਾਹਿਬ ਨੇ ਦਸਿਆ ਹੈ, ਇਹਦੇ ਵਿਚ ਇਹ ਹੈ ਕਿ 15 ਅਗੱਸਤ ਦਾ ਆਰਡਰ ਕਰ ਦਿਤਾ ਸੀ ਕਿ ਜਿੰਨੀ ਜ਼ਮੀਨ ਹੈ ਉਹਦੀ ਅਲਾਟਮੈਂਟ ਕੰਪਲੀਟ ਕਰ ਦਿਤੀ ਜਾਵੇ । 40 ਕੇਸਿਜ਼ ਵਿਚ ਰਿਟਨ ਹਾਈ ਕੋਰਟ ਵਿਚ ਹੋ ਗਈਆਂ ਹਨ । ਜਿਹਦਾ ਫੈਸਲਾ ਕਰਦੇ ਹਾਂ ਉਹੀ ਫੌਰਨ ਰਿਟਸ ਵਿਚ ਚਲਾ ਜਾਂਦਾ ਹੈ । ਗੌਰਮਿੰਟ ਆਫ ਇੰਡੀਆ ਨੂੰ ਲਿਖਿਆ ਹੈ ਕਿ ਪਾਰਲੀਮੈਂਟ ਦੇ ਅੰਦਰ ਨਾਈਨਥ ਸ਼ੈਡਿਊਲ ਆਫ ਦੀ ਕਾਂਸਟੀਚਿਊਸ਼ਨ ਦੇ ਅੰਦਰ ਇਹ ਐਕਟ ਵਿਚ ਲਿਆਂਦਾ ਜਾਵੇ (ਵਿਘਨ) ਇਨ੍ਹਾਂ ਨੇ ਦੋ ਅਫਸਰਾਂ ਬਾਰੇ ਕਿਹਾ ਸੀ । ਉਹ ਅਸੀਂ ਬਦਲ ਦਿਤੇ ਸੀ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਆਨ ਏ ਪੁਆਇੰਟ ਆਫ ਆਰਡਰ । . . . . (ਵਿਘਨ)

Mr. Speaker : Now I apply the guillotine.

Question is—

That the Punjab Appropriation (No. 3) Bill 1974 be taken into consideration at once.

The motion was carried,

Original with;
Punjab Vidhan Sabha
Digitized by;
Panjab Digital Library

Mr. Speaker : Now the House will proceed to consider the Bill clause by clause.

CLAUSE 2

Mr. Speaker : Question is—

That Clause 2 stand part of the Bill.

The motion was carried.

CLAUSE 3

Mr. Speaker : Question is—

That Clause 3 stand part of the Bill.

The motion was carried.

SCHEDULE

Mr. Speaker : Question is—

That the Schedule stand part of the Bill.

The motion was carried.

CLAUSE 1

Mr. Speaker : Question is—

That Clause 1 stand part of the Bill.

The motion was carried.

TITLE

Mr. Speaker : Question is—

That Title be the title of the Bill.

The motion was carried.

Mr. Speaker : Question is—

That the Punjab Appropriation (No. 3) Bill, 1974 be passed.

The motion was carried.

THE PUNJAB COMMERCIAL CROPS CESS BILL. 1974

Revenue and Election Minister (Sardar Umrao Singh) : Sir, I beg to introduce the Punjab Commercial Crops Cess Bill.

Sir, I also beg to move—

That the Punjab Commercial Crops Cess Bill be taken into consideration at once.

Original with;
Punjab Vidhan Sabha
Digitized by;
Panjab Digital Library

Mr. Speaker : Motion moved—

That the Punjab Commercial Crops Cess Bill be taken into consideration at once.

EXTENSION OF THE TIME OF THE SITTING

ਸ਼੍ਰੀ ਸਪੀਕਰ : ਹਾਊਸ ਦਾ ਸਮਾਂ ਬਿਲ ਪਾਸ ਹੋਣ ਤਕ ਐਕਸਟੈਂਡ ਕਰਨਾ ਚਾਹੀਦਾ ਹੈ । Is it the pleasure of the House? (The time of the sitting should be extended till the passage of the Bill. Is it the pleasure of the House?)

ਆਵਾਜ਼ਾਂ : ਹਾਂ ਜੀ, ਹਾਂ ਜੀ ।

ਸ਼੍ਰੀ ਸਪੀਕਰ : ਹਾਊਸ ਦਾ ਸਮਾਂ ਬਿਲ ਦੇ ਪਾਸ ਹੋਣ ਤਕ ਐਕਸਟੈਂਡ ਕੀਤਾ ਜਾਂਦਾ ਹੈ । (The time of the sitting is extended till the passage of the Bill.)

THE PUNJAB COMMERCIAL CROPS CESS BILL, 1974

(Resumption of consideration)

ਗਿਆਨੀ ਅਰਜਨ ਸਿੰਘ ਲਿੱਟ (ਕਿਲ੍ਹਾ ਰਾਏਪੁਰ) : ਸਪੀਕਰ ਸਾਹਿਬ, ਇਹ ਜੋ ਪੰਜਾਬ ਕਮੱਰਸ਼ੀਅਲ ਕਰਾਪਸ ਸੈਸ ਬਿਲ, 1974, ਇਥੇ ਪੇਸ਼ ਹੋਇਆ ਹੈ, ਮੈਂ ਇਸ ਦੀ ਵਿਰੋਧਤਾ ਕਰਨ ਲਈ ਖੜ੍ਹਾ ਹੋਇਆ ਹਾਂ । ਮੈਨੂੰ ਹੈਰਾਨਗੀ ਹੁੰਦੀ ਹੈ ਕਿ ਗਰੀਬ ਕਿਸਾਨ ਤੇ .. .. (ਵਿਘਨ)

ਸ਼੍ਰੀ ਗੁਰਦਿਆਲ ਸੈਣੀ : ਇਸ ਲਈ ਕਿੰਨਾ ਟਾਈਮ ਰਖਿਆ ਹੈ ?

ਸ਼੍ਰੀ ਸਪੀਕਰ : ਬਿਲ ਦੇ ਬਾਰੇ ਵਿਚ ਬੋਲਣਾ ਹੈ, ਇਸ ਦਾ ਸਕੋਪ ਬੜਾ ਕਨਫਾਈਂਡ ਹੀ ਹੁੰਦਾ ਹੈ । ਇਸ ਲਈ ਸਮਾਂ ਲਿਮਿਟਿਡ ਜਿਹਾ ਹੀ ਹੁੰਦਾ ਹੈ । (As the scope of the Bill is limited, you may have only a little time for speaking on it.)

ਸ਼੍ਰੀ ਗੁਰਦਿਆਲ ਸੈਣੀ : ਕੀ ਕੋਈ ਖਾਸ ਸਮਾਂ ਨਿਸਚਿਤ ਕੀਤਾ ਹੈ ?

ਸ਼੍ਰੀ ਸਪੀਕਰ : ਹੋ ਸਕਦਾ ਹੈ 15–20 ਮਿੰਟਾਂ ਵਿਚ ਹੀ ਮੁਕ ਜਾਏ । (It may be disposed of within 15 to 20 minutes.)

ਗਿਆਨੀ ਅਰਜਨ ਸਿੰਘ ਲਿੱਟ : ਜਦੋਂ ਦੀ ਆਜ਼ਾਦੀ ਮਿਲੀ ਹੈ ਉਦੋਂ ਤੋਂ ਹੀ ਸਾਰੇ ਟੈਕਸ ਜਿੰਨੇ ਵੀ ਲਗਦੇ ਰਹੇ ਹਨ ਉਹਦਾ ਭਾਰ ਕਿਸਾਨਾਂ ਤੇ ਹੀ ਪੈਂਦਾ ਰਿਹਾ ਹੈ ਅਤੇ ਹਮੇਸ਼ਾਂ ਵਪਾਰੀ ਅਤੇ ਤਕੜਾ ਜ਼ਿਮੀਂਦਾਰ ਇਸ ਤੋਂ ਬਚਦਾ ਹੀ ਰਿਹਾ ਹੈ । ਭਾਵੇਂ ਕਿਸੇ ਸ਼ਕਲ ਵਿਚ ਇਹ ਟੈਕਸ ਲਗਾਏ ਜਾਣ ਪਰ ਇਸ ਦਾ

Original with;
Punjab Vidhan Sabha
Digitized by;
Panjab Digital Library

ਬੋਝ ਗਰੀਬ ਕਿਸਾਨ ਤੇ ਹੀ ਪੈਂਦਾ ਹੈ। ਇਸ ਸਬੰਧੀ ਮੈਨੂੰ ਇਕ ਸ਼ੇਅਰ ਯਾਦ ਆ ਗਿਆ ਹੈ :

"ਜਿਸ ਖੇਤ ਸੇ ਦਹਿਕਾਂ ਕੋ ਮੁਯੱਸਰ ਨਾ ਹੋ ਰੋਟੀ
ਉਸ ਖੇਤ ਕੇ ਹਰ ਖੋਸ਼ਾ-ਏ ਗੰਦਮ ਕੋ ਜਲਾ ਦੋ ॥"

ਇਸ ਵੇਲੇ ਹਾਲਤ ਇਹ ਹੈ ਕਿ ਇਹ ਜਿੰਨੇ ਵੀ ਟੈਕਸ ਹਨ ਜਿਵੇਂ ਕਿ ਨਹਿਰੀ ਮਾਮਲਾ, ਸਰਚਾਰਜ, ਸਪੈਸ਼ਲ ਸਰਚਾਰਜ, ਐਡੀਸ਼ਨਲ ਸਰਚਾਰਜ, ਚੌਕੀਦਾਰਾ ਟੈਕਸ ਅਤੇ ਮਾਰਕਿਟ ਫ਼ੀਸ, ਇਹ ਸਾਰੇ ਟੈਕਸ ਕਿਸਾਨਾਂ ਤੇ ਹੀ ਪੈਂਦੇ ਹਨ। ਤਕੜੇ ਵਪਾਰੀਆਂ ਅਤੇ ਜ਼ਿਮੀਂਦਾਰਾਂ ਦਾ ਇਸ ਤੋਂ ਬਚਾ ਹੋ ਜਾਂਦਾ ਹੈ, ਕਿਸਾਨਾਂ ਦੀ ਜ਼ਮੀਨ ਅਤੇ ਕਮਾਈ ਲੁਕੀ ਨਹੀਂ ਰਹਿ ਸਕਦੀ। ਵਪਾਰੀ ਬਲੈਕ ਮਾਰਕਿਟ ਕਰਦਾ ਹੈ, ਬਲੈਕ ਦੇ ਪੈਸੇ ਕਮਾਉਂਦਾ ਹੈ, ਮੁਲਕ ਨੂੰ ਨੁਕਸਾਨ ਪਹੁੰਚਾਉਂਦਾ ਹੈ। ਮਿਲਾਵਟ ਵਾਲੀਆਂ ਚੀਜ਼ਾਂ ਵੇਚਦਾ ਹੈ ਅਤੇ ਉਸ ਦਾ ਕੁਝ ਨਹੀਂ ਵਿਗੜਦਾ। ਇਸ ਦੇ ਉਲਟ ਗਰੀਬ ਕਿਸਾਨ ਤੇ ਰੋਜ਼ ਹੀ ਕੋਈ ਨਾ ਕੋਈ ਟੈਕਸ ਲਗ ਜਾਂਦੇ ਹਨ। ਤੁਹਾਡੇ ਸਾਹਮਣੇ ਹੀ ਹੈ ਹਰ ਕਿਸਾਨ ਜਿਸਦੀ ਜ਼ਮੀਨ ਪੰਜ ਏਕੜ ਜਾਂ ਇਸ ਤੋਂ ਵੀ ਘੱਟ ਹੈ, ਉਹ ਅੱਠ ਦੱਸ ਹਜ਼ਾਰ ਰੁਪਏ ਕਰਜ਼ੇ ਦੇ ਥੱਲੇ ਹੀ ਹੈ ਚਾਹੇ ਉਹ ਲੈਂਡ ਮਾਰਟਗੇਜ ਬੈਂਕ ਹੋਵੇ ਜਾਂ ਕੋਆਪ੍ਰੇਟਿਵ ਬੈਂਕ ਹੋਵੇ। ਭਲਾ ਪੰਜ ਏਕੜ ਦੀ ਜ਼ਮੀਨ ਦੀ ਮਲਕੀਅਤ ਵਾਲਾ ਕਿਸਾਨ ਕਿੰਨੀ ਕੁ ਆਮਦਨੀ ਕਰ ਸਕਦਾ ਹੈ। ਇਥੇ 90 ਅਜਿਹੇ ਕਿਸਾਨ ਹਨ ਜਿਨ੍ਹਾਂ ਦੀ ਜ਼ਮੀਨ ਪੰਜ ਏਕੜ ਜਾਂ ਇਸ ਤੋਂ ਵੀ ਘੱਟ ਹੈ। ਗਰੀਬ ਕਿਸਾਨ ਦੀ ਕਣਕ 105/ ਰੁਪਏ ਵਿਕੀ ਹੈ ਜਦ ਕਿ ਅਗਲੇ ਮਹੀਨੇ ਹੀ ਇਸ ਤੋਂ ਖਰੀਦ ਕਰਕੇ ਅਗੇ ਵਪਾਰੀ ਨੇ 120/-, 122/- ਜਾਂ 125/- ਰੁਪਏ ਵੇਚ ਦਿਤੀ ਹੈ। ਮੰਡੀਆਂ ਵਿਚ ਤਾਂ ਕਣਕ 150/- ਫੀ ਵਿਕੀ ਹੈ ਅਤੇ ਇਸ ਦਾ ਫਾਇਦਾ ਵਪਾਰੀਆਂ ਨੇ ਉਠਾਇਆ ਹੈ। ਇਹ ਵਪਾਰੀ ਵਿਹਲਾ ਰਹਿੰਦਾ ਹੈ ਅਤੇ ਇਹਦੇ ਦੋ ਹਥਿਆਰ ਹੁੰਦੇ ਹਨ ਇਕ ਟੈਲੀਫੂਨ ਅਤੇ ਦੂਜੀ ਕਲਮ। ਇਹ ਗਰੀਬ ਕਿਸਾਨਾਂ ਦੀ ਕਮਜ਼ੋਰੀ ਤੋਂ ਫਾਇਦਾ ਉਠਾਉਂਦਾ ਹੈ ਅਤੇ ਉਹਦੇ ਅਨਜਾਣਪੁਣੇ ਤੋਂ ਫਾਇਦਾ ਉਠਾਕੇ ਕਮਾਈ ਕਰਦਾ ਹੈ।

ਸਪੀਕਰ ਸਾਹਿਬ, ਮੈਂ ਮੰਨ ਲੈਂਦਾ ਜੇ ਜਿਹੜੀ ਸੀਲਿੰਗ ਵੀ ਲਾਉਣੀ ਹੈ ਉਹ 17 ਏਕੜ ਦੀ ਜ਼ਮੀਨ ਤੇ ਲਗਾਉਣੀ ਹੈ, ਜੇ ਇਹ 17 ਏਕੜ ਦੀ ਜ਼ਮੀਨ ਤੋਂ ਵੱਧ ਜ਼ਮੀਨ ਵਾਲਿਆਂ ਤੇ ਟੈਕਸ ਲਗਾਉਂਦੇ ਤਾਂ ਵੀ ਠੀਕ ਸੀ। ਮੈਂ ਮੰਨਦਾ ਹਾਂ ਕਿ ਸਰਕਾਰ ਨੇ ਚੰਗੀ ਗੱਲ ਕੀਤੀ ਹੈ। ਪਰ ਇਸ ਤਰ੍ਹਾਂ ਨਹੀਂ ਕੀਤਾ ਗਿਆ ਹੈ। ਇਨ੍ਹਾਂ ਤੇ ਤਾਂ ਅਗੇ ਹੀ ਸੱਤ ਅੱਠ ਟੈਕਸ ਹਨ। ਕਣਕ ਦਾ ਭਾਅ 75/- ਤੋਂ 105/- ਹੋਣ ਕਰਕੇ ਜਿਹੜੀ ਅਗੇ 100 ਬਿਘਾ ਜ਼ਮੀਨ ਦਾ ਠੇਕਾ ਸੀ ਉਹ ਹੁਣ 150/- ਰੁ: ਹੋ ਗਈ ਹੈ। ਇਸੇ ਤਰ੍ਹਾਂ ਹੀ ਖਾਦ ਦੇ ਭਾਅ ਵੀ ਬਹੁਤ ਵੱਧ ਗਏ ਹਨ ਅਤੇ ਇਹ 200/- ਫੀ ਬੋਰੀ ਹੋ ਗਈ ਹੈ। ਤੇਲ ਦੇ ਭਾਅ ਦੁਗਣੇ ਹੋ ਗਏ ਹਨ। ਟਰੈਕਟਰ ਜਿਹੜਾ ਪਹਿਲਾਂ ਛੇ ਹਜ਼ਾਰ ਰੁਪਏ ਦਾ ਸੀ ਉਹ ਇਸ ਵੇਲੇ 50,000 ਦਾ ਹੋ ਗਿਆ ਹੈ। ਉਹਦਾ ਮੁਰੰਮਤ ਦਾ ਖਰਚ ਅਤੇ ਮੇਨਟੈਨੈਂਸ ਦਾ ਖਰਚ ਵੀ ਬਹੁਤ ਵੱਧ ਗਿਆ ਹੈ। ਬਦਕਿਸਮਤੀ ਹੈ ਕਿ ਰਿਜ਼ਰਵ ਬੈਂਕ ਨੇ ਵੀ ਸੂਦ ਦੀ ਦਰ ਵਧਾ ਦਿਤੀ ਹੈ। ਛੋਟੇ ਕਿਸਾਨ ਨੂੰ 12 ਰੁ: ਪੈਂਦਾ ਹੈ ਅੱਰ ਜੇ ਕੋਈ ਡੀਫਾਲਟਰ ਹੋ ਜਾਵੇ ਤਾਂ 20/- ਤਕ ਸੂਦ ਦੇਣਾ ਪੈਂਦਾ ਹੈ। ਜਿਸ ਗਰੀਬ ਤੇ

Original with;
Punjab Vidhan Sabha
Digitized by;
Panjab Digital Library

(ਗਿਆਨੀ ਅਰਜਨ ਸਿੰਘ ਲਿੱਟ)

ਅਗੇ ਹੀ ਬੋਝ ਹੇਠਾਂ ਉਸ ਨੂੰ ਰਾਹਤ ਦੇਣੀ ਚਾਹੀਦੀ ਹੈ ਪਰ ਪਤਾ ਨਹੀਂ ਸਰਕਾਰ ਨੇ ਕੀ ਸੋਚ ਕੇ ਇਹ ਟੈਕਸ ਗਰੀਬ ਕਿਸਾਨਾਂ ਤੇ ਲਗਾਣ ਦੀ ਕੋਸ਼ਿਸ਼ ਕੀਤੀ ਹੈ ! ਜੇ ਮਾਰਨਾ ਹੀ ਹੈ ਇਨ੍ਹਾਂ ਨੂੰ ਤਾਂ ਸਹਿਕਦਾ ਕਿਉਂ ਛੱਡਣਾ ਹੈ, ਇਨ੍ਹਾਂ ਨੂੰ ਉਂਜ ਹੀ ਮਾਰ ਦਿਤਾ ਜਾਵੇ ।

ਬਿਜਲੀ ਦੇ ਰੇਟ ਡੇਢ ਗੁਣਾ ਹੋ ਗਏ ਹਨ । ਨਹਿਰੀ ਪਾਣੀ ਦਾ ਮਾਮਲਾ ਦੁਗਣਾ ਹੋ ਗਿਆ ਹੈ । ਸਾਰੀਆਂ ਚੀਜ਼ਾਂ ਦੀਆਂ ਕੀਮਤਾਂ ਵੱਧ ਗਈਆਂ ਹਨ । ਹਰੀਜਨਾਂ ਦਾ ਬਾਈਕਾਟ ਕੀਤਾ ਜਾਂਦਾ ਹੈ । ਤੁਹਾਡੇ ਸਾਹਮਣੇ ਦਿਹਾੜੀ ਸੱਤ ਜਾਂ ਅੱਠ ਰੁਪਏ ਕਿਸਾਨ ਇਨ੍ਹਾਂ ਨੂੰ ਦਿੰਦਾ ਹੈ । ਦੋਨੋਂ ਵਕਤ ਦੀ ਚਾਹ ਅਤੇ ਰੋਟੀ ਵੀ ਇਨ੍ਹਾਂ ਨੂੰ ਦਿੰਦਾ ਹੈ । ਫੇਰ ਵੀ ਇਹ ਦੋਵੇਂ ਭੁਖੇ ਹਨ ਅਤੇ ਆਪਣੇ ਆਪ ਵਿਚ ਜੇ ਲੜਨਗੇ ਤਾਂ ਕੀ ਲੜਨਗੇ ? ਇਸ ਦੇ ਮੁਕਾਬਲੇ ਵਿਚ ਕਾਰਖਾਨੇਦਾਰ ਆਪਣੇ ਮਜ਼ਦੂਰ ਨੂੰ ਕੋਈ ਰੋਟੀ ਨਹੀਂ ਦਿੰਦਾ ਹੈ ਅਤੇ ਨਾ ਹੀ ਉਹ ਉਹਨੂੰ ਚਾਹ ਦਿੰਦਾ ਹੈ । ਨਾ ਕਿਸੇ ਕਾਰਖਾਨੇਦਾਰ ਨੇ ਆਪਣੇ ਕਿਸੇ ਕਾਮੇ ਦੀ ਜਾਂ ਕਲਰਕ ਦੀ ਤਨਖਾਹ 10% ਤੋਂ ਵੱਧ ਕੀਤੀ । ਪਿੰਡ ਦਾ ਮਜ਼ਦੂਰ ਤਿਗਣੀ ਅਤੇ ਚੌਗਣੀ ਮਜ਼ਦੂਰੀ ਲੈ ਰਿਹਾ ਹੈ । ਇਸ ਤੋਂ ਇਲਾਵਾ ਪਿੰਡਾਂ ਵਿਚ ਹੋਰ ਵੀ ਕਈ ਸਹੂਲਤਾਂ ਹਨ ਜਿਸ ਬਾਰੇ ਕਿ ਕਹਿਣ ਦੀ ਕੋਈ ਲੋੜ ਨਹੀਂ ਹੈ । ਜਿਉਂ ਜਿਉਂ ਕਿਸਾਨਾਂ ਤੇ ਬੋਝ ਪਾਉਗੇ ਇਸ ਦਾ ਪਿੰਡ ਦੇ ਮਜ਼ਦੂਰਾਂ ਤੇ ਵੀ ਅਸਰ ਹੋਣਾ ਲਾਜ਼ਮੀ ਹੈ । ਕਿਸਾਨ ਤਾਂ ਅਗੇ ਹੀ ਆਪਣੀ ਮਰ ਕੇ ਰੋਜ਼ੀ ਕਮਾਉਂਦਾ ਹੈ ਅਤੇ ਆਪਣਾ ਅਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਦਾ ਹੈ । ਇਨ੍ਹਾਂ ਤੇ ਹੋਰ ਬੋਝ ਪਾਉਣ ਨਾਲ ਉਹ ਵਿਚਾਰੇ ਕਿਸਾਨ ਮਰ ਜਾਣਗੇ । ਸਰਕਾਰ ਇਹ ਗਲ ਨੂੰ ਅਖੋਂ ਉਹਲੇ ਕਰ ਦਿੰਦੀ ਹੈ ਅਤੇ ਉਨ੍ਹਾਂ ਤੋਂ ਜ਼ਬਰੀ ਮਾਮਲਾ ਵਸੂਲ ਕਰਦੀ ਹੈ । ਉਨ੍ਹਾਂ ਨੂੰ ਕੈਦ ਕਰਕੇ ਵੀ ਮਾਮਲਾ ਵਸੂਲ ਕੀਤਾ ਜਾਂਦਾ ਹੈ । ਦੂਜੇ ਪਾਸੇ ਇਨਕਮ ਟੈਕਸ ਦੀ ਗਲ ਹੈ । ਭਾਵੇਂ ਉਹ ਮਨਿਸਟਰ ਹਨ ਜਾਂ * * ਜਾਂ ਹੋਰ ਵਜ਼ੀਰ ਹਨ, ਉਹ 10-10 ਸਾਲਾਂ ਤੋਂ ਇਨਕਮ ਟੈਕਸ ਨਹੀਂ ਦਿੰਦੇ । ਉਹ ਉਸ ਤੋਂ ਹੋਰ ਪੈਸਾ ਕਮਾਈ ਜਾਂਦੇ ਹਨ ।

ਸ਼੍ਰੀ ਸਪੀਕਰ : * * * ਦਾ ਨਾਮ ਐਕਸਪੰਜ ਕਰ ਦਿਤਾ ਜਾਵੇ । (The name * * * should be expunged.)

ਗਿਆਨੀ ਅਰਜਨ ਸਿੰਘ ਲਿੱਟ : ਮੈਂ ਤਾਂ ਜਿਹੜਾ * * * ਵਾਸਤੇ ਉਮੀਦਵਾਰ ਹੈ, ਉਸ ਬਾਰੇ ਕਿਹਾ ਹੈ । ਇਹ ਗਲ ਤਾਂ ਅਖਬਾਰਾਂ ਵਿਚ ਵੀ ਆਈ ਹੈ । ਉਹ ਕਈ ਸਾਲਾਂ ਤੋਂ ਇਨਕਮ ਟੈਕਸ ਨਹੀਂ ਦਿੰਦੇ ।

ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਇਸ ਵੇਲੇ ਇਕ ਪਾਸੇ ਤਾਂ ਤੇਲ, ਮੂੰਗਫਲੀ, ਸਰਸੋਂ ਦਾ ਤੇਲ ਆਦਿ ਤੇ ਟੈਕਸ ਲਗੇ ਹਨ ਪਰ ਦੂਸਰੇ ਪਾਸੇ ਇਹ ਚੀਜ਼ ਹੈ ਕਿ ਲੋਕਾਂ ਨੂੰ ਘੀ ਨਹੀਂ ਮਿਲਦਾ । ਕਿਸਾਨ ਤੋਂ ਮੂੰਗਫਲੀ 125/- ਜਾਂ 150/- ਰਪਏ ਵਿਚ ਖਰੀਦੀ ਜਾਂਦੀ ਹੈ ਪਰ ਅਗੇ ਜਾਕੇ ਉਹੀ 250/-, 300/- ਰੁਪਏ ਵਿਚ ਵੇਚੀ ਜਾਂਦੀ ਹੈ । ਜਦ ਕਿ ਸਾਨੂੰ ਕਿਸੇ ਚੀਜ਼ ਦੀ ਜ਼ਰੂਰਤ ਹੁੰਦੀ ਹੈ ਤਾਂ ਉਹ ਬਹੁਤ ਮਹਿੰਗੇ ਭਾਅ ਤੇ ਲੈਣੀ ਪੈਂਦੀ ਹੈ । ਇਸੇ ਤਰ੍ਹਾਂ ਹੀ ਗੰਨੇ ਦੀ ਗਲ ਹੈ । ਗੰਨੇ ਤੇ ਹੋਰ ਟੈਕਸ ਲਗਾ ਹੈ । ਗੰਨਾ ਵੀ ਕਿਸਾਨਾਂ ਤੋਂ ਸਸਤੇ ਭਾਅ ਤੇ ਲਿਆ ਜਾਂਦਾ ਹੈ ਪਰ ਜਦ ਪਿੰਡਾਂ ਵਿਚ

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਲੋਕਾਂ ਨੂੰ ਖੰਡ ਦੀ ਲੋੜ ਹੈ ਤਾਂ ਉਥੇ ਇਹ ਮਿਲ ਹੀ ਨਹੀਂ ਰਹੀ । ਲੋਕਾਂ ਨੂੰ ਬੀਮਾਰੀ ਵੇਲੇ ਜਾਂ ਕਿਸੇ ਦੇ ਕੋਈ ਮਹਿਮਾਨ ਆ ਜਾਵੇ ਤਾਂ ਉਸ ਵੇਲੇ ਖੰਡ ਦੀ ਆਮ ਜ਼ਰੂਰਤ ਹੁੰਦੀ ਹੈ ਪਰ ਉਹ ਮਿਲ ਨਹੀਂ ਰਹੀ ।

ਇਹ ਜਿਹੜਾ ਮੂੰਗਫਲੀ, ਤੇਲ ਆਦਿ ਤੇ ਟੈਕਸ ਲਗਾਇਆ ਗਿਆ ਹੈ ਇਸ ਦਾ ਅਸਰ ਗਰੀਬਾਂ ਤੇ ਹੀ ਪਵੇਗਾ । ਇਸ ਦਾ ਅਮੀਰਾਂ ਤੇ ਕੋਈ ਅਸਰ ਨਹੀਂ ਹੋਣਾ । ਇਸ ਬਾਰੇ ਸਰਕਾਰ ਨੇ ਕੁਝ ਨਹੀਂ ਕੀਤਾ । ਸਰਕਾਰ ਨੇ ਵਿਉਪਾਰੀਆਂ ਨੂੰ ਸੀਮਿੰਟ, ਘਿਉ ਅਤੇ ਡੀਜ਼ਲ ਆਦਿ ਬਲੈਕ ਵਿਚ ਵੇਚਣ ਦੀ ਖੁਲ੍ਹ ਦਿਤੀ ਹੋਈ ਹੈ । ਉਹ ਆਪਣੀ ਮਨਮਰਜ਼ੀ ਦਾ ਭਾਅ ਲੈਂਦੇ ਹਨ । ਸਰਕਾਰ ਉਨ੍ਹਾਂ ਨੂੰ ਫੜਦੀ ਨਹੀਂ । ਜੇ ਲੋਕਾਂ ਨੇ ਕਿਸੇ ਬਲੈਕ ਮਾਰਕੀਟੀਏ ਨੂੰ ਫੜ ਵੀ ਲਿਆ ਜਾਂ ਕਿਸੇ ਜ਼ਖੀਰੇਬਾਜ਼ ਦਾ ਘੇਰਾਓ ਵੀ ਕੀਤਾ, ਉਨ੍ਹਾਂ ਦਾ ਮੂੰਹ ਕਾਲਾ ਕੀਤਾ ਫਿਰ ਵੀ ਸਰਕਾਰ ਉਨ੍ਹਾਂ ਤੇ ਮੁਕੱਦਮੇ ਨਹੀਂ ਚਲਾਉਂਦੀ । ਜੇ ਉਨ੍ਹਾਂ ਤੇ ਮੁਕੱਦਮਾ ਬਣ ਵੀ ਜਾਵੇ ਤਾਂ ਉਨ੍ਹਾਂ ਨੂੰ 2-3 ਮਹੀਨੇ ਬਾਅਦ ਛੱਡ ਦਿਤਾ ਜਾਂਦਾ ਹੈ । ਸੀਮਿੰਟ ਬਾਰੇ ਇਨ੍ਹਾਂ ਨੇ ਮੀਟਿੰਗ ਕਰਕੇ ਲੁਧਿਆਣੇ ਵਿਚ ਸੀਮਿੰਟ ਦਾ ਭਾਅ ਸਾਢੇ 26 ਰੁਪਏ ਕਰ ਦਿਤਾ । ਇਸ ਤਰ੍ਹਾਂ ਲੋਕਾਂ ਨੂੰ ਬਲੈਕ ਵਿਚ 30-35/- ਅਤੇ 40/- ਰੁਪਏ ਬੋਰੀ ਦੇ ਦੇਣੇ ਪਏ । ਸਰਕਾਰ ਉਨ੍ਹਾਂ ਨੂੰ ਬਲੈਕ ਕਰਨ ਦਾ ਮੌਕਾ ਦਿੰਦੀ ਹੈ ਅਤੇ ਉਨ੍ਹਾਂ ਨੂੰ ਫੜਦੀ ਨਹੀਂ ਹੈ । ਸਰਕਾਰ ਉਨਾਂ ਦੀ ਹਿਮਾਇਤ ਕਰਦੀ ਹੈ ਅਤੇ ਉਹ ਦਿਨ ਦਿਹਾੜੇ ਹੀ ਲੋਕਾਂ ਨੂੰ ਲੁਟੀ ਜਾਂਦੇ ਹਨ । (ਘੰਟੀ)

ਬਿਜਲੀ ਦੇ ਰੇਟ ਡਿਉੜ੍ਹੇ ਹੋ ਗਏ ਹਨ । ਤੇਲ ਦੀ ਵੀ ਦੁਗਣੀ ਕੀਮਤ ਹੋ ਗਈ ਹੈ । ਪਰ ਇਸ ਦੇ ਉਲਟ ਜ਼ਿਮੀਦਾਰਾਂ ਦਾ ਹਾਲ ਇਹ ਹੈ ਕਿ ਪਹਿਲੀ ਗੱਲ ਤਾਂ ਉਸ ਨੂੰ ਪਤਾ ਨਹੀਂ ਹੁੰਦਾ ਕਿ ਉਸ ਦੀ ਫਸਲ ਹੋ ਵੀ ਜਾਵੇਗੀ ? ਜੇ ਹੋ ਜਾਵੇਗੀ ਤਾਂ ਕਿੰਨੇ ਦੀ ਹੋਵੇਗੀ ? ਜਦ ਉਸ ਦੀ ਫਸਲ ਆ ਵੀ ਜਾਂਦੀ ਹੈ ਤਾਂ ਉਸ ਨੇ ਕਈ ਕਰਜ਼ੇ ਦੇਣੇ ਹੁੰਦੇ ਹਨ, ਵਿਆਹ ਸ਼ਾਦੀਆਂ ਕਰਨੀਆਂ ਹੁੰਦੀਆਂ ਹਨ, ਉਸ ਨੂੰ ਹੋਰ ਕਈ ਫਿਕਰ ਹੁੰਦੇ ਹਨ । ਇਸ ਦੇ ਨਾਲ ਹੀ ਨਾਲ ਜਿਹੜੀਆਂ ਸਾਉਣੀ ਚਾਰੇ ਦੀਆਂ ਫਸਲਾਂ ਹਨ ਉਹ ਗੈਰ ਯਕੀਨੀ ਹਨ । ਜਦ ਕਮਾਦ ਦੀ ਫਸਲ ਬੀਜਦਾ ਹੈ । ਉਸ ਦੀ ਕਾਫੀ ਸੇਵਾ ਕਰਦਾ ਹੈ। ਉਹ ਉਸ ਨੂੰ ਰੂੜੀ ਪਾਉਂਦਾ ਹੈ, ਖਾਦ ਪਾਉਂਦਾ ਹੈ, ਪਾਣੀ ਦਿੰਦਾ ਹੈ । ਪਰ ਜਦ ਉਸ ਦੀ ਗੰਨੇ ਦੀ ਫਸਲ ਪੱਕਣ ਤੇ ਆਉਂਦੀ ਹੈ ਤਾਂ ਉਸ ਨੂੰ ਕੋਈ ਨਾ ਕੋਈ ਬਿਮਾਰੀ ਲਗ ਜਾਂਦੀ ਹੈ । ਇਸੇ ਤਰ੍ਹਾਂ ਹੀ ਆਲੂਆਂ ਦੀ ਫਸਲ ਦਾ ਹਾਲ ਹੈ । ਆਲੂ ਬੀਜਣ ਵਾਸਤੇ ਕਿਸਾਨ ਖਾਦ ਬਹੁਤ ਪਾਉਂਦਾ ਹੈ, ਬਹੁਤ ਸੇਵਾ ਕਰਦਾ ਹੈ । ਇਸ ਫ਼ਸਲ ਤੇ 4 ਹਜ਼ਾਰ ਰੁਪਿਆ ਪ੍ਰਤੀ ਏਕੜ ਖਰਚ ਕਰਦਾ ਹੈ ਪਰ ਵੇਚਣ ਵੇਲੇ ਇਸ ਦਾ ਭਾਅ 7-8 ਰੁਪਏ ਹੀ ਹੁੰਦਾ ਹੈ । (ਘੰਟੀ) ਵਡੇ ਜ਼ਿਮੀਦਾਰ ਜਾਂ ਜਿਹੜੇ ਵੱਡੇ ਲੈਂਡਲਾਰਡਜ਼ ਹਨ ਉਹ ਤਾਂ ਆਪਣੇ ਕੋਲ ਸਟਾਕ ਕਰ ਲੈਂਦੇ ਹਨ ਪਰ ਗਰੀਬ ਕਿਸਾਨ ਸਟਾਕ ਨਹੀਂ ਕਰ ਸਕਦਾ । ਇਸ ਲਈ ਇਹ ਜਿਹੜਾ ਗਰੀਬ ਕਿਸਾਨਾਂ ਤੇ ਟੈਕਸ ਲਾਇਆ ਗਿਆ ਹੈ, ਇਹ ਬਹੁਤ ਗਲਤੀ ਹੈ। ਕਿਸਾਨ ਤੇ ਟੈਕਸ ਨਹੀਂ ਲਗਣਾ ਚਾਹੀਦਾ । ਇਸ ਤਰ੍ਹਾਂ ਉਨ੍ਹਾਂ ਗਰੀਬਾਂ ਤੇ ਹੋਰ ਬੋਝ ਪਵੇਗਾ ਅਤੇ ਉਹ ਮਜਬੂਰ ਹੋ ਜਾਵੇਗਾ ਤੇ ਉਹ ਕੋਈ ਹੋਰ ਰਾਹ ਦੇਖੇਗਾ ।

Original with;
Punjab Vidhan Sabha
Digitized by;
Panjab Digital Library

(ਗਿਆਨੀ ਅਰਜਨ ਸਿੰਘ ਲਿੱਟ)

ਬਿਜਲੀ ਪੂਰੀ ਨਹੀਂ ਮਿਲਦੀ । ਜੇ ਬਿਜਲੀ ਪੂਰੀ ਮਿਲੇ ਅਤੇ ਸਮਾਲ ਸਕੇਲ ਇੰਡਸਟਰੀ ਲਗਾਈ ਜਾਵੇ । ਉਸ ਨੂੰ ਰਾ-ਮੈਟੀਰੀਅਲ ਦਿਤਾ ਜਾਵੇ ਤਾਂ ਇਸ ਤਰ੍ਹਾਂ ਕਿਸਾਨ ਜਿਹੜਾ ਆਪਣਾ ਵਿਹਲਾ ਸਮਾਂ ਹੁੰਦਾ ਹੈ ਉਸ ਵਿਚ ਉਹ ਇੰਡਸਟਰੀ ਦਾ ਕੰਮ ਕਰਕੇ 2-4 ਪੈਸੇ ਕਮਾ ਸਕਦਾ ਹੈ । ਹਾੜੀ ਦੀ ਜਿਹੜੀ ਉਸ ਦੀ ਫਸਲ ਹੁੰਦੀ ਹੈ ਉਹ ਤਾਂ ਹੋਰ ਕਈ ਕੰਮਾਂ ਵਿਚ ਲਗ ਜਾਂਦੀ ਹੈ । (ਘੰਟੀ) ਮੈਂ ਕਹਾਂਗਾ ਕਿ ਉਸ ਉਤੇ ਇਹ ਟੈਕਸ ਨਹੀਂ ਲਗਣਾ ਚਾਹੀਦਾ । ਮੈਂ ਆਸ ਕਰਦਾ ਹਾਂ ਕਿ ਸਰਕਾਰ ਇਸ ਤੇ ਗੌਰ ਕਰੇ ਨਹੀਂ ਤਾਂ ਇਸ ਤਰ੍ਹਾਂ ਕਿਸਾਨ ਮਰ ਜਾਵੇਗਾ ।

ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ (ਜਲਾਲਾਬਾਦ) : ਮਾਨਯੋਗ ਸਪੀਕਰ ਸਾਹਿਬ, ਇਹ ਜਿਹੜਾ ਪੰਜਾਬ ਕਮੱਰਸ਼ੀਅਲ ਕਰਾਪਸ ਸੈਸ ਬਿਲ ਮਨਿਸਟਰ ਸਾਹਿਬ ਨੇ ਇਥੇ ਪੇਸ਼ ਕੀਤਾ ਹੈ ਇਹ ਬਿਲ ਗਰੀਬ ਕਿਸਾਨ ਨੂੰ ਮਾਰੂ ਹੈ । ਇਹ ਮੁੜਕੇ ਗਰੀਬ ਕਿਸਾਨ ਦੀ ਲੱਕ ਤੋੜਨ ਵਾਲਾ ਬਿਲ ਹੈ । ਸਵਰਗੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਸਮੇਂ ਇਕ ਟੈਕਸ ਲਗਿਆ ਸੀ ਪਰ ਕੁਝ ਸਮੇਂ ਬਾਅਦ ਉਹ ਸਰਕਾਰ ਨੇ ਵਾਪਸ ਲੈ ਲਿਆ ਸੀ ਅੱਜ ਹੁਣ ਦੁਬਾਰਾ ਇਹ ਸਰਕਾਰ ਟੈਕਸ ਲਗਾਉਣ ਲਗੀ ਹੈ । ਇਸ ਦਾ ਕੋਈ ਮਿਆਰ ਨਹੀਂ ਰਖਿਆ ਗਿਆ ਕਿ ਕੌਣ ਟੈਕਸ ਦੇਣ ਦੇ ਕਾਬਲ ਹੈ ਅਤੇ ਕੌਣ ਦੇਣ ਦੇ ਕਾਬਲ ਨਹੀਂ ਹੈ । ਇਕੋ ਰਸੀ ਨਾਲ ਹੀ ਸਾਰਿਆਂ ਨੂੰ ਬੰਨਿਆ ਗਿਆ ਹੈ ਜੋ ਕਿ ਠੀਕ ਨਹੀਂ ਹੈ । ਅਮੀਰ ਆਦਮੀ ਤਾਂ ਖਾਦ ਦੇ ਕੱਠੇ ਭਰ ਲੈਂਦਾ ਹੈ ਪਰ ਗਰੀਬ ਕਿਸਾਨ ਇਸ ਤਰ੍ਹਾਂ ਨਹੀਂ ਕਰ ਸਕਦਾ । ਅਮੀਰ ਆਦਮੀ ਇਸ ਤਰ੍ਹਾਂ ਲੱਡ ਪੈਣ ਤੇ ਖਾਦ ਵਰਤ ਲੈਂਦਾ ਹੈ ਪਰ ਗਰੀਬ ਕਿਸਾਨ ਨੂੰ ਵੇਲੇ ਸਿਰ ਖਾਦ ਆਦਿ ਨਹੀਂ ਮਿਲਦੀ ਅਤੇ ਜੇ ਮਿਲਦੀ ਹੈ ਤਾਂ ਬਹੁਤ ਮਹਿੰਗੀ ਮਿਲਦੀ ਹੈ । ਇਸ ਲਈ ਇਹ ਜਿਹੜਾ ਗਰੀਬ ਕਿਸਾਨ ਤੇ ਟੈਕਸ ਲਗਾਇਆ ਗਿਆ ਹੈ, ਇਹ ਠੀਕ ਨਹੀਂ ਹੈ । ਇਸ ਦੇ ਨਾਲ ਹੀ, ਸਪੀਕਰ ਸਾਹਿਬ, ਬੜੇ ਦੁੱਖ ਦੀ ਗੱਲ ਇਹ ਹੈ ਕਿ ਜਿਹੜਾ ਖੇਤੀਬਾੜੀ ਦਾ ਟੈਕਸ ਲਾਇਆ ਹੈ ਇਸ ਦੀ ਅਸੀਂ ਵਿਰੋਧਤਾ ਨਹੀਂ ਕਰਦੇ ਪਰ ਇਹ ਜਿਹੜਾ ਟੈਕਸ ਲਗਾ ਹੈ ਇਹ ਠੀਕ ਨਹੀਂ ਹੈ । ਉਨ੍ਹਾਂ ਨੂੰ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ । ਉਨ੍ਹਾਂ ਗਰੀਬਾ ਦਾ ਤਾਂ ਆਪਣੇ ਘਰ ਦਾ ਗੁਜ਼ਾਰਾ ਨਹੀਂ ਹੁੰਦਾ ਪਰ ਤੁਸੀਂ ਇਸ ਵਿਚ ਲੈਂਡ ਲਾਰਡਜ਼ ਨੂੰ ਅਤੇ ਗਰੀਬਾਂ ਨੂੰ ਇਕੋ ਥਾਂ ਹੀ ਰਖਿਆ ਹੈ, ਇਹ ਠੀਕ ਨਹੀਂ ਹੈ । ਅਸੀਂ ਵੀ ਫੈਸਲਾ ਕੀਤਾ ਸੀ ਕਿ ਇਸ ਟੈਕਸ ਨੂੰ 2 ਹਿਸਿਆਂ ਵਿਚ ਵੰਡਿਆ ਜਾਵੇ । ਇਸ ਲਈ ਇਸ ਟੈਕਸ ਨੂੰ ਦੋ ਹਿਸਿਆਂ ਵਿਚ ਵੰਡਿਆ ਜਾਣਾ ਚਾਹੀਦਾ ਹੈ । 30/- ਰੁਪਏ ਮਾਲੀਆ ਦੇਣ ਵਾਲੇ ਕਿਸਾਨ ਤੇ ਇਹ ਟੈਕਸ ਨਹੀਂ ਲਗਣਾ ਚਾਹੀਦਾ । ਇਸ ਨੂੰ 30/- ਰੁਪਏ ਤੋਂ 50/- ਰੁਪਏ ਤਕ ਮਾਲੀਆ ਦੇਣ ਵਾਲੇ ਤੇ ਅਤੇ 50/- ਰੁਪਏ ਤੋਂ 100/- ਰੁਪਏ ਮਾਲੀਆ ਦੇਣ ਵਾਲੇ ਕਿਸਾਨ ਤੇ ਦੋ ਹਿਸਿਆਂ ਵਿਚ ਵੰਡਕੇ ਇਹ ਟੈਕਸ ਲਗਣਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਦੋ ਭਾਗਾਂ ਵਿਚ ਇਸ ਟੈਕਸ ਨੂੰ ਵੰਡ ਲੇਣਾ ਚਾਹੀਦਾ ਹੈ । ਇਹ ਵੀ ਦੇਖਣਾ ਚਾਹੀਦਾ ਹੈ ਕਿ ਜਿਹੜਾ ਗਰੀਬ ਹੈ ਅਤੇ ਜਿਸ ਦਾ ਅਗੇ ਹੀ ਗੁਜ਼ਾਰਾ ਨਹੀਂ ਹੁੰਦਾ, ਉਸ ਤੇ ਇਸ ਦਾ ਅਸਰ ਨਾ ਪਵੇ ।

ਇਹ ਦੇ ਨਾਲ ਹੀ, ਸਪੀਕਰ ਸਾਹਿਬ, ਗਰੀਬ ਕਿਸਾਨ ਮੰਡੀਆਂ ਵਿਚ ਫਸਲ ਵੇਲੇ ਸਿਰ ਲਿਆਉਣ ਦੀ ਕੋਸ਼ਿਸ਼ ਕਰਦਾ ਹੈ ਪਰ ਉਸ ਨੂੰ ਮੰਡੀਆਂ ਵਿਚ ਪਹੁੰਚਣ ਵਿਚ ਕਈ

Original with;
Punjab Vidhan Sabha
Digitized by:
Panjab Digital Library

ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਸੜਕਾਂ ਦਾ ਕੋਈ ਇੰਤਜ਼ਾਮ ਨਹੀਂ ਹੈ । ਉਹ ਵੇਲੇ ਸਿਰ ਮੰਡੀ ਵਿਚ ਫਸਲ ਨਾ ਪਹੁੰਚਾ ਸਕੇ ਤਾਂ ਉਸਦੀ ਸਾਰੀ ਮਿਹਨਤ ਤੇ ਪਾਣੀ ਫਿਰ ਜਾਂਦਾ ਹੈ । ਇਸ ਤਰ੍ਹਾਂ ਕਿਸਾਨ ਨੂੰ ਮੰਡੀਆਂ ਦੂਰ ਹੋਣ ਕਰਕੇ ਕਈ ਮੁਸ਼ਕਲਾਂ ਹੁੰਦੀਆਂ ਹਨ । ਗੱਡੇ ਉਨ੍ਹਾਂ ਦੇ ਰਸਤੇ ਵਿਚ ਹੀ ਕਈ ਵਾਰੀ ਖੁਭ ਜਾਂਦੇ ਹਨ, ਖਰਾਬ ਹੋ ਜਾਂਦੇ ਹਨ । ਟਰੈਫਿਕ ਦਾ ਕੋਟੀ ਇੰਤਜ਼ਾਮ ਨਹੀਂ ਹੈ, ਸੜਕਾਂ ਦਾ ਕੋਈ ਇੰਤਜ਼ਾਮ ਨਹੀਂ ਹੈ । ਮੀਂਹ ਨਾਲ ਉਸ ਦੀ ਜਿਣਸ ਭਿਜ ਜਾਂਦੀ ਹੈ ਅਤੇ ਉਸ ਦਾ ਕਾਫੀ ਨੁਕਸਾਨ ਹੁੰਦਾ ਹੈ । ਜੇ ਉਸ ਦੀ ਫਸਲ ਮੰਡੀ ਵਿਚ ਵੇਲੇ ਸਿਰ ਲਿਆਉਣ ਦਾ ਪ੍ਰਬੰਧ ਹੋਵੇ ਤਾਂ ਉਸ ਦੀ ਫ਼ਸਲ ਖਰਾਬ ਨਹੀਂ ਹੋ ਸਕਦੀ । ਇਸ ਤਰ੍ਹਾਂ ਗਰੀਬ ਤੇ ਇਸ ਦਾ ਅਸਰ ਪੈਂਦਾ ਹੈ। ਲੈਂਡਲਾਰਡ, ਵੱਡਾ ਜ਼ਿਮੀਦਾਰ ਤਾਂ ਮੌਕੇ ਦਾ ਫਾਇਦਾ ਉਠਾਉਂਦਾ ਹੈ । ਉਹ ਮੰਡੀ ਵਿਚ ਜਿਣਸ ਉਸ ਵੇਲੇ ਲਿਆਉਂਦਾ ਹੈ ਜਿਸ ਵੇਲੇ ਭਾਅ ਜ਼ਿਆਦਾ ਹੋਵੇ ਪਰ ਗਰੀਬ ਕਿਸਾਨ ਇਸ ਤਰ੍ਹਾਂ ਨਹੀਂ ਕਰ ਸਕਦਾ ਕਿਉਂਕਿ ਉਹ ਜ਼ਖੀਰਾ ਨਹੀਂ ਕਰ ਸਕਦਾ, ਉਹ ਜਿਣਸ ਨੂੰ ਸਟਾਕ ਨਹੀਂ ਕਰ ਸਕਦਾ । ਉਹ ਆਪਣੀ ਜਿਣਸ ਮੰਡੀ ਵਿਚ ਵੇਲੇ ਸਿਰ ਪਹੁੰਚਾਉਂਦਾ ਹੈ ਪਰ ਫਿਰ ਵੀ ਉਸ ਵਾਸਤੇ ਸੜਕਾਂ ਦਾ ਕੋਈ ਪ੍ਰਬੰਧ ਨਹੀਂ ਹੈ, ਇਹ ਕਿਸਾਨ ਨਾਲ ਬੜਾ ਭਾਰੀ ਧੱਕਾ ਹੈ । ਭਾਵੇਂ ਸੜਕਾਂ ਵਾਲੀ ਗਲ ਇਸ ਵਿਚ ਨਹੀਂ ਆਉਂਦੀ ਪਰ ਫਿਰ ਵੀ ਮੈਂ ਕਹਿ ਦਿੰਦਾ ਹਾਂ । ਸਰਕਾਰ ਨੇ ਕਿਹਾ ਸੀ ਕਿ ਅਸੀਂ ਮਾਰਚ, 1973 ਤਕ ਸਾਰੀਆਂ ਸੜਕਾਂ ਮੁਕੰਮਲ ਕਰ ਦਿਆਂਗੇ ਪਰ ਮੈਂ ਆਪਣੇ ਹਲਕੇ ਜਲਾਲਾਬਾਦ ਦੀ ਗਲ ਕਰਦਾ ਹਾਂ, ਉਥੇ ਮੇਰੇ ਪਿੰਡ ਦੀ 13 ਕਿਲੋ ਮੀਟਰ ਸੜਕ ਨਹੀਂ ਬਣਾ ਸਕੇ ਹੋਰ ਤਾਂ ਕੀ ਬਣਾਉਣੀਆਂ ਸਨ । ਜੇ ਅਸੀਂ ਕਹਿੰਦੇ ਹਾਂ ਤਾਂ ਸਰਕਾਰ ਕਹਿੰਦੀ ਹੈ ਕਿ ਸਾਡੇ ਕੋਲ ਫੰਡ ਨਹੀਂ ਹੈ । ਮੈਂ ਦਸਦਾ ਹਾਂ ਕਿ 40 ਹਜ਼ਾਰ ਰੁਪਿਆ ਫਾਜ਼ਿਲਕਾ ਸਬ-ਡਵੀਜ਼ਨ ਦੇ ਵਿਚ ਪੀ.ਡਬਲਿਊ.ਡੀ. ਵਿਚ ਗਬਨ ਹੋਇਆ ਹੈ ਅਤੇ ਉਹ ਕੇਸ ਰਜਿਸਟਰ ਹੋਇਆ ਹੈ । ਮੈਂ ਦਸ ਰਿਹਾ ਸੀ ਕਿ ਜੇ ਸੜਕਾਂ ਬਣ ਜਾਣ ਤਾਂ ਕਿਸਾਨ ਬੜਾ ਵੇਲੇ ਸਿਰ ਆਪਣੀ ਫਸਲ ਮੰਡੀਆਂ ਵਿਚ ਲਿਆ ਸਕਦਾ ਹੈ । ਜਿਸ ਦਾ ਕਿ ਉਸ ਨੂੰ ਵੀ ਫਾਇਦਾ ਹੈ ਅਤੇ ਸਾਡੇ ਦੇਸ਼ ਨੂੰ ਵੀ ਫਾਇਦਾ ਹੈ । (ਘੰਟੀ) ਕਿਸਾਨ ਆਪਣੇ ਖੂਨ ਪਸੀਨੇ ਦੀ ਕਮਾਈ ਕਰਕੇ ਜਿਣਸ ਜਦ ਮੰਡੀਆਂ ਵਿਚ ਲਿਜਾਂਦਾ ਹੈ ਤਾਂ ਉਸ ਨੂੰ ਲੁਟਿਆ ਜਾਂਦਾ ਹੈ । ਇਸ ਵਿਚ ਕਿਸੇ ਤਰ੍ਹਾਂ ਦੀ ਛੋਟ ਨਹੀਂ ਦਿਤੀ ਪਰ ਵਿਉਪਾਰੀਆਂ ਨੂੰ ਪੂਰੀ ਖੁਲ੍ਹ ਦਿਤੀ ਗਈ ਹੈ । ਕਿਸਾਨਾਂ ਨੂੰ ਆਪਣੀ ਜਿਣਸ ਦਾ ਭਾਅ ਠੀਕ ਨਹੀਂ ਮਿਲਦਾ । ਉਨਾਂ ਨੂੰ ਘੀ ਨਹੀਂ ਮਿਲਦਾ, ਕਪੜੇ ਅਤੇ ਹੋਰ ਨਿਤ ਵਰਤੋਂ ਦੀਆਂ ਚੀਜ਼ਾਂ ਬਹੁਤ ਮਹਿੰਗੀਆਂ ਲੈਣੀਆਂ ਪੈਂਦੀਆਂ ਹਨ ਪਰ ਇਨ੍ਹਾਂ ਨੇ ਉਨ੍ਹਾਂ ਗਰੀਬਾਂ ਦਾ ਕੁਝ ਨਹੀਂ ਕੀਤਾ ਸਗੋਂ ਲੈਂਡਲਾਰਡਜ਼ ਨੂੰ ਹੀ ਬਚਾਇਆ ਹੈ ।

ਉਨ੍ਹਾਂ ਨੂੰ ਬਚਾ ਕੇ ਗਰੀਬਾਂ ਨੂੰ ਮਾਰਨ ਦਾ ਯਤਨ ਕੀਤਾ ਹੈ । ਜ਼ਖੀਰੇ ਕਢਾਉਣ ਦਾ ਇਸ ਵਿਚ ਕੋਈ ਪ੍ਰਬੰਧ ਨਹੀਂ ਹੈ । ਇਸ ਕਰਕੇ ਇਸ ਟੈਕਸ ਦੀ ਮੈਂ ਮੁਖਾਲਫਤ ਕਰਦਾ ਹਾਂ ਅੰਰ ਇਸ ਪੱਖ ਤੋਂ ਕਰਦਾ ਹਾਂ । ਟੈਕਸਾਂ ਦਾ ਵਿਰੋਧ ਨਹੀਂ ਹੈ । ਟੈਕਸ ਲਗਾਉਣੇ ਚਾਹੀਦੇ ਹਨ ਪਰ ਇਹ ਘੱਟੋ ਘੱਟ ਇਸ ਢੰਗ ਨਾਲ ਲਗੇ ਕਿ ਇਸ ਦੀ ਮਾਰ ਤੋਂ ਗਰੀਬ ਬਚ ਸਕੇ । ਇਹ ਟੈਕਸ ਧਨਾਢ ਤੇ ਲਗਣਾ ਚਾਹੀਦਾ ਹੈ ਪਰ ਧਨਾਢ ਨੂੰ ਇਸ ਤੋਂ ਛੱਡ ਦਿਤਾ ਗਿਆ ਹੈ । ਅਜ ਖਾਦ ਬਲੈਕ ਵਿਚ ਵਿਕਦੀ ਹੈ । ਇਹ ਇਕ ਹੋਰ ਗਰੀਬਾਂ ਤੇ ਡਾਕਾ ਹੈ ।

Original with;
Punjab Vidhan Sabha
Digitized by:
Panjab Digital Library

ਸ਼੍ਰੀ ਸਪੀਕਰ : ਤੁਸੀਂ ਬੈਠ ਜਾਓ । (Please resume your seat.)

ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ : ਇਸ ਦੀ ਮਾਰ ਜ਼ਿਆਦਾ ਤਰ ਗਰੀਬਾਂ ਨੂੰ ਹੀ ਸਹਿਣੀ ਪਵੇਗੀ । ਅੱਜ ਖਾਦ ਖੁਲ੍ਹੀ ਨਹੀਂ ਮਿਲਦੀ । ਖਾਦ ਵੇਚਣ ਵਾਲੇ ਦਿਨ ਦਿਹਾੜੇ ਹੀ ਗਰੀਬ ਦੀਆਂ ਜੇਬਾਂ ਵਿਚ ਹੱਥ ਪਾਕੇ ਚੋਰੀ ਕਰਦੇ ਹਨ । ਉਨ੍ਹਾਂ ਨੂੰ ਕੋਈ ਪੁਛਦਾ ਨਹੀਂ ਹੈ । ਜੇਕਰ ਗਰੀਬ ਇਸ ਦਾ ਜ਼ਿਕਰ ਕਰਦਾ ਹੈ ਤਾਂ ਉਸ ਦੀ ਕੋਈ ਸੁਣਵਾਈ ਨਹੀਂ ਹੁੰਦੀ । ਇਸ ਲਈ ਮੈਂ ਇਹ ਬੇਨਤੀ ਕਰਾਂਗਾ ਕਿ ਜਿਹੜੀਆਂ ਗਲਾਂ ਮੈਂ ਕਹੀਆਂ ਹਨ ਉਨ੍ਹਾਂ ਵਲ ਸਾਡੀ ਸਰਕਾਰ ਧਿਆਨ ਦੇਵੇ । ਟੈਕਸ ਤਾਂ ਸਰਕਾਰ ਜੀ ਸਦਕੇ ਲਗਾਵੇ ਪਰ ਧਨਾਢਾਂ ਤੇ ਲਗਾਵੇ ਜਿਹੜੇ ਕਿ ਦੇ ਸਕਦੇ ਹਨ ।

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ.ਸੀ.) : ਸਰਦਾਰ ਉਮਰਾਓ ਸਿੰਘ ਜੀ ਨੇ ਜੋ ਬਿਲ ਪੇਸ਼ ਕੀਤਾ ਹੈ ਇਸ ਤੋਂ, ਸਪੀਕਰ ਸਾਹਿਬ, ਪਤਾ ਲਗਦਾ ਹੈ ਕਿ ਸਰਕਾਰ ਦੀਆਂ ਨੀਤੀਆਂ ਕੀ ਹਨ । ਇਨ੍ਹਾਂ ਦੀਆਂ ਨੀਤੀਆਂ ਜਾਗੀਰਦਾਰ ਪੱਖੀ ਹਨ । ਇਨ੍ਹਾਂ ਦੀਆਂ ਨੀਤੀਆਂ ਦਾ ਇਸ ਗੱਲ ਤੋਂ ਪਤਾ ਲਗਦਾ ਹੈ ਕਿਉਂਕਿ ਇਸ ਵਿਚ ਗਰੀਬ ਕਿਸਾਨ ਦਾ ਕੋਈ ਖਿਆਲ ਨਹੀਂ ਰਖਿਆ ਗਿਆ । ਇਹ ਜਿਹੜਾ ਕਮੱਰਸ਼ੀਅਲ ਕਰਾਪ ਦੇ ਨਾਮ ਹੇਠ ਟੈਕਸ ਲਗਾਇਆ ਹੈ ਇਸ ਦਾ ਬੋਝ ਗਰੀਬ ਤੇ ਪੈਣਾ ਹੈ । ਇਸ ਤੋਂ ਵਡੇ ਵਡੇ ਜਾਗੀਰਦਾਰਾਂ ਨੂੰ ਛੱਡ ਦਿਤਾ ਹੈ । ਹਾਲਾਂਕਿ ਇਹ ਟੈਕਸ ਉਨ੍ਹਾਂ ਤੇ ਹੀ ਲਗਣਾ ਚਾਹੀਦਾ ਸੀ ।

ਸਪੀਕਰ ਸਾਹਿਬ, ਰੇਹ ਜੋ ਮਿਲਦੀ ਹੈ ਉਹ ਵੀ ਨਾ ਦੇ ਬਰਾਬਰ ਹੀ ਹੈ ਬਲਕਿ ਰੇਹ ਤਾਂ ਮਿਲਦੀ ਹਾਂ ਨਹੀਂ ਹੈ । ਜਿਹੜੀ ਮਿਲਦੀ ਹੈ ਉਸ ਵਿਚ ਕਈ ਤਰ੍ਹਾਂ ਦੀਆਂ ਮਿਲਾਵਟਾਂ ਹੁੰਦੀਆ ਹਨ । ਜੇਕਰ ਯੂਰੀਆ ਚਾਹੀਦੀ ਹੁੰਵੇ ਤਾਂ ਕਿਹਾ ਜਾਂਦਾ ਹੈ ਕਿ ਡਾਇਆ ਲੈ ਜਾਓ ਪਰ ਜਿਹੜੀ ਸਮੇਂ ਦੇ ਮੁਤਾਬਿਕ ਚਾਹੀਦੀ ਹੈ ਉਹ ਨਹੀਂ ਮਿਲਦੀ । ਡੀਜ਼ਲ ਪਹਿਲਾਂ ਤਾਂ ਲੰਮੀਆਂ ਕਿਤਾਰਾਂ ਵਿਚ ਲਗ ਕੇ ਮਿਲ ਜਾਂਦਾ ਸੀ ਪਰ ਕੁਝ ਚਿਰ ਤੋਂ, ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਫਿਰ ਇਹ ਬੰਦ ਹੋ ਗਿਆ ਹੈ । ਸਰਕਾਰ ਲੋਕਾਂ ਨੂੰ ਡੀਜ਼ਲ ਸਪਲਾਈ ਕਰਨ ਵਿਚ ਫੇਲ੍ਹ ਹੋਈ ਹੈ । ਗਰੀਬ ਕਿਸਾਨ ਦਾ ਕੋਈ ਖਿਆਲ ਨਹੀਂ । ਉਸ ਨੂੰ ਦਬਾ ਕੇ ਕਰੱਸ਼ ਕੀਤਾ ਗਿਆ ਹੈ । ਉਸ ਉਪਰ ਅਗੇ ਹੀ ਬਹੁਤ ਟੈਕਸ ਹਨ । ਨਹਿਰੀ ਟੈਕਸ ਹੈ ਅੱਰ ਦੇਰ ਕਈ ਤਰ੍ਹਾਂ ਦੇ ਟੈਕਸ ਲਗੇ ਹੋਏ ਹਨ । ਜ਼ਿਲ੍ਹਾ ਸੰਗਰੂਰ ਵਿਚ ਤਾਂ ਡਿਪਟੀ ਕਮਿਸ਼ਨਰ ਨੇ ਆਪ ਹੀ ਇਕ ਟੈਕਸ ਲਗਾ ਦਿਤਾ ਹੈ । ਉਥੇ ਦੇ ਕਿਸਾਨ ਉਸ ਨੂੰ ਮਿਲੇ ਪਰ ਅਜੇ ਤਕ ਉਹ ਟਕਸ ਵਾਪਸ ਨਹੀਂ ਹੋਇਆ । ਉਸ ਨੇ ਹੁਕਮ ਵੀ ਜਾਰੀ ਕਰ ਦਿਤੇ ਹਨ । ਇਹ ਕਿਸਾਨਾਂ ਦੀਆਂ ਜੇਬਾਂ ਤੋਂ ਪੈਸੇ ਕਢਣ ਲਈ ਹੈ । ਇਸ ਨਾਲ ਜਨਤਾ ਦਾ ਕੋਈ ਫਾਇਦਾ ਨਹੀਂ ਹੋਣਾ ।

ਹੁਣ ਤੁਸੀਂ ਗੰਨੇ ਦਾ ਰੇਟ ਵੇਖ ਲਓ । 8/- ਰੁਪਏ ਤੋਂ 12/- ਰੁਪਏ ਕੁਇੰਟਲ ਤਹ ਲਿਆ ਗਿਆ ਹੈ । ਜਿਹੜਾ ਸ਼ੀਰਾ ਨਿਕਲਦਾ ਹੈ ਉਹ ਹੀ ਸਾਰਾ ਖਰਚ ਪੂਰਾ ਕਰ ਦਿੰਦਾ ਹੈ । ਪਰ ਉਸ ਦੀ ਖੰਡ ਜੋ ਬਣਦੀ ਹੈ ਉਹ 50/- ਰੁਪਏ ਦੀ ਮਿਲ ਰਹੀ ਹੈ । 12 ਰੁਪਏ ਦੀ ਬਜਾਏ 50/- ਰੁਪਏ ਕਿਉਂ ਲਏ ਜਾ ਰਹੇ ਹਨ ? ਕਪਾਹ ਦਾ ਕੀ ਭਾਅ ਹੈ ਲੇਕਿਨ

Original with;
Punjab Vidhan Sabha
Digitized by;
Panjab Digital Library

ਕਪੜੇ ਦੇ ਰੇਟ ਪਹਿਲਾਂ ਹੀ ਚੁੱਕ ਦਿਤੇ ਹਨ। ਹੁਣ ਕਹਿੰਦੇ ਹਨ ਕਿ ਮਹਿੰਗਾਈ ਹੋਰ ਵਧੇਗੀ। ਤੁਸੀਂ ਵੇਖੋ ਮੂੰਗਫਲੀ ਦਾ ਕੀ ਭਾਅ ਹੈ ? ਹੁਣ ਚਾਰ ਰੁਪਏ ਮਿਲਦੀ ਹੈ ਪਰ ਫਿਰ ਇਹ ਹੋਰ ਮਹਿੰਗੀ ਕਰ ਦਿਤੀ ਜਾਵੇਗੀ। (ਵਿਘਨ) ਸੋ, ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਮੂੰਗਫਲੀ ਦਾ ਕੀ ਭਾਅ ਹੈ ਤੇ ਜਿਹੜਾ ਘਿਉ ਦਾ ਭਾਅ ਹੈ ਉਹ ਵੀ ਤੁਹਾਨੂੰ ਪਤਾ ਹੈ। ਇਹ ਹੁਣ ਤੁਸੀਂ ਆਪ ਵੇਖ ਲਉ ਕਿ ਸਰਕਾਰ ਦੀ ਨੀਤੀ ਕੀ ਹੈ ? ਅਜ 15 ਰੁਪਏ ਕਿਲੋ ਘੀ ਮਿਲਦਾ ਹੈ। ਹੁਣ ਤਾਂ ਫੈਕਟਰੀਆਂ ਵਾਲਿਆਂ ਨੇ ਕਹਿ ਦਿਤਾ ਹੈ ਕਿ ਦੋ ਰੁਪਏ ਭਾਅ ਵਧਾ ਦਿਉ ਨਹੀਂ ਤਾਂ ਫੈਕਟਰੀਆਂ ਬੰਦ ਕਰ ਦਿਆਂਗੇ। ਜੇਕਰ ਕੋਈ ਮਜ਼ਦੂਰ ਇਨ੍ਹਾਂ ਪਾਸ ਜਾਂਦਾ ਹੈ ਕਿ ਆਟਾ ਦਿਉ, ਘਿਉ ਦਿਉ ਤਾਂ ਉਨ੍ਹਾਂ ਨੂੰ ਇਹ ਸਰਕਾਰ ਕੀ ਕਰਦੀ ਹੈ ? ਫੋਰਸ ਇਨ੍ਹਾਂ ਪਾਸ ਬਹੁਤ ਹੈ। ਇਹ 307 ਦਫਾ ਲਗਾ ਦਿੰਦੀ ਹੈ, 144 ਦਫਾ ਲਗਾ ਦਿੰਦੀ ਹੈ। ਇਸ ਤਰ੍ਹਾਂ ਇਹ ਜਨਤਾ ਨੂੰ ਕਰੱਸ਼ ਕਰਦੇ ਹਨ ਕਿਉਂਕਿ ਇਸ ਤਰ੍ਹਾਂ ਦੀਆਂ ਮੂਵਮੈਂਟਾਂ ਉਠਣਗੀਆਂ। ਏਜੰਸੀਆਂ ਦੇ ਖਿਲਾਫ ਲੋਕ ਉਠਣਗੇ। ਇਨ੍ਹਾਂ ਗੱਲਾਂ ਨੂੰ ਛੁਪਾਉਣ ਲਈ ਇਹ ਸਰਕਾਰ ਇਸ ਤਰ੍ਹਾਂ ਦੇ ਕਾਨੂੰਨ ਬਣਾਉਂਦੀ ਹੈ। ਜਿਹੜੇ ਕਿਸਾਨ ਰੌਲਾ ਪਾਉਂਦੇ ਹਨ, ਆਪਣੀ ਫਰਿਆਦ ਲੈ ਕੇ ਆਉਂਦੇ ਹਨ ਉਨ੍ਹਾਂ ਤੇ ਵੀ 307 ਦਫਾ ਲਗਾ ਦਿਤੀ ਜਾਂਦੀ ਹੈ। ਇਨ੍ਹਾਂ ਨੂੰ ਤਾਂ ਚਾਹੀਦਾ ਸੀ ਕਿ ਜਾਗੀਰਦਾਰਾਂ ਤੇ ਇਹ ਦਬ ਕੇ ਟੈਕਸ ਲਗਾ ਦਿੰਦੇ ਪਰ ਇਹ ਗਰੀਬਾਂ ਨੂੰ ਮਾਰਨ ਲਈ ਅਤੇ ਗਰੀਬਾਂ ਨੂੰ ਖਤਮ ਕਰਨ ਵਾਲੇ ਪਾਸੇ ਲਗੇ ਹੋਏ ਹਨ। ਇਸ ਨਾਲ, ਸਪੀਕਰ ਸਾਹਿਬ, ਲੋਕ ਆਪਣੇ ਹੱਕਾਂ ਲਈ ਉਠਣਗੇ ਅੰਰ ਦਸਣਗੇ ਕਿ ਹੁਣ ਟੈਕਸ ਅਸੀਂ ਕਿਸ ਤਰ੍ਹਾਂ ਦੇ ਸਕਦੇ ਹਾਂ ?

(ਸਰਦਾਰ ਅਜਾਇਬ ਸਿੰਘ ਸੰਧੂ ਵਲੋਂ ਵਿਘਨ)

ਮਾਲ ਅਤੇ ਚੋਣ ਮੰਤਰੀ (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਮੈਨੂੰ ਇਸ ਗੱਲ ਦੀ ਬੜੀ ਖੁਸ਼ੀ ਹੈ ਕਿ ਜਿਤਨੇ ਵੀ ਸਾਡੇ ਵਿਰੋਧੀ ਪਾਰਟੀਆਂ ਦੇ ਆਗੂ ਹਨ ਉਨ੍ਹਾਂ ਨੇ ਇਸ ਬਿਲ ਦੀ ਹਿਮਾਇਤ ਕੀਤੀ ਹੈ। ਵੈਸੇ....

Voices : No, no. ਇਨਾਂ ਨੂੰ ਕਹੋ ਕਿ ਆਪਣੇ ਆਪ ਨੂੰ ਕੁਰੈਕਟ ਕਰ ਲੈਣ। (ਹਾਸਾ)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਇਹ ਆਪਣੇ ਆਪ ਨੂੰ ਵੀ ਕੁਰੈਕਟ ਕਰ ਲੈਣ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਨ੍ਹਾਂ ਨੂੰ ਪੁਛੋ ਜੀ ਇਹ ਕਿਸ ਤਰ੍ਹਾਂ ਕਹਿੰਦੇ ਹਨ ਕਿ ਹਿਮਾਇਤ ਕੀਤੀ ਹੈ ?

ਸ਼੍ਰੀ ਸਪੀਕਰ : ਉਹ ਕਹਿੰਦੇ ਹਨ ਕਿ ਦਿਲੋਂ ਤਾਂ ਸਹਿਮਤੀ ਹੀ ਹੈ, ਬਾਹਰੋਂ ਬਾਹਰੋਂ ਹੀ ਇਸ ਤਰ੍ਹਾਂ ਕਰਦੇ ਹਨ। (He says that you are agreed inwardly but outwardly you are opposing it.)

Original with;
Punjab Vidhan Sabha
Digitized by;
Panj... Digital Library

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਪੰਜਾਬ ਇਕ ਐਸੀ ਸਟੇਟ ਹੈ ਜਿਥੇ ਨਾਗਾਲੈਂਡ ਤੋਂ ਬਿਨਾਂ ਸਭ ਤੋਂ ਘੱਟ ਟੈਕਸ ਹਨ । ਮੇਰੇ ਪਾਸ ਅੰਕੜੇ ਹਨ । (ਵਿਘਨ) ਸ਼੍ਰੀ ਕੇ. ਐਨ. ਰਾਜ, ਇਕ ਹਿੰਦੁਸਤਾਨ ਦਾ ਪ੍ਰਸਿਧ ਇਕਾਨੌਮਿਸਟ ਹੈ ਉਸ ਦੇ ਅੰਕੜੇ ਹਨ । ਉਸ ਦੀ ਇਕ ਕਿਤਾਬ ਹੈ । .. ..

ਸਰਦਾਰ ਅਜਾਇਬ ਸਿੰਘ ਸੰਧੂ : ਜਿਸ ਨੂੰ ਸਾਰੇ ਹਿੰਦੁਸਤਾਨ ਨੇ ਰੀਜੈਕਟ ਕੀਤਾ ਹੈ ।

ਮਾਲ ਅਤੇ ਚੋਣ ਮੰਤਰੀ : ਇਹ ਗੱਲ ਗਲਤ ਹੈ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੁਨਾਸਿਬ ਤਾਂ ਇਹ ਹੋਵੇਗਾ ਕਿ ਜੇਕਰ ਅੱਜ ਹੀ ਇਸ ਕਿਤਾਬ ਨੂੰ ਅਗ ਲਾ ਕੇ ਸਾੜ ਦੇਣ ਨਹੀਂ ਤਾਂ ਸਾਰਾ ਪੰਜਾਬ ਇਨ੍ਹਾਂ ਦੇ ਖਿਲਾਫ ਹੋ ਜਾਵੇਗਾ । (ਥੰਪਿੰਗ)

ਮਾਲ ਅਤੇ ਚੋਣ ਮੰਤਰੀ : ਇਸ ਕਰਕੇ ਹੀ ਇਹ ਗੱਲ ਨਹੀਂ ਸੀ ਦਸਦੇ ਕਿਉਂਕਿ ਇਹ ਘਬਰਾਉਂਦੇ ਹਨ । ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਡਾਇਰੈਕਟਰ ਐਗਰੀਕਲਚਰ ਵੀ ਉਸ ਕਮੇਟੀ ਦੇ ਮੈਂਬਰ ਹਨ ਜਿਸ ਨੇ ਸਿਫਾਰਸ਼ ਕੀਤੀ । ਸਿਫਾਰਸ਼ ਵਿਚ ਵੀ ਉਨ੍ਹਾਂ ਨੇ ਅੰਕੜੇ ਦਿਤੇ । ਖੈਰ ਮੈਂ ਡੀਟੇਲ ਵਿਚ ਨਹੀਂ ਜਾਂਦਾ ਪਰ ਇਹ ਗਲ ਜ਼ਰੂਰ ਦਸਦਾ ਹਾਂ ਕਿ ਪੰਜਾਬ ਦੀ ਟੈਕਸੇਸ਼ਨ ਜਿਹੜੀ ਹੈ ਉਹ ਸਾਰੇ ਹਿੰਦੁਸਤਾਨ ਤੋਂ ਲੋਇਸਟ ਹੈ । ਹੁਣ, ਸਪੀਕਰ ਸਾਹਿਬ, ਅਸੀਂ 800 ਕਰੋੜ ਦਾ ਪੰਜ ਸਾਲਾ ਪਲਾਨ ਬਣਾਇਆ ਹੈ ਉਹਦੇ ਲਈ ਪੈਸੇ ਤਾਂ ਕਿਤੋਂ ਉਪਰੋਂ ਨਹੀਂ ਆਉਣੇ ਅਤੇ ਨਾ ਹੀ ਚੜ੍ਹਾਵਾ ਆਉਣਾ ਹੈ । (ਹਾਸਾ) (ਵਿਘਨ) ਮੇਰੀ ਗੁਜਾਰਿਸ਼ ਇਹ ਹੈ ਕਿ ਇਹ ਰਿਸੋਰਸਿਜ਼ ਮੋਬਲਾਈਜ਼ ਕਰਨੇ ਪੈਣਗੇ । ਹਰ ਸੈਕਟਰ ਤੋਂ ਰਿਸੋਰਸਿਜ਼ ਲੈ ਰਹੇ ਹਾਂ । ਇਸ ਕਰਕੇ ਜਿਹੜਾ ਐਗਰੀਕਲਚਰਲ ਸੈਕਟਰ ਹੈ, ਉਸ ਲਈ ਵੀ ਇਹ ਰਿਸੋਰਸਿਜ਼ ਮੋਬੀਲਾਈਜ਼ ਕਰਨੇ ਚਾਹੀਦੇ ਹਨ, ਉਹਨਾਂ ਰਿਸੋਰਸਿਜ਼ ਤੋਂ ਇਲਾਵਾ ਜੋ ਸਾਰਿਆਂ ਦੇ ਉਤੇ ਲਗੇ ਹੋਏ ਹਨ ਉਹ ਹਨ ਟੈਕਸ । ਇਕ ਸਾਡੇ ਸਾਥੀ ਨੇ ਕਿਹਾ ਕਿ ਇਹ ਟੈਕਸ ਵਾਪਿਸ ਲੈ ਲਿਆ ਗਿਆ ਸੀ । ਇਸ ਟੈਕਸ ਦੀ ਤਾਂ ਮੁਨਿਆਦ ਹੀ ਪਹਿਲਾਂ 5 ਸਾਲ ਸੀ, ਫਿਰ ਵਧਾ ਦਿਤੀ ਅਤੇ 1967-68 ਤੋਂ 1969-70 ਅਤੇ 1971 ਤਕ ਇਹ ਲਾਗੂ ਰਿਹਾ । ਇਹ ਉਸ ਵੇਲੇ ਲਾਗੂ ਰਿਹਾ ਜਦੋਂ ਇਥੇ ਸਾਡੇ ਵਿਰੋਧੀ ਦਲ ਦੇ ਸਾਥੀਆਂ ਨੇ ਕੰਮ ਕਾਰ ਸੰਭਾਲਿਆ ਸੀ । ਉਸ ਵਕਤ ਇਹਨਾਂ ਨੇ ਟੈਕਸ ਵਾਪਿਸ ਨਹੀਂ ਲਿਆ । ਮੈਂ ਇਹ ਮਹਿਸੂਸ ਕਰਦਾ ਹਾਂ ਕਿ ਇਹ ਚੀਜ਼ ਪੰਜਾਬ ਨੂੰ, ਪੰਜਾਬ ਦੇ ਕਿਸਾਨ ਦੇ ਫਾਇਦੇ ਵਾਸਤੇ ਹੈ ਅਤੇ ਇਸ ਫਾਇਦੇ ਵਿਚ ਸਭ ਨੂੰ ਜ਼ਰੂਰ ਹਿੱਸਾ ਪਾਉਣਾ ਚਾਹੀਦਾ ਹੈ । ਇਹ ਥੋੜਾ ਜਿਹਾ ਟੈਕਸ ਹੈ, 6/- ਰੁਪਏ ਇਕ ਏਕੜ ਇਰੀਗੇਟਿਡ ਲੈਂਡ ਤੇ ਹੈ ਅਤੇ 3/- ਰੁਪਏ ਇਕ ਏਕੜ ਅਨਇਰੀਗੇਟਿਡ ਲੈਂਡ ਤੇ ਹੈ । ਫਿਰ ਇਥੇ ਕੋਈ ਮੂੰਗਫਲੀ ਦੀ ਗੱਲ ਕਰਦਾ ਹੈ ਕੋਈ ਹੋਰ ਕਰਦਾ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਟੈਕਸ ਕਣਕ, ਜਵਾਰ, ਬਾਜਰਾ ਵਗੈਰਾ ਤੇ ਨਹੀਂ ਲਗਿਆ । ਇਹ ਜਿਹੜੀਆਂ ਫਸਲਾਂ ਤੇ ਲਗਿਆ ਹੈ, ਉਹ ਹਨ ਕੈਸ਼ ਕਰਾਪਸ । ਹਰ ਆਦਮੀ ਜਾਣਦਾ ਹੈ..... (ਵਿਘਨ)

ਸ਼੍ਰੀ ਸਪੀਕਰ : ਸਧੂ ਸਾਹਿਬ ਕੋਈ ਇਨਫਰਮੇਸ਼ਨ ਲੈਣਾ ਚਾਹੁੰਦੇ ਹਨ । (Sandhu Sahib wants to get some information.)

Original with;
Punjab Vidhan Sabha
Digitized by;
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਇਹ ਇਨਫਰਮੇਸ਼ਨ ਲੈਣੀ ਹੈ ਕਿ ਇਹਨਾਂ ਨੇ ਹੁਣ ਜਸਟੀਫਾਈ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਅਸੀਂ ਵੀ ਦੋਵੇਂ ਮੰਨਦੇ ਹਾਂ । ਜਿਹੜੇ ਤੁਸੀਂ ਅਤੇ ਅਸੀਂ ਮੰਨਦੇ ਹਾਂ ਤਾਂ ਸਿਰਫ ਇਹ ਰਖ ਲਵੋ ਬਾਕੀ ਦੇ ਸਾਰੇ ਮੁਆਫ ਕਰ ਦਿਓ ।

ਗਿਆਨੀ ਅਰਜਨ ਸਿੰਘ ਲਿੱਟ : ਗੰਨੇ ਤੇ ਵੀ ਇਹ ਟੈਕਸ ਲਗਾ ਹੈ । ਇਹਨਾਂ ਦੇ ਇਲਾਕੇ ਵਿਚ ਤਾਂ ਵਿਘਾ ਅੱਧਾ ਵਿਘਾ ਗੰਨਾ ਬੀਜਦੇ ਹਨ ।

ਮਾਲ ਅਤੇ ਚੋਣ ਮੰਤਰੀ : ਇਹ ਠੀਕ ਹੈ ਗੰਨਾ ਬੀਜਣ ਲਈ ਕਾਫੀ ਹਿੰਮਤ ਕਰਨੀ ਪੈਂਦੀ ਹੈ ਅਤੇ ਮੈਂ ਸਮਝਦਾ ਹਾਂ ਕਿ ਪੰਜਾਬ ਦਾ ਹਰ ਕਿਸਾਨ ਹਿੰਮਤੀ ਹੈ ਪਰ ਗੱਲ ਇਹ ਹੈ ਕਿ ਗੰਨੇ ਦੀ ਕੀਮਤ ਵੱਧੀ, ਕਾਟਨ ਦੀ ਕੀਮਤ ਵੱਧੀ ਅਤੇ ਹੋਰ ਫਸਲਾਂ ਦੀ ਵੀ ਕੀਮਤ ਵੱਧੀ । ਇਸ ਕਰਕੇ ਜਦੋਂ ਕਿ ਅਸੀਂ ਪੰਜਾਬ ਦੇ ਵਿਚ ਪੱਕੀਆਂ ਸੜਕਾਂ, ਹਾਸਪੀਟਲ ਵਗੈਰਾ ਬਣਾਉਣੇ ਹਨ ਅਤੇ ਅਸੀਂ ਪਲੈਨ ਨੂੰ ਚਲਾਉਣਾ ਹੈ ਤਾਂ ਸਾਡਾ ਇਮਾਨਦਾਰੀ ਨਾਲ ਫਰਜ਼ ਬਣਦਾ ਹੈ ਕਿ ਅਸੀਂ ਆਪਣਾ ਹਿੱਸਾ ਪਾਈਏ । ਜਿਨਾਂ ਦੂਜੇ ਸੂਬੇ ਪਾਉਂਦੇ ਹਨ, ਉਨਾਂ ਤਾਂ ਪਾਉਣਾ ਚਾਹੀਦਾ ਹੈ ।

ਮਾਸਟਰ ਚੰਦ ਸਿੰਘ : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ । ਗੰਨੇ ਦਾ ਭਾਅ ਇਹਨਾਂ ਨੇ ਕਿਹਾ ਹੈ ਕਿ ਵੱਧ ਗਿਆ ਹੈ, ਪਰ ਧੂਰੀ ਸ਼ੂਗਰ ਮਿਲ ਨੇ ਭਾਅ ਘੱਟ ਕਰ ਦਿਤਾ ਹੈ ।

ਮਾਲ ਅਤੇ ਚੋਣ ਮੰਤਰੀ : ਤੁਹਾਡਾ ਗੰਨੇ ਦੀਆਂ ਮਿਲਾਂ ਨਾਲ ਤੁਅੱਲਕ ਕਦੋਂ ਦਾ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਕਿਸਾਨ ਤੇ ਕੋਈ ਜ਼ਿਆਦਾ ਬੋਝ ਨਹੀਂ ਹੈ, ਇਹ ਬਹੁਤ ਘੱਟ ਹੈ । ਜਿੰਨੀ ਕੁ ਇਕ ਏਕੜ ਵਿਚੋਂ ਆਮਦਨੀ ਹੁੰਦੀ ਹੈ, ਉਸ ਦੇ ਹਿਸਾਬ ਨਾਲ ਬਹੁਤ ਥੋੜਾ ਹੈ । ਇਹ ਠੀਕ ਹੈ ਕਿ ਖਾਦਾਂ ਵਗੈਰਾ ਦੀ ਕੀਮਤ ਵੱਧ ਗਈ ਹੈ, ਪਰ ਫਿਰ ਵੀ ਇਹ ਟੈਕਸ ਕੋਈ ਜ਼ਿਆਦਾ ਨਹੀਂ ਹੈ । ਯੱਸ਼ ਜੀ ਨੇ ਦਸਿਆ ਸੀ, ਆਂਕੜੇ ਦਸੇ ਸਨ ਕਿ ਸਾਡੇ 140-150 ਕਰੋੜ ਦੀ ਫਸਲ ਹੁੰਦੀ ਹੈ ਅਤੇ ਇਕ ਡੇਢ ਕਰੋੜ ਰੁਪਿਆ, ਯਾਨੀ ਇਕ ਪੈਸਾ ਵੀ ਰੁਪਏ ਪਿਛੇ ਟੈਕਸ ਨਾ ਦਿਤਾ ਜਾਵੇ ਤਾਂ ਠੀਕ ਨਹੀਂ ਹੈ ਜਦੋਂ ਕਿ ਦੂਜੇ ਸੂਬਿਆਂ ਵਿਚ ਇਸ ਤਰ੍ਹਾਂ ਹੁੰਦਾ ਹੈ । ਹੋਰ ਵੀ ਕਈ ਟੈਕਸ ਦੇਣੇ ਪੈਂਦੇ ਹਨ ਜਿਹੜੇ ਕਿ ਕਾਫੀ ਹਨ, ਜਿਨ੍ਹਾਂ ਦੀ ਸ਼ਰ੍ਹ ਜ਼ਿਆਦਾ ਹੈ, ਇਨਕਮ ਟੈਕਸ ਹੈ ਅਤੇ ਹੋਰ ਟੈਕਸ ਹਨ । ਇਸ ਕਰਕੇ ਜੇ ਇਕ ਰੁਪਏ ਪਿਛੇ ਇਕ ਪੈਸਾ ਵੀ ਨਾ ਦਿਤਾ ਜਾਵੇ ਤਾਂ ਕੋਈ ਜਸਟੀਫੀਕੇਸ਼ਨ ਨਹੀਂ ਰਹਿ ਜਾਂਦੀ । ਸਾਨੂੰ ਇਹ ਥੋੜਾ ਹਿਸਾ ਪਾਉਣਾ ਚਾਹੀਦਾ ਹੈ, ਇਹ ਬਹੁਤ ਥੋੜਾ ਹੈ, ਪੰਜਾਬ ਦੇ ਸਾਂਝੇ ਕੰਮ ਵਿਚ, ਪਲੈਨ ਵਿਚ, ਉਸ ਨੂੰ ਅਗੇ ਲੈ ਜਾਣ ਲਈ, ਸਾਨੂੰ ਜ਼ਰੂਰ ਹਿਸਾ ਪਾਉਣਾ ਚਾਹੀਦਾ ਹੈ । ਮੈਨੂੰ ਆਸ ਹੈ ਕਿ ਇਸ ਵਿਚ ਯੂਨੀਫਾਰਮਿਟੀ ਰਖ ਦਿਤੀ ਹੈ ਅਤੇ ਇਹ ਸਾਰਿਆਂ ਤੇ ਬਹੁਤ ਥੋੜਾ ਬੋਝ ਹੈ ।

ਕਾਮਰੇਡ ਜੰਗੀਰ ਸਿੰਘ ਜੋਗਾ : * * * * ।

Mr. Speaker : This is no point of order.

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਮਾਲ ਅਤੇ ਚੋਣ ਮੰਤਰੀ : ਇਕ ਪੈਸਾ ਰੁਪਏ ਤੇ ਟੈਕਸ ਲਗਣਾ ਹੈ, ਫਿਰ ਕਹਿੰਦੇ ਹਨ ਕਿ ਰਾਜ ਕਮੇਟੀ ਦੀ ਰਿਪੋਰਟ ਲਾਗੂ ਕਰੋ, ਉਹ ਰਿਪੋਰਟ ਲਾਗੂ ਹੋਣੀ ਚਾਹੀਦੀ ਹੈ ।

ਕਾਮਰੇਡ ਸ਼ਮਸ਼ਰ ਸਿੰਘ ਜੋਸ਼ : ਤੁਹਾਡੇ ਤੇ ਤਾਂ ਟੈਕਸ ਨਹੀਂ ਲਗਣਾ ।

ਮਾਲ ਅਤੇ ਚੋਣ ਮੰਤਰੀ : ਸਾਰਿਆਂ ਤੇ ਹੀ ਲਗਣਾ ਹੈ । ਹਰ ਜ਼ਿਮੀਦਾਰ ਤੇ ਲਾਗ ਹੋਣਾ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਪੰਜਾਬ ਵਿਚ ਰੌਲਾ ਪਾਉਣਾ ਚਾਹੁੰਦੇ ਹਨ । ਇਕ ਪਾਸੇ ਤਾਂ ਇਹ ਕਿਸਾਨ ਦੀ ਗੱਲ ਕਰਦੇ ਹਨ ਅਤੇ ਦੂਜੇ ਪਾਸੇ ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਪੰਜਾਬ ਦਾ ਅਮਨ ਖਰਾਬ ਕਰਨਾ ਚਾਹੁੰਦੇ ਹਨ । ਮੇਰਾ ਖਿਆਲ ਹੈ ਕਿ ਇਹਨਾਂ ਨੇ ਰਾਜ ਕਮੇਟੀ ਦੀ ਰਿਪੋਰਟ ਪੜ੍ਹੀ ਹੀ ਨਹੀਂ ਅਸੀਂ ਉਹ ਚੀਜ਼ ਨਹੀਂ ਕਰਨਾ ਚਾਹੁੰਦੇ ਜਿਸ ਨਾਲ ਕਿ ਜ਼ਿਮੀਂਦਾਰ ਨੂੰ ਨੁਕਸਾਨ ਹੋਵੇ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : * * * * ।

Mr. Speaker : This is no point of order.

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਜੋ ਰਿਪੋਰਟ ਦਾ ਮੰਤਵ ਹੈ, ਜੋ ਸਪਿਰਟ ਹੈ ਅਤੇ ਜਿਹੜੇ ਰਿਸੋਰਸਿਜ਼ ਹਨ, ਉਹਨਾਂ ਨੂੰ ਲਿਆ ਹੈ । ਐਗਰੀਕਲਚਰਲ ਸੈਕਟਰ ਅਤੇ ਰੂਰਲ ਸੈਕਟਰ ਵਿਚੋਂ ਰਿਸੋਰਸਿਜ਼ ਸਾਨੂੰ ਇਕੱਠੇ ਕਰਨੇ ਚਾਹੀਦੇ ਹਨ ਅਤੇ ਇਸ ਵਾਸਤੇ ਯਤਨ ਕਰਾਂਗੇ । ਇਸ ਵਿਚ ਕਿਸੇ ਨੂੰ ਰੁਕਾਵਟ ਨਹੀਂ ਪਾਉਣੀ ਚਾਹੀਦੀ ਅਤੇ ਜਦੋਂ 10 ਸਾਲ ਪਿਆਰ ਨਾਲ ਦਿੰਦੇ ਰਹੇ ਤਾਂ ਹੁਣ ਵੀ ਦੇਣਾ ਚਾਹੀਦਾ ਹੈ । ਮੈਨੂੰ ਤਾਂ ਇਸ ਬਾਰੇ ਕਿਸਾਨਾਂ ਵਲੋਂ ਕਈ ਚਿੱਠੀਆਂ ਵੀ ਆਈਆਂ ਅਤੇ ਟੈਲੀਗਰਾਮਾਂ ਵੀ ਆਈਆਂ ਕਿ ਇਹ ਖੁਸ਼ੀ ਦੀ ਗੱਲ ਹੈ ਕਿ ਟੈਕਸ ਲਗਾਇਆ ਗਿਆ ਹੈ ।

ਚੌਧਰੀ ਜਗਤ ਰਾਮ : ਮੈਂ ਇਹ ਇਨਫਰਮੇਸ਼ਨ ਲੈਣਾ ਚਾਹੁੰਦਾ ਹਾਂ ਕਿ ਜਿਹੜੀਆਂ ਵਜ਼ੀਰ ਸਾਹਿਬ ਨੂੰ ਚਿੱਠੀਆਂ ਅਤੇ ਟੈਲੀਗਰਾਮਾਂ ਆਈਆਂ, ਕੀ ਉਹਨਾਂ ਨੂੰ ਇੰਗਲੈਂਡ ਤੋਂ ਵੀ ਕੋਈ ਚਿੱਠੀ ਜਾਂ ਤਾਰ ਆਈ ਹੈ ?

ਮਾਲ ਅਤੇ ਚੋਣ ਮੰਤਰੀ : ਇਹਨਾਂ ਦਾ ਲੜਕਾ ਉਥੇ ਰਹਿੰਦਾ ਹੈ, ਇਸ ਕਰਕੇ ਉਹਨਾਂ ਦੀ ਖੈਰ ਖੈਰੀਅਤ ਵਾਸਤੇ ਪੁੱਛ ਰਹੇ ਹਨ ।

ਮੈਂ ਹਾਊਸ ਨੂੰ ਬੇਨਤੀ ਕਰਾਂਗਾ ਕਿ ਇਸ ਬਿਲ ਨੂੰ ਯੂਨੈਨੀਮਸਲੀ ਪਾਸ ਕਰ ਦਿਤਾ ਜਾਵੇ ।

Mr. Speaker : Question is—

That the Punjab Commercial Crops Cess Bill, 1974 be taken into consideration at once.

The motion was carried.

Expunged as ordered by the Chair.

Original with;
Punjab Vidhan Sabha
Digitized by;
Panjab Digital Library

Mr. Speaker : Now the House will proceed to consider the Bill Clause by Clause.

SUB-CLAUSE (2) OF CLAUSE 1

Mr. Speaker: Question is—

That Sub-Clause (2) of Clause 1 stand part of the Bill.

The motion was carried.

CLAUSE 2

Mr. Speaker: Question is—

That clause 2 stand part of the Bill.

The motion was carried.

CLAUSE 3

Mr. Speaker : Now Clause 3 is before the House. There are some notices of amendments to this Clause. I will request Sardar Harbans Singh Jalal to move his amendments.

Sardar Harbans Singh Jalal (Phool) : Sir, I beg to move—

(i) That in part (a) of sub-clause (1), *For* "six" *substitute* "two"

(ii) That in part (b) of sub-clause (1) *for* "three" *substitute* "one".

ਸਪੀਕਰ ਸਾਹਿਬ, ਪੰਜਾਬ ਕਮੱਰਸ਼ੀਅਲ ਕਰਾਪ ਸੈਸ ਬਿਲ ਇਥੇ ਪੇਸ਼ ਹੋਇਆ ਹੈ ਅਤੇ ਇਸ ਦੀ ਕਲਾਜ਼ 3 ਦੇ ਉਤੇ ਮੈਂ ਅਮੈਂਡਮੈਂਟ ਦਿਤੀ ਹੈ । ਇਸ ਕਲਾਜ਼ 3 ਦੇ ਰਾਹੀਂ ਹਰ ਉਹ ਫ਼ਸਲ, ਜਿਹੜੀ ਕਿ ਕੈਸ਼ ਕਰਾਪ ਸਮਝੀ ਜਾਂਦੀ ਹੈ, ਇਸ ਐਕਟ ਵਿਚ ਆ ਜਾਵੇਗੀ । ਤੇਲ ਵਾਲੀਆਂ ਫਸਲਾਂ, ਗੰਨੇ ਤੇ ਆਲੂਆਂ ਵਗੈਰਾ ਤੇ ਵੀ ਇਹ ਟੈਕਸ ਲਗਾਇਆ ਜਾਵੇਗਾ । ਇਹ ਟੈਕਸ ਸਰਕਾਰ ਨੇ 6/- ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਲਗਾਇਆ ਹੈ । ਮੈਂ ਬੇਨਤੀ ਕਰਦਾ ਹਾਂ ਕਿ ਮੇਰੀ ਪਾਰਟੀ ਨੇ ਇਸ ਦਾ ਵਿਰੋਧ ਕੀਤਾ ਹੈ ਕਿਉਂਕਿ ਇਹ ਕਿਸਾਨ ਵਿਰੋਧੀ ਹੈ ਅਤੇ ਇਹ ਤਾਂ ਕਿਸਾਨਾਂ ਦਾ ਕਚੂਮਰ ਕੱਢਣ ਵਾਲੀ ਗਲ ਹੈ । ਕਿਸਾਨ ਅਗੇ ਹੀ ਬਹੁਤ ਦਬ ਚੁਕੇ ਹਨ ਅਤੇ ਇਹ ਨਵਾਂ ਟੈਕਸ ਲਗਾ ਕੇ ਉਹਨਾਂ ਤੇ ਹੋਰ ਭਾਰ ਪਾਇਆ ਜਾ ਰਿਹਾ ਹੈ । ਇਹ ਤਾਂ ਉਹ ਗੱਲ ਹੈ ਕਿ ਚੋਰ ਚੋਰੀ ਤੋਂ ਬਾਜ਼ ਆ ਸਕਦਾ ਹੈ ਪਰ ਹੇਰਾਫੇਰੀ ਕਰਨ ਤੋਂ ਨਹੀਂ ਟਲ ਸਕਦਾ ।

ਸਪੀਕਰ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਕਿਉਂਕਿ ਇਹ ਸਾਰੇ ਦੇ ਸਾਰੇ ਚੋਰ ਇਕੱਠੇ ਹੋਏ ਹਨ । (ਵਿਘਨ)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ ਇਹਨਾਂ ਨੂੰ ਇਹ ਵਰਡ ਵਿਦਡਰਾ ਕਰਨੇ ਚਾਹੀਦੇ ਹਨ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਜਲਾਲ ਸਾਹਿਬ, ਤੁਸੀਂ ਆਪਣੇ ਇਹ ਲਫਜ਼ ਵਿਦਡਰਾ ਕਰ ਲਓ । (Jalal Sahib, please withdraw your words.)

ਸਰਦਾਰ ਹਰਬੰਸ ਸਿੰਘ ਜਲਾਲ : ਚੰਗਾ ਜੀ ਮੈਂ ਵਿਦਡਰਾ ਕਰਦਾ ਹਾਂ । ਪਰ ਇਹ ਸੱਚ ਹੈ । ਸਪੀਕਰ ਸਾਹਿਬ, ਅੰਤ ਵਿਚ ਮੈਂ ਇਹ ਕਹਿ ਦਿੰਦਾ ਹਾਂ ਕਿ ਇਹਨਾਂ ਨੂੰ ਇਹ ਬਿਲ ਵਾਪਿਸ ਲੈ ਲੈਣਾ ਚਾਹੀਦਾ ਹੈ । ਮੈਂ ਇਹਨਾਂ ਨੂੰ ਇਕ ਬੇਨਤੀ ਕੀਤੀ ਸੀ ਕਿ ਜੇ ਤੁਸੀਂ ਆਪਣੀ ਗੱਲ ਨੂੰ ਪੂਰਾ ਕਹਿਨਾ ਹੈ ਅਤੇ ਸੈਂਟਰ ਨੂੰ ਖੁਸ਼ ਵੀ ਕਰਨਾ ਹੈ ਤਾਂ 6/- ਰੁਪਏ ਦੀ ਬਜਾਏ 1/- ਰੁਪਿਆ ਕਰ ਦਿਤਾ ਜਾਵੇ । ਇਸ ਤਰ੍ਹਾਂ ਆਦਤ ਭੀ ਪੂਰੀ ਹੋ ਜਾਵੇਗੀ ਤੇ ਕਿਸਾਨ ਭੀ ਬਚ ਜਾਵੇਗਾ । ਸਪੀਕਰ ਸਾਹਿਬ, ਇਹ ਰਾਜ ਕਮੇਟੀ ਦੇ ਨਾਂ ਹੇਠ ਕਈ ਟੈਕਸ ਲਾ ਰਹੇ ਹਨ ਪਰ ਇਹ ਜਿਹੜੇ ਟੈਕਸ ਹਨ ਇਹ ਸਿਧੇ ਹੀ ਕਿਸਾਨ ਤੇ ਲਗ ਰਹੇ ਹਨ ਅਤੇ ਇਸ ਤਰ੍ਹਾਂ ਟੈਕਸ ਲਾਕੇ ਉਹਨਾਂ ਦਾ ਗਲਾ ਘੁਟਿਆ ਜਾ ਰਿਹਾ ਹੈ । ਕਿਸਾਨਾਂ ਤੇ ਇਹ 6/- ਰੁਪਏ ਦਾ ਟੈਕਸ ਲਾਕੇ ਉਹਨਾਂ ਨਾਲ ਬੜਾ ਵਡਾ ਧੱਕਾ ਕੀਤਾ ਜਾ ਰਿਹਾ ਹੈ (ਸ਼ੋਰ) ਸਪੀਕਰ ਸਾਹਿਬ, ਮੈਂ ਦਸ ਰਿਹਾ ਸੀ ਕਿ ਕਿਸਾਨਾਂ ਨਾਲ ਬਹੁਤ ਧੱਕਾ ਕੀਤਾ ਜਾ ਰਿਹਾ ਹੈ । ਕਿਸੇ ਪਰੈਸ ਰਿਪੋਰਟਰ ਨੇ ਹੁਕਮਰਾਨ ਨੂੰ ਕਿਹਾ ਸੀ ਕਿ ਕਿਸਾਨਾਂ ਤੇ ਇਕ ਦਮ ਇਤਨਾ ਬੋਝ ਪਾਕੇ ਉਹਨਾਂ ਦਾ ਗਲਾ ਕਿਉਂ ਘੁਟਿਆ ਜਾ ਰਿਹਾ ਹੈ ਕਿਉਂ ਨਾ ਟੈਕਸ ਸਹਿਜੇ ਸਹਿਜੇ ਵਧਾਇਆ ਜਾਵੇ ਤਾਂ ਅੱਗੋਂ ਜਵਾਬ ਮਿਲਿਆ ਕਿ ਜੇ ਕਿਸਾਨ ਦਾ ਹੌਲੇ ਹੌਲੇ ਗਲਾ ਵਢਾਂਗੇ ਤਾਂ ਉਹ ਹਰਾਮ ਹੋ ਜਾਵੇਗਾ ਅਤੇ ਜੇ ਉਸ ਦਾ ਇਕਦਮ ਹੀ ਗਲਾ ਵੱਢ ਦਿਤਾ ਜਾਵੇ ਤਾਂ ਉਹ ਹਲਾਲ ਹੁੰਦਾ ਹੈ । (ਹਾਸਾ) ਅਤੇ ਹੌਲੇ ਹੌਲੇ ਕਰਕੇ ਗਲਾ ਵਢਣਾ ਇਹ ਮੇਰੇ ਧਰਮ ਵਿਚ ਨਹੀਂ ਹੈ ਇਸ ਲਈ ਇਕੋ ਵਾਰੀ ਹੀ ਗਲਾ ਵਢਣਾ ਚਾਹੀਦਾ ਹੈ । ਮੈਂ ਆਪਣਾ ਮਹਾਨ ਸਿਖ ਦਾ ਤਗਮਾ ਨਹੀਂ ਗੁਆਉਣਾ, । ਧੰਨਵਾਦ ।

Mr. Speaker: Motion moved.—

(i) That in part (a) of sub-clause (1), *for* "six" *substitute* "two"
(ii) That in part (b) of sub-clause (1) *for* "three" *su bstitute* "one".

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਇਹ ਸਾਡੇ ਭੁਜੰਗੀ ਮੈਂਬਰ ਨੇ ਜੋ ਅਮੈਂਡਮੈਂਟ ਲੈ ਆਂਦੀ ਹੈ...(ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਹਨਾਂ ਨੂੰ ਇਹ ਲਫਜ਼ ਵਾਪਿਸ ਲੈਣਾ ਚਾਹੀਦਾ ਹੈ ।

ਸ਼੍ਰੀ ਸਪੀਕਰ : ਇਹ ਗੁਡ ਟੇਸਟ ਵਿਚ ਨਹੀਂ ਹੈ । (It is not in good taste.)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਜੇ ਇਹ ਇਤਰਾਜ਼ ਕਰਦੇ ਹਨ ਤਾਂ ਮੈਂ ਇਹਨਾਂ ਨੂੰ ਨੌਜਵਾਨ ਕਹਿ ਦਿੰਦਾ ਹਾਂ ।

ਸਪੀਕਰ ਸਾਹਿਬ, ਜਿਹੜੀ ਅਮੈਂਡਮੈਂਟ ਇਹਨਾਂ ਨੇ ਮੂਵ ਕਰਨ ਦਾ ਯਤਨ ਕੀਤਾ ਹੈ ਇਹਨਾਂ ਨੂੰ ਇਹ ਪਤਾ ਨਹੀਂ ਜਾਂ ਇਹ ਕਿਸੇ ਹੋਰ ਖਿਆਲ ਵਿਚ ਹਨ ਕਿ ਇਹ ਅਮੈਂਡਮੈਂਟ 6/- ਰੁਪਏ ਤੋਂ 1/- ਕਰਨ ਲਈ ਹੈ ਪਰ ਮਾਨਯੋਗ ਮੈਂਬਰ ਸਾਹਿਬ 6/- ਰੁਪਏ ਤੋਂ 2/- ਰੁਪਏ ਕਰਨ ਲਈ ਕਹਿ ਰਹੇ ਹਨ..... (ਸ਼ੋਰ)

Original with;
Punjab Vidhan Sabha
Digitized by;
Panjab Digital Library

ਕਈ ਅਵਾਜ਼ਾਂ : ਇਹ 2 ਅਮੈਂਡਮੈਂਟਾਂ ਹਨ ਇਕ 1 ਰੁਪਏ ਲਈ ਅਤੇ ਦੂਸਰੀ 2 ਰੁਪਏ ਲਈ ।

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਜਿਹੜਾ ਇਹ 1 ਰੁਪਿਆ ਕਰਨ ਲਈ ਕਹਿ ਰਹੇ ਹਨ ਇਸ ਨਾਲ ਤਾਂ ਕੁਲੈਕਸ਼ਨ ਚਾਰਜਿਜ਼ ਵੀ ਪੂਰੇ ਨਹੀਂ ਹੋਣੇ । ਇਸ ਲਈ ਸਪੀਕਰ ਸਾਹਿਬ, ਇਹ ਜਿਹੜੀ ਅਮੈਂਡਮੈਂਟ ਹੈ ਇਸ ਦੀ ਕੋਈ ਲੋੜ ਨਹੀਂ ਰਹਿ ਜਾਂਦੀ ਅਤੇ ਇਸ ਕਲਾਜ਼ ਨੂੰ ਇਸੇ ਤਰ੍ਹਾਂ ਹੀ ਪਾਸ ਕਰ ਦੇਣਾ ਚਾਹੀਦਾ ਹੈ ।

Mr. Speaker : Question is—

That in part (a) of sub-clause (1), *for* "six" *substitute* "two."

The motion was lost.

Mr. Speaker : Question is—

That in part (b) of sub-clause (1), *for* "three" *substitute* "one".

The Motion was lost.

CLAUSE 3

Mr. Speaker : Question is—

That Clause 3 stand part of the Bill.

The motion was carried.

Voices : All the Clauses of the Bill may be put to the vote of the House together.

Mr. Speaker : Since it is the sense of the House, I will put all the Clauses of the Bill to the vote of the House together.

CLAUSES 4, 5, 6, 7, 8, 9, 10 and 11

Mr. Speaker: Question is—

That clauses 4,5,6,7,8,9,10 and 11 stand part of the Bill.

The motion was carried.

SUB-CLAUSE (1) OF CLAUSE 1

Mr. Speaker: Question is—

That Sub-Clause (1) of Clause 1 stand part of the Bill.

The motion was carried.

Original with;
Punjab Vidhan Sabha
Digitized by;
Panjab Digital Library

TITLE

Mr. Speaker : Question is—

That Title be the title of the Bill.

The motion was carried.

Revenue & Election Minister : Sir, I beg to move—

That the Punjab Commercial Crops Cess Bill, 1974 be passed.

Mr. Speaker : Motion moved.—

That the Punjab Commercial Crops Cess Bill, 1974 be passed.

Mr. Speaker : Question is—

That the Punjab Commercial Crops Cess Bill, 1974 be passed.

The motion was carried.

Mr. Speaker : The House stands adjourned till 2-00 p.m. on Monday, the 12th August, 1974.

2.00 P.M. (*The Sabha then adjourned till 2-00 p.m. on Monday, the 12th August, 1974.*)

1248—285 copies—21-11-74—Pb. Govt. Press, Patiala.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

21
SP.

PUNJAB VIDHAN SABHA

DEBATES

13th August, 1974

(Morning Sitting)

Vol. II—No. 5

OFFICIAL REPORT

CONTENTS

Tuesday, the 13th August, 1974

(*Morning Sitting*)

		PAGE
Postponed Starred Questions and Answers	..	(5)1
Starred Questions and Answers	..	(5)5
Written Answers to Starred Questions laid on the Table under Rule 38	..	(5)28
Unstarred Questions and Answers	..	(5)53
Questions of Privilege	..	(5)59
Walk-outs	..	(5)70
Questions of Privilege (*Resumption*)	..	(5)71
Call-Attention Notices under Rule 66	..	(5)74
Statements laid on the Table of the House in reply to Call-Attention Notices	..	(5)81

Punjab Vidhan Sabha Secretariat, Chandigarh.

Price Re. 32.00

Original with;
Punjab Vidhan Sabha
Digitized by;
Punjab Digital Library

Second Report of the Business Advisory Committee .. (5)93

Papers laid on the Table (5)96

Bill(s)—

The Punjab Panchayat Samitis and Zila Parishads (Amendment)—, 1974 .. (5)96

The Indian Stamp (Punjab Amendment)—, 1974 .. (5)108

The Punjab Passengers and Goods Taxation (Amendment)—, 1974 .. (5)112

Resolution under Article 213 (2) (a) Disapproving the Punjab Entertainments Duty (Amendment) Ordidance, 1974 (Punjab Ordinance No. 7 of 1974)

And

The Punjab Entertainments Duty (Amendment)—, 1974 .. (5)114

Resolution under Article 213 (2) (a) Disapproving The Punjab Motor Spirit (Taxation of Sales) Amendment Ordinance, 1974 (Punjab Ordinance No. 8 of 1974)

And

The Punjab Motor Spirit (Taxation of Sales) Second Amendment—, 1974 .. (5)119

The Punjab Motor Vehicles Taxation (Amendment)—, 1974 .. (5)122

Original with
Punjab Vidhan Sabha
Digitized by
Panjab Digital Library

PUNJAB VIDHAN SABHA

Tuesday, the 13th August, 1974.

(Morning Sitting)

The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 9-00 A. M. of the Clock. Mr. Speaker (Dr. Kewal Krishan) in the Chair.

POSTPONED STARRED QUESTIONS AND ANSWERS

POSTPONED STARRED QUESTION NO. 2653

Mr. Speaker : Extension has been asked for in respect of Postponed Starred Question No. 2653.

I. P. S. OFFICERS APPOINTED AS CHAIRMEN/MANAGING DIRECTORS OF PUBLIC UNDERTAKINGS IN THE STATE

*** 2623. Comrade Satya Pal Dang :** Will the Chief Minister be pleased to state—

(a) the names of I. P. S. Officers who have been appointed as Chairman/Managing Director of any of the Public Undertakings of the Punjab Government;

(b) the details of the said appointments including the dates of appointments;

(c) whether he received any representation from any legislator in May or June, 1974 protesting against the said appointments; if so, a copy of the same be laid on the Table of the House ?

ਗਿਆਨੀ ਜ਼ੈਲ ਸਿੰਘ : (ੳ) 1. ਸ਼੍ਰੀ ਡੀ. ਐਸ. ਗਰੇਵਾਲ, ਆਈ.ਪੀ.ਐਸ.

2. ਸ਼੍ਰੀ ਰਣਜੀਤ ਸਿੰਘ ਗਰੇਵਾਲ, ਆਈ.ਪੀ.ਐਸ.

(ਅ) 1. ਸ਼੍ਰੀ ਡੀ. ਐਸ. ਗਰੇਵਾਲ, ਆਈ. ਪੀ ਐਸ. ਨੂੰ ਚੇਅਰਮੈਨ, ਪੰਜਾਬ ਮਕਾਨ ਉਸਾਰੀ ਅਤੇ ਵਿਕਾਸ ਬੋਰਡ, ਚੰਡੀਗੜ੍ਹ, ਦੇ ਅਹੁਦੇ ਤੇ ਮਿਤੀ 24 ਮਈ, 1974 ਨੂੰ ਨਿਯੁਕਤ ਕੀਤੇ ਗਏ ।

2. ਸ਼੍ਰੀ ਰਣਜੀਤ ਸਿੰਘ ਗਰੇਵਾਲ, ਆਈ. ਪੀ. ਐਸ. ਮੈਨੇਜਿੰਗ ਡਾਇਰੈਕਟਰ, ਪੰਜਾਬ ਨੈਰਯਾਤ ਕਾਰਪੋਰੇਸ਼ਨ, ਚੰਡੀਗੜ੍ਹ ਦੇ ਅਹੁਦੇ ਤੇ ਮਿਤੀ 12 ਅਪ੍ਰੈਲ, 1974 ਨੂੰ ਨਿਯੁਕਤ ਕੀਤੇ ਗਏ ।

(ਏ) ਜੀ ਹਾਂ । ਲੋੜੀਂਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

Copy of Letter from Sh. Satya Pal Dang, M. L. A., Ekta Bhawan, Chheherta (Amritsar) dated 25th May, 1974 to Giani Zail Singh, Chief Minister, Punjab, Chandigarh.

I have read in the press that D. I. G. of Police has been appointed as Chairman of the Housing Board. It is difficult to appreciate as to how a Police Officer can be regarded as suited for this post.

Some time back a D. I. G. of the Police was appointed (I think a Police Officer has been made) I.G. Prisons for the first time—an obviously undesirable practice.

Another D.I.G. had been made Managing Director of the Punjab Export Corporation.

I am writing this to protest against this practice of appointing Police Officers against such posts. I would strongly urge upon you and the Government to reverse and stop this practice.

Early action and reply are requested.

With regards.

ਕਾਮਰੇਡ ਸੱਤ ਪਾਲ ਡਾਂਗ : ਮੈਂ ਮਨਿਸਟਰ ਸਾਹਿਬ ਤੋਂ ਇਹ ਪਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ 2 ਅਫਸਰ ਹਾਊਸਿੰਗ ਡਿਵੈਲਪਮੈਂਟ ਬੋਰਡ ਵਿਚ ਲਾਏ ਹਨ ਕੀ ਇਨ੍ਹਾਂ ਦੇ ਕੰਮਾਂ ਲਈ ਕੋਈ ਵਖਰੀਆਂ ਕੁਆਲੀਫੀਕੇਸ਼ਨਜ਼ ਰਖੀਆਂ ਹਨ ਜਾਂ ਪੁਲਿਸ ਦੇ ਮਹਿਕਮੇ ਵਿਚ ਜਿਹੜੇ ਫਾਲਤੂ ਅਫਸਰ ਹਨ ਉਨ੍ਹਾਂ ਨੂੰ ਦਿੱਲੀ ਭੇਜਣ ਦੀ ਬਜਾਏ ਇਥੇ ਲਾ ਛਿੱਤਾ ਹੈ ਜਾਂ ਕੀ ਫਿਰ ਪੁਲਿਸ ਦੇ ਅਫਸਰ ਵੈਲਫੇਅਰ ਐਕਟਵਿਟੀਜ਼ ਦਾ ਕੰਮ ਜ਼ਿਆਦਾ ਚੰਗੀ ਤਰ੍ਹਾਂ ਕਰ ਸਕਦੇ ਹਨ ?

ਮੁੱਖ ਮੰਸਦੀ ਸਕੱਤਰ: ਸਪੀਕਰ ਸਾਹਿਬ, ਐਸੀ ਕੋਈ ਗਲ ਨਹੀਂ । ਗੱਲ ਤਾਂ ਇਹ ਹੈ ਕਿ ਜਿਹੜੇ ਲਾਇਕ ਅਫਸਰ ਹੁੰਦੇ ਹਨ ਉਨ੍ਹਾਂ ਨੂੰ ਉਥੇ ਲਾਇਆ ਜਾਂਦਾ ਹੈ । ਮੈਂ ਹਾਊਸ ਨੂੰ ਇਹ ਵੀ ਦਸਣਾ ਚਾਹੁੰਦਾ ਹਾਂ ਕਿ ਸੈਂਟਰਲ ਗੌਰਮਿੰਟ ਵਲੋਂ ਇਕ ਚਿੱਠੀ ਆਈ ਹੈ ਜਿਸ ਵਿਚ ਕਿ ਸਟੇਟਸ ਨੂੰ ਹਦਾਇਤ ਕੀਤੀ ਗਈ ਹੈ ਕਿ ਸੂਬੇ ਵਿਚ ਜਿਹੜੇ ਵੀ ਆਈ. ਪੀ. ਐਸ. ਅਫਸਰ ਹਨ ਉਨ੍ਹਾਂ ਨੂੰ ਹੋਰ ਮਹਿਕਮੇ ਵਿਚ ਵੀ ਲਗਾਇਆ ਜਾ ਸਕਦਾ ਹੈ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਵੇਂ ਆਈ. ਪੀ. ਐਸ. ਅਫਸਰ ਦੂਜੀਆਂ ਕਾਰਪੋਰੇਸ਼ਨਾਂ ਵਿਚ ਲਗੇ ਹੋਏ ਹਨ ਕੀ ਆਈ. ਏ. ਐਸ. ਅਫਸਰ ਵੀ ਇਸੇ ਤਰ੍ਹਾਂ ਲਗਾਏ ਜਾ ਸਕਦੇ ਹਨ ?

Chief Parliamentary Secretary (Sardar Gurcharan Singh Nihalsinghwala) : Question does not arise.

Sardar Prem Singh Prem : May I know, sir, as to what prompted the Government to make the appointments of these Officers in the public undertakings ; their business acumen or their capability for maintaining law and order ?

Chief Parliamentary Secretary : Their duty is not to maintain law and order. They are to perform the duties which have been assigned to them.

Original with;
Punjab Vidhan Sabha
Digitized by
Panjab Digital Library

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਜਿਵੇਂ ਕਿ ਰਿਆਸਤਾਂ ਵਿਚ ਪਹਿਲੇ ਇਕ ਅਫਸਰ ਨੂੰ ਕਪਤਾਨ ਵੀ ਲਾਇਆ ਜਾਂਦਾ ਸੀ, ਡਾਇਰੈਕਟਰ ਆਫ ਐਜੂਕੇਸ਼ਨ ਵੀ ਲਾਇਆ ਜਾਂਦਾ ਸੀ, ਜੱਜ ਵੀ ਲਗਾ ਦਿੱਤਾ ਜਾਂਦਾ ਸੀ, ਚੀਫ ਇੰਜੀਨਿਅਰ ਵੀ ਲਗਾ ਦਿੱਤਾ ਜਾਂਦਾ ਸੀ ਕੀ ਇਹ ਪੁਲਿਸ ਅਫਸਰ ਵੀ ਉਸੇ ਤਰ੍ਹਾਂ ਰਿਆਸਤਾਂ ਦੇ ਪੈਟਰਨ ਤੇ ਹੀ ਨਿਯੁਕਤ ਕੀਤੇ ਜਾ ਰਹੇ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜੋਸ਼ ਸਾਹਿਬ ਨੂੰ ਗਲਤ ਫਹਿਮੀ ਹੋ ਗਈ ਹੈ । ਰਿਆਸਤਾਂ ਦੇ ਵਿਚ ਕਾਫੀ ਤਬਦੀਲੀ ਕੀਤੀ ਗਈ ਹੈ ਅਤੇ ਸ਼ਖਸੀ ਹਾਕਮਾਂ ਦੇ ਕਾਇਦੇ ਕਾਨੂੰਨ ਵੀ ਕਈ ਬਦਲ ਦਿੱਤੇ ਹਨ । ਪਰ ਸਪੀਕਰ ਸਾਹਿਬ ਅਗਰ ਰਿਆਸਤਾਂ ਵਿਚ ਸ਼ਖਸੀ ਹਾਕਮ ਜੇ ਕਰ ਕੋਈ ਚੰਗੀ ਗਲ ਕਰਦੇ ਸਨ ਤਾਂ ਉਸ ਨੂੰ ਅਪਣਾਇਆ ਵੀ ਜਾ ਸਕਦਾ ਹੈ। ਪਰ ਸਪੀਕਰ ਸਾਹਿਬ, ਜਿਥੋਂ ਤਕ ਆਈ. ਪੀ. ਐਸ. ਅਤੇ ਆਈ. ਏ. ਐਸ. ਅਫਸਰਾਂ ਦਾ ਸਵਾਲ ਹੈ ਇਹ ਬੜੇ ਛਾਂਟ ਕੇ ਯੋਗਤਾ ਵਾਲੇ ਹੀ ਰਖੇ ਜਾਂਦੇ ਹਨ । ਗੌਰਮਿੰਟ ਆਫ ਇੰਡੀਆ ਦੀ ਸਾਡੇ ਕੋਲ ਚਿੱਠੀ ਆਈ ਹੈ ਉਸ ਚਿੱਠੀ ਰਾਹੀਂ ਇਹ ਰਾਏ ਦਿੱਤੀ ਗਈ ਹੈ ਕਿ ਇਨ੍ਹਾਂ ਆਈ. ਪੀ. ਐਸ. ਅਫਸਰਾਂ ਪਾਸੋਂ ਹੋਰ ਕੰਮ ਵੀ ਲੈਣਾ ਚਾਹੀਦਾ ਹੈ । ਇਸ ਨਾਲ ਪੁਲਿਸ ਡਿਪਾਰਟਮੈਂਟ ਦਾ ਭਲਾ ਹੋਵੇਗਾ ਅਤੇ ਚੰਗੇ ਲਾਇਕ ਅਫਸਰ ਜਿਹੜੇ ਹਨ ਉਨ੍ਹਾਂ ਨੂੰ ਦੂਜੇ ਪਾਸੇ ਲਾ ਕੇ ਉਨ੍ਹਾਂ ਦੀ ਯੋਗਤਾ ਦਾ ਫਾਇਦਾ ਉਠਾਇਆ ਜਾ ਸਕਦਾ ਹੈ । ਸਪੀਕਰ ਸਾਹਿਬ ਇਸ ਚਿੱਠੀ ਦੇ ਅਖੀਰ ਵਿਚ ਲਿਖਿਆ ਹੈ :

> "In order to have some statistical date on the subject, it may kindly be indicated if any I.P.S. Officer has so far been posted to non-Police post in your State. Full details of appointments that may have been made so far may kindly be sent to us very urgently."

ਇਸ ਵਾਸਤੇ ਇਸ ਗਲ ਦੀ ਸ਼ਲਾਘਾ ਕਰਨੀ ਚਾਹੀਦੀ ਸੀ ਪਰ ਇਥੇ ਕਈ ਦੋਸਤਾਂ ਨੇ ਇਤਰਾਜ਼ ਕੀਤੇ ਹਨ । ਮੈਂ ਫਿਰ ਵੀ ਆਪਣੇ ਦੋਸਤਾਂ ਨੂੰ ਇਸ ਹਾਊਸ ਵਿਚ ਯਕੀਨ ਦਿਵਾਉਂਦਾ ਹਾਂ ਕਿ ਇਸ ਨਾਲ ਡੀਪਾਰਟਮੈਂਟ ਦਾ ਫਾਇਦਾ ਹੈ, ਸਟੇਟ ਦਾ ਫਾਇਦਾ ਹੈ ਅਤੇ ਜਿਹੜਾ ਇਨ੍ਹਾਂ ਅਫਸਰਾਂ ਦਾ ਐਕਸਪੀਅਰੀਐਂਸ ਹੈ ਉਸ ਦਾ ਵੀ ਫਾਇਦਾ ਉਠਾਇਆ ਜਾ ਸਕਦਾ ਹੈ । ਮੈਂ ਤਾਂ ਇਹ ਕਹਾਂਗਾ ਕਿ ਇਸ ਨਾਲ ਸਮੁਚੀ ਐਡਮਿਨਸਟ੍ਰੇਸ਼ਨ ਨੂੰ ਫਾਇਦਾ ਹੈ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਤਾਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਵੇਂ ਕਿ ਚੀਫ ਮਨਿਸਟਰ ਸਾਹਿਬ ਨੇ ਫਰਮਾਇਆ ਹੈ ਕਿ ਇਸ ਤਜ਼ਰਬੇ ਦੇ ਚੰਗੇ ਸਿੱਟੇ ਨਿਕਲਣਗੇ ਕੀ ਇਹ ਇਸ ਬਾਰੇ ਇਹ ਵੀ ਸੋਚ ਰਹੇ ਹਨ ਕਿ ਇਨ੍ਹਾਂ ਆਈ. ਪੀ. ਐਸ. ਅਫਸਰਾਂ ਨੂੰ ਚੀਫ ਇੰਜੀਨੀਅਰ ਆਦਿ ਅਜਿਹੀਆਂ ਟੈਕਨੀਕਲ ਪੋਸਟਾਂ ਤੇ ਵੀ ਲਾਉਣ ਦਾ ਵਿਚਾਰ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਉਸ ਦਿਨ ਇਸ ਬਾਰੇ ਇਕ ਇਨ੍ਹਾਂ ਨੂੰ ਸ਼ੇਅਰ ਵੀ ਸੁਣਾਇਆ ਸੀ । ਬਾਦਲ ਸਾਹਿਬ, ਸਰਕਾਰ ਇਸ ਤਰ੍ਹਾਂ ਨਹੀਂ ਕਰੇਗੀ ਕਿਉਂਕਿ ਕਦੇ ਵੀ ਇਕ ਮੈਡੀਕਲ ਡੀਪਾਰਟਮੈਂਟ ਦੇ ਡਾਕਟਰ ਨੂੰ ਚੀਫ ਇੰਜੀਨਿਅਰ ਨਹੀਂ ਲਗਾਇਆ ਜਾ ਸਕਦਾ । ਇਸ ਤਰ੍ਹਾਂ ਕੋਈ ਵੀ ਜਿਹੜੀ ਕਿਸੇ ਦੀ ਸਪੈਸ਼ਿਲਾਈਜ਼ੇਸ਼ਨ ਹੈ ਉਸ ਨੂੰ ਦੂਜੀ ਜਗ੍ਹਾ ਤੇ ਨਹੀਂ ਲਗਾਇਆ ਜਾ ਸਕਦਾ । ਪਰ ਕੋਈ ਵੀ ਜਨਰਲ ਕੰਮ ਹੈ ਜਿਥੇ ਕਿ ਇਕ ਆਦਮੀ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਦੂਜੀ ਜਗ੍ਹਾ ਤੇ ਜਾ ਕੇ ਕੰਮ ਕਰ ਸਕਦਾ ਹੈ ਉਸ ਨੂੰ ਹੀ ਲਗਾਇਆ ਜਾਂਦਾ ਹੈ । ਆਈ. ਪੀ. ਐਸ. ਇਕ ਜਨਰਲ ਪੋਸਟ ਹੈ ਇਸ ਨੂੰ ਅਜਿਹੀ ਟੈਕਨੀਕਲ ਪੋਸਟ ਤੇ ਨਹੀਂ ਲਗਾਇਆ ਜਾ ਸਕਦਾ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ ਕੀ ਮੁੱਖ ਮੰਤਰੀ ਸਾਹਿਬ ਨੂੰ ਇਸ ਦਾ ਇਲਮ ਹੈ ਕਿ ਇਕ ਹੋਰ ਪਬਲਿਕ ਅੰਡਰਟੇਕਿੰਗ ਪੰਜਾਬ ਇੰਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਵਿਚ ਉਥੇ ਇਕ ਪੁਲਿਸ ਦੇ ਅਫਸਰ ਦੇ ਮੁੰਡੇ ਨੂੰ ਬਗੈਰ ਕੁਆਲੀਫਿਕੇਸ਼ਨ ਹੋਣ ਦੇ ਲਾਇਆ ਗਿਆ ਅਤੇ ਜਿਸ ਵੇਲੇ ਇੰਟਰਵਿਊ ਲਿਆ ਗਿਆ ਤਾਂ ਜਿਹੜੇ ਸਵਾਲ ਇੰਟਰਵਿਊ ਵਿਚ ਪੁਛਣੇ ਸਨ ਉਹ ਸਾਰੇ ਲਿਖ ਕੇ ਅਤੇ ਉਨ੍ਹਾਂ ਦਾ ਜਵਾਬ ਟਾਇਪ ਕਰਕੇ ਪਹਿਲੇ ਹੀ ਉਸ ਨੂੰ ਦੇ ਦਿੱਤੇ ਗਏ, ਕੀ ਇਹ ਇਸ ਲਈ ਕਿ ਪੁਲਿਸ ਦਾ ਰਾਜ ਹੈ, ਕੀਤਾ ਗਿਆ ?

ਮੁੱਖ ਸੰਸਦੀ ਸਕੱਤਰ: ਸਪੀਕਰ ਸਾਹਿਬ ਇਹ ਤਾਂ ਇਕ ਸਪੈਸੀਫਿਕ ਕੁਐਸਚਨ ਹੈ ਇਸ ਬਾਰੇ ਇਹ ਇਕ ਫਰੈਸ਼ ਨੋਟਿਸ ਦੇ ਦੇਣ ਇਨ੍ਹਾਂ ਨੂੰ ਜਵਾਬ ਦੇ ਦਿੱਤਾ ਜਾਵੇਗਾ ।

Chaudhri Darshan Singh : The Police training is technical training. May I know from the hon. Chief Minister, is it or is it not a fact that these postings are due to unwarranted rapid promotions in the Police Cadre ?

ਮੁੱਖ ਮੰਤਰੀ : ਸਪੀਕਰ ਸਾਹਿਬ ਅਨ-ਵਾਰੰਟਿਡ ਦੀ ਗਲ ਨਹੀਂ ਹੈ । ਲੇਕਿਨ ਕਈ ਵਾਰੀ ਇਸ ਤਰ੍ਹਾਂ ਜ਼ਰੂਰ ਹੁੰਦਾ ਹੈ ਕਿ ਸੀਨੀਅਰ ਅਫਸਰਾਂ ਦੀ ਗਿਣਤੀ ਜ਼ਿਆਦਾ ਹੋਣ ਕਰਕੇ ਆਈ. ਪੀ. ਐਸ. ਜਾਂ ਆਈ. ਏ. ਐਸ. ਜਿਹੜੇ ਸੈਂਟਰ ਵਿਚ ਭੇਜਣੇ ਹੁੰਦੇ ਹਨ ਉਹ ਉਥੇ ਸਾਰੇ ਨਹੀਂ ਜਾ ਸਕਦੇ ਕਿਉਂਕਿ ਕਈ ਵਾਰੀ ਉਥੇ ਉਨ੍ਹਾਂ ਕੋਲ ਜਗ੍ਹਾ ਨਹੀਂ ਹੁੰਦੀ, ਇਸ ਕਰਕੇ ਉਨ੍ਹਾਂ ਨੂੰ ਦੂਜਿਆਂ ਮਹਿਕਮਿਆਂ ਵਿਚ ਲਗਾ ਦਿੱਤਾ ਜਾਂਦਾ ਹੈ । ਪਰ ਹੁਣ ਮੈਂ ਫਿਰ ਸੈਂਟਰ ਗੌਰਮਿੰਟ ਨੂੰ ਲਿਖਿਆ ਹੈ ਕਿ ਸਾਡੀ ਸਟੇਟ ਦੇ ਆਈ. ਪੀ. ਐਸ. ਅਫਸਰ ਦਿੱਲੀ 26 ਹੋਣੇ ਚਾਹੀਦੇ ਹਨ ਪਰ ਉਥੇ ਇਸ ਵੇਲੇ 13 ਬੈਠੇ ਹਨ ਇਸ ਵਾਸਤੇ ਉਥੇ 13 ਹੋਰ ਭੇਜਣੇ ਚਾਹੀਦੇ ਹਨ । ਪਰ ਕਈ ਵਾਰੀ ਉਨ੍ਹਾਂ ਕੋਲ ਜਗ੍ਹਾ ਨਾ ਹੋਣ ਕਰਕੇ ਉਹ ਰਖ ਨਹੀਂ ਸਕਦ। ਪਰ ਸਟੇਟ ਆਪਣੇ ਕਿਸੇ ਪੁਲਿਸ ਅਫਸਰ ਨੂੰ ਛੱਡ ਨਹੀਂ ਸਕਦੀ । ਇਸ ਤਰ੍ਹਾਂ ਸਾਡੇ ਪੁਲਿਸ ਦੇ ਅਫਸਰ ਜਿਹੜੇ ਹਨ ਉਹ ਬਾਰਡਰ ਫੋਰਸ ਤੇ ਵੀ ਜਾਂਦੇ ਹਨ (ਸ਼ੋਰ) ਹਾਂ ਠੀਕ ਹੈ ਬਿਜਲੀ ਬੋਰਡ ਵਿਚ ਵੀ ਜਾਂਦੇ ਹਨ ਜਿਥੇ ਕਿਤੇ ਵੀ ਅਸੀਂ ਉਨ੍ਹਾਂ ਨੂੰ ਲਗਾ ਸਕਦੇ ਹਾਂ ਲਗਾਉਂਦੇ ਹਾਂ । ਇਸ ਵਿਚ ਕੋਈ ਬੈਡ ਅਟੈਨਸ਼ਨ ਨਹੀਂ ਹੈ ।

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਥੇ ਕਿ ਸੀਨੀਅਰ ਆਈ. ਪੀ. ਐਸ. ਨੂੰ ਚੇਅਰਮੈਨ ਲਗਾਇਆ ਹੋਇਆ ਹੈ ਉਥੇ ਇਕ ਸੀਨੀਅਰ ਆਈ. ਏ. ਐਸ. ਅਫਸਰ ਨੂੰ ਉਸੇ ਕਾਰਪੋਰੇਸ਼ਨ ਵਿਚ ਮੈਨੇਜਿੰਗ ਡਾਇਰੈਕਟਰ ਰਖਿਆ ਹੋਇਆ ਹੈ ਕੀ ਇਸ ਨਾਲ ਉਸ ਕਾਰਪੋਰੇਸ਼ਨ ਵਿਚ ਝਗੜੇ ਬਾਜ਼ੀ ਨਹੀਂ ਹੋਵੇਗੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਕੋਈ ਝਗੜਾ ਨਹੀਂ ਹੋਵੇਗਾ ਅਤੇ ਨਾ ਕੋਈ ਝਗੜਾ ਹੋਇਆ ਹੈ ਜਿਹੜਾ ਉਥੇ ਚੇਅਰਮੈਨ ਲਗਾਇਆ ਹੋਇਆ ਹੈ ਉਹ ਸਰਵਿਸ ਦੇ ਲਿਹਾਜ਼ ਨਾਲ ਵੀ ਸੀਨੀਅਰ ਹੈ ਅਤੇ ਪੇ ਦੇ ਲਿਹਾਜ਼ ਨਾਲ ਵੀ ਸੀਨੀਅਰ ਹੈ ।

Original with;
Punjab Vidhan Sabha
Digitized by;
Panjab Digital Library

ਸਰਦਾਰ ਬਲਵਿੰਦਰ ਸਿੰਘ ਭੁੰਦੜ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਦਾ ਹਾਂ ਕਿ ਜਿਵੇਂ ਇਕ ਆਈ. ਪੀ. ਐਸ. ਇਸ ਤਰ੍ਹਾਂ ਦੀ ਪੋਸਟ ਤੇ ਲਾਇਆ ਜਾ ਸਕਦਾ ਹੈ ਕੀ ਕੋਈ ਆਈ. ਏ. ਐਸ. ਅਫਸਰ ਵੀ ਆਈ. ਜੀ. ਲਾਇਆ ਜਾ ਸਕਦਾ ਹੈ ?

ਮੁੱਖ ਸੰਸਦੀ ਸਕੱਤਰ ਸਕੱਤਰ : ਇਹ ਇਸ ਵਿਚੋਂ ਸਵਾਲ ਪੈਦਾ ਨਹੀਂ ਹੁੰਦਾ ।

ਸਰਦਾਰ ਅਜਾਇਬ ਸਿੰਘ ਸੰਧੂ : ਇਹ ਕਹਿੰਦੇ ਹਨ ਕਿ ਸਵਾਲ ਉਠਦਾ ਨਹੀਂ ਮੈਂ ਕਹਿੰਦਾ ਹਾਂ ਉਠਦਾ ਹੈ ਜਦੋਂ ਇਕ ਐਗਜ਼ੈਕਟਿਵ ਪੋਸਟ ਤੇ ਆਈ.ਪੀ. ਐਸ. ਆਫੀਸਰ ਲਗਾਇਆ ਜਾ ਸਕਦਾ ਹੈ ਤਾਂ ਇਕ ਆਈ. ਸੀ. ਐਸ. ਆਫੀਸਰ ਆਈ. ਜੀ ਵੀ ਲਗਾਇਆ ਜਾ ਸਕਦਾ ਹੈ ।

ਮੁੱਖ ਮੰਤਰੀ : ਪੀ. ਸੀ. ਐਸ. ਆਫੀਸਰ ਵੀ ਲਾਇਆ ਜਾ ਸਕਦਾ ਹੈ ਨਾ ਲਾਉਣ ਦਾ ਕੋਈ ਕਾਰਨ ਨਹੀਂ ।

STARRED QUESTIONS AND ANSWERS

MEMORANDUM FROM STUDENTS ORGANISATIONS REGARDING ALLEGED CORRUPTION PREVAILING IN THE GURU NANAK UNIVERSITY, AMRITSAR.

***2763. Comrade Satya Pal Dang** : Will the Minister for Education be pleased to state—

(a) whether the present Ministry, after the assumption of office, received any memoranda from any Students Organisation regarding alleged corruption prevailing in the Guru Nanak University, Amritsar; if so, a copy there of be laid on the Table of the House;

(b) the details of the action taken by the Government in this connection ?

Shri Gurmail Singh : (a) A memorandum was presented on 22nd October, 1973 to the Governor, Punjab and Chancellor, Guru Nanak University, Amritsar, by Shri Surinder Singh Sandhu, President, Punjab Students Congress. Subsequently, another memorandum was addressed by the same person to the Chancellor, Guru Nanak University, Amritsar. Copies of both the memoranda were also received by the Government. A copy each of these two memoranda is laid on the Table of the House.

(b) Both these memoranda were presented/addressed to the Chancellor, Guru Nanak University, Amritsar. The Vice-Chancellor was addressed in the matter. It has been intimated by him that Chancellor has also called for a report in the matter which is being sent by him (V. C.). On receipt of such report the further course of action will be decided.

[(ੳ) ਮਿਤੀ 22 ਅਕਤੂਬਰ, 1973 ਨੂੰ ਇੱਕ ਮੈਮੋਰੰਡਮ ਸ਼੍ਰੀ ਸੁਰਿੰਦਰ ਸਿੰਘ ਸੰਧੂ, ਪ੍ਰਧਾਨ, ਪੰਜਾਬ ਸਟੂਡੈਂਟ ਕਾਂਗਰਸ ਵਲੋਂ ਗਵਰਨਰ, ਪੰਜਾਬ ਅਤੇ ਚਾਂਸਲਰ, ਗੁਰੂ ਨਾਨਕ

Original with;
Punjab Vidhan Sabha
Digitized by;
Panjab Digital Library

[Education Minister]

ਯੂਨੀਵਰਸਿਟੀ, ਅੰਮ੍ਰਿਤਸਰ, ਨੂੰ ਪੇਸ਼ ਕੀਤਾ ਗਿਆ ਸੀ । ਇਸ ਤੋਂ ਉਪ੍ਰੰਤ ਇਕ ਹੋਰ ਮੈਮੋਰੰਡਮ ਉਸੇ ਵਿਅਕਤੀ ਦੁਆਰਾ ਚਾਂਸਲਰ, ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ ਨੂੰ ਸੰਬੋਧਤ ਕੀਤਾ ਗਿਆ ਸੀ । ਇਨ੍ਹਾਂ ਦੋਵੇਂ ਮੈਮੋਰੰਡਮਾਂ ਦੀਆਂ ਕਾਪੀਆਂ ਸਰਕਾਰ ਪਾਸ ਵੀ ਪ੍ਰਾਪਤ ਹੋਈਆਂ ਸਨ । ਦੋਹਾਂ ਮੈਮੋਰੰਡਮਾਂ ਦੀਆਂ ਨਕਲਾਂ ਸਦਨ ਦੀ ਮੇਜ਼ ਤੇ ਰੱਖੀਆਂ ਜਾਂਦੀਆਂ ਹਨ।

(ਅ) ਦੋਵੇਂ ਹੀ ਮੈਮੋਰੰਡਮ ਚਾਂਸਲਰ, ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ ਨੂੰ ਪੇਸ਼ ਕੀਤੇ ਗਏ/ਸੰਬੋਧਤ ਸਨ । ਵਾਈਸ ਚਾਂਸਲਰ ਨੂੰ ਇਸ ਮਾਮਲੇ ਬਾਰੇ ਲਿਖਿਆ ਗਿਆ ਸੀ । ਉਨ੍ਹਾਂ ਨੇ ਸੂਚਿਤ ਕੀਤਾ ਹੈ ਕਿ ਚਾਂਸਲਰ ਸਾਹਿਬ ਵੱਲੋਂ ਵੀ ਇਸ ਮਾਮਲੇ ਬਾਰੇ ਰਪੋਟ ਮੰਗੀ ਗਈ ਹੈ, ਜਿਹੜੀ ਕਿ ਉਨ੍ਹਾਂ ਵੱਲੋਂ ਭੇਜੀ ਜਾ ਰਹੀ ਹੈ । ਇਹ ਰਪੋਟ ਪ੍ਰਾਪਤ ਹੋਣ ਤੇ ਅਗਲੀ ਕਾਰਵਾਈ ਬਾਰੇ ਫੈਸਲਾ ਕੀਤਾ ਜਾਵੇਗਾ ।]

COPIES OF THE MEMORANDA

Surinder Singh Sandhu,
Student of M.A.-I,
Political Science Department
Khalsa College, Amritsar.

Dated———————

To

_____

_____

_____

Dear Sir,

I am enclosing herewith a copy of the memorandum presented to the Governor of the Punjab regarding mal-practices in the Guru Nanak University. The points mentioned in the memorandum are only a part of a bigger and serious malady eating up the health of our public life and causing disaster to our educatlonal set up. Corrupt educationists and intellectuals are much more dangerous than other corrupt persons.

I request you kindly to pay serious attention to the facts mentioned in the memorandum and take necessary action in purifying the educational atmosphere in the State by forcing the corrupt persons to quit the sphere.

I hope you wiil very kind y take up this issue in whatever possible capacity you are in a position to handle it and thus serve the puplic cause.

Thanking you.

Yours faithfully,

Sd/-

(Surinder Singh Sandhu)
President,
Punjab Students Congress.

———

Original with;
Punjab Vidhan Sabha
Digitized by:
Panjab Digital Library

The Chancellor,
Guru Nanak University,
Amritsar.

Your Excellency,

In continuation of the memorandum submitted to you at Amritsar on 22nd October, 1973, concerning the state of affairs of the Guru Nanak University Amritsar, I have to add as under :—

1. The Vice-Chancellor and the Registrar, whose academic achievements were never kept in view while appointing them to these exalted positions and who base their day to day functioning on considerations of Sikh—Non-Sikh, Jat—Non-Jat, ruralite-urbanite and Sandhu/Grewals-Bhapas, have resorted to crude factionalism against Khalsa College and its staff, Principal, students and Management. Forgetting about the long meritorious history of Khalsa College they started a malicious campaign against it endangering its very existence by harming its process of admissions by implicating its 700 students in cases of unfair means.

2. Functioning of the Vice-Chancellor and the Registrar of the Guru Nanak University within their own jurisdiction has become so shabby that the reputation of the University, founded after a great name, has become stinking. (Kindly refer to the memorandum already submitted).

Moreover we want to tell you that the top most few officers of the University are just busy in amassing wealth and enjoying gains at the cost of University's finances which is public money :

(a) They are building a house costing Rs. 3 lacs for the Vice-Chancellor forgetting about the poverty of the nation and the crisis our country's economy is facing.

(b) They, day in and day out, misuse the University conveyances and telephones for their private benefits.

(c) The Vice-Chancellor and the Registrar have in rapid successions promoted imcompetent and unqualified favourites, who are no doubt hiding their corrupt practices, to the senior positions around themselves.

(d In the various University bodies the Vice-Chancellor like a great Moughal, nominates men imbued with caste, communal, feudal and reactionary ideologies and have no imagination worth the name about the requirement of ordinary education of future generation, what to say of the higher education. These people, in turn, not only enjoy T.A./D.A. benefits but also utilise the University and its means for their individual interests.

3. Sir, a caucus has developed in G. N. U. which is controlling its affairs even in violation of the Guru Nanak University Act. Whereas the Guru Nanak University Act provides that the Senate of the University shall be its supreme authority the ruling caucus has never bothered to take this body into confidence on many vital issues including the appointments of senior officers and their dismissals.

It is this very caucus controlling the University affairs which in its mad egoism wanted to down grade the Khalsa College, Amritsar, which is now ruining the career of scores, nay, hundreds of Punjabi youngmen and women.

4. In this democratic age the rulers of this University like Sh. Bharpur Singh, Registrar, have refused even to discuss the problem of unfair means cases with the representatives of the students on the pleas that he would talk only to the Principal and none else. At a time when the principle of giving representation to the students on the University bodies has been conceded to by all the authorities in the country, this reactionary and autocrat Registrar must be stopped from behaving in that manner.

Original with;
Punjab Vidhan Sabha
Digitized by;
Panjab Digital Library

[Education Minister]

We may bring to your notice that while the Vice-Chancellor feels secure because he takes for granted support from S. Gurdial Singh Dhillon, Speaker, Lok Sabha, S. Darbara Singh, former Speaker, Vidhan Sabha and S. Harcharan Singh, M.L.A. Ajnala, the Registrar feels that he is on sure footing because of his past Sikh communal and opportunist politics of alignment with the persons in authority.

Hoping for justice and early action.

Thanking you.

We are

Yours faithfully,

Sd/—

(Surinder Singh Sandhu)

COPY OF THE MEMORANDUM

Presented to

GOVERNOR PUNJAB

&

CHANCELLOR, GURU NANAK UNIVERSITY, AMRITSAR (Pb.)

On 22nd October, 1973 at 6.30 P.M. at Circuit House, Amritsar.

Regarding dishonesty in academic and financial matters, corruption, favouritism and Money making in the Guru Nanak University, Amritsar.

Associated with
Punjab Students Federation,
Punjab Students Union (S.F.I.)
Guardian & Public Men of Punjab.

Presented by
Surinder Singh Sandhu
President,
Punjab Students Congress.

MEMORANDUM

The Chancellor,
Guru Nanak University, Amritsar.

Your Excellency,

The Guru Nanak University established to commemorate the 500th Birth Anniversary of Guru Nanak Dev Ji, will be completing the fourth year of its existence on November 24, 1973. One of the aims of the University as mentioned in the University Act, was to make arrangements for promoting the health and general welfare of its students. But the persons who matter here have taken to the promotion of their welfare and destruction of the physical and mental health of the student community. Forgetting all canons of social responsibility and public morality, the rulers of this University have stooped to the lowest depths of dishonesty in academic and financial matters, corruption, favouritism and money making. To add insult to the injury they boast about some of these misdeeds as their achievements.

Original with;
Punjab Vidhan Sabha
Digitized by;
Panjab Digital Library

The following few facts speak for themselves and we demand independent and high power inquiry into them :—

1. (a) Sh. Jasjit Singh son of Sh. Bishan Singh Samundri (Vice-Chancellor) got first division in his B.Sc. (Agri.) through unfair means. In fact he suddenly acquired brilliance with the appointment of the father as the Vice-Chancellor. Whereas cases of unfair means were framed in almost all the examination centres of Khalsa College, Amritsar, in April 1972-73, no such attempt was made with respect to the centre from where Sh. Jasjit Singh appeared.

(b) Sh. Kuljit Singh Aujla, son of Sh. Lal Singh Aujla got through his MBBS final illegally with the help of University high-ups. His was a case of twice reappear and not of failure, as University people made out, to give him the advantage. Even Justice Tek Chand, who went into a complaint was led away from the real issue by the University authorities with respect to this case, by misquoting a Judgement of Punjab and Haryana High Court.

(c) On the other hand about 700 students of Khalsa College, Amritsar were implicated in unfair cases because the Vice-Chancellor Guru Nanak University got annoyed with the Principal of Khalsa College.

(d) One Sh. Amarjit Singh Roll No. 1059 of B. Ed. (Session 1973 of M. G. N. College, Jullundur) got his shortage of lectures condoned by the Registrar of Guru Nanak University, illegally.

(e) Sh. Vidya Sagar Tiwari, a student of G. N. U. died in its hostel through sheer negligence of the authorities, in September, 1973.

2. Shri Lal Singh Aujla, mentioned in (b) is the Chairman of Improvement Trust, Amritsar and he got allotted a big plot to the Vice-Chancellor of G.N.U. on reserve price. The area of the plot was later on increased by changing the original plans. The Vice-Chancellor in return obliged him by appointing him as member of Unfair-means Committee of the University at very high remune-ration apart from benefitting his son mentioned above. Justice Tek Chand and the Registrar G. N. U. are other two members of that Committee.

3. Sh. Lal Singh Aujla used his influence to pay Rs. 1.07 lacs to the son of former Punjab Governor, Dr. D. C. Pavate as Architect's fee for designing alleged four Public markets of Amritsar. The actual work was not done by younger Pavate, but by others. This son of Dr. Pavate got his training from Mr. Jasbir Singh Sachdeva (M/s. Egleston Rajinder Kumar) an architect of Delhi, who was given the job of designing the G.N.U., by using the influence of his father (Dr. Pavate) on the Vice-Chancellor, who willingly obliged him. Dr. Pavate in return hushed up serious allegations of corruption levelled by Sh. Satya Pal Dang, Punjab M.L.A. against G.N.U. high-ups. Thus the plea of University autonomy used to cover up corruption, mutual benefits and swindling of public money.

4. In University buildings full payment was made for substandard material like bricks used in Chemistry and Physics Blocks and 'A' type houses. Brick work in cement was invariably of substandard nature and especially in western part of the University boundry wall, running along G. T. Road.

The contracts of the first phase of buildings were given at 100-112% above schedule rates, when P. W. D. rates were 80% above schedule. Even the non-scheduled items were allowed premium at the above mentioned rates. Thus lakhs of rupees were swindled.

Iron plated windows were purchased @ Rs. 22/- ft. against the market price of Rs. 6/- ft.

Top heavy and unjustifiable construction department has been set up in the University. While the Punjab University was built under the supervision of one XEN, in the G.N.U. there are three XENs and an SE and a Chief Engineer over them. A senior officer with doubtful integrity was especially brought here to serve the ends of university bosses and he proved himself equal to the task by providing labour and material in the construction of the Private houses of the University bosses who in return provided an A Class post to his wife without any advertisement.

Original with;
Punjab Vidhan Sabha
Digitized by;
Panjab Digital Library

[Education Minister]

5. The public money of the University was allowed to be kept in a private bank ignoring the nationalised banks. In fact the money was first kept in a nationalised bank but lateron moved to a private bank. In return, the Vice-Chancellor gets many benefits out of the owner of the bank, including a free car and a driver for his private use. The Registrar was also obliged by the authorities of this bank by appointing one of his nephews (Manjit Singh) as an official of the Punjab and Sind Bank.

6. (a) The Vice Chancellor has been given a sumptuary allowance of Rs. 150/- a month, but he entertains his guests out of his discretionary funds.

(b) In the matter of travelling allowance the record of the Vice Chancellor is worth scrutiny. He has charged huge amounts out of this head by inflating his visits. Even he has added some of the bills of his non official visits into the University accounts. For instance, on 26th December, 1969 he visited Lyallpur Khalsa College, Jullundur; on 27th December, 1969 B.U.C, College Batala; on 21st November, 1969 Sultanpur Lodhi and on 25th January, 1973 Hoshiarpur; in his personal capacity, but charged the T.A. from the university. To inflate income under this head he usually uses his private car instead of the staff car. It is learnt that on his visit to Edinburgh (U.K.) in August/September 1973 he did not avail of the return ticket concession and for the sake of his private visit to Paris and other places burdened the University with huge extra costs.

(c) The medical bills of the Vice Chancellor are more than those of hundreds of employees put together.

(d) In 1964, in his capacity as Principal, Khalsa College, Amritsar, the Vice-Chancellor got a loan from the College for the purchase of a car and could return the same in 1968-69. But now after becoming Vice Chancellor he has purchased 22 acres of land at Khankot, near Amritsar and got it made in a proper shape at a cost of Rs. 2 lakhs or so. Moreover he got a house built in Green Avenue, Amritsar, at a cost of more than Rs. 2 lakhs. He has also a huge deposit in a private chit fund account.

(e) The Vice Chancellor failed to get his income tax cleared on the plea that it was the job of the University clerks to do so, although it was strictly his private affair. His wife who has been a lecturer for many years in Govt. Service has failed to submit her income tax return for many years.

In fact the University's Registrar has also not cleared his income tax. Thus the bosses of the University has indugled in tax evasion as well.

To save themselves from trouble, the University bosses appointed the concerned official of the Income Tax Department as a lecturer in the evening shift of the Law Department.

7. In this University, merit is a casualty and ringing a qualification. Following are some of the cases of gross favouritism :

(a) Mr. A. K. Sood, dismissed as the Assistant Registrar on corruption charges by the University was reappointed on the recommendation of a woman Principal.

(b) Services of highly qualified Dr. (Mrs.) I. K. Sandhu Secretary Sportsmen were terminated because that very principal wanted it that way.

(c) Shri H. S. Dhinsa, Landscape Officer appointed after retirement on a fixed pay of Rs. 600/- p. m. was later on given Rs. 800/- p. m. + Rs. 100/- as Scooter allowance supplemented by another amount of Rs. 150/- as the Special. Pay. He was also allotted 'B' type house and made the Warden of Women Hostel. His main job is to provide green fodder to the buffaloes of Vice Chancellor and to look after the lawns of VC's private house in green Avenue.

(d) His junior, the Farm Manager was given special increments although the economy of the farm is in a bad shape due to corruption and inefficiency.

Original with;
Punjab Vidhan Sabha
Digitized by;
Panjab Digital Library

(e) Prof. Dewan Singh of Punjabi Department was appointed as reader by ignoring much higher qualified persons compared to him. Now he has been made professor and warden of the hostel, while his competency exploded when a student died in the hostel through sheer negligence and his examination results for the year, 1973 were no match to the college even like D.A.V. College, Jullundur.

(f) Mrs. Kohli, wife of the University S. E. looking after her household affairs for the last few years, suddenly got the post of the University Lady Doctor without any competetion and no doubt it would endanger the health of the families of the University employees.

(g) Dr. J. S. Grewal who was drawing a basic pay of Rs. 800/- p.m. as Reader in Punjab University not only became a professor but got an initial start of Rs. 1300/- p. m. and was also made Dean, Academic Affairs and Students' welfare with an additional allowance of Rs. 200/- p. m.

(h) Dr. Bains former head of Political Science Department of G. N. U. had to quit, because he failed to get an initial start of Rs. 1300/- p.m. (as in case of Dr. Grewal) although Dr. Bains was getting Rs. 1100/- as basic in Delhi University.

(i) Dr. A.C. Kapoor was appointed Officer on Special Duty after his retirement and given Professor's accommodation, to prepare the University Calendar, which was just published before his appointment.

(j) Shri Sujan Singh was appointed Secretary to Vice Chancellor, after his retirement, on Rs. 1250/- p. m. fixed; but later on, he was given Professor's Scale and allotted 'A' type house. He was also given a huge loan for house repair without any rules and regulations having been framed for the purpose.

(k) Similarly, the Deputy Registrar is also sanctioned a loan for purchase of vehicle when there is no provision in the rules to grant such loan to the persons appointed on contract.

(l) Shri Lakha Singh Sandhu, who was not even an applicant for the post, was appointed Assistant Registrar, Accounts.

(m) Shri Parkash Singh who was an Assistant before joining the G. N. U. and did not possess academic qualifications comparable to his many other colleagues has been made an Assistant Registrar and given a house out of turn.

(n) On the other hand Mr. Chhina, a highly qualified XEN, Dr. Bains and Dr. Chatterjee of Political Science Department had to quit because of the unjustifiably harsh treatment of the University authorities.

(o) Dr. K. S. Thind, who has been recently appointed as Reader in the Department of Language, Literature and Culture, was disqualified permanently from the University remunerative work a few years back, because he had been caught conniving in helping a candidate to get through the Giani Examination. The Vice-Chancellor waved this blot upon Dr. Thind and favoured him with the Readership.

8. To win over the Press, the Vice-Chancellor is favouring Sh. G. R. Sethi through latter's brother by sending most of the University's advertisements through them, although it brings a loss to the University's finances.

(9) Similarly, to win over student leaders, he has given admission to one such leader in the Law Department in violation of all rules. Another student, Hardial Singh Dhillon, was admitted to this class on the basis of wrong certificates of employment at two different places simultaneously.

Pending high-powered independent inquiry, we DEMAND the suspension of the Vice-Chancellor and the Registrar from their office and launching of criminal proceeding against them where-ever facts to that effect are prima facie established.

Original with;
Punjab Vidhan Sabha
Digitized by;
Panjab Digital Library

ਕਾਮਰੇਡ ਸੱਤ ਪਾਲ ਡਾਂਗ: ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਗੁਰੂ ਨਾਨਕ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੇ ਖਿਲਾਫ ਗਬਨ, ਇਮਬੈਜ਼ਲਮੈਂਟ ਅਤੇ ਮਿਸਯੂਜ਼ ਦੇ ਐਲੀਗੇਸ਼ਨਜ਼ ਲਾਇਆਂ ਨੂੰ ਅਜ 10 ਮਹੀਨੇ ਹੋ ਗਏ ਹਨ, ਪਰ ਹੁਣ ਤਕ ਸਰਕਾਰ ਨੇ ਕੋਈ ਐਕਸ਼ਨ ਨਹੀਂ ਲਿਆ ਜਦੋਂ ਯੂਨੀਵਰਸਿਟੀ ਐਕਟ ਦੀ ਇਕ ਕਲਾਜ਼ 25 ਹੈ, ਜਿਸ ਵਿਚ ਇਹ ਲਿਖਿਆ ਹੈ :

> The accounts of the income and expenditure of the University shall be submitted once in every year to the Government for such examination and audit as the Government may direct.

ਮੈਂ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਇਸ ਤਰ੍ਹਾਂ ਦੇ ਸੀਰੀਅਸ ਐਲੀਗੇਸ਼ਨਜ਼ ਲਾਏ ਗਏ ਸਨ ਤਾਂ ਮਨਿਸਟਰ ਸਾਹਿਬ ਨੇ ਇਸ ਕਲਾਜ਼ ਦੀ ਵਰਤੋਂ ਕਰਕੇ ਇਸ ਦੀ ਪਰਾਪਰ ਆਡਿਟ ਕਿਉਂ ਨਹੀਂ ਕਰਵਾਈ ?

ਸਿਖਿਆ ਮੰਤਰੀ : ਆਨਰੇਬਲ ਮੈਂਬਰ ਨੂੰ ਪਤਾ ਹੋਣਾ ਚਾਹੀਦਾ ਹੈ ਕਿ 8 ਜੁਲਾਈ, 1974 ਨੂੰ ਵਾਈਸ ਚਾਂਸਲਰ ਨੇ ਪੈਰਾਵਾਈਜ਼ ਜਵਾਬ ਚਾਂਸਲਰ ਨੂੰ ਭੇਜ ਦਿੱਤਾ ਸੀ ।

ਕਾਮਰੇਡ ਸਤਪਾਲ ਡਾਂਗ : ਮੈਂ ਜਾਨਣਾ ਚਾਹੁੰਦਾ ਹਾਂ ਕਿ ਵਜ਼ੀਰ ਸਾਹਿਬ ਆਪਣੀ ਜ਼ਿੰਮੇਵਾਰੀ ਨੂੰ ਕਿਸ ਤਰ੍ਹਾਂ ਨਾਲ ਨਿਭਾ ਰਹੇ ਹਨ ਜਦੋਂ ਐਕਟ ਦੀ ਕਲਾਜ਼ 25 ਦੇ ਤਹਿਤ ਜਦੋਂ ਕੋਈ ਕਿਸੇ ਦੇ ਖਿਲਾਫ ਸੀਰੀਅਸ ਐਲੀਗੇਸ਼ਨਜ਼ ਹੋਣ ਤਾਂ ਉਨ੍ਹਾਂ ਨੂੰ 10 ਮਹੀਨੇ ਤੱਕ ਕੋਈ ਐਕਸ਼ਨ ਲੈਣ ਦੀ ਕਿਉਂ ਨਾ ਸੁਝੀ ?

ਮੰਤਰੀ: ਜਦੋਂ ਵਾਈਸ ਚਾਂਸਲਰ ਨੇ ਆਪਣਾ ਜਵਾਬ ਚਾਂਸਲਰ (ਗਵਰਨਰ) ਯਾ ਜਿਹੜਾ ਕਿ ਯੂਨੀਵਰਸਿਟੀ ਦਾ ਹੈਡ ਹੈ ਉਸ ਨੂੰ 8 ਜੁਲਾਈ, 1974 ਨੂੰ ਭੇਜਿਆ ਹੋਇਆ ਹੈ ਇਸ ਸਮੇਂ ਅਸੀਂ ਕੋਈ ਕਾਰਵਾਈ ਕਰਨਾ ਯੋਗ ਨਹੀਂ ਸਮਝਦੇ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਦੋ ਮੈਮੋਰੈਂਡਮ ਸਟੂਡੈਂਟਸ ਫੈਡਰੇਸ਼ਨ ਨੇ ਅਤੇ ਸਟੂਡੈਂਟਸ ਕਾਂਗਰਸ ਨੇ ਵਜ਼ੀਰ ਸਾਹਿਬ ਨੂੰ ਬੜੀਆਂ ਸੀਰੀਅਸ ਐਲੀਗੇਸ਼ਨਜ਼ ਲਾਕੇ ਦਿੱਤੇ ਸੀ ਤਾਂ ਉਹ ਵਾਈਸ ਚਾਂਸਲਰ ਨੂੰ ਕਿਉਂ ਭੇਜੇ ਗਏ । ਜੇ ਮੈਂ ਮੁਲਜ਼ਮ ਹੋਵਾਂ ਅਤੇ ਮੈਨੂੰ ਹੀ ਇਨਕੁਆਇਰੀ ਦੇ ਲਈ ਕਿਹਾ ਜਾਵੇ ਇਹ ਕਿਧਰ ਦਾ ਇਨਸਾਫ ਹੈ । ਇਸ ਤਰ੍ਹਾਂ ਕਰਕੇ ਕੀ ਸਰਕਾਰ ਕੁਰੱਪਟ ਵਾਈਸ ਚਾਂਸਲਰ ਨੂੰ ਸ਼ੀਲਡ ਤਾਂ ਨਹੀਂ ਕਰ ਰਹੀ ?

ਮੁੱਖ ਮੰਤਰੀ : ਜਿਥੋਂ ਤੱਕ ਕਿਸੇ ਕੁਰੱਪਟ ਅਫਸਰ ਨੂੰ ਬਚਾਉਣ ਦਾ ਖਿਆਲ ਹੈ ਇਹ ਜੋਸ਼ ਜੀ ਦਾ ਖਿਆਲ ਬਿਲਕੁਲ ਹੀ ਬੇ-ਬੁਨਿਆਦ ਅਤੇ ਗਲਤ ਹੈ । ਅਜੇ ਗਵਰਨਰ ਸਾਹਿਬ ਨੇ ਰਿਪੋਰਟ ਵੇਖ ਕੇ ਆਪਣੀ ਰਾਏ ਬਨਾਉਣੀ ਹੈ, ਉਨ੍ਹਾਂ ਦੇ ਐਕਸ਼ਨ ਤੋਂ ਬਾਅਦ ਅਸੀਂ ਆਪਣੀ ਕਾਰਵਾਈ ਕਰਾਂਗੇ ।

ਸਰਦਾਰ ਕਿਰਪਾਲ ਸਿੰਘ ਰੰਧਾਵਾ : ਮੈਂ ਸਰਕਾਰ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਤਨੀ ਕੁਰੱਪਸ਼ਨ ਹੋਵੇ ਜਿਸ ਨੇ ਇਮਪਰੂਵਮੈਂਟ ਟਰੱਸਟ ਦੇ ਚੇਅਰਮੈਨ ਨਾਲ ਮਿਲ ਕੇ ਇਕ ਕੋਠੀ ਦੋ ਲੱਖ ਦੀ ਬਣਾਈ ਹੋਵੇ, ਦੋ ਲੱਖ ਦੀ ਜ਼ਮੀਨ ਖਰੀਦੀ ਹੋਵੇ, ਕਿਤਨੀ ਬੁਰੀ ਗੱਲ ਹੈ ਇਸ ਤਰਾਂ ਦੇ ਸੀਰੀਅਸ ਐਲੀਗੇਸ਼ਨਜ਼ ਹੋਣ ਅਤੇ ਇਨਕੁਆਇਰੀ ਨਾ ਕੀਤੀ ਜਾਵੇ ।

Original with;
Punjab Vidhan Sabha
Digitized by;
Panjab Digital Library

ਮੈਂ ਕਹਾਂਗਾ ਕਿ ਇਹ ਯੂਨੀਵਰਸਿਟੀ ਕੁਰੱਪਸ਼ਨ ਦਾ ਗੜ੍ਹ ਬਣੀ ਹੋਈ ਹੈ ਇਸ ਦੀ ਜਲਦੀ ਤੋਂ ਜਲਦੀ ਇਨਕੁਆਇਰੀ ਹੋਣੀ ਚਾਹੀਦੀ ਹੈ ।

ਮੁੱਖ ਮੰਤਰੀ : ਜੋ ਆਦਮੀ ਇਸ ਹਾਉਸ ਵਿਚ ਆਪਣੇ ਆਪ ਨੂੰ ਡੀਫੈਂਡ ਨਾ ਕਰ ਸਕਦਾ ਹੋਵੇ, ਉਸ ਤੇ ਇਲਜ਼ਾਮ ਲਗਾ ਕੇ ਮੁਜ਼ਰਮ ਗਰਦਾਨਿਆ ਜਾਣਾ ਠੀਕ ਨਹੀਂ । ਮੈਂ ਉਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਜੇ ਇਹ ਸਾਬਤ ਹੋ ਗਿਆ ਕਿ ਉਹ ਕੁਰੱਪਟ ਹੈ ਤਾਂ ਉਸ ਦਾ ਕੋਈ ਲਿਹਾਜ਼ ਨਹੀਂ ਰਖਿਆ ਜਾਵੇਗਾ । ਗਵਰਨਰ ਸਾਹਿਬ ਦੀ ਕਾਰਵਾਈ ਹੋਣ ਤੋਂ ਉਪਰੰਤ ਜੇ ਕੋਈ ਐਸੀ ਗੱਲ ਨਜ਼ਰ ਆਈ ਤਾਂ ਅਸੀਂ ਜ਼ਰੂਰ ਐਕਸ਼ਨ ਲਵਾਂਗੇ ।

ਸ਼੍ਰੀ ਸਰਦਾਰੀ ਲਾਲ ਕਪੂਰ : ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਰਿਪੋਰਟ ਆ ਗਈ ਹੈ, ਉਹਦੇ ਵਿਚ ਕੀ ਲਿਖਿਆ ਹੈ ਉਹ ਜ਼ਰਾ ਦੱਸ ਦਿਓ ।

ਸਿਖਿਆ ਮੰਤਰੀ : ਮੈਂ ਅਰਜ਼ ਕੀਤੀ ਸੀ ਕਿ ਪੈਰਾ ਵਾਈਜ਼ ਰਿਪੋਰਟ ਵਾਈਸ ਚਾਂਸਲਰ ਨੇ ਚਾਂਸਲਰ ਨੂੰ ਭੇਜੀ ਹੈ 8 ਜੁਲਾਈ, 1974 ਨੂੰ ਅਜੇ ਸਾਡੇ ਪਾਸ ਨਹੀਂ ਆਈ ।

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਇਹ ਇਕ ਆਦਮੀ ਨੂੰ ਖਾਹ-ਮਖਾਹ ਬਦਨਾਮ ਕਰਨ ਦੀ ਸਾਜ਼ਸ਼ ਹੈ । ਜੇਕਰ ਉਸ ਦੇ ਖਿਲਾਫ ਕੋਈ ਇਲਜ਼ਾਮ ਹੈ ਤਾਂ ਬੇਸ਼ਕ ਕੋਈ ਹਾਈਕੋਰਟ ਦਾ ਜੱਜ ਮੁਕੱਰਰ ਕੀਤਾ ਜਾਵੇ ਜੋ ਇਸ ਦੀ ਇਨਕੁਆਇਰੀ ਕਰੇ । (ਸ਼ੋਰ)

ਮੁੱਖ ਮੰਤਰੀ : ਜਿਸ ਤਰ੍ਹਾਂ ਇਕ ਆਨਰੇਬਲ ਮੈਂਬਰ ਦਾ ਸੁਝਾਅ ਆਇਆ ਹੈ ਕਿ ਇਨਕੁਆਇਰੀ ਹਾਈਕੋਰਟ ਦੇ ਜੱਜ ਤੋਂ ਕਰਵਾਈ ਜਾਵੇ ਇਹ ਵੀ ਉਦੋਂ ਹੀ ਮੁਨਾਸਿਬ ਹੋਵੇਗੀ ਜਦੋਂ ਵੀ. ਸੀ. ਸਾਹਿਬ ਕੋਈ ਐਕਸ਼ਨ ਲੈਣਗੇ, ਅਜੇ ਗਵਰਨਮੈਂਟ ਦਖਲ ਨਹੀਂ ਦੇ ਸਕਦੀ । ਮੈਂ ਇਕ ਗੱਲ ਹੋਰ ਵੀ ਦਸ ਦੇਵਾਂ ਕਿ ਜਿਸ ਆਨਰੇਬਲ ਮੈਂਬਰ ਨੇ ਕੁਰੱਪਸ਼ਨ ਦਾ ਦੋਸ਼ ਲਾਇਆ ਹੈ ਉਸ ਦੀ ਪਾਰਟੀ ਦੇ ਬੰਦਿਆਂ ਨੇ ਹੀ ਮੈਨੂੰ ਆਕੇ ਕਿਹਾ ਸੀ ਕਿ ਉਹ ਬਹੁਤ ਇਮਾਨਦਾਰ ਹੈ ਉਸ ਨੂੰ ਜਰੂਰ ਲਾਉਣਾ ਚਾਹੀਦਾ ਹੈ । (ਹਾਸਾ)

ਚੌਧਰੀ ਦਰਸ਼ਨ ਸਿੰਘ : ਚਾਂਸਲਰ ਜਾਂ ਵਾਈਸ ਚਾਂਸਲਰ ਤਾਂ ਇਕ ਸੈਟ ਹੈ ਪਰ ਜਿਸ ਤਰ੍ਹਾਂ ਕਾਮਰੇਡ ਸਤਪਾਲ ਡਾਂਗ ਜੀ ਨੇ ਕਿਹਾ ਉਨ੍ਹਾਂ ਨੂੰ ਦਫਾ 25 ਦੇ ਅਧੀਨ ਪਰਾਪਰ ਆਡਿਟ ਕਰਵਾਉਣ ਦੇ ਵਿਚ ਕੀ ਰੁਕਾਵਟ ਹੈ ?

ਮੁੱਖ ਮੰਤਰੀ : ਇਹ ਕੋਈ ਰੁਕਾਵਟ ਨਹੀਂ । ਚਾਂਸਲਰ ਜਿਹੜਾ ਹੈ ਉਹ ਵਾਈਸ ਚਾਂਸਲਰ ਨਾਲੋਂ ਵੱਡਾ ਹੈ । ਜਿਸ ਤਰ੍ਹਾਂ ਕਿ ਪਹਿਲਾਂ ਕਿਹਾ ਗਿਆ ਹੈ ਉਹਦੇ ਕੋਲ ਕਾਗਜ਼ ਚਲੇ ਗਏ ਹਨ ਅਤੇ ਉਨ੍ਹਾਂ ਵਲੋਂ ਪਹਿਲਾਂ ਕਾਰਵਾਈ ਹੋਣੀ ਜ਼ਰੂਰੀ ਹੈ । ਆਨਰੇਬਲ ਮੈਂਬਰ ਚੌਧਰੀ ਦਰਸ਼ਨ ਸਿੰਘ ਜੀ ਮੰਨਣਗੇ ਕਿ ਕੋਈ ਦੁਨੀਆ ਦਾ ਕਾਇਦਾ ਨਹੀਂ ਕਿ ਇਮੀਜੀਏਟ ਅਫਸਰ ਨੂੰ ਉਹਦੇ ਥੱਲੇ ਦੇ ਅਫਸਰ ਬਾਰੇ ਪੁਛਿਆ ਨਾ ਜਾਵੇ, ਉਹਦੇ ਕੁਮੈਂਟਸ ਨਾ ਲਿੱਤੇ ਜਾਣ ਅਤੇ ਇਹ ਕਰਨ ਤੋਂ ਪਹਿਲਾਂ ਹੀ ਐਕਸ਼ਨ ਲੈ ਲਿਆ ਜਾਏ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਬਹੁਤੀ ਗਲ ਕਰਨ ਦਾ ਫਾਇਦਾ ਨਹੀਂ । ਗੁਰੂ ਨਾਨਕ ਯੂਨੀਵਰਸਿਟੀ ਨੇ ਚੀਫ ਮਨਿਸਟਰ ਸਾਹਿਬ ਨੂੰ ਅਤੇ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਡਾਕਟਰੇਟ ਦੀ ਕਦੋਂ ਡਿਗਰੀ ਦੇਣੀ ਹੈ।

Original with;
Punjab Vidhan Sabha
Digitized by;
Panjab Digital Library

Mr. Speaker : Question does not arise.

ਮੁੱਖ ਮੰਤਰੀ : ਇਹ ਬੜੀ ਔਖੀ ਗੱਲ ਹੈ । ਡਾਂਗ ਸਾਹਿਬ ਕੋਸ਼ਿਸ਼ ਕਰ ਰਹੇ ਹਨ । ਮੈਨੂੰ ਖੁਸ਼ੀ ਹੋਵੇਗੀ ਜੇ ਇਨਾਂ ਨੂੰ ਵੀ ਡਾਕਟਰੇਟ ਦੀ ਡਿਗਰੀ ਮਿਲ ਜਾਏ । ਇਹ ਮੇਰੇ ਵਸ ਦੀ ਗੱਲ ਨਹੀਂ ਜੇ ਪਹਿਲਾਂ ਮੈਨੂੰ ਡਿਗਰੀ ਮਿਲ ਗਈ । ਇਸ ਸਿਲਸਿਲੇ ਵਿਚ ਨਾ ਹੀ ਡਾਂਗ ਸਾਹਿਬ ਨੂੰ ਅਤੇ ਨਾ ਹੀ ਕਿਸੇ ਹੋਰ ਮੈਂਬਰ ਨੂੰ ਕੁਛ ਕਹਿਣਾ ਚਾਹੀਦਾ ਹੈ । ਇਹ ਜ਼ਿੰਮੇਵਾਰ ਪਾਰਟੀ ਦੇ ਲੀਡਰ ਹਨ । ਇਨਾਂ ਨੂੰ ਇਹੋ ਜਿਹੀਆਂ ਗੱਲਾਂ ਕਰਕੇ ਆਪਣੀ ਸ਼ਖਸ਼ੀਅਤ ਨੂੰ ਛੋਟਾ ਨਹੀਂ ਕਰਨਾ ਚਾਹੀਦਾ ਹੈ ।

SCHEME TO SUBSIDISE MEALS TO STUDENTS RESIDING IN HOSTELS IN THE STATE

*2730. **Comrade Shamsher Singh Josh :** Will the Minister for Education be pleased to state whether the Government has decided to introduce the scheme of subsidised meals to the students residing in Hostels in the State; if so, the details of the said scheme ?

Shri Gurmail Singh : No.

[ਨਹੀਂ ਜੀ ।]

ਸਿਖਿਆ ਮੰਤਰੀ : ਹੋਸਟਲ ਵਿਚ ਕੁਝ ਜ਼ਰੂਰੀ ਚੀਜ਼ਾਂ ਪਰਾਇਰਟੀ ਅਨੁਸਾਰ ਦੇਣ ਦਾ ਫੈਸਲਾ ਕੀਤਾ ਹੈ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਵਿਦਿਆ ਪੜ੍ਹਾਉਣੀ ਬੱਚਿਆਂ ਨੂੰ ਬੜੀ ਔਖੀ ਹੋ ਗਈ ਹੈ । ਇਸ ਦੀ ਰੋਸ਼ਨੀ ਵਿਚ ਹੋਸਟਲ ਵਿਚ ਜਿਹੜੇ ਵਿਦਿਆਰਥੀ ਹਨ ਉਨ੍ਹਾਂ ਦੇ ਮੀਲ ਚਾਰ-ਜਿੱਜ਼ ਵਿਚ ਵਾਧਾ ਹੋ ਗਿਆ ਹੈ । ਕੀ ਸਰਕਾਰ ਦਾ ਫਰਜ਼ ਨਹੀਂ ਬਣਦਾ ਹੈ ਕੀ ਹੋਸਟਲਾਂ ਵਿਚ ਇਨ੍ਹਾਂ ਦੀ ਨੀਡਜ਼ ਨੂੰ ਕਿਸ ਤਰ੍ਹਾਂ ਕਰਕੇ ਸਬਸਿਡਾਈਜ਼ ਕਰਨਾ ਸ਼ੁਰੂ ਕਰ ਦੇਵੇ ।

ਮੰਤਰੀ : ਮੈਂ ਕਿਹਾ ਹੈ ਕਿ ਹੋਸਟਲਾਂ ਵਿਚ ਜਿਹੜੇ ਵਿਦਿਆਰਥੀ ਵਿਦਿਆ ਲੈ ਰਹੇ ਹਨ ਉਨ੍ਹਾਂ ਨੂੰ ਜੋ ਜ਼ਰੂਰੀ ਵਸਤਾਂ ਹਨ ਉਹ ਸਰਕਾਰ ਪਰਾਇਰਟੀ ਬੇਸਿਜ਼ ਤੇ ਉਨ੍ਹਾਂ ਨੂੰ ਦੇਵੇਗੀ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਤੁਹਾਡੀ ਮਾਰਫ਼ਤ ਇਹ ਪੁਛਣਾ ਚਾਹੁੰਦਾ ਹਾਂ ਕਿ ਕਿਹੜੀਆਂ ਕਿਹੜੀਆਂ ਜ਼ਰੂਰੀ ਵਸ਼ਤਾਂ ਸਰਕਾਰ ਇਨ੍ਹਾਂ ਨੂੰ ਪਰਾਇਰਟੀ ਬੇਸਿਜ਼ ਤੇ ਦੇ ਰਹੀ ਹੈ ?

ਮੰਤਰੀ : ਖਾਣ ਪੀਣ ਦੀਆਂ ਚੀਜ਼ਾਂ ਜਿਸ ਤਰ੍ਹਾਂ ਕਿ ਦਾਲਾਂ, ਆਟਾ ਬਨਾਸਪਤੀ ਘੀ ਔਰ ਕੈਰੋਸੀਨ ਆਇਲ ਵਗੈਰਾ ਵਗੈਰਾ ।

ਕਾਮਰੇਡ ਸੱਤਪਾਲ ਡਾਂਗ : ਕੀ ਮਨਿਸਟਰ ਸਾਹਿਬ ਨੂੰ ਪਤਾ ਹੈ ਕਿ ਟੈਕਸਟ ਬੁਕਸ ਠੀਕ ਕੀਮਤਾਂ ਤੇ ਮਿਲਣ । ਇਹੋ ਜਿਹੀਆਂ ਮੰਗਾਂ ਨੂੰ ਛਡ ਕੇ ਛੇ ਦਿਨ ਪਹਿਲਾਂ ਪੰਜਾਬ ਦੇ ਅਨੇਕ ਕਾਲਜਾਂ ਵਿਚ ਇਸ ਮੰਗ ਨੂੰ ਲੈ ਕੇ ਅਤੇ ਕਿਚਨ ਵਿਚ ਦਾਲ ਰੋਟੀ ਆਦਿ ਠੀਕ ਕੀਮਤਾਂ

Original with;
Punjab Vidhan Sabha
Digitized by;
Panjab Digital Library

ਤੇ ਨਹੀਂ ਮਿਲ ਰਹੀਆਂ ਇਨ੍ਹਾਂ ਮੰਗਾਂ ਨੂੰ ਲੈਕੇ ਵਿਦਿਆਰਥੀਆਂ ਨੇ ਹੜਤਾਲਾਂ ਕੀਤੀਆਂ । ਇਹ ਐਜੀਟੇਸ਼ਨ ਕਿੱਡਾ ਵਡਾ ਰੂਪ ਅਖਤਿਆਰ ਕਰ ਜਾਵੇਗੀ ਤਾਂ ਹੀ ਕੁਝ ਸਰਕਾਰ ਕਰੇਗੀ ।

ਮੰਤਰੀ : ਕਲ ਹੀ ਮੈਨੂੰ ਮੈਮੋਰੈਂਡਮ ਮਿਲਿਆ ਹੈ, ਇਸ ਨੂੰ ਮੈਂ ਐਗਜ਼ਾਮਿਨ ਕਰ ਲਵਾਂਗਾ ।

ਸ਼੍ਰੀ ਪ੍ਰੇਮ ਗੁਪਤਾ : ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਲੋੜੀਂਦੀਆਂ ਵਸਤਾਂ ਪਰਾਇਰਟੀ ਬੇਸਿਜ਼ ਤੇ ਵਿਦਿਆਰਥੀਆਂ ਨੂੰ ਦਿਤੀਆਂ ਜਾਂਦੀਆਂ ਹਨ, ਮੈਂ ਸਪੀਕਰ ਸਾਹਿਬ, ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਵਸਤਾਂ ਕਿਹੜੀ ਏਜੈਂਸੀ ਰਾਹੀਂ ਸਪਲਾਈ ਕੀਤੀਆਂ ਜਾਂਦੀਆਂ ਹਨ । ਉਸ ਏਜੰਸੀ ਬਾਰੇ ਦਸਿਆ ਜਾਵੇ ।

ਮੰਤਰੀ : ਫੂਡ ਡਿਪਾਰਟਮੈਂਟ ਨੂੰ ਹਦਾਇਤਾਂ ਕਰ ਦਿਤੀਆਂ ਹਨ ਕਿ ਹੋਸਟਲਾਂ ਵਿਚ ਜਿਹੜੇ ਸਟੂਡੈਂਟਸ ਹਨ ਉਨ੍ਹਾਂ ਨੂੰ ਜੋ ਜ਼ਰੂਰੀ ਵਸਤਾਂ ਹਨ ਉਨ੍ਹਾਂ ਦੀ ਸਪਲਾਈ ਵਿਚ ਕਮੀ ਨਾ ਆਉਣ ਛਿੱਤੀ ਜਾਵੇ ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ਜਿਹੜਾ ਵਜ਼ੀਰ ਸਾਹਿਬ ਨੇ ਹੁਣੇ ਹੀ ਦਸਿਆ ਹੈ ਕਿ ਫੂਡ ਡਿਪਾਰਟਮੈਂਟ ਨੂੰ ਹਦਾਇਤਾਂ ਕਰ ਦਿੱਤੀਆਂ ਗਈਆਂ ਹਨ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਇਹ ਫੂਡ ਡਿਪਾਰਟਮੈਂਟ ਹੋਰ ਜਨਤਾ ਨੂੰ ਚੀਜ਼ਾਂ ਸਪਲਾਈ ਕਰ ਰਿਹਾ ਹੈ ਕੀ ਉਸੇ ਤਰ੍ਹਾਂ ਹੀ ਇਹ ਡਿਪਾਰਟਮੈਂਟ ਸਟੂਡੈਂਟਸ ਨੂੰ ਵੀ ਲੋੜੀਂਦੀਆਂ ਚੀਜ਼ਾਂ ਸਪਲਾਈ ਕਰੇਗਾ ? (ਵਿਘਨ)

(ਕੋਈ ਉੱਤਰ ਨਹੀਂ ਦਿੱਤਾ ਗਿਆ)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਵੇਂ ਮਾਰਕਿਟ ਵਿਚ ਦੂਜੀਆਂ ਚੀਜ਼ਾਂ ਅਡਲਟ੍ਰੇਟਿਡ ਮਿਲਦੀਆਂ ਹਨ ਅਤੇ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਸਟੂਡੈਂਟਸ ਨੂੰ ਸਬਸਿਡਾਈਜ਼ ਕਰਕੇ ਚੀਜ਼ਾਂ ਦੇਵਾਂਗੇ ਕੀ ਇਹ ਚੀਜ਼ਾਂ ਵੀ ਉਸੇ ਤਰ੍ਹਾਂ ਜਿਵੇਂ ਕਿ ਘੀ ਆਦਿ ਅਡਲਟ੍ਰੇਟਿਡ ਹੋਏਗਾ ਜਾਂ ਸ਼ੁੱਧ ਘੀ ਸਪਲਾਈ ਕਰਨਗੇ ?

(ਕੋਈ ਉੱਤਰ ਨਹੀਂ ਦਿੱਤਾ ਗਿਆ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਪਹਿਲਾਂ ਫਰਮਾਇਆ ਸੀ ਕਿ ਅਸੀਂ ਚੀਜ਼ਾਂ ਉਨ੍ਹਾਂ ਨੂੰ ਸਬਸਿਡਾਈਜ਼ ਰੇਟਸ ਤੇ ਦਿਆਂਗੇ ਅਤੇ ਫੇਰ ਕਿਹਾ ਹੈ ਕਿ ਮਹਿਕਮਾ ਖੁਰਾਕ ਨੂੰ ਹਦਾਇਤਾਂ ਕਰ ਦਿੱਤੀਆਂ ਹਨ ਕਿ ਵਿਦਿਆਰਥੀਆਂ ਨੂੰ ਇਹ ਚੀਜ਼ਾਂ ਸਬਸਿਡਾਈਜ਼ ਰੇਟਸ ਤੇ ਦੇਣਾ ਸ਼ੁਰੂ ਕਰਨ । ਮੇਰੀ ਬੇਨਤੀ ਹੈ ਕਿ ਹੁਣ ਖੁਰਾਕ ਮੰਤਰੀ ਸਾਹਿਬ ਆ ਗਏ ਹਨ, ਮੈਂ ਉਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹੋ ਜਿਹੀਆਂ ਹਦਾਇਤਾਂ ਇਨ੍ਹਾਂ ਦੇ ਮਹਿਕਮੇ ਨੂੰ ਮਿਲੀਆਂ ਹਨ ਅਤੇ ਕਿਹੜੀਆਂ ਕਿਹੜੀਆਂ ਚੀਜਾਂ ਸਬਸਿਡਾਈਜ਼ ਰੇਟਸ ਤੇ ਦੇਣੀਆ ਸ਼ੁਰੂ ਕਰ ਦਿੱਤੀਆਂ ਹਨ ?

ਮੰਤਰੀ : ਸੰਧੂ ਸਾਹਿਬ ਕੁਝ ਜ਼ਿਆਦਾ ਹੀ ਕਹਿ ਗਏ ਹਨ । ਜੋ ਮੈਂ ਕਿਹਾ ਹੈ ਉਹਨੂੰ ਇਹ ਸਮਝੇ ਨਹੀਂ ਹਨ । ਮੈਂ ਸਬਸਿਡਾਈਜ਼ਡ ਰੇਟਸ ਤੇ ਦੇਣ ਬਾਰੇ ਨਹੀਂ ਕਿਹਾ ਹੈ । ਮੈਂ ਤਾਂ ਇਹ ਗੱਲ ਕਹੀ ਹੈ ਕਿ ਪਰਾਇਰਟੀ ਦਿਆਂਗੇ ਅਤੇ ਅਸ਼ੋਅਰਡ ਸਪਲਾਈ ਦਿਆਂਗੇ ।

Original with;
Punjab Vidhan Sabha
Digitized by;
Panjab Digital Library

[ਸਿਖਿਆ ਮੰਤਰੀ]

ਜਿਥੋਂ ਤਕ ਫੂਡ ਮਨਿਸਟਰ ਸਾਹਿਬ ਦੇ ਜਵਾਬ ਦੇਣ ਦਾ ਸਵਾਲ ਹੈ, ਉਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਸਾਡੀ ਜੁਆਇੰਟ ਰਿਸਪਾਂਸੇਬਿਲਿਟੀ ਹੈ ਅਤੇ ਮੈਂ ਜ਼ਿੰਮੇਵਾਰੀ ਨਾਲ ਕਹਿੰਦਾ ਹਾਂ।

ਸ਼੍ਰੀ ਪਰਤਾਪ ਚੰਦ ਭੰਡਾਰੀ : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਆਇਆ ਇਨ੍ਹਾਂ ਨੇ ਇਸ ਕੰਮ ਲਈ ਕੋਈ ਅਫ਼ਸਰ ਨਿਯੁਕਤ ਕਰਨ ਦਾ ਫੈਸਲਾ ਕੀਤਾ ਹੈ ਕਿਉਂਕਿ ਜਿਹੜੀ ਸਪਲਾਈ ਸਕੂਲਾਂ ਨੂੰ ਮਿਲਦੀ ਹੈ ਉਹ 15—20 ਤਾਰੀਖ ਤਕ ਨਹੀਂ ਮਿਲਦੀ ਅਤੇ ਇਸ ਨਾਲ ਬੱਚਿਆਂ ਨੂੰ ਕਾਫੀ ਤਕਲੀਫ ਹੁੰਦੀ ਹੈ। ਕੀ ਇਸ ਗੱਲ ਦੀ ਜਾਂਚ ਕਰਾਉਣ ਦੀ ਖੇਚਲ ਕਰਨਗੇ ?

ਸਿਖਿਆ ਮੰਤਰੀ : ਮੈਂ ਹਾਊਸ ਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਕਾਲਜਾਂ ਅਤੇ ਸਕੂਲਾਂ ਦੇ ਹੋਸਟਲਾਂ ਵਿਚ ਸਟੂਡੈਂਟਸ ਨੂੰ ਜੋ ਵੀ ਜ਼ਰੂਰੀ ਵਸਤਾਂ ਬਾਰੇ ਜੋ ਦਸਿਆ ਹੈ, ਉਨ੍ਹਾਂ ਬਾਰੇ ਕੋਈ ਵੀ ਕਮੀ ਪੰਜਾਬ ਸਰਕਾਰ ਨਹੀਂ ਆਉਣ ਦੇਵੇਗੀ।

FREE TRANSPORT FACILITIES FOR COLLEGE/SCHOOL GOING STUDENTS IN GOVERNMENT/PRIVATE BUSES IN THE STATE

---

*2731. **Comrade Shamsher Singh Josh** : Will the Minister for Education be pleased to state whether the Government has decided to allow free transport facilities in Government and Private Buses to College and School-going students; if so, the details of the said decision ?

Shri Gurmail Singh : Government have taken no decision to allow free transport facilities in Government and Private Buses to college-going students.

As regards the School-going children in the State they have been provided free travelling concession in the mauner indicated below :—

(a) All the pupils (boys and girls) studying upto 10th class provided the distance of the school from the place of their boarding the bus exceeds one mile.

(b) The concession of free travelling will be available within a distance of five miles from their residence only and not more.

(c) The students have to carry identity slips from the Headmasters/Headmistresses to show that they are bonafide students.

(d) The concession is not admissible in the local services in the State.

[ਸਰਕਾਰ ਨੇ ਕਾਲਜ ਜਾਣ ਵਾਲੇ ਵਿਦਿਆਰਥੀਆਂ ਲਈ ਸਰਕਾਰੀ ਅਤੇ ਪ੍ਰਾਈਵੇਟ ਬੱਸਾਂ ਵਿਚ ਮੁਫਤ ਸਫਰ ਕਰਨ ਦੀ ਸਹੂਲਤ ਦੇਣ ਦਾ ਕੋਈ ਫੈਸਲਾ ਨਹੀਂ ਕੀਤਾ।

Original with;
Punjab Vidhan Sabha
Digitized by;
Panjab Digitization Proj

ਜਿਥੋਂ ਤੱਕ ਪੰਜਾਬ ਵਿਚ ਸਕੂਲ ਜਾਣ ਵਾਲੇ ਬੱਚਿਆਂ ਦਾ ਸਬੰਧ ਹੈ, ਉਨ੍ਹਾਂ ਨੂੰ ਹੇਠ ਲਿਖੇ ਢੰਗ ਅਨੁਸਾਰ ਬੱਸਾਂ ਵਿਚ ਮੁਫ਼ਤ ਸਫ਼ਰ ਕਰਨ ਦੀ ਸਹੂਲਤ ਦਿੱਤੀ ਹੋਈ ਹੈ :—

(ੳ) ਸਾਰੇ ਵਿਦਿਆਰਥੀ (ਲੜਕੇ ਅਤੇ ਲੜਕੀਆਂ) ਜ 10ਵੀਂ ਜਮਾਂਤ ਤੱਕ ਪੜ੍ਹਾਈ ਕਰ ਰਹੇ ਹਨ, ਬਸ਼ਰਤੇ ਕਿ ਬੱਸ ਤੇ ਚੜ੍ਹਨ ਵਾਲੀ ਜਗ੍ਹਾ ਤੋਂ ਲੈ ਕੇ ਸਕੂਲ ਤੱਕ ਦਾ ਫ਼ਾਸਲਾ ਇਕ ਮੀਲ ਤੋ ਜ਼ਿਆਦਾ ਹੋਵੇ ।

(ਅ) ਮੁਫਤ ਸਫ਼ਰ ਕਰਨ ਦੀ ਸਹੂਲਤ ਤੱਦ ਹੀ ਉਪਲਭਦ ਹੋਵੇਗੀ ਜੇਕਰ ਉਨ੍ਹਾਂ ਦੀ ਰਿਹਾਇਸ਼ ਤੋਂ ਫਾਸਲਾ 5 ਮੀਲ ਦਾ ਹੋਵੇ ਅਤੇ ਇਸ ਤੋਂ ਜ਼ਿਆਦਾ ਨਹੀਂ ।

(ੲ) ਵਿਦਿਆਰਥੀਆਂ ਕੋਲ ਹੈਡਮਾਸਟਰਾਂ/ਹੈਡਮਿਸਟਰੈਸਾਂ ਵੱਲੋਂ ਜਾਰੀ ਕੀਤੇ ਗਏ ਸਨਾਖਤੀ ਕਾਰਡ ਹੋਣੇ ਚਾਹੀਦੇ ਹਨ ਤਾਂ ਜੋ ਇਹ ਪਤਾ ਲੱਗ ਸਕੇ ਕਿ ਉਹ ਸਚ ਮੁੱਚ ਹੀ ਵਿਦਿਆਰਥੀ ਹਨ ।

(ਸ) ਇਹ ਸਹੂਲਤ ਸ਼ਹਿਰਾਂ ਵਿਚ ਚੱਲ ਰਹੀਆਂ ਲੋਕਲ ਬੱਸਾਂ ਵਿਚ ਨਹੀਂ ਹੋਵੇਗੀ ।]

ਸਿਖਿਆ ਮੰਤਰੀ : ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਸਟੂਡੈਂਟਸ ਕਾਫ਼ੀ ਦੇਰ ਤੋਂ ਇਹ ਮੰਗ ਕਰਦੇ ਆ ਰਹੇ ਸਨ ਕਿ ਸਾਡੇ ਕਿਰਾਏ ਵਿਚ ਸਾਨੂੰ ਕੁਝ ਸੌਖ ਕਰੋ, ਉਹਦੇ ਬਾਰੇ ਪੰਜਾਬ ਸਰਕਾਰ ਨੇ 35 ਸਿੰਗਲ ਫੇਅਰਜ਼ ਦੀ ਬਜਾਏ ਅਸੀਂ 25 ਸਿੰਗਲ ਫੇਅਰਜ਼ ਕਰ ਦਿੱਤੇ ਹਨ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪਲੀਮੈਂਟਰੀ ਸਰ, (ਵਿਘਨ)

ਕੈਪਟਨ ਰਤਨ ਸਿੰਘ : ਮੇਰਾ ਸਪਲੀਮੈਂਟਰੀ ਨਹੀਂ ਹੈ। ਇਸ ਹਾਊਸ ਦੀ ਜੋ ਰਵਾਇਤ ਹੈ ਉਸ ਦੀ ਬੜੀ ਸਖਤ ਉਲੰਘਣਾ ਕੀਤੀ ਗਈ ਹੈ । ਹੁਣੇ ਹੁਣੇ ਕੋਈ ਆਫ਼ੀਸ਼ਲ ਪਤਾ ਨਹੀਂ ਵਿਧਾਨ ਸਭਾ ਦਾ ਸੀ ਜਾਂ ਕੋਈ ਹੋਰ ਆਫ਼ੀਸ਼ਲ ਸੀ, ਉਹ ਸੀ. ਪੀ. ਐਸ. ਕੋਲ ਬੈਠ ਕੇ ਇਨ੍ਹਾਂ ਨੂੰ ਕੁਝ ਲਿਖਾ ਕੇ ਗਿਆ ਹੈ ।

Chief Parliamentary Secretary (Sardar Gurcharn Singh Nihalsingh wala) : He is an employee of the Vidhan Sabha.

ਸ੍ਰੀ ਸਪੀਕਰ : ਅਗਰ ਕਿਸੇ ਆਫ਼ੀਸ਼ਲ ਨੇ ਇਸ ਤਰ੍ਹਾਂ ਕੀਤਾ ਹੈ ਤਾ ਉਸਦਾ ਐਕਸਪਲੇਨੇਸ਼ਨ ਲਿਆ ਜਾਵੇ, ਚਾਹੇ ਉਹ ਵਿਧਾਨ ਸਭਾ ਦਾ ਹੋਵੇ ਅਤੇ ਚਾਹੇ ਉਹ ਕਿਸੇ ਹੋਰ ਆਫਿਸ ਦਾ ਹੋਵੇ । (ਵਿਘਨ) (In case some official has done so, his explanation may be called for irrespective of the fact that he is from Punjab Vidhan Sabha or from some other office.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੇਰਾ ਸਵਾਲ ਇਹ ਹੈ ਕਿ ਜਿਸ ਕਾਰਣ ਕਰਕੇ ਪੰਜਾਬ ਸਰਕਾਰ ਨੇ ਸਕੂਲਾਂ ਦੇ ਬੱਚਿਆਂ ਨੂੰ ਫਰੀ ਟਰਾਂਸਪੋਰਟ ਦੀਆਂ ਫੈਸਿਲੀਟੀਜ਼ ਦਿੱਤੀਆਂ ਹਨ, ਕੀ ਉਨ੍ਹਾਂ ਕਾਰਣਾਂ ਕਰਕੇ ਇਹ ਸਰਕਾਰ ਕਾਲਜਾਂ ਦੇ ਵਿਦਿਆਰਥੀਆਂ ਨੂੰ ਵੀ ਉਹੀ ਫੈਸਿਲੀਟੀਜ਼ ਦੇਣ ਨੂੰ ਤਿਆਰ ਹੈ ?

Original with;
Punjab Vidhan Sabha
Digitized by;
Panjab Digital Library

ਸਿਖਿਆ ਮੰਤਰੀ : ਇਹ ਜੋ 35 ਤੋਂ 25 ਸਿੰਗਲ ਫੇਅਰਜ਼ ਕਰ ਦਿੱਤੇ ਹਨ, ਇਹ ਸਾਰੇ ਸਟੂਡੈਂਟਸ ਤੇ ਲਾਗੂ ਹੋਏਗਾ ।

ਕਾਮਰੇਡ ਸੱਤਪਾਲ ਡਾਂਗ : ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੂੰ ਇਸ ਗੱਲ ਦਾ ਇਲਮ ਹੈ ਕਿ ਪੰਜਾਬ ਵਿਧਾਨ ਸਭਾ ਦੀ ਪਬਲਿਕ ਅੰਡਰਟੇਕਿੰਗਜ਼ ਕਮੇਟੀ ਨੇ ਕਈ ਸਿਫ਼ਾਰਸ਼ਾਂ ਕੀਤੀਆਂ ਹੋਈਆਂ ਹਨ । ਪੰਜਾਬ ਵਿਚ ਜਿਹੜੀਆਂ ਵਿਦਿਆਰਥੀਆਂ ਨੂੰ ਸਹੂਲਤਾਂ ਮਿਲ ਰਹੀਆਂ ਹਨ ਉਹ ਮਹਾਰਾਸ਼ਟਰ ਨਾਲੋਂ ਘਟ ਹਨ । ਪਬਲਿਕ ਅੰਡਰ-ਟੇਕਿੰਗਜ਼ ਕਮੇਟੀ ਨੂੰ ਬਹੁਤ ਸਾਰੀਆਂ ਹੋਰ ਸਹੂਲਤਾਂ ਦੇਣ ਬਾਰੇ ਸਿਫ਼ਾਰਸ਼ਾਂ ਕੀਤੀਆਂ ਹੋਈਆਂ ਹਨ, ਕੀ ਸਰਕਾਰ ਨੇ ਉਨ੍ਹਾਂ ਸਿਫ਼ਾਰਸ਼ਾਂ ਨੂੰ ਮੰਨਣ ਦਾ ਫੈਸਲਾ ਕੀਤਾ ਹੈ ?

ਸਿਖਿਆ ਮੰਤਰੀ : ਸਾਰੀਆਂ ਨੈਬਰਿੰਗ ਸਟੇਟਸ ਨਾਲੋਂ ਵੱਧ ਪੰਜਾਬ ਸਰਕਾਰ ਨੇ ਕਨ-ਸੈਸ਼ਨ ਦਿੱਤੇ ਹਨ ਅੌਰ ਮੈਂ ਸਮਝਦਾ ਹਾਂ ਕਿ ਮਹਾਰਾਸ਼ਟਰ ਨਾਲੋਂ ਵੀ ਵਧ ਕਨਸੈਸ਼ਨ ਅਸੀਂ ਦੇ ਰਹੇ ਹਾਂ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਕਨਸੈਸ਼ਨ ਇਨ੍ਹਾਂ ਨੇ ਸਕੂਲਾਂ ਦੇ ਬੱਚਿਆਂ ਨੂੰ ਦਿੱਤੀ ਹੈ ਮੈਂ ਇਸ ਬਾਰੇ ਦੱਸਦਾ ਹਾਂ ਕਿ ਇਨ੍ਹਾਂ ਦੇ ਬੱਸ ਕੰਡਕਟਰ ਬਿਲਕੁਲ ਉਨ੍ਹਾਂ ਵਿਦਿਆਰਥੀਆਂ ਨੂੰ ਬਿਠਾਉਂਦੇ ਨਹੀਂ ਹਨ । ਉਹ ਬੱਸਾਂ ਹੀ ਨਹੀਂ ਖੜ੍ਹੀਆਂ ਕਰਦੇ । ਇਸ ਲਈ ਮੈਂ ਪੁਛਦਾ ਹਾਂ ਕਿ ਕੀ ਇਹ ਕੋਈ ਅਜਿਹਾ ਪ੍ਰਬੰਧ ਕਰਨਗੇ ਤਾਂਕਿ ਬੱਸਾਂ ਦੇ ਡਰਾਈਵਰ, ਕੰਡਕਟਰ ਬੱਸਾਂ ਖੜੀਆਂ ਕਰਕੇ ਵਿਦਿਆਰਥੀਆਂ ਨੂੰ ਬਿਠਉਣ ਅਤੇ ਉਨ੍ਹਾਂ ਨੂੰ ਇਹ ਕਨਸੈਸ਼ਨ ਮਿਲੇ ?

ਸਿਖਿਆ ਮੰਤਰੀ : ਸਪੀਕਰ ਸਾਹਿਬ, ਮੇਰੇ ਨੋਟਿਸ ਵਿਚ ਐਸੀ ਗੱਲ ਨਹੀਂ ਹੈ । ਜੇ ਇਨ੍ਹਾਂ ਦੇ ਨੋਟਿਸ ਵਿਚ ਐਸੀ ਗੱਲ ਆਈ ਹੈ ਕਿ ਡਰਾਈਵਰ ਅਤੇ ਕੰਡਕਟਰ ਬੱਸਾਂ ਖੜੀਆਂ ਨਹੀਂ ਕਰਦੇ ਤਾਂ ਇਹ ਸਾਨੂੰ ਦੱਸਣ ਅਸੀਂ ਉਨ੍ਹਾਂ ਦੇ ਖਿਲਾਫ ਐਕਸ਼ਨ ਲਵਾਂਗੇ ।

ਸ਼੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਬੱਚਿਆਂ ਨੂੰ ਜਿਹੜੇ ਬੱਸਾਂ ਵਿਚ ਨਹੀਂ ਚੜ੍ਹਾਉਂਦੇ ਅਤੇ ਬੱਚੇ ਉਸੇ ਤਰ੍ਹਾਂ ਹੀ ਸੜਕ ਤੇ ਖੜ੍ਹੇ ਰਹਿੰਦੇ ਹਨ, ਇਸ ਬਾਰੇ ਸ਼ਿਕਾਇਤ ਆਉਣ ਤੋਂ ਪਹਿਲਾਂ ਕੀ ਸਰਕਾਰ ਨੇ ਕੋਈ ਇਹੋ ਜਿਹਾ ਕੰਮ ਕੀਤਾ ਜਾਂ ਇਹ ਗੱਲ ਦੇਖੀ ਕਿ ਸਾਰੀਆਂ ਟਰਾਂਸਪੋਰਟ ਕੰਪਨੀਆਂ ਚਾਹੇ ਉਹ ਸਰਕਾਰੀ ਬੱਸਾਂ ਹਨ ਅਤੇ ਚਾਹੇ ਉਹ ਪ੍ਰਾਈਵੇਟ ਹਨ, ਸਰਕਾਰ ਨੇ ਜਿਹੜੀ ਵਿਦਿਆਰਥੀਆਂ ਨੂੰ ਕੰਸੈਸ਼ਨ ਦਿੱਤੀ ਹੈ ਉਸ ਨੂੰ ਉਨ੍ਹਾਂ ਨੇ ਪੂਰਾ ਯੂਟੇਲਾਈਜ਼ ਕਰਨ ਦਾ ਮੌਕਾ ਦਿੱਤਾ ? ਨਾਲ ਹੀ ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਪ੍ਰਾਈਵੇਟ ਕੰਪਨੀਆਂ ਦੀਆਂ ਬੱਸਾਂ ਵਾਲੇ ਇਸ ਤਰ੍ਹਾਂ ਸਟੂਡੈਂਟਸ ਨੂੰ ਨਹੀਂ ਚੜ੍ਹਾਉਂਦੇ ਅਤੇ ਉਨ੍ਹਾਂ ਬਾਰੇ ਸਰਕਾਰ ਕੋਲ ਕੰਪਲੇਂਟਸ ਆਉਂਦੀਆਂ ਰਹਿੰਦੀਆਂ ਹਨ ਤਾਂ ਸਰਕਾਰ ਉਨ੍ਹਾਂ ਤੇ ਕੋਈ ਐਕਸ਼ਨ ਲੈਂਦੀ ਹੈ ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਤੱਕ ਇਸ ਗੱਲ ਬਾਰੇ ਪੁਛਿਆ ਗਿਆ ਹੈ ਕਿ ਜਿਹੜੇ ਡਰਾਈਵਰ, ਕੰਡਕਟਰ ਬੱਚਿਆਂ ਨੂੰ ਬੱਸਾਂ ਵਿਚ ਨਹੀਂ ਚੜ੍ਹਾਉਂਦੇ ਅਤੇ ਬੱਚੇ ਸੜਕ ਤੇ ਹੀ ਖੜ੍ਹੇ ਰਹਿ ਜਾਂਦੇ ਹਨ, ਉਨ੍ਹਾਂ ਦੇ ਖਿਲਾਫ ਕੀ ਐਕਸ਼ਨ ਲਵੋਗੇ, ਇਸ ਦੇ ਬਾਰੇ ਮੈਂ ਪਹਿਲਾਂ ਹੀ ਦੱਸਿਆ ਹੈ ਕਿ ਜਿਹੜੇ ਕੰਪਨੀਜ਼ ਦੇ ਡਰਾਈਵਰ ਅਤੇ ਕੰਡਕਟਰ ਬੱਸਾਂ ਨਹੀਂ ਖੜ੍ਹੀਆਂ ਕਰਨਗੇ

Original with;
Punjab Vidhan Sabha
Digitized by;
Panjab Digital Library

ਅਤੇ ਬੱਚਿਆਂ ਨੂੰ ਨਹੀਂ ਚੜ੍ਹਾਉਣਗੇ ਤਾਂ ਉਨ੍ਹਾਂ ਦੇ ਖਿਲਾਫ ਅਸੀਂ ਐਕਸ਼ਨ ਲਵਾਂਗੇ ।(ਵਿਘਨ) ਜਿਥੋਂ ਤੱਕ ਇਨ੍ਹਾਂ ਨੇ ਕਿਹਾ ਹੈ ਕਿ ਕੀ ਉਨ੍ਹਾਂ ਪ੍ਰਾਈਵੇਟ ਕੰਪਨੀਆਂ ਦੇ ਖਿਲਾਫ ਐਕਸ਼ਨ ਲਵੋਗੇ ? ਇਸ ਬਾਰੇ ਅਰਜ਼ ਇਹ ਹੈ ਕਿ ਜਿਹੜੇ ਪ੍ਰਾਈਵੇਟ ਕੰਪਨੀਜ਼ ਵਾਲੇ ਸਰਕਾਰ ਦੀਆਂ ਹਦਾਇਤਾਂ ਤੇ ਅਮਲ ਨਹੀਂ ਕਰਦੇ, ਉਨ੍ਹਾਂ ਦੇ ਖਿਲਾਫ ਅਸੀਂ ਐਕਸ਼ਨ ਲਵਾਂਗੇ । (ਵਿਘਨ) ਪਰ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਪੰਜਾਬ ਦੀਆਂ ਸਾਰੀਆਂ ਕੰਪਨੀਆਂ ਨੇ ਆਪਣੇ ਡਰਾਈਵਰਾਂ ਨੂੰ, ਕੰਡਕਟਰਾਂ ਨੂੰ ਹਦਾਇਤਾਂ ਦਿੱਤੀਆਂ ਹੋਈਆਂ ਹਨ ਅੱਰ ਇਸ ਤੋਂ ਬਾਅਦ ਅਸੀਂ ਆਪਣੇ ਡੀ. ਈ. ਉਜ਼. ਨੂੰ ਅਤੇ ਡਿਪਟੀ ਡੀ. ਈ. ਉਜ਼. ਨੂੰ ਅਤੇ ਹੋਰ ਜਿਹੜੇ ਸਕੂਲਾਂ ਦੇ ਅਫ਼ਸਰ ਹਨ, ਐਜੂਕੇਸ਼ਨ ਡਿਪਾਰਟਮੈਂਟ ਦੇ ਜਿਹੜੇ ਅਫ਼ਸਰ ਹਨ, ਉਨ੍ਹਾਂ ਨੂੰ ਵੀ ਹਦਾਇਤਾਂ ਕੀਤੀਆਂ ਹਨ ਕਿ ਜੇ ਤਹਾਡੇ ਕੋਲ ਕੋਈ ਇਹੋ ਜਿਹੀ ਸ਼ਿਕਾਇਤ ਹੋਵੇ ਤਾਂ ਸਾਡੇ ਨੋਟਿਸ ਵਿਚ ਲਿਆਉ ਅੱਰ ਅਸੀਂ ਉਨ੍ਹਾਂ ਤੇ ਫੌਰਨ ਅਮਲ ਕਰਾਵਾਂਗੇ ਅਤੇ ਅਸੀਂ ਜਲਦੀ ਹੀ ਐਕਸ਼ਨ ਵੀ ਲਵਾਂਗੇ । ਜਿਹੜੇ ਅਜਿਹੀਆਂ ਸਹੂਲਤਾਂ ਨਹੀਂ ਦੇਣਾ ਚਾਹੁੰਦੇ ਅਸੀਂ ਉਨ੍ਹਾਂ ਦੇ ਖਿਲਾਫ ਭੀ ਐਕਸ਼ਨ ਲਵਾਂਗੇ ।

ਸਰਦਾਰ ਦਰਬਾਰਾ ਸਿੰਘ : ਇਸ ਗੱਲ ਨੂੰ ਮੁੱਖ ਰਖਕੇ ਕਿ ਬੱਸਾਂ ਵਿਚ ਬੜੀ ਭੀੜ ਹੁੰਦੀ ਹੈ ਅਤੇ ਗਰਲ ਸਟੂਡੈਂਟਸ ਨੂੰ ਬੱਸਾਂ ਵਿਚ ਚੜ੍ਹਨ ਵਿਚ ਬੜੀ ਮੁਸ਼ਕਲ ਹੁੰਦੀ ਹੈ, ਕੀ ਵਜ਼ੀਰ ਸਾਹਿਬ ਟਰਾਂਸਪੋਰਟ ਮਨਿਸਟਰ ਨਾਲ ਮਿਲਕੇ ਕੋਈ ਐਸਾ ਪ੍ਰਬੰਧ ਕਰਨਗੇ, ਉਨ੍ਹਾਂ ਗਰਲ ਸਟੂਡੈਂਟਸ ਲਈ ਸਪੈਸ਼ਲ ਬੱਸਾਂ ਚਲਾਉਣ ਦਾ ਪ੍ਰਬੰਧ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਟਰਾਂਸਪੋਰਟ ਮਨਿਸਟਰ ਨੇ ਆਪਣੇ ਮਹਿਕਮੇ ਨੂੰ ਪਹਿਲਾਂ ਹੀ ਕਿਹਾ ਹੋਇਆ ਹੈ । ਉਨ੍ਹਾਂ ਨੇ ਜ਼ਿੰਮੇਵਾਰੀ ਸਮਝਦੇ ਹੋਏ ਪਹਿਲਾਂ ਹੀ ਕਿਹਾ ਹੋਇਆ ਹੈ । (ਵਿਘਨ) ਅਜਿਹੀ ਸ਼ਿਕਾਇਤ ਬਹੁਤ ਘੱਟ ਆਉਂਦੀ ਹੈ । ਕਿਉਂਕਿ ਮਾਨਯੋਗ ਮੈਂਬਰ ਨੇ ਕਿਹਾ ਹੈ ਅਸੀਂ ਇਕ ਵਾਰ ਫਿਰ ਉਨ੍ਹਾਂ ਨੂੰ ਸਰਕੁਲਰ ਕਰ ਦਿਆਂਗੇ ਕਿ ਇਸ ਤਰ੍ਹਾਂ ਦੀ ਸਾਨੂੰ ਅੱਗੇ ਨੂੰ ਕੋਈ ਸ਼ਿਕਾਇਤ ਨਾ ਆਵੇ ।

ਚੌਧਰੀ ਕਾਂਸ਼ੀ ਰਾਮ : मैं यह बताना चाहता हूं कि जब सवारियां पैसे देने को तैयार हैं फिर भी मुसाफरों को बिठाया नही जाता (विघन) दूसरा सवाल यह है कि जो कन्सैशन कार्ड बने हैं कि 35 की बजाए 25 सिंगल फेयर लेना है. पंजाब में कैसे कार्ड होलडरों की गिनती कितनी है ?

ਮੰਤਰੀ : ਹੁਣ ਕਿਉਂਕਿ ਨਵੀਆਂ ਕਲਾਸਾਂ ਵਿਚ ਮੁੰਡੇ, ਕੁੜੀਆਂ ਦਾਖਲ ਹੋਏ ਹਨ ਇਸ ਲਈ ਜੇ ਇਹ ਸਮਝਦੇ ਹਨ ਤਾਂ ਅਸੀਂ ਉਨ੍ਹਾਂ ਦੀ ਗਿਣਤੀ ਵੀ ਇਨ੍ਹਾਂ ਨੂੰ ਦੱਸ ਦਿਆਂਗੇ । (ਵਿਘਨ)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਇਨ੍ਹਾਂ ਨੇ ਕਿਹਾ ਹੈ ਕਿ 35 ਸਿੰਗਲ ਫੇਅਰ ਦੀ ਬਜਾਏ 25 ਸਿੰਗਲ ਫੇਅਰ ਕਰ ਦਿੱਤਾ ਹੈ । ਪਿਛੇ ਜਿਹੇ ਕਿਰਾਇਆ ਹੋਰ ਵੱਧ ਗਿਆ ਹੈ ਅਤੇ ਮਹਿੰਗਾਈ ਵੀ ਵਧ ਗਈ ਹੈ ਜਿਸ ਕਰਕੇ ਐਨੇ ਪੈਸੇ ਦੇਣੇ ਬਹੁਤ ਔਖੇ ਹੋ ਗਏ ਹਨ । (ਵਿਘਨ) ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਨੇ ਜਿਵੇਂ ਸਕੂਲ ਦੇ ਬੱਚਿਆਂ ਨੂੰ ਫਰੀ ਲਿਜਾਣ ਵਾਸਤੇ ਕੰਸੈਸ਼ਨ ਦੇਣ ਵਾਸਤੇ ਫੈਸਲਾ ਕੀਤਾ ਹੈ ਉਸੇ ਤਰ੍ਹਾਂ ਹੀ ਜਿਹੜੇ ਕਾਲਜ ਦੇ ਸਟੂਡੈਂਟਸ ਹਨ ਉਨ੍ਹਾਂ ਨੂੰ ਫਰੀ ਲਿਜਾਣ ਵਾਸਤੇ ਕੋਈ ਕੰਸੈਸ਼ਨ ਦੇਵੇਗੀ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਮੇਰਾ ਖਿਆਲ ਹੈ ਇਨ੍ਹਾਂ ਨੇ ਮੇਰਾ ਜੁਆਬ ਸੁਣਿਆ ਨਹੀਂ ਹੈ। ਜਿਹੜੇ ਸਟੂਡੈਂਟਸ ਫਰੀ ਕੈਟੇਗਰੀ ਵਿਚ ਆਉਂਦੇ ਹਨ ਇਹ ਉਨ੍ਹਾਂ ਦੀ ਗੱਲ ਹੈ। ਉਨ੍ਹਾਂ ਬਾਰੇ ਮੈਂ ਪਹਿਲਾਂ ਹੀ ਦੱਸਿਆ ਹੈ। ਜਿਥੋਂ ਤੱਕ ਇਨ੍ਹਾਂ ਨੇ ਕਿਹਾ ਹੈ ਕਿ ਰੇਟਸ ਵੱਧ ਗਏ ਹਨ, ਮੈਂ ਤਾਂ ਇਹ ਗੱਲ ਕਹੀ ਹੈ ਕਿ ਪਹਿਲਾਂ 35 ਸਿੰਗਲ ਫੇਅਰ ਲੈਂਦੇ ਸੀ ਅਤੇ ਹੁਣ 25 ਸਿੰਗਲ ਫੇਅਰ ਕੀਤਾ ਹੈ। ਅਸੀਂ ਪੰਜਾਬ ਦੇ ਸਟੂਡੈਂਟਸ ਦੀ ਇਹ ਮੰਗ ਮੰਨੀ ਹੈ ਅਤੇ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ 35 ਸਿੰਗਲ ਫੇਅਰ ਦੀ ਬਜਾਏ ਅੱਗੋਂ ਲਈ 25 ਸਿੰਗਲ ਫੇਅਰ ਕਰਾਂਗੇ।

ਸਰਦਾਰ ਸੁਰਜੀਤ ਸਿੰਘ ਅਟਵਾਲ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਇੰਸਟਰੱਕਸ਼ਨਜ਼ ਦਿੱਤੀਆਂ ਹੋਈਆਂ ਹਨ ਕਿ ਜੇ ਵਿਦਿਆਰਥੀਆਂ ਨੂੰ ਬੱਸਾਂ ਵਾਲੇ ਨਾ ਲਿਜਾਣ ਤਾਂ ਇਸ ਬਾਰੇ ਸਾਡੇ ਕੋਲ ਰਿਪੋਰਟ ਆਉਣੀ ਚਾਹੀਦੀ ਹੈ। ਇਸ ਲਈ ਕੀ ਉਹ ਦੱਸਣਗੇ ਕਿ ਅੱਜ ਤੱਕ ਇਨ੍ਹਾਂ ਕੋਲ ਕੋਈ ਰਿਪੋਰਟ ਆਈ ਹੈ, ਜੇ ਰਿਪੋਰਟ ਆਈ ਹੈ ਤਾਂ ਕੀ ਐਕਸ਼ਨ ਲਿਆ ਗਿਆ ? ਦੂਸਰਾ ਮੇਰਾ ਸਵਾਲ ਇਹ ਹੈ ਕਿ ਕੀ ਇਹ ਦੱਸਣਗੇ ਕਿ ਇਹ ਰਿਪੋਰਟਾਂ ਐਜੂਕੇਸ਼ਨ ਮਨਿਸਟਰ ਕੋਲ ਆਉਣਗੀਆਂ ਜਾਂ ਟਰਾਂਸਪੋਰਟ ਮਨਿਸਟਰ ਕੋਲ ਆਉਣਗੀਆਂ ?

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਦਸਿਆ ਹੈ ਕਿ ਸਾਡੀ ਸਾਰਿਆਂ ਦੀ ਜੁਆਇੰਟ ਰਿਸਪਾਂਸੇਬਿਲਿਟੀ ਹੁੰਦੀ ਹੈ, ਇਸ ਲਈ ਇਹ ਸ਼ਿਕਾਇਤਾਂ ਉਨ੍ਹਾਂ ਕੋਲ ਵੀ ਆ ਸਕਦੀਆਂ ਹਨ, ਮੇਰੇ ਕੋਲ ਵੀ ਆ ਸਕਦੀਆਂ ਹਨ ਅਤੇ ਕਿਸੇ ਹੋਰ ਕੋਲ ਵੀ ਆ ਸਕਦੀਆਂ ਹਨ। ਸੀ. ਐਮ. ਸਾਹਿਬ ਸਾਡੇ ਹੈਡ ਹਨ। ਅਸੀਂ ਉਨ੍ਹਾਂ (ਕਸੂਰਵਾਰਾਂ) ਦੇ ਖਿਲਾਫ ਐਕਸ਼ਨ ਜ਼ਰੂਰ ਲਵਾਂਗੇ।

ਸਰਦਾਰ ਬਲਵਿੰਦਰ ਸਿੰਘ ਕੂੰਦੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜੋ ਰਿਆਇਤ ਦਿੱਤੀ ਹੈ ਉਸ ਦੇ ਵਿਚ ਇਨ੍ਹਾਂ ਨੇ ਸ਼ਰਤ ਲਗਾਈ ਹੈ ਕਿ 5 ਮੀਲ ਦੇ ਫ਼ਾਸਲੇ ਤੱਕ ਇਹ ਬੱਚਿਆਂ ਨੂੰ ਰਿਆਇਤ ਦੇਣਗੇ ਅਤੇ ਇਹ ਰਿਆਇਤ 10ਵੀਂ ਜਮਾਤ ਤੋਂ ਥੱਲੇ ਦੇ ਬੱਚਿਆਂ ਲਈ ਹੈ। ਉਸ ਦੇ ਮੁਤਾਬਿਕ ਮੈਂ ਪੁਛਣਾ ਚਾਹੁੰਦਾ ਹਾਂ, ਮੈਂ ਇੰਸਟਾਂਸ ਦੇਣਾ ਚਾਹੁੰਦਾ ਹਾਂ ਕਿ ਜਿਹੜੇ ਸਕੂਲ 5-10 ਮੀਲ ਦੀ ਦੂਰੀ ਤੇ ਹਨ ਉਹ ਬੱਚੇ ਤਾਂ ਇਸ ਰਿਆਇਤ ਦਾ ਫ਼ਾਇਦਾ ਨਹੀਂ ਉਠਾ ਸਕਣਗੇ। ਮੇਰੇ ਹਲਕੇ ਵਿਚ ਤਾਂ 10—15 ਮੀਲ ਦੀ ਦੂਰੀ ਤੇ ਹਾਈ ਸਕੂਲ ਹਨ।

ਮੰਤਰੀ : ਜਿਥੋਂ ਤੱਕ ਮੈਨੂੰ ਪਤਾ ਹੈ, ਕਿਉਂਕਿ ਇਹ ਮੁਸ਼ਕਲ ਬਹੁਤ ਘੱਟ ਆਉਂਦੀ ਹੈ। ਇਸ ਫ਼ਾਸਲੇ ਤੋਂ ਜ਼ਿਆਦਾ ਸਕੂਲਾਂ ਦਾ ਫ਼ਾਸਲਾ ਨਹੀਂ ਹੈ। ਜੇ ਹੈ ਤਾਂ ਇਹ ਕੰਮ ਇਨ੍ਹਾਂ ਨੇ ਨਹੀਂ ਕੀਤਾ ਹੋਵੇਗਾ ਅਤੇ ਅਸੀਂ ਅੱਗੇ ਤੋਂ ਇਸ ਚੀਜ਼ ਦਾ ਖ਼ਿਆਲ ਰੱਖਾਂਗੇ ਕਿ ਅੱਗੇ ਤੋਂ ਐਨਾ ਗੈਪ ਨਾ ਰਹੇ। ਜਿਹੜਾ ਇਹ ਗੈਪ ਛੱਡ ਗਏ ਹਨ, ਉਹ ਅਸੀਂ ਪੂਰਾ ਕਰਨ ਦਾ ਯਤਨ ਕਰਾਂਗੇ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਹ ਹਾਊਸ ਦਾ ਸਮਾਂ ਖਰਾਬ ਕਰ ਰਹੇ ਹਨ। (ਵਿਘਨ) ਮੁੰਡੇ ਖੜੇ ਰਹਿੰਦੇ ਹਨ ਪਰ ਉਹ ਬੱਸਾਂ ਖੜ੍ਹੀਆਂ ਹੀ ਨਹੀਂ ਕਰਦੇ ਅਤੇ ਉਨ੍ਹਾਂ ਨੂੰ ਚੜ੍ਹਾਉਂਦੇ ਨਹੀਂ ਹਨ। ਸਪੀਕਰ ਸਾਹਿਬ, ਇਹ ਹਾਊਸ ਨੂੰ ਮਿਸਲੀਡ ਕਰਦੇ ਹਨ। (ਵਿਘਨ)

Original with;
Punjab Vidhan Sabha
Digitized by
Panjab Digital Library

ਸ਼੍ਰੀ ਸਪੀਕਰ : ਤੁਸੀਂ ਬੈਠੋ, ਤੁਹਾਨੂੰ ਜੁਆਬ ਮਿਲੇਗਾ । (Please resume your seat, you will get the reply.)

ਕਾਮਰੇਡ ਅੱਛਰ ਸਿੰਘ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦੱਸਿਆ ਹੈ ਕਿ ਜਿਹੜਾ ਵੀ ਰੂਲ ਦੀ ਵਾਇਉਲੇਸ਼ਨ ਕਰੇਗਾ ਉਸ ਦੇ ਉਤੇ ਐਕਸ਼ਨ ਮੱਲੋ ਮੱਲੀ ਹ ਜਾਣਾ ਹੈ । (ਵਿਘਨ) ਸਪੀਕਰ ਸਾਹਿਬ, ਧਨੌਲਾ ਥਾਣੇ ਦੀ ਗੱਲ ਹੈ ਕਿ ਉਥੇ ਇਕ ਆਦਮੀ ਨੂੰ ਮਾਰ ਦਿੱਤਾ ਗਿਆ, ਇਸ ਬਾਰੇ ਅਸੀਂ ਬੇਨਤੀ ਵੀ ਕੀਤੀ ਪਰ ਕੋਈ ਐਕਸ਼ਨ ਨਹੀਂ ਹੋਇਆ । (ਵਿਘਨ) ਇਹ ਗਲਤ ਕਹਿੰਦੇ ਹਨ ਕਿ ਐਕਸ਼ਨ ਮੱਲੋ ਮੱਲੀ ਹੋ ਜਾਣਾ ਹੈ । ਵਜ਼ੀਰ ਸਾਹਿਬ ਇਸ ਬਾਰੇ ਦੱਸਣ ਕਿਉਂਕਿ ਉਨ੍ਹਾਂ ਨੇ ਕਿਹਾ ਹੈ ਕਿ ਸਾਡੀ ਜੁਆਇੰਟ ਰਿਸਪਾਂਸੇਬਿਲਿਟੀ ਹੈ ।

Mr. Speaker : This supplementary question does not arise out of this question.

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਮੈਂਬਰ ਸਾਹਿਬਾਨ ਨੇ ਖਦਸ਼ਾ ਜ਼ਾਹਿਰ ਕੀਤਾ ਹੈ ਕਿ ਬੱਸਾਂ ਵਾਲੇ ਬੱਚਿਆਂ ਨੂੰ ਚੜ੍ਹਾਉਂਦੇ ਨਹੀਂ ਹਨ । ਪੰਜਾਬ ਸਰਕਾਰ ਨੇ ਵੀ ਐਲਾਨ ਕੀਤਾ ਹੈ ਕਿ ਅਸੀਂ ਮਿਨੀ ਬੱਸ ਚਲਾਵਾਂਗੇ । ਇਸ ਲਈ ਕੀ ਸਰਕਾਰ ਇਹੋ ਜਿਹੇ ਛੋਟੇ ਛੋਟੇ ਰੂਟਾਂ ਤੇ ਮਿਨੀ ਬੱਸ ਚਲਾਏਗੀ ਜਿਸ ਤੇ ਕਿ ਸਿਰਫ ਸਕੂਲ ਟਾਈਮ ਤੇ ਸਿਰਫ ਬੱਚਿਆਂ ਨੂੰ ਹੀ ਚੜ੍ਹਾਇਆ ਜਾਵੇ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਇਨ੍ਹਾਂ ਨੇ ਜਿਹੜਾ ਮਿਨੀ ਬੱਸ ਚਲਾਉਣ ਬਾਰੇ ਸਵਾਲ ਕੀਤਾ ਹੈ, ਅਸੀਂ ਉਸ ਦੇ ਉਤੇ ਗੌਰ ਨਾਲ ਸਟੱਡੀ ਕੀਤਾ ਹੈ । ਇਹ ਗੌਰਮਿੰਟ ਦੀ ਜ਼ਿੰਮੇਵਾਰੀ ਹੈ ਕਿ ਲੋਕਾਂ ਨੂੰ ਅਗਰ ਕੋਈ ਤਕਲੀਫ ਪੇਸ਼ ਆਵੇ ਤਾਂ ਉਨ੍ਹਾਂ ਨੂੰ ਉਸ ਤਕਲੀਫ ਤੋਂ ਬਚਾਉਣਾ ਅਤੇ ਲੋਕਾਂ ਨੂੰ ਗ਼ਲਤ ਰਾਹ ਤੇ ਨਾ ਪਾਇਆ ਜਾਵੇ । ਛੋਟੀਆਂ ਬੱਸਾਂ ਜੇ ਪੂਰੀ ਮਾਈਲੇਜ ਨਾ ਕਰਨ ਤਾਂ ਘਾਟਾ ਪੈਂਦਾ ਹੈ ਅਤੇ ਉਸ ਦਾ ਦੂਜੀਆਂ ਬੱਸਾਂ ਨਾਲੋਂ ਕਿਰਾਇਆ ਵੀ ਜ਼ਿਆਦਾ ਲੈਣਾ ਪੈਂਦਾ ਹੈ ।

ਸ਼੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਐਜੂਕੇਸ਼ਨ ਮਨਿਸਟਰ ਸਾਹਿਬ ਨੇ ਜੁਆਇੰਟ ਰਿਸਪੌਂਸੀਬਿਲਿਟੀ ਦੀ ਗੱਲ ਕੀਤੀ ਹੈ ਤੇ ਇਹ ਇਨਸਟ੍ਰਕੱਸ਼ਨਾਂ ਦੇ ਲਾਗੂ ਹੋਣ ਦੀ ਗੱਲ ਕੀਤੀ ਹੈ । ਮੈਂ ਇਹੀ ਗੱਲ ਪੁਛਣਾ ਚਾਹੁੰਦਾ ਹਾਂ ਕਿ ਚਾਹੇ ਐਜੂਕੇਸ਼ਨ ਮਨਿਸ਼ਟਰ ਹੋਵੇ ਤੇ ਚਾਹੇ ਟਰਾਂਸਪੋਰਟ ਮਨਿਸਟਰ ਹਨ ਦੋਨਾਂ ਵਿਚੋਂ ਇਕ ਜਾਂ ਦੋਨੋਂ ਹੀ ਰਿਸਪੌਨਸੀਬਿਲਿਟੀ ਸਮਝਦੇ ਹਨ ਤਾਂ ਦੱਸ ਦੇਣ ਕਿ ਗੈਰ ਸਰਕਾਰੀ ਗੱਡੀਆਂ ਵਿਚ ਜਿਹੜੀਆਂ ਰੋਜ਼ ਹੀ ਚੰਡੀਗੜ੍ਹ ਤੋਂ ਚਲਦੀਆਂ ਹਨ, ਵਿਚ ਮੇਰੇ ਨਾਲ ਸਫਰ ਕਰਨ ਨੂੰ ਤਿਆਰ ਹਨ ਤਾਂ ਕਿ ਆਪਣੀਆਂ ਅੱਖਾਂ ਨਾਲ ਦੇਖ ਲੈਣ ਕਿ ਪ੍ਰਾਈਵੇਟ ਕੰਪਨੀਆਂ ਵਾਲੇ ਕਿਸੇ ਵੀ ਬੱਚੇ ਨੂੰ ਨਹੀਂ ਚੜ੍ਹਾਉਂਦੇ ?

ਸਿਖਿਆ ਮੰਤਰੀ : ਸਪੀਕਰ ਸਾਹਿਬ, ਜੇ ਤਾਂ ਮੈਂਬਰ ਸਾਹਿਬ ਬੱਸ ਵਿਚ ਆਏ ਹੋਣ ਅਤੇ ਦੇਖਿਆ ਹੋਵੇ ਕਿ ਬੱਚੇ ਉਨ੍ਹਾਂ ਨੇ ਨਹੀਂ ਚੜ੍ਹਾਏ ਤਾਂ ਉਸ ਬੱਸ ਦਾ ਮੈਨੂੰ ਨੰਬਰ ਦੱਸ ਦੇਣ ਤਾਂ ਮੈਂ ਪਤਾ ਕਰ ਲਵਾਂਗਾ ਕਿ ਫ਼ਲਾਣੀ ਡੇਟ ਨੂੰ ਫਲਾਣੀ ਬੱਸ ਨੇ ਕਿਉਂ ਬੱਚੇ ਨੂੰ ਬੱਸ ਵਿਚ ਨਹੀਂ ਚੜ੍ਹਾਇਆ । ਲੇਕਿਨ ਮੈਂਬਰ ਸਾਹਿਬ ਤਾਂ ਸ਼ਾਇਦ ਕਾਰ ਵਿਚ ਆਏ ਹੋਣ ਲੇਕਿਨ ਮੈਂ ਫਿਰ ਵੀ ਇਨ੍ਹਾਂ ਨਾਲ ਬੱਸ ਵਿਚ ਸਫ਼ਰ ਕਰਨ ਨੂੰ ਤਿਆਰ ਹਾਂ । (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਇਕ ਘੰਟੇ ਵਿਚ ਸਿਰਫ ਇਕ ਦੋ ਸਵਾਲ ਹੀ ਨਿਕਲਦੇ ਹਨ, ਇਹ ਸਾਡੇ ਨਾਲ ਬੇਇਨਸਾਫੀ ਹੈ । ਹੁਣ 10 ਮਿੰਟ ਰਹਿ ਗਏ ਹਨ ਅੌਰ ਸਵਾਲ ਸਿਰਫ ਇਕ ਹੀ ਹੋਇਆ ਹੈ । ਹੁਣ ਅਸੀਂ 10 ਮਿੰਟਾਂ ਵਿਚ ਕਿੰਨੇ ਸਵਾਲ ਕਰ ਲਵਾਂਗੇ। (ਵਿਘਨ)

ਸ਼੍ਰੀ ਸਪੀਕਰ : ਆਨਰੇਬਲ ਮੈਂਬਰਜ਼ ਇਸ ਗੱਲ ਲਈ ਇਨਸਿਸਟ ਕਰਦੇ ਹਨ, ਮੈਂ ਕੀ ਕਰ ਸਕਦਾ ਹਾਂ । (The hon. Members insist on this thing. What can I do?)

ਬਟਾਲਾ ਦੇ ਉਦਯੋਗਿਕ ਖੇਤਰ ਵਿਚੋਂ ਲੰਘਦੀ ਜੀ.ਟੀ. ਰੋਡ ਦਾ ਪੱਧਰ ਉੱਚਾ ਕਰਨਾ

***2652. ਸ਼੍ਰੀ ਵਿਸ਼ਵਾ ਮਿੱਤਰ ਸੇਖੜੀ** : ਕੀ ਲੋਕ ਕਾਰਜ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ—

(ੳ) ਕੀ ਬਟਾਲਾ ਦੇ ਉਦਯੋਗਿਕ ਖੇਤਰ ਵਿਚੋਂ ਲੰਘਦੀ ਜੀ. ਟੀ. ਰੋਡ ਦਾ ਪੱਧਰ ਹਾਲ ਹੀ ਵਿਚ ਉੱਚਾ ਕੀਤਾ ਗਿਆ ਸੀ,

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਉੱਪਰ ਹਵਾਲਾ ਦਿੱਤੀ ਜੀ. ਟੀ. ਰੋਡ ਦੇ ਇਕ ਹਿੱਸੇ ਦੇ ਦੋਨਾਂ ਪਾਸਿਆਂ ਤੇ ਮੀਂਹ ਦੇ ਪਾਣੀ ਦੇ ਨਿਕਾਸ ਲਈ ਨਾਲੀਆਂ ਨਾ ਬਣਾਉਣ ਦੇ ਕੀ ਕਾਰਨ ਹਨ ?

ਸ਼੍ਰੀ ਖੁਸ਼ਹਾਲ ਬਹਿਲ (ਮੰਤਰੀ ਜਨ ਸਿਹਤ) : (ੳ) ਹਾਂ ਜੀ ।

(ਅ) ਸਟਾਰਮ ਵਾਟਰ ਡਰੇਨਜ ਦੀ ਉਸਾਰੀ ਦੀ ਲਾਗਤ ਤਕਰੀਬਨ 5,23.675 ਰੁ: ਬਣਦੀ ਹੈ । ਇਸ ਦਾ ਖਰਚਾ ਅੱਧਾ ਪੰਜਾਬ ਸਰਕਾਰ ਨੇ ਅਤੇ ਅੱਧਾ ਨਗਰਪਾਲਿਕਾ, ਬਟਾਲਾ ਨੇ ਦੇਣਾ ਹੈ। ਇਸ ਦੇ ਇਲਾਵਾ 14% ਡਿਪਾਰਟਮੈਂਟਲ ਚਾਰਜਿਜ਼ ਵੀ ਨਗਰਪਾਲਿਕਾ ਨੇ ਹੀ ਦੇਣੇ ਹਨ । ਇਸ ਤਰ੍ਹਾਂ ਨਗਰਪਾਲਿਕਾ, ਬਟਾਲਾ ਦਾ ਕੁਲ ਖਰਚਾ 3 ਲੱਖ ਰੁਪਏ ਬਣਦਾ ਹੈ । ਇਸ ਰਕਮ ਵਿਚੋਂ 1 ਲੱਖ ਰੁਪਏ ਦੀ ਅਦਾਇਗੀ ਨਗਰਪਾਲਿਕਾ ਨੇ ਹੁਣੇ ਜਿਹੇ ਜਨ ਸਿਹਤ ਵਿਭਾਗ ਨੂੰ ਕਰ ਦਿੱਤੀ ਹੈ । ਜਨ ਸਿਹਤ ਵਿਭਾਗ ਦੇ ਪਾਸ ਇਸ ਕੰਮ ਲਈ ਚਾਲੂ ਮਾਲੀ ਸਾਲ ਵਿਚ ਕੋਈ ਪੈਸੇ ਨਹੀਂ ਹਨ ਅਤੇ ਕਮੇਟੀ ਦੇ ਜਮ੍ਹਾਂ ਕਰਵਾਏ ਧਨ ਨਾਲ ਹੀ ਇਹ ਕੰਮ ਪ੍ਰਸ਼ਾਸਕੀ ਪ੍ਰਵਾਨਗੀ ਲੈਣ ਤੋਂ ਪਹਿਲਾਂ ਹੀ ਹੱਥ ਵਿਚ ਲੈ ਲਿਆ ਗਿਆ ਹੈ ।

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : ਸਪੀਕਰ ਸਾਹਿਬ, ਮੈਂ ਆਪਣੇ ਸਵਾਲ ਵਿਚ ਪੁਛਿਆ ਸੀ ਕਿ ਕੀ ਮੀਂਹ ਦੇ ਪਾਣੀ ਦੇ ਨਿਕਾਸ ਲਈ ਕੋਈ ਪ੍ਰੋਵੀਜ਼ਨ ਕੀਤੀ ਗਈ ਹੈ ਜਾਂ ਨਹੀਂ ਜੇ ਨਹੀਂ ਤਾਂ ਕਿਉਂ ਨਹੀਂ ਕੀਤੀ ਗਈ, ਉਸ ਦਾ ਜਵਾਬ ਤਾਂ ਮਨਿਸਟਰ ਸਾਹਿਬ ਨੇ ਦਿੱਤਾ ਨਹੀਂ ?

ਉਪ ਮੰਤਰੀ ਘਰੇਲੂ ਉਦਯੋਗ (ਸ਼੍ਰੀ ਖੁਸ਼ਹਾਲ ਬਹਿਲ) : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਸੇਖੜੀ ਸਾਹਿਬ ਨੇ ਸੁਣਿਆ ਨਹੀਂ । ਮੈਂ ਦਸਿਆ ਹੈ ਕਿ ਚਾਲੂ ਮਾਲੀ ਸਾਲ ਵਿਚ ਇਸ ਦੇ ਲਈ ਕੋਈ ਪ੍ਰੋਵੀਜ਼ਨ ਨਹੀਂ ਕੀਤੀ ਗਈ ਸੀ । ਇਹ ਜੂਨ, 1972 ਵਿਚ ਜਿਸ ਵੇਲੇ ਇਹ ਸੜਕ ਰੇਜ਼ ਕੀਤੀ ਗਈ ਤਾਂ ਉਸ ਵੇਲੇ 17 ਲੱਖ ਦੇ ਕਰੀਬ ਰੁਪਿਆ ਰਖਿਆ ਗਿਆ

Original with;
Punjab Vidhan Sabha
Digitized by;
Panjab Digital Library

ਪਰ ਇਸ ਚੀਜ਼ ਵਲ ਚੀਫ ਮਨਿਸਟਰ ਦਾ ਧਿਆਨ ਨਹੀਂ ਸੀ ਅੰਰ ਅਪਰੈਲ, 1974 ਵਿਚ ਜਦੋਂ ਇਹ ਖਿਆਲ ਆਇਆ ਤਾਂ ਉਸ ਵੇਲੇ ਜਨ ਸਿਹਤ ਮਹਿਕਮੇ ਨੇ 5 ਲੱਖ 23 ਹਜ਼ਾਰ 675 ਰੁਪਏ ਦਾ ਐਸਟੀਮੇਟ ਬਣਾ ਕੇ ਫਾਈਨਾਂਸ ਡੀਪਾਰਟਮੈਂਟ ਨੂੰ ਭੇਜਿਆ ਲੇਕਿਨ ਉਸ ਵੇਲੇ ਉਹ ਪਾਸ ਨਹੀਂ ਹੋ ਸਕਦਾ ਕਿਉਂਕਿ ਬੱਜਟ ਪ੍ਰੋਵੀਜ਼ਨ ਨਹੀਂ ਸੀ । ਲੇਕਿਨ ਸਪੀਕਰ ਸਾਹਿਬ, ਮੈਂ ਇਹ ਆਸ਼ਵਾਸ਼ਨ ਦਿੰਦਾ ਹਾਂ ਕਿ ਅਗਲੇ ਸਾਲ ਬਰਸਾਤ ਤੋਂ ਪਹਿਲਾਂ ਪਹਿਲਾਂ ਇਹ ਨਾਲੀਆਂ ਕੰਪਲੀਟ ਹੋ ਜਾਣਗੀਆਂ ।

ਸਰਦਾਰ ਕਿਰਪਾਲ ਸਿੰਘ ਰੰਧਾਵਾ : ਸਪੀਕਰ ਸਾਹਿਬ, ਇਹ ਜਿਹੜਾ ਪਾਣੀ ਕੈਮੀਕਲ ਹੋ ਕੇ ਬਾਹਰ ਨਾਲੀਆਂ ਵਿਚ ਆਉਂਦਾ ਹੈ, ਉਸ ਨਾਲ ਨਾਲੀਆਂ ਖਰਾਬ ਹੋ ਜਾਂਦੀਆਂ ਹਨ। ਲੱਖਾਂ ਰੁਪਏ ਨਾਲੀਆਂ ਬਣਾਉਣ ਤੇ ਲਗਦੇ ਹਨ ਪਰ ਫਿਰ ਨਾਲੀਆਂ ਸਾਲ ਦੋ ਸਾਲ ਵਿਚ ਹੀ ਖਰਾਬ ਹੋ ਜਾਂਦੀਆਂ ਹਨ । ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਉਹ ਕਾਰਖਾਨੇਦਾਰਾਂ ਨੂੰ ਇਹ ਕਹਿਣਗੇ ਕਿ ਜੋ ਕੈਮੀਕਲ ਵਾਟਰ ਹੈ ਉਹ ਕਾਰਖਾਨੇ ਵਿਚ ਹੀ ਸਾਫ ਕਰਕੇ ਬਾਹਰ ਨਾਲੀਆਂ ਵਿਚ ਪਾਉਣ ਦਾ ਯਤਨ ਕਰਨ ?

ਉਪ ਮੰਤਰੀ : ਸਪੀਕਰ ਸਾਹਿਬ, ਇਹ ਬਿਲਕੁਲ ਸਪੈਸਿਫਿਕ ਕੁਐਸਚਨ ਹੈ । ਇਹ ਅਗਰ ਸਵਾਲ ਦਾ ਨੋਟਿਸ ਦੇ ਦੇਣ ਤਾਂ ਅਸੀਂ ਜਵਾਬ ਦੇ ਦੇਵਾਂਗੇ ।

ਕੁਝ ਸੜਕਾਂ ਤੇ ਮਾਰਕੰਡਾ ਅਤੇ ਟਾਂਗੜੀ ਦਰਿਆਵਾਂ ਉਤੇ ਪੁੱਲਾਂ ਦੀ ਉਸਾਰੀ

*2667. **ਸਰਦਾਰ ਪ੍ਰੇਮ ਸਿੰਘ ਪ੍ਰੇਮ** : ਕੀ ਲੋਕ ਕਾਜ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ—

(ੳ) ਕੀ ਸਰਕਾਰ ਨੇ ਹੇਠ ਲਿਖੇ ਪੁੱਲਾਂ ਲਈ ਮੰਜੂਰੀ ਦੇ ਦਿੱਤੀ ਹੈ ;

(1) ਪਟਿਆਲਾ-ਪੇਹੋਵਾ ਸੜਕ ਤੇ ਦਰਿਆ ਮਾਰਕੰਡਾ ਉਤੇ ਪੁੱਲ ;

(2) ਝੁਲਕਾਂ-ਓਝਾਂ ਸੜਕ ਉਤੇ ਦਰਿਆ ਟਾਂਗੜੀ ਤੇ ਪੁੱਲ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਉਕਤ ਹਰੇਕ ਪੁੱਲ ਦੀ ਉਸਾਰੀ ਲਈ ਕਿੰਨੀ ਕਿੰਨੀ ਰਕਮ ਮੰਜੂਰ ਕੀਤੀ ਗਈ ਹੈ ;

(ੲ) ਕੀ ਉਕਤ ਵਰਣਿਤ ਪੁੱਲਾਂ ਤੇ ਉਸਾਰੀ ਦਾ ਕੰਮ ਸ਼ੁਰੂ ਹੋ ਗਿਆ ਹੈ ; ਜੇਕਰ ਅਜਿਹਾ ਹੋਵੇ ਤਾਂ ਹਰੇਕ ਉਸਾਰੀ ਦਾ ਕੰਮ ਕਿਸ ਪੜਾਅ ਤੇ ਹੈ ; ਜੇਕਰ ਸ਼ੁਰੂ ਨਹੀਂ ਕੀਤਾ ਗਿਆ ਤਾਂ ਇਸ ਦੇ ਕੀ ਕਾਰਨ ਹਨ ?

ਸ਼੍ਰੀ ਜੋਗਿੰਦਰ ਪਾਲ ਪਾਂਡੇ : (ੳ) (1) ਅਤੇ (2) ਹਾਂ ਜੀ ।

(ਅ) (1) 27,23,000 ਰੁਪਏ

(2) ਲਗਭਗ 2,00,000 ਰੁਪਏ

(ੲ) (1) ਮਾਰਕੰਡਾ ਦਰਿਆ ਤੇ ਪੁੱਲ ਦੀ ਉਸਾਰੀ ਦਾ ਕੰਮ ਹਾਲੇ ਸ਼ੁਰੂ ਨਹੀਂ ਹੋਇਆ ਕਿਉਂਕਿ ਇਸ ਦਾ ਅੱਧਾ ਖਰਚ ਹਰਿਆਣਾ ਸਰਕਾਰ ਨੇ ਦੇਣਾ ਹੈ । ਉਨ੍ਹਾਂ ਵਲੋਂ ਅਨੁਮਾਨ ਦੀ ਪ੍ਰਵਾਨਗੀ ਆਉਣ ਤੇ ਕੰਮ ਸ਼ੁਰੂ ਕੀਤਾ ਜਾਵੇਗਾ ।

Original with;
Punjab Vidhan Sabha
Digitized by;
Panjab Digital Library

[ਲੋਕ ਕਾਰਜ ਦੇ ਰਾਜ ਮੰਤਰੀ]

(2) ਦਰਿਆ ਟਾਂਗੜੀ ਤੇ ਪੁੱਲ ਦੀ ਉਸਾਰੀ ਸ਼ੁਰੂ ਹੈ । ਫਾਊਂਡੇਸ਼ਨ ਭਰਨ ਦਾ ਕੁਝ ਕੰਮ ਖਤਮ ਹੋ ਚੁੱਕਾ ਹੈ ਅਤੇ ਬਾਕੀ ਬਰਸਾਤ ਖਤਮ ਹੋਣ ਤੇ ਕੀਤਾ ਜਾਵੇਗਾ ।

ਸਰਦਾਰ ਪ੍ਰੇਮ ਸਿੰਘ ਪ੍ਰੇਮ : ਸਪੀਕਰ ਸਾਹਿਬ, ਮੇਰੇ ਇਸ ਕੁਐਸਚਨ ਦੇ ਦੋ ਪਾਰਟ ਹਨ ਜਾਂ ਤਾਂ ਮੈਂ ਸਾਰਾ ਇਕੋ ਵਾਰੀ ਕਰ ਲਵਾਂ ਜਾਂ ਇਕ ਪਾਰਟ ਪਹਿਲਾਂ ਪੁੱਛ ਲੈਂਦਾ ਹਾਂ ਅਤੇ ਦੂਸਰੇ ਪਾਰਟ ਨੂੰ ਬਾਅਦ ਵਿਚ ਪੁੱਛ ਕੇ ਜਵਾਬ ਲੈ ਲਵਾਂਗਾ । (ਵਿਘਨ) ਮੇਰਾ ਪਹਿਲਾ ਪਾਰਟ ਜੋ ਹੈ ਉਹ ਮਾਰਕੰਡੇ ਦੇ ਮੁਤੱਲਕ ਹੈ । ਇਸ ਦੇ ਮੁਤੱਲਕ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ, ਵਜ਼ੀਰ ਸਾਹਿਬ ਨੇ ਜੋ ਜ਼ਿਕਰ ਕੀਤਾ ਹੈ ਕਿ ਹਰਿਆਣਾ ਸਟੇਟ ਤੋਂ ਅੱਧਾ ਪੈਸਾ ਆਉਣਾ ਹੈ, ਕੀ ਪੰਜਾਬ ਸਰਕਾਰ ਨੇ ਉਹ ਅੱਧਾ ਹਿਸਾ ਮੰਗਵਾਉਣ ਲਈ ਲਿਖਿਆ ਹੈ ? ਜੇ ਲਿਖਿਆ ਹੈ ਤਾਂ ਕਿਹੜੀ ਤਾਰੀਖ ਨੂੰ ਲਿਖਿਆ ਹੈ ਅਤੇ ਜੋ ਜਵਾਬ ਆਇਆ ਹੈ ਉਹ ਵੀ ਦੱਸ ਦੇਣ । ਜੇ ਨਹੀਂ ਲਿਖਿਆ ਤਾਂ ਕੀ ਕੋਈ ਅਫਸਰ ਆਪਣਾ ਭੇਜ ਕੇ ਪ੍ਰਸ਼ਨਲ ਲੈਵਲ ਤੇ ਇਹ ਕੰਮ ਖਤਮ ਕਰਵਾਉਣ ਦੀ ਕੋਸ਼ਿਸ਼ ਕਰਨਗੇ ?

ਰਾਜ ਮੰਤਰੀ ਲੋਕ ਕਾਰਜ (ਸ਼੍ਰੀ ਜੋਗਿੰਦਰ ਪਾਲ ਪਾਂਡੇ) : ਸਪੀਕਰ ਸਾਹਿਬ, ਜੋ ਪ੍ਰੇਮ ਜੀ ਨੇ ਪੁਛਿਆ ਹੈ ਜੇ ਇਹ ਪਹਿਲਾਂ ਹੀ ਆਪਣੇ ਸਵਾਲ ਵਿਚ ਲਿਖ ਦਿੰਦੇ ਤਾਂ ਅਸੀਂ ਇਨ੍ਹਾਂ ਨੂੰ ਡੇਟ ਅਤੇ ਟਾਈਮ ਵਗੈਰਾ ਸਭ ਕੁਝ ਦੱਸ ਦਿੰਦੇ । ਇਸ ਵੇਲੇ ਮੈਂ ਇਹੀ ਕਹਿ ਸਕਦਾ ਹਾਂ ਕਿ ਇਸ ਕੇਸ ਨੂੰ ਐਕਸੀਪੀਡਾਈਟ ਕਰਾਉਣ ਲਈ ਸਰਕਾਰ ਵੱਧ ਤੋਂ ਵੱਧ ਯਤਨ ਕਰੇਗੀ ਅੱਰ ਅਸੀਂ ਪਰਸਨਲ ਲੈਵਲ ਤੇ ਵੀ ਕੋਸ਼ਿਸ਼ ਕਰਾਂਗੇ ।

ਸਰਦਾਰ ਪ੍ਰੇਮ ਸਿੰਘ ਪ੍ਰੇਮ : ਸਪੀਕਰ ਸਾਹਿਬ, ਇਹ ਫੈਸਲਾ ਜਿਹੜਾ ਸਰਕਾਰ ਦਾ ਹੈ ਕਿ ਦੋ ਪੁਲਾਂ ਬਣਾਉਣੀਆਂ ਹਨ ਅੱਰ ਇਨ੍ਹਾਂ ਦੋ ਪੁਲਾਂ ਵਾਸਤੇ ਅੱਧਾ ਪੰਜਾਬ ਨੇ ਅਤੇ ਅੱਧਾ ਹਰਿਆਣਾ ਨੇ ਖਰਚਾ ਦੇਣਾ ਹੈ, ਇਸ ਵਾਸਤੇ ਮੈਂ ਅਰਜ਼ ਕਰਾਂਗਾ ਕਿ ਇਹ ਸਵਾਲ ਤਾਂ ਵਿਚੋਂ ਹੀ ਅਰਾਈਜ਼ ਹੁੰਦਾ ਹੈ । ਆਇਆ ਕੋਈ ਅਨੁਮਾਨ ਮੰਗਿਆ ਹੈ ? ਜੇ ਨਹੀਂ ਤਾਂ ਦੱਸ ਦੇਣ ਜੇ ਨਹੀਂ ਮੰਗਿਆ ਤਾਂ ਦੱਸ ਦੇਣ ?

ਟਾਂਗੜੀ ਦੇ ਬਾਰੇ ਮੈਂ, ਸਪੀਕਰ ਸਾਹਿਬ, ਪੁੱਛਣਾ ਚਾਹੁੰਦਾ ਹਾਂ ਕਿ, ਟਾਗੜੀ ਦਾ ਪੁਲ ਸ਼ੁਰੂ ਕੀਤਾ ਹੋਇਆ ਹੈ ਅਤੇ ਇਸ ਦੇ ਬਾਰੇ ਦਸਿਆ ਹੈ ਕਿ ਫਾਉਂਡੇਸ਼ਨ ਭਰਨ ਦਾ ਕੁਝ ਕੰਮ ਖਤਮ ਹੋ ਚੁੱਕਾ ਹੈ, ਇਹ ਜਿਹੜਾ ਕੰਮ ਹੈ ਇਹ ਕਦੋਂ ਸ਼ੁਰੂ ਕੀਤਾ ਗਿਆ ਸੀ ਅਤੇ ਜਦੋਂ ਸ਼ੁਰੂ ਕੀਤਾ ਗਿਆ ਸੀ ਜੇ ਇਹ ਦਰਮਿਆਨ ਵਿਚ ਬੰਦ ਨਾ ਹੋ ਜਾਂਦਾ ਤਾਂ ਨਾਰਮਲ ਹਾਲਤ ਵਿਚ ਕਿੰਨੇ ਚਿਰ ਵਿਚ ਖਤਮ ਹੋ ਜਾਣਾ ਸੀ ? ਜੋ ਅਣਗਹਿਲੀ ਨਾ ਹੁੰਦੀ ਤਾਂ ਬਰਸਾਤ ਦੇ ਮੌਸਮ ਤੋਂ ਪਹਿਲਾਂ ਪਹਿਲਾਂ ਖਤਮ ਹੋ ਜਾਣਾ ਸੀ ?

ਰਾਜ ਮੰਤਰੀ : ਸਪੀਕਰ ਸਾਹਿਬ, ਪਹਿਲੇ ਮਾਰਕੰਡਾ ਦਰਿਆ ਤੇ ਪੁਲ ਦੇ ਬਾਰੇ ਮੈਂ ਦੱਸ ਚੁੱਕਾ ਹਾਂ ਕਿ ਹਰਿਆਣਾ ਸਰਕਾਰ ਨਾਲ ਲਿਖਾ ਪੜ੍ਹੀ ਹੋ ਰਹੀ ਹੈ । ਜਿਥੋਂ ਤਕ ਦੂਸਰੇ ਪੁਲ, ਦਰਿਆ ਟਾਂਗੜੀ ਤੇ ਪੁਲ ਦਾ ਤੁਅੱਲਕ ਹੈ ਇਹ ਸਤੰਬਰ, 1973 ਵਿਚ ਕੰਮ ਅਲਾਟ ਕੀਤਾ ਗਿਆ ਸੀ ਅਤੇ ਫਾਉਂਡੇਸ਼ਨ ਭਰਨ ਦਾ ਕੁਝ ਕੰਮ ਖਤਮ ਹੋ ਚੁੱਕਾ ਹੈ ਅਤੇ ਬਾਕੀ ਦਾ ਬਰਸਾਤ ਤੋਂ ਬਾਅਦ ਇਹ ਪ੍ਰਾਇਰਟੀ ਬੇਸਿਜ਼ ਤੇ ਖਤਮ ਕਰਨ ਦੀ ਕੋਸ਼ਿਸ਼ ਕਰਾਂਗੇ ।

ਸ਼੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਜਿਹੜੀ ਸੜਕ ਤੇ ਦੋਨੋਂ ਪੁਲ ਬਣਾਉਣੇ ਹਨ ਉਹ ਰਾਜਪੁਰਾ ਸਰਹੰਦ ਤੋਂ ਵਾਇਆ ਪਟਿਆਲਾ ਦਿੱਲੀ ਨੂੰ ਜਾਂਦਾ ਹੈ । ਜੇ ਇਹ ਨਵਾਂ ਹਾਈਵੇ

Original with;
Punjab Vidhan Sabha
Digitized by;
Panjab Digital Library

ਬਣਾਈ ਜਾਵੇ ਤਾਂ ਕਾਫੀ ਸਹੂਲਤ ਹੋ ਸਕਦੀ ਹੈ । ਕੀ ਸਰਕਾਰ ਹਰਿਆਣਾ ਸਰਕਾਰ ਨਾਲ ਇਹ ਮਾਮਲਾ ਟੇਕ ਅੱਪ ਕਰਕੇ ਛੇਤੀ ਤੋਂ ਛੇਤੀ ਰਸਤਾ ਚਾਲੂ ਕਰਵਾ ਦੇਵੇਗੀ ਤਾਂ ਕਿ ਨਵੀਂ ਸੜਕ ਚਲ ਪਏ ?

ਰਾਜ ਮੰਤਰੀ : ਸਪੀਕਰ ਸਾਹਿਬ, ਅੱਧਾ ਹਿੱਸਾ ਹਰਿਆਣਾ ਸਰਕਾਰ ਦੇ ਜ਼ਿਮੇ ਹੈ, ਜਦੋਂ ਤੱਕ ਅੱਧਾ ਹਿੱਸਾ ਹਰਿਆਣਾ ਸਰਕਾਰ ਵਲੋਂ ਨਹੀਂ ਆਉਂਦਾ ਤਾਂ ਪੰਜਾਬ ਸਰਕਾਰ ਅੱਧਾ ਹਿੱਸਾ ਨਹੀਂ ਖਰਚ ਕਰ ਸਕਦੀ । ਅਸੀਂ ਕੋਸ਼ਿਸ਼ ਕਰਾਂਗੇ ਕਿ ਇਸ ਕੰਮ ਨੂੰ ਜਲਦੀ ਤੋਂ ਜਲਦੀ ਖਤਮ ਕਰਵਾ ਦੇਈਏ ।

ਟਾਂਗੜੀ ਦਾ ਪੁਲ ਬਣ ਜਾਣ ਨਾਲ ਇਸ ਤੇ ਆਵਾਜਾਈ ਆਪੇ ਸ਼ੁਰੂ ਹੋ ਜਾਣੀ ਹੈ ਅਤੇ ਜੋ ਪ੍ਰੇਮ ਜੀ ਸਹੂਲਤਾਂ ਕਹਿੰਦੇ ਹਨ ਲੋਕਾਂ ਨੂੰ ਦੇਣ ਲਈ ਉਹ ਆਪੇ ਮਿਲ ਜਾਣਗੀਆਂ ।

ਸਰਦਾਰ ਹਰਚੰਦ ਸਿੰਘ : ਸਪੀਕਰ ਸਾਹਿਬ, ਪਾਂਡੇ ਸਾਹਿਬ ਜਵਾਬ ਦੇ ਰਹੇ ਹਨ ਪੁਲਾਂ ਦਾ । ਗਿਆਨੀ ਜੀ ਨੇ ਤਾਂ ਇਨ੍ਹਾਂ ਨੂੰ ਹਰਦੁਆਰ ਭੇਜਿਆ ਸੀ ਅਤੇ ਜਿਹੜਾ ਹਰਦੁਆਰ ਜਾਂਦਾ ਹੈ ਉਹ ਉਥੋਂ ਕਦੇ ਮੁੜਿਆ ਨਹੀਂ, ਪਰ ਇਹ ਕਿਵੇਂ ਮੁੜ ਆਏ ਹਨ ?

Mr. Speaker : This question does not arise.

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਮੇਰੇ ਨਾਲ ਨਹੀਂ ਸਨ, ਜੇ ਹੁੰਦੇ ਤਾਂ ਸ਼ਾਇਦ ਨਾ ਮੁੜ ਕੇ ਆਉਂਦੇ ।

ਸਰਦਾਰ ਪ੍ਰੇਮ ਸਿੰਘ ਪ੍ਰੇਮ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਹਕੀਕਤ ਹੈ ਕਿ ਇਨ੍ਹਾਂ ਦਰਿਆਵਾਂ ਤੇ ਪੁਲਾਂ ਦੇ ਨਾ ਬਣਨ ਦੀ ਵਜਾ ਕਰਕੇ ਹਰ ਸਾਲ ਇਨ੍ਹਾਂ ਇਲਾਕਿਆਂ ਵਿਚ ਫ਼ਲਡੱਜ਼ ਆਉਂਦੇ ਹਨ ਅਤੇ ਸਰਕਾਰ ਦੇ ਲੱਖਾਂ ਰੁਪਏ ਖਰਚ ਆਉਂਦੇ ਹਨ ?

ਰਾਜ ਮੰਤਰੀ : ਇਸ ਦਾ ਜਵਾਬ ਤਾਂ ਇਰੀਗੇਸ਼ਨ ਮਨਿਸਟਰ ਹੀ ਦੇ ਸਕਦਾ ਹੈ ਜੀ ।

ਸ਼੍ਰੀ ਸਰਦਾਰੀ ਲਾਲ ਕਪੂਰ : ਕੀ ਮਨਿਸਟਰ ਸਾਹਿਬ ਨੂੰ ਇਸ ਗਲ ਦਾ ਇਲਮ ਹੈ ਕਿ ਜੇ ਕਰ ਇਹ ਪੁਲ ਬਣ ਜਾਏ ਤਾਂ ਜਿਹੜਾ ਫ਼ਾਸਲਾ ਹੈ ਉਹ 25 ਮੀਲ ਘੱਟ ਜਾਂਦਾ ਹੈ । ਇਸ ਲਈ ਕੀ ਇਹ ਦਸ ਸਕਦੇ ਹਨ ਕਿ ਵਾਰ ਫੁਟਿੰਗ ਤੇ ਇਥੇ ਕੰਮ ਕਰਕੇ ਕਿਹੜੀ ਡੇਟ ਤਕ ਕੰਪਲੀਟ ਕਰ ਦੇਣਗੇ ?

ਰਾਜ ਮੰਤਰੀ : ਮੈਂ ਪਹਿਲਾਂ ਹੀ ਅਰਜ਼ ਕਰ ਚੁੱਕਾ ਹਾਂ ਕਿ ਇਸ ਦੇ ਲਈ ਅੱਧਾ ਰੁਪਈਆ ਹਰਿਆਣਾ ਸਰਕਾਰ ਨੇ ਦੇਣਾ ਹੈ ਜਦੋਂ ਉਹ ਰੁਪਈਆ ਮਿਲ ਜਾਏਗਾ ਤਦ ਹੀ ਦਸਿਆ ਜਾ ਸਕਦਾ ਹੈ ।

ਸਰਦਾਰ ਗੁਰਦੇਵ ਸਿੰਘ ਸਿੱਧੂ : ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਹੜਾ ਸ਼ਫੀਪੁਰ ਦਾ ਪੁਲ ਹੈ ਅਤੇ ਜਿਹੜੀ ਘਨੌਰੀ ਦੀ ਡਰੇਨ ਨਿਕਲੀ ਹੈ ਉਹ ਵੀ ਹਰਿਆਣਾ ਵਿਚੋਂ ਆਈ ਹੈ । (ਵਿਘਨ) ਪਿਛਲੇ ਸਾਲ ਵੀ ਮੰਤਰੀ ਸਾਹਿਬ ਨੇ ਅਸ਼ਿਓਰੈਂਸ ਦਿੱਤੀ ਸੀ ਕਿ ਹਰਿਆਣਾ ਸਰਕਾਰ ਤੋਂ ਪੈਸੇ ਲੈ ਕੇ ਜਲਦੀ ਕੰਪਲੀਟ ਕਰ ਦਿਆਂਗੇ, ਕੀ ਉਸ ਦਾ ਵੀ ਖਿਆਲ ਰੱਖਿਆ ਜਾਏਗਾ..(ਵਿਘਨ)

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਹੋਰ ਵੀ ਕਿਸੇ ਵੀ ਪੁਲ ਬਾਰੇ ਸਪਲੀਮੈਂਟਰੀ ਨਹੀਂ ਪੁਛਿਆ ਜਾ ਸਕਦਾ । (Supplementary question cannot be put in regard to any other bridge.)

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਸ ਗੱਲ ਨੂੰ ਮੁੱਖ ਰਖਦੇ ਹੋਏ ਕਿ ਇਸ ਪੁਲ ਅਤੇ ਇਸ ਸੜਕ ਤੇ 99% ਬੈਨੀਫਿਸ਼ਰੀਜ਼ ਪੰਜਾਬ ਵਾਲੇ ਲੋਕ ਹੋਣੇ ਹਨ ਅਤੇ ਇਸ ਗਲ ਨੂੰ ਮੁੱਖ ਰਖ ਕੇ ਹਰਿਆਣਾ ਛੋਟਾ ਭਰਾ ਹੈ ਅਤੇ ਪੰਜਾਬ ਵੱਡਾ ਭਰਾ ਹੈ ਇਸ ਲਈ ਕਿ ਇਹ ਆਪਣੇ ਪੈਸੇ ਪਹਿਲੋਂ ਖਰਚ ਕਰਕੇ ਕੰਮ ਸ਼ੁਰੂ ਕਰ ਦੇਣਗੇ.. (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਰਦਾਰ ਦਰਬਾ ਰਾ ਸਿੰਘ ਜੀ ਨੇ ਜਿਹੜੀ ਗਲ ਕਹੀ ਹੈ ਵੱਡੇ ਭਰਾ ਔਰ ਛੋਟੇ ਭਰਾ ਦੀ, ਇਹ ਦਿਲੋਂ ਤਾਂ ਬੜੀ ਚੰਗੀ ਹੈ ਅਤੇ ਅਸੀਂ ਵੀ ਇਹ ਰਿਸ਼ਤਾ ਪਿਆਰ ਮੁਹਬਤ ਨਾਲ ਰਖਣਾ ਚਾਹੁੰਦੇ ਹਾਂ ਪਰ ਵੱਡਾ ਭਰਾ ਅਤੇ ਛੋਟਾ ਭਰਾ ਜਦੋਂ ਅੱਡ ਹੋ ਜਾਣ ਤਾਂ ਉਸ ਵਕਤ ਜਿਹੜੇ ਤਅੱਲੁਕਾਤ ਹੋਣ ਉਸ ਦਾ ਵੀ ਖਿਆਲ ਰਖਣਾ ਪੈਂਦਾ ਹੈ ਅਤੇ ਜਿਹੜਾ ਖਰਚਾ ਹੋਵੇ ਉਸ ਦਾ ਹਿਸਾਬ ਕਿਤਾਬ ਰਖਣਾ ਜ਼ਰੂਰੀ ਹੁੰਦਾ ਹੈ ।

ਸਰਦਾਰ ਪ੍ਰੇਮ ਸਿੰਘ ਪ੍ਰੇਮ : ਸਪੀਕਰ ਸਾਹਿਬ, ਜੋ ਵਜ਼ੀਰ ਸਾਹਿਬ ਨੇ ਫੁਰਮਾਇਆ ਹੈ ਕਿ ਹਰਿਆਣਾ ਨੇ ਅੱਧਾ ਦੇਣਾ ਹੈ, ਮੈਂ ਉਸ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਦਰਅਸਲ ਜੋ ਫੈਸਲਾ ਹੈਗਾ ਉਸ ਦੇ ਮੁਤਾਬਿਕ ਤਾਂ ਇਹ ਕੋਈ ਕੁਐਸਚਨ ਅਰਾਈਜ਼ ਹੀ ਨਹੀਂ ਹੁੰਦਾ । ਕਿਉਂਕਿ ਪੰਜਾਬ ਦੀ ਸਰਕਾਰ ਅਤੇ ਹਰਿਆਣਾ ਦੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਜਿਹੜਾ ਅੰਬਾਲਾ ਤੋਂ ਉਤਲਾ ਪੁਲ ਬਣਨਾ ਹੈ ਉਸ ਦਾ ਪੈਸਾ ਪੰਜਾਬ ਦੇਵੇਗਾ ਅਤੇ ਜਿਹੜਾ ਮਾਹਕੰਡਾ ਦਾ ਹੈ ਉਸ ਦਾ ਹਰਿਆਣਾ ਨੇ ਦੇਣਾ ਹੈ । ਇਹ ਤਾਂ ਬੁੱਕ ਐਡਜਸਟਮੈਂਟ ਹੋ ਸਕਦੀ ਹੈ । (ਵਿਘਨ)

ਰਾਜ ਮੰਤਰੀ : ਸਪੀਕਰ ਸਾਹਿਬ, ਪ੍ਰੇਮ ਜੀ ਤਾਂ ਆਪ ਹੀ ਇੰਨਫਰਮੇਸ਼ਨ ਦੇ ਰਹੇ ਹਨ । ਜੇ ਉਨ੍ਹਾ ਨੂੰ ਪਤਾ ਹੈ ਤਾਂ ਤਸੱਲੀ ਰਖਣ ਕਿ ਸਰਕਾਰ ਜੋ ਕਰੇਗੀ ਠੀਕ ਹੀ ਕਰੇਗੀ।

ਸਰਦਾਰ ਦਰਸ਼ਨ ਸਿੰਘ ਕੇ. ਪੀ. : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਦਰਿਆਵਾਂ ਦੇ ਜਿਹੜੇ ਪੁੱਲ ਹਨ ਅਤੇ ਸਾਡੇ ਜਲੰਧਰ ਵੀ ਜਿਹੜੇ ਪੁੱਲ..

ਸ਼੍ਰੀ ਸਪੀਕਰ : ਇਨ੍ਹਾਂ ਪੁਲਾਂ ਦੀ ਬਾਬਤ ਸੁਆਲ ਪੁਛੋ .... (ਵਿਘਨ) (Please ask supplementary about these bridges only.)

ਸਰਦਾਰ ਦਰਸ਼ਨ ਸਿੰਘ ਕੇ. ਪੀ. : ਸਪੀਕਰ ਸਾਹਿਬ, ਉਹ ਵੀ ਫਲੱਡ ਏਰੀਆ ਦੇ ਪੁੱਲ ਹਨ । (ਵਿਘਨ) ਉਹ ਕੋਈ ਪਿਛਲੇ ਛੇ ਸਾਲਾਂ ਤੋਂ ਬਣਦੇ ਪਏ ਹਨ....

ਸ਼੍ਰੀ ਸਪੀਕਰ : ਇਹ ਤਾਂ ਸੁਆਲ ਪੈਦਾ ਹੀ ਨਹੀਂ ਹੁੰਦਾ, ਇਸ ਲਈ ਸਪਲੀਮੈਂਟਰੀ ਰੂਲ ਆਉਟ ਕੀਤੀ ਜਾਂਦੀ ਹੈ । ਕੇ. ਪੀ. ਸਾਹਿਬ ਤੁਸੀਂ ਬੈਠੋ.... (ਵਿਘਨ) (This question does not arise, hence it is ruled out. Mr. K.P. please resume your seat.) (*Interruption*)

Original with;
Punjab Vidhan Sabha
Digitized by:
Panjab Digital Library

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਦਿੱਲੀ ਇੰਟਰਨੈਸ਼ਨਲ ਮਾਰਕੀਟ ਹੈ ਅਤੇ ਪੰਜਾਬ ਸਰਕਾਰ ਨੂੰ ਦਿੱਲੀ ਜਾਣਾ ਪੈਂਦਾ ਹੈ ਨਾ ਕਿ ਹਰਿਆਣਾ ਸਰਕਾਰ ਨੂੰ । ਇਸ ਲਈ ਸਾਡੀ ਸਰਕਾਰ ਨੂੰ ਇੰਟਰਨੈਸ਼ਨਲ ਮਾਰਕੀਟ ਵਿਚ ਸ਼ਾਮਲ ਹੋਣ ਦੀ ਲੋੜ ਹੈ । ਇਸ ਚੀਜ਼ ਨੂੰ ਮੁੱਖ ਰਖਦੇ ਹੋਏ ਕੀ ਇਹ ਰਸਤਾ ਜਲਦੀ ਤੋਂ ਜਲਦੀ ਬਣਾਉਣਗੇ ਅਤੇ ਆਪਣੇ ਵਲੋਂ ਖਰਚ ਕਰਕੇ ਅਤੇ ਉਨ੍ਹਾਂ ਦੇ ਪੈਸੇ ਆਉਣ ਤੋਂ ਬਗੈਰ ਮੁਕੰਮਲ ਕਰਨ ਦੀ ਕੋਸ਼ਿਸ਼ ਕਰਨਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਇਸ ਸੁਆਲ ਦੇ ਸਬੰਧ ਵਿਚ ਜਿਹੜਾ ਕਿ ਸਰਦਾਰ ਦਰਬਾਰਾ ਸਿੰਘ ਜੀ ਨੇ ਕੀਤਾ ਸੀ, ਜਵਾਬ ਦੇ ਦਿਤਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਲੋਕਾਂ ਦਾ ਬੈਨੀਫਿਟ ਪੰਜਾਬ ਦਾ ਬੈਨੀਫਿਟ ਹੈ । ਇਹ ਪੁੱਲ ਜਲਦੀ ਤੋਂ ਜਲਦੀ ਬਣੇ ਪੂਰੀ ਪੂਰੀ ਕੋਸ਼ਿਸ਼ ਕਰੇਗੀ, ਪਰ ਸਰਕਾਰਾਂ ਦੇ ਜਿਹੜੇ ਹਿਸਾਬ ਕਿਤਾਬ ਹੁੰਦੇ ਹਨ ਉਹ ਵੀ ਨਾਲ ਚਲਦੇ ਰਹਿਣੇ ਚਾਹੀਦੇ ਹਨ । ਜੇ ਕੋਈ ਵਾਇਆ ਮੀਡੀਆ ਸਰਕਾਰ ਪਾਸ ਹੋਵੇਗਾ ਤਾਂ ਕਢੱਣ ਲਈ ਗੁਰੇਜ਼ ਨਹੀਂ ਕਰਾਂਗੇ ।

PROPOSED CONSTRUCTION OF MINI SECRETARIAT AT PATHANKOT

*2702. **Chaudhri Ram Singh** : Will the Minister of State for Public Works be pleased to state whether there is any proposal under the consideration of the Government to construct a Mini Secretariat at Pathankot, if so, the time by which it is likely to be completed ?

Sardar Umrao Singh (Revenue and Elections Minister): (a) Yes Sir.

(b) Exact time cannot be indicated at present.

[(ੳ) ਹਾਂ ਜੀ ।

(ਅ) ਅਜੇ ਨਿਸਚਿਤ ਸਮਾਂ ਨਹੀਂ ਦਸਿਆ ਜਾ ਸਕਦਾ ।]

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਜਵਾਬ ਦਿੱਤਾ ਹੈ ਕਿ 'ਹਾਂ ਜੀ' ਮਿਨੀ ਸੈਕਰੀਟੇਰੀਏਟ ਬਣਾਉਣਾ ਹੈ ਅਤੇ ਨਾਲ ਹੀ ਇਹ ਗੱਲ ਕਹੀ ਹੈ ਕਿ ਇਸ ਲਈ ਹਾਲੇ ਨਿਸ਼ਚਿਤ ਸਮਾਂ ਨਹੀਂ ਦੱਸਿਆ ਜਾ ਸਕਦਾ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੂੰ ਪਤਾ ਹੈ ਕਿ ਪਠਾਨਕੋਟ ਸਿਟੀ ਬਹੁਤ ਵੱਧ ਰਿਹਾ ਹੈ ਅਤੇ ਇਸ ਲਈ ਉਥੇ ਮਿਨੀ ਸੈਕਰੀਟੇਰੀਏਟ ਬਣਾਉਣਾ ਬਹੁਤ ਜ਼ਰੂਰੀ ਹੈ ਇਸ ਲਈ ਜਿਹੜੀ ਜ਼ਮੀਨ ਵਗੈਰਾ ਅਕੁਆਇਰ ਕਰਨੀ ਹੈ ਉਹ ਕਾਰਵਾਈ ਸ਼ੁਰੂ ਕਰਨਗੇ ਬਾਕੀ ਜਿਹੜੀ ਕਾਰਵਾਈ ਹੈ ਜਦੋਂ ਮਰਜ਼ੀ ਆਏ ਕਰਨਾ ?

ਮਾਲ ਮੰਤਰੀ : ਸਪੀਕਰ ਸਾਹਿਬ, ਬਹੁਤ ਸਾਰੀਆਂ ਥਾਂਵਾਂ ਤੇ ਮਿਨੀ ਸੈਕਰੀਏਰੀਏਟ ਬਣਾਉਣ ਦੀ ਪਰਪੋਜ਼ਲ ਹੈ ਅਤੇ ਉਸ ਪਰਪੋਜ਼ਲ ਵਿਚ ਪਠਾਨਕੋਟ ਵੀ ਹੈ । ਜਿਉਂ ਜਿਉਂ ਫੰਡਜ਼ ਅਵੇਲੇਬਲ ਹੋਣਗੇ ਉਸੇ ਤਰ੍ਹਾਂ ਕੰਸਟਰਕਸ਼ਨ ਸ਼ੁਰੂ ਕਰ ਦਿੱਤੀ ਜਾਵੇਗੀ ।

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ ਇਹ ਜਿਹੜੀ ਮਿਨੀ ਸੈਕਰੀਟੇਰੀਏਟ ਬਣਾਉਣ ਦਾ ਪ੍ਰੋਗਰਾਮ ਹੈ ਇਹ ਅਕਾਲੀ ਸਰਕਾਰ ਵੇਲੇ ਦਾ ਹੈ। ਇਹ ਬੜੀ ਅੱਨ-ਪ੍ਰੋਡੱਕਟਿਵ ਸਕੀਮ ਹੈ ਅਤੇ ਕੀ ਸਰਕਾਰ ਪਿੰਡਾਂ ਨੂੰ ਜਾਂ ਹੋਰ ਜਿਹੜੇ ਇਲਾਕੇ ਹਨ ਉਨ੍ਹਾਂ ਨੂੰ ਜਿਹੜੀਆਂ ਜ਼ਰੂਰੀ ਸਹੂਲਤਾਂ ਦੇਣੀਆਂ ਹਨ ਉਨ੍ਹਾਂ ਵਲ ਪਹਿਲੋਂ ਧਿਆਨ ਦੇਵੇਗੀ ਅਤੇ ਫਿਰ ਇਨ੍ਹਾਂ ਵਲ?

Original with;
Punjab Vidhan Sabha
Digitized by;
Panjab Digital Library

ਸਰਦਾਰ ਸਤਨਾਮ ਸਿੰਘ ਬਾਜਵਾ : * * *

ਸ਼੍ਰੀ ਸਪੀਕਰ : ਇਹ ਸ਼ਬਦ ਕੱਢ ਦਿੱਤੇ ਜਾਣ। (These words should be expunged.)

ਮਾਲ ਮੰਤਰੀ : ਸਪੀਕਰ ਸਾਹਿਬ, ਡਾਕਟਰ ਸਾਹਿਬ ਦੇ ਸਪਲੀਮੈਂਟਰੀ ਵਿਚ ਵਜ਼ਨ ਹੈ। ਅਸੀਂ ਇਸ ਚੀਜ਼ ਵਲ ਜ਼ਰੂਰ ਧਿਆਨ ਦਿੰਦੇ ਹਾਂ ਕਿ ਕਿਥੇ ਕਿਥੇ ਬਿਲਡਿੰਗ ਜ਼ਰੂਰੀ ਹਨ। ਜਿਥੇ ਜ਼ਰੂਰੀ ਹਨ ਉਥੇ ਅਸੀਂ ਜ਼ਰੂਰ ਬਣਾਉਣ ਦੇ ਯਤਨ ਕਰਦੇ ਹਾਂ ਅਤੇ ਜਿਥੇ ਜ਼ਰੂਰੀ ਨਹੀਂ ਅਤੇ ਕੰਮ ਠੀਕ ਚਲ ਸਕਦਾ ਹੈ ਉਥੇ ਅਸੀਂ ਘੱਟ ਤਵੱਜੋ ਦਿੰਦੇ ਹਾਂ। ਮੈਂ ਇਹ ਵੀ ਦਸ ਦਿਆਂ ਕਿ ਅਸੀਂ ਕੇਵਲ ਮਿਨੀ ਸੈਕਰੀਟੇਰੀਏਟ ਹੀ ਨਹੀਂ ਬਲਕਿ ਹੋਰ ਵੀ ਬਹੁਤ ਸਾਰੀਆਂ ਬਿਲਡਿੰਗਜ਼ ਘਟਾ ਦਿੱਤੀਆਂ ਹਨ ਅਤੇ ਜਿਥੇ ਜ਼ਰੂਰੀ ਹਨ, ਬਣਾਈਆਂ ਜਾ ਰਹੀਆਂ ਹਨ।

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਹੁਣੇ ਰੈਵਨਿਊ ਮਨਿਸਟਰ ਸਾਹਿਬ ਨੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਹੈ ਕਿ ਮਿਨੀ ਸੈਕਰੀਟੇਰੀਏਟ ਬਣਾਉਣ ਲਈ ਟਾਈਮ ਨਿਸ਼-ਚੱਤ ਨਹੀਂ ਦਸਿਆ ਜਾ ਸਕਦਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਦੀ ਇਹ ਪਾਲਿਸੀ ਹੈ ਕਿ ਪਹਿਲਾਂ ਜ਼ਿਲ੍ਹਾ ਲੈਵਲ ਤੇ ਮਿਨੀ ਸੈਕਰੀਟੇਰੀਏਟ ਬਣਾਏ ਜਾਣ ਬਜਾਏ ਸੱਬ ਡਿਵੀਜ਼ਨ ਲੈਵਲ ਤੇ ?

ਮਾਲ ਮੰਤਰੀ : ਸਪੀਕਰ ਸਾਹਿਬ, ਲੋੜ ਦੇ ਮੁਤਾਬਿਕ ਹਰ ਕੰਮ ਹੁੰਦਾ ਹੈ। ਸੱਬ-ਡਵੀਜ਼ਨ ਦੀ ਆਪਣੀ ਲੋੜ ਹੈ, ਜ਼ਿਲ੍ਹਾ ਪੱਧਰ ਦੀ ਆਪਣੀ ਲੋੜ ਹੈ ਅੱਰ ਲੋੜ ਦੇ ਮੁਤਾਬਿਕ ਹੀ ਫੈਸਲਾ ਕੀਤਾ ਜਾਂਦਾ ਹੈ।

Mr. Speaker: Question Hour is over. The remaining questions shall be deemed to have been answered under rule 38 of the Rules of Procedure and Conduct of Business in the Punjab Legislative Assembly.

WRITTEN ANSWERS TO STARRED QUESTIONS LAID ON THE TABLE UNDER RULE 38

STARRED QUESTION No. 2700

Mr. Speaker: Extension has been asked for in respect of Starred Question No. 2700.

ਬਲਾਕ ਤਲਵਾੜਾ, ਜ਼ਿਲ੍ਹਾ ਹੁਸ਼ਿਆਰਪੁਰ, ਵਿਚ ਸ਼ਾਹ ਨਹਿਰ ਤੇ ਬੰਨ੍ਹ ਦੀ ਉਸਾਰੀ

***2701. ਚੌਧਰੀ ਰਾਮ ਸਿੰਘ**: ਕੀ ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ:

(ੳ) ਕੀ ਬਲਾਕ ਤਲਵਾੜਾ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਸ਼ਾਹ ਨਹਿਰ ਤੇ ਬੰਨ੍ਹ ਦੀ ਉਸਾਰੀ ਦੇ ਪ੍ਰਾਜੈਕਟ ਦੀ ਮੰਜ਼ੂਰੀ ਦੇ ਦਿਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਪ੍ਰਾਜੈਕਟ ਲਈ ਕਿੰਨੀ ਰਕਮ ਮੰਜ਼ੂਰ ਕੀਤੀ ਗਈ ਹੈ;

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

(ਅ) ਕੀ ਉਕਤ ਬੰਨ੍ਹ ਤੇ ਕੰਮ ਸ਼ੁਰੂ ਕਰ ਦਿਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਤੇ ਹੁਣ ਤੱਕ ਕਿੰਨੀ ਰਕਮ ਖਰਚ ਕੀਤੀ ਗਈ;

(ਏ) ਉਕਤ ਕੰਮ ਕਦੋਂ ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ?

ਸਰਦਾਰ ਗੁਰਬਖਸ਼ ਸਿੰਘ ਸਿਬੀਆ: (ਉ) ਨਹੀਂ ਜੀ। ਇਹ ਪ੍ਰਾਜੈਕਟ ਅੰਤਰ-ਪ੍ਰਾਂਤਿਕ ਹੋਣ ਕਰਕੇ ਕੇਂਦਰੀ ਸਰਕਾਰ ਨੂੰ ਪ੍ਰਵਾਨਗੀ ਲਈ ਭੇਜਿਆ ਹੋਇਆ ਹੈ ਜੋ ਕਿ ਅਜੇ ਤੀਕ ਨਹੀਂ ਆਈ। ਇਸ ਪ੍ਰਾਜੈਕਟ ਦੀ ਲਾਗਤ 10.32 ਕਰੋੜ ਹੈ।

(ਅ) ਹਾ ਜੀ। ਇਸ ਪ੍ਰਾਜੈਕਟ ਦੀ ਮਹੱਤਤਾ ਨੂੰ ਮੁੱਖ ਰਖਦੇ ਹੋਏ ਕੇਂਦਰੀ ਸਰਕਾਰ ਦੀ ਮੰਜ਼ੂਰੀ ਆਉਣ ਤੋਂ ਪਹਿਲਾਂ ਹੀ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਇਸ ਤੇ ਹੁਣ ਤੀਕ 76.15 ਲੱਖ ਰੁਪਏ ਖਰਚ ਹੋ ਚੁਕੇ ਹਨ।

(ਏ) ਸਾਲ 1977 ਦੇ ਅਖੀਰ ਤਕ।

ਬਲਾਚੌਰ ਵਿਧਾਨ ਸਭਾ ਚੋਣ ਹਲਕੇ ਦੇ ਬੇਟ ਖੇਤਰ ਵਿਚ ਮਹਿਮੂਦਪੁਰ ਤੋਂ ਪਨਿਆਲੀ ਤਕ ਖੋਦੀ ਗਈ ਡਰੇਨ ਨੂੰ ਵਧਾਉਣਾ

***2718. ਮਾਸਟਰ ਦਲੀਪ ਚੰਦ:** ਕੀ ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਬਲਾਚੌਰ ਵਿਧਾਨ ਸਭਾ ਚੋਣ ਹਲਕੇ ਦੇ ਬੇਟ ਖੇਤਰ ਵਿਚ ਮਹਿਮੂਦਪੁਰ ਤੋਂ ਪਨਿਆਲੀ ਤਕ ਪਹਿਲਾਂ ਹੀ ਖੋਦੀ ਗਈ ਡਰੇਨ ਨੂੰ ਅਗੇ ਰੈਲ ਮਾਜਰਾ ਤਕ ਲੈ ਜਾਣ ਦੀ ਸੰਭਾਵਨਾ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤਕ?

ਸਰਦਾਰ ਗੁਰਬਖਸ਼ ਸਿੰਘ ਸਿਬੀਆ: ਹਾਂ ਜੀ, ਪਰ ਪਿੰਡ ਟੌਸਾਂ ਤਕ। ਇਹ ਫੰਡ ਉਪਲਬਧ ਹੋਣ ਤੇ ਨਿਰਭਰ ਹੈ।

ਮਾਰਚ, 1974 ਵਿਚ ਅੰਮ੍ਰਿਤਸਰ ਨੂੰ ਮੰਤਰੀਆਂ ਦੇ ਦੌਰੇ

***2749. ਡਾਕਟਰ ਬਲਦੇਵ ਪ੍ਰਕਾਸ਼:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ਉ) ਮਾਰਚ, 1974 ਵਿਚ ਹਰ ਇਕ ਮੰਤਰੀ ਨੇ ਅੰਮ੍ਰਿਤਸਰ ਵਿਚ ਕੁਲ ਕਿੰਨੇ ਦਿਨ ਬਿਤਾਏ ਅਤੇ ਉਨ੍ਹਾਂ ਨੇ ਕਿੰਨੇ ਸਰਕਾਰੀ ਸਮਾਰੋਹਾਂ ਵਿਚ ਹਿੱਸਾ ਲਿਆ;

(ਅ) ਸਰਕਾਰ ਨੇ ਮਾਰਚ, 1974 ਵਿਚ ਅੰਮ੍ਰਿਤਸਰ ਵਿਚ ਉਕਤ ਮੰਤਰੀਆਂ ਦੇ ਠਹਿਰਨ ਤੇ ਉਨ੍ਹਾਂ ਦੇ ਟੀ.ਏ., ਪਟਰੋਲ ਦੇ ਖਰਚੇ ਅਤੇ ਉਨ੍ਹਾਂ ਦੇ ਅਮਲੇ ਦੇ ਟੀ.ਏ. ਵਜੋਂ ਕੁਲ ਕਿੰਨਾ ਖਰਚ ਕੀਤਾ?

ਮੁੱਖ ਮੰਤਰੀ: ਲੋੜੀਂਦੀ ਸੂਚਨਾ ਦਾ ਵਿਵਰਨ ਸਦਨ ਦੀ ਮਜ਼ ਤੇ ਰਖਅ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:

*ਸਵਾਲ ਨੰ: 2749

1	2	3	4			5
ਮੰਤਰੀ ਜੀ ਦਾ ਨਾਂ	ਮਾਰਚ, 1974 ਵਿਚ ਜਿੰਨੇ ਦਿਨ ਅੰਮ੍ਰਿਤਸਰ ਵਿਖੇ ਬਿਤਾਏ	ਜਿੰਨੇ ਸਰਕਾਰੀ ਸਮਾਰੋਹਾਂ ਵਿਚ ਹਿੱਸਾ ਲਿਆ	ਅੰਮ੍ਰਿਤਸਰ ਵਿਖੇ ਠਹਿਰਨ ਤੇ ਜਿੰਨਾ ਖਰਚਾ ਹੋਇਆ			ਵਿਸ਼ੇਸ਼ ਕਥਨ
			ਮੰਤਰੀ ਜੀ ਦਾ ਟੀ.ਏ. ਦਾ ਖਰਚਾ (ੳ)	ਪੈਟਰੋਲ ਦਾ ਖਰਚ (ਅ)	ਅਮਲੇ ਦਾ ਟੀ.ਏ. ਦਾ ਖਰਚ (ੲ)	
1. ਸ਼੍ਰੀ ਜ਼ੈਲ ਸਿੰਘ, ਮੁੱਖ ਮੰਤਰੀ	11 ਦਿਨ	4	62.50	991.03	413.43	ਮੁੱਖ ਮੰਤਰੀ ਜੀ ਨੇ 11 ਦਿਨਾਂ ਵਿਚੋਂ 7 ਦਿਨ ਦਾ ਟੀ.ਏ. ਕਲੇਮ ਨਹੀਂ ਕੀਤਾ ਡਰਾਈਵਰ ਨੇ ਅਜੇ ਤੱਕ ਟੀ.ਏ. ਕਲੇਮ ਨਹੀਂ ਕੀਤਾ।
2. ਸਰਦਾਰ ਉਮਰਾਓ ਸਿੰਘ ਮਾਲ ਤੇ ਚੋਣ ਮੰਤਰੀ	7 ਦਿਨ	1	25.00	ਪ੍ਰਾਈਵੇਟ ਕਾਰ ਵਰਤੀ	80.30	ਮਾਲ ਮੰਤਰੀ ਜੀ 6 ਦਿਨ ਨਿਜੀ ਦੌਰੇ ਤੇ ਰਹੇ ਅਤੇ ਇਨ੍ਹਾਂ ਦਿਨਾਂ ਦਾ ਕੋਈ ਈ. ਏ. ਕਲੇਮ ਨਹੀਂ ਕੀਤਾ।
3. ਸ਼੍ਰੀ ਹੰਸ ਰਾਜ ਸ਼ਰਮਾ, ਵਿੱਤ ਮੰਤਰੀ	8 ਦਿਨ	1	37.50	200.80	307.80	—ਉਹੀ—

Original with:
Punjab Vidhan Sabha
Digitized by:
Digital Library

1	2	3	4			5
4. ਸ਼੍ਰੀ ਗੁਰਮੇਲ ਸਿੰਘ, ਸਿਖਿਆ ਮੰਤਰੀ	5 ਦਿਨ	3	50.00	280.10	—	ਸਿਖਿਆ ਮੰਤਰੀ ਜੀ 3 ਦਿਨ ਨਿਜੀ ਦੌਰੇ ਤੇ ਰਹੇ ਅਤੇ ਕੋਈ ਟੀ.ਏ. ਨਹੀਂ ਲਿਆ ਇਨ੍ਹਾਂ ਦੇ ਅਮਲੇ ਨੇ ਅਜੇ ਤੱਕ ਟੀ.ਏ. ਕਲੇਮ ਨਹੀਂ ਕੀਤਾ।
5. ਸਰਦਾਰ ਗੁਰਬੰਤਾ ਸਿੰਘ, ਖੇਤੀ ਬਾੜੀ ਤੇ ਵਣ ਮੰਤਰੀ	8 ਦਿਨ	ਨਿਲ	ਨਿਲ	126.00	129.30	ਸਾਰੇ ਦਿਨ ਨਿਜੀ ਦੌਰੇ ਤੇ ਰਹੇ ਅਤੇ ਕੋਈ ਟੀ.ਏ. ਕਲੇਮ ਨਹੀਂ ਕੀਤਾ। ਪਟਰੋਲ ਦੇ ਪੈਸੇ ਸਰਕਾਰੀ ਖਜ਼ਾਨੇ ਵਿਚ ਜ਼ਮ੍ਹਾਂ ਕਰਵਾ ਦਿਤੇ।
6. ਸ਼੍ਰੀ ਯੱਸ਼ ਪਾਲ ਆਬਕਾਰੀ ਤੇ ਕਰ ਮੰਤਰੀ	16 ਦਿਨ	2	37.50	99.00	1,080.00	14 ਦਿਨ ਨਿਜੀ ਦੌਰੇ ਤੇ ਰਹੇ ਅਤੇ ਇਨ੍ਹਾਂ ਦਿਨਾਂ ਦਾ ਕੋਈ ਟੀ.ਏ. ਕਲੇਮ ਨਹੀਂ ਕੀਤਾ। ਡਰਾਈਵਰ ਨੇ ਅਜੇ ਤੱਕ ਟੀ.ਏ. ਕਲੇਮ ਨਹੀਂ ਕੀਤਾ।
7. ਸ਼੍ਰੀ ਜੋਗਿੰਦਰ ਪਾਲ ਪਾਂਡੇ, ਲੋਕ ਨਿਰਮਾਣ ਮੰਤਰੀ	8 ਦਿਨ	ਕੋਈ ਨਹੀਂ	ਕੋਈ ਨਹੀਂ	922.91	219.95	ਇਨ੍ਹਾਂ ਦਿਨਾਂ ਵਿਚ ਮੰਤਰੀ ਜੀ ਨਿਜੀ ਦੌਰੇ ਤੇ ਰਹੇ ਅਤੇ ਕੋਈ ਟੀ. ਏ ਕਲੇਮ ਨਹੀਂ ਕੀਤਾ।
8. ਸ਼੍ਰੀ ਸੰਤੋਖ ਸਿੰਘ ਰੰਧਾਵਾ, ਰਾਜ ਮੰਤਰੀ, ਵਿਕਾਸ	8 ਦਿਨ	ਨਿਲ	ਕੋਈ ਨਹੀਂ	350.85	309·44	ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ ਅਤੇ ਸਰਕਾਰੀ ਕੰਮ ਕੀਤਾ।

1	2	3	4			5
	ਸਰਵਸ਼੍ਰੀ					
9.	ਕੁਮਾਰੀ ਸਰਲਾ ਪ੍ਰਾਸ਼ਰ, ਰਾਜ ਮੰਤਰੀ, ਸਮਾਜ ਭਲਾਈ	1½ ਦਿਨ	2	37.50	149.80	158.85	—
10.	ਸ਼੍ਰੀ ਜੱਥੇਦਾਰ ਸੋਹਨ ਸਿੰਘ ਜਲਾਲਉਸਮਾਨ, ਰਾਜ ਮੰਤਰੀ, ਜਨ ਸਿਹਤ	15 ਦਿਨ	9	287.50	962:96	637.22	ਮੰਤਰੀ ਜੀ 6 ਦਿਨ ਨਿਜੀ ਦੌਰੇ ਤੇ ਰਹੇ ਅਤੇ ਇਨ੍ਹਾਂ ਦਿਨਾਂ ਦਾ ਕੋਈ ਟੀ.ਏ. ਕਲੇਮ ਨਹੀਂ ਕੀਤਾ ।
11.	ਸ਼੍ਰੀ ਦਿਲਬਾਗ ਸਿੰਘ, ਰਾਜ ਮੰਤਰੀ, ਟ੍ਰਾਂਸਪੋਰਟ ਅਤੇ ਸ਼ਹਿਰੀ ਹਵਾਬਾਜ਼ੀ	1 ਦਿਨ	1	2545.00	543-15	174.40	—
12.	ਸ਼੍ਰੀ ਬਲਬੀਰ ਸਿੰਘ, ਰਾਜ ਮੰਤਰੀ, ਸਿਹਤ ਅਤੇ ਸੰਤ 'ਨ ਸੰਜਮ	2½ ਦਿਨ	1	12.50	170.50	122.15	ਮੰਤਰੀ ਜੀ ਨੇ 2 ਦਿਨ ਆਪਣੇ ਨਿਜੀ ਦੌਰੇ ਦਾ ਕੋਈ ਟੀ.ਏ. ਕਲੇਮ ਨਹੀਂ ਕੀਤਾ ।
13.	ਸਰਦਾਰ ਗੁਰਬਖਸ਼ ਸਿੰਘ ਸਿਬੀਆ, ਰਾਜ ਮੰਤਰੀ, ਸਿੰਜਾਈ ਅਤੇ ਬਿਜਲੀ	7 ਦਿਨ	3	37.50	535.45	237.76	ਮੰਤਰੀ ਜੀ ਨੇ ਦਿਨਾਂ ਵਿਚੋਂ 4 ਦਿਨਾਂ ਦਾ ਕੋਈ ਟੀ.ਏ. ਨਹੀਂ ਲਿਤਾ ।
14.	ਸਰਦਾਰ ਗੁਰਦਰਸ਼ਨ ਸਿੰਘ, ਰਾਜ ਮੰਤਰੀ, ਖੁਰਾਕ ਅਤੇ ਸਪਲਾਈ	2 ਦਿਨ	1	25.00	134.00	120.90	—

15.	ਸ਼੍ਰੀਮਤੀ ਗੁਰਬਿੰਦਰ ਕੌਰ ਬਰਾੜ, ਰਾਜ ਮੰਤਰੀ, ਮਕਾਨ ਉਸਾਰੀ	7½ ਦਿਨ	1	25.00	385.80	237.95	ਮੰਤਰੀ ਜੀ ਨੇ 6 ਦਿਨਾਂ ਦਾ ਕੋਈ ਟੀ.ਏ. ਨਹੀਂ ਲਿਆ । ਅੰਮ੍ਰਿਤਸਰ ਵਿਚ ਲੋਕਲ ਆਵਾਜਾਈ ਤੇ ਸਰਕਾਰੀ ਕਾਰ ਵਰਤਣ ਵਜੋਂ 92.20 ਪੈਸੇ ਸਰਕਾਰ ਕੋਲ ਜਮ੍ਹਾਂ ਕਰਾ ਦਿਤੇ ।
16.	ਸ਼੍ਰੀ ਖੁਸ਼ਹਾਲ ਬਹਿਲ, ਉਪ ਮੰਤਰੀ, ਘਰੇਲੂ ਉਦਯੋਗ	11 ਦਿਨ	3	50.00	431.15	334.95	ਮੰਤਰੀ ਜੀ 9 ਦਿਨ ਨਿਜੀ ਦੌਰੇ ਤੇ ਸਨ ਅਤੇ ਇਨ੍ਹਾਂ ਦਿਨਾਂ ਦਾ ਕੋਈ ਟੀ.ਏ. ਨਹੀਂ ਲਿਆ ।
17.	ਸ਼੍ਰੀ ਬਲਰਾਮ, ਉਪ ਮੰਤਰੀ, ਸੰਜਾਈ ਅਤੇ ਬਿਜਲੀ	7 ਦਿਨ	2	50.00	286.90	135.50	ਇਨ੍ਹਾਂ ਵਿਚੋਂ 5 ਦਿਨ ਮੰਤਰੀ ਜੀ ਨਿਜੀ ਦੌਰੇ ਤੇ ਰਹੇ । ਇਨ੍ਹਾਂ ਦਿਨਾਂ ਦਾ ਕੋਈ ਟੀ.ਏ. ਨਹੀਂ ਲਿਆ ਅਤੇ ਨਾ ਹੀ ਸਰਕਾਰੀ ਕਾਰ ਵਰਤੀ ।
18.	ਸਰਦਾਰ ਕੁਲਦੀਪ ਸਿੰਘ, ਮੁੱਖ ਸੰਸਦੀ ਸਕੱਤਰ	ਕੋਈ ਨਹੀਂ	ਕੋਈ ਨਹੀਂ	ਕੋਈ ਨਹੀਂ	ਕੋਈ ਨਹੀਂ	ਕੋਈ ਨਹੀਂ	—ਉਹੀ—

Original work with: Punjab Vidhan Sabha
Digitized by: Panjab Digital Library

ਔਰਤਾਂ ਅਤੇ ਲੜਕੀਆਂ ਦੀ ਬਰਦਾ ਫਰੋਸ਼ੀ ਨੂੰ ਰੋਕਣ ਸਬੰਧੀ ਐਕਟ, 1956 ਅਧੀਨ ਮਾਰੇ ਗਏ ਛਾਪੇ ।

*2610. **ਸ਼੍ਰੀ ਸਰਦਾਰੀ ਲਾਲ ਕਪੂਰ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਔਰਤਾਂ ਅਤੇ ਲੜਕੀਆਂ ਦੀ ਬਰਦਾਫਰੋਸ਼ੀ ਨੂੰ ਰੋਕਣ ਸਬੰਧੀ ਐਕਟ, 1956 ਅਧੀਨ ਸਾਲ 1973-74 ਦੇ ਦੌਰਾਨ ਰਾਜ ਵਿਚ ਜ਼ਿਲ੍ਹਾਵਾਰ ਕਿੰਨੇ ਛਾਪੇ ਮਾਰੇ ਗਏ ਅਤੇ ਉਨ੍ਹਾਂ ਦਾ ਸਿੱਟਾ ਕੀ ਨਿਕਲਿਆ ?

ਗਿਆਨੀ ਜ਼ੈਲ ਸਿੰਘ: ਔਰਤਾਂ ਅਤੇ ਲੜਕੀਆਂ ਦੀ ਬਰਦਾਫਰੋਸੀ ਨੂੰ ਰੋਕਣ ਸਬੰਧੀ ਐਕਟ, 1956 ਦੇ ਅਧੀਨ ਸਾਲ 1973-74 ਦੇ ਦੌਰਾਨ ਕੋਈ ਛਾਪੇ ਨਹੀਂ ਮਾਰੇ ਗਏ । ਪੁਲਿਸ ਨੇ ਗਸ਼ਤ ਅਤੇ ਹੋਟਲਾਂ, ਸਰਾਵਾਂ ਆਦਿ ਦੀ ਪੜਤਾਲ ਦੇ ਦੌਰਾਨ ਸਾਲ 1973-74 ਵਿਚ 927 ਮਰਦ ਅਤੇ 176 ਔਰਤਾਂ ਬਦਮਾਸ਼ੀ ਅਤੇ ਅਵਾਰਾ-ਗਰਦੀ ਦੇ ਅਲਜ਼ਾਮ ਵਿਚ ਫੜੇ ।

ਸਾਲ 1973-74 ਦੇ ਦੌਰਾਨ ਲੜਕੀਆਂ ਨਾਲ ਛੇੜਖਾਨੀ ਕਰਨ ਦੇ ਕੇਸ

*2611. **ਸ਼੍ਰੀ ਸਰਦਾਰੀ ਲਾਲ ਕਪੂਰ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 1973-74 ਦੇ ਦੌਰਾਨ ਰਾਜ ਵਿਚ ਪੁਲਿਸ ਅਧਿਕਾਰੀਆਂ ਪਾਸ ਦਰਜ਼ ਕਰਾਏ ਗਏ ਲੜਕੀਆਂ ਨਾਲ ਛੇੜਖਾਨੀ ਕਰਨ ਦੇ ਕੇਸਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ ;

(ਅ) ਕੀ ਰਾਜ ਵਿਚ 1973-74 ਦੇ ਦੌਰਾਨ ਛੇੜਖਾਨੀ ਕਰਨ ਦੇ ਕੇਸ ਸਾਲ 1972-73 ਦੇ ਮੁਕਾਬਲੇ ਜ਼ਿਆਦਾ ਸਨ ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਕਾਰਨ ਕੀ ਹਨ ;

(ੲ) ਸਰਕਾਰ ਦੁਆਰਾ ਅਜਿਹੇ ਜੁਰਮਾਂ ਨੂੰ ਘੱਟ ਕਰਨ ਲਈ ਕੀ ਉਪਾ ਕਰਨ ਦਾ ਵਿਚਾਰ ਹੈ ?

ਗਿਆਨੀ ਜ਼ੈਲ ਸਿੰਘ: (ੲ) ਸੂਚੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

(ਬੀ) ਹਾਂ ਜੀ ਕੇਵਲ 15 ਕੇਸਾਂ ਦਾ ਵਾਧਾ ਹੋਇਆ ਹੈ ਜੋ ਕਿ ਇਤਫਾਕਨ ਹੈ ।

(ਸੀ) ਇਸ ਨੂੰ ਰੋਕਣ ਲਈ ਪੁਲਿਸ ਦੀ ਚੌਕਸੀ ਨਾ ਕੇਵਲ ਜਾਰੀ ਰਖੀ ਹੈ ਬਲਕਿ ਵਧਾ ਦਿਤੀ ਹੈ । ਖਾਸ ਕਰਕੇ ਲੜਕੀਆਂ ਦੇ ਕਾਲਜਾਂ ਅਤੇ ਸਕੂਲਾਂ ਕੋਲ ਵਿਸ਼ੇਸ਼ ਧਿਆਨ ਦਿਤਾ ਜਾ ਰਿਹਾ ਹੈ ।

Original with;
Punjab Vidhan Sabha
Digitized by;
Panjab Digital Library

ਸਾਲ 1973-74 ਵਿਚ ਲੜਕੀਆਂ ਨਾਲ ਛੇੜਖਾਨੀ ਬਾਰੇ ਦਰਜ਼ ਕੀਤੇ ਮੁਕਦਮਿਆਂ ਦਾ ਮੁਚਾ

ਜ਼ਿਲ੍ਹਾ		ਸਾਲ 1973-74
ਜਲੰਧਰ	..	17
ਅੰਮ੍ਰਿਤਸਰ	..	11
ਲੁਧਿਆਣਾ	..	16
ਫ਼ਿਰੋਜ਼ਪੁਰ	..	19
ਹੁਸ਼ਿਆਰਪੁਰ	..	2
ਗੁਰਦਾਸਪੁਰ	..	8
ਕਪੂਰਥਲਾ	..	4
ਪਟਿਆਲਾ	..	6
ਬਠਿੰਡਾ	..	—
ਸੰਗਰੂਰ	..	1
ਰੂਪੜ	..	—
ਫ਼ਰੀਦਕੋਟ	..	3
ਜੋੜ	..	87

ਸ਼ਹਿਰੀ ਮਿਲਖ, ਗੜ੍ਹਾ ਰੋਡ, ਜਲੰਧਰ ਵਿਚ ਅਲਾਟ ਕੀਤੇ ਗਏ ਪਲਾਟ

*2668. ਕਾਮਰੇਡ ਸੱਤਪਾਲ ਡਾਂਗ: ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ ਇਹ ਠੀਕ ਹੈ ਕਿ ਸਰਕਾਰ ਨੇ ਅਕਤੂਬਰ, 1970 ਵਿਚ ਸ਼ਹਿਰੀ ਮਿਲਖ, ਗੜ੍ਹਾ ਰੋਡ ਜਲੰਧਰ ਵਿਖੇ ਰਿਹਾਇਸ਼ੀ ਪਲਾਟਾਂ ਦੀ ਕੀਮਤ ਦੇ ਹਿੱਸੇ ਵਜੋਂ ਵਡੀ ਗਿਣਤੀ ਵਿਚ ਲੋਕਾਂ ਤੋਂ ਬਿਆਨੇ ਦੀ ਰਕਮ ਪ੍ਰਾਪਤ ਕੀਤੀ ਸੀ ; ਜੇਕਰ ਅਜਿਹਾ ਹੋਵੇ ਤਾਂ ਅਜਿਹੇ ਲੋਕਾਂ ਦੀ ਗਿਣਤੀ ਕਿੰਨੀ ਹੈ ;

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸ਼ਤ ਪਾਲ ਡਾਂਗ]

(ਅ) ਅਜਿਹੇ ਲੋਕਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਪਲਾਟ ਅਲਾਟ ਕਰ ਦਿਤੇ ਗਏ ਹਨ ਅਤੇ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਅਜੇ ਤਕ ਪਲਾਟ ਅਲਾਟ ਨਹੀਂ ਕੀਤੇ ਗਏ ;

(ਏ) ਬਾਕੀ ਲੋਕਾਂ ਨੂੰ ਪਲਾਟ ਕਦੋਂ ਤਕ ਅਲਾਟ ਕਰ ਦਿਤੇ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਹੰਸ ਰਾਜ ਸ਼ਰਮਾ: (ਓ) ਨਹੀਂ ਜੀ । ਲੇਕਿਨ ਅਕਤੂਬਰ, 1971 ਤੋਂ ਮਾਰਚ, 1973 ਤਕ ਦੇ ਅਰਸੇ ਦੇ ਦੌਰਾਨ 3,754 ਵਿਅਕਤੀਆਂ ਤੋਂ ਬਿਆਨੇ ਦੀ ਰਕਮ ਪ੍ਰਾਪਤ ਹੋਈ ।

(ਅ) (ਏ) ਅਜੇ ਤਕ ਰਸਮੀ ਅਲਾਟਮੈਂਟ ਨਹੀਂ ਕੀਤੀ ਗਈ । ਲੇਕਿਨ ਆਮ ਜਨਤਾ ਅਤੇ ਸਰਕਾਰੀ ਕਰਮਚਾਰੀਆਂ ਵਿਚੋਂ ਬਿਨੈਕਾਰਾਂ ਨੂੰ ਅਲਾਟਮੈਂਟ ਕਰਨ ਲਈ ਅੰਤਮ ਰੂਪ ਦਿਤਾ ਜਾ ਚੁਕਾ ਹੈ ਅਤੇ ਉਪਰੋਕਤ ਅਤੇ ਦੂਜੀਆਂ ਕੈਟੇਗਰੀਆਂ ਦੇ ਯੋਗ ਵਿਅਕਤੀਆਂ ਨੂੰ ਰਸਮੀ ਅਲਾਟਮੈਂਟ ਪੱਤਰ ਜ਼ਾਰੀ ਕਰਨ ਲਈ ਜ਼ੋਰਦਾਰ ਕਾਰਵਾਈ ਕੀਤੀ ਜਾ ਰਹੀ ਹੈ ।

———

ਮੁਹਾਲੀ ਵਿਖੇ ਅਲਾਟ ਕੀਤੇ ਗਏ ਉਦਯੋਗਿਕ ਪਲਾਟ

*2738. ਸਰਦਾਰ ਅਜਾਇਬ ਸਿੰਘ ਸੰਧੂ: ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ਓ) ਹੁਣ ਤਕ ਮੁਹਾਲੀ (ਜ਼ਿਲ੍ਹਾ ਰੋਪੜ) ਵਿਖੇ ਕੁਲ ਕਿੰਨੇ ਉਦਯੋਗਿਕ ਪਲਾਟ ਅਲਾਟ ਕੀਤੇ ਗਏ ;

(ਅ) ਉਕਤ ਪਲਾਟਾਂ ਦੇ ਅਲਾਟੀਆਂ ਦੇ ਨਾਂ ਅਤੇ ਪੂਰੇ ਪਤੇ ਕੀ ਕੀ ਹਨ ;

(ਏ) ਕਿੰਨੇ ਉਦਯੋਗਪਤੀਆਂ ਨੇ ਇਨ੍ਹਾਂ ਪਲਾਟਾਂ ਤੇ ਆਪਣੇ ਉਦਯੋਗ ਸਥਾਪਤ ਕੀਤੇ ਹਨ ?

ਗਿਆਨੀ ਜ਼ੈਲ ਸਿੰਘ (ਮੁੱਖ ਮੰਤਰੀ): (ਓ) 239,

(ਅ) ਪਲਾਟਾਂ ਦੇ ਅਲਾਟੀਆਂ ਦੇ ਨਾਂ ਅਤੇ ਪੂਰੇ ਪਤੇ ਅਨੁਲੱਗ (ਕ) ਵਿਚ ਦਿਤੇ ਜਾਂਦੇ ਹਨ ।

(ਏ) 20 ਫੈਕਟਰੀਆਂ ਕਾਇਮ ਹੋ ਚੁਕੀਆਂ ਹਨ ਅਤੇ 60 ਫੈਕਟਰੀਆਂ ਦੀ ਉਸਾਰੀ/ਮਸ਼ੀਨਰੀ ਲਾਉਣ ਦਾ ਕੰਮ ਚਲ ਰਿਹਾ ਹੈ ।

Original with;
Punjab Vidhan Sabha
Digitized by;
Panjab Digital Library

ANNEXURE 'A

List of allottees of plots of Mohali Industrial Focal Point upto 30th July, 1974

Serial No.	Name and Address of the Party	Plot No. allotted
1.	M/s Pressed Concrete Works (P) Limited, C/o M/s Continental Construction Society, P.O Obra Mirza Pur (U.P.)	B—9 (Preferential)
2.	M/s Plastic Wear Private Limited, 1568/18—D, Chandigarh ..	C—4
3.	M/s Prince Industries, G.T. Road, Jullundur City ..	B—1 (P)
4.	M/s Davinder Singh Gill, 141/9—B, Chandigarh ..	B—2
5.	M/s Mohinder Singh Jobal, 7, 16 Sector 8-B, Chandigarh ..	B—3
6.	Shri H.S. Majih, Prop. Avlon Manufacturing Co., 608/16—D, Chandigarh ..	B—4 (P)
7.	M/s Joginder Singh Mangat and R.S. Sidhu, House No. 15/21—A, Chandigarh ..	C—9
8.	Shri Gurbax Singh, 539/8—B, Chandigarh ..	C—5
9.	Major Arjan Singh Dhillon, 222/16—A, Chandigarh ..	C—6 (P)
10.	M/s Kalsy Engineering Works, Plot No. 18 Timber Market, Chandigarh ..	C—7 (P)
11.	M/s Asian Sales Corporation, 118, Karnani Mansion, Calcutta—16 ..	C—8
12.	M/s Allied Carbon Products India, 3141/21-D, Chandigarh ..	C—10
13.	S. Teja Singh, 704/Sector 11, Chandigarh ..	C—11
14.	Shri Baljit Singh, Prop. Kiran Industries 1504/11-A, Chandigarh	C—12
15.	Shri S.P. Malik, 48/10—A, Chandigarh ..	C—13 (P)
16.	M/s Electo Industries, 18, Connaught Circus, Jullundur—1 ..	A—4
17.	M/s Diamond Industries, C/o M/s Suraj Parkash-Mohan Lal, Ghas Mandi, Ludhiana ..	A—5
18.	M/s Vindi Industrial Engineering Corporation, 12—3—I, Navjeevan Society, Mahim, Bombay—16 ..	B—6
19.	Hasbee Air Gun Factory, Mohali (District Ropar) ..	B—11 & B—12
20.	Punjab State Co-operative Supply and Marketing Federation Limitted, Chandigarh ..	B—7, B—8
21.	Shri Ajit Singh Rahal, 3WR—28, Hindustan Motors Limited., Uttar Para, Hugli, (West Bengal) ..	C—2
22.	M/s Sood Sons Engineering Enterprises, (Dr. Sat Parkash) 8/20—A, Chandigarh ..	D—1 (P)
23.	M/s H.S. Balbir & Brothers, A—14, Rana Partap Bagh, Delhi—7 ..	D—4
24.	Shri Shilwant Parkash Kapil, Civil Engineering Representative for Survey Engineering Instrument Factory, 719/8—B, Chandigarh ..	D—5
25	Shri Balbir Singh, 26/15-A, Chandigarh ..	D—6
26.	Shri Amar Singh, 526/18—B, Chandigarh ..	D—7
27.	Shri Sudesh Pal Sood, Village and Post Office Samrai, Tehsil and District, Jullundur ..	D—8
28.	Shri Balwant Singh, 187/18—C, Chandigarh ..	D—9
29	Shri Balwant Singh Gill, Prop. Gill Sons Food Products, SC.F. No. 1001/22-B, Chandigarh ..	D—10 (P)

Original with;
Punjab Vidhan Sabha
Digitized by;
Panjab Digital Library

1	2	3
30.	Lt.Col. H.N. Singh, H.Q. 25, Border Roads, Task Force, C/o 99 A.P.O. ..	D—11 (P)
31.	M/s Penneliania Hindustan Venricks, 1168/21—B, Chandigarh	D—12
32.	M/s Prithipal Singh Bains and Brothers, 623/16—D, Chandigarh ..	D—14
33.	Shri Uttam Singh, 449, Mohalla Gulgian, Bassi Pathanan, District Patiala ..	D—16
34.	Shri Sumar Singh, 142, Bajwara Market, Chandigarh ..	D—18
35.	Shri Mukhtiar Singh, 171/20—A, Chandigarh ..	D—17
36.	Shri Kewal Kumar Nagrat, C/o M/s Parkash Electric Works, Booth No. 52/27—C, Chandigarh ..	D—19
37.	Shri Krishan Kumar Chopra, S/o Shri Rulia Ram, B—IV—291, Mohalla Uncha Khara, Rupar ..	D20 (P)
38.	Dr. D.R. Grover, 624/18—A, Chandigarh ..	D—21 (P)
39.	M/s A.K. Fruit Products, C/o M/s A.P. Jains Co., 11/19—A, Chandigarh ..	D—23
40.	M/s Dalip Industries, C/o M/s Asian Rubber Industries, 18 Industrial Area, Chandigarh ..	D—24
41.	M/s Matharu Engineering Works, 32/16—D, Chandigarh ..	D—25
42.	Shri Amrit Lal Kataria, Modern Opticians, Booth No.9,22—D Chandigarh ..	D—27
43.	Dr. K.G.S. Chhakkar and Partner, 650/11-B, Chandigarh ..	D—28
44.	Kanshi Ram, Ajit Singh, Kurali (District Rupar) ..	D—30 (P)
45.	Shri Bal Kishan Singh Tuli, 359/9—D, Chandigarh ..	D—31
46.	M/s Dadjots Private Limited. J—3/7, Rajori Gardens, New Delhi—27 ..	D—33
47.	Shri Surinder Singh, B—Phara Valley View, Dhobi Ghat Road, Solan (H.P.) ..	D—34
48.	Shri Gian Singh Rarewala, 48, M.L.A. Flat, Chandigarh ..	C—14 (P)
49.	Shri Ravinder Gupta, 3283/19—D, Chandigarh ..	C—17
50.	Shri Rajinder Singh Parmar, Basti Mithu , Jullundur City ..	C—18
51.	Lt.Col. B.S. Grewal, AA & Q.M.C. Headquarters, 2 M.T.N. Division C/o 56 A.P.O. ..	D—35
52.	M/s Devgon Industries, Mohalla Rajputan, House No. 31, Nakodar (Jullundur) ..	D—36
53.	M/s Taini Maini & Co., 11/27-A, Chandigarh ..	D—37
54.	Shri Sukhdev Singh Kundal, Prop. M/s Punjab Agro-Industries, 1072/27—B, Chandigarh ..	D—38 (P)
55.	M/s Surn Singh Lachhman Singh, Katra Hari Singh, Amrit sar ..	B—13 & B—14 (P)
56.	M/s The Punjab State Industrial Development Corporation Limited, Chandigarh ..	A—1 (P)
57.	M/s Travelmatics Limited., 152/9—B, Chandigarh ..	C—11
58.	Capt. Anant Singh, Editor, The Punjab Mail, Chandigarh ..	C—20 (P) (plot resumed).
59.	M/s Garg Industrial Corporation, 359, Industrial Area, Chandigarh ..	D—3
60.	Chairman, Punjab State Electricity Board, Patiala ..	A—2

Original with;
Punjab Vidhan Sabha
Digitized by;
Panjab Digital Library

1	2	3
61.	Shri Kanwar Rajinder Singh Bedi, Tehsil Road, Fazilka (District Ferozepur) ..	B—9
62.	Punjab State Industrial Development Corporation, Chandigarh	A—3
63.	M/s Ajay Electronic Industries, D-358, Defence Colony, New Delhi—3. ..	A—6
64.	M/s Ramji Dass-Hit Ablashi Cotton Ginning Factory, Budhlada. ..	C—28
65.	Mrs. Achla Gupta, Partner, M/s United General Industries, J—46, Lajpat Nagar, New Delhi—3. ..	B—4
66.	M/s Jagjit Industries Corporation, 3142/21—D, Chandigarh ..	B—18
67.	M/s Sunshine Electronics, Booth No. 10, Sector 18—C, Chandigarh ..	C—25
68.	Shri Rajash Khosla, 644/Sector 16—D, Chandigarh ..	B—17
69.	Sarvshri Lt. Col. Atma Singh Pannu, Mohinder Singh Devinder Singh Pannu, owners M/s P.P. Pannu Industries, 2524 Sector 35—C, Chandigarh ..	C—29
70.	M/s National Electronic Corporation, 20—A, Sector 4, Chandigarh ..	E—3
71.	Shri Joginder Singh Sahni, Prop. M/s Sahni Chemical Works, 49, Sector 19—C, Chandigarh. ..	C—26
72.	Shri Jasbir Singh Manoocha, 2133, Sector 15/C, Chandigarh ..	B—15
73.	M/s National Agro-Industrial Corporation 200, Sector 19—A Chandigarh ..	B—20
74.	Shri Inderjit Grewal, 3273, Sector 35—D, Chandigarh ..	C—24
75.	Shri Surinder pal Singh Sethi and Major Iqbal Singh Sethi C/o N.C.C. Directorate, Sector 9—B, Chandigarh ..	C—23
76.	M/s Consort Plastic Private Ltd., 369, Sector 9—D, Chandigarh ..	C—32
77.	Shri Sohan Singh Bedi, 3085, Sector 19—D, Chandigarh ..	C—30
78.	Punjab Nirayat and Ayat Private Ltd 53, New Raja Mandi, Agra-2 ..	C—21
79.	M/s Plastic Industries, Booth No. 4, Grain Market, Chandigarh ..	C—37
80.	Sarvshri Satinder Mohan Singh Avinash Mohindroo C/o M/s Prestige Mall Cables Old Leader Works, Hoshiarpur Road, Jullundur City ..	C—35
81.	Shri Teja Singh Gill, 673, Sector 11—B, Chandigarh ..	C—33
82.	Flt. Sargeant Daya Singh, Radar Mechanic No. 507, S.U. Air Force, C/o 99 A.P.O. ..	C—22
83.	Shri Amar Nath son of Shri PuranChand, C/o V.K. Engineering Works, B—111/107, Subash Nagar, Ludhiana ..	D—21
84.	M/s Tankque Industries, 72, Sector 18—A, Chandigarh ..	C—34
85.	Shri Trilochan Singh, 1290 Sector-18/C, Chandigarh ..	C—38
86.	M/s Diamond Plastic Works, 52, Sector 28/A, Chandigarh ..	C—36
87.	Shri J. J. P. Singh and Sachdev Singh, 77, Sector 19—A Chandigarh. ..	C—31
88.	Sh. J.S. Sidhu, Promotor M/s. Nestor Steal Plant Corporation, 203, Sector 16—, Chandigarh ..	E—5
89.	M/s Princa Coach Builders, G.T. Road, Jullundur City. ..	E—2

Original with;
Punjab Vidhan Sabha
Digitized by;
Panjab Digital Library

1	2	3
90.	Shri Harinder Pal Singh Dhillon, No. 714, Sector 7—B, Chandigarh. ..	B—16
91.	M/s Alwind Industries, 78, Industrial Area, Chandigarh ..	B—19
92.	M/s Gurunanak Enterprises, Sector 8, Chandigarh ..	C—40
93.	Shri Bhupinder Singh Behal, Suraj Ganj, Jullundur City ..	C—53
94.	Shri Dharampal Gupta, C/o M/s Soda Water Factory, Sujanpur *via* Pathankot. ..	C—49
95.	Shri Manjit Singh Kawatra, 668, Sector 7—C, Chandigarh..	C—50
96.	M/s Choda Brothers, 1650, Sector 7—C, Chandigarh ..	B—31
97.	M/s National Spun Pipe Company, 16—B, Industrial Estate, Rajpura ..	B—29
98.	Shri Raj Kumar Abrol, 730, Sector 11-B,, Chandigarh ..	C—52
99.	Shri Ram Pal Malhotra, 2130, Sector 22-C, Chandigarh ..	C—47
100.	Shri Pritam Singh, 3033, Sector 19-D, Chandigarh ..	C—42
101.	Lt. Col. H. S. Brar, 105, Air Defence, Regiment c/o 56 A. P. O ..	C—39
102.	Shri M. L. Goel, Karnal Medicine Agencies, Choura Bazar, Karnal ..	C—41
103.	M/s. Kasturi Lal Mool Krishan, 15, Timber Market. Chandigarh ..	C—34
104.	Shri M. R. Gadgila, 349, Sector 15-A, Chandigarh ..	C—46
105.	M/s. Ranbaxy Laboratory Ltd., 15-A, Aurangzeb Road, New Delhi ..	A—11
106.	Shri L. D. Gupta, Show Room No. 19, Sector 7-C Madhya Marg, Chandigarh ..	B—33
107.	Shri Ajay Kumar Sharma, 233/16-A, Chandigarh ..	B—37
108.	Sarvshri S. C. Vaid and Capt. K S. Bajwa, Amrit Dyes and Chemicals, Company, Chauri Sarak, Ludhiana ..	B—38
109.	Shri Amarjit Singh Bhatia, 112-A/L. Model Town, Yamuna Nagar (Haryana) ..	C—54
110.	Shri Bhupinder Singh Grewal, 15, Southern Avenue, Calcutta ..	C—48
111.	Lt. Col. Mohinder Singh, A. D, R. O. S. Hqrs. Western Command, Simla ..	C—44
112.	Shri Sudhir Kashyap, 8, Jor Bagh, New Delhi-3 ..	C—45
113.	Shri Kukreja Krishan Lal, Disposal Road, Model Town, Ludhiana ..	C—51
114.	Shri Ajit Singh Kalha, Managing Partner of M/s Paragon Industries, 74-Industrial Area, Chandigarh ..	B—30
115.	Shri Des Raj R. R. Industries, 79-Industrial Area, Chandigarh ..	B—36
116.	M/s. Sapnudyog, Plot No. B-39, Industrial Focal Point, Mohali (District Ropar) ..	B—39

Original with;
Punjab Vidhan Sabha
Digitized by;
Panjab Digital Library

1	2		3
117.	Shri Ajit Singh Arora, M/s. Alliance International Traders, G. A., Chowranghee Place, Room No. 62, Calcutta	..	B—35
118.	M/s. Punjab Anand Batteries Ltd., Chandigarh	..	A—9 & A—10
119.	M/s. Punjab Tractors Ltd., Chandigarh	..	One plot
120.	M/s. Molins of India Ltd., Chandigarh	..	A—7
121.	M/s. Byford Tractors Ltd., New Delhi	..	A—8
122.	Shri Harnam Singh Patwalia, 85, Sector 10, Chandigarh	..	B—23
123.	Shri Kanwaljit Singh Narang, Jagatjit Singh, 114, Sector 9-B, Chandigarh	..	B—41
124.	Shri H. C. Saxena, 1696, Sector 18-B, Chandigarh	..	B—43
125.	Shri Brinder Pal Singh Gill, 51, Sector 8-A, Chandigarh	..	B—47
126.	M/s. Daljit Singh Jagdeepak Singh, 20, Doctors Avenue, Majitha Road, Amritsar	..	B—46
127.	M/s. Amar Polyfabs Private Ltd., B-45, Industrial Estate, Mohali, (District Ropar)	..	B—45
128.	Shri Kartar Singh, c/o M/s. Kartar Chemical Works, Bombay	..	B—44
129.	Shri Harinderjit Singh, 3370, Sector 19-D, Chandigarh	..	C—43
130.	Shri D. P. Goel, M/s. Sunrise Industries, c/o M/s. Rashtriya Engineering Works, G. T. Road, Batala	..	B—24
131.	Shri Ravi Bhushan Sharma, 2805, Sector 22-C, Chandigarh	..	B—25
132.	M/s. Naunihal Singh Manmohan Singh, H-3, Green Park Extension, New Delhi	..	C—1
133.	M/s. Sudha Pharmaceuticals Private Ltd., F-14, Sector 14, Chandigarh	..	B—26
134.	Shri K. L. Kaushal, P. B. No. 80, Limuru, Kenya, East Africa	—	C—16
135.	M/s. Liberators Private Ltd., House No. 643, Sector 16-D, Chandigarh	..	B—27
136.	M/s. Pivot Fabrique, 706, Sector 11-A, Chandigarh	..	B—28
137.	Shri Shiv Dass Kapoor, Harinder Nagar, Faridkot	..	B—22
138.	Shri Gurdial Singh and Major Amarjit Singh, Chandigarh	..	B—10
139.	Smt. Kulwant Kaur and Shri Saudagar Singh, 337, Industrial Area, Chandigarh	..	B—2
140.	M/s. Anant Ram Balwant Singh, Kurali (District Ropar)	..	D—13
141.	Shri Surinder Singh Sidhi, c/o Shri A. S. Brar, I.A.S. (Rtd.), Gurbux Colony, Patiala	..	D—15
142.	Shri Piara Singh, House No. 2072, Sector 21-C, Chandigarh	..	D—22
143.	Shri Sawarn Singh Trade Link, Near Octroi Post, Sultan Wind Road, Amritsar.	..	D—26

Original with;
Punjab Vidhan Sabha
Digitized by;
Panjab Digital Library

1	2	3
144.	Shri Massa Singh, House No. 39, Sector 21—A, Chandigarh ..	D—29
145.	Sarvshri Ujjar Singh, Puran Singh, village Bhago Majra, Post Office Roorki Pukhta, (Rupar) ..	D—32
146.	Shri Dharamvir Sharma, Birmingham' U.K' ..	C—3
147.	Col. P. S. Dhillon C/o M/s The Paragon Urility Finances, G.T. Road, Jullundur City ..	A—1
148.	Shri Pritam Singh, 89, Industrial Area, Chandigarh ..	B—40
149.	Shri Gopal Singh, 1370/22—B, Chandigarh ..	C—64
150.	M/s Swar Chemical Works, Shop-cum-Flat No. 22, Sector 19—C, Chandigarh ..	C—65
151.	Shri Ved Parkash Ahuja, 'Ahuja Building'' Islamia School Road, Ludhiana ..	C—66
152.	Shri Durga Dass Arora, C/o Shri S.L. Monga, Kucha Qalander Bux, AM-11/7, Ferozepur City ..	C—67
153.	M/s Modern Sanitary Fittings, C/o Shri Sant Ram, Coal Depot Holder, Jullundur ..	C—68
154.	M/s Major Singh Gurmej Singh, C/o Shri Mohan Singh' 1457, 23—D, Chandigarh ..	C—69
155.	Major Balbir Singh, 12, J & K Miltia C/o 56 A.P.O. ..	C—70
156.	Shri Satish Kumar Talwar, C/o Shri Hari Krishan Talwar, 221, 19—A' Chandigarh ..	L—71
157.	M/s Ess Tea Cee, 12, Sector 21—A, Chandigarh ..	C—72
158.	Shri Rajnish Kumar of M/s Ahuja Industries, 14, Industrial Area, Chandigarh ..	C—73
159.	M/s Inderjit Engineering Corporation, 400 L, Model Town, Ludhiana ..	C—74
160.	M/s Bahri Brother Metal Products' Corporation, 75—C, Shaheed Udham Singh Nagar, Civl Lines, Ludhiana ..	C—75
161.	M/s Industrial Packers and Laminators, 2136, Sector 15—C, Chandigarh ..	C—59
162.	Shri Charanjit Singh Cheema and Shrimati Devinder Kaur, Shop-cum-Flat No. 126, Sector 20-B Chandigarh ..	C—61
163.	Shri Avinash S. Ludhra Partner M/s K.G. Enterprises' 10, Sector 21—A, Chandigarh ..	C—60
164.	M/s Punjstar Standard Electronics Ltd., Chandigarh ..	A—12
165.	M/s Punjab Steel Pipes and Tubes Co., 75 Sector 5' Chandigarh	A—16
166.	M/s Trioda Electricals Near Nigar Cinema, Ambala Cantt. ..	B—50
167.	Sarvshri S.S. Randhawa and R.S. Randhawa, 58, Sector 2, Chandigarh ..	A—33
168.	Shri S.R. Jandial C/o Shri D.N. Mehajan Anand Varsha, Maqbool Road, Amritsar ..	B—49
169.	M/s Chemvin Industries, 52, Sector 28—A, Chandigarh. ..	B—48
170.	Dr. B.S. Brar' 21, Skybrics, Drive, Thills, 10984—U.S.A. ..	B—42
171.	Shri Jasbir Inder Singh, 81, Hathford Road, Reading Berks, England ..	C—58
172.	M/s Prism Plastics Private Ltd', 716, Sector 8—B, Chandigarh	C—55
173.	Shri R. Bedi for M/s Rocksteel Private Ltd., 194, Sector 16—A, Chandigarh. ..	C—56

Original with;
Punjab Vidhan Sabha
Digitized by;
Panjab Digital Library

1	2	3
174.	Shri Man Singh Prop. Manjit Industries Booth No. 28, Sector 23—D, Chandigarh ..	C—57
175.	Shri Sukhjit Singh, son of Shri Udham Singh, Superintendent Police, Ropar ..	C—78
176.	Shri Arun Kumar Gupta, S/o Shri Harbans Lal Advocate, House No. 68, Sector 8, Chandigarh ..	C—76
177.	Shri Ajay Swaroop 696, Sector 8—B, Chandigarh ..	C—81
178.	Mrs. Lakhshmi Chhabra, wife of Shri J. R. Chhabra I.P S., I.G. Police, Punjab, Chandigarh ..	B—56
179.	M/s Mohali Co-operative and Publishing Society Ltd., 1036-37, S.C.O. Sector 22—C, Chandigarh ..	B—52
180.	M/s Khanna Yarn & Textiles (Private) Ltd., 759, Sector 8—B, Chandigarh ..	A—14
181.	Mrs. Brij Mohindra, wife of Major Som Datt, House No. 81, ector 7, Chandigarh	Petrol Pump site (on lease)
182.	M/s Raja Ram Corn Products (Punjab) Private Ltd., Kothi No. 100, Sector 8—A, Chandigarh ..	A—18
183.	Punjab Housing and Development Board, Chandigarh ..	A—19
184.	Shri Mohan Singh, House No. 58, Sector 4, Chandigarh ..	C—77
185.	Construction of sheds for allotment to unemployeed educated entrepreneurs under Government of India Scheme ..	46 plots
186.	Managing Director, Punjab Dairy Development Corporation Ltd., Chandigarh ..	one plot.
187.	Shri Manmohan Singh Atwal, 100, Heaven Avenue Power, New York ..	A—17
188.	Shri Shiv Dayal Singh Sidhu, House No. 1072, Sector 15—B Chandigarh ..	B—22
182.	M/s Judge Associates House No. 254, Sector 11—A, Chandigarh. ..	C—15
190.	Shri Surrinder C/o Shri Babu Ram village Gadjo Majra Post Office and Tehsil Rajpura, (Patiala) ..	C—27
	Total ..	239 plots

Original with;
Punjab Vidhan Sabha
Digitized by;
Panjab Digital Library

ਮੁਹਾਲੀ ਵਿਖੇ ਸਰਕਾਰੀ ਅਫਸਰਾਂ ਨੂੰ ਅਲਾਟ ਕੀਤੇ ਗਏ ਉਦਯੋਗਿਕ ਪਲਾਟ

*2739. **ਸਰਦਾਰ ਅਜਾਇਬ ਸਿੰਘ ਸੰਧੂ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਉਹਨਾਂ ਸਰਕਾਰੀ ਅਫਸਰਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਨੂੰ ਮੁਹਾਲੀ (ਜ਼ਿਲ੍ਹਾ ਰੋਪੜ) ਵਿਖੇ ਉਦਯੋਗਿਕ ਪਲਾਟ ਅਲਾਟ ਕੀਤੇ ਗਏ ਹਨ;

(ਅ) ਕੀ ਇਹ ਠੀਕ ਹੈ ਕਿ ਅਲਾਟਮੈਂਟ ਦੀਆਂ ਸ਼ਰਤਾਂ ਵਿਚੋਂ ਇਕ ਸ਼ਰਤ ਇਹ ਹੈ ਕਿ ਉਹ ਇਨ੍ਹਾਂ ਪਲਾਟਾਂ ਨੂੰ ਦੁਬਾਰਾ ਨਹੀਂ ਵੇਚ ਸਕਦੇ ਪਰੰਤੂ ਉਹ ਉਹਨਾਂ ਨੂੰ ਉਸ ਮਕਸਦ ਲਈ ਹੀ ਵਰਤਣਗੇ ਜਿਸ ਲਈ ਇਹ ਪਲਾਟ ਅਲਾਟ ਕੀਤੇ ਗਏ ਹਨ;

(ੲ) ਜੇਕਰ ਉਪਰੋਕਤ ਭਾਗ (ਅ) ਦਾ ਉਤਰ ਹਾਂ ਵਿਚ ਹੋਵੇ ਤਾਂ ਕੀ ਉਕਤ ਪਲਾਟਾਂ ਨੂੰ ਦੁਬਾਰਾ ਵੇਚਣ ਜਾਂ ਪੱਟੇ ਤੇ ਦੇਣ ਸਬੰਧੀ ਕੋਈ ਸ਼ਿਕਾਇਤਾ ਸਰਕਾਰ ਨੂੰ ਮਿਲੀਆਂ ਹਨ, ਜੇਕਰ ਅਜਿਹਾ ਹੋਵੇ, ਤਾਂ ਹੁਣ ਤੁਕ ਉਹਨਾਂ ਤੇ ਕੀ ਕਾਰਵਾਈ ਕੀਤੀ ਗਈ ?

ਗਿਆਨੀ ਜ਼ੈਲ ਸਿੰਘ (ਮੁੱਖ ਮੰਤਰੀ) : (ੳ) ਸਰਕਾਰੀ ਅਫਸਰਾਂ ਦੇ ਨਾਂ ਜਿਨ੍ਹਾਂ ਨੂੰ ਮੁਹਾਲੀ ਫੋਕਲ ਪੁਆਇੰਟ ਵਿਖੇ ਪਲਾਟ ਅਲਾਟ ਕੀਤੇ ਗਏ ਹਨ, ਦੀ ਸੂਚਨਾ ਦਾ ਵਿਵਰਣ ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ ।

(ਅ) ਅਲਾਟਮੈਂਟ ਦੀਆਂ ਸ਼ਰਤਾਂ ਮੁਤਾਬਕ ਅਲਾਟੀ ਪੂਰੀ ਤੇ ਅੰਤਿਮ ਖ਼ਰੀਦ ਕੀਮਤ ਦੀ ਅਦਾਇਗੀ, ਫੈਕਟਰੀ ਦੀ ਇਮਾਰਤ ਮੁਕੰਮਲ ਕਰਨ ਅਤੇ ਮਸ਼ੀਨਰੀ ਲਾਉਣ ਤੋਂ ਬਿਨਾਂ ਉਦਯੋਗਿਕ ਪਲਾਟ ਨੂੰ ਨਹੀਂ ਵੇਚ ਸਕਦਾ ।

ਇਹ ਠੀਕ ਹੈ ਕਿ ਅਲਾਟਮੈਂਟ ਦੀਆਂ ਸ਼ਰਤਾਂ ਅਨੁਸਾਰ ਪਲਾਟ ਉਸੇ ਉਦਯੋਗ ਲਈ ਵਰਤੋਂ ਵਿਚ ਲਿਆਂਦਾ ਜਾ ਸਕਦਾ ਹੈ, ਜਿਸ ਵਾਸਤੇ ਇਹ ਅਲਾਟ ਕੀਤਾ ਗਿਆ ਹੋਵੇ ।

(ੲ) ਫੋਕਲ ਪੁਆਇੰਟ ਮੁਹਾਲੀ ਵਿਖੇ ਪਲਾਟ ਨੰ: ਸੀ-20 ਬਾਰੇ ਇਕ ਬੈਂਕ ਨੂੰ ਕਿਰਾਏ ਤੇ ਦੇਣ ਸਬੰਧੀ ਰਿਪੋਰਟ ਪ੍ਰਾਪਤ ਹੋਈ ਸੀ । ਇਹ ਪਲਾਟ ਹੁਣ ਰਿਜ਼ਿਊਮ ਕੀਤਾ ਜਾ ਚੁੱਕਾ ਹੈ । ਇਹ ਪਲਾਟ ਖਾਲੀ ਕਰਾਉਣ ਬਾਰੇ "ਦੀ ਪੰਜਾਬ ਪਬਲਿਕ ਪ੍ਰੀਮਸਜ਼ ਐਂਡ ਲੈਂਡ (ਅਵਿਕਸ਼ਨ ਐਂਡ ਰੈਂਟ ਰਿਕਵਰੀ) ਐਕਟ, 1973" ਅਧੀਨ ਕੁਲੈਕਟਰ, ਰੋਪੜ ਨੂੰ ਅਰਜ਼ੀ ਦਿਤੀ ਹੋਈ ਹੈ ।

ANNEXURE 'A'

The names of Government Officers who have been allotted Industrial Plots in Focal Point Mohali.

S. No.	Plot No.	Name & Address
1.	D-11	Lt. Col. H. N. Singh, Head Quarter 25, Border Roads, Task Force, C/O 56, A.P.O.

Original with;
Punjab Vidhan Sabha
Digitized by;
Panjab Digital Library

S. No.	Plot No.	Name and Address
2.	D-35	Brigadier B. S. Grewal, Commander C/o 56, A.P.O.
3.	G-22	Flt. Ser-geant Dya Singh, Mechanic, 2147/21-C, Chandigarh.
4.	C-44	Lt. Col. Mohinder Singh, A.D.R.O.S Head Quarter Western Command, Simla.
5.	C-70	Major Balbir Singh, 12 J&K Militia, C/O 56, A.P.O.
6.	Plot No. has not yet been allotted.	Air Vice Marshal S. P. Sahi, PVSM, Headquarter Western Air Command, New Delhi.
7.	G-39	Lt. Col H. S. Brar, 105 Air Defence Regiment, C/o 56,A.P.O.

INCREASED PAY-SCALES FOR COLLEGES/UNIVERSITY TEACHERS IN THE STATE

*2732. **Comrade Shamsher Singh Josh** : Will the Minister for Education be pleased to state whether the State Government has given its concurrence to a Central Scheme of meeting 80% of additional expenditure on account of increased pay-scales and salaries of College and University teachers; if not, the reasons therefor ?

Shri Gurmail Singh : Details of the scheme have not so far been sent by Government of India. Decision can be taken only on receipt of the scheme.

[ਭਾਰਤ ਸਰਕਾਰ ਨੇ ਸਕੀਮ ਦੇ ਵੇਰਵੇ ਅਜੇ ਤਕ ਨਹੀਂ ਭੇਜੇ ਹਨ । ਫੈਸਲਾ ਵੇਰਵਾ ਆਉਣ ਤੇ ਹੀ ਕੀਤਾ ਜਾ ਸਕਦਾ ਹੈ ।]

ਬਲਾਚੌਰ—ਨਵਾਂ ਸ਼ਹਿਰ ਸੜਕ ਦੇ ਬਚਾਅ ਲਈ ਰੀਟੇਨਿੰਗ ਵਾਲ ਦਾ ਨਿਰਮਾਣ

*2720. **ਮਾਸਟਰ ਦਲੀਪ ਚੰਦ** : ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਲਾਚੌਰ-ਨਵਾਂ ਸ਼ਹਿਰ ਸੜਕ ਜਿਥੋਂ ਕਿ ਇਹ ਪਿੰਡ ਗੜ੍ਹੀ ਦੇ ਨੇੜੇ ਇਕ ਵੱਡੇ ਤਲਾਬ ਦੇ ਕੰਢੇ ਤੋਂ ਲੰਘਦੀ ਹੈ ਅਤੇ ਇਤਨੀ ਬੁਰੀ ਹਾਲਤ ਵਿਚ ਹੈ ਕਿ ਖਤਰਨਾਕ ਦੁਰਘਟਨਾਵਾਂ ਹੋਣ ਦੀ ਸੰਭਾਵਨਾ ਹੈ, ਦੇ ਬਚਾਓ ਲਈ ਸਰਕਾਰ ਰੀਟੇਨਿੰਗ ਵਾਲ ਬਣਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤਕ ?

ਸ਼੍ਰੀ ਜੋਗਿੰਦਰ ਪਾਲ ਪਾਂਡੇ : ਪਿੰਡ ਗੜ੍ਹੀ ਦੇ ਨੇੜੇ ਲੰਘਦੀ ਬਲਾਚੌਰ-ਨਵਾਂ ਸ਼ਹਿਰ ਸੜਕ ਟਰੈਫਿਕ ਦੀ ਆਵਾਜਾਈ ਲਈ ਠੀਕ ਹੈ । ਹਾਲ ਦੀ ਘੜੀ ਰੀਟੇਨਿੰਗ ਵਾਲ ਬਣਾਉਣ ਦਾ ਵਿਚਾਰ ਨਹੀਂ ਪਰੰਤੂ ਢੋਲ ਲਾਕੇ ਸੜਕ ਦੀ ਮਜ਼ਬੂਤੀ ਨੂੰ ਕਾਇਮ ਰੱਖਿਆ ਹੋਇਆ ਹੈ । ਸੜਕ ਨੂੰ ਚੌੜਾ ਕਰਨ ਵੇਲੇ ਬਾਕੀ ਸਭ ਗੱਲਾਂ ਦਾ ਖਿਆਲ ਰਖਿਆ ਜਾਵੇਗਾ ।

Original with;
Punjab Vidhan Sabha
Digitized by;
Panjab Digital Library

1973-74 ਦੇ ਦੌਰਾਨ ਬਦਚਲਣੀ (ਬਦਕਾਰੀ) ਦੇ ਕੇਸ

*2612. **ਸ਼੍ਰੀ ਸਰਦਾਰੀ ਲਾਲ ਕਪੂਰ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) ਰਾਜ ਵਿਚ 1973-74 ਦੇ ਦੌਰਾਨ ਬਦਚਲਣੀ (ਬਦਕਾਰੀ) ਦੇ ਜ਼ਿਲ੍ਹਾਵਾਰ ਕਿੰਨੇ ਕਿੰਨੇ ਕੇਸਾਂ ਦਾ ਪਤਾ ਲਗਾਇਆ ਗਿਆ ਅਤੇ ਸਾਲ 1972-73 ਦੇ ਦੌਰਾਨ ਇਨ੍ਹਾਂ ਦੀ ਗਿਣਤੀ ਕਿੰਨੀ ਕਿੰਨੀ ਸੀ;

(ਅ) ਕੀ ਪੰਜਾਬ ਰਾਜ ਵਿਚ ਬਦਚਲਣੀ (ਬਦਕਾਰੀ) ਦੀ ਸ਼ਕਾਇਤ ਵੱਧ ਰਹੀ ਹੈ ਜਾਂ ਘੱਟ ਰਹੀ ਹੈ ?

ਗਿਆਨੀ ਜ਼ੈਲ ਸਿੰਘ : (ੳ) ਰਾਜ ਵਿਚ ਸਾਲ 1973-74 ਦੇ ਦੌਰਾਨ ਬਦਚਲਣੀ (ਬਦਕਾਰੀ) ਦੇ ਵਾਸਤੇ ਅਵਾਰਾਗਰਦੀ ਕਰਦੇ ਹੋਏ 927 ਮਰਦ, 176 ਔਰਤਾਂ ਪਕੜੀਆਂ ਗਈਆਂ । ਸਾਲ 1972-73 ਵਿਚ 877 ਮਰਦ, 114 ਔਰਤਾਂ ਪਕੜੇ ਗਏ ਸਨ ।

(ਅ) ਹੋਰਨਾਂ ਸੂਬਿਆਂ ਦੇ ਮੁਕਾਬਲੇ ਪੰਜਾਬ ਵਿਚ (ਬਦਕਾਰੀ) ਬਹੁਤ ਘੱਟ ਹੈ ਕਿਉਂਕਿ ਬਦਕਾਰੀ ਚੋਰੀ ਛਿਪੇ ਕੀਤੀ ਜਾਂਦੀ ਹੈ ਇਸ ਲਈ ਇਹ ਕਹਿਣਾ ਮੁਸ਼ਕਲ ਹੈ ਕਿ ਇਹ ਵੱਧ ਰਹੀ ਹੈ ਜਾਂ ਘੱਟ ਰਹੀ ਹੈ । ਲੇਕਿਨ ਖੁਲ੍ਹੇ-ਆਮ ਪੰਜਾਬ ਵਿਚ ਇਸ ਵੇਲੇ ਪੇਸ਼ੇ (ਬਿਜ਼ਨੈਸ) ਦੇ ਤੌਰ ਤੇ ਬਦਮਾਸ਼ੀ ਦਾ ਕੋਈ ਅੱਡਾ ਨਹੀਂ ਚਲ ਰਿਹਾ ।

ਰੇਲਵੇ ਕਰਮਚਾਰੀਆਂ ਵਿਰੁਧ ਕੇਸਿਜ਼

*2711. **ਕਾਮਰੇਡ ਸੱਤਪਾਲ ਡਾਂਗ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) ਰਾਜ ਵਿਚ ਮਈ, 1974 ਦੇ ਮਹੀਨੇ ਦੇ ਦੌਰਾਨ ਅਰਥਾਤ ਰੇਲਵੇ ਹੜਤਾਲ ਦੇ ਸਮੇਂ ਅਤੇ ਇਸ ਸਬੰਧ ਵਿਚ ਗ੍ਰਿਫ਼ਤਾਰ ਕੀਤੇ ਗਏ ਰੇਲਵੇ ਕਰਮਚਾਰੀਆਂ ਦੀ ਕੁਲ ਗਿਣਤੀ ਕਿੰਨੀ ਹੈ;

(ਅ) ਕੀ ਰਾਜ ਸਰਕਾਰ ਦੁਆਰਾ ਉਹਨਾਂ ਵਿਚੋਂ ਕੁਝ ਕਰਮਚਾਰੀਆਂ ਵਿਰੁਧ ਕੇਸ ਵਾਪਸ ਲਏ ਗਏ ਹਨ ;

(ਏ) ਅਜੇ ਤਕ ਵਾਪਸ ਨਾ ਲਏ ਗਏ ਕੇਸਾਂ ਦਾ ਵੇਰਵਾ ਕੀ ਹੈ ?

ਗਿਆਨੀ ਜ਼ੈਲ ਸਿੰਘ : (ੳ) 450 ।

(ਅ) ਜਿਨ੍ਹਾਂ ਕੇਸਾਂ ਵਿਚ ਡਰਾਉਣ-ਧਮਕਾਉਣ ਜਾਂ ਹਿੰਸਾ ਜਾਂ ਤੋੜ ਫੋੜ ਜਾਂ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਨਹੀਂ ਹਨ, ਵਾਪਸ ਲਏ ਜਾ ਰਹੇ ਹਨ ।

(ਏ) ਅਜੇ ਤਕ ਵਾਪਸ ਨਾ ਲਏ ਗਏ ਕੇਸਾਂ ਦਾ ਵੇਰਵਾ ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ ।

Original with;
Punjab Vidhan Sabha
Digitized by;
Panjab Digital Library

ਸੂਚੀ

	ਗ੍ਰਿਫਤਾਰ ਹੋਏ ਕਰਮਚਾਰੀਆਂ ਦੀ ਗਿਣਤੀ
1. ਮੁਕਦਮਾ ਨੰ: 463/74, ਧਾਰਾ 118/119, ਡੀ.ਆਈ. ਆਰ. ਅਤੇ 188 ਭਾਰਤ ਡੰਡਾਵਲੀ, ਥਾਣਾ ਸਿਟੀ, ਜਲੰਧਰ	.. 6
2. ਮੁ: ਨੰ: 465/74, ਧਾਰਾ 118/119, ਡੀ. ਆਈ. ਆਰ., ਥਾਣਾ ਸਿਟੀ, ਜਲੰਧਰ	.. 7
3. ਮੁ: ਨੰ: 442/74. ਧਾਰਾ 118/119, ਡੀ. ਆਈ. ਆਰ., ਥਾਣਾ ਸਿਟੀ, ਜਲੰਧਰ	.. 4
4. ਮੁ: ਨੰ: 451/74, ਧਾਰਾ 118/119, ਡੀ. ਆਈ. ਆਰ., ਥਾਣਾ ਸਿਟੀ, ਜਲੰਧਰ	.. 2
5. ਮੁ: ਨੰ: 237/74, ਧਾਰਾ 118, ਡੀ.ਆਈ.ਆਰ., ਥਾਣਾ ਸਦਰ, ਜਲੰਧਰ	.. 13
6. ਮੁ: ਨੰ: 239/74, ਧਾਰਾ 118, ਡੀ. ਆਈ. ਆਰ., ਥਾਣਾ ਸਦਰ, ਜਲੰਧਰ	.. 1
7. ਮੁ: ਨੰ: 99/74, ਧਾਰਾ 118/119, ਡੀ. ਆਈ. ਆਰ., ਅਤੇ 126 ਰੇਲਵੇ ਐਕਟ, ਥਾਣਾ ਰੇਲਵੇ ਪੁਲਿਸ, ਜਲੰਧਰ	.. 2
8. ਮੁ: ਨੰ: 83/74, ਧਾਰਾ, 118/169/36, ਡੀ. ਆਈ. ਆਰ; ਥਾਣਾ ਰੇਲਵੇ ਪੁਲਿਸ, ਲੁਧਿਆਣਾ 9. ਮੁ: ਨੰ: 85, ਧਾਰਾ 118, ਡੀ. ਆਈ. ਆਰ., ਥਾਣਾ ਰੇਲਵੇ ਪੁਲਿਸ, ਲੁਧਿਆਣਾ	.. 11
10. ਮੁ: ਨੰ: 133/74, ਧਾਰਾ 118, ਡੀ. ਆਈ. ਆਰ., ਥਾਣਾ ਸਦਰ, ਫਿਰੋਜ਼ਪੁਰ	.. 1
11. ਮੁ: ਨੰ: 137, ਧਾਰਾ 118/119, ਡੀ. ਆਈ. ਆਰ., ਥਾਣਾ ਸਦਰ, ਫਿਰੋਜ਼ਪੁਰ	.. 2
12. ਮੁ: ਨੰ: 143/74, ਧਾਰਾ 36 ਏ (1), 43(5) ਡੀ. ਆਈ. ਆਰ., ਥਾਣਾ ਸਦਰ, ਫਿਰੋਜ਼ਪੁਰ	.. 1
13. ਮੁ: ਨੰ: 48/74, ਧਾਰਾ 118, ਡੀ.ਆਈ.ਆਰ., ਥਾਣਾ ਰੇਲਵੇ ਪੁਲਿਸ, ਫਿਰੋਜ਼ਪੁਰ	.. 6

Original with;
Punjab Vidhan Sabha
Digitized by;
Panjab Digital Library

	ਗ੍ਰਿਫਤਾਰ ਹੋਏ ਕਰਮਚਾਰੀਆਂ ਦੀ ਗਿਣਤੀ
14. ਮੁ: ਨੰ: 99/74, ਧਾਰਾ 118/119, ਡੀ.ਆਈ.ਆਰ., ਥਾਣਾ ਸਿਟੀ, ਪਠਾਨਕੋਟ	.. 5
15. ਮੁ: ਨੰ: 232/74, ਧਾਰਾ 188, ਭਾਰਤ ਡੰਡਾਵਲੀ, ਥਾਣਾ ਸਿਵਲ ਲਾਈਨ, ਅੰਮ੍ਰਿਤਸਰ	
16. ਮੁ: ਨੰ: 225/74, ,, ,, ,,	.. 20
17. ਮੁ: ਨੰ: 237/74, ,, ,, ,,	
18. ਮੁ: ਨੰ: 241/74, ,, ,, ,,	
19. ਮੁ: ਨੰ: 244/74, ਧਾਰਾ 7, ਕ੍ਰਿਮੀਨਲ ਲਾਅ ਅਮੈਂਡਮੈਂਟ ਐਕਟ, 342, ਭਾਰਤ ਡੰਡਾਵਲੀ, ਥਾਣਾ ਸਦਰ, ਅੰਮ੍ਰਿਤਸਰ	.. 2
20. ਮੁ: ਨੰ: 67/74, ਧਾਰਾ 37, ਡੀ.ਆਈ.ਆਰ. 342 ਭਾਰਤ ਡੰਡਾਵਲੀ, ਥਾਣਾ ਰੇਲਵੇ ਪੁਲਿਸ, ਅੰਮ੍ਰਿਤਸਰ	.. 2
21. ਮੁ: ਨੰ: 143/74, ਧਾਰਾ 2, ਪੰਜਾਬ ਸਕਿਉਰਿਟੀ ਆਫ਼ ਸਟੇਟ ਐਕਟ, ਥਾਣਾ ਸਿਟੀ, ਬਠਿੰਡਾ	.. 10
22. ਮੁ: ਨੰ: 148/74, ਧਾਰਾ 118, ਡੀ. ਆਈ. ਆਰ., ਥਾਣਾ ਸਿਟੀ, ਬਠਿੰਡਾ	.. 4
23. ਮੁ: ਨੰ: 90/74, ਧਾਰਾ 2, ਪੰਜਾਬ ਸਕਿਉਰਿਟੀ ਆਫ਼ ਸਟੇਟ ਐਕਟ, ਥਾਣਾ ਫੂਲ	.. 1
24. ਮੁ: ਨੰ: 59/74, ਧਾਰਾ 118, ਡੀ. ਆਈ. ਆਰ., ਥਾਣਾ ਰੇਲਵੇ ਪੁਲਿਸ, ਬਠਿੰਡਾ	.. 6
25. ਮੁ: ਨੰ: 60/74, ਧਾਰਾ 118, ਡੀ. ਆਈ. ਆਰ., ਥਾਣਾ ਰੇਲਵੇ ਪੁਲਿਸ, ਬਠਿੰਡਾ	.. 55
26. ਮੁ: ਨੰ: 47/74, ਧਾਰਾ 118, ਡੀ. ਆਈ. ਆਰ., ਥਾਣਾ ਰੇਲਵੇ ਪੁਲਿਸ, ਪਟਿਆਲਾ	
27. ਮੁ: ਨੰ: 49/74, ਧਾਰਾ 118, ਡੀ. ਆਈ. ਆਰ., ਥਾਣਾ ਰੇਲਵੇ ਪੁਲਿਸ, ਪਟਿਆਲਾ	.. 9
28. ਮੁ: ਨੰ: 50/74, ਧਾਰਾ 118/119, ਡੀ. ਆਈ. ਆਰ., ਥਾਣਾ ਰੇਲਵੇ ਪੁਲਿਸ, ਪਟਿਆਲਾ	
ਕੁਲ ਜੋੜ	.. 170

ਉਪਰੋਕਤ ਤੋਂ ਇਲਾਵਾ 15 ਕਰਮਚਾਰੀਆਂ ਵਿਰੁੱਧ (ਗੁਰਦਾਸਪੁਰ) ਧਾਰਾ 107/151 ਜ਼ਾਬਤਾ ਫੌਜਦਾਰੀ ਦੀ ਕਾਰਵਾਈ ਵੀ ਪੈਂਡਿੰਗ ਹੈ ।

Original with;
Punjab Vidhan Sabha
Digitized by;
Panjab Digital Library

ELECTRIC CONNECTION FOR TUBE-WELLS INSTALLED IN BET AREA OF BALACHAUR ASSEMBLY CONSTITUENCY

*2719. **Master Dalip Chand** : Will the Minister of State for Irrigation and Power be pleased to state whether Government is aware of the fact that more than two thousand tube-wells have been installed by the farmers of Bet area in Balachaur Assembly Constituency; if so, the time by which electric connections are likely to be given to them ?

ਸਰਦਾਰ ਸੋਹਣ ਸਿੰਘ ਜਲਾਲਉਸਮਾਨ : ਜੀ ਨਹੀਂ । ਪੰਜਾਬ ਰਾਜ ਬਿਜਲੀ ਬੋਰਡ ਦੇ ਬਲਾਚੌਰ ਉਪ ਦਫ਼ਤਰ ਵਿਚ ਬਲਾਚੌਰ ਚੋਣ ਹਲਕੇ ਦੇ ਬੇਟ ਇਲਾਕੇ ਵਿਚੋਂ ਟਿਊਬਵੈਲ ਕੁਨੈਕਸ਼ਨਾਂ ਲਈ ਸਿਰਫ 37 ਬਿਨੈ-ਪੱਤਰ ਅਣ-ਨਿਪਟਾਏ ਪਏ ਹਨ । ਇਨ੍ਹਾਂ ਨੂੰ 1974-75 ਵਿਚ ਕੁਨੈਕਸ਼ਨ ਦੇ ਦੇਣ ਦੀ ਸੰਭਾਵਨਾ ਹੈ ।

APPLICATIONS MADE FOR TUBE-WELL CONNECTIONS IN BHUNERHERI AND GHANNAUR BLOCKS IN DISTRICT PATIALA

*2756. **Sardar Prem Singh Prem** : Will the Minister of State for Irrigation and Power be pleased to state—

(a) whether any applications for tubewell connections in Bhunerheri and Ghannaur Block (Patiala) are lying pending at present with the Government or with the Punjab State Electricity Board; if so, their number alongwith the dates on which these applications were submitted;

(b) the reasons for not giving them connections so far ?

ਸਰਦਾਰ ਸੋਹਣ ਸਿੰਘ ਜਲਾਲਉਸਮਾਨ : (ੳ) ਜੀ ਹਾਂ ; ਪੰਜਾਬ ਰਾਜ ਬਿਜਲੀ ਬੋਰਡ ਕੋਲ ਦੋਹਾਂ ਬਲਾਕਾਂ ਦੇ ਟਿਊਬਵੈਲ ਕੁਨੈਕਸ਼ਨਾਂ ਲਈ ਕੁਝ ਬਿਨੈ-ਪੱਤਰ ਅਣ-ਨਿਪਟਾਏ ਪਏ ਹਨ ।

ਟਿਊਬਵੈਲ ਕੁਨੈਕਸ਼ਨਾਂ ਲਈ ਦੋਹਾਂ ਬਲਾਕਾਂ ਦੇ 1-4-68 ਤੋਂ 31-7-74 ਤਕ ਰਜਿਸਟਰ ਹੋਏ ਅਣ-ਨਿਪਟਾਏ ਬਿਨੈ-ਪੱਤਰ ਨਿਮਨ ਅਨੁਸਾਰ ਹਨ :—

(1) ਭੁਨਰਹੇੜੀ ਬਲਾਕ .. 403

(2) ਘਨੌਰ ਬਲਾਕ .. 500

(ਅ) ਹੁਣ ਤਕ ਕੁਨੈਕਸ਼ਨ ਨਾ ਦੇਣ ਦੇ ਕਾਰਨ ।

ਭੁਨਰਹੇੜੀ ਬਲਾਕ

ਵਿਕਰੀ ਹਦਾਇਤਾਂ ਨੰਬਰ 53726/54126, ਮਿਤੀ 31-10-1973 ਦੇ ਅਨੁਸਾਰ 10 ਮੀਲ ਦੀ ਹੱਦ ਦੇ ਇਲਾਕੇ ਵਿਚ 12/70 ਤਕ ਰਜਿਸਟਰ ਹੋਏ ਬਿਨੈ-ਪੱਤਰਾਂ ਉਤੇ ਕਾਰਵਾਈ ਕੀਤੀ ਜਾਣੀ ਹੈ ।

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ ਸਿੰਜਾਈ ਅਤੇ ਬਿਜਲੀ]

ਦਸੰਬਰ, 1970 ਤਕ ਪਹੁੰਚੇ 196 ਬਿਨੈ-ਪੱਤਰਾਂ ਦਾ ਗਰੁੱਪ ਐਸਟੀਮੇਟ ਕਾਰਵਾਈ ਅਧੀਨ ਹੈ ਅਤੇ ਕੁਨੈਕਸ਼ਨ ਬਹੁਤ ਥੋੜ੍ਹੇ ਸਮੇਂ ਵਿਚ ਦੇ ਦਿਤੇ ਜਾਣਗੇ ।

ਬਾਕੀ ਰਹਿੰਦੇ 207 ਬਿਨੈ-ਪੱਤਰ ਵੀ ਵਿਚਾਰ ਅਧੀਨ ਹਨ ।

ਘਨੌਰ ਬਲਾਕ

ਦਸੰਬਰ, 1970 ਤਕ ਪ੍ਰਾਪਤ ਹੋਏ ਬਿਨੈ-ਪੱਤਰਾਂ ਦਾ ਗਰੁੱਪ ਐਸਟੀਮੇਟ ਤਿਆਰ ਕੀਤਾ ਗਿਆ ਸੀ ਅਤੇ ਇਹ ਵਿੱਤੀ ਤੌਰ ਤੇ ਅਣ-ਉਚਿਤ ਪਾਇਆ ਗਿਆ ਸੀ ।

ਐਸ. ਐਚ. ਓ. ਅਮਲੋਹ ਵਿਰੁੱਧ ਸ਼ਿਕਾਇਤ

*2737. **ਸਰਦਾਰ ਅਜਾਇਬ ਸਿੰਘ ਸੰਧੂ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ ਇਹ ਠੀਕ ਹੈ ਕਿ ਅਮਲੋਹ ਤੋਂ ਸਾਰੀਆਂ ਪਾਰਟੀਆਂ ਦਾ ਇਕ ਵਫ਼ਦ ਮਿਤੀ 19-7-74 ਨੂੰ ਇੰਨਸਪੈਕਟਰ ਜਨਰਲ ਪੁਲਿਸ, ਪੰਜਾਬ ਨੂੰ ਮਿਲਿਆ ਅਤੇ ਉਨ੍ਹਾਂ ਨੂੰ ਸ਼ਿਕਾਇਤ ਕੀਤੀ ਕਿ ਸ਼੍ਰੀ ਲਾਜਪਾਲ ਸਿੰਘ, ਮੁੱਖ ਅਫ਼ਸਰ ਅਮਲੋਹ ਨੇ ਜੁਲਾਈ, 1974 ਦੇ ਦੂਜੇ ਹਫ਼ਤੇ ਵਿਚ ਇਕ ਸਾਬਕਾ ਪਟਵਾਰੀ ਨੂੰ ਗਰਿਫ਼ਤਾਰ ਕੀਤਾ, ਉਸ ਦਾ ਮੂੰਹ ਕਾਲਾ ਕਰਕੇ ਉਸਨੂੰ ਸਾਰਾ ਦਿਨ ਦਰੱਖਤ ਨਾਲ ਬੰਨ੍ਹ ਕੇ ਰਖਿਆ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਉਕਤ ਘਟਨਾ ਦੀ ਕੋਈ ਪੜਤਾਲ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਉਸਦਾ ਸਿੱਟਾ ਕੀ ਨਿਕਲਿਆ ਅਤੇ ਉਸ ਤੇ ਕੀ ਕਾਰਵਾਈ ਕੀਤੀ ਗਈ;

(ੲ) ਕੀ ਸਰਕਾਰ ਨੂੰ ਇਸ ਗੱਲ ਦਾ ਪਤਾ ਹੈ ਕਿ ਉਕਤ ਐਸ. ਐਚ. ਓ. ਨੇ ਅਹਿਮਦਗੜ੍ਹ ਵਿਖੇ ਇਕ ਸੁਤੰਤਰਤਾ ਸੰਗਰਾਮੀ ਦੀ ਬੇਇਜ਼ਤੀ ਕੀਤੀ ਅਤੇ ਉਕਤ ਸੁਤੰਤਰਤਾ ਸੰਗਰਾਮੀ ਨੂੰ, ਮੁੱਖ ਮੰਤਰੀ ਦੁਆਰਾ ਆਪ ਤਾਮਰ-ਪੱਤਰ ਦਿਤੇ ਜਾਣ ਵਿਰੁਧ, ਉਸਨੇ ਬਹੁਤ ਗੰਦੀ ਭਾਸ਼ਾ ਵਰਤੀ ਸੀ ?

ਗਿਆਨੀ ਜ਼ੈਲ ਸਿੰਘ : (ੳ) ਹਾਂ ਜੀ ।

(ਅ) ਪੜਤਾਲ ਤੋਂ ਹਾਲਾਤ ਇਸ ਪ੍ਰਕਾਰ ਪਾਏ ਗਏ ਹਨ ਕਿ ਇਸ ਤਰ੍ਹਾਂ ਦੀ ਇਕ ਦਰਖਾਸਤ, ਜੋ ਐਸ. ਐਸ. ਪੀ., ਪਟਿਆਲਾ ਨੂੰ ਪ੍ਰਾਰਥੀ ਨੇ ਪਹਿਲਾਂ ਦਿਤੀ ਸੀ, ਦੇ ਬਾਰੇ ਉਨ੍ਹਾਂ ਨੇ ਪੜਤਾਲ ਕਰਵਾਈ ਸੀ ਅਤੇ ਬਾਅਦ ਵਿਚ ਪੜਤਾਲ ਐਸ. ਪੀ., ਸਥਾਨਕ, ਪਟਿਆਲਾ ਨੇ ਕੀਤੀ ਸੀ ਜਿਸਦੇ ਸਿੱਟੇ ਵਜੋਂ ਮੁੱਖ ਅਫ਼ਸਰ ਦੇ ਵਿਰੁੱਧ, ਰਾਮ ਦੇਵ ਦਾ ਮੂੰਹ ਕਾਲਾ ਕਰਨ ਅਤੇ ਖੰਬੇ ਨਾਲ ਸਾਰਾ ਦਿਨ ਬੰਨ੍ਹਕੇ ਰੱਖਣ ਦਾ ਦੂਸ਼ਣ ਗ਼ਲਤ ਪਾਇਆ ਗਿਆ ਸੀ । ਜਿਥੋਂ ਤਕ ਇਸਨੂੰ ਅ/ਧ 326 ਆਈ. ਪੀ. ਸੀ. ਦੇ ਕੇਸ ਵਿਚ ਫਸਾਉਣ ਦਾ ਸਬੰਧ ਹੈ ਇਸ ਬਾਰੇ ਪੜਤਾਲ ਤੋਂ ਹਾਲਾਤ ਇਸ ਪ੍ਰਕਾਰ ਪਾਏ ਗਏ ਹਨ ਕਿ ਸ਼੍ਰੀ ਰਾਮ ਜੀ

Original with;
Punjab Vidhan Sabha
Digitized by;
Panjab Digital Library

ਦਾਸ, ਪਟਵਾਰੀ ਦੇ ਲੜਕੇ ਨੂੰ ਸ਼੍ਰੀ ਕੁਲਵੰਤ ਰਾਏ ਦੇ ਲੜਕੇ ਨੇ ਸੱਟਾਂ ਮਾਰੀਆਂ ਸਨ ਅਤੇ ਉਸ ਸਮੇਂ ਕੋਈ ਜੁਰਮ ਨਹੀਂ ਬਣਦਾ ਸੀ ਅਤੇ ਐਕਸਰੇ ਰਿਪੋਰਟ ਆਉਣ ਤੇ ਮੁਕਦਮਾ ਨੰ: 99 ਮਿਤੀ 1-7-74 ਅ/ਧ 325 ਆਈ. ਪੀ. ਸੀ. ਦਰਜ ਕੀਤਾ ਸੀ । ਇਸ ਕੇਸ ਦੇ ਦਰਜ ਕਰਨ ਤੋਂ ਪਹਿਲਾਂ ਪ੍ਰਾਰਥੀ ਦੇ ਲੜਕੇ ਨੇ ਕੁਲਵੰਤ ਰਾਏ ਦੇ ਲੜਕੇ ਦਾ ਬਦਲਾ ਲੈਣ ਦੀ ਨੀਅਤ ਨਾਲ, ਕੁਲਹਾੜੀ ਨਾਲ ਹੱਥ ਦੀ ਹੱਡੀ ਕੱਟ ਦਿਤੀ ਸੀ ਜਿਸ ਕਰਕੇ ਇਸਦੇ ਵਿਰੁੱਧ ਮੁਕਦਮਾ ਨੰ: 98, ਮਿਤੀ 30-6-74 ਅ/ਧ 326/34, ਆਈ. ਪੀ. ਸੀ. ਦਰਜ ਕੀਤਾ ਸੀ ਅਤੇ ਪ੍ਰਾਰਥੀ ਦੇ ਲੜਕੇ ਨੂੰ ਗਰਿਫਤਾਰ ਕੀਤਾ ਸੀ । ਇਹਨਾਂ ਦੋਨਾਂ ਕੇਸਾਂ ਦੀ ਤਫ਼ਤੀਸ਼ ਸਰਕਲ ਇੰਨਸਪੈਕਟਰ, ਨਾਭਾ ਕਰ ਰਿਹਾ ਹੈ । ਪ੍ਰਾਰਥੀ ਦੇ ਲੜਕੇ ਦੇ ਦੋਸਤ ਸੁਰਜੀਤ ਸਿੰਘ ਨੇ ਅਦਾਲਤ ਵਿਚ ਮੁੱਖ ਅਫ਼ਸਰ ਦੇ ਵਿਰੁੱਧ ਇਸਤਗਾਸ਼ਾ ਕੀਤਾ ਹੈ । ਮਾਮਲਾ ਸਬਜਿਯੂਡਿਸ ਹੈ ।

(ਏ) ਹਾਂ ਜੀ । ਇਸ ਸਬੰਧੀ ਵਿਧਾਨ ਸਭਾ ਵਿਚ ਧਿਆਨ ਦਿਵਾਊ ਮਤਾ ਨੰ: 3 ਦਾ ਉਤਰ ਪਹਿਲਾਂ ਭੇਜਿਆ ਗਿਆ ਸੀ ।

ਆਲਮਗੜ੍ਹ ਦੇ ਬਘੇਲ ਸਿੰਘ ਦੁਆਰਾ ਇਕੱਠੇ ਕੀਤੇ ਗਏ ਅਸਲੇ ਦੀ ਜਾਂਚ ਪੜਤਾਲ

*2750. **ਡਾਕਟਰ ਬਲਦੇਵ ਪ੍ਰਕਾਸ਼** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ਓ) ਕੀ ਇਸ ਗੱਲ ਦਾ ਪਤਾ ਲਾਉਣ ਲਈ ਕੋਈ ਜਾਂਚ ਪੜਤਾਲ ਕੀਤੀ ਗਈ ਸੀ ਕਿ ਬਘੇਲ ਸਿੰਘ ਕਾਂਡ ਵਿਚ ਆਲਮਗੜ੍ਹ ਦੇ ਬਘੇਲ ਸਿੰਘ ਨੇ ਕਿਸ ਤਰਾਂ ਭਾਰੀ ਮਾਤਰਾ ਵਿਚ ਹਥਿਆਰ ਇਕੱਠੇ ਕੀਤੇ ਜਿਸ ਵਿਚ ਆਲਮਗੜ੍ਹ ਵਿਚ ਬਹੁਤ ਸਾਰੇ ਦਿਹਾਤੀ ਲੋਕਾਂ ਨੂੰ ਕਤਲ ਕਰ ਦਿਤਾ ਗਿਆ; ਜੇਕਰ ਅਜਿਹਾ ਹੋਵੇ, ਤਾਂ ਉਕਤ ਜਾਂਚ ਪੜਤਾਲ ਦੇ ਸਿੱਟੇ ਕੀ ਨਿਕਲੇ;

(ਅ) ਕੀ ਇਸ ਸਮੁੱਚੀ ਲਾਪਰਵਾਹੀ ਦੀ ਜ਼ਿੰਮੇਵਾਰੀ ਕਿਸੇ ਤੇ ਪਾਈ ਗਈ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਨਾਂ ਕੀ ਹੈ ?

ਗਿਆਨੀ ਜ਼ੈਲ ਸਿੰਘ : (ਓ) ਅਤੇ (ਅ) ਹਾਂ ਜੀ । ਪਰੰਤੂ ਰਿਪੋਰਟ ਦੇ ਸਿੱਟੇ ਬਾਰੇ ਇਸ ਸਦਨ ਵਿਚ ਕੁਝ ਦਸਣਾ ਉਚਿਤ ਨਹੀਂ ਕਿਉਂਕਿ ਨਜਾਇਜ਼ ਅਸਲਾ ਰੱਖਣ ਦੇ ਕੇਸ ਅਦਾਲਤ ਵਿਚ ਚਲ ਰਹੇ ਹਨ ਅਤੇ ਮਾਮਲਾ ਸਬਜਿਯੂਡਿਸ ਹੈ ।

ELECTRIFICATION OF VILLAGES FALLING ON BOTH SIDES OF RIVER TANGRI IN JULKA POLICE STATION

*2757. **Sardar Prem Singh Prem** : Will the Minister of State for Irrigation and Power be pleased to state—

(a) whether it is a fact that villages falling on both sides of river Tangri in Julka Police Station which fall within ten miles of the border with Haryana and also in the backward area declared by the Punjab Government have not so far been electrified;

Original with;
Punjab Vidhan Sabha
Digitized by;
Panjab Digital Library

[Sardar Prem Singh Prem]

(b) if so, the reasons for not supplying the electricity on priority basis;

(c) the time by which rural electrification of the said villages will be started and completed ?

ਸਰਦਾਰ ਸੋਹਣ ਸਿੰਘ ਜਲਾਲਉਸਮਾਨ : (ੳ) ਜੀ ਹਾਂ ।

(ਅ) ਕਾਰਨ ਇਹ ਹੈ ਕਿ ਇਸ ਇਲਾਕੇ ਦੇ 11 ਪਿੰਡਾਂ ਤੋਂ ਬਹੁਤ ਹੀ ਘੱਟ ਬਿਨੈ-ਪੱਤਰ ਭੁਨਰਹੇੜੀ ਉਪ-ਦਫ਼ਤਰ ਵਿਚ ਪ੍ਰਾਪਤ ਹੋਏ ਹਨ । ਇਹ ਬਿਨੈ-ਪੱਤਰ ਪਿੰਡਾਂ ਦੀ ਪਰਮ ਅਗੇਤਤਾ ਦੇ ਅਧਾਰਾਂ ਤੇ ਬਿਜਲੀਕਰਨ ਕੀਤੇ ਜਾਣ ਦੀ ਉਚਿੱਤਤਾ ਸਿੱਧ ਨਹੀਂ ਕਰਦੇ । ਇਥੇ ਇਹ ਵੀ ਦਸਿਆ ਜਾਂਦਾ ਹੈ ਕਿ ਇਹਨਾਂ ਬਿਨੈ-ਪੱਤਰਾਂ ਨਾਲ ਪਰਮ-ਅਗੇਤਤਾ ਦੇ ਅਧਾਰ ਤੇ ਇਕ ਵੀ ਪਿੰਡ ਦਾ ਬਿਜਲੀਕਰਨ ਕਰਨਾ ਜਾਇਜ਼ ਨਹੀਂ ਬਣਦਾ ਹੈ ।

(ਏ) ਬਿਜਲੀਕਰਨ ਕਰਨ ਲਈ ਇਹ ਪਿੰਡ ਜ਼ਿਲ੍ਹਾ ਪਟਿਆਲਾ ਦੇ ਭੁਨਰਹੇੜੀ ਬਲਾਕ ਰਾਹੀਂ ਦਿਹਾਤੀ ਬਿਜਲੀਕਰਨ ਕਾਰਪੋਰੇਸ਼ਨ ਪ੍ਰਾਜੈਕਟ ਐਸਟੀਮੇਟ ਅਧੀਨ ਕਵਰ ਹੋ ਚੁੱਕੇ ਹਨ । ਇਹ ਪ੍ਰਾਜੈਕਟ ਐਸਟੀਮੇਟ ਪਹਿਲਾਂ ਹੀ ਦਿਹਾਤੀ ਬਿਜਲੀਕਰਨ ਕਾਰਪੋਰੇਸ਼ਨ ਲਿਮਟਿਡ, ਦਿੱਲੀ ਨੇ ਮਨਜ਼ੂਰ ਕਰ ਦਿਤਾ ਹੈ ਪਰ ਕਰਜ਼ਾ ਹਾਲੇ ਤਕ ਮਨਜ਼ੂਰ ਨਹੀਂ ਕੀਤਾ ਗਿਆ । ਇਸ ਦੀ ਮਨਜ਼ੂਰੀ ਆਉਣ ਤੇ ਕੰਮ ਸ਼ੁਰੂ ਕਰ ਦਿਤਾ ਜਾਵੇਗਾ ।

ਐਸ. ਐਚ. ਓ., ਨੰਗਲ ਟਾਊਨਸ਼ਿੱਪ, ਵਿਰੁੱਧ ਸ਼ਿਕਾਇਤ

*2751. **ਡਾਕਟਰ ਬਲਦੇਵ ਪ੍ਰਕਾਸ਼** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਉਨ੍ਹਾਂ ਨੂੰ ਜੂਨ, 1974 ਵਿਚ ਐਸ· ਐਚ. ਓ., ਨੰਗਲ ਵਿਰੁੱਧ ਇਕ ਮਿਉਨਸੀਪਲ ਕਮਿਸ਼ਨਰ, ਨੰਗਲ ਟਾਊਨਸ਼ਿੱਪ, ਵਲੋਂ ਕੋਈ ਸ਼ਿਕਾਇਤ ਮਿਲੀ, ਜੇਕਰ ਅਜਿਹਾ ਹੋਵੇ, ਤਾਂ ਉਸ ਤੇ ਕੀ ਕਾਰਵਾਈ ਕੀਤੀ ਗਈ ?

ਗਿਆਨੀ ਜ਼ੈਲ ਸਿੰਘ : ਨਹੀਂ ਜੀ । ਪਰੰਤੂ ਪ੍ਰਾਰਥੀ ਦੀਆਂ ਦਰਖਾਸਤਾਂ ਮਿਤੀ 4 ਜੂੰਨ 1974 ਜੋ ਮੁੱਖ ਮੰਤਰੀ ਨੂੰ ਸੰਬੋਧਤ ਸਨ, ਦੀਆਂ ਕਾਪੀਆਂ ਆਈ. ਜੀ. ਪੀ., ਪੰਜਾਬ/ਐਸ. ਪੀ., ਰੋਪੜ, ਦੇ ਦਫ਼ਤਰ ਵਿਚ ਪੁਜੀਆਂ ਸਨ । ਇਹਨਾਂ ਦਰਖਾਸਤਾਂ ਦੇ ਪੁਜਣ ਤੋਂ ਪਹਿਲਾਂ ਹੀ ਐਸ. ਆਈ., ਓਮ ਪ੍ਰਕਾਸ਼ ਸ਼ਰਮਾ, ਦੇ ਵਿਰੁੱਧ ਕਾਰਵਾਈ ਕੀਤੀ ਗਈ ਸੀ, ਜਿਸਦੇ ਹਾਲਾਤ ਇਸ ਪਰਕਾਰ ਪਾਏ ਗਏ ਹਨ ਕਿ ਸ਼੍ਰੀ ਬਿਸ਼ਨ ਦਾਸ ਸ਼ਰਮਾ, ਮਿਉਨਸੀਪਲ ਕਮਿਸ਼ਨਰ ਨਾਲ ਇਸ ਥਾਣੇਦਾਰ ਨੇ ਮਿਤੀ 12-4-1974 ਨੂੰ ਦੁਰਵਿਵਹਾਰ ਕੀਤਾ ਸੀ । ਹੁਣ ਇਸ ਦੇ ਵਿਰੁੱਧ ਵਿਭਾਗੀ ਕਾਰਵਾਈ ਪੁਲਿਸ ਰੂਲ 16.38 (1) ਅਧੀਨ, ਡੀ. ਐਮ. ਰੋਪੜ ਪਾਸ ਲੰਬਤ ਹੈ ।

Original with;
Punjab Vidhan Sabha
Digitized by;
Panjab Digital Library

UNSTARRED QUESTIONS AND ANSWERS

ਪਿੰਡ ਮੱਖੀ ਕਲਾਂ, ਜ਼ਿਲ੍ਹਾ ਅੰਮ੍ਰਿਤਸਰ ਦੇ ਨਿਰਗਾਮੀ ਸਰਪੰਚ ਦੁਆਰਾ ਚਾਰਜ ਸੌਂਪਣਾ

887. **ਡਾਕਟਰ ਬਲਦੇਵ ਪ੍ਰਕਾਸ਼** : ਕੀ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪਿੰਡ ਮੱਖੀ ਕਲਾਂ ਤਹਿਸੀਲ ਪੱਟੀ ਜ਼ਿਲ੍ਹਾ ਅੰਮ੍ਰਿਤਸਰ ਦੀ ਗਰਾਮ ਪੰਚਾਇਤ ਦੀ ਪਿਛੋਂ ਚੋਣ ਕਿਸ ਮਿਤੀ ਨੂੰ ਹੋਈ ਸੀ;

(ਅ) ਕੀ ਇਹ ਠੀਕ ਹੈ ਕਿ ਨਿਰਗਾਮੀ ਸਰਪੰਚ ਨੇ 20 ਅਪਰੈਲ 1974 ਤਕ ਨਵੇਂ ਸਰਪੰਚ ਨੂੰ ਨਾ ਤਾਂ ਰਿਕਾਰਡ ਅਤੇ ਨਾ ਹੀ 7000 ਰੁਪਏ ਤੋਂ ਜ਼ਿਆਦਾ ਰਕਮ ਦਾ ਪੰਚਾਇਤ ਫ਼ੰਡ ਸੌਂਪਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਾਰਨ ਕੀ ਹਨ;

(ੲ) ਉਪਰੋਕਤ ਭਾਗ (ਅ) ਵਿਚ ਵਰਣਿਤ ਕਸੂਰ ਲਈ ਨਿਰਗਾਮੀ ਸਰਪੰਚ ਵਿਰੁੱਧ ਕੀ ਕਾਰਵਾਈ ਕੀਤੀ ਗਈ ਜਾਂ ਕੀਤੀ ਜਾਣੀ ਪ੍ਰਸਤਾਵਿਤ ਹੈ;

(ਸ) ਉਕਤ ਸਰਪੰਚ ਕੋਲ ਭਾਗ (ਅ) ਵਿਚ ਵਰਣਿਤ ਰਕਮ ਉਸ ਦੇ ਸਰਪੰਚ ਰਹਿਣ ਦੇ ਸਮੇਂ ਦੇ ਦੌਰਾਨ ਕਿਸ ਮਿਤੀ ਤੋਂ ਹੈ;

(ਹ) ਕੀ ਨਵੇਂ ਸਰਪੰਚ ਨੇ ਨਿਰਗਾਮੀ ਸਰਪੰਚ ਪਾਸੋਂ ਰਿਕਾਰਡ ਅਤੇ ਨਕਦੀ ਦਿਵਾਉਣ ਦੇ ਪ੍ਰਬੰਧ ਕਰਨ ਬਾਰੇ ਅਧਿਕਾਰੀਆਂ ਨੂੰ ਕੋਈ ਮੇਮੋਰੰਡਮ ਦਿਤਾ; ਜੇਕਰ ਅਜਿਹਾ ਹੋਵੇ ਤਾਂ ਪਿਛਲੇ ਦੋ ਸਾਲਾਂ ਦੇ ਦੌਰਾਨ ਨਜ਼ਦੀਕੀ ਅਧਿਕਾਰੀਆਂ ਨੂੰ ਕਿਸ ਕਿਸ ਮਿਤੀ ਨੂੰ ਮੇਮੋਰੰਡਮੇ ਦਿਤੇ ਗਏ ਅਤੇ ਹਰੇਕ ਮੇਮੋਰੰਡਮੇ ਤੇ ਕੀ ਕੀ ਕਾਰਵਾਈ ਕੀਤੀ ਗਈ;

ਸਰਦਾਰ ਸੰਤੋਖ ਸਿੰਘ ਰੰਧਾਵਾ : (ੳ) 21/22 ਜੂਨ, 1972

(ਅ) ਹਾਂ ਜੀ । ਨਿਰਗਾਮੀ ਸਰਪੰਚ ਨੇ ਜਾਣ-ਬੁਝ ਕੇ ਨਵੇਂ ਸਰਪੰਚ ਨੂੰ ਚਾਰਜ ਨਹੀਂ ਦਿਤਾ ।

(ੲ) ਉਪ ਮੰਡਲ ਅਫ਼ਸਰ (ਸਿਵਲ) ਵਲੋਂ ਪਹਿਲਾਂ ਹੀ ਸਰਚ-ਵਾਰੰਟ ਜਾਰੀ ਕੀਤੇ ਜਾ ਚੁੱਕੇ ਹਨ ।

(ਸ) ਕਾਫ਼ੀ ਚਿਰ ਤੋਂ ।

(ਹ) ਨਵੇਂ ਚੁਣੇ ਸਰਪੰਚ ਨੇ ਲਿਖਤੀ ਰੂਪ ਵਿਚ ਕੋਈ ਮੇਮੋਰੰਡਮ ਨਹੀਂ ਦਿਤਾ । ਪਿਛਲੇ ਦੋ ਸਾਲਾਂ ਦੇ ਦੌਰਾਨ ਜ਼ਬਾਨੀ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਅਤੇ ਉਪ ਮੰਡਲ ਅਫ਼ਸਰ (ਸਿਵਲ) ਪੱਟੀ ਨੂੰ ਕਈ ਵਾਰੀ ਬੇਨਤੀ ਕੀਤੀ, ਇਸ ਕਾਰਨ ਮਿਤੀਆਂ ਬਾਰੇ ਜਾਣਕਾਰੀ ਪਰਾਪਤ ਨਹੀਂ । ਪੰਜਾਬ ਗਰਾਮ ਪੰਚਾਇਤ ਐਕਟ, 1952 ਦੀ ਧਾਰਾ 15 ਅਧੀਨ ਕਾਰਵਾਈ ਕੀਤੀ ਜਾ ਰਹੀ ਹੈ ।

Original with;
Punjab Vidhan Sabha
Digitized by;
Panjab Digital Library

ਪਿੰਡ ਕਮਾਲ ਪੁਰ ਜ਼ਿਲ੍ਹਾ ਅੰਮ੍ਰਿਤਸਰ ਦੇ ਨਿਰਗਾਮੀ ਸਰਪੰਚ ਦੁਆਰਾ ਚਾਰਜ ਸੌਂਪਣਾ

888. **ਡਾਕਟਰ ਬਲਦੇਵ ਪ੍ਰਕਾਸ਼** : ਕੀ ਵਿਕਾਸ ਤੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪਿੰਡ ਕਮਾਲਪੁਰ, ਤਹਿਸੀਲ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ ਦੀ ਗਰਾਮ ਪੰਚਾਇਤ ਦੀ ਪਿਛੇ ਚੋਣ ਕਿਸ ਮਿਤੀ ਨੂੰ ਹੋਈ ਸੀ;

(ਅ) ਉਕਤ ਪੰਚਾਇਤ ਦੇ ਨਿਰਗਾਮੀ ਸਰਪੰਚ ਨੇ ਨਵੇਂ ਸਰਪੰਚ ਨੂੰ ਕਿਸ ਮਿਤੀ ਨੂੰ ਚਿਕਾਰਡ ਸੌਂਪਿਆ;

(ਏ) ਉਪਰੋਕਤ ਭਾਗ (ਅ) ਵਿਚ ਵਰਣਿਤ ਮਿਤੀ ਨੂੰ ਨਿਰਗਾਮੀ ਸਰਪੰਚ ਕੋਲ ਗਰਾਮ ਪੰਚਾਇਤ ਦੀ ਕਿੰਨੀ ਰਕਮ ਸੀ;

(ਸ) ਕੀ ਨਿਰਗਾਮੀ ਸਰਪੰਚ ਨੂੰ ਉਪਰੋਕਤ ਭਾਗ (ਏ) ਵਿਚ ਵਰਣਿਤ ਰਕਮ ਭਾਗ (ਅ) ਵਿਚ ਦਸੀ ਗਈ ਮਿਤੀ ਨੂੰ ਨਵੇਂ ਸਰਪੰਚ ਨੂੰ ਸੌਂਪ ਦਿਤੀ ਸੀ; ਜੇਕਰ ਨਹੀਂ, ਤਾਂ ਇਸਦੇ ਕਾਰਨ ਕੀ ਹਨ ;

(ਹ) ਉਕਤ ਰਕਮ ਨਵੇਂ ਸਰਪੰਚ ਨੂੰ ਕਿਸ ਮਿਤੀ ਨੂੰ ਦਿਤੀ ਗਈ;

(ਕ) ਭਾਗ (ਸ) ਅਤੇ (ਹ) ਵਿਚ ਵਰਣਿਤ ਮਿਤੀਆਂ ਦੇ ਵਿਚਕਾਰਲੇ ਸਮੇਂ ਵਿਚ ਪੰਚਾਇਤ ਫੰਡਾਂ ਦੀ ਕੁਵਰਤੋਂ ਲਈ ਨਿਰਗਾਮੀ ਸਰਪੰਚ ਵਿਰੁੱਧ ਕੀ ਕਾਰਵਾਈ ਕੀਤੀ ਗਈ; ਜੇਕਰ ਕੋਈ ਕਾਰਵਾਈ ਨਹੀਂ ਕੀਤੀ ਗਈ ਤਾਂ ਇਸਦੇ ਕਾਰਨ ਕੀ ਹਨ;

(ਖ) ਕੀ ਨਿਰਗਾਮੀ ਸਰਪੰਚ ਪਾਸੋਂ ਉਸ ਸਮੇਂ ਲਈ ਜਿਸ ਲਈ ਉਸ ਪਾਸ ਰਕਮ ਰਹੀ, ਕੋਈ ਵਿਆਜ ਵਸੂਲ ਕੀਤਾ ਗਿਆ; ਜੇਕਰ ਅਜਿਹਾ ਹੋਵੇ ਤਾਂ ਕਿੰਨਾ; ਜੇਕਰ ਨਹੀਂ ਤਾਂ ਇਸਦੇ ਕਾਰਨ ਕੀ ਹਨ;

(ਗ) ਪਿਛਲੇ ਦੋ ਸਾਲਾਂ ਦੇ ਦੌਰਾਨ, ਜਦੋਂ ਉਹ ਸਰਪੰਚ ਰਿਹਾ, ਹਰ ਮਹੀਨੇ 50 ਰੁਪਏ ਦੀ ਨਿਸਚਿਤ ਸੀਮਾਂ ਤੋਂ ਵਧ ਨਿਰਗਾਮੀ ਸਰਪੰਚ ਕੋਲ ਕਿੰਨੀ ਕਿੰਨੀ ਰਕਮ ਰਹੀ ਅਤੇ ਇਸ ਦੇ ਕਾਰਨ ਕੀ ਸਨ;

(ਘ) ਭਾਗ (ੳ) ਵਿਚ ਵਰਣਿਤ ਪਿੰਡ ਦੇ ਵਿਕਾਸ ਲਈ ਨਿਰਗਾਮੀ ਸਰਪੰਚ ਨੇ ਕਿਤਨੀ ਰਕਮ ਖਰਚ ਕੀਤੀ ਅਤੇ ਵਿਕਾਸ ਕਾਰਜਾਂ ਦਾ ਵੇਰਵਾ ਕੀ ਹੈ ਅਤੇ ਇਸ ਮੰਤਵ ਲਈ ਉਸਨੇ ਹਰ ਸਾਲ ਕਿੰਨੀ ਕਿੰਨੀ ਰਕਮ ਖਰਚ ਕੀਤੀ ?

ਸਰਦਾਰ ਸੰਤੋਖ ਸਿੰਘ ਰੰਧਾਵਾ : (ੳ) 24-6-72

(ਅ) 2-9-72

(ਏ) 470/35

Original with;
Punjab Vidhan Sabha
Digitized by;
Panjab Digital Library

(ਸ) ਨਹੀਂ ਸੌਂਪੀ। ਸੌਂਪਣ ਦਾ ਵਾਅਦਾ ਕਰਕੇ ਟਾਲਮਟੋਲ ਕਰਦਾ ਰਿਹਾ ਹੈ।

(ਹ) ਹਾਲਾਂ ਤੀਕ ਨਹੀਂ ਦਿਤੀ ਗਈ।

(ਕ) ਮਾਮਲਾ ਖੇਤਰੀ ਅਮਲੇ ਦੇ ਵਿਚਾਰ ਅਧੀਨ ਹੈ। ਉਹਨਾਂ ਵਲੋਂ ਹਾਲਾਂ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ।

(ਖ) ਨਹੀਂ ਜੀ। ਯੋਗ ਕਾਰਵਾਈ ਕੀਤੀ ਜਾ ਰਹੀ ਹੈ।

(ਗ) ਕੈਸ਼-ਬੁਕ ਨਾ-ਮੁਕੰਮਲ ਹੋਣ ਕਾਰਨ ਹੱਥ ਵਿਚ ਰੱਖੀਆਂ ਰਕਮਾਂ ਬਾਰੇ ਕੁਝ ਪਤਾ ਨਹੀਂ ਚਲ ਸਕਿਆ।

(ਘ) ਵਿਕਾਸ ਕਾਰਜਾਂ ਤੇ ਖਰਚ ਕੀਤੀ ਰਕਮ ਦਾ ਸਾਲਵਾਰ ਵੇਰਵਾ ਇਸ ਪਰਕਾਰ ਹੈ—

ਸਾਲ	ਵਿਕਾਸ ਕੰਮਾਂ ਦਾ ਵੇਰਵਾ	ਖਰਚੀ ਰਕਮ
		ਰੁਪਏ ਪੈਸੇ
1964-65	ਗਲੀਆਂ ਨਾਲੀਆਂ ਤੇ	333.34
1965-66	ਵਿਦਿਆ ਲੋਕ ਭਲਾਈ ਤੇ ਸਿਹਤ ਤੇ	1,023.00
1966-67	ਵਿਦਿਆ ਤੇ	21.50
1967-68	—	—
1968-69	ਸਿਹਤ, ਸਫਾਈ ਤੇ ਸਿਖਿਆ	1,353.40
1969-70	ਲੋਕ ਭਲਾਈ	30.00
1970-71	—	—
1971-72	—	—

ਪਿੰਡ ਸਾਬਰਾ, ਜ਼ਿਲ੍ਹਾ ਅੰਮ੍ਰਿਤਸਰ ਦੀ ਪੰਚਾਇਤ ਦੇ ਸਰਪੰਚ ਨੂੰ ਧਰਮਸ਼ਾਲਾ ਦੀ ਉਸਾਰੀ ਲਈ ਦਿਤੀ ਗਈ ਰਕਮ

889. **ਡਾਕਟਰ ਬਲਦੇਵ ਪ੍ਰਕਾਸ਼** : ਕੀ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ਉ) ਕੀ ਸਰਕਾਰ ਦੁਆਰਾ ਪਿਛਲੇ ਦਸ ਸਾਲਾਂ ਦੇ ਦੌਰਾਨ ਪਿੰਡ ਸਾਬਰਾ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਦੀ ਗਰਾਮ ਪੰਚਾਇਤ ਦੇ ਸਰਪੰਚ ਨੂੰ ਹਰੀਜਨਾਂ ਲਈ ਧਰਮਸ਼ਾਲਾ ਦੀ ਉਸਾਰੀ ਲਈ ਕੋਈ ਰਕਮ ਦਿਤੀ ਗਈ; ਜੇਕਰ ਅਜਿਹਾ ਹੋਵੇ, ਤਾਂ ਕਦੋਂ;

Original with;
Punjab Vidhan Sabha
Digitized by;
Panjab Digital Library

[ਡਾਕਟਰ ਬਲਦੇਵ ਪ੍ਰਕਾਸ਼]

(ਅ) ਉਕਤ ਸਰਪੰਚ ਨੂੰ ਕੁੱਲ ਕਿੰਨੀ ਰਕਮ ਦਿਤੀ ਗਈ;

(ਏ) ਕੀ ਉਕਤ ਧਰਮਸ਼ਾਲਾ ਦੀ ਉਸਾਰੀ ਲਈ ਕੋਈ ਅੰਤਿਮ ਮਿਤੀ ਮੁਕਰੱਰ ਕੀਤੀ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਕੀ;

(ਸ) ਕੀ ਹਵਾਲਾ ਦਿਤੀ ਧਰਮਸ਼ਾਲਾ 30-6-74 ਤੋਂ ਪਹਿਲਾਂ ਬਣ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ;

(ਹ) ਕੀ ਉੱਕਤ ਭੱਰਮਸ਼ਾਲਾ ਦੀ ਉਸਾਰੀ ਦੇ ਲੇਖਿਆਂ ਦਾ 1-7-74 ਤੱਕ ਕੋਈ ਆਡਿਟ ਕੀਤਾ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਕਦੋਂ, ਕਿਸ ਦੁਆਰਾ ਅਤੇ ਆਡਿਟ ਰਿਪੋਰਟ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ।

ਸਰਦਾਰ ਸੰਤੋਖ ਸਿੰਘ ਰੰਧਾਵਾ : (ਉ) ਹਾਂ ਜੀ । ਸਾਲ 1969 ਵਿਚ ।

(ਅ) 5,500 ਰੁਪਏ ।

(ਏ) ਹਾਂ ਜੀ । ਇਕ ਸਾਲ ਵਿਚ ਮੁਕੰਮਲ ਕਰਨੀ ਸੀ ।

(ਸ) ਨਹੀਂ ਜੀ । ਕੰਮ ਆਰੰਭ ਕੀਤਾ ਗਿਆ ਸੀ ਤੇ ਚਲ ਰਿਹਾ ਹੈ ।

(ਹ) ਨਹੀਂ ਜੀ ।

UNSTARRED QUESTION No. 890

ਵਿਸ਼ਾ : ਪੰਜਾਬ ਵਿਧਾਨ ਸਭਾ ਅਨਸਟਾਰਡ ਪ੍ਰਸ਼ਨ ਨੰ: 890

ਸਭਾ ਦੇ ਸਵਾਲ ਨੰ: 890 ਜੋ ਮਿਤੀ 12-8-1974 ਲਈ ਅਨਸਟਾਰਡ ਸਵਾਲਾਂ ਦੀ ਸੂਚੀ ਵਿਚ ਸ੍: ਬਲਵਿੰਦਰ ਸਿੰਘ ਭੁੰਦੜ ਵਲੋਂ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ ।

ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿਤਾ ਜਾਵੇਗਾ ।

ਸਹੀ/-
ਗੁਰਮੇਲ ਸਿੰਘ,
ਸਿਖਿਆ ਮੰਤਰੀ

ਸਕੱਤਰ,
ਪੰਜਾਬ ਵਿਧਾਨ ਸਭਾ ।
ਗ;ਸ:ਪ:ਨੰ: 8010-ਸਿ2(1)-74/ ਮਿਤੀ ਚੰਡੀਗੜ੍ਹ 12- 8-1974

LINK ROAD UPTO VILLAGE BHUNDER TEHSIL MANSA, DISTRICT BHATINDA

891. **Sardar Balwinder Singh Bhunder** : Will the Minister of State for Public Works be pleased to state whether the Government propose to construct a link road upto village Bhunder in Tehsil Mansa, District Bhatinda, if so, the time by which it is likely to be constructed ?

Original with;
Punjab Vidhan Sabha
Digitized by;
Punjab Digital Library

Shri Joginder Paul Pandey : Yes, the Government proposes to construct this road. It will be provided in the 5th Five Year Plan period subject to the availability of funds.

[ਹਾਂ ਸਰਕਾਰ ਇਸ ਸੜਕ ਨੂੰ ਬਣਾਉਣ ਦਾ ਵਿਚਾਰ ਰਖਦੀ ਹੈ। ਇਹ ਪੰਜਵੀਂ ਪੰਜ ਸਾਲਾ ਪਲੈਨ ਦੇ ਦੌਰਾਨ ਬਣਾ ਦਿਤੀ ਜਾਵੇਗੀ, ਜੇਕਰ ਲੋੜੀਂਦੇ ਫੰਡ ਪ੍ਰਾਪਤ ਹੋ ਗਏ।]

UNSTARRED QUESTION No. 892

ਗੁਰਦਰਸ਼ਨ ਸਿੰਘ,
ਰਾਜ ਮੰਤਰੀ, ਖੁਰਾਕ ਤੇ ਸਪਲਾਈ,
ਪੰਜਾਬ।

ਅ:ਸ:ਪ:ਨੰ: 9169-3ਸ-74/35824
ਮਿਤੀ ਚੰਡੀਗੜ੍ਹ 11 ਅਗਸਤ, 1974

ਵਿਸ਼ਾ : ਪੰਜਾਬ ਵਿਧਾਨ ਸਭਾ ਦੇ ਅਨਸਟਾਰਡ ਸਵਾਲ ਨੰ : 892 ਦੇ ਬਾਰੇ।

ਪਿਆਰੇ,

ਪੰਜਾਬ ਵਿਧਾਨ ਸਭਾ ਦੇ ਅਨਸਟਾਰਡ ਸਵਾਲ ਨੰ: 892, ਜਿਹੜਾ ਸਵਾਲਾਂ ਦੀ ਸੂਚੀ ਮਿਤੀ 12-8-74 ਵਿਚ ਦਰਜ ਹੈ, ਦਾ ਉਤਰ ਹਾਲੀ ਤਿਆਰ ਨਹੀਂ ਹੋਇਆ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਸ ਸਵਾਲ ਦੀ ਮਿਆਦ ਵਧਾ ਦਿਤੀ ਜਾਵੇ ਅਤੇ ਕਿਸੇ ਹੋਰ ਦਿਨ ਲਈ ਨਿਸਚਿਤ ਕੀਤੀ ਜਾਵੇ।

ਹਿਤੂ,
ਸਹੀ/- ਗੁਰਦਰਸ਼ਨ ਸਿੰਘ

ਡਾ: ਕੇਵਲ ਕ੍ਰਿਸ਼ਨ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

ਪਿੰਡ ਸਰਦੂਲਗੜ੍ਹ, ਜ਼ਿਲ੍ਹਾ ਬਠਿੰਡਾ ਵਿਚ ਬਾਜ਼ਾਰ ਨੂੰ ਬੱਸ ਅੱਡੇ ਨਾਲ ਜੋੜਦੀ ਲਿੰਕ ਰੋਡ

893. **ਸਰਦਾਰ ਬਲਵਿੰਦਰ ਸਿੰਘ ਭੁੰਦੜ** : ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਪਿੰਡ ਸਰਦੂਲਗੜ੍ਹ, ਜ਼ਿਲਾ ਬਠਿੰਡਾ ਵਿਚ ਬਾਜ਼ਾਰ ਨੂੰ ਬਸ ਅੱਡੇ ਨਾਲ ਜੋੜਨ ਲਈ ਲਿੰਕ ਰੋਡ ਦੀ ਮਨਜ਼ੂਰੀ ਅੱਠ ਸਾਲ ਪਹਿਲਾਂ ਮਾਰਕਿਟ ਕਮੇਟੀ ਮਾਨਸਾ ਦੁਆਰਾ ਦਿਤੀ ਗਈ ਸੀ;

(ਅ) ਜੇਕਰ ਭਾਗ (ੳ) ਦੇ ਉਤਰ ਹਾਂ ਵਿਚ ਹੋਏ ਤਾਂ ਕੀ ਉਕਤ ਲਿੰਕ ਰੋਡ ਮੁਕੰਮਲ ਹੋ ਗਈ ਹੈ ?

Original with;
Punjab Vidhan Sabha
Digitized by;
Panjab Digital Library

ਮਾਸਟਰ ਗੁਰਬੰਤਾ ਸਿੰਘ : (ੳ) ਹਾਂ ਜੀ ।

(ਅ) ਨਾ ਜੀ ।

FLOOD MENACE IN VILLAGE BHUNDER, TEHSIL MANSA, DISTRICT BHATINDA

894. **Sardar Balwinder Singh** : Will the Minister for Revenue and Elections be pleased to state :—

(a) whether it is a fact that village Bhunder, Tehsil Mansa, District Bhatinda is ganerally affected by the flood in Ghaggar;

(b) if the reply to part (a) above be in the affirmative, the steps, if any, taken by the Government for the protection of the said village ?

Sardar Gurbakhsh Singh Sibia : (a) Yer, Sir.

(b) The matter is under investigation and a scheme to prevent erosive action of river Ghaggar is under formulation. It can only be executed after finalisation, sanction and subject to the availability of funds.

[(ੳ) ਹਾਂ ਜੀ ।

(ਅ) ਇਹ ਮਾਮਲਾ ਖੋਜ ਅਧੀਨ ਹੈ ਅਤੇ ਦਰਿਆ ਘੱਗਰ ਦੀ ਮਾਰ ਤੋਂ ਇਸ ਪਿੰਡ ਨੂੰ ਬਚਾਉਣ ਲਈ ਇਕ ਸਕੀਮ ਬਣਾਈ ਜਾ ਰਹੀ ਹੈ । ਸਕੀਮ ਦੇ ਮੁਕੰਮਲ ਹੋਣ, ਮਨਜ਼ੂਰੀ ਅਤੇ ਫੰਡਾਂ ਦੇ ਉਪਲਭਧ ਹੋਣ ਮਗਰੋਂ ਹੀ ਇਸ ਤੇ ਕੰਮ ਕੀਤਾ ਜਾ ਸਕਦਾ ਹੈ ।]

ਜ਼ਿਲਾ ਬਠਿੰਡਾ ਦੇ ਸਰਦੂਲਗੜ੍ਹ ਕਸਬੇ ਵਿਚ ਸਬ-ਤਹਿਸੀਲ ਕਾਇਮ ਕਰਨਾ

895. **ਸਰਦਾਰ ਬਲਵਿੰਦਰ ਸਿੰਘ ਭੁੰਦੜ** : ਕੀ ਮਾਲ ਅਤੇ ਚੋਣ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਸਰਕਾਰ ਨੇ ਸਰਦੂਲਗੜ੍ਹ ਕਸਬੇ, ਜ਼ਿਲਾ ਬਠਿੰਡਾ ਵਿਖੇ ਸੱਬ-ਤਹਿਸੀਲ ਕਾਇਮ ਕੀਤੇ ਜਾਣ ਦਾ ਫੈਸਲਾ ਕੀਤਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਿਤਨੇ ਸਮੇਂ ਤਕ ਕਾਇਮ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਉਮਰਾਓ ਸਿੰਘ : ਹਾਂ ਜੀ, ਬਹੁਤ ਜਲਦੀ ।

Original with;
Punjab Vidhan Sabha
Digitized by;
Panjab Digital Library

ਸਰਦੂਲਗੜ੍ਹ ਜ਼ਿਲਾ ਬਠਿੰਡਾ ਵਿਚ ਕਾਟਨ ਜਿਨਿੰਗ ਫੈਕਟਰੀ ਸਥਾਪਤ ਕਰਨਾ

896. **ਸਰਦਾਰ ਬਲਵਿੰਦਰ ਸਿੰਘ ਭੁੰਦੜ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਦੂਲਗੜ੍ਹ, ਜ਼ਿਲਾ ਬਠਿੰਡਾ ਵਿਖੇ ਸਮਾਲ ਸਕੇਲ ਫਾਰਮਜ਼ ਏਜੰਸੀ ਦੇ ਰਾਹੀਂ ਇਕ ਕਾਟਨ ਜਿਨਿੰਗ ਫੈਕਟਰੀ ਸਥਾਪਤ ਕਰਨ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ ?

ਮਾਸਟਰ ਗੁਰਬੰਤਾ ਸਿੰਘ (ਖੇਤੀ ਬਾੜੀ ਅਤੇ ਵਣ ਮੰਤਰੀ) : ਹਾਂ ਜੀ, ਇਹ ਪ੍ਰਸਤਾਵ ਵਿਚਾਰ ਅਧੀਨ ਹੈ ।

QUESTIONS OF PRIVILEGE

Mr. Speaker : Doctor Baldev Parkash, M.L.A. has given notice of a privilege motion alleging that the Leader of the House misled the House when he stated that no efforts whatsoever were made to take the students to Delhi by Government machinery of the State.

Following the past practice I have written to the Chief Minister to clarify the position. I will give my ruling after I hear from him.

I received a notice of a Privilege motion from Comrade Satya pal Dang, M.L.A. on 8th August, 1974 alleging that the Chief Parliamentary Secretary, while replying to Starred Question No. 2622 on 5th August, 1974, gave a wrong reply that an I.A.S. Officer referred to in the said question had not been given any posting because he had resigned as Managing Director of the Punjab Breweries where he was on deputation without getting the prior permission of the Government which was necessary, under rules applicable to I.A.S. Officers. I wrote to the Chief Parliamentary Secretary to clarify the position regarding the allegation made by Comrade Satya pal Dang.

I have since received a reply from the Chief Parliamentary Secretary clarifying the position. He states that "A reference to the reply would show that I had stated that the officer concerned was on deputation to the Punjab State Industrial Development Corporation."

A reference to the original reply to Question No. 2622 shows that the Chief Parliamentary Secretary had stated that the officer concerned was on deputation with the Punjab State Industrial Development Corporation for the post of Managing Director, Punjab Breweries Limited. From the statement as well as the reply to the question it is clear that the officer was on deputation with a Corporation which is hundred per cent Government undertaking.

Original with;
Punjab Vidhan Sabha
Digitized by;
Panjab Digital Library

[Mr. Speaker]

Shri Satya pal Dang has himself admitted in the notice of the motion that prior Government permission for resigning from a post held on deputation is necessary in case of I.A.S. Officers only if the post is in a 100% Government undertaking. Perhaps the hon. Member's point is that since the officer resigned as a Managing Director of the Punjab Breweries, which is not a hundred per cent Public undertaking he could do so without the prior permission of the Government. But it will be seen that on resigning from the Directorship of the Punjab Breweries the officer reverted to the State Government service and not to the Punjab Industrial Development Corporation. This makes the point clear that the officer was on deputation with the Punjab State Industrial Development Corporation which is a Government Undertaking and in that case, according to the Member himself, prior permission of the Government was necessary before resigning.

In view of the facts stated above, I do not find that any wrong statement had been made by the Chief Parliamentary Secretary. Therefore, no question of breach of privilege of the House is involved and I do not give my consent to the question of privilege being raised.

ਕਾਮਰੇਡ ਸਤ ਪਾਲ ਡਾਂਗ: ਸਪੀਕਰ ਸਾਹਿਬ, ਮੇਰੀ ਇਕ ਛੋਟੀ ਜਿਹੀ ਸਬਮਿਸ਼ਨ ਹੈ। ਮੈਂ ਸਿਰਫ ਕਲੈਰੀਫਾਈ ਕਰਵਾਉਣਾ ਹੈ। ਜੋ ਤੁਸੀਂ ਫੁਰਮਾਇਆ ਹੈ ਅਗਰ ਇਹ ਗਲ ਇਹਨਾਂ ਦੀ ਠੀਕ ਵੀ ਮੰਨ ਲਈ ਤਾਂ.. There is a clear fact which emerges out of it that gentleman, I. A. S. Officer, never resigned from the Directorship of the Punjab Industrial Development Corporation. His resignation, which was read out, was resignation from the Managing Directorship of the Punjab Breweries which is not a 100% Government Undertaking and, therefore, no permission was necessary. Therefore, it is not only a question of permission but it is also a question of harassment and victimisation which is contrary to the Rules.

ਸਪੀਕਰ ਸਾਹਿਬ, ਅਗਰ ਇਕ ਆਈ. ਏ. ਐਸ. ਅਫਸਰ ਆਨੈਸਟ ਹੋਵੇ ਔਰ ਉਸ ਨਾਲ ਇਹ ਹੀ ਹੋਣਾ ਹੈ ਤਾਂ ਛੋਟੇ ਮੋਟੇ ਅਫਸਰਾਂ ਦਾ ਕੀ ਹਾਲ ਹੁੰਦਾ ਹੋਵੇਗਾ।

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਮੇਰੀ ਪ੍ਰੀਵਿਲੇਜ ਮੋਸ਼ਨ ਬਾਰੇ ਤੁਸੀਂ ਕਿਹਾ ਹੈ ਕਿ ਸੀ. ਐਮ. ਸਾਹਿਬ ਤੋਂ ਜਵਾਬ ਮੰਗਵਾਇਆ ਹੈ। ਮੇਰੀ ਪ੍ਰੀਵਿਲੇਜ ਮੋਸ਼ਨ ਸਪੀਕਰ ਸਾਹਿਬ, ਬੜੀ ਕਲੀਅਰ ਹੈ। ਤੁਸੀਂ ਸਪੀਕਰ ਸਾਹਿਬ, ਰਿਕਾਰਡ ਵੇਖੋ ਸੀ. ਐਮ. ਸਾਹਿਬ ਤੋਂ ਇਨਫਰਮੇਸ਼ਨ ਮੰਗਵਾਉਣ ਦੀ ਲੋੜ ਹੀ ਨਹੀਂ ਸੀ। ਮੇਰੇ ਪਾਸ....

ਸ੍ਰੀ ਸਪੀਕਰ : ਡਾਕਟਰ ਸਾਹਿਬ, ਮੈਂ ਕਲ ਇਸ ਤੇ ਰੂਲਿੰਗ ਦੇਵਾਂਗਾ। ਅਗੇ ਪ੍ਰੈਸੀਡੈਂਟਸ ਹਨ। (Doctor Sahib, I will give my ruling tomorrow. There are precedents in this respect.)

Original with;
Punjab Vidhan Sabha
Digitized by;
Panjab Digital Library

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਮੇਰੀ ਗੱਲ ਤਾਂ ਸੁਣ ਲਓ ।

ਸ੍ਰੀ ਸਪੀਕਰ : ਡਾਕਟਰ ਸਾਹਿਬ ਮੈਂ ਕਿਹਾ ਹੈ ਕਿ ਮੈਂ ਕਲ ਇਸ ਤੇ ਆਪਣੀ ਰੂਲਿੰਗ ਦੇਵਾਂਗਾ । (Doctor Sahib, I have said that I will give my ruling tomorrow.)

ਡਾਕਟਰ ਬਲਦੇਵ ਪਰਕਾਸ਼ : ਸਪੀਕਰ ਸਾਹਿਬ, ਮੁੱਖ ਮੰਤਰੀ ਨੇ ਬੜਾ ਕਲੀਅਰ ਕਿਹਾ ਹੈ । ਉਹਨਾਂ ਨੇ ਕੈਟਾਗੋਰੀਕਲੀ ਕਿਹਾ ਹੈ ਕਿ ਗੌਰਮਿੰਟ ਮਸ਼ੀਨਰੀ ਦਾ ਇਸਤੇਮਾਲ ਨਹੀਂ ਹੋਇਆ । ਮੈਂ ਫੋਟੋਸਟੈਟ ਕਾਪੀਆਂ ਲਿਆਇਆ ਹਾਂ ।

ਸ੍ਰੀ ਸਪੀਕਰ : ਤੁਸੀਂ ਬੈਠੋ ਇਹ ਗਲ ਕਲ੍ਹ ਹੋ ਜਾਵੇਗੀ । (You may Please resume your seat. This matter will be taken up tomorrow.)

ADJOURNMENT MOTIONS

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਇਕ ਐਡਜਰਨਮੈਂਟ ਮੋਸ਼ਨ ਦਿਤੀ ਸੀ । ਸਪੀਕਰ ਸਾਹਿਬ, ਉਸ ਉਪਰ ਤਸੀਂ ਵੀ ਰੀਜ਼ਨ ਦੇ ਦਿਤਾ ਹੈ । ਸਪੀਕਰ ਸਾਹਿਬ, ਜਿਹੜੀ 9 ਤਾਰੀਖ ਦੀ ਯੂਥ ਰੈਲੀ ਹੋਈ ਹੈ ਸਰਕਾਰ ਨੇ ਉਸ ਵਿਚ ਸਰਕਾਰੀ ਮਸ਼ੀਨਰੀ ਦੀ ਗਲਤ ਵਰਤੋਂ ਕੀਤੀ ਹੈ । ਤੁਸੀਂ ਇਹ ਕਹਿ ਕੇ ਰੀਜੈਕਟ ਕਰ ਦਿਤੀ ਹੈ ਕਿ ਇਸ ਤਰ੍ਹਾਂ ਦੀ ਪਿਛੇ ਇਕ ਮੋਸ਼ਨ ਆਈ ਸੀ ਅੱਰ ਤੁਸੀਂ ਕੋਈ ਨਵੀਂ ਗਲ ਨਹੀਂ ਦਸੀ । ਮੈਂ ਤਾਂ ਇਹ ਦਸਣਾ ਚਾਹੁੰਦਾ ਹਾਂ ਕਿ ਉਹ ਰੈਲੀ ਤੋਂ ਪਹਿਲਾਂ ਦੀ ਸੀ ਅੱਰ ਇਹ ਰੈਲੀ ਤੋਂ ਬਾਅਦ ਦੀ ਹੈ । ਇਸ ਵਿਚ ਦਸਿਆ ਹੈ ਕਿ ਸਰਕਾਰ ਨੇ ਗਲਤ ਮਸ਼ੀਨਰੀ ਇਸਤੇਮਾਲ ਕੀਤੀ ਹੈ । ਡਿਸਟ੍ਰਿਕਟ ਐਜੂਕੇਸ਼ਨ ਆਫੀਸਰਜ਼ ਨੇ ਸਰਕੂਲਰ ਕੀਤਾ ਹੈ ਕਿ ਤੁਸੀਂ 100, 100 ਵਿਦਿਆਰਥੀ ਲੈ ਕੇ ਦਿਲੀ ਜਾਣਾ ਹੈ । ਇਹ ਸਰਕੂਲਰ ਗਿਆ ਹੈ । ਇਹ ਚੀਜ਼ ਹਿੰਦ ਸਮਾਚਾਰ ਵਿਚ ਵੀ ਛਪੀ ਹੈ । ਉਹਨਾਂ ਉਪਰ ਇਹ ਚੀਜ਼ ਜ਼ਬਰਦਸਤੀ ਲਾਗੂ ਕੀਤੀ ਗਈ ਹੈ ਅੱਰ ਮੈਂ ਸਮਝਦਾ ਹਾਂ ਕਿ ਇਹ ਗਲਤ ਚੀਜ਼ ਹੈ । ਇਸ ਨੂੰ ਇਥੇ ਡਿਸਕਸ ਕਰਨ ਦੀ ਇਜ਼ਾਜ਼ਤ ਦਿਓ ।

Mr. Speaker : Rule 61(iv) is very clear :

> 'The motion shall relate to a matter which falls within the responsibility of the Government'.

It is also written in sub-rule (vii) :

> 'The motion shall not deal with a matter for the discussion of which leave was refused in the same Session.'

ਕਿਉਂਕਿ ਪਹਿਲਾਂ ਰੂਲਿੰਗ ਹੋ ਚੁਕੀ ਹੈ, ਇਸ ਕਰਕੇ ਮੈਂ ਡਿਸਕਸ਼ਨ ਅਲਾਓ ਨਹੀਂ ਕਰਦਾ ਲੇਕਿਨ ਮੈਂ ਫਿਰ ਵੀ ਮਹਿਸੂਸ ਕਰਦਾ ਹਾਂ ਕਿ ਤੁਸੀਂ ਜਿਸ ਮੈਟਰ ਨੂੰ ਉਠਾਇਆ ਹੈ ਐਡਜਰਨਮੈਂਟ ਮੋਸ਼ਨ ਤਾਂ ਨਹੀਂ ਕਾਲ ਅਟੈਨਸ਼ਨ ਦੀ ਸ਼ਕਲ ਵਿਚ ਮੈਂ ਐਡਮਿਟ ਕਰ ਲਵਾਂਗਾ । (Since the ruling has already been given, I will not allow discussion on it. Still I am ready to admit a Call Attention Notice but not an Adjournment Motion.)

Original with;
Punjab Vidhan Sabha
Digitized by;
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਸਰਕਾਰ ਨੇ ਕੋਈ ਜਵਾਬ ਨਹੀਂ ਦੇਣਾ ।

ਸ਼੍ਰੀ ਸਪੀਕਰ : ਸੰਧੂ ਸਾਹਿਬ, ਗੌਰਮਿੰਟ ਜਵਾਬ ਦੇਵੇਗੀ । (Sandhu Sahib, the Government will certainly give a reply.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ .. .. ..

ਸ਼੍ਰੀ ਸਪੀਕਰ : ਤੁਸੀਂ ਬੈਠ ਜਾਓ । (You may please resume your seat.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰੀ ਬੇਨਤੀ ਤਾਂ ਸੁਣ ਲਓ । ਜਨਾਬ ਦੀ ਬੜੀ ਮੇਹਰਬਾਨੀ ਹੈ ਕਿ ਤੁਸੀਂ ਆਪਣੀ ਰੂਲਿੰਗ ਨੂੰ ਥੋੜ੍ਹਾ ਜਿਹਾ ਸੁਧਾਰਨ ਦੀ ਕੋਸ਼ਿਸ਼ ਕੀਤੀ ਹੈ ਲੇਕਿਨ ਮੈਂ ਬੇਨਤੀ ਕਰਦਾ ਹਾਂ ਕਿ ਜਿਸ ਵਿਚ ਸਰਕਾਰ ਇਨਵਾਲਵ ਨਾ ਹੋਵੇ ਡਿਸਟਰਿਕਟ ਐਜੂਕੇਸ਼ਨ ਅਫਸਰ ਕੋਈ ਪ੍ਰਾਈਵੇਟ ਅਦਾਰੇ ਦਾ ਮਾਲਕ ਨਹੀਂ ਹੈ । ਉਥੇ ਸਰਕਾਰ ਦੇ ਕਹਿਣ ਦੇ ਮੁਤਾਬਿਕ ਮੀਟਿੰਗਾਂ ਹੋਈਆਂ ਹਨ, ਔਰ ਡਿਊਟੀਜ਼ ਲਗੀਆਂ ਹਨ । .. .. (ਵਿਘਨ)

(ਇਸ ਸਮੇਂ ਸਰਦਾਰ ਦਰਬਾਰਾ ਸਿੰਘ ਜੀ ਕੁਝ ਬੋਲਣ ਲਈ ਖੜ੍ਹੇ ਸਨ)

ਸ਼੍ਰੀ ਸਪੀਕਰ : ਤੁਸੀਂ ਕਾਲ ਅਟੈਨਸ਼ਨ ਦੇ ਦਿਉ । (You may table a Call Attention Notice.)

ਸਰਦਾਰ ਅਜਾਇਬ ਸਿੰਘ ਸੰਧੂ : ਕਾਲ ਅਟੈਨਸ਼ਨ ਦਾ ਕਿਉਂ ਸਹਕਾਰ ਜਵਾਬ ਦੇਵੇ ।

ਸ਼੍ਰੀ ਸਪੀਕਰ : ਸਰਕਾਰ ਜਵਾਬ ਦੇ ਦੇਵੇਗੀ, ਤੁਸੀਂ ਕਾਲ ਅਟੈਨਸ਼ਨ ਦੇ ਦਿਉ । (Government will give a reply. You may bring in a Call Attention Notice.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਸਰਕਾਰ ਨੇ ਜਿਹੜਾ ਵੀ ਜਵਾਬ ਦੇਣਾ ਹੈ ਅਜ ਦੇਵੇ ਔਰ ਮੈਂ ਸਮਝਦਾ ਹਾਂ ਕਿ ਇਹ ਮਸਲਾ ਡਿਸਕਸ ਹੋਣਾ ਚਾਹੀਦਾ ਹੈ । ਰੱਈਏ ਵਿਚ ਇਕ ਆਦਮੀ ਨੂੰ ਕਾਂਗਰਸੀਆਂ ਨੇ ਕਤਲ ਕਰ ਦਿਤਾ ਹੈ । ਦਲੀਪ ਸਿੰਘ ਹੋਟਲ ਵਿਚ ਕੰਮ ਕਰਦਾ ਹੈ । ਸਪੀਕਰ ਸਾਹਿਬ, ਦਿਨ ਦਿਹਾੜੇ ਉਸ ਹੋਟਲ ਵਾਲੇ ਨੂੰ ਉਨ੍ਹਾਂ ਆਦਮੀਆਂ ਨੇ ਕਿਹਾ ਰੋਟੀ ਦਿਉ, ਉਸ ਨੇ ਕਿਹਾ ਰੋਟੀ ਨਹੀਂ ਹੈ । ਇਸ ਉਪਰ ਉਸ ਨੂੰ ਕਤਲ ਕਰ ਦਿਤਾ ਹੈ । (ਵਿਘਨ)

(ਸ਼ੋਰ)

ਕੈਪਟਨ ਰਤਨ ਸਿੰਘ : ਇਹ ਕਲੀਅਰ ਹੈ ਅਤੇ ਰੂਲ ਕੋਟ ਕਰਨ ਦੀ ਲੋੜ ਨਹੀਂ ਕਿ ਜਦੋਂ ਚੇਅਰ ਰੂਲਿੰਗ ਦੇ ਦੇਵੇ ਤਾਂ ਬਹਿਸ ਨਹੀਂ ਹੋ ਸਕਦੀ, ਪਰ ਆਪਣੇ ਆਪਣੇ ਰਿਮਾਰਕਸ ਦਿਤੇ ਜਾ ਸਕਦੇ ਹਨ .. .. ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਕਪਤਾਨ ਸਾਹਿਬ, ਬਹਿਸ ਨਾ ਛੇੜੋ। (Captain Sahib, don't discuss this matter.)

ਕੈਪਟਨ ਰਤਨ ਸਿੰਘ: ਮੈਂ ਸੰਧੂ ਸਾਹਿਬ ਦਾ ਧਿਆਨ ਰੂਲ 61 ਦੇ ਪਾਰਟ (vi) ਅਤੇ (vii) ਵਲ ਦਵਾਉਣਾ ਚਾਹੁੰਦਾ ਹਾਂ :

> "(vi) the motion shall not revive discussion on a matter which has been discussed in the same session;"

ਸ਼੍ਰੀ ਸਪੀਕਰ : ਮੈਂ ਇਹ ਦੱਸ ਚੁਕਾ ਹਾਂ। (I have already explained the position.)

ਕੈਪਟਨ ਰਤਨ ਸਿੰਘ : Let me complete, Sir. Part (vii) reads—

> "the motion shall not deal with a matter for the discussion of which leave was refused in the same session."

ਸੋ, ਮੇਰਾ ਖਿਆਲ ਹੈ ਕਿ ਜੇ ਤਾਂ ਹਾਊਸ ਦੇ ਰੂਲਜ਼ ਦੇ ਮੁਤਾਬਿਕ ਚਲਣਾ ਹੈ ਤਾਂ ਇਸ ਤੇ ਬਹਿਸ ਨਹੀਂ ਕਹਨੀ ਚਾਹੀਦੀ। ਜਿਹੜਾ, ਸਪੀਕਰ ਸਾਹਿਬ, ਤੁਸੀਂ ਇਹ ਕਿਹਾ ਹੈ ਕਿ ਇਸ ਐਡਜਰਨਮੈਂਟ ਮੋਸ਼ਨ ਨੂੰ ਕਾਲ ਐਟੈਨਸ਼ਨ ਵਿਚ ਕੰਨਵਰਟ ਕਰ ਦਿਤਾ ਜਾਵੇ, ਇਹ ਠੀਕ ਹੈ। ਇਸ ਦੇ ਬਾਰੇ ਇਨਫਰਮੇਸ਼ਨ ਵੀ ਆ ਜਾਵੇਗੀ ਅਤੇ ਫਿਰ ਇਸ ਤੇ ਡਿਸਕਸ਼ਨ ਵੀ ਕੀਤੀ ਜਾ ਸਕਦੀ ਹੈ।

ਵਿਦਿਆ ਮੰਤਰੀ (ਸ਼੍ਰੀ ਗੁਰਮੇਲ ਸਿੰਘ) : ਸਪੀਕਰ ਸਾਹਿਬ, ਤੁਸੀਂ ਇਹ ਕਿਹਾ ਹੈ ਕਿ ਇਨ੍ਹਾਂ ਦੀ ਕਾਲ ਅਟੈਨਸ਼ਨ ਮੋਸ਼ਨ ਆ ਜਾਵੇਗੀ ਅਤੇ ਸਰਕਾਰ ਜਵਾਬ ਦੇ ਦੇਵੇਗੀ। ਲੇਕਿਨ ਜੋ ਰਿਮਾਰਕਸ ਸੰਧੂ ਸਾਹਿਬ ਨੇ ਜਾਂ ਹੋਰ ਮੈਂਬਰਾਂ ਨੇ ਕੀਤੇ ਹਨ ਕਿ ਸਰਕਾਰ ਨੇ ਆਪਣੀ ਮਸ਼ੀਨਰੀ ਇਸਤੇਮਾਲ ਕੀਤੀ ਹੈ, ਇਹ ਬਿਲਕੁਲ ਗਲਤ ਹੈ ਅੌਰ ਬੇਬੁਨਿਆਦ ਹੈ। ਪੰਜਾਬ ਸਰਕਾਰ ਨੇ ਕਿਸੇ ਅਫਸਰ ਨੂੰ (ਵਿਘਨ) (ਸ਼ੋਰ) ਨਹੀਂ ਕਿਹਾ ਅਤੇ ਕੋਈ ਸਰਕੂਲਰ ਇਸ਼ੂ ਨਹੀਂ ਕੀਤਾ, ਇਹ ਗਲਤ ਹੈ ਅਤੇ ਇਹ ਬੇਬੁਨਿਆਦ ਗੱਲਾਂ ਕਰਦੇ ਹਨ। (ਵਿਘਨ) (ਬਹੁਤ ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰੀ ਅਰਜ਼ ਸੁਣੋ....

ਸ੍ਰੀ ਸਪੀਕਰ : ਸੰਧੂ ਸਾਹਿਬ, ਇਸ ਨੂੰ ਡਿਸਕਸ ਨਾ ਕਰੋ। (Sandhu Sahib, please don't discuss it.)

(ਇਸ ਸਮੇਂ ਹੋਰ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਲਈ ਖੜੇ ਹੋਏ)

Mr. Speaker Order please.

Original with;
Punjab Vidhan Sabha
Digitized by;
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰੀ ਗੱਲ ਸੁਣੋ । ਕੈਪਟਨ ਸਾਹਿਬ ਨੇ ਰੂਲ ਪੜ੍ਹਿਆ ਅਤੇ ਜਨਾਬ ਨੇ ਵੀ ਉਸ ਰੂਲ ਦਾ ਰੈਫਰੈਂਸ ਦਿਤਾ । ਜਿਹੜੀ ਪਹਿਲਾਂ ਮੈਂ ਐਡਜਰਨਮੈਂਟ ਮੋਸ਼ਨ ਦਿਤੀ ਸੀ ਉਹ ਤਾਂ ਇਹ ਸੀ ਕਿ ਸਰਕਾਰ ਸਟੂਡੈਂਟਸ ਲਿਜਾਣਾ ਚਾਹੁੰਦੀ ਹੈ ਅਤੇ ਅੱਜ ਮੇਰੀ ਐਡਜਰਨਮੈਂਟ ਮੋਸ਼ਨ ਇਹ ਹੈ ਕਿ ਸਟੂਡੈਂਟਸ ਨੂੰ ਲਿਜਾਣ ਵਾਸਤੇ ਸਰਕਾਰ ਨੇ ਸਰਕਾਰੀ ਮਸ਼ੀਨਰੀ ਦਾ ਇਸਤੇਮਾਲ ਕੀਤਾ ਹੈ ਅਤੇ ਇਨ੍ਹਾਂ ਨੇ ਸਰਕਾਰੀ ਮਸ਼ੀਨਰੀ ਦਾ ਗ਼ਲਤ ਪ੍ਰਯੋਗ ਕੀਤਾ ਹੈ । ਇਸ ਕਰਕੇ ਮੈਂ ਤੁਹਾਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਸ ਬੁਰੇ ਢੰਗ ਨਾਲ ਇਹ ਚੀਜ਼ ਹੋਈ ਹੈ ਇਹ ਇਥੇ ਡਿਸਕਸ ਹੋਣੀ ਚਾਹੀਦੀ ਹੈ ਅਤੇ ਅਸੀਂ ਦਸਾਂਗੇ ਕਿ ਕਿਹੜੇ ਕਿਹੜੇ ਢੰਗ ਨਾਲ ਸਰਕਾਰ ਨੇ ਆਪਣੀ ਮਸ਼ੀਨਰੀ ਇਸਤੇਮਾਲ ਕੀਤੀ ਹੈ । ਇਹ ਗਲ ਕਹਿ ਦੇਣੀ ਕਿ ਸਰਕਾਰ ਜਵਾਬ ਦੇ ਦੇਵੇਗੀ, ਗੱਲ ਨਹੀਂ ਬਣਨੀ । ਮਨਿਸਟਰ ਸਾਹਿਬ ਨੇ ਇਹ ਕਿਹਾ ਹੈ ਕਿ ਕੋਈ ਸਰਕੂਲਰ ਇਸ਼ੂ ਨਹੀਂ ਕੀਤਾ । ਪਰ ਇਹ ਚੀਜ਼ ਸਾਰਿਆਂ ਅਖਬਾਰਾਂ ਵਿਚ ਛਪੀ ਹੈ । .. .. ..

ਸ਼੍ਰੀ ਸਪੀਕਰ : ਸਰਕਾਰ ਦੀ ਸਟੇਟਮੈਂਟ ਆਉਣ ਤੇ ਤੁਸੀਂ ਸਵਾਲ ਕਰ ਲੈਣਾ । (After the Government has given the statement, you may put the question.)

ਸਰਦਾਰ ਅਜਾਇਬ ਸਿੰਘ ਸੰਧੂ : ਕਾਲ ਅਟੈਨਸ਼ਨ ਦਾ ਜਵਾਬ ਹੀ ਨਹੀਂ ਆਉਣਾ, ਪਿਛਲੇ ਸੈਸ਼ਨ ਦੇ ਕਾਲ ਅਟੈਨਸ਼ਨ ਮੋਸ਼ਨਾਂ ਦੇ ਜਵਾਬ ਹੁਣ ਤਕ ਨਹੀਂ ਆਏ ।

ਵਿਦਿਆ ਮੰਤਰੀ (ਸ੍ਰੀ ਗੁਰਮੇਲ ਸਿੰਘ) : ਮੈਂ ਪਹਿਲਾਂ ਹੀ ਕਿਹਾ ਹੈ ਕਿ ਕਾਲ ਅਟੈਨਸ਼ਨ ਮੋਸ਼ਨ ਦਾ ਜਵਾਬ ਦੇ ਦੇਵਾਂਗੇ । ਲੇਕਿਨ ਫਿਰ ਇਨ੍ਹਾਂ ਨੇ ਦੋਬਾਰਾ ਐਲੀਗੇਸ਼ਨ ਲਗਾਇਆ ਹੈ। ਮੈਂ ਫਿਰ ਕਹਿੰਦਾ ਹਾਂ ਕਿ ਪੰਜਾਬ ਸਰਕਾਰ ਨੇ ਕੋਈ ਮਸ਼ੀਨਰੀ ਦਾ ਇਸਤੇਮਾਲ ਨਹੀਂ ਕੀਤਾ ਅਤੇ ਕੋਈ ਸਰਕੂਲਰ ਇਸ਼ੂ ਨਹੀਂ ਕੀਤਾ ।

ਸਰਦਾਰ ਅਜਾਇਬ ਸਿੰਘ ਸੰਧੂ : ਕੀਤਾ ਹੈ ।

ਵਿਦਿਆ ਮੰਤਰੀ (ਸ੍ਰੀ ਗੁਰਮੇਲ ਸਿੰਘ) : ਕੋਈ ਡਾਇਰੈਕਸ਼ਨ ਨਹੀਂ ਦਿਤੀ ਅਤੇ ਪੰਜਾਬ ਸਰਕਾਰ ਦੇ ਕਿਸੇ ਅਫ਼ਸਰ ਨੂੰ ਕੋਈ ਹਿਦਾਇਤ ਨਹੀਂ ਦਿਤੀ, ਇਹ ਗਲਤ ਗਲਾਂ ਕਰਦੇ ਹਨ । ਜਿਥੋਂ ਤਕ ਰੈਲੀ ਵਿਚ ਜਾਣ ਦਾ ਸਬੰਧ ਹੈ, ਪ੍ਰਾਈਮ ਮਨਿਸਟਰ ਦੀ ਸਪੀਚ ਯੂਥ ਸੁਣਨਾ ਚਾਹੁੰਦਾ ਸੀ । ਪਰ ਇਨ੍ਹਾਂ ਨੇ ਸਕੂਲਾਂ ਅਤੇ ਕਾਲਜਾਂ ਵਿਚ ਜਾ ਜਾ ਕੇ ਉਥੇ ਸਟੂਡੈਂਟਸ ਨੂੰ ਰੋਕਣ ਦਾ ਯਤਨ ਕੀਤਾ ਲੇਕਿਨ ਪੰਜਾਬ ਦਾ ਯੂਥ ਇਨ੍ਹਾਂ ਦੇ ਮਗਰ ਨਹੀਂ ਲਗਾ । (ਵਿਘਨ) (ਸ਼ੋਰ) ਅੱਜ ਸਾਰੇ ਸੁਖਿਆਂ ਨਾਲੋਂ, ਤੁਹਾਡੀ ਵੀ ਅਖਬਾਰਾਂ ਵਿਚ ਪੜ੍ਹਿਆ ਹੋਣਾ ਹੈ, ਪੰਜਾਬ ਦਾ ਯੂਥ ਸਭ ਤੋਂ ਵੱਧ ਗਿਆ ਸੀ । ਪੰਜਾਬ ਦਾ ਯੂਥ ਉਥੇ ਜਾਣਾ ਚਾਹੁੰਦਾ ਸੀ । (ਵਿਘਨ) (ਸ਼ੋਰ) ਇਹ ਸਟੂਡੈਂਟਸ ਦੇਸ਼ ਦੇ ਪ੍ਰਾਈਮ ਮਨਿਸਟਰ ਦੀ ਗੱਲ ਸੁਣਨ ਗਏ ਸਨ ਨਾ ਕਿ ਇਨ੍ਹਾਂ (ਆਪੋਜ਼ੀਸ਼ਨ ਵਲ ਇਸ਼ਾਰਾ ਕਰਦੇ ਹੋਏ) ਦੀ ਗੱਲ ਸੁਣਨ ਗਏ ਸਨ । (ਬਹੁਤ ਸ਼ੋਰ) ਪੰਜਾਬ ਦਾ ਜਿਹੜਾ ਯੂਥ ਹੈ, ਉਹ ਡੈਮੋਕਰੇਸੀ ਅਤੇ

Original with;
Punjab Vidhan Sabha
Digitized by;
Panjab Digital Library

ਸੈਕੂਲਰਿਜ਼ਮ ਵਿਰ ਯਕੀਨ ਰੱਖਦਾ ਹੈ, ਇਸ ਕਰਕੇ ਉਹ ਉਥੇ ਜਾਣਾ ਚਾਹੁੰਦਾ ਸੀ । (ਬਹੁਤ ਸ਼ੋਰ) ਕੋਈ ਸਰਕਾਰੀ ਮਸ਼ੀਨਰੀ ਇਸਤੇਮਾਲ ਨਹੀਂ ਕੀਤੀ ਗਈ ।

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਲਈ ਖੜੇ ਹੋ ਗਏ)

Mr. Speaker : Order please.

ਸਰਦਾਰ ਜਸਵਿੰਦਰ ਸਿੰਘ ਬਰਾੜ : * * *

ਸ਼੍ਰੀ ਸਪੀਕਰ : ਇਹ ਜੋ ਬਰਾੜ ਸਾਹਿਬ ਬੋਲ ਰਹੇ ਹਨ, ਇਹ ਰਿਕਾਰਡ ਨਾਂ ਕੀਤਾ ਜਾਵੇ । (Whatever is being said by Brar Sahib should not be recorded.)

ਸਰਦਾਰ ਦਰਬਾਰਾ ਸਿੰਘ : ਆਨ ਏ ਪਵਾਇੰਟ ਆਫ ਆਰਡਰ ਸ਼ਰ ।

ਸਰਦਾਰ ਜਸਵਿੰਦਰ ਸਿੰਘ ਬਰਾੜ : * * *

ਸ਼੍ਰੀ ਸਪੀਕਰ : ਇਹ ਜੋ ਮੈਂਬਰ ਸਾਹਿਬ ਬੋਲ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ । (Whatever is being said by the hon. Member should not be recorded.)

ਸਰਦਾਰ ਦਰਬਾਰਾ ਸਿੰਘ : ਜਿਹੜੀ ਐਡਜਰਨਮੈਂਟ ਮੋਸ਼ਨ ਇਨ੍ਹਾਂ ਨੇ ਦਿਤੀ ਹੈ, ਉਸ ਲਈ ਤੁਸੀਂ ਕਹਿ ਦਿਤਾ ਹੈ ਕਿ ਕਾਲ ਅਟੈਨਸ਼ਨ ਨੋਟਿਸ ਐਡਮਿਟ ਕੀਤਾ ਜਾ ਸਕਦਾ ਹੈ । ਸੋ ਇਸ ਤੋਂ ਬਾਅਦ ਜਿਹੜੀ ਇਹ ਐਡਜਰਨਮੈਂਟ ਮੋਸ਼ਨ ਦੀ ਗੱਲ ਕਰ ਰਹੇ ਹਨ ਇਹ ਹਾਊਸ ਦੀਆਂ ਪ੍ਰੋਸੀਡਿੰਗਜ਼ ਵਿਚ ਰੋੜਾ ਅਟਕਾਉਣ ਵਾਲੀ ਗੱਲ ਹੈ ਅਤੇ ਇਹ ਚੰਗਾ ਨਹੀਂ ਲਗਦਾ ਕਿ ਹਾਊਸ ਵਿਚ ਜਮਹੂਰੀਅਤ ਅਤੇ ਪਾਰਲੀਆਮੈਂਟਰੀ ਸਿਸਟਮ ਵਿਚ ਰੋੜਾ ਅਟਕਾਇਆ ਜਾਵੇ । ਸਿਵਾਏ ਰੋੜਾ ਅਟਕਾਉਣ ਦੇ ਇਨ੍ਹਾਂ ਦੀ ਹੋਰ ਕੋਈ ਭਾਵਨਾ ਨਹੀਂ । (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ) (ਵਿਘਨ) (ਸ਼ੋਰ) 10-10 ਬੱਸਾਂ ਦਾ ਹਜੂਮ ਦਿਲੀ ਗਿਆ ਸੀ ਅਤੇ ਇਕ ਇਕ ਬਸ ਵਿਚ 150-150 ਬੰਦੇ ਸਨ । ਸਟੂਡੈਂਟਸ ਉਥੇ ਇਸ ਕਰਕੇ ਗਏ ਕਿਉਂਕਿ ਉਨ੍ਹਾਂ ਨੂੰ ਜਮਹੂਰੀਅਤ ਵਿਚ ਵਿਸ਼ਵਾਸ਼ ਹੈ । (ਵਿਘਨ) (ਬਹੁਤ ਸ਼ੋਰ) ਮੈਨੂੰ 9 ਪਿੰਡਾਂ ਵਿਚੋਂ ਸਟੂਡੈਂਟਸ ਲਿਜਾਣ ਵਾਸਤੇ ਕਿਹਾ ਗਿਆ ਸੀ ਅਤੇ ਇਸ ਵਾਸਤੇ 5 ਬੱਸਾਂ ਮੈਂ ਕੀਤੀਆਂ ਸਨ, ਪਰ ਉਹ ਸਾਰੀਆਂ ਇਕੋ ਹੀ ਪਿੰਡ ਵਿਚੋਂ ਭਰ ਗਈਆਂ ਅਤੇ ਬਾਕੀ ਪਿੰਡਾਂ ਦੇ ਸਟੂਡੈਂਟਸ ਬੱਸਾਂ ਆਪ ਕਰਾਏ ਤੇ ਲੈ ਕੇ ਗਏ ।

(ਇਸ ਸਮੇਂ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਕੁਝ ਨਾਅਰੇ ਲਗਾ ਰਹੇ ਸਨ ਅਤੇ ਹਾਊਸ ਵਿਚ ਬੜਾ ਸ਼ੋਰ ਸੀ * * *)

ਸ਼੍ਰੀ ਸਪੀਕਰ : ਇਹ ਜੋ ਕੁਝ ਵੀ ਮੈਂਬਰੰ ਸਾਹਿਬਾਨ ਨਾਅਰੇ ਲਗਾ ਰਹੇ ਹਨ ਅਤੇ ਬੋਲ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ । (Whatever slogans are being raised and whatever is being said by the hon. Members should not be recorded.)

---

*Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਇਕ ਐਡਜਰਨਮੈਂਟ ਮੋਸ਼ਨ ਦਿਤੀ ਗਈ ਕਿ ਜਿਹੜੀ ਰੈਲੀ ਕੀਤੀ ਗਈ, ਉਸ ਬਾਰੇ ਹਿੰਦੁਸਤਾਨ ਦੇ ਲੀਡਿੰਗ ਪੇਪਰ 'ਹਿੰਦ ਸਮਾਚਾਰ' ਵਿਚ ਦੋ ਚਿੱਠੀਆਂ ਛਪੀਆਂ ਹਨ (ਏਰੈਜ਼ਰੀ ਬੈਂਚਿਜ਼ ਵਲੋਂ ਵਿਘਨ) ਕਿ ਸਰਕਾਰੀ ਮਸ਼ੀਨਰੀ ਦਾ ਇਸਤੇਮਾਲ ਕੀਤਾ ਹੈ। ਸਪੀਕਰ ਸਾਹਿਬ, ਸਰਕਾਰ ਨੇ ਸਰਕੁਲਰ ਇਸ਼ੂ ਕੀਤਾ ਸਟੂਡੈਂਟਸ ਨੂੰ ਰੈਲੀ ਵਿਚ ਲੈ ਜਾਣ ਵਾਸਤੇ, ਇਸ ਬਾਰੇ ਵੀ ਅਖਬਾਰ ਵਿਚ ਛਪਿਆ ਹੈ। ਇਸ ਦੇ ਨਾਲ ਹੀ ਇਕ ਬੜਾ ਇੰਪਾਰਟੈਂਟ ਮਸਲਾ ਲਾਅ ਐਂਡ ਆਰਡਰ ਦਾ ਪੈਦਾ ਹੋ ਗਿਆ ਹੈ।

ਸ਼੍ਰੀ ਸਪੀਕਰ : ਲਾ ਐਂਡ ਆਰਡਰ ਦੀ ਗੱਲ ਤੁਸੀਂ ਇਸ ਵਿਚ ਕਿਹੜੀ ਲੈ ਆਏ ਹੋ ? (Law and order problem is not relevant to the issue under consideration.)

ਸਰਦਾਰ ਜਸਵਿੰਦਰ ਸਿੰਘ ਬਰਾੜ : ਤੁਸੀਂ ਇਸ ਹਾਊਸ ਦੇ ਕਸਟੋਡੀਅਨ ਹੋ। ਜਿਹੜੀ ਐਡਜਰਨਮੈਂਟ ਮੋਸ਼ਨ ਕਲ੍ਹ ਦਿਤੀ ਗਈ, ਉਸ ਤੇ ਬੋਲਣ ਲਈ ਵਕਤ ਦਿਤਾ ਜਾਵੇ। ਇਕ ਮਾਸੂਮ ਬੰਦੇ, ਦਲੀਪ ਸਿੰਘ ਨੂੰ, ਜਿਹੜਾ ਦੁਕਾਨ ਕਰਦਾ ਹੈ .. .. ..

ਮਾਲ ਮੰਤਰੀ (ਸਰਦਾਰ ਉਮਰਾਉ ਸਿੰਘ) : ਉਸ ਦਾ ਕੀ ਮਤਲਬ ਹੈ।

ਸਰਦਾਰ ਜਸਵਿੰਦਰ ਸਿੰਘ ਬਰਾੜ : ਇਹ ਲਾਅ ਐਂਡ ਆਰਡਰ ਦਾ ਮਸਲਾ ਹੈ।

ਸ਼੍ਰੀ ਸਪੀਕਰ : ਤੁਹਾਡੀ ਐਡਜਰਨਮੈਂਟ ਮੋਸ਼ਨ ਦਾ ਇਹ ਵਿਸ਼ਾ ਨਹੀਂ ਸੀ। (Your Adjournment Motion did not relate to this matter.)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਉਸ ਮਾਸੂਮ ਬੰਦੇ ਨੂੰ ਜਿਸ ਨੇ ਰੋਟੀ ਖਵਾਉਣ ਤੋਂ ਇਨਕਾਰ ਕੀਤਾ, ਕਤਲ ਕੀਤਾ ਗਿਆ। ਕੋਈ ਸਟੂਡੈਂਟ ਵੀ ਜਾਣ ਵਾਸਤੇ ਤਿਆਰ ਨਹੀਂ ਸੀ ਅਤੇ ਉਸ ਨੂੰ ਸ਼ਰਾਬੀ ਹਾਲਤ ਵਿਚ ਕਤਲ ਕੀਤਾ। ਇਸ ਕਰਕੇ ਇਸ ਗਲ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ।

Mr. Speaker : Please resume your seat.

ਸਰਦਾਰ ਜਸਵਿੰਦਰ ਸਿੰਘ ਬਰਾੜ : ਸ਼ਰਾਬ ਦੀ ਇਕ ਬੋਰੀ ਦਸੀ ਗਈ ਹੈ, ਬਸ ਵਿਚੋਂ ਨਿਕਲੀ ਹੈ .. .. ।

Mr. Speaker : Please resume your seat.

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਇਹ ਫੈਕਟ ਡਿਨਾਈ ਨਹੀਂ ਕੀਤਾ ਜਾ ਸਕਦਾ ਕਿ ਪੰਜਾਬ ਦਾ ਕੰਟਿਨਜੈਂਟ ਸਭ ਤੋਂ ਵਡਾ ਸੀ।

Original with;
Punjab Vidhan Sabha
Digitized by:
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ : ਬੁੜ੍ਹਿਆਂ ਦਾ ਕੰਟਿਨਜੈਂਟ ਸੀ ਹੈਡਿਡ ਬਾਈ ਸਰਦਾਰ ਨਿਰੰਜਨ ਸਿੰਘ ਤਾਲਬ। ਉਹ 71-72 ਸਾਲ ਦੇ ਹਨ।

ਚੌਧਰੀ ਦਰਸ਼ਨ ਸਿੰਘ : ਬੁੱਢੇ ਨਹੀਂ ਯੂਥ ਗਏ ਸਨ।

ਸਰਦਾਰ ਅਜਾਇਬ ਸਿੰਘ ਸੰਧੂ : ਜਲਾਲਉਸਮਾਨ, ਗਿਆਨੀ ਜ਼ੈਲ ਸਿੰਘ ਵਗੈਰਾ ਇਹ 13-13 ਸਾਲ ਦੇ ਮੁੰਡੇ ਸਨ।

Mr. Speaker : Order please.

ਚੌਧਰੀ ਦਰਸ਼ਨ ਸਿੰਘ : ਡਾਕਟਰ ਬਲਦੇਵ ਪ੍ਰਕਾਸ਼ ਨੇ ਪ੍ਰਿਵਿਲੇਜ ਮੋਸ਼ਨ ਮੂਵ ਕੀਤੀ ਹੈ ਕਿ ਸਰਕਾਰੀ ਮਸ਼ੀਨਰੀ ਦਾ ਇਸਤੇਮਾਲ ਹੋਇਆ ਹੈ। ਤੁਸੀਂ, ਸਪੀਕਰ ਸਾਹਿਬ, ਸੰਧੂ ਸਾਹਿਬ ਦੀ ਐਡਜਰਨਮੈਂਟ ਮੋਸ਼ਨ ਨੂੰ ਕਾਲ ਅਟੈਨਸ਼ਨ ਬਣਾਉਣ ਵਾਸਤੇ ਕਿਹਾ ਹੈ। ਉਹ ਬਾਅਦ ਵਿਚ ਟੇਕ ਅਪ ਹੋ ਜਾਵੇਗੀ। ਇਸ ਕਰਕੇ ਇਸ ਮਾਮਲੇ ਨੂੰ ਹੁਣ ਇਥੇ ਡਿਸਕਸ ਨਹੀਂ ਕਰਨਾ ਚਾਹੀਦਾ।

ਮਗਰ, ਸਪੀਕਰ ਸਾਹਿਬ, ਦੂਜੀ ਐਡਜਰਨਮੈਂਟ ਮੋਸ਼ਨ ਜਿਹੜੀ ਕਿ ਸੰਧੂ ਸਾਹਿਬ ਨੇ ਦਿਤੀ ਹੈ ਉਹ ਕਾਲ ਅਟੈਨਸ਼ਨ ਮੋਸ਼ਨ ਵਿਚ ਕਨਵਰਟ ਕੀਤੀ ਗਈ ਹੈ। ਕਾਲ ਅਟੈਨਸ਼ਨ ਮੋਸ਼ਨ ਅਤੇ ਐਡਜਰਨਮੈਂਟ ਮੋਸ਼ਨ ਵਿਚ ਡਿਫਰੈਂਸ਼ ਇਹ ਹੈ ਕਿ ਐਡਜਰਨਮੈਂਟ ਮੋਸ਼ਨ ਦਾ ਮਤਲਬ ਹੈ ਕਿ ਉਹ ਹਾਊਸ ਵਿਚ ਜ਼ਰੂਰ ਡਿਸਕਸ ਹੋਣੀ ਚਾਹੀਦੀ ਹੈ ਅਤੇ ਕਾਲ ਅਟੈਨਸ਼ਨ ਦਾ ਮਤਲਬ ਹੈ ਕਿ ਗੌਰਮਿੰਟ ਨੇ ਸਟੇਟਮੈਂਟ ਦੇ ਕੇ ਆਪਣੀ ਪੁਜ਼ੀਸ਼ਨ ਕਲੀਅਰ ਕਰਨੀ ਹੈ।

ਸਪੀਕਰ ਸਾਹਿਬ, ਹਾਊਸ ਨੇ ਹਾਲੇ ਕੰਨਟੀਨੀਊ ਕਰਨਾ ਹੈ, ਗੌਰਮਿੰਟ ਨੇ ਆਪਣੀ ਪੋਜ਼ੀਸ਼ਨ ਕਲੀਅਰ ਕਰਨੀ ਹੈ। ਇਨ੍ਹਾਂ ਨੇ ਇਕ ਸਰਕੂਲਰ ਦਾ ਜ਼ਿਕਰ ਕੀਤਾ ਹੈ ਉਸ ਦੇ ਬਾਰੇ ਕੰਟਰਾਡਿਕਸ਼ਨ ਆਲਰੇਡੀ ਈਸ਼ੂ ਹੋ ਚੁਕੀ ਹੈ ....

ਸਰਦਾਰ ਅਜਾਇਬ ਸਿੰਘ ਸੰਧੂ : ਡੀ. ਈ. ਓ. ਪਟਿਆਲਾ ਨੇ ਸਰਕੂਲਰ ਜਾਰੀ ਕੀਤਾ ਹੈ।

ਚੌਧਰੀ ਦਰਸ਼ਨ ਸਿੰਘ : ਕੋਈ ਸਰਕੂਲਰ ਜਾਰੀ ਨਹੀਂ ਕੀਤਾ ਗਿਆ। ਮਿਸ-ਅੰਡਰਸਟੈਂਡ ਨਾ ਕੀਤਾ ਜਾਵੇ। ਗੌਰਮਿੰਟ ਨੇ ਕਾਲ ਅਟੈਨਸ਼ਨ ਦੇ ਜਵਾਬ ਵਿਚ ਇਸ ਬਾਰੇ ਆਪਣੀ ਪੁਜ਼ੀਸ਼ਨ ਕਲੀਅਰ ਕਰ ਦੇਣੀ ਹੈ। (ਸ਼ੋਰ)

ਸ਼੍ਰੀ ਗੁਰਮੇਲ ਸਿੰਘ : ਸਪੀਕਰ ਸਾਹਿਬ, ਗੌਰਮਿੰਟ ਮਸ਼ੀਨਰੀ ਦੀ ਵਰਤੋਂ ਨਹੀਂ ਕੀਤੀ ਗਈ। ਇਹ ਤਾਂ ਗੱਲ ਇਨ੍ਹਾਂ ਨੇ ਮੰਨ ਲਈ ਹੈ। (ਸ਼ੋਰ) (ਨਹੀਂ ਮੰਨੀ) ਹੁਣ ਇਥੇ ਬਰਾੜ ਜੀ ਨੇ ਜੋ ਇਹ ਗਲ ਕਹੀ ਹੈ ਕਿ ਕਿਸੇ ਅਫਸਰ ਨੇ ਸਰਕੂਲਰ ਜਾਰੀ ਕੀਤਾ ਹੈ। ਸਾਨੂੰ ਇਸ ਬਾਰੇ 9 ਤਾਰੀਖ ਨੂੰ ਪਤਾ ਲਗਾ ਕਿ ਅਖਬਾਰ ਵਿਚ ਆਇਆ ਹੈ ਕਿ ਪਟਿਆਲੇ ਦੇ ਡਿਪਟੀ ਡੀ.ਈ.ਓ. ਨੇ ਇਕ ਸਰਕੂਲਰ ਜਾਰੀ ਕੀਤਾ ਹੈ (ਸ਼ੋਰ) ਹਿੰਦ ਸਮਾਚਾਰ ਵਿਚ ਛਪਿਆ ਹੈ .... (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਹ ਵੇਖੋ ਜੇ ਨਹੀਂ ਮੰਨਦੇ ਤਾ ਇਹ ਖਬਰ ਹੈ ..(ਸ਼ੋਰ)

Original with;
Punjab Vidhan Sabha
Digitized by;
Panjab Digital Library

ਸ਼੍ਰੀ ਗੁਰਮੇਲ ਸਿੰਘ : ਸਪੀਕਰ ਸਾਹਿਬ, ਠੀਕ ਹੈ ਇਹ ਖਬਰ ਛਪੀ ਹੈ ਲੇਕਿਨ ਮੈਂ ਕਹਿੰਦਾ ਹਾਂ ਕਿ ਸਾਡੇ ਨੋਟਿਸ ਵਿਚ ਜਿਸ ਦਿਨ ਇਹ ਚੀਜ਼ ਆਈ ਅਸੀਂ ਉਸੇ ਦਿਨ ਹੀ 9 ਤਾਰੀਖ ਨੂੰ ਹੀ ਪਟਿਆਲੇ ਦੇ ਡਿਪਟੀ ਡੀ.ਈ.ਓ. ਦੀ ਐਕਸਪਲੇਨੇਸ਼ਨ ਕਾਲ ਕਰ ਲਈ ਅਤੇ ਅਸੀਂ ਉਸ ਦੇ ਖਿਲਾਫ਼ ਐਕਸ਼ਨ ਲਵਾਂਗੇ ।

ਸਪੀਕਰ ਸਾਹਿਬ, ਦੂਜਾ ਜਿਹੜਾ ਇਥੇ ਸਟੂਡੈਂਟਸ ਦੇ ਦਿੱਲੀ ਜਾਣ ਦਾ ਜ਼ਿਕਰ ਕੀਤਾ ਗਿਆ ਹੈ ਕਿ ਉਥੇ ਰੈਲੀ ਹੋਈ ਹੈ, ਇਹ ਠੀਕ ਨਹੀਂ ਹੈ । ਜੇ ਇਸ ਤਰ੍ਹਾਂ ਦੀ ਕੋਈ ਰੈਲੀ ਹੁੰਦੀ ਹੈ ਤਾਂ ਉਸ ਤੇ ਕੰਟਰੋਲ ਕਰਨਾ ਐਜੂਕੇਸ਼ਨ ਡੀਪਾਰਟਮੈਂਟ ਦੀ ਜ਼ਿਮੇਵਾਰੀ ਹੈ ਜੇ ਉਹ ਨਹੀਂ ਕਰਦੇ ਤਾ ਉਹ ਆਪਣੇ ਫਰਜ਼ ਤੋਂ ਕੋਤਾਹੀ ਕਰਦੇ ਹਨ। (ਸ਼ੋਰ)

ਸਪੀਕਰ ਸਾਹਿਬ, ਜੇ ਕੋਈ ਹੋਰ ਅਫ਼ਸਰ ਦੀ ਗੱਲ ਹੈ ਤਾਂ ਸਾਨੂੰ ਦਸ ਦੇਣ ਅਸੀਂ ਉਸ ਦੀ ਵੀ ਐਕਸਪਲੇਨਸ਼ਨ ਕਾਲ ਕਰ ਲਵਾਂਗੇ । ਲੇਕਿਨ ਜੋ ਇਨ੍ਹਾਂ ਨੇ ਪੰਜਾਬ ਦੇ ਯੂਥ ਦੀ ਗੱਲ ਕੀਤੀ ਹੈ ਕਿ ਉਹ ਦਿੱਲੀ ਗਏ, ਸਪੀਕਰ ਸਾਹਿਬ, ਉਹ ਦਿਲੀ ਪ੍ਰਾਇਮ ਮਨਿਸਟਰ ਦੀ ਸਪੀਚ ਸੁਣਨ ਲਈ ਗਏ ਸੀ ਪਰ ਇਨ੍ਹਾਂ ਅਕਾਲੀ ਜਥੇਦਾਰਾਂ ਨੇ ਉਨ੍ਹਾਂ ਨੂੰ ਆਪਣੇ ਨਾਲ ਮਿਲਾ ਕੇ ਰੈਲੀ ਕਰਵਾਣੀ ਚਾਹੀ ਪਰ ਉਹ ਨਹੀਂ ਮੰਨੇ । (ਸ਼ੋਰ) (ਬਹੁਤ ਸ਼ੋਰ)

(ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਬੈਠੇ ਬੈਠੇ ਬੋਲ ਰਹੇ ਸਨ)

* * * *

ਸ਼੍ਰੀ ਸਪੀਕਰ : ਜੋ ਕੁਝ ਇਹ ਮੈਂਬਰ ਬਗੈਰ ਪਰਮਿਸ਼ਨ ਤੋਂ ਬੋਲ ਰਹੇ ਹਨ ਉਹ ਰੀਕਾਰਡ ਨਾ ਕੀਤਾ ਜਾਵੇ । (ਸ਼ੋਰ) (Whatever the hon. Members are speaking without permission, should not be recorded.)

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਸਾਨੂੰ ਇਸ ਗੱਲ ਦਾ ਮਾਣ ਹੈ ਕਿ ਪੰਜਾਬ ਦੇ ਯੂਥ ਦਿੱਲੀ ਬੜੇ ਉਤਸ਼ਾਹ ਅਤੇ ਬੜੇ ਹੁਮਹੁਮਾ ਨਾਲ ਗਏ ਅਤੇ ਉਥੇ ਪਾਰਲੀ-ਮੈਂਟੇਰੀਅਨ ਤਰੀਕੇ ਨਾਲ ਅਤੇ ਜਮਹੂਰੀ ਤਰੀਕੇ ਨਾਲ ਰੈਲੀ ਕੀਤੀ (ਇਸ ਵੇਲੇ ਹਾਊਸ ਵਿਚ ਬੜਾ ਸ਼ੋਰ ਸੀ ਅਤੇ ਕਾਂਗ੍ਰਸੀ ਬੈਂਚਿਜ਼ ਵਲੋਂ ਤਾੜੀਆਂ ਵੱਜ ਰਹੀਆਂ ਸਨ) ਸਾਨੂੰ ਇਸ ਗੱਲ ਦੀ ਬੜੀ ਖੁਸ਼ੀ ਹੈ ਕਿ ਬਾਦਲ ਸਾਹਿਬ ਵੀ ਜਿਸ ਟ੍ਰਾਂਸਪੋਰਟ ਕੰਪਨੀ ਦੇ ਸ਼ੇਅਰ ਰਖਦੇ ਹਨ ਉਹ ਵੀ ਆਪਣੀਆਂ ਬੱਸਾਂ ਵਿਚ ਪੰਜਾਬ ਦੇ ਯੂਥ ਨੂੰ ਦਿਲੀ ਲੈਕੇ ਗਏ (ਵਿਘਨ) ਮੈਂ ਇਸ ਵਾਸਤੇ ਉਨ੍ਹਾਂ ਦਾ ਸ਼ੁਕਰੀਆ ਅਦਾ ਕਰਦਾ ਹਾਂ । (ਸ਼ੋਰ)

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਸੰਧੂ ਸਾਹਿਬ ਦੀ ਐਡਜਰਨਮੈਂਟ ਮੋਸ਼ਨ ਤੇ ਤੁਸੀਂ ਰੂਲਿੰਗ ਦੇ ਦਿਤੀ ਹੈ । ਤੁਸੀਂ ਉਸ ਨੂੰ ਕਾਲ ਅਟੈਨਸ਼ਨ ਵਿਚ ਕਨਵਰਟ ਵੀ ਕਰ ਲਿਆ ਹੈ । ਬਲਕਿ ਉਸ ਤੇ ਚੌਧਰੀ ਗੁਰਮੇਲ ਸਿੰਘ ਜੀ ਨੇ ਸਟੇਟਮੈਂਟ ਵੀ ਦੇ ਦਿਤੀ ਹੈ । ਮੇਰੀ ਗੁਜਾਰਿਸ਼ ਇਹ ਹੈ ਕਿ ਹੁਣ ਇਸ ਮੈਟਰ ਨੂੰ ਡਰਾਪ ਹੋਣਾ ਚਾਹੀਦਾ ਹੈ । (ਸ਼ੋਰ)

---

*Not recorded as ordered by the Chair.

Original with;
Punjab Vidhan Sabha
Digitized by;
Panjab Digital Library

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਇਥੇ ਹਾਊਸ ਵਿਚ ਮੰਤਰੀ ਮਹੋਦਯ ਨੇ ਇਹ ਕਿਹਾ ਹੈ ਕਿ ਕੋਈ ਸਰਕਾਰੀ ਮਸ਼ੀਨਰੀ ਦਾ ਪਰਯੋਗ ਨਹੀਂ ਕੀਤਾ ਗਿਆ ਪਰ, ਸਪੀਕਰ ਸਾਹਿਬ, ਮੈਂ ਇਸ ਦੀਆਂ ਫੋਟੋਸਟੇਟ ਕਾਪੀਆਂ ਹਾਊਸ ਦੀ ਮੇਜ਼ ਤੇ ਲੈ ਕਰਨਾ ਚਾਹੁੰਦਾ ਹਾਂ ਤਾਕਿ .. .. ।

ਸ਼੍ਰੀ ਸਪੀਕਰ : ਇਹ ਤੁਸੀਂ ਪਹਿਲੇ ਮੈਨੂੰ ਦੇ ਦਿਉ ਮੈਂ ਪਹਿਲੇ ਐਗਜ਼ਾਮਿਨ ਕਰ ਲਵਾਂਗਾ । ਮੇਰੇ ਕਹਿਣ ਤੋਂ ਬਿਨਾਂ ਤੁਸੀਂ ਇਹ ਲੇ ਨਹੀਂ ਕਰ ਸਕਦੇ । (ਸ਼ੋਰ) (Let me examine these first; you cannot lay these on the Table of the House without my permission.)

ਡਾਕਟਫ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਮੈਂ ਤੁਹਾਨੂੰ ਇਸ ਬਾਰੇ ਪੜ੍ਹ ਕੇ ਸੁਣਾਉਂਦਾ ਹਾਂ :

"A youth rally wil be held at Delhi on the 9th August, 1974. The District Education Officer likes the students to participate in it. The Department will bear all the expenses" (ਸ਼ੋਰ)

ਡਾਕਟਰ ਅਮੀਰ ਸਿੰਘ ਕਲਕਟ : ਆਨ ਏ ਪੁਆਇੰਟ ਆਫ ਆਰਡਰ ਸਰ, ਇਹ ਸਟੂਡੈਂਟਸ ਨੂੰ ਬਚਾਉਣ ਵਾਲੇ ਬਣਦੇ ਹਨ । ਹੁਣ ਤਕ ਉਨ੍ਹਾਂ ਦਾ ਕੈਰੀਅਰ ਖਰਾਬ ਕਰਦੇ ਰਹੇ ਹਨ, ਉਨ੍ਹਾਂ ਨੂੰ ਵਰਗਲਾਉਣ ਵਿਚ ਇਹ ਭੱਜੇ ਫਿਰਦੇ ਰਹੇ ਹਨ (ਸ਼ੋਰ) ਸਟੂਡੈਂਟਸ ਨੇ ਵੇਖਣਾ ਹੈ ਕਿ ਉਨ੍ਹਾਂ ਦੀ ਸਹੀ ਨੁਮਾਇੰਦਗੀ ਕੌਣ ਕਰਦਾ ਹੈ । (ਸ਼ੋਰ) ਸਟੂਡੈਂਟਸ ਆਪਣੇ ਮਹਿਬੂਬ ਨੇਤਾ ਨੂੰ ਵੇਖਣ ਦੇ ਲਈ ਆਪਣੀ ਮਰਜ਼ੀ ਦੇ ਨਾਲ ਦਿੱਲੀ ਗਏ । (ਸ਼ੋਰ) ਇਹ ਉਨ੍ਹਾਂ ਨੂੰ ਗਲਤ ਰਸਤੇ ਪਾਉਂਦੇ ਹਨ, ਅੱਜ ਬੜੇ ਵੱਡੇ ਹਮਦਰਦ ਬਣੇ ਹੋਏ ਹਨ । (ਸ਼ੋਰ)

(ਇਸ ਸਮੇਂ ਅਪੋਜ਼ੀਸ਼ਨ ਬੈਂਚਾਂ ਦੇ ਕੁਝ ਮੈਂਬਰ ਉਚੀ ਉਚੀ ਬੋਲਣ ਲਗ ਪਏ * * *)

ਸ਼੍ਰੀ ਸਪੀਕਰ : ਮੈਂਬਰ ਸਾਹਿਬਾਨ ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਗੈਰ ਕਹਿ ਰਹੇ ਹਨ ਉਹ ਰੀਕਾਰਡ ਨਾ ਕੀਤਾ ਜਾਵੇ । (Whatever is being said by the Hon. Members without the permission of the Chair, should not be recorded.)

ਸ਼੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਤੁਹਾਡੇ ਰੂਲਿੰਗ ਤੋਂ ਬਾਅਦ ਵੀ ਇਹ ਮੁਆਮਲਾ ਹਾਊਸ ਦੇ ਅੰਡਰ ਡਿਸਕਸ਼ਨ ਹੈ । ਮੈਂ ਆਪਦੇ ਰਾਹੀਂ ਸਰਕਾਰ ਤੋਂ ਇਹ ਗੱਲ ਜਾਣਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਡੀ.ਈ.ਓ. ਦੇ ਸਰਕੂਲਰ ਦੀ ਰੈਫਰੈਂਸ ਦਿਤੀ ਹੈ, ਕੀ ਐਜੂਕੇਸ਼ਨ ਦੇ ਮਹਿਕਮੇ ਨੂੰ ਕੋਈ ਇਸ ਤਰ੍ਹਾਂ ਦਾ ਅਫ਼ਸਰ ਕੰਟਰੋਲ ਕਰਦਾ ਹੈ ? ਜੇ ਨਹੀਂ ਤਾਂ ਕਿਸ ਤਰ੍ਹਾਂ ਇਹੋ ਜਿਹਾ ਸਰਕੂਲਰ ਕਰ ਸਕਦਾ ਹੈ । ਮੈਂ ਸਮਝਦਾ ਹਾਂ ਕਿ ਇਕ ਆਫ਼ੀਸਰ ਨੂੰ ਮੋਲਾਈਨ ਕਰਨ ਦੇ ਵਾਸਤੇ ਇਹ

*Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਸ਼੍ਰੀ ਪ੍ਰੇਮ ਗੁਪਤਾ]

ਸਾਰੇ ਇਲਜ਼ਾਮ ਨੂੰ ਉਛਾਲ ਕੇ ਕਿਹਾ ਜਾ ਰਿਹਾ ਹੈ। ਇਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ ਕਿ ਇਨ੍ਹਾਂ ਦੀ ਇੰਸਟਰਕਸ਼ਨਜ਼ ਦੇ ਬਾਵਜੂਦ ਵੀ, ਵਰਗਲਾਉਣ ਦੇ ਬਾਵਜੂਦ ਵੀ ਉਹ ਲੋਕ ਆਪਣੀ ਮਰਜ਼ੀ ਦੇ ਨਾਲ ਆਪਣੇ ਨੇਤਾ ਦੀ ਰੈਲੀ ਵੇਖਣ ਗਏ। (ਸ਼ੋਰ)

ਕਾਮਰੇਡ ਸੱਤ ਪਾਲ ਡਾਂਗ : ਆਨ ਏ ਪੁਆਇੰਟ ਆਫ ਆਰਡਰ ਸਰ, ਸਪੀਕਰ ਸਾਹਿਬ, ਜੇ ਇਨ੍ਹਾਂ ਦੀ ਸਰਕਾਰ ਹੋਵੇ ਤਾਂ ਜਦੋਂ ਇਹ ਬਸਾਂ ਮੰਗਦੇ ਹਨ ਤਾਂ ਟਰਾਂਸਪੋਰਟਰਜ਼ ਬਸਾਂ ਦੇਂਦੇ ਹਨ ਜੇ ਏਧਰ ਵਾਲਿਆਂ ਦੀ ਸਰਕਾਰ ਹੋਵੇ ਤਾਂ ਇਨ੍ਹਾਂ ਨੂੰ ਟਰਾਂਸਪੋਰਟਰਜ਼ ਬਸਾਂ ਮੰਗਣ ਤੇ ਬਸਾਂ ਦੇ ਦੇਂਦੇ ਹਨ, ਮੈਂ ਕਹਾਂਗਾ ਕਿ ਟਰਾਂਸਪੋਰਟ ਨੈਸ਼ਨਲਾਈਜ਼ ਹੋਣੀ ਚਾਹੀਦੀ ਹੈ। (ਹਾਸਾ)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਤੁਸੀਂ ਇਸ ਇਸ਼ੂ ਤੇ ਮੈਂਬਰ ਸਾਹਿਬਾਨ ਨੂੰ ਬੋਲਣ ਦਾ ਮੌਕਾ ਦਿਤਾ। (ਸ਼ੋਰ) ਪਰ ਇਹ ਡਿਸਕਸ਼ਨ ਤਾਂ ਹੀ ਹੋ ਸਕਦੀ ਹੈ ਜੇ ਇਸ ਦੇ ਲਈ ਤੁਸੀਂ ਵਧਰਾ ਟਾਈਮ ਘੰਟਾ ਦੋ ਘੰਟੇ ਅਲਾਉ ਕਰੋ। (ਸ਼ੋਰ) ਇਨ੍ਹਾਂ ਦੇ ਹੀ ਸਟੇਟਮੈਂਟ ਮੁਤਾਬਿਕ 35-36 ਲੱਖ ਰੁਪਿਆ ਇਨ੍ਹਾਂ ਨੇ ਇਕੱਠਾ ਕੀਤਾ ਅਤੇ ਇਨ੍ਹਾਂ ਦਾ ਕਹਿਣਾ ਹੈ ਕਿ ਇਹ ਉਥੇ 35 ਹਜ਼ਾਰ ਦੇ ਕਰੀਬ ਆਦਮੀ ਲੈ ਕੇ ਗਏ। ਤੁਸੀਂ ਆਪ ਅੰਦਾਜ਼ਾ ਲਗਾ ਲਉ ਕਿ ਇਨ੍ਹਾਂ ਦੇ ਕਹਿਣ ਦੇ ਮੁਤਾਬਿਕ ਇਨ੍ਹਾਂ ਨੂੰ ਕਿਤਨਾ ਪੈਸਾ ਖਰਚ ਕਰਨਾ ਪਿਆ ਹੋਵੇਗਾ। ਭਾਵੇਂ ਇਨ੍ਹਾਂ ਦਾ ਮਤਲਬ ਉਹੋ ਪੰਜਾਬ ਦੀ ਜਨਤਾ ਨੂੰ ਇਕਠਾ ਕਰਨ ਦਾ ਸੀ ਪਰ ਇਨ੍ਹਾਂ ਦੇ ਖਿਲਾਫ ਇਸ ਮੁਆਮਲੇ ਵਿਚ ਕੁਰੱਪਸ਼ਨ ਦਾ, ਗਵਰਨਮੈਂਟ ਦੀ ਮਸ਼ੀਨਰੀ ਦਾ ਮਿਸਯੂਜ਼ ਕਰਨ ਦਾ, ਅਤੇ ਲਾਅ ਐਂਡ ਆਰਡਰ ਖਰਾਬ ਕਰਨ ਦਾ ਸਵਾਲ ਇਨਵਾਲਵਡ ਹੈ। ਇਸ ਲਈ ਮੈਂ ਕਹਾਂਗਾ ਕਿ ਇਸ ਇਸ਼ੂ ਤੇ ਡਿਸਕਸ਼ਨ ਲਈ ਭਾਵੇਂ ਤੁਸੀਂ ਅੱਧਾ ਘੰਟਾ ਟਾਈਮ ਰਖ ਲਉ ਤਾਂ ਜੋ ਇਹ ਮਸਲਾ ਹਲ ਹੋ ਸਕੇ।

ਸ਼੍ਰੀ ਸਪੀਕਰ : ਇਸ ਮੁਆਮਲੇ ਤੇ ਪੂਰੀ ਤਰ੍ਹਾਂ ਡਿਸਕਸ਼ਨ ਹੋ ਚੁਕੀ ਹੈ, ਗਵਰਨਮੈਂਟ ਵਲੋਂ ਵੀ ਇਸ ਮੁਆਮਲੇ ਤੇ ਡਿਸਕਸ਼ਨ ਹੋ ਚੁਕੀ ਹੈ। ਹੁਣ ਪ੍ਰੋਗਰਾਮ ਮੁਤਾਬਿਕ ਅਗਲੀ ਕਾਰਵਾਈ ਹੋਣੀ ਚਾਹੀਦੀ ਹੈ। (This matter has been discussed at length by both the parties. We should now proceed further.)

WALK-OUTS

ਇਸ ਵੇਲੇ ਕਈ ਮੈਂਬਰ ਬੋਲਣ ਲਈ ਖੜੇ ਹੋ ਗਏ ਅਤੇ ਹਾਊਸ ਵਿਚ ਸ਼ੋਰ ਪੈ ਗਿਆ)

ਸ਼੍ਰੀ ਸਪੀਕਰ : ਆਪਣੀ ਸੀਟ ਰੀਜ਼ੀਊਮ ਕਰੋ, ਇਸ ਇਸ਼ੂ ਤੇ ਮੈਂ ਹੋਰ ਡਿਸਕਸ਼ਨ ਨਹੀਂ ਹੋਣ ਦੇਵਾਂਗਾ। (ਸ਼ੋਰ) ਜੋ ਕੁਝ ਵੀ ਮੈਂਬਰ ਸਾਹਿਬ ਬੋਲ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ। (ਸ਼ੋਰ) (Please resume your seats. I shall not allow any further discussion on this issue.) (Noise)

Original with;
Punjab Vidhan Sabha
Digitized by;
Punjab Digital Library

Whatever is being said by the hon. Members should not be recorded.) (*Noise*)

(ਇਸ ਵੇਲੇ ਸਦਨ ਵਿਚ ਹਾਜ਼ਰ ਅਕਾਲੀ ਪਾਰਟੀ ਦੇ ਮੈਂਬਰ ਅਤੇ ਜਨ ਸੰਘ ਪਾਰਟੀ ਦਾ ਮੈਂਬਰ ਨਾਹਰੇ ਲਾਉਂਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ)

ਮਾਸਟਰ ਚੰਦ ਸਿੰਘ ਚੋਪੜਾ : * * * (ਸ਼ੋਰ)

ਸ਼੍ਰੀ ਸਪੀਕਰ : ਜੋ ਕੁਝ ਵੀ ਚੋਪੜਾ ਸਾਹਿਬ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ । (Whatever is being said by Master Chand Singh should not be recorded.)

(ਇਸ ਵੇਲੇ ਮਾਸਟਰ ਚੰਦ ਸਿੰਘ ਵੀ ਕੁਝ ਬੋਲਦੇ ਹੋਏ ਵਾਕ ਆਊਟ ਕਰ ਗਏ ।) (ਸ਼ੋਰ)

ਡਾਕਟਰ ਬਲਦੇਵ ਪ੍ਰਕਾਸ਼ : * * * (ਸ਼ੋਰ)

ਸ਼੍ਰੀ ਸਪੀਕਰ : ਜੋ ਕੁਝ ਵੀ ਡਾਕਟਰ ਸਾਹਿਬ ਚੇਅਰ ਦੀ ਇਜਾਜ਼ਤ ਤੋਂ ਬਗ਼ੈਰ ਕਹਿ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ । (Whatever is being said by Dr. Baldev Parkash without the permission of the Chair should not be recorded.)

QUESTIONS OF PRIVILEGE

(Resumption)

ਸਰਦਾਰ ਜਸਵਿੰਦਰ ਸਿੰਘ ਬਰਾੜ : ਆਨ ਏ ਪੁਆਇੰਟ ਆਫ ਪ੍ਰਿਵਿਲੇਜ, ਸਰ । ਮੈਂ ਅਰਜ਼ ਕਰਾਂਗਾ ਕਿ ਅਜ ਪੰਜਾਬ ਦੇ ਮਸ਼ਹੂਰ ਅਖਬਾਰ 'ਹਿੰਦ ਸਮਾਚਾਰ' ਦੇ ਵਿਚ, ਜੋ ਸਰਕੁਲਰ ਸਰਕਾਰ ਨੇ ਰੈਲੀ ਵਿਚ ਸ਼ਾਮਲ ਹੋਣ ਬਾਰੇ ਕੀਤਾ, ਉਸ ਦੀਆਂ ਫੋਟੋਸਟੇਟ ਕਾਪੀਆਂ ਛਪੀਆਂ ਹਨ । ਪਰ ਇਸ ਅਖਬਾਰ ਦੀਆਂ ਕਾਪੀਆਂ ਨਾ ਲਾਇਬਰੇਰੀ ਵਿਚ ਹਨ ਨਾ ਹੀ ਲਾਬੀ ਦੇ ਵਿਚ ਹਨ । ਇਹ ਜਾਣ ਬੁਝਕੇ ਚੁਕਾ ਦਿਤੀਆਂ ਗਈਆਂ ਹਨ । ਸਾਡਾ ਇਸ ਮੁਆਮਲੇ ਤੇ ਇਕ ਪ੍ਰਿਵਿਲੇਜ ਅਰਾਈਜ਼ ਹੁੰਦਾ ਹੈ । (ਸ਼ੋਰ)

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਪ੍ਰਿਵਿਲੇਜ ਨਹੀਂ । (This involves no questions of privilege.)

ਸਰਦਾਰ ਅਜਾਇਬ ਸਿੰਘ ਸੰਧੂ : (ਸ਼ੋਰ) ਸਪੀਕਰ ਸਾਹਿਬ, ਤੁਸੀਂ ਹੁਣੇ ਪਤਾ ਕਰੋ, ਇਸ ਅਖਬਾਰ ਵਿਚ ਜੋ ਸਰਕਾਰ ਦੇ ਦੇ ਸਰਕੁਲਰ ਹਨ, ਉਸ ਦੀਆਂ ਦੋ ਕਾਪੀਆਂ ਹਨ, ਇਹ ਬਹੁਤ ਮਾੜੀ ਗਲ ਹੋਈ ਹੈ ਕਿ 'ਹਿੰਦ ਸਮਾਚਾਰ' ਦੀਆਂ ਕਾਪੀਆਂ ਹੀ ਗੁੰਮ ਕਰ ਦਿਤੀਆਂ ਹਨ । (ਸ਼ੋਰ)

ਸ਼੍ਰੀ ਸਪੀਕਰ : ਮੈਂ ਐਗਜ਼ਾਮਿਨ ਕਰਾਂਗਾ । (ਸ਼ੋਰ) (I shall examine it.)(Noise)

---

*Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ ਸਰ । ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ । (ਵਿਘਨ)

ਸਰਦਾਰ ਸੁਰਿੰਦਰ ਸਿੰਘ ਕੈਰੋਂ: ਸਾਡਾ ਕੋਈ ਪੁਆਇੰਟ ਆਫ ਆਰਡਰ ਨਹੀਂ ਕੀਤਾ ਜਾਣ ਦਿਤਾ ਜਾਂਦਾ । (ਵਿਘਨ) ਤੁਹਾਨੂੰ ਦੇਖਣਾ ਚਾਹੀਦਾ ਹੈ ਕਿ ਅਸੀਂ ਵੀ ਖਲੋਤੇ ਹਾਂ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਿਹੜਾ ਸਰਦਾਰ ਜਸਵਿੰਦਰ ਸਿੰਘ ਬਰਾੜ ਨੇ ਪ੍ਰਿਵਿਲਿਜ਼ ਰੇਜ਼ ਕੀਤਾ ਹੈ । (ਵਿਘਨ)

ਸ਼੍ਰੀ ਸਪੀਕਰ : ਇਹਦੇ ਬਾਰੇ ਤੁਸੀਂ ਲਿਖ ਕੇ ਭੇਜ ਦਿਉ । (Please send it in writing to me.)

ਸਰਦਾਰ ਅਜਾਇਬ ਸਿੰਘ ਸੰਧੂ : * * * (ਵਿਘਨ)

ਸ਼੍ਰੀ ਸਪੀਕਰ : ਨੋ ਪੁਆਇੰਟ ਆਫ ਆਰਡਰ । ਇਹ ਕੋਈ ਪ੍ਰਿਵਿਲੇਜ ਦਾ ਪੁਆਇੰਟ ਨਹੀਂ ਬਣਦਾ ਹੈ । ਲਿਖ ਕੇ ਭੇਜ ਦਿਉ । (This is no point of order. No Question of Privilege is involved in it. Please send it in writing to me.)

ਸਰਦਾਰ ਅਜਾਇਬ ਸਿੰਘ ਸੰਧੂ : ਇਸ ਚੀਜ਼ ਦੀ ਹੁਣੇ ਚੈਕ ਅਪ ਕਰਾਉ ਕਿ ਇਹ ਲਾਬੀ ਤੋਂ ਅਤੇ ਲਾਇਬਰੇਰੀ ਤੋਂ ਕਿਉਂ ਰਿਮੂਵ ਕਰ ਦਿਤੇ ਗਏ ਹਨ । ਸਰਕਾਰ ਦੇ ਜੋ ਸਰਕੁਲਰ ਸਨ ਉਨ੍ਹਾਂ ਦੀਆਂ ਫੋਟੋਸਟੈਟ ਕਾਪੀਆਂ .. .. (ਵਿਘਨ)

(ਇਸ ਵੇਲੇ ਕਈ ਮੈਂਬਰ ਸਾਹਿਬਾਨ ਬੋਲਣ ਲਈ ਆਪਣੀਆਂ ਸੀਟਾਂ ਤੇ ਖੜੇ ਸਨ)

ਸ਼੍ਰੀ ਸਪੀਕਰ : ਇਹ ਜੋ ਮੈਂਬਰ ਸਾਹਿਬਾਨ ਬਗੈਰ ਪਰਮਿਸ਼ਨ ਤੋਂ ਕਹਿਣਗੇ ਉਹ ਰਿਕਾਰਡ ਨਾ ਕੀਤਾ ਜਾਏ । ਕੈਰੋਂ ਸਾਹਿਬ, ਤੁਹਾਡਾ ਕੀ ਪੁਆਇੰਟ ਆਫ ਆਰਡਰ ਹੈ । (Whatever the hon'ble Members may say without the permission of the Chair, should not be recorded. Kairon Sahib, what is your point of order ?)

ਸਰਦਾਰ ਸੁਰਿੰਦਰ ਸਿੰਘ ਕੈਰੋਂ : * * * (ਵਿਘਨ)

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no Point of order.)

ਸਰਦਾਰ ਅਜਾਇਬ ਸਿੰਘ ਸੰਧੂ : ਇਥੋਂ ਜਿਹੜੇ ਮੁੰਡੇ ਲੈ ਗਏ ਉਨ੍ਹਾਂ ਨੇ ਕੀਤਾ ਹੈ। (ਸ਼ੋਰ)

ਡਾਕਟਰ ਬਲਦੇਵ ਪ੍ਰਕਾਸ਼ : ਆਨ ਏ ਪੁਆਇੰਟ ਆਫ ਆਰਡਰ ਸਰ। ਮੇਰੀ ਐਡਜਰਨਮੈਂਟ ਮੋਸ਼ਨ ਸੀ। ਤੁਸੀਂ ਜਵਾਬ ਦੇ ਦਿਤਾ ਹੈ ਕਿ ਨੋ ਕਾਨਫੀਡੈਂਸ ਮੋਸ਼ਨ ਡਿਸਕਸ ਹੋਣ ਉਪਰੰਤ ਇਹ ਐਡਜਰਨਮੈਂਟ ਮੋਸ਼ਨ ਆਈ ਹੈ। (ਵਿਘਨ) ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੇ ਕੋਈ ਇਨਸੀਡੈਂਟ ਨੋ ਕਾਨਫੀਡੈਂਸ ਮੋਸ਼ਨ ਤੋਂ ਬਾਅਦ ਹੋਵੇ ਤਾਂ ਫੇਰ ਕਿਸ ਤਰ੍ਹਾਂ ਹੁੰਦਾ ਹੈ।

ਸ਼੍ਰੀ ਸਪੀਕਰ : ਇਨਸੀਡੈਂਟ ਤਾਂ ਰੋਜ਼ ਹੀ ਹੁੰਦੇ ਰਹਿੰਦੇ ਹਨ। ਤੁਸੀਂ ਕਾਲ ਅਟੈਨਸ਼ਨ ਦੇ ਦਿਉ। (Incidents are occurring daily. You may give notice of a Call Attention Motion)

ਡਾਕਟਰ ਬਲਦੇਵ ਪ੍ਰਕਾਸ਼ : ਅੱਛਾ ਜੀ, ਤਾਂ ਫੇਰ ਇਹ ਕਾਲ ਅਟੈਨਸ਼ਨ ਵਿਚ ਕਨਵਰਟ ਕਰ ਦਿਉ।

ਸ਼੍ਰੀ ਸਪੀਕਰ : ਅੱਛਾ ਜੀ। (All right.)

ਸਰਦਾਰ ਗੁਰਦੇਵ ਸਿੰਘ ਸਿਧੂ : * * * (ਵਿਘਨ)

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order.)

ਸਰਦਾਰ ਜਸਵਿੰਦਰ ਸਿੰਘ ਬਰਾੜ : * * * (ਸ਼ੇਮ ਸ਼ੇਮ)

ਸ਼੍ਰੀ ਸਪੀਕਰ : ਨੋ ਪੁਆਇੰਟ ਆਫ ਆਰਡਰ। (This is no point of order.)

ਸਰਦਾਰ ਸੁਰਜੀਤ ਸਿੰਘ ਸਿਧੂ : * * * (ਵਿਘਨ)

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no Point of order.

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਮਾਸਟਰ ਚੰਦ ਸਿੰਘ : * * * (ਵਿਘਨ)

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order.)

ਚੌਧਰੀ ਰਾਮ ਸਿੰਘ : * * *

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order.)

ਸਰਦਾਰ ਅਜਾਇਬ ਸਿੰਘ ਸੰਧੂ : * * *

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order.)

ਸਰਦਾਰ ਅਜਾਇਬ ਸਿੰਘ ਸੰਧੂ : * * *

Mr. Speaker : It should not form part of the proceedings.

ਕਾਮਰੇਡ ਸੱਤ ਪਾਲ ਡਾਂਗ : ਆਨ ਏ ਪੁਆਇਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੈਂ ਕਾਲ ਅਟੈਨਸ਼ਨ ਮੋਸ਼ਨ ਦਿਤੀ ਸੀ ਬਿਜਲੀ ਬੋਰਡ ਦੀ ਪਿਛੇ ਜਿਹੇ ਹੜਤਾਲ ਹੋਈ ਸੀ। ਕਈ ਵਰਕਚਾਰਜਡ ਐਂਪਲਾਈਜ਼ ਜਿਨ੍ਹਾਂ ਦੀਆਂ ਸਰਵਿਸਿਜ਼ ਦਸ ਦਸ ਵੀਹ ਵੀਹ ਸਾਲ ਦੀਆਂ ਸਨ, ਇਹ ਕੋਈ 1500 ਦੇ ਕਰੀਬ ਅਜਿਹੇ ਕਰਮਚਾਰੀ ਹਨ ਜਿਨ੍ਹਾਂ ਨੂੰ ਮੁੜ ਕੰਮ ਤੇ ਨਹੀਂ ਲਿਆ ਗਿਆ ਹੈ। ਤੁਸੀਂ ਫਰਮਾਇਆ ਸੀ ਕਿ ਇਹ ਬਿਜਲੀ ਬੋਰਡ ਦਾ ਇੰਟਰਨਲ ਮਾਮਲਾ ਹੈ। ਇਹ ਉਨ੍ਹਾਂ ਦਾ ਇੰਟਰਨਲ ਮਾਮਲਾ ਕਿਵੇਂ ਹੈ, ਇਹ ਤਾਂ ਸਾਰੇ ਪੰਜਾਬ ਦਾ ਮਾਮਲਾ ਹੈ। ਸਿਰਫ ਉਨ੍ਹਾਂ 1500 ਦੇ ਲਗ ਭਗ ਕਰਮਚਾਰੀਆਂ ਨੂੰ ਇਸ ਵਜ੍ਹਾ ਕਰਕੇ ਕਿ ਉਨ੍ਹਾਂ ਨੇ ਹੜਤਾਲ ਵਿਚ ਹਿੱਸਾ ਲਿਆ ਸੀ, ਮੁੜ ਕੰਮ ਤੇ ਨਹੀਂ ਲਿਆ ਗਿਆ ਹੈ। ਇਨ੍ਹਾਂ ਨੂੰ ਜਲਦੀ ਰੀਇਨਸਟੇਟ ਕਰਨਾ ਚਾਹੀਦਾ ਹੈ।

CALL ATTENTION
NOTICES UNDER RULE 66

(ਕ੍ਰਮ ਨੰ: 40)

1. ਸਰਦਾਰ ਸੁਖਦੇਵ ਸਿੰਘ ਢੀਂਡਸਾ
2. ਸਰਦਾਰ ਬਲਵਿੰਦਰ ਸਿੰਘ ਭੂੰਦੜ
3. ਸਰਦਾਰ ਸੁਰਜੀਤ ਸਿੰਘ ਸਿੱਧੂ
4. ਗਿਆਨੀ ਅਰਜਨ ਸਿੰਘ ਲਿੱਟ

; ਅਸੀਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦੇ ਹਾਂ, ਅਰਥਾਤ ਜ਼ਿਲ੍ਹਾ ਬਠਿੰਡਾ ਦੀ ਮਾਨਸਾ ਮੰਡੀ ਵਿਚ

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਸੜਕਾਂ ਚੌੜੀਆਂ ਕਰਨ ਦੇ ਕਾਰਨ 500 ਦੇ ਕਰੀਬ ਦੁਕਾਨਾਂ ਸਰਕਾਰ ਨੇ ਢਾਹ ਦਿਤੀਆਂ ਹਨ, ਜਦ ਕਿ ਨਾ ਸੀਮਿੰਟ, ਨਾ ਇੱਟ, ਨਾ ਲੋਹਾ ਮਿਲਦਾ ਹੈ। ਬਰਖਾ ਦੀ ਰੁਤ ਹੈ, 1000 ਦੇ ਕਰੀਬ ਜਨਤਾ ਬੇਰੁਜ਼ਗਾਰ ਹੋ ਗਈ ਹੈ। ਇਸ ਲਈ ਸਰਕਾਰ ਨੂੰ ਕੋਈ ਬੰਦੋਬਸਤ ਕਰਨਾ ਚਾਹੀਦਾ ਹੈ। ਸਬੰਧਤ ਵਜ਼ੀਰ ਸਾਹਿਬ ਜਨਤਾ ਦੀ ਤਸੱਲੀ ਲਈ ਬਿਆਨ ਦੇਣ।

ਸ਼੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਆਪਣਾ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The Minister concerned may please make a statement in this respect.)

ਸਰਦਾਰ ਬਲਵਿੰਦਰ ਸਿੰਘ ਭੁੰਦੜ : ਆਨ ਏ ਪੁਆਇੰਟ ਆਫ਼ ਆਰਡਰ ਸਰ। ਮੇਰੀ ਇਕ ਗੱਲ ਰਹਿੰਦੀ ਹੈ। (ਵਿਘਨ)

Mr. Speaker : Please resume your seat.

ਸਰਦਾਰ ਪ੍ਰਹਿਲਾਦ ਸਿੰਘ : ਸਪੀਕਰ ਸਾਹਿਬ, ਮੇਰੀ ਇਕ ਕਾਲ ਅਟੈਨਸ਼ਨ ਮੋਸ਼ਨ ਸੀ। ਉਸਨੂੰ ਤੁਸੀਂ ਰਿਜੈਕਟ ਕਰ ਦਿਤਾ ਹੈ। ਮੇਰੇ ਨਾਲ ਤੁਸੀਂ ਹਰ ਵਾਰੀ ਹੀ ਇਸ ਤਰ੍ਹਾਂ ਕਹਦੇ ਹੋ। (ਵਿਘਨ)

Mr. Speaker : I am helpless. I cannot admit all the Call Attention Notices.

(Serial No. 45)

Dr. Baldev Parkash : I beg to draw the attention of the Government towards a matter of urgent public importance and of recent occurence, namely, demolishing of sheds in the Grain Market, Rajpura, by the S.D.O., forcibly. It has inflicted loss of lacs of rupees on the citizens and has caused great hardship to them. The sheds were constructed many years ago under due permission. Grain Market and Rajpura Township people are on a continued strike to protest against this injustice. Government should undo the injust done and give a statement in the House.

Mr. Speaker : Admitted. The Minister concerned may please make a statement.

Original with;
Punjab Vidhan Sabha
Digitized by;
Panjab Digital Library

ਸਰਦਾਰ ਬਲਵਿੰਦਰ ਸਿੰਘ ਭੂੰਦੜ : * * *

ਸ਼੍ਰੀ ਸਪੀਕਰ : ਇਹ ਜੋ ਕੁਝ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ। (Whatever is being said by the hon. Member without the permission, should not be recorded.)

ਗਿਆਨੀ ਕੁੰਦਨ ਸਿੰਘ ਪਤੰਗ : ਸਪੀਕਰ ਸਾਹਿਬ, ਮੈਨੂੰ ਇਹ ਤਕਰੀਰ ਸੋਧਣ ਵਾਸਤੇ ਦਿਤੀ ਗਈ ਹੈ। ਮੇਰੀ ਸਾਰੀ ਤਕਰੀਰ ਤੇ ਪਰਚੀ ਲਗਾਕੇ ਬੱਲੇ ਸਿਰਫ ਮੇਰਾ ਨਾਮ ਹੀ ਛਡਕੇ ਮੈਨੂੰ ਇਹ ਸੋਧਣ ਵਾਸਤੇ ਭੇਜੀ ਗਈ ਹੈ, ਹੁਣ ਤੁਸੀਂ ਦਸੋ ਮੈਂ ਕਿਸ ਨੂੰ ਸੋਧਾਂ ?

ਸ਼੍ਰੀ ਸਪੀਕਰ : ਤੁਹਾਨੂੰ ਦੁਬਾਰਾ ਕਾਪੀ ਭੇਜ ਦਿਆਂਗੇ ! (You will be provided a fresh copy.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਸ ਤਰ੍ਹਾਂ ਠੀਕ ਨਹੀਂ ਹੈ। ਇਸ ਤਰ੍ਹਾਂ ਮਾਨਯੋਗ ਮੈਂਬਰ ਨਾਲ ਮਖੌਲ ਨਹੀਂ ਕਰਨਾ ਚਾਹੀਦਾ। ਇਹ ਤੁਹਾਡੇ ਦਫਤਰ ਦੀ ਗਲਤੀ ਹੈ।

ਸ਼੍ਰੀ ਸਪੀਕਰ : ਮੈਂ ਦੇਖ ਲਵਾਂਗਾ। (I shall look into it.)

(Serial No. 46)

Dr. Baldev Parkash: Sir, I beg to draw the attention of the Government towards a matter of urgent Public importanee namely, non-payment of salary to the staff of Investigation Circle, Chandigarh of the Irrigation Department and Investigation Circles of Jullundur, Hoshiarpur and Ropar for six months.

In view of the obvious and urgent importance of the matter, the Government may please be asked to make a statement in the House.

Mr. Speaker : Admitted. The Minister concerned may please make a statement.

(Serial No. 53)

Comrade Satya Pal Dang: Sir, I beg to draw the attention of the Government towards a matter of urgent public importance, namely, there is serious discontentment amongst the retail shopkeepers throughout the State because they are undully harassed by Government authorities while the big manufacturers and wholesalers who are really responsible for adulteration are hardly touched.

*Not recorded as ordered by the Chair.

Original with;
Punjab Vidhan Sabha
Digitized by;
Panjab Digital Library

In Iullundur, only two days ago the local halwais, tea sellers and retail merchants observed a day's protest strike. The agitation is likely to spread throughout the State.

In view of the obvious and urgent importance of the matter, the Government may please be asked to make a statement in the House.

Mr. Speaker : Admitted. The Minister concerned may please make a statement.

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਮੋਸ਼ਨ ਨੰ: 47 ਦਾ ਕੋਈ ਜਵਾਬ ਨਹੀਂ ਆਇਆ ?

ਸ਼੍ਰੀ ਸਪੀਕਰ : ਉਹ ਅਜ ਦੇ ਕੋਟੇ ਤੋਂ ਵੱਧ ਸੀ। ਬਾਕੀ ਮੈਂ ਕਹਾਂਗਾ ਕਿ ਜਿਹੜੀਆਂ ਕਾਲ ਅਟੈਨਸ਼ਨ ਮੋਸ਼ਨਜ਼ ਇਸ ਸੈਸ਼ਨ ਵਿਚ ਆਈਆਂ ਹਨ ਉਨ੍ਹਾਂ ਦਾ ਜੁਆਬ ਆ ਜਾਣਾ ਚਾਹੀਦਾ ਹੈ। (That Call Attention Motion was over and above today's quota. However I would request the Government that the Call Attention Motions admitted in the current Session should be replied soon.)

ਡਾਕਟਰ ਬਲਦੇਵ ਪ੍ਰਕਾਸ਼ : ਤੁਸੀਂ ਉਹ ਐਡਮਿਟ ਕੀਤੀ ?

ਸ਼੍ਰੀ ਸਪੀਕਰ : ਸਾਰੀਆਂ ਐਡਮਿਟ ਨਹੀਂ ਕੀਤੀਆਂ ਜਾ ਸਕਦੀਆਂ। ਉਹ ਅੱਜ ਦੇ ਤੁਹਾਡੇ ਕੋਟੇ ਤੋਂ ਜ਼ਿਆਦਾ ਸੀ। (All the Call Attention Motions given notice of cannot be admitted. That Call Attention Motion was over and above your quota for today.)

(ਕ੍ਰਮ ਨੰ: 54)

ਸਰਦਾਰ ਸੁਖਦੇਵ ਸਿੰਘ ਢੀਂਡਸਾ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਜ਼ਿਲ੍ਹਾ ਐਜੂਕੇਸ਼ਨ ਪ੍ਰਾਜੈਕਟ ਸੰਗਰੂਰ ਦੇ ਅਮਲੇ ਦੇ ਕਿਸੇ ਵੀ ਮੁਲਾਜ਼ਮ ਨੂੰ 1 ਮਾਰਚ, 1974 ਤੋਂ ਤਨਖਾਹ ਨਹੀਂ ਮਿਲੀ। ਜਦੋਂ ਕਿ ਅਜ ਦੇ ਦਿਨ ਦੀ ਮਹਿੰਗਾਈ ਦੇ ਦਿਨਾਂ ਵਿਚ ਮੁਲਾਜ਼ਮਾਂ, ਖਾਸ ਕਰਕੇ ਤੀਜੇ ਅਤੇ ਚੌਥੇ ਦਰਜੇ ਦੇ ਮੁਲਾਜ਼ਮਾਂ ਨੂੰ ਨਿੱਤ ਲੋੜੀਂਦੀਆਂ ਵਸਤਾਂ ਲਈ ਹਰ ਰੋਜ਼ ਪੈਸੇ ਦੀ ਜ਼ਰੂਰਤ ਹੈ। ਇਸ ਕਾਰਨ ਉਸ ਪ੍ਰਾਜੈਕਟ ਦੇ ਮੁਲਾਜ਼ਮਾਂ ਅੰਦਰ ਬੇਚੈਨੀ ਪਾਈ ਜਾਂਦੀ ਹੈ। ਸੋ ਇਸ ਜ਼ਰੂਰੀ ਮਾਮਲੇ ਬਾਰੇ ਸਰਕਾਰ ਬਿਆਨ ਦੇਣ ਦੀ ਕ੍ਰਿਪਾਲਤਾ ਕਰੇ।

ਸ਼੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ। (Admitted. The Minister concerned may please make a statement).

Original with;
Punjab Vidhan Sabha
Digitized by;
Panjab Digital Library

(ਕ੍ਰਮ ਨੰ: 55)

ਕਾਮਰੇਡ ਅਰਜਨ ਸਿੰਘ ਮਸਤਾਨਾ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, 1965 ਦੀ ਜੰਗ ਸਮੇਂ ਪਾਕਿਸਤਾਨ ਦੇ ਕਬਜ਼ੇ ਹੇਠ ਆਏ 13 ਪਿੰਡਾਂ ਅਤੇ ਖੇਮਕਰਣ ਸ਼ਹਿਰ ਦੇ ਉਜੜੇ ਕਿਸਾਨਾਂ ਨੂੰ ਹਿੰਦ ਸਰਕਾਰ ਨੇ ਸੰਦ ਅਤੇ ਬੈਲ ਖਰੀਦਣ ਲਈ 1800/- ਰੁਪਏ ਕਰਜ਼ਾਂ ਦਿਤਾ ਸੀ ਅਤੇ ਮਾਲ ਵਜ਼ੀਰ ਤੇ ਕਈ ਪਾਰਲੀਮੈਂਟ ਦੇ ਜੁਮੇਂਵਾਰ ਵਿੱਅਕਤੀਆਂ ਨੇ ਖੁਲੇਆਮ ਇਲਾਨ ਕੀਤਾ ਸੀ ਕਿ ਇਹ ਕਰਜ਼ਾ ਕਿਸਾਨਾਂ ਤੇ ਦੁਕਾਨਦਾਰਾਂ ਦਾ ਗ੍ਰਾਂਟ ਵਿਚ ਬਦਲ ਦਿਤਾ ਜਾਵੇਗਾ । 1971 ਵਿਚ ਹਿੰਦ-ਪਾਕਿ ਦੁਬਾਰਾ ਜੰਗ ਕਾਰਨ ਸਰਹੱਦੀ ਲੋਗਾਂ ਦਾ ਫਿਰ ਦੁਬਾਰਾ ਉਜਾੜਾ ਹੋ ਗਿਆ ਹੈ। ਨਤੀਜੇ ਵਜੋਂ ਸਰਕਾਰ ਲੋਕਾਂ ਨੂੰ ਮੁੜ ਵਸਾ ਰਹੀ ਹੈ। ਹੁਣ ਅਚਾਨਕ 1965 ਦੇ (13) ਪਿੰਡਾਂ ਦੇ ਕਰਜ਼ੇ ਦੀ ਵਸੂਲੀ ਸ਼ੁਰੂ ਕਰ ਦਿਤੀ ਹੈ । ਕਿਸਾਨਾਂ ਵਿਚ ਬੜੀ ਬੇਚੈਨੀ ਹੈ । ਸਰਕਾਰ ਬਿਆਨ ਦੇਣ ਦੀ ਕਿਰਪਾ ਕਰੇ ।

ਸ਼੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted. The Minister concerned may please make a statement.)

(ਕ੍ਰਮ ਨੰ: 57)

ਸਰਦਾਰ ਜਸਦੇਵ ਸਿੰਘ ਸੰਧੂ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਪੰਜਾਬ ਸਰਕਾਰ ਦੇ ਵਿਦਿਆ ਵਿਭਾਗ ਵਿਚ ਕੰਮ ਕਰ ਰਹੇ ਛੇ ਹਜ਼ਾਰ ਦੇ ਕਰੀਬ ਟੀਚਰਾਂ ਤੇ ਵੱਖੋ ਵਖ ਸ਼੍ਰੇਣੀਆਂ ਦੇ ਮਾਸਟਰਾਂ ਨੂੰ ਮਾਰਚ, 1974 ਤੋਂ ਪਿਛੋਂ ਤਨਖਾਹਾਂ ਨਹੀਂ ਮਿਲੀਆਂ ਜਿਸ ਕਾਰਨ ਇਨਾਂ ਮੁਲਾਜ਼ਮਾਂ ਵਿਚ ਭਾਰੀ ਬੇਚੈਨੀ ਹੈ । ਸਰਕਾਰ ਇਸ ਬਾਰੇ ਸਦਨ ਵਿਚ ਤੁਰਤ ਬਿਆਨ ਦੇਵੇ ।

ਸ਼੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ (Admitted. The Minister concerned may please make a statement.)

Serial No. 58

Sardar Randhir Singh Cheema (Read by Sardar Balwinder Singh Bhunder): Sir, I beg to draw the attention of the Government towards a matter of urgent public importance, namely, the large-scale arrests in tehsil Rajpura of persons who stand surety to the loanees (loans granted in connection with small scale industries) even when the loanees are available and the properties of the loanees exist. This has caused great anxiety and harassment of the above said sureties.

In view of the urgency of the matter the Government is requested to make a statement in the House.

Mr. Speaker: Admitted. The Minister concerned may please make a statement.

Original with;
Punjab Vidhan Sabha
Digitized by;
Panjab Digital Library

(Serial No. 65)

Comrade Satyapal Dang : Sir, I beg to draw the attention of the Government towards a matter of urgent public importance, na nely, the small and medium industry of Amritsar is facing total collapse because of big power-cut imposed. This has thrown out of employment thousands of workers, while the earnings of those still in empoloyment have fallen steeply. On the other hand, a new connection to a paricular big Mill which will consume 6 lac units daily has been given while the total requirement of Amritsar industry is 20 lac units.

The Amritsar town is mainly dependent on its industry. The position of the industry because of big power cut imposed is very precarious. This will affect the very life of Amritsar, the premier city of Punjab.

The matter is, thus, obviously of very definite and urgent public importance. The Government may be asked to make a statement in the House.

Mr. Speaker : Admitted. The Minister concerned may please make a statement.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਪੁਆਇੰਟ ਅਫ ਆਰਡਰ, ਸਰ। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੇਰੀ ਕਾਲ ਅਟੈਨਸ਼ਨ ਮੋਸ਼ਨ ਨੰ: 64 ਸੀ। ਉਹ, ਸਪੀਕਰ ਸਾਹਿਬ, ਡੀ. ਈ. ਓ. ਬਠਿੰਡਾ ਤੇ ਐਲੀਗੇਸ਼ਨਜ਼ ਬਾਰੇ ਸੀ। ਤੁਸੀਂ ਉਸ ਨੂੰ ਇਹ ਲਿਖਕੇ ਰਿਜੈਕਟ ਕੀਤਾ ਹੈ ਕਿ ਇਟ ਮੇਕਸ ਐਲੀਗੇਸ਼ਨ ਵਿਦਆਉਟ ਐਜ਼ਿਉਮਿੰਗ ਰਿਸਪਾਂਸੇਬਿਲਟੀ। ਇਸ ਲਈ ਸਪੀਕਰ ਸਾਹਿਬ, ਮੇਰੀ ਇਹ ਬੇਨਤੀ ਹੈ .....

ਸ਼੍ਰੀ ਸਪੀਕਰ : ਇਹ ਕਾਲ ਅਟੈਨਸ਼ਨ ਮੋਸ਼ਨ ਦਾ ਵਿਸ਼ਾ ਨਹੀਂ ਬਣਦਾ। (It does not constitute the subject of Call Attention Motion.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਂ ਇਸ ਅਸੈਂਬਲੀ ਦੇ ਸੈਸ਼ਨ ਵਿਚ ਆਪਣੀ ਤਕਰੀਰ ਵਿਚ ਉਹ ਚਾਰਜ ਲਾਏ ਸਨ ਅਤੇ ਪੂਰੀ ਜ਼ਿਮੇਵਾਰੀ ਨਾਲ ਲਾਏ ਸਨ ਅਤੇ ਮੈਂ ਇਸ ਦੀ ਰਿਸਪਾਂਸੇਬਿਲਿਟੀ ਐਜ਼ਿਉਮ ਕਰਨ ਲਈ ਤਿਆਰ ਹਾਂ।

ਸ਼੍ਰੀ ਸਪੀਕਰ : Please resume your seat (ਵਿਘਨ) ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ ਅਤੇ ਉਥੇ ਡਿਸਕਸ ਕਰ ਲੈਣਾ। (Please resume your seat. (*Interruption*). You may please come to my chamber and discuss the matter there.)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਸਪੀਕਰ ਸਾਹਿਬ, ਤੁਸੀਂ ਮੇਰੀ ਇਕ ਕਾਲ ਅਟੈਨਸ਼ਨ ਮੋਸ਼ਨ ਡਿਸਐਲਾਉ ਕੀਤੀ ਹੈ। ਉਸ ਦਾ ਕਾਰਨ ਤੁਸੀਂ ਇਹ ਦਸਿਆ ਹੈ ਕਿ ਇਹ ਆਰਡੇਨਰੀ ਐਡਮਨਿਸਟਰੇਸ਼ਨ ਆਫ ਲਾਅ ਹੈ। ਸਪੀਕਰ ਸਾਹਿਬ, ਉਥੇ ਰਾਜਪੁਰੇ ਵਿਚ ਝਗੜਾ ਹੋਇਆ ਹੈ। (ਵਿਘਨ) ਉਹ ਪਬਲਿਕ ਇਸ਼ੂ ਸੀ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਤੁਸੀਂ ਸੀ. ਐਮ. ਸਾਹਿਬ ਨੂੰ ਮਿਲਕੇ ਕਹਿ ਦੇਣਾ । (You may convey this matter to the C. M.)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਤੁਸੀਂ ਸੁਣ ਤਾਂ ਲਵੋ । ਉਥੇ ਦੋ ਗਲਾਂ ਹੋਈਆਂ ਹਨ ਜੋ ਕਿ ਮੈਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ। ਇਕ ਤਾਂ ਇਹ ਕਿ ਉਥੇ ਦੇ ਇਕ ਬੜੇ ਵਡੇ ਆਦਮੀ ਨੂੰ ਜਿਹੜਾ ਕਿ ਬਲਾਕ ਕਾਂਗਰਸ ਦਾ ਪ੍ਰਧਾਨ ਰਿਹਾ ਸੀ ਉਸ ਨੂੰ ਦੋਹਾਂ ਹੱਥਾਂ ਨੂੰ ਹੱਥਕੜੀ ਲਾ ਕੇ ਰਾਜਪੁਰੇ ਤੋਂ ਪਟਿਆਲਾ ਲਿਜਾਕੇ ਉਥੇ ਥਾਣੇ ਦੇ ਇਕ ਕੋਨੇ ਵਿਚ ਬੰਦ ਕਰ ਦਿਤਾ । ਸੈਸ਼ਨ ਕੋਰਟ ਨੇ ਉਸਦੀ ਬੇਲ ਮਨਜ਼ੂਰ ਕਰ ਲਈ ਅਤੇ ਉਹ ਬੇਲ ਵਾਰੰਟ ਥਾਣੇਦਾਰ ਨੂੰ ਦਿਤੇ ਗਏ। ਇਸ ਤੇ ਉਸ ਥਾਣੇਦਾਰ ਨੇ ਉਸ ਨੂੰ ਰਿਲੀਜ਼ ਕਰ ਦਿਤਾ । ਇਸੇ ਤੇ ਹੀ ਉਸ ਥਾਣੇਦਾਰ ਨੂੰ ਸਸਪੈਂਡ ਕਰ ਦਿਤਾ ਕਿ ਤੂੰ ਉਸ ਨੂੰ ਛਡਿਆ ਕਿਉਂ ਹੈ ਅਤੇ ਉਸ ਥਾਣੇਦਾਰ ਨੂੰ ਪੁਲਿਸ ਲਾਈਨ ਵਿਚ ਭੇਜ ਦਿਤਾ ਗਿਆ ਹੈ । ਸਪੀਕਰ ਸਾਹਿਬ, ਇਹ ਬੜਾ ਸੀਰੀਅਰ ਮੈਟਰ ਹੈ ।

ਸ਼੍ਰੀ ਸਪੀਕਰ : ਪਰ ਇਹ ਕਾਲ ਅਟੈਨਸ਼ਨ ਮੋਸ਼ਨ ਦਾ ਵਿਸ਼ਾ ਨਹੀਂ ਬਣਦਾ । (But it does not constitute subject matter of a Call Attention Notice)

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਪੁਆਇੰਟ ਆਫ ਆਰਡਰ, ਸਰ ਸਪੀਕਰ ਸ਼ਾਹਿਬ, ਕਪੂਰਥਲਾ ਫਾਇਰਿੰਗ ਦੇ ਸਿਲਸਿਲੇ ਵਿਚ ਕਮਿਸ਼ਨ ਮੁਕੱਰਰ ਹੋਇਆ ਸੀ.....

ਸ਼੍ਰੀ ਸਪੀਕਰ : ਤੁਸੀਂ ਕੱਲ ਨੂੰ ਜ਼ੀਰੋ ਆਵਰ ਤੇ ਪੁਛ ਲੈਣਾ । (ਵਿਘਨ) ਤੁਸੀਂ ਬੜੇ ਸਮਝਦਾਰ ਹੋ । ਤੁਸੀਂ ਆਪੋਜ਼ੀਸ਼ਨ ਦੇ ਲੀਡਰ ਹੋ । ਤੁਸੀਂ ਕੱਲ ਨੂੰ ਪੁੱਛ ਲੈਣਾ (ਵਿਘਨ) (You can raise this matter tomorrow during the Zero Hour. (*Interruption*) You are a wiseman and Leader of the Opposition. You may please raise this matter tomorrow).

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਨੂੰ ਪਤਾ ਲਗਾ ਹੈ ਕਿ ਕਮਿਸ਼ਨ ਨੇ ਰਿਪੋਰਟ ਕਰ ਦਿਤੀ ਹੈ। ਇਸ ਲਈ ਕੀ ਸਰਕਾਰ ਉਸ ਬਾਰੇ ਦਸੇਗੀ ਕਿ ਕੀ ਐਕਸ਼ਨ ਲਿਆ ਹੈ ? (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਸਰਦਾਰ ਪ੍ਰੇਮ ਸਿੰਘ ਨੇ ਇਕ ਬੜੇ ਅਹਿਮ ਮਸਲੇ ਵਲ ਹਾਊਸ ਦਾ ਧਿਆਨ ਦਿਵਾਇਆ ਹੈ ।

ਸ਼੍ਰੀ ਸਪੀਕਰ : ਤੁਸੀਂ ਹੁਣ ਉਸ ਨੂੰ ਰਹਿਣ ਦਿਉ (Please leave it now)

ਸਰਦਾਰ ਜਸਦੇਵ ਸਿੰਘ ਸੰਧੂ : ਮੈਂ ਅਰਜ਼ ਕਰਦਾ ਹਾਂ ਕਿ ਜੇ ਇਸ ਰਾਜ ਵਿਚ ਕਾਂਗਰਸ ਦੇ ਆਦਮੀਆਂ ਦਾ ਇਹ ਹਾਲ ਹੈ ਤਾਂ ਫਿਰ ਆਪੋਜ਼ੀਸ਼ਨ ਵਾਲਿਆਂ ਦਾ ਕੀ ਹਾਲ ਹੋਵੇਗਾ ? ਫਿਰ ਅਸੀਂ ਇਸ ਸਰਕਾਰ ਤੋਂ ਕੀ ਉਮੀਦ ਰਖ ਸਕਦੇ ਹਾਂ । (ਵਿਘਨ) ਇਸ ਬਾਰੇ ਸਰਕਾਰ ਨੂੰ ਜ਼ਰੂਰ ਸੋਚਣਾ ਚਾਹੀਦਾ ਹੈ ਕਿ ਕਿਉਂ ਝੂਠੇ ਕੇਸ ਬਣਾਏ ਜਾ ਰਹੇ ਹਨ ?

Original with;
Punjab Vidhan Sabha
Digitized by;
Panjab Digital Library

STATEMENTS LAID ON THE TABLE OF THE HOUSE IN REPLY TO CALL ATTENTION NOTICES

Chief Parliamentary Secretary (Sardar Gurcharan Singh Nihal Singh Wala) : Sir I beg to lay replies to Call Attention Notices Nos. 8, 9, 12, 16, 28 and 32 on the Table of the House.

(Serial No. 8)

Shri Sardari Lal Kapur: to draw the attention of the Government towards a matter of urgent public importance, namely, Large number of Class III and Class IV employees of Ludhiana Municipality have not been paid their salaries for the last 1½ to 2 years. This is causing great hardship to them in these times of high cost of living. On the representations of these employees, they are told that the cases relating to the payment of their overdue salaries is under the consideration of the Local Government Directorate of the State Government. Since the Directorate of the Local Government Punjab, does not take any active interest in the cases of such adversely affected employees, this is a fit case on which the Minister concerned should make a statement on the floor of the House, as to what the Government is doing for the large number of employees of Ludhiana Municipality who have not been paid their salaries for the last 1½ to 2 years.

Shri Hans Raj Sharma : **(Minister for finance and Local Government)** : Municipal Committee, Ludhiana has been creating a number of posts, particularly those belonging to class III and class IV from time to time. In the normal course, a Municipal Committee should fill in a post only after all formalities regarding its creation have been gone through and the competent authority has sanctioned it. However, the Municipal Committee, Ludhiana has been indulging in the practice of creating posts and filling them up without the prior approval of the competent authority as required under the Municipal Account Code, 1930.

2. The matter was taken up with the Municipal Committee, and it was asked to furnish the relevant details justifying the creation/continuation of these posts, as without such information it was not possible to accord sanction to the creation of the posts.

3. As lack of appropriate action by the Municipal Committee, Ludhiana, to furnish complete justification to Government, was causing hardship to the concerned employees, the Municipal Committee has been given the requisite sanction, effective upto 31st August, 1974 or for a short period, where the posts were created and filled up by the Municipal Committee for short periods only, for the creation and filling in of all the posts created by it irregularly. The sanction has been allowed as a special case. Sanction to the continuation of these posts beyond 31st August, 1974 would be considered by Government on the Municipal Committee, furnishing complete justification for the creation/continuation of the posts. The Municipal Committee has since reported that the concerned employees are being disbursed payments on a time bound basis.

(ਨਗਰਪਾਲਕਾ ਲੁਧਿਆਣਾ ਤੀਜੀ ਅਤੇ ਚੌਥੀ ਸ਼੍ਰੇਣੀ ਦੀਆਂ ਆਸਾਮੀਆਂ ਸਮੇਂ ਸਮੇਂ ਤੇ ਉਤਪੱਤ ਕਰਦੀ ਰਹੀ ਹੈ । ਆਮ ਹਾਲਤ ਵਿਚ ਕਿਸੇ ਨਗਰਪਾਲਕਾ ਨੂੰ ਕੋਈ ਆਸਾਮੀ ਉਸੇ ਵੇਲੇ ਭਰਨੀ ਚਾਹੀਦੀ ਹੈ, ਜਦੋਂ ਉਸ ਆਸਾਮੀ ਦੀ ਉਤਪਤੀ ਸਬੰਧੀ ਸਾਰੀਆਂ ਰਸਮੀਂ ਕਾਰਵਾਈਆਂ ਮੁਕੰਮਲ ਹੋ ਜਾਣ ਅਤੇ ਸਮਰੱਥ ਅਧਿਕਾਰੀ ਵਲੋਂ ਉਸ ਦੀ ਉਤਪੱਤੀ ਬਾਰੇ ਪਰਵਾਨਗੀ ਦੇ ਦਿਤੀ ਜਾਵੇ, ਪਰ ਨਗਰਪਾਲਕਾ ਲੁਧਿਆਣਾ ਇੱਕ ਅਜਿਹੀ ਪ੍ਰਥਾ ਤੇ ਚਲਦੀ ਰਹੀ ਹੈ ਜਿਸ ਅਨੁਸਾਰ ਅਸਾਮੀਆਂ ਦੀ ਉਤਪਤੀ ਅਤੇ ਉਨ੍ਹਾਂ ਨੂੰ ਭਰਨ ਬਾਰੇ ਕਾਰਵਾਈ ਮਿਉਂਸਪਲ ਅਕਾਊਂਟ ਕੋਡ 1930 ਅਧੀਨ ਉਲੇਖੇ ਨਿਯਮਾਂ ਅਨੁਸਾਰ ਸਮਰੱਥ ਅਧਿਕਾਰੀ ਵਲੋਂ ਪੂਰਵ ਪਰਵਾਨਗੀ ਲਏ ਬਿਨਾਂ ਕੀਤੀ ਜਾਂਦੀ ਰਹੀ ਹੈ ।

Original with;
Punjab Vidhan Sabha
Digitized by;
Panjab Digital Library

[ਵਿੱਤ ਅਤੇ ਸਥਾਨਕ ਸਰਕਾਰ ਮੰਤਰੀ]

2. ਨਗਰਪਾਲਕਾ ਲੁਧਿਆਣਾ ਨਾਲ ਇਸ ਵਿਸ਼ੇ ਸਬੰਧੀ ਮਾਮਲਾ ਵਿਚਾਰਿਆ ਗਿਆ ਸੀ ਅਤੇ ਨਗਰਪਾਲਕਾ ਨੂੰ ਇਹ ਕਿਹਾ ਗਿਆ ਸੀ ਕਿ ਉਹ ਉਪਰ ਉਲੇਖੀਆਂ ਆਸਾਮੀਆਂ ਦੀ ਉਤਪੱਤੀ/ਜਾਰੀ ਰਹਿਣ ਸਬੰਧੀ ਪੂਰੇ ਵੇਰਵੇ ਸਰਕਾਰ ਨੂੰ ਭੇਜੇ, ਕਿਉਂਜੋ ਅਜਿਹੇ ਵੇਰਵੇ ਨਾ ਹੋਣ ਦੀ ਸੂਰਤ ਵਿਚ ਇਨ੍ਹਾਂ ਆਸਾਮੀਆਂ ਦੀ ਰਚਨਾ ਬਾਰੇ ਪਰਵਾਨਗੀ ਦੇਣੀ ਸੰਭਵ ਨਹੀਂ ਸੀ।

3. ਕਿਉਂ ਜੋ ਨਗਰਪਾਲਕਾ ਲੁਧਿਆਣਾ ਵਲੋਂ ਲੋੜੀਂਦੀ ਕਾਰਵਾਈ ਨਾ ਕੀਤੇ ਜਾਣ ਦੇ ਫਲਸਰੂਪ ਸਰਕਾਰ ਨੂੰ ਇਨ੍ਹਾਂ ਆਸਾਮੀਆਂ ਦੀ ਉਤਪਤੀ ਬਾਰੇ ਪੂਰੀ ਉਚਿਤਤਾ ਬਾਰੇ ਵੇਰਵੇ ਉਪਲਭਧ ਨਾ ਹੋਣ ਕਾਰਨ ਨਗਰਪਾਲਕਾ ਦੇ ਸਬੰਧਤ ਕਰਮਚਾਰੀਆਂ ਨੂੰ ਔਖਿਆਈ ਹੋ ਰਹੀ ਸੀ, ਇਸ ਲਈ ਨਗਰਪਾਲਕਾ ਲੁਧਿਆਣਾ ਨੂੰ ਉਕਤ ਸਾਰੀਆਂ ਆਸਾਮੀਆਂ ਦੀ ਉਤਪਤੀ ਜੋ ਕਿ ਸਨਿਯਮਤ ਤੌਰ ਤੇ (ਨਗਰਪਾਲਕਾ ਵਲੋਂ) ਰਚੀਆਂ ਗਈਆਂ ਸਨ ਅਤੇ ਉਨ੍ਹਾਂ ਨੂੰ ਭਰਨ ਬਾਰੇ ਲੋੜੀਂਦੀ ਪਰਵਾਨਗੀ ਦੇ ਦਿਤੀ ਗਈ ਹੈ। ਇਹ ਆਸਾਮੀਆਂ 31 ਅਗੱਸਤ 1974 ਤਕ ਹਨ ਜਾਂ ਉਸਤੋਂ ਵੀ ਘਟ ਸਮੇਂ ਲਈ, ਜਿਥੇ ਕਿ ਆਸਾਮੀ ਦੀ ਉਤਪਤੀ ਅਤੇ ਉਸਨੂੰ ਭਰਨ ਬਾਰੇ ਨਗਰਪਾਲਕਾ ਵਲੋਂ ਕਾਰਵਾਈ ਥੋੜੇ ਸਮੇਂ ਲਈ ਹੀ ਕੀਤੀ ਗਈ ਸੀ, ਉਸਦੀ ਪਰਵਾਨਗੀ ਸਰਕਾਰ ਵਲੋਂ ਇਕ ਵਿਸ਼ੇਸ਼ ਮਾਮਲੇ ਦੇ ਰੂਪ ਵਿਚ ਦਿਤੀ ਗਈ ਹੈ। ਇਨ੍ਹਾਂ ਆਸਾਮੀਆਂ ਨੂੰ 31 ਅਗਸਤ 1974 ਤੋਂ ਬਾਅਦ ਚਾਲੂ ਰਖਣ ਬਾਰੇ ਸ਼ਰਕਾਰ ਵਲੋਂ ਉਸ ਵੇਲੇ ਹੀ ਵਿਚਾਰ ਹੋਵੇਗਾ, ਜਦੋਂ ਨਗਰਪਾਲਕਾ ਇਨ੍ਹਾਂ ਆਸਾਮੀਆਂ ਦੀ ਉਤਪਤੀ ਅਤੇ ਚਾਲੂ ਰਖਣ ਬਾਰੇ ਲੋੜੀਂਦੀ ਉਚਿਚਤਾ ਸਬੰਧੀ ਵੇਰਵੇ ਉਪਲਭਧ ਕਰੇਗੀ। ਨਗਰਪਾਲਕਾ ਨੇ ਇਹ ਰਿਪੋਰਟ ਕੀਤੀ ਹੈ ਕਿ ਸਬੰਧਤ ਕਰਮਚਾਰੀਆਂ ਨੂੰ ਮਿਤੀ ਬੰਧ ਆਧਾਰ ਤੇ ਉਨ੍ਹਾਂ ਦੀਆਂ ਤਨਖਾਹਾਂ ਆਦਿ ਦੇਣ ਲਈ ਕਾਰਵਾਈ ਕੀਤੀ ਜਾ ਰਹੀ ਹੈ।

(Serial No. 9)

Shri Sardari Lal Kapur : to draw the attention of the Government towards a matter of urgent public importance, namely, the meteoric rise in the prices of foodstuffs i.e. atta, Ghee, Sugar, pulses and articles of daily necessities of life,i.e, cloth etc., is very adversly telling upon the plight of Government and non-Government employees in the State

This is, therefore, a fit matter on which the Minister concerned should make a statement on the floor of the House as to what the Government propose doing to help the poor people, the employees as also the poor kissans and cammis in the villages.

Sardar Gurdarshan Singh (State Minister for Food and S pplies): Rise in prices is world problem and an all India problem too. The Government of India has fixed the price of some essential commodities of daily use including certain foodstufts, for example, wheat, rice, sugar, Vanaspati etc. Although there is no rationing of any of these commodities in the Punjab State and these are available in the open market, yet the Punjab Government has opened large number of Fair price Shops/Co-op. Consumer Stores, and Depots

Original with;
Punjab Vidhan Sabha
Digitized by;
Panjab Digital Library

for the supply of these commodities to supplement the supplies available in the open market. The State Government has also taken the following steps to check the prices from running amuck : —

1. *Wheat/Wheat Atta.* —The Government of India has, on the request of Punjab Government agreed to supply 3 lac tonnes of wheat for public distribution in the State during the year 1974-75, if that becomes necessary. Against this, monthly allocations of wheat will be made to the State by the Central Government. The wholesale distribution of wheat/wheat atta has been entrusted to the Punjab State Civil Supplies Corporation. The scale of issue of wheat/wheat atta to the consumers has been fixed as 10 kg. per head subject to a maximum of 80 Kg. per card per month, which is quite adequate. At present wheat/wheat atta are distributed from Fair Price Shops at a fixed rate of Rs. 1.30 per Kg. and Rs. 1.36 per Kg. respectively. This has had a good effect on the rates in the open market and has checked the prices from rising exorbitantly.

2. *Rice* :—Rice is also being distributed through Fair Price Shops at fixed rate according to a prescribed scale. Sufficient stocks of rice have been purchased for the State reserve and it is being distributed through depots so that the consumers who need the same may obtain supplies. For this purpose the monthly allocation of rice has been doubled from July, 1974. The allocation of ordinary basmati rice for the month of July and August has been made to the extent of 1880 tonnes per month. Habitual rice eaters are supplied course rice at a fixed rate. This has had a good effect on the rates in open market.

3. *Sugar.*—Arrangements have been made for distribution of levy sugar at a reasonable and fixed rate at a scale of 500 grams per head per month in urban and rural areas. This sugar is supplied at the rate of Rs. 2.35 paise per Kg whereas the rate of sugar in open market is about Rs. 4.50 per Kg.

4. Punjab State Civil supplies Corporation has been set up in the State to procure a number of essential commodities of day-to-day use including pulses, Gur, Vanaspati, Wheat and Wheat products and supply the same at reasonable rates.

5. The State Government has also fixed the prices of wheat/wheat atta, levy sugar, levy rice, which are distributed through Fair Price Shops and also that of Vanaspat under the Defence of India Rules so that stringent action can be taken against offenders who indulge in selling at higher than fixed rates.

6. The District Authorities have been directed to take action against hoarders and Black Marketeers under the various Control Orders issued under the Defence of India Rules and Essential Commodities Act.

Original with;
Punjab Vidhan Sabha
Digitized by;
Panjab Digital Library

[State Minister for Food and Supplies]

7. The State Government have promulgated the Punjab Commodities Price Marking and Display Order which requires every dealer to display the prices of various commodities covered in the schedule annexed to the said order, at a prominent place in his business premises and not to charge a price in excess of the price so displayed from any customer nor refuse to sell such commodities to any person at the price so specified.

8. The State Government has introduced a scheme known as subsidy scheme in Amritsar City w. e. f. 15th February, 1974 to supply wheat atta and pulses to Government and Non-Government employees drawing total emoluments unto Rs. 575 per month at a subsidised rate, the amount of the subsidy being Rs. 5 per quintal. However, the Government is evaluating the benefit of this scheme per family and its comparison with the administrative cost of maintaining/servicing this scheme on the basis of the experiment made in Amritsar City, as the State Government feels that the administrative cost is disproportionate to the benefit of this scheme per family. Meanwhile the application of the scheme to other towns/places has been put in abeyance and this matter is being considered further.

Pulses.—Punjab State Civil Supplies Corporation has purchased adequate quantity of pulses for distribution through Co-op. Consumer Stores/Fair Price Shops. The Scale of ration for pulses has been fixed at 1 k. g. per head per month subject to a maximum of 4 kg. per family per month.

Cloth—In order to make available cheaper cloth Govt. of India imposed statutory price control on controlled cloth from November, 1972. The quota of Punjab State was fixed at 547 bales per month. This has now been increased to 1094 bales per month. Following arrangements for distribution of controlled cotton cloth have been made :

(i) The work relating to lifting of controlled cotton cloth from the mills and its wholesale distribution has been entrusted to Punjab State Federation of Consumer Co-op. Whole Sale Stores Ltd.

(ii) In the cities where there are wholesale Co-op. Consumer Stores or their branches retail distribution of controlled cloth is being done through them.

(iii) In other towns where there are no Co-op. Consumer Stores or their branches retail distribution of controlled cotton cloth have been entrusted to Co-op. Marketing Societies or Fair Price Shops selected by the Distt. Food and Supplies Controllers. In rural areas 10-15 village Co-op. Societies have been selected in each block for retail distsibution of controlled cloth.

(iv) Controlled cotton cloth is being distributed against cards at the scale of 10 meters per ration card per month, on rotation.

Original with;
Punjab Vidhan Sabha
Digitized by;
Punjab Digital Library

Kerosene Oil.—After keeping liaison with the Government of India arrangements for supply of adequate quantity of kerosene oil are being made and kerosen oil is being distributed through fair price shops against cards at controlled price.

Soft Coke—Quota of soft coke for the Punjab State has been fixed at 1500 wagons per month. At present average supply of soft coke ranges from 350-400 wagons per month. Efforts are being made to increase the supply of soft coke. The wholesale and retail prices of soft coke are fixed under D. I. R. and it is distributed through licenced coal depot holders.

[ਕੀਮਤਾਂ ਦਾ ਵਧਣਾਂ ਇਕ ਵਿਸ਼ਵ ਵਿਆਪੀ ਅਤੇ ਸਾਰੇ ਭਾਰਤ ਦੇਸ਼ ਦਾ ਮਸਲਾ ਹੈ। ਖਾਣ ਦੀਆਂ ਕੁਝ ਜ਼ਰੂਰੀ ਵਸਤੂਆ ਅਤੇ ਕੁਝ ਹੋਰ ਰੋਜ਼ਾਨਾ ਲੋੜ ਦੀਆਂ ਵਸਤੂਆਂ ਦੀਆਂ ਕੰਟਰੋਲ ਕੀਮਤਾਂ ਭਾਰਤ ਸਰਕਾਰ ਨੇ ਨੀਯਤ ਕੀਤੀਆਂ ਹੋਈਆਂ ਹਨ। ਜਿਹਾ ਕਿ ਕਣਕ, ਚਾਵਲ, ਖੰਡ ਵਨਸਪਤੀ ਆਦਿ। ਭਾਵੇਂ ਇਨ੍ਹਾਂ ਵਸਤੂਆਂ ਦੀ ਪੰਜਾਬ ਰਾਜ ਵਿਚ ਰਾਸ਼ਨਿੰਗ ਨਹੀਂ ਹੈ ਅਤੇ ਇਹ ਖੁਲ੍ਹੀ ਮਾਰਕਿਟਾਂ ਵਿਚ ਵੀ ਮਿਲ ਰਹੀਆਂ ਹਨ, ਪਰ ਪੰਜਾਬ ਸਰਕਾਰ ਨੇ ਇਨ੍ਹਾਂ ਵਸਤੂਆਂ ਦੀ ਵੰਡ ਲਈ ਕਾਫੀ ਮਾਤਰਾਂ ਵਿਚ ਫੇਅਰ ਪ੍ਰਾਈਸ ਸ਼ਾਪਸ/ਕੋਆਪਰੇਟਿਵ ਸਟੋਰ ਅਤੇ ਡੀਪੂ ਖੋਲ੍ਹੇ ਹੋਏ ਹਨ ਤਾਂ ਕਿ ਖੁਲ੍ਹੀ ਮਾਰਕਿਟ ਤੋਂ ਇਲਾਵਾ ਇਨਾਂ ਵਸਤੂਆਂ ਦੀ ਵੰਡ ਇਨ੍ਹਾਂ ਰਾਹੀਂ ਕੀਤੀ ਜਾ ਸਕੇ। ਪੰਜਾਬ ਸਰਕਾਰ ਨੇ ਕੀਮਤਾਂ ਦੇ ਬੇਤਹਾਸ਼ਾ ਵਾਧੇ ਨੂੰ ਰੋਕਣ ਲਈ ਹੇਠ ਲਿਖੇ ਕਦਮ ਚੁਕੇ ਹਨ।

ਕਣਕ/ਕਣਕ ਦਾ ਆਟਾ : ਪੰਜਾਬ ਸਰਕਾਰ ਦੀ ਬੇਨਤੀ ਤੇ ਭਾਰਤ ਸਰਕਾਰ ਨੇ 3 ਲਖ ਟਨ ਕਣਕ ਸਾਲ 1974-75 ਲਈ ਲੋਕ ਵੰਡ ਵਾਸਤੇ ਦੇਣੀ ਮੰਨ ਲਈ ਹੈ। ਲੋੜ ਅਨੁਸਾਰ ਭਾਰਤ ਸਰਕਾਰ ਤੋਂ ਹਰ ਮਹੀਨੇ ਇਹ ਕਣਕ ਲਈ ਜਾਵੇਗੀ। ਪੰਜਾਬ ਸਟੇਟ ਸਿਵਲ ਸਪਲਾਈਜ਼ ਕਾਰਪੋਰੇਸ਼ਨ ਨੂੰ ਕਣਕ/ਕਣਕ ਆਟੇ ਦੀ ਥੋਕ ਵੰਡ ਦਾ ਕੰਮ ਸੌਂਪਿਆ ਗਿਆ ਹੈ। ਸਕੇਲ ਵੀ ਖਪਤਕਾਰਾਂ ਦੀ ਲੋੜ ਅਨੁਸਾਰ ਚੰਗਾ ਰਖਿਆ ਗਿਆ ਹੈ ਜੋ ਕਿ 10 ਕਿਲੋ ਪ੍ਰਤੀ ਜੀਅ ਅਤੇ ਵੱਧ ਤੋਂ ਵੱਧ ਕਿਸੇ ਕਾਰਡ ਤੇ 80 ਕਿਲੋ ਪ੍ਰਤੀ ਮਹੀਨਾ ਹੈ। ਇਸ ਵੇਲੇ ਫੇਅਰ ਪਰਾਈਸ ਸ਼ਾਪਸ ਰਾਹੀ ਵੰਡੀ ਜਾਣ ਵਾਲੀ ਕਣਕ ਦਾ ਪ੍ਰਚੂਨ ਭਾਅ 1-30 ਰੁਪਏ ਅਤੇ ਕਣਕ ਆਟੇ ਦਾ ਭਾਅ 1-36 ਰੁਪਏ ਪ੍ਰਤੀ ਕਿਲੋ ਨੀਯਤ ਕੀਤਾ ਗਿਆ ਹੈ। ਅਜਿਹਾ ਕਰਨ ਨਾਲ ਖੁਲ੍ਹੀ ਮਾਰਕੀਟ ਭਾਅ ਤੇ ਚੰਗਾ ਅਸਰ ਪਿਆ ਹੈ ਅਤੇ ਮਾਰਕੀਟ ਰੇਟ ਬੇਤਹਾਸ਼ਾ ਵਧਣ ਤੋਂ ਰੁਕ ਗਏ ਹਨ।

2. **ਚਾਵਲ :** ਚਾਵਲ ਦੀ ਮਿਥੀਆਂ ਕੀਮਤਾਂ ਤੇ ਸਸਤੇ ਭਾਅ ਦੀਆਂ ਦੁਕਾਨਾਂ ਰਾਹੀਂ ਨੀਯਤ ਸਕੇਲ ਅਨੁਸਾਰ ਵੰਡਿਆ ਜਾ ਰਿਹਾ ਹੈ। ਰਾਜ ਭੰਡਾਰ ਵਿਚ ਚਾਵਲਾਂ ਦੀ ਚੰਗੀ ਮਾਤਰਾ ਖਰੀਦ ਲਈ ਗਈ ਹੈ ਤੇ ਇਸ ਦੀ ਵੰਡ ਡੀਪੂਆਂ ਰਾਹੀਂ ਕੀਤੀ ਜਾ ਰਹੀ ਹੈ ਤਾਂ ਜੋ ਹਰ ਲੋੜਵੰਦ ਚੌਲ ਪ੍ਰਾਪਤ ਕਰ ਸਕੇ। ਇਸ ਮੰਤਵ ਲਈ ਜੁਲਾਈ 1974 ਤੋਂ ਚਾਵਲਾਂ ਦੀ ਮਾਹਵਾਰੀ ਐਲੋਕੇਸ਼ਨ ਨੂੰ ਵਧਾ ਕੇ ਤਕਰੀਬਨ ਦੋ ਗੁਣਾ ਕਰ ਦਿਤਾ ਗਿਆ ਹੈ। ਜੁਲਾਈ ਅਤੇ ਅਗਸਤ ਵਿਚ ਸਧਾਰਣ ਬਾਸਮਤੀ ਦੀ ਐਲੋਕੇਸ਼ਨ 1880 ਟਨ ਪ੍ਰਤੀ ਮਹੀਨਾ ਕੀਤੀ ਗਈ ਹੈ, ਆਦੀ ਚੌਲ ਖਾਣ ਵਾਲਿਆਂ ਨੂੰ ਮੋਟੇ ਚੌਲਾਂ ਦੀ ਸਪਲਾਈ ਨੀਯਤ ਭਾਅ ਤੇ ਕੀਤੀ ਜਾਂਦੀ ਹੈ। ਇਸ ਲਈ ਖੁਲ੍ਹੀ ਮਾਰਕੀਟ ਵਿਚ ਭਾਵਾਂ ਤੇ ਚੰਗਾ ਅਸਰ ਪਿਆ ਹੈ।

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ ਖੁਰਾਕ ਤੇ ਸਪਲਾਈ]

3. **ਖੰਡ** : ਸ਼ਹਿਰਾਂ ਅਤੇ ਪਿੰਡਾਂ ਵਿਚ 500 ਗ੍ਰਾਮ ਪ੍ਰਤੀ ਜੀਅ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਲੈਵੀ ਖੰਡ ਯੋਗ ਅਤੇ ਨੀਯਤ ਭਾਅ ਤੇ ਦੇਣ ਦਾ ਪ੍ਰਬੰਧ ਵੀ ਕੀਤਾ ਗਿਆ ਹੈ । ਇਹ ਖੰਡ 2-35 ਪੈਸੇ ਪ੍ਰਤੀ ਕਿਲੋ ਦਿਤੀ ਜਾਂਦੀ ਹੈ ਜਦੋਂ ਮਾਰਕੀਟ ਵਿਚ ਖੰਡ ਦਾ ਭਾਅ ਲਗ ਭਗ 4.50 ਰੁ: ਪ੍ਰਤੀ ਕਿਲੋ ਹੈ ।

4. ਪੰਜਾਬ ਰਾਜ ਵਿਚ ਪੰਜਾਬ ਸਟੇਟ ਸਿਵਲ ਸਪਲਾਈਜ਼ ਕਾਰਪੋਰੇਸ਼ਨ ਸਥਾਪਤ ਕੀਤੀ ਜਾ ਚੁਕੀ ਹੈ ਜਿਹੜੀ ਕਿ ਰੋਜ਼ਾਨਾ ਜਿੰਦਗੀ ਦੀਆਂ ਕੁਝ ਜਰੂਰੀ ਵਸਤੂਆਂ ਜਿਨ੍ਹਾਂ ਵਿਚ ਦਾਲਾਂ. ਗੁੜ , ਵਨਾਸਪਤੀ, ਕਣਕ ਅਤੇ ਕਣਕ ਪਦਾਰਥ ਸ਼ਾਮਲ ਹਨ, ਦੀ ਖਰੀਦ ਕਰੇਗੀ ਅਤੇ ਉਚਿਤ ਦਰਾਂ ਤੇ ਸਪਲਾਈ ਕਰੇਗੀ ।

5. ਰਾਜ ਸਰਕਾਰ ਨੇ ਡੀਪੂਆਂ ਰਾਹੀਂ ਵੰਡੇ ਜਾਣ ਵਾਲੇ, ਕਣਕ, ਆਟੇ, ਲੈਵੀ ਸੂਗਰ ਅਤੇ ਚਾਵਲਾਂ ਦੀਆਂ ਕੀਮਤਾਂ ਤੋਂ ਇਲਾਵਾ ਵਨਾਸਪਤੀ ਘੀ ਦੀ ਕੀਮਤ ਭਾਰਤੀ ਸੁਰਖਿਆ ਨਿਯਮਾਂ (ਡਿਫੈਂਸ ਆਫ ਇੰਡੀਆ ਰੂਲਜ਼) ਤਹਿਤ ਨੀਯਤ ਕੀਤੀਆਂ ਹਨ ਤਾਂ ਜੋ ਇਨ੍ਹਾਂ ਨੂੰ ਨੀਯਤ ਭਾਅ ਤੋਂ ਵਾਧੂ ਭਾਅ ਤੇ ਵੇਚਣ ਵਾਲਿਆਂ ਵਿਰੁਧ ਸਖਤ ਕਾਰਵਾਈ ਕੀਤੀ ਜਾ ਸਕੇ ।

6. ਜਿਲ੍ਹਾ ਅਧਿਕਾਰੀਆਂ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਉਹ ਹੋਰਡਿੰਗ, ਬਲੈਕ ਮਾਰਕੀਟਿੰਗ ਅਤੇ ਵਧ ਕੀਮਤਾਂ ਚਾਰਜ ਕਰਨ ਵਾਲੇ ਵਿਅਕਤੀਆਂ ਵਿਰੁਧ ਭਾਰਤ ਸੁਰਖਿਆ ਨਿਯਮਾਂ ਅਤੇ ਜ਼ਰੂਰੀ ਵਸਤੂਆਂ ਐਕਟ ਅਧੀਨ ਬਣਾਏ ਗਏ ਆਰਡਰਾਂ ਥਲੇ ਕਰਨ ।

7. ਪੰਜਾਬ ਰਾਜ ਨੇ ਪੰਜਾਬ ਕਮਾਡਿਟੀਜ਼, ਪ੍ਰਾਈਸ-ਮਾਰਕਿੰਗ ਅਤੇ ਡਿਸਪਲੇ ਆਰਡਰ ਲਾਗੂ ਕੀਤਾ ਹੈ ਤਾਂ ਕਿ ਹਰ ਦੁਕਾਨਦਾਰ ਉਸ ਪਾਸ ਪਈਆਂ ਉਨਾਂ ਵਸਤੂਆਂ ਦਾ, ਜੋ ਕਿ ਸ਼ੈਡਿਊਲ ਵਿਚ ਦਿਤੀਆਂ ਹਨ, ਦੀ ਕੀਮਤ ਦੁਕਾਨ ਦੇ ਅੰਦਰ ਲਗਾਈ ਗਈ ਕੀਮਤ ਤੋਂ ਵਧ ਨਾ ਹੀ ਕਿਸੇ ਗ੍ਰਾਹਕ ਤੋਂ ਵਧ ਚਾਰਜ ਕਰੇ ਅਤੇ ਨਾ ਹੀ ਉਸ ਚੀਜ ਨੂੰ ਇਸ ਤਰ੍ਹਾਂ ਨਿਯਤ ਕੀਮਤ ਤੇ ਵੇਚਣ ਤੋਂ ਇਨਕਾਰ ਕਰੇ ।

8. ਪੰਜਾਬ ਸਰਕਾਰ ਨੇ ਮਿਤੀ 15 ਫਰਵਰੀ, 1974 ਤੋਂ ਅੰਮ੍ਰਿਤਸਰ ਸ਼ਹਿਰ ਵਿਚ ਇਕ ਨਵੀਂ ਸਕੀਮ, ਭਾਵ ਸਬਸਿਡੀ ਸਕੀਮ ਚਾਲੂ ਕੀਤੀ ਸੀ ਜਿਸ ਦੇ ਅਧੀਨ 575 ਰੁ: ਪ੍ਰਤੀ ਮਹੀਨਾ ਤਕ ਤਨਖਾਹ ਲੈਣ ਵਾਲੇ ਸਰਕਾਰੀ ਅਤੇ ਗੈਰ ਸਰਕਾਰੀ ਮੁਲਾਜ਼ਮਾਂ ਨੂੰ ਆਟਾ ਅਤੇ ਦਾਲਾਂ 6 ਰੁਪਏ ਪ੍ਰਤੀ ਕਵਿੰਟਲ ਰਿਆਇਤੀ ਦਰਾਂ ਤੇ ਸਪਲਾਈ ਕੀਤੀਆਂ ਜਾਂਦੀਆਂ ਹਨ । ਪਰੰਤੂ ਸਰਕਾਰ ਇਸ ਸਕੀਮ ਉਤੇ ਅੰਮ੍ਰਿਤਸਰ ਸ਼ਹਿਰ ਦੇ ਤਜਰਬੇ ਦੇ ਅਧਾਰ ਤੇ ਹੋਰ ਵਿਚਾਰ ਕਰ ਰਹੀ ਹੈ ਜਿਸ ਦਾ ਮੰਤਵ ਇਸ ਗਲ ਬਾਰੇ ਜਾਂਚ ਕਰਨਾ ਹੈ ਕਿ ਇਸ ਸਕੀਮ ਦਾ ਜੋ ਪ੍ਰਤੀ ਪਰੀਵਾਰ ਲਾਭ ਹੋਇਆ ਹੈ, ਉਸ ਦੇ ਮੁਕਾਬਲੇ ਵਿਚ ਪ੍ਰਸ਼ਾਸਨਿਕ ਖਰਚੇ ਦਾ ਅਨੁਪਾਤ ਕੀ ਹੈ । ਕਿਉਂਕਿ ਸਰਕਾਰ ਇਹ ਮਹਿਸੂਸ ਕਰਦੀ ਹੈ ਕਿ ਇਸ ਸਕੀਮ ਤੇ ਪ੍ਰਸ਼ਾਸਨਿਕ ਖਰਚਾ ਪ੍ਰਤੀ ਪਰੀਵਾਰ ਪਹੁੰਚੇ ਲਾਭ ਤੋਂ ਬਹੁਤ ਜ਼ਿਆਦਾ ਹੈ । ਅੰਤਰਮ ਸਮੇਂ ਵਿਚ ਸਬਸਿਡੀ ਸਕੀਮ ਬਾਕੀ ਸ਼ਹਿਰਾਂ/ਥਾਵਾਂ ਤੇ ਲਾਗੂ ਨਹੀਂ ਕੀਤੀ ਗਈ ਅਤੇ ਇਸ ਤੇ ਹੋਰ ਵਿਚਾਰ ਕੀਤਾ ਜਾ ਰਿਹਾ ਹੈ ।

Original with;
Punjab Vidhan Sabha
Digitized by;
Panjab Digital Library

9. **ਦਾਲਾਂ** : ਪੰਜਾਬ ਸਟੇਟ ਸਿਵਲ ਸਪਲਾਈਜ਼ ਕਾਰਪੋਰੇਸ਼ਨ ਨੇ ਵਡੀ ਮਾਤਰਾਂ ਵਿਚ ਦਾਲਾਂ ਕੋਆਪਰੇਟਿਵ ਕਨਜਿਊਮਰ ਸਟੋਰਜ਼/ਫੇਅਰ ਪਰਾਈਸ ਸ਼ਾਪਸ ਰਾਹੀਂ ਵੰਡਣ ਲਈ ਖਰੀਦੀਆਂ ਹਨ ਇਸ ਦੀ ਮਾਤਰਾ ਇਕ ਕਿਲੋ ਪ੍ਰਤੀ ਜੀਅ ਪ੍ਰਤੀ ਮਹੀਨਾਂ ਨਿਸ਼ਚਿਤ ਕੀਤੀ ਗਈ ਹੈ ਅਤੇ ਇਕ ਪਰੀਵਾਰ ਲਈ ਵਧ ਤੋਂ ਵਧ ਮਾਤਰਾ ਚਾਰ ਕਿਲੋ ਪ੍ਰਤੀ ਮਹੀਨਾ ਨਿਸ਼ਚਿਤ ਕੀਤੀ ਗਈ ਹੈ ।

ਕਪੜਾ : ਸਸਤੇ ਭਾਵਾਂ ਤੇ ਕਪੜੇ ਨੂੰ ਮਹੱਈਆ ਕਰਨ ਲਈ ਕੇਂਦਰੀ ਸਰਕਾਰ ਨੇ ਨਵੰਬਰ, 1972 ਤੋਂ ਕੰਟਰੋਲਡ ਕਪੜੇ ਦੀ ਕੀਮਤ ਤੇ ਸਟੈਚੂਟਰੀ ਕੰਟਰੋਲ ਲਾਗੂ ਕੀਤਾ ਹੈ। ਪੰਜਾਬ ਰਾਜ ਦਾ ਕੋਟਾ 547 ਗੱਠਾਂ ਪ੍ਰਤੀ ਮਹੀਨਾ ਨਿਯਤ ਕੀਤਾ ਗਿਆ ਹੈ ਜੋ ਕਿ ਹੁਣ ਵਧਾ ਕੇ 1094 ਗੱਠਾਂ ਕਰ ਦਿਤਾ ਗਿਆ ਹੈ । ਕੰਟਰੋਲਡ ਕਪੜੇ ਦੀ ਵੰਡ ਲਈ ਹੇਠ ਦਿਤੇ ਇੰਤਜ਼ਾਮ ਕੀਤੇ ਗਏ ਹਨ ।

(i) ਮਿਲਾਂ ਤੋਂ ਕੰਟਰੋਲਡ ਕਾਟਨ ਦਾ ਕਪੜਾ ਚੁਕਨ ਅਤੇ ਇਸ ਦੀ ਥੋਕ ਵੰਡ ਦਾ ਕੰਮ ਪੰਜਾਬ ਸਟੇਟ ਫੈਡਰੇਸ਼ਨ ਆਫ ਕੰਨਜ਼ਿਊਮਰ ਕੋਆਪਰੇਟਿਵ ਹੋਲ ਸੇਲ ਸਟੋਰੇਜ਼ ਲਿਮਿਟਿਡ ਨੂੰ ਸੌਂਪਿਆਂ ਹੋਇਆ ਹੈ ।

(ii) ਸ਼ਹਿਰਾਂ ਵਿਚ ਜਿਥੇ ਹੋਲਸੇਲ ਕੋਆਪਰੇਟਿਵ ਕੰਨਜ਼ਿਊਮਰ ਸਟੋਰ ਜਾਂ ਉਨ੍ਹਾਂ ਦੀਆਂ ਬਰਾਂਚਾਂ ਹਨ ਉਤੇ ਕੰਟਰੋਲਡ ਕਪੜੇ ਦੀ ਪ੍ਰਚੂਨ ਵੰਡ ਦਾ ਕੰਮ ਉਨ੍ਹਾਂ ਰਾਹੀਂ ਕੀਤਾ ਜਾਂਦਾ ਹੈ ।

(iii) ਦੂਜੇ ਸ਼ਹਿਰਾਂ ਵਿਚ ਜਿਥੇ ਕੋਆਪਰੇਟਿਵ ਕੰਨਜ਼ਿਊਮਰ ਸਟੋਰ ਜਾਂ ਉਨ੍ਹਾਂ ਦੀਆਂ ਬ੍ਰਾਂਚਾਂ ਨਹੀਂ ਹਨ, ਕੰਟਰੋਲਡ ਕਪੜੇ ਦੀ ਪ੍ਰਚੂਨ ਵੰਡ ਦਾ ਕੰਮ ਕੋਆਪਰੇਟਿਵ ਮਾਰਕੀਟਿੰਗ ਸੋਸਾਇਟੀਆਂ ਜਾਂ ਜ਼ਿਲ੍ਹਾ ਖੁਰਾਕ ਤੇ ਸਪਲਾਈਜ਼ ਕੰਟਰੋਲਰਾਂ ਵਲੋਂ ਖੋਲ੍ਹੀਆਂ ਗਈਆਂ ਫੇਅਰ ਪਰਾਈਸ ਦੀਆਂ ਦੁਕਾਨਾਂ ਰਾਹੀਂ ਕੀਤਾ ਜਾਂਦਾ ਹੈ । ਪਿੰਡਾਂ ਵਿਚ ਤਕਰੀਬਨ 10-15 ਪਿੰਡਾਂ ਦੀਆਂ ਸਹਿਕਾਰੀ ਸੋਸਾਇਟੀਆਂ ਪ੍ਰਤੀ ਬਲਾਕ ਪ੍ਰਚੂਨ ਕਪੜੇ ਦੀ ਵੰਡ ਲਈ ਚੁਣੀਆਂ ਗਈਆਂ ਹਨ ।

(iv) ਕਪੜੇ ਦੀ ਵੰਡ ਕਾਰਡਾਂ ਰਾਹੀਂ 10 ਮੀਟਰ ਪ੍ਰਤੀ ਰਾਸ਼ਨ ਕਾਰਡ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਵਾਰੀ ਸਿਰ ਨਿਯੁਕਤ ਕੀਤੀ ਗਈ ਹੈ ।

ਮਿੱਟੀ ਦਾ ਤੇਲ : ਭਾਰਤ ਸਰਕਾਰ ਨਾਲ ਤਾਲ ਮੇਲ ਰੱਖਣ ਉਪਰੰਤ, ਮਿੱਟੀ ਦੇ ਤੇਲ ਨੂੰ ਕਾਫੀ ਮਾਤਰਾ ਵਿਚ ਸਪਲਾਈ ਕਰਨ ਲਈ ਲੋੜੀਂਦੇ ਪ੍ਰਬੰਧ ਕੀਤੇ ਜਾਂਦੇ ਹਨ ਅਤੇ ਮਿਟੀ ਦਾ ਤੇਲ ਫੇਅਰ ਪਰਾਈਸ ਸ਼ਾਪਸ ਰਾਹੀਂ ਰਾਸ਼ਨ ਕਾਰਡਾਂ ਤੇ ਨਿਸ਼ਚਿਤ ਕੀਮਤਾਂ ਤੇ ਵੇਚਿਆ ਜਾ ਰਿਹਾ ਹੈ।

ਸਾਫਟ ਕੋਕ : ਪੰਜਾਬ ਲਈ ਸਾਫਟ ਕੋਕ ਦਾ ਕੋਟਾ 15 00 ਵੈਗਨ ਪ੍ਰਤੀ ਮਹੀਨਾ ਨਿਯੁਕਤ ਕੀਤਾ ਹੋਇਆ ਹੈ । ਫਿਲਹਾਲ ਸਾਫਟ ਕੋਕ ਦੀ ਸਪਲਾਈ 350—400 ਵੈਗਨ ਪ੍ਰਤੀ ਮਹੀਨਾ ਦੀ ਔਸਤ ਹੈ; ਸਾਫਟ ਕੋਕ ਦੀ ਥੋਕ/ਪਰਚੂਨ ਦੀ ਕੀਮਤ ਡੀ. ਆਈ. ਆਰ. ਤਹਿਤ ਨਿਯੁਕਤ ਕੀਤੀ ਜਾਂਦੀ ਹੈ ਅਤੇ ਇਸ ਦੀ ਵੰਡ ਲਾਈਸੈਂਸਡ ਕੋਲੇ ਦੇ ਡੀਪੂ ਹੋਲਡਰਾਂ ਰਾਹੀਂ ਕੀਤੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

Serial No. (12)

1. Comrade Achhra Singh
2. Comrade Satya Pal Dang
3. Comrade Jangir Singh Joga
4. Comrade Dana Ram

to draw the attention of the Government towards a matter of urgent public importance. namely, the Government has not honoured its commitment to the students of the Dayanand Medical College, Ludhiana, to take over the College. New admissions have not taken place to this College. New admissions have not taken place also in case of Guru Gobind Singh Medical College Faridkot. A large number of even very good students aspiring to be doctors haye not been able to get admission in any Medical College because the number of seats in two Government Medical Colleges is limited. This will lead to shortage of doctors in the future while there is serious discontentment amongst sections of students right now.

In view of the obvious and urgent importance of the matter, the Government may please be asked to make a statement in the House.

ਸ਼੍ਰੀ ਗੁਰਮੇਲ ਸਿੰਘ (ਸਿਖਿਆ ਮੰਤਰੀ) : ਦਯਾਨੰਦ ਮੈਡੀਕਲ ਕਾਲਜ, ਲੁਧਿਆਣਾ ਦੇ ਵਿਦਿਆਰਥੀਆਂ ਨੇ 17 ਜਨਵਰੀ, 1974 ਤੋਂ ਅਣਮਿੱਥੇ ਸਮੇਂ ਲਈ ਹੜਤਾਲ ਕਰ ਦਿਤੀ, ਉਹਨਾਂ ਦੀ ਮੰਗ ਸੀ ਕਿ ਸਰਕਾਰ ਇਸ ਕਾਲਜ ਦਾ ਪ੍ਰਬੰਧ ਆਪਣੇ ਹਥ ਵਿਚ ਲੈ ਲਵੇ, ਕਿਉਂ ਜੋ ਇਸ ਕਾਲਜ ਦੀ ਪ੍ਰਬੰਧਕ ਕਮੇਟੀ, ਯੂਨੀਵਰਸਿਟੀ ਅਤੇ ਮੈਡੀਕਲ ਕਾਊਂਸਲ ਆਫ ਇੰਡੀਆ ਵਲੋਂ ਨਿਸ਼ਚਿਤ ਸਟੈਂਡਰਡ ਦੇ ਅਨੁਸਾਰ ਕਾਲਜ ਦੇ ਵਿਚ ਪੜ੍ਹਾਈ ਦੀਆਂ ਸਹੂਲਤਾਂ ਮਾਲੀ ਕਾਰਨਾਂ ਦੇ ਕਾਰਨ, ਦੇਣ ਤੋਂ ਅਸਮੱਰਥ ਸੀ । ਇਸ ਸੰਸਥਾ ਦੇ ਕੁਝ ਅਧਿਆਪਕਾਂ ਨੇ ਅਤੇ ਸ਼੍ਰੀ ਸ਼ਰਦਾਰੀ ਲਾਲ ਕਪੂਰ, ਐਮ. ਐਲ. ਏ., ਨੇ ਸਰਕਾਰ ਨੂੰ ਇਸ ਕਾਲਜ ਨੂੰ ਆਪਣੇ ਪ੍ਰਬੰਧ ਹੇਠ ਲੈਣ ਦੀ ਬੇਨਤੀ ਕੀਤੀ । ਪੰਜਾਬ ਯੂਨੀਵਰਸਿਟੀ ਨੂੰ ਬੇਨਤੀ ਕੀਤੀ ਗਈ ਕਿ ਉਹ ਇਸ ਮਾਮਲੇ ਵਿਚ ਕੁਝ ਨਰਮ ਰਵੱਈਆ ਅਪਨਾਉਣ, ਕਿਉਂ ਜੋ ਇਮਾਰਤੀ ਸਮਾਨ ਨਾ ਮਿਲਣ ਕਾਰਨ ਯੂਨੀਵਰਸਿਟੀ ਵਲੋਂ ਦੱਸੀਆਂ ਗਈਆਂ ਸਾਰੀਆਂ ਕਮੀਆਂ ਮਿਥੇ ਸਮੇਂ ਦੇ ਅੰਦਰ 2 ਪ੍ਰਬੰਧਕੀ ਕਮੇਟੀ ਪੂਰੀਆਂ ਕਰਨ ਤੋਂ ਅਸਮਰੱਥ ਸੀ ਅਤੇ ਕਿਉਂ ਜੋ ਪੰਜਾਬ ਸਰਕਾਰ ਇਸ ਸੰਸਥਾ ਨੂੰ ਮਾਲੀ ਸਹਾਇਤਾ ਵਧਾਉਣ ਤੇ ਹਮਦਰਦੀ ਨਾਲ ਗੌਰ ਕਰ ਰਹੀ ਸੀ । ਪ੍ਰਬੰਧਕ ਕਮੇਟੀ ਨੂੰ ਸਰਕਾਰ ਵਲੋਂ ਇਹ ਵੀ ਕਿਹਾ ਗਿਆ ਕਿ ਜੇਕਰ ਉਹ ਇਹ ਸੰਸਥਾ ਚਲਾਉਣ ਤੋਂ ਅਸਮਰਥ ਹਨ ਤਾਂ ਸੰਸਥਾ ਦਾ ਕੰਟਰੋਲ ਸਰਕਾਰ ਨੂੰ ਦੇਣ ਲਈ ਵਿਧੀਵੱਤ ਰੈਜ਼ੋਲਿਊਸ਼ਨ ਪਾਸ ਕਰਕੇ ਭੇਜਣ । ਇਸੇ ਦੌਰਾਨ ਇਹ ਪਤਾ ਲੱਗਾ ਕਿ ਮੈਨੇਜਿੰਗ ਕਮੇਟੀ ਨੂੰ ਇਸ ਸੰਸਥਾ ਦੀ ਸਾਰੀ ਸੰਪਤੀ ਸਰਕਾਰ ਨੂੰ ਦੇਣ ਦਾ ਪੂਰਾ ਅਧਿਕਾਰ ਨਹੀਂ ਹੈ, ਕਿਉਂਜੋ ਉਂਝ ਜ਼ਮੀਨ ਤੇ ਇਮਾਰਤਾਂ ਆਰਯਾ ਪ੍ਰਤੀਨਿਧੀ ਸਭਾ ਅਤੇ ਆਰਯਾ ਸਮਾਜ ਸਾਧਨ ਬਜ਼ਾਰ ਦੇ ਨਾਮ, ਮਾਲ ਵਿਭਾਗ ਦੇ ਕਾਗਜ਼ਾਂ ਵਿਚ ਹਨ ਅਤੇ ਉਹਨਾਂ ਦੀ ਸਹਿਮਤੀ ਨਾਲ ਹੀ ਇਹ ਕਾਲਜ ਸਰਕਾਰ ਆਪਣੇ ਕੰਟਰੋਲ ਵਿਚ ਲੈ ਸਕਦੀ ਹੈ । ਇਸ ਲਈ ਆਰਯਾ ਪ੍ਰਤੀਨਿਧੀ ਸਭਾ ਨੂੰ ਇਹ ਸੰਸਥਾ ਸਰਕਾਰ ਨੂੰ ਦੇਣ ਲਈ ਰੈਜ਼ੋਲਿਊਸ਼ਨ ਭੇਜਣ ਲਈ ਕਿਹਾ ਗਿਆ ਅਤੇ ਆਰਯਾ ਪ੍ਰਤੀਨਿੱਧੀ ਸਭਾ ਅਤੇ ਮੈਨੇਜਿੰਗ ਕਮੇਟੀ ਨਾਲ ਇਸ ਸਬੰਧ ਵਿੱਚ ਗੱਲ ਬਾਤ ਕਰਨ ਲਈ ਸਰਕਾਰ ਨੂੰ ਪੰਜਾਬ ਵਿਧਾਨ ਸਭਾ ਦੇ ਸਪੀਕਰ ਸਾਹਿਬ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਬਣਾਈ । ਪਰ ਆਰਯਾ

Original with;
Punjab Vidhan Sabha
Digitized by;
Panjab Digital Library

ਪ੍ਰਤੀਨਿੱਧੀ ਸਭਾ ਵਲੋਂ ਕੁਝ ਸ਼ਰਤਾਂ ਇਸ ਸਬੰਧ ਵਿਚ ਲਾਈਆਂ ਗਈਆਂ ਜਿਹੜੀਆਂ ਇਸ ਪ੍ਰਕਾਰ ਹਨ :—

(1) ਆਰਯਾ ਪ੍ਰਤੀਨਿੱਧੀ ਸਭਾ ਨੂੰ ਦਾਖਲੇ ਵਿਚ 25% ਸੀਟਾਂ ਤੇ ਆਪਣੇ ਉਮੀਦਵਾਰ ਨਾਮਜ਼ਦ ਕਰਨ ਦਾ ਅਧਿਕਾਰ ਹੋਵੇ।

(2) ਸੰਸਥਾ ਨੂੰ ਚਲਾਉਣ ਲਈ ਇਕ ਟਰੱਸਟ ਬਣਾਇਆ ਜਾਵੇ, ਜਿਸ ਵਿਚ ਸਭਾ ਦੇ ਨੁਮਾਇੰਦੇ ਹੋਣ।

(3) ਆਰਯਾ ਪ੍ਰਤੀਨਿੱਧੀ ਸਭਾ ਨੂੰ ਇਸ ਸਬੰਧੀ ਆਪਣੀ ਸਹਿਮਤੀ ਲੋੜ ਅਨੁਸਾਰ ਵਾਪਿਸ ਲੈਣ ਦਾ ਅਧਿਕਾਰ ਹੋਵੇ।

ਸਰਕਾਰ ਨੂੰ ਇਹ ਸ਼ਰਤਾਂ ਮੰਨਣਯੋਗ ਨਹੀਂ ਸਨ ਅਤੇ ਸਰਕਾਰ ਨੇ ਉਹਨਾਂ ਨੂੰ ਬਿਨਾਂ ਸ਼ਰਤਾਂ ਤੇ ਰੈਜ਼ੋਲਿਊਸ਼ਨ ਪਾਸ ਕਰਨ ਦੀ ਸਲਾਹ ਦਿਤੀ ਕਿਉਂਕਿ ਦਿਯਾਨੰਦ ਮੈਡੀਕਲ ਕਾਲਜ, ਲੁਧਿਆਣਾ ਦੀਆਂ ਲੈਣਦਾਰੀਆਂ ਅਤੇ ਦੇਣਦਾਰੀਆਂ ਦੇ ਪੂਰੇ ਵੇਰਵੇ ਇਕਤਰ ਨਹੀਂ ਹੋਏ ਅਤੇ ਨਾ ਹੀ ਕਾਲਜ ਦੀ ਸੰਪੱਤੀ ਸਰਕਾਰ ਨੂੰ ਸੌਂਪਣ ਬਾਰੇ ਕੋਈ ਫੈਸਲਾ ਲਿਆ ਗਿਆ ਹੈ, ਇਸ ਕਰਕੇ ਨਿਸ਼ਚੇ ਨਾਲ ਨਹੀਂ ਦਸਿਆ ਜਾ ਸਕਦਾ ਕਿ ਇਸ ਕਾਲਜ ਨੂੰ ਸਰਕਾਰ ਆਪਣੇ ਅਧਿਕਾਰ ਖੇਤਰ ਵਿਚ ਕਦੋਂ ਲੈਣ ਵਿਚ ਸਮਰੱਥ ਹੋਵੇਗੀ ਜਾਂ ਕਦੋਂ ਇਹ ਸੰਸਥਾਂਵਾਂ ਇਸ ਕਾਲਜ ਨੂੰ ਸਰਕਾਰ ਦੇ ਅਧਿਕਾਰ ਖੇਤਰ ਵਿਚ ਦੇਣ ਵਾਸਤੇ ਸਮਰਥ ਹੋਣਗੀਆਂ। ਇਸ ਦੌਰਾਨ ਯੂਨੀਵਰਸਿਟੀ ਨੇ ਸਰਕਾਰ ਦੇ ਸੁਝਾਉ ਤੇ ਅੱਗੇ ਪੜ੍ਹ ਰਹੇ ਵਿਦਿਆਰਥੀਆਂ ਨੂੰ ਐਮ. ਬੀ. ਬੀ. ਐਸ. ਦਾ ਕਰਸ ਮੁਕੰਮਲ ਕਰਨ ਲਈ ਮੰਨਜ਼ੂਰੀ ਦਾ ਸਮਾਂ ਵਧਾ ਦਿਤਾ ਪਰ ਯੂਨੀਵਰਸਿਟੀ ਨੇ ਮੈਡੀਕਲ ਕਾਉਂਸਲ ਆਫ ਇੰਡੀਆ ਵਲੋਂ ਨਿਰਧਿਤ ਕੀਤੇ ਸਟੈਂਡਰਡਜ਼ ਤੋਂ ਢਿਲ ਦੇਣਾ ਨਹੀਂ ਮੰਨਿਆ। ਇਸ ਲਈ ਨਵੇਂ ਦਾਖਲਿਆਂ ਦੀ ਆਗਿਆ ਨਹੀਂ ਦਿਤੀ।

ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ, ਵਿਚ ਵੀ ਤਦ ਤੱਕ ਨਵੇਂ ਦਾਖਲੇ ਨਹੀਂ ਕੀਤੇ ਜਾ ਰਹੇ, ਜਦੋਂ ਤੱਕ ਪੰਜਾਬੀ ਯੂਨੀਵਰਸਿਟੀ ਵਲੋਂ ਇਸ ਸੰਸਥਾ ਨੂੰ ਪ੍ਰਵਾਨਗੀ ਨਹੀਂ ਦਿਤੀ ਜਾਂਦੀ ਅਤੇ ਯੂਨੀਵਰਸਿਟੀ ਨੇ ਇਸ ਮਾਮਲੇ ਨੂੰ ਜਾਂਚਣ ਲਈ ਇਕ ਇੰਸਪੈਕਸ਼ਨ ਟੀਮ ਨਿਯਤ ਕੀਤੀ ਹੈ ਅਤੇ ਉਸਦੀ ਰਿਪੋਰਟ ਤੇ ਹੀ ਯੂਨੀਵਰਸਿਟੀ ਉਸ ਮਾਮਲੇ ਤੇ ਫੈਸਲਾ ਕਰੇਗੀ। ਇਹਨਾਂ ਹਾਲਤਾਂ ਵਿਚ ਇਸ ਕਾਲਜ ਵਿਚ ਨਵੇਂ ਦਾਖਲੇ ਹੋਣ ਕਰਕੇ ਹੋਰ ਵਿਦਿਆਰਥੀਆਂ ਦਾ ਭਵਿਖ ਖਰਾਬ ਹੋ ਸਕਦਾ ਹੈ। ਡਾਕਟਰਾਂ ਦੀ ਥੁੜ ਦਾ ਕੋਈ ਡਰ ਨਹੀਂ ਕਿਉਂਜੋ ਮੌਜੂਦਾ 2 ਸਰਕਾਰੀ ਕਾਲਜਾਂ ਤੇ ਕਰਿਸ਼ਚਨ ਮੈਡੀਕਲ ਕਾਲਜ, ਲੁਧਿਆਣਾ, ਅਤੇ ਦੇਸ਼ ਵਿਚ ਹੋਰ ਮੈਡੀਕਲ ਕਾਲਜਾਂ ਵਿਚੋਂ ਪਾਸ ਕਰਨ ਵਾਲੇ ਪੰਜਾਬੀ ਡਾਕਟਰਾਂ ਦੀ ਸਾਲਾਨਾਂ ਗਿਣਤੀ ਰਾਜ ਦੀ ਲੋੜ ਪੂਰੀ ਕਰਨ ਲਈ ਕਾਫੀ ਹੈ।

(Serial No. 16)

Comrade Shamsher Singh Josh: Sir, I beg to draw the attention of the Government towards a matter of urgent public importance, namely, serious set back to agricultural production in the State as a result of acute shortage and exorbitant increase in the prices of fertilizer and other agricultural inputs as well as irregular supply of electricity.

This has adversely affected the agrarian economy of the State.

Original with;
Punjab Vidhan Sabha
Digitized by;
Panjab Digital Library

[Comrade Shamsher Singh Josh]

In view of the obvious importance of the matter the Government may please be asked to make a statement in the House.

Master Gurbanta Singh (Agriculture and Forests Minister) : The Government are already seized of the matter. Adequate arrangements have been made to meet the reqirements of fertilizers for the current Kharif crops. During the last kharif season 1.05 lakh tonnes of fertilizers in the form of nutrients were consumed. Against this quantity the Government received 1.17 lackhs tonnes of fertilizers in the form of nutrients this year for kharif 1974. Adequate arrangements already been made for the supply of seed and other agricultural inputs to meet the requirements for Kharif crops.

2. So far as the increase in the prices of fertilizers is concerned, it is within the competence of the Government of India to fix such prices. As a result of price-hike of fertilizers in the International market, abnormal increase in the prices of raw material and cost of production, the Government of India had to increase the prices of fertilizers with effect from 1st June 1974. The prices of other agricultural inputs have also gone up for the same reasons.

3. So far as the supply of electricity is concerned, it is stated that in order to meet the additional irrigational demand on account of paddy sowing in the State the supply of electricity to the Nangal Fertilizer Factory was stopped altogether with effect from 22nd July 1974. An additional supply of 8.06 lakh units per day was given to Punjab for 10 days to meet the irrigation demand of the paddy crop of the State. As a result of stoppage of power to the Nangal Fertilizer Factory, the State has been suffering in the matter of fertilizer supplies for want of production. With the advent of the monsoons, the supply of electricity to the Nangal Fertilizer Factory has been restored partially which will be increased steadily in the larger interest of the State to step up production of fertilizers.

4. As a result of rise in the prices of the fertilizers and other Agricultural inputs, there should not be any set back to the Agricultural production in the State because the Government are taking necessary steps to get the foodgrain prices fixed at remunerative levels. The question of the agrarian economy of the State, suffering a set back, on this account, therefore, does not arise.

[ਇਹ ਮਾਮਲਾ ਪਹਿਲਾਂ ਹੀ ਸਰਕਾਰ ਦੇ ਨੋਟਿਸ ਵਿਚ ਹੈ। ਇਸ ਖਰੀਫ (1974) ਲਈ ਖਾਦ ਦੀ ਲੋੜ ਨੂੰ ਪੂਰਾ ਕਰਨ ਲਈ ਚੰਖੇ ਪ੍ਰਬੰਧ ਕੀਤੇ ਗਏ ਹਨ। ਪਿਛਲੀ ਖਰੀਫ (1973) ਵਿਚ ਰਾਜ ਵਿਚ ਕੁਲ 1.05 ਲਖ ਟਨ ਖਾਦ (ਤੱਤਾਂ ਵਿਚ) ਦੀ ਖਪਤ ਹੋਈ ਸੀ। ਇਸ ਦੇ ਮੁਕਾਬਲੇ ਵਿਚ ਇਸ ਖਰੀਫ (1974) ਲਈ 1 17 ਲੱਖ ਟਨ ਖਾਦ (ਤੱਤਾਂ ਵਿਚ) ਭਾਰਤ ਸਰਕਾਰ ਤੋਂ ਪ੍ਰਾਪਤ ਕੀਤੀ ਗਈ ਸੀ। ਖਰੀਫ ਫ਼ਸਲਾਂ ਵਾਸਤੇ ਬੀਜ ਅਤੇ ਦੂਜੇ ਖੇਤੀ ਬਾੜੀ ਦੇ ਇਨਪੁਟਸ ਸਪਲਾਈ ਕਰਨ ਲਈ ਪਹਿਲਾਂ ਹੀ ਚੰਖੇ ਪ੍ਰਬੰਧ ਕੀਤੇ ਜਾ ਚੁਕੇ ਹਨ।

2. ਜਿਥੋਂ ਤੀਕ ਰਸਾਇਣਿਕ ਖਾਦਾਂ ਦੀ ਕੀਮਤ ਵਿਚ ਵਾਧੇ ਦਾਂ ਸਬੰਧ ਹੈ, ਇਹ ਮਾਮਲਾ ਭਾਰਤ ਸਰਕਾਰ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ। ਬਦੇਸ਼ੀ ਮਾਰਕੀਟ

Original with;
Punjab Vidhan Sabha
Digitized by;
Panjab Digital Library

ਵਿਚ ਖਾਦਾਂ ਦੀ ਕੀਮਤ ਬਹੁਤ ਵੱਧਣ ਨਾਲ, ਅਤੇ ਕੱਚੇ ਮਾਲ ਦੇ ਉਤਪਾਦਨ ਦੀ ਕੀਮਤ ਵਿਚ ਵਾਧਾ ਹੋਣ ਕਰਕੇ, ਕੇਂਦਰੀ ਸਹਕਾਰ ਨੂੰ ਮਿਤੀ 1 ਜੂਨ, 1974 ਤੋਂ ਖਾਦ ਦੀਆਂ ਕੀਮਤਾਂ ਵਿਚ ਵਾਧਾ ਕਰਨਾ ਪਿਆ। ਖੇਤੀ ਬਾੜੀ ਦੀ ਵਰਤੋਂ ਵਿਚ ਆਉਣ ਵਾਲੇ ਦੂਜੇ ਇਨਪੁਟਸ ਦੀ ਕੀਮਤ ਵਿਚ ਵੀ ਵਾਧਾ ਹੋਇਆ ਹੈ।

3. ਜਿਥੋਂ ਤੀਕ ਬਿਜਲੀ ਦੀ ਸਪਲਾਈ ਦਾ ਸਬੰਧ ਹੈ, ਇਹ ਦਸਿਆ ਜਾਂਦਾ ਹੈ ਕਿ ਰਾਜ ਵਿਚ ਧਾਨਾਂ ਦੀ ਬਿਜਾਈ ਸਿੰਚਾਈ ਵਾਸਤੇ ਲੋੜੀਂਦੀ ਵਾਧੂ ਪਾਵਰ ਪ੍ਰਾਪਤ ਕਰਨ ਲਈ ਮਿਤੀ 22 ਜੁਲਾਈ 1974 ਤੋਂ ਨੰਗਲ ਖਾਦ ਫੈਕਟਰੀ ਨੂੰ ਬਿਜਲੀ ਦੀ ਸਪਲਾਈ ਬੰਦ ਕਰਵਾ ਦਿਤੀ ਗਈ ਸੀ। ਧਾਨਾ ਦੀ ਸਿੰਚਾਈ ਲਈ 8·06 ਲੱਖ ਯੂਨਿਟਾਂ ਪ੍ਰਤਿ ਦਿਨ 10 ਦਿਨਾਂ ਲਈ ਰਾਜ ਨੂੰ ਪ੍ਰਾਪਤ ਹੋਇਆਂ ਹਨ। ਨੰਗਲ ਖਾਦ ਫੈਕਟਰੀ ਨੂੰ ਬਿਜਲੀ ਬੰਦ ਹੋਣ ਕਰਕੇ ਖਾਦ ਦਾ ਉਤਪਾਦਨ ਬੰਦ ਹੋ ਗਿਆ ਸੀ ਅਤੇ ਇਸ ਵਜੋਂ ਰਾਜ ਨੂੰ ਖਾਦ ਦੀ ਸਪਲਾਈ ਵਿਚ ਘਾਟਾ ਪੈਣਾ ਆਰੰਭ ਹੋ ਗਿਆ। ਮਾਨਸੂਨ ਦੀ ਵਰਖਾ ਆਰੰਭ ਹੋਣ ਵਜੋਂ ਖਾਦ ਫੈਕਟਰੀ ਨੂੰ ਬਿਜਲੀ ਦੀ ਆਂਸ਼ਿਕ ਸਪਲਾਈ ਦਿਤੀ ਜਾਣ ਲਗ ਪਈ, ਜੋ ਹੌਲੀ ਹੌਲੀ ਰਾਜ ਸਰਕਾਰ ਦੇ ਖਾਦ ਦੇ ਹਿੱਤ ਨੂੰ ਮੁੱਖ ਰੱਖਦੇ ਹੋਏ ਵਧਾਈ ਜਾਵੇਗੀ।

4. ਰਸਾਇਣਿਕ ਖਾਦ ਅਤੇ ਹੋਰ ਖੇਤੀ ਬਾੜੀ ਦੇ ਇਨਪੁਟਸ ਦੀਆਂ ਕੀਮਤਾਂ ਵਿਚ ਵਾਧਾ ਹੋਣ ਵਜੋਂ ਰਾਜ ਵਿਚ ਖੇਤੀ ਬਾੜੀ ਉਤਪਾਦਨ ਨੂੰ ਕੋਈ ਧੱਕਾ ਨਹੀਂ ਲਗਣਾ ਚਾਹੀਦਾ ਕਿਉਂਕਿ ਰਾਜ ਸਰਕਾਰ ਅਨਾਜ ਦੇ ਭਾਅ ਵੀ ਉਸ ਅਨੁਪਾਤ ਵਿਚ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਸੋ ਇਨ੍ਹਾਂ ਕੀਮਤਾਂ ਦੇ ਵਾਧੇ ਕਾਰਣ ਖੇਤੀ ਬਾੜੀ ਉਤਪਾਦਨ ਵਿਚ ਘਾਟ ਹੋਣ ਜਾਂ ਧੱਕਾ ਲਗਣ ਦਾ ਕੋਈ ਸਵਾਲ ਪੈਦਾ ਨਹੀਂ ਹੁੰਦਾ।

(ਕ੍ਰਮ ਨੰ: 28)

ਕਾਮਰੇਡ ਸਮਸ਼ੇਰ ਸਿੰਘ ਜੋਸ਼ : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਣਗੇ, ਅਰਥਾਤ, ਸਾਲ ਦੇ ਅਖੀਰ ਵਿਚ ਮਹਿਕਮਾਂ ਜੰਗਲਾਤ ਦੇ ਸਤਲੁਜ ਅਤੇ ਬਿਸਟ ਦੁਆਬ ਦੇ ਹੈਡ ਕੁਆਰਟਰ ਪਟਿਆਲਾ ਅਤੇ ਜਲੰਧਰ ਬਦਲੇ ਜਾ ਰਹੇ ਹਨ। ਜਿਸ ਨਾਲ ਚੌਥੇ ਅਤੇ ਤੀਜੇ ਵਰਗ ਦੇ ਲਗ ਭਗ 1000 ਕਰਮਚਾਰੀ ਉਤੇ ਗੰਭੀਰ ਆਰਥਕ ਚੋਟ ਲਗੇਗੀ। ਕਿਉਂਕਿ ਇਨ੍ਹਾਂ ਦੇ ਆਪਣੇ ਬਚੇ ਆਦਿ ਏਥੇ ਦਾਖਲ ਕਰਾਏ ਹੋਏ ਹਨ ਅਤੇ ਗਰੀਬ ਮੁਲਾਜ਼ਮ ਹੋਣ ਕਰਕੇ ਇਹਨਾਂ ਨੂੰ ਹੋਰ ਭੀ ਔਕੜਾਂ ਆਉਣਗੀਆਂ। ਮਾਮਲੇ ਦੀ ਮਹੱਤਤਾ ਨੂੰ ਸਾਹਮਣੇ ਰਖਦਿਆਂ ਸਰਕਾਰ ਨੂੰ ਬਿਆਨ ਦੇਣ ਲਈ ਕਿਹਾ ਜਾਵੇ।

ਮਾਸਟਰ ਗੁਰਬੰਤਾ ਸਿੰਘ (ਖੇਤੀ ਬਾੜੀ ਅਤੇ ਵਣ ਮੰਤਰੀ) : ਸਾਊਥ ਸਰਕਲ ਅਤੇ ਬਿਸਤ ਸਰਕਲ ਦੇ ਹੈਡਕੁਆਰਟਰਜ਼ ਪਟਿਆਲਾ ਅਤੇ ਜਲੰਧਰ ਵਿਖੇ 2 ਮਈ, 1974, ਨੂੰ ਜਾਰੀ ਕੀਤੇ ਹੁਕਮ ਨਾਲ ਤਬਦੀਲ ਹੋਏ ਹਨ, ਸਤਲੁਜ ਸਰਕਲ ਨਹੀਂ ਬਦਲਿਆਂ ਜਾ ਰਿਹਾ। ਇਹ ਗਲਤ ਹੈ ਕਿ ਹੈਡਕੁਆਰਟਰ ਦੀ ਤਬਦੀਲੀ ਸਾਲ ਦੇ ਅਖੀਰ ਵਿਚ ਕੀਤੀ ਗਈ। ਇਸ ਹੁਕਮ ਨਾਲ ਚੌਥੇ ਅਤੇ ਤੀਜੇ ਵਰਗ ਦੇ ਕੁਲ 49 ਕਰਮਚਾਰੀਆਂ ਦੀ ਤਬਦੀਲੀ ਹੁੰਦੀ ਹੈ, ਇਹ ਤਬਦੀਲੀਆਂ ਟਰਾਂਸਫਰ ਸੀਜ਼ਨ ਵਿਚ ਕੀਤੀਆਂ ਗਈਆਂ ਹਨ। ਜਿਸ ਸਟਾਫ ਦੀ ਤਬਦੀਲੀ ਹੋਈ ਸੀ ਉਨ੍ਹਾਂ ਨੇ ਆਪਣੇ ਬੱਚਿਆਂ ਦੀ ਤਾਲੀਮ ਨੂੰ ਮੁੱਖ ਰਖਦਿਆਂ ਹੋਇਆਂ

Original with;
Punjab Vidhan Sabha
Digitized by;
Panjab Digital Library

[ਖੇਤੀ ਬਾੜੀ ਅਤੇ ਵਣ ਮੰਤਰੀ]

ਸਰਕਾਰ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦੀਆਂ ਤਬਦੀਲੀਆਂ ਚੰਡੀਗੜ੍ਹ ਤੋਂ ਪਟਿਆਲਾ ਅਤੇ ਜਲੰਧਰ ਵਿਖੇ ਨਾ ਕੀਤੀਆਂ ਜਾਣ । ਕਿਉਂਕਿ ਉਪਰ ਲਿਖੇ ਹੁਕਮ 24 ਅਪਰੈਲ, 1974 ਨੂੰ ਪਾਸ ਕੀਤੇ ਗਏ ਅਤੇ 2 ਮਈ 1974 ਨੂੰ ਜਾਰੀ ਹੋਏ, ਇਸ ਲਈ ਉਨ੍ਹਾਂ ਦੀ ਬੇਨਤੀ ਪਰਵਾਨ ਨਹੀਂ ਕੀਤੀ ਗਈ । ਇਹ ਬਦਲੀਆਂ ਲੋਕ ਭਲਾਈ ਨੂੰ ਮੁੱਖ ਰਖਦਿਆਂ ਹੋਇਆਂ ਕੀਤੀਆਂ ਗਈਆਂ ਹਨ ।

(ਕ੍ਰਮ ਨੰ: 32)

ਕਾਮਰੇਡ ਮਹਿਤਾਬ ਸਿੰਘ ਨੱਕੇਰੀਆਂ : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਣਗੇ, ਅਰਥਾਤ, ਪੰਜਾਬ ਸਰਕਾਰ ਨੇ ਇਕ ਇਲਾਨ ਦੇ ਮੁਤਾਬਿਕ ਬਾਰਡਰ ਏਰੀਆ ਦੇ 10 ਮੀਲ ਦੀ ਪੱਟੀ ਵਿਚ ਸਬਸਿਡੀ ਦੇ ਕੇ ਟਿਊਬਵੈਲ ਦੇਣ ਦਾ ਫੈਸਲਾ ਕੀਤਾ ਸੀ, ਜੋ 2500/- ਰੁਪਏ (ਪੰਝੀ ਸੌ) ਪਹਿਲਾਂ ਬੋਰ ਆਦਿ ਲਈ ਤੇ ਦੂਜੀ ਕਿਸ਼ਤ 2500/- ਰੁਪਏ ਇੰਜਨ ਖਰੀਦਣ ਲਈ। ਕਈ ਥਾਵਾਂ ਤੇ ਪਹਿਲੀ ਕਿਸ਼ਤ ਲੋਨ 2500/- ਰੁਪਏ ਕਿਸਾਨਾਂ ਨੂੰ ਲੈਂਡ ਮਾਰਟਗੇਜ ਬੈਂਕ ਰਾਹੀਂ ਦੇ ਦਿੱਤੀ ਹੈ ਪਰ ਦੂਜੀ ਕਿਸ਼ਤ 2500/- ਰੁਪਏ ਨਹੀਂ ਦਿੱਤੀ ਗਈ, ਜਿਸ ਨਾਲ ਪੰਜਾਬ ਦੇ ਬਾਰਡਰ ਦੇ ਕਿਸਾਨ ਨੂੰ ਕਾਫੀ ਨੁਕਸਾਨ ਹੋ ਰਿਹਾ ਹੈ । 2500/- ਰੁਪਏ ਜਿਸ ਨਾਲ ਬੋਰ ਹੋ ਚੁੱਕਾ ਹੈ ਇਸ ਦਾ ਵਿਆਜ ਪੈ ਰਿਹਾ ਹੈ ਤੇ ਦੂਜੀ ਸਬਸਿਡੀ ਦੀ ਕਿਸ਼ਤ ਨਾ ਦੇਣ ਨਾਲ ਕਿਸਾਨਾਂ ਦਾ ਨੁਕਸਾਨ ਹੋ ਰਿਹਾ ਹੈ । ਪੈਦਾਵਾਰ ਵਿਚ ਪਹਿਲਾਂ ਸਾਉਣੀ ਫਸਲ ਦਾ ਨੁਕਸਾਨ ਹੋਇਆ ਤੇ ਹੁਣ ਹਾੜੀ ਦਾ ਵੀ ਇੰਜਨ ਨਾ ਮਿਲਣ ਨਾਲ ਨੁਕਸਾਨ ਹੋ ਜਾਵੇਗਾ, ਤੁਰਤ ਬਾਕੀ ਸਬਸਿਡੀ ਦੀ ਰਕਮ ਦੇ ਦਿੱਤੀ ਜਾਵੇ । ਕਿਰਪਾ ਕਰਕੇ ਸਬੰਧਤ ਮੰਤਰੀ ਬਿਆਨ ਦੇਣ ਦੀ ਖੇਚਲ ਕਰਨ ।

ਮਾਸਟਰ ਗੁਰਬੰਤਾ ਸਿੰਘ (ਖੇਤੀਬਾੜੀ ਤੇ ਵਣ ਮੰਤਰੀ): ਟੀਚੇ ਦੇ ਮੁਤਾਬਿਕ ਪੰਜਾਬ ਸਟੇਟ ਲੈਂਡ ਮਾਰਟਗੇਜ ਬੈਂਕ ਰਾਹੀਂ, ਪੰਜਾਬ ਦੇ ਬਾਰਡਰ ਦੇ ਏਰੀਏ ਵਿਚ 10 ਹਜ਼ਾਰ ਟਿਊਬਵੈਲ ਲਗਾਉਣ ਲਈ 2500 ਰੁਪਏ ਪ੍ਰਤੀ ਜ਼ਿਮੀਂਦਾਰ ਕਰਜ਼ਾ ਦੇਣਾ ਸੀ। ਇਸ ਤਰ੍ਹਾਂ ਇਨ੍ਹਾਂ ਜ਼ਿਮੀਂਦਾਰਾਂ ਨੇ ਸਕੀਮ ਦੀਂ ਸ਼ਰਤਾਂ ਅਨੁਸਾਰ ਬੋਰ ਦਾ ਕੰਮ ਪੂਰਾ ਕਰ ਲਿਆ ਹੈ ਉਹਨਾਂ ਨੂੰ ਇਤਨੀ ਹੀ ਰਕਮ ਡੀਜ਼ਲ ਇੰਜਨ ਖਰੀਦਣ ਲਈ ਉਪਦਾਨ ਦੇ ਤੌਰ ਤੇ ਦੇਣੀ ਹੈ । ਕਰਜ਼ਾ ਦੇਣ ਦੀ ਮਿਆਦ 31 ਮਈ, 1974 ਤਕ ਵੱਧਾ ਦਿੱਤੀ ਗਈ ਸੀ । ਇਸ ਮਿਤੀ ਤੱਕ 8015 ਜ਼ਿਮੀਦਾਰਾਂ ਨੂੰ 1,83,14,630 ਰੁਪਏ ਕਰਜ਼ਾ ਦਿੱਤਾ ਗਿਆ । ਜਿਨ੍ਹਾਂ ਜ਼ਿਮੀਂਦਾਰਾਂ ਦੀਆਂ ਅਰਜ਼ੀਆਂ ਸ਼ਰਤਾਂ ਅਨੁਸਾਰ ਪੂਰੀਆਂ ਨਾ ਉਤਰੀਆਂ ਉਹ ਰੱਦ ਕਰ ਦਿਤੀਆਂ ਗਈਆਂ । ਇਸ ਸਕੀਮ ਦੇ ਅਧੀਨ ਜਿਹੜਾ ਉਪਦਾਨ ਦੇਣਾਂ ਹੈ ਉਹ ਭਾਰਤ ਸਰਕਾਰ ਨੇ ਮਨਜ਼ੂਰ ਕੀਤਾ ਹੋਇਆ ਹੈ । ਇਹ ਉਪਦਾਨ ਦੀ ਰਕਮ ਪੰਜਾਬ ਸਟੇਟ ਲੈਂਡ ਮਾਰਟਗੇਜ ਬੈਂਕ ਵਿਖੇ ਜਮ੍ਹਾਂ ਕਰਾ ਦਿੱਤੀ ਗਈ ਹੈ ਅਤੇ ਬੈਂਕ ਸ਼ਰਤਾਂ ਅਨੁਸਾਰ ਉਪਦਾਨ ਦੀ ਰਕਮ ਛੇਤੀ ਹੀ ਜ਼ਿਮੀਂਦਾਰਾਂ ਨੂੰ ਵੰਡੇਗਾ ।

ਸਰਦਾਰ ਅਜਾਇਬ ਸਿੰਘ ਸੰਧੂ : * * * * (ਵਿਘਨ)

ਸ਼੍ਰੀ ਸਪੀਕਰ : ਤਸ਼ਰੀਫ ਰਖੋ । No point of order. (ਵਿਘਨ) (ਸ਼ੋਰ) (Please resume your seat. This is no point of order.) *(Interruption) (Noise)*

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ : ਇਹ ਸਰਕਾਰ ਝੂਠੇ ਕੇਸ ਬਣਾਉਣ ਵਿਚ ਮਾਹਰ ਹੈ। (ਵਿਘਨ)

ਸ਼੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਜਿੰਨੀਆਂ ਮੈਂ ਪਿੱਛੇ ਕਾਲ ਅਟੈਨਸ਼ਨ ਮੋਸ਼ਨਜ਼ ਦਿਤੀਆਂ ਉਨ੍ਹਾਂ ਦਾ ਜਵਾਬ ਦੇਣਾ ਚਾਹੀਦਾ ਹੈ ਅੱਜ ਇਕ ਸਵਾਲ ਨੰਬਰ 395 ਹੈ ਉਸ ਦਾ ਜਵਾਬ ਵੀ ਨਹੀਂ ਆਇਆ। ਉਸ ਦਾ ਜਵਾਬ ਵੀ ਦੇਣਾ ਚਾਹੀਦਾ ਹੈ।

ਸ਼੍ਰੀ ਸਪੀਕਰ : ਕਪੂਰ ਸਾਹਿਬ ਮੈਂ ਤੁਹਾਡੇ ਨਾਲ ਐਗਰੀ ਕਰਦਾ ਹਾਂ ਪਰ ਸਵਾਲ ਨੰਬਰ 395 ਨਹੀਂ 295 ਹੈ ਅਤੇ 16 ਕਾਲ ਅਟੈਨਸ਼ਨ ਮੋਸ਼ਨਜ਼ ਹਨ। ਉਨ੍ਹਾਂ ਸਾਰਿਆਂ ਦਾ ਜਵਾਬ ਸਰਕਾਰ ਨੂੰ ਜਲਦੀ ਦੇਣਾ ਚਾਹੀਦਾ ਹੈ। (Kapur Sahib, I do agree with you but the question No. is 295 and not 395. There are 16 Call Attention Motions. I would request the Government to give replies to these at the earliest.)

PRESENTATION OF THE SECOND REPORT OF THE BUSINESS ADVISORY COMMITTEE

Mr. Speaker : I have to present the Second Report of the Business Advisory Committee of the Punjab Vidhan Sabha. The report reads :—

ਕੁਝ ਵਿਚਾਰ ਵਟਾਂਦਰੇ ਤੋਂ ਬਾਅਦ ਇਹ ਫੈਸਲਾ ਕੀਤਾ ਗਿਆ ਕਿ ਸਦਨ ਦੀਆਂ ਹੇਠ ਲਿਖੀਆਂ ਬੈਠਕਾਂ ਵਿਚ ਨਿਮਨ ਲਿਖਤ ਕੰਮ-ਕਾਜ ਕੀਤਾ ਜਾਵੇ।

ਮੰਗਲਵਾਰ, 13 ਅਗਸਤ, 1974
(ਸਵੇਰ ਦੀ ਬੈਠਕ)

9-00 ਵਜੇ ਸਵੇਰ ਤੋਂ 1-00 ਵਜੇ ਬਾਅਦ ਦੁਪਹਿਰ ਤੱਕ।

1. ਪ੍ਰਸ਼ਨ ਕਾਲ—(12 ਅਗਸਤ, 1974 ਲਈ ਪ੍ਰਸ਼ਨ ਸੂਚੀ ਵਿਚ ਦਰਜ਼ ਪ੍ਰਸ਼ਨ)
2. ਪੰਜਾਬ ਪੰਚਾਇਤ ਸੰਮਤੀ ਅਤੇ ਜਿਲ੍ਹਾ ਪਰਿਸ਼ਦ (ਸੋਧਨਾ) ਬਿੱਲ, 1974।
3. ਭਾਰਤੀ ਅਸ਼ਟਾਮ (ਪੰਜਾਬ ਸੋਧਨਾ) ਬਿੱਲ, 1974।
4. ਪੰਜਾਬ ਮੁਸਾਫਰ ਅਤੇ ਸਾਮਾਨ ਤੇ ਕਰ(ਸੋਧਨਾ) ਬਿਲ, 1974।
5. ਪੰਜਾਬ ਮਨੋਰੰਜਨ ਕਰ (ਸੋਧਨਾ) ਬਿਲ, 1974।

Original with;
Punjab Vidhan Sabha
Digitized by;
Panjab Digitized by

[ਸ਼੍ਰੀ ਸਪੀਕਰ]

6. ਪੰਜਾਬ ਮੋਟਰ ਸਪਿਰਟ (ਵਿਕਰੀ ਤੇ ਕਰ) ਦੂਜੀ ਸੋਧਨਾ ਬਿੱਲ 1974 ।

7. ਪੰਜਾਬ ਮੋਟਰ ਗੱਡੀਆਂ ਤੇ ਕਰ (ਸੋਧਨਾ) ਬਿੱਲ, 1974 ।

(ii) ਬਾਅਦ ਦੁਪਹਿਰ ਦੀ ਬੈਠਕ (2-00 ਵਜੇ ਬਾਅਦ ਦੁਪਹਿਰ ਤੋਂ 6·30 ਵਜੇ ਸ਼ਾਮ ਤਕ)

1 ਪ੍ਰਸ਼ਨ ਕਾਲ—(13 ਅਗਸਤ, 1974 ਲਈ ਪ੍ਰਸ਼ਨ ਸੂਚੀ ਵਿਚ ਦਰਜ ਪ੍ਰਸ਼ਨ)

2. ਪੰਜਾਬ ਸਬੰਧ ਕਾਲਜ (ਅਧਿਆਪਕਾਂ ਦੀਂ ਸੇਵਾ ਦੀ ਸੁਰੱਖਿਆ) ਬਿੱਲ, 1974 ।

3. ਪੰਜਾਬ ਮਾਲੀਆ ਜ਼ਮੀਨ (ਸੋਧਨਾਂ) ਬਿੱਲ, 1974 ।

4 ਪੰਜਾਬ ਗ੍ਰਾਮ ਪੰਚਾਇਤ (ਸੋਧਨਾ) ਬਿੱਲ, 1474 ।

ਬੁਧਵਾਰ, 14 ਅਗਸਤ, 1974

1. ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ (ਇਕ ਘੰਟਾ) ।

2. ਸਾਲ 1971-72 ਲਈ ਪੰਜਾਬ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੇ ਕੰਮ ਕਾਜ ਦੀ ਸਾਲਾਨਾ ਰਿਪੋਰਟ ਤੇ ਬਹਿਸ । (ਬਾਕੀ ਦਾ ਸਮਾਂ)

Revenue and Elections Minister (Sardar Umrao Singh) : Sir I beg to move—

That this House agrees with the recommendations contained in the second Report of the Business Advisory Committee.

Mr. Speaker : Motion Moved—

That this House agrees with the recommendations contained in the Second Report of the Business Advisory Committee.

Chaudhri Darshan Singh : Sir, I have an amendment to move to the Second Report of the Business Advisory Committee.

Sir, I beg to move—

That the House should meet on the 16th August, 1974 at 2.00 P.M. instead of tomorrow, the 14th August, 1974 at 9.00 A.M.

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਕੱਲ ਦੀ ਬਜਾਏ ਜੇ ਹਾਊਸ 16 ਅਗਸਤ ਨੂੰ ਆਫਟਰ ਨੂਨ ਮੀਟ ਕਰੇ ਤਾਂ ਠੀਕ ਹਹੇਗਾ ਕਿਉਂਕਿ 15 ਅਗਸਤ ਆ ਰਹੀ ਹੈ ਔਰ 15 ਅਗਸਤ ਨੂੰ ਜਾ ਕੇ ਅਸੀਂ ਆਪਣੇ ਆਪਣੇ ਹਲਕਿਆਂ ਵਿਚ ਜਲਸੇ ਵਗੈਰਾ ਕਰਨੇ ਹਨ, ਇਸ ਕਰਕੇ ਮੇਰੀ ਜੋ ਅਮੈਂਡਮੈਂਟ ਹੈ, ਇਹ ਹਾਊਸ ਨੂੰ ਮੰਨ ਲਣੀ ਚਾਹੀਦੀ ਹੈ ।

ਮਾਲ ਅਤੇ ਚੋਣ ਮੰਤਰੀ (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਲੀਡਰ ਆਫ ਦੀ ਆਪੋਜ਼ੀਸ਼ਨ ਨਾਲ ਗੱਲ ਕੀਤੀ ਹੈ, ਡਾਂਗ ਸਾਹਿਬ ਨਾਲ ਗੱਲ ਕੀਤੀ ਹੈ ਅਤੇ ਉਹ ਸਾਰੇ ਐਗਰੀ ਕਰਦੇ ਸਨ । (ਵਿਘਨ)

ਸ਼੍ਰੀ ਸਪੀਕਰ : ਅਗਰ ਹਾਊਸ ਦੇ ਸਾਰੇ ਆਨਰੇਬਲ ਮੈਂਬਰਜ਼ ਐਗਰੀ ਕਰਦੇ ਹਨ ਤਾਂ ਇਹ ਅਮੈਂਡਮੈਂਟ ਪ੍ਰਵਾਨ ਕੀਤੀ ਜਾ ਸਕਦੀ ਹੈ । (If the House agrees, this amendment can be admitted).

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਪੁਰਾਣੀਆਂ ਸਰਕਾਰਾਂ ਤਾਂ ਮਿੰਟ ਮਿੰਟ ਬਾਅਦ ਗੌਰ ਕਰਦੀਆਂ ਸਨ ਪਰ ਇਹ ਸਰਕਾਰ ਸਕਿੰਟ ਸਕਿੰਟ ਬਾਅਦ ਗੌਰ ਕਰਦੀ ਹੈ । ਅਸੀਂ ਤਾਂ ਆਪ ਕਿਹਾ ਸੀ ਕਿ 14 ਦੀ ਬਜਾਏ 16 ਨੂੰ ਹਾਊਸ ਮੀਟ ਕਰ ਲਵੇ ਤਾਂ ਉਸ ਵੇਲੇ ਸਰਦਾਰ ਉਮਰਾਓ ਸਿੰਘ ਹੋਰਾਂ ਨੇ ਸਾਡੀ ਨਹੀਂ ਸੀ ਮੰਨੀ । (ਵਿਘਨ) ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਸਾਡੀ ਚੰਗੀ ਗਲ ਹੋਵੇ ਉਸ ਨੂੰ ਮੰਨ ਲੈਣਾ ਚਾਹੀਦਾ ਹੈ । (ਵਿਘਨ)

Mr. Speaker : Motion moved—

That the House should meet on the 16th August, 1974 at 2.00 P.M. instead of tomorrow, the 14th August, 1974 at 9.00 A,M.

Mr. Speaker : Question is—

That the House should meet on the 16th August, 1974 at 2.00 P.M. instead of tomorrow, the 14th August, 1974 at 9.00 A.M.

The motion was carried.

Mr. Speaker : Question is—

That this House agrees with the recommendations contained in the Second Report of the Business Advisory Committee, as amended.

The motion was carried.

ਸ਼੍ਰੀ ਸਪੀਕਰ: ਇਕ ਬੇਨਤੀ ਹੈ ਕਿ ਅੱਜ ਵਿਧਾਨ ਸਭਾ ਲਾਊਂਜ ਵਿਚ 1.00 ਵਜੇ ਲੰਚ ਹੈ, ਇਸ ਲਈ ਸਾਰੇ ਆਨਰੇਬਲ ਮੈਂਬਰਜ਼ ਅਤੇ ਪ੍ਰੈਸ ਵਾਲੇ ਲੰਚ ਲੈਣ ਵਾਸਤੇ ਕਸ਼ਟ ਕਰਨ । (A lunch has been arranged in the Vidhan Sabha lounge today at 1.00 P.M. All the hon. Members and the Press Representatives are requested to make it convenient to attend.)

Original with;
Punjab Vidhan Sabha
Digitized by
Panjab Digital Library

PAPERS LAID ON THE TABLE

Revenue and Elections Minister (Sardar Urmrao Singh) Sir, I beg to lay on the Table :—

(i) The 3rd Annual Report and Accounts of the Punjab State Warehousing Corporation for the year 1969-70, as required under Section 31(II) of the Warehousing Corporation Act, 1962.

(ii) The Punjab Scheduled Castes Land Development and Finance Corporation (General) Rules, 1974, as required under section 35(3) of the Punjab Scheduled Castes Land Development and Finance Corporation Act, 1970.

LEGISLATIVE BUSINESS

BILLS

THE PUNJAB PANCHAYAT SAMITIS AND ZILA PARISHADS (AMENDMENT) BILL, 1974

Minister of State for Development (Sardar Santokh Singh Randhawa) : Sir, I beg to introduce the Punjab Panchayat Samities and Zila Parishads (Amendment) Bill, 1974.

Sir, I beg to move—

That the Punjab Panchayat Samities and Zila Parishads (Amendment) Bill, 1974 be taken into consideration at once.

Mr. Speaker : Motion moved—

That the Punjab Panchayat Samitis and Zila Parishads (Amendment) Bill, 1974 be taken into consideration at once.

ਸਰਦਾਰ ਸੁਖਦੇਵ ਸਿੰਘ ਢਿਲੋਂ (ਤਲਵੰਡੀ ਸਾਬੋ) : ਸਪੀਕਰ ਸਾਹਿਬ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਐਕਟ ਦੀ ਅਮੈਂਡਮੈਂਟ ਹਾਊਸ ਦੇ ਵਿਚ ਪੇਸ਼ ਕੀਤੀ ਗਈ ਹੈ । ਇਨ੍ਹਾਂ ਨੇ ਕਿਹਾ ਹੈ ਕਿ ਪੰਚਾਇਤ ਸੰਮਤੀਆਂ ਵਿਚ ਅਤੇ ਜ਼ਿਲ੍ਹਾ ਪ੍ਰੀਸ਼ਦ ਵਿਚ ਜਿਹੜੇ ਐਡਮਨਿਸਟਰੇਟਰ ਲਗਾਏ ਸੀ ਉਨ੍ਹਾਂ ਲਈ ਇਕ ਸਾਲ ਦੀ ਬਜਾਏ ਡੇਢ ਸਾਲ ਕੀਤਾ ਜਾਵੇ । ਸਪੀਕਰ ਸਾਹਿਬ, ਇਸ ਸਰਕਾਰ ਦੀ ਹਮੇਸ਼ਾਂ ਇਹ ਪਾਲਿਸੀ ਰਹੀ ਹੈ ਕਿ ਡੈਮੋਕਰੇਸੀ ਦਾ ਜਿਹੜਾ ਢੰਗ ਹੈ ਉਨ੍ਹਾਂ ਨੂੰ ਖ਼ਤਮ ਕਰਕੇ ਅਫਸਰ ਸ਼ਾਹੀ ਚਲਾਇਆ ਜਾਵੇ । ਪਹਿਲਾਂ ਸੰਮਤੀਆਂ ਚੁਣੀਆਂ ਹੋਈਆਂ ਸਨ ਉਨ੍ਹਾਂ ਦੇ ਨੁਮਾਇੰਦੇ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਨੂੰ ਜਾਂਦੇ ਸੀ ਲੇਕਿਨ ਪਿਛਲੇ ਸਾਲ ਇਨ੍ਹਾਂ ਨੇ ਸੰਮਤੀਆਂ ਦੇ ਮੈਂਬਰ ਸੀਜ਼ ਕਰਕੇ, ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਸੀਜ਼ ਕਰਕੇ ਐਡਮਨਿਸਟਰੇਟਰ ਲਗਾ ਦਿੱਤੇ । ਉਨ੍ਹਾਂ ਲੋਕਾਂ ਨੂੰ ਆਪਣੇ ਕਾਰੋਬਾਰ ਤੋਂ ਵਿਹਲ ਨਹੀਂ ਜਿਨ੍ਹਾਂ ਨੂੰ ਉਥੇ ਲਗਾਇਆ ਗਿਆ ਹੈ । ਹੁਣ ਉਨ੍ਹਾਂ ਲਈ ਹੋਰ 6 ਮਹੀਨੇ ਦੀ ਮਿਆਦ ਵਿਚ ਵਾਧਾ ਮੰਗ ਰਹੇ ਹਨ ਜਿਹੜੀ ਕਿ ਠੀਕ ਗਲ ਨਹੀਂ ਹੈ। ਇਕ ਹਾਈ ਪਾਵਰਡ ਕਮੇਟੀ ਮਨਿਸਟਰ ਸਾਹਿਬ ਦੀ ਪ੍ਰਧਾਨਗੀ ਹੇਠ ਬਣਾਈ ਗਈ ਪੰਚਾਇਤੀ ਰਾਜ ਨੂੰ ਡੀਵੈਲਪ ਕਰਨ ਲਈ, ਇਸ ਦੇ ਲਈ ਮੈਂ ਵਜ਼ੀਰ ਸਾਹਿਬ ਨੂੰ ਵਧਾਈ ਦਿੰਦਾ ਹਾਂ । ਜਿਹੜਾ ਇਹ ਚੰਗਾ ਕੰਮ ਕਰਨਗੇ ਉਸ ਦੇ ਲਈ ਅਸੀਂ ਇਨ੍ਹਾਂ ਨੂੰ ਵਧਾਈ ਵੀ ਦੇਵਾਂਗੇ । ਮਨਿਸਟਰ

Original with;
Punjab Vidhan Sabha
Digitized by;
Panjab Digital Library

ਸਾਹਿਬ ਇਸ ਪਾਸੇ ਵਲ ਆਪ ਧਿਆਨ ਕਾਫੀ ਦੇ ਰਹੇ ਹਨ ਅਤੇ ਮੈਂਬਰਾਂ ਨਾਲ ਮੀਟਿੰਗਜ਼ ਵੀ ਕਰਦੇ ਰਹਿੰਦੇ ਹਨ । ਆਸ ਹੈ ਕਿ ਉਹ ਇਸੇ ਤਰ੍ਹਾਂ ਹੀ ਦਲੇਰੀ ਨਾਲ ਕੰਮ ਕਰਨਗੇ । ਇਸ ਤਰ੍ਹਾਂ ਦੀ ਇਕ ਕਮੇਟੀ ਸਰਦਾਰ ਦਰਬਾਰਾ ਸਿੰਘ ਜਦੋਂ ਹੋਮ ਮਨਿਸਟਰ ਅਤੇ ਡੀਵੈਲਪਮੈਂਟ ਮਨਿਸਟਰ ਹੁੰਦੇ ਸਨ ਉਨ੍ਹਾਂ ਨੇ ਬਣਾਈ ਸੀ । ਡਾਂਗ ਸਾਹਿਬ ਨੇ ਵੀ ਬੜਾ ਵੱਡਾ ਚਿੱਠਾ ਕਾਨੂੰਨ ਬਣਾਉਣ ਲਈ ਤਿਆਰ ਕਰ ਲਿਆ ਸੀ, ਬਾਦਲ ਸਾਹਿਬ ਨੇ ਵੀ ਇਸ ਦੇ ਲਈ ਬੜੀ ਕੋਸ਼ਿਸ਼ ਕੀਤੀ ਸੀ ਪਰ ਸਰਕਾਰ ਦੇ ਵਿਚ ਕਈ ਐਸੇ ਬੰਦੇ ਹਨ ਉਹ ਜਿਹੜੀ ਚੰਗੀ ਚੀਜ਼ ਆਉਂਦੀ ਹੈ ਉਸ ਵਿਚ ਰੋੜਾ ਅਟਕਾਉਂਦੇ ਹਨ । ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਬਜਾਏ ਇਸ ਮਿਆਦ ਦੇ ਵਧਾਉਣ ਦੇ ਜੇ ਚੋਣਾਂ ਕਰਵਾ ਕੇ ਜਾਂ ਕੋਈ ਨਵਾਂ ਪੰਚਾਇਤੀ ਰਾਜ ਕਾਇਮ ਕਰ ਲੈਂਦੇ ਤਾਂ ਚੰਗੀ ਗਲ ਹੁੰਦੀ । ਜਦੋਂ ਸਰਦਾਰ ਪ੍ਰਤਾਪ ਸਿੰਘ ਜੀ ਚੀਫ ਮਨਿਸਟਰ ਸਨ ਅਤੇ ਮਾਸਟਰ ਜੀ ਉਸ ਵੇਲੇ ਡੀਵੈਲਪਮੈਂਟ ਮਨਿਸਟਰ ਸਨ ਤਾਂ ਪੰਚਾਇਤੀ ਰਾਜ ਦਾ ਥਰੀ ਟਾਇਰ ਤਰੀਕਾ ਬਣਾਇਆ ਅਤੇ ਸੰਮਤੀਆਂ ਨੂੰ ਅਤੇ ਜ਼ਿਲ੍ਹਾ ਪ੍ਰੀਸ਼ਦ ਨੂੰ ਅਧਿਕਾਰ ਦਿੱਤੇ ਸੀ । ਲੇਕਿਨ ਹੁੰਦਾ ਕੀ ਰਿਹਾ ਹੈ, ਆਏ ਮਹੀਨੇ ਕੋਈ ਨਾ ਕੋਈ ਸਰਕੂਲਰ, ਕੋਈ ਨਾ ਕੋਈ ਐਮਜ਼ੈਂਕਟਿਵ ਆਰਡਰ ਕਰਕੇ ਸਾਰੇ ਅਧਿਕਾਰ ਖੋਂਹਦੇ ਰਹੇ ਅਤੇ ਜੋ ਉਸ ਦਾ ਅਸਲੀ ਮਕਸਦ ਸੀ ਉਹ ਖ਼ਤਮ ਹੁੰਦਾ ਗਿਆ । ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਕੈਪਟਨ ਸਾਹਿਬ ਬੈਠੇ ਹਨ ਇਹ ਆਪ ਵੀ ਚਲੇ ਗਏ ਅਤੇ ਨਾਲ ਹੀ ਪੰਚਾਇਤ ਸੰਮਤੀਆਂ ਦੇ ਮੈਂਬਰਾਂ ਨੂੰ ਵੀ ਲੈ ਗਏ । ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਵੀ ਲੈ ਗਏ (ਵਿਘਨ) ਮੈਂ ਇਹ ਬੇਨਤੀ ਕਰਾਂਗਾ ਕਿ ਐਡਮਨਿਸਟਰੇਟਰਜ਼ ਦੀ 6 ਮਹੀਨੇ ਦੀ ਮਿਆਦ ਵਧਾਉਣ ਦੀ ਬਜਾਏ ਨਵੀਆਂ ਇਲੈਕਸ਼ਨਾਂ ਕਰਵਾ ਲੈਣ । ਸਾਲ ਲਗ ਜਾਏ 6 ਮਹੀਨੇ ਲਗ ਜਾਣ ਲੋਕਾਂ ਨੂੰ ਕੋਈ ਚਿੰਤਾ ਨਹੀਂ ਹੋਵੇਗੀ ; ਬਾਕੀ ਇਹ ਕਹਿੰਦੇ ਹਨ ਕਿ ਹਾਈ ਪਾਵਰਡ ਕਮੇਟੀ ਨਾਲ ਬੜਾ ਸ਼ੁਧ ਅਤੇ ਚੰਗਾ ਕੰਮ ਹੋਵੇਗਾ । ਮੈਂ ਕਹਿੰਦਾ ਹਾਂ ਕਿ ਵਜ਼ੀਰ ਸਾਹਿਬ ਨੇ ਕਾਨੂੰਨ ਬਣਾ ਦੇਣਾ ਹੈ ਪਰ ਲਾਗੂ ਕਰਨ ਵਿਚ ਕਈ ਦਿੱਕਤਾਂ ਆਉਂਦੀਆਂ ਹਨ । ਪਿਛਲੀ ਵਾਰੀ ਪੰਚਾਇਤ ਸੈਕਟਰੀਜ਼ ਰਖੇ । ਉਨ੍ਹਾਂ ਲਈ 3 ਆਦਮੀਆਂ ਦੀ ਕਮੇਟੀ ਬਣਾ ਦਿੱਤੀ ਤਾਂ ਕਿ ਉਨ੍ਹਾਂ ਦੀ ਸਿਲੈਕਸ਼ਨ ਹੋ ਜਾਏ ਅਤੇ ਉਨ੍ਹਾਂ ਨੂੰ ਟਰੇਨਿੰਗ ਦਿੱਤੀ ਜਾਏ । ਹੋਇਆ ਕੀ ? ਉਹ ਜਿਹੜੀ ਸਿਲੈਕਸ਼ਨ ਕਮੇਟੀ ਦੇ ਮੈਂਬਰ ਸਨ ਉਨ੍ਹਾਂ ਨੇ, ਪੁਲੀਟੀਕਲ ਆਦਮੀਆਂ ਨੇ ਇਨ੍ਹਾਂ ਦੇ ਚਮਚਿਆਂ ਨੇ 2-2 ਹਜ਼ਾਰ ਰੁਪਏ ਲਏ ਸਿਲੈਕਸ਼ਨ ਕਰਨ ਦੇ । ਉਨ੍ਹਾਂ ਵਿਚਾਰੇ ਸੈਕਟਰੀਆਂ ਨੇ ਟਰੇਨਿੰਗ ਲੈ ਲਈ ਹੈ ਪਰ ਉਨ੍ਹਾਂ ਨੂੰ ਕਿਤੇ ਲਾਉਣ ਦਾ ਕੋਈ ਪ੍ਰਬੰਧ ਨਹੀਂ । ਜਦੋਂ ਇਹ ਕੋਈ ਨਵੀਂ ਚੀਜ਼ ਇੰਟਰੋਡਿਊਸ ਕਰਨਗੇ ਉਦੋਂ ਵੇਖਿਆ ਜਾਵੇਗਾ ਪਰ ਜਿਹੜਾ ਤਰੀਕਾ ਇਸ ਵੇਲੇ ਚਲਦਾ ਹੈ ਉਸ ਨੂੰ ਠੀਕ ਕਰਨ ।

(ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

11.10 A.M.

ਡਿਪਟੀ ਸਪੀਕਰ ਸਾਹਿਬ, ਮੈਨੂੰ ਇਕ ਗਲ ਯਾਦ ਆ ਗਈ ਹੈ ਕਿ ਜ਼ਿਲ੍ਹਾ ਬਠਿੰਡਾ ਵਿਚ ਇਕ ਲੈਹਿਰਾ ਮੁਹੱਬਤ ਪਿੰਡ ਹੈ ਅਤੇ ਉਥੇ ਦੇ ਸਰਪੰਚ ਨੇ ਕੋਈ 1 ਲੱਖ 20 ਹਜ਼ਾਰ ਰੁਪਏ ਗਬਨ ਕੀਤਾ ਅਤੇ ਕੇਸ ਸਾਬਤ ਹੋ ਗਿਆ । ਵਜ਼ੀਰ ਸਾਹਿਬ ਨੇ ਕਿਹਾ ਕਿ ਮੈਂ ਅਸ. ਐਸ. ਪੀ. ਨੂੰ ਆਰਡਰ ਕਰ ਦਿੱਤੇ ਹਨ ਕਿ ਉਸ ਦੇ ਖ਼ਿਲਾਫ਼

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਦੇਵ ਸਿੰਘ ਢਿਲੋਂ]

ਕਾਰਵਾਈ ਕੀਤੀ ਜਾਵੇ । ਉਸ ਆਦਮੀ ਨੇ ਨਵਾਂ ਢੰਗ ਲੱਭਿਆ । ਉਸ ਨੇ ਸੀ. ਐਮ. ਸਾਹਿਬ ਦਾ ਪ੍ਰੋਗਰਾਮ ਆਪਣੇ ਪਿੰਡ ਵਿਚ ਰਖ ਲਿਆ । ਸੀ. ਐਮ. ਸਾਹਿਬ ਉਥੇ ਗਏ ਅਤੇ ਉਸ ਨੇ ਚਾਹ ਪਾਣੀ ਦਾ ਪ੍ਰਬੰਧ ਕੀਤਾ ਅਤੇ ਸੀ. ਐਮ. ਸਾਹਿਬ ਨਾਲ ਜਫੀਆਂ ਪਾਈਆਂ ਅਤੇ ਤਸਵੀਰਾਂ ਖਿਚਾ ਲਈਆਂ ਅਤੇ ਉਸ 1 ਲੱਖ 20 ਹਜ਼ਾਰ ਦੀ ਐਮਬੈਜ਼ਲਮੈਂਟ ਦਾ ਕੋਈ ਪਤਾ ਨਹੀਂ ਕਿਧਰ ਗਈ । ਉਸ ਦਾ ਵੀ ਇੰਤਜ਼ਾਮ ਕੀਤਾ ਜਾਵੇ ।

ਮੈਂ ਕਹਿੰਦਾ ਹਾਂ ਕਿ ਜਿਹੜੇ ਪਹਿਲਾਂ ਕਾਨੂੰਨ ਬਣੇ ਹੋਏ ਹਨ, ਜਿਹੜੇ ਕਿ ਪਹਿਲਾਂ ਸਰਕਾਰ ਨੇ ਲਾਗੂ ਕੀਤੇ ਸਨ, ਉਦੋਂ ਵੀ ਕਾਂਗਰਸ ਦੀ ਹੀ ਸਰਕਾਰ ਸੀ ਉਨ੍ਹਾਂ ਨੂੰ ਲਾਗੂ ਕੀਤਾ ਜਾਵੇ ਅਤੇ ਉਨ੍ਹਾਂ ਦਾ ਗਲਾ ਨਾ ਘੁੱਟਿਆ ਜਾਵੇ ਅਤੇ ਜਿਹੜੇ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਨ ਉਨ੍ਹਾਂ ਨੂੰ ਅਗੇ ਲਿਆਂਦਾ ਜਾਵੇ । ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਇਹ ਜਿਹੜੀ 6 ਮਹੀਨਿਆਂ ਦੀ ਮਿਆਦ ਲੈ ਕੇ ਅਡਮਨਿਸਟਰੇਟਰ ਲਾਉਣਾ ਚਾਹੁੰਦੇ ਹਨ ਇਹ ਠੀਕ ਨਹੀਂ । ਚਾਹੀਦਾ ਤਾਂ ਇਹ ਹੈ ਕਿ ਜੋ ਕੰਮ ਕੈਪਟਨ ਰਤਨ ਸਿੰਘ ਜੀ ਨੇ ਗਲਤ ਕੀਤਾ ਹੈ ਉਨ੍ਹਾਂ ਪੰਚਾਇਤਾਂ ਆਦਿ ਨੂੰ ਬਹਾਲ ਕਰਕੇ 6 ਮਹੀਨੇ ਲਗਣ, ਸਾਲ ਲਗੇ, ਉਨ੍ਹਾਂ ਨੂੰ ਕੰਮ ਕਰਨ ਦਿਉ ਅਤੇ ਜਦੋਂ ਨਵੀਆਂ ਚੋਣਾਂ ਕਰਾ ਦਿਉਗੇ ਅਤੇ ਜਿਹੜੇ ਨਵੇਂ ਲੋਕ ਆਉਣਗੇ ਸਾਨੂੰ ਕੋਈ ਇਤਰਾਜ਼ ਨਹੀਂ ਹੋਵੇਗੀ। ਮੈਂ ਇਤਨਾ ਕਹਿ ਕੇ ਇਹ ਬੇਨਤੀ ਕਰਾਂਗਾ ਕਿ ਮੇਰੀ ਜਿਹੜੀ ਬੇਨਤੀ ਹੈ ਇਸ ਨੂੰ ਕਬੂਲ ਕੀਤਾ ਜਾਵੇ ਅਤੇ ਜਿਹੜੇ ਚੁਣੇ ਹੋਏ ਜ਼ਿਲ੍ਹਾ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੇ ਚੇਅਰਮੈਨ ਹਨ ਉਨ੍ਹਾਂ ਨੂੰ ਕਬੂਲ ਕੀਤਾ ਜਾਵੇ ।

ਕਾਮਰੇਡ ਸੱਘੜ ਸਿੰਘ (ਨਿਹਾਲ ਸਿੰਘ ਵਾਲਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਜਿਹੜਾ ਸੰਮਤੀਆਂ ਬਾਰੇ ਬਿੱਲ ਲਿਆਂਦਾ ਹੈ, ਅਤੇ ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਪੰਜਾਬ ਵਿਚ ਖ਼ਤਮ ਕਰਕੇ ਐਡਮਨਿਸਟਰੇਟਰ ਲਾਏ ਗਏ ਹਨ, ਇਸ ਦੇ ਨਾਲ ਬਹੁਤ ਸਾਰੇ ਲੋਕਾਂ ਨੂੰ ਤਕਲੀਫ ਮਹਿਸੂਸ ਹੋਈ ਹੈ । ਜਿਹੜੇ ਚੁਣੇ ਹੋਏ ਨੁਮਾਇੰਦੇ ਸਨ ਉਨ੍ਹਾਂ ਨੂੰ ਮੌਕਾ ਨਹੀਂ ਦਿੱਤਾ ਗਿਆ ਕਿ ਉਹ ਆਪਣੀ ਵੋਟ ਪਾ ਕੇ ਆਪਣੀਆਂ ਜ਼ਿਲ੍ਹਾ ਪ੍ਰੀਸ਼ਦਾਂ ਅਤੇ ਬਲਾਕ ਸੰਮਤੀਆਂ ਬਣਾਉਣ । ਚਾਹੀਦਾ ਇਹ ਸੀ ਕਿ ਜਿਸ ਵੇਲੇ ਨਵੀਆਂ ਚੋਣਾਂ ਹੁੰਦੀਆਂ, ਸਾਡੇ ਪੰਚ, ਸਰਪੰਚ ਚੁਣੇ ਜਾਂਦੇ ਅਤੇ ਉਸ ਵੇਲੇ ਸਰਕਾਰ ਨੂੰ ਬਲਾਕ ਸੰਮਤੀਆਂ ਬਣਾਉਣੀਆਂ ਚਾਹੀਦੀਆਂ ਸਨ ਪਰ ਸਰਕਾਰ ਨੇ ਮਿਆਦ ਵਧਾਉਣ ਵਾਲੇ ਪਾਸੇ ਵੱਲ ਧਿਆਨ ਦਿਤਾ ਹੈ। ਇਸ ਗੱਲ ਵੱਲ ਧਿਆਨ ਨਹੀਂ ਦਿਤਾ ਕਿ ਜਿਹੜੇ ਚੁਣੇ ਹੋਏ ਨੁਮਾਇੰਦੇ ਹਨ ਉਹ ਅਗੇ ਆਪਣੇ ਨੁਮਾਇੰਦੇ ਚੁਣ ਕੇ ਭੇਜ ਸਕਣ ।

ਦੂਸਰੀ ਗੱਲ, ਡਿਪਟੀ ਸਪੀਕਰ ਸਾਹਿਬ, ਇਹ ਹੈ ਕਿ ਜਿਹੜੇ ਪਿੰਡਾਂ ਵਿਚ ਸਰਪੰਚ ਗਬਨ ਕਰਦੇ ਹਨ ਉਨ੍ਹਾਂ ਵਲ ਸਰਕਾਰ ਨੇ ਕੋਈ ਧਿਆਨ ਨਹੀਂ ਦਿੱਤਾ । ਲੱਖਾਂ ਰੁਪਏ ਪੰਜਾਬ ਦੇ ਪਿੰਡਾਂ ਵਿਚ ਗਬਨ ਹੋ ਰਹੇ ਹਨ । ਇਸ ਪਾਸੇ ਜੇ ਕੋਈ ਇਨਕੁਆਇਰੀ ਵੀ ਕਰਾਉ ਦੇ ਹਨ ਤਾਂ ਸਾਬਤ ਨਹੀਂ ਹੋ ਸਕਦੀ । ਜਿਹੜੇ ਇਹ ਗਬਨ ਹੋਏ ਫੰਡਜ਼ ਹਨ ਇਹ ਲੋਕਾਂ ਦੇ ਹਨ ਅਤੇ ਲੋਕਾਂ ਦੇ ਸਾਂਝੇ ਕੰਮਾਂ ਤੇ ਲਗਣੇ ਚਾਹੀਦੇ ਹਨ । ਪਿਛਲੇ ਸਾਲ ਇਕ ਪਿੰਡ ਦੇ ਸਾਬਕਾ ਸਰਪੰਚ ਨੇ ਗਬਨ ਕੀਤਾ, ਕੋਈ ਹਿਸਾਬ ਕਿਤਾਬ ਨਹੀਂ ਦਿੱਤਾ । ਮੈਂ ਪਿਛਲੇ ਸੈਸ਼ਨ ਵਿਚ ਇਸ ਬਾਰੇ ਇਕ ਸੁਆਲ ਵੀ ਦਿੱਤਾ ਸੀ ਅਤੇ ਉਸ ਦਾ ਜਵਾਬ ਮੈਨੂੰ ਇਹ

Original with;
Punjab Vidhan Sabha
Digitized by;
Panjab Digital Library

ਆਇਆ ਕਿ ਇਹ ਕੇਸ ਪੁਲੀਸ ਦੇ ਸਪੁਰਦ ਕੀਤਾ ਗਿਆ ਹੈ । ਅਜੇ ਤਕ ਨਾ ਕੋਈ ਪੁਲੀਸ ਨੇ ਪਰਚਾ ਦਰਜ਼ ਕੀਤਾ ਹੈ ਅਤੇ ਨਾ ਹੀ ਕੋਈ ਕਾਰਵਾਈ ਹੋਈ ਹੈ ਇਸ ਤਰ੍ਹਾਂ ਦੇ ਕਈ ਕੇਸ ਹਨ ਜਿਥੇ ਕਿ ਸਾਬਕਾ ਸਰਪੰਚਾਂ ਨੇ ਕੋਈ ਹਿਸਾਬ ਕਿਤਾਬ ਨਹੀਂ ਦਿੱਤੇ ਅਤੇ ਸਿਰਫ਼ ਕਾਗ਼ਜ਼ਾਂ ਵਿਚ ਚਾਰਜ ਦੇ ਦਿਤਾ ਅਤੇ ਕੋਈ ਪੈਸਾ ਨਹੀਂ ਦਿੱਤਾ । ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਰਕਾਰ ਪਾਸ ਬੇਨਤੀ ਕਰਾਂਗਾ ਕਿ ਜਿਨ੍ਹਾਂ ਲੋਕਾਂ ਨੇ ਗ਼ਬਨ ਕੀਤੇ ਹਨ ਉਨ੍ਹਾਂ ਤੋਂ ਫ਼ੌਰੀ ਵਸੂਲੀਆਂ ਕੀਤੀਆਂ ਜਾਣ ਅਤੇ ਉਨ੍ਹਾਂ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ ਤਾਂ ਕਿ ਹੋਰ ਕਿਸੇ ਨੂੰ ਅਗੇ ਤੋਂ ਲੋਕਾਂ ਦੇ ਫੰਡਾਂ ਨੂੰ ਗ਼ਬਨ ਕਰਨ ਦੀ ਜੁਰੱਅਤ ਨਾ ਪਵੇ ।

ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਇਹ ਜਿਹੜੀ ਮਿਆਦ ਵਧਾਉਣ ਦੀ ਗੱਲ ਕੀਤੀ ਹੈ ਮੈਂ ਇਸ ਦੇ ਨਾਲ ਸਹਿਮਤ ਨਹੀਂ ਹਾਂ । ਇਹ ਮਿਆਦ ਕਿਸ ਲਈ ਵਧਾਈ ਜਾਵੇ ਜਦੋਂ ਕੋਈ ਮੋਹਰੇ ਅੜਿੱਕਾ ਨਾ ਹੋਵ । ਅੱਜ ਪੰਚਾਂ ਅਤੇ ਸਰਪੰਚਾਂ ਦੀਆਂ ਵੋਟਾਂ ਪਵਾ ਕੇ ਬਲਾਕ ਸੰਮਤੀਆਂ ਦੀਆਂ ਚੋਣਾਂ ਕਰਾਈਆਂ ਜਾ ਸਕਦੀਆਂ ਹਨ । ਇਹ ਜਿਹੜੀ ਮਿਆਦ ਵਧਾਉਣ ਦੀ ਗੱਲ ਹੈ ਇਹ ਮਾਮਲੇ ਨੂੰ ਲਟਕਾ ਕੇ ਲੋਕਾਂ ਨੂੰ ਪ੍ਰੇਸ਼ਾਨ ਕਰਨ ਵਾਲੀ ਗੱਲ ਹੈ । ਮੈਂ ਇਸ ਦੇ ਨਾਲ ਸਹਿਮਤ ਨਹੀਂ । (ਵਿਘਨ)

ਡਿਪਟੀ ਸਪੀਕਰ ਸਾਹਿਬ, ਜਿਹੜੀਆਂ ਸੰਮਤੀਆਂ ਦੀਆਂ ਇਸ ਵੇਲੇ ਚੋਣਾਂ ਦਾ ਚਾਂਸ ਹੈ, ਮੈਂ ਕਹਿੰਦਾ ਹਾਂ ਕਿ ਸਰਕਾਰ ਫ਼ੌਰੀ ਤੌਰ ਤੇ ਉਨ੍ਹਾਂ ਦੀਆਂ ਚੋਣਾ ਕਰ ਕੇ ਕੰਮ ਧੰਧਾ ਉਨ੍ਹਾਂ ਦੇ ਸਪੁਰਦ ਕਰੇ । ਜਿਹੜੀਆਂ ਬਲਾਕ ਸੰਮਤੀਆਂ ਤੋੜੀਆਂ ਗਈਆਂ ਹਨ ਉਥੇ ਐਸ.ਡੀ.ਓ. ਲਾਏ ਗਏ ਹਨ ਅਤੇ ਉਹ ਆਪਣੀ ਮਨ ਮਰਜ਼ੀ ਕਰ ਰਹੇ ਹਨ ਅਤੇ ਜਿਹੜੀਆਂ ਜ਼ਿਲ੍ਹਾ ਪ੍ਰੀਸ਼ਦਾਂ ਤੋੜੀਆਂ ਗਈਆਂ ਹਨ ਉਥੇ ਡੀ.ਸੀ. ਸਾਹਿਬਾਨ ਦਾ ਰਾਜ ਹੈ । ਮੈਂ ਬੇਨਤੀ ਕਰਦਾ ਹਾਂ ਕਿ ਛੇਤੀ ਤੋਂ ਛੇਤੀ ਉਨ੍ਹਾਂ ਦੀਆਂ ਚੋਣਾਂ ਕਰਾ ਕੇ ਕੰਮ ਉਨ੍ਹਾਂ ਚੁਣੇ ਹੋਏ ਨੁਮਾਇੰਦਿਆਂ ਨੂੰ ਸੌਂਪਿਆ ਜਾਵੇ । ਜਿਹੜੇ ਲੋਕਾਂ ਨੇ ਗ਼ਬਨ ਕੀਤੇ ਹਨ ਉਨ੍ਹਾਂ ਤੇ ਫੌਰੀ ਤੌਰ ਤੇ ਐਕਸ਼ਨ ਲਿਆ ਜਾਵੇ ਤਾਂ ਕਿ ਫੰਡਜ਼ ਵਾਪਸ ਹੋਣ ।

ਸਰਦਾਰ ਬੇਅੰਤ ਸਿੰਘ (ਪਾਇਲ) : ਡਿਪਟੀ ਸਪੀਕਰ ਸਾਹਿਬ, ਡੈਮੋਕਰੇਟਿਕ ਸੈਟ ਅੱਪ ਦਾ ਪੰਜਾਬ ਵਿਚ ਸਹੀ ਇਸਤੇਮਾਲ ਹੋਵੇ ਅਤੇ ਪੰਚਾਇਤੀ ਰਾਜ ਨੂੰ ਇੰਟਰੋਡਿਊਸ ਕਰਨ ਦਾ ਅਤੇ ਮਜ਼ਬੂਤ ਕਰਨ ਦਾ ਜਿਹੜਾ ਕਰੈਡਿਟ ਹੈ ਮੈਂ ਸਮਝਦਾ ਹਾਂ ਕਿ ਉਹ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੂੰ ਹੈ । ਉਸ ਨੇ ਇਥੇ ਪੰਚਾਇਤੀ ਰਾਜ ਕਾਇਮ ਕੀਤਾ ਅਤੇ ਉਹ ਅਸਲ ਮਾਅਨਿਆਂ ਵਿਚ ਤਿੰਨ ਪਾਰਟੀ ਸਿਸਟਮ ਸੀ ਅਤੇ ਇਹ ਤਿੰਨ ਪਾਰਟੀ ਸਿਸਟਮ ਉਸ ਨੇ ਦਿੱਤਾ । ਉਸ ਦੇ ਅਨੁਸਾਰ ਲਕ ਸੰਮਤੀਆਂ ਦੇ ਚੇਅਰਮੈਨ ਬਣੇ, ਜ਼ਿਲ੍ਹਾ ਪ੍ਰੀਸ਼ਦਾਂ ਦੇ ਚੇਅਰਮੈਨ ਬਣੇ ਅਤੇ ਉਨ੍ਹਾਂ ਵਿਚੋਂ ਬਾਅਦ ਵਿਚ ਬਹੁਤ ਸਾਰੇ ਅਸੰਬਲੀਆਂ ਦੀਆਂ ਚੋਣਾਂ ਵਿਚ ਚੁਣ ਕੇ ਲੈਜਿਸਲੇਟਰ ਬਣ ਕੇ ਅਗੇ ਆਏ ਅਤੇ ਉਨ੍ਹਾਂ ਨੇ ਡੈਮੋਕਰੈਟਿਕ ਸੈਟ ਅੱਪ ਵਿਚ ਹਿੱਸਾ ਪਾਇਆ । ਮੈਨੂੰ ਕਹਿਣ ਨਾਲ ਅਫ਼ਸੋਸ ਹੁੰਦਾ ਹੈ ਕਿ ਕਾਂਗਰਸ ਦੀ ਸਰਕਾਰ ਤੋਂ ਬਾਅਦ ਅਕਾਲੀ ਸਰਕਾਰ ਆਈ, ਸਾਡੇ ਇਕ ਚੀਫ਼ ਮਨਿਸਟਰ ਸਾਹਿਬ, ਮੈਂ ਉਨ੍ਹਾਂ ਦਾ ਨਾਂ ਨਹੀਂ ਲੈਣਾ ਚਾਹੁੰਦਾ, ਜਿਹੜਾ ਸਾਡਾ ਇਥੇ ਲੋਕਰਾਜ ਦਾ ਢਾਂਚਾ ਸੀ. ਨੂੰ ਉਨ੍ਹਾਂ ਨੇ ਬਰੇਕਾਂ ਲਾਦੀਆਂ ਅੰਰ ਬਰੇਕਾਂ ਲਗਣ ਦੇ ਨਾਲ ਮੈਨੂੰ ਇਹ ਕਹਿਣਾ ਪੈਂਦਾ ਹੈ ਕਿ 5 ਸਾਲਾਂ ਵਿਚ ਕਈ ਸਰਕਾਰਾਂ ਤਬਦੀਲ ਹੁੰਦੀਆਂ ਰਹੀਆਂ । ਪਹਿਲਾਂ ਸਰਦਾਰ ਗੁਰਨਾਮ ਸਿੰਘ ਦੀ ਸਰਕਾਰ ਸੀ, ਫਿਰ ਗਿੱਲ ਸਾਹਿਬ ਦੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੇਅੰਤ ਸਿੰਘ]

ਸਰਕਾਰ ਆਈ ਅਤੇ ਫਿਰ ਗੁਰਨਾਮ ਸਿੰਘ ਦੀ ਅਤੇ ਫਿਰ ਬਾਦਲ ਸਾਹਿਬ ਦੀ ਸਰਕਾਰ ਆਈ । ਕਮੇਟੀਆਂ ਬਣਦੀਆਂ ਰਹੀਆਂ ਅਤੇ ਨਾ ਪੰਚਾਇਤਾਂ ਦੀਆਂ, ਨਾ ਬਲਾਕ ਸੰਮਤੀਆਂ ਦੀਆਂ ਅਤੇ ਨਾ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਕਰਵਾਈਆਂ ਗਈਆਂ । ਜਿਹੜਾ ਉਹ ਡੈਮੋਕਰੈਟਿਕ ਢਾਂਚਾ ਚਲ ਰਿਹਾ ਸੀ ਉਹ ਪਿਛੇ ਪੈਂਦਾ ਗਿਆ । ਉਸ ਢਾਂਚੇ ਨੂੰ ਮੁੜ ਖੜਾ ਕਰਨ ਲਈ ਮੈਂ ਕਹਿੰਦਾ ਹਾਂ ਕਿ ਜਿਹੜਾ ਕਰੈਡਿਟ ਹੈ ਉਹ ਰੰਧਾਵਾ ਸਾਹਿਬ ਨੂੰ ਜਾਂਦਾ ਹੈ । ਹੁਣ, ਡਿਪਟੀ ਸਪੀਕਰ ਸਾਹਿਬ, ਇਸ ਨੂੰ ਸਟੇਬਲ ਕਰਨ ਲਈ ਕੁਝ ਟਾਈਮ ਚਾਹੀਦਾ ਹੈ । ਜਦੋਂ ਕੈਪਟਨ ਸਾਹਿਬ ਇਥੇ ਸੀ ਤਾਂ ਉਨ੍ਹਾਂ ਨੇ ਚੋਣਾਂ ਕਰਵਾਈਆਂ ਤਾਂ ਬੜੀ ਭਾਰੀ ਕੰਟਰੋਵਰਸੀ ਚਲੀ ਅਤੇ ਝਗੜੇ ਹੋਏ ਕਿ ਕਿਸ ਕਿਸਮ ਦਾ ਰਾਜ ਆਉਣਾ ਚਾਹੀਦਾ ਹੈ ? ਬੜੀਆਂ ਕਠਨਾਈਆਂ ਆਈਆਂ ਸਨ । ਇਹ ਜਿਹੜੇ ਸਾਡੇ ਅਫ਼ਸਰ ਸਾਹਿਬਾਨ ਹਨ ਮੈਂ ਸਾਰਿਆਂ ਬਾਰੇ ਤਾਂ ਨਹੀਂ ਕਹਿੰਦਾ ਕੁਝ ਸਾਡੇ ਜਿਹੜੇ ਆਈ.ਏ.ਐਸ. ਅਫ਼ਸਰ ਸਾਹਿਬਾਨ ਹਨ ਇਹ ਦਰਅਸਲ ਬਿਊਰੋਕਰੈਟਿਕ ਹਨ ਅੰਰ ਉਨ੍ਹਾਂ ਦੀ ਰਾਏ ਹੈ ਕਿ ਪੰਚਾਇਤੀ ਰਾਜ ਨਾ ਆਵੇ । ਲੇਕਿਨ ਪੰਚਾਇਤੀ ਰਾਜ ਤਾਂ ਆਉਣਾ ਹੀ ਹੈ ।

"ਪੰਚ ਪਰਵਾਨ, ਪੰਚ ਪਰਧਾਨ, ਪੰਚੇ ਪਾਵੈ ਦਰਗਹੇ ਮਾਣ"

ਆਖਿਰ ਗੱਲ ਤਾਂ ਇਥੇ ਹੀ ਮੁੱਕਣੀ ਹੈ । ਜੇਕਰ ਤੁਸੀਂ ਦੂਸਰੇ ਮੁਲਕਾਂ ਦੀ ਗੱਲ ਲਵੋ ਲੋਕ ਰਾਜ ਦੀ ਇਕ ਛੋਟੇ ਮੋਟੇ ਪਿੰਡ ਤੋਂ ਹੀ ਗੱਲ ਸ਼ੁਰੂ ਹੁੰਦੀ ਹੈ । ਜੇਕਰ ਉਥੋਂ ਨਾ ਸ਼ੁਰੂ ਕਰੀਏ ਤਾਂ ਪੰਚਾਇਤੀ ਰਾਜ ਕਿਸ ਤਰ੍ਹਾਂ ਆ ਸਕਦਾ ਹੈ । ਇਹ ਠੀਕ ਹੈ ਕਿ ਸਰਪੰਚ ਮਾੜਾ ਹੋ ਸਕਦਾ ਹੈ । ਲੇਕਿਨ ਤੁਹਾਨੂੰ ਪਤਾ ਹੈ ਕਿ ਹੌਲੀ ਹੌਲੀ ਚੰਗੇ ਬੰਦੇ ਨੇ, ਚੰਗੇ ਸਰਪੰਚ ਨੇ, ਟ੍ਰੇਨਿੰਗ ਲੈ ਕੇ ਆਉਣਾ ਹੈ । ਉਹ ਅੱਜ ਮਾੜੇ ਹੋਣਗੇ ਲੇਕਿਨ ਅਗਰ ਅਸੀਂ ਉਨ੍ਹਾਂ ਨੂੰ ਮਜ਼ਬੂਤ ਨਹੀਂ ਕਰਾਂਗੇ ਤਾਂ ਮੈਂ ਸਮਝਦਾ ਹਾਂ ਕਿ ਗੱਲ ਚਲਣੀ ਨਹੀਂ ਹੈ । ਰੰਧਾਵਾ ਸਾਹਿਬ ਨੇ ਵੀ ਇਸ ਪਾਸੇ ਟ੍ਰੇਨਿੰਗ ਕੀਤੀ ਹੋਈ ਹੈ, ਸਰਪੰਚੀ ਕੀਤੀ ਹੋਈ ਹੈ ਅੰਰ ਇਹ ਜਾਣਦੇ ਹਨ ਕਿ ਇਹ ਕੰਮ ਕਿਵੇਂ ਕਰਨਾ ਚਾਹੀਦਾ ਹੈ । ਇਨ੍ਹਾਂ ਨੇ ਪੰਚਾਇਤੀ ਰਾਜ ਦਾ ਵੱਖਰਾ ਡਾਇਰੈਕਟੋਰੇਟ ਬਣਾਉਣ ਦਾ ਫ਼ੈਸਲਾ ਕੀਤਾ ਹੈ, ਇਹ ਬੜਾ ਸ਼ਲਾਘਾਯੋਗ ਕੰਮ ਹੈ । ਇਸ ਗੱਲ ਤੇ ਵੀ ਬਹਿਸ ਮੁਬਾਹਿਸਾ, ਰੱਸਾਕਸ਼ੀ ਹੋਈ ਕਿ ਸੈਪੇਰੇਟ ਡਾਇਰੈਕਟੋਰੇਟ ਬਣਾਉਣਾ ਚਾਹੀਦਾ ਹੈ ਜਾਂ ਨਹੀਂ ਬਣਾਉਣਾ ਚਾਹੀਦਾ । ਪਰ ਅੱਜ ਇਹ ਅਲੱਗ ਬਣ ਚੁੱਕਾ ਹੈ ਅੰਰ ਸਾਰਾ ਕੰਮ ਕਾਜ਼ ਸ਼ੁਰੂ ਹੋ ਗਿਆ ਹੈ । ਗਬਨ ਦੇ ਕੇਸਿਜ਼ ਹੋਣ ਜਾਂ ਹੋਰ ਕੇਸਿਜ਼ ਹੋਣ, ਉਹ ਪੈਂਡਿੰਗ ਪਏ ਹਨ, ਉਨ੍ਹਾਂ ਨੂੰ ਪੰਚਾਇਤੀ ਰਾਜ ਡਾਇਰੈਕਟੋਰੇਟ ਨੇ ਸੈਪੇਰੇਟ ਕਰਕੇ ਉਨ੍ਹਾਂ ਨੂੰ ਡੀਲ ਕਰਨਾ ਸ਼ੁਰੂ ਕਰ ਦਿੱਤਾ ਹੈ । (ਘੰਟੀ) ਬੱਸ ਜੀ, ਡਿਪਟੀ ਸਪੀਕਰ ਸਾਹਿਬ, ਮੈਂ ਦੋ ਚਾਰ ਮਿੰਟ ਵਿਚ ਹੀ ਵਾਈਂਡ ਅੱਪ ਕਰਾਂਗਾ ।

ਡਿਪਟੀ ਸਪੀਕਰ ਸਾਹਿਬ, ਬੀ.ਡੀ.ਓਜ਼. ਦੀ ਕੋਈ ਵੀ ਤਾਰੀਫ ਨਹੀਂ ਕਰਦਾ ਲੇਕਿਨ ਅਗਰ ਵੇਖਿਆ ਜਾਵੇ ਤਾਂ ਬਲਾਕਾਂ ਵਿਚ ਜੋ ਸਪੇਡ ਵਰਕ ਹੁੰਦਾ ਹੈ ਉਹ ਬੀ.ਡੀ.ਓਜ਼. ਹੀ ਕਰਦੇ ਹਨ ਜਿਸ ਤਰ੍ਹਾਂ ਕਿ ਕਹੀ ਨਾਲ ਕਰਨ ਵਾਲੀ ਸਫਾਈ ਦਾ ਕੰਮ ਕਰਵਾਉਂਦੇ ਹਨ, ਇਹ ਸਾਰਾ ਕੰਮ ਬੀ.ਡੀ.ਓਜ਼ ਹੀ ਕਰਦੇ ਹਨ । ਉਨ੍ਹਾਂ ਨੂੰ ਡਿਪਟੀ ਕਮਿਸ਼ਨਰ ਸਾਹਿਬ ਇਹ ਕਹਿ ਦਿੰਦੇ ਹਨ ਕਿ ਫਲਾਣੀ ਸੜਕ ਤੇ ਉਪਰ ਮਿੱਟੀ ਪਵਾ ਦਿਓ, ਉਹ ਮਿੱਟੀ ਪਵਾ ਦਿੰਦੇ ਹਨ । ਫਿਰ ਪੀ.ਡਬਲਯੂ.ਡੀ. ਵਾਲੇ ਪੱਕੀ ਸੜਕ ਬਣਾਉਂਦੇ ਹਨ ਪਰ ਉਨ੍ਹਾਂ ਦੀ ਸ਼ੁਮਾਰ ਕਿਸੇ ਪਾਸ ਨਹੀਂ ਸੀ । ਹੁਣ ਡਾਇਰੈਕਟੋਰੇਟ ਬਣਨ ਨਾਲ ਉਨ੍ਹਾਂ ਦੀ ਵੀ ਹੌਸਲਾ ਅਫ਼ਜ਼ਾਈ

Original with;
Punjab Vidhan Sabha
Digitized by;
Panjab Digital Library

ਹੋਇਆ ਕਰੇਗੀ । ਜਿਹੜੀ ਇਨ੍ਹਾਂ ਨੇ ਇਕ ਹਾਈ ਪਾਵਰਡ ਕਮੇਟੀ ਬਣਾਈ ਹੈ ਉਸ ਵਿਚ ਸਾਰੀਆਂ ਪਾਰਟੀਆਂ ਸ਼ਾਮਲ ਹਨ । ਕਮਿਊਨਿਸਟ ਪਾਰਟੀ ਵੀ ਸ਼ਾਮਲ ਹੈ, ਸਾਡੇ ਅਕਾਲੀ ਭਰਾ ਵੀ ਸ਼ਾਮਲ ਹਨ, ਕਾਂਗਰਸ ਪਾਰਟੀ ਦੇ ਮੈਂਬਰ ਵੀ ਸ਼ਾਮਲ ਹਨ । ਮੈਂ ਉਨ੍ਹਾਂ ਨੂੰ ਇਹ ਅਰਜ਼ ਕਰਾਂਗਾ ਕਿ ਇਸ ਮਸਲੇ ਤੇ ਆਖ਼ਰੀ ਫੈਸਲੇ ਹੋਣੇ ਹਨ । ਇਸ ਦੀਆਂ ਮੀਟਿੰਗਾਂ ਵੀ ਹੋ ਚੁਕੀਆਂ ਹਨ । (ਘੰਟੀ) ਮੀਟਿੰਗਾਂ ਵਿਚ ਛੇਤੀ ਹੀ ਫੈਸਲਾ ਕਰਕੇ ਇਸ ਨੂੰ ਆਖ਼ਰੀ ਸ਼ਕਲ ਦਿੱਤੀ ਜਾਵੇ । (ਘੰਟੀ)

ਮਾਰਟਗੇਜ ਬੈਂਕਾਂ ਦੀਆਂ ਇਲੈਕਸ਼ਨਾਂ ਲੇਟ ਹੋ ਗਈਆਂ ਹਨ । ਅਗਰ ਉਨ੍ਹਾਂ ਦੀਆਂ ਇਲੈਕਸ਼ਨਾਂ ਲਈ ਛੇ ਮਹੀਨੇ ਦੀ ਮਿਆਦ ਲੈ ਲੈਂਦੇ ਤਾਂ ਲੋਕ ਹਾਈਕੋਰਟ ਵਿਚ ਨਾ ਜਾਂਦੇ । ਇਸ ਲਈ ਮੈਂ ਮੁਬਾਰਕਵਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਛੇ ਮਹੀਨੇ ਲੈਣ ਲਈ ਇਹ ਚੀਜ਼ ਹਾਊਸ ਵਿਚ ਰੱਖੀ ਹੈ । ਮੈਂ ਸਮਝਦਾ ਹਾਂ ਔਰ ਮੈਨੂੰ ਆਸ ਹੈ ਕਿ ਇਹ ਪੰਚਾਇਤੀ ਰਾਜ ਨੂੰ ਓਵਰਹਾਲ ਕਰਕੇ ਇਕ ਨਮੂਨੇ ਦਾ ਪੰਚਾਇਤੀ ਰਾਜ ਕਾਇਮ ਕਰਨਗੇ ।

ਸਰਦਾਰ ਦਰਸ਼ਨ ਸਿੰਘ ਕੇ.ਪੀ. (ਜਮਸ਼ੇਰ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਜੋ ਅੱਜ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਅਮੈਂਡਮੈਂਟ ਬਿੱਲ ਪੇਸ਼ ਕੀਤਾ ਗਿਆ ਹੈ ਇਸ ਲਈ ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ । ਡਿਵੈਲਪਮੈਂਟ ਮਨਿਸਟਰ ਸਾਹਿਬ ਨੇ ਪੰਚਾਇਤੀ ਰਾਜ ਵਲ ਖਾਸ ਧਿਆਨ ਦਿੱਤਾ ਹੈ । ਮੈਂ ਸਮਝਦਾ ਹਾਂ ਕਿ ਇਸ ਪੰਚਾਇਤੀ ਰਾਜ ਦੇ ਕਾਇਮ ਹੋਣ ਨਾਲ ਮਹਾਤਮਾ ਗਾਂਧੀ ਜੀ ਦਾ ਸੁਪਨਾ ਪੂਰਾ ਹੋਇਆ ਹੈ । ਸੰਨ 1962 ਵਿਚ ਪੰਡਿਤ ਜਵਾਹਰ ਲਾਲ ਨਹਿਰੂ ਜੀ ਨੇ ਚੰਡੀਗੜ੍ਹ ਵਿਚ ਆ ਕੇ ਇਸ ਦੀ ਸਥਾਪਨਾ ਕੀਤੀ ਸੀ । ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਬਣੇ । ਬਲਾਕ ਵਿਚ ਹਰ ਕਿਸਮ ਦੇ ਅਧਿਕਾਰੀ ਹਨ । ਇੰਡਸਟਰੀਅਲ ਇਨਸਪੈਕਟਰ ਹੈ, ਬੀ. ਡੀ.ਓ. ਹੈ, ਕੋਆਪ੍ਰੇਟਿਵ ਇਨਸਪੈਕਟਰ ਹੈ, ਐਗਰੀਕਲਚਰ ਇਨਸਪੈਕਟਰ ਹੈ । ਉਹ ਸਾਰੇਆਂ ਪਿੰਡਾਂ ਦੇ ਲੋਕਾਂ ਨਾਲ ਤਾਲਮੇਲ ਰਖਦੇ ਹਨ, ਇਸ ਕਰਕੇ ਲੋਕਾਂ ਨੇ ਤਰੱਕੀ ਕੀਤੀ ਹੈ। ਜਿਹੜੀ ਅੱਜ ਕਲਿਆਣ ਕਣਕ ਕਿਸਾਨਾਂ ਨੇ ਪੈਦਾ ਕੀਤੀ ਹੈ ਲੋਕਾਂ ਨੂੰ ਇਸ ਬਾਰੇ ਅਫ਼ਸਰਾਂ ਨੇ ਜਾਣਕਾਰੀ ਦਿੱਤੀ ਹੈ । ਲੋਕਾਂ ਨੂੰ ਖਾਦ ਦੀ ਵਾਕਫੀਅਤ ਨਹੀਂ ਸੀ । ਲੋਕ ਖਾਦ ਪਾਉਣ ਤੋਂ ਨਫਰਤ ਕਰਦੇ ਸਨ । ਜਿਉਂ ਜਿਉਂ ਇਨ੍ਹਾਂ ਅਫ਼ਸਰਾਂ ਦਾ ਤਾਲਮੇਲ ਵਧਦਾ ਗਿਆ ਲੋਕਾਂ ਨੂੰ ਪਤਾ ਲਗਦਾ ਗਿਆ ਕਿ ਸਾਡੀਆਂ ਜੋ ਯੂਨੀਵਰਸਿਟੀਆਂ ਹਨ ਉਨ੍ਹਾਂ ਨੇ ਸਾਡੇ ਲਈ ਨਵੇਂ ਨਵੇਂ ਕੰਮ ਕੀਤੇ ਹਨ । ਇਸ ਤਰ੍ਹਾਂ ਬਲਾਕਾਂ ਦੇ ਰਾਹੀਂ ਸਾਡੀ ਤਰੱਕੀ ਹੋਈ ਹੈ । ਇਹ ਠੀਕ ਹੈ ਕਿ ਉਨ੍ਹਾਂ ਦੀਆਂ ਚੋਣਾਂ ਵਿਚ ਦੇਰੀ ਹੋਈ ਹੈ । ਪੰਚਾਇਤਾਂ ਦੀਆਂ ਚੋਣਾਂ ਹੋ ਗਈਆਂ ਹਨ, ਬਲਾਕ ਸੰਮਤੀਆਂ ਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਨਹੀਂ ਹੋਈਆਂ । ਪਹਿਲਾਂ ਤਾਂ ਇਹ ਖਿਆਲ ਆਇਆ ਕਿ ਹੋ ਸਕਦਾ ਹੈ ਕਿ ਅਜੀਂ ਵੀ ਅਕਾਲੀ ਸਰਕਾਰ ਵਾਂਗ ਗ਼ਲਤੀ ਨਾ ਕਰਦੇ ਹੋਈਏ ਲੇਕਿਨ ਹੁਣ ਇਲਮ ਹੋ ਗਿਆ ਕਿ ਡਿਵੈਲਪਮੈਂਟ ਦੇ ਸਿਲਸਿਲੇ ਵਿਚ ਜਿਹੜਾ ਅਲੈਹਦਾ ਡਾਇਰੈਕਟੋਰੇਟ ਹੈ ਉਹ ਬੜਾ ਹੀ ਜ਼ਰੂਰੀ ਸੀ ਔਰ ਉਸ ਲਈ ਕੁਝ ਟਾਈਮ ਵੀ ਚਾਹੀਦਾ ਸੀ । ਹੁਣ ਡਿਵੈਲਪਮੈਂਟ ਮਨਿਸਟਰ ਸਾਹਿਬ ਦੀ ਕੋਸ਼ਿਸ਼ ਨਾਲ ਇਹ ਅਲੈਹਿਦਾ ਬਣ ਗਿਆ ਹੈ । ਹੁਣ ਦੂਸਰੇ ਸੈਕਟਰੀਆਂ ਪਾਸ ਨਹੀਂ ਜਾਣਾ ਪਿਆ ਕਰੇਗਾ । ਮੈਂ ਇਸ ਸਬੰਧ ਵਿਚ ਕੁਝ ਰਾਏ ਦੇਣੀ ਚਾਹੁੰਦਾ ਹਾਂ ਕਿ ਹੁਣ ਡਾਇਰੈਕਟੋਰੇਟ ਤਾਂ ਬਣ ਗਿਆ ਹੈ ਇਸ ਦੇ ਜੋ ਅਫ਼ਸਰ ਨਿਯੁਕਤ ਕਰਨੇ ਹਨ, ਜਿਸ ਤਰ੍ਹਾਂ ਡਿਪਟੀ ਡਾਇਰੈਕਟਰ ਹੈ, ਉਨ੍ਹਾਂ ਪੋਸਟਾਂ ਲਈ ਬੀ. ਡੀ. ਓਜ਼ ਨੂੰ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਰਸ਼ਨ ਸਿੰਘ ਕੇ. ਪੀ.]

ਮੌਕਾ ਦੇਣਾ ਚਾਹੀਦਾ ਹੈ। ਅੌਰ ਜੋ ਪੰਚਾਇਤ ਸੈਕਟਰੀਜ਼ ਹਨ ਜਿਨ੍ਹਾਂ ਨੇ ਟ੍ਰੇਨਿੰਗ ਲਈ ਹੋਈ ਹੈ, ਉਨਾਂ ਦੀ ਟ੍ਰੇਨਿੰਗ ਤੇ ਕਾਫੀ ਖਰਚ ਕੀਤਾ ਹੈ ਉਨ੍ਹਾਂ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਮੌਕਾ ਦੇ ਕੇ ਨੌਕਰੀਆਂ ਤੇ ਲਗਾਉਣ। ਇਹ ਬੜੀ ਚੰਗੀ ਗਲ ਹੋਵੇਗੀ। ਉਨ੍ਹਾਂ ਵਿਚ ਹਰੀਜਨ ਵੀ ਹਨ। ਦੂਸਰੇ ਵੀ ਇਤਰਾਜ਼ ਨਾ ਕਰਨ। ਉਹ ਇਹ ਨਾ ਕਹਿਣ ਕਿ ਸਾਨੂੰ ਮੌਕਾ ਨਹੀਂ ਦਿੱਤਾ। ਇਸ ਲਈ ਬੀ ਡੀ. ਓਜ਼. ਨੂੰ ਉਪਰਲੇ ਅਫ਼ਸਰ ਬਣਾਉਣਾ ਚਾਹੀਦਾ ਹੈ। ਇਹ ਠੀਕ ਹੈ ਕਿ ਹਰ ਇਕ ਨੂੰ ਹੱਕ ਹੈ ਪਰ ਇਨ੍ਹਾਂ ਨੂੰ ਪਿੱਛੇ ਨਹੀਂ ਰਹਿਣ ਦੇਣਾ ਚਾਹੀਦਾ।

ਮਾਸਟਰ ਚੰਦ ਸਿੰਘ (ਸ਼ੇਰਪੁਰ ਅੈਸ. ਸੀ.) : ਡਿਪਟੀ ਸਪੀਕਰ ਸਾਹਿਬ, ਸਰਦਾਰ ਸੰਤੋਖ ਸਿੰਘ ਜੀ ਰੰਧਾਵਾ ਨੇ ਜੋ ਪੰਚਾਇਤ ਸੰਮਤੀ ਅੈਂਡ ਜ਼ਿਲ੍ਹਾ ਪ੍ਰੀਸ਼ਦਜ਼ (ਅਮੈਂਡਮੈਂਟ) ਬਿੱਲ, 1974 ਪੰਚਾਇਤੀ ਰਾਜ ਬਾਰੇ ਪੇਸ਼ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਪੰਚਾਇਤੀ ਰਾਜ ਬੜਾ ਅੱਛਾ ਰਾਜ ਹੈ ਜੇਕਰ ਇਹ ਠੀਕ ਤਰ੍ਹਾਂ ਚਲਦਾ ਰਹੇ। ਨੰਬਰ ਇਕ ਗੱਲ ਇਹ ਹੈ ਕਿ ਚੋਣਾਂ ਸਮੇਂ ਸਿਰ ਨਹੀਂ ਹੋਈਆਂ। ਨੰਬਰ ਦੋ ਇਹ ਕਿ ਕਈ ਪੰਚਾਇਤਾਂ ਵਿਚ ਵੱਡੇ ਵੱਡੇ ਗ਼ਬਨ ਹੋਏ ਹਨ, ਹੇਰਾ ਫੇਰੀਆਂ ਹੋਈਆਂ ਹਨ। ਮੈਂ ਸਰਕਾਰ ਨੂੰ ਕਹਾਂਗਾ ਕਿ ਜਿਹੜੀਆਂ ਚੋਣਾਂ ਹਨ ਉਹ ਸਮੇਂ ਸਿਰ ਕਰਵਾਉਣੀਆਂ ਚਾਹੀਦੀਆਂ ਹਨ। ਚੋਣਾਂ ਸਮੇਂ ਸਿਰ ਨਾ ਕਰਵਾਉਣੀਆਂ ਮੈਂ ਸਮਝਦਾ ਹਾਂ ਕਿ ਜਮਹੂਰੀਅਤ ਦਾ ਗਲਾ ਘੁੱਟਣਾ ਹੋਵੇਗਾ। ਇਹ ਠੀਕ ਨਹੀਂ ਹੈ ਕਿ ਥਾਂ ਥਾਂ ਹੀ ਅੈਡਮਨਿਸਟਰੇਟਰ ਲਗਾਏ ਜਾਣ। ਹੁਣ ਤਾਂ ਵੈਸੇ ਹਰ ਪਾਸੇ ਹੀ ਪ੍ਰਬੰਧਕ ਲਗਾਏ ਜਾ ਰਹੇ ਹਨ, ਜਿਸ ਤਰ੍ਹਾਂ ਕਿ ਲੈਂਡ ਮਾਰਟਗੇਜ ਹੈ ਜਾਂ ਹੋਰ ਜਿਹੜੇ ਅਦਾਰੇ ਹਨ ਉਨ੍ਹਾਂ ਵਿਚ ਅੈਡਮਨਿਸਟਰੇਟਰ ਲਗਾਏ ਜਾ ਰਹੇ ਹਨ। ਮੈਂ ਸਰਕਾਰ ਨੂੰ ਕਹਾਂਗਾ ਕਿ ਸਮੇਂ ਸਿਰ ਚੋਣਾਂ ਕਰਵਾਈਆਂ ਜਾਣ ਬਲਾਕ ਸੰਮਤੀਆਂ ਦੀਆਂ, ਜ਼ਿਲ੍ਹਾ ਪ੍ਰੀਸ਼ਦਾਂ ਦੀਆਂ।

ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਇਕ ਦੋ ਮਿਸਾਲਾਂ ਤੁਹਾਡੇ ਸਾਹਮਣੇ ਦਸਦਾ ਹਾਂ। ਝੇਰੀਆਂਵਾਲੀ ਸਰਪੰਚ ਨੇ ਗ਼ਬਨ ਕੀਤਾ ਹੋਇਆ ਹੈ। ਉਸ ਦੇ ਬਾਰੇ ਲੋਕਾਂ ਨੇ ਅਰਜ਼ੀਆਂ ਦਿੱਤੀਆਂ ਲੇਕਿਨ ਅਜੇ ਤਕ ਕੋਈ ਐਕਸ਼ਨ ਨਹੀਂ ਲਿਆ ਗਿਆ। ਸ਼ਾਇਦ ਉਹ ਆਦਮੀ ਹਰੀਜਨ ਹੋਣਾ ਹੈ। ਹਰੀਜਨ ਹੁੰਦਿਆਂ ਹੋਇਆਂ ਉਸ ਨੇ ਗ਼ਬਨ ਕੀਤਾ ਹੈ। ਮੈਂ ਕਹਿੰਦਾ ਹਾਂ ਕਿ ਭਾਵੇਂ ਕੋਈ ਹਰੀਜਨ ਹੋਵੇ, ਚਾਹੇ ਕੋਈ ਵੀ ਹੋਵੇ, ਚਾਹੇ ਨਾਨ-ਹਰੀਜਨ ਹੋਵੇ, ਚਾਹੇ ਅਕਾਲੀ ਹੋਵੇ, ਚਾਹੇ ਕਾਂਗਰਸੀ ਹੋਵੇ ਤੇ ਚਾਹੇ ਕਮਿਊਨਿਸਟ ਹੋਵੇ, ਭਾਵੇਂ ਕੋਈ ਵੀ ਹੋਵੇ ਜਿਸ ਨੇ ਗਬਨ ਕੀਤਾ ਹੋਵੇ, ਉਸ ਗ਼ਬਨ ਨੂੰ ਕਢਾਉਣਾ ਚਾਹੀਦਾ ਹੈ। ਇਕ ਮੈਂ ਮਿਸਾਲ ਹੋਰ ਦਿੰਦਾ ਹਾਂ। ਜਲਾਲੀਆ ਪਿੰਡ ਦਾ ਬੰਚਾ ਹੈ। ਉਸ ਨੂੰ ਸਸਪੈਂਡ ਕਰ ਦਿੱਤਾ ਹੈ। ਉਸ ਨੂੰ ਸਸਪੈਂਡ ਇਸ ਲਈ ਕੀਤਾ ਗਿਆ ਹੈ ਕਿਉਂਕਿ ਉਸ ਨੇ ਕਾਂਗਰਸੀ ਉਮੀਦਵਾਰ ਦੀ ਮੱਦਦ ਨਹੀਂ ਕੀਤੀ।

ਸ਼੍ਰੀ ਡਿਪਟੀ ਸਪੀਕਰ : ਮਾਸਟਰ ਚੰਦ ਸਿੰਘ ਜੀ ਮਸਲਾ ਇਹ ਹੈ ਕਿ ਐਕਟ ਵਿਚ ਇਕ ਸਾਲ ਦੀ ਬਜਾਏ ਡੇਢ ਸਾਲ ਕਰ ਦਿੱਤਾ ਜਾਵੇ ਜਾਂ ਨਾ। ਇਸ ਤਰ੍ਹਾਂ ਮਿਸਾਲਾਂ ਦੇਈ ਜਾਵੋਗੇ ਤਾਂ ਮਸਲਾ ਖਤਮ ਨਹੀਂ ਹੋਵੇਗਾ। ਤੁਸੀਂ ਉਸ ਬਾਰੇ ਹੀ ਕਹੋ ਜੋ ਕਹਿਣਾ ਹੈ। (Master Chand Singh Ji, the question is whether 'one and half years' may be substituted in place of 'one year' or not. If

Original with;
Punjab Vidhan Sabha
Digitized by;
Panjab Digital Library

you continue giving examples, the matter will not end. You may please speak on the issue which is now before the House.)

ਮਾਸਟਰ ਚੰਦ ਸਿੰਘ : ਉਹ ਤਾਂ ਕਹਿ ਦਿੱਤਾ ਹੈ ਜੀ।

ਸ਼੍ਰੀ ਡਿਪਟੀ ਸਪੀਕਰ : ਕਹਿ ਦਿੱਤਾ ਹੈ ਤਾਂ ਫਿਰ ਬੈਠ ਜਾਉ। (If you have had your say, then please resume your seat.)

ਮਾਸਟਰ ਚੰਦ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਹੁਣੇ ਹੀ ਖਤਮ ਕਰ ਦੇਵਾਂਗਾ। ਗੱਲ ਇਹ ਹੈ ਕਿ ਹੋਰ ਵੀ ਕਈ ਕਤਲ ਕੀਤੇ ਜਾ ਰਹੇ ਹਨ। ਉਹ ਮੈਂ ਇਨ੍ਹਾਂ ਦੇ ਨੋਟਿਸ ਵਿਚ ਲਿਆਵਾਂਗਾ। ਬਾਕੀ ਜਿਹੜੇ ਟ੍ਰੇਡ ਸੈਕਟਰੀਜ਼ ਹਨ ਉਨ੍ਹਾਂ ਨੂੰ ਕੰਮ ਉਪਰ ਲਗਾਉਣਾ ਚਾਹੀਦਾ ਹੈ ਉਨ੍ਹਾਂ ਨੂੰ ਅਜੇ ਤਕ ਕੰਮ ਤੇ ਨਹੀਂ ਲਗਾਇਆ ਗਿਆ। (ਘੰਟੀ)

ਸ਼੍ਰੀ ਡਿਪਟੀ ਸਪੀਕਰ : ਮਾਸਟਰ ਚੰਦ ਸਿੰਘ ਜੀ ਤੁਸੀਂ ਐਕਟ ਤੋਂ ਬਾਹਰ ਜਾ ਰਹੇ ਹੋ। ਇਸ ਕਰਕੇ ਮੈਂ ਬੇਨਤੀ ਕਰ ਰਿਹਾ ਹਾਂ ਕਿ ਤੁਸੀਂ ਤਸ਼ਰੀਫ ਰੱਖੋ। (Master Chand Singh Ji, you are going beyond the scope of the Act. Therefore, I am requesting you to please resume your seat.)

(ਇਸ ਸਮੇਂ ਸਰਦਾਰ ਹਰਚਰਨ ਸਿੰਘ ਜੀ ਬੋਲਣ ਲਈ ਖੜ੍ਹੇ ਹੋਏ)

ਸ਼੍ਰੀ ਡਿਪਟੀ ਸਪੀਕਰ : ਸਰਦਾਰ ਹਰਚਰਨ ਸਿੰਘ ਜੀ ਤੁਸੀਂ ਬੋਲੋ। (Sardar Harcharan Singh Ji, please start your speech.)

ਮਾਸਟਰ ਚੰਦ ਸਿੰਘ : * * * (ਵਿਘਨ)

ਸ਼੍ਰੀ ਡਿਪਟੀ ਸਪੀਕਰ : ਜੋ ਕੁਝ ਚੇਅਰ ਦੀ ਪ੍ਰਮਿਸ਼ਨ ਤੋਂ ਮੈਂਬਰ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ, No *interruptions* please. ਮਾਸਟਰ ਚੰਦ ਸਿੰਘ ਜੀ ਤੁਸੀਂ ਤਸ਼ਰੀਫ ਰੱਖੋ। (Whatever the hon. Member is saying without the permission of the Chair, should not be recorded. No *interruptions* please. Master Chand Singh Ji, please resume your seat.)

ਸਰਦਾਰ ਹਰਚਰਨ ਸਿੰਘ (ਅਜਨਾਲਾ) : ਡਿਪਟੀ ਸਪੀਕਰ ਸਾਹਿਬ, ਪੰਜਾਬ ਪੰਚਾਇਤੀ ਰਾਜ ਦਾ ਬਿਲ ਇੰਟਰੋਡਿਊਸ ਹੋਇਆ ਹੈ ਅਤੇ ਇਸ ਗੱਲ ਦਾ ਸਾਰਾ ਕਰੈਡਿਟ ਕਾਂਗਰਸ ਸਰਕਾਰ ਨੂੰ ਜਾਂਦਾ ਹੈ। ਸਰਦਾਰ ਪਰਤਾਪ ਸਿੰਘ ਕੈਰੋਂ ਦੇ ਫੈਲੇ ਡਿਵੈਲਪਮੈਂਟ ਬਲਾਕਸ ਜਾਂ ਕਮਿਊਨਿਟੀ ਡਿਵੈਲਪਮੈਂਟ ਪਰਾਜੈਕਟ ਬਣੇ, ਜ਼ਿਲ੍ਹਾ ਪਰੀਸ਼ਦ ਬਣੀਆਂ ਅਤੇ ਵੱਧ ਤੋਂ ਵੱਧ ਤਾਕਤਾਂ ਪੇਂਡੂ ਲੋਕਾਂ ਦੀ ਬਹਿਬੂਦੀ ਅਤੇ ਭਲਾਈ ਲਈ ਲੋਕਾਂ ਨੂੰ ਦਿਤੀਆਂ ਗਈਆਂ। ਇਹ ਠੀਕ ਵੀ ਸੀ ਅਤੇ ਇਹ ਹੋਣਾ ਵੀ ਚਾਹੀਦਾ ਸੀ ਕਿ ਜਿੰਨਾਂ ਚਿਰ ਤਕ ਸਾਡੀ ਪੇਂਡੂ ਜਨਤਾ ਨੂੰ ਇਹ ਡੈਮੋਕਰੇਟਿਕ ਤਾਕਤਾਂ ਨਾ ਦਿੱਤੀਆਂ ਜਾਂਦੀਆਂ, ਉਨਾਂ ਚਿਰ ਤਕ ਪੰਚਾਇਤੀ ਰਾਜ

*Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਚਰਨ ਸਿੰਘ]

ਮੁਕੰਮਲ ਨਹੀਂ ਸੀ ਅਤੇ ਇਸ ਵਾਸਤੇ ਤਾਕਤਾਂ ਦਿੱਤੀਆਂ ਗਈਆਂ । ਪੰਜਾਬ ਦੀ 80% ਜਨਤਾ ਪਿੰਡਾਂ ਵਿਚ ਵਸਣ ਵਾਲੀ ਹੈ । ਲੇਕਿਨ ਜਿਹੜਾ 1967 ਤੋਂ 1971 ਤਕ ਦਾ ਦੌਰ ਚਲਿਆ, ਜਿਹੜੀਆਂ ਤਾਕਤਾਂ ਹੌਲੀ ਹੌਲੀ ਦਿੱਤੀਆਂ ਗਈਆਂ ਸਨ, ਉਹ ਮੁੜ ਵਾਪਿਸ ਕਰ ਲਈਆਂ ਗਈਆਂ ਅਤੇ ਸੈਂਟਰੇਲਾਈਜ਼ ਕਰ ਲਈਆਂ ਗਈਆਂ, ਜਿਸ ਨਾਲ ਕਿ ਪਿੰਡਾਂ ਦੇ ਲੋਕਾਂ ਨੂੰ ਇਨਇਫੈਕਟਿਵ ਬਣਾ ਦਿੱਤਾ ਗਿਆ । ਇਸ ਵੇਲੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 1966 ਵਿਚ ਗਿਆਨੀ ਰਾਜਿੰਦਰ ਸਿੰਘ, ਜਿਹੜੇ ਕਿ ਉਸ ਵੇਲੇ ਐਮ.ਐਲ.ਸੀ. ਸਨ, ਦੀ ਕਮੇਟੀ ਨੇ ਇਕ ਰਿਪੋਰਟ ਦਿੱਤੀ । ਉਨ੍ਹਾਂ ਨੇ ਦੋ ਤਿੰਨ ਸਟੇਟਸ ਨੂੰ ਵਿਜ਼ਿਟ ਕਰਨ ਤੋਂ ਬਾਅਦ, ਉਨ੍ਹਾਂ ਦੇ ਪੰਚਾਇਤੀ ਰਾਜ ਦੀ ਵਰਕਿੰਗ ਨੂੰ ਵੇਖ ਕੇ ਆਪਣੀ ਰਿਪੋਰਟ ਸਬਮਿਟ ਕੀਤੀ ਸੀ । ਲੇਕਿਨ ਅਨਫਰਚੂਨੇਟਲੀ ਜਾਂ ਫਾਰਚੂਨੇਟਲੀ, 1966 ਦੇ ਵਿਚ ਪੰਜਾਬ, ਹਿਮਾਚਲ ਅਤੇ ਹਰਿਆਣਾ ਦੀ ਵੰਡ ਹੋ ਗਈ ਅਤੇ ਉਸ ਰਿਪੋਰਟ ਦੀ ਇੰਪਲੀਮੈਂਟੇਸ਼ਨ ਨਾ ਹੋ ਸਕੀ । 1967 ਦੇ ਜਨਰਲ ਇਲੈਕਸ਼ਨਜ਼ ਤੋਂ ਬਾਅਦ ਅਕਾਲੀਆਂ ਅਤੇ ਸੀ. ਪੀ. ਆਈ. ਵਗੈਰਾ ਦੀ ਯੂਨਾਈਟਿਡ ਫਰੰਟ ਮਿਨਿਸਟਰੀ ਬਣੀ, ਪਰ ਉਸ ਦੇ ਵਿਚ ਵੀ ਕੁਝ ਨਹੀਂ ਹੋ ਸਕਿਆ । ਫਿਰ ਬਾਦਲ ਸਾਹਿਬ ਨੇ 1969-70 ਦੇ ਵਿਚ ਚੀਫ ਮਨਿਸਟਰ ਬਣਨ ਤੋਂ ਪਹਿਲਾਂ, ਜਦੋਂ ਕਿ ਉਹ ਡਿਵੈਲਪਮੈਂਟ ਮਨਿਸਟਰ ਸਨ, ਆਪਣੀ ਚੇਅਰਮੈਨਸ਼ਿਪ ਥਲੇ ਇਕ ਕਮੇਟੀ ਬਣਾਈ ਅਤੇ ਉਨ੍ਹਾਂ ਨੇ ਰਿਪੋਰਟ ਬਣਾਈ । ਬਾਦਲ ਸਾਹਿਬ ਨੂੰ ਪਰਮਾਤਮਾਂ ਨੇ ਚੀਫ ਮਨਿਸਟਰ ਬਣਨ ਦਾ ਮੌਕਾ ਦਿੱਤਾ ਅਤੇ ਉਹ ਰਿਪੋਰਟ ਨੂੰ ਇੰਪਲੀਮੈਂਟ ਕਰ ਸਕਦੇ ਸਨ, ਪਰ ਉਨ੍ਹਾਂ ਨੂੰ ਇਹ ਕਰੈਡਿਟ ਨਹੀਂ ਮਿਲ ਸਕਿਆ ਅਤੇ ਇਸ ਰਿਪੋਰਟ ਦੇ ਆਧਾਰ ਤੇ ਜੋ ਤਾਕਤਾਂ ਪੰਚਾਇਤੀ ਰਾਜ ਇੰਸਟੀਚਿਊਸ਼ਨਜ਼ ਨੂੰ ਦਿੱਤੀਆਂ ਜਾਣੀਆਂ ਚਾਹੀਦੀਆ ਸਨ, ਨਹੀਂ ਦਿੱਤੀਆਂ ਜਾ ਸਕੀਆਂ ਅਤੇ ਬਾਦਲ ਸਾਹਿਬ ਇਸ ਰਿਪੋਰਟ ਨੂੰ ਇੰਪਲੀਮੈਂਟ ਨਹੀਂ ਕਰ ਸਕੇ । ਪਰ ਇਹ ਕਰੈਡਿਟ ਫਿਰ ਸਾਡੀ, ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੂੰ ਜਾਂਦਾ ਹੈ ਕਿ ਉਸ ਨੇ ਫਿਰ ਦੋਬਾਰਾ ਇਹ ਸਚਣਾ ਵਿਚਾਰਨਾ ਸ਼ੁਰੂ ਕੀਤਾ ਕਿ ਪੰਚਾਇਤੀ ਰਾਜ ਨੂੰ ਮੁੜ ਤਾਕਤ ਦੇ ਕੇ ਪਿੰਡਾਂ ਵਿਚ ਇਫੈਕਟਿਵ ਬਣਾਇਆ ਜਾ ਸਕੇ । ਇਸ ਵਾਸਤੇ ਇਕ ਆਫੀਸਰਜ਼ ਦੀ ਡਰਾਫਟਿੰਗ ਕਮੇਟੀ ਬਣਾਈ ਗਈ, ਜਿਸ ਨੇ ਪਿਛਲੀਆਂ ਕਮੇਟੀਆਂ ਦੀਆਂ ਰਿਪੋਰਟਾਂ ਨੂੰ ਮੁੱਖ ਰਖ ਕੇ ਆਪਣੀ ਰਿਪੋਰਟ ਸਬਮਿਟ ਕੀਤੀ । ਇਸ ਡਰਾਫਟਿੰਗ ਕਮੇਟੀ ਦੀ ਰਿਪੋਰਟ ਰੰਧਾਵਾ ਸਾਹਿਬ ਕੋਲ ਆ ਚੁਕੀ ਹੈ ਜਿਸ ਵਿਚ ਪੰਚਾਇਤਾਂ ਦਾ ਅਲਹਿਦਾ ਡਾਇਰੈਕਟੋਰੇਟ ਕਰਨ ਬਾਰੇ ਜ਼ਿਕਰ ਹੈ । ਇਸ ਬਾਰੇ ਰੰਧਾਵਾ ਸਾਹਿਬ ਆਪਣੀ ਜ਼ਬਾਨੀ ਦਸਣਗੇ ਕਿ ਕਿਸ ਤਰੀਕੇ ਨਾਲ ਉਨ੍ਹਾਂ ਨੇ ਇਹ ਔਕੜਾਂ ਹੱਲ ਕੀਤੀਆਂ ਹਨ ਅਤੇ ਇਸ ਡਾਇਰੈਕਟੋਰੇਟ ਦੀ ਇੰਪਲੀਮੈਂਟੇਸ਼ਨ ਮੁਕੰਮਲ ਹੋ ਚੁੱਕੀ ਹੈ । ਦੂਜੀ ਡਰਾਫਟਿੰਗ ਕਮੇਟੀ ਦੀ ਰਿਪੋਰਟ ਮੁਕੰਮਲ ਹੋ ਚੁਕੀ ਹੈ, ਜਿਸ ਤੇ ਹੁਣ ਦੁਬਾਰਾ ਵਿਚਾਰ ਕਰਨ ਵਾਸਤੇ ਇਕ ਬਰਾਡ-ਬੇਸਡ ਕਮੇਟੀ ਬਣਾਈ ਗਈ ਹੈ ਜਿਸ ਵਿਚ ਅਕਾਲੀ, ਸੀ. ਪੀ. ਆਈ. ਵਾਲੇ ਅਤੇ ਕਾਂਗਰਸ ਦੇ ਮੈਂਬਰ ਵੀ ਹਨ । ਇਸ ਵਿਚ ਮੈਨੂੰ ਵੀ ਸ਼ਾਮਲ ਹੋਣ ਦਾ ਮੌਕਾ ਮਿਲਿਆ । ਮੇਰਾ ਖਿਆਲ ਹੈ ਕਿ ਇਹ ਕਮੇਟੀ ਜਲਦੀ ਹੀ ਇਸ ਸਾਰੀ ਚੀਜ਼ ਨੂੰ ਵੇਖ ਲਵੇਗੀ ਅਤੇ ਸਭ ਦੀ ਸ਼ੰਕਾ ਦੂਰ ਹੋ ਜਾਵੇਗੀ । ਇਹ ਇਕ ਬੜਾ ਸਿੰਪਲ ਬਿੱਲ ਹੈ ਕਿ 6 ਮਹੀਨੇ ਦੀ ਮਿਯਾਦ ਵੱਧਾ ਦਿੱਤੀ ਜਾਵੇ । 9 ਸਾਲ ਤੱਕ ਪੰਚਾਇਤਾਂ ਦੀਆਂ ਚੋਣਾਂ ਨਹੀਂ ਹੋ ਸਕੀਆਂ ਅਤੇ ਇਹ ਕਰੈਡਿਟ ਸਾਡੀ ਸਰਕਾਰ ਨੂੰ ਜਾਂਦਾ ਹੈ ਕਿ ਜੂਨ, 1972 ਵਿਚ ਪੰਚਾਇਤਾਂ ਦੀਆਂ ਚੋਣਾਂ ਹੋਈਆਂ । ਇਸੇ ਤਰ੍ਹਾਂ ਅਸੀਂ ਚਾਹੁੰਦੇ ਹਾਂ ਕਿ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਦੀਆਂ ਚੋਣਾਂ ਜਲਦੀ ਕਰਵਾਈਆਂ

Original with;
Punjab Vidhan Sabha
Digitized by;
Panjab Digital Library

ਜਾਣ ਅਤੇ ਇਨ੍ਹਾਂ ਅਦਾਰਿਆਂ ਨੂੰ ਤਾਕਤ ਦਿੱਤੀ ਜਾਵੇ ਅਤੇ ਇਨ੍ਹਾਂ ਨੂੰ ਫੰਡ ਵਗੈਰਾ ਦਿੱਤੇ ਜਾਣ । ਇਸ ਮੰਤਵ ਲਈ ਸਿਰਫ 6 ਮਹੀਨੇ ਹੀ ਮੰਗੇ ਗਏ ਹਨ । ਇਹ ਚੀਜ਼ ਦਸਦੀ ਹੈ ਕਿ ਸਰਕਾਰ ਨੂੰ ਕਿੰਨੀ ਐਗਜ਼ਾਇਟੀ ਹੈ, ਕਿੰਨੀ ਦਿਲਚਸਪੀ ਹੈ ਇਸ ਕੰਮ ਨੂੰ ਪੂਰਾ ਕਰਨ ਵਿਚ । ਸੋ, ਮੈਂ ਇਸ ਬਿੱਲ ਦੀ ਤਾਈਦ ਕਰਦਾ ਹੋਇਆ ਇਹ ਅਰਜ਼ ਕਰਾਂਗਾ ਕਿ ਹਾਊਸ ਨੂੰ ਇਸ ਨੂੰ ਫੌਰਨ ਯੂਨੈਨੀਮਸਲੀ ਪਾਸ ਕਰ ਦੇਣਾ ਚਾਹੀਦਾ ਹੈ ।

ਰਾਜ ਮੰਤਰੀ, ਵਿਕਾਸ (ਸਰਦਾਰ ਸੰਤੋਖ ਸਿਘ ਰੰਧਾਵਾ) : ਮਾਨਯੋਗ ਸਪੀਕਰ ਸਾਹਿਬ, ਜੋ ਅਮੈਂਡਮੈਂਟ ਮੈਂ ਲਿਆਂਦੀ ਹੈ, ਇਹ ਪਿਛਲੇ ਸਾਲ 1973 ਵਿਚ ਇਕ ਸਾਲ ਵਾਸਤੇ ਮਿਆਦ ਮੰਗੀ ਗਈ ਸੀ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਦੇ ਇਲੈਕਸ਼ਨ ਕਰਵਾਉਣ ਵਾਸਤੇ । ਹੁਣ ਮੈਂ 6 ਮਹੀਨੇ ਕਿਉਂ ਮੰਗ ਰਿਹਾ ਹਾਂ, ਇਸ ਬਾਰੇ ਬੈਕਗਰਾਊਂਡ ਦਸਦਾ ਹਾਂ । ਅਜ ਇਕ ਸਾਲ ਦੇ ਵਿਚ ਵਿਚ ਸਾਡੇ ਜਿਹੜੇ ਬਲਾਕਸ ਬਾਰਡਰ ਦੇ ਉਤੇ ਸਨ ਅਤੇ ਜਿਹੜੇ ਸਬਮਾਉਨਟੇਨੈਂਸ ਬਲਾਕਸ ਸਨ ਉਨ੍ਹਾਂ ਦੀ ਰੀਡਿਮਰਕੇਸ਼ਨ ਹੋਈ ਅਤੇ ਉਸ ਤੋਂ ਬਾਅਦ ਜੋ 3 ਕਮੇਟੀਜ਼ ਸਨ, ਜਿਵੇਂ ਸਰਦਾਰ ਹਰਚਰਨ ਸਿੰਘ ਜੀ ਨੇ ਦਸਿਆ, ਉਨ੍ਹਾਂ ਦੀਆਂ ਰਿਪੋਰਟਸ ਬੜੀ ਦੇਰ ਤੋਂ ਕੋਲਡ ਸਟੋਰੇਜ ਵਿਚ ਲਗੀਆਂ ਹੋਈਆਂ ਸਨ, ਉਨ੍ਹਾਂ ਨੂੰ ਸਾਹਮਣੇ ਰਖ ਕੇ ਇਕ ਆਫੀਸਰਜ਼ ਦੀ ਡਰਾਫਟਿੰਗ ਕਮੇਟੀ ਬਣਾਈ ਅੱਰ ਉਸ ਤੋਂ ਬਾਅਦ ਅਸੀਂ ਇਕ ਆਲ ਪਾਰਟੀਜ਼ ਦੀ ਕਮੇਟੀ ਬਣਾਈ, ਜਿਸ ਦੇ ਵਿਚ ਅਕਾਲੀ ਮੈਂਬਰ ਸਾਹਿਬਾਨ, ਕਮਿਉਨਿਸਟ ਮੈਂਬਰ ਸਾਹਿਬਾਨ ਅਤੇ ਕਾਂਗਰਸੀ ਮੈਂਬਰ ਸਾਹਿਬਾਨ ਸਾਰੇ ਉਸ ਦੇ ਵਿਚ ਬੈਠੇ ਅੱਰ ਉਸ ਦੇ ਉਤੇ ਕਾਫੀ ਵਿਚਾਰ ਕੀਤਾ ਅੱਰ ਇਨ੍ਹਾਂ ਨੇ ਬਹੁਤ ਅਛੀਆਂ ਸਿਫਾਰਸ਼ਾਤ ਗਵਰਨਮੈਂਟ ਕੋਲ ਕੀਤੀਆਂ ਹਨ । ਮੈਂ ਸਮਝਦਾ ਹਾਂ ਕਿ ਪਿਛਲੇ ਸਾਲ ਜਿਹੜਾ ਸੁਝਾਓ ਸੀ ਕਿ ਇਕ ਸਾਲ ਦੇ ਅੰਦਰ 'ਦਿਨ ਵਨ ਈਅਰ' ਇਲੈਕਸ਼ਨ ਅਸੀਂ ਕਰਵਾ ਦੇਈਏ ਤਾਂ ਜਿਹੜੀਆਂ ਇਹ ਤਿੰਨ ਕਮੇਟੀਜ਼ ਸਨ ਅਤੇ ਜੋ ਬਾਦਲ ਸਾਹਿਬ ਅਤੇ ਗਿਆਨੀ ਰਾਜਿੰਦਰ ਸਿੰਘ ਜੀ ਨੇ ਬਾਕੀ ਸੂਬਿਆਂ ਦੇ ਦੌਰੇ ਕੀਤੇ ਸਨ, ਮਹਾਰਾਸ਼ਟਰ ਵਿਚ ਗਏ, ਕੇਰਲ ਵਿਚ ਗਏ ਅਤੇ ਰਿਪੋਰਟਾਂ ਦਿੱਤੀਆਂ ਸਾਨੂੰ ਉਨ੍ਹਾਂ ਤੋਂ ਫਾਇਦਾ ਹੋਣਾ ਚਾਹੀਦਾ ਸੀ । ਮੈਂ ਸਮਝਦਾ ਹਾਂ ਕਿ ਰੂਰਲ ਏਰੀਏ ਵਿਚ, ਰੂਰਲ ਪਾਪੂਲੇਸ਼ਨ ਲਈ, ਜਿਹੜੀ 85% ਵਸਣ ਵਾਲੇ ਹਨ, ਅੱਰ ਜਿਨ੍ਹਾਂ ਨੂੰ ਮਹਾਤਮਾਂ ਗਾਂਧੀ ਨੇ, ਜਦੋਂ ਕਿ ਉਹ ਜੰਗੇ ਆਜ਼ਾਦੀ ਲੜ ਰਹੇ ਸਨ, ਕਾਲ ਦਿੱਤੀ ਸੀ ਕਿ ਤੁਸੀਂ ਮੇਰਾ ਸਾਥ ਦੇਵੋ ਮੈਂ ਤੁਹਾਨੂੰ ਰਾਜ ਦਿਵਾਵਾਂਗਾ, ਇਹ ਪੰਚਾਇਤੀ ਰਾਜ ਸੀ । 1912 ਵਿਚ ਪੰਚਾਇਤਾਂ ਬਣੀਆਂ ਅੱਰ ਸਰ ਸਿਕੰਦਰ ਹਿਆਤ ਖਾਂ ਨੇ 1939 ਵਿਚ ਡਾਇਰੈਕਟੋਰੇਟ ਆਫ ਪੰਚਾਇਤ ਬਣਾਇਆ ਅੱਰ ਸੂਬੇ ਦੇ 36 ਜ਼ਿਲ੍ਹਿਆਂ ਵਿਚ ਡਿਸਟ੍ਰਿਕਟ ਪੰਚਾਇਤ ਅਫਸਰ ਲਗਾਏ । ਫਿਰ ਸਰਦਾਰ ਪਰਤਾਪ ਸਿੰਘ ਕੈਰੋਂ ਨੂੰ ਇਹ ਫਖਰ ਹਾਸਿਲ ਹੋਇਆ ਕਿ ਉਨ੍ਹਾਂ ਨੇ 1961 ਦੇ ਵਿਚ ਟਿਥੇ ਪੰਚਾਇਤੀ ਰਾਜ ਬਣਾਇਆ । ਲੇਕਿਨ ਜੋ ਇਹ ਪੰਚਾਇਤੀ ਰਾਜ ਬਣਿਆ, ਇਸ ਬਾਰੇ ਉਸ ਵੇਲੇ ਤਾਂ ਜੋਸ਼ ਵਿਚ ਕਾਫੀ ਕੰਮ ਹੋਇਆ ਲੇਕਿਨ ਉਸ ਵਿਚ ਕਈ ਊਣਤਾਈਆਂ ਸਨ, ਜਿਨ੍ਹਾਂ ਦੀ ਵਜ੍ਹਾ ਕਰਕੇ ਬਾਅਦ ਵਿਚ ਕੰਮ ਮੱਧਮ ਪੈ ਗਿਆ । ਇਸ ਤੋਂ ਬਾਅਦ ਹੀ ਰਾਜਿੰਦਰ ਸਿੰਘ ਕਮੇਟੀ ਬਣੀ ਅਤੇ ਬਾਦਲ ਸਾਹਿਬ, ਜਿਹੜੇ ਅਕਾਲੀ ਸਰਕਾਰ ਵੇਲੇ ਡਿਵੈਲਪਮੈਂਟ ਮਨਿਸਟਰ ਸਨ ਅਤੇ ਜੋ ਆਪ ਇਸ ਕੰਮ ਵਿਚ ਇੰਟਰੈਸਟਿਡ ਸਨ, ਦੀ ਕਮੇਟੀ ਬਣੀ ਅੱਰ ਉਸ ਤੋਂ ਬਾਅਦ ਗਿਆਨੀ ਸਰਕਾਰ ਨੇ ਫੌਰੀ ਤੌਰ ਤੇ ਇਨ੍ਹਾਂ ਸਾਰੀਆਂ ਕਮੇਟੀਆਂ ਦੀਆਂ ਰਿਪੋਰਟਸ ਨੂੰ ਵੇਖਣ ਵਾਸਤੇ ਸਰਦਾਰ ਹਰਚਰਨ ਸਿੰਘ ਦੀ ਇਕ ਕਮੇਟੀ ਬਣਾਈ । ਅਸੀਂ ਜਿਹੜੀ ਅਮੈਂਡਮੈਂਟ ਕਰ ਰਹੇ ਹਾਂ ਉਹ ਇਸ ਵਾਸਤੇ ਕਰ ਰਹੇ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਵਿਕਾਸ]

ਹਾਂ ਕਿ ਇਕ ਸਾਲ ਦੀ ਮੋਹਲਤ ਨਹੀਂ ਮੰਗ ਰਹੇ, ਸਿਰਫ 6 ਮਹੀਨੇ ਦੀ ਮੋਹਲਤ ਮੰਗ ਰਹੇ ਹਾਂ ਅਤੇ ਇਹ ਇਸ ਕਰਕੇ ਕਿ ਬਹੁਤ ਜਲਦੀ ਚੋਣਾਂ ਕਰਵਾ ਦੇਵਾਂਗੇ । ਸਾਰੀਆਂ ਦੋ ਤਿੰਨ ਮੀਟਿੰਗਜ਼ ਹੋਣੀਆਂ ਹਨ ਸਾਡੀਆਂ ਅਤੇ ਉਸ ਤੋਂ ਬਾਅਦ ਜਿਹੜੀ ਤਾਕਤ ਲੋਕਾਂ ਦੀ, ਪਿੰਡਾਂ ਦੇ ਲੋਕਾਂ ਦੀ ਵਾਪਸ ਲੈ ਲਈ ਗਈ ਸੀ, ਅਸੀਂ ਚਾਹੁੰਦੇ ਹਾਂ ਕਿ ਅਸੀਂ ਉਸ ਨੂੰ ਡੀਸੈਂਟਰੇ-ਲਾਈਜ਼ ਕਰਕੇ, ਜ਼ਿਲ੍ਹਾ ਪਰੀਸ਼ਦਾਂ, ਪੰਚਾਇਤ ਸੰਮਤੀਆਂ ਅਤੇ ਪੰਚਾਇਤਾਂ ਨੂੰ ਵਾਪਿਸ ਦੇ ਦੇਈਏ ਤਾਂ ਜੋ ਉਹ ਪਿੰਡਾਂ ਦੀ ਪੂਰੀ ਤਰ੍ਹਾਂ ਨਾਲ ਡਿਵੈਲਪਮੈਂਟ ਕਰ ਸਕਣ ਅੱਤ ਜੋ ਮਹਾਤਮਾਂ ਗਾਂਧੀ ਅਤੇ ਪੰਡਿਤ ਨਹਿਰੂ ਨੇ ਸਪਨਾ ਲਿਆ ਸੀ, ਉਹ ਪੂਰਾ ਹੋ ਸਕੇ । ਇਸ ਵਾਸਤੇ, ਡਿਪਟੀ ਸਪੀਕਰ ਸਾਹਿਬ, ਮੈਂ ਹਾਊਸ ਅਗੇ ਬੇਨਤੀ ਕਰਾਂਗਾ ਕਿ ਇਹ ਜਿਹੜਾ ਅਮੈਂਡਿੰਗ ਬਿੱਲ ਹੈ, ਇਸ ਨੂੰ ਮਨਜ਼ੂਰ ਕਰ ਲਿਆ ਜਾਵੇ ।

Mr. Deputy Speaker : Question is—

That the Punjab Panchayat Samitis and Zila Parishads (Amendment) Bill, 1974 be taken into consideration at once.

The motion was carried.

Mr. Deputy Speaker : Now the House will proceed to consider the Bill Clause by Clause.

CLAUSE 2

Mr. Deputy Speaker : Question is—

That clause 2 stand part of the Bill.

The motion was carried.

CLAUSE 3

Mr. Deputy Speaker: Question is—

That clause 3 stand part of the Bill.

The motion was carried.

CLAUSE 1

Mr. Deputy Speaker : Question is—

That Clause 1 stand part of the Bill.

The motion was carried.

TITLE

Mr. Deputy Speaker : Question is—

That Title be the Title of the Bill.

The motion was carried.

Original with;
Punjab Vidhan Sabha
Digitized by;
Panjab Digital Library

Minister of State for Development (Sardar Santokh Singh Randhawa) : Sir, I beg to move–

That the Punjab Panchayat Samitis and Zila Parishads (Amendment) Bill, 1974 be passed.

Mr. Deputy Speaker : Motion moved—

That the Punjab Panchayat Samitis and Zila Parishads (Amendment) Bill, 1974 be passed.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ (ਖਰੜ) : ਡਿਪਟੀ ਸਪੀਕਰ ਸਾਹਿਬ, ਪਹਿਲਾਂ ਤਾਂ ਮੇਰਾ ਇਹ ਪੁਆਇੰਟ ਹੈ ਕਿ ਜਦੋਂ ਪਿਛਲੇ ਸਾਲ ਦੀ ਮਿਆਦ ਮੰਗੀ ਗਈ ਸੀ ਤਾਂ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦੀ ਟੈਨਿਓਰ ਵਧਾਈ ਗਈ ਜਿਹੜਾ ਕਿ ਬਿਲਕੁਲ ਗਲਤ ਡਸੀਜ਼ਨ ਸੀ ਹੁਣ ਇਹ 6 ਮਹੀਨੇ ਦੀ ਮਿਆਦ ਮੰਗੀ ਜਾ ਰਹੀ ਹੈ ਇਸ ਦੀ ਮੈਂ ਸਪੋਰਟ ਕਰਦਾ ਹਾਂ । ਜਿਸ ਤਰ੍ਹਾਂ ਨਾਲ ਕਿ ਪੰਜਾਬ ਸਰਕਾਰ ਦੇ ਡਿਵੈਲਪਮੈਂਟ ਮਨਿਸਟਰ ਆਪਣੇ ਵਿਚਾਰਾਂ ਦੀ ਡੂੰਘਾਈ ਵਿਚ ਜਾਕੇ ਪੰਚਾਇਤ ਸੰਮਤੀਆਂ ਦੇ ਸਾਰੇ ਸਿਸਟਮ ਤੇ ਵਿਚਾਰ ਕਰ ਰਹੇ ਹਨ ਅੱਜ ਉਨ੍ਹਾਂ ਨੇ ਇਸ ਲਈ ਜੋ ਕਮੇਟੀ ਬਣਾਈ ਹੈ ਜਿਸ ਵਿਚ ਕਿ ਹਾਊਸ ਦੇ ਕਈ ਮੈਂਬਰ ਵੀ ਲਏ ਗਏ ਹਨ ਅਤੇ ਉਹ ਪੰਚਾਇਤੀ ਰਾਜ ਦਾ ਬੁਨਿਆਦੀ ਤੌਰ ਤੇ ਸਾਰਾ ਸਿਸਟਮ ਸੋਚ ਰਹੇ ਹਨ ਇਸ ਵਾਸਤੇ ਮੈਂ ਤਾਂ ਇਹ ਕਹਾਂਗਾ ਕਿ ਮਨਿਸਟਰ ਸਾਹਿਬ ਨੂੰ ਇਸ ਹਾਊਸ ਵਿਚ ਇਹ ਐਸ਼ੋਰੈਂਸ ਦੇਣੀ ਚਾਹੀਦੀ ਹੈ....

(ਇਸ ਵੇਲੇ ਹਾਊਸ ਵਿਚ ਬਿਜਲੀ ਚਲੀ ਗਈ, ਮਾਈਕ ਬੰਦ ਹੋ ਗਏ ਅਤੇ ਕਾਫ਼ੀ ਅੰਧੇਰਾ ਹੋ ਗਿਆ)

ਸ਼੍ਰੀ ਡਿਪਟੀ ਸਪੀਕਰ : ਜੋਸ਼ ਸਾਹਿਬ ਜੀ, ਬੋਲੋ ਤੁਸੀਂ । (Com.Josh, you may please continue)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਇਨ੍ਹਾਂ ਨੇ ਜਿਹੜੀ ਕਮੇਟੀ ਬਣਾਈ ਹੈ ਉਹ ਇਕ ਚੰਗਾ ਕਦਮ ਹੈ ਪਰ ਮਨਿਸਟਰ ਸਾਹਿਬ ਨੂੰ ਹੁਣ ਇਸ ਹਾਊਸ ਵਿਚ ਇਹ ਯਕੀਨ ਦਿਵਾਉਣਾ ਚਾਹੀਦਾ ਹੈ ਕਿ ਹੁਣ ਉਹ ਇਸ 6 ਮਹੀਨਿਆਂ ਤੋਂ ਵਧ ਹੋਰ ਇਸ ਦੀ ਮਿਆਦ ਨਹੀਂ ਵਧਾਉਣਗੇ ਅਤੇ ਜ਼ਿਲ੍ਹਾ ਪਰਿਸ਼ਦਾਂ ਅਤੇ ਪੰਚਾਇਤ ਸੰਮਤੀਆਂ ਦੀਆਂ ਚੋਣਾਂ ਲਾਜ਼ਮੀ ਤੌਰ ਤੇ ਕਰਵਾ ਦੇਣਗੇ ।

ਡਿਪਟੀ ਸਪੀਕਰ ਸਾਹਿਬ, ਅਖੀਰ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਗੌਰਮਿੰਟ ਨੇ ਜਿਹੜੀ ਪਰਪੋਜ਼ਲ ਵਿਧਾਨ ਕਮੇਟੀ ਬਣਾਉਣ ਲਈ ਬੜੇ ਲੰਬੇ ਚੌੜੇ ਸੋਚ ਵਿਚਾਰ ਤੋਂ ਬਾਦ ਬਣਾਈ ਹੈ ਇਹ ਮਹਾਰਾਸ਼ਟਰਾ ਦੇ ਪੈਟਰਨ ਤੇ ਹੈ । ਜਿਸ ਤਰ੍ਹਾਂ ਕਿ ਉਥੇ ਜ਼ਿਲ੍ਹਾ ਪਰਿਸ਼ਦਾਂ ਨੂੰ ਮਜ਼ਬੂਤ ਅਤੇ ਪੰਚਾਇਤ ਸਮਤੀਆਂ ਨੂੰ ਮਜ਼ਬੂਤੀ ਦੇਣ ਲਈ ਕਾਰਜਕਾਰੀ ਕਮੇਟੀ ਬਣੀ ਹੈ ਅਤੇ ਉਨ੍ਹਾਂ ਨੇ ਉਸ ਦੀਆਂ ਮੁੱਖ ਸਿਫਾਰਸ਼ਾਂ ਨੂੰ ਪਰਵਾਨ ਕੀਤਾ ਹੈ ਪੰਜਾਬ ਗੌਰਮਿੰਟ ਨੂੰ ਵੀ ਇਸ ਕਮੇਟੀ ਦੀਆਂ ਰਿਕਮੈਂਡੇਸ਼ਨਜ਼ ਨੂੰ ਇਨ ਟੋਟੋ ਪਰਵਾਨ ਕਰ ਲੈਣਾ ਚਾਹੀਦਾ ਹੈ ।

Original with;
Punjab Vidhan Sabha
Digitized by;
Panjab Digital Library

Mr. Deputy Speaker : Question is—

That the Punjab Panchayat Samitis and Zila Parishads (Amendment) Bill, 1974 be passed.

The Motion was carried.

THE INDIAN STAMP (PUNJAB AMENDMENT) BILL, 1974

Minister for Revenue and Election (Sardar Umrao Singh) : Sir, I beg to introduce the Indian Stamp (Punjab Amendment) Bill, 1974.

Sir, I beg to move—

That the Indian Stamp (Punjab Amendment) Bill, 1974 be taken into consideration at once.

Mr. Deputy Speaker : Motion moved :

That the Indian Stamp (Punjab Amendment) Bill, 1974 be taken into consideration at once.

Mr. Deputy Speaker : Question is—

That the Indian Stamp (Punjab Amendment) Bill, 1974 be taken in to consideration at onee.

The motion was carried.

Mr. Deputy Speaker : Now the House will proceed to consider the Bill Clause by Clause.

CLAUSE 2

Mr. Deputy Speaker : Question is—

That Clause 2 stand part of the Bill.

The motion was carried.

CLAUSE 3

Mr. Deputy Speaker : Question is—

That Clause 3 stand part of the Bill.

The motion was carried.

CLAUSE 1

Mr. Deputy Speaker : Question is—

That clause 1 stand part of the Bill.

The motion was carried.

Original with;
Punjab Vidhan Sabha
Digitized by;
Panjab Digital Library

TITLE

Mr. Deputy Speaker : Question is—

That Title be the Title of the Bill.

The motion was carried.

Minister for Revenue and Elections (Sardar Umrao Singh) : Sir, I beg to move—

That the Indian Stamp (Punjab Amendment) Bill, 1974 be passed.

Mr. Deputy Speaker : Motion moved.

That the Indian Stamp (Punjab Amendment) Bill, 1974 be passed.

ਸਰਦਾਰ ਹਰਬੰਸ ਸਿੰਘ ਜਲਾਲ (ਫੂਲ) : ਡਿਪਟੀ ਸਪੀਕਰ ਸਾਹਿਬ, ਜਦੋਂ ਬਿਜਲੀ ਚਲੀ ਜਾਵੇ ਉਸ ਵੇਲੇ ਥੋੜੇ ਟਾਈਮ ਵਾਸਤੇ ਹਾਊਸ ਨੂੰ ਐਡਜਰਨ ਕਰ ਦੇਣਾ ਚਾਹੀਦਾ ਹੈ ।

ਮੈਂ ਮਹਿਸੂਸ ਕਰਦਾ ਹਾਂ ਕਿ ਸਰਕਾਰ ਨੇ ਪਿਛਲੇ ਸੈਸ਼ਨ ਵਿਚ ਇਹ ਵਾਇਦਾ ਕੀਤਾ ਸੀ ਕਿ ਅੱਗੇ ਤੋਂ ਕੋਈ ਨਵੇਂ ਟੈਕਸ ਨਹੀਂ ਲਗਾਏ ਜਾਣਗੇ । ਪਰ ਅੱਜ ਉਨ੍ਹਾਂ ਦੀ ਉਹ ਸਾਰੀ ਸਿਆਹੀ ਸੁਕ ਗਈ ਹੈ । ਇਨ੍ਹਾਂ ਨੇ ਇਸ ਤੋਂ ਬਾਅਦ 3 ਆਰਡੀਨੈਂਸ ਜਾਰੀ ਕੀਤੇ । ਇੰਡੀਅਨ ਸਟੈਂਪਸ ਐਕਟ ਦੇ ਤਹਿਤ ਸੇਲ ਦੇ ਉਤੇ 6% ਟੈਕਸ ਲਗਦਾ ਸੀ ਅਤੇ ਗਹਣੇ ਤੇ 3% ਟੈਕਸ ਲਗਦਾ ਸੀ ਪਰ ਹੁਣ ਇਨ੍ਹਾਂ ਨੇ ਇਕ ਦਮ ਵਧਾ ਕੇ 8% ਕਰ ਦਿੱਤਾ ਹੈ । ਹੁਣ ਉਸ ਆਰਡੀਨੈਂਸ ਨੂੰ ਕਾਨੂੰਨੀ ਰੂਪ ਦੇਣ ਲਈ ਇਨ੍ਹਾਂ ਨੇ ਇਹ ਅਮੈਂਡਮੈਂਟ ਬਿਲ ਲੈ ਆਂਦਾ ਹੈ । ਡਿਪਟੀ ਸਪੀਕਰ ਸਾਹਿਬ, ਇੰਡੀਅਨ ਸਟੈਂਪਸ ਐਕਟ, 1899 ਵਿਚ ਬਣਿਆ । ਇਹ ਐਕਟ ਸਾਰੇ ਹਿੰਦੁਸਤਾਨ ਵਿਚ ਇਕ ਯੂਨੀਫਾਰਮਿਟੀ ਕਾਇਮ ਕਰਨ ਵਾਸਤੇ ਬਣਾਇਆ ਗਿਆ ਸੀ ।

ਡਿਪਟੀ ਸਪੀਕਰ ਸਾਹਿਬ, ਇਹ ਪੰਜਾਬ ਦੀ ਬਦਕਿਸਮਤੀ ਹੈ ਕਿ ਪੰਜਾਬ ਦੇ ਹੁਕਮਰਾਨਾਂ ਨੇ ਜਿਹੜੀਆਂ ਬੜੀਆਂ ਮੁਸ਼ਕਲਾਂ ਨਾਲ ਅੰਗਰੇਜ਼ ਹਕੂਮਤ ਵੇਲੇ ਦੀਆਂ ਸਖਤ ਪਾਬੰਦੀਆਂ ਲਾਈਆਂ ਹੋਈਆਂ ਸੀ, ਜਿਨ੍ਹਾਂ ਨੂੰ ਯੂਨਾਈਟਿਡ ਫਰੰਟ ਨੇ ਕਿਸੇ ਵੇਲੇ ਖਤਮ ਕੀਤਾ ਸੀ, ਉਹੀ ਮੁੜ ਲਾ ਦਿੱਤੀਆਂ ਹਨ । ਜੇ ਇਨ੍ਹਾਂ ਤਿੰਨੇ ਕਲਾਜ਼ਾਂ ਨੂੰ ਇਕੱਠਾ ਕੀਤਾ ਜਾਵੇ ਅਤੇ ਇਸ ਦੇ ਨਤੀਜਿਆਂ ਨੂੰ ਵਿਚਾਰਿਆ ਜਾਵੇ ਤਾਂ ਪਤਾ ਲਗੇਗਾ ਕਿ ਜਿਹੜਾ 12% ਟੈਕਸ ਸੀ ਜਦੋਂ ਜਨਤਾ ਦਾ ਰਾਜ ਆਇਆ ਤਾਂ ਉਹ 12% ਤੋਂ ਘਟਾ ਕੇ 2% ਕਰ ਦਿੱਤਾ ਸੀ ਹੁਣ ਮੁੜ ਵਧਇਆ ਜਾ ਰਿਹਾ ਹੈ । ਮੇਰੇ ਪਾਸ ਇਸ ਤਰ੍ਹਾਂ ਦੇ ਟੈਕਸ ਦੇ ਸਾਰੀਆਂ ਸਟੇਟਾਂ ਦੇ ਅੰਕੜੇ ਹਨ । ਸਾਡੇ ਸੂਬੇ ਵਿਚ ਇਸ ਵੇਲੇ ਜਿਹੜੀ ਡਿਊਟੀ ਲਗਦੀ ਹੈ ਇਹ 3 ਰੁਪਏ ਹੈ ਪਰ ਇਹ ਡਿਊਟੀ ਰਾਜਸਥਾਨ ਵਿਚ 2 ਰੁਪਏ ਹੈ । ਕਈ ਸੂਬਿਆਂ ਵਿਚ ਇਹ ਪਹਿਲੇ ਸੈਂਕੜੇ ਤੇ ਜ਼ਿਆਦਾ ਹੈ ਪਰ ਫੇਰ ਇਹ ਘਟ ਹੈ । ਜਿਸ ਤਰ੍ਹਾਂ ਕੇਰਲ ਵਿਚ ਇਹ ਪਹਿਲੇ ਸੈਂਕੜੇ ਤੇ $4\frac{1}{4}\%$ ਹੈ ਪਰ ਫੇਰ ਇਹ $2\frac{1}{2}\%$ ਹੈ । ਇਸੇ ਤਰ੍ਹਾਂ ਉੜੀਸਾ ਵਿਚ ਇਹ 2.82 ਹੈ ਅਤੇ ਫੇਰ 2% ਹੀ ਹੈ । ਜੰਮੂ ਕਸ਼ਮੀਰ ਦੇ ਵਿਚ ਇਹ 2.25 ਹੈ, ਮੱਧ ਪ੍ਰਦੇਸ਼ ਦੇ ਵਿਚ ਇਹ 2.50 ਹੈ । ਇਸੇ ਤਰ੍ਹਾਂ ਹੋਰ ਕਈ ਥਾਵਾਂ ਤੇ 1% ਤੋਂ ਲੈਕੇ ਇਹ 2-3% ਤੱਕ ਹੈ । ਪਰ ਇਹ ਸਰਕਾਰ ਮੁੜ ਅੰਗਰੇਜ਼ ਹਕੂਮਤ ਦੀ ਯਾਦ ਤਾਜ਼ਾ ਕਰਨੀ ਚਾਹੁੰਦੀ ਹੈ, ਹੁਣ ਇਹ 3 ਰੁਪਏ ਤੋਂ ਵਧਾ ਕੇ

Original with;
Punjab Vidhan Sabha
Digitized by;
Panj[illegible]igital Library

[ਸਰਦਾਰ ਹਰਬੰਸ ਸਿੰਘ ਜਲਾਲ]

8 ਰੁਪਏ ਕਰ ਦੇਣਾ ਚਾਹੁੰਦੀ ਹੈ । ਇਹ ਉਸ ਆਦਮੀ ਨਾਲ ਜਿਸ ਨੇ ਮਜਬੂਰ ਹੋ ਕੇ ਆਪਣੀ ਪ੍ਰਾਪਰਟੀ ਵੇਚਣੀ ਹੋਵੇ, ਇਕ ਵਡੀ ਬੇਇਨਸਾਫੀ ਹੈ । ਆਮ ਤੌਰ ਤੇ ਇਹ ਡਿਊਟੀ ਲੈਣ ਵਾਲੇ ਤੇ ਲਗਦੀ ਹੈ, ਪਰ ਇਹ ਉਸ ਤੇ ਲਾਉਂਦੇ ਹਨ ਜਿਹੜਾ ਮਜਬੂਰ ਹੋਕੇ ਆਪਣੀ ਜਾਇਦਾਦ ਵੇਚਦਾ ਹੈ ਉਸ ਨੂੰ ਇਸ ਦਾ ਸ਼ਿਕਾਰ ਹੋਣਾ ਪੈਂਦਾ ਹੈ । ਫੇਰ ਡਿਊਟੀ ਜਿਹੜਾ ਗਿਫਟ ਦਿੱਤਾ ਜਾਵੇ ਉਸ ਤੇ ਵੀ ਇਨ੍ਹਾਂ ਨੇ ਲਾ ਦਿੱਤੀ ਹੈ ਪਹਿਲਾਂ ਗਿਫਟ ਤੇ ਕੋਈ ਡਿਊਟੀ ਨਹੀਂ ਸੀ ਹੁੰਦੀ । ਦੂਸਰੀਆਂ ਸਟੇਟਾਂ ਦੇ ਵਿਚ ਜਿਹੜੀ ਗਿਫਟ ਤੇ ਡਿਊਟੀ ਲਗਦੀ ਹੈ ਉਹ 1 ਰੁਪਏ ਜਾਂ 2 ਰੁਪਏ ਤੋਂ ਵਧ ਨਹੀਂ । ਮੱਧ-ਪ੍ਰਦੇਸ਼ ਵਿਚ ਗਿਫਟ ਇਕ ਹਜ਼ਾਰ ਰੁਪਏ ਤਕ ਅਲਾਊਡ ਹੈ । ਜਦੋਂ ਇਹ ਅਮਾਊਂਟ ਕਿਤੇ 10-20 ਹਜ਼ਾਰ ਤੋਂ ਉਪਰ ਹੋ ਜਾਵੇ ਤਾਂ ਲਗਦੀ ਹੈ । ਪਰ ਇਸ ਸਰਕਾਰ ਨੇ ਸੈਂਕੜੇ ਉਤੇ 8 ਰੁਪਏ ਦੀ ਡਿਊਟੀ ਲਾਈ ਹੈ ।

ਇਕ ਗਲ ਮੈਂ ਤੁਹਾਡੇ ਧਿਆਨ ਵਿਚ ਮਾਰਗੇਜ ਦੇ ਮੁਤਾਲਿਕ ਵੀ ਲਿਆਉਣਾ ਚਾਹੁੰਦਾ ਹਾਂ । ਜੇ ਕੋਈ ਸ਼ਖਸ ਮਾਰਗੇਜ ਡੀਡ ਰਾਹੀਂ ਆਪਣੀ ਚੀਜ਼ ਰਹਿਨ ਕਰਦਾ ਹੈ ਤਾਂ ਸਾਰੇ ਹਿੰਦੁਸਤਾਨ ਦੀਆਂ ਸਟੇਟਾਂ ਵਿਚ 2/25 ਤੋਂ ਵਧ ਨਹੀਂ । ਪਰ ਪੰਜਾਬ ਸਰਕਾਰ ਨੇ ਇਹ 2/25 ਤੋਂ ਵਧਾ ਕੇ 8 ਤੱਕ ਕਰ ਦਿੱਤਾ ਹੈ । ਜਦੋਂ ਕਿ ਦੂਸਰੀਆਂ ਸਟੇਟਾਂ ਵਿਚ ਇਹ ਵੱਧ ਤੋਂ ਵੱਧ 2/25 ਤੱਕ ਹੈ ਅਤੇ ਕਈ ਥਾਵਾਂ ਤੇ ਇਹ 65 ਪੈਸੇ ਅਤੇ 75 ਪੈਸੇ ਤੱਕ ਵੀ ਹੈ । ਕੋਈ ਆਦਮੀ ਜਦੋਂ ਆਪਣੀ ਜਾਇਦਾਦ ਰਹਿਨ ਕਰਦਾ ਹੈ ਤਾਂ ਮਜਬੂਰੀ ਦੇ ਵਿਚ ਆ ਕੇ ਹੀ ਕਰਦਾ ਹੈ । ਪਹਿਲਾਂ ਉਸ ਨੂੰ ਲੈਂਡ ਮਾਰਗੇਜ ਬੈਂਕ ਦੇ ਮੈਨੇਜਰ ਜਾਂ ਇਸ ਤਰ੍ਹਾਂ ਦੇ ਹੋਰ ਅਦਾਰਿਆਂ ਦੀਆਂ ਜੇਬਾਂ ਭਰਨੀਆਂ ਪੈਂਦੀਆਂ ਹਨ, ਉਥੇ ਉਸ ਦਾ 500 ਜਾਂ ਹਜ਼ਾਰ ਤੋਂ ਘਟ ਦੇ ਕੇ ਛੁਟਕਾਰਾ ਨਹੀਂ ਹੋ ਸਕਦਾ ਫੇਰ ਉਸ ਨੂੰ 8 ਦੀ ਦਰ ਨਾਲ ਸਰਕਾਰ ਨੂੰ ਡਿਊਟੀ ਦੇਣੀ ਪੈਂਦੀ ਹੈ । ਇਕ ਗਲ ਹੋਰ ਹੈ ਜੋ ਤੁਹਾਡੇ ਧਿਆਨ ਦੇ ਵਿਚ ਲਿਆਉਣ ਵਾਲੀ ਹੈ, ਡਿਪਟੀ ਸਪੀਕਰ ਸਾਹਿਬ, ਉਹ ਇਹ ਕਿ ਸਾਰੇ ਹਿੰਦੁਸਤਾਨ ਦੇ ਵਿਚ ਦੋ ਤਰ੍ਹਾਂ ਦੀਆਂ ਮਾਰਗੇਜਿਜ਼ ਚਲ ਰਹੀਆਂ ਹਨ, ਇਕ ਤਾਂ ਥੋੜੇ ਅਰਸੇ ਦੇ ਲਈ ਜਿਵੇਂ ਕਿ 5-10 ਸਾਲ ਵਾਸਤੇ ਜਦੋਂ ਕਿ ਕਿਸੇ ਨੂੰ ਆਪਣੇ ਬੱਚੇ ਦੀ ਪੜ੍ਹਾਈ ਜਾਂ ਹੋਰ ਵਿਆਹ ਕਾਰਜ ਲਈ ਪੈਸਾ ਚਾਹੀਦਾ ਹੋਵੇ ਗਰੀਬ ਆਦਮੀ ਨੂੰ ਮਾਰਗੇਜ ਕਰਨ ਦੀ ਲੋੜ ਹੁੰਦੀ ਹੈ, ਦੂਸਰੇ ਉਸ ਨੂੰ ਆਪਣੀ ਜਾਇਦਾਦ ਕੋਈ ਬਿਜ਼ਨੈਸ ਵਗੈਰਾ ਚਲਾਉਣ ਵਾਸਤੇ ਲੋੜ ਪੈਂਦੀ ਹੈ । ਇਕ ਮਾਰਗੇਜ ਵਿਦਆਊਟ ਪੁਜ਼ੈਸ਼ਨ ਵੀ ਹੁੰਦੀ ਹੈ ਜਿਸ ਤੇ ਜ਼ਿਮੀਦਾਰ ਨੂੰ ਬੜਾ ਘਟ ਪੈਸਾ ਮਿਲਦਾ ਹੈ । ਵਿਦਾਊਟ ਪੁਜ਼ੈਸ਼ਨ ਦੀ ਜਿਹੜੀ ਮਦ ਹੈ ਇਸ ਰਾਹੀਂ ਗ਼ਰੀਬ ਆਦਮੀ ਦਾ ਬੜਾ ਨੁਕਸਾਨ ਹੁੰਦਾ ਹੈ ਉਸ ਨੂੰ ਪੈਸਾ ਵੀ ਕੁਝ ਨਹੀਂ ਮਿਲਦਾ ।

ਇਸ ਦੇ ਨਾਲ ਹੀ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਅਸ਼ਟਾਮਾਂ ਦੇ ਵਲ ਦਵਾਉਣਾ ਚਾਹੁੰਦਾ ਹਾਂ । ਇਕ ਤਾਂ ਇਹ ਕਾਗ਼ਜ਼ਾਂ ਤੇ ਜੋ ਅਸ਼ਟਾਮ ਛਪਾਏ ਜਾਂਦੇ ਹਨ ਉਸ ਤੇ ਭਾਵੇਂ 2-4 ਪੈਸੇ ਖਰਚ ਆਉਂਦਾ ਹੈ । ਇਸਤਰ੍ਹਾਂ ਕਰਕੇ ਸਰਕਾਰ ਨੂੰ ਬਹੁਤ ਖਰਚ ਕਰਨਾ ਪੈਂਦਾ ਹੈ ਪਰ ਮੈਂ ਸਰਕਾਰ ਨੂੰ ਦਸਣਾ ਚਾਹੁੰਦਾ ਹਾਂ ਕਿ ਸਰਕਾਰ ਦੀ ਅਣਗਹਿਲੀ ਦੇ ਨਾਲ 13 ਲੱਖ ਰੁਪਏ ਤੋਂ ਵਧ ਦਾ ਅਸ਼ਟਾਮ ਜ਼ਾਇਆ ਹੋ ਰਿਹਾ ਹੈ, ਇਹ ਯੂ. ਟੀ. ਦੇ ਕਬਜ਼ੇ ਵਿਚ ਹੈ ਪਰ ਇਹ ਲੈ ਨਹੀਂ ਸਕਦੇ ਦੂਸਰੇ ਪਾਸੇ ਇਹ ਟੈਕਸ ਲਾਕੇ ਜਨਤਾ ਦਾ ਗਲਾ ਘੁਟ ਰਹੇ ਹਨ ।

ਮਾਲ ਮੰਤਰੀ (ਸਰਦਾਰ ਉਮਰਾਓ ਸਿੰਘ) : ਡਿਪਟੀ ਸਪੀਕਰ ਸਾਹਿਬ, ਇਸ ਹਾਊਸ ਦੇ ਇਕ ਨੌਜਵਾਨ ਮੈਂਬਰ ਨੇ ਜੋ ਦਲੀਲਾਂ ਦਿੱਤੀਆਂ ਹਨ, ਜੇ ਉਨ੍ਹਾਂ ਨੂੰ ਇਸ ਬਿਲ ਦੇ

Original with;
Punjab Vidhan Sabha
Digitized by;
Panjab Digital Library

ਮੁਤਾਲਿਕ ਪੂਰੀ ਵਾਕਫ਼ੀਅਤ ਹੁੰਦੀ ਤਾਂ ਉਹ ਬੋਲਣ ਦੀ ਤਕਲੀਫ ਵੀ ਨਾ ਕਰਦੇ। ਉਨ੍ਹਾਂ ਨੇ ਇਹ ਗ਼ਰੀਬ ਆਦਮੀ ਤੇ ਬੋਝ ਦਸਿਆ ਹੈ। ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਟੈਂਪ ਡਿਊਟੀ ਉਸ ਤੇ ਲਗਦੀ ਹੈ ਜਿਹੜਾ ਖਰੀਦਦਾਰੀ ਕਰਦਾ ਹੈ। ਇਹ ਜਿਹੜਾ ਨੌਜਵਾਨ ਨੇ ਕਿਹਾ ਹੈ, ਇਹ ਨਵੇਂ ਨਵੇਂ ਮੈਂਬਰ ਬਣੇ ਹਨ, ਇਨ੍ਹਾਂ ਨੂੰ ਮੈਂ ਕੁਝ ਕਹਿਣਾ ਨਹੀਂ ਚਾਹੁੰਦਾ ਹਾਂ। ਜੇ ਇਹ ਆਪਣੀ ਵਾਕਫੀਅਤ ਉਤੇ ਮੁਜ਼ਾਹਰਾ ਹੋਰ ਕਰੀ ਜਾਣਗੇ ਤਾਂ ਮੈਂ ਹੋਰ ਟੀਕਾ ਟਿਪਣੀ ਨਹੀਂ ਕਰਨਾ ਚਾਹੁੰਦਾ (ਵਿਘਨ)। ਡਿਪਟੀ ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਇਹ ਉਨ੍ਹਾਂ ਤੇ ਟੈਕਸ ਲਗਦਾ ਹੈ ਜਿਨ੍ਹਾਂ ਨੇ ਜ਼ਮੀਨ ਖਰੀਦਣੀ ਹੈ। ਜ਼ਮੀਨਾਂ ਦੇ ਸੌਦੇ ਇਕੱਲੇ ਪਿੰਡਾਂ ਵਿਚ ਹੀ ਨਹੀਂ ਹੁੰਦੇ ਸਗੋਂ ਸ਼ਹਿਰਾਂ ਵਿਚ ਵੀ ਹੁੰਦੇ ਹਨ। ਇਹ ਸਬਰਬਨ ਏਰੀਆਜ਼ ਵਿਚ ਵੀ ਹੁੰਦੇ ਹਨ। ਗਰੀਬ ਕਿਸਾਨ ਦੀ ਇਕ ਮੁਹਾਥਨੀ ਇਨ੍ਹਾਂ ਨੂੰ ਬਾਦਲ ਸਾਹਿਬ ਨੇ ਪੜ੍ਹਾ ਦਿਤੀ ਹੈ ਅਤੇ ਇਹ ਉਹੀ ਹੀ ਕਹੀ ਜਾਂਦੇ ਹਨ (ਵਿਘਨ)

(ਇਸ ਵੇਲੇ ਹਾਊਸ ਵਿਚ ਲਾਈਟ, ਜੋ ਕਿ ਪਹਿਲਾਂ ਗਈ ਹੋਈ ਸੀ, ਆ ਗਈ)

ਕਾਮਰੇਡ ਸੱਤ ਪਾਲ ਡਾਂਗ : ਮਨਿਸਟਰ ਸਾਹਿਬ ਨੇ ਮੰਨਿਆ ਹੈ ਕਿ ਕੰਮ ਬੜਾ ਮਾੜਾ ਹੈ ਅਤੇ ਅਨੇਰੇ ਵਿਚ ਹੀ ਹੋ ਸਕਦਾ ਹੈ। ਹੁਣ ਚਾਨਣ ਹੋ ਗਿਆ ਹੈ. ਇਸ ਲਈ ਇਹ ਕੰਮ ਛਡ ਦੇਣ। (ਵਿਘਨ) (ਹਾਸਾ)

ਮਾਲ ਮੰਤਰੀ : ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਜਿਸ ਤਰ੍ਹਾਂ ਹੋਰ ਸਟੇਟਾਂ ਵਿਚ ਹੁੰਦਾ ਹੈ ਉਸੀ ਤਰ੍ਹਾਂ ਹੀ ਇਥੇ ਹੋਣਾ ਚਾਹੀਦਾ ਹੈ। ਆਪੋਜ਼ੀਸ਼ਨ ਦਾ ਕੰਮ ਹੀ ਹੁੰਦਾ ਹੈ ਕਿ ਉਹ ਹਰ ਗਲ ਦੀ ਆਪੋਜੀਸ਼ਨ ਹੀ ਕਰੀ ਜਾਂਦੇ ਹਨ। ਇਨ੍ਹਾਂ ਨੇ 800 ਕਰੋੜ ਰੁਪਏ ਦੇ ਬਜਟ ਬਾਰੇ ਕਿਹਾ ਹੈ। ਅਸੀਂ ਤਾਂ ਪੰਜਾਬ ਦੇ ਹਰ ਪਿੰਡ ਵਿਚ ਸੜਕ ਲਿਆਉਣੀ ਹੈ, ਸਕੂਲ ਖੋਲ੍ਹਣਾ ਹੈ ਅਤੇ ਪੈਸੇ ਉਨ੍ਹਾਂ ਤੋਂ ਲੈਣੇ ਹਨ ਜਿਹੜੇ ਦੇ ਸਕਦੇ ਹਨ। ਅਮੀਰ ਕਿਸਾਨਾਂ ਦੀ, ਵੱਡੇ ਵੱਡੇ ਧਨਾਢਾਂ ਦੀ, ਜਿਨ੍ਹਾਂ ਨੇ ਜ਼ਮੀਨਾਂ ਖਰੀਦਣੀਆਂ ਹਨ, ਉਨ੍ਹਾਂ ਦੀ ਵਕਾਲਤ ਕਰਨੀ ਇਨ੍ਹਾਂ ਨੂੰ ਛਡ ਦੇਣੀ ਚਾਹੀਦੀ ਹੈ।

Mr. Deputy Speaker : Question is—

That the Indian Stamp (Punjab Amendment) Bill, 1974 be passed.

The Motion was carried

ਕਾਮਰੇਡ ਜੰਗੀਰ ਸਿੰਘ ਜੋਗਾ: ਮੈਂ ਇਸ ਬਿਲ ਤੇ ਬੋਲਣ ਲਈ ਖੜ੍ਹਾ ਹਾਂ ਜੀ। (ਵਿਘਨ)

ਸ਼੍ਰੀ ਡਿਪਟੀ ਸਪੀਕਰ : ਅਗਲੇ ਬਿਲ ਤੇ ਬੋਲ ਲਈਉ। (You may please speak on the next Bill.)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਆਨ ਏ ਪੁਆਇੰਟ ਆਫ ਆਰਡਰ ਸਰ। ਡਿਪਟੀ ਸਪੀਕਰ ਸਾਹਿਬ, ਇਥੇ ਸਾਡੇ ਵਿਧਾਨ ਸਭਾ ਸੈਕ੍ਰੇਟੇਰੀਏਟ ਕੋਲ ਜੈਨਰੇਟਰ ਹੈ। ਇਹ ਇਸ ਮਕਸਦ ਵਾਸਤੇ ਹੈ ਕਿ ਜਦੋਂ ਬਿਜਲੀ ਚਲੀ ਜਾਏ ਤਾਂ ਇਹ ਚਲਾਇਆ ਜਾਵੇ। ਇਹ ਹੁਣ ਬਿਜਲੀ ਜਾਣ ਤੇ ਕਿਉਂ ਨਹੀਂ ਚਲਾਇਆ ਗਿਆ ਹੈ।

ਸ਼੍ਰੀ ਡਿਪਟੀ ਸਪੀਕਰ : ਮੈਂ ਪਤਾ ਕਰ ਲਵਾਂਗਾ। (I shall find out.)

Original with;
Punjab Vidhan Sabha
Digitized by;
Panjab Digital Library

PUNJAB PASSENGERS AND GOODS TAXATION (AMENDMENT) BILL, 1974

Excise and Taxation Minister (Shri Yash Pal) : Sir, I beg to introduce the Punjab Passengers and Goods Taxation (Amendment) Bill.

I also move—

That the Punjab Passengers and Goods Taxation (Amendment) Bill be taken into consideration at once.

Mr. Deputy Speaker : Motion moved—

That the Punjab Passengers and Goods Taxation (Amendment) Bill be taken into consideration at once.

Mr. Deputy Speaker : Question is—

That the Punjab Passengers and Goods Taxation (Amendment) Bill be taken into consideration at once.

The Motion was carried

Mr. Deputy Speaker : Now the House will proceed to consider the Bill Clause by Clause.

(Interruption by Comrade Satyapal Dang)

CLAUSE 2

Mr. Deputy Speaker : Question is—

That Clause 2 stand part of the Bill.

The Motion was carried.

CLAUSE 3

Mr. Deputy Speaker : Question is—

That Clause 3 stand part of the Bill.

The Motion was carried.

(interruption by S. Ajaib Singh Sandhu)

CLAUSE 1

Mr. Deputy Speaker : Question is—

That Clauses 1 stand part of the Bill.

The Motion was carried.

Original with;
Punjab Vidhan Sabha
Digitized by
Panjab Digital Library

Mr. Deputy Speaker : Question is—

That title be the Title of the Bill.

The Motion was carried.

Excise and Taxation Minister (Shri Yash Pal) : Sir, I move—

That the Punjab Passengers and Goods Taxation (Amendment) Bill, 1974 be passed.

Mr. Deputy Speaker : Motion moved—

That the Punjab Passengers and Goods Taxation (Amendment) Bill, 1974 be passed.

ਕਾਮਰੇਡ ਸੱਤ ਪਾਲ ਡਾਂਗ (ਅੰਮ੍ਰਿਤਸਰ ਪੱਛਮ) : ਇਹ ਗਲਤ ਗਲ ਕੀਤੀ ਗਈ ਹੈ । ਪਹਿਲਾਂ ਮੈਨੂੰ ਕਿਹਾ ਗਿਆ ਠਹਿਰ ਜਾਉ । ਮੈਨੂੰ ਕੀ ਪਤਾ ਕਿ ਤੁਸੀਂ ਅਨਾਊਸਮੈਂਟ ਕਰੋਗੇ । ਇਸ ਬਿਲ ਦੇ ਪਾਸ ਹੋਣ ਤੇ ਮੈਨੂੰ ਕੋਈ ਇਤਰਾਜ਼ ਨਹੀਂ ਹੈ । ਬੰਗਲਾ ਦੇਸ਼ ਵਾਲਾ ਜਿਹੜਾ ਟੈਕਸ ਲਗਾ ਸੀ ਕਿ ਐਨੇ ਰੁਪਏ ਤੋਂ ਉਪਰ ਜੇ ਕਰਾਇਆ ਹੋਵੇ ਤਾਂ ਹਰ ਪੈਸੰਜਰ ਉਸ ਦੇ ਨਾਲ 5-10 ਪੈਸੇ ਹੋਰ ਟੈਕਸ ਦੇ ਦੇਵੇ, ਉਹ ਵਾਪਸ ਲੈ ਲਿਆ ਗਿਆ, ਇਹ ਬਿਲ ਹੈ, ਐਨਾ ਹੀ ਇਹ ਠੀਕ ਹੈ । ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਪਰੋਸੀਜਰ ਵਿਚ ਤੁਸੀਂ ਕੀਤਾ ਇਹ ਸਰਕਾਰ ਪਰੋਸੀਜਰ ਰਾਹੀਂ ਬਹੁਤ ਕੁਝ ਕਰ ਗਈ ਹੈ । ਇਹ ਬੰਗਲਾ ਦੇਸ਼ ਵਾਲਾ ਟੈਕਸ ਵਾਪਸ ਲੈ ਲਿਆ, ਚੰਗੀ ਗਲ ਕੀਤੀ ਹੈ । ਪਰ ਇਨ੍ਹਾਂ ਨੇ ਪਿਛੇ ਜਿਹੇ ਐਗਜ਼ੈਕਟਿਵ ਆਰਡਰ ਨਾਲ ਬਸਾਂ ਦੇ ਕਰਾਏ ਵਿਚ ਬਹੁਤ ਵਾਧਾ ਕੀਤਾ ਹੈ । ਕੋਈ ਇਹ 25% ਵਧਾਏ ਗਏ ਸੀ ਅਤੇ ਕਿਹਾ ਇਹ ਗਿਆ ਸੀ ਕਿ ਬਹੁਤ ਦੇਰ ਤੋਂ ਇਹ ਵਧਾਏ ਨਹੀਂ ਸੀ ਗਏ ਇਸ ਲਈ ਇਹ ਵਾਧਾ ਕੀਤਾ ਗਿਆ ਹੈ । ਪਰ ਜਿਸ ਵੇਲੇ ਇਹ ਕਰਾਏ ਵਧੇ ਤਾਂ ਵਧੇ ਹੋਏ ਕਰਾਇਆਂ ਤੇ ਟੈਕਸ ਵੀ ਵਧ ਗਿਆ । ਜਿਹੜੇ ਬਸਾਂ ਵਿਚ ਪੈਸੰਜਰ ਜਾਂਦੇ ਹਨ ਉਨ੍ਹਾਂ ਨੇ ਜਿਹੜਾ ਕਰਾਏ ਵਿਚ ਵਾਧਾ ਹੋਇਆ ਹੈ, ਉਹ ਵੀ ਦੇਣਾ ਹੈ ਅਤੇ ਫੇਰ ਉਸ ਉਤੇ ਜਿਹੜਾ ਟੈਕਸ ਵਧਿਆ ਹੈ ਉਹ ਵੀ ਦੇਣਾ ਹੈ । ਇਹ ਰਲੀਫ ਦਰਅਸਲ ਅਥਰੂ ਪੂੰਝਣ ਵਾਸਤੇ ਹੈ । ਬਸਾਂ ਵਿਚ ਜਿਹੜੇ ਪੈਸੰਜਰ ਸਫ਼ਰ ਕਰਦੇ ਹਨ ਉਹ ਗ਼ਰੀਬ ਸਫ਼ਰ ਕਰਦੇ ਹਨ । ਮੈਂ ਅਗੇ ਵੀ ਕਿਹਾ ਸੀ ਕਿ ਜੇ ਬਸਾਂ ਦਾ ਕਰਾਇਆ ਵਧਾਇਆ ਜਾਵੇ ਤਾਂ ਉਹ ਵਾਜਬ ਨਹੀਂ । ਜਦੋਂ ਖ਼ਾਸ ਤੌਰ ਤੇ ਇਹ ਖਰਚੇ ਦੀ ਗਲ ਕਰਨਗੇ ਤਾਂ ਵੱਧ ਤਨਖਾਹਾਂ ਦੀਆਂ ਗਲਾਂ ਕਰਨਗੇ । ਮੈਂ ਇਸ ਹਾਊਸ ਵਿਚ ਡਿਪਟੀ ਸਪੀਕਰ ਸਾਹਿਬ, ਇਹ ਦਸ ਚੁਕਾ ਹਾਂ ਕਿ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਵਿਚ ਬਹੁਤ ਕੁਰੱਪਸ਼ਨ ਹੈ, ਉਥੇ ਬਹੁਤ ਕੁਰੱਪਟ ਅਫ਼ਸਰ ਹਨ ਜਿਨ੍ਹਾਂ ਕਰਕੇ ਉਥੇ ਲੱਖਾਂ ਰੁਪਏ ਦੇ ਗਬਨ ਹੁੰਦੇ ਹਨ । ਦੋਵੇਂ ਪਬਲਿਕ ਸੈਕਟਰ ਵਿਚ ਹਨ । ਇਨ੍ਹਾਂ ਦੀ ਸਰਵਿਸਿਜ਼ ਦਾ ਮਾੜਾ ਹਾਲ ਹੈ ਜਿਸ ਨੂੰ ਕਿ ਪੰਜਾਬ ਦਾ ਬੱਚਾ ਬੱਚਾ ਜਾਣਦਾ ਹੈ । (ਵਿਘਨ) ਇਸ ਕਰਕੇ ਇਹ ਜੋ ਐਗਜ਼ੈਕਟਿਵ ਆਰਡਰ ਨਾਲ ਕੀਤਾ ਹੈ, ਕਰਾਇਆਂ ਵਿਚ ਵਾਧਾ ਕੀਤਾ ਹੈ ਅਤੇ ਫੇਰ ਉਸ ਉਤੇ ਟੈਕਸ ਵਧਿਆ ਹੈ, ਇਹ ਗੈਰ ਵਾਜਿਬ ਗਲ ਹੈ ।

ਜਲੰਧਰ, ਲੁਧਿਆਣਾ ਜਾਂ ਅੰਮ੍ਰਿਤਸਰ ਵਰਗੇ ਸ਼ਹਿਰਾਂ ਵਿਚ ਜਿਥੇ ਕਿ ਬਹੁਤ ਸਾਧਾਰਨ ਗਰੀਬ ਲੋਕ, ਜਿਹੜੇ ਕਿ ਫੈਕਟਰੀਆਂ ਵਿਚ ਕੰਮ ਕਰਦੇ ਹਨ ਜਾਂ ਦੁਕਾਨਾਂ ਤੇ ਕੰਮ ਕਰਦੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਹਨ ਉਹ ਲੋਕਲ ਬਸਾਂ ਤੇ ਚੜ੍ਹਕੇ ਜਾਂਦੇ ਹਨ ਉਨ੍ਹਾਂ ਤੇ ਵੀ ਕਰਾਏ ਵਧੇ ਹੋਣ ਕਰਕੇ ਜ਼ਿਆਦਾ ਬੋਝ ਪੈ ਗਿਆ ਹੈ । ਮੈਂ ਇਸ ਬਿਲ ਦੇ ਵਿਰੁੱਧ ਨਹੀਂ ਹਾਂ ਕਿਉਂਕਿ ਬੰਗਲਾ ਦੇਸ਼ ਦਾ ਟੈਕਸ ਕਢਿਆ ਹੈ । ਪਰ ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹੇ ਬਗੈਰ ਵੀ ਨਹੀਂ ਰਹਿ ਸਕਦਾ ਅਤੇ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਜੋ ਕਰਾਇਆਂ ਵਿਚ ਵਾਧਾ ਕੀਤਾ ਹੈ, ਇਹ ਕੋਈ ਚੰਗੀ ਗਲ ਨਹੀਂ ਕੀਤੀ ਹੈ ।

ਚੌਧਰੀ ਕਾਂਸ਼ੀ ਰਾਮ : ਡਾਂਗ ਸਾਹਿਬ ਨੇ ਕਿਹਾ ਹੈ ਕਿ ਕਰਾਇਆਂ ਵਿਚ ਜੋ ਵਾਧਾ ਹੋਇਆ ਹੈ ਉਹ ਨਾਜਾਇਜ਼ ਹੈ ਪਰ ਜੇ ਅਸੰਬਲੀ ਦੀਆਂ ਸੀਟਾਂ ਵਿਚ ਵਾਧਾ ਹੋਇਆ ਤਾਂ ਕੀ ਉਹ ਵੀ ਨਾਜਾਇਜ਼ ਹੋਵੇਗਾ ?

ਆਬਕਾਰੀ ਤੇ ਕਰ ਮੰਤਰੀ : ਮੈਂ ਅਰਜ਼ ਕਰਦਾ ਹਾਂ ਕਿ ਡਾਂਗ ਸਾਹਿਬ ਨੇ ਇਸ ਦੀ ਹਿਮਾਇਤ ਕੀਤੀ ਹੈ । ਪਰ ਡਾਕਟਰ ਸਾਹਿਬ ਨੇ ਕਿਹਾ ਸੀ ਕਿ ਡਿਸਐਪਰੂਵ ਕੀਤਾ ਜਾਏ । ਜਿਥੋਂ ਤਕ ਬਿਲ ਦੇ ਪਾਸ ਹੋਣ ਦਾ ਤਾਲੁੱਕ ਹੈ, ਬਾਕੀ ਸਾਰਿਆਂ ਨੇ ਕਿਹਾ ਹੈ ਕਿ ਇਸ ਨੂੰ ਪਾਸ ਕੀਤਾ ਜਾਏ । ਇਸ ਲਈ ਮੈਂ ਹੋਰ ਕੁਝ ਨਹੀਂ ਕਹਿਣਾ ਚਾਹੁੰਦਾ ।

Mr. Deputy Speaker : Question is—

> That the Punjab Passengers and Goods Taxation (Amendment) Bill, 1974 be passed.

The motion was carried.

RESOLUTION UNDER ARTICLE 213 (2) (a) OF THE CONSTITUTION OF INDIA, DISAPPROVING THE PUNJAB ENTERTAINMENTS DUTY (AMENDMENT) ORDINANCE, 1974 (PUNJAB ORDINANCE NO. 7 OF 1974) AND

THE PUNJAB ENTERTAINMENTS DUTY (AMENDMENT) BILL, 1974

Mr. Deputy Speaker: If the House agrees, as per past practice, the resolution disapproving the Ordinance and the Bill seeking to replace the Ordinance will be discussed together but voted upon separately.

Voices: Yes, Yes.

Comrade Satya Pal Dang: Sir, I beg to move—

> That this House disapproves the Punjab Entertainments Duty (Amendment) Ordinance, 1974 (Punjab Ordinance No. 7 of 1974).

Excise and Taxation Minister (Shri Yash Pal): Sir, I beg to introduce the Punjab Entertainments Duty (Amendment) Bill, 1974.

Sir, I also move—

> That the Punjab Entertainments Duty (Amendment) Bill, 1974 be taken into consideration at once.

Original with;
Punjab Vidhan Sabha
Digitized by;
Panjab Digital Library

RESOLUTION UNDER ARTICLE 213 (2) (A) DISAPPROVING THE PUNJAB ENTERTAINMENTS DUTY (AMENDMENT) ORDINANCE, 1974 (PUNJAB ORDINANCE NO. 7 OF 1974) AND THE PUNJAB ENTERTAINMENTS DUTY (AMENDMENT) BILL, 1974

Mr. Deputy Speaker: Motions moved—

(i) That this House disapproves the Punjab Entertainments Dut y (Amendment) Ordinancce, 1974 (Punjab Ordinance No. 7 of 1974).

and

(ii) That the Punjab Entertainments Duty (Amendment) Bill, 1974 be taken into consideration at once.

ਕਾਮਰੇਡ ਸੱਤ ਪਾਲ ਡਾਂਗ (ਅੰਮ੍ਰਿਤਸਰ ਪੱਛਮ): ਡਿਪਟੀ ਸਪੀਕਰ ਸਾਹਿਬ, ਜਿਹੜਾ ਕੰਮ ਇਨ੍ਹਾਂ ਟਰਾਂਸਪੋਰਟ ਦੇ ਵਿਚ ਅੱਧਾ ਬਿੱਲ ਰਾਹੀਂ ਅਤੇ ਅੱਧਾ ਇਕ ਐਗਜ਼ੈਕਟਿਵ ਆਰਡਰ ਦੇ ਰਾਹੀਂ ਕੀਤਾ ਸੀ ਇਸ ਕੇਸ ਦੇ ਵਿਚ ਇਨ੍ਹਾਂ ਨੇ ਦੋਨੋਂ ਕੰਮ ਇਸ ਆਰਡੀਨੈਂਸ ਦੇ ਰਾਹੀਂ ਕੀਤੇ ਸਨ । ਬੰਗਲਾ ਦੇਸ਼ ਦੇ ਰਿਫਿਊਜੀਆਂ ਦੀ ਮੱਦਦ ਦੇ ਲਈ ਸਿਨਮਾ ਦੀ ਟਿਕਟ ਦੇ ਉਤੇ ਟੈਕਸ ਲਗਾਇਆ ਗਿਆ ਸੀ 10 ਪੈਸੇ ਦਾ। ਉਹ ਟੈਕਸ ਇਨ੍ਹਾਂ ਨੇ ਇਸ ਆਰਡੀਨੈਂਸ ਦੇ ਰਾਹੀਂ ਮੁਆਫ਼ ਕੀਤਾ ਸੀ ਪਰ ਡਿਪਟੀ ਸਪੀਕਰ ਸਾਹਿਬ, ਕੀਤਾ ਕੀ ਕਿ ਦੂਜੇ ਪਾਸੇ ਆਰਡੀਨੈਂਸ ਦੇ ਰਾਹੀਂ ਇਕ ਹੋਰ ਕੰਮ ਕੀਤਾ ਇਨ੍ਹਾਂ ਨੇ ਕਿ ਅੱਗੇ ਕਾਨੂੰਨ ਦੇ ਵਿਚ ਇਹ ਲਿਖਿਆ ਸੀ ਕਿ ਜਿੰਨੇ ਸਿਨਮਾਂ ਵੇਖਣ ਦੀ ਟਿਕਟ ਦੇ ਉਤੇ ਪੈਸੇ ਲਗਦੇ ਸਨ ਉਸ ਦੇ ਉਤੇ ਪੰਜਾਬ ਸਰਕਾਰ ਵੱਧ ਤੋਂ ਵੱਧ 60% ਤੱਕ ਟੈਕਸ ਲਾ ਲਵੇ, 50% ਲਾ ਸਕਦੀ ਹੈ, 40% ਵੀ ਲਾ ਸਕਦੀ ਹੈ ਅਤੇ ਭਾਵੇਂ 30% ਲਾ ਲਵੇ ਅਤੇ ਜਿੰਨਾ ਮਰਜ਼ੀ ਹੈ ਲਾ ਲਵੇ ਪਰ ਜੇ ਸਿਨਮਾ ਦੀ ਟਿਕਟ 1 ਰੁਪਏ ਦੀ ਹੈ ਤਾਂ 60 ਪੈਸੇ ਤੋਂ ਵੱਧ ਟੈਕਸ, ਡਿਪਟੀ ਸਪੀਕਰ ਸਾਹਿਬ, ਨਹੀਂ ਲਾ ਸਕਦੇ ਸੀ । ਇਨ੍ਹਾਂ ਨੇ ਆਰਡੀਨੈਂਸ ਕਰਕੇ ਉਹ 60% ਵਾਲੀ ਗੱਲ ਦੀ ਹੱਦ, ਡਿਪਟੀ ਸਪੀਕਰ ਸਾਹਿਬ, ਕੱਢ ਦਿੱਤੀ ਹੈ ਅੱਤ ਫਿਰ ਇਕ ਐਗਜ਼ੈਕਟਿਵ ਆਰਡਰ ਕਰ ਦਿੱਤਾ ਆਰਡੀਨੈਂਸ ਕਰਕੇ ਇਹ 60% ਵਾਲੀ ਲਿਮਿਟ ਖਤਮ ਕਰਕੇ ਫਿਰ ਬਾਕੀ ਆਰਡੀਨੈਂਸ ਦੇ ਰਾਹੀਂ ਸਿਨਮਾ ਵੇਖਣ ਵਾਲਿਆਂ ਦੇ ਉਤੇ ਪਹਿਲਾਂ ਜਿਹੜਾ ਟੈਕਸ ਲੱਗਦਾ ਸੀ ਉਹ ਸੌ ਫੀ ਸਦੀ ਕਰ ਦਿੱਤਾ ; ਜੇ ਇਕ ਰੁਪਿਆ ਦਾ ਟਿਕਟ ਸੀ ਜਿਹੜਾ ਕਿ ਸਿਨਮਾ ਦੇ ਮਾਲਕ ਨੂੰ ਜਾਣਾ ਹੈ ਉਸ ਦੇ ਉਤੇ 1 ਰੁਪਏ ਟੈਕਸ ਕਰ ਦਿੱਤਾ । ਇਸ ਤਰ੍ਹਾਂ ਡਿਪਟੀ ਸਪੀਕਰ ਸਾਹਿਬ, ਇਹ ਦੋ ਗੱਲਾਂ ਹੋ ਗਈਆਂ ਹਨ । ਇਕ ਤਾਂ ਇਨ੍ਹਾਂ ਨੇ ਸੌ ਫੀ ਸਦੀ ਟੈਕਸ ਲਾ ਦਿੱਤਾ ਹੈ ਇਸ ਤਰ੍ਹਾਂ ਭਾਵੇਂ ਟੈਕਸ 200% ਲਾ ਲਿਆ ਜਾਵੇ ਭਾਵੇਂ 300% ਲਾ ਲਿਆ ਜਾਵੇ, ਇਹ ਇਨ੍ਹਾਂ ਦੇ ਅਖ਼ਤਿਆਰ ਵਾਲੀ ਗੱਲ ਹੈ ਕਿਉਂਕਿ 60% ਵਾਲਾ ਲਫ਼ਜ਼ ਤਾਂ ਕੱਟ ਦਿੱਤਾ ਹੈ । ਹੁਣ ਕੋਈ ਹੱਦ ਨਹੀਂ ਰੱਖੀ ਜਿੰਨਾਂ ਮਰਜ਼ੀ ਹੈ ਲਾ ਲੈਣ । ਜੇ ਇਕ ਰੁਪਏ ਦਾ ਟਿਕਟ ਹੋਵੇ ਤਾਂ ਉਸ ਦੇ ਉਤੇ ਇਹ 4 ਰੁਪਏ ਵੀ ਟੈਕਸ ਲਾ ਸਕਦੇ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਇਸ ਦੀ ਬਿਲਕੁਲ ਵਿਰੋਧਤਾ ਕਰਦਾ ਹਾਂ । ਇਹ ਠੀਕ ਹੈ ਕਿ ਤੁਸੀਂ ਕਹੋਗੇ ਕਿ ਸਿਨਮਾ ਦੀ ਨਸੈਸਟੀ ਹੈ । ਮੈਂ ਬੇਨਤੀ ਕਰਾਂਗਾ ਕਿ ਇਹ ਸਿਨਮਾ ਜਿਹੜਾ ਹੈ ਇਹ ਰੀਕਰੀਏਸ਼ਨ, ਐਂਟਰਟੇਨਮੈਂਟ ਅੱਤ ਇਕ ਬੈਸਟ ਐਜੂਕੇਸ਼ਨ ਵੀ ਹੋ ਸਕਦਾ ਹੈ ਅਗਰ ਸਰਕਾਰ ਬਣਾਉਣਾ ਚਾਹੇ ਪਰ ਜੇ ਫਿਲਮਾਂ ਚੰਗੀਆਂ ਹੋਣ । ਇਹ ਵੀ ਨਾ ਹੋਵੇ ਕਿ ਅਮਰੀਕਾ ਦੀ ਹਾਲੀਵੁੱਡ ਦੀ ਨਕਲ ਕਰਕੇ ਨਵੀਂ ਕਿਸਮ ਦੀਆਂ ਫਿਲਮਾ ਦਿਖਾਈਆਂ ਜਾਣ । ਇਸ ਨਾਲ ਇਸ ਦਾ ਬੁਰਾ ਅਸਰ ਪੈਂਦਾ ਹੈ । ਸਿਨਮਾ ਲੋਕਾਂ ਨੂੰ ਐਜੂਕੇਟ ਕਰਨ ਦਾ ਇਕ ਚੰਗਾ ਜ਼ਰੀਆ ਬਣ ਸਕਦਾ ਹੈ ਪਰ ਜੇ ਇਧਰ ਧਿਆਨ ਦਿੱਤਾ ਜਾਵੇ ਲੇਕਿਨ ਇਹ ਜਾਣਦੇ ਹੋਏ ਵੀ ਕਿ ਇਹ ਐਂਟਰਟੇਨਮੈਂਟ ਅੱਤ ਰੀਕਰੀਏਸ਼ਨ ਦਾ ਇਕ ਜ਼ਰੀਆ ਹੈ, ਡਿਪਟੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਸਪੀਕਰ ਸਾਹਿਬ, ਸਾਡਾ ਮੁਲਕ ਹਾਲਾਂ ਐਨਾ ਗਰੀਬ ਹੈ ਕਿ ਸਾਡੇ ਕਲਚਰਲ ਦੇ ਸਾਧਨ ਐਨੇ ਘੱਟ ਹਨ ਕਿ ਆਮ ਜਨਤਾ ਲਈ ਐਂਟਰਟੇਨਮੈਂਟ ਔਰ ਰੀਕਰੀਏਸ਼ਨ ਦਾ ਸਾਧਨ ਇਕੋ ਹੀ ਹੈ ਔਰ ਉਹ ਸਿਨਮਾ ਹੈ ਹੋਰ ਕੋਈ ਸਾਧਨ ਨਹੀਂ ਹੈ। ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਸਿਨਮਾ ਦੇ ਵਿਚ ਜਿਹੜੇ ਆਮ ਲੋਕੀਂ ਜਾਂਦੇ ਹਨ ਘੱਟੋ ਘੱਟ ਕਲਾਸ 3 ਜਿਹੜੀ ਸਭ ਨਾਲੋਂ ਹੇਠਲੀ ਕਲਾਸ ਹੈ ਉਸ ਦਾ ਕੁਝ ਲਿਹਾਜ਼ ਕਰ ਲੈਂਦੇ। ਮੈਂ ਬੇਨਤੀ ਕਰਦਾ ਹਾਂ ਕਿ ਜੇ ਇਨ੍ਹਾਂ ਨੇ ਕੋਈ ਆਮਦਨ ਪੈਦਾ ਕਰਨੀ ਸੀ ਤਾਂ ਸਿਨਮਾ ਦੇ ਮਾਲਿਕਾਂ ਦੇ ਉਤੇ ਕਿਸੇ ਢੰਗ ਨਾਲ ਟੈਕਸ ਹੋਰ ਵਧਾ ਦਿੰਦੇ ਇਥੇ ਚੰਡੀਗੜ੍ਹ ਯੂ.ਟੀ. ਦੇ ਵੀ ਸਿਨਮੇ ਚੱਲਦੇ ਹਨ ਇਥੇ ਜਿਹੜੇ ਸਿਨਮੇ ਬਣੇ ਹਨ ਇਨ੍ਹਾਂ ਦੀਆਂ ਬਿਲਡਿੰਗਜ਼ ਬੜੀਆਂ ਨਵੀਆਂ ਨਵੀਆਂ ਹਨ ਅਤੇ ਉਨ੍ਹਾਂ ਬਿਲਡਿੰਗਜ਼ ਨੂੰ ਬਣੀਆਂ ਨੂੰ ਬਹੁਤ ਥੋੜੀ ਦੇਰ ਹੋਈ ਹੈ ਅਤੇ ਇਥੇ ਏਅਰ ਕੰਡੀਸ਼ਨ ਸਿਨਮੇ ਬਣੇ ਹਨ ਇਸ ਦੇ ਮੁਕਾਬਲੇ ਵਿਚ ਜੇ ਪੰਜਾਬ ਦੀਆਂ ਸਿਨਮਾਂ ਦੀਆਂ ਬਿਲਡਿੰਗਜ਼ ਦੇਖੀਆਂ ਜਾਣ ਤਾਂ ਉਹ ਬਾਬੇ ਆਦਮ ਦੇ ਵੇਲੇ ਦੀਆਂ ਬਣੀਆਂ ਹੋਈਆਂ ਹਨ। ਉਨ੍ਹਾਂ ਦੀ ਬੜੀ ਭੈੜੀ ਹਾਲਤ ਹੈ। ਮੋਗਾ ਜਿਹੀਆਂ ਸਿਨਮੇ ਦੀਆਂ ਬਿਲਡਿੰਗਜ਼ ਜਿਥੇ ਕਿ ਪਿਛੇ ਇੰਸੀਡੈਂਟ ਹੋਇਆ ਸੀ ਉਨ੍ਹਾਂ ਸਿਨਮਿਆਂ ਦੀ ਹਾਲਤ ਬਹੁਤ ਖਰਾਬ ਹੈ। ਇਸ ਤੋਂ ਇਹ ਸੀ ਕਿ ਤੁਸੀਂ ਪੰਜਾਬ ਦੇ ਸਿਨਮਿਆਂ ਦੇ ਮਾਲਿਕਾਂ ਦੇ ਉਤੇ ਕੋਈ ਹੋਰ ਟੈਕਸ ਲਾ ਦਿੰਦੇ, ਕੋਈ ਸ਼ੋ ਟੈਕਸ ਲਾ ਦਿੰਦੇ। ਇਹ ਠੀਕ ਹੈ ਕਿ ਸਿਨਮਾ ਐਂਟਰਟੇਨਮੈਂਟ ਔਰ ਰੀਕਰੀਏਸ਼ਨ ਦਾ ਜ਼ਰੀਆ ਹੈ ਪਰ ਫਿਰ ਵੀ ਉਸ ਦੇ ਉਤੇ ਅਨਲਿਮਿਟਿਡ ਟੈਕਸ ਲਗਾਉਣ ਦਾ ਅਖਤਿਆਰ ਲੈ ਲੈਣਾ ਅਤੇ ਉਸ ਨੂੰ 100 ਫੀ ਸਦੀ ਕਰ ਦੇਣਾ, ਡਿਪਟੀ ਸਪੀਕਰ ਸਾਹਬ, ਇਹ ਕੋਈ ਚੰਗੀ ਗੱਲ ਨਹੀਂ ਹੈ।

Mr. Deputy Speaker : Question is—

That this House disapproves the Punjab Entertainments Duty (Amendment) Ordinance, 1974 (Punjab Ordinance No. 7 of 1974.)

The Motion was lost.

Mr. Deputy Speaker : Question is—

That the Punjab Entertainments Duty (Amendment) Bill, 1974 be taken into consideration at once.

The Motion was carried.

Mr. Deputy Speaker: Now the House will proceed to consider the Bill, clause by clause.

CLAUSE 2

Mr. Deputy Speaker : Question is—

That Clause 2 stand part of the Bill.

The Motion was carried.

Original with;
Punjab Vidhan Sabha
Digitized by;
Panjab Digital Library

CLAUSE 3

Mr. Deputy Speaker : Question is—

That Clause 3 stand part of the Bill.

The motion was carried.

CLAUSE 4

Mr. Deputy Speaker : Question is—

That Clause 4 stand part of the Bill.

The motion was carried.

CLAUSE 5

Mr. Deputy Speaker : Question is—

That Clause 5 stand part of the Bill.

The motion was carried.

CLAUSE 1

Mr. Depuy Speaker: Question is—

That clause 1 stand part of the Bill.

The motion was carried

TITLE

Mr. Deputy Speaker: Question is—

That title be the title of the Bill.

The motion wes carried.

Excise & Taxation Minister: Sir, I beg to move—

That the Punjab Entertainments Duty (Amendment) Bill, 1974 be passed.

Mr. Deputy Speaker: Motion moved—

That the Punjab Entertainments Duty (Amendment) Bill, 1974 be passed.

ਸ਼੍ਰੀ ਸਰਦਾਰੀ ਲਾਲ ਕਪੂਰ (ਲੁਧਿਆਣਾ ਉਤਰ): ਮੇਰੀ ਪ੍ਰਾਰਥਨਾ ਇਸ ਬਿੱਲ ਦੇ ਮੁਤੱਲਕ ਇਹ ਹੈ ਕਿ ਜਿਹੜਾ ਇਨ੍ਹਾਂ ਨੇ ਟੈਕਸ ਲਗਾਇਆ ਹੈ ਅਤੇ ਉਸ ਦੇ ਬਾਰੇ ਕੁਝ ਕਿਹਾ ਗਿਆ ਹੈ ਉਹ ਤੁਸੀਂ ਸੁਣਿਆ ਹੈ । ਮੈਂ ਇਸ ਗੱਲ ਦਾ ਹਾਮੀ ਹਾਂ ਕਿ ਇਹ ਜਿਹੜੀ ਕਲਾਸ ਥਿਰੀ ਹੈ ਉਸ ਦੇ ਉਤੇ ਟੈਕਸ ਐਨਾ ਨਹੀਂ ਸੀ ਚਾਹੀਦਾ । ਮੈਂ ਇਕ ਗੱਲ ਹੋਰ ਜ਼ਰੂਰ ਕਹਾਂਗਾ ਕਿ ਸਿਨਮਾਂ ਦੇ ਮਾਲਿਕਾਂ ਨੇ ਇਕ ਹੋਰ ਤਰੀਕਾ ਅਖਤਿਆਰ ਕੀਤਾ ਹੈ । ਉਹ ਇਹ ਹੈ ਕਿ ਜਦ ਕੋਈ ਚੰਗੀ ਫਿਲਮ ਆ ਜਾਂਦੀ ਹੈ ਤਾਂ ਉਸ ਦੇ ਵਿਚ ਬੜੀ ਬਲੈਕ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਰਦਾਰੀ ਲਾਲ ਕਪੂਰ]

ਚਲਦੀ ਹੈ । ਉਹ ਆਪਣੇ ਆਦਮੀਆਂ ਨੂੰ ਖੜਾ ਕਰਕੇ ਟਿਕਟਾਂ ਲੈ ਲੈਂਦੇ ਹਨ ਅਤੇ ਫਿਰ ਉਹੀ ਟਿਕਟਾਂ ਬਲੈਕ ਵਿਚ ਵੇਚਣੀਆਂ ਸ਼ੁਰੂ ਕਰ ਦਿੰਦੇ ਹਨ । ਇਹ ਐਨੀ ਬਲੈਕ ਹੁੰਦੀ ਹੈ ਕਿ ਇਸ ਦੇ ਮੁਤੱਲਕ ਕਈ ਵਾਰੀ ਸ਼ਿਕਾਇਤਾਂ ਵੀ ਕੀਤੀਆਂ ਗਈਆਂ ਪਰ ਕੁਝ ਨਹੀਂ ਹੋਇਆ । ਮੈਂ ਸਮਝਦਾ ਹਾਂ ਕਿ ਇਹ ਜਿਹੜੀ ਬਲੈਕ ਹੈ ਇਸ ਜ਼ਰੀਏ ਨਾਲ ਮਾਲਿਕਾਂ ਨੂੰ ਲੁਟਾਉਣ ਵਾਲੀ ਗੱਲ ਹੈ । ਜਦ ਗਰੀਬ ਆਦਮੀ ਟਿਕਟ ਲੈਣ ਜਾਂਦਾ ਹੈ ਤਾਂ ਉਸ ਨੂੰ ਕਹਿੰਦੇ ਹਨ ਕਿ ਜਗ੍ਹਾ ਨਹੀਂ ਹੈ ਔਰ ਉਹ ਪਹਿਲਾਂ ਹੀ ਟਿਕਟ ਵਿਕੇ ਹੁਦੇ ਹਨ । ਇਸ ਲਈ ਮੈਂ ਪ੍ਰਾਰਥਨਾ ਕਰਾਂਗਾ ਕਿ ਇਸ ਦੇ ਮੁਤੱਲਕ ਕੋਈ ਨਾ ਕੋਈ ਚੈਕ ਜ਼ਰੂਰ ਕਰਨ ।

ਆਬਕਾਰੀ ਅਤੇ ਕਰ ਮੰਤਰੀ (ਸ਼੍ਰੀ ਯਸ਼ਪਾਲ): ਡਿਪਟੀ ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਇਹ ਗੱਲ ਕਹੀ ਹੈ ਕਿ ਐਂਟਰਟੇਨਮੈਂਟ ਦਾ ਹੋਰ ਕੋਈ ਜ਼ਰੀਆ ਨਹੀਂ ਹੈ, ਮੈਂ ਇਨ੍ਹਾਂ ਨਾਲ ਸਹਿਮਤ ਹਾਂ । ਆਪਣੇ ਇਸ ਗਰੀਬ ਦੇਸ਼ ਵਿਚ ਐਂਟਰਟੇਨਮੈਂਟ ਦਾ ਹੋਰ ਕੋਈ ਸਾਧਨ ਨਹੀਂ ਹੈ ਪਰ ਸਰਕਾਰ ਕੋਲ ਵੀ ਆਮਦਨ ਦਾ ਹੋਰ ਕੋਈ ਸਾਧਨ ਟੈਕਸ ਲਾਉਣ ਤੋਂ ਇਲਾਵਾ ਨਹੀਂ ਹੈ । ਟੈਕਸ ਲਾਉਣ ਦੇ ਸਾਧਨ ਲਿਮਿਟਿਡ ਹਨ । ਉਨ੍ਹਾਂ ਨੇ ਇਕ ਦੋ ਹੋਰ ਗੱਲਾਂ ਕੀਤੀਆਂ ਹਨ । ਉਨ੍ਹਾਂ ਨੇ ਕਿਹਾ ਹੈ ਕਿ ਸਰਕਾਰ ਨੇ ਸੌ ਫੀ ਸਦੀ ਟੈਕਸ ਕਰ ਦਿੱਤਾ ਹੈ ਇਸ ਦੇ ਬਾਰੇ ਮੈਂ ਦੱਸਦਾ ਹਾਂ ਕਿ ਪੰਜਾਬ ਕੋਈ ਪਹਿਲਾ ਸੂਬਾ ਨਹੀਂ ਹੈ ਜਿਸ ਨੇ ਇਸ ਤਰ੍ਹਾਂ ਕੀਤਾ ਹੈ, ਹੋਰ ਸੂਬਿਆਂ ਨੇ ਵੀ ਇਸ ਤਰ੍ਹਾਂ ਕੀਤਾ ਹੈ । ਬਲਕਿ ਇਕ ਸੂਬੇ ਵਿਚ ਤਾਂ ਸੌ ਫ਼ੀ ਸਦੀ ਤੋਂ ਵੀ ਜ਼ਿਆਦਾ ਹੈ । ਪੰਜਾਬ ਸਰਕਾਰ ਨੇ ਜਿਹੜਾ ਅਖਤਿਆਰ ਲਿਆ ਹੈ ਇਹ ਸੌ ਫ਼ੀ ਸਦੀ ਤੋਂ ਵੱਧ ਜਾਣ ਦਾ ਨਹੀਂ ਹੈ । ਜਿੰਨੀ ਐਡਮਿਸ਼ਨ ਫੀ ਹੈ, ਉਸ ਉਤੇ ਜਿੰਨਾ ਹੋ ਸਕਦਾ ਹੈ ਉਸ ਤੋਂ ਵੱਧ ਨਹੀਂ ਹੋ ਸਕਦਾ । ਇਹ ਜਿਹੜਾ ਉਨ੍ਹਾਂ ਨੇ ਕਿਹਾ ਹੈ ਕਿ ਇਹ 200% ਅਤੇ 300% ਹੋ ਸਕਦਾ ਹੈ, ਇਹ ਗਲਤ ਹੈ । ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਸ਼ੋ ਟੈਕਸ ਵਧਾ ਦੇਣਾ ਚਾਹੀਦਾ ਹੈ । ਪੰਜਾਬ ਵਿਚ ਇਸ ਵੇਲੇ ਸਾਰੇ ਹਿੰਦੁਸਤਾਨ ਵਿਚੋਂ ਸਭ ਤੋਂ ਜ਼ਿਆਦਾ ਸ਼ੋ ਟੈਕਸ ਹੈ ਬਲਕਿ ਕਈ ਸੂਬਿਆਂ ਨਾਲੋਂ ਇਥੇ 3-4 ਗੁਣਾਂ ਹੈ । ਪੰਜਾਬ ਵਿਚ ਜਿੰਨਾ ਸ਼ੋ ਟੈਕਸ ਹੈ ਇਤਨਾ ਹੋਰ ਕਿਸੇ ਸੂਬੇ ਵਿਚ ਨਹੀਂ ਹੈ । ਇਹ ਵੀ ਦੋ ਢਾਈ ਸਾਲ ਪਹਿਲਾਂ ਕੀਤਾ ਹੈ । ਜੇ ਸ਼ੋ ਟੈਕਸ ਵਧਾ ਦਿੱਤਾ ਜਾਵੇ ਤਾਂ ਇਹ ਅਨਰੀਜ਼ਨੇਬਲ ਹੋ ਜਾਵੇਗਾ ਕਿਉਂਕਿ ਇਹ ਹਿੰਦੁਸਤਾਨ ਵਿਚੋਂ ਪਹਿਲੋਂ ਹੀ ਸਭ ਤੋਂ ਜ਼ਿਆਦਾ ਹੈ । ਨਾਲ ਹੀ ਇਹ ਵੀ ਹੈ ਕਿ ਉਸ ਦੇ ਨਾਲ ਐਨੀ ਆਮਦਨ ਨਹੀਂ ਹੋ ਸਕਦੀ । ਸਾਡੇ ਕੋਲ ਹੋਰ ਕੋਈ ਸਾਧਨ ਨਹੀਂ ਹੈ ਇਸ ਕਰਕੇ ਇਹ ਜਿਹੜਾ ਟੈਕਸ ਹੈ ਇਹ ਲੋਕਾਂ ਨੂੰ ਬਰਦਾਸ਼ਤ ਕਰਨਾ ਪਵੇਗਾ । ਇਹ ਲੋਕਾਂ ਦੀ ਸਹਾਇਤਾ ਵਾਸਤੇ ਹੈ ਅਤੇ ਡਿਵੈਲਪਮੈਂਟ ਦੇ ਕੰਮ ਕਰਨ ਵਾਸਤੇ ਹੀ ਹੈ ।

Mr. Deputy Speaker : Question is—

That the Punjab Entertainments Duty (Amendment) Bill, 1974 be passed.

The motion was carried.

ਸ਼੍ਰੀ ਸਰਦਾਰੀ ਲਾਲ ਕਪੂਰ: ਮੈਂ ਬਲੈਕ ਦੇ ਮਸਲੇ ਬਾਰੇ ਕਿਹਾ ਹੈ ਇਹ ਉਸ ਦਾ ਵੀ ਕੁਝ ਜਵਾਬ ਦੇ ਦੇਣ ।

Original with;
Punjab Vidhan Sabha
Digitized by;
Panjab Digital Library

RESOLUTION UNDER ARTICLE 213 (2) (a) OF THE CONSTITUTION OF INDIA DISAPPROVING THE PUNJAB MOTOR SPIRIT (TAXATION OF SALES) AMENDMENT ORDINANCE, 1974 (PUNJAB ORDIANCE NO. 8 OF 1974)

AND

THE PUNJAB MOTOR SPIRIT (TAXATION OF SALES) SECOND AMENDMENT BILL, 1974.

Mr. Deputy Speaker: If the House agrees as per past practice, the resolution disapproving the Ordinance and the Bill seeking to replace the Ordinance will be discussed together, but voted upon separately.

Voices: Yes, Yes.

Doctor Baldev Parkash: Sir, I beg to move—

> That this House disapproves the Punjab Motor Spirit (Taxation of Sales) Amendment Ordinance, 1974 (Punjab Ordinance No. 8 of 1974)

Excise and Taxation Minister (Shri Yash Pal): Sir, I beg to introduce the Punjab Motor Spirit (Taxation of Sales) Second Amendment Bill, 1974.

Sir, I also beg to move—

> That the Punjab Mortor Spirit (Taxation of Sales) Second Amendment Bill, 1974 be taken into consideration at once.

Mr Deputy Speaker: Motion moved—

(i) That this House disapproves the Punjab Motor Spirit (Taxation of Sales) Amendment Ordinance, 1974 (Punjab Ordinance No. 8 of 1974)

(ii) That the Punjab Motor Spirit (Taxation of Sales) Second Amendment Bill, 1974, be taken into consideration at once.

ਡਾਕਟਰ ਬਲਦੇਵ ਪ੍ਰਕਾਸ਼ (ਅੰਮ੍ਰਿਤਸਰ ਪੂਰਬ): ਸਪੀਕਰ ਸਾਹਿਬ, ਮੇਰਾ ਇਹ ਕਹਿਣਾ ਹੈ ਕਿ ਪੈਟਰੋਲ, ਡੀਜ਼ਲ ਅੌਰ ਬਾਕੀ ਤੇਲ ਜਿਹੜੇ ਇਸਤੇਮਾਲ ਹੁੰਦੇ ਹਨ ਉਨ੍ਹਾਂ ਦੀ ਕੀਮਤ ਇਤਨੀ ਅਗੇ ਹੀ ਜ਼ਿਆਦਾ ਵੱਧ ਚੁਕੀ ਹੈ ਕਿ ਉਸ ਤੇ ਸੇਲ ਟੈਕਸ ਵਧਾਉਣਾ ਇਹ ਬਹੁਤ ਹੀ ਗੈਰ ਮੁਨਾਸਿਬ ਹੈ । ਆਮ ਆਦਮੀ ਜਿਹੜਾ ਕਿ ਡੀਜ਼ਲ ਜਾਂ ਪੈਟਰੋਲ ਇਸਤੇਮਾਲ ਕਰਦੇ ਹਨ ਖੇਤੀਬਾੜੀ ਲਈ ਜਾਂ ਆਪਣੇ ਸਕੂਟਰ, ਕਾਰ ਵਾਸਤੇ, ਉਨ੍ਹਾਂ ਤੇ ਪਿਛੇ ਜਿਹੇ ਕੇਂਦਰੀ ਸਰਕਾਰ ਨੇ ਕੀਮਤ ਵਧਾ ਕੇ ਬੋਝ ਪਾਇਆ ਸੀ ਅਤੇ ਉਸ ਤੋਂ ਬਾਦ ਜਿੰਨਾ ਪੈਸਾ ਉਸ ਦੀ ਜੇਬ ਵਿਚੋਂ ਜਾ ਰਿਹਾ ਹੈ ਉਸ ਦੀ ਜੇਬ ਵਿਚੋਂ ਹੋਰ ਪੈਸਾ ਕਢਣ ਲਈ ਜੋ ਸਾਡੀ ਸੂਬਾਈ ਸਰਕਾਰ ਨੇ ਹੋਰ ਟੈਕਸ ਲਗਾ ਕੇ ਕੋਸ਼ਿਸ਼ ਕੀਤੀ ਹੈ, ਇਹ ਠੀਕ ਨਹੀਂ ਕੀਤਾ, ਇਹ ਗੈਰ ਮੁਨਾਸਿਬ ਹੈ । ਇਹ ਕਹਿਣਗੇ ਕਿ ਥੋੜ੍ਹਾ ਜਿਹਾ ਟੈਕਸ ਵਧਾਇਆ ਹੈ, 7 ਪੈਸੇ ਦੀ ਜਗ੍ਹਾ 9 ਪੈਸੇ ਅਤੇ 9 ਪੈਸੇ ਦੀ ਜਗ੍ਹਾ 15 ਪੈਸੇ ਕੀਤਾ ਹੈ । ਮੇਰੀ ਅਰਜ਼ ਹੈ ਕਿ ਇਹ ਥੋੜ੍ਹਾ ਜਿਹਾ ਵੀ ਵਾਧਾ ਉਨ੍ਹਾਂ ਤੇ ਐਡੀਸ਼ਨਲ ਬਰਡਨ ਹੋਵੇਗਾ । ਡਿਪਟੀ ਸਪੀਕਰ ਸਾਹਿਬ, ਜਿੰਨਾ ਟੋਟਲ ਪੈਟਰੋਲ ਜਾਂ ਡੀਜ਼ਲ ਜਾਂ ਹੋਰ ਤੇਲ ਕਨਜ਼ਿਊਮ ਹੁੰਦਾ ਹੈ ਉਸ ਤੇ ਅਸਲ ਕੀਮਤ ਤਾਂ 60% ਹੀ ਹੁੰਦੀ ਹੈ ਅੌਰ ਬਾਕੀ ਦਾ ਕੇਂਦਰੀ ਸਰਕਾਰ ਜਾਂ ਸੂਬਾਈ ਸਰਕਾਰ ਦਾ ਟੈਕਸ ਹੀ ਹੁੰਦਾ ਹੈ ।

Original with;
Punjab Vidhan Sabha
Digitized by;
Panjab Digital Library

ਚੌਧਰੀ ਕਾਂਸ਼ੀ ਰਾਮ: ਆਨ ਦੇ ਪੁਆਇੰਟ ਆਫ ਇਨਫਰਮੇਸ਼ਨ ਸਰ । ਡਿਪਟੀ ਸਪੀਕਰ ਸਾਹਿਬ, ਡਾਕਟਰ ਬਲਦੇਵ ਪ੍ਰਕਾਸ਼ ਜੀ ਇਹ ਵੀ ਦੱਸ ਦੇਣ ਕਿ ਸਾਡੀ ਅਮਰ ਵਿਚ ਕੀ ਕੀਮਤ ਹੈ ?

ਡਾਕਟਰ ਬਲਦੇਵ ਪ੍ਰਕਾਸ਼: ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਸਾਊਦੀ ਅਰਬ ਦਾ ਜ਼ਿਕਰ ਕੀਤਾ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਊਦੀ ਅਰਬ ਵਿਚ ਜਦੋਂ ਉਨ੍ਹਾਂ ਨੇ 6 ਪੈਸੇ ਰੇਟ ਵਧਾਇਆ ਸੀ ਤਾਂ ਇਨ੍ਹਾਂ ਨੇ 1 ਰੁਪਿਆ 6 ਪੈਸੇ ਵਧਾਇਆ । ਇਹ ਸਰਕਾਰ ਕਹਿੰਦੀ ਹੈ ਕਿ ਲੋਕ ਪੈਟਰੋਲ ਘੱਟ ਇਸਤੇਮਾਲ ਕਰਨ ਇਸ ਕਰਕੇ ਉਨ੍ਹਾਂ ਨੇ ਰੇਟ 1 ਰੁਪਿਆ 6 ਪੈਸੇ ਵਧਾ ਦਿੱਤਾ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਕੋਈ ਗੱਲ ਨਹੀਂ । ਸਰਕਾਰ ਪੈਟਰੋਲ ਦਾ ਰਾਸ਼ਟਰੀਕਰਣ ਕਰ ਦੇਵੇ । ਹਰ ਆਦਮੀ ਜਿਹੜਾ ਸਕੂਟਰ ਰਖਦਾ ਹੈ ਦਫ਼ਤਰ ਵਿਚ ਜਾਣ ਲਈ ਜਾਂ ਕਾਰਖਾਨੇ ਵਿਚ ਜਾਣ ਲਈ ਉਸ ਨੂੰ 10 ਲਿਟਰ ਤੇਲ 20 ਰੁਪਏ ਵਿਚ ਜਾਂ 30 ਰੁਪਏ ਵਿਚ ਦੇ ਦਿਉ ਪਰ ਇਸ ਤਰ੍ਹਾਂ ਕਨਜਮਪਸ਼ਨ ਨੂੰ ਘਟਾਉਣ ਲਈ ਇਤਨੀ ਕੀਮਤ ਵਧਾਈ ਜਾਣਾ, ਇਹ ਤਰੀਕਾ ਠੀਕ ਨਹੀਂ ਹੈ । ਮਿੱਟੀ ਦਾ ਤੇਲ ਵੀ ਮੈਂ ਦੱਸਣਾ ਚਾਹੁੰਦਾ ਹਾਂ ਕਿ 7 ਪੈਸੇ ਇਕ ਬੋਤਲ ਦਾ ਵਧਿਆ ਸੀ ਪਰ ਕੇਂਦਰੀ ਸਰਕਾਰ ਨੇ 27 ਪੈਸੇ ਵਧਾਇਆ ਸੀ । ਫਿਰ ਡਿਪਟੀ ਸਪੀਕਰ ਸਾਹਿਬ, ਮੇਰਾ ਇਹ ਵੀ ਕਹਿਣਾ ਹੈ ਕਿ ਪੈਟਰੋਲ ਆਦਿ ਦਾ ਰਾਸ਼ਟਰੀਕਰਣ ਬੜੀ ਆਸਾਨੀ ਨਾਲ ਹੋ ਸਕਦਾ ਹੈ । ਇਸ ਦੇ ਕਰਨ ਨਾਲ ਕੋਈ ਐਸੀ ਗਲ ਨਹੀਂ ਜਿਸ ਰਾਹੀਂ ਸਰਕਾਰ ਦੀ ਕੋਈ ਲੰਮੀ ਚੌੜੀ ਮਸ਼ੀਨਰੀ ਇਸਤੇਮਾਲ ਹੋਣੀ ਹੈ । ਪੈਟਰੋਲ ਪੰਪ ਸਰਕਾਰ ਦੇ ਅਗੇ ਹੀ ਲਾਇਸੈਂਸੀ ਹਨ ਔਰ ਜਿਤਨੀਆਂ ਕਾਰਾਂ ਜਾਂ ਸਕੂਟਰ ਹਨ ਉਹ ਸਾਰੇ ਰਜਿਸਟਰਡ ਹਨ ਜਿਸ ਤੋਂ ਸਭ ਕੁਝ ਪਤਾ ਲਗ ਸਕਦਾ ਹੈ । ਕੀਮਤਾਂ ਵਧਾ ਕੇ ਇਹ ਕਹਿਣਾ ਕਿ ਕੋਈ ਸਕੂਟਰ ਜਾਂ ਕਾਰ ਚਲਾ ਨਾ ਸਕੇ, ਇਹ ਗਲ ਮੁਨਾਸਿਬ ਨਹੀਂ ਹੈ । ਹੁਣ ਜਿਹੜਾ ਇਨ੍ਹਾਂ ਨੇ ਹੋਰ ਟੈਕਸ ਵਧਾ ਦਿੱਤਾ ਹੈ ਇਹ ਗੈਰ ਮੁਨਾਸਿਬ ਹੈ ਔਰ ਮੈਂ ਇਹ ਕਹਾਂਗਾ ਕਿ ਇਹ ਰਿਪੀਲ ਹੋਣਾ ਚਾਹੀਦਾ ਹੈ ।

Mr. Deputy Speaker: Question is—

That this House disapproves the Punjab Motor Spirit (Taxation of Sales) Amendment Ordinance, 1974 (Punjab Ordinance No. 8 of 1974)

The motion was lost.

Mr. Deputy Speaker : Question is—

That the Punjab Motor Spirit (Taxation of Sales) Second Amendment Bill, 1974, be taken into consideration at once.

The motion was carried

Mr Deputy Speaker: Now the House will proceed to consider the Bill clause by clause.

CLAUSE 2

Mr. Deputy Speaker: Question is—

That Clause 2 stand part of the Bill.

The motion was carried.

Original with;
Punjab Vidhan Sabha
Digitized by;
Panjab Digital Library

RESOLUTION UNDER ARTICLE 213 (2) (a) DISAPPROVING THE PUNJAB MOTOR SPIRIT (TAXATION OF SALES) AMENDMENT ORDINANCE, 1974 (PUNJAB ORDINANCE NO. 8 OF 1974)

AND

THE PUNJAB MOTOR SPIRIT (TAXATION OF SALES) SECOND AMENDMENT BILL, 1974.

CLAUSE 3

Mr. Deputy Speaker : Question is—

That Clause 3 stand part of the Bill.

The motion was carried.

CLAUSE 1

Mr. Deputy Speaker : Question is—

That clause 1 stand part of the Bill.

The motion was carried.

TITLE

Mr. Deputy Speaker: Question is—

That Title be the title of the Bill.

The motion was carried.

Excise and Taxation Minister (Shri Yash Pal): Sir, I beg to move—

That the Punjab Motor Spirit (Taxation of Sales) Second Amendment Bill, 1974, be passed.

ਡਿਪਟੀ ਸਪੀਕਰ ਸਾਹਿਬ, ਇਕ ਅਰਜ਼ ਕਰਨੀ ਚਾਹੁੰਦਾ ਹਾਂ ਕਿ ਡਾਕਟਰ ਸਾਹਿਬ ਦਾ ਜਿਥੋਂ ਤਕ ਇਹ ਸਵਾਲ ਹੈ ਕਿ ਇਹ ਆਰਡੀਨੈਂਸ ਨੂੰ ਡਿਸਅਪਰੂਵ ਕਰਦੇ ਹਨ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਇਹ ਅਸੀਂ ਮੂਵ ਕੀਤਾ ਸੀ ਕਿ ਜਿਹੜੇ ਪਹਿਲਾਂ 5 ਪੈਸੇ ਲਗੇ ਸੀ ਉਹ ਹਟਾ ਦਿੱਤੇ ਜਾਣ ਤਾਂ ਵੀ ਇਨ੍ਹਾਂ ਨੇ ਡਿਸਅਪਰੂਵ ਕੀਤਾ ਸੀ । ਜਿਹੜਾ ਇਨ੍ਹਾਂ ਨੇ ਟੈਕਸ ਦੇ ਬਾਰੇ ਵਿਚ ਕਿਹਾ ਹੈ ਮੈਂ ਇਨ੍ਹਾਂ ਨੂੰ ਤੁਹਾਡੇ ਰਾਹੀਂ, ਡਿਪਟੀ ਸਪੀਕਰ ਸਾਹਿਬ, ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਇਹ ਜਿਹੜਾ ਟੈਕਸ ਲਗਿਆ ਹੈ ਉਹ ਅਜੇ ਵੀ ਕਈ ਦੂਸਰਿਆਂ ਸੂਬਿਆਂ ਨਾਲੋਂ ਘੱਟ ਹੈ । ਉਥੇ ਐਵੀਏਸ਼ਨ ਸਪਿਰਟ ਤੇ 12% ਹੈ, ਹਾਈ ਸਪੀਡ ਡੀਜ਼ਲ ਤੇ 12%, ਪੈਟਰੋਲ ਤੇ 15% ਅਤੇ ਡੀਜ਼ਲ ਆਇਲ ਤੇ 20% ਹੈ । ਇਸ ਲਈ ਮੇਰੀ ਅਰਜ਼ ਹੈ ਕਿ ਇਹ ਬਿਲ ਪਾਸ ਕਰ ਦਿਤਾ ਜਾਵੇ । (ਵਿਘਨ)

Mr. Deputy Speaker : Motion moved.

That the Punjab Motor Spirit (Taxation of Sales) Second Amendment Bill, 1974, be passed.

Mr. Deputy Speaker : Question is—

That the Punjab Motor Spirit (Taxation of Sales) Second Amendment Bill, 1974, be passed.

The motion was carried.

Original with;
Punjab Vidhan Sabha
Digitized by;
Panjab Digital Library

THE PUNJAB MOTOR VEHICLES TAXATION AMENDMENT BILL 1974

Minister of State for Transport and Civil Aviation (Shri Dilbagh Singh Daleke): Sir, I beg to introduce the Punjab Motor Vehicles Taxation (Amendment) Bill, 1974.

Sir, I also beg to move—

That the Punjab Motor Vehicles Taxation (Amendment) Bill, 1974 be taken into consideration at once.

Mr. Deputy Speaker: Motion moved—

That the Punjab Motor Vehicles Taxation (Amendment) Bill, 1974 be taken into consideration at once.

Mr. Deputy Speaker: Question is—

That the Punjab Motor Vehicles Taxation (Amendment) Bill, 1974 be taken into consideration at once.

The motion was carried.

Mr. Deputy Speaker: Now the House will proceed to consider the Bill Cause by Clause.

SUB-CLAUSE (2) OF CLAUSE 1

Mr. Deputy Speaker: Question is—

That Sub-clause (2) of Clause 1 stand part of the Bill.

The motion was carried.

CLAUSE 2

Mr. Deputy Speaker: Question is—

That Clause 2 stand part of the Bill.

The motion was carried.

CLAUSE 3

Mr. Deputy Speaker: Question is—

That Clause 3 stand part of the Bill.

The motion was carried.

SUB-CLAUSE 1 OF CLAUSE 1

Mr. Deputy Speaker: Question is—

That Sub-Clause (1) of Clause 1 stand part of the Bill.

The motion was carried.

TITLE

Mr. Deputy Speaker: Question is—

That title be the title of the Bill.

The motion was carried.

Original with:
Punjab Vidhan Sabha
Digitized by:
Panjab Digital Library

Minister of State for Transport and Civil Aviation (Shri Dilbagh Singh Daleke): Sir, I beg to move—

> **That the Punjab Motor Vehicles Taxation (Amendment) Bill, 1974 be passed.**

Mr. Deputy Speaker: Motion moved—

> That the Punjab Motor Vehicles Taxation (Amendment) Bill, 1974 be passed.

ਸਰਦਾਰ ਸੁਰਜੀਤ ਸਿੰਘ ਸਿੱਧੂ (ਪੱਕਾ ਕਲਾਂ): ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬ ਮੋਟਰ ਵਹੀਕਲ ਟੈਕਸੇਸ਼ਨ ਬਿਲ ਦੇ ਵਿਰੋਧ ਵਿਚ ਖੜਾ ਹੋਇਆ ਹਾਂ । ਇਸ ਨੇ ਆਰਡੀਨੈਂਸ ਦੀ ਜਗ੍ਹਾ ਲੈਣੀ ਹੈ । ਮੈਂ ਸਭ ਤੋਂ ਪਹਿਲਾਂ ਇਹ ਸਬਮਿਸ਼ਨ ਕਰਦਾ ਹਾਂ ਕਿ ਇਹ ਗੌਰਮਿੰਟ ਨੂੰ ਕਸੂਤੀ ਆਦਤ ਹਰ ਟੈਕਸ ਨੂੰ ਆਰਡੀਨੈਂਸ ਦੇ ਰਾਹੀਂ ਲਾਉਣ ਦੀ ਪਈ ਹੋਈ ਹੈ । ਪਿਛਲੀ ਵਾਰੀ ਇਨ੍ਹਾਂ ਨੇ ਇਹ ਐਸ਼ੋਰੈਂਸ ਦਿੱਤੀ ਸੀ ਕਿ ਕਦੀ ਟੈਕਸ ਆਰਡੀਨੈਂਸ ਦੇ ਰਾਹੀਂ ਨਹੀਂ ਲਵਾਂਗੇ ਪਰ ਫਿਰ ਵੀ ਫੌਰਨ ਇਨ੍ਹਾਂ ਨੇ ਟੈਕਸ ਲਾਉਣ ਵਾਸਤੇ ਆਰਡੀਨੈਂਸ ਲੈ ਆਂਦਾ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਟੋਕਨ ਟੈਕਸ ਸੌ ਪਰ ਸੌ ਵਧਾ ਦਿੱਤਾ ਹੈ ਜਿਹੜੀ ਕਿ ਮਾੜੀ ਗਲ ਹੈ । ਕੁਝ 20—25 ਜਾਂ 50 ਪ੍ਰਸੈਂਟ ਹੀ ਵਧਾ ਦਿੰਦੇ ਪਰ ਸੌ ਪਰਸੈਂਟ ਨਹੀਂ ਸੀ ਵਧਾਉਣਾ ਚਾਹੀਦਾ । ਡਿਪਟੀ ਸਪੀਕਰ ਸਾਹਿਬ, ਮੈਂ ਮਿਸਾਲ ਦੇ ਤੌਰ ਤੇ ਦਸਾਂਗਾ ਕਿ ਟੈਂਪੂ ਵਾਲੇ ਜਿਹੜੇ ਗਰੀਬ ਲੋਕ ਹਨ ਉਹ ਇਸ ਵਕਤ 252 ਰੁਪਏ ਕੁਆਰਟਰਲੀ ਦਿੰਦੇ ਹਨ । ਇਸ ਦਾ ਬੜਾ ਭਾਰੀ ਅਸਰ ਗਰੀਬ ਜੰਤਾ ਤੇ ਪਵੇਗਾ । ਜਿਹੜੇ ਟੈਂਪੂਆਂ ਵਾਲੇ ਹਨ ਜਾਂ ਟੈਕਸੀਆਂ ਵਾਲੇ ਹਨ ਉਹ ਜਿਹੜੇ ਆਪਣਾ ਗੁਜ਼ਾਰਾ ਇਹ ਚਲਾ ਕੇ ਕਰਦੇ ਹਨ ਉਨ੍ਹਾਂ ਦੇ ਰੁਜ਼ਗਾਰ ਵਿਚ ਵਿਘਨ ਪਵੇਗਾ । ਇਹ ਬਹੁਤ ਜ਼ਿਆਦਾ ਟੈਕਸ ਪ੍ਰਪੋਜ਼ ਕੀਤਾ ਹੈ ਇਤਨਾ ਨਹੀਂ ਚਾਹੀਦਾ । ਇਸ ਦੇ ਨਾਲ ਹੀ ਪੰਜਾਬ ਦੇ ਜਿਹੜੇ ਟੈਕਸੀਆਂ ਵਾਲੇ ਹਨ ਉਨ੍ਹਾਂ ਨੂੰ ਚੰਡੀਗੜ੍ਹ ਵਿਚ ਆਉਣ ਦੀ ਮਨਾਹੀ ਹੈ ਹਾਲਾਂਕਿ ਉਹ ਟੈਕਸ ਪੇ ਕਰਦੇ ਹਨ । ਤੁਹਾਨੂੰ ਪਤਾ ਹੈ ਕਿ ਪੰਜਾਬ ਦੀ ਜੰਤਾ ਦਾ ਸਾਰਾ ਕੰਮ ਕਾਰ ਇਥੇ ਹੁੰਦਾ ਹੈ ਅਤੇ ਉਹ ਲੋਕ ਇਥੇ ਆਉਂਦੇ ਹਨ । ਮੈਂ ਵਜ਼ੀਰ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਟੈਕਸੀਆਂ ਵਾਲਿਆਂ ਨੂੰ ਇਥੇ ਆਉਣ ਦੀ ਮਨਾਹੀ ਨਹੀਂ ਹੋਣੀ ਚਾਹੀਦੀ । ਇਹ ਉਨ੍ਹਾਂ ਨਾਲ ਬੜੀ ਜ਼ਿਆਦਤੀ ਹੈ । ਇਸੇ ਤਰ੍ਹਾਂ ਹੀ ਜਦੋਂ ਇਹ ਟੈਕਸ ਲੈਂਦੇ ਹਨ ਇਹ ਟੋਕਨ ਟੈਕਸ ਜਾਂ ਹੋਰ ਟੈਕਸ ਲੈਂਦੇ ਹਨ ਤਾਂ ਸਰਕਾਰ ਵਾਸਤੇ ਜ਼ਰੂਰੀ ਹੋ ਜਾਂਦਾ ਹੈ ਕਿ ਲੋਕਾਂ ਨੂੰ ਸਹੂਲਤਾਂ ਦਿੱਤੀਆਂ ਜਾਣ । ਬਸਾਂ ਦੇ ਕਰਾਏ ਵਧਾ ਦਿੱਤੇ ਹਨ ਪਰ ਬਸਾਂ ਦੀ ਹਾਲਤ ਚੰਗੀ ਨਹੀਂ, ਸੜਕਾਂ ਦੀ ਹਾਲਤ ਚਗੀ ਨਹੀ ਸਾਡੇ ਬਠਿੰਡਾ ਤੋਂ ਮਾਨਸਾ ਏਰੀਆ ਵਿਚ ਅਤੇ ਬਰਨਾਲਾ ਸੰਗਰੂਰ ਦੇ ਰਾਹ ਵਿਚ ਬੜੀਆਂ ਭੈੜੀਆਂ ਸੜਕਾਂ ਹਨ ਉਨ੍ਹਾਂ ਵਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਟੈਕਸ ਤਾਂ ਲਾਈ ਜਾਂਦੇ ਹਨ ਪਰ ਟਰਾਂਸਪੋਰਟ ਦੀਆਂ ਜਿਹੜੀਆਂ ਸਹੂਲਤਾਂ ਲੋਕਾਂ ਨੂੰ ਦੇਣੀਆਂ ਚਾਹੀਦੀਆਂ ਹਨ ਉਹ ਮਿਲਦੀਆਂ ਨਹੀਂ । ਉਨ੍ਹਾਂ ਲੋਕਾਂ ਨੂੰ ਸਹੂਲਤਾਂ ਜ਼ਰੂਰ ਦੇਣੀਆਂ ਚਾਹੀਦੀਆਂ ਹਨ । ਇਸ ਤੋਂ ਇਲਾਵਾ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਬਠਿੰਡਾ ਤੋਂ ਡਭਵਾਲੀ ਰੂਟ ਅਤੇ ਮਲੋਟ ਰੂਟ ਹੈ ਉਸ ਤੇ ਜਿਹੜੀਆਂ ਬਸਾਂ ਚਲਦੀਆਂ ਹਨ ਉਹਨਾਂ ਦੀ ਹਾਲਤ ਬੜੀ ਭੈੜੀ ਹੈ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਸਿੱਧੂ]

ਲੋਕਾਂ ਨੂੰ ਗੌਰਮੈਂਟ ਦੇ ਕੰਮਾਂ ਦੀ ਖਾਤਰ ਕਚੈਹਰੀਆਂ ਵਿਚ ਜਾਣਾ ਪੈਂਦਾ ਹੈ ਪਰ ਬਸਾਂ ਨਹੀਂ ਮਿਲਦੀਆਂ। 4-4 ਟਾਈਮ ਮਿਸ ਹੋਏ ਰਹਿੰਦੇ ਹਨ। ਬਸਾਂ ਦੇ ਰੂਟਾਂ ਨੂੰ ਜਿੰਨਾਂ ਚਿਰ ਗੌਰਮੈਂਟ ਨੈਸ਼ਨਾਲਾਈਜ਼ ਨਹੀਂ ਕਰਦੀ ਉਨ੍ਹਾਂ ਚਿਰ ਕੋਈ ਹੋਰ ਪ੍ਰਬੰਧ ਕੀਤਾ ਜਾਵੇ। ਇਕ ਦੋ ਰੂਟਾਂ ਤੇ ਯਾਨੀ ਬਠਿੰਡਾ ਤੋਂ ਡਭਵਾਲੀ ਅਤੇ ਮਲੋਟ ਰੂਟ ਤੇ ਪ੍ਰਾਈਵੇਟ ਬਸਾਂ ਚਲਾ ਦਿੱਤੀਆਂ ਜਾਣ ਤਾ ਕਿ ਲੋਕਾਂ ਨੂੰ ਸਹੂਲਤ ਮਿਲੇ। ਮੈਂ, ਡਿਪਟੀ ਸਪੀਕਰ ਸਾਹਿਬ, ਇਹ ਬੇਨਤੀ ਕਰਾਂਗਾ ਕਿ ਟੈਕਸ ਲਾਈ ਜਾਣਾ ਕੋਈ ਬਹੁਤੀ ਚੰਗੀ ਗਲ ਨਹੀਂ ਹੈ ਚੋਰੀਆਂ ਰੋਕਣੀਆਂ ਸਰਕਾਰ ਦਾ ਫ਼ਰਜ਼ ਬਣਦਾ ਹੈ। ਟੈਕਸ ਕਿਥੇ ਚੋਰੀ ਹੁੰਦੇ ਹਨ ਸਰਕਾਰ ਕਿਉਂ ਨਹੀਂ ਫੜਦੀ। ਰੋਜ਼ ਟਿਕਟਾਂ ਦੇ ਸਕੈਂਡਲ ਹੁੰਦੇ ਹਨ ਉਹ ਵੀ ਚੋਰੀ ਵਿਚ ਆਉਂਦੇ ਹਨ, ਸਵਾਰੀਆਂ ਵੱਧ ਬਿਠਾ ਦਿਤੀਆਂ, ਟਿਕਟਾਂ ਘੱਟ ਕਟੀਆਂ ਇਹ ਵੀ ਚੋਰੀ ਵਿਚ ਆਉਂਦਾ ਹੈ। ਕੋਈ ਛਾਪੇ ਨਹੀਂ ਮਾਰੇ ਜਾਂਦੇ। ਸਭ ਮੁਲਜ਼ਮ ਬਰੀ ਹੋ ਜਾਂਦੇ ਹਨ। ਸਰਕਾਰ ਨੂੰ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ। ਇਸ ਤੋਂ ਇਲਾਵਾ ਜਿਹੜੀ ਟਰੈਫ਼ਿਕ ਪੁਲੀਸ ਹੈ ਉਹ ਟੈਕਸਾਂ ਦੀ ਚੋਰੀ ਵਿਚ ਚੋਰਾਂ ਦੀ ਪੂਰੀ ਮਦਦ ਕਰਦੀ ਹੈ। 5-5, 10-10 ਹਜ਼ਾਰ ਰੁਪਏ ਲੈ ਕੇ ਡਿਊਟੀਆਂ ਲਗਾਈਆਂ ਜਾਂਦੀਆਂ ਹਨ। ਪਹਿਲਾਂ ਉਹ ਚੋਰੀ ਕਰਨ ਵਾਲੇ ਨੂੰ ਫੜ ਲੈਂਦੇ ਹਨ ਅਤੇ ਫਿਰ ਪੈਸੇ ਲੈ ਕੇ ਛੱਡ ਦਿੰਦੇ ਹਨ। ਸਰਕਾਰ ਨੂੰ ਇਸ ਪਾਸੇ ਵਲ ਧਿਆਨ ਦੇਣਾ ਚਾਹੀਦਾ ਹੈ। ਮੈਂ ਕਹਿੰਦਾ ਹਾਂ ਕਿ ਇਹ ਟੈਕਸ ਸੈਂਟ ਪਰਸੈਂਟ ਨਹੀਂ ਹੋਣਾ ਚਾਹੀਦਾ ਹੈ ਘੱਟ ਹੋਣਾ ਚਾਹੀਦਾ ਹੈ।

Mr. Deputy Speaker. Question is—

That the Punjab Motor Vehicles Taxtion (Amendment) Bill, 1974 be passed.

The motion was carried.

Mr. Deputy Speaker: The House stands adjourned till 2.00 P.M. today dated the 13th August 1974.

(The Sabha then adjourned till 2.00 P.M. the same day)

12.3 P.M.

1257—3-12-74—282—Govt. Press, Patiala.

Original with;
Punjab Vidhan Sabha
Digitized by
Panjab Digital Library

ਨਹੀਂ
ਚਿਰ
ਇਕ
ਚਲਾ
ਇਹ
ਤੀਆਂ
ਕੁਝ
ਹਨ,
ਾਂਦਾ
ਨੂੰ
ਲੀਸ ਹੈ
ਹਜ਼ਾਰ
ਲੇ ਨੂੰ
ਵਲ
ਨਹੀਂ

)74 be

P.M.

Original with;
Punjab Vidhan Sabha
Digitized by;
Panjab Digital Library

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

20
SP.

PUNJAB VIDHAN SABHA

DEBATES

12th August, 1974

Vol. II—No. 4

OFFICIAL REPORT

CONTENTS

Monday, the 12th August, 1974

	PAGE
Obituary References ..	(4)1

Punjab Vidhan Sabha Secretariat, Chandigarh.

Price Rs. 5/25

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

PUNJAB VIDHAN SABHA

Monday, the 12th August, 1974

The Vidhan Sabha met in the Punjab Vidhan Sabha Hall, Vidhan Bhavan, Sector—1, Chandigarh, 160001 at 2-00 P.M. of the Clock. Mr. Speaker (Dr. Kewal Krishan) in the Chair.

OBITUARY REFERENCES

ਸ਼੍ਰੀ ਸਪੀਕਰ : ਮੈਂ ਹਾਊਸ ਦੇ ਮੈਂਬਰਾਂ ਨੂੰ ਬੜੇ ਦੁਖ ਨਾਲ ਇਹ ਸੁਨੇਹਾ ਦੇਵਾਂਗਾ ਕਿ ਸਾਡੇ ਸਾਥੀ ਸਰਦਾਰ ਸਤਪਾਲ ਸਿੰਘ ਰੰਧਾਵਾ, ਜਿਹੜੇ ਕਿ ਦਾਸੂਹਾ ਕੰਸਟੀਚੂਐਂਸੀ ਦੀ ਨੁਮਾਇੰਦਗੀ ਕਰਦੇ ਸੀ, ਉਹ 8 ਅਗਸਤ ਨੂੰ ਸਾਡੇ ਤੋਂ ਜੁਦਾ ਹੋ ਗਏ ਹਨ। ਉਨ੍ਹਾਂ ਦੇ ਮੁਤਾਲਿਕ ਮਾਨਯੋਗ ਮੁੱਖ-ਮੰਤਰੀ ਜੀ ਸ਼ੋਕ ਪ੍ਰਸਤਾਵ ਪੇਸ਼ ਕਰਨਗੇ। (With great sorrow, I inform the House that the hon. Member Sardar Satpal Singh Randhawa, who represented Dasuya constituency expired on the 8th August, 1974. The hon Chief Minister will now move the condolence resolution.)

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਸਪੀਕਰ ਸਾਹਿਬ, ਮੈਂ ਬਹੁਤ ਹੀ ਭਰੇ ਹੋਏ ਦਿਲ ਨਾਲ ਇਹ ਪ੍ਰਸਤਾਵ ਪੇਸ਼ ਕਰਦਾ ਹਾਂ ਕਿ ਇਸ ਸਦਨ ਦੇ ਮਾਨਯੋਗ ਮੈਂਬਰ, ਸਰਦਾਰ ਸਤਪਾਲ ਸਿੰਘ ਰੰਧਾਵਾ, 8 ਅਗਸਤ, 1974 ਨੂੰ ਸਵੇਰੇ ਸਾਢੇ ਸੱਤ ਵਜੇ ਪੀ. ਜੀ. ਆਈ., ਚੰਡੀਗੜ੍ਹ ਵਿਚ ਸੁਰਗਵਾਸ ਹੋ ਗਏ ਸਨ। ਜਿਵੇਂ ਕਿ ਆਪ ਨੂੰ ਪਤਾ ਹੈ ਕਿ ਉਨ੍ਹਾਂ ਦੀ ਉਮਰ ਕੋਈ ਬਹੁਤੀ ਵੱਡੀ ਨਹੀਂ ਸੀ, ਉਹ ਹਾਲੇ ਆਪਣੀ ਭਰ ਜਵਾਨੀ ਵਿਚ ਹੀ ਸਨ। ਆਪ ਨੂੰ ਇਹ ਵੀ ਪਤਾ ਹੈ ਕਿ ਇਹ ਕਾਫੀ ਲੰਬੇ ਸਮੇਂ ਤੋਂ ਬੀਮਾਰ ਸਨ, ਉਨ੍ਹਾਂ ਨੂੰ ਇਲਾਜ ਕਰਵਾਉਣ ਲਈ ਵਲਾਇਤ ਭੇਜਿਆ ਗਿਆ ਸੀ। ਉਨ੍ਹਾਂ ਦੀ ਜ਼ਿੰਦਗੀ ਨੂੰ ਲੰਬਾ ਕਰਨ ਦਾ ਬੜਾ ਯਤਨ ਕੀਤਾ ਗਿਆ ਪਰ ਪਰਮਾਤਮਾ ਵਲੋਂ ਜੋ ਸਵਾਸ ਮਿਲਦੇ ਹਨ, ਉਨ੍ਹਾਂ ਵਿਚ ਵਾਧਾ ਕਰਨਾ ਇਨਸਾਨ ਦੇ ਵਸ ਵਿਚ ਨਹੀਂ ਹੁੰਦਾ। ਫਿਰ ਵੀ ਕਿਸੇ ਨੂੰ ਇਹ ਆਸ ਨਹੀਂ ਸੀ ਕਿ ਉਹ ਸਾਨੂੰ ਐਨੀ ਛੇਤੀ ਛੱਡ ਜਾਣਗੇ।

ਸਪੀਕਰ ਸਾਹਿਬ, 7 ਅਗਸਤ, 1974 ਨੂੰ ਸ਼ਾਮ ਦੇ 8 ਵਜੇ ਦੇ ਲਗ ਭਗ ਉਹ ਮੈਨੂੰ ਮਿਲਣ ਮੇਰੀ ਕੋਠੀ ਆਏ, ਜਦੋਂ ਮੈਂ ਪਤਾ ਕਰ ਰਿਹਾ ਸੀ ਕਿ ਉਹ ਆਪਣੇ ਫਲੈਟ ਤੇ ਹਨ ਕਿ ਨਹੀਂ। ਅਚਾਨਕ ਉਹ ਮੇਰੇ ਵਲ ਹੀ ਆ ਰਹੇ ਸੀ। ਮੈਂ ਉਨ੍ਹਾਂ ਨੂੰ ਕਿਹਾ ਕਿ ਤੁਹਾਡੀ ਸਿਹਤ ਕੋਈ ਬਹੁਤੀ ਚੰਗੀ ਨਹੀਂ ਲਗਦੀ ਇਸ ਲਈ ਹੋਰ ਆਰਾਮ ਕਰਨਾ ਚਾਹੀਦਾ ਹੈ। ਪਰ ਜਿਤਨਾ ਚਿਰ ਉਥੇ ਰਹੇ ਉਹ ਮੇਰੇ ਨਾਲ ਆਪਣੇ ਹਲਕੇ ਦੀਆਂ ਹੀ ਗੱਲਾਂ ਕਰਦੇ ਰਹੇ। ਜਿਸ ਤਰ੍ਹਾਂ ਦੇ ਪਿਆਰ ਨਾਲ ਉਹ ਮੇਰੇ ਨਾਲ ਗਲਾਂ ਕਰਦੇ ਰਹੇ ਉਨ੍ਹਾਂ ਤੋਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਮੈਂ ਨਾ ਸੋਚ ਸਕਿਆ ਅੱਜ ਨਾ ਹੀ ਮੈਂ ਸਮਝ ਸਕਿਆ ਕਿ ਉਹ ਸਾਨੂੰ ਇਸ ਤਰ੍ਹਾਂ ਨਾਲ ਅੱਲੀ ਛੇਤੀ ਛੱਡ ਜਾਣਗੇ। ਜਦੋਂ ਮੈਂ ਹਾਰ ਚੜ੍ਹਨ ਲਗਿਆ ਤਾਂ ਉਨ੍ਹਾਂ ਨੇ ਪਿਆਰ ਨਾਲ ਮੈਨੂੰ ਇਸ ਤਰ੍ਹਾਂ ਜੱਫੀ ਪਾ ਲਈ ਸੀ ਕਿ ਉਹ ਮੈਨੂੰ ਛੱਡ ਨਹੀਂ ਰਹੇ ਸੀ।

ਉਨ੍ਹਾਂ ਦੇ ਅਚਾਨਕ ਚਲਾਣੇ ਨਾਲ ਸਾਡੇ ਹਾਊਸ ਨੂੰ ਬਹੁਤ ਘਾਟਾ ਪਿਆ ਹੈ। ਸਰਦਾਰ ਸਾਹਿਬ, ਉਹ ਕਾਂਗਰਸ ਪਾਰਟੀ ਦੇ ਬੜੇ ਅਣਥੱਕ ਵਰਕਰ ਸਨ ਅਤੇ ਸ਼ਿਮਲੇ ਵਿਚ ਹੋਏ ਸਾਰੇ ਭਾਰਤੀ ਕਾਂਗਰਸ ਕਮੇਟੀ ਦੇ ਇਜਲਾਸ ਅਤੇ ਲੁਧਿਆਣੇ ਵਿਖੇ ਹੋਈ ਪੰਜਾਬ ਕਾਂਗਰਸ ਕਮੇਟੀ ਦੀ ਕਾਨਫਰੰਸ ਵਿਚ ਉਨ੍ਹਾਂ ਨੇ ਬੜਾ ਵਧ ਚੜ੍ਹ ਕੇ ਹਿੱਸਾ ਲਿਆ ਸੀ। ਉਹ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਵੀ ਰਹੇ ਸਨ। ਉਨ੍ਹਾਂ ਦਾ ਜਨਮ 15 ਜਨਵਰੀ, 1936 ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬੱਸੀ ਵਿਖੇ ਹੋਇਆ। 1969 ਤੋਂ ਉਹ ਐਸ.ਐਸ. ਖਾਲਸਾ ਹਾਇਰ ਸੈਕੰਡਰੀ ਸਕੂਲ, ਦਸੂਹਾ ਦੇ ਮੈਨੇਜਰ ਸਨ। 1965 ਤੋਂ 1969 ਤੀਕ, ਉਹ ਕੋਆਪਰੇਟਿਵ ਬੈਂਕ ਹੁਸ਼ਿਆਰਪੁਰ ਦੇ ਮੈਨੇਜਿੰਗ ਡਾਇਰੈਕਟਰ ਰਹੇ 1966 ਤੋਂ 1969 ਤੀਕ ਉਹ ਸਟੇਟ ਕੋਆਪਰੇਟਿਵ ਲੈਂਡ ਮਾਰਗੇਜ ਬੈਂਕ, ਚੰਡੀਗੜ੍ਹ ਦੇ ਡਾਇਰੈਕਟਰ ਰਹੇ। 1964 ਤੋਂ 1969 ਤੀਕ ਉਹ ਕੋਆਪਰੇਟਿਵ ਮਾਰਕੰਟਾਈਲ ਸੋਸਾਇਟੀ, ਦਸੂਹਾ ਦੇ ਪ੍ਰਧਾਨ ਰਹੇ। ਆਪਣੇ ਇਲਾਕੇ ਦੀ ਸੇਵਾ ਅਤੇ ਖੁਸ਼ਹਾਲੀ ਲਈ ਉਨ੍ਹਾਂ ਨੇ ਅਣਥੱਕ ਯਤਨ ਕੀਤੇ।

ਉਨ੍ਹਾਂ ਦੀ ਬੇਮੌਕਾ ਮੌਤ ਕਾਰਣ ਰਾਜ ਇਕ ਤਜਰਬੇਕਾਰ, ਸਾਹਿਕਾਰਤਾ ਮਾਹਿਰ, ਉਸਾਰੂ ਕਾਰਜ ਕਰਤਾ ਅਤੇ ਇਕ ਸਿਆਣੇ ਪਾਰਲੀਮੈਂਟੇਰੀਅਨ ਤੋਂ ਵਾਂਝਾ ਹੋ ਗਿਆ ਹੈ।

ਅਖੀਰ ਵਿਚ ਮੈਂ ਬੇਨਤੀ ਕਰਾਂਗਾ ਕਿ ਤੁਸੀਂ ਇਸ ਸਦਨ ਵਲੋਂ ਉਨ੍ਹਾਂ ਦੇ ਪਰਿਵਾਰ ਨੂੰ ਹਮਦਰਦੀ ਦਾ ਪੱਤਰ ਭੇਜਣ ਦੀ ਕਿਰਪਾ ਕਰੋ ਅਤੇ ਮੈਂ ਇਹ ਵੀ ਬੇਨਤੀ ਕਰਾਂਗਾ ਕਿ ਸਦਨ ਦੋ ਮਿੰਟ ਲਈ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕਰਨ ਲਈ ਖੜ੍ਹਾ ਹੋਣ ਦੀ ਕਿਰਪਾ ਕਰੋ।

ਸਰਦਾਰ ਪ੍ਰਤਾਪ ਸਿੰਘ ਬਾਦਲ (ਗਿੱਦੜਬਾਹਾ) : ਸਪੀਕਰ ਸਾਹਿਬ, ਲੀਡਰ ਆਫ ਦੀ ਹਾਊਸ ਨੇ ਜੋ ਅਫਸੋਸ ਦਾ ਮਤਾ ਹਾਊਸ ਦੇ ਸਾਹਮਣੇ ਰੱਖਿਆ ਹੈ ਮੈਂ ਆਪਣੀ ਪਾਰਟੀ ਵਲੋਂ ਉਸ ਵਿਚ ਉਨ੍ਹਾਂ ਦੇ ਨਾਲ ਪੂਰੀ ਤਰ੍ਹਾਂ ਸਹਿਮਤ ਹੁੰਦਾ ਹਾਂ। ਜਿਸ ਤਰ੍ਹਾਂ ਮੁੱਖ-ਮੰਤਰੀ ਜੀ ਨੇ ਦੱਸਿਆ ਹੈ ਕਿ ਉਨ੍ਹਾਂ ਦੀ ਜ਼ਿੰਦਗੀ ਵਧਾਉਣ ਦਾ ਬੜਾ ਯਤਨ ਕੀਤਾ, ਪਰ ਉਹ ਮੌਤ ਦੇ ਖੂੰਜੀ ਪੰਜੇ ਤੋਂ ਬਚ ਕੇ ਨਹੀਂ ਨਿਕਲ ਸਕੇ; ਰੰਧਾਵਾ ਸਾਹਿਬ ਦੀ ਮੌਤ ਜਿਸ ਤਰ੍ਹਾਂ ਜਵਾਨੀ ਦੇ ਵਿਚ ਹੋਈ, ਇਹ ਸਾਨੂੰ ਕਦੇ ਵੀ ਭੁੱਲ ਨਹੀਂ ਸਕਦੀ। ਅੱਜ ਭਾਵੇਂ ਰੰਧਾਵਾ ਸਾਹਿਬ ਸਾਡੇ ਤੋਂ ਦੂਰ ਚਲੇ ਗਏ ਹਨ, ਉਨ੍ਹਾਂ ਦੀ ਯਾਦ ਸਦਾ ਸਾਡੇ ਦਿਲਾਂ ਵਿਚੋਂ ਜਾ ਨਹੀਂ ਸਕਦੀ। ਉਨ੍ਹਾਂ ਨੂੰ ਆਪਣੇ ਇਲਾਕੇ ਦੀ ਭਲਾਈ ਦਾ ਇਤਨਾ ਚਿਤ ਸੀ ਕਿ ਉਨਾਂ ਨੇ ਅਖੀਰਲੇ ਦਿਨ ਵੀ ਇਸ ਸੈਸ਼ਨ ਦੀ ਕਾਰਵਾਈ ਵਿਚ ਹਿੱਸਾ ਲਿਆ। ਮੈਨੂੰ ਵੀ ਉਸੇ ਤਰ੍ਹਾਂ ਹੀ ਉਹ ਮਿਲੇ ਜਿਸ ਤਰ੍ਹਾਂ ਮੁੱਖ ਮੰਤਰੀ ਜੀ ਨੂੰ ਮਿਲੇ ਸੀ। ਮੈਨੂੰ ਯਕੀਨ ਨਹੀਂ ਆਉਂਦਾ ਕਿ ਉਨ੍ਹਾਂ ਦੀ ਐਨੀ ਛੇਤੀ ਮੌਤ ਵੀ ਹੋ ਸਕਦੀ ਹੈ। ਜਿਸ ਨੌਜਵਾਨੀ ਦੀ ਉਮਰ ਵਿਚ ਉਨ੍ਹਾਂ ਦੀ ਮੌਤ ਹੋਈ ਉਹ ਪੰਜਾਬ ਵਾਸਤੇ ਕੋਆਪਰੇਟਿਵ ਅਤੇ ਸੋਸ਼ਲ ਅਦਾਰਿਆਂ ਵਾਸਤੇ ਬਹੁਤ ਹੀ ਅਫਸੋਸਨਾਕ ਹੈ ਅਸੀਂ ਸਾਰੇ ਹੀ ਜਾਣਦੇ ਹਾਂ ਕਿ

Original with;
Punjab Vidhan Sabha
Digitized by;
Panjab Digital Library

ਉਹ ਇਕ ਨੌਜਵਾਨ ਵਰਕਰ ਸਨ। ਭਾਵੇਂ ਉਹ ਕਾਂਗਰਸ ਪਾਰਟੀ ਨਾਲ ਤੁਆਲਕ ਰੱਖਦੇ ਸਨ ਪਰ ਹਾਊਸ ਵਿਚ ਉਹ ਸਾਰੀਆਂ ਪਾਰਟੀਆਂ ਦੇ ਨਾਲ ਹੀ ਸਨ। ਅਸੀਂ ਅਕਾਲੀ ਪਾਰਟੀ ਵਾਲੇ ਇਹੋ ਮਹਿਸੂਸ ਕਰਦੇ ਹਾਂ ਜਿਸ ਤਰ੍ਹਾਂ ਉਹ ਸਾਡੇ ਆਪਣੇ ਹੀ ਮੈਂਬਰ ਸਨ, ਜਿਸ ਤਰ੍ਹਾਂ ਦਾ ਕਿ ਉਨ੍ਹਾਂ ਦਾ ਪਿਆਰ ਸਤਿਕਾਰ ਸਾਡੇ ਨਾਲ ਸੀ। ਭਾਵੇਂ ਏਥੇ ਕੋਈ ਪ੍ਰਸਤਾਵ ਹੋਇਆ ਹੈ ਜਾਂ ਨਹੀਂ, ਭਾਵੇਂ ਕੋਈ ਕਨਵੈਨਸ਼ਨ ਹੈ ਜਾਂ ਨਹੀਂ, ਇਕ ਬੇਨਤੀ ਮੈਂ ਜ਼ਰੂਰ ਕਰਾਂਗਾ ਕਿ ਇਸ ਹਾਊਸ ਨੂੰ ਬੜਾ ਭਾਰੀ ਸਦਮਾ ਹੋਇਆ ਹੈ, ਕਲ੍ਹ ਨੂੰ ਭਾਵੇਂ ਦੋ ਸਿਟਿੰਗਜ਼ ਕਰ ਲਓ, ਪਰ ਇਸ ਅਫਸੋਸ ਵਿਚ ਅੱਜ ਹਾਊਸ ਨੂੰ ਚਲਣਾ ਨਹੀਂ ਚਾਹੀਦਾ। ਜੋ ਲੀਡਰ ਆਫ ਦੀ ਹਾਊਸ ਨੇ ਰੈਜ਼ੋਲਿਊਸ਼ਨ ਪੇਸ਼ ਕੀਤਾ ਹੈ ਮੈਂ ਆਪਣੀ ਪਾਰਟੀ ਵਲੋਂ ਸਮਰਥਨ ਕਰਦਾ ਹਾਂ ਅਤੇ ਵਾਹਿਗੁਰੂ ਅਗੇ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਉਨ੍ਹਾਂ ਦੀ ਰੂਹ ਨੂੰ ਸ਼ਾਂਤੀ ਦੇਵੇ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ (ਖਰੜ): ਸਪੀਕਰ ਸਾਹਿਬ, ਸਦਨ ਦੇ ਲੀਡਰ ਨੇ ਸਾਡੇ ਸਾਥੀ ਸਤਪਾਲ ਸਿੰਘ ਰੰਧਾਵਾ ਦੀ ਮੌਤ ਦੇ ਬਾਰੇ ਇਸ ਸਦਨ ਦੇ ਵਿਚ ਸ਼ੋਕ ਪ੍ਰਸਤਾਵ ਰਖਿਆ ਹੈ ਮੈਂ ਆਪਣੀ ਪਾਰਟੀ ਵਲੋਂ ਉਸ ਦੀ ਪੂਰੀ ਪੂਰੀ ਪਰੋੜਤਾ ਕਰਦਾ ਹਾਂ। ਸਭ ਤੋਂ ਵਧ ਦੁਖਦਾਈ ਗੱਲ ਇਹ ਹੈ ਕਿ ਉਹ ਜਵਾਨੀ ਦੀ ਉਮਰ ਵਿਚ ਸਾਥੋਂ ਜੁਦਾ ਹੋਏ। ਉਹ ਆਪਣੀ ਪਾਰਟੀ ਦੀ ਅਣਥੱਕ ਸੇਵਾ, ਜਦੋਂ ਦੇ ਵੀ ਏਸ ਵਿਚ ਸ਼ਾਮਲ ਹੋਏ, ਕਰਦੇ ਰਹੇ। ਸਾਥੀ ਸਤਪਾਲ ਸਿੰਘ ਰੰਧਾਵਾ ਪੰਚਾਇਤੀ ਰਾਜ ਵਿਚੋਂ ਉਠ ਕੇ ਇਸ ਸਦਨ ਵਿਚ ਆਏ। ਉਹ ਸਹਿਕਾਰੀ ਸਭਾਵਾਂ ਅਤੇ ਪੰਚਾਇਤੀ ਰਾਜ ਦੀਆਂ ਸੋਸਾਇਟੀਆਂ ਦੀ ਅਣਥੱਕ ਸੇਵਾ ਕਰਦੇ ਰਹੇ। ਉਹ ਕਾਂਗਰਸ ਪਾਰਟੀ ਦੇ ਇਕ ਨੌਜਵਾਨ ਅਤੇ ਸਰਗਰਮ ਵਰਕਰ ਸਨ। ਉਹ ਆਪਣੇ ਜ਼ਿਲ੍ਹੇ ਦੀ ਡਟ ਕੇ ਪ੍ਰਤੀਨਿਧਤਾ ਕਰਦੇ ਰਹੇ। ਜਿਥੇ ਉਨ੍ਹਾਂ ਦੀ ਪਾਰਟੀ ਨੂੰ ਬੜਾ ਘਾਟਾ ਪਿਆ ਹੈ ਉਥੇ ਇਸ ਸਦਨ ਨੂੰ ਵੀ ਬੜ ਘਾਟਾ ਪਿਆ ਹੈ। ਉਹ ਇਕ ਬੜੇ ਚੰਗੇ ਪਾਰਲੀਮੈਂਟੇਰੀਅਨ ਸਨ, ਉਨ੍ਹਾਂ ਦੀ ਮੌਤ ਦਾ ਪੰਜਾਬ ਨੂੰ ਬੜਾ ਭਾਰੀ ਘਾਟਾ ਪਿਆ ਹੈ। ਉਨ੍ਹਾਂ ਦੀ ਮੌਤ ਤੇ ਜਿਤਨਾ ਵੀ ਦੁਖ ਪਰਗਟ ਕੀਤਾ ਜਾਏ ਉਤਨਾ ਹੀ ਥੋੜ੍ਹਾ ਹੈ।

ਡਾਕਟਰ ਬਲਦੇਵ ਪ੍ਰਕਾਸ਼ (ਅੰਮ੍ਰਿਤਸਰ ਪੂਰਬ): ਜਿਹੜਾ ਪ੍ਰਸਤਾਵ ਲੀਡਰ ਆਫ ਦੀ ਹਾਊਸ ਨੇ ਸਦਨ ਦੇ ਸਾਹਮਣੇ ਰਖਿਆ ਹੈ, ਮੈਂ ਇਸਦਾ ਪੂਰਾ ਸਮਰਥਨ ਕਰਦਾ ਹਾਂ ਅਤੇ ਇਸ ਸ਼ੋਕ ਪ੍ਰਸਤਾਵ ਵਿਚ ਸ਼ਾਮਲ ਹੁੰਦਾ ਹਾਂ। ਉਨ੍ਹਾਂ ਦੀ ਮੌਤ ਬੜੀ ਅਚਾਨਕ ਹੋਈ ਹੈ, ਜਦੋਂ ਉਨ੍ਹਾਂ ਦੀ ਮੌਤ ਦੀ ਖਬਰ ਮੈਂ ਅਖਬਾਰ ਦੇ ਵਿਚ ਪੜੀ ਮੈਨੂੰ ਇਤਬਾਰ ਨਹੀਂ ਆਇਆ। ਮੈਨੂੰ ਵਿਸ਼ਵਾਸ ਨਹੀਂ ਆਇਆ ਕਿਉਂਕਿ ਅਖੀਰਲੇ ਦਿਨ ਤਾਂ ਮੈਂ ਉਨ੍ਹਾਂ ਨੂੰ ਏਥੇ ਹਾਊਸ ਵਿਚ ਮਿਲਿਆ ਸੀ ਅਤੇ ਏਥੇ ਛਡ ਕੇ ਗਿਆ ਸੀ। ਉਹ ਜਿਤਨੀ ਦੇਰ ਰਹੇ ਇਸ ਸਟੇਟ ਦੀ ਲੋਕ ਭਲਾਈ ਦੇ ਕੰਮ ਕਰਦੇ ਰਹੇ। ਮੈਨੂੰ ਨਹੀਂ ਪਤਾ ਕਿ ਕਿਸੇ ਆਨਰੇਬਲ ਮੈਂਬਰ ਦੇ ਇਸ ਤਰ੍ਹਾਂ ਚਲਾਣਾ ਕਰ ਜਾਣ ਨਾਲ ਕੀ ਪ੍ਰਥਾ ਹੈ। ਪਰ ਮੈਂ ਇਤਨਾ ਜ਼ਰੂਰ ਕਹਾਂਗਾ ਕਿ ਇਸ ਹਾਊਸ ਦਾ ਕੰਮ ਟਿਕ ਦਿਨ ਵਾਸਤੇ ਜ਼ਰੂਰ ਸਥਗਿਤ ਕਰਨਾ ਚਾਹੀਦਾ ਹੈ ਅਤੇ ਅਗਲੇ ਦਿਨ ਬੈਠ ਕੇ ਇਹ ਕੰਮ ਪੂਰਾ ਕਰਨਾ ਚਾਹੀਦਾ ਹੈ। ਜਿਸ ਦੇ ਨਾਲ ਕੰਮ ਵੀ ਸਫਰ ਨਾ ਕਰੇ ਅੱਰ ਉਨ੍ਹਾਂ ਨੂੰ ਬੜੀ ਰਿਸਪੈਕਟ ਦੇ ਸਕੀਏ। ਕਿਉਂਕਿ ਉਹ ਹਾਊਸ ਦੇ ਮੈਂਬਰ ਸਨ ਅੱਰ ਚਾਲੂ ਸੈਸ਼ਨ ਵਿਚ ਸਾਡੇ ਵਿਚ ਬੈਠੇ ਸਨ, ਉਨ੍ਹਾਂ ਦਾ ਦਿਹਾਂਤ ਹੋਇਆ ਹੈ, ਇਸ ਕਰਕੇ ਇਹ ਜ਼ਰੂਰੀ ਹੈ।

Original with;
Punjab Vidhan Sabha
Digitized by;
Panjab Digital Library

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ. ਸੀ.) : ਸਪੀਕਰ ਸਾਹਿਬ, ਲੀਡਰ ਆਫ਼ ਦੀ ਹਾਊਸ ਨੇ ਜਿਹੜਾ ਮਤਾ ਸ਼ੋਕ ਪ੍ਰਸਤਾਵ ਦਾ ਰਖਿਆ ਹੈ ਮੈਂ ਵੀ ਉਹਦੀ ਪਰੋੜ੍ਹਤਾ ਕਰਨ ਲਈ ਖੜਾ ਹੋਇਆ ਹਾਂ । ਨੌਜਵਾਨ ਸਾਥੀ ਸਤਪਾਲ ਸਿੰਘ ਰੰਧਾਵਾ ਦੀ ਮੌਤ ਦੀ ਖਬਰ ਸੁਣਦਿਆਂ ਹੀ ਐਡਾ ਵੱਡਾ ਝੱਟਕਾ ਲਗਿਆ ਕਿ ਬਿਆਨ ਨਹੀਂ ਕੀਤਾ ਜਾ ਸਕਦਾ । ਸਪੀਕਰ ਸਾਹਿਬ, ਹਾਊਸ ਵਿਚ ਉਨ੍ਹਾਂ ਨੂੰ ਮਿਲਦੇ ਰਹਿੰਦੇ ਸੀ, ਉਹ ਬੜੇ ਹੋਣਹਾਰ, ਹਸਮੁਖ ਅਤੇ ਹਰ ਤਰ੍ਹਾਂ ਦੇ ਬੰਦੇ ਨਾਲ ਮਿਲਵਰਤਣ ਕਰਨ ਵਾਲੇ ਮਨੁੱਖ ਸਨ । ਉਨ੍ਹਾਂ ਦੇ ਵਿਛੜ ਜਾਣ ਨਾਲ ਸਾਡੇ ਹਾਊਸ ਨੂੰ ਨਾ ਪੂਰਾ ਹੋਣ ਵਾਲਾ ਘਾਟਾ, ਅਤੇ ਪੰਜਾਬ ਦੀ ਜਨਤਾ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਹੋਇਆ ਹੈ । ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਵਿਛੜੇ ਹੋਏ ਸੱਜਣ ਨਾਲ ਡੂੰਘੀ ਹਮਦਰਦੀ ਰਖਦਾ ਹਾਂ ।

ਸ਼੍ਰੀ ਯਸ਼ ਪਾਲ (ਆਬਕਾਰੀ ਅਤੇ ਕਰ ਮੰਤਰੀ) : ਸਪੀਕਰ ਸਾਹਿਬ, ਸਾਰਾ ਹਾਊਸ ਇੰਝ ਲਗਦਾ ਹੈ ਜਿਵੇਂ ਕਿ ਇਨ੍ਹਾਂ ਨੂੰ ਆਪਣੇ ਸਾਥੀ ਦੇ ਵਿਛੜਨ ਦਾ ਬੜਾ ਸਦਮਾ ਪਹੁੰਚਿਆ ਹੋਵੇ । ਕਲ ਪਰਸੋਂ ਤਕ ਇਹ ਇਥੇ ਬੈਠੇ ਸੀ ਅਤੇ ਇਹ ਗਲ ਤਾਂ ਸੋਚ ਵੀ ਨਹੀਂ ਸਕਦੇ ਸੀ ਕਿ ਇਹ ਐਡੀ ਜਲਦੀ ਚਲੇ ਜਾਣਗੇ ਅਤੇ ਮੌਤ ਦੇ ਸ਼ਿਕਾਰ ਹੋ ਜਾਣਗੇ । ਆਖਰੀ ਦਮ ਤਕ ਉਨ੍ਹਾਂ ਦੇ ਦਿਲ ਦਿਮਾਗ ਵਿਚ ਆਪਣੇ ਕਾਂਸਟੀਚੂਐਂਸੀ ਦੇ ਲੋਕਾਂ ਦੇ ਅਤੇ ਆਪਣੇ ਸੂਬੇ ਦੇ ਲੋਕਾਂ ਦੇ ਕੰਮ ਸੀ । 9 ਤਾਰੀਖ ਨੂੰ ਜਦੋਂ ਕਿ ਹੁਸ਼ਿਆਰਪੁਰ ਵਿਚ ਮੀਟਿੰਗ ਸੀ ਤਾਂ ਉਹ ਕਹਿਣ ਲਗੇ ਕਿ ਮੈਂ ਨਹੀਂ ਆ ਸਕਦਾ ਕਿਉਂਕਿ ਮੇਰੀ ਸਿਹਤ ਠੀਕ ਨਹੀਂ ਹੈ । ਮੈਂ ਕਿਹਾ ਚਲੋ ਜਦ ਤੁਹਾਡੀ ਸਿਹਤ ਠੀਕ ਹੋ ਜਾਏਗੀ ਉਦੋਂ ਮੀਟਿੰਗ ਰੱਖ ਲਵਾਂਗੇ । ਇਹ ਬਿਲਕੁਲ ਕਿਸੇ ਦੇ ਖਿਆਲ ਵਿਚ ਨਹੀਂ ਸੀ ਕਿ ਉਨ੍ਹਾਂ ਨੂੰ ਕਦੇ ਵੀ ਸਹੂਲਤ ਨਹੀਂ ਹੋਏਗੀ ਅਤੇ ਅਸੀਂ ਕਦੇ ਵੀ ਮੀਟਿੰਗ ਨਹੀਂ ਰਖ ਸਕਾਂਗੇ । ਇਥੇ 7 ਤਾਰੀਖ ਨੂੰ 15–20 ਮਿੰਟ ਬੈਠੇ ਰਹੇ ਅਤੇ ਆਖਰੀ ਦਮ ਤਕ ਉਨ੍ਹਾਂ ਨੇ ਆਪਣੇ ਬਾਰੇ ਗੱਲਾਂ ਨਹੀਂ ਕੀਤੀਆਂ ਬਲਕਿ ਅਪਣੇ ਇਲਾਕੇ ਬਾਰੇ ਕਿ ਕਿਹੜੀ ਕਿਹੜੀ ਜਗ੍ਹਾ ਤੇ ਸੜਕਾਂ ਬਣਨੀਆਂ ਰਹਿੰਦੀਆਂ ਹਨ ਜਾਂ ਪੁਲ ਬਣਨੇ ਰਹਿੰਦੇ ਹਨ, ਮਤਲਬ ਕਿ ਸਾਰੀ ਡਿਵੈਲਪਮੈਂਟ ਦੇ ਬਾਰੇ ਆਖੀਰ ਦਮ ਤਕ ਉਹ ਗਲਾਂ ਕਰਦੇ ਰਹੇ। ਇਸ ਨੌਜਵਾਨ ਨੇ ਜਦੋਂ ਤੋਂ ਵੀ ਹੋਸ਼ ਸੰਭਾਲੀ ਲੋਕਾ ਦੀ ਹੀ ਸੇਵਾ ਕੀਤੀ ਅਤੇ ਆਖਰੀ ਸਾਹ ਲੈਣ ਤਕ ਦੇਸ਼ ਦੀ ਸੇਵਾ ਵਿਚ, ਜਨਤਾ ਦੀ ਸੇਵਾ ਵਿਚ ਹੀ ਲਗੇ ਰਹੇ । ਉਨ੍ਹਾਂ ਦੇ ਵਿਛੜ ਜਾਣ ਤੇ ਬੜਾ ਨੁਕਸਾਨ ਹੋਇਆ ਹੈ । ਇਸ ਨੁਕਸਾਨ ਨੂੰ ਉਨ੍ਹਾਂ ਦੇ ਇਲਾਕੇ ਵਾਲੇ ਤਾਂ ਬਹੁਤ ਹੀ ਮਹਿਸੂਸ ਕਰਨਗੇ ਪਰ ਇਸ ਨੁਕਸਾਨ ਨੂੰ ਅਸੀਂ ਵੀ ਮਹਿਸੂਸ ਕਰ ਰਹੇ ਹਾਂ । ਅਜ ਸਾਨੂੰ ਹਾਊਸ ਐਡਜਰਨ ਕਰ ਦੇਣਾ ਚਾਹੀਦਾ ਹੈ ਤਾਂਕਿ ਏਸ ਗਮ ਨੂੰ ਬਰਦਾਸ਼ਤ ਕਰਨ ਦੀ ਤਾਕਤ ਹਾਸਲ ਕਰ ਸਕੀਏ ।

ਸਰਦਾਰ ਦਰਬਾਰਾ ਸਿੰਘ (ਨਕੋਦਰ) : ਸਪੀਕਰ ਸਾਹਿਬ, ਇਹ ਬਹੁਤ ਹੀ ਦੁਖਦਾਈ ਘਟਨਾ ਹੈ ਕਿ ਸਾਡੇ ਵਿਚੋਂ ਤਕਰੀਬਨ ਸਾਰਿਆਂ ਤੋਂ ਘਟ ਉਮਰ ਵਾਲੇ 35 ਸਾਲ ਦੀ ਉਮਰ ਦੇ ਸਤਪਾਲ ਸਿੰਘ ਰੰਧਾਵਾ ਜੀ ਹਮੇਸ਼ਾ ਲਈ ਸਾਡੇ ਤੋਂ ਜੁਦਾ ਹੋ ਗਏ । ਉਨ੍ਹਾਂ ਨੇ ਆਪਣਾ ਪੁਲੀਟੀਕਲ ਜੀਵਨ ਰਾਜਿਸਥਾਨ ਰੇਗਿਸਤਾਨ ਵਿਚੋਂ ਸ਼ੁਰੂ ਕੀਤਾ, ਉਥੇ ਜਿਥੇ ਕਿ ਬਹੁਤ ਘਟ ਗਿਣਤੀ ਵਿਚ ਪੰਜਾਬੀ ਵਸਦੇ ਸਨ । ਅਦਾਲਤੀ ਪੰਚਾਇਤਾਂ ਵਿਚ ਵਧ ਚੜ੍ਹਕੇ ਹਿੱਸਾ ਲੈਕੇ ਆਪਣਾ ਨਾਂ ਰੋਸ਼ਨ ਕੀਤਾ ਅੌਰ ਇਕ ਹਨੇਰੀ ਵਾਂਗ ਆਪਣੇ ਹਲਕੇ ਵਿਚ

Original with;
Punjab Vidhan Sabha
Digitized by;
Panjab Digital Library

ਥੋੜ੍ਹੇ ਜਿਹੇ ਅਰਸੇ ਵਿਚ ਹੀ ਆਪਣੀ ਮਹਾਨ ਸ਼ਖਸੀਅਤ ਕਾਰਨ ਲੋਕਾਂ ਦੇ ਅੰਦਰ ਉਨ੍ਹਾਂ ਦੀ ਮਜ਼ਬੂਤੀ ਤਾਕਤ ਦੇ ਐਸੇ ਸਰਮਾਏ ਬਣੇ ਕਿ ਪਿਛਲੇ ਇਲੈਕਸ਼ਨਾਂ ਵਿਚ ਉਹ ਬਹੁਤ ਭਾਰੀ ਗਿਣਤੀ ਵਿਚ ਲੋਕਾਂ ਦਾ ਵਰਡਿਕਟ ਲੈਕੇ ਉਸ ਇਲਾਕੇ ਦੀ ਨੁਮਾਇੰਦਗੀ ਕਰਨ ਲਈ ਇਸ ਹਾਊਸ ਵਿਚ ਆਏ । ਇਸ ਹਾਊਸ ਵਿਚ ਉਨ੍ਹਾਂ ਦੇ ਨਾਲ ਭਾਵੇਂ ਕਈ ਲੋਕਾਂ ਦੇ ਕੋਈ ਮਤ ਭੇਦ ਹੋਣਗੇ ਪਰ ਜਿਸ ਪਿਆਰ ਨਾਲ, ਗਹਿਰੀ ਹਮਦਰਦੀ ਨਾਲ ਹਰ ਮੈਂਬਰ ਨੂੰ ਉਹ ਮਿਲਦੇ ਰਹੇ ਉਹਦਾ ਅਸਰ ਇਸ ਸਾਡੇ ਹਾਊਸ ਦੇ ਮੈਂਬਰਾਂ ਤੇ ਪਿਆ ਹੈ । ਸਰਦਾਰ ਸੱਤਪਾਲ ਸਿੰਘ ਰੰਧਾਵਾ ਜੀ ਬੜੀ ਲਗਨ ਨਾਲ ਆਪਣੀ ਕਾਂਸਟੀਚੂਐਂਸੀ ਦੇ ਲੋਕਾਂ ਦੀ ਸੇਵਾ ਕਰਦੇ ਰਹੇ ਅਤੇ ਆਖਰੀ ਦਮ ਤਕ ਕਰਦੇ ਰਹੇ । ਜਦ ਡਾਕਟਰ ਨੇ ਉਨ੍ਹਾਂ ਨੂੰ ਕਹਿ ਦਿਤਾ ਸੀ ਕਿ ਉਹ ਬਹੁਤੀ ਲੰਮੀ ਜ਼ਿੰਦਗੀ ਨਹੀਂ ਬਿਤਾ ਸਕਦੇ ਪਰ ਫੇਰ ਇਸ ਦੇ ਬਾਵਜੂਦ ਵੀ ਜਿਸ ਤਰ੍ਹਾਂ ਕਿ ਸਾਡੇ ਚੀਫ ਮਨਿਸਟਰ ਸਾਹਿਬ ਨੇ ਦਸਿਆ ਹੈ ਉਹ ਆਪਣੇ ਚਲਾਣਾ ਕਰਨ ਤੋਂ ਸਿਰਫ ਡੇਢ ਘੰਟਾ ਪਹਿਲਾਂ ਵੀ ਉਨ੍ਹਾਂ ਨਾਲ ਆਪਣੇ ਹਲਕੇ ਦੀਆਂ ਮੁਸ਼ਕਲਾਂ ਬਾਰੇ ਅਤੇ ਆਪਣੇ ਹਲਕੇ ਦੇ ਲੋਕਾਂ ਦੀਆਂ ਤਕਲੀਫਾਂ ਲੈ ਕੇ ਦਰ ਪਾਸੇ ਫਿਰਦੇ ਰਹੇ ਅੰਦਰ ਉਸੀ ਲਗਨ ਦਾ ਨਤੀਜਾ ਹੈ ਕਿ ਉਨ੍ਹਾਂ ਦੀ ਮ੍ਰਿਤੂ ਜਲਦੀ ਹੋ ਗਈ । ਭਾਵੇਂ ਅੱਗੇ ਇਹ ਪਰੰਪਰਾ ਨਹੀਂ ਕਿ ਜਦੋਂ ਇਹੋ ਜਿਹਾ ਸਾਡਾ ਲੈਜਿਸਲੇਟਰ, ਜਿਨ੍ਹਾਂ ਦੇ ਮਾਸੂਮ ਬੱਚੇ ਹੋਣ, ਨੌਜਵਾਨ ਬੀਵੀ ਹੋਵੇ ਉਹਦੇ ਲਈ ਜੋ ਵੀ ਪਰਬੰਧ ਕਰ ਸਕੀਏ ਕਰਨਾ ਚਾਹੀਦਾ ਹੈ । ਉਨ੍ਹਾਂ ਦੇ ਪਰਿਵਾਰ ਦੀ ਪਰਵਰਿਸ਼ ਲਈ ਕੁਝ ਕਰਨਾ ਚਾਹਿਦਾ ਹੈ । ਮੈਂ ਹਾਊਸ ਅਗੇ ਬੇਨਤੀ ਕਰਾਂਗਾ ਕਿ ਭਾਵੇਂ ਅੱਗੇ ਕੋਈ ਮਿਸਾਲ ਨਹੀਂ ਹੈ, ਅਤੇ ਗਿਆਨੀ ਜੀ ਇਸ ਪਰੰਪਰਾ ਵਿਚ ਅੱਗੇ ਹੀ ਬਾਕੀਆਂ ਨਾਲੋਂ ਮੁਹਰੇ ਹਨ, ਇਨ੍ਹਾਂ ਦੇ ਪਰਿਵਾਰ ਲਈ ਯੋਗ ਪੈਨਸ਼ਨ ਮੁਕਰੱਰ ਕਰਨੀ ਚਾਹੀਦੀ ਹੈ । ਸਿਆਸੀ ਜੀਵਨ ਵਿਚ ਇਨਾਂ ਨੇ ਮਹਾਨ ਕੁਰਬਾਨੀਆਂ ਦਿਤੀਆਂ ਹਨ । ਇਨ੍ਹਾਂ ਕੁਰਬਾਨੀਆਂ ਨੂੰ ਮੁਹਰੇ ਰੱਖਦਿਆਂ ਹੋਇਆਂ ਉਨ੍ਹਾਂ ਦੇ ਬੱਚਿਆਂ ਲਈ ਗਜ਼ਾਰੇ ਦਾ ਪਰਬੰਧ ਕਰਨਾ ਚਾਹੀਦਾ ਹੈ ਅਤੇ ਇਸ ਸਬੰਧੀ ਯੋਗ ਪੈਨਸ਼ਨ ਦਾ ਪਰਬੰਧ ਕਰਨਾ ਚਾਹੀਦਾ ਹੈ । ਮੈਂ ਹੋਰ ਵੀ ਬੇਨਤੀ ਕਰਾਂਗਾ ਕਿ ਅੱਜ ਇਕ ਦਿਨ ਲਈ ਜ਼ਰੂਰ ਹੀ ਹਾਊਸ ਐਡਜਰਨ ਕਰ ਦੇਣਾ ਚਾਹੀਦਾ ਹੈ ਤਾਂਕਿ ਉਨ੍ਹਾਂ ਨੂੰ ਪੂਰੀ ਪੂਰੀ ਆਨਰ ਦੇ ਸਕੀਏ ।

ਡਾਕਟਰ ਅਮੀਰ ਸਿੰਘ ਵਣਕਟ(ਟਾਂਡਾ) : ਸਪੀਕਰ ਸਾਹਿਬ, ਸ੍ਰੀ ਸੱਤਪਾਲ ਸਿੰਘ ਰੰਧਾਵਾ ਵਾਜ਼ ਏ ਸੋਲਜਰ ਹੂ ਡਾਈਡ ਇਨ ਹਾਰਨੈਸ । ਉਹ ਆਪਣੀ ਡਿਊਟੀ ਕਰਦੇ ਕਰਦੇ ਇਥੋਂ ਚਲੇ ਗਏ । ਮੈਂ ਉਨ੍ਹਾਂ ਦੇ ਬੜਾ ਨੇੜੇ ਸੀ ਅਤੇ ਮੇਰਾ ਉਨ੍ਹਾਂ ਦੇ ਪਿਤਾ ਜੀ ਨਾਲ ਬੜਾ ਨੇੜੇ ਦਾ ਸਬੰਧ ਸੀ । ਜਦੋਂ ਉਨ੍ਹਾਂ ਦੇ ਪਿਤਾ ਗੁਜ਼ਰੇ ਤਾਂ ਇਹ ਆਪਣੀ ਟਰੈਡੀਸ਼ਨਜ਼ ਦੇ ਮੁਤਾਬਿਕ ਸਿਆਸਤ ਵਿਚ ਆਏ । ਇਨ੍ਹਾਂ ਨੇ ਸਿਆਸਤ ਵਿਚ ਆਕੇ ਬੜਾ ਚੰਗਾ ਕੰਮ ਕੀਤਾ । ਸਪੀਕਰ ਸਾਹਿਬ, ਇਹ ਨੌਜਵਾਨ, ਸਭ ਤੋਂ ਵਡਾ ਯੰਗੈਸਟ ਮੈਂਬਰ ਅਤੇ ਜਿਹੜਾ ਇਸ ਵੇਲੇ ਸਾਡੇ ਵਿਚ ਨਹੀਂ ਅਤੇ ਉਸ ਨੂੰ ਉਸਦੀ ਮੌਤ ਨੇ ਸਾਡੇ ਕੋਲੋਂ ਖੋਹ ਲਿਆ ਹੈ, ਉਹਦੇ ਵਾਸਤੇ ਸਾਨੂੰ ਅੱਜ ਜ਼ਰੂਰ ਹੀ ਇਥੇ ਜਿਹੜੇ ਮੈਂਬਰ ਸਾਹਿਬਾਨ ਵਲੋਂ ਸੁਝਾਉ ਆਏ ਹਨ ਉਨ੍ਹਾਂ ਤੇ ਅਮਲ ਕਰਨਾ ਚਾਹੀਦਾ ਹੈ । ਚਾਹੇ ਹਾਊਸ ਦਾ ਕੋਈ ਪਰੈਸੀਡੈਂਟ ਹੈ ਜਾਂ ਨਹੀਂ ਪਰ ਸਾਨੂੰ ਅੱਜ ਬਾਕੀ ਦੇ ਦਿਨ ਲਈ ਹਾਊਸ ਜ਼ਰੂਰ ਐਡਜਰਨ ਕਰ ਦੇਣਾ ਚਾਹੀਦਾ ਹੈ । ਅੰਦਰ ਉਹਦੇ ਬਾਦ ਬੱਚਿਆਂ ਵਾਸਤੇ, ਉਨ੍ਹਾਂ ਦੀ ਔਰਤ ਲਈ, ਉਨ੍ਹਾਂ ਦੇ ਬਚਿਆਂ ਨੂੰ ਪਤਾ ਵੀ ਨਹੀਂ ਸੀ ਕਿ ਉਨਾ ਦੇ ਬਜ਼ੁਰਗ ਗੁਜ਼ਰ ਗਏ ਹਨ, ਉਹ ਰੋ

Original with;
Punjab Vidhan Sabha
Digitized by;
Panjab Digital Library

[ਡਾਕਟਰ ਅਮੀਰ ਸਿੰਘ ਕਲਕਟ]

ਵੀ ਨਹੀਂ ਸਕਦੇ, ਅਜਿਹੀ ਹਾਲਤ ਵਿਚ, ਸਪੀਕਰ ਸਾਹਿਬ, ਸਾਨੂੰ ਜਿਹੜਾ ਸੁਝਾਉ ਸਰਦਾਰ ਦਰਬਾਰਾ ਸਿੰਘ ਵਲੋਂ ਆਇਆ ਹੈ ਉਹਦੇ ਤੇ ਜ਼ਰੂਰ ਅਮਲ ਕਰਨਾ ਚਾਹੀਦਾ ਹੈ ਅਤੇ ਹਾਊਸ ਨੂੰ ਜ਼ਰੂਰ ਐਡਜਰਨ ਕਰਨਾ ਚਾਹੀਦਾ ਹੈ ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਸਾਡੇ ਨੌਜਵਾਨ ਸਾਥੀ ਹਮੇਸ਼ਾ ਲਈ ਸਾਡੇ ਤੋਂ ਜੁਦਾ ਹੋ ਗਏ ਹਨ । ਬਾਣੀ ਅਨੁਸਾਰ..

"ਸੱਦੇ ਆਏ ਨਾਨਕਾ ਘਲੇ ਹੀ ਉਠ ਜਾਹਿ" ।
"ਲਾਈ ਹਿਆਤ ਆਏ ਕਜ਼ਾ ਲੇ ਚਲੀ ਚਲੇ"
ਨਾ ਆਪਣੀ ਖੁਸ਼ੀ ਸੇ ਆਏ ਨਾ ਆਪਣੀ ਖੁਸ਼ੀ ਚਲੇ"

ਸਪੀਕਰ ਸਾਹਿਬ, ਚੰਦ ਤਾਰਿਆਂ ਤੇ ਦਿਨ ਗੁਜ਼ਰ ਸਕਦੇ ਹਨ ਪਰ ਮੌਤ ਦੇ ਚੱਕਰ ਨੂੰ ਰੋਕਿਆ ਨਹੀਂ ਜਾ ਸਕਦਾ । ਸਤਪਾਲ ਸਿੰਘ ਰੰਧਾਵਾ ਜੀ ਜਿਨ੍ਹਾਂ ਦੀ ਉਮਰ 37 ਸਾਲ ਦੀ ਸੀ, ਇਸ ਹਾਊਸ ਦੇ ਚਮਕਦੇ ਸਤਾਰੇ ਹਮੇਸ਼ਾ ਲਈ ਛੁਪ ਗਏ । ਪੰਜਾਬ ਸਰਕਾਰ ਨੇ ਬੜਾ ਯਤਨ ਕੀਤਾ । ਇੱਕ ਲੱਖ ਦੇ ਕਰੀਬ ਰਸਮ ਪ੍ਰੋਵਾਈਡ ਕਰਕੇ ਉਨ੍ਹਾਂ ਨੂੰ ਇਲਾਜ ਲਈ ਬਾਹਰ ਭੇਜਿਆ । ਪੰਜਾਬ ਸਰਕਾਰ ਦੇ ਰੂਲਜ਼ ਤੋੜਦਿਆਂ ਹੋਇਆਂ ਇਸ ਰਸਮ ਦੀ ਪਰੋਵੀਜ਼ਨ ਕੀਤੀ ਗਈ ਕਿ ਕਿਸੇ ਤਰ੍ਹਾਂ ਸਾਡਾ ਨੌਜਵਾਨ ਲੈਜਿਸਲੇਟਰ ਆਪਣੇ ਜੀਵਨ ਨੂੰ ਬਚਾ ਸਕੇ ਪਰ ਮੌਤ ਦੇ ਉਸ ਚੱਕਰ ਨੂੰ ਅੱਜ ਮਜ਼ਬੂਤ ਜ਼ਾਲਿਮ ਹੱਥਾਂ ਨੂੰ ਕਿਸ ਤਰ੍ਹਾਂ ਰੋਕਿਆ ਜਾ ਸਕਦਾ ਸੀ । ਗਿਆਨੀ ਜੀ ਨੇ ਦੱਸਿਆ ਕਿ ਥੋੜੇ ਜਿਹੇ ਘੰਟੇ ਪਹਿਲਾਂ ਹੀ ਉਨ੍ਹਾਂ ਨਾਲ ਆਪਣੇ ਹਲਕੇ ਦੀਆਂ ਗੱਲਾਂ ਕੀਤੀਆਂ । ਉਨ੍ਹਾਂ ਦੇ ਸੰਸਕਾਰ ਵੇਲੇ ਉਨ੍ਹਾਂ ਦੇ ਛੋਟੇ ਛੋਟੇ ਬੱਚਿਆਂ ਅਤੇ ਔਰਤ ਵਲ ਦੇਖਿਆ ਨਹੀਂ ਜਾਂਦਾ ਸੀ । ਸਪੀਕਰ ਸਾਹਿਬ, ਜੋ ਪਰੋਪੋਜ਼ਲਜ਼ ਸਰਦਾਰ ਦਰਬਾਰਾ ਸਿੰਘ ਨੇ ਰਖੀਆਂ ਹਨ, ਉਨ੍ਹਾਂ ਤੇ ਅਮਲ ਕਰਨਾ ਚਾਹੀਦਾ ਹੈ । ਇਕ ਤਾਂ ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਵਾਸਤੇ ਉਨ੍ਹਾਂ ਦੇ ਆਰ੍ਫ਼ਨ ਵਾਲੇ ਜੀਵਨ ਵਾਸਤੇ ਪੰਜਾਬ ਸਰਕਾਰ ਨੂੰ ਉਨ੍ਹਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ । ਪੁਲੀਟੀਕਲ ਸਫਰਰਜ਼ ਦੀ ਵੀ, ਜਿਹੜੇ ਪੁਰਾਣੇ ਸਿਆਸੀ ਆਦਮੀ ਹੋਏ ਹਨ, ਉਨ੍ਹਾਂ ਦੀ ਵੀ ਪੰਜਾਬ ਸਰਕਾਰ ਨੇ ਮਦਦ ਕੀਤੀ ਹੈ । ਇਸ ਲਈ ਭਾਵੇਂ ਕੋਈ ਪਰੈਸੀਡੈਂਟ ਹੈ ਜਾਂ ਨਹੀਂ ਇਨ੍ਹਾਂ ਦੀ ਵੀ ਸਹਾਇਤਾ ਕਰਨੀ ਚਾਹੀਦੀ ਹੈ ਭਾਵੇਂ ਇਸ ਲਈ ਸਾਨੂੰ ਕੋਈ ਨਵਾਂ ਪਰੈਸੀਡੈਂਟ ਹੀ ਕਿਤੇ ਨਾ ਕਾਇਮ ਕਰਨਾ ਪਵੇ, ਪਰ ਇਨ੍ਹਾਂ ਦੀ ਸਹਾਇਤਾ ਹੋਣੀ ਜ਼ਰੂਰੀ ਹੈ । ਦੂਜੇ ਅੱਜ ਦੀ ਸਿਟਿੰਗ ਨੂੰ ਐਡਜਰਨ ਕਰਨਾ ਚਾਹੀਦਾ ਹੈ । ਅਖੀਰ ਵਿਚ ਮੈਂ ਸਾਡੇ ਜੁਦਾ ਹੋਣ ਵਾਲੇ ਸਾਥੀ ਨੂੰ ਸ਼ਰਧਾਂਜਲੀ ਦੇ ਫੁੱਲ ਭੇਂਟ ਕਰਦਾ ਹਾਂ ।

ਸਰਦਾਰ ਪ੍ਰੇਮ ਸਿੰਘ ਪ੍ਰੇਮ (ਰਾਣੇਪੁਰ) : ਸਪੀਕਰ ਸਾਹਿਬ, ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸਾਡੇ ਸਾਥੀ ਸਰਦਾਰ ਸੱਤਪਾਲ ਸਿੰਘ ਜੀ ਰੰਧਾਵਾ ਦੀ ਮੌਤ ਇਕ ਬੜੀ ਦਰਦਨਾਕ ਮੌਤ ਸੀ । ਭਾਵੇਂ ਤਾਂ ਜਿਸ ਤਰ੍ਹਾਂ ਚੌਧਰੀ ਸਾਹਿਬ ਨੇ ਕਿਹਾ ਹੈ ਕਿ ਜਿਸ ਢੰਗ ਗੁਰਬਾਣੀ ਵਿਚ ਆਇਆ ਹੈ:

ਜੋ ਉਪਜਿਓ ਸੋ ਬਿਨਸ ਹੈ
ਪਰੋ ਆਜ ਕੈ ਕਾਲਿ ।

Original with;
Punjab Vidhan Sabha
Digitized by;
Panjab Digital Library

ਇਸ ਦੁਨੀਆਂ ਵਿਚ ਜੋ ਆਦਮੀ ਜਨਮ ਲੈਂਦਾ ਹੈ ਉਸ ਨੇ ਇਕ ਦਿਨ ਜ਼ਰੂਰ ਨਾਸ਼ ਹੋਣਾ ਹੈ। ਟਿਕ ਸ਼ਾਇਰ ਨੇ ਬੜਾ ਸੁੰਦਰ ਕਿਹਾ ਹੈ :

ਫਾਨੀ ਮੈਂ ਤੂੰ ਭੀ ਫਾਨੀ
ਸਭ ਹੈਂ ਫਾਨੀ ਵੈਹ ਭੀ ਫਾਨੀ....

ਇਸ ਉਮਰ ਵਿਚ ਉਨ੍ਹਾਂ ਦਾ ਚਲੇ ਜਾਣਾ ਬੜਾ ਦੁਖਦਾਈ ਗੱਲ ਹੈ। ਜਿਸ ਦਿਨ ਤੋਂ ਉਹ ਪੁਲਿਟੀਕਲ ਫੀਲਡ ਵਿਚ ਆਏ ਹਨ ਉਨ੍ਹਾਂ ਤੇ ਕਦੇ ਕੋਈ ਉਂਗਲੀ ਨਹੀਂ ਉਠੀ। ਜੇ ਮੈਂ ਇਹ ਕਹਾਂ ਕਿ ਇਸ ਹਾਊਸ ਦਾ ਮੈਂਬਰ ਹੋਣ ਦੇ ਨਾਤੇ ਉਨ੍ਹਾਂ ਨੇ ਕਦੇ ਐਸੀ ਗੱਲ ਨਹੀਂ ਕੀਤੀ ਜਿਹੜੀ ਕਿ ਹਾਊਸ ਦੀ ਰਵਾਇਆਤ ਦੇ ਫਤਰ ਜਾਇਆ ਨਾ ਹੋਵੇ, ਤਾਂ ਇਹ ਗ਼ਲਤ ਗੱਲ ਨਹੀਂ ਹੈ। ਮੈਂ ਸਮਝਦਾ ਹਾਂ ਕਿ ਇਹ ਇਕ ਬੜੀ ਦਰਦਨਾਕ ਮੌਤ ਹੈ ਅਤੇ ਇਸ ਦਾ ਸਾਰੇ ਸਾਥੀਆਂ ਨੂੰ, ਸਾਰੇ ਪੰਜਾਬ ਨੂੰ ਬੇਹੱਦ ਦੁੱਖ ਪੁੱਜਾ ਹੈ। ਇਹ ਕੋਈ ਗੱਲ ਕੁਦਰਤੀ ਵੀ ਹੈ ਅਤੇ ਲਾਜ਼ਮੀ ਵੀ ਹੈ। ਜਿਸ ਤਰ੍ਹਾਂ ਕਿ ਚੀਫ ਮਨਿਸਟਰ ਸਾਹਿਬ ਨੇ ਮਤਾ ਪੇਸ਼ ਕੀਤਾ ਹੈ ਅਤੇ ਦੂਸਰੇ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਨੇ ਵੀ ਇਸ ਦੀ ਪਰੋੜ੍ਹਤਾ ਕੀਤੀ ਹੈ, ਮੈਂ ਵੀ ਆਪਣੇ ਆਪ ਨੂੰ ਇਸ ਦਰਦ ਨਾਲ ਸ਼ਾਮਿਲ ਕਰਦਾ ਹਾਂ। ਅਤੇ ਮੈਂ ਪ੍ਰਮਾਤਮਾ ਕੋਲ ਅਰਦਾਸ ਕਰਦਾ ਹਾਂ ਕਿ ਉਹ ਉਸਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਜਗ੍ਹਾ ਦੇਵੇ ਅਤੇ ਉਨ੍ਹਾਂ ਦੇ ਪਿਛੇ ਰਹੇ ਸਾਥੀ, ਦੋਸਤ ਅਤੇ ਰਿਸ਼ਤੇਦਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਮੈਂ ਇਸ ਗੱਲ ਨਾਲ ਵੀ ਸਹਿਮਤ ਹਾਂ ਕਿ ਜੋ ਸਰਕਾਰ ਵਲੋਂ ਸ਼੍ਰੀ ਘੱਟ ਜੀ ਨੇ ਅਤੇ ਹੋਰ ਦੂਸਰੇ ਮੈਂਬਰ ਸਾਹਿਬਾਨ ਅਤੇ ਬਾਦਲ ਸਾਹਿਬ ਨੇ ਪਰੋਪੋਜ਼ਲ ਦਿਤੀ ਹੈ ਕਿ ਉਹ ਸਿਟਿੰਗ ਮੈਂਬਰ ਸੀ ਅਤੇ ਮਰਨ ਤੋਂ ਇਕ ਦਿਨ ਪਹਿਲਾਂ ਉਸ ਨੇ ਹਾਊਸ ਅਟੈਂਡ ਕੀਤਾ ਸੀ ਇਸ ਵਾਸਤੇ ਉਸ ਸ਼ਾਨ ਦੇ ਵਿਚ ਅੱਜ ਹਾਊਸ ਅੰਡਜ਼ਰਨ ਕਰਨਾ ਚਾਹੀਦਾ ਹੈ ਅਤੇ ਕੱਲ ਨੂੰ ਭਬਤ ਸਿਟਿੰਗ ਕਰਕੇ ਵੀ ਅਸੀਂ ਕੰਮ ਪੂਰਾ ਕਰ ਸਕਦੇ ਹਾਂ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਮਤੇ ਦੀ ਪਰੋੜਤਾ ਕਰਦਾ ਹਾਂ।

ਸ਼੍ਰੀਮਤੀ ਗੁਰਚਰਿੰਦਰ ਕੌਰ ਬਰਾੜ (ਮਕਾਨ ਉਸਾਰੀ ਦੇ ਰਾਜ ਮੰਤਰੀ) : ਸਪੀਕਰ ਸਾਹਿਬ, ਸੱਤਪਾਲ ਸਿੰਘ ਰੰਧਾਵਾ ਦੀ ਮੌਤ ਸੁਣਕੇ ਬੜਾ ਅਫਸੋਸ ਹੋਇਆ। ਸਾਰੇ ਮੈਂਬਰ ਸਾਹਿਬਾਨ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਹੈ ਕਿ ਕੁਝ ਪਤਾ ਨਹੀਂ ਹੈ ਕਿ ਕਿਸ ਨੇ ਇਸ ਘੜੀ ਅਤੇ ਦੂਸਰੀ ਘੜੀ ਵਿਚੋਂ ਚਲੇ ਜਾਣਾ ਹੈ। ਮੈਨੂੰ ਅੱਛੀ ਤਰ੍ਹਾਂ ਯਾਦ ਹੈ ਕਿ ਮੈਂ ਇਥੇ ਬੈਠੀ ਹੋਈ ਸੀ ਅਤੇ ਰਧਾਵਾ ਜੀ ਨਾਲ ਦੇ ਬੈਂਚ ਤੇ ਆ ਕੇ ਚੌਧਰੀ ਸਾਹਿਬ ਨਾਲ ਗੱਲਾਂ ਕਰ ਰਹੇ ਸਨ। ਮੈਂ ਆਪਣੇ ਮਨ ਵਿਚ ਕਿਹਾ ਕਿ ਪ੍ਰਮਾਤਮਾ ਦਾ ਸ਼ੁਕਰ ਹੈ ਕਿ ਉਨ੍ਹਾਂ ਦੀ ਸਿਹਤ ਚੰਗੀ ਠੀਕ ਹੈ ਅਤੇ ਉਸ ਵਕਤ ਕੋਈ ਪਤਾ ਨਹੀਂ ਸੀ ਕਿ ਇਸ ਤਰ੍ਹਾਂ ਹੋ ਜਾਵੇਗਾ। ਉਸ ਦੇ ਬਾਅਦ ਉਨ੍ਹਾਂ ਦੀ ਮੌਤ ਦੀ ਖਬਰ ਸੁਣਕੇ ਜੋ ਦੁੱਖ ਹੋਇਆ ਉਹ ਤੁਸੀਂ ਸਾਰੇ ਅਹਿਸਾਸ ਕਰ ਸਕਦੇ ਹੋ। ਮੈਂ ਅੱਜ ਮਹਿਸੂਸ ਕੀਤਾ ਕਿ ਮੈਂ ਜ਼ਰੂਰ ਕੁਝ ਕਹਿਣਾ ਹੈ ਕਿਉਂਕਿ ਰੰਧਾਵਾ ਜੀ ਨੂੰ ਮੈਂ ਇਕ ਬਤੌਰ ਐਮ. ਐਲ. ਏ. ਹੀ ਨਹੀਂ ਸੀ ਜਾਣਦੀ ਬਲਕਿ ਮੈਂ ਜਦ ਉਨ੍ਹਾਂ ਦੇ ਹਲਕੇ ਵਿਚ ਗਈ ਤਾਂ ਮੈਂ ਉਨ੍ਹਾਂ ਨੂੰ ਟਿਕ ਸੋਸ਼ਲ ਵੈਲਫੇਅਰ ਵਰਕਰ ਦੇ ਤੌਰ ਤੇ ਜ਼ਿਆਦਾ ਜਾਣਦੀ ਸੀ। ਦਸੂਹੇ ਦੇ ਹਲਕੇ ਵਿਚ ਚੇਅਰਮੈਨ ਹੋਣ ਦੇ ਨਾਤੇ ਜਦ ਮੈਂ ਦੇਖਣ ਜਾਂਦੀ ਤਾਂ ਉਥੇ ਚਾਈਲਡ ਵੈਲਫੇਅਰ ਸਕੀਮ ਦਾ ਕੰਮ ਵੇਖਕੇ ਮੈਨੂੰ ਬਹੁਤ ਖੁਸ਼ੀ ਹੁੰਦੀ ਕਿ ਇਸ ਤਰ੍ਹਾਂ ਦਾ ਬਾਡਾ ਟਿਕ ਮੈਂਬਰ ਇਤਨੇ

Original with;
Punjab Vidhan Sabha
Digitized by;
Panjab Digital Library

(ਮਕਾਨ ਉਸਾਰੀ ਦੇ ਰਾਜ ਮੰਤਰੀ)

ਭਲਾਈ ਦੇ ਕੰਮ ਕਰ ਰਿਹਾ ਹੈ। ਅਸੀਂ ਜੋ ਉਥੇ ਕੈਂਪ ਖੋਲ੍ਹਿਆ ਸੀ ਉਸ ਵਿਚ ਸਾਨੂੰ ਉਨ੍ਹਾਂ ਨੇ ਕਾਫੀ ਸਹਿਯੋਗ ਦਿਤਾ ਅਤੇ ਬੜੀ ਹਮਦਰਦੀ ਦੇ ਨਾਲ ਸੋਸ਼ਲ ਵੈਲਫੇਅਰ ਨੂੰ ਮੁੱਖ ਰੱਖਦੇ ਹੋਏ ਔਰਤਾਂ ਦੀ ਭਲਾਈ ਦਾ ਕੰਮ ਕਰਦੇ ਰਹੇ। ਉਸ ਵੇਲੇ ਉਨ੍ਹਾਂ ਦੇ ਮਨ ਵਿਚ ਇਹ ਨਹੀਂ ਸੀ ਕਿ ਉਨ੍ਹਾਂ ਨੇ ਵੀ ਐਮ. ਐਲ. ਏ. ਬਣਨਾ ਹੈ। ਲੇਕਿਨ ਉਨ੍ਹਾਂ ਦੇ ਮਨ ਵਿਚ ਜੋ ਭਲਾਈ ਕਰਨ ਦਾ ਉਤਸ਼ਾਹ ਸੀ ਉਹ ਉਸ ਵਕਤ ਸੀ। ਦੋ ਟਰਮ ਉਹ ਸਰਪੰਚ ਰਹੇ ਅਤੇ ਇਸ ਤਰ੍ਹਾਂ ਸੇਵਾ ਕਰਦੇ ਰਹੇ। ਉਥੇ ਜੋ ਲੇਡੀਜ਼ ਕੰਮ ਕਰਦੀਆਂ ਸਨ ਉਨ੍ਹਾਂ ਨੇ ਮੈਨੂੰ ਦਸਿਆ ਕਿ ਸਾਡੇ ਵਿਚ ਬਹੁਤ ਸਾਰੀ ਦਿਲਚਸਪੀ ਲੈਂਦੇ ਰਹੇ ਅਤੇ ਸਾਡੀ ਮਦਦ ਕਰਦੇ ਰਹੇ। ਜਿਸ ਵਕਤ ਸਾਡੀਆਂ ਲੇਡੀਜ਼ ਪਿੰਡਾਂ ਵਿਚ ਜਾਂਦੀਆਂ ਹਨ ਤਾਂ ਉਸ ਵਕਤ ਬਹੁਤ ਜ਼ਰੂਰੀ ਹੈ ਕਿ ਅਗਰ ਉਥੇ ਦੇ ਲੋਕ ਸਹਿਯੋਗ ਦੇਣ ਤਾਂ ਉਸ ਇਲਾਕੇ ਦੀ ਕੁਝ ਭਲਾਈ ਦਾ ਕੰਮ ਬਹੁਤ ਜ਼ਿਆਦਾ ਹੋ ਸਕਦਾ ਹੈ, ਸੋ ਅਜਿਹਾ ਕੰਮ ਉਨ੍ਹਾਂ ਨੇ ਕੀਤਾ। ਸਪੀਕਰ ਸਾਹਿਬ, ਜਿਸ ਤਰ੍ਹਾਂ ਸਾਰੇ ਸਾਥੀਆਂ ਨੇ ਕਿਹਾ ਹੈ ਕਿ ਇਨਸਾਨ ਨੇ ਚਲੇ ਜਾਣਾ ਹੈ, ਇਹ ਠੀਕ ਹੈ, ਲੇਕਿਨ ਜਿਸ ਵਕਤ ਇਨਸਾਨ ਦਨੀਆਂ ਵਿਚ ਆਉਂਦਾ ਹੈ ਤਾਂ ਉਹ ਖੁਸ਼ਕਿਸਮਤ ਹੈ ਕਿ ਉਹ ਆਪਣੇ ਕੁਝ ਫੁੱਟਪ੍ਰਿੰਟਸ ਇਸ ਦੁਨੀਆਂ ਵਿਚ ਛੱਡ ਜਾਵੇ। ਅਤੇ ਭਲਾਈ ਦੇ ਕੰਮ ਕਰਦੇ ਹੋਏ ਆਪਣੇ ਪਿਛੇ ਕੁਝ ਹਿਸਟਰੀ, ਕੁਝ ਲਾਈਨਾਂ ਇਸ ਤਰ੍ਹਾਂ ਦੀ ਛੱਡ ਜਾਵੇ ਜਿਸ ਨੂੰ ਕਿ ਸਾਰੀ ਦੁਨੀਆਂ ਯਾਦ ਕਰਦੀ ਰਹੇ। ਸੋ, ਸਪੀਕਰ ਸਾਹਿਬ, ਮੈਨੂੰ ਪੂਰਨ ਭਰੋਸਾ ਹੈ ਕਿ ਸੀ. ਐਮ. ਸਾਹਿਬ ਜੋ ਵੀ ਸੋਚਣਗੇ ਅਤੇ ਜੋ ਵੀ ਕਰਨਾ ਚਾਹੀਦਾ ਹੈ ਉਹ ਜ਼ਰੂਰ ਕਰਨਗੇ ਅਤੇ ਗੌਰਮਿੰਟ ਮੱਦਦ ਵੀ ਕਰਦੀ ਹੈ। ਉਨ੍ਹਾਂ ਦੀ ਬੀਮਾਰੀ ਦੇ ਵਕਤ ਵੀ ਉਨ੍ਹਾਂ ਦੀ ਮੱਦਦ ਕੀਤੀ। ਜਿਸ ਤਰ੍ਹਾਂ ਕਿਹਾ ਗਿਆ ਹੈ ਕਿ ਅੱਜ ਹਾਊਸ ਐਡਜਰਨ ਹੋਣਾ ਚਾਹੀਦਾ ਹੈ, ਠੀਕ ਹੈ ਹੋਣਾ ਚਾਹੀਦਾ ਹੈ। ਮੈਂ ਪ੍ਰਮਾਤਮਾ ਅਗੇ ਪ੍ਰਾਰਥਨਾ ਕਰਦੀ ਹਾਂ ਕਿ ਉਹ ਉਨ੍ਹਾਂ ਦੀ ਰੂਹ ਨੂੰ ਸ਼ਾਂਤੀ ਦੇਵੇ ਅਤੇ ਆਪਣੇ ਚਰਨਾਂ ਵਿਚ ਨਿਵਾਸ ਦੇਵੇ।

ਸਰਦਾਰ ਅਜਾਇਬ ਸਿੰਘ ਸੰਧੂ (ਮੋਰਿੰਡਾ ਐਸ. ਸੀ.) : ਸਪੀਕਰ ਸਾਹਿਬ, ਬੜੇ ਦੁੱਖ ਦੀ ਗੱਲ ਹੈ ਕਿ ਸਾਡੇ ਇਸ ਹਾਊਸ ਦਾ ਇਕ ਨੌਜਵਾਨ ਐਮ. ਐਲ. ਏ. ਸਾਨੂੰ ਜੁਦਾਈ ਦੇ ਕੇ ਚਲਾ ਗਿਆ ਹੈ। ਇਹ ਠੀਕ ਹੈ ਕਿ ਹਰ ਇਨਸਾਨ ਨੇ ਇਥੇ ਆ ਕੇ ਆਪਣਾ ਸਫਰ ਕਰਕੇ ਚਲੇ ਜਾਣਾ ਹੈ ਪਰ ਜਦੋਂ ਕਿਸੇ ਨੌਜਵਾਨ ਇਨਸਾਨ ਦੀ ਮੌਤ ਹੁੰਦੀ ਹੈ ਅਤੇ ਉਹ ਵੀ ਉਦੋਂ ਜਦੋਂ ਕਿਸੇ ਨੂੰ ਪਤਾ ਨਾ ਹੋਵੇ ਅਤੇ ਅਚਾਨਕ ਹੀ ਹੋ ਜਾਵੇ ਤਾਂ ਫਿਰ ਉਸ ਦੇ ਦੋਸਤਾਂ, ਮਿੱਤਰਾਂ ਅਤੇ ਰਿਸ਼ਤੇਦਾਰਾਂ ਨੂੰ ਤਾਂ ਦੁੱਖ ਹੁੰਦਾ ਹੀ ਹੈ ਲੇਕਿਨ ਉਸ ਨੂੰ ਸੁਣਨ ਵਾਲੇ ਨੂੰ ਵੀ ਬਹੁਤ ਦੁੱਖ ਹੁੰਦਾ ਹੈ। ਸਪੀਕਰ ਸਾਹਿਬ, ਇਸ ਵਿਚ ਇਹੀ ਗੱਲ ਨਹੀਂ ਕਿ ਇਸ ਹਾਊਸ ਦਾ ਇਕ ਨੌਜਵਾਨ ਮੈਂਬਰ ਸਾਡੇ ਕੋਲੋਂ ਜੁਦਾ ਹੋ ਗਿਆ ਹੈ ਲੇਕਿਨ ਜਿਹੜੀ ਉਹ ਆਪਣੀ ਪਤਨੀ ਅਤੇ ਆਪਣੇ ਦੋ ਬੱਚੇ ਪਿਛੇ ਛੱਡ ਗਿਆ ਹੈ ਅਤੇ ਇਸ ਜਵਾਨੀ ਦੀ ਉਮਰ ਵਿਚ ਜਦੋਂ ਇਸਤਰੀ ਨੂੰ ਵੀ ਆਪਣੇ ਮਰਦ ਦੀ ਲੋੜ ਹੁੰਦੀ ਹੈ ਅਤੇ ਉਸ ਦੇ ਬੱਚਿਆਂ ਨੂੰ ਵੀ ਆਪਣੇ ਪਿਓ ਬਾਰੇ ਪਤਾ ਨਾ ਹੋਵੇ, ਇਸ ਤੋਂ ਵੱਡੀ ਇਹ ਬੜੀ ਦੁਖਦਾਈ ਗੱਲ ਹੈ। ਮੈਂ ਤੁਹਾਡੀ ਸੇਵਾ ਵਿਚ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਸਰਦਾਰ ਸੱਤਪਾਲ ਸਿੰਘ ਰੰਧਾਵਾ ਦਾ ਇਲਾਜ ਕਰਾਉਣ ਵਾਸਤੇ ਬਹੁਤ ਕੋਸ਼ਿਸ਼ ਕੀਤੀ, ਉਨ੍ਹਾਂ ਨੂੰ ਇੰਗਲੈਂਡ ਵੀ ਭੇਜਿਆ ਲੇਕਿਨ ਵਾਹਿਗੁਰੂ ਨੂੰ ਐਨਾ ਮਨਜ਼ੂਰ ਨਹੀਂ ਸੀ। ਉਥੇ ਡਾਕਟਰਾਂ ਨੇ ਹਾਲਾਂ ਕਿ ਉਨ੍ਹਾਂ ਨੂੰ ਕਿਹਾ ਸੀ ਕਿ ਸ਼ਾਇਦ

Original with;
Punjab Vidhan Sabha
Digitized by;
Panjab Digital Library

ਦਵਾਈਆਂ ਨਾਲ ਤੁਹਾਡਾ ਕੰਮ ਠੀਕ ਹੋ ਜਾਵੇਗਾ ਲੇਕਿਨ ਠੀਕ ਨਹੀਂ ਹੋਏ । ਇਸ ਲਈ ਉਨ੍ਹਾਂ ਦਾ ਸਾਡੇ ਕੋਲੋਂ ਵਿੱਛੜ ਜਾਣਾ ਬੜੀ ਦੁਖਦਾਈ ਗੱਲ ਹੈ । ਮੈਂ ਪੰਜਾਬ ਸਰਕਾਰ ਨੂੰ ਇਹ ਬੇਨਤੀ ਕਰਾਂਗਾ ਕਿ ਰੰਧਾਵਾ ਜੀ ਦੇ ਬੱਚਿਆਂ ਨੂੰ ਤਾਲੀਮ ਮੁਫਤ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ । ਪਿਛਲੇ ਸਾਲਾਂ ਵਿਚ ਵੀ ਇਸ ਹਾਊਸ ਦੇ ਇਕ ਮਾਨਯੋਗ ਮੈਂਬਰ ਸੰਤ ਸਾਧੂ ਸਿੰਘ ਦਾ ਚਲਾਣਾ ਹੋਇਆ ਸੀ ਅੌਰ ਉਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ 20 ਹਜ਼ਾਰ ਰੁਪਿਆ ਉਨ੍ਹਾਂ ਦੀ ਵਿਧਵਾ ਨੂੰ ਸਰਕਾਰ ਵਲੋਂ ਦਿਤਾ ਸੀ । ਮੈਂ ਇਹ ਵੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਰਕਾਰ ਜਿੰਨੀ ਵੱਧ ਤੋਂ ਵੱਧ ਉਸ ਵਿਧਵਾ ਦੀ, ਜਿਸ ਦੇ ਪਤੀ ਚਲਾਣਾ ਕਰ ਗਏ ਹਨ, ਜੇ ਸਰਕਾਰ ਉਸ ਨੂੰ ਪੈਨਸ਼ਨ ਨਾ ਵੀ ਦੇਵੇ ਤਾਂ ਵੀ ਉਸ ਨੂੰ ਲੰਪਸਮ ਪੈਸਾ ਜ਼ਰੂਰ ਮਿਲਣਾ ਚਾਹੀਦਾ ਹੈ । ਮੈਂ ਸੱਚੇ ਪਾਤਸ਼ਾਹ ਅੱਗੇ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਰੰਧਾਵਾ ਜੀ ਨੂੰ, ਜੋ ਕਿ ਸਾਡੇ ਕੋਲੋਂ ਵਿਛੜ ਗਏ ਹਨ ਉਨ੍ਹਾਂ ਦੀ ਰੂਹ ਨੂੰ ਆਪਣੇ ਚਰਨਾ ਵਿਚ ਨਿਵਾਸ ਦੇਵੇ । ਇਨ੍ਹਾਂ ਸ਼ਬਦਾਂ ਨਾਲ ਮੈਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ ।

ਚੌਧਰੀ ਬਲਰਾਮ (ਉਪ ਮਾਲੀ ਸਿਚਾਈ ਤਥਾ ਬਿਜਲੀ) : ਸਪੀਕਰ ਸਾਹਿਬ, ਸਮਝ ਮੇਂ ਨਹੀਂ ਆਤਾ ਕਿ ਕੈਸੇ ਬਯਾਨ ਕਰੂੰ ਜਿਸ ਤਰੀਕੇ ਸੇ ਸ਼੍ਰੀ ਰੰਧਾਵਾ ਜੀ ਕੀ ਮੌਤ ਹੁਈ ਹੈ । ਵਹ ਯਹਾਂ ਪਰ ਮੇਰੀ ਬਗਲ ਮੇਂ ਬੈਠੇ ਹੁਏ ਥੇ ਔਰ ਮੁਝੇ ਕੁਛ ਕਹ ਰਹੇ ਥੇ । ਕਹ ਰਹੇ ਥੇ ਕਿ ਚੌਧਰੀ ਸਾਹਿਬ ਯਹ ਮੇਰੇ ਹਲਕੇ ਕਾ ਕਾਮ ਹੈ, ਯਹ ਜਨਤਾ ਕੀ ਬਹਬੂਦੀ ਕਾ ਕਾਮ ਹੈ ਔਰ ਇਸ ਮੇਂ ਮੇਰੀ ਮਦਦ ਕਰੇਂ । ਮੈਂਨੇ ਉਨ੍ਹੇਂ ਕਹਾ ਕਿ ਰੰਧਾਵਾ ਜੀ ਆਪ ਪਹਲੇ ਅਪਨੀ ਸੇਹਤ ਕਾ ਖ੍ਯਾਲ ਤੋ ਕਰੇਂ । ਅਭੀ ਆਪ ਕੁਛ ਹੀ ਚਲਨੇ ਫਿਰਨੇ ਲਗੇ ਹੈਂ ਇਸ ਲਿਏ ਆਪ ਕੁਛ ਆਰਾਮ ਕੀਜਿਯੇ । ਅਭੀ ਆਪ ਕੋਈ ਫਿਕ੍ਰ ਮਤ ਕੀਜਿਏ । ਉਨ੍ਹੋਂ ਨੇ ਮੁਝੇ ਪਤਾ ਹੈ ਕ੍ਯਾ ਕਹਾ ? ਉਨ੍ਹੋਂਨੇ ਮੁਝੇ ਕਹਾ ਕਿ ਭਾਈ ਸਾਹਿਬ, ਕ੍ਯਾ ਕਰਤੇ ਹੋ ਪਤਾ ਨਹੀਂ ਕਿ ਮਨੁਖ੍ਯ ਨੇ ਯਹਾਂ ਪਰ ਕਿਤਨੀ ਦੇਰ ਰਹਨਾ ਹੈ ਔਰ ਕੈਸੇ ਰਹਨਾ ਹੈ । ਇਸ ਲਿਏ ਜਿਤਨਾ ਸਮਯ ਯਹਾਂ ਰਹਨਾ ਹੈ ਉਤਨਾ ਸਮਯ ਜਿਤਨੇ ਭਲਾਈ ਕੇ ਕਾਮ ਹੋ ਸਕੇਂ ਕਰਨੇ ਚਾਹਿਏਂ ।

ਦੂਸਰੀ ਬਾਤ ਮੁਝੇ ਯਾਦ ਆਤੀ ਹੈ ਕਿ ਹਮਾਰੇ ਬਜ਼ੁਰਗ ਕਹਾ ਕਰਤੇ ਥੇ ਕਿ ਇਨ੍ਸਾਨ ਜੋ ਕਾਮ ਯਹਾਂ ਕਰਤਾ ਹੈ, ਵਹੀ ਉਸਕੀ ਯਾਦ ਰਹ ਜਾਤੀ ਹੈ । ਮੁਝੇ ਉਨਪਰ ਮਾਨ ਹੈ । ਵਹ ਮੇਰਾ ਕੁਲੀਗ ਥਾ, ਦੋਸ੍ਤ ਥਾ ਔਰ ਸਾਥ ਹੀ ਸਾਥ ਮੇਰਾ ਰਿਸ਼੍ਤੇਦਾਰ ਭੀ ਥਾ । ਹਮਾਰਾ ਏਕ ਨਿਜੀ ਸਮ੍ਬਨ੍ਧ ਥਾ । ਜਬ ਉਨਕੀ ਯਹ ਸਦਮੇ ਕੀ ਬਾਤ ਸੁਨੀ ਤੋ ਮੇਰਾ ਦਮ ਨਿਕਲ ਗਯਾ । ਮੈਂਨੇ ਸੋਚਾ ਕਿ ਯਹ ਅਨਰ੍ਥ ਕੈਸੇ ਹੁਆ ? ਮੌਤ ਜੋ ਹੋਤੀ ਹੈ ਯਹ ਅਨਰ੍ਥ ਹੋਤਾ ਹੈ । ਇਸ ਤਰਹ ਕੀ ਦੁਖਦਾਈ ਮੌਤ ਕਮ ਹੋਤੀ ਹੈ । ਮੈਂ ਹਾਊਸ ਕੇ ਬਿਲਕੁਲ ਸਾਥ ਹੂੰ । ਜੋ ਕੁਛ ਭੀ ਹਮ ਕਰ ਸਕਤੇ ਹੈਂ ਉਨਕੀ ਯਾਦ ਮੇਂ, ਉਨਕੇ ਬਚ੍ਚੋਂ ਕੇ ਲਿਏ, ਉਨਕੀ ਬੀਵੀ ਕੇ ਲਿਏ ਵਹ ਹਮੇਂ ਕਰਨਾ ਚਾਹਿਏ, ਯਹ ਹਮਾਰਾ ਫਰ੍ਜ਼ ਹੈ । ਮੈਂ ਅਪਨੀ ਤਰਫ ਸੇ ਉਨ੍ਹੇਂ ਸ਼੍ਰਦ੍ਧਾ ਕੇ ਫੂਲ ਭੇਂਟ ਕਰਤਾ ਹੂੰ ।

ਸਰਦਾਰ ਹਰਚਰਨ ਸਿੰਘ (ਅੰਬਾਲਾ) : ਸਪੀਕਰ ਸਾਹਿਬ, ਬੜੇ ਦੁੱਖ ਦੀ ਗੱਲ ਹੈ ਕਿ ਸਾਡਾ ਇਕ ਜਵਾਨ ਦੋਸਤ ਪਾਰਟੀ ਦਾ ਵਫਾਦਾਰ ਅਤੇ ਹਲਕੇ ਦਾ ਪਿਆਰਾ ਅੱਜ ਸਾਡੇ ਵਿਚ ਮੌਜੂਦ ਨਹੀਂ । ਜ਼ਿੰਦਗੀ ਵਿਚ ਅੌਰ ਮੌਤ ਵਿਚ ਕਿੰਨਾ ਥੋੜਾ

Original with;
Punjab Vidhan Sabha
Digitized by;
Panjab Digital Library

(ਸਰਦਾਰ ਹਰਚਰਨ ਸਿੰਘ)

ਫਾਸਲਾ ਹੈ। ਇਹ ਉਸ ਸਾਥੀ ਦੀ ਮੌਤ ਨੇ ਚਾਨਣ ਕੀਤਾ ਹੈ। ਜਿਹੜਾ ਸਾਡਾ 7 ਤਾਰੀਖ ਦੇ ਹਾਊਸ ਵਿਚ ਮੌਜੂਦ ਸੀ। 5 ਅੌਰ 6 ਤਾਰੀਖ ਦੇ ਦੌਨਾਂ ਸਿਟਿੰਗਜ਼ ਨੂੰ ਉਸ ਨੇ ਅਟੈਂਡ ਕੀਤਾ ਅੌਰ 7 ਤਾਰੀਖ ਨੂੰ ਆਪਣੇ ਹਲਕੇ ਦੇ ਕੰਮਾਂ ਕਾਰਜਾਂ ਵਾਸਤੇ ਸਾਥੀ ਵਜ਼ੀਰ ਸਾਹਿਬਾਨ ਕੋਲ ਵੀ ਗਿਆ ਅਤੇ ਉਨ੍ਹਾਂ ਨਾਲ ਗੱਲ ਬਾਤ ਕੀਤੀ। ਉਸ ਦਾ 8 ਤਾਰੀਖ ਨੂੰ ਸਾਡੇ ਕੋਲੋਂ ਵਿਛੜ ਜਾਣਾ ਇਹ ਦਸਦਾ ਹੈ ਕਿ ਜ਼ਿੰਦਗੀ ਅੌਰ ਮੌਤ ਦਾ ਫਾਸਲਾ ਬਹੁਤ ਘੱਟ ਹੈ। ਠੀਕ ਹੀ ਕਿਸੇ ਨੇ ਆਖਿਆ ਹੈ..

ਹਮਾਰੀ ਖ਼ਾਕ ਸੇ ਦਾਮਨ ਕੋ ਝਾੜਨੇ ਵਾਲੇ ਇਸੀ ਮੁਕਾਮ ਸੇ ਗੁਜ਼ਰੇਂਗੇ।

ਸਾਥੀ ਸਤਪਾਲ ਸਿੰਘ ਜੀ ਰੰਧਾਵਾ ਭਾਵੇਂ ਸਾਨੂੰ ਹਾਊਸ ਵਿਚ ਮਿਲੇ, ਭਾਵੇਂ ਕਮਰਿਆਂ ਵਿਚ ਮਿਲੇ ਤੇ ਭਾਵੇਂ ਸੈਕਟਰੀਏਟ ਦੀ ਕਿਸੇ ਗੈਲਰੀ ਵਿਚ ਮਿਲੇ ਹਨ ਉਹ ਹਮੇਸ਼ਾਂ ਆਪਣੇ ਹਲਕੇ ਦੇ ਕੰਮ ਕਾਜ ਦੀ ਗੱਲ ਕਰਦੇ ਸਨ ਅਤੇ ਜ਼ਿੰਦਗੀ ਦੇ ਆਖਰੀ ਦਮ ਤਕ ਉਨ੍ਹਾਂ ਨੇ ਆਪਣੇ ਹਲਕੇ ਦੇ ਕੰਮ ਕਾਜ ਨੂੰ ਨਹੀਂ ਛਡਿਆ। ਇਸ ਤੋਂ ਵਧ ਹੋਰ ਵਫਾਦਾਰੀ ਨਹੀਂ ਕੋਈ ਸਾਬਤ ਕਰ ਸਕਦਾ। ਪ੍ਰਮਾਤਮਾ ਨੇ ਉਨ੍ਹਾਂ ਨੂੰ ਸਾਡੇ ਤੋਂ ਵਿਛੋੜ ਲਿਆ ਹੈ ਲੇਕਿਨ ਜਿਹੜੀਆਂ ਉਹ ਯਾਦਾਂ ਛੱਡ ਗਏ ਹਨ ਉਹ ਅਮਿਟ ਰਹਿਣਗੀਆਂ। ਸਪੀਕਰ ਸਾਹਿਬ, ਪ੍ਰੈਸੀਡੈਂਟਸ ਹਾਊਸ ਵਿਚ ਕਰੀਏਟ ਕੀਤੇ ਜਾਂਦੇ ਹਨ। ਮੈਂ ਪੁਰਜ਼ੋਰ ਆਪਣੇ ਲੀਡਰ ਸਾਹਿਬ ਨੂੰ ਅਪੀਲ ਕਰਾਂਗਾ ਕਿ ਸਤਿਕਾਰ ਵਿਚ ਹਾਊਸ ਨੂੰ ਐਡਜਰਨ ਕਰਕੇ ਅੌਰ ਜਿਸ ਤਰੀਕੇ ਨਾਲ ਉਨ੍ਹਾਂ ਨੇ ਘਾਲਣਾ ਕੀਤੀ ਹੈ ਉਨ੍ਹਾਂ ਦੀ ਸਹਾਇਤਾ ਲਈ ਉਨ੍ਹਾਂ ਦੇ ਬੱਚਿਆਂ ਅਤੇ ਉਨ੍ਹਾਂ ਦੇ ਘਰੋਂ ਬੀਬੀ ਜੀ ਨੂੰ ਮਾਲੀ ਸਹਾਇਤਾ ਵਿਚ ਸਹਿਯੋਗ ਦੇਣ ਅੌਰ ਜਿਸ ਤਰ੍ਹਾਂ ਅਗੇ ਵੀ ਮਦਦ ਕਰਕੇ ਪ੍ਰੈਸੀਡੈਂਟਸ ਸੈਟ ਕੀਤੇ ਹਨ ਇਹ ਵੀ ਪ੍ਰੈਸੀਡੈਂਟਸ ਸੈਟ ਕਰਨ। ਸਰਦਾਰ ਸਤਪਾਲ ਸਿੰਘ ਜੀ ਰੰਧਾਵਾ ਦਾ ਸਾਡੇ ਪਾਸੋਂ ਚਲੇ ਜਾਣ ਨਾਲ ਮੈਂ ਸਮਝਦਾ ਹਾਂ ਕਿ ਸਾਡੇ ਸਾਥੀਆਂ ਵਿਚ ਅਤੇ ਸਾਡੀ ਪਾਰਟੀ ਵਿਚ ਬੜਾ ਭਾਰੀ ਖਲਾਅ ਪਿਆ ਹੈ।

'ਹਮਾਰੇ ਬਾਦ ਅੰਧੇਰੇ ਰਹੇਂਗੇ ਮਹਿਫਲ ਮੇ, ਬਹੁਤ ਚਿਰਾਗ ਜਲਾਓਗੇ ਰੋਸ਼ਨੀ ਕੇ ਲੀਏ'

ਸਰਦਾਰ ਕਿਰਪਾਲ ਸਿੰਘ ਢਿਲੋਂ (ਕਪੂਰਥਲਾ): ਸਪੀਕਰ ਸਾਹਿਬ, ਗੁਰਬਾਣੀ ਦਸਦੀ ਹੈ..

'ਜੋ ਦੀਸੈ ਸੋ ਚਾਲਣਹਾਰ, ਲਪਟ ਰਹਿਓ ਤੂੰ ਅੰਧ ਅੰਧਾਰ'

ਟੈਨੀਸਨ ਨੇ ਵੀ ਜੋ ਅੰਗਰੇਜ਼ੀ ਦਾ ਇਕ ਕਵੀ ਸੀ ਇਸ ਤਰ੍ਹਾਂ ਦੀ ਤਰਜਮਾਨੀ ਆਪਣੇ ਸ਼ਬਦਾਂ ਵਿਚ ਕੀਤੀ ਹੈ ਉਨ੍ਹਾਂ ਨੇ 'The passing of Arthur' ਵਿਚ ਲਿਖਿਆ ਹੈ ਕਿ Change is the law of Universe. ਜੋ ਚੀਜ਼ ਦੁਨੀਆਂ ਵਿਚ ਪੈਦਾ ਹੁੰਦੀ ਹੈ ਆਪਣੇ ਸਮੇਂ ਨਾਲ ਉਸ ਵਿਚ ਤਬਦੀਲੀ ਆਉਣੀ ਬੜੀ ਕੁਦਰਤੀ ਹੈ। ਅਸਲ ਵਿਚ ਕਿਸੇ ਚੇਂਜ ਦਾ ਆਉਣਾ, ਕਿਸੇ ਤਬਦੀਲੀ ਦਾ ਆਉਣਾ ਬੜਾ ਕੁਦਰਤੀ ਹੈ।

Original with;
Punjab Vidhan Sabha
Digitized by;
Panjab Digital Library

ਪਰ ਕਈਆਂ ਤੇ ਕਿਸ ਤਰ੍ਹਾਂ ਆਉਂਦੀ ਹੈ ਇਸ ਦੇ ਬਾਰੇ ਜਿਵੇ ਕਿਸੇ ਪੰਜਾਬੀ ਕਵੀ ਨੇ ਲਿਖਿਆ ਹੈ:

ਪਿਪਲ ਦੇ ਪੱਤਿਆ ਵੇ ਕਿਤੇ ਖੜ ਖੜ ਲਾਈ ਆ ।
ਪਤਝੜੇ ਪੁਰਾਣਿਆਂ ਦੇ, ਰੁਤ ਨਵਿਆਂ ਦੀ ਆਈ ਆ ।

ਜਿਸ ਵੇਲੇ ਕੋਈ ਚੀਜ਼ ਆਪਣੀ ਪੂਰੀ ਉਮਰ ਲੈ ਕੇ ਬਜ਼ੁਰਗ ਹੋ ਜਾਂਦੀ ਹੈ, ਪੁਰਾਣੀ ਹੋ ਜਾਂਦੀ ਹੈ ਉਸ ਵੇਲੇ ਸਾਰੇ ਹੀ ਉਸ ਦਾ ਸਦਮਾ ਘੱਟ ਮੰਨਦੇ ਹਨ ਪਰ ਜਿਸ ਵੇਲੇ ਅਜੇ ਜਵਾਨੀ ਹੋਵੇ, ਜੋਬਨ ਵਿਚ ਹੋਵੇ ਅੰਰ ਆਪਣੀ ਡਾਲ ਨਾਲੋਂ ਵਿਛੜ ਜਾਵੇ ਤਾਂ ਉਸ ਦਾ ਸਦਮਾ ਬੜਾ ਗਹਿਰਾ ਹੁੰਦਾ ਹੈ । ਟੈਨੀਸਨ ਨੇ ਆਪਣੇ ਡਿਕਰੇ ਨੂੰ ਅਗੇ ਐਲਿਜ਼ੀਡੇਟ ਕੀਤਾ ਹੈ..

Dearer to God are, who die young.

ਜੋ ਮਨੁੱਖ ਜਵਾਨੀ ਵਿਚ ਵਿਛੜ ਜਾਂਦੇ ਹਨ ਉਨ੍ਹਾਂ ਦਾ ਸਦਮਾ ਬਹੁਤ ਸਾਰਿਆਂ ਨੂੰ ਤਾਂ ਹੁੰਦਾ ਹੀ ਹੈ ਪਰ ਇਕ ਗੁਣ ਵੀ ਦੇਖਦੇ ਹਾਂ ਕਿ ਉਹ ਪ੍ਰਮਾਤਮਾਂ ਨੂੰ ਵੱਧ ਪਿਆਰਾ ਹੁੰਦਾ ਹੈ। ਪ੍ਰਮਾਤਮਾ ਉਨ੍ਹਾਂ ਨੂੰ ਛੇਤੀ ਲੈ ਜਾਂਦਾ ਹੈ ਜਿਨ੍ਹਾਂ ਨੂੰ ਉਹ ਆਪ ਵੱਧ ਪਿਆਰ ਕਰਦਾ ਹੈ । ਸਰਦਾਰ ਸੱਤਪਾਲ ਸਿੰਘ ਜੀ ਰੰਧਾਵਾ ਜੋ ਐਮ. ਐਲ. ਏ. ਇਸ ਅਸੈਂਬਲੀ ਦੇ ਸਨ ਉਹ ਸਭ ਤੋਂ ਯੰਗੈਸਟ ਲਗਦੇ ਸਨ । 38 ਸਾਲ ਦੀ ਉਮਰ ਤਾਂ ਜ਼ਿੰਦਗੀ ਦੇ ਪੋਲੀਟੀਕਲ ਕੈਰੀਅਰ ਵਿਚ ਪਾਲਿਟਿਕਸ ਵਿਚ ਚੰਗਾ ਅਰੰਭ ਹੋਣ ਵਾਲੀ ਗੱਲ ਹੁੰਦੀ ਹੈ, ਅੰਰ ਉਨ੍ਹਾਂ ਦੀ ਇਸ ਛੋਟੀ ਜਿਹੀ ਉਮਰ ਵਿਚ ਸਾਡੇ ਕੋਲੋਂ ਵਿਛੜ ਜਾਣਾ ਬਹੁਤ ਵਡੇ ਸਦਮੇਂ ਵਾਲੀ ਗੱਲ ਹੈ । ਸਾਨੂੰ ਉਨ੍ਹਾਂ ਦੀ ਮੌਤ ਨਾਲ ਕਾਫੀ ਭਾਰੀ ਧੱਕਾ ਪਹੁੰਚਿਆ ਹੈ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਨਾਂ ਦੇ ਸਦਮੇ ਵਿਚ ਅੱਜ ਹਾਊਸ ਦੀ ਕਾਰਵਾਈ ਹੋਰ ਨਹੀਂ ਹੋਣੀ ਚਾਹੀਦੀ ਅੰਰ ਹਾਊਸ ਅੰਡਜਰਨ ਹੋਣਾ ਚਾਹੀਦਾ ਹੈ । ਉਨ੍ਹਾਂ ਦੀ ਫੈਮਿਲੀ ਵਾਸਤੇ ਸਾਡੇ ਸਨਮਾਨੀਆ ਨੇਤਾ ਜੀ, ਗਿਆਨੀ ਜ਼ੈਲ ਸਿੰਘ ਜੀ, ਚੀਫ ਮਨਿਸਟਰ ਸਾਹਿਬ ਮਦਦ ਦੇਣ ਦਾ ਖਿਆਲ ਰੱਖਣ ਅਤੇ ਉਨ੍ਹਾਂ ਨੂੰ ਜ਼ਰੂਰ ਵੱਧ ਤੋਂ ਵੱਧ ਕੋਈ ਚੀਜ਼ ਅਰਪਨ ਕਰਨ ਤਾਕਿ ਉਨਾਂ ਦੇ ਬੱਚਿਆਂ ਦਾ ਇਸ ਕਰਕੇ ਕੈਰੀਅਰ ਸਫਰ ਨਾ ਕਰੇ ਕਿ ਉਨ੍ਹਾਂ ਦਾ ਪਿਤਾ ਉਨ੍ਹਾਂ ਪਾਸੋਂ ਵਿਛੜ ਗਿਆ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਪਾਸੋਂ ਖਿਮਾ ਮੰਗਦਾ ਹਾਂ ।

ਸ਼੍ਰੀ ਪ੍ਰੇਮ ਗੁਪਤਾ (ਪਟਿਆਲਾ) : ਸਪੀਕਰ ਸਾਹਿਬ, 7 ਤਾਰੀਖ ਦੀ ਮੀਟਿੰਗ ਵਿਚ ਹਿੱਸਾ ਲੈਣ ਤੋਂ ਬਾਅਦ ਜਦੋਂ ਅਸੀਂ ਘਰੋਂ ਘਰੀ ਚਲੇ ਗਏ ਤਾਂ 8 ਤਾਰੀਖ ਨੂੰ ਦੁਪਹਿਰ ਦੇ ਬਾਅਦ ਮੈਨੂੰ ਕਿਸੇ ਦੋਸਤ ਨੇ, ਜੋ ਕਿ ਰੇਡੀਓ ਤੋਂ ਖਬਰ ਸੁਣ ਕੇ ਆਇਆ ਸੀ, ਸਰਦਾਰ ਸੱਤਪਾਲ ਸਿੰਘ ਜੀ ਰੰਧਾਵਾ ਦੀ ਦੁਖਦਾਈ ਮੌਤ ਬਾਰੇ ਦਸਿਆ ਤਾਂ ਅਸੀਂ ਜਿੰਨੇ ਵੀ ਬੰਦੇ ਉਥੇ ਬੈਠੇ ਸੀ ਕਿਸੇ ਨੂੰ ਇਸ ਬੇਮੌਕਾ ਮੌਤ ਦਾ ਯਕੀਨ ਨਹੀਂ ਸੀ ਆਉਂਦਾ । ਹਰ ਇਕ ਨੂੰ ਇਹ ਯਕੀਨ ਸੀ ਕਿ ਅਸੀਂ ਕੱਲ੍ਹ ਤਾਂ ਉਨ੍ਹਾਂ ਨੂੰ ਮਿਲੇ ਹਾਂ ਅੰਰ ਹਾਊਸ ਵਿਚ ਲਗਾਤਾਰ ਤਿੰਨ ਦਿਨ ਤੋਂ ਮਿਲਦੇ ਚਲੇ ਆ ਰਹੇ ਹਾਂ । ਉਹ ਇੰਗਲੈਂਡ ਤੋਂ ਇਲਾਜ ਕਰਵਾਕੇ ਆਏ ਸੀ ਅੰਰ ਇਸ ਤਰ੍ਹਾਂ ਸਾਡੇ ਤੋਂ ਉਹ ਜੁਦਾ ਹੋਕੇ ਚਲੇ ਗਏ ਫਿਰ ਵੀ ਅਸੀਂ ਕਿਸੀ ਸੋਰਸ ਤੋਂ ਕਨਫਰਮ ਕੀਤਾ ਤਾਂ ਇਹ ਗੱਲ ਠੀਕ ਸੀ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਪ੍ਰੇਮ ਗੁਪਤਾ]

ਅਤੇ ਜਿੰਨਾ ਅਫ਼ਸੋਸ ਉਸ ਵੇਲੇ ਸਾਰੇ ਸਾਥੀਆਂ ਵਿਚ ਸੀ ਉਹ ਮੈਂ ਬਿਆਨ ਨਹੀਂ ਕਰ ਸਕਦਾ। ਜਿਸ ਤਰ੍ਹਾਂ ਸਾਰੇ ਮੈਂਬਰ ਸਾਹਿਬਾਨ ਨੇ ਕਿਹਾ ਹੈ ਕਿ ਜੋ ਇਸ ਸੰਸਾਰ ਤੇ ਆਇਆ ਹੈ ਉਨ੍ਹਾਂ ਸਾਰਿਆਂ ਨੇ ਚਲੇ ਜਾਣਾ ਹੈ ਲੇਕਿਨ ਕੁਝ ਲੋਕ ਜਿਹੜੇ ਹਨ ਉਹ ਬੇਮੌਕਾ ਚਲੇ ਜਾਂਦੇ ਹਨ ਜਾਂ ਇਸ ਤਰ੍ਹਾਂ ਕਹਿ ਲਓ ਖੁਦਾ ਬੇਮੌਕਾ ਉਨ੍ਹਾਂ ਨੂੰ ਬੁਲਾ ਲੈਂਦਾ ਹੈ ਤਾਂ ਉਸ ਨਾਲ ਦਿਲ ਨੂੰ ਬਹੁਤ ਹੀ ਸਦਮਾ ਪਹੁੰਚਦਾ ਹੈ। ਉਹ ਆਪਣੀਆਂ ਯਾਦਾਂ ਸੰਸਾਰ ਵਿਚ ਛੱਡ ਜਾਂਦਾ ਹੈ ਅੱਤੇ ਇਹੋ ਜਿਹੀ ਬੇਮੌਕਾ ਮੌਤ ਇਕ ਪ੍ਰਮਾਨੈਂਟ ਦੁੱਖ ਆਪਣੇ ਪ੍ਰੀਵਾਰ ਵਿਚ, ਆਪਣੇ ਸਾਥੀਆਂ ਵਿਚ, ਆਪਣੇ ਯਾਰਾਂ ਦੋਸਤਾਂ ਵਿਚ ਛੱਡ ਜਾਂਦੀ ਹੈ। ਸਪੀਕਰ ਸਾਹਿਬ, ਸਾਡੇ ਸਮਾਜ ਦੀ ਬਣਤਰ ਹੀ ਕੁਝ ਇਹੋ ਜਿਹੀ ਹੈ ਕਿ ਜੋ ਪ੍ਰੀਵਾਰ ਵਿਚ ਇਸ ਨਾਲ ਹਾਹਾਕਾਰ ਪੈਂਦੀ ਹੈ ਉਸ ਨੂੰ ਬਰਦਾਸ਼ਤ ਕਰਨਾ ਔਖਾ ਹੁੰਦਾ ਹੈ, ਬੱਚਿਆਂ ਵਾਸਤੇ, ਰਿਸ਼ਤੇਦਾਰਾਂ ਸਬੰਧੀਆਂ ਵਾਸਤੇ ਬਰਦਾਸ਼ਤ ਕਰਨਾ ਔਖਾ ਹੁੰਦਾ ਹੈ। ਜਿਸ ਤਰ੍ਹਾਂ ਸਾਡੇ ਸਾਥੀਆਂ ਨੇ ਕਿਹਾ ਹੈ ਕਿ ਉਨ੍ਹਾਂ ਨੇ ਪੰਜਾਬ ਕੋ-ਆਪਰੇਟਿਵ ਲਾਈਨ ਵਿਚ, ਪੰਚਾਇਤੀ ਰਾਜ ਵਿਚ ਬੜੀ ਸਰਗਰਮੀ ਨਾਲ ਹਿੱਸਾ ਲਿਆ ਹੈ ਅੱਤੇ ਇਸ ਜਵਾਨੀ ਦੀ ਉਮਰ ਵਿਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਬਣਕੇ ਸਾਰਿਆਂ ਨੂੰ ਮਿਲਦੇ ਮਿਲਾਂਦੇ ਰਹੇ ਅੱਤੇ ਹਲਕੇ ਦੇ ਕੰਮ ਕਰਦੇ ਰਹੇ, ਇਹ ਬਿਲਕੁਲ ਠੀਕ ਗੱਲ ਹੈ ਕਿ ਉਨ੍ਹਾਂ ਨੇ ਇਤਨੀ ਛੋਟੀ ਜਿਹੀ ਉਮਰ ਵਿਚ ਬਹੁਤ ਕੰਮ ਕੀਤੇ ਹਨ। ਮੈਂ ਇਹ ਦਰਖਾਸਤ ਕਰਾਂਗਾ ਕਿ ਚੰਗੀਆਂ ਗੱਲਾਂ, ਵਾਸਤੇ ਨਵੀਆਂ ਪ੍ਰੰਪਰਾਵਾਂ ਕਾਇਮ ਕਰਨੀਆਂ ਚਾਹੀਦੀਆਂ ਹਨ। ਇਹ ਹਾਊਸ ਜਿਹੜਾ ਹੈ ਇਹ ਇਸ ਮੌਤ ਦੇ ਕਾਰਨ ਐਡਜਰਨ ਹੋਣਾ ਚਾਹੀਦਾ ਹੈ ਅੱਤੇ ਨਾਲ ਦੀ ਨਾਲ ਉਨ੍ਹਾਂ ਦੇ ਪਰਿਵਾਰ ਦੀ, ਉਨ੍ਹਾਂ ਦੇ ਬਚਿਆਂ ਦੀ, ਨੌਜਵਾਨ ਪਤਨੀ ਦੀ ਦੇਖ ਰੇਖ ਵਾਸਤੇ ਪੰਜਾਬ ਸਰਕਾਰ ਨੂੰ ਆਪਣੇ ਨਿਯਮਾਂ ਨੂੰ ਪਿਛੇ ਛੱਡਦੇ ਹੋਏ ਸਹਾਇਤਾ ਕਰਨੀ ਚਾਹੀਦੀ ਹੈ। ਇਕ ਚੰਗੀ ਅਤੇ ਨਵੀਂ ਪ੍ਰੰਪਰਾ ਇਹ ਸਰਕਾਰ ਬਣਾਵੇ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣੇ ਨੌਜਵਾਨ ਸਾਥੀ ਦੀ ਮੌਤ ਦੇ ਸਦਮੇ ਵਿਚ, ਦੁੱਖ ਵਿਚ ਹਿੱਸਾ ਲੈਂਦਿਆਂ ਹੋਇਆਂ ਇਕ ਵਾਰੀ ਫਿਰ ਪ੍ਰਮਾਤਮਾ ਅਗੇ ਅਰਦਾਸ ਕਰਦਾ ਹਾਂ ਕਿ ਪ੍ਰਮਾਤਮਾ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਦੇਵੇ ਅਤੇ ਨਾਲ ਹੀ ਉਨ੍ਹਾਂ ਦੇ ਪਰੀਵਾਰ ਅਤੇ ਸਾਥੀਆਂ ਨੂੰ ਇਹ ਦੁਖ ਬਰਦਾਸ਼ਤ ਕਰਨ ਦੀ ਤਾਕਤ ਦੇਵੇ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਰੰਧਾਵਾ ਜੀ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਸ਼੍ਰੀ ਸਰਦਾਰੀ ਲਾਲ ਕਪੂਰ (ਲੁਧਿਆਣਾ ਉੱਤਰ) : ਮਾਨਯੋਗ ਸਪੀਕਰ ਸਾਹਿਬ, ਰੰਧਾਵਾ ਜੀ ਦੀ ਮ੍ਰਿਤੂ ਤੇ ਸਾਡੇ ਇਸ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਨੇ ਦੁਖ ਪ੍ਰਗਟ ਕੀਤਾ ਹੈ। ਜਿਸ ਵੇਲੇ ਪਿਛਲੇ ਦਿਨਾਂ ਵਿਚ ਉਹ ਇਥੇ ਆਏ ਮੈਨੂੰ ਵੀ ਇਥੋਂ ਆਪਣੀ ਜਗ੍ਹਾ ਤੋਂ ਜਾ ਕੇ ਉਨ੍ਹਾਂ ਨੂੰ ਮਿਲਣ ਦਾ ਮੌਕਾ ਮਿਲਿਆ। ਮੈਂ ਉਨ੍ਹਾਂ ਨੂੰ ਪੁਛਿਆ ਕਿ ਤੇਰਾ ਕੀ ਹਾਲ ਹੈ, ਉਹ ਕਹਿਣ ਲਗੇ ਕਿ ਬੜਾ ਚੰਗਾ ਹੈ। ਮੈਂ ਉਨ੍ਹਾਂ ਦੇ ਚਿਹਰੇ ਵਲ ਵੇਖ ਰਿਹਾ ਸੀ ਤੇ ਮੇਰਾ ਦਿਲ ਬੜਾ ਡਰਦਾ ਸੀ ਅਤੇ ਮੈਂ ਉਨ੍ਹਾਂ ਦੇ ਚਿਹਰੇ ਵਲ ਵੇਖ ਕੇ ਘਬਰਾਇਆ, ਪਰ ਉਹ ਕਹਿਣ ਲਗੇ ਕਿ ਮੈਂ ਬਿਲਕੁਲ ਠੀਕ ਹਾਂ।

ਮੈਨੂੰ ਯਾਦ ਆਉਂਦਾ ਹੈ ਕਿ ਇਕ ਦਫਾ ਉਨ੍ਹਾਂ ਦੇ ਇਲਾਕੇ ਦੀ ਕੋਈ ਗੱਲ ਸੀ ਅਤੇ ਇਕ ਬੜੇ ਹੀ ਗਰੀਬ ਆਦਮੀ ਦੀ ਗੱਲ ਸੀ। ਮੈਂ ਉਨ੍ਹਾਂ ਨੂੰ ਕਿਹਾ ਕਿ ਇਹ ਆਦਮੀ ਗਰੀਬ ਹੈ ਅਤੇ ਇਸ ਪਾਸੇ ਵਾਲੇ ਸਾਰੇ ਉਸ ਦੀ ਮੁਖਾਲਫਤ ਕਰਦੇ ਹਨ,

Original with;
Punjab Vidhan Sabha
Digitized by;
Panjab Digital Library

ਉਸ ਦੀ ਮਦਦ ਕਰੋ । ਉਨ੍ਹਾਂ ਨੇ ਉਹ ਕੇਸ ਟੇਕ ਅਪ ਕੀਤਾ ਅਤੇ ਡੱਟ ਕੇ ਮਦਦ ਕੀਤੀ ਅਤੇ ਉਸ ਗਰੀਬ ਆਦਮੀ ਦੀ ਜ਼ਿੰਦਗੀ ਨੂੰ ਉਸ ਨੇ ਬਣਾਇਆ । ਮੈਂ ਸਮਝਦਾ ਹਾਂ ਕਿ ਉਹ ਉਨ੍ਹਾਂ ਆਦਮੀਆਂ ਵਿਚੋਂ ਸਨ ਜਿਹੜੇ ਕਿ ਆਪਣੀ ਆਤਮਾ ਦੇ ਮੁਤਾਬਕ ਚਲਦੇ ਸਨ । ਜਦ ਤਕ ਸੂਰਜ ਔਰ ਚੰਦ ਰਹਿਣਗੇ ਉਨ੍ਹਾਂ ਦਾ ਨਾਮ ਨਹੀਂ ਮਿਟ ਸਕਦਾ । ਉਨ੍ਹਾਂ ਨੂੰ ਮਿਲਣ ਤੋਂ ਬਾਅਦ ਮੈਂ ਆਪਣਾ ਮਨ ਢਿਲਾ ਕਰਕੇ ਆਪਣੀ ਜਗ੍ਹਾ ਤੇ ਆ ਬੈਠਾ ਅਤੇ ਮਹਿਸੂਸ ਕੀਤਾ ਕਿ ਉਹ ਹਾਲੇ ਚੰਗੀ ਤਰ੍ਹਾਂ ਤੜਫ਼ੜਾ ਨਹੀਂ । ਜਿਸ ਵੇਲੇ ਮੈਂ ਉਨ੍ਹਾਂ ਦੀ ਮ੍ਰਿਤੂ ਦੀ ਗੱਲ ਸੁਣੀ ਤਾਂ ਮੇਰੇ ਮਨ ਤੇ ਬੜੀ ਭਾਰੀ ਸੱਟ ਵੱਜੀ ਅਤੇ ਮੈਨੂੰ ਬੜਾ ਸਦਮਾ ਪੁਜਿਆ । ਮੈਂ ਸਮਝਦਾ ਹਾਂ ਕਿ ਜਿਹੜੇ ਸਾਰੇ ਮੈਂਬਰ ਸਾਹਿਬਾਨ ਨੇ ਆਪਣੇ ਖਿਆਲਾਤ ਪ੍ਰਗਟ ਕੀਤੇ ਹਨ ਉਨ੍ਹਾਂ ਦੀ ਬੀਵੀ ਅਤੇ ਬਚਿਆਂ ਬਾਰੇ, ਮੈਂ ਉਨ੍ਹਾਂ ਨਾਲ ਸਹਿਮਤ ਹੁੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਸਾਰਾ ਹਾਊਸ ਇਸ ਸਿਲਸਿਲੇ ਵਿਚ ਸਹਿਮਤ ਹੋਵੇਗਾ ਅਤੇ ਜਿਹੜਾ ਮਤਾ ਲੀਡਰ ਆਫ਼ ਦੀ ਹਾਊਸ ਨੇ ਪੇਸ਼ ਕੀਤਾ ਹੈ ਮੈਂ ਉਸ ਦੀ ਪ੍ਰੋੜ੍ਹਤਾ ਕਰਦਾ ਹਾਂ ।

ਗਿਆਨੀ ਅਰਜਨ ਸਿੰਘ ਲਿੱਟ (ਕਿਲਾ ਰਾਏਪੁਰ) : ਸਪੀਕਰ ਸਾਹਿਬ, ਸਾਡਾ ਇਕ ਨੌਜਵਾਨ ਸਾਥੀ ਸਾਡੇ ਸਾਥਿਆਂ ਤੋਂ ਅੱਜ ਹਮੇਸ਼ਾਂ ਲਈ ਜੁਦਾ ਹੋ ਗਿਆ ਹੈ । ਜਿਸ ਤਰ੍ਹਾਂ ਲੀਡਰ ਆਫ਼ ਦੀ ਹਾਊਸ ਅਤੇ ਬਾਕਲ ਸਾਹਿਬ ਨੇ ਫਰਮਾਇਆ ਹੈ ਕਿ ਹਾਊਸ ਅੱਜ ਅਡਜਰਨ ਹੋ ਜਾਣਾ ਚਾਹੀਦਾ ਹੈ ਇਹ ਬਹੁਤ ਜ਼ਰੂਰੀ ਹੈ । ਇਸ ਦੇ ਨਾਲ ਹੀ ਉਸ ਦੇ ਬੱਚਿਆਂ ਲਈ ਔਰ ਉਸ ਦੀ ਵਿਧਵਾ ਲਈ ਜਿਸ ਨੂੰ ਸਾਰੀ ਜ਼ਿੰਦਗੀ ਦਾ ਦੁਖ ਮਿਲਿਆ ਹੈ ਉਨ੍ਹਾਂ ਨੂੰ ਜ਼ਰੂਰ ਸਹਾਇਤਾ ਮਿਲਣੀ ਚਾਹੀਦੀ ਹੈ ਕਿਉਂਕਿ ਸਾਡੇ ਦੇਸ਼ ਵਿਚ ਵਿਧਵਾ ਦਾ ਕੋਈ ਸਹਾਰਾ ਨਹੀਂ । ਉਸ ਦੇ ਸਾਹਮਣੇ ਉਸ ਦੇ ਬੱਚੇ ਹਨ ਜਿਹੜੇ ਉਸ ਦੀ ਜ਼ਿੰਦਗੀ ਦਾ ਸਹਾਰਾ ਹਨ । ਮੈਂ ਰੰਧਾਵਾ ਜੀ ਨੂੰ ਜਦੋਂ ਮਿਲਦਾ ਸੀ ਤਾਂ ਮੈਂ ਬੜਾ ਖੁਸ਼ ਹੁੰਦਾ ਸੀ । ਉਹ ਇਕ ਖੁਦਦਾਰ ਇਨਸਾਨ ਸਨ । ਮੇਰਾ ਉਨ੍ਹਾਂ ਨਾਲ ਕੋਆਪਰੇਟਿਵ ਸੈਕਟਰ ਵਿਚ ਕਈ ਵਾਰੀ ਵਾਸਤਾ ਪੈਂਦਾ ਸੀ ਉਨ੍ਹਾਂ ਦੀ ਲੋਕ ਸੇਵਾ ਤੋਂ ਮੈਂ ਬੜਾ ਪ੍ਰਭਾਵਤ ਹੁੰਦਾ ਸੀ ਅਤੇ ਇਹੋ ਜਿਹੇ ਇਨਸਾਨ ਦਾ ਜਵਾਨੀ ਦੀ ਅਵਸਥਾ ਵਿਚ ਵਿਛੋੜਾ ਬੜਾ ਹੀ ਦੁਖਦਾਈ ਹੈ । ਕਈ ਲੋਕ ਹਮੇਸ਼ਾਂ ਆਪਣੇ ਲਈ ਜਿਊਂਦੇ ਹਨ ਉਹ ਜਿਊਂਦੇ ਜੀ ਹੀ ਮਰੇ ਹੋਏ ਹੁੰਦੇ ਹਨ, ਪਰ ਕਈ ਦੂਸਰਿਆਂ ਲਈ ਜਿਊਂਦੇ ਹਨ, ਉਹ ਮਰ ਕੇ ਵੀ ਜ਼ਿੰਦਾ ਰਹਿੰਦੇ ਹਨ। ਰੰਧਾਵਾ ਜੀ ਦੂਸਰੀ ਕਿਸਮ ਦੇ ਇਨਸਾਨਾਂ ਵਿਚੋਂ ਸਨ ।

'ਚਿੰਤਾ ਤਾ ਕੀ ਕੀਜੀਐ, ਜੋ ਅਨਹੋਨੀ ਹੋਇ ।
ਇਹ ਮਾਰਗੁ ਸੰਸਾਰ ਕੋ, ਨਾਨਕ ਥਿਰੁ ਨਹੀਂ ਕੋਇ ।

ਇਸ ਜਵਾਨੀ ਦੀ ਉਮਰ ਵਿਚ ਜਿਥੇ ਮਾਪਿਆਂ ਨੂੰ, ਬਚਿਆਂ ਨੂੰ ਦੁਖ ਹੋਇਆ ਹੈ ਉਥੇ ਸਾਨੂੰ ਵੀ ਬਹੁਤ ਦੁਖ ਹੈ । ਅੰਤ ਵਿਚ ਮੈਂ ਵਾਹਿਗੁਰੂ ਕੋਲ ਅਰਦਾਸ ਕਰਦਾ ਹਾਂ ਕਿ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ ਅਤੇ ਉਸਦੀ ਪਤਨੀ ਔਰ ਬੱਚਿਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ ।

ਸਰਦਾਰ ਕਿਰਪਾਲ ਸਿੰਘ ਰੰਧਾਵਾ (ਮਜੀਠਾ) : ਸਪੀਕਰ ਸਾਹਿਬ, ਇਸ ਥੋੜ੍ਹੇ ਜਿਹੇ ਅਰਸੇ ਵਿਚ ਮੈਨੂੰ ਸਰਦਾਰ ਸੱਤਪਾਲ ਸਿੰਘ ਰੰਧਾਵਾ ਹੋਰਾਂ ਨਾਲ ਮਿਲਵਰਤਣ ਅਤੇ ਇਕੱਠੇ ਕੰਮ ਕਰਨ ਦਾ ਮੌਕਾ ਮਿਲਿਆ ਹੈ । ਹੋਰ ਉਸ ਨੂੰ ਕੁਝ ਕੈਂਸੀ ਆਏ ਭਾਵੇਂ ਜਾ ਆਖੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ ਰੰਧਾਵਾ]

ਉਸ ਨੂੰ ਕੋਈ ਸੈਨਡਲੈਸ ਵਰਤਦ ਕੋਈ ਆਖੇ ਭਾਵੇਂ ਨਾ ਆਖੇ ਪਰ ਇਕ ਗੱਲ ਜ਼ਰੂਰ ਹੈ ਕਿ ਉਹ ਪੂਰਣ ਸ਼ਰੀਫ ਆਦਮੀ ਸਨ, ਇਹ ਗੱਲ ਉਨ੍ਹਾਂ ਦੇ ਹਿੱਸੇ ਆਈ । ਜੇ ਕਿਸੇ ਨੂੰ ਸਹੀ ਮਾਹਨਿਆਂ ਵਿਚ ਜੈਂਟਲਮੈਨ ਕਿਹਾ ਜਾ ਸਕਦਾ ਹੈ ਤਾਂ ਉਹ ਰੰਧਾਵਾ ਜੀ ਸਨ । ਇਨ੍ਹਾਂ ਦੋ ਸਾਲਾਂ ਵਿਚ ਦੋਸਤੀ ਦੇ ਤੌਰ ਤੇ ਜਾਂ ਦੋਸਤੀ ਦੇ ਰੂਪ ਵਿਚ ਉਨ੍ਹਾਂ ਦੇ ਨਾਲ ਗੁਜ਼ਾਰੇ ਸਾਨੂੰ ਉਨ੍ਹਾਂ ਦੇ ਵਿਛੋੜੇ ਦਾ ਬੜਾ ਦੁਖ ਹੈ । ਮੈਂ ਸਮਝਦਾ ਹਾਂ ਕਿ ਜਿਥੇ ਉਨ੍ਹਾਂ ਦੇ ਦੋਸਤਾਂ ਨੇ ਅਤੇ ਖਾਸ ਤੌਰ ਤੇ ਗਿਆਨੀ ਜੀ ਨੇ ਉਨ੍ਹਾਂ ਦੀ ਜਿੰਦ ਜਾਨ ਬਚਾਉਣ ਲਈ ਇੰਤਹਾ ਯਤਨ ਕੀਤੇ ਵਲਾਇਤ ਤਕ ਟੈਲੀਗ੍ਰਾਮ ਕੀਤਾ ਅਤੇ ਪੂਰਾ ਟੈਂਟੈਸਟ ਲੈ ਕੇ ਉਨ੍ਹਾਂ ਦਾ ਟਿਲਾਜ ਵਲਾਇਤ ਤਕ ਕਰਾਇਆ । ਸਰਦਾਰ ਬਲਜੀਤ ਸਿੰਘ ਜੀ ਵਲਾਇਤ ਜਾ ਕੇ ਉਨ੍ਹਾਂ ਦੀ ਖਬਰ ਲੈ ਕੇ ਟਿਰੇ ਆਏ ਤਾਂ ਉਨ੍ਹਾਂ ਨੇ ਦਸਿਆ ਸੀ ਕਿ ਹੁਣ ਉਹ ਖਤਰੇ ਤੋਂ ਬਾਹਰ ਹੈ । ਸਾਨੂੰ ਬੜੀ ਖੁਸ਼ੀ ਹੁੰਦੀ ਜੇ ਕੁਝ ਹੋਰ ਸਮਾਂ ਉਹ ਸਾਡੇ ਨਾਲ ਰਹਿੰਦੇ । ਲੇਕਿਨ ਜੋ ਕੁਝ ਪ੍ਰਮਾਤਮਾ ਨੂੰ ਮਨਜ਼ੂਰ ਹੁੰਦਾ ਹੈ ਉਹੀ ਹੁੰਦਾ ਹੈ । ਜੋ ਸਾਰੇ ਹਾਊਸ ਦੇ ਮੈਂਬਰ ਸਾਹਿਬਾਨ ਨੇ ਸ਼ਰਧਾ ਭੇਂਟ ਕੀਤੀ ਹੈ ਅਤੇ ਜੋ ਉਨ੍ਹਾਂ ਦੀਆਂ ਰਾਵਾਂ ਹਨ ਮੈਂ ਉਨ੍ਹਾਂ ਦੇ ਨਾਲ ਸਹਿਮਤ ਹਾਂ । ਸਪੀਕਰ ਸਾਹਿਬ, ਜੇ ਨਵੀਆਂ ਪਰੰਪਰਾਵਾਂ ਕਾਇਮ ਹੋ ਜਾਣ ਤਾਂ ਚੰਗੀਆਂ ਹਨ । ਜਿਥੇ ਮੈਂ ਉਨ੍ਹਾਂ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਾ ਹਾਂ ਉਥੇ ਤੁਹਾਡੇ ਰਾਹੀਂ ਸਰਕਾਰ ਪਾਸ ਪੁਰਜ਼ੋਰ ਬੇਨਤੀ ਕਰਦਾ ਹਾਂ ਕਿ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਦੀ ਜੋ ਕਨਸੈਂਸਸ ਹੈ ਉਸ ਵਲ ਪੂਰਾ ਧਿਆਨ ਦੇਵੇ ।

ਸ਼੍ਰੀ ਬ੍ਰਿਜ ਲਾਲ ਗੋਇਲ (ਰਾਜਪੁਰਾ) : ਸਪੀਕਰ ਸਾਹਿਬ, ਸੰਸਾਰ ਵਿਚ ਹਰ ਇਕ ਚੀਜ਼ ਦਾ ਇਕਾਂਤ ਹੈ । ਸੰਸਾਰ ਵਿਚ ਤਿਰੰਤੇਤਾਰ, ਦੋਸਤ ਮਿੱਤਰ ਇਕ ਦੂਜੇ ਦੇ ਕੰਮ ਆ ਸਕਦੇ ਹਨ ਪਰ ਮੌਤ ਇਕ ਐਸੀ ਚੀਜ਼ ਹੈ ਜਿਸ ਦੇ ਵਿਚ ਕੋਈ ਮਿੱਤਰ ਦੋਸਤ ਬਿਨਾ ਹਮਦਰਦੀ ਦੇ ਹੋਰ ਕੁਝ ਨਹੀਂ ਕਰ ਸਕਦੇ । ਇਹ ਵਾਹਿਗੁਰੂ ਦਾ ਭਾਣਾ ਮੰਨਣਾ ਪੈਂਦਾ ਹੈ । ਸਰਦਾਰ ਸੱਤਪਾਲ ਸਿੰਘ ਜੀ ਰੰਧਾਵਾ ਸਾਡੇ ਸਾਥੀ ਸਨ, ਸਾਡੇ ਨਾਲ ਪਿਛਲੇ ਢਾਈ ਸਾਲਾਂ ਤੋਂ ਕੰਮ ਕਰ ਰਹੇ ਸਨ, ਉਨ੍ਹਾਂ ਦੀ ਸ਼ਰਾਫਤ, ਮਿਤਭਸਾਰੀ, ਮਿਠਾ ਬੋਲਣਾ ਇਕ ਖਾਸੀਅਤ ਸੀ । ਉਨ੍ਹਾਂ ਦੀ ਮੌਤ ਦਾ ਸਾਨੂੰ ਬੜਾ ਦੁਖ ਹੋਇਆ ਹੈ। ਮੌਤ ਹਰ ਇਨਸਾਨ ਦੀ ਹੋਣੀ ਹੈ । ਜਿਹੜਾ ਇਸ ਸੰਸਾਰ ਵਿਚ ਪੈਦਾ ਹੋਇਆ ਹੈ ਉਸ ਨੇ ਮਰਨਾ ਹੈ ਪਰ ਜਿਹੜਾ ਸਮੇਂ ਤੋਂ ਪਹਿਲਾਂ ਚਲਾ ਜਾਏ ਉਸਦਾ ਬੜਾ ਦੁਖ ਹੁੰਦਾ ਹੈ । ਉਨ੍ਹਾਂ ਦੀ ਮੌਤ ਦਾ ਦੁਖ ਉਨ੍ਹਾਂ ਦੇ ਜਾਨਣ ਵਾਲਿਆਂ ਨੂੰ, ਦੋਸਤਾਂ ਨੂੰ, ਰਿਸ਼ਤੇਦਾਰਾਂ ਨੂੰ ਬਹੁਤ ਹੁੰਦਾ ਹੈ ਪਰ ਉਨ੍ਹਾਂ ਦੀ ਸ਼ਰਾਫਤ ਕਰਕੇ ਉਨ੍ਹਾਂ ਦਾ ਦੁਖ ਉਨ੍ਹਾਂ ਨੂੰ ਵੀ ਹੋਇਆ ਜਿਹੜੇ ਉਨ੍ਹਾਂ ਨੂੰ ਨਹੀਂ ਜਾਣਦੇ ਸਨ, ਜਿਹੜੇ ਉਨ੍ਹਾਂ ਨੂੰ ਕਦੇ ਮਿਲੇ ਨਹੀਂ ਸਨ । ਉਨ੍ਹਾਂ ਦੀ ਸ਼ਰਾਫਤ ਦਾ ਉਨ੍ਹਾਂ ਦੇ ਕੰਮਾਂ ਤੋਂ ਪਤਾ ਚਲਦਾ ਹੈ । ਉਨ੍ਹਾਂ ਨੇ ਅਪਣੇ ਇਲਾਕੇ ਦਾ ਲਗਨ ਨਾਲ ਕੰਮ ਕੀਤਾ । ਉਨ੍ਹਾਂ ਦੀ ਮੌਤ ਸਾਰੇ ਪੰਜਾਬ ਲਈ ਅਫਸੋਸਨਾਕ ਹੈ । ਮੈਂ ਵਾਹਿਗੁਰੂ ਅਤੇ ਰੱਬ ਅਗੇ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ ਅਤੇ ਸਾਥੀਆਂ ਨੂੰ ਵਿਛੋੜੇ ਨੂੰ ਸਹਿਨ ਕਰਨ ਦਾ ਬਲ ਬਖਸ਼ੇ ।

ਗਿਆਨੀ ਕੇਵਲ ਸਿੰਘ ਪਤੰਗ (ਭਦੌੜ, ਐਸ. ਸੀ.) : ਸਪੀਕਰ ਸਾਹਿਬ, ਸਰਦਾਰ ਸੱਤਪਾਲ ਸਿੰਘ ਰਧਾਵਾ ਨੂੰ ਜ਼ਾਲਮ ਮੌਤ ਨੇ ਸਾਡੇ ਕੋਲੋਂ ਵਿਛੋੜ ਲਿਆ ਹੈ । ਕਿਸੇ ਵਿਦਵਾਨ ਨੇ ਕਿਹਾ ਹੈ ਕਿ..

ਮੌਤ ਜਿਹਾ ਨਾ ਵਕਤ ਪਾਬੰਦ ਕੋਈ,

Original with;
Punjab Vidhan Sabha
Digitized by;
Panjab Digital Library

ਮੈਂ ਤੇ ਸਰਦਾਰ ਅਜਾਇਬ ਸਿੰਘ ਸੰਧੂ ਉਨ੍ਹਾਂ ਨੂੰ 5 ਤਾਰੀਖ਼ ਨੂੰ, ਜਦੋਂ ਉਹ ਆਪਣੇ ਫ਼ਲੈਟ ਦੇ ਬਗੀਚੇ ਵਿਚ ਬੈਠੇ ਸਨ, ਮਿਲੇ। ਅਸੀਂ ਬੜੀਆਂ ਸੁਖ ਸਾਂਦ ਅਤੇ ਪਿਆਰ ਦੀਆਂ ਗੱਲਾਂ ਕੀਤੀਆਂ। ਉਸ ਵੇਲੇ ਇਹ ਗੱਲ ਯਾਦ ਨਹੀਂ ਆਈ ਕਿ ਇਹ ਮੌਤ ਦੇ ਬਾਰੇ ਇਤਨੀ ਜਲਦੀ ਉਨ੍ਹਾਂ ਦੀ ਜਾਨ ਨੂੰ ਪੈ ਜਾਣਗੇ।

'ਗੋਰ ਖੂਹਾਂ ਦੀਆਂ ਗਿੜਦੀਆਂ ਟਿੰਡਾਂ,
ਇਕ ਦੂਜੇ ਸੰਗ ਰਲੀਆਂ।
ਲੈ ਬੰਦੇ ! ਸਮਝਾਣ ਤੈਨੂੰ,
ਮੱਤੀਂ ਦੇਂਦੀਆਂ ਭਲੀਆਂ।
ਆਣਾ ਮੌਤ ਗੋਰ ਹੋ ਖੂਹ ਦਾ,
ਮੂਰਖ ਮਾਣ ਨਾ ਕਰੀਏ।
ਹੁਣੇ ਅਸੀਂ ਸਾਂ ਭਰੀਆ ਆਈਆਂ,
ਹੁਣੇ ਹਾਂ ਖਾਲੀ ਚੱਲੀਆਂ।

ਇਸ ਲਈ ਸਰਦਾਰ ਸੱਤਪਾਲ ਸਿੰਘ ਰੰਧਾਵਾ ਦੀ ਮੌਤ ਦਾ ਜਿਹੜਾ ਵਿਛੋੜਾ ਹੈ ਉਹ ਬੜਾ ਅਸਹਿ ਹੈ ਅਤੇ ਅੱਜ ਸਾਡੇ ਹਾਰ ਦੀ ਲੜੀ ਵਿਚੋਂ ਇਕ ਮਣਕਾ ਘਟ ਗਿਆ ਹੈ। ਉਹ ਜਵਾਨੀ ਦੀ ਉਮਰ ਵਿਚ ਦੂਰ ਗਏ ਸਾਰੇ ਮੈਂਬਰ ਸਾਹਿਬਾਨ ਦੇ ਕਹਿਣ ਅਨੁਸਾਰ ਉਨ੍ਹਾਂ ਦੇ ਪਰੀਵਾਰ ਦੀ ਵੱਧ ਤੋਂ ਵੱਧ ਮਾਦਿਕ ਸਹਾਇਤਾ ਹੋਣੀ ਚਾਹੀਦੀ ਹੈ। ਸਪੀਕਰ ਸਾਹਿਬ, ਇਸ ਇਕ ਤਰ੍ਹਾਂ ਦੀ ਸਬੂਲਤ ਉਨ੍ਹਾਂ ਦੇ ਪਰੀਵਾਰ ਨੂੰ ਮਿਲਣੀ ਚਾਹੀਦੀ ਹੈ। ਮੈਂ ਸੱਭੇ ਦਿਲੋਂ ਉਨ੍ਹਾਂ ਨਾਲ ਹਮਦਰਦੀ ਪ੍ਰਗਟ ਕਰਦਾ ਹੋਇਆ ਵਾਹਿਗੁਰੂ ਅੱਗੇ ਦਰਖਾਸਤ ਕਰਾਂਗਾ ਕਿ ਸਤਿਗੁਰੂ ਉਨ੍ਹਾਂ ਦੀ ਰੂਹ ਨੂੰ ਆਪਣ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਸਾਰੇ ਪਰੀਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

ਸਰਦਾਰ ਕਰਨੈਲ ਸਿੰਘ ਮਤੂੜੀ (ਜੰਡਿਆਲਾ ਐਸ. ਸੀ.) : ਸਪੀਕਰ ਸਾਹਿਬ, ਰੰਧਾਵਾ ਸਾਹਿਬ ਦੇ ਅਫ਼ਸੋਸ ਚਲਾਣਾ ਕਰ ਜਾਣ ਦੀ ਗੱਲ ਬੜੀ ਮਾੜੀ ਗੱਲ ਹੈ। ਰੰਧਾਵਾ ਸਾਹਿਬ, ਬੜੇ ਚੰਗੇ ਅਤੇ ਪੜ੍ਹੇ ਲਿਖੇ ਨੌਜਵਾਨ ਸਨ। ਜਿਥੇ ਉਨ੍ਹਾਂ ਦੀ ਮੌਤ ਨਾਲ ਪਾਰਟੀ ਨੂੰ ਘਾਟਾ ਹੋਇਆ ਹੈ, ਇਸ ਹਾਊਸ ਨੂੰ ਘਾਟਾ ਹੋਇਆ ਹੈ, ਉਥੇ ਉਨ੍ਹਾਂ ਦੀ ਮੌਤ ਨਾਲ ਸਮੂਹ ਪੰਜਾਬ ਨੂੰ ਘਾਟਾ ਪਿਆ ਹੈ ਅਤੇ ਤਰੱਕੀ ਵਿਚ ਰੁਕਾਵਟ ਆ ਗਈ ਹੈ। ਸਪੀਕਰ ਸਾਹਿਬ ਮੈਂ ਤਾਂ ਇਥੋਂ ਤਕ ਕਹਾਂਗਾ ਕਿ ਜਿਹੜੇ ਜਿਹੇ ਨੌਜਵਾਨ ਦੀ ਮੌਤ ਬੜੀ ਮਾੜੀ ਹੁੰਦੀ ਹੈ। ਸਪੀਕਰ ਸਾਹਿਬ, ਜਦੋਂ ਇਨਸਾਨ ਜਨਮ ਲੈਂਦਾ ਹੈ ਤਾਂ ਉਹ ਇਸ ਸਫ਼ਰ ਵਿਚ ਦੋ ਚੀਜ਼ਾਂ ਕਰਦਾ ਹੈ। ਜੇ ਉਹ ਚੰਗੇ ਕੰਮ ਕਰਕੇ ਜਾਂਦਾ ਹੈ ਤਾਂ ਚੰਗਾ ਕਹਾਉਂਦਾ ਹੈ ਅਤੇ ਜੇ ਮਾੜੇ ਕੰਮ ਕਰਦਾ ਹੈ ਤਾਂ ਮਾੜਾ ਕਹਾਉਂਦਾ ਹੈ। ਮੈਨੂੰ ਉਨ੍ਹਾਂ ਦੇ ਪ੍ਰੀਵਾਰ ਨਾਲ ਡੂੰਘੀ ਹਮਦਰਦੀ ਹੈ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਜਿਵੇਂ ਉਨ੍ਹਾਂ ਦੇ ਸਾਥੀ ਪ੍ਰੀਵਾਰ ਨਾਲ ਇਸ ਹਾਊਸ ਨੂੰ ਹਮਦਰਦੀ ਹੈ, ਉਥੇ ਉਨ੍ਹਾਂ ਦੇ ਪ੍ਰੀਵਾਰ ਦੀ ਮਾਦਿਕ ਮਦਦ ਕਰਨ ਲਈ ਇਸ ਹਾਊਸ ਵਿਚ ਇਕ ਮਤਾ ਲਿਆਉਣਾ ਚਾਹੀਦਾ ਹੈ ਤਾਕਿ ਇਕ ਨਵੀਂ ਰਵਾਇਤ ਕਾਇਮ ਹੋ ਜਾਵੇ ਅਤੇ ਉਨ੍ਹਾਂ ਦੀ ਸੁਤੰਤਰ ਮਾਦਿਕ ਸਹਾਇਤਾ ਹੋ ਸਕੇ। ਜਿਸ ਤਰ੍ਹਾਂ ਸਾਰੇ ਮੈਂਬਰ ਸਾਹਿਬਾਨ ਨੇ ਕਿਹਾ ਹੈ, ਅੱਜ ਦਾ ਦਿਨ ਲਾਸ ਮੁਲਤਵੀ ਹੋਣਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਰਨੈਲ ਸਿੰਘ ਮਹਤੂ]

ਚਾਹੀਤਾ ਹੈ ਅਤੇ ਅੱਜ ਦੀ ਬਜਾਏ ਤਿਜ਼ਲਾਸ 16 ਤਾਰੀਖ ਨੂੰ ਕਰਨਾ ਚਾਹੀਦਾ ਹੈ। ਇਤਨੀ ਬੇਨਤੀ ਕਰਦਾ ਹੋਇਆ ਮੈਂ ਪ੍ਰਮਾਤਮਾ ਨੂੰ ਪ੍ਰਾਰਥਨਾ ਕਰਾਂਗਾ ਕਿ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਬਖਸ਼ੇ ਅਤੇ ਉਨ੍ਹਾਂ ਦੇ ਪਰੀਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

ਕਾਮਰੇਡ ਅੱਛਰਾ ਸਿੰਘ (ਧੂਰੀ) : ਸਪੀਕਰ ਸਾਹਿਬ, ਅੱਜ ਸਾਡੇ ਦਰਮਿਆਨ ਸੱਤਪਾਲ ਸਿੰਘ ਰੰਧਾਵਾ ਨਹੀਂ ਹਨ। ਬੜੇ ਅਫਸੋਸ ਦਾ ਮੁਕਾਮ ਹੈ। ਉਨ੍ਹਾਂ ਦੀ ਸਾਫਗੋਈ ਦਾ ਇਥੋਂ ਪਤਾ ਲਗਦਾ ਹੈ ਕਿ ਸਾਡੀ ਅਸੈਂਬਲੀ ਦੇ ਸਾਰੇ ਮਾਨਯੋਗ ਮੈਂਬਰਾਂ ਨੇ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਹਨ। ਸਪੀਕਰ ਸਾਹਿਬ, ਮੈਨੂੰ ਸਰਦਾਰ ਸੱਤਪਾਲ ਸਿੰਘ ਜੀ ਰੰਧਾਵਾ ਨਾਲ 1972 ਵਿਚ ਇਕ ਵਿਧਾਨ ਸਭਾ ਦੀ ਕਮੇਟੀ ਵਿਚ ਮਿਲ ਕੇ ਕੰਮ ਕਰਨ ਦਾ ਮਾਣ ਪ੍ਰਾਪਤ ਹੈ। ਇਸ ਕਰਕੇ ਮੇਰਾ ਉਨ੍ਹਾਂ ਦੇ ਨਾਲ ਨਿਜੀ ਕੰਟੈਕਟ ਵੀ ਰਿਹਾ। ਉਹ ਬੜੇ ਸਾਫਗੋ ਇਨਸਾਨ ਸਨ। ਉਹ ਸਮਾਜ ਦੀ ਹਰ ਤਕਲੀਫ, ਜਿਸ ਤਰ੍ਹਾਂ ਕਿ ਮਹਿੰਗਾਈ ਅਤੇ ਵਧਦੀਆਂ ਹੋਈਆਂ ਕੀਮਤਾਂ, ਨੂੰ ਮਹਿਸੂਸ ਕਰਦੇ ਸਨ। ਉਹ ਬੜੇ ਪੜ੍ਹੇ ਲਿਖੇ ਅਤੇ ਸਾਫ ਸਾਫ ਗੱਲ ਕਹਿਣ ਵਾਲੇ ਨੌਜਵਾਨ ਸਨ। ਜੇ ਮੈਂ ਇਹ ਕਹਾਂ ਤਾਂ ਇਹ ਅਤਿਕਥਨੀ ਨਹੀਂ ਹੋਵੇਗੀ ਕਿ ਉਹ ਹੁਕਮਰਾਨ ਪਾਰਟੀ ਦੇ ਇਕ ਡੈਮੋਕਰੈਟਿਕ ਲੈਜਿਸਲੇਟਰ ਸਨ। ਇਤਨੀ ਛੋਟੀ ਉਮਰ ਵਿਚ ਟਿਤਨੇ ਵੱਡੇ ਵੱਡੇ ਮਸਲਿਆਂ ਨੂੰ ਸਮਝਣਾ ਇਕ ਬੜੀ ਵਡੀ ਚੀਜ਼ ਹੈ। ਰੰਧਾਵਾ ਸਾਹਿਬ ਹਰਚੰਦ ਸਿੰਘ ਕਮੇਟੀ ਦੇ ਵੀ ਮੈਂਬਰ ਸਨ। ਉਨ੍ਹਾਂ ਦਾ ਉਸ ਕਮੇਟੀ ਵਿਚ ਕੰਮ ਬੜਾ ਲੋਡ ਪੱਖੀ ਸੀ ਅਤੇ ਉਨ੍ਹਾਂ ਦਾ ਕੰਮ ਉਘੜਵਾਂ ਸੀ। ਜਿਨ੍ਹਾਂ ਨੇ ਜ਼ਮੀਨਾਂ ਤੇ ਨਾਜਾਇਜ਼ ਕਬਜ਼ੇ ਕੀਤੇ ਹੋਏ ਸਨ ਉਨ੍ਹਾਂ ਦੇ ਖਿਲਾਫ ਉਨ੍ਹਾਂ ਨੇ ਬੜਾ ਤਕੜਾ ਸਟੈਂਡ ਲਿਆ। ਉਨ੍ਹਾਂ ਦੀ ਮੌਤ ਨਾਲ ਮੈਂ ਸਮਝਦਾ ਹਾਂ ਕਿ ਸਾਡੇ ਕੋਲੋਂ ਅੱਜ ਇਕ ਪੜ੍ਹਿਆ ਲਿਖਿਆ, ਹੋਣਹਾਰ ਵਿਧਾਨਕਾਰ ਸਦਾ ਲਈ ਵਿੱਛੜ ਗਿਆ ਹੈ। ਇਥੇ ਸੰਦੇਹ ਪ੍ਰਗਟ ਕੀਤਾ ਗਿਆ ਅਤੇ ਜਿਸ ਤਰ੍ਹਾਂ ਸਾਡੇ ਸਮਾਜਵਾਦੀ ਜੀਵਨ ਵਿਚ ਹੁੰਦਾ ਹੈ ਕਿ ਆਦਮੀ ਦੀ ਮੌਤ ਤੋਂ ਬਾਅਦ ਉਸ ਦੀ ਪਤਨੀ ਅਤੇ ਬਚਿਆਂ ਦਾ ਜੀਵਨ ਅਨਿਹ ਹੋ ਜਾਂਦਾ ਹੈ ਅਤੇ ਉਨ੍ਹਾਂ ਦਾ ਕੋਈ ਸਹਾਰਾ ਨਹੀਂ ਹੁੰਦਾ, ਇਸ ਲਈ ਉਸ ਪਰਿਵਾਰ ਲਈ ਇਹ ਸਦਮਾ ਬਹੁਤ ਹੀ ਅਫਸੋਸਨਾਕ ਹੋਵੇਗਾ। ਜਿਹੜੇ ਇਥੇ ਵਲਵਲੇ ਪ੍ਰਗਟ ਕੀਤੇ ਗਏ ਹਨ ਮੈਂ ਉਨ੍ਹਾਂ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ ਅਤੇ ਇਨ੍ਹਾਂ ਲਫਜ਼ਾਂ ਨਾਲ ਉਸ ਹੋਣਹਾਰ ਨੌਜਵਾਨ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ।

ਚੌਧਰੀ ਸੁੰਦਰ ਸਿੰਘ (ਨਰੋਟ ਮਹਿਰਾ, ਐਸ. ਸੀ.) : ਸਪੀਕਰ ਸਾਹਿਬ, ਮੈਂ ਚੌਧਰੀ ਬਲਰਾਮ ਦੇ ਕਮਰੇ ਵਿਚ ਸਰਦਾਰ ਸੱਤਪਾਲ ਸਿੰਘ ਰੰਧਾਵਾ ਨੂੰ ਮਿਲਿਆ ਸੀ। ਮੈਂ ਉਨ੍ਹਾਂ ਨੂੰ ਕਿਹਾ ਕਿ ਤੁਹਾਨੂੰ ਉਥੋਂ ਪੂਰਾ ਇਲਾਜ ਕਰਾਕੇ ਆਉਣਾ ਚਾਹੀਦਾ ਸੀ, ਇਤਨੀ ਜਲਦੀ ਕਿਉਂ ਨੱਠ ਆਇਆ ਹੈਂ। ਉਸ ਨੇ ਕਿਹਾ ਕਿ ਮੇਰਾ ਦਿਲ ਨਹੀਂ ਲਗਿਆ। ਮੈਂ ਉਸ ਨੂੰ ਕਿਹਾ ਕਿ ਜੇ ਥੋੜ੍ਹਾ ਚਿਰ ਹੋਰ ਰਹਿ ਜਾਂਦਾ ਤਾਂ ਤੇਰਾ ਮੁਕੰਮਲ ਇਲਾਜ ਹੋ ਜਾਣਾ ਸੀ। ਮੈਂ ਉਸ ਨੂੰ ਕਿਹਾ ਕਿ ਤੂੰ ਪ੍ਰੇਸ਼ਾਨ ਨਾ ਰਿਹਾ ਕਰ ਅਤੇ ਖੁਸ਼ ਰਿਹਾ ਕਰ। ਸਪੀਕਰ ਸਾਹਿਬ, ਉਹ ਹਰੀਜਨਾਂ ਦਾ ਬੜਾ ਖਿਆਲ ਰਖਣ ਵਾਲਾ ਸੀ। ਉਹ

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਨਾਲ ਬੜੀ ਹਮਦਰਦੀ ਰਖਦਾ ਸੀ । ਉਹ ਕਹਿੰਦਾ ਸੀ ਕਿ ਜਿਸ ਜ਼ਮੀਨ ਤੇ ਲੋਕਾਂ ਨੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ ਉਹ ਜ਼ਮੀਨ ਖਾਲੀ ਕਰਾਕੇ ਗਰੀਬਾਂ ਨੂੰ ਦੇਣੀ ਹੈ ਅਤੇ ਇਹ ਸਾਰੀ ਬੇਈਮਾਨੀ ਦੂਰ ਕਰਾਂਗੇ । ਇਸ ਵਾਸਤੇ ਮੈਨੂੰ ਉਨ੍ਹਾਂ ਨਾਲ ਬੜਾ ਪਿਆਰ ਸੀ । ਮੈਂ ਸਮਝਦਾ ਹਾਂ ਕਿ ਸਾਰੇ ਹਰੀਜਨਾਂ ਨਾਲ ਉਨ੍ਹਾਂ ਨੂੰ ਪਿਆਰ ਸੀ । ਬਾਕੀ ਜੋ ਕੁਝ ਹੋਰ ਮੈਂਬਰ ਸਾਹਿਬਾਨ ਨੇ ਕਿਹਾ ਹੈ ਉਸ ਤੋਂ ਪਤਾ ਲਗਦਾ ਹੈ ਕਿ ਉਹ ਕਿਤਨੇ ਪਾਪੂਲਰ ਸਨ । ਹਰ ਇਕ ਮੈਂਬਰ ਚਾਹੁੰਦਾ ਹੈ ਕਿ ਉਸ ਨੂੰ ਸ਼ਰਧਾਂਜਲੀ ਭੇਂਟ ਕੀਤੀ ਜਾਵੇ । ਗਿਆਨੀ ਜੀ ਤਾਂ ਅੱਗੇ ਹੀ ਬੜੇ ਹਮਦਰਦ ਹਨ ਕਿਸੇ ਨੂੰ ਵੀ ਭਗਤ ਸਿੰਘ ਦੀ ਮਾਤਾ ਦਾ ਨਾਂ ਯਾਦ ਨਹੀਂ ਆਇਆ, ਇਹ ਉਨ੍ਹਾਂ ਨੂੰ ਹੀ ਯਾਦ ਆਇਆ । ਮੈਨੂੰ ਪੂਰਾ ਯਕੀਨ ਹੈ ਕਿ ਜਿਸ ਤਰ੍ਹਾਂ ਪਹਿਲਾਂ ਵੀ ਉਨ੍ਹਾਂ ਦੇ ਇਲਾਜ ਵਾਸਤੇ 1 ਲੱਖ ਰੁਪਿਆ ਦਿਤਾ ਸੀ ਉਹ ਹੁਣ ਵੀ ਉਨ੍ਹਾਂ ਦੇ ਪਰਿਵਾਰ ਦੀ ਪੂਰੀ ਮਾਲੀ ਸਹਾਇਤਾ ਕਰਨਗੇ । ਇਨ੍ਹਾਂ ਸ਼ਬਦਾਂ ਨਾਲ ਮੈਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ ।

ਸਰਦਾਰ ਧੰਨਾ ਸਿੰਘ ਗੁਲਸ਼ਨ (ਨਥਾਣਾ. ਐਸ. ਸੀ.) : ਸਪੀਕਰ ਸਾਹਿਬ, ਗੁਰਬਾਣੀ ਵਿਚ ਆਇਆ ਹੈ :

'ਕੂੜ ਰਾਜਾ ਕੂੜ ਪਰਜਾ, ਕੂੜ ਸਭ ਸੰਸਾਰ'

ਸਾਰੀ ਦੁਨੀਆਂ ਵਿਚ ਕੂੜ ਹੀ ਕੂੜ ਹੈ । ਫਿਰ ਵੀ ਇਨਸਾਨ ਨੂੰ ਜੋ ਸਵਾਸ ਪ੍ਰਾਪਤ ਹੋਏ ਹਨ, ਇਨ੍ਹਾਂ ਨੂੰ ਬਤੀਤ ਕਰਨ ਵਾਸਤੇ ਇਸ ਦੁਨੀਆਂ ਵਿਚੋਂ ਵਿਚਰਨਾ ਪੈਂਦਾ ਹੈ । ਸਪੀਕਰ ਸਾਹਿਬ, ਯਕੀਨ ਨਹੀਂ ਸੀ ਆਉਂਦਾ ਕਿ ਸਰਦਾਰ ਸੱਤਪਾਲ ਸਿੰਘ ਰੰਧਾਵਾ ਦੀ ਮੌਤ ਹੋ ਗਈ ਹੈ । 7 ਤਾਰੀਖ ਨੂੰ ਮੈਂ ਬਾਹਰ ਲਾਬੀ ਵਿਚ ਬੈਠਿਆ ਸੀ । ਭਾਵੇਂ ਤਬੀਅਤ ਅੱਜ ਵੀ ਠੀਕ ਨਹੀਂ ਪਰ ਉਸ ਦਿਨ ਬਹੁਤ ਖਰਾਬ ਸੀ । ਸਰਦਾਰ ਸੱਤਪਾਲ ਸਿੰਘ ਰੰਧਾਵਾ ਮੇਰੇ ਕੋਲੋਂ ਦੀ ਲੰਘੇ ਮੈਨੂੰ ਬੈਠਿਆਂ ਵੇਖਕੇ ਕਹਿਣ ਲਗੇ ਕਿ ਗੁਲਸ਼ਨ ਸਾਹਿਬ ਤੁਹਾਡੀ ਤਬੀਅਤ ਖਰਾਬ ਨਜ਼ਰ ਆਉਂਦੀ ਹੈ । ਮੈਂ ਕਿਹਾ ਕਿ ਕਲ੍ਹ ਬੁਖਾਰ ਸੀ ਅਤੇ ਤਬੀਅਤ ਕਲ ਦੀ ਖ਼ਰਾਬ ਹੈ, ਮੈਂ ਉਨ੍ਹਾਂ ਨੂੰ ਪੁਛਿਆ ਕਿ ਤੁਹਾਡੀ ਤਬੀਅਤ ਦਾ ਕੀ ਹਾਲ ਹੈ ਕਿਉਂਕਿ ਤੁਹਾਡੇ ਚਿਹਰੇ ਤੋਂ ਵੀ ਨਜ਼ਰ ਆਉਂਦਾ ਹੈ ਕਿ ਤੁਸੀਂ ਬੀਮਾਰ ਹੋ । ਉਹ ਕਹਿਣ ਲਗੇ ਕਿ ਸਰੀਰ ਤਾਂ ਮੇਰਾ ਵੀ ਢਿੱਲਾ ਹੈ । ਪਰ ਮਨ ਭਕੜਾ ਹੈ । ਠੀਕ ਹੀ ਕਿਹਾ ਹੈ ।

'ਮਨ ਨਾ ਡਿੱਗੇ ਤਨ ਕਾਹੇ ਕੋ ਡਰਾਵੇ'

ਜੇ ਮਨ ਤਕੜਾ ਹੈ ਤਾਂ ਤਨ ਵੀ ਤਕੜਾ ਹੈ । ਅਗਲੇ ਦਿਨ ਜਦ ਸਵੇਰੇ ਖਬਰ ਸੁਣੀ ਤਾਂ ਕਿਤਨਾ ਅਫਸੋਸ ਹੋਇਆ ਕਿ ਇਹ ਸਦਨ ਦਾ ਮੋਤੀ, ਨੌਜਵਾਨ; ਜਿਸ ਦੇ ਨਾਲ 7 ਤਾਰੀਖ਼ ਨੂੰ ਵੀ ਗੱਲਾਂ ਹੁੰਦੀਆਂ ਰਹੀਆਂ ਸਨ. ਉਹ ਸਾਡੇ ਕੋਲੋਂ ਸਦਾ ਲਈ ਵਿਛੜ ਗਿਆ

3-00 P.M.

ਹੈ, ਇਸ ਲਈ ਉਨ੍ਹਾਂ ਦੇ ਵਿਛੋੜੇ ਦਾ ਸਾਰੇ ਹਾਊਸ ਨੂੰ, ਉਨ੍ਹਾਂ ਦੇ ਇਲਾਕੇ ਨੂੰ ਅੱਤੇ ਉਨ੍ਹਾਂ ਦੇ ਪਰਿਵਾਰ ਨੂੰ ਸਦਮਾ ਪਹੁੰਚਿਆ ਹੈ। ਜੋ ਇਸ ਵੇਲੇ ਚੀਫ ਮਨਿਸਟਰ ਸਾਹਿਬ ਨੇ ਮਤਾ ਪੇਸ਼ ਕੀਤਾ ਹੈ ਅਤੇ ਜੋ ਮੈਂਬਰ ਸਾਹਿਬਾਨ ਵਲੋਂ ਤਜ਼ਵੀਜ਼ਾਂ ਆਉਣੀਆਂ ਹਨ ਕਿ ਉਨ੍ਹਾਂ ਦੇ ਪ੍ਰੀਵਾਰ ਦੀ ਵੱਧ ਤੋਂ ਵੱਧ ਮਾਲੀ ਸਹਾਇਤਾ ਕੀਤੀ ਜਾਵੇ, ਅੱਜ ਦਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਧੰਨਾ ਸਿੰਘ ਗੁਲਸ਼ਨ]

ਹਾਊਸ ਐਡਜਰਨ ਕੀਤਾ ਜਾਵੇ, ਮੈਂ ਸਮਝਦਾ ਹਾਂ ਕਿ ਇਹ ਮੁਨਾਸਿਬ ਗੱਲਾਂ ਹਨ। ਮੈਂ ਇਨ੍ਹਾਂ ਨਾਲ ਆਪਣੇ ਆਪ ਨੂੰ ਸਹਿਮਤ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਵਾਹਿਗੁਰੂ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਪਰਿਵਾਰ, ਸੁਨੇਹੀਆਂ ਔਰ ਦੋਸਤਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

ਸਰਦਾਰ ਦਰਸ਼ਨ ਸਿੰਘ ਕੇ. ਪੀ. (ਜਮਸ਼ੇਰ, ਐਸ. ਸੀ.): ਸਪੀਕਰ ਸਾਹਿਬ, ਜੋ ਸਾਡੇ ਹਾਊਸ ਵਿਚ ਚੀਫ ਮਨਿਸਟਰ ਸਾਹਿਬ ਵਲੋਂ ਮਤਾ ਪੇਸ਼ ਹੋਇਆ ਹੈ, ਮੈਂ ਵੀ ਉਸ ਨਾਲ ਸ਼ਾਮਲ ਹੁੰਦਾ ਹਾਂ। ਰੰਧਾਵਾ ਸਾਹਿਬ ਹਾਊਸ ਦੇ ਹੋਣਹਾਰ ਨੌਜਵਾਨ ਸਨ। ਸਪੀਕਰ ਸਾਹਿਬ, ਪੰਜਾਬ ਗੌਰਮਿੰਟ ਨੇ ਹਰਚੰਦ ਸਿੰਘ ਕਮੇਟੀ ਬਣਾਈ, ਉਹ ਉਸ ਦੇ ਮੈਂਬਰ ਸਨ। ਮੈਂ ਵੀ ਉਸ ਕਮੇਟੀ ਦਾ ਮੈਂਬਰ ਸੀ। ਉਥੇ ਅਸੀਂ ਵੇਖਿਆ ਕਿ ਉਨ੍ਹਾਂ ਦੇ ਮਨ ਵਿਚ ਕਿਤਨੀ ਗਰੀਬਾਂ ਲਈ ਹਮਦਰਦੀ ਸੀ। ਉਹ ਮਨ ਦੇ ਵਿਚ ਕੋਈ ਗੱਲ ਨਹੀਂ ਸੀ ਲਿਆਉਂਦੇ। ਉਹ ਕੋਈ ਗੱਲ ਧੜੇਬੰਦੀ ਬਣਾ ਕੇ ਨਹੀਂ ਸੀ ਸੋਚਦੇ ਹੁੰਦੇ। ਉਨ੍ਹਾਂ ਨੇ ਸਹੀ ਮਾਹਨਿਆਂ ਵਿਚ ਗਰੀਬਾਂ ਲਈ ਔਰ ਲੋਕਾਂ ਲਈ ਵਧ ਚੜ੍ਹ ਕੇ ਮਿਹਨਤ ਕੀਤੀ ਹੈ। ਸਾਡੇ ਕੋਲੋਂ ਅਜਿਹਾ ਨੌਜਵਾਨ, ਜਿਹੜਾ ਜਮਹੂਰੀਅਤ ਦੀ ਰਾਖੀ ਕਰਨ ਵਾਲਾ ਪੰਜਾਬ ਦਾ ਸ਼ਿੰਗਾਰ ਤੇ ਪਾਰਟੀ ਦਾ ਹੋਣਹਾਰ ਸਾਥੀ ਸੀ ਉਸ ਦਾ ਵਿਛੜ ਜਾਣਾ, ਉਸ ਦੇ ਮਾਂ ਬਾਪ ਲਈ, ਉਸ ਦੇ ਭੈਣਾਂ ਭਰਾਵਾਂ ਲਈ ਇਕ ਬੜਾ ਹੀ ਦੁਖਦਾਈ ਹੈ।

"ਨਾਨਕ ਦੁਖੀਆ ਸਭੁ ਸੰਸਾਰ, ਸੋ ਸੁਖੀਆ ਜਿਸੁ ਨਾਮ ਆਧਾਰੁ"

ਇਸ ਵਿਚਾਰ ਨਾਲ ਇਨਸਾਨ ਨੂੰ ਸ਼ਾਂਤੀ ਮਿਲਦੀ ਹੈ। ਇਸ ਕਰਕੇ ਮੈਂ ਸਹਿਮਤ ਹੁੰਦਾ ਹਾਂ ਕਿ ਉਨ੍ਹਾਂ ਦੇ ਪਰਿਵਾਰ ਨੂੰ, ਬੀਵੀ ਨੂੰ, ਪੈਨਸ਼ਨ ਜਾਂ ਹੋਰ ਸਹਾਇਤਾ ਦਿਤੀ ਜਾਵੇ। ਅਸੀਂ ਉਨ੍ਹਾਂ ਦੇ ਸ਼ੁਕਰ ਗੁਜ਼ਾਰ ਹਾਂ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ-ਜੋਕ-ਮਤੇ ਨਾਲ ਸ਼ਾਮਲ ਹੁੰਦਾ ਹੋਇਆ ਆਪਣੀ ਵਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ (ਬਟਾਲਾ) : ਸਪੀਕਰ ਸਾਹਿਬ, ਜਿਹੜਾ ਮਤਾ ਚੀਫ ਮਨਿਸਟਰ ਸਾਹਿਬ, ਨੇ ਹਾਊਸ ਵਿਚ ਪੇਸ਼ ਕੀਤਾ ਹੈ ਮੈਂ ਉਸ ਨਾਲ ਆਪਣੇ ਆਪ ਨੂੰ ਸ਼ਾਮਲ ਕਰਦਾ ਹਾਂ। ਸਪੀਕਰ ਸਾਹਿਬ, ਰੰਧਾਵਾ ਜੀ ਨੂੰ ਜ਼ਾਲਮ ਮੌਤ ਨੇ ਸਾਡੇ ਕੋਲੋਂ ਜੁਦਾ ਕਰ ਦਿਤਾ ਹੈ। ਪੰਜ ਤਾਰੀਖ ਨੂੰ ਜਦੋਂ ਉਹ ਹਾਊਸ ਵਿਚ ਆਏ ਉਨ੍ਹਾਂ ਦੀ ਸੀਟ ਸਾਡੇ ਪਾਸ ਹੈ, ਮੈਨੂੰ ਉਨ੍ਹਾਂ ਨਾਲ ਗੱਲਾਂ ਕਰਨ ਦਾ ਮੌਕਾ ਮਿਲਿਆ ਸੀ। ਉਹ ਇਸ ਗਲੋਂ ਭਾਂ ਨਿਸ਼ਚਿੰਤ ਸਨ ਕਿ ਉਨ੍ਹਾਂ ਦਾ ਇਲਾਜ ਸਾਡੇ ਲੀਡਰ ਆਫ਼ ਦੀ ਹਾਊਸ, ਪੰਜਾਬ ਦੇ ਚੀਫ ਮਨਿਸਟਰ ਸਾਹਿਬ ਨੇ ਪੂਰੀ ਤਰ੍ਹਾਂ ਕਰਾਉਣ ਦਾ ਚਾਰਾ ਕੀਤਾ ਹੈ। ਲੇਕਿਨ ਉਨ੍ਹਾਂ ਦੇ ਚਿਹਰੇ ਉਪਰ ਸੰਜਿਸ਼ ਸੀ। ਮੈਂ ਉਨ੍ਹਾਂ ਨੂੰ ਬੜੇ ਹੀ ਪਿਆਰ ਨਾਲ ਕਿਹਾ, ਰੰਧਾਵਾ ਜੀ ਤੁਸੀਂ ਅੱਜ ਹਾਊਸ ਵਿਚ ਬੈਠਣ ਦੀ ਕਿਉਂ ਕੋਸ਼ਿਸ਼ ਕਰਦੇ ਹੋ, ਤਹਾਡੇ ਚੇਹਰੇ ਉਤੇ ਸੋਜ਼ਿਸ਼ ਹੈ, ਰੈਸਟ ਕਰੋ, ਇਲਾਜ ਪੂਰਾ ਹੋਣ ਦਿਓ। "ਉਨ੍ਹਾਂ ਨੇ ਮੁਸਕਰਾ ਕੇ ਕਿਹਾ, "ਸੇਖੜੀ, ਮੇਰਾ ਕੁਝ ਫਰਜ਼ ਹੈ ਆਪਣੇ ਹਲਕੇ ਤਾਈਂ। ਮੈਂ ਉਸ ਫਰਜ਼ ਨੂੰ ਨਿਭਾਉਣ ਲਈ, ਉਸ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਹਾਊਸ ਵਿਚ ਆਇਆ ਹਾਂ, ਹੁਣੇ ਹੀ ਚਲਾ ਜਾਂਵਾਂਗਾ"। ਉਨ੍ਹਾਂ ਦਾ ਜੁੜਾ ਹੋ ਜਾਣਾ ਸਾਰੇ ਪੰਜਾਬ ਦੇ ਵਾਸਤੇ

Original with;
Punjab Vidhan Sabha
Digitized by;
Panjab Digital Library

ਇਕ ਸ਼ੋਕ ਦੀ ਗੱਲ ਹੈ । ਜਿਹੜਾ ਮਤਾ ਚੀਫ਼ ਮਨਿਸਟਰ ਸਾਹਿਬ ਨੇ ਹਾਊਸ ਦੇ ਅੱਗੇ ਰਖਿਆ ਹੈ, ਮੈਂ ਵੀ ਆਪਣੇ ਆਪ ਨੂੰ ਉਸ ਵਿਚ ਸ਼ਾਮਲ ਕਰਦਾ ਹਾਂ ਅੌਰ ਬੇਨਤੀ ਕਰਦਾ ਹਾਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਨੂੰ, ਕਿ ਜਿਹੜੀ ਅੱਜ ਦੀ ਬੈਠਕ ਹੈ ਉਸ ਨੂੰ ਸਥੱਗਤ ਕਰ ਦਿਤਾ ਜਾਵੇ ਅੌਰ ਇਹ ਪ੍ਰੰਪਰਾ ਬਣਾ ਦਿਤੀ ਜਾਵੇ ਕਿ ਅਗਰ ਕਦੇ ਪਰਮਾਤਮਾ ਕਿਸੇ ਮੈਂਬਰ ਨੂੰ ਸਾਡੇ ਤੋਂ ਜੁਦਾ ਕਰ ਲਵੇ ਤਾਂ ਹਾਊਸ ਦੀ ਬੈਠਕ ਸਥੱਗਤ ਹੋ ਜਾਇਆ ਕਰੇ ।

ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣੇ ਆਪ ਨੂੰ ਇਸ ਸ਼ੋਕ ਮਤੇ ਨਾਲ ਸ਼ਾਮਲ ਕਰਦਾ ਹਾਂ । ਈਸ਼ਵਰ ਉਨ੍ਹਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਤੇ ਉਨ੍ਹਾਂ ਦੇ ਪਰਿਵਾਰ, ਦੋਸਤਾਂ, ਮਿਤਰਾਂ ਨੂੰ ਇਹ ਸਦਮਾਂ ਬਰਦਾਸ਼ਤ ਕਰਨ ਦੀ ਤਾਕਤ ਬਖਸ਼ੇ ।

ਸਰਦਾਰ ਹਰਚੰਦ ਸਿੰਘ (ਅਮਲੋਹ, ਐਸ. ਸੀ.) : ਸਪੀਕਰ ਸਾਹਿਬ, ਮੈਂ ਸਰਦਾਰ ਸੱਤਪਾਲ ਸਿੰਘ ਜੀ ਰੰਧਾਵਾ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਖੜ੍ਹਾ ਹੋਇਆ ਹਾਂ ਜਿਸ ਵੇਲੇ ਉਨ੍ਹਾਂ ਦੇ ਪਿੰਡ ਵਿਚ ਉਨ੍ਹਾਂ ਦੇ ਮਿਰਤਕ ਸ਼ਰੀਰ ਨੂੰ ਪਹੁੰਚਾ ਦਿਤਾ ਗਿਆ ਤਾਂ ਉਹ ਸਮਾਂ, ਸਪੀਕਰ ਸਾਹਿਬ, ਇਕ ਖਾਸ ਮਹਾਨਤਾ ਰੱਖਦਾ ਹੈ । ਗਿਆਨੀ ਜੀ ਨੇ ਉਨ੍ਹਾਂ ਦੀ ਯਾਦ ਵਿਚ ਦੋ ਸ਼ਬਦ ਬੋਲੇ । ਬੋਲਣ ਵਾਲਾ ਵੀ ਰੋ ਰਿਹਾ ਸੀ ਅਤੇ ਸੁਣਨ ਵਾਲੇ ਵੀ ਰੋ ਰਹੇ ਸਨ । ਸਰਦਾਰ ਰੰਧਾਵਾ ਜੀ ਦੇ ਦੋ ਛੋਟੇ ਛੋਟੇ ਬਾਲ ਜਦੋਂ ਗਿਆਨੀ ਜੀ ਦੀ ਬਾਜੂਆਂ ਵਿਚ ਆ ਬੈਠੇ ਤਾਂ ਬੜਾ ਦਿਲ ਭਰ ਗਿਆ, ਉਸ ਸੀਨ ਨੂੰ ਵੇਖਣ ਵਾਲਿਆਂ ਸੱਜਣਾਂ ਦਾ ਵੀ ਮਨ ਭਰ ਗਿਆ । ਮੈਂ ਰੰਧਾਵਾ ਜੀ ਨੂੰ ਪਹਿਲਾਂ ਨਹੀਂ ਜਾਣਦਾ ਸੀ ਪਰ ਜਦੋਂ ਉਨ੍ਹਾਂ ਨੇ ਮੇਰੇ ਨਾਲ ਕਮੇਟੀ ਵਿਚ ਕੰਮ ਕੀਤਾ ਤਾਂ ਮੇਰਾ ਉਨ੍ਹਾਂ ਨਾਲ ਗੂਹੜਾ ਮੇਲ ਮਿਲਾਪ ਹੋ ਗਿਆ । ਉਨ੍ਹਾਂ ਨੇ ਮੇਰੇ ਨਾਲ ਕਮੇਟੀ ਵਿਚ ਕੰਮ ਕੀਤਾ । ਉਹ ਤਕਰੀਬਨ ਸਾਰੀਆਂ ਮੀਟਿੰਗਾਂ ਅਟੈਂਡ ਕਰਦੇ ਰਹੇ । ਸਖਤ ਗਰਮੀ ਵਿਚ ਵੀ ਉਹ ਮੇਰੇ ਨਾਲ ਰਹੇ। ਉਹ ਬੜੇ ਹੀ ਉਚੇ ਇਰਾਦੇ ਦੇ ਆਦਮੀ ਸਨ । ਕਮੇਟੀ ਦੀ ਰਿਪੋਰਟ ਬਣਾਉਣ ਦੇ ਵਿਚ ਉਨ੍ਹਾਂ ਦਾ ਬੜਾ ਭਾਰੀ ਹੱਥ ਸੀ । ਉਹ ਬਿਲਕੁਲ ਸਚਾਈ-ਪਸੰਦ ਇਨਸਾਨ ਸਨ । ਜਿਸ ਵੇਲੇ ਕਈ ਵੱਡੇ ਵੱਡੇ ਪੁਰਸ਼ ਇਸ ਰਿਪੋਰਟ ਦੀ ਜ਼ੱਦ ਵਿਚ ਆਏ ਤਾਂ ਇਹ ਪਹਿਲੇ ਸ਼ਖਸ ਸਨ ਜਿਨ੍ਹਾਂ ਨੇ ਬਿਲਕੁਲ ਇਮਾਨਦਾਰੀ ਤੇ ਸਚਾਈ ਨਾਲ ਕੰਮ ਕਰਵਾਇਆ ਹੈ । ਉਸ ਤੋਂ ਬਾਅਦ ਮੇਰੇ ਨਾਲ ਸ਼ੈਡਿਊਲਡ ਕਾਸਟਸ ਵੈਲਫੇਅਰ ਕਮੇਟੀ ਵਿਚ ਵੀ ਕੰਮ ਕਰਦੇ ਰਹੇ । ਵਜ਼ੀਫਿਆਂ ਦਾ ਜ਼ਿਕਰ ਚਲ ਰਿਹਾ ਸੀ ਕਿ ਸ਼ੈਡਿਊਲਡ ਕਾਸਟਸ ਬੱਚਿਆਂ ਦੇ ਵਜ਼ੀਫੇ ਘੱਟ ਹਨ, ਕੀ ਕਰਨਾ ਚਾਹੀਦਾ ਹੈ, ਰੰਧਾਵਾ ਸਾਹਿਬ ਇਕ ਦਮ ਬੋਲੇ, "ਇਹ ਛੇ ਰੁਪਏ ਮਹੀਨਾ ਵੀ ਕੋਈ ਅੱਜ ਕਲ ਦੇ ਜ਼ਮਾਨੇ ਵਿਚ ਦਸਵੀਂ ਜਮਾਤ ਦੇ ਵਿਦਿਆਰਥੀ ਲਈ ਸਜਾਇਤਾ ਹੈ ।" ਹਰੀਜਨਾਂ ਦੀ ਭਲਾਈ ਸਬੰਧੀ ਕਮੇਟੀ ਦੀਆਂ ਜਿਤਨੀਆਂ ਵੀ ਮੀਟਿੰਗਾਂ ਉਨ੍ਹਾਂ ਨੇ ਅਟੈਂਡ ਕੀਤੀਆਂ ਹਨ ਉਨ੍ਹਾਂ ਵਿਚ ਉਨ੍ਹਾਂ ਨੇ ਹਮੇਸ਼ਾ ਹੀ ਹਰੀਜਨਾਂ ਅਤੇ ਗਰੀਬ ਲੋਕਾਂ ਲਈ ਇਹ ਹੀ ਸੋਚਿਆ ਹੈ ਕਿ ਇਨ੍ਹਾਂ ਦਾ ਕੋਈ ਨਾ ਕੋਈ ਸੁਧਾਰ ਕਰਨਾ ਚਾਹੀਦਾ ਹੈ । ਉਹ ਸਾਡੇ ਵਿਚੋਂ ਵਿਛੜ ਕੇ ਪੀ. ਜੀ. ਆਈ. ਵਿਚ ਚਲੇ ਗਏ । ਉਥੇ ਮੈਂ ਉਨ੍ਹਾਂ ਨੂੰ ਮਿਲਣ ਗਿਆ । ਉਹ ਚੰਗੀਆਂ ਭਲੀਆਂ-ਗੱਲਾਂ ਕਰਦਾ ਸੀ ਕਿ ਮੈਂ ਠੀਕ ਠਾਕ ਹੋਕੇ ਆ ਜਾਵਾਂਗਾ । ਫਿਰ ਅਗਲੇ ਦਿਨ ਪਤਾ ਲਗਿਆ ਕਿ ਉਹ ਇਲਾਜ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਚੰਦ ਸਿੰਘ]

ਕਰਾਉਣ ਲਈ ਇੰਗਲੈਂਡ ਚਲਾ ਗਿਆ ਹੈ । ਇਕ ਦਿਨ ਅਚਾਨਕ ਹੀ ਉਹ ਕਮੇਟੀ ਵਿਚ ਆ ਗਏ । ਅਸੀਂ ਪੁਛਿਆ ਕਿ ਤੁਸੀਂ ਤਾਂ ਇੰਗਲੈਂਡ ਚਲੇ ਗਏ ਸੀ । ਕੀ ਦਸਿਆ ਹੈ ਇੰਗਲੈਂਡ ਵਾਲਿਆਂ ਨੇ ਤੁਹਾਡੀ ਬੀਮਾਰੀ ਬਾਰੇ । ਉਹ ਕਹਿਣ ਲਗੇ ਕਿ ਮੈਂ ਇੰਗਲੈਂਡ ਗਿਆ ਸੀ ਪਰ ਉਹ ਤਾਂ ਇਸ ਬੀਮਾਰੀ ਨੂੰ ਬੀਮਾਰੀ ਹੀ ਨਹੀਂ ਸਮਝਦੇ । ਉਹ ਕਹਿੰਦੇ ਹਨ ਕਿ ਇਸ ਬੀਮਾਰੀ ਦੇ ਮਰੀਜ਼ ਕਾਰਖਾਨਿਆਂ ਵਿਚ ਕੰਮ ਕਰਦੇ ਹਨ, ਇਸ ਲਈ ਤੁਸੀਂ ਬਿਲਕੁਲ ਠੀਕ ਹੋ । ਅਸੀਂ ਕਿਹਾ ਕਿ ਇਹ ਤਾਂ ਬੜੀ ਖੁਸ਼ੀ ਦੀ ਗੱਲ ਹੈ । ਉਹ ਕੁਝ ਚਿਰ ਉਥੇ ਸਾਡੇ ਵਿਚ ਵੀ ਬੈਠੇ ਰਹੇ । ਸਚਮੁਚ ਜਿੰਨੇ ਉਨ੍ਹਾਂ ਨੇ ਸੁਝਾਓ ਦਿਤੇ, ਜਿੰਨਾਂ ਉਨ੍ਹਾਂ ਨੇ ਸਭ ਨਾਲ ਮਿਲਕੇ ਅਤੇ ਮੇਰੇ ਨਾਲ ਮਿਲ ਕੇ ਕੰਮ ਕੀਤਾ, ਅਸੀਂ ਉਸ ਨੂੰ ਭੁਲਾ ਨਹੀਂ ਸਕਦੇ । ਅੱਜ ਸਾਡਾ ਇਕ ਪਿਆਰਾ ਭਾਈ ਸਾਡੇ ਸਭ ਨਾਲੋਂ ਵਿਛੜ ਗਿਆ ਹੈ । ਮੈਂ ਪਰਮਾਤਮਾ ਅਗੇ ਬੇਨਤੀ ਕਰਦਾ ਹਾਂ ਕਿ ਸਰਦਾਰ ਸੱਤਪਾਲ ਸਿੰਘ ਰੰਧਾਵਾ ਜੀ ਦੀ ਰੂਹ ਨੂੰ ਸ਼ਾਂਤੀ ਬਖਸ਼ੇ ਅਤੇ ਉਨ੍ਹਾਂ ਦੀ ਬੀਵੀ ਤੇ ਬੱਚਿਆਂ ਦੇ ਸਿਰ ਤੇ ਹੱਥ ਰੱਖੇ ।

ਸਰਦਾਰ ਗੁਰਬਚਨ ਸਿੰਘ (ਰੋਪੜ) : ਸਰਦਾਰ ਸੱਤਪਾਲ ਸਿੰਘ ਰੰਧਾਵਾ ਦੇ ਵਿਛੋੜੇ ਦੀ ਯਾਦ ਵਿਚ ਬੈਠੇ ਹੋਏ, ਇਕ ਛੋਟੀ ਉਮਰ ਦੇ ਹੋਣਹਾਰ ਮੈਂਬਰ, ਜਿਨ੍ਹਾਂ ਦੇ ਦਿਲ ਵਿਚ ਪੰਜਾਬ ਦੇ ਲੋਕਾਂ ਲਈ ਇਕ ਤੜਪ ਸੀ, ਮੈਂਬਰ ਸਾਹਿਬਾਨ ਦੇ ਨਾਲ ਮੈਂ ਆਪਣੇ ਆਪ ਨੂੰ ਸ਼ਾਮਲ ਕਰਦਾ ਹਾਂ । ਇਥੇ ਮੈਂ ਇਹ ਕਹਿਣਾ ਹੈ ਕਿ:

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ।
ਨਾਨਕ ਹਰਿਗੁਨ ਗਾਇ ਲੇ ਛਾਡਿ ਸਗਲ ਜੰਜਾਲ ।

ਇਥੇ ਇਨਸਾਨ ਕੁਝ ਕੰਮਾਂ ਨੂੰ ਛੱਡ ਕੇ ਮਰਦਾ ਹੈ । ਸਰਦਾਰ ਸਤਪਾਲ ਸਿੰਘ ਜੀ ਰੰਧਾਵਾ ਦੇ ਹਿਤ ਵਿਚ ਮੈਂਬਰ ਸਾਹਿਬਾਨ ਨੇ ਜੋ ਸੁਝਾਓ ਦਿਤੇ ਹਨ ਕਿ ਹਾਊਸ ਨੂੰ ਔਡਜਰਨ ਕੀਤਾ ਜਾਵੇ, ਉਨ੍ਹਾਂ ਦੀ ਬੀਵੀ ਅਤੇ ਬੱਚਿਆਂ ਨੂੰ ਮਾਇਕ ਸਹਾਇਤਾ ਦਿਤੀ ਜਾਵੇ, ਇਸ ਨਾਲੋਂ ਮੈਂ ਇਕ ਗੱਲ ਵੱਧ ਕਰਦਾ ਹਾਂ ਅਤੇ ਉਹ ਇਹ ਹੈ, ਅਤੇ ਮੈਂ ਪੰਜਾਬ ਸਰਕਾਰ ਅਗੇ ਰਿਕੁਐਸਟ ਕਰਾਂਗਾ, ਕਿ ਜਿਹੜੇ ਉਨ੍ਹਾਂ ਨੇ ਮੰਤਰੀਆਂ ਕੋਲ ਜਾਂ ਮੁੱਖ ਮੰਤਰੀ ਕੋਲ ਆਪਣੇ ਹਲਕੇ ਲਈ ਸੁਝਾਓ ਜਾਂ ਕੰਮ ਦਸੇ ਹਨ, ਉਨ੍ਹਾਂ ਨੂੰ ਵੀ ਪੂਰਾ ਕੀਤਾ ਜਾਵੇ ਤਾਂ ਜੋ ਸਰਦਾਰ ਸੱਤਪਾਲ ਸਿੰਘ ਜੀ ਰੰਧਾਵਾ ਦੀ ਰੂਹ ਨੂੰ ਸ਼ਾਂਤੀ ਮਿਲੇ ਕਿ ਉਨ੍ਹਾਂ ਦੇ ਛੱਡੇ ਹੋਏ ਕੰਮ ਪੂਰੇ ਹੋ ਗਏ ਹਨ । ਇਸ ਬਾਰੇ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਰਦਾਰ ਸੱਤਪਾਲ ਸਿੰਘ ਜੀ ਰੰਧਾਵਾ ਦੇ ਛੱਡੇ ਹੋਏ, ਦਸੇ ਹੋਏ ਕੰਮਾਂ ਨੂੰ ਜਲਦੀ ਹੀ ਹੱਥ ਵਿਚ ਲੈਕੇ ਪੂਰਾ ਕੀਤਾ ਜਾਵੇ । ਕੁਝ ਦਿਨ ਬਾਅਦ ਫਿਰ ਵਕਤ ਮੁੜ ਨਹੀਂ ਆਉਂਦਾ । "ਜੋ ਕਾਮ ਕਲ੍ਹ ਕਰਨਾ ਹੈ ਉਸ ਕੋ ਆਜ ਹੀ ਕਰ ਲੀਆ ਜਾਏ ਔਰ ਜੋ ਕਾਮ ਆਜ ਕਰਨਾ ਹੈ ਉਸ ਕੋ ਅਬ ਹੀ ਕਰ ਲੀਆ ਜਾਏ ।" ਇਸ ਲਈ ਇਨਸਾਨ ਜਿਹੜਾ ਵੀ ਕੰਮ ਛੱਡ ਦਿੰਦਾ ਹੈ, ਉਸ ਲਈ ਉਸ ਨੂੰ ਪਛਤਾਵਾ ਰਹਿੰਦਾ ਹੈ । ਅਤੇ ਉਸ ਦੀ ਰੂਹ ਵੀ ਤੜਪਦੀ ਰਹਿੰਦੀ ਹੈ । ਮੈਂ ਇਹ ਕਹਿੰਦਾ ਹਾਂ:

ਸ਼ਮਾਂ ਤੇਰੀ ਉਮਰ ਤੋਂ ਹੈ ਏਕ ਰਾਤ ।
ਹੰਸ ਕਰ ਗੁਜ਼ਾਰ ਯਾ ਇਸੇ ਰੋ ਕਰ ਗੁਜ਼ਾਰ ਦੇ ।

Original with;
Punjab Vidhan Sabha
Digitized by;
Panjab Digital Library

ਸਰਦਾਰ ਸੱਤਪਾਲ ਸਿੰਘ ਜੀ ਰੰਧਾਵਾ ਦੀ ਯਾਦ ਪੰਜਾਬ ਦੇ ਲੋਕਾਂ ਦੇ ਦਿਲਾਂ ਵਿਚ ਹਮੇਸ਼ਾ ਬਣੀ ਰਹੇਗੀ । ਜਦੋਂ 8 ਤਰੀਕ ਦੀ ਅਖਬਾਰ ਵਿਚ ਉਨ੍ਹਾਂ ਦੇ ਅਕਾਲ ਚਲਾਣਾ ਕਰਨ ਦੀ ਖਬਰ ਲੋਕਾਂ ਨੇ ਪੜ੍ਹੀ ਤਾਂ ਬੜਾ ਦੁਖ ਹੋਇਆ ਅਤੇ ਲੋਕਾਂ ਦੇ ਦਿਲ ਤੜਪਦੇ ਰਹਿ ਗਏ । ਜਿਸ ਤਰ੍ਹਾਂ ਮੈਂਬਰ ਸਾਹਿਬਾਨ ਨੇ ਸੁਝਾਓ ਦਿਤੇ ਹਨ, ਮੈਂ ਵੀ ਆਪਣੇ ਆਪ ਨੂੰ ਉਨ੍ਹਾਂ ਨਾਲ ਸ਼ਾਮਲ ਕਰਦਾ ਹਾਂ ਕਿ ਪਰਮਾਤਮਾ ਸੱਤਪਾਲ ਸਿੰਘ ਜੀ ਰੰਧਾਵਾ, ਜਿਹੜੇ ਕਿ ਸਾਡੇ ਸਭ ਨਾਲੋਂ ਜੁਦਾ ਹੋ ਗਏ ਹਨ, ਦੀ ਰੂਹ ਨੂੰ ਸ਼ਾਂਤੀ ਬਖਸ਼ੇ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ ।

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਮਾਨ ਯੋਗ ਸਪੀਕਰ ਸਾਹਿਬ, ਇਸ ਸ਼ੋਕ ਪ੍ਰਸਤਾਵ ਦੇ ਪਾਸ ਹੋਣ ਤੋਂ ਪਹਿਲਾਂ ਖਾਮੋਸ਼ੀ ਅਖਤਿਆਰ ਕਰਨ ਤੋਂ ਪਹਿਲਾਂ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਹਾਊਸ ਦੇ ਹੋਰ ਮੈਂਬਰ ਸਾਹਿਬਾਨ ਨੇ ਹਾਊਸ ਨੂੰ ਐਡਜਰਨ ਕਰਨ ਬਾਰੇ ਹੋਰ ਸੁਝਾਓ ਦਿਤੇ ਹਨ, ਉਨ੍ਹਾਂ ਬਾਰੇ ਮੈਂ ਮੈਂਬਰ ਸਾਹਿਬਾਨ ਦੇ ਸੈਂਟੀਮੈਂਟਸ ਦਾ ਪੂਰਾ ਖਿਆਲ ਰਖਾਂਗਾ । ਮੈਂ ਮੈਂਬਰ ਸਾਹਿਬਾਨ ਦਾ ਮਸ਼ਕੂਰ ਹਾਂ ਕਿ ਉਨ੍ਹਾਂ ਨੇ ਇਸ ਗੱਲ ਦਾ ਇਜ਼ਹਾਰ ਕੀਤਾ ਹੈ ਕਿ ਸਰਕਾਰ ਵਲੋਂ ਸਰਦਾਰ ਸੱਤਪਾਲ ਸਿੰਘ ਜੀ ਰੰਧਾਵਾ ਦੇ ਪਰਿਵਾਰ ਦੀ ਮਾਲੀ ਸਹਾਇਤਾ ਕੀਤੀ ਜਾਵੇ । ਇਕ ਵਾਰੀ ਅਗੇ ਵੀ ਸਰਕਾਰ ਨੇ ਸੰਤ ਸਾਧੂ ਸਿੰਘ ਜੀ ਅਤੇ ਖਰਬੰਦਾ ਜੀ ਦੇ ਪਰਿਵਾਰ ਨੂੰ ਕੁਝ ਸਹਾਇਤਾ ਦਿਤੀ ਸੀ ਅਤੇ ਬੜਾ ਆਡਿਟ ਅਬਜੈਕਸ਼ਨ ਆਇਆ ਸੀ । ਮੇਰਾ ਖਿਆਲ ਹੈ ਕਿ ਹੁਣ ਆਡਿਟ ਆਬਜੈਕਸ਼ਨ ਨਹੀਂ ਆਵੇਗਾ ਕਿਉਂਕਿ ਇਹ ਹਾਊਸ ਦੀ ਮੁਤਫੱਕਾ ਰਾਏ ਲਗਦੀ ਹੈ । ਮੈਂ ਜਾਣਦਾ ਹਾਂ ਕਿ ਸਰਦਾਰ ਸੱਤਪਾਲ ਸਿੰਘ ਰੰਧਾਵਾ ਇਕ ਹਰਦਿਲ ਅਜ਼ੀਜ਼ ਇਨਸਾਨ ਸਨ । ਉਨ੍ਹਾਂ ਦੀ ਇਕ ਲੜਕੀ 10ਵੀਂ ਵਿਚ ਪੜ੍ਹਦੀ ਹੈ ਅਤੇ ਦੋ ਛੋਟੇ ਬੱਚੇ, ਇਕ ਛੇਵੀਂ ਅਤੇ ਇਕ ਚੌਥੀ ਸ਼ਰੇਣੀ ਵਿਚ ਪੜ੍ਹਦੇ ਹਨ । ਉਨ੍ਹਾਂ ਦੀ ਐਜੂਕੇਸ਼ਨ ਦਾ ਸਵਾਲ ਹੈ । ਪਰ ਮੇਰੀ ਰਾਏ ਹੈ ਕਿ ਸਰਦਾਰ ਸੱਤਪਾਲ ਸਿੰਘ ਜੀ ਰੰਧਾਵਾ ਦੀ ਮਾਤਾ ਜੀ ਜ਼ਿੰਦਾ ਹਨ, ਉਨ੍ਹਾਂ ਨਾਲ ਸਲਾਹ ਕਰਕੇ, ਇਸ ਗੱਲ ਦੀ ਵੀ ਉਹ ਇਜ਼ਾਜ਼ਤ ਦੇਣ ਅਤੇ ਜਿਸ ਤਰੀਕੇ ਨਾਲ ਵੀ ਉਹ ਸਹਾਇਤਾ ਕਬੂਲ ਕਰਨ, ਉਸ ਤਰੀਕੇ ਨਾਲ ਉਨ੍ਹਾਂ ਦੀ ਸਹਾਇਤਾ ਕੀਤੀ ਜਾਵੇ । ਭਾਵੇਂ ਉਹ ਇਨਕਾਰ ਹੀ ਕਰਨ, ਪਰ ਫਿਰ ਵੀ "ਐਜ਼ ਏ ਟੋਕਨ ਆਫ ਲਵ" ਅਤੇ ਹਾਊਸ ਦੇ ਸੈਂਟੀਮੈਂਟਸ ਨੂੰ ਪੂਰਾ ਕਰਦੇ ਹੋਏ, ਸਰਕਾਰ ਵਲੋਂ ਉਨ੍ਹਾਂ ਦੀ ਪੂਰੀ ਪੂਰੀ ਸਹਾਇਤਾ ਕੀਤੀ ਜਾਵੇ । ਜ਼ਿੰਦਗੀ ਤਾਂ ਬੰਦੇ ਵਾਪਸ ਲਿਆ ਨਹੀਂ ਸਕਦਾ ਅਤੇ ਜੋ ਉਸ ਪਰਿਵਾਰ ਨੂੰ ਦੁਖ ਹੋਇਆ ਹੈ ਉਹ ਸਹਾਇਤਾ ਨਾਲ ਪੂਰਾ ਨਹੀਂ ਹੋ ਸਕਦਾ, ਲੇਕਿਨ ਮੈਂ ਇਹ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਭਾਵੇਂ ਕੋਈ ਰੰਧਾਵਾ ਜੀ ਨੂੰ ਵਾਪਸ ਨਹੀਂ ਲਿਆ ਸਕਦਾ, ਲੇਕਿਨ ਉਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਨਾਲ, ਸਰਕਾਰ ਉਨ੍ਹਾਂ ਦੇ ਪਰਿਵਾਰ ਨੂੰ, ਬੀਵੀ ਅਤੇ ਬਚਿਆਂ ਨੂੰ ਆਪਣੀ ਪਰਵਰਿਸ਼ ਕਰਨ ਵਿਚ, ਐਜੂਕੇਸ਼ਨ ਹਾਸਿਲ ਕਰਨ ਵਿਚ ਕੋਈ ਰੁਕਾਵਟ ਨਹੀਂ ਪੈਣ ਦੇਵੇਗੀ ਅਤੇ ਉਨ੍ਹਾਂ ਦੀ ਆਪਣੇ ਬਚਿਆਂ ਦੀ ਤਰ੍ਹਾਂ ਸੰਭਾਲ ਕਰੇਗੀ ।

ਸ਼੍ਰੀ ਸਪੀਕਰ : ਆਹ ਐ ਗੁਲਚੀਂ ਅਜ਼ਲ ਤੁਝਸੇ ਬੜੀ ਨਾਦਾਨੀ ਹੁਈ ।
ਫੂਲ ਵਹਿ ਤੋੜਾ ਕਿ ਚਮਨ ਭਰ ਮੇਂ ਵੀਰਾਨੀ ਹੁਈ ।

ਲੀਡਰ ਆਫ ਦੀ ਹਾਊਸ ਨੇ, ਆਪੋਜ਼ੀਸ਼ਨ ਦੇ ਨੇਤਾ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਅਤੇ ਬਾਕੀ ਹਾਊਸ ਦੇ ਆਨਰੇਬਲ ਮੈਂਬਰ ਸਾਹਿਬਾਨ ਨੇ ਸਾਡੇ ਸਾਥੀ, ਸਰਦਾਰ

Original with;
Punjab Vidhan Sabha
Digitized by;
Panjab Digital Library

(ਸ਼੍ਰੀ ਸਪੀਕਰ)

ਸੱਤਪਾਲ ਸਿੰਘ ਰੰਧਾਵਾ ਦੇ ਅਸੈਂਬਲੀ ਵਿਚੋਂ ਵਿਛੜ ਜਾਣ ਤੇ ਜੋ ਵਿਚਾਰ ਪ੍ਰਗਟ ਕੀਤੇ ਹਨ, ਜੋ ਸ਼ੋਕ ਪ੍ਰਸਤਾਵ ਰਖਿਆ ਹੈ ਅਤੇ ਜਿਨ੍ਹਾਂ ਦਰਦ ਭਰਿਆਂ ਲਫਜ਼ਾਂ ਨਾਲ ਉਨ੍ਹਾਂ ਦੇ ਚਰਨਾਂ ਵਿਚ ਸ਼ਰਧਾਂਜਲੀ ਭੇਂਟ ਕੀਤੀ ਹੈ, ਮੈਂ ਆਪਣੇ ਆਪ ਨੂੰ ਉਨ੍ਹਾਂ ਸਾਰਿਆਂ ਜਜ਼ਬਾਤ ਨਾਲ ਪੂਰੀ ਤਰ੍ਹਾਂ ਸ਼ਾਮਲ ਕਰਦਾ ਹਾਂ। ਜਿਥੇ ਉਨ੍ਹਾਂ ਦਾ ਵਿਛੋੜਾ ਇਸ ਹਾਊਸ ਵਿਚ ਇਕ ਬਹੁਤ ਭਾਰੀ ਖਲਾਅ ਪੈਦਾ ਕਰ ਗਿਆ ਹੈ, ਉਥੇ ਮੈਨੂੰ ਜ਼ਾਤੀ ਤੌਰ ਤੇ ਇਕ ਬਹੁਤ ਬੜੀ ਕਮੀ ਪੈਦਾ ਹੋ ਗਈ ਹੈ। ਮੁਕੇਰੀਆਂ ਅਤੇ ਦਸੂਹਾ ਕੰਸਟੀਚਿਊਐਂਸੀਜ਼ ਨਾਲ ਨਾਲ ਹੁੰਦੇ ਹੋਏ, 8-10 ਮੀਲ ਦਾ ਫਾਸਲਾ ਹੁੰਦੇ ਹੋਏ ਉਹ ਦਿਲ ਤੋਂ ਕਦੇ ਭੁਲੇ ਨਹੀਂ ਸੀ। ਉਹ ਬੜੇ ਸਾਫ, ਸਪੱਸ਼ਟ ਤੇ ਸ਼ਾਂਤ ਸੁਭਾ ਵਾਲੇ ਵਿਅਕਤੀ ਸਨ ਅਤੇ ਸਭ ਨਾਲ ਬੜੇ ਪਿਆਰ ਨਾਲ ਗੱਲ ਬਾਤ ਕਰਦੇ ਸਨ। ਜਿਸ ਨਾਲ ਕੋਈ ਵਾਅਦਾ ਕਰਦੇ ਉਹ ਪੂਰਾ ਕਰਦੇ ਸਨ। 1969 ਦੇ ਇਲੈਕਸ਼ਨ ਵਿਚ ਸਾਢੇ ਚਾਰ ਹਜ਼ਾਰ ਵੋਟਾਂ ਨਾਲ ਹਾਰਨ ਵਾਲੇ ਇਸ ਨੌਜਵਾਨ ਨੇ ਮਿਹਨਤ ਕਰਕੇ 1972 ਵਿਚ 11000 ਤੋਂ ਵੱਧ ਵੋਟਾਂ ਨਾਲ ਜਿੱਤ ਪ੍ਰਾਪਤ ਕੀਤੀ। ਉਨ੍ਹਾਂ ਦੀ ਇਹ ਦਿਲੀ ਭਾਵਨਾ ਸੀ ਕਿ ਪੰਜਾਬ ਦੀ ਸੇਵਾ ਕਰੀਏ। ਆਪਣੇ ਇਲਾਕੇ ਤੋਂ ਬਿਨਾ ਉਨ੍ਹਾਂ ਨੇ ਪੰਜਾਬ ਵਾਸਤੇ ਹੋਰ ਵੀ ਕੰਮ ਕੀਤੇ। ਹਰਚੰਦ ਸਿੰਘ ਕਮੇਟੀ, ਲਾਇਬਰੇਰੀ ਕਮੇਟੀ ਅਤੇ ਸ਼ੈਡਿਊਲਡ ਕਾਸਟਸ ਵੈਲਫੇਅਰ ਕਮੇਟੀ ਵਿਚ ਉਨ੍ਹਾਂ ਨੇ ਜੋ ਕੰਟਰੀਬਿਊਸ਼ਨ ਕੀਤੀ, ਅਤੇ ਜੋ ਕੰਟਰੀਬਿਊਸ਼ਨ ਕੀਤੀ ਉਹ ਹਮੇਸ਼ਾ ਯਾਦ ਰਹੇਗੀ। ਹਾਊਸ ਦੀ ਭਾਵਨਾ ਦੇ ਮੁਤਾਬਿਕ ਹੀ ਲੀਡਰ ਆਫ ਦੀ ਹਾਊਸ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ ਕਿ ਅੱਜ ਹਾਊਸ ਇਸ ਸ਼ੋਕ ਪ੍ਰਸਤਾਵ ਤੋਂ ਬਾਅਦ ਅਤੇ ਦੋ ਮਿੰਟ ਦੀ ਖਾਮੋਸ਼ੀ ਆਬਜ਼ਰਵ ਕਰਨ ਤੋਂ ਬਾਅਦ ਕਲ ਸਵੇਰੇ 9-00 ਵਜੇ ਤਕ ਐਡਜਰਨ ਕਰ ਦਿਤਾ ਜਾਵੇਗਾ ਔਰ ਜੋ ਹਾਊਸ ਨੇ ਵਿਚਾਰ ਪ੍ਰਗਟ ਕੀਤਾ ਹੈ, ਕਲ ਹਾਊਸ ਦੀਆਂ ਦੋ ਸਿਟਿੰਗਜ਼ ਹੋਣਗੀਆਂ। ਇਸ ਬਾਰੇ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਵਿਚ ਵੀ ਫੈਸਲਾ ਕਰ ਲਵਾਂਗੇ। ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੇ ਮੈਂਬਰ ਸਾਹਿਬਾਨ ਨੂੰ ਮੈਂ ਬਨਤੀ ਕਰਾਂਗਾ ਕਿ ਉਹ ਹਾਊਸ ਐਡਜਰਨ ਹੋਣ ਤੋਂ ਫੌਰਨ ਬਾਅਦ ਮੇਰੇ ਚੈਂਬਰ ਵਿਚ ਆ ਜਾਣ ਤਾਂ ਜੋ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਸਾਢੇ ਚਾਰ ਵਜੇ ਦੀ ਬਜਾਏ ਹੁਣ ਹੀ ਹੋ ਸਕੇ। ਹਾਊਸ ਵਿਚ ਜੋ ਕੁਝ ਵੀ ਸੈਂਟੀਮੈਂਟਸ ਪ੍ਰਗਟ ਹੋਏ ਹਨ, ਉਹ ਸਰਦਾਰ ਸੱਤਪਾਲ ਸਿੰਘ ਜੀ ਰੰਧਾਵਾ ਦੇ ਪਰਿਵਾਰ ਤਕ ਪਹੁੰਚਾ ਦਿਤੇ ਜਾਣਗੇ। ਹੁਣ ਮੈਂ ਸਾਰੇ ਹਾਊਸ ਨੂੰ ਬੇਨਤੀ ਕਰਾਂਗਾ ਕਿ ਸਰਦਾਰ ਸੱਤਪਾਲ ਸਿੰਘ ਜੀ ਰੰਧਾਵਾ ਦੀ ਯਾਦ ਵਿਚ ਦੋ ਮਿੰਟ ਵਾਸਤੇ ਖੜੇ ਹੋਕੇ ਸਾਈਲੈਂਸ ਆਬਜ਼ਰਵ ਕਰੇ।

(ਇਸ ਸਮੇਂ ਸਾਰੇ ਹਾਊਸ ਨੇ ਦੋ ਮਿੰਟ ਖੜੇ ਹੋਕੇ ਮੌਨ ਧਾਰਨ ਕੀਤਾ)

(I fully associate myself with all the sentiments and views expressed and the tributes paid by the Leader of the House, Leader of the Opposition, Sardar Parkash Singh Badal, and other hon. Members of the House on the sad and untimely demise of our friend, Sardar Sat Pal Singh Ji Randhawa. So far as the House is concerned, his passing away has left a wide gulf. It is also a great personal loss to me.

Original with;
Punjab Vidhan Sabha
Digitized by;
Panjab Digital Library

Mukerian and Dasuya constituencies are contiguous, the distance between his and my place being 8-10 miles only. Thus we were very near to each other. He had a calm and frank nature and met every one lovingly. He was a man of his words. In the 1969 elections he was defeated by a margin of 4500 votes, but in 1972, this youngman, thanks to his hard work, won the election by a margin of more than 11000 votes. It was his earnest desire to serve the people of Punjab. Besides serving his constituency, he served the Punjab in other spheres too. As a member of the Harchand Singh Committee, Library Committee and Scheduled Castes Welfare Committee, his contribution will always be remembered. The Leader of the House, has lent voice to the wishes of the House that the House, after observing silence for two minutes, may adjourn till 9-00 a.m. tomorrow. According to the desire of the House, there will be two sittings tomorrow. The matter will also be placed before the Business Advisory Committee. I would, therefore, request the members of the Business Advisory Committee to come to my Chamber immediately after the adjournment of the House today, so that the meeting of the Business Advisory Committee may be held just now instead of at 4-30 P.M. The sentiments of the House will be conveyed to the members of the bereaved family. Now, I would request the hon. members to rise in their seats and observe silence for two minutes as a mark of respect to the memory of Sardar Sat Pal Singh Ji Randhawa.)

(All the Members present in the House stood up in their seats and observed silence for two minutes.)

Mr. Speaker : The House stands adjourned till 9-00 A.M. on Tuesday, the 13th August, 1974.

3-20 P.M.

(The Sabha then adjourned till 9-00 A.M. on Tuesday, the 13th August, 1974.

1256 PVS—282—3-12-74—ਗੌਰਮਿੰਟ ਪ੍ਰੈਸ, ਪਟਿਆਲਾ ।

Original with;
Punjab Vidhan Sabha
Digitized by;
Panjab Digital Library

Ajnkerian and Dasuya constituencies are contiguous, the distance between his and my place being 8-10 miles only. Thus we were very near to each other. He had a calm and frank nature and met every one lovingly. He was a man of his words. In the 1969 elections he was defeated by a margin of 450 votes, but in 1972 this Yaarmaan, thanks to his hard work, won the election by a margin of more than 11000 votes. It was his earnest desire to serve the people of Punjab. Besides serving his constituency, he served the Punjab in other spheres too. As a member of the Harijand Singh Committee, Library Committee and Scheduled Castes Welfare Committee, his contribution will always be remembered. The Leader of the House, hon'ble Jent Voice to the wishes of the House that the House, after observing silence for two minutes, may adjourn till 9-00 a.m. tomorrow. According to the desire of the House, there will be two sittings tomorrow. The matter will also be placed before the Business Advisory Committee. I would, therefore, request the members of the Business Advisory Committee to come to my chamber immediately after the adjournment of the House today, so that the meeting of the Business Advisory Committee may be held just now instead of at 4-30 P.M. The sentiments of the House will be conveyed to the members of the bereaved family. Now I would request the hon. members to rise in their seats and observe silence for two minutes as a mark of respect to the memory of Sardar Sat Pal Singh Ji Randhawa.)

(All the Members present in the House stood up in their seats and observed silence for two minutes.)

Mr. Speaker : The House stands adjourned till 9-00 A.M. on Tuesday, the 13th August, 1974.

3-20 P.M. (The Sabha then adjourned till 9-00 A.M. on Tuesday, the 13th August, 1974.

PVS—282—3-12-74—ਗੁਰਮੁਖ ਪ੍ਰੈਸ, ਪਟਿਆਲਾ।

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

22
S P.

PUNJAB VIDHAN SABHA
DEBATES

13th August, 1974
(Afternoon Sitting)

Vol. II—No. 6

OFFICIAL REPORT

CONTENTS

Tuesday, the 13th August, 1974
(*Afternoon Sitting*)

		PAGE
Postponed Starred Question and Answer	..	(6) 1
Starred Questions and Answers	..	(6) 5
Written Answers to Starred Questions laid on the Table under Rule 38	..	(6)20
Unstarred Questions and Answers	..	(6)34
Question of Privilege	..	(6)50
Bill(s)		
The Punjab Affiliated Colleges (Security of Service of Teachers) —, 1974	..	(6)59
The Punjab Land Revenue (Amendment) —, 1974	..	(6)90
Walk-out—	..	(6)107
Bill(s)		
The Punjab Land Revenue (Amendment)—, 1974 (*Resumption of consideration*)	..	(6)107
The Punjab Gram Panchayat (Amendment)—, 1974	..	(6)108
Motion Under Rule 16	..	(6)118
Appendix	..	(i)

Punjab Vidhan Sabha Secretariat, Chandigarh.

Price Re. 44.00

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

PUNJAB VIDHAN SABHA

Tuesday, the 13th August, 1974

(Afternoon Sitting)

The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 2-00 P.M. of the Clock. Mr. Speaker (Dr. Kewal Krishan) in the Chair.

POST PONED STARRED QUESTION AND ANSWER

ਰਾਜ ਵਿਚ ਰਿਟਾਇਰ ਹੋਏ ਸਰਕਾਰੀ ਅਫਸਰਾਂ ਦੀ ਮੁੜ ਨਿਯੁਕਤੀ

*2676 1. **ਸਰਦਾਰ ਧੰਨਾ ਸਿੰਘ ਗੁਲਸ਼ਨ** ।

2. **ਗਿਆਨੀ ਕੁੰਦਨ ਸਿੰਘ ਪਤੰਗ** J : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ—

(ੳ) ਸਾਲ 1973 ਵਿਚ ਕਿੰਨੇ ਅਫਸਰਾਂ ਨੂੰ ਉਨ੍ਹਾਂ ਦੀ 58 ਸਾਲ ਸੇਵਾ ਨਿਵਿਰਤੀ ਦੀ ਉਮਰ ਤੋਂ ਬਾਅਦ ਉਨ੍ਹਾਂ ਦੇ ਸੇਵਾਕਾਲ ਵਿਚ ਵਾਧਾ ਕੀਤਾ ਗਿਆ ਜਾਂ ਮੁੜ ਨਿਯੁਕਤ ਕੀਤਾ ਗਿਆ ;

(ਅ) ਹਰ ਇੱਕ ਕੇਸ ਵਿਚ ਕਿੰਨੇ ਸਮੇਂ ਲਈ ਸੇਵਾਕਾਲ ਵਿਚ ਵਾਧਾ ਕੀਤਾ ਗਿਆ/ਮੁੜ ਨਿਯੁਕਤੀ ਕੀਤੀ ਗਈ ;

(ੲ) ਸਰਕਾਰ ਨੇ ਕਿਨ੍ਹਾਂ ਕਾਰਨਾਂ ਕਰਕੇ ਸੇਵਾਕਾਲ ਵਿਚ ਉਕਤ ਵਾਧਾ ਕੀਤਾ/ਮੁੜ ਨਿਯੁਕਤੀ ਕੀਤੀ;

(ਸ) ਕੀ ਸਰਕਾਰ ਰਾਜ ਵਿਚ ਸਾਰੇ ਕਰਮਚਾਰੀਆਂ/ਅਫਸਰਾਂ ਨੂੰ ਅਜਿਹਾ ਲਾਭ ਦੇਣ ਦਾ ਵਿਚਾਰ ਰਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ?

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ (ਮੁੱਖ ਸੰਸਦੀ ਸਕਤੇਰ) :

(ੳ) ਉਪਲਬਧ ਸੂਚਨਾਂ ਅਨਸਾਰ 10.

(ਅ) 5 ਅਫਸਰਾਂ ਨੂੰ ਇਕ ਸਾਲ ਤੱਕ, 2 ਨੂੰ ਦੋ ਸਾਲ ਤੱਕ, ਇਕੱ ਨੂੰ ਜਨਵਰੀ,1976 ਤਕ ਅਤੇ 2 ਨੂੰ ਅਗਲੇ ਹੁਕਮਾਂ ਤੱਕ ।

(ੲ) ਮੁੱਖ ਤੌਰ ਤੇ ਯੋਗ ਇਵਜ਼ੀ ਦਾ ਉਪਲਬਧ ਹੋਣ ਕਾਰਣ, ਦੋ ਕੇਸਿਜ਼ ਵਿਚ ਨੈਸ਼ਨਲ ਅੈਵਾਰਡ ਲੈਣ ਵਾਲਿਆਂ ਸੰਬੰਧੀ ਨੀਤੀ ਅਨੁਸਾਰ ਅਤੇ ਦੋ ਕੇਸਿਜ਼ ਵਿਚ ਸਬੰਧਤ ਅੈਕਟ ਦੀਆਂ ਧਾਰਾਵਾਂ ਦੀ ਪਾਲਨਾ ਵਜੋਂ ।

(ਸ) ਨਹੀਂ ਜੀ, ਕਿਉਂਕਿ ਸੇਵਾ ਵਿਚ ਵਾਧਾ/ਮੁੜ ਨਿਯੁਕਤੀ ਕੇਵਲ ਵਿਸ਼ੇਸ਼ ਕਾਰਨਾਂ ਕਰਕੇ ਅਤੇ ਉੱਚ ਲੋਕ ਹਿਤ ਵਿਚ ਹੀ ਕਰਨ ਦੀ ਨੀਤੀ ਹੈ ।

Original with;
Punjab Vidhan Sabha
Digitized by;
Panjab Digital Library

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਅਫਸਰਾਂ ਨੂੰ 58 ਸਾਲਾਂ ਦੀ ਉਮਰ ਪੂਰੀ ਹੋ ਜਾਣ ਤੋਂ ਬਾਅਦ ਦੁਬਾਰਾ ਇੰਪਲਾਇਮੈਂਟ ਦਿਤੀ ਗਈ ਹੈ ਉਨ੍ਹਾਂ ਵਿਚ ਕਿਹੜੀਆਂ ਵਿਸ਼ੇਸ਼ਤਾਵਾਂ ਸਨ ਔਰ ਕੀ ਉਨ੍ਹਾਂ ਯੋਗਤਾਵਾਂ ਵਾਲੇ ਅਫ਼ਸਰ ਨਹੀਂ ਮਿਲਦੇ ਜਿਸ ਕਾਰਣ ਉਹ ਹੀ ਅਫਸਰ ਮੁੜਕੇ ਲੈਣੇ ਪਏ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਕਾਇਦੇ ਕਾਨੂੰਨ ਦੇ ਮੁਤਾਬਿਕ ਜਿਹੜੇ ਅਫ਼ਸਰ ਨੈ ਸਰਵਿਸ ਦੇ ਵਿਚ ਚੰਗਾ ਕੰਮ ਕੀਤਾ ਹੁੰਦਾ ਹੈ ਕਾਨੂੰਨ ਇਸ ਦੀ ਇਜਾਜ਼ਤ ਦਿੰਦਾ ਹੈ ਕਿ ਉਨ੍ਹਾਂ ਦੀ ਸਾਰੀ ਸਰਵਿਸ ਵੇਖ ਕੇ ਉਨ੍ਹਾਂ ਨੂੰ ਮੁੜ ਲਗਾਇਆ ਜਾਵੇ ਜਾਂ ਐਕਸਟੈਨਸ਼ਨ ਦਿੱਤੀ ਜਾਵੇ ।

ਸਰਦਾਰ ਅਜਾਇਬ ਸਿੰਘ ਮੰਧੂ : ਮੈਂ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ 'ਓ' ਭਾਗ ਵਿਚ ਦਸਿਆ ਹੈ ਕਿ 10 ਅਫਸਰ ਅਜਿਹੇ ਹਨ ਜਿਨ੍ਹਾਂ ਨੂੰ ਐਕਸਟੈਨਸ਼ਨ ਦਿਤੀ ਗਈ ਜਾਂ ਰੀਇੰਪਲਾਈ ਕੀਤਾ ਗਿਆ ਕੀ ਇਹ ਦਸਣ ਦੀ ਕਿਰਪਾ ਕਰਨਗੇ ਕਿ ਉਹ ਦਸ ਅਫਸਰ ਕਿਹੜੇ ਕਿਹੜੇ ਹਨ ਤੇ ਕਿਹੜੀ ਕਿਹੜੀ ਪੋਸਟ ਤੇ ਕੰਮ ਕਰਦੇ ਸਨ ?

ਮੁੱਖ ਮੰਤਰੀ : ਉਨ੍ਹਾਂ ਦੇ ਨਾਉਂ ਇਹ ਹਨ :—

1. ਡਾਕਟਰ ਆਈ.ਐਸ. ਉਪਲ, ਖੋਜ ਅਫਸਰ, ਪੰਜਾਬ ਖੋਜ ਲਬਾਰਟਰੀ, ਚੰਡੀਗੜ੍ਹ ਨੂੰ ਮਿਤੀ 22 ਸਤੰਬਰ, 1973 ਤੋਂ 15 ਅਗਸਤ,1974 ਤਕ ਉਸ ਦੀ ਥਾਂ ਯੋਗ ਅਫਸਰ ਨਾਂ ਮਿਲਣ ਕਾਰਣ, ਸਬੰਧਤ ਖੋਜ ਦੇ ਕੰਮ ਵਿਚ ਰੁਕਾਵਟ ਅਤੇ ਉਸ ਕਾਰਨ ਉਤਪੰਨ ਹੋਣ ਵਾਲੇ ਭੈੜੇ ਅਸਰ ਨੂੰ ਰੋਕਣ ਦੇ ਭਾਵ ਨੂੰ ਮੁੱਖ ਰੱਖਦਿਆਂ ਅਤੇ ਲੋੜੀਂਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਏ, ਨੌਕਰੀ ਵਿਚ ਮੁੜ ਲਗਾਇਆ ਗਿਆ ।

2. ਸ੍ਰੀ ਡੀ.ਡੀ.ਸਹਿਗਲ, ਡਾਇਰੈਕਟਰ, ਪ੍ਰਾਹੁਣਚਾਰੀ ਵਿਭਾਗ, ਪੰਜਾਬ ਨੂੰ ਮਿਤੀ 23 ਮਈ, 1973 ਤੋਂ 22 ਮਈ, 1974 ਤਕ ਉਸ ਦੀ ਥਾਂ ਯੋਗ ਅਫਸਰ ਜਿਹੜਾ ਪ੍ਰਾਹੁਣਚਾਰੀ ਵਿਭਾਗ ਦੀਆਂ ਵਿਭਿੰਨ ਡਿਯੂਟੀਆਂ ਨੂੰ ਉਚਿਤ ਢੰਗ ਨਾਲ ਨਿਭਾ ਸਕੇ ਨਾ ਮਿਲਣ ਕਾਰਨ ਮੁੜ ਸੇਵਾ ਵਿਚ ਲਗਾਇਆ ਗਿਆ ਹੈ । ਇਸ ਅਸਾਮੀ ਦੇ ਕੰਮ ਦੀ ਮਹੱਤਤਾ ਦੇਸ਼ ਵਿਦੇਸ਼ ਤੋਂ ਆਏ ਸਤਿਕਾਰ ਯੋਗ ਪ੍ਰਾਹੁਣਿਆਂ ਦੀ ਦੇਖ ਭਾਲ ਨਾਲ ਸਬੰਧਤ ਹੈ ।

3. ਸ੍ਰੀਮਤੀ ਐਸ.ਮਹਿਤਾ, ਪ੍ਰਿੰਸੀਪਲ, ਗੌਰਮਿੰਟ ਹਾਇਰ ਸੈਕੰਡਰੀ ਸਕੂਲ ਅਤੇ ਮਿੱਸ ਐਸ.ਸੇਠੀ, ਜ਼ਿਲ੍ਹਾ ਸਿਖਿਆ ਅਫਸਰ, ਦੋਨੋਂ ਚੰਡੀਗੜ੍ਹ ਵਿਖੇ ਡੈਪੂਟੇਸ਼ਨ ਤੇ ਹਨ । ਇਨ੍ਹਾਂ ਅਧਿਕਾਰੀਆਂ ਦੀ ਸੇਵਾ ਵਿਚ ਇਕ ਸਾਲ ਲਈ ਵਾਧਾ ਨੈਸ਼ਨਲ ਐਵਾਰਡ ਲੈਣ ਦੀ ਨੀਤੀ ਨੂੰ ਮੁੱਖ ਰਖਕੇ ਕੀਤਾ ਗਿਆ । ਉਹ ਇਹ ਹੈ ਕਿ:—

ਪੰਜਾਬ ਗੌਰਮਿੰਟ ਦਾ ਲੈਟਰ ਨੰਬਰ 5167/ਐਸ.11-4(1)—69/19273 ਮਿਤੀ 17 ਜੁਲਾਈ, 1969 ਦਾ ਹੈ । ਉਸ ਦੇ ਮੁਤਾਬਕ ਇਹ ਵਾਧਾ ਕੀਤਾ ਗਿਆ ਹੈ । ਇਹ ਚਿੱਠੀ ਇਸ ਤਰ੍ਹਾਂ ਹੈ:—

Teachers, who are recipient of National/State Award, may be granted extension in service upto the age of sixty years on year to year basis provided the extension is justified on the basis of their good record of service.

ਪੰਜਵੇ ਹਨ ਡਾਕਟਰ ਪੀ.ਐਨ.ਚੁਟਾਨੀ,ਡਾਇਰੈਕਟਰ, ਪੀ.ਜੀ.ਆਈ. ਚੰਡੀਗੜ੍ਹ । ਇਨ੍ਹਾਂ ਦੀ ਸੇਵਾ ਵਿਚ ਫਰਵਰੀ, 1973 ਤੋਂ ਦੋ ਸਾਲ ਲਈ ਜਾਂ ਉਸ ਦੇ ਰੀਲੀਵ ਹੋਣ ਤਕ, ਜਿਹੜੀ ਵੀ ਗਲ ਪਹਿਲਾਂ ਹੋਵੇ, ਵਾਧਾ

Original with;
Punjab Vidhan Sabha
Digitized by;
Panjab Digital Library

ਕੀਤਾ ਗਿਆ ਹੈ। ਇਹ ਫੈਸਲਾ ਭਾਰਤ ਸਰਕਾਰ ਵਲੋਂ ਉਸ ਦੀ ਥਾਂ ਯੋਗ ਅਧਿਕਾਰੀ ਦੀ ਨਿਯੁਕਤੀ ਕਰਨ ਵਿਚ ਆਈ ਵਰਤਮਾਨ ਔਖਿਆਈ ਨੂੰ ਮੁੱਖ ਰਖ ਕੇ ਕੀਤਾ ਗਿਆ । ਇਸ ਦੌਰਾਨ ਯੋਗ ਅਫਸਰ ਦੀ ਨਿਯੁਕਤੀ ਸਬੰਧੀ ਭਾਰਤ ਸਰਕਾਰ ਵਿਚਾਰ ਕਰ ਰਹੀ ਹੈ ।

ਛੇਵੇਂ ਹਨ ਸ਼੍ਰੀ ਪੀ.ਸੀ. ਚਕਰਵਰਤੀ, ਡੀ.ਆਈ.ਜੀ.ਵਾਇਰਲੈਸ । ਇਨ੍ਹਾਂ ਨੂੰ 20 ਜਨਵਰੀ, 1973 ਤੋਂ 30 ਜੂਨ, 1973 ਤਕ ਫਿਰ ਸੇਵਾ ਤੇ ਮੁੜ ਨਿਯੁਕਤ ਕੀਤਾ ਗਿਆ । ਪਹਿਲਾਂ ਇਹੋ ਪ੍ਰਬੰਧ 20 ਜਨਵਰੀ, 1972 ਤੋਂ 19 ਜਨਵਰੀ,1973 ਤਕ ਕੀਤਾ ਗਿਆ ਸੀ । ਇਹ ਮੁੜ ਨਿਯੁਕਤੀ ਇਸ ਅਸਾਮੀ ਸਬੰਧੀ ਤਕਨੀਕੀ ਵਿਸ਼ੇਸ਼ਤਾ ਅਤੇ ਪ੍ਰਬੰਧਕੀ ਲੋੜ ਨੂੰ ਮੁੱਖ ਰਖਕੇ ਕੀਤੀ ਗਈ ਕਿਉਂਕਿ ਵਾਇਰਲੈਸ ਦੇ ਕੰਮ ਵਿਚ ਕੋਈ ਹੋਰ ਪੁਲਿਸ ਅਫਸਰ ਉਤਨੀ ਯੋਗਤਾ ਵਾਲਾ ਨਹੀਂ ਮਿਲ ਸਕਿਆ ਸੀ ।

ਦੋ ਅਫਸਰ ਹਨ ਨੰਬਰ ਸੱਤ ਅੱਠ ਤੇ ਇਸ ਵਿਧਾਨ ਸਭਾ ਦੇ । ਇਹ ਗੈਰ ਮੁਨਾਸਿਬ ਹੋਵੇਗਾ ਕਿ ਵਿਧਾਨ ਸਭਾ ਦੇ ਕਰਮਚਾਰੀਆਂ ਦੇ ਇਥੇ ਨਾਉਂ ਡਿਸਕਸ ਕੀਤੇ ਜਾਣ ।

ਨੌਵੇਂ ਹਨ ਜਸਟਿਸ ਹੰਸ ਰਾਜ,ਪ੍ਰੀਜ਼ਾਇਡਿੰਗ ਅਫਸਰ, ਇੰਡਸਟ੍ਰੀਅਲ ਟ੍ਰੀਬਿਊਨਲ । ਇਨ੍ਹਾਂ ਦੀ ਮੁੜ ਨਿਯੁਕਤੀ ਜਨਵਰੀ, 1976 ਤਕ ਇਸ ਅਸਾਮੀ ਸਬੰਧੀ ਮਿਥਤ ਸ਼ਰਤਾਂ, ਯੋਗਤਾਵਾਂ ਅਤੇ ਇੰਡਸ-ਟ੍ਰੀਅਲ ਡਿਸਪਿਊਟ ਐਕਟ, 1947 ਵਿਚ ਕੀਤੇ ਉਪਬੰਧ ਅਨੁਸਾਰ ਕੀਤੀ ਗਈ ਹੈ । .....

ਸਰਦਾਰ ਅਜਾਇਬ ਸਿੰਘ ਸੰਧੂ : ਇਨ੍ਹਾਂ ਦਾ ਪੂਰਾ ਪਤਾ ਦੱਸੋ ।

ਮੁੱਖ ਮੰਤਰੀ : ਮੈਂ ਦੱਸ ਤਾਂ ਰਿਹਾ ਹਾਂ, ਬਾਕੀ ਜੇਕਰ ਚਾਹੁੰਦੇ ਹੋ ਤਾਂ ਉਨ੍ਹਾਂ ਦਾ ਕੁਰਸੀਨਾਮਾ ਲਿਆ ਕੇ ਦੇ ਦਿੰਦਾ ਹਾਂ ।(ਹਾਸਾ)

ਸਰਦਾਰ ਅਜਾਇਬ ਸਿੰਘ ਸੰਧੂ : ਇਹ ਉਹ ਹੀ ਸਜਣ ਹਨ, ਜਿਨ੍ਹਾਂ ਨੈ ਆਪਣੀ ਇਲੈਕਸ਼ਨ ਪਟੀਸ਼ਨ ਦਾ ਫੈਸਲਾ ਕੀਤਾ ਸੀ । (ਹਾਸਾ)

ਗਿਆਨੀ ਕੁੰਦਨ ਸਿੰਘ ਪੰਤਗ : ਕੁਰਸੀਨਾਮਾ ਲੈਣ ਕਿਤੇ ਹਰਦਵਾਰ ਤਾਂ ਨਹੀਂ ਜਾਣਾ ਪਵੇਗਾ। (ਹਾਸਾ)

ਮੁੱਖ ਮੰਤਰੀ : ਸੰਧੂ ਸਾਹਿਬ, ਤੁਹਾਨੂੰ ਇਹ ਕਦੇ ਨਹੀਂ ਭੁਲਣਾ ਚਾਹੀਦਾ ਕਿ ਜਦੋਂ ਮੁਕੱਦਮੇਂ ਬਣਦੇ ਹਨ ਤਾਂ ਫੈਸਲੇ ਹਾਈ ਕੋਰਟ ਦੇ ਜੱਜ ਹੀ ਕਰਦੇ ਹਨ ।

ਸਰਦਾਰ ਅਜਾਇਬ ਸਿੰਘ ਸਧੂ : ਜੋ ਉਨ੍ਹਾਂ ਨੈ ਫੈਸਲਾ ਕੀਤਾ ਹੈ ਉਹ ਤੁਹਾਨੂੰ ਵੀ ਤੇ ਮੈਨੂੰ ਵੀ ਪਤਾ ਹੈ ਕਿ ਕਿਵੇਂ ਜਲੂਸ ਕੱਢਿਆ ਹੈ ।

ਮੁੱਖ ਮੰਤਰੀ : ਜੋ ਫੈਸਲਾ ਕੀਤਾ ਹੈ, ਨੇਕ ਨੀਅਤੀ ਨਾਲ ਕੀਤਾ ਹੈ, ਇਮਾਨਦਾਰੀ ਨਾਲ ਕੀਤਾ ਹੈ। ਕਿਸੇ ਦੀ ਸਿਫਾਰਸ਼ ਨਹੀਂ ਮੰਨੀ ।

ਸਰਦਾਰ ਅਜਾਇਬ ਸਿੰਘ ਸੰਧੂ : * * *

ਮੁੱਖ ਮੰਤਰੀ : ਸਪੀਕਰ ਸਾਹਿਬ, ਸੰਧੂ ਸਾਹਿਬ ਨੈ ਜੋ ਲਫਜ਼ ਹਾਈ ਕੋਰਟ ਦੇ ਜੱਜ ਬਾਰੇ ਕਹੇ ਹਨ ਉਹ ਇਨ੍ਹਾਂ ਨੂੰ ਵਾਪਸ ਲੈਣੇ ਚਾਹੀਦੇ ਹਨ ।

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

Mr. Speaker : Mr. Sandhu, it is not proper. You should not make such remarks.

ਸਰਦਾਰ ਅਜਾਇਬ ਸਿੰਘ ਸੰਧੂ : * * * *

ਮੁੱਖ ਮੰਤਰੀ : ਉਨ੍ਹਾਂ ਦੇ ਫੈਸਲੇ ਬਾਰੇ ਸੁਪਰੀਮ ਕੋਰਟ ਵਿਚ ਅਪੀਲ ਕੀਤੀ ਹੈ ਅੱਰ ਉਹ ਵੀ ਰੀਜੈਕਟ ਹੋਈ ਹੈ ।

ਸਰਦਾਰ ਅਜਾਇਬ ਸਿੰਘ ਸੰਧੂ: * * * *

ਸ੍ਰੀ ਸਪੀਕਰ : ਜੋ ਜੱਜਾਂ ਬਾਰੇ ਰਿਮਾਰਕਸ ਪਾਸ ਕੀਤੇ ਗਏ ਹਨ ਉਹ ਐਕਸਪੰਜ ਕੀਤੇ ਜਾਣ । (The remarks made against the Judges, should be expunged. Please resume your seat.)

ਸਰਦਾਰ ਅਜਾਇਬ ਸਿੰਘ ਸੰਧੂ : * * *

ਸ੍ਰੀ ਸਪੀਕਰ : ਜੋ ਕੁਝ ਸੰਧੂ ਸਾਹਿਬ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ । (What ever Sandhu Sahib is saying, should not be recorded. Order please.)

ਮੁੱਖ ਮੰਤਰੀ: ਦਸਵੇਂ ਅਫਸਰ ਹਨ ਜਸਟਿਸ ਗੁਰਦੇਵ ਸਿੰਘ ਜੀ । ਉਹ ਹਨ ਪ੍ਰਧਾਨ ਸਿੱਖ ਗੁਰਦੁਆਰਾ ਟਰੀਬਿਊਨਲ । ਇਹ ਵੀ ਹਾਈ ਕੋਰਟ ਸਨ । ਪਹਿਲਾਂ 19 ਅਕਤੂਬਰ, 1972 ਤੋਂ 18 ਅਕਤੂਬਰ, 1973 ਤਕ ਅਤੇ ਫਿਰ 19 ਅਕਤੂਬਰ, 1973 ਤੋਂ 30 ਸਤੰਬਰ, 1974 ਤਕ ਸੇਵਾ ਵਿਚ ਮੁੜ ਨਿਯੁਕਤ ਕੀਤਾ ਗਿਆ ਹੈ । ਇਹ ਮੁੜ ਨਿਯੁਕਤੀ ਸਿੱਖ ਗੁਰਦਵਾਰਾ ਐਕਟ, 1925 ਵਿਚ ਉਪਬੰਧ ਅਤੇ ਲੋੜੀਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਏ, ਕੀਤੀ ਗਈ ਹੈ ।

ਕਾਮਰੇਡ ਸੱਤ ਪਾਲ ਡਾਂਗ : ਕੀ ਚੀਫ ਮਨਿਸਟਰ ਸਾਹਿਬ ਦਸਣਗੇ ਕਿ ਜਿਹੜਾ ਇਹ ਕਹਿੰਦੇ ਹਨ ਕਿ ਉਸ ਨੂੰ ਇਸ ਕਰਕੇ ਐਕਸਟੈਨਸ਼ਨ ਦਿਤੀ ਗਈ, ਫਲਾਣੇ ਨੂੰ ਇਸ ਕਰਕੇ ਐਕਸਟੈਨਸ਼ਨ ਦਿਤੀ ਗਈ ਕਿ ਮਾਰਕਿਟ ਵਿਚ ਬੰਦੇ ਨਹੀਂ ਸਨ ਮਿਲਦੇ । ਇਨ੍ਹਾਂ ਸਾਰਿਆਂ ਕੇਸਾਂ ਵਿਚ ਕੀ ਕੋਈ ਐਡਵਰਟਾਈਜਮੈਂਟ ਕੀਤੀ ਗਈ ਸੀ? ਕੀ ਕੋਈ ਐਪਲੀਕੇਸ਼ਨਜ਼ ਆਈਆਂ ਸਨ, ਕੋਈ ਇਨਟਰਵਿਊ ਕੀਤੀ ਗਈ ਸੀ ? ਪਰ ਜੇਕਰ ਇਨ੍ਹਾਂ ਨੇ ਕੀਤਾ ਹੀ ਕੁਝ ਨਹੀਂ ਹੈ ਅੱਰ ਐਵੇਂ ਹੀ ਅਕਸਟੈਨਸ਼ਨਜ਼ ਦਿਤੀਆਂ ਹਨ ਤਾਂ ਜਿਹੜਾ ਇਨ੍ਹਾਂ ਨੇ ਬੇਰੁਜ਼ਗਾਰੀ ਦੇ ਨਾਮ ਤੇ ਸੈਂਟਰਲ ਗੌਰਮਿੰਟ ਨੂੰ 58 ਸਾਲ ਦੀ ਉਮਰ ਘਟਾ ਕੇ 55 ਸਾਲ ਕਰਨ ਲਈ ਰੈਜੋਲਿਊਸ਼ਨ ਘੱਲਿਆ ਸੀ ਉਹ ਕਿਉਂ ਘਲਿਆ ਸੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜੇਕਰ ਡਾਂਗ ਸਾਹਿਬ ਨੂੰ ਇਹ ਗੱਲ ਚੰਗੀ ਨਹੀਂ ਲਗੀ ਕਿ ਉਹ ਰੈਜੋਲਿਊਸ਼ਨ ਕਾਹਨੂੰ ਘੱਲਿਆ ਸੀ ਤਾਂ ਇਨ੍ਹਾਂ ਨੂੰ ਤਸੱਲੀ ਰਖਣੀ ਚਾਹੀਦੀ ਹੈ, ਇਨ੍ਹਾਂ ਨੂੰ ਦਸ ਦੇਂਦਾ ਹਾਂ ਕਿ ਉਹ ਗਲ ਗੌਰਮਿੰਟ ਆਫ ਇੰਡੀਆ ਨੇ ਨਹੀਂ ਮੰਨੀ । ਦੂਸਰੀ ਗੱਲ ਹੈ ਮਾਰਕਿਟ ਵਿਚੋਂ ਬੰਦੇ ਲੈਣ ਦੀ । ਇਹ ਦਰੁਸਤ ਨਹੀਂ ਹੈ । ਜੇ ਬੰਦਾ ਨਹੀਂ ਲਭਦਾ ਤਾਂ ਇਨ੍ਹਾਂ ਨੂੰ ਐਕਸਟੈਨਸ਼ਨ ਦੇਣੀ ਹੀ ਚਾਹੀਦੀ ਸੀ । ਇਹ ਗਲ ਤਾਂ ਇਨ੍ਹਾਂ ਦੀ ਹੋ ਸਕਦੀ ਹੈ । ਲੇਕਿਨ ਇਹ ਸਪੈਸ਼ਲਿਸਟ ਹਨ ਅੱਰ ਇਨ੍ਹਾਂ ਦੀ ਸਰਵਿਸ ਐਕਸੀਲੈਂਟ ਸੀ ਅਤੇ ਇਸ ਕਰਕੇ ਅਸੀਂ ਇਨ੍ਹਾਂ ਨੂੰ ਐਕਸਟੈਨਸ਼ਨ ਦਿਤੀ ਸੀ । ਲੇਕਿਨ

*Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

ਆਮ ਤੌਰ ਤੇ ਗਵਰਨਮੈਂਟ ਦੀ ਇਹ ਨੀਤੀ ਹੈ ਕਿ ਅਸੀਂ ਪੂਰੀ ਕੋਸ਼ਿਸ਼ ਕਰਦੇ ਹਾਂ ਕਿ 58 ਸਾਲ ਤੋਂ ਬਾਅਦ ਜੋ ਰਿਟਾਇਰ ਹੋ ਜਾਵੇ, ਉਸ ਨੂੰ ਐਕਸਟੈਨਸ਼ਨ ਨਾ ਦਿਤੀ ਜਾਵੇ ।

ਚੌਧਰੀ ਦਰਸ਼ਨ ਸਿੰਘ : ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਸ੍ਰੀ ਚਕਰਵਰਤੀ ਜਿਹੜੇ ਅਫ਼ਸਰ ਸਨ, ਉਹ ਵਾਇਰਲੈਸ ਦੇ ਸਪੈਸ਼ਲਿਸਟ ਸਨ ਅਤੇ ਇਸ ਕਰਕੇ ਉਨ੍ਹਾਂ ਨੂੰ ਐਕਸਟੈਨਸ਼ਨ ਦਿਤੀ ਗਈ । ਕੀ ਸਰਕਾਰ ਨੇ ਕਿਸੇ ਆਦਮੀ ਨੂੰ ਟਰੇਨਿੰਗ ਦੇ ਕੇ ਉਨ੍ਹਾਂ ਦੀ ਜਗ੍ਹਾ ਲਗਾਉਣਾ ਹੈ ਜਾਂ ਸ੍ਰੀ ਚੱਕਰਵਰਤੀ ਚਲਦੇ ਰਹਿਣਗੇ ?

ਮੁੱਖ ਮੰਤਰੀ : ਸ੍ਰੀ ਚਕਰਵਰਤੀ ਰਿਟਾਇਰ ਹੋ ਗਏ ਹਨ ਅਤੇ ਉਨ੍ਹਾਂ ਦੀ ਜਗ੍ਹਾ ਤੇ ਇਕ ਟਰੇਨਿੰਗ ਲਏ ਹੋਏ ਯੋਗਤਾ ਵਾਲੇ ਆਦਮੀ ਨੂੰ ਨਿਯੁਕਤ ਕਰ ਦਿਤਾ ਹੈ ।

ਸਰਦਾਰ ਅਜਾਇਬ ਸਿੰਘ ਸੰਧੂ : ਇਨ੍ਹਾਂ 10 ਅਫਸਰਾਂ ਤੋਂ ਇਲਾਵਾ ਇਕ ਹੋਰ ਅਫਸਰ ਹਨ, ਸ੍ਰੀ ਐਮ.ਐਮ.ਆਨੰਦ, ਜਿਹੜੇ ਕਿ ਚੀਫ਼ ਇੰਜੀਨੀਅਰ ਰਿਟਾਇਰਡ ਹਨ, ਅਤੇ ਰਿਟਾਇਰਮੈਂਟ ਤੋਂ ਬਾਅਦ ਲਗੇ ਹਨ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਹੋਰ ਮਹਿਕਮੇ ਵਿਚ ਕੋਈ ਐਕਸਪੀਰੀਐਂਸਡ ਅਫ਼ਸਰ ਨਹੀਂ ਸੀ ?

ਮੁੱਖ ਮੰਤਰੀ : ਉਹ ਕਾਰਪੋਰੇਸ਼ਨ ਵਿਚ ਲਗੇ ਹੋਏ ਹਨ, ਗਵਰਨਮੈਂਟ ਦੀ ਸਰਵਿਸ ਵਿਚ ਨਹੀਂ ਹਨ ।

ਡਾਕਟਰ ਅਮੀਰ ਸਿੰਘ ਕਲਕਟ : ਜਿਨ੍ਹਾਂ ਅਫਸਰਾਂ ਦਾ ਸਰਵਿਸ ਰਿਕਾਰਡ ਐਕਸੇਲੈਂਟ ਹੈ ਅੱਤੇ ਜਿਨ੍ਹਾਂ ਦੀ ਇੰਟੈਗਰਿਟੀ ਅਤੇ ਆਨੈਸਟੀ ਅਬਵ ਬੋਰਡ ਹੈ, ਕੀ ਸਰਕਾਰ ਉਨ੍ਹਾਂ ਅਫਸਰਾਂ ਨੂੰ ਐਕਸਟੈਨਸ਼ਨ ਦੇਣ ਨੂੰ ਤਿਆਰ ਹੈ, ਜਿਨ੍ਹਾਂ ਨੇ ਪੰਜਾਬ ਸਰਕਾਰ ਨੂੰ ਆਪਣੀਆਂ ਸਰਵਿਸਿਜ਼ ਵਿਸ਼ੇਸ਼ ਤੌਰ ਤੇ ਦਿਤੀਆਂ ਹਨ ?

ਮੁੱਖ ਮੰਤਰੀ : ਸਾਰੀ ਸਟੇਟ ਦੀ ਜਿਹੜੀ ਗੱਲ ਹੈ, ਉਹ ਢੁਕਦੀ ਨਹੀਂ । ਅਸੀਂ ਇਸ ਕਰਕੇ ਐਕਸਟੈਨਸ਼ਨ ਨਹੀਂ ਦਿੰਦੇ ਕਿ ਉਨ੍ਹਾਂ ਦੀ ਜ਼ਿਆਦਾ ਤੋਂ ਜ਼ਿਆਦਾ ਚੰਗੀ-ਸ਼ੁਰਵਿਸ ਹੈ, ਆਨੈਸਟ ਹੈ, ਇੰਟੈਗਰਟੀ ਵਾਲਾ ਹੈ । ਲੇਕਿਨ ਐਕਸਟੈਨਸ਼ਨ ਐਸੇ ਹਾਲਾਤ ਵਿਚ ਦਿਤੀ ਜਾਂਦੀ ਹੈ ਕਿ ਜਿਥੇ ਇਕ ਅਫਸਰ ਦੇ ਕਾਰਨ ਚੰਗਾ ਕੰਮ ਹੋ ਸਕਦਾ ਹੈ ਜਿਹੜਾ ਕਿ ਨਵੇਂ ਅਫਸਰ ਤੋਂ ਨਹੀ ਹੋ ਸਕਦਾ ਤਾਂ ਐਕਸਟੈਨਸ਼ਨ ਦਿਤੀ ਜਾਂਦੀ ਹੈ । ਆਮ ਤੌਰ ਤੇ ਪੰਜਾਬ ਦੇ ਅਫਸਰਾਂ ਦੀ ਮੈਜਾਰਿਟੀ ਜਿਹੜੀ ਹੈ, ਉਹ ਐਫੀਸ਼ੈਂਟ ਹਨ, ਆਨੈਸਟ ਹਨ, ਤੇ ਲਾਇਕ ਹਨ ਅਤੇ ਬੜੀ ਮਿਹਨਤ ਨਾਲ ਕੰਮ ਕਰਨ ਵਾਲੇ ਹਨ, ਪਰ ਅਸੀਂ ਸਾਰਿਆਂ ਨੂੰ ਐਕਸਟੈਨਸ਼ਨ ਨਹੀਂ ਦੇ ਸਕਦੇ ।

ਸਰਦਾਰ ਅਜਾਇਬ ਸਿੰਘ ਸੰਧੂ : ਟਿਊਬਵੈਲ ਕਾਰਪੋਰੇਸ਼ਨ ਸਰਕਾਰੀ ਅਦਾਰਾ ਹੈ ।

Mr. Speaker : Order please. Next question.

STARRED QUESTIONS AND ANSWERS

ਰਾਜ ਵਿਚ ਰਸਾਇਣਕ ਖਾਦ ਦੀ ਜ਼ਰੂਰਤ

*2691 1. **ਸਰਦਾਰ ਪ੍ਰਹਿਲਾਦ ਸਿੰਘ**) ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ
2. **ਗਿਆਨੀ ਕੁੰਦਨ ਸਿੰਘ ਪਤੰਗ**) ਕਰਕੇ ਦੱਸਣਗੇ ਕਿ—

(ੳ) ਚਾਲੂ ਵਿੱਤੀ ਸਾਲ ਦੇ ਦੌਰਾਨ ਰਾਜ ਵਿਚ ਵੱਖ ਵੱਖ ਫਸਲਾਂ ਲਈ ਜ਼ਰੂਰੀ ਰਸਾਇਣਕ ਖਾਦ ਦੀਆਂ ਵੱਖ ਵੱਖ ਕਿਸਮਾਂ ਦੇ ਨਾਂ ਕੀ ਕੀ ਹਨ ਅਤੇ ਰਾਜ ਵਿਚ ਹਰੇਕ ਕੇਸ ਵਿਚ ਉਨ੍ਹਾਂ ਦੀ ਅੰਦਾਜ਼ਨ ਕਿੰਨੀ ਮਾਤਰਾ ਦੀ ਜ਼ਰੂਰਤ ਹੈ ;

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਹਿਲਾਦ ਸਿੰਘ/ਗਿਆਨੀ ਕੁੰਦਨ ਸਿੰਘ ਪਤੰਗ]

(ਅ) ਕੀ ਰਸਾਇਣਕ ਖਾਦਾਂ ਦੀ ਜ਼ਰੂਰੀ ਮਾਤਰਾ ਸਰਕਾਰ ਦੇ ਭੰਡਾਰ ਵਿਚ ਹੈ, ਜੇਕਰ ਅਜਿਹਾ ਹੋਵੇ, ਤਾਂ ਜ਼ਿਲ੍ਹਾ ਵਾਰ ਰਸਾਇਣਕ ਖਾਦਾਂ ਦੀ ਵੰਡ ਲਈ ਕੀ ਢੰਗ ਅਪਣਾਇਆ ਗਿਆ ਹੈ ;

(ਏ) ਜੇਕਰ ਉਪਰੋਕਤ ਭਾਗ (ਅ) ਦਾ ਉਤਰ ਨਾਂਹ ਵਿਚ ਹੋਵੇ ਤਾਂ ਕੀ ਸਰਕਾਰ ਜ਼ਰੂਰਤਾਂ ਦੀ ਪੂਰਤੀ ਲਈ ਰਸਾਇਣਕ ਖਾਦ ਵੀ ਖਰੀਦ ਰਹੀ ਹੈ ?

ਮਾਸਟਰ ਗੁਰਬੰਤਾ ਸਿੰਘ : (ੳ) ਇਕ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਜੀ ।

(ਅ) ਹਾਂ ਜੀ ।

ਆਯਾਤ ਕੀਤੀਆਂ ਗਈਆਂ ਰਸਾਇਣਕ ਖਾਦਾਂ ਮਾਰਕਫੈਡ ਅਤੇ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਦੇ ਰਾਹੀਂ ਵੰਡੀਆ ਜਾਂਦੀਆਂ ਹਨ । ਜੋ ਰਸਾਇਣਕ ਖਾਦਾਂ ਦੇਸ਼ ਵਿਚ ਘਰੇਲੂ ਉਤਪਾਦਕਾਂ ਦੁਆਰਾ ਤਿਆਰ ਕੀਤੀਆਂ ਜਾਂਦੀਆਂ ਹਨ,ਉਹ ਮਾਰਕਫੈਡ ਅਤੇ ਪਰਾਈਵੇਟ ਡੀਲਰਾਂ ਰਾਂਹੀਂ ਜੋ ਉਤਪਾਦਕਾਂ ਦੁਆਰਾ ਨਿਯੁਕਤ ਕੀਤੇ ਜਾਂਦੇ ਹਨ, ਰਾਹੀਂ 50:50 ਦੇ ਅਨੁਪਾਤ ਵਿਚ ਵੰਡੀਆਂ ਜਾਂਦੀਆਂ ਹਨ । ਵੰਡ ਦੀ ਇਹ ਵਿਧੀ ਸਮੂਹ ਜ਼ਿਲ੍ਹਿਆਂ ਵਿਚ ਅਪਣਾਈ ਜਾਂਦੀ ਹੈ ।

(ਏ) ਇਸ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਜੀ ਕਿਉਂਕਿ ਖਾਦ ਦੀ ਲੋੜੀਂਦੀ ਮਾਤਰਾ ਸਟਾਕ ਵਿਚ ਹੈ ।

ਸੂਚੀ

ਭਿੰਨ ਭਿੰਨ ਫਸਲਾਂ ਲਈ ਵਰਤੀ ਜਾਣ ਵਾਲੀ ਰਸਾਇਣਿਕ ਖਾਦ ਦੀਆਂ ਕਿਸਮਾਂ ਅਤੇ ਉਨ੍ਹਾਂ ਦੀ ਅੰਦਾਜ਼ਨ ਲੋੜ

ਵੱਖ ਵੱਖ ਖਾਦਾਂ ਦੇ ਨਾਂ ਜੋ ਫਸਲਾਂ ਲਈ ਚਾਹੀਦੀਆਂ ਹਨ, ਹੇਠ ਦਿੱਤੇ ਜਾਂਦੇ ਹਨ:—

ਨਾਈਟਰੋਜਨ ਖਾਦਾਂ	1. ਯੂਰੀਆ 2. ਕੈਲਸ਼ੀਅਮ ਅਮੋਨੀਆ ਨਾਈਟਰੇਟ 3. ਅਮੋਨੀਅਮ ਸਲਫੇਟ
ਫੌਸਫੈਟਿਕ ਖਾਦਾਂ	1. ਸੁਪਰ ਫਾਸਫੇਟ 2. ਟਰੀਪਲ ਸੁਪਰਫਾਸਫੇਟ
ਪੋਟਾਸ਼ਿਕ ਖਾਦਾਂ	1. ਮਿਯੂਰੇਟ ਆਫ ਪੋਟਾਸ਼ 2. ਸਲਫੇਟ ਆਫ ਪੋਟਾਸ਼
ਕੰਮਪਾਊਂਡ ਖਾਦਾਂ ਤੇ ਮਿਕਸਚਰ	1. ਡਾਈ ਅਮੋਨੀਅਮ ਫਾਸਫੇਟ 2. ਅਮੋਨੀਅਮ ਨਾਈਟਰੇਟ 3. ਐਨ. ਪੀ. ਕੇ., ਮਿਕਸਚਰ

Original with;
Punjab Vidhan Sabha
Digitized by;
Panjab Digital Library

ਚਾਲੂ ਵਿਤੀ ਸਾਲ ਲਈ ਵੱਖ ਵੱਖ ਖਾਦਾਂ ਦੀ ਅਨੁਮਾਨਤ ਲੋੜ ਜੋ ਪਲੈਨਿੰਗ ਕਮਿਸ਼ਨ ਦੇ ਵਰਕਿੰਗ ਗਰੁੱਪ ਨੇ ਪਰਵਾਣਿਤ ਕੀਤੀ ਹੈ, ਹੇਠ ਲਿਖੇ ਪ੍ਰਕਾਰ ਹੈ:—

ਨਾਈਟਰੋਜਨਸ ਖਾਦਾਂ	.. 3.75 ਲੱਖ ਟਨ	ਤੱਤਾਂ ਵਿਚ
ਫਾਸਫੈਟਿਕ ਖਾਦਾਂ	.. 1.30 ਲੱਖ ਟਨ	
ਪੋਟਾਸ਼ਕ ਖਾਦਾਂ	.. 0.60 ਲੱਖ ਟਨ	

ਵੱਖ ਵੱਖ ਖਾਦਾਂ ਦੀ ਸਪਲਾਈ ਦਾ ਕੰਮ ਕੇਂਦਰੀ ਸਰਕਾਰ ਕਰਦੀ ਹੈ ।

ਸਰਦਾਰ ਪ੍ਰਹਿਲਾਦ ਸਿੰਘ : ਸਵਾਲ ਦੇ ਜਵਾਬ ਵਿਚ ਲਿਖਿਆ ਹੈ ਕਿ ਫਰਟੇਲਾਈਜ਼ਰ ਸਾਡੇ ਕੋਲ ਪੂਰਾ ਸਟੌਕ ਵਿਚ ਹੈ ਜਾਂ ਤਾਂ ਸਟਾਕ ਵਿਚ ਹੈ ਹੀ ਨਹੀਂ । ਮੈਂ ਪੁਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਫਰਟੇਲਾਈਜ਼ਰ ਕਿਸਾਨਾਂ ਨੂੰ ਦੇਣ ਵਾਸਤੇ ਕੀ ਪ੍ਰਬੰਧ ਕੀਤਾ ਹੈ ?

ਮੰਤਰੀ : ਜਿੰਨੇ ਫਰਟੇਲਾਈਜ਼ਰ ਦੀ ਲੋੜ ਹੈ, ਉਨ੍ਹਾਂ ਸਾਡੇ ਪਾਸ ਸਟਾਕ ਪਹੁੰਚਦਾ ਹੈ । ਤੇ ਜਿਨ੍ਹਾਂ ਨੂੰ ਲੋੜ ਹੈ, ਉਹ ਸਾਡੇ ਕੋਲੋਂ ਆ ਕੇ ਫਰਟੇਲਾਈਜ਼ਰ ਲੈ ਜਾਂਦੇ ਹਨ ।

ਕੈਪਟਨ ਰਤਨ ਸਿੰਘ : ਮੈਂ ਐਗਰੀਕਲਚਰ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੀ ਸ਼ਰਤ ਸੀ ਕਿ ਫਰਟੇਲਾਈਜ਼ਰ ਲੈਣ ਵਾਸਤੇ ਜਦ ਕੋਈ ਕਿਸਾਨ ਜਾਂਦਾ ਸੀ ਅਤੇ ਉਸ ਨੇ ਨਾਈਟਰੋਜਨ ਲੈਣੀ ਹੁੰਦੀ ਸੀ ਤਾਂ ਉਸ ਨੂੰ ਸੁਪਰ ਫਾਸਫੇਟ ਅਤੇ ਪੋਟਾਸ਼ ਵੀ ਲੈਣੀ ਪੈਂਦੀ ਸੀ, ਕੀ ਇਹ ਸ਼ਰਤ ਅਜੇ ਤਕ ਹੈ ਜਾਂ ਹਟਾ ਦਿਤੀ ਗਈ ਹੈ?

ਮੰਤਰੀ : ਜੀ ਹਾਂ, ਇਹ ਸ਼ਰਤ ਹਟਾ ਦਿਤੀ ਹੈ ।

ਚੌਧਰੀ ਰਾਮ ਸਿੰਘ : ਇਨ੍ਹਾਂ ਨੇ ਇਸੇ ਮਹੀਨੇ ਜਾਂ ਪਿਛਲੇ ਹਫਤੇ ਇਕ ਮੁਹਿੰਮ ਚਲਾਈ ਹੋਈ ਹੈ ਕਿ ਖਾਦ ਤੇਜ਼ੀ ਦੇ ਨਾਲ ਜ਼ਿਆਦਾ ਤੋਂ ਜ਼ਿਆਦਾ ਪਿੰਡਾਂ ਦੇ ਲੋਕਾਂ ਨੂੰ ਮਿਲਦੀ ਰਹੇ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੋਈ ਇਸ ਵਾਸਤੇ ਸਪੈਸ਼ਲ ਤਰੀਕਾਕਾਰ ਸੋਚ ਸਮਝ ਕੇ ਬਣਾਇਆ ਹੈ ਜਿਸ ਨਾਲ ਪਿੰਡਾਂ ਦੇ ਲੋਕਾਂ ਨੂੰ ਤੇਜ਼ੀ ਨਾਲ ਖਾਦ ਮਿਲਦੀ ਰਹੇ ?

ਮੰਤਰੀ : ਇਹ ਸਵਾਲ ਇਸ ਵਿਚੋਂ ਪੈਦਾ ਹੀ ਨਹੀਂ ਹੁੰਦਾ ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਇਨ੍ਹਾਂ ਨੇ ਕਿਹਾ ਹੈ ਕਿ ਸਾਡੇ ਕੋਲ ਸਟਾਕ ਬਹੁਤ ਜ਼ਿਆਦਾ ਹੈ ਲੇਕਿਨ ਲੋਕ ਸ਼ਹਿਰਾਂ ਵਿਚ ਫਿਰਦੇ ਰਹਿੰਦੇ ਹਨ , ਨਾ ਕਿਸੇ ਪ੍ਰਾਈਵੇਟ ਅਜੈਂਸੀ ਦੇ ਡੀਲਰਾਂ ਕੋਲ ਨਾ ਕਿਸੇ ਗਵਰਨਮੈਂਟ ਅਜੈਂਸੀ ਕੋਲ ਰੇਹ ਮਿਲਦੀ ਹੈ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਉਹ ਕਿਹੜੀਆਂ ਕਿਹੜੀਆਂ ਅਜੈਂਸੀਆਂ ਹਨ ਜਿਥੋਂ ਖਾਦ ਮਿਲਦੀ ਹੈ ?

ਮੰਤਰੀ : ਇਕ ਮਾਰਕਫੈਡ ਦੀ ਮਾਰਫਤ ਮਿਲਦੀ ਹੈ, ਜਿਸ ਦੀ ਵੰਡ ਪਿੰਡਾਂ ਦੀਆਂ ਕੋ–ਆਪਰੇਟਿਵ ਸੋਸਾਇਟੀਆਂ ਕੋਲ ਹੈ ਅਤੇ ਦੂਜੀ ਐਗਰੋ ਇੰਡਸਟਰੀਜ਼ ਦੀ ਅਜੈਂਸੀ ਹੈ, ਉਥੇ ਖਾਦ ਮਿਲਦੀ ਹੈ ਅਤੇ ਤੀਜੇ ਪ੍ਰਾਈਵੇਟ ਡੀਲਰ ਹਨ, ਉਨ੍ਹਾਂ ਨੂੰ ਖਾਦ ਸਿਧੀ ਫੈਕਟਰੀ ਵਾਲੇ ਭੇਜਦੇ ਹਨ, ਉਹ ਵੀ ਵੇਚਦੇ ਹਨ, ਉਥੇ ਵੀ ਮਿਲ ਸਕਦੀ ਹੈ । ਜੇ ਕਿਸੇ ਅਜੈਂਸੀ ਵਿਚ ਜਾਂ ਕਿਸੇ ਜਗ੍ਹਾ ਖਾਦ ਨਹੀਂ ਮਿਲਦੀ ਤਾਂ ਇਹ ਗੱਲ ਮੇਰੇ ਨੋਟਿਸ ਵਿਚ ਲਿਆਓ, ਮੈਂ ਇੰਤਜ਼ਾਮ ਕਰ ਦੇਵਾਂਗਾ ।

Original with;
Punjab Vidhan Sabha
Digitized by;
Panjab Digital Library

ਸਰਦਾਰ ਪਰਕਾਸ਼ ਸਿੰਘ ਬਾਦਲ : ਖਾਦ ਦਾ ਭਾ ਵਧਣ ਦੇ ਬਾਵਜੂਦ ਵੀ ਇਸ ਦੀ ਬਲੈਕ ਹੋ ਰਹੀ ਹੈ। ਕੀ ਇਹ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਹੈ ਅਤੇ ਕੀ ਇਸ ਬਾਰੇ ਕੋਈ ਯਤਨ ਕਰਨਗੇ?

ਮੰਤਰੀ : ਜਦੋਂ ਤੋਂ ਭਾਅ ਵਧਿਆ ਹੈ, ਉਸ ਤੋਂ ਬਾਅਦ ਬਲੈਕ ਕਿਤੇ ਵੀ ਨੋਟਿਸ ਵਿਚ ਨਹੀਂ ਆਈ। ਜੇ ਕਿਤੇ ਬਲੈਕ ਹੁੰਦੀ ਹੈ ਤਾਂ ਮੈਨੂੰ ਦਸੋ।

चौधरी कांशी राम : स्पीकर साहिब, मनिस्टर साहिब कहते हैं कि हमारे पास खाद बहुत है, और अब जो एजैन्सी मार्कफैड बनाई गई है वह को-आप्रेटिव डिपार्टमैंट के मातहत है। दूसरे जो मार्कफैड से सोसाइटीज़ को खाद मिलती है, उस बारे में किसी सोसाइटी के बाईलाज़ में यह नहीं लिखा हुआ कि सिर्फ खेती करने वाला इस का मैंबर बन सकता है, इस का मज़दूर भी मैंबर है और दूसरे लोग भी मैंबर हैं। लेकिन हकीकत यह है कि यह कोआप्रेटिव सोसाइटीज़ फैक्शन रिडन हैं और किसी एक गरुप का कबज़ा होता है।

ਸ਼੍ਰੀ ਸਪੀਕਰ : ਸਵਾਲ ਕਰੋ ਜੀ (The hon. Member may please put a specific question)

चौधरी कांशी राम: कोई खेती करता है या नहीं, कम करता है या ज्यादा, खाद उसी को मिलती है, जिस ग्रुप का सोसाइटी पर कबज़ा हो और दूसरे सैक्शन को, जो बाकई खेती करता है वह इस सहूलियत से डिबार हो जाता है। क्या सरकार कोआप्रेटिव ऐक्ट में यह अमैंडमैंट करने को तैयार है कि हर खेती करने वाला आदमी इस सोसायटी का मैंबर होगा और कोआप्रेटिव डिपार्टमैंट की यह रिस्पांसिबिल्टी होगी कि उस को खाद मिले ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਬੜਾ ਚੰਗਾ ਸਵਾਲ ਕੀਤਾ ਹੈ। ਜਿਥੇ ਜਿਥੇ ਕੋ-ਆਪਰੇਟਿਵ ਸੋਸਾਇਟੀਆਂ ਪਿੰਡਾਂ ਵਿਚ ਖੁਲ੍ਹੀਆਂ ਹੋਈਆਂ ਹਨ, ਉਥੇ ਕਿਸੇ ਨੂੰ ਐਗਰੀਕਲਚਰ ਵਾਸਤੇ ਖਾਦ ਦੀ ਮਨਾਹੀ ਨਹੀਂ ਹੈ ਜੇ ਉਹ ਕੋ-ਆਪਰੇਟਿਵ ਦਾ ਮੈਂਬਰ ਨਹੀਂ ਹੈ। ਜੇ ਕਿਤੇ ਕਿਸੇ ਨੂੰ ਖਾਦ ਰਿਫਿਊਜ਼ ਕੀਤੀ ਗਈ ਹੈ ਤਾਂ ਇਹ ਮੇਰੇ ਨੋਟਿਸ ਵਿਚ ਲਿਆਉਣ, ਜ਼ਰੂਰ ਖਾਦ ਮਿਲੇਗੀ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਦੋ ਸਵਾਲ ਪੁੱਛਣਾ ਚਾਹੁੰਦਾ ਹਾਂ। ਕਹੋ ਤਾਂ ਇਕਠੇ ਹੀ ਪੁਛ ਲੈਂਦਾ ਹਾਂ ਜਾਂ ਅਲੱਹਿਦਾ ਅਲਹਿਦਾ ਪੁਛ ਲਵਾਂਗਾ।

ਸ਼੍ਰੀ ਸਪੀਕਰ : ਇਕੱਠੇ ਹੀ ਪੁਛ ਲਵੋ। (Please put both the questions simultaneously.)

ਸਰਦਾਰ ਜਸਵਿੰਦਰ ਸਿੰਘ ਬਰਾੜ : ਕਿਤੇ ਵਜ਼ੀਰ ਸਾਹਿਬ ਭੁਲ ਨਾ ਜਾਣ, ਇਸ ਕਰਕੇ ਮੈਂ ਕਹਿੰਦਾ ਸੀ। ਸਪੀਕਰ ਸਾਹਿਬ, ਖਾਦ 3 ਕਿਸਮ ਦੀ ਹੈ, ਇਕ ਡੀ.ਏ.ਪੀ. ਇਕ ਨਾਇਟਰੋਜਨ ਅਤੇ ਇਕ ਫਾਸਫੇਟ। ਜਦੋਂ ਬਿਜਾਈ ਹੁੰਦੀ ਹੈ ਤਾਂ ਉਦੋਂ ਡੀ.ਏ.ਪੀ. ਤੇ ਫਾਸਫੇਟ ਦੀ ਲੋੜ ਹੁੰਦੀ ਹੈ।

ਸ਼੍ਰੀ ਸਪੀਕਰ : ਇਹ ਤਾਂ ਸਾਰਿਆਂ ਨੂੰ ਪਤਾ ਹੈ, ਤੁਸੀਂ ਸਵਾਲ ਕਰੋ। (Everybody knows it. Please put a specific question,)

Original with;
Punjab Vidhan Sabha
Digitized by;
Panjab Digital Library

ਸਰਦਾਰ ਜਸਵਿੰਦਰ ਸਿੰਘ ਬਰਾੜ: ਸਾਰਿਆਂ ਨੂੰ ਪਤਾ ਨਹੀਂ ਹੈ ਜੀ। ਜਦੋਂ ਕਣਕ ਜਾਂ ਨਰਮਾ ਬੀਜਣਾ ਹੁੰਦਾ ਹੈ ਤਾਂ ਡੀ.ਏ.ਪੀ. ਨਹੀਂ ਮਿਲਦੀ ਅਤੇ ਜਿਸ ਵੇਲੇ ਫੁੱਲ ਵਗੈਰਾ ਪੈਂਦਾ ਹੈ ਤਾਂ ਉਸ ਵੇਲੇ ਯੂਰੀਆ ਤੇ ਨਾਈਟਰੋਜਨ ਜਿਹੜੀ ਖਾਦ ਹੈ, ਉਹ ਨਹੀਂ ਮਿਲਦੀ। ਇਸ ਕਰਕੇ ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਉਹ ਇਸ ਗੱਲ ਦਾ ਪ੍ਰਬੰਧ ਕਰਨਗੇ ਕਿ ਜਦੋਂ ਕਿਸੇ ਖਾਦ ਦੀ ਲੋੜ ਹੋਵੇ, ਉਦੋਂ ਉਹ ਕਿਸਾਨਾਂ ਨੂੰ ਜ਼ਰੂਰ ਮਿਲਣੀ ਚਾਹੀਦੀ ਹੈ। ਦੂਜੀ ਗਲ ਮੈਂ ਇਹ ਕਰਨਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਚੌਧਰੀ ਕਾਂਸ਼ੀ ਰਾਮ ਜੀ ਨੇ ਕਿਹਾ ਕਿ ਕੋਆਪਰੇਟਿਵ ਸੋਸਾਇਟੀਆਂ ਵਿਚ ਕਈ ਵਾਰ ਅਜਿਹਾ ਹੁੰਦਾ ਹੈ ਕਿ ਜਿਨ੍ਹਾਂ ਨੂੰ ਰੇਹ ਦੀ ਲੋੜ ਨਹੀਂ ਹੁੰਦੀ ਉਹ ਰੇਹ ਲੈ ਜਾਂਦੇ ਹਨ। ਇਸ ਦੀ ਵੰਡ ਮਾਰਕਫੈਡ ਦੇ ਸਟੋਰਜ਼ ਰਾਹੀਂ ਹੁੰਦੀ ਹੈ। ਇਸ ਦੀ ਵੰਡ ਇਸ ਤਰ੍ਹਾਂ ਹੋਣੀ ਚਾਹੀਦੀ ਹੈ ਕਿ ਇਹ ਖਾਦ ਕੋਆਪਰੇਟਿਵ ਸੋਸਾਇਟੀਆਂ ਕੋਲ ਮਾਰਕਫੈਡ ਤੋਂ ਇਸ ਤਰੀਕੇ ਨਾਲ ਆਉਣੀ ਚਾਹੀਦੀ ਹੈ ਕਿ ਲੋੜਵੰਦ ਕਿਸਾਨਾਂ ਨੂੰ ਖਾਦ ਮਿਲ ਸਕੇ ਅਤੇ ਜਿਨ੍ਹਾਂ ਨੂੰ ਲੋੜ ਨਹੀਂ, ਉਨ੍ਹਾਂ ਨੂੰ ਨਾ ਮਿਲ ਸਕੇ ?

ਮੰਤਰੀ : ਇਨ੍ਹਾਂ ਦਾ ਸਵਾਲ ਵਾਜਿਬ ਹੈ। ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਜਿਹੜੀ ਖਾਦ ਦੀ ਬਿਜਾਈ ਵੇਲੇ ਲੋੜ ਹੋਵੇ, ਉਹੀ ਖਾਦ ਦਿਤੀ ਜਾਵੇ, ਪਰ ਜਦੋਂ ਇਨ੍ਹਾਂ ਖਾਦਾਂ ਦੀ ਥੁੜ ਹੁੰਦੀ ਹੈ ਤਾਂ ਇਸ ਕਰਕੇ ਨਹੀਂ ਦੇ ਸਕਦੇ। ਸਾਡੇ ਪਾਸ ਖਾਦ ਕਾਫੀ ਹੈ ਅਤੇ ਅਸੀਂ ਕੋਸ਼ਿਸ਼ ਕਰਾਂਗੇ ਕਿ ਜਿਸ ਜਿਸ ਖਾਦ ਦੀ ਜਿਸ ਵੇਲੇ ਕਿਸਾਨਾਂ ਨੂੰ ਲੋੜ ਹੋਵੇਗੀ ਉਹੀ ਦਿਤੀ ਜਾਵੇ।

ਜਿਹੜੀ ਇਨ੍ਹਾਂ ਨੇ ਦੂਜੀ ਗੱਲ ਕੀਤੀ ਹੈ ਕਿ ਕੋਆਪਰੇਟਿਵ ਸੋਸਾਇਟੀਜ਼ ਵਿਚ ਗੈਰ-ਜ਼ਿਮੀਂਦਾਰ ਵੀ ਮੈਂਬਰ ਬਣੇ ਹੋਏ ਹਨ ਅਤੇ ਉਹ ਖਾਦ ਲੈ ਕੇ ਬਲੈਕ ਵਿਚ ਵੇਚਦੇ ਹਨ। ਸਪੀਕਰ ਸਾਹਿਬ, ਇਹ ਗੱਲ ਠੀਕ ਹੈ ਕਿ ਇਨ੍ਹਾਂ ਕੋਆਪਰੇਟਿਵ ਸੋਸਾਇਟੀਜ਼ ਵਿਚ ਜ਼ਿਮੀਂਦਾਰ ਵੀ ਮੈਂਬਰ ਹਨ ਅਤੇ ਗੈਰ ਜ਼ਿਮੀਦਾਰ ਵੀ ਮੈਂਬਰ ਹਨ ਪਰ ਮੇਰੇ ਨੋਟਿਸ ਵਿਚ ਇਹ ਗਲ ਕਦੇ ਨਹੀਂ ਆਈ ਕਿ ਕਿਸੇ ਕੋਆਪਰੇਟਿਵ ਸੁਸਾਇਟੀ ਨੇ ਕਿਸੇ ਗੈਰ ਜ਼ਿਮੀਂਦਾਰ ਨੂੰ ਖਾਦ ਦਿਤੀ ਹੋਵੇ ਜਿਸਨੇ ਅਗੋਂ ਬਲੈਕ ਵਿਚ ਜਾਂ ਮਹਿੰਗੀ ਕਰਕੇ ਵੇਚੀ ਹੋਵੇ।(ਸ਼ੋਰ) ਹਾਂ ਇਹ ਹੋ ਸਕਦਾ ਹੈ ਕਿ ਬਰਾੜ ਸਾਹਿਬ ਨੂੰ ਕੁਝ ਖਾਦ ਮਿਲੀ ਹੋਵੇ ਤਾਂ ਉਨ੍ਹਾਂ ਨੇ ਆਪਣੇ ਕਿਸੇ ਨਜ਼ਦੀਕੀ ਰਿਸ਼ਤੇਦਾਰ ਨੂੰ ਉਹ ਖਾਦ ਦੇ ਦਿਤੀ ਹੋਵੇ ਪਰ ਅਜਿਹੀ ਬਲੈਕ ਦਾ ਕੰਮ ਕਿਥੇ ਨਹੀਂ ਹੋਇਆ। ਜੇ ਹੋਇਆ ਹੈ ਤਾਂ ਇਹ ਮੇਰੇ ਨੋਟਿਸ ਵਿਚ ਲਿਆਉਣ।

ਕੈਪਟਨ ਰਤਨ ਸਿੰਘ : ਕੀ ਵਜ਼ੀਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਜਿਹੜੀ ਖਾਦ ਪ੍ਰਾਈਵੇਟ ਡੀਲਰਜ਼ ਨੂੰ ਦਿਤੀ ਗਈ ਹੈ ਉਨ੍ਹਾਂ ਨੇ ਉਸ ਵਿਚ ਮਿਲਾਵਟ ਕਰਕੇ ਅਤੇ ਉਸ ਨੂੰ ਮਹਿੰਗੇ ਭਾਵ ਤੇ ਵੇਚਿਆ। ਕੀ ਐਗਰੀਕਲਚਰ ਮਨਿਸਟਰ ਸਾਹਿਬ ਇਸ ਨੂੰ ਰੋਕਣ ਲਈ ਹਾਊਸ ਨੂੰ ਵਿਸ਼ਵਾਸ ਦਿਵਾਉਣਗੇ ਕਿ ਇਹ ਸੈਂਟਰ ਦੇ ਮਨਿਸਟਰਾਂ ਨਾਲ ਮਿਲਕੇ ਇਸ ਤਰ੍ਹਾਂ ਕਰਨਗੇ ਕਿ ਇਨ੍ਹਾਂ ਪ੍ਰਾਈਵੇਟ ਅਜੈਂਸੀਆਂ ਨੂੰ ਬਿਲਕੁਲ ਫਰਟੇਲਾਈਜ਼ਰ ਨਾ ਦਿਤੀ ਜਾਵੇ?

ਮੰਤਰੀ : ਸਪੀਕਰ ਸਾਹਿਬ, ਇਹ ਕੈਪਟਨ ਸਾਹਿਬ ਦੀ ਗੱਲ ਬਿਲਕੁਲ ਠੀਕ ਹੈ ਕਿ ਜਿਹੜੇ ਪ੍ਰਾਈਵੇਟ ਟਰੇਡਰਜ਼ ਹਨ ਉਹ ਖਾਦ ਵਿਚ ਮਿਲਾਵਟ ਵੀ ਕਰ ਦਿੰਦੇ ਹਨ ਅਤੇ ਮਹਿੰਗੇ ਭਾਅ ਤੇ ਵੀ ਵੇਚਦੇ ਹਨ। ਅਸੀਂ ਇਸ ਬਾਰੇ ਕੋਸ਼ਿਸ਼ ਕਰ ਰਹੇ ਹਾਂ। ਪਿਛੇ ਮੈਂ ਅਤੇ ਚੀਫ ਮਨਿਸਟਰ ਸਾਹਿਬ ਨੇ ਸੈਂਟਰ ਵਿਚ ਐਗਰੀਕਲਚਰ ਦੀ ਜਿਹੜੀ ਮੀਟਿੰਗ ਹੋਈ ਸੀ ਉਸ ਵਿਚ ਵੀ ਅਸੀਂ ਬੜੇ ਜ਼ੋਰ ਨਾਲ ਕਿਹਾ ਸੀ ਕਿ ਜਿਹੜੇ ਪ੍ਰਾਈਵੇਟ ਡੀਲਰਜ਼ ਹਨ ਇਹ ਬਿਲਕੁਲ ਬੰਦ ਕਰ ਦੇਣੇ ਚਾਹੀਦੇ ਹਨ। ਸਾਰੀ ਦੀ ਸਾਰੀ ਖਾਦ ਸਰਕਾਰ ਆਪ ਜ਼ਿੰਮੇਵਾਰੀ ਨਾਲ ਵੰਡੇ ਅਤੇ ਜੇ ਇਸ ਵਿਚ ਕੋਈ ਕਰਮਚਾਰੀ ਗਲਤ ਕੰਮ ਕਰਦਾ ਫੜਿਆ ਜਾਵੇ ਤਾਂ ਉਸ ਨੂੰ ਸਜ਼ਾ ਵੀ ਦਿੱਤੀ ਜਾਵੇ ਅਤੇ ਜਿਹੜੇ ਪ੍ਰਾਈਵੇਟ ਟਰੇਡਰਜ਼ ਖਾਦ ਰਖਦੇ ਹਨ ਉਨ੍ਹਾਂ ਦੇ ਲਾਇਸੈਂਸ ਜ਼ਬਤ ਕਰ ਲੈਣ ਚਾਹੀਦੇ ਹਨ। ਪੰਜਾਬ ਸਰਕਾਰ ਤਾਂ ਸਿਰਫ ਇਤਨਾ ਹੀ ਕਰ ਸਕਦੀ ਹੈ। ਕਿਉਂਕਿ ਇਹ ਪ੍ਰਾਈਵੇਟ ਏਜੰਸੀਆਂ ਡਾਇਰੈਕਟ ਫੈਕਟਰੀਆਂ ਤੋਂ ਹੀ ਖਾਦ ਲੈਂਦੀਆਂ ਹਨ, ਇੰਸ ਵਿਚ ਕੋਈ ਪੰਜਾਬ ਸਰਕਾਰ ਦੀ ਰਿਕਮੈਂਡੇਸ਼ਨ ਨਹੀਂ ਹੁੰਦੀ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਅਰਜਨ ਸਿੰਘ ਮਸਤਾਨਾ : ਸਪੀਕਰ ਸਾਹਿਬ, ਜਿਸ ਤਰ੍ਹਾਂ ਕਿ ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਫਾਸਫੇਟ ਅਤੇ ਨਾਈਟਰੋਜਨ ਖਾਦ ਦੀ ਕੋਈ ਕਮੀ ਨਹੀਂ ਹੈ ਅਤੇ ਹਰ ਕਿਸਾਨ ਨੂੰ ਮਿਲ ਗਈ ਹੈ । ਪਰ ਮੈਂ ਕਹਿੰਦਾ ਹਾਂ ਕਿ ਮੇਰੇ ਇਲਾਕੇ ਵਿਚ ਤਾਂ ਇਹ ਹੁਣ ਤਕ ਨਹੀਂ ਪਹੁੰਚੀ, ਕੀ ਸਰਕਾਰ ਇਸ ਖਾਦ ਨੂੰ ਉਨ੍ਹਾਂ ਤਕ ਪਹੁੰਚਾਉਣ ਦਾ ਪ੍ਰਬੰਧ ਕਰੇਗੀ? ਸਪੀਕਰ ਸਾਹਿਬ, ਮੈਂ ਦਸਦਾ ਹਾਂ ਕਿ ਐਗਰੋ-ਇੰਡਸਟਰੀਜ਼ ਵਿਚ ਜਿਤਨੀ ਕੁਰਪਸ਼ਨ ਹੋਈ ਹੈ ਉਸ ਦੀ ਕੋਈ ਹਦ ਨਹੀਂ ਹੈ। ਉਥੇ 3 ਕਰਮਚਾਰੀ ਸਸਪੈਂਡ ਵੀ ਕੀਤੇ ਗਏ ਹਨ । ਕੀ ਮਨਿਸਟਰ ਸਾਹਿਬ ਕੋਈ ਅਜਿਹੀ ਪਾਬੰਦੀ ਲਗਾ ਦੇਣਗੇ ਜਿਸ ਨਾਲ ਕਿ ਕਿਸੇ ਨੂੰ ਵੀ 5 ਜਾਂ 10 ਬੋਰੀਆਂ ਤੋਂ ਵੱਧ ਖਾਦ ਨਾ ਮਿਲ ਸਕੇ ?

ਸ਼੍ਰੀ ਸਪੀਕਰ : ਤੁਸੀਂ ਬੈਠੋ। ਇਤਨੀ ਲੰਬੀ ਸਪੀਚ ਨਾ ਕਰੋ । (Please resume your seat. Do not make a long speech.)

ਮੰਤਰੀ : ਜਿਥੇ ਨਹੀਂ ਪਹੁੰਚੀ ਉਥੇ ਵੀ ਪਹੁੰਚਾ ਦਿਤੀ ਜਾਵੇਗੀ । ਬਾਕੀ ਜਿਥੋਂ ਤਕ ਪਾਬੰਦੀ ਦਾ ਸਵਾਲ ਹੈ ਇਹ ਵੀ ਲਗਾਈ ਜਾ ਸਕਦੀ ਹੈ । ਸਪੀਕਰ ਸਾਹਿਬ, ਮੈਂ ਦਸਦਾ ਹਾਂ ਕਿ ਪਹਿਲਾਂ ਪਟਿਆਲੇ ਜ਼ਿਲ੍ਹੇ ਵਿਚ 15 ਬੋਰੀਆਂ ਦੀ ਇਜਾਜ਼ਤ ਦਿਤੀ ਗਈ ਸੀ ਪਰ ਉਥੋਂ ਦੇ ਲੋਕਾਂ ਦੇ ਕਹਿਣ ਤੇ ਇਹ 5 ਬੋਰੀਆਂ ਕਰ ਦਿਤੀ ਗਈ ਸੀ । ਪਰ ਹੁਣ ਤਾਂ ਖਾਦ ਦੇ ਭਾਅ ਮਹਿੰਗੇ ਹੋ ਗਏ ਹਨ ਅਤੇ ਖਾਦ ਦਾ ਸਟਾਕ ਵੀ ਕਾਫੀ ਹੈ ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਖਾਦ ਵੀ ਆਮ ਹੈ ਪਰ ਮੈਂ ਇਕ ਸਪੈਸਫਿਕ ਤਹਿਸੀਲ ਮਾਨਸਾ ਦੀ ਗੱਲ ਦਸਦਾ ਹਾਂ ਕਿ ਉਥੇ ਕਿਸਾਨਾਂ ਨੂੰ ਖਾਦ ਨਹੀਂ ਮਿਲੀ, ਉਥੇ ਦੇ ਕਿਸਾਨ ਕੋਆਪਰੇਟਿਵ ਸੁਸਾਇਟੀਜ਼ ਤੋਂ ਕਰਜ਼ਾ ਲਏ ਬਗੈਰ ਖਾਦ ਲੈ ਨਹੀਂ ਸਕਦੇ ਪਰ ਉਥੇ ਤਾਂ ਖਾਦ ਮਿਲੀ ਹੀ ਨਹੀਂ । ਕੀ ਵਜ਼ੀਰ ਸਾਹਿਬ ਉਥੇ ਖਾਦ ਪਹੁੰਚਾਉਣ ਦੀ ਕੋਸ਼ਿਸ਼ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਹ ਚੀਜ਼ ਮੇਰੇ ਨੋਟਿਸ ਵਿਚ ਪਹਿਲੇ ਵੀ ਹੈ । ਜਿਥੇ ਕੋਆਪਰੇਟਿਵ ਸੋਸਾਇਟੀਜ਼ ਡੀਫਾਲਟਰਜ਼ ਹਨ ਉਥੇ ਇਹ ਖਾਦ ਨਹੀਂ ਦਿਤੀ ਗਈ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਉਥੇ ਦੇ ਕਿਸਾਨਾਂ ਨੂੰ ਐਗਰੋ-ਇੰਡਸਟਰੀਜ਼ ਦੇ ਰਾਹੀਂ ਖਾਦ ਪਹੁੰਚਾਈ ਜਾਵੇ ।

ਸ਼੍ਰੀ ਕੇਸ਼ੋ ਰਾਮ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਹਾ ਹੈ ਕਿ 3 ਏਜੰਸੀਆਂ ਕੰਮ ਕਰਦੀਆਂ ਹਨ, ਐਗਰੋ-ਇੰਡਸਟਰੀਜ਼, ਕੋਆਪਰੇਟਿਵ ਸੋਸਾਇਟੀਜ਼, ਅਤੇ ਮਾਰਕਫੈਡ । ਕੀ ਸਰਕਾਰ ਇਨ੍ਹਾਂ ਏਜੰਸੀਆਂ ਨੂੰ ਇਹ ਹਦਾਇਤ ਕਰੇਗੀ ਕਿ ਕਿਸੇ ਵੀ ਆਦਮੀ ਨੂੰ 5 ਜਾਂ 10 ਬੋਰੀਆਂ ਤੋਂ ਵਧ ਖਾਦ ਨਾ ਦਿਤੀ ਜਾਵੇ ਤਾਂ ਕਿ ਜਿਹੜੇ ਧਨੀ ਕਿਸਾਨ ਹਨ ਉਹ ਖਾਦ ਦਾ ਸਟਾਕ ਨਾ ਕਰ ਸਕਣ ਅਤੇ ਜਿਨ੍ਹਾਂ ਨੇ ਸਟਾਕ ਕੀਤੇ ਹਨ ਉਨ੍ਹਾਂ ਤੋਂ ਸਟਾਕ ਖਾਲੀ ਕਰਵਾਉਣ ਦੀ ਕੋਸ਼ਿਸ਼ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਦਸਿਆ ਹੈ ਕਿ ਉਦੋਂ ਤਾਂ ਪਾਬੰਦੀ ਦੀ ਲੋੜ ਸੀ ਜਦੋਂ ਕਿ ਖਾਦ ਦੇ ਭਾਅ ਪੁਰਾਣੇ ਸੀ ਅਤੇ ਨਵੇਂ ਭਾਅ ਲਾਗੂ ਹੋਣੇ ਸੀ ਅਤੇ ਉਸ ਵੇਲੇ ਲੋਕ ਖਾਦ ਦਾ ਸਟਾਕ ਇਕਠਾ ਕਰ ਰਹੇ ਸਨ ਹੁਣ ਜਦ ਕਿ ਖਾਦ ਦੇ ਭਾਅ ਵੈਸੇ ਹੀ ਮਹਿੰਗੇ ਹੋ ਗਏ ਹਨ ਹੁਣ ਤਾਂ ਕਿਸਾਨ ਖਾਦ ਲੈਣ ਲਈ ਵੀ ਤਿਆਰ ਨਹੀਂ ਹੈ ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਮਹਿਤਾਬ ਸਿੰਘ ਨੋਕੇਰੀਆਂ : ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਖਾਦ ਦੇ ਭਾਅ ਮਹਿੰਗੇ ਹੋ ਗਏ ਹਨ ਪਰ ਹੁਣ ਬਲੈਕ ਦੀ ਕੋਈ ਗਲ ਨਹੀਂ ਰਹੀ । ਪਰ ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਜਲਾਲਾਬਾਦ ਵਿਚ ਹੁਣ ਵੀ 150 ਰੁਪਏ ਤਕ ਖਾਦ ਵਿਕ ਰਹੀ ਹੈ ਜਦ ਕਿ ਇਸ ਦਾ ਭਾਅ 103 ਮੁਕਰਰ ਹੋ ਚੁਕਾ ਹੈ । ਮੈ ਇਨ੍ਹਾਂ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ .....

ਸ਼੍ਰੀ ਸਪੀਕਰ : ਤੁਸੀਂ ਸਵਾਲ ਕਰੋ । ਤੁਸੀਂ ਤਾਂ ਡਿਸਕਸ਼ਨ ਕਰਨ ਲਗ ਪਏ ਹੋ । (Please put your question. You have started the discussion.)

ਕਾਮਰੇਡ ਮਹਿਤਾਬ ਸਿੰਘ ਨੋਕੇਰੀਆ : ਤੁਸੀਂ ਮੇਰੀ ਗੱਲ ਸੁਣ ਤਾਂ ਲਉ ।

ਸ਼੍ਰੀ ਸਪੀਕਰ : ਤੁਸੀਂ ਗੱਲ ਨਾ ਕਰੋ ਬੈਠ ਜਾਉ। ਡਿਸਅਲਾਉਡ ।(No remarks please. Please resume your seat. Disallowed.)

(ਕੁਝ ਮੈਂਬਰਜ਼ ਸਪਲੀਮੈਂਟਰੀ ਸਵਾਲ ਕਰਨ ਲਈ ਖੜੇ ਹੋਏ)

ਸ਼੍ਰੀ ਸਪੀਕਰ : ਮੈਂ ਆਨਰੇਬਲ ਮੈਂਬਰਜ਼ ਨੂੰ ਇਹ ਬੇਨਤੀ ਕਰਾਂਗਾ ਕਿ ਉਹ ਬਰੀਫ ਅਤੇ ਟੂ ਦੀ ਪੁਆਇੰਟ ਹੀ ਆਪਣੇ ਸਪਲੀਮੈਂਟਰੀਜ਼ ਕਰਨ । (I would request the hon. Members to put supplementary questions which are brief and to the point.)

ਸਰਦਾਰ ਪ੍ਰਹਿਲਾਦ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੰਦਾ ਹਾਂ ਕਿ ਕੀ ਉਨ੍ਹਾਂ ਨੇ ਉਨ੍ਹਾਂ ਬੰਦਿਆਂ ਨੂੰ ਵੀ ਖਾਦ ਦਿਤੀ ਹੈ ਜਿਹੜੇ ਡੀਫਾਲਟਰ ਸੋਸਾਇਟੀਜ਼ ਨੂੰ ਬੀਲਾਂਗ ਕਰਦੇ ਹਨ ? ਮੈਂ ਆਪਣੇ ਹਲਕੇ ਦੀ ਗੱਲ ਕਰਾਂ ਕਿ ਸਾਡੇ ਸਬ-ਡਿਵੀਜ਼ਨ ਦੇ ਵਿਚ ਕਿਸੇ ਨੂੰ ਕੋਈ ਖਾਦ ਨਹੀਂ ਮਿਲੀ ਕਿਉਂਕਿ ਸਾਡੀਆਂ ਸੋਸਾਇਟੀਆਂ ਦੇ ਵਿਚ ਐਸੇ ਬਾਈਲਾਜ਼ ਮੌਜੂਦ ਹਨ ਕਿ ਜੇ ਕੋਈ 66% ਲੋਨ ਵਾਪਸ ਨਾ ਕਰੇ ਤਾਂ ਉਸ ਨੂੰ ਖਾਦ ਨਹੀਂ ਦਿਤੀ ਜਾਂਦੀ । ਲੋਕਲ ਅਫਸਰਾਂ ਤੋਂ ਪ੍ਰੋਨੋਟਾਂ ਤੇ ਦਸਤਖਤ ਵੀ ਕਰਾਏ ਪਰ ਕਿਸੇ ਨੇ ਨਹੀਂ ਕੀਤੇ....

(ਕੋਈ ਜਵਾਬ ਨਹੀਂ ਦਿਤਾ ਗਿਆ।)

ਸਰਦਾਰ ਜਸਦੇਵ ਸਿੰਘ ਸੰਧੂ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਆਇਆ ਕਿਸਾਨ ਨੂੰ ਖਾਦ ਦੀ ਲੋੜ ਨਹੀਂ ਜਾਂ ਕਿਸਾਨ ਦੀ ਪਰਚੇਜ਼ਿੰਗ ਪਾਵਰ ਇਤਨੀ ਗਿਰ ਗਈ ਹੈ ਕਿ ਉਹ ਖਾਦ ਖਰੀਦ ਹੀ ਨਹੀਂ ਸਕਦਾ ।

ਮੰਤਰੀ : ਕਿਸਾਨ ਨੂੰ ਖਾਦ ਦੀ ਲੋੜ ਹੈ, ਕਿਸਾਨ ਲੋੜ ਅਨੁਸਾਰ ਖਾਦ ਦੀ ਖਰੀਦ ਵੀ ਕਰਦਾ ਹੈ । ਪਰ ਜਿਹੜੀ ਖਾਦ ਅਗੇ ਬਲੈਕ ਵਿਚ ਵਿਕਦੀ ਸੀ ਉਹ ਘਟ ਗਈ ਹੈ । ਅਗੇ ਡੀਲਰ ਖਰੀਦ ਕੇ ਬਲੈਕ ਵਿਚ ਵੇਚਦੇ ਸਨ ਪਰ ਹੁਣ ਸੈਮੀ ਗੌਰਮਿੰਟ ਅਦਾਰੇ ਇਸ ਨੂੰ ਡੀਲ ਕਰਦੇ ਹਨ । ਜਿਤਨੀ ਖਾਦ ਪਿਛਲੇ ਸਾਲ ਬਚੀ ਸੀ ਉਸ ਦੇ ਨਾਲੋਂ ਵੀ 10% ਵਧ ਐਤਕੀਂ ਖਾਦ ਦੀ ਖ਼ਪਤ ਹੋਈ ਹੈ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਪ੍ਰਤਾਪ ਚੰਦ ਭੰਡਾਰੀ : ਇਕ ਪਾਸੇ ਸਰਕਾਰ ਕਹਿੰਦੀ ਹੈ ਕਿ ਖਾਦ ਆਮ ਹੈ, ਪਰ ਅਸਲ ਹਾਲਤ ਇਹ ਹੈ ਕਿ ਲੋਕਾਂ ਨੂੰ ਖਾਦ ਅਸਲ ਕੀਮਤ ਤੋਂ ਕਿਤੋਂ ਨਹੀਂ ਮਿਲਦੀ ਬਲਕਿ ਇਹ ਪ੍ਰਾਈਵੇਟ ਏਜੰਸੀਆਂ ਤੋਂ ਮਿਲਦੀ ਹੈ, ਜਿਹੜੀ ਕਿ ਬਲੈਕ ਦੇ ਵਿਚ ਹੀ ਮਿਲਦੀ ਹੈ । ਕੀ ਵਜ਼ੀਰ ਸਾਹਿਬ ਦਸਣਗੇ ਕ ਇਹ ਕਿਥੋਂ ਤਕ ਦਰੁਸਤ ਹੈ ?

ਮੰਤਰੀ : ਪਹਿਲਾਂ ਪ੍ਰਾਈਵੇਟ ਏਜੰਸੀਆਂ ਵਾਲੇ ਬਲੈਕ ਦੇ ਵਿਚ ਵੇਚਦੇ ਸਨ, ਪਰ ਹਣ ਅਸੀਂ ਸੈਮੀ ਸਰਕਾਰੀ ਏਜੰਸੀਆਂ ਰਾਹੀਂ ਇਹ ਸਪਲਾਈ ਸ਼ੁਰੂ ਕੀਤੀ ਹੋਈ ਹੈ । ਖਾਦ ਦੀ ਕੀਮਤ ਵਧ ਜਾਣ ਕਰਕੇ ਜ਼ਰੂਰਤ ਵਾਲੇ ਹੀ ਖਾਦ ਲੈਂਦੇ ਹਨ, ਪ੍ਰਾਈਵੇਟ ਏਜੰਸੀਆਂ ਹੁਣ ਨਾ ਬਲੈਕ ਕਰ ਸਕਦੀਆ ਨਾ ਉਨ੍ਹਾਂ ਨੂੰ ਮਿਲਦੀ ਹੈ । ਜੇ ਕੋਈ ਐਸਾ ਸਪੈਸਫਿਕ ਕੇਸ ਸਾਡੇ ਨੋਟਿਸ ਦੇ ਵਿਚ ਆਇਆ ਤਾਂ ਅਸੀਂ ਉਸ ਦਾ ਲਾਈਸੈਂਸ ਕੈਂਸਲ ਕਰ ਦੇਵਾਂਗੇ, ਜੋ ਵੀ ਐਕਸ਼ਨ ਅਸੀਂ ਲੈ ਸਕਦੇ ਹੋਏ ਅਸੀਂ ਲਵਾਂਗੇ ।

चौधरी कांशी राम : वज़ीर साहिब नें यह बात कही है कि अगर कोई खाद की बलैक करता हुआ पकड़ा जायेगा तो मैं उसका लाईसैंस कैंसल कर दूंगा । यहां पर यह भी कहा गया कि 20% प्राइवेट एजैंसियाँ और 80% गवर्नमैंट के अदारे हैं जैसे ऐग्रोइंडस्टरीज़ और मार्कफैड वगैरह । मगर यहां पर सरदार लछमन सिंह ने अपने इलाके की एक बात बताई कि मार्कफैड वाले ऐडवांस पैसे ले लेते है खाद नहीं देते । आठ आदमियों के केसिज़ भी कोट किये । यह डिफाल्टर को खाद नहीं देते (शोर) मैं कोई अंगरेज़ी नहीं बोल रहा सवाल ही कर रहा हूं । मास्टर जी ने कहा कि खाद आम मिलती है..... (शोर)

ਸ਼੍ਰੀ ਸਪੀਕਰ : ਸਵਾਲ ਪੁਛੋ । (Please put a specific supplementary question.)

ਕਾਮਰੇਡ ਅੱਛਰਾ ਸਿੰਘ : ਵਜ਼ੀਰ ਸਾਹਿਬ ਨੇ ਫਰਮਾਇਆ ਹੈ ਕਿ ਖਾਦ ਹੁਣ ਬਲੈਕ ਨਹੀਂ ਹੁੰਦੀ ਮੈਂ ਉਨ੍ਹਾਂ ਦੇ ਬਿਆਨ ਅਨੁਸਾਰ ਪੁਛਣਾ ਚਾਹੁੰਦਾ ਕਿ ਐਗਰੋ ਇੰਡਸਟਰੀਜ਼ ਦੇ ਜਿਹੜੇ ਥੈਲੇ ਪਿਛੇ ਜਿਹੇ ਫੜੇ ਗਏ ਸੀ ਕੀ ਸਰਕਾਰ ਉਸ ਦੀ ਇਨਕੁਆਇਰੀ ਕਰਨ ਦੇ ਵਾਸਤੇ ਤਿਆਰ ਹੈ? ਮੇਰਾ ਦੂਸਰਾ ਸਵਾਲ ਇਹ ਹੈ ਕਿ ਜਿਹੜੇ ਗਰੀਬ ਮੁਜ਼ਾਰੇ ਹਨ ਜਾਂ ਖੇਤ ਮਜ਼ਦੂਰ ਹਨ ਉਨ੍ਹਾਂ ਨੂੰ ਖਾਦ ਹਾਸਲ ਕਰਨ ਦੇ ਕੋਈ ਕਾਰਡ ਨਹੀਂ ਦਿਤੇ ਹੋਏ । ਕੀ ਸਰਕਾਰ ਉਨ੍ਹਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਤਿਆਰ ਹੈ ?

ਮੰਤਰੀ: ਜਿਥੋਂ ਤਕ ਐਗਰੋ ਇੰਡਸਟਰੀਜ਼ ਦੀ ਗੱਲ ਕਹੀ ਹੈ ਅਸੀਂ ਬਹੁਤ ਸਾਰੇ ਮੁਲਾਜ਼ਮਾਂ ਦੇ ਖਿਲਾਫ ਐਕਸ਼ਨ ਵੀ ਲਿਆ ਹੈ, ਉਹ ਸਪੈਸਫਿਕ ਕੇਸ ਦਸਣ ਤਾਂ ਪਤਾ ਕੀਤਾ ਜਾ ਸਕਦਾ ਹੈ, ਕਈ ਕਰਮਾਚਾਰੀ ਖਾਦ ਦੀ ਡਿਸਟ੍ਰੀਬਿਉਸ਼ਨ ਠੀਕ ਨਾ ਕਰਨ ਦੇ ਸਬੰਧ ਵਿਚ ਸਸਪੈਂਡ ਵੀ ਹਨ । ਜਿਥੋਂ ਤਕ ਦੂਸਰੇ ਲੋਕਾਂ ਨੂੰ ਖਾਦ ਸਪਲਾਈ ਕਰਨ ਦਾ ਸਵਾਲ ਹੈ ਅਸੀਂ ਜਿਹੜੇ ਡੀਫਾਲਟਰਜ਼ ਸੋਸਾਇਟੀਆਂ ਦੇ ਬੰਦੇ ਹੁੰਦੇ ਹਨ ਉਨ੍ਹਾਂ ਨੂੰ ਵੀ ਖਾਦ ਭੇਜ ਦੇਂਦੇ ਹਾਂ ਜੇ ਉਹ ਨਕਦ ਪੈਸੇ ਦੇਣ ।

ਸ਼੍ਰੀ ਸਰਦਾਰੀ ਲਾਲ ਕਪੂਰ: ਕੀ ਵਜ਼ੀਰ ਸਾਹਿਬ ਇਹ ਦਸਣ ਦੀ ਮੇਹਰਬਾਨੀ ਕਰਨਗੇ ਕਿ ਜਿਸ ਵੇਲੇ ਖਾਦ ਦੀਆਂ ਕੀਮਤਾਂ ਵਧਾਈਆਂ ਸੀ ਕੀ ਪੁਰਾਣੀ ਖਾਦ ਦੇ ਮੁਤਾਲਿਕ ਇਹ ਵੀ ਹਦਾਇਤ ਕੀਤੀ ਗਈ ਸੀ ਕਿ ਪੁਰਾਣੀ ਖਾਦ ਉਸੇ ਕੀਮਤ ਤੇ ਵੇਚੀ ਜਾਵੇਗੀ ?

Original with;
Punjab Vidhan Sabha
Digitized by
Panjab Digital Library

ਮੰਤਰੀ : ਇਸ ਵਿਚੋਂ ਸਵਾਲ ਤਾਂ ਉਠਦਾ ਨਹੀਂ ਪਰ ਉਨ੍ਹਾਂ ਨੇ ਪੁਛਿਆ ਹੈ ਇਸ ਲਈ ਮੈਂ ਦਸ ਦੇਂਦਾ ਹਾਂ ਕਿ ਅਸੀਂ ਇਹ ਦੇਣੀ ਚਾਹੀ ਸੀ, ਪਰ ਸਾਨੂੰ ਪਤਾ ਲਗਿਆ ਕਿ ਇਹ ਖਾਦ ਗਰੀਬ ਆਦਮੀਆਂ ਨੂੰ ਨਹੀਂ ਮਿਲਣੀ ਕਿਉਂਕਿ ਬਹੁਤ ਸਾਰੇ ਲੋਕਾਂ ਨੇ ਪਹਿਲਾਂ ਹੀ ਪੈਸੇ ਜਮਾਂ ਕਰਾ ਦਿਤੇ ਸੀ । ਇਸ ਲਈ ਸਰਕਾਰ ਨੇ ਨਵੇਂ ਦਰਾਂ ਤੇ ਖਾਦ ਵੇਚਣ ਦਾ ਫੈਸਲਾ ਕੀਤਾ ਅਤੇ ਇਹ ਤਕਸੀਮ ਹੁਣ ਐਗਰੋ-ਇੰਡਸਟਰੀਜ਼ ਅਤੇ ਮਾਰਕਫੈਡ ਵਾਲੇ ਕਰਦੇ ਹਨ । ਜਿਸ ਦੀ ਜ਼ਮੀਨ 10 ਏਕੜ ਤਕ ਹੈ ਹਰ ਕਿਸਾਨ ਨੂੰ ਖਾਦ ਨਵੇਂ ਦਰਾਂ ਤੇ ਅਸੀਂ ਦੇਣੀ ਹੈ । ਇਥੋਂ ਤਕ ਕਿ ਅਸੀਂ ਉਸ ਦਾ ਹਿਸਾ ਵੀ ਆਪ ਨਫੇ ਵਿਚੋਂ ਪਾ ਦੇਣਾ ਹੈ । (ਤਾੜੀਆਂ) ਮੈਨੂੰ ਖੁਸ਼ੀ ਹੈ ਕਿ ਸਾਡੇ ਇਸ ਤਰ੍ਹਾਂ ਦੇ ਢੰਗ ਨੂੰ ਵੇਖ ਕੇ ਹਰਿਆਣਾ ਸਰਕਾਰ ਨੇ ਵੀ ਇਹ ਫੈਸਲਾ ਕੀਤਾ ਹੈ ਕਿ 25 % ਮੁਨਾਫਾ ਉਹ ਕਿਸਾਨ ਦੇ ਖਾਤੇ ਵਿਚ ਜਮ੍ਹਾਂ ਕਰਨਗੇ । ਇਸ ਲਈ ਪੰਜਾਬ ਸਰਕਾਰ ਦਾ ਜੋ ਫੈਸਲਾ ਹੈ ਉਹ ਨਿਹਾਇਤ ਹੀ ਅੱਛਾ ਹੈ । ਹਰ ਇਕ ਜ਼ਿਮੀਂਦਾਰ ਨੂੰ ਉਸ ਦਾ ਹਿਸਾ ਮਿਲੇਗਾ ਅਤੇ ਵੱਡੇ ਮਾਲਕ ਇਸ ਤਰ੍ਹਾਂ ਨਹੀਂ ਲੈ ਸਕਣਗੇ ।

ਸਰਦਾਰ ਮਹਿੰਦਰ ਸਿੰਘ ਸਾਈਆਂ ਵਾਲਾ: ਗਿਆਨ ਸਿੰਘ ਤਲਵੰਡੀ ਭਾਈਕੇ, ਉਹਦੀ ਸ਼ਿਕਾਇਤ ਹੋਈ । ਉਹਦਾ ਖਾਦ ਦਾ ਕੇਸ ਡੀ.ਸੀ. ਨੇ ਰਜਿਸਟਰ ਕੀਤਾ । ਉਹ ਸਰਕਾਰੀ ਅਦਾਰੇ ਦਾ ਮੈਨੇਜਰ ਸੀ।

ਸ੍ਰੀ ਸਪੀਕਰ : ਇਸ ਸ਼ਵਾਲ ਦਾ ਇਸ ਕੁਐਸ਼ਚਨ ਨਾਲ ਸਬੰਧ ਨਹੀਂ ਹੈ । (It does not arise from this question.)

ਸਰਦਾਰ ਮਹਿੰਦਰ ਸਿੰਘ ਸਾਈਆਂ ਵਾਲਾ : ਜਿਸ ਨੇ ਬੇਈਮਾਨੀ ਕੀਤੀ ਉਸ ਨੂੰ ਸਜ਼ਾ ਹੋਣੀ ਚਾਹੀਦੀ ਹੈ । ਮਾਰਕਿਟਿੰਗ ਸੋਸਾਇਟੀ ਦੇ ਮੈਨੇਜਰ ਦਾ ਕੇਸ ਰਜਿਸਟਰ ਹੋਇਆ ਅਤੇ ਉਹ ਡੀ.ਸੀ. ਨੇ ਕੀਤਾ । ਯੂਨੀਵਰਸਿਟੀ ਤੋਂ ਰਿਪੋਰਟ ਆਈ । ਕੇਸ ਰਜਿਸਟਰ ਹੋਣ ਤੋਂ ਬਾਅਦ ਉਹ ਅੰਦਰ ਹੋ ਗਿਆ । ਸੀ.ਐਮ. ਸਾਹਿਬ ਨੇ ਕੇਸ ਮੰਗਵਾ ਲਿਆ ਅੌਰ ਆਰਡਰ ਕਰ ਦਿਤੇ ਕਿ ਕੋਈ ਐਕਸ਼ਨ ਨਾ ਲਿਆ ਜਾਏ । ਜੇ ਸਰਕਾਰੀ ਅਦਾਰੇ ਦੇ ਮੈਨੇਜਰ ਦਾ ਇਹ ਹਾਲ ਹੈ ਤਾਂ ਫੇਰ ਇਹ ਪ੍ਰਾਈਵੇਟ ਅਦਾਰਿਆਂ ਦੇ ਬੰਦਿਆਂ ਤੇ ਕੀ ਐਕਸ਼ਨ ਲੈਣਗੇ?

ਸ੍ਰੀ ਸਪੀਕਰ : ਇਹ ਚੀਜ਼ ਇਸ ਸਵਾਲ ਤੋਂ ਅਰਾਇਜ਼ ਹੀ ਨਹੀਂ ਹੁਦੀ । ਇਹ ਰੂਲ ਆਉਟ ਕੀਤਾ ਜਾਂਦਾ ਹੈ । (It does not arise out of this question. It is ruled out.)

ਚੌਧਰੀ ਦਰਸ਼ਨ ਸਿੰਘ : ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਖਾਦ ਦੇ ਭਾਅ ਵਧ ਗਏ ਸੀ । ਉਹ ਅਸੀਂ ਜ਼ਿਮੀਂਦਾਰਾਂ ਦੇ ਸ਼ੇਅਰ ਵਿਚ ਜਮ੍ਹਾਂ ਕਰਾਉਣੇ ਹਨ, ਬੈਂਕਾਂ ਵਿਚ ਜਮ੍ਹਾਂ ਕਰਾਉਣੇ ਹਨ । ਤੇ ਕਰੋੜ ਰੁਪਏ ਦੀ ਅਮਾਊਂਟ ਬਣਦੀ ਹੈ ਜਿਹੜਾ ਸਟਾਕ ਜ਼ਿਆਦਾ ਪਰਾਈਸ ਤੇ ਵਿਕਿਆ ਹੈ । ਉਹਦੇ ਵਿਚੋਂ 50% ਪਰਾਈਵੇਟ ਡੀਲਰਜ਼ ਨੂੰ, 50% ਮਾਰਕਫੈਡ ਅਤੇ ਐਗਰੋ ਇੰਡਸਟਰੀਜ਼ ਵਾਲਿਆਂ ਨੂੰ ਆਉਂਦਾ ਹੈ । ਕੀ ਇਸ ਬਾਰੇ ਦੂਸਰੀਆਂ ਏਜੰਸੀਆਂ ਨੇ ਸਰਕਾਰ ਕੋਲ ਪੈਸੇ ਜਮ੍ਹਾਂ ਕਰਾ ਦਿਤੇ ਹਨ?

ਮੰਤਰੀ : : ਜਿਥੋਂ ਤਕ ਪ੍ਰਾਈਵੇਟ ਡੀਲਰਜ਼ ਦਾ ਤਾਲੁਕ ਹੈ ਨਾ ਉਨ੍ਹਾਂ ਤੋਂ ਪੈਸੇ ਲੈ ਸਕਦੇ ਹਾਂ ਅਤੇ ਨਾ ਹੀ ਉਨ੍ਹਾਂ ਨੇ ਦੇਣੇ ਹਨ । ਹਾਈ ਕੋਰਟ ਵੀ ਸਾਡੇ ਬਰਖਲਾਫ ਜਾਂਦਾ ਹੈ । ਜਿਥੋਂ ਤਕ ਐਗਰੋ-ਇੰਡਸਟਰੀਜ਼ ਅਤੇ ਮਾਰਕਫੈਡ ਦਾ ਸਵਾਲ ਹੈ ਜਿਹੜੇ ਪੈਸੇ ਵਧ ਆਉਣਗੇ ਉਹ ਜ਼ਿਮੀਦਾਰਾਂ ਦੇ ਖਾਤਿਆਂ ਵਿਚ ਜ਼ਰੂਰ ਪਾ ਦਿਤੇ ਜਾਣਗੇ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਇਨ੍ਹਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਐਗਰੋ-ਇੰਡਸਟਰੀਜ਼ ਕਾਰਪੋਰੇਸ਼ਨ ਦੇ ਕਰਮਚਾਰੀਆਂ ਨੇ ਹਜ਼ਾਰਾਂ ਬੋਰੀ ਖਾਦ ਡੀਲਰਜ਼ ਨਾਲ ਮਿਲਕੇ ਪੁਰਾਣੇ ਰੇਟਾਂ ਤੇ ਦੇ ਦਿਤੀ ਸੀ, ਕੀ ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਲਿਆ ਹੈ ?

ਮੰਤਰੀ . ਇਹ ਚੀਜ਼ ਤਾਂ ਅੱਜ ਹੀ ਮੇਰੇ ਨੋਟਿਸ ਵਿਚ ਆਈ ਹੈ । ਮੈਂ ਦਰਿਆਫਤ ਕਰ ਲਵਾਂਗਾ ਅਤੇ ਜੇ ਇਹੋ ਜਿਹੀਆਂ ਚੀਜ਼ਾਂ ਹੋਈਆਂ ਤਾਂ ਜ਼ਰੂਰ ਐਕਸ਼ਨ ਲਵਾਂਗੇ ।

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : ਬੀ.ਡੀ.ਓ. ਕੋਲੋਂ ਖਾਦ ਪਕੜੀ ਗਈ ਸੀ ਅਤੇ ਮਾਸਟਰ ਜੀ ਕਹਿੰਦੇ ਹਨ ਕਿ ਮੈਨੂੰ ਪਤਾ ਨਹੀਂ । (ਵਿਘਨ)

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਖਾਦ ਦੀ ਸਪਲਾਈ ਵਿਚ ਦੋ ਨੁਕਸ ਹਨ । ਇਕ ਤਾਂ ਖਾਦ ਪਿਉਰ ਨਹੀਂ ਮਿਲਦੀ ਅਤੇ ਦੂਜੇ ਬੋਰੀਆਂ ਵਿਚ ਘਟ ਖਾਦ ਮਿਲਦੀ ਹੈ। ਇਸਦੀ 80% ਡਿਸਟਰੀਬੀਊਸ਼ਨ ਸਰਕਾਰ ਦੇ ਹੱਥਾਂ ਵਿਚ ਹੈ । ਕੀ ਮਨਿਸਟਰ ਸਾਹਿਬ ਕੋਈ ਇਹੋ ਜਿਹੀ ਸਕੀਮ ਬਣਾਉਨਗੇ ਜਿਸ ਨਾਲ ਸਪਲਾਈ ਕਰਨ ਤੋਂ ਪਹਿਲਾਂ ਸਰਟੀਫਿਕੇਟ ਹੋਵੇ ਕਿ ਇਹ ਖਾਦ ਪਿਉਰ ਹੈ ਅਤੇ ਵਜ਼ਨ ਪੂਰਾ ਹੈ ।

ਮੰਤਰੀ : ਇਹ ਸ਼ਿਕਾਇਤ ਪਹਿਲਾਂ ਮਿਲੀ ਸੀ ਕਿ ਖਾਦ ਵਿਚ ਮਿਲਾਵਟ ਹੈ ਅਤੇ ਖਾਦ ਬੋਰੀਆਂ ਵਿਚ ਘਟ ਹੈ । ਅਸੀਂ ਜ਼ਿਲਿਆਂ ਵਿਚ ਜੋ ਚੀਫ ਐਗਰੀਕਲਚਰ ਅਫਸਰ ਹਨ ਉਨ੍ਹਾਂ ਨੂੰ ਹਦਾਇਤ ਕੀਤੀ ਹੈ ਕਿ ਜਿਸ ਵੇਲੇ ਖਾਦ ਤੁਹਾਡੇ ਜ਼ਿਲੇ ਵਿਚ ਆਵੇ ਜਾਂ ਤੁਹਾਡੇ ਡਿਪੂਆਂ ਵਿਚ ਆਵੇ ਤਾਂ ਜ਼ਰੂਰ ਚੈਕਿੰਗ ਕਰਨ ਅਤੇ ਜੇ ਕੋਈ ਉਹਦੇ ਵਿਚ ਨੁਕਸ ਹੋਵੇ ਤਾਂ ਉਸ ਦੀ ਰਿਪੋਰਟ ਕਰਨ ਤਾਂ ਕਿ ਅਸੀਂ ਕਸੂਰਵਾਰ ਦੇ ਖਿਲਾਫ ਐਕਸ਼ਨ ਲੈ ਸਕੀਏ । (ਵਿਘਨ) ਸਪੀਕਰ ਸਾਹਿਬ, ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਜੇ ਬੋਰੀਆਂ ਵਿਚ ਘੱਟ ਖਾਦ ਹੋਵੇ ਜਾਂ ਉਸਦੇ ਵਿਚ ਕੋਈ ਮਿਲਾਵਟ ਹੋਵੇ ਕੋਈ ਵੀ ਅਜਿਹੀ ਚੈਕਿੰਗ ਵੇਲੇ ਗਲਤੀ ਨਿਕਲੇ ਤਾਂ ਉਹ ਉਸ ਗੱਲ ਦੀ ਰਿਪੋਰਟ ਕਰਨ ਤਾਂ ਕਿ ਅਸੀਂ ਖਾਦ ਲੈਣ ਵਾਲੇ, ਭਾਵੇਂ ਉਹ ਮਾਰਕਫੈਡ ਹੋਵੇ ਜਾਂ ਐਗਰੋ-ਇਡਸਟਰੀਜ਼ ਵਾਲੇ ਹੋਣ ਜਾਂ ਭਾਵੇਂ ਪਰਾਈਵੇਟ ਹੋਣ, ਅਸੀਂ ਉਨ੍ਹਾਂ ਦੇ ਖਿਲਾਫ ਐਕਸ਼ਨ ਲੈ ਸਕੀਏ ।

ਸਰਦਾਰ ਹਰਚੰਦ ਸਿੰਘ : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਇਹ ਹੈ ਕਿ ਖਾਦ ਦਾ ਚਰਚਾ ਹੋਇਆ । ਬਾਦਲ ਸਾਹਿਬ ਨੇ ਸਰਟੀਫਿਕੇਟ ਦਿਤਾ ਸੀ ਗਿਆਨੀ ਜੀ ਨੂੰ ਅਸੀਂ ਉਨ੍ਹਾਂ ਦੇ ਸ਼ੁਕਰਗੁਜ਼ਾਰ ਹਾਂ । ਉਨ੍ਹਾਂ ਨੇ ਸਸਤੇ ਭਾਅ ਖਾਦ ਵੇਚੀ ਹੈ । ਵਜ਼ੀਰ ਸਾਹਿਬ ਨੇ ਫਰਮਾਇਆ ਸੀ ਕਿ ਜਿਹੜਾ ਰੁਪਿਆ ਵਟਣਗੇ ਉਹ ਕਿਸਾਨਾਂ ਦੀ ਭਲਾਈ ਤੇ ਲਗਾਇਆ ਜਾਏਗਾ । ਕੀ ਜਿਹੜਾ ਹਰੀਜਨ ਕਲਿਆਣ ਫੰਡ ਦਾ ਚਾਰ ਕਰੋੜ ਰੁਪਿਆ ਹੈ ਕੀ ਉਹ ਕਿਸਾਨਾਂ ਦੀ ਭਲਾਈ ਤੇ ਖਰਚ ਕੀਤਾ ਹੈ?

ਮੁੱਖ ਮੰਤਰੀ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਦਾ ਸਵਾਲ ਹੈ ਕਿ ਕੀ ਹਰੀਜਨ ਕਲਿਆਣ ਫੰਡ ਵਿਚੋਂ ਖਰਚ ਕੀਤਾ ਹੈ । ਇਸ ਬਾਰੇ ਮੈਂ ਬੇਨਤੀ ਕਰਦਾ ਹਾਂ ਕਿ ਇਹ ਹਰੀਜਨ ਕਲਿਆਣ ਫੰਡ ਦਾ ਜੋ ਰੁਪਿਆ ਹੈ ਇਹ ਕੇਵਲ ਹਰੀਜਨਾਂ ਦੀ ਭਲਾਈ ਤੇ ਕੁਝ ਲਗਿਆ ਹੈ, ਕੁਝ ਲਗ ਰਿਹਾ ਹੈ ਅਤੇ ਅੱਗੇ ਨੂੰ ਹਰੀਜਨਾਂ ਦੀ ਭਲਾਈ ਤੇ ਲਗੇਗਾ । ਇਹ ਹੋਰ ਕਿਸੇ ਜਗ੍ਹਾ ਤੇ ਨਹੀਂ ਲਗੇਗਾ ਅਤੇ ਇਸ ਬਾਰੇ ਕੋਈ ਵੀ ਗਲਤ ਫਹਿਮੀ ਨਹੀਂ ਰਹਿਣੀ ਚਾਹੀਦੀ ਹੈ। ਜਿਹੜੀ ਮਾਂ ਨਵੀਆਂ ਕੀਮਤਾਂ ਨਾਲ ਬਚਤ ਹੋਣੀ ਹੈ ਉਹ ਕਿਸੇ ਸੈਮੀ ਅਦਾਰੇ ਕੋਲ ਨਹੀਂ ਰਹਿਣੀ । ਮਾਰਕਫੈਡ ਵਾਲਿਆਂ ਨੇ ਗੌਰਮਿੰਟ ਨਾਲ ਫੈਸਲਾ

Original with;
Punjab Vidhan Sabha
Digitized by;
Panjab Digital Library

ਕਰ ਲਿਆ ਹੈ। (ਵਿਘਨ) ਪੰਜ ਕਰੋੜ ਰੁਪਏ ਦਾ ਫਾਇਦਾ ਹੋਏਗਾ ਅਤੇ ਇਸ ਰੁਪਏ ਨਾਲ 20 ਕਰੋੜ ਰੁਪਏ ਦੇ ਕਾਰਖਾਨੇ ਲਗਣਗੇ ਇਨ੍ਹਾਂ ਕਾਰਖਾਨਿਆਂ ਦੇ ਹਿਸੇ ਉਨ੍ਹਾਂ ਕਿਸਾਨਾਂ ਨੂੰ ਦਿਤੇ ਜਾਣਗੇ ਜੋ ਇਹ ਖਾਦ ਖਰੀਦਣਗੇ ।

ਸਰਦਾਰ ਬਸੰਤ ਸਿੰਘ ਖਾਲਸਾ : ਪਹਿਲਾਂ ਤਾਂ ਮੈਂ ਇਹ ਬੇਨਤੀ ਕਰਦਾ ਹਾਂ ਕਿ ਜਿਹੜਾ 'ਹ' ਪਾਰਟ ਦਾ ਜਵਾਬ ਦਿਤਾ ਗਿਆ ਹੈ ਉਹਦੇ ਤੋਂ ਕੁਝ ਪਤਾ ਹੀ ਨਹੀਂ ਲਗਦਾ । ਇਹ ਅਧਾ ਜਵਾਬ ਹੀ ਦਿਤਾ ਗਿਆ ਹੈ ਅਤੇ ਪੂਰਾ ਜਵਾਬ ਨਹੀਂ ਦਿਤਾ ਗਿਆ ਹੈ । ਇਹਦਾ ਜਵਾਬ ਵਿਧਾਨ ਸਭਾ ਵਾਲਿਆਂ ਨੇ ਕਟ ਲਿਆ ਹੈ ਜਿਸ ਨਾਲ ਅੱਧੇ ਅੱਖਰ ਪੜ੍ਹੇ ਜਾਂਦੇ ਹਨ ਅਤੇ ਅੱਧੇ ਅੱਖਰ ਪੜ੍ਹੇ ਹੀ ਨਹੀਂ ਜਾਂਦੇ ।(ਵਿਘਨ)

ਸ਼੍ਰੀ ਸਪੀਕਰ : ਤੁਸੀਂ ਸਪਲੀਮੈਂਟਰੀ ਕਰੋ । (You may please put a supplementary question.)

ਸਰਦਾਰ ਬਸੰਤ ਸਿੰਘ ਖਾਲਸਾ: ਇਹ ਜਿਹੜਾ ਇਹ ਸਵਾਲ ਦਾ ਜਵਾਬ ਦਿਤਾ ਹੈ ਇਸ ਨੂੰ ਸਮਾਰ ਕੇ ਦੇਖਣਾ ਚਾਹੀਦਾ ਹੈ । ਸਵਾਲ ਵਿਚ ਇਹ ਲਿਖਿਆ ਹੋਇਆ ਹੈ ਕਿ ਇਸ ਪਿੰਡ ਵਿਚ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਕੋਈ ਘੋੜਾ ਤੋਹਫੇ ਦੇ ਤੌਰ ਤੇ ਲਿਆ ਸੀ, ਜੇ ਲਿਆ ਹੋਵੇ ਤਾਂ ਉਸ ਸ਼ਰਧਾਲੂ ਦੇ ਘਰ ਤਕ ਜਾਂ ਪਿੰਡ ਦੇ ਦਰਵਾਜੇ ਤਕ ਇਹ ਸੜਕ ਬਣਾਈ ਜਾਣੀ ਚਾਹੀਦੀ ਹੈ । ਸਪੀਕਰ ਸਾਹਿਬ, ਇਹ ਇਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਕਰ ਕੇ ਪਾੜ ਦਿਤਾ ਹੈ । (ਵਿਘਨ)

ਰਾਜ ਮੰਤਰੀ : ਜੋ ਸਵਾਲ ਕੀਤੇ ਗਏ ਹਨ ਉਨ੍ਹਾਂ ਦਾ ਜਵਾਬ ਦਿਤਾ ਗਿਆ ਹੈ । ਉਸਦਾ ਜਵਾਬ ਸਰਕਾਰ ਵਲੋਂ ਆਇਆ ਹੈ, ਇਸ ਲਈ ਕਿਸੇ ਨੇ ਕੋਈ ਜਵਾਬ ਦਾ ਹਿੱਸਾ ਨਹੀਂ ਪਾੜਿਆ ਹੈ । ਜਵਾਬ ਮੁਕੰਮਲ ਹੈ । ਇਹ ਸਵਾਲ ਦਾ ਹਿੱਸਾ ਮੈਂ ਤੁਹਾਨੂੰ ਪੜ੍ਹਕੇ ਸੁਣਾਂਦਾ ਹਾਂ ।"(ਹ) ਕੀ ਇਹ ਵੀ ਠੀਕ ਹੈ ਕਿ ਉਕਤ ਪਿੰਡ ਦੇ ਇਕਵਾਸੀ' ਜੋ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਸੀ, ਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਕ ਘੋੜਾ ਤੋਹਫੇ ਦੇ ਤੌਰ ਤੇ ਦਿਤਾ ਸੀ ਜੇਕਰ ਅਜਿਹਾ ਹੋਵੇ ਤਾਂ ਕੀ ਉਕਤ ਸ਼ਰਧਾਲੂ ਦੇ ਘਰ ਜਾਂ ਪਿੰਡ ਤਕ ਉਪਰੋਕਤ ਵਰਣਿਤ ਸੜਕ ਬਣਾਉਣ ਅਤੇ ਇਸ ਨੂੰ ਗੁਰੂ ਗੋਬਿੰਦ ਸਿੰਘ ਮਾਰਗ ਦਾ ਇਕ ਹਿੱਸਾ ਬਣਾਉਣ ਲਈ ਸਰਕਾਰ ਦਾ ਕੋਈ ਵਿਚਾਰ ਹੈ ?" ਸਪੀਕਰ ਸਾਹਿਬ, ਇਹ ਸਾਡੇ ਰਿਕਾਰਡ ਵਿਚ ਨਹੀਂ ਹੈ । ਸਾਡਾ ਤਾਲੁਕ ਤਾਂ ਕੇਵਲ ਸੜਕ ਨਾਲ ਹੈ । ਉਹ ਸਬੰਧਤ ਮਹਿਕਮੇਂ ਨੂੰ ਸਵਾਲ ਕਰ ਦੇਣ ਸ਼ਾਇਦ ਉਹ ਜਵਾਬ ਦੇ ਸਕਣ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਇਹ ਬੜਾ ਸੀਰੀਅਸ ਸਵਾਲ ਹੈ । ਅੱਧਾ ਜਵਾਬ ਪਾੜਿਆ ਹੋਇਆ ਹੈ ਤੁਸੀਂ ਆਪ ਦੇਖ ਲਉ । ਇਹ ਸਾਰੀਆਂ ਕਾਪੀਆਂ ਤੋਂ ਪਾੜਿਆ ਹੋਇਆ ਹੈ ।

ਇਸ ਸਵਾਲ ਦੇ 'ਅ' ਭਾਗ ਦੇ ਜਵਾਬ ਵਿਚ ਇਨ੍ਹਾਂ ਨੇ ਕਿਹਾ ਹੈ ਕਿ ਮਾਰਕਿਟ ਕਮੇਟੀ ਲੁਧਿਆਣਾ ਨੇ ਕੋਈ ਪੈਸੇ ਜਮ੍ਹਾ ਨਹੀਂ ਕਰਾਏ । ਮੈਂ ਕਹਿੰਦਾ ਹਾਂ ਕਿ 63 ਹਜ਼ਾਰ ਰੁਪਿਆ ਜਮ੍ਹਾ ਕਰਾਇਆ ਹੈ । ਉਨ੍ਹਾਂ ਨੇ ਇਹ ਰਕਮ ਚੈਕ ਰਾਹੀਂ ਜਮ੍ਹਾਂ ਕਰਾਈ ਹੈ । ਜੇ ਮੈਂ ਇਹ ਸਾਬਤ ਕਰ ਦਿਆਂ ਤਾਂ ਕੀ ਜਿਹੜੇ ਇਨ੍ਹਾਂ ਦੇ ਮਹਿਕਮੇਂ ਨੇ ਇਨ੍ਹਾਂ ਨੂੰ ਗਲਤ ਦੱਸਿਆ ਹੈ ਉਸ ਨੂੰ ਇਹ ਸਜ਼ਾ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਮੈਨੂੰ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਇਹ ਦਸਿਆ ਸੀ। ਮੈਂ ਇਹ ਕਿਹਾ ਸੀ ਕਿ ਮੈਨੂੰ ਜੋ ਜੁਆਬ ਆਇਆ ਹੈ ਮੈਂ ਉਸ ਦੀ ਪੜਤਾਲ ਕਰਾਂਗਾ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ ਲੰਬਕ ਕਾਰਜ]

ਅਤੇ ਜੇ ਮਹਿਕਮੇਂ ਦੇ ਕਿਸੇ ਅਫਸਰ/ਕਰਮਚਾਰੀ ਨੇ ਛਪਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸਦੇ ਖਿਲਾਫ ਐਕਸ਼ਨ ਲਵਾਂਗੇ। ਫਿਰ ਉਨ੍ਹਾਂ ਦਾ ਸਵਾਲ ਸੜਕ ਦੇ ਬਾਰੇ ਵਿਚ ਹੈ, ਉਹ ਮਨਜ਼ੂਰ ਹੋ ਚੁਕੀ ਹੈ ਪਰ ਮਾਰਕਿਟ ਕਮੇਟੀ ਵਲੋਂ ਕੋਈ ਰਕਮ ਇਸ ਗੱਲ ਲਈ ਆਈ ਜਾਂ ਨਹੀਂ ਆਈ, ਮੈਂ ਉਸ ਦੀ ਪੜਤਾਲ ਕਰਾਉਣ ਲਈ ਤਿਆਰ ਹਾਂ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜਿਹੜਾ ਸੜਕ ਵਾਸਤੇ ਰੁਪਿਆ ਜਮ੍ਹਾਂ ਕਰਾਇਆ ਗਿਆ ਉਹ ਰਾਜਬਾਹੇ ਤੋਂ ਪਿੰਡ ਆਲਮਗੀਰ ਤਕ, ਉਸ ਘਰ ਤਕ ਕਰਾਇਆ ਗਿਆ ਹੈ ਪਰ ਉਹ ਸੜਕ ਨਹੀਂ ਬਣੀ । ਕੀ ਇਹ ਉਸ ਦੀ ਇਨਕੁਆਰੀ ਕਰਾਉਣ ਨੂੰ ਤਿਆਰ ਹਨ ? ਇਹ ਇਸ ਦੀ ਇਨਕੁਆਰੀ ਕਰਾਉਣ ਕਿ ਇਹ ਪੈਸਾ ਕਿਸ ਵਾਸਤੇ ਜਮ੍ਹਾਂ ਹੋਇਆ ਅਤੇ ਕਿਥੇ ਲੱਗਾ ਹੈ ?

ਰਾਜ ਮੰਤਰੀ : ਮੈਂ ਉਸ ਦੀ ਇਨਕੁਆਇਰੀ ਕਰਾ ਲਵਾਂਗਾ ।

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਗੁਰੂ ਗੋਬਿੰਦ ਸਿੰਘ ਮਾਰਗ ਬਣਾਇਆ ਹੈ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਬਣਿਆ ਹੈ ਅਤੇ ਜਿਥੇ ਜਿਥੇ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਰਨ ਪਾਏ ਉਸ ਧਰਤੀ ਤੇ ਸੜਕ ਬਣੀ ਹੈ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਇਸ ਪਿੰਡ ਦੇ ਇਸ ਸ਼ਰਧਾਲੂ ਨੇ ਘੋੜਾ ਪੇਸ਼ ਕੀਤਾ ਸੀ ਅਤੇ ਇਸ ਤਰ੍ਹਾਂ ਉਨ੍ਹਾਂ ਦੇ ਘਰ ਗੁਰੂ ਗੋਬਿੰਦ ਸਿੰਘ ਜੀ ਨੇ ਚਰਨ ਪਾਏ ਸਨ ਅਤੇ ਮਾਰਕੀਟ ਕਮੇਟੀ ਨੇ ਪੈਸਾ ਮਨਜ਼ੂਰ ਕਰਕੇ ਦੇ ਦਿਤਾ ਤਾਂ ਫਿਰ ਸਰਕਾਰ ਨੂੰ ਇਸ ਸੜਕ ਨੂੰ ਇਸ ਮਾਰਗ ਨਾਲ ਜੋੜਨ ਵਿਚ ਕੀ ਹਿਚ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਅਰਜ਼ ਕੀਤੀ ਸੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਦੇ ਵਿਚ ਗੁਰੂ ਗੋਬਿੰਦ ਸਿੰਘ ਮਾਰਗ ਜਿਹੜਾ ਕਿ ਪੰਜਾਬ ਦੀ ਸਰਕਾਰ ਨੇ,ਗਿਆਨੀ ਜੀ ਦੀ ਰਹਿਨੁਮਾਈ ਹੇਠ ਬਣਾਇਆ ਹੈ ਉਸ ਦੇ ਵਿਚ ਜੋ ਇਤਿਹਾਸਕ ਗੁਰਦੁਆਰੇ ਜਿਨ੍ਹਾਂ ਸੜਕਾਂ ਤੇ ਗੁਰੂ ਗੋਬਿੰਦ ਸਿੰਘ ਜੀ ਆਪ ਗਏ ਸਨ ਉਨ੍ਹਾਂ ਸਾਰੀਆਂ ਨੂੰ ਜੋੜ ਦਿਆਂਗੇ । ਇਸ ਦੇ ਬਾਵਜੂਦ ਵੀ ਜਿਨ੍ਹਾਂ ਲੋਕਾਂ ਨੇ ਰੀਪਰੀਜ਼ੈਂਟੇਸ਼ਨਜ਼ ਦਿਤੀਆਂ ਕਿ ਕਈ ਇਲਾਕੇ ਉਨ੍ਹਾਂ ਦੇ ਖਿਆਲ ਦੇ ਮੁਤਾਬਕ ਸ਼ਾਇਦ ਉਥੇ ਗੁਰੂ ਗੋਬਿੰਦ ਸਿੰਘ ਜੀ ਆਏ ਸਨ ਅਤੇ ਉਹ ਇਸ ਵਿਚੋਂ ਰਹਿ ਗਏ ਹਨ, ਉਨ੍ਹਾਂ ਵਾਸਤੇ ਇਕ ਨਵੀਂ ਕਮੇਟੀ ਬਣੀ ਹੈ । ਉਹ ਕਮੇਟੀ ਆਪਣੀਆਂ ਮੀਟਿੰਗਜ਼ ਕਰਕੇ ਫੈਸਲਾ ਕਰਦੀ ਹੈ । ਖਾਲਸਾ ਜੀ ਆਪਣੀ ਪਰਪੋਜ਼ਲ ਉਸ ਕਮੇਟੀ ਨੂੰ ਦੇ ਦੇਣ ਜਾਂ ਇਹ ਜਿਹੜਾ ਸਵਾਲ ਹੈ ਮੈਂ ਉਸ ਵਿਚ ਲਿਖ ਦਿਆਂਗਾ। ਉਸ ਕਮੇਟੀ ਵਿਚ ਉਹ ਸ਼ਾਮਿਲ ਹਨ ਜਿਨ੍ਹਾਂ ਨੇ ਇਤਿਹਾਸ ਦੀ ਪੜਚੋਲ ਕੀਤੀ ਹੈ, ਉਹ ਹਿਸਟੋਰੀਅਨ ਹਨ ਉਹ ਫੈਸਲਾ ਕਰਦੇ ਹਨ । ਉਸ ਦੇ ਮੁਤਾਬਕ ਹੀ ਪਹਿਲਾ ਅਸੀਂ ਰਸਤਾ ਅਖਤਿਆਰ ਕੀਤਾ ਸੀ ਫਿਰ ਕੋਈ ਐਸੀ ਜਗ੍ਹਾ ਹੋਵੇ ਜਿਸ ਦੇ ਨਾਲ ਗੁਰੂ ਜੀ ਦਾ ਸਬੰਧ ਹੋਵੇ ਅਤੇ ਉਹ ਰਹਿ ਗਈ ਹੋਵੇ ਸਰਕਾਰ ਉਸ ਨੂੰ ਜ਼ਰੂਰ ਜੋੜੇਗੀ ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਕੁਐਸ਼ਚਨ ਦਾ ਦਾਇਰਾ ਆਪਣੇ ਉਤਰ ਦੇ ਵਿਚ ਥੋੜਾ ਜਿਹਾ ਖੁੱਲ੍ਹਾ ਕਰ ਦਿਤਾ ਹੈ ਅਤੇ ਇਸ ਨੂੰ ਇਨ੍ਹਾਂ ਨੇ ਮਾਰਗ ਦੇ ਨਾਲ ਜੋੜ ਦਿਤਾ ਹੈ। ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਸਾਰੇ ਰਸਤੇ ਜਿਨ੍ਹਾਂ ਦਾ ਗੁਰੂ ਜੀ ਨਾਲ ਕੁਝ ਸਬੰਧ ਰਿਹਾ ਹੈ, ਉਹ ਨਾਲ ਜੋੜ ਦਿਤੇ ਹਨ । ਮੈਂ ਪੁਛਣਾ ਚਾਹੁੰਦਾ ਹਾਂ ਕਿ ਤਲਵੰਡੀ ਸਾਬੋ, ਦਮਦਮਾ ਸਾਹਿਬ ਅਤੇ ਝੰਡਾ ਸਾਹਿਬ ਤਕ ਉਸ ਮਾਰਗ ਨਾਲ ਜੋੜ ਦੇਣਗੇ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਇਹ ਲਿਖਕੇ ਭੇਜ ਦੇਣ ਉਸ ਤੇ ਵਿਚਾਰ ਕੀਤਾ ਜਾਵੇਗਾ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਮੈਂ ਕੋਈ ਇਤਿਹਾਸਕਾਰ ਤਾਂ ਨਹੀਂ ਹਾਂ । ਮੈਂ ਬੇਨਤੀ ਕਰਾਂਗਾ ਕਿ ਗੁਰੂ ਜੀ ਕੋਟ ਕਪੂਰਾ ਅਤੇ ਸੰਘਵੀ ਵੀ ਗਏ ਸਨ । ਇਸ ਲਈ ਜੇ ਗੁਰੂ ਜੀ ਉਥੇ ਗਏ ਹੋਏ ਤਾਂ ਕੀ ਵਜ਼ੀਰ ਸਾਹਿਬ ਉਸ ਨੂੰ ਵੀ ਨਾਲ ਜੋੜਨ ਦਾ ਭਰੋਸਾ ਦਿਵਾਉਣਗੇ ?

ਸ਼੍ਰੀ ਸਪੀਕਰ : ਉਨ੍ਹਾਂ ਨੇ ਕਿਹਾ ਹੈ ਕਿ ਇਸ ਬਾਰੇ ਕਮੇਟੀ ਬਣਾਈ ਹੋਈ ਹੈ । (The hon. Minister of State has said that a committee has been constituted in this respect.)

ਸਰਦਾਰ ਜਸਵਿੰਦਰ ਸਿੰਘ ਬਰਾੜ : ਪਰ ਸਾਨੂੰ ਤਾਂ ਇਸ ਵਿੱਚ ਕੋਈ ਪੁਛਿਆ ਨਹੀਂ ਹੈ ।

STARRED QUESTION No. 2850

ਰਾਜ ਮੰਤਰੀ, ਲੋਕ ਨਿਰਮਾਣ, ਪੰਜਾਬ,
ਅ.ਸ.ਨੰ: 162(ਵਿ.ਸ)ਏ ਸ 2 (1) 74/
ਮਿਤੀ 12 ਅਗਸਤ,1974.

ਵਿਸ਼ਾ:— ਸਵਾਲ ਨੰ: 2850 ਵਲੋਂ ਸਰਦਾਰ ਸੁਖਦੇਵ ਸਿੰਘ ਢਿਲੋਂ, ਐਮ.ਐਲ.ਏ ।
ਪਿਆਰੇ ਕੇਵਲ ਕ੍ਰਿਸ਼ਨ ਜੀ,

ਪੰਜਾਬ ਵਿਧਾਨ ਸਭਾ ਦੇ ਸਵਾਲ ਨੰ: 2850 ਜੋ 13 ਅਗਸਤ, 1974 ਲਈ ਸਵਾਲਾਂ ਦੀ ਸੂਚੀ ਵਿਚ ਸਰਦਾਰ ਸੁਖਦੇਵ ਸਿੰਘ ਢਿਲੋਂ, ਐਮ.ਐਲ.ਏ. ਦੇ ਨਾਉਂ ਵਲੋਂ ਦਰਜ਼ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਠੀ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਨੂੰ 20 ਅਗਸਤ, 1974 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਿਲ ਕਰਨ ਦੀ ਕ੍ਰਿਪਾ ਕੀਤੀ ਜਾਵੇ ।

ਹਿਤੂ,

ਸਹੀ/—
(ਜ.ਪ. ਪਾਂਡੇ)

ਸ਼੍ਰੀ ਕੇਵਲ ਕ੍ਰਿਸ਼ਨ,
ਸਪੀਕਰ ਪੰਜਾਬ ਵਿਧਾਨ ਸਭਾ ।

ਸਰਦਾਰ ਸੁਖਦੇਵ ਸਿੰਘ ਢਿਲੋਂ: ਸਪੀਕਰ ਸਾਹਿਬ, ਇਸ ਸਵਾਲ ਵਿਚ ਐਕਸਟੈਨਸ਼ਨ ਕਿਉਂ ਮੰਗੀ ਗਈ ਹੈ ?

ਰਾਜ ਮੰਤਰੀ, ਲੋਕ ਨਿਰਮਾਣ : ਸਪੀਕਰ ਸਾਹਿਬ, ਐਕਸਟੈਨਸ਼ਨ ਮੰਗਣ ਦਾ ਕਾਰਨ ਮੈਂ ਦਸਦਾ ਹਾਂ । ਐਕਸਟੈਨਸ਼ਨ ਇਸ ਕਰਕੇ ਮੰਗੀ ਗਈ ਹੈ ਕਿਉਂਕਿ ਜਿਹੜਾ ਇਸ ਸਵਾਲ ਦਾ ਜਵਾਬ ਆਇਆ ਹੈ ਮੈਂ ਉਸ ਤੋਂ ਸੰਤੁਸ਼ਟ ਨਹੀਂ ਹਾਂ । ਇਸ ਲਈ ਮੈਂ ਕੋਈ ਅਜਿਹਾ ਜੁਆਬ ਨਹੀਂ ਦੇਣਾ ਚਾਹੁੰਦਾ ਜਿਸ ਦੇ ਨਾਲ ਇਥੇ ਗਲਤ ਫਹਿਮੀ ਪੈਦਾ ਹੋਵੇ । ਇਸੇ ਕਰਕੇ ਹੀ ਇਸ ਸਵਾਲ ਵਿਚ ਐਕਸਟੈਨਸ਼ਨ ਮੰਗੀ ਗਈ ਹੈ ।

Original with;
Punjab Vidhan Sabha
Digitized by;
Panjab Digital Library

ਜ਼ਿਲ੍ਹਾ ਲੁਧਿਆਣਾ ਵਿਚ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਬੀ.ਡੀ.ਓਜ਼.

*2804. **ਸਰਦਾਰ ਬਸੰਤ ਸਿੰਘ ਖਾਲਸਾ** : ਕੀ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ:—

(ੳ) ਜ਼ਿਲ੍ਹਾ ਲੁਧਿਆਣਾ ਵਿਚ ਇਸ ਸਮੇਂ ਕਿੰਨੇ ਬਲਾਕ ਹਨ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਬਲਾਕਾਂ ਵਿਚੋਂ ਜਿਨ੍ਹਾਂ ਵਿਚ ਇਸ ਸਮੇਂ ਅਨੁਸੂਚਿਤ ਜਾਤੀਆਂ ਦੇ ਬੀ.ਡੀ.ਓਜ਼, ਲਗੇ ਹੋਏ ਹਨ, ਦੀ ਗਿਣਤੀ ਅਤੇ ਨਾਮ ਕੀ ਕੀ ਹਨ ਅਤੇ ਹਰ ਇਕ ਕੇਸ ਵਿਚ ਉਹਨਾਂ ਦੀ ਸਰਵਿਸ ਕਿੰਨੀ ਕਿੰਨੀ ਹੈ ?

ਸ੍ਰੀ ਸੰਤੋਖ ਸਿੰਘ ਰੰਧਾਵਾ : (ੳ) ਦੱਸ ।

(ਅ) ਇਹਨਾਂ ਵਿਚੋਂ ਕੇਵਲ ਸ੍ਰੀ ਹਜ਼ਾਰਾ ਸਿੰਘ, ਬੀ.ਡੀ.ਓ. ਜੋ ਜ਼ਿਲ੍ਹਾ ਲੁਧਿਅਣਾ ਦੇ ਮਾਂਗਟ ਬਲਾਕ ਵਿਚ ਹੈ, ਅਨੁਸੂਚਿਤ ਜਾਤੀਆਂ ਵਿਚੋਂ ਹੈ । ਉਹ ਮਿਤੀ 26 ਜੂਨ, 1961 ਤੋਂ ਬੀ.ਡੀ.ਓ. ਦਾ ਕੰਮ ਕਰ ਰਿਹਾ ਹੈ ।

ਸਰਦਾਰ ਬਸੰਤ ਸਿੰਘ ਖਾਲਸਾ: ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਸ ਹਰੀਜਨ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਉਹ ਕਦੋਂ ਦਾ ਬੀ.ਡੀ.ਓ. ਲੱਗਿਆ ਰਿਹਾ ਹੈ, ਕੀ ਉਹ ਰੈਗੂਲਰ ਹੈ, ਉਨ੍ਹਾਂ ਦੀ ਕੋਈ ਕਨਫਰਮੇਸ਼ਨ ਹੋਈ ਹੈ ਜਾਂ ਉਨ੍ਹਾਂ ਦੀ ਕੋਈ ਇਨਕਰੀਮੈਂਟ ਉਨ੍ਹਾਂ ਨੂੰ ਮਿਲਦੀ ਹੈ ਜਾਂ ਉਸੇ ਤਹ੍ਹਾਂ ਹੀ ਲਟਕਾਇਆ ਹੋਇਆ ਹੈ ?

ਰਾਜ ਮੰਤਰੀ: ਇਸ ਬਾਰੇ ਸੈਪਰੇਟ ਨੋਟਿਸ ਚਾਹੀਦਾ ਹੈ ।

ਸਰਦਾਰ ਬਸੰਤ ਸਿੰਘ ਖਾਲਸਾ:ਸਪੀਕਰ ਸਾਹਿਬ, ਇਕ ਆਦਮੀ ਦੀ ਖੋਜ ਕਰਨਾ ਲੁਧਿਅਣਾ ਵਿਚੋਂ, ਔਰ ਇਨ੍ਹਾਂ ਨੂੰ ਪਤਾ ਵੀ ਸੀ ਕਿ ਇਥੇ ਉਨ੍ਹਾਂ ਨੇ ਅੈਸੰਬਲੀ ਵਿਚ ਸੁਆਲ ਪੁਛਣਾ ਹੈ, ਇਹ ਇਤਨੀ ਵੀ ਇਨਫਰਮੇਸ਼ਨ ਨਹੀਂ ਦੇ ਸਕਦੇ ? ਸਵਾਲ ਇਹ ਹੈ ਕਿ ਕੀ ਉਹ ਰੈਗੂਲਰ ਹੈ, ਉਸ ਨੂੰ ਕੋਈ ਇਨਕਰੀਮੈਂਟ ਮਿਲਦੀ ਹੈ ਅਤੇ ਕੀ ਉਸ ਦੀ ਕੋਈ ਪਰਮੋਸ਼ਨ ਵੀ ਹੋਈ ਹੈ ਜਾਂ ਨਹੀਂ ?

ਰਾਜ ਮੰਤਰੀ: ਮੈਂ ਪਹਿਲਾਂ ਹੀ ਜੁਆਬ ਦੇ ਦਿਤਾ ਹੈ ।

ਪਿੰਡਾਂ ਵਿਚ ਲਾਉਡ ਸਪੀਕਰਾਂ ਦੀ ਵਰਤੋਂ

*2799. **ਗਿਆਨੀ ਕੁੰਦਨ ਸਿੰਘ ਪਤੰਗ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ ਸਰਕਾਰ ਨੇ ਪੰਜਾਬ ਕਲਪੁਰਜ਼ੇ (ਸ਼ੋਰ ਤੇ ਕੰਟਰੋਲ) ਐਕਟ 1956 ਦੇ ਉਪਬੰਧ ਰਾਜ ਦੇ ਪੇਂਡੂ ਇਲਾਕਿਆਂ ਵਿਚ ਵੀ ਲਾਗੂ ਕੀਤੇ ਗਏ ਹਨ ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੋਂ;

(ਅ) ਕੀ ਇਹ ਸਰਕਾਰ ਦੇ ਧਿਆਨ ਵਿਚ ਆਇਆ ਹੈ ਕਿ ਉਕਤ ਐਕਟ ਲਾਗੂ ਕਰਨ ਦੇ ਬਾਵਜੂਦ ਵੀ ਪਿੰਡਾਂ ਵਿਚ ਲੋਕ ਸਮਰੱਥ ਅਧਿਕਾਰੀ ਦੀ ਲਿਖਤੀ ਇਜਾਜ਼ਤ ਤੋਂ ਬਿਨਾਂ ਖੁਲ੍ਹੇ ਤੌਰ ਤੇ ਲਾਉਡ ਸਪੀਕਰਾਂ ਦੀ ਦਿਨ ਰਾਤ ਵਰਤੋਂ ਕਰਦੇ ਹਨ ਜੇਕਰ ਅਜਿਹਾ ਹੋਵੇ ਤਾਂ ਸਰਕਾਰ ਦੁਆਰਾ ਉਕਤ ਐਕਟ ਦੇ ਉਪਬੰਧਾਂ ਨੂੰ ਸਖਤੀ ਨਾਲ ਲਾਗੂ ਕਰਨ ਲਈ ਕੀ ਕਾਰਵਾਈ ਕੀਤੀ ਗਈ/ਕੀਤੇ ਜਾਣ ਦੀ ਤਜਵੀਜ਼ ਹੈ ?

Original with;
Punjab Vidhan Sabha
Digitized by;
Panjab Digital Library

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ (ਮੁੱਖ ਸੰਸਦੀ ਸਕੱਤਰ): (ਉ) ਪੰਜਾਬ ਇਨਸਟਰੂਮੈਂਟ (ਸ਼ੈਨ ਤੇ ਕੈਟਰੋਲ) ਐਕਟ, 1956 ਪੰਜਾਬ ਵਿਚ 11 ਜਨਵਰੀ, 1957 ਤੋਂ ਲਾਗੂ ਹੈ ।

(ਅ) ਨਹੀਂ ਜੀ, ਇਸ ਐਕਟ ਨੂੰ ਸਖਤੀ ਨਾਲ ਲਾਗੂ ਕਰਨ ਲਈ ਸਰਕਾਰ ਵਲੋਂ ਸਮੇਂ ਸਮੇਂ ਸਿਰ ਰਾਜ ਦੇ ਸਮੂਹ ਜ਼ਿਲ੍ਹਾ ਮੈਜਿਸਟਰੇਟਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਰਹੀਆਂ ਹਨ ।

(ਮੁੱਖ ਸੰਸਦੀ ਸਕੱਤਰ ਨੇ ਅੰਗਰੇਜ਼ੀ ਵਿਚ ਜਵਾਬ ਪੜ੍ਹਿਆ ।)

ਗਿਆਨੀ ਕੁੰਦਨ ਸਿੰਘ ਪਤੰਗ : ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਮੇਰੇ ਵਰਗੇ ਆਦਮੀ ਵਾਸਤੇ ਤਾਂ ਪੰਜਾਬੀ ਬੋਲਣੀ ਚਾਹੀਦੀ ਹੈ ਇਹ ਤਾਂ ਭਲਾ ਵਲੈਤੀ ਹੋਣਗੇ । (ਹਾਸਾ)

ਸ਼੍ਰੀ ਸਪੀਕਰ : ਤੁਸੀਂ ਪੰਜਾਬੀ ਵਿਚ ਜਵਾਬ ਦਿਉ । (Please read out its Punjabi version.)

(ਇਸ ਸਮੇਂ ਮੁੱਖ ਸੰਸਦੀ ਸਕੱਤਰ ਨੇ *2799 ਦਾ ਜੁਆਬ ਪੰਜਾਬੀ ਵਿਚ ਪੜ੍ਹਿਆ)

ਗਿਆਨੀ ਕੁੰਦਨ ਸਿੰਘ ਪਤੰਗ : ਮੈਂ ਬੇਨਤੀ ਕਰਾਂਗਾ ਕਿ ਜਿਸ ਵੇਲੇ ਭੀ ਪਿੰਡਾਂ ਵਿਚ ਰਾਤ ਨੂੰ ਜਾਂ ਦਿਨ ਵੇਲੇ ਜਾਂਤਿ ਤਾਂ ਕਤੀ ਤੋਂ ਲਾਊਡ ਸਪੀਕਰ 4–5 ਪਿੰਡਾਂ ਵਿਚ ਵੱਜਦੇ ਸੁਣਾਈ ਦਿੰਦੇ ਹਨ । ਕੀ ਇਸ ਲਈ ਕੋਈ ਐਸਾ ਜ਼ਰੀਆ ਨਹੀਂ ਹੈ ਜਿਸ ਨਾਲ ਉਨ੍ਹਾਂ ਨੂੰ ਉਸੇ ਵੇਲੇ ਫੜਿਆ ਜਾ ਸਕੇ ?

ਮੁੱਖ ਸੰਸਦੀ ਸਕੱਤਰ: ਸਪੀਕਰ ਸਾਹਿਬ, ਮੈਂ ਪੰਜਾਬੀ ਵਿਚ ਤਰਜਮਾ ਕਰਕੇ ਦੱਸਿਆ ਹੈ ਕਿ ਇਸ ਬਾਰੇ ਕਾਨੂੰਨ ਲਾਗੂ ਹੈ ਅਤੇ ਡਿਸਟ੍ਰਿਕਟ ਮੈਜਿਸਟਰੇਟ ਨੂੰ ਹਦਾਇਤਾਂ ਚਲੀਆਂ ਜਾਂਦੀਆਂ ਹਨ । ਤੁਸੀਂ ਵੀ ਇਤਲਾਹ ਦਿਓ ਜੇ ਕਿਤੇ ਬਗੈਰ ਇਜਾਜ਼ਤ ਦੇ ਲਾਊਡ ਸਪੀਕਰ ਵੱਜਦਾ ਹੋਵੇ । ਉਸੇ ਵੇਲੇ ਕੇਸ ਰਜਿਸਟਰ ਹੋ ਜਾਵੇਗਾ ਅਤੇ ਉਹ ਆਦਮੀ ਅੰਦਰ ਹੋ ਜਾਵੇਗਾ । (ਵਿਘਨ)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਸਵਾਲ ਦੇ 'ਅ' ਭਾਗ ਦੇ ਜਵਾਬ ਵਿਚ ਦੱਸਿਆ ਹੈ ਕਿ ਡਿਸਟ੍ਰਿਕਟ ਮੈਜਿਸਟਰੇਟਸ ਨੂੰ ਅਧਿਕਾਰ ਦਿਤੇ ਹਨ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹੋ ਜਿਹੇ ਅਧਿਕਾਰ ਦਿਤੇ ਹੋਏ ਹਨ ਕਿ ਤੁਸੀਂ ਜਿਸ ਤਰ੍ਹਾਂ ਮਰਜ਼ੀ ਹੈ ਅਸ਼ਲੀਲ ਰਿਕਾਰਡ ਵਜਾਈ ਜਾਵੋ ? ਇਨ੍ਹਾਂ ਨੇ ਕਿਹਾ ਹੈ ਕਿ ਕਮੇਟੀ ਬਣਾਈ ਹੈ ਜੋ ਕਿ ਫੈਸਲਾ ਕਰੇਗੀ, ਫਿਰ ਵੀ ਉਹ ਕਮੇਟੀ ਬਣਨ ਦੇ ਬਾਵਜੂਦ ਵੀ ਉਹ ਰਿਕਾਰਡ ਲਗਾਈ ਜਾਂਦੇ ਹਨ । ਜੇ ਤੁਸੀਂ ਆਗਿਆ ਦਿਓ ਤਾਂ ਮੈਂ ਤੁਹਾਨੂੰ ਤੁਕ ਸੁਣਾ ਸਕਦਾ ਹਾਂ ਜਿਸ ਨੂੰ ਕਿ ਤੁਸੀਂ ਸੁਣ ਨਹੀਂ ਸਕਦੇ ਅਤੇ ਸੁਣਾਈ ਨਹੀਂ ਜਾ ਸਕਦੀ ।

ਮੁੱਖ ਸੰਸਦੀ ਸਕੱਤਰ : ਇਹ ਮੇਰੇ ਦੋਸਤ ਅਸੈਂਬਲੀ ਦੇ ਮੈਂਬਰ ਵੀ ਬਣ ਗਏ ਪਰ ਇਨ੍ਹਾਂ ਨੂੰ ਇਹ ਪਤਾ ਨਹੀਂ ਕਿ ਰਿਕਾਰਡ ਦਾ ਇਸ ਸਵਾਲ ਨਾਲ ਕੋਈ ਤੁਅੱਲਕ ਨਹੀਂ ਹੈ । ਰਿਕਾਰਡ ਤਾਂ ਬੋਰਡ ਆਫ ਸੈਂਸਰ ਜੋ ਹੈ, ਉਹ ਪਾਸ ਕਰਦਾ ਹੈ ਅਤੇ ਵਜਦੇ ਹਨ, ਅਤੇ ਤੁਸੀਂ ਉਨ੍ਹਾਂ ਨੂੰ ਆਪਣੇ ਘਰ ਵੀ ਵਜਾ ਸਕਦੇ ਹੋ । ਪਰ ਸਵਾਲ ਤਾਂ ਹੋਰ ਹੈ ਅਤੇ ਉਸ ਵਾਸਤੇ ਨੁਆਇਜ਼ ਕੰਟਰੋਲ ਐਕਟ ਲਾਗੂ ਹੈ ਅਤੇ ਉਸ ਬਾਰੇ ਡਿਸਟ੍ਰਿਕਟ ਮੈਜਿਸਟਰੇਟ ਨੂੰ ਪਾਵਰਜ਼ ਹਨ । ਤੁਸੀਂ ਉਨ੍ਹਾਂ ਨੂੰ ਇਤਲਾਹ ਦਿਉ ਜੇ ਕੋਈ ਕਾਨੂੰਨ ਤੋੜਦਾ ਹੈ ਤਾਂ ਉਸ ਦੇ ਖਿਲਾਫ ਥਾਣੇ ਵਿਚ ਰਿਪੋਰਟ ਲਿਖਾਓ ਤਾਂ ਉਸਦੇ ਖਿਲਾਫ ਕੇਸ ਰਜਿਸਟਰ ਹੋ ਜਾਵੇਗਾ ।

Mr. Speaker : Question hour is over. The remaining questions shall be deemed to have been answered under rule 38 of the Rules of Procedure and Conduct of Business in the Punjab Legislative Assembly.

Original with;
Punjab Vidhan Sabha
Digitized by;
Panjab Digital Library

WRITTEN ANSWERS TO STARRED QUESTIONS LAID ON THE TABLE UNDER RULE 38

ਜ਼ਿਮੀਂਦਾਰਾ ਯੂਨੀਅਨ ਪੰਜਾਬ ਦੁਆਰਾ ਕੀਤੇ ਗਏ ਅੰਦੋਲਨ ਸਬੰਧੀ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ

2662* 1. **ਸਰਦਾਰ ਪ੍ਰਹਿਲਾਦ ਸਿੰਘ**
2. **ਗਿਆਨੀ ਕੁੰਦਨ ਸਿੰਘ ਪਤੰਗ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਜ਼ਿਮੀਂਦਾਰਾ ਯੂਨੀਅਨ ਪੰਜਾਬ ਵਲੋਂ ਖੁਰਾਕ ਜ਼ੋਨ ਖਤਮ ਕਰਨ ਲਈ ਕੀਤੇ ਗਏ ਅੰਦੋਲਨ ਸਬੰਧੀ ਰਾਜ ਸਰਕਾਰ ਦੁਆਰਾ ਹੁਣ ਤਕ ਕੁਲ ਕਿੰਨੇ ਵਿਅਕਤੀ ਗਿਰਫਤਾਰ ਕੀਤੇ ਗਏ ?

ਗਿਆਨੀ ਜ਼ੈਲ ਸਿੰਘ : 633 ।

ਬਟਾਲਾ ਸ਼ਹਿਰ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਦੀਆਂ ਇਮਾਰਤਾਂ ਦੀ ਮੁਰੰਮਤ

*2636 **ਸ੍ਰੀ ਵਿਸ਼ਵਾ ਮਿੱਤਰ ਸੇਖੜੀ** : ਕੀ ਵਿਦਿਆ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ—

(ੳ) ਕੀ ਸਰਕਾਰ ਨੂੰ ਇਸ ਗੱਲ ਦਾ ਪਤਾ ਹੈ ਕਿ ਬਟਾਲਾ ਸ਼ਹਿਰ ਅਤੇ ਰਿਫਊਜ਼ੀ ਕੈਂਪ ਬਟਾਲਾ ਵਿਚ ਸਥਿਤ ਸਰਕਾਰੀ ਪ੍ਰਾਇਮਰੀ ਸਕੂਲਾਂ ਦੀਆਂ ਇਮਾਰਤਾਂ ਬਹੁਤ ਖਸਤਾ ਹਾਲਤ ਵਿਚ ਹਨ :

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿਚ ਹੋਵੇ ਤਾਂ ਸਰਕਾਰ ਉਕਤ ਸਕੂਲਾਂ ਦੀਆਂ ਇਮਾਰਤਾਂ ਠੀਕ ਤਰ੍ਹਾਂ ਮੁਰੰਮਤ ਕਰਵਾਉਣ ਲਈ ਕੀ ਕਾਰਵਾਈ ਕਰਨ ਦਾ ਵਿਚਾਰ ਰਖਦੀ ਹੈ ?

ਸ੍ਰੀ ਗਰਮੇਲ ਸਿੰਘ : (ੳ) ਹਾਂ ਜੀ ਸਿਵਾਏ ਦੋ ਸਰਕਾਰੀ ਇਮਾਰਤਾਂ ਦੇ?

(ਅ) ਇਨ੍ਹਾਂ ਇਮਾਰਤਾਂ ਦੀ ਮੁਰੰਮਤ ਸਬੰਧਤ ਮਾਲਕਾਂ/ਪੰਚਾਇਤਾਂ ਵਲੋਂ ਕਰਵਾਉਣ ਲਈ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ ।

ਸਹਾਇਕ ਡਾਇਰੈਕਟਰ ਪ੍ਰੀਖਿਆਵਾਂ (ਉਦਯੋਗਿਕ ਸਿਖਿਆ) ਪੰਜਾਬ ਵਿਰੁਧ ਯਾਦ ਪੱਤਰ

*2811 1. **ਕਾਮਰੇਡ ਰਾਜ ਕੁਮਾਰ**
2. **ਕਾਮਰੇਡ ਦਾਨਾ ਰਾਮ**
3. **ਕਾਮਰੇਡ ਮਹਿਤਾਬ ਸਿੰਘ** : ਕੀ ਲੋਕ ਸਿਹਤ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ ਕੀ ਕਿਸੇ ਵਿਧਾਇਕ ਨੇ ਉਨ੍ਹਾਂ ਨੂੰ 16 ਜੁਲਾਈ,1974 ਨੂੰ ਕੋਈ ਯਾਦ ਪੱਤਰ ਦਿਤਾ ਜਿਸ ਵਿਚ ਸਹਾਇਕ ਡਾਇਰੈਕਟਰ ,ਪ੍ਰੀਖਿਆਵਾਂ (ਉਦਯੋਗਿਕ ਸਿਖਿਆ), ਪੰਜਾਬ ਵਿਰੁਧ ਦੋਸ਼ ਲਗਾਏ ਹੋਏ ਹਨ, ਜੇਕਰ ਅਜਿਹਾ ਹੋਵੇ ਤਾਂ ਉਸ ਤੇ ਕੀ ਕਾਰਵਾਈ ਕੀਤੀ ਗਈ ?

ਸ੍ਰੀ ਮੋਹਨ ਸਿੰਘ ਜਲਾਲਉਸਮਾਂ : ਹਾਂ ਜੀ ।ਇਹ ਕਾਰਵਾਈ ਅਧੀਨ ਹੈ ਜੀ ।

Original with;
Punjab Vidhan Sabha
Digitized by;
Panjab Digital Library

ਦਾਖਲਾ ਵਿਧਾਨ ਸਭਾ ਚੋਣ ਖੇਤਰ ਵਿੱਚ ਡਿਸਪੈਂਸਰੀਆਂ ਅਤੇ ਪ੍ਰਾਇਮਰੀ ਸਿਹਤ ਕੇਂਦਰ

*2805. **ਸਰਦਾਰ ਬਸੰਤ ਸਿੰਘ ਖਾਲਸਾ** : ਕੀ ਸਿਹਤ ਅਤੇ ਪ੍ਰੀਵਾਰ ਨਿਯੋਜਨ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ—

(ੳ) ਦਾਖਾ ਵਿਧਾਨ ਸਭਾ ਚੋਣ ਖੇਤਰ ਵਿਚ ਇਸ ਸਮੇਂ ਡਿਸਪੈਂਸਰੀਆਂ ਅਤੇ ਪ੍ਰਾਇਮਰੀ ਸਿਹਤ ਕੇਂਦਰਾਂ ਦੀ ਗਿਣਤੀ ਕਿਨੀ ਹੈ ਅਤੇ ਇਹ ਜਿਨ੍ਹਾਂ ਪਿੰਡਾਂ ਵਿਚ ਸਥਿਤ ਹਨ ਉਨ੍ਹਾਂ ਦੇ ਨਾਮ ਕੀ ਕੀ ਹਨ;

(ਅ) ਉਕਤ ਪ੍ਰਾਇਮਰੀ ਸਿਹਤ ਕੇਦਰਾਂ ਅਤੇ ਡਿਸਪੈਂਸਰੀਆਂ ਵਿਚੋਂ ਹਰ ਇੱਕ ਨੂੰ ਕਿਸ ਕਿਸ ਤਾਰੀਖ ਨੂੰ ਕੰਮ ਸ਼ੁਰੂ ਕੀਤਾ ;

(ਏ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਨਹੀਂ ਵਿੱਚ ਹੈ ਤਾਂ ਉਥੇ ਡਿਸਪੈਂਸਰੀਆਂ/ ਕੇਂਦਰ ਨਾ ਖੋਲ੍ਹਣ ਦੇ ਕੀ ਕਾਰਨ ਹਨ;

(ਸ) ਕੀ ਉਕਤ ਚੋਣ ਖੇਤਰ ਵਿੱਚ ਅਜਿਹੇ ਨਵੇਂ ਕੇਂਦਰ ਅਤੇ ਡਿਸਪੈਂਸਰੀਆਂ ਖੋਲ੍ਹਣ ਦੀ ਕੋਈ ਤਜਵੀਜ਼ ਹੈ, ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਖੋਲ੍ਹੇ ਜਾਣ ਦੀ ਸੰਭਾਵਨ ਹੈ ;

(ਹ) ਕੀ ਇਹ ਠੀਕ ਹੈ ਕਿ ਦਾਖਾ ਵਿਧਾਨ ਸਭਾ ਚੋਣ ਖੇਤਰ ਵਿਚ ਪੈਂਦੇ ਪਿੰਡ ਬੀਰਮੀ ਵਿੱਚ ਡਿਸਪੈਂਸਰੀ ਖੋਲ੍ਹਣ ਸਬੰਧੀ ਜ਼ਿਲਾ ਸ਼ਿਕਾਇਤ ਕਮੇਟੀ, ਲੁਧਿਆਣਾ ਦੀਆਂ ਬੈਠਕਾਂ ਵਿਚ ਕਈ ਬਾਰੀ ਸਵਾਲ ਉਠਾਇਆ ਗਿਆ ਸੀ, ਜੇਕਰ ਅਜਿਹਾ ਹੋਵੇ, ਤਾਂ ਡਿਸਪੈਂਸਰੀ ਖੋਲ੍ਹੇ ਜਾਣ ਦੀ ਕਦੋਂ ਤੱਕ ਸੰਭਾਵਨਾ ਹੈ ?

ਸਰਦਾਰ ਬਲਬੀਰ ਸਿੰਘ : (ੳ) ਤਿੰਨ ਡਿਸਪੈਂਸਰੀਆਂ ਪਿੰਡ (i) ਦਾਖਾ (ii) ਨੂਰਪੁਰ ਬੇਟ (iii) ਬੱਡੋਵਾਲ । ਇਸ ਹਲਕੇ ਵਿਚ ਕੋਈ ਮੱਢਲਾ ਸਿਹਤ ਕੇਂਦਰ ਨਹੀਂ ਹੈ, ਭਾਵੇਂ ਇਸ ਹਲਕੇ ਨੂੰ ਦੋ ਮੁੱਢਲੇ ਸਿਹਤ ਕੇਂਦਰ ਸੁਧਾਰ ਅਤੇ ਕੁਮਕਲਾਂ ਸਰਵ ਕਰਦੇ ਹਨ ।

(ਅ) ਬੱਡੋਵਾਲ ਵਿਖੇ ਡਿਸਪੈਂਸਰੀ ਸਾਲ 1973 ਤੋਂ ਚੱਲ ਰਹੀ ਹੈ ਅਤੇ ਇਹ ਜ਼ਿਲਾ ਪ੍ਰੀਸ਼ਦ ਡਿਸਪੈਂਸਰੀ ਹੈ । ਨੂਰਪੁਰ ਬੇਟ ਡਿਸਪੈਂਸਰੀ ਪਹਿਲਾਂ ਜ਼ਿਲਾ ਪ੍ਰੀਸ਼ਦ ਡਿਸਪੈਂਸਰੀ ਸੀ । ਪਰ 1951-55 ਦੇ ਦੌਰਾਨ ਵਿਚ ਇਹ ਪ੍ਰੋਵਿਸ਼ਲਾਈਜ਼ ਕੀਤੀ ਗਈ ਸੀ । ਦਾਖਾ ਸਿਵਲ ਡਿਸਪੈਂਸਰੀ, ਜ਼ਿਲ੍ਹਾ ਪ੍ਰੀਸ਼ਦ ਦੀ ਡਿਸਪੈਂਸਰੀ ਹੈ ਅਤੇ ਕਾਫੀ ਦੇਰ ਤੋਂ ਚਲ ਰਹੀ ਹੈ । (ਠੀਕ ਮਿਤੀ ਪਤਾ ਨਹੀਂ)

(ਏ) ਜਿੱਥੋਂ ਤੱਕ ਡਿਸਪੈਂਸਰੀਆਂ ਦਾ ਸਬੰਧ ਹੈ ਸੁਆਲ ਹੀ ਪੈਦਾ ਨਹੀਂ ਹੁੰਦਾ । ਮੁੱਢਲੇ ਸਿਹਤ ਕੇਂਦਰ ਬਲਾਕ ਵਾਈਜ਼ ਖੋਲ੍ਹੇ ਜਾਂਦੇ ਹਨ ਅਤੇ ਰਾਜ ਵਿਚ ਹਰ ਇੱਕ ਸੀ.ਡੀ. ਬਲਾਕ ਵਿਚ ਘੱਟੋ ਘੱਟ ਇਕ ਮੁੱਢਲਾ ਸਿਹਤ ਕੇਂਦਰ ਹੈ । ਪਰ ਇਸ ਤਰ੍ਹਾਂ ਹੈ ਕਿ ਇਸ ਹਲਕੇ ਦੇ ਪਿੰਡਾਂ ਵਿਚ ਕੋਈ ਮੁੱਢਲਾ ਸਿਹਤ ਕੇਂਦਰ ਨਹੀਂ ਹੈ ਫਿਰ ਵੀ ਇਸ ਹਲਕੇ ਨੂੰ ਦੋ ਮੁੱਢਲੇ ਸਿਹਤ ਕੇਂਦਰ ਕੁਮਕਲਾਂ ਅਤੇ ਸੁਧਾਰ ਜੋ ਕਿ ਕੁਮ ਅਨਸਾਰ ਮਾਂਗਟ ਅਤੇ ਸੁਧਾਰ ਬਲਾਕ ਵਿਚ ਸਥਿਤ ਹਨ, ਸੇਵਾ ਕਰਦੇ ਹਨ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਸਿਹਤ ਅਤੇ ਪ੍ਰੀਵਾਰ ਨਿਯੋਜਨ]

(ਸ) ਕੋਈ ਨਵਾਂ ਮੁੱਢਲਾ ਸਿਹਤ ਕੇਂਦਰ ਖੋਲ੍ਹਣ ਦੀ ਤਜਵੀਜ਼ ਨਹੀਂ ਹੈ । ਫਿਰ ਵੀ ਰਾਜ ਵਿਚ ਨਵੀਆਂ ਡਿਸਪੈਂਸਰੀਆਂ ਖੋਲ੍ਹਣ ਦੀ ਤਜਵੀਜ਼ ਹੈ ਅਤੇ ਇਸ ਹਲਕੇ ਨੂੰ ਗੁਣ ਦੋਸ਼ ਦੇ ਆਧਾਰ ਤੇ ਵਿਚਾਰਿਆ ਜਾਵੇਗਾ ।

(ਹ) ਹਾਂ ਜੀ, ਇਹ ਸੁਆਲ ਸ੍ਰੀ ਬਸੰਤ ਸਿੰਘ ਖਾਲਸਾ, ਐਮ. ਐਲ.ਏ. ਨੇ ਜ਼ਿਲਾ ਸ਼ਿਕਾਇਤ ਕਮੇਟੀ ਲੁਧਿਆਣਾ ਵਿਚ ਉਠਾਇਆ ਸੀ । ਜਿਸ ਤਰ੍ਹਾਂ ਕਿ ਸਿਵਲ ਸਰਜਨ, ਲੁਧਿਆਣਾ ਨੇ ਦਸਿਆ ਹੈ ਪਿੰਡ ਬੀਰਮ ਵਿਚ ਡਿਸਪੈਂਸਰੀ ਖੋਲ੍ਹਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ ।

ਸਿੰਜਾਈ ਵਿਭਾਗ ਦੇ ਅੰਮ੍ਰਿਤਸਰ ਸਰਕਲ, ਡ੍ਰੇਨੇਜ ਵਿੰਗ ਦੇ ਅਧਿਕਾਰੀਆਂ । ਕਰਮਚਾਰੀਆਂ ਦੀ ਮੁਅੱਤਲੀ

*2802 1. **ਕਾਮਰੇਡ ਰਾਜ ਕੁਮਾਰ**
2. **ਕਾਮਰੇਡ ਦਾਨਾ ਰਾਮ** : ਕੀ ਸਿੰਚਾਈ ਅਤੇ ਬਿਜਲੀ ਮੰਤਰੀ ਕ੍ਰਿਪਾ ਕਰਕੇ
3. **ਕਾਮਰੇਡ ਮਹਿਤਾਬ ਸਿੰਘ** ਦੱਸਣਗੇ ਕਿ—

(ੳ) ਕੀ ਜਨਵਰੀ, 1974 ਤੋਂ ਜੁਲਾਈ, 1974 ਦੇ ਸਮੇਂ ਦੇ ਦੌਰਾਨ ਸਿੰਜਾਈ ਵਿਭਾਗ ਦੇ ਅੰਮ੍ਰਿਤਸਰ ਸਰਕਲ, ਡ੍ਰੇਨੇਜ ਵਿੰਗ ਦੇ ਕੋਈ ਅਧਿਕਾਰੀਆਂ/ਕਰਮਚਾਰੀਆਂ ਨੂੰ ਸਰਕਾਰੀ ਫੰਡਾਂ ਆਦਿ ਦੀ ਕੁਵਰਤੋਂ/ਗਬਨ ਕਰਨ ਕਾਰਨ ਚਾਰਜਸ਼ੀਟ ਅਤੇ / ਜਾਂ ਮੁਅੱਤਲ ਕੀਤਾ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਅਜਿਹੇ ਹਰ ਇੱਕ ਅਧਿਕਾਰੀ ਦੇ ਨਾਂ, ਅਹੁਦੇ ਕੀ ਕੀ ਹਨ ਅਤੇ ਉਹ ਕਿਹੜੀ ਥਾਂ ਲੱਗੇ ਹੋਏ ਹਨ ;

(ਅ) ਉਨ੍ਹਾਂ ਹਰ ਇੱਕ ਵਿਰੁੱਧ ਦੋਸ਼ਾਂ ਦਾ ਵੇਰਵਾ ਕੀ ਹੈ ;

(ਇ) ਕੀ ਉਨ੍ਹਾਂ ਨੂੰ, ਜੋ ਸੇਵਾ ਤੋਂ ਮੁਅੱਤਲ ਕੀਤੇ ਗਏ ਸਨ, ਚਾਰਜ ਸ਼ੀਟ ਦੇਣ ਤੋਂ ਬਾਅਦ ਉਨ੍ਹਾਂ ਵਿਰੁੱਧ ਜਾਂਚ ਪੜਤਾਲ ਪੂਰੀ ਹੋ ਜਾਣ ਤੋਂ ਪਹਿਲਾਂ ਬਹਾਲ ਕੀਤੇ ਜਾਣ ਦਾ ਹੁੱਕਮ ਦਿੱਤਾ ਗਿਆ ਸੀ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ;

(ਸ) ਉਪਰੋਕਤ ਭਾਗ (ਇ) ਵਿਚ ਵਰਣਿਤ ਅਧਿਕਾਰੀਆਂ/ਕਰਮਚਾਰੀਆਂ ਨੂੰ ਬਹਾਲ ਕਰਨ ਤੋਂ ਬਾਅਦ ਅਤੇ ਜਾਂਚ ਪੜਤਾਲ ਪੂਰੀ ਕੀਤੇ ਜਾਣ ਤੋਂ ਪਹਿਲਾਂ ਫਿਰ ਮੁਅੱਤਲ ਕੀਤਾ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ?

ਸ੍ਰੀ ਗੁਰਬਖਸ਼ ਸਿੰਘ ਸਿਬੀਆ: (ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤਰੀ) (ੳ) (ਅ) (ਇ) (ਸ) ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਉਤੇ ਰੱਖੀ ਜਾਂਦੀ ਹੈ ।

(ੳ) ਹੇਠ ਦਰਸਾਏ ਅੰਮ੍ਰਿਤਸਰ ਡ੍ਰੇਨੇਜ ਸਰਕਲ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਮਈ 1973 ਵਿਚ ਮੁਅੱਤਲ ਕੀਤਾ ਗਿਆ ।

ਲੜੀ ਨੰ:	ਨਾਂ	ਅਹੁਦਾ	ਪੋਸਟਿੰਗ
1.	ਸ੍ਰੀ ਕੇ.ਐਸ. ਸਿੱਧੂ	ਕਾਰਜਕਾਰੀ ਇੰਜੀਨੀਅਰ	ਭਾਖੜਾ ਮੇਨ ਲਾਈਨ ਸਰਕਲ
2.	ਸ੍ਰੀ. ਜੇ. ਐਸ. ਬੱਗਾ	ਉਪ ਮੰਡਲ ਅਫਸਰ	,, ,,
3.	ਸ੍ਰੀ. ਆਰ. ਕੇ. ਧੀਰ	,,	ਬਠਿੰਡਾ ਮੰਡਲ ਸਰਹਿੰਦ ਕੈਨਾਲ, ਸਰਕਲ ।

Original with;
Punjab Vidhan Sabha
Digitized by;
Panjab Digital Library

ਲੜੀ ਨੰ.	ਨਾਂ	ਅਹੁਦਾ	ਪੋਸਟਿੰਗ
4.	ਸ਼੍ਰੀ. ਮੁਸਤ ਰਾਮ	ਉਪ ਮੰਡਲ ਅਫਸਰ	ਅਬਹੋਰ ਮਡਲ ਸਰਹੰਦ ਕੈਨਾਲ ਸਰਕਲ
5.	ਸ਼੍ਰੀ ਜੇ. ਐਨ. ਸੂਦ	,,	ਸੰਗਰੂਰ ਡਵੀਜ਼ਨ ਸਿੰਜਾਈ ਪਟਿਆਲਾ
6.	ਸ਼੍ਰੀ ਮੋਹਨ ਸਿੰਘ	ਉਪ ਮੰਡਲ ਕਲਰਕ	ਜਲੰਧਰ ਡਰੇਨੇਜ ਮੰਡਲ
7.	ਸ਼੍ਰੀ ਸੁਰਜੀਤ ਸਿੰਘ	,,	,,
8.	ਸ਼੍ਰੀ ਦੀਵਾਨ ਚੰਦ	,,	,,
9.	ਸ਼੍ਰੀ ਅਰਜਨ ਸਿੰਘ	,,	,,
10.	ਸ਼੍ਰੀ. ਡੀ. ਆਰ, ਟੰਡਨ	ਮੰਡਲ ਅਕਾਊਂਟੈਂਟ	ਏ. ਜੀ. ਪੰਜਾਬ
11.	ਸ਼੍ਰੀ ਅਰਜਨ ਸਿੰਘ	ਭਾਗ ਅਫਸਰ	ਯੂ. ਬੀ. ਡੀ. ਸੀ
12.	ਸ਼੍ਰੀ ਸ਼ਾਮ ਲਾਲ	,,	,,
13	ਸ਼੍ਰੀ ਸਰੂਪ ਸਿੰਘ	,,	,,
14.	ਸ਼੍ਰੀ ਵਲੈਤੀ ਰਾਮ	,,	,,
15.	ਸ਼੍ਰੀ ਰਾਜਿੰਦਰ ਪਾਲ	,,	ਹਾਈਡਲ ਯੂ.ਬੀ.ਡੀ.ਸੀ.
16.	ਸ਼੍ਰੀ ਜੀਤ ਸਿੰਘ	,,	,,
17.	ਸ਼੍ਰੀ ਸੰਪੂਰਨ ਸਿੰਘ	,,	,,
18.	ਸ਼੍ਰੀ ਸੁਲੱਖਣ ਸਿੰਘ	,,	,,
19.	ਸ਼੍ਰੀ ਗੁਰਬਾਜ਼ ਸਿੰਘ	,,	ਡੀ. ਆਈ. ਪੀ. ਆਰ.
20.	ਸ਼੍ਰੀ ਇੰਦਰਜੀਤ ਸਿੰਘ ਪ੍ਰਮਾਰ	,,	,,
21.	ਸ਼੍ਰੀ ਹੁਕਮ ਚੰਦ	,,	,,
22.	ਸ਼੍ਰੀ. ਡੀ. ਐਸ. ਬਾਜਵਾ	,,	,,

ਸ਼੍ਰੀ ਵਿਜੈ ਕੁਮਾਰ ਭਾਗ ਅਫਸਰ ਦੀਆਂ ਸੇਵਾਵਾਂ ਖ਼ਤਮ ਕਰ ਦਿੱਤੀਆਂ ਗਈਆਂ ਸਨ। ਇਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਨੂੰ 2, ਐਪਰੈਲ, 74 ਨੂੰ ਬਹਾਲ ਕਰ ਦਿੱਤਾ ਗਿਆ ਸੀ । ਪਰ ਬਰਤਾਨ ਕਰਨ ਦਾ ਹੁਕਮ ਅਗਲੇ ਦਿਨ ਹੀ ਰੱਦ ਕਰ ਦਿਤਾ ਗਿਆ । ਇਨ੍ਹਾਂ ਵਿਚੋਂ ਕੁਝ ਕਰਮਚਾਰੀ 2, ਐਪਰਲ, 74 ਨੂੰ ਡਿਯੂਟੀ ਤੇ ਹਾਜ਼ਰ ਹੋ ਗਏ ਅਤੇ ਉਨ੍ਹਾਂ ਨੂੰ 25, ਜੁਲਾਈ 74 ਨੂੰ ਫੇਰ ਮੁਅੱਤਲ ਕਰ ਦਿੱਤਾ ਗਿਆ ।

(ਅ) ਚੌਕਸੀ ਵਿਭਾਗ ਵਲੋਂ ਇਨਕੁਆਇਰੀ ਕੀਤੀ ਜਾ ਰਹੀ ਹੈ । ਇਨ੍ਹਾਂ ਅਧਿਕਾਰੀਆਂ/ ਕਰਮਚਾਰੀਆਂ ਨੂੰ ਕੋਈ ਚਾਰਜ਼ ਸ਼ੀਟ ਨਹੀਂ ਦਿੱਤੇ ਗਏ ।

(ਏ) ਬਹਾਲੀ ਦੇ ਹੁਕਮ ਮੁੱਖ ਇੰਜੀਨੀਅਰ (ਨਹਿਰਾਂ) ਵਲੋਂ ਕੀਤ ਵਿਭਾਗ ਇਨਕੁਆਇਰੀ ਮਗਰੋਂ ਕੀਤੇ ਗਏ ਸਨ ਕਿਉਂ ਜੋ ਇਹਨਾਂ ਅਧਿਕਾਰੀਆਂ/ਕਰਮਚਾਰੀਆਂ ਨੂੰ ਮੁਅੱਤਲੀ ਵਿਚ 6 ਮਹੀਨੇ ਤੋਂ ਵੱਧ ਸਮਾਂ ਹੋ ਚੁਕਾ ਸੀ ।

(ਸ) ਬਹਾਲੀ ਦੇ ਹੁੱਕਮ ਅਗਲੇ ਦਿਨ ਹੀ ਰੱਦ ਕਰ ਦਿੱਤੇ ਗਏ ਕਿਉਂਕਿ ਚੌਕਸੀ ਵਿਭਾਗ ਦੀ ਰਿਪੋਰਟ ਅਨੁਸਾਰ ਉਨ੍ਹਾਂ ਪਾਸ ਅਧਿਕਾਰੀਆਂ/ਕਰਮਚਾਰੀਆਂ ਵਿਰੁਧ ਕਾਫੀ ਸਮੱਗਰੀ ਹੈ । ਭਾਵੇਂ ਕੁਝ ਅਧਿਕਾਰੀ / ਕਰਮਚਾਰੀ ਪਹਿਲਾਂ ਹੀ ਹਾਜ਼ਰ ਹੋ ਗਏ ਸਨ ਉਨ੍ਹਾਂ ਨੂੰ ਫੇਰ ਮੁਅੱਤਲ ਕਰ ਦਿਤਾ ਗਿਆ ।

Original with;
Punjab Vidhan Sabha
Digitized by;
Panjab Digital Library

ਥਾਣਾ ਮੋਰਿੰਡਾ, ਜ਼ਿਲਾ ਰੋਪੜ ਵਿਚ ਰਜਿਸਟਰ ਕੀਤਾ ਗਿਆ ਚੋਰੀ ਦਾ ਕੇਸ

*2785. **ਸਰਦਾਰ ਗੁਰਦੇਵ ਸਿੰਘ ਸਿੱਧੂ** : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਥਾਣਾ ਮੋਰਿੰਡਾ, ਜ਼ਿਲਾ ਰੋਪੜ ਵਿਚ 18 ਅਪਰੈਲ, 74 ਨੂੰ ਸ਼ੂਗਰ ਮਿਲਜ਼, ਮੋਰਿੰਡਾ ਵਿਚੋਂ 20,000 ਰੁਪਏ ਦੀ ਚੋਰੀ ਦੇ ਰਜਿਸਟਰ ਕੀਤੇ ਗਏ ਕੇਸ ਸਬੰਧੀ ਕੋਈ ਗ੍ਰਿਫਤਾਰੀ ਕੀਤੀ ਗਈ ਹੈ ਜੇਕਰ ਅਜਿਹਾ ਹੋਵੇ ਤਾਂ ਪੁਲਿਸ ਅਧਿਕਾਰੀਆਂ ਨੇ ਉਕਤ ਕੇਸ ਵਿਚ ਕੀ ਤਰੱਕੀ ਕੀਤੀ ਹੈ ?

ਗਿਆਨੀ ਜ਼ੈਲ ਸਿੰਘ : ਹਾਂ ਜੀ । ਇਹ ਕੇਸ ਜ਼ੇਰ ਦਫ਼ਾ 406 ਹਿ: ਡੰ: ਅਧੀਨ ਦਰਜ ਹੋਇਆ । ਇਸ ਵਿਚ ਇਕ ਵਿਅਕਤੀ ਗ੍ਰਿਫਤਾਰ ਕੀਤਾ ਗਿਆ । ਪੁਲਿਸ ਗੁੰਮਸ਼ਦਾ ਰਕਮ ਦੀ ਬਰਾਮਦਗੀ ਲਈ ਪੂੱਛ ਗਿੱਛ ਕਰ ਰਹੀ ਹੈ ।

ਅਨੁਸੂਚਿਤ ਜਾਤੀਆਂ ਦੀਆਂ ਲੜਕੀਆਂ ਅਤੇ ਔਰਤਾਂ ਦੇ ਅਗਵਾ ਅਤੇ ਜਬਰ ਜਨਾਹ ਦੇ ਕੇਸ

*2788 **ਸਰਦਾਰ ਗੁਰਦੇਵ ਸਿੰਘ ਸਿੱਧੂ** : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ—

(ੳ) ਰਾਜ ਵਿਚ 1 ਜਨਵਰੀ, 1973 ਤੋਂ 31 ਜੁਲਾਈ, 74 ਤੱਕ ਦੇ ਸਮੇਂ ਦੇ ਦੌਰਾਨ ਪੁਲਿਸ ਪਾਸ ਅਨੁਸੂਚਿਤ ਜਾਤੀਆਂ ਦੀਆਂ ਲੜਕੀਆਂ ਅਤੇ ਔਰਤਾਂ ਨੂੰ ਅਗਵਾ ਅਤੇ ਜਬਰ ਜਨਾਹ ਕਰਨ ਦੇ ਕਿੰਨੇ ਕੇਸ ਰਜਿਸਟਰ ਕੀਤੇ ਗਏ ;

(ਅ) ਹੁਣ ਤੱਕ ਅਗਵਾ ਕੀਤੀਆਂ ਗਈਆਂ ਅਜਿਹੀਆਂ ਕਿੰਨੀਆਂ ਲੜਕੀਆਂ ਉਨ੍ਹਾਂ ਦੇ ਮਾਪਿਆਂ/ਸਰਪ੍ਰਸਤਾਂ ਨੂੰ ਵਾਪਸ ਦਿਤੀਆਂ ਗਈਆਂ ;

(ਏ) ਅਜਿਹੇ ਕੇਸਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਚ ਕਸੂਰਵਾਰਾਂ ਨੂੰ ਅਦਾਲਤਾਂ ਨੇ ਕਸੂਰਵਾਰ ਠਹਿਰਾਇਆ ਹੈ ?

ਗਿਆਨੀ ਜ਼ੈਲ ਸਿੰਘ : (ੳ) ਅਗਵਾ ਦੇ 76 ਅਤੇ ਜਬਰ ਜਨਾਹ ਦੇ 60 ਮਾਮਲੇ ਦਰਜ ਹੋਏ ਹਨ ।

(ਅ) 69 ।

(ਏ) ਅਗਵਾ ਦੇ 3 ਅਤੇ ਜਬਰ ਜਨਾਹ ਦੇ 5 ਮਾਮਲਿਆਂ ਵਿਚ ਸਜ਼ਾਵਾਂ ਹੋ ਚੁਕੀਆਂ ਹਨ ।

STARRED QUESTION No. 2818

ਗੁਰਮੇਲ ਸਿੰਘ

D.O. No. 8018-5C 2-74/EM
Education Minister, Punjab
Chandigarh.

ਮਿਤੀ 13 ਅਗਸਤ, 1974 ।

ਵਿਸ਼ਾ:— **ਸਟਾਰਡ ਸਵਾਲ** ਨੰ: 2818 **ਵਲੋਂ** ਕਾਮਰੇਡ ਜੰਗੀਰ ਸਿੰਘ ਜੋਗਾ, ਐਮ.ਐਲ.ਏ.

ਪਿਆਰੇ ਸਪੀਕਰ ਸਾਹਿਬ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ: 2818 ਜੋ ਮਿਤੀ 13 ਅਗਸਤ, 1974 ਲਈ **ਸਵਾਲਾਂ ਦੀ ਸੂਚੀ ਵਿਚ** ਕਾਮਰੇਡ ਜੰਗੀਰ ਸਿੰਘ ਜੋਗਾ ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ

Original with;
Punjab Vidhan Sabha
Digitized by;
Panjab Digital Library

ਨਹੀਂ ਹੋਇਆ ਹੈ । ਲੰਡੀ ਦੀ ਸੂਚਨਾ ਸਬੰਧਤ ਥਾਵਾਂ ਤੋਂ ਇੱਕਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਨੂੰ 15 ਦਿਨਾਂ ਤੋਂ ਪਿਛੋਂ ਕਿਸੇ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਦਾ ਹਿਤੂ
ਸਹੀ/—
(ਗੁਰਮੇਲ ਸਿੰਘ)

ਡਾ: ਕੇਵਲ ਕ੍ਰਿਸ਼ਨ, ਸਪੀਕਰ
ਪੰਜਾਬ ਵਿਧਾਨ ਸਭਾ, ਚੰਡੀਗੜ੍ਹ ।

60,000 ਸੀਮਿੰਟ ਦੀਆਂ ਬੋਰੀਆਂ ਦੀ ਕਾਲੇ ਬਜ਼ਾਰ ਵਿਚ ਕਥਿਤ ਵਿਕਰੀ

*2714. **ਸਰਦਾਰ ਧੰਨਾ ਸਿੰਘ ਗੁਲਸ਼ਨ** : ਕੀ ਖੁਰਾਕ ਤੇ ਸਪਲਾਈਜ਼ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) ਕੀ ਇਹ ਸਰਕਾਰ ਦੇ ਧਿਆਨ ਵਿਚ ਆਇਆ ਹੈ ਕਿ ਜੂਨ/ਜੁਲਾਈ, 1974 ਦੇ ਦੌਰਾਨ ਜ਼ਿਲ੍ਹਾ ਹੁਸ਼ਿਆਰਪੁਰ ਵਿਚ 60,000 ਸੀਮਿੰਟ ਦੀਆਂ ਬੋਰੀਆਂ ਕਾਲੇ ਬਜ਼ਾਰ ਵਿਚ ਵੇਚੀਆਂ ਗਈਆਂ ਸਨ ;

(ਅ) ਕੀ ਇਹ ਠੀਕ ਹੈ ਕਿ ਉਕਤ ਸਕੈਂਡਲ ਵਿਚ ਸਿਵਲ ਸਪਲਾਈਜ਼ ਵਿਭਾਗ ਦੇ ਕੁਝ ਡੀਲਰਜ਼/ਕਰਮਚਾਰੀ ਅਤੇ ਕੁਝ ਹੋਰ ਬੰਦੇ ਫਸੇ ਹਨ ;

(ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਇਸ ਸਬੰਧ ਵਿਚ ਕੋਈ ਜਾਂਚ ਪੜਤਾਲ ਕੀਤੀ ਗਈ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ ?

ਸ੍ਰੀ ਗੁਰਦਰਸ਼ਨ ਸਿੰਘ : (ੳ) ਨਹੀਂ ।
(ਅ) ਨਹੀਂ ।
(ੲ) ਨਹੀਂ ।

ਰਾਜ ਵਿਚ ਸੀਮਿੰਟ ਦੇ 50% ਸਰਕਾਰੀ ਕੋਟੇ ਦੀ ਵੰਡ

*2661. 1. **ਸਰਦਾਰ ਪ੍ਰਹਿਲਾਦ ਸਿੰਘ**]
2. **ਗਿਆਨੀ ਕੁੰਦਨ ਸਿੰਘ ਪਤੰਗ**] ਕੀ ਖੁਰਾਕ ਅਤੇ ਸਪਲਾਈਜ਼ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) ਸਰਕਾਰ ਦੁਆਰਾ ਰਾਜ ਦੇ ਸ਼ਹਿਰਾਂ ਅਤੇ ਪਿੰਡਾਂ ਵਿਚ ਕਿਸ ਅਨੁਪਾਤ ਨਾਲ ਸੀਮਿੰਟ ਵੰਡਿਆ ਜਾਂਦਾ ਹੈ ;

(ਅ) ਕੀ ਉਕਤ ਕੋਟੇ ਦੀ ਵੰਡ ਲਈ ਸਰਕਾਰ ਦੁਆਰਾ ਕੋਈ ਕਸੌਟੀ ਅਪਣਾਈ ਗਈ ਹੈ, ਜੇਕਰ ਅਜਿਹਾ ਹੋਵੇ ਤਾਂ ਉਸ ਦਾ ਵੇਰਵਾ ਸਦਨ ਦੀ ਮੇਜ਼ ਤੇ ਰਖਿਆ ਜਾਵੇ

ਸਰਦਾਰ ਗੁਰਦਰਸ਼ਨ ਸਿੰਘ: (ੳ) ਉਤਰ ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ (ਅਨੈਕਸਚਰ ੳ) ।

(ਅ) ਹਾਂ । ਉੱਤਰ ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ । (ਐਨਕਸ਼ਚਰ ਅ)

Original with;
Punjab Vidhan Sabha
Digitized by;
Panjab Digital Library

[ਖੁਰਾਕ ਅਤੇ ਸਪਲਾਈਜ਼ ਦੇ ਰਾਜ ਮੰਤਰੀ]

ਐਨਕਸ਼ਚਰ (ਓ)

ਓ. ਪਿੰਡਾਂ ਅਤੇ ਸ਼ਹਿਰਾਂ ਵਿਚ ਸੀਮਿੰਟ ਦੀ ਵੰਡ ਹੇਠ ਪ੍ਰਕਾਰ ਕੀਤੀ ਜਾਂਦੀ ਹੈ :

ਨੰ:	ਜ਼ਿਲੇ ਦਾ ਨਾਂ	ਜਿਥੇ ਸੀਮਿੰਟ ਆਇਆ	ਸ਼ਹਿਰੀ	ਰੂਰਲ
1.	ਅੰਮ੍ਰਿਤਸਰ	ਅੰਮ੍ਰਿਤਸਰ ਤੇ ਛਿਹਰਟਾ	70%	30%
		ਜ਼ਿਲੇ ਵਿਚ ਦੂਸਰੀਆਂ ਥਾਂਵਾਂ ਤੇ	30%	70%
2.	ਬਠਿੰਡਾ	ਬਠਿੰਡਾ ਤੇ ਮਾਨਸਾ	50%	50%
		ਜਿਲੇ ਵਿਚ ਦੂਸਰੀਆਂ ਥਾਵਾਂ ਤੇ	30%	70%
3.	ਫਰੀਦਕੋਟ	ਮੋਗਾ ਮੁਕਤਸਰ ਤੇ ਕੋਟਕਪੂਰਾ	50%	50%
		ਜ਼ਿਲੇ ਵਿਚ ਦੂਸਰੀਆਂ ਥਾਵਾਂ ਤੇ	30%	70%
4.	ਫਿਰੋਜ਼ਪੁਰ	ਫਿਰੋਜ਼ਪੁਰ ਸ਼ਹਿਰ ਫਿਰੋਜ਼ਪੁਰ ਕੈਂਟ ਅਤੇ ਅਬੋਹਰ	50%	50%
		ਜ਼ਿਲੇ ਵਿਚ ਦੂਸਰੀਆਂ ਥਾਵਾਂ ਤੇ	30%	70%
5.	ਗੁਰਦਾਸਪੁਰ	ਪਠਾਨਕੋਟ ਅਤੇ ਬਟਾਲਾ	50%	50%
		ਜ਼ਿਲੇ ਵਿਚ ਦੂਸਰੀਆਂ ਥਾਵਾਂ ਤੇ	30%	70%
6.	ਹੁਸ਼ਿਆਰਪੁਰ	ਹੁਸ਼ਿਆਰਪੁਰ	50%	50%
		ਜ਼ਿਲੇ ਵਿਚ ਦੂਸਰੀਆਂ ਥਾਵਾਂ ਤੇ	30%	70%
7.	ਜਲੰਧਰ	ਜਲੰਧਰ ਸਿਟੀ ਜਲੰਧਰ ਕੈਂਟ	70%	30%
		ਜ਼ਿਲੇ ਵਿਚ ਦੂਸਰੀਆਂ ਥਾਵਾਂ ਤੇ	30%	70%
8.	ਕਪੂਰਥਲਾ	ਕਪੂਰਥਲਾ ਤੇ ਫਗਵਾੜਾ	50%	50%
		ਜ਼ਿਲੇ ਵਿਚ ਦੂਸਰੀਆਂ ਥਾਵਾਂ ਤੇ	30%	70%
9.	ਲੁਧਿਆਣਾ	ਲੁਧਿਆਣਾ	70%	30%
		ਜ਼ਿਲੇ ਵਿਚ ਦੂਸਰੀਆਂ ਥਾਵਾਂ ਤੇ	30%	70%
10.	ਪਟਿਆਲਾ	ਪਟਿਆਲਾ	70%	30%
		ਜ਼ਿਲੇ ਵਿਚ ਦੂਸਰੀਆਂ ਥਾਵਾਂ ਤੇ	30%	70%
11.	ਰੋਪੜ	ਰੋਪੜ ਜ਼ਿਲਾ ਸਿਵਾਏ ਮੋਹਾਲੀ	30%	70%
		ਮੁਹਾਲੀ	ਮੋਹਾਲੀ ਫੌਕਲ-ਪੁਆਇੰਟ ਅਤੇ ਅਰਬਨ ਅਸਟੇਟ	
12.	ਸੰਗਰੂਰ	ਸੰਗਰੂਰ ਮਲੇਰਕੋਟਲਾ ਅਤੇ ਬਰਨਾਲਾ	50%	50%
		ਜ਼ਿਲੇ ਵਿਚ ਦੂਸਰੀਆਂ ਥਾਵਾਂ ਤੇ	30%	70%

Original with;
Punjab Vidhan Sabha
Digitized by;
Panjab Digital Library

ਐਨਕਸ਼ਚਰ (ਅ)

(ਅ) ਸਰਕਾਰ ਨੇ ਜੋ ਸੀਮਿੰਟ ਦੀ ਵੰਡ ਲਈ ਮੁਰੰਮਤਾ ਅਤੇ ਪਰਾਈਵੇਟ ਉਸਾਰੀ ਲਈ ਜੋ ਹੱਦ ਮਕਰਰ ਕੀਤੀ ਹੋਈ ਹੈ ਉਹ ਹੇਠ ਪ੍ਰਕਾਰ ਹੈ :—

1. ਡੀਲਰਾਂ ਨੂੰ ਅਧਿਕਾਰ ਦਿਤਾ ਹੋਇਆ ਹੈ ਕਿ ਉਹ ਫਰੀ ਸੇਲ ਕੈਟੇਗਰੀ ਹੇਠ ਆਏ ਸੀਮਿੰਟ ਦਾ 50% ਆਪ ਵੇਚ ਸਕਦੇ ਹਨ ।

2. ਬਾਕੀ ਦੇ 50 ਸੀਮਿੰਟ ਦੀ ਹੱਦ ਥੱਲੇ ਦਰਸਾਈ ਗਈ ਹੈ ।

(ੳ) ਫੌਜੀਆਂ ਲਈ	20 %
(ਅ) ਨਵੀ ਉਸਾਰੀ ਲਈ (ਪੰਚਾਇਤਾਂ, ਮਿਉਂਨਿਸਪਲ ਕਮੇਟੀ, ਹਰੀਜਨ ਧਰਮਸ਼ਾਲਾ, ਹਸਪਤਾਲ, ਸਕੂਲ, ਕਾਲਜ, ਧਾਰਮਕ ਸੰਸਥਾਵਾਂ ਜ਼ਮੀਨ ਰਹਿਤ ਲੋਕਾਂ ਦੇ ਮਕਾਨਾਂ ਲਈ)	50%
(ੲ) ਮਰੰਮਤਾਂ	25% (5 ਬੋਰੀਆਂ ਤੋਂ ਘੱਟ ।
(ਸ) ਡੀ. ਸੀ. ਦਾ ਡਿਸਕਰੀਸ਼ਨਰੀ ਕੋਟਾ	3 %
(ਹ) ਜ਼ਿਲਾ ਖੁਰਾਕ ਤੇ ਸਪਲਾਈ ਕੰਟਰੋਲਰਾਂ ਦਾ ਡਿਸਕਰੀਸ਼ਨਰੀ ਕੋਟਾ	2%

ਨੋਟ:— ਪਰਮਿਟਾਂ ਤੇ 100 ਬੋਰੀ ਸੀਮਿੰਟ ਉਨ੍ਹਾਂ ਨੂੰ ਦੇਣਾ ਹੈ ਜਿਨ੍ਹਾਂ ਦੀ ਮਾਹਵਾਰੀ ਆਮਦਨ 500 ਰੁ. ਤੋਂ ਵੱਧ ਹੋਵੇ ਬਸ਼ਰਤੇ ਕਿ 30 ਬੋਰੀ ਤੋਂ ਇਨਸਟਾਲਮੈਂਟ ਵੱਧ ਨਾ ਹੋਵੇ ।

ਦੂਸਰੇ ਰਾਜਾਂ ਨੂੰ ਅਨਾਜ ਦੇ ਨਿਰਯਾਤ ਲਈ ਦਿੱਤੇ ਗਏ ਪਰਮਿਟ

*2303 1. **ਕਾਮਰੇਡ ਰਾਜ ਕੁਮਾਰ** ।
2. **ਕਾਮਰੇਡ ਦਾਨਾ ਰਾਮ** ।
3. **ਕਾਮਰੇਡ ਮਹਿਤਾਬ ਸਿੰਘ** J : ਕੀ ਖੁਰਾਕ ਅਤੇ ਸਪਲਾਈਜ਼ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) ਕੀ ਪੰਜਾਬ ਤੋਂ ਦੂਸਰੇ ਰਾਜਾ ਨੂੰ ਕਿਸੇ ਵੀ ਤਰ੍ਹਾਂ ਦੇ ਅਨਾਜ/ਘਟੀਆ ਕਿਸਮ ਦੇ ਅਨਾਜ ਦੀ ਨਿਰਯਾਤ/ਆਵਾਜਾਈ ਤੇ ਪਾਬੰਦੀ ਲਗਾ ਦਿੱਤੀ/ਰੋਕ ਦਿੱਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਅਜਿਹੇ ਅਨਾਜ ਕਿਹੜੇ ਕਿਹੜੇ ਹਨ ;

(ਅ) ਕੀ ਅਪ੍ਰੈਲ, 1974 ਤੋਂ ਜੂਨ, 1974 ਦੇ ਸਮੇਂ ਦੇ ਦੌਰਾਨ ਪੰਜਾਬ ਤੋਂ ਦੂਸਰੇ ਰਾਜਾਂ ਨੂੰ ਅਜਿਹੇ ਅਨਾਜ ਦੀ ਨਿਰਯਾਤ/ਆਵਾਜਾਈ ਲਈ ਕੋਈ ਪਰਮਿਟ ਜਾਰੀ ਕੀਤੇ ਗਏ ਸਨ; ਜੇ ਕਰ ਅਜਿਹਾ ਹੋਵੇ ਤਾਂ ਅਨਾਜ-ਵਾਰ ਇਸ ਤਰ੍ਹਾਂ ਹਰ ਇਕ ਪਰਮਿਟ ਕਿੰਨੀ ਕਿੰਨੀ ਮਾਤਰਾ ਲਈ ਜਾਰੀ ਕੀਤਾ ਗਿਆ ਅਤੇ ਨਿਰਯਾਤ-ਕਰਤਾਵਾਂ ਆਦਿ ਦੇ ਨਾਂ ਅਤੇ ਪਤੇ ਕੀ ਕੀ ਹਨ ;

(ੲ) ਪਰਮਿਟਾਂ ਤੇ ਅਜਿਹੇ ਅਨਾਜ ਦੀ ਨਿਰਯਾਤ ਦੇਣ ਦੇ ਕੀ ਕਾਰਨ ਹਨ?

Original with;
Punjab Vidhan Sabha
Digitized by;
Panjab Digital Library

ਸ਼੍ਰੀ ਗੁਰਦਰਸ਼ਨ ਸਿੰਘ :(ੳ) ਪੰਜਾਬ ਤੋਂ ਬਾਹਰ ਕੇਵਲ ਕਣਕ/ਝੋਨੇ ਦੇ ਨਿਰਯਾਤ/ਆਵਾਜਾਈ ਤੇ ਪਾਬੰਦੀ ਲਗੀ ਹੋਈ ਹੈ ।

(ਅ) ਅਪ੍ਰੈਲ, 1974 ਤੋਂ ਜੂਨ, 1974 ਤਕ ਦੇ ਸਮੇਂ ਦੇ ਦੌਰਾਨ ਪੰਜਾਬ ਤੋਂ ਦੂਸਰੇ ਰਾਜਾਂ ਨੂੰ ਕੇਵਲ ਕਣਕ ਹੀ ਭੇਜੀ ਗਈ ਹੈ । ਇਸ ਦੇ ਨਿਰਯਾਤ ਲਈ 7,740 ਪਰਮਿਟ ਜਾਰੀ ਕੀਤੇ ਗਏ ਜਿਨ੍ਹਾਂ ਦੇ ਵਿਰੁੱਧ 3,07,273.9 ਟਨ ਕਣਕ ਬਾਹਰ ਜਾਣ ਦੀ ਆਗਿਆ ਦਿੱਤੀ ਗਈ ਹੈ । ਜਿੱਥੋਂ ਤਕ ਹਰ ਇਕ ਪਰਮਿਟ ਦੀ ਮਾਤਰਾ ਅਤੇ ਨਿਰਯਾਤ ਕਰਤਾਵਾਂ ਆਦਿ ਦੇ ਨਾਂ ਅਤੇ ਪਤੇ ਦੱਸਣ ਦਾ ਸਵਾਲ ਹੈ, ਇਹ ਦੱਸਿਆ ਜਾਂਦਾ ਹੈ ਕਿ ਇਹਨਾ ਨੂੰ ਇੱਕਤਰ ਕਰਨ ਤੇ ਜੋ ਮੇਹਨਤ ਅਤੇ ਵਕਤ ਦਰਕਾਰ ਹੋਵੇਗਾ ਉਹ ਇਸ ਤਰ੍ਹਾਂ ਹੋਣ ਵਾਲੇ ਲਾਭ ਦੇ ਅਨੁਕੂਲ ਨਹੀ ਹੋਵੇਗਾ ।

(ਏ) ਇਹ ਪਰਮਿਟ ਇਨ੍ਹ ਕਾਰਨਾਂ ਕਰਕੇ ਜਾਰੀ ਕੀਤੇ ਗਏ :—

1. ਲਾਇਸੈਂਸਧਾਰੀ ਵਪਾਰੀਆਂ ਨੂੰ ਕਣਕ ਘਾਟੇ ਵਾਲੇ ਰਾਜਾਂ ਨੂੰ ਲਿਜਾਣ ਲਈ ।

2. ਦਾਨ ਵਿਚ ਧਾਰਮਿਕ ਇਸਤੇਮਾਲ ਲਈ ਦਿੱਤੀ ਕਣਕ ਪੰਜਾਬ ਤੋਂ ਬਾਹਰ ਜਾਣ ਲਈ ।

3. ਖਪਤਕਾਰ ਜੋ ਦੂਜਿਆਂ ਰਾਜਾਂ ਵਿਚ ਰਹਿ ਰਹੇ ਹਨ, ਆਪਣੀ ਉਪਜ ਵਿਚੋਂ ਪਰਵਾਰ ਦੀ ਘਰੇਲੂ ਵਰਤੋਂ ਲਈ ਕਣਕ ਆਪਣੀ ਰਿਹਾਇਸ਼ੀ ਥਾਂ ਤੇ ਲਿਜਾਣ ਲਈ ।

ਰਾਜ ਵਿਚ ਸਹਾਇਕ ਜ਼ਿਲ੍ਹਾ ਅਟਾਰਨੀਜ਼

*2646. **ਸ਼੍ਰੀ ਵਿਸ਼ਵਾ ਮਿੱਤਰ ਸੇਮੜੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) ਰਾਜ ਵਿਚ ਸਹਾਇਕ ਜ਼ਿਲ੍ਹਾ ਅਟਾਰਨੀਜ਼, ਜਿਨ੍ਹਾਂ ਨੂੰ ਇਸ ਸਮੇਂ ਕਲਾਸ II ਅਫਸਰ ਮੰਨਿਆ ਜਾਂਦਾ ਹੈ, ਦੀ ਤਨਖਾਹ ਦਾ ਕੀ ਗਰੇਡ ਹੈ ;

(ਅ) ਕੀ ਰਾਜ ਵਿਚ ਸਹਾਇਕ ਜ਼ਿਲਾ ਅਟਾਰਨੀ ਦੀਆਂ ਅਸਾਮੀਆਂ ਗਜ਼ਟਿਡ ਹਨ ਜਾਂ ਨਾਨ-ਗਜ਼ਟਿਡ ਹਨ ;

(ਏ) ਕੀ ਸਹਾਇਕ ਜ਼ਿਲ੍ਹਾਂ ਅਟਾਰਨੀਜ਼ ਦੀਆਂ ਅਸਾਮੀਆਂ ਨੂੰ ਗਜ਼ਟਿਡ ਅਸਾਮੀਆਂ ਵਜੋਂ ਐਲਾਨ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

ਗਿਆਨੀ ਜ਼ੈਲ ਸਿੰਘ : (ੳ) ਰੁਪਏ 350-25-500/30-830/35-900, ਆਰੰਭਕ ਤਨਖਾਹ 500 ਰੁਪਏ ਪ੍ਰਤੀ ਮਹੀਨਾ ।

(ਅ) ਕਲਾਸ II ਦੀਆਂ ਅਸਾਮੀਆਂ ਗਜ਼ਟਿਡ ਹਨ ਅਤੇ ਗਰੇਡ II ਦੀਆਂ ਅਸਾਮੀਆਂ ਨਾਨ ਗਜ਼ਟਿਡ ਹਨ ।

(ਏ) ਨਹੀ ਜੀ ।

Original with;
Punjab Vidhan Sabha
Digitized by;
Panjab Digital Library

ਰਾਜ ਵਿਚ ਜਨਵਰੀ, 1974 ਦੇ ਦੌਰਾਨ ਕੁਝ ਫਾਉਂਡਰੀਆਂ ਨੂੰ ਪੱਥਰ ਦੇ ਕੋਇਲੇ (ਹਾਰਡ ਕੋਕ) ਦਾ ਕੋਟਾ ਨਾ ਦੇਣਾ

*2640. **ਸ਼੍ਰੀ ਵਿਸ਼ਵਾ ਮਿੱਤਰ ਸੇਖੜੀ** : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਰਾਜ ਵਿਚ ਕੁਝ ਫਾਉਂਡਰੀਆਂ ਨੂੰ ਜਨਵਰੀ, 1974 ਦੇ ਦੌਰਾਨ ਉਨ੍ਹਾਂ ਦੇ ਪੱਥਰ ਦੇ ਕੋਇਲੇ (ਹਾਰਡ ਕੋਕ) ਦਾ ਕੋਟਾ ਨਹੀਂ ਦਿਤਾ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਇਸਦੇ ਕੀ ਕਾਰਨ ਹਨ;

(ਅ) ਕੀ ਉਕਤ ਹਵਾਲਾ ਦਿਤੀਆਂ ਫਾਉਂਡਰੀਆਂ ਨੂੰ ਜੁਲਾਈ ਤੋਂ ਦਸੰਬਰ,1974 ਦੇ ਸਮੇਂ ਲਈ ਪੱਥਰ ਦੇ ਕੋਇਲੇ ਦੀ ਅਲਾਟਮੈਂਟ ਕਰਦਿਆਂ, ਮੁਆਵਜ਼ਾ ਦੇਣ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਕਿਸ ਹੱਦ ਤਕ?

ਗਿਆਨੀ ਜ਼ੈਲ ਸਿੰਘ : (ੳ) ਹਾਂ ਜੀ। ਰਾਜ ਸਰਕਾਰ ਨੇ ਕੋਲ ਕੰਟਰੋਲਰ, ਕਲਕਤਾ ਨੂੰ ਰਾਜ ਦੇ ਮਿਥੇ ਮਾਸਿਕ ਕੋਟੇ ਅਨੁਸਾਰ 444 ਵੈਗਨਾਂ ਦੀ ਅਲਾਟਮੈਂਟ ਲਈ ਸਿਫਾਰਸ਼ਾਂ ਮਿਤੀ 30 ਨਵੰਬਰ, 73 ਨੂੰ ਜਨਵਰੀ, 1974 ਲਈ ਪਹੁੰਚਾ ਦਿਤੀਆਂ ਸਨ। ਪਰ ਕੋਲ ਕੰਟਰੋਲਰ ਨੇ ਜਨਵਰੀ, 1974 ਵਾਸਤੇ ਵਿਭਾਗ ਵਲੋਂ ਕੀਤੀਆਂ ਸਿਫਾਰਸ਼ਾਂ ਨੂੰ ਨਜ਼ਰ ਅੰਦਾਜ਼ ਕਰਕੇ ਆਪਣੀ ਮਰਜ਼ੀ ਅਨੁਸਾਰ ਬਲਕ ਜਾਰੀ ਕਰਕੇ ਵਿਭਾਗ ਨੂੰ ਸੂਚੀ ਭੇਜ ਦਿਤੀ। ਕੋਲ ਕੰਟਰੋਲਰ ਵਲੋਂ ਜਨਵਰੀ, 74 ਵਾਸਤੇ ਕੀਤੀ ਐਲੋਕੇਸ਼ਨ ਵਿਚ ਕੁਝ ਉਹ ਪਾਰਟੀਆਂ ਵੀ ਸ਼ਾਮਲ ਸਨ ਜਿਨ੍ਹਾਂ ਲਈ ਵਿਭਾਗ ਨੇ ਜਨਵਰੀ, 74 ਵਾਸਤੇ ਸਿਫਾਰਸ਼ਾਂ ਕੀਤੀਆਂ ਸਨ। ਬਾਕੀ ਪਾਰਟੀਆਂ ਨੂੰ ਉਨ੍ਹਾਂ ਨੇ ਆਪਣੇ ਪੱਧਰ ਤੇ ਹੀ ਅਲਾਟਮੈਂਟ ਕੀਤੀ। ਵਿਭਾਗ ਵਲੋਂ ਕੀਤੀਆਂ ਸਿਫਾਰਸ਼ਾਂ ਅਨੁਸਾਰ ਐਲੋਕੇਸ਼ਨ ਨਾ ਕਰਨ ਬਾਰੇ ਕੋਲ ਕੰਟਰੋਲਰ ਨੇ ਕੋਈ ਕਾਰਨ ਨਹੀਂ ਦੱਸੇ।

(ਅ) ਹਾਂ ਜੀ। ਹੇਠ ਲਿਖੇ ਅਨੁਸਾਰ ਜੁਲਾਈ-ਦਸੰਬਰ, 74 ਦੇ ਕੋਟੇ ਵਿਚੋਂ ਮੁਆਵਜ਼ਾ ਦਿਤਾ ਜਾ ਰਿਹਾ ਹੈ :—

ਜਨਵਰੀ 1974 ਲਈ ਸਿਫਾਰਸ਼ ਕੀਤਾ ਗਿਆ ਕੋਟਾ ਵੈਗਨਾਂ ਵਿਚ	ਮੁਆਵਜ਼ਾ ਵੈਗਨਾਂ ਵਿਚ
ਇਕ ਵੈਗਨ ਵਾਲੇ ਨੂੰ	ਇਕ ਵੈਗਨ
ਦੋ ਵੈਗਨ ਵਾਲੇ ਨੂੰ	ਇਕ ਵੈਗਨ
ਤਿੰਨ ਵੈਗਨ ਵਾਲੇ ਨੂੰ	ਦੋ ਵੈਗਨਾਂ
ਚਾਰ ਵੈਗਨਾਂ ਵਾਲੇ ਨੂੰ	ਤਿੰਨ ਵੈਗਨਾਂ
ਪੰਜ ਤੋਂ ਅੱਠ ਵੈਗਨਾਂ ਵਾਲੇ ਨੂੰ	ਚਾਰ ਵੈਗਨਾਂ

ਭਦੌੜ ਕਸਬੇ ਨੂੰ ਸਬ-ਤਹਿਸੀਲ ਐਲਾਨ ਕਰਨ ਲਈ ਮੈਮੋਰੰਡਮ

*2776 **ਗਿਆਨੀ ਕੁੰਦਨ ਸਿੰਘ ਪਤੰਗ** : ਕੀ ਮਾਲ ਅਤੇ ਚੋਣਾਂ ਦੇ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ ਮੁੱਖ ਮੰਤਰੀ ਨੂੰ ਸ਼ੇਹਨਾ ਅਤੇ ਭਦੌੜ, ਜ਼ਿਲਾ ਸੰਗਰੂਰ ਦੀ ਜਨਤਾ ਵਲੋਂ ਭਦੌੜ ਕਸਬੇ ਨੂੰ ਸਬ ਤਹਿਸੀਲ ਐਲਾਨ ਕਰਨ ਲਈ, ਮਿਤੀ 15, ਮਈ, 72 ਦੀ ਕੋਈ ਅਰਜ਼ੀ ਮਿਲੀ; ਜੇਕਰ ਅਜਿਹਾ ਹੋਵੇ, ਤਾਂ ਉਸ ਤੇ ਕੀ ਕਾਰਵਾਈ ਕੀਤੀ ਗਈ ;

(ਅ) ਉਕਤ ਕਸਬੇ ਦੇ ਕਦੋਂ ਕੁ ਤੱਕ ਸਬ-ਤਹਿਸੀਲ ਬਣਾਏ ਜਾਣ ਦੀ ਸੰਭਾਵਨਾ ਹੈ ?

Original with;
Punjab Vidhan Sabha
Digitized by;
Panjab Digital Library

ਸ. ਉਮਰਾਓ ਸਿੰਘ: (ਉ) ਹਾਂ ਜੀ, ਇਹ ਤਜਵੀਜ਼ ਪੂਰੇ ਵਿਚਾਰ ਉਪਰੰਤ ਰੱਦ ਕੀਤੀ ਗਈ। (ਅ) ਸਵਾਲ ਪੈਦਾ ਨਹੀਂ ਹੁੰਦਾ ।

ਸਰਕਾਰੀ ਕਰਮਚਾਰੀਆਂ ਦੀਆਂ ਮੰਗਾਂ ਤੇ ਵਿਚਾਰ ਕਰਨ ਲਈ ਬਣਾਈ ਗਈ ਅਫਸਰਾਂ ਦੀ ਕਮੇਟੀ ਨੂੰ ਵੱਖ ਵੱਖ ਸੰਗਠਨਾਂ ਦੁਆਰਾ ਪੇਸ਼ ਕੀਤੇ ਗਏ ਮੇਜਰਨਾਮੇ

*2819 **ਕਾਮਰੇਡ ਜੰਗੀਰ ਸਿੰਘ ਜੋਗਾ** : ਕੀ ਵਿੱਤ ਮੰਤਰੀ ਕਿਰਪਾ ਕਰਕੇ—

(ਉ) ਦੱਸਣਗੇ ਕਿ ਉਨ੍ਹਾਂ ਸੰਗਠਨਾਂ ਦੇ ਨਾਂ ਕੀ ਹਨ ਜਿਨ੍ਹਾਂ ਨੇ ਸਰਕਾਰ ਦੁਆਰਾ ਕਰਮਚਾਰੀਆਂ ਦੀਆਂ ਮੰਗਾਂ ਤੇ ਵਿਚਾਰ ਕਰਨ ਅਤੇ ਉਨ੍ਹਾਂ ਸਿਫਾਰਸ਼ਾਂ ਕਰਨ ਲਈ ਬਣਾਈ ਗਈ ਅਫਸਰਾਂ ਦੀ ਕਮੇਟੀ ਨੂੰ ਮੇਜਰਨਾਮੇ ਭੇਜੇ ਹਨ ;

(ਅ) ਉਕਤ ਹਰ ਇਕ ਸੰਗਠਨ ਦੁਆਰਾ ਭੇਜੇ ਗਏ ਮੇਜਰਨਾਮਿਆਂ ਦੀਆਂ ਕਾਪੀਆਂ ਸਦਨ ਦੀ ਮੇਜ਼ ਤੇ ਰੱਖਣਗੇ ;

(ਏ) ਦੱਸਣਗੇ ਕਿ ਉਕਤ ਕਮੇਟੀ ਦੁਆਰਾ ਸਿਫਾਰਸ਼ਾਂ ਨੂੰ ਅੰਤਮ ਰੂਪ ਦੇਣ ਲਈ ਹੁਣ ਤੱਕ ਕੀ ਕਾਰਵਾਈ ਕੀਤੀ ਗਈ, ਬੈਠਕਾਂ ਕੀਤੀਆਂ ਗਈਆਂ?

ਸ਼੍ਰੀ ਹੰਸ ਰਾਜ ਸ਼ਰਮਾ :(ਉ) ਅਤੇ (ਅ) 23 ਸੰਗਠਨਾਂ ਵੱਲੋਂ ਮੰਗਾਂ ਆਈਆਂ ਹਨ ਜਿਹੜੀਆਂ 62 ਸਫ਼ਿਆਂ ਵਿਚ ਜਾਂਦੀਆਂ ਹਨ। ਸੰਗਠਨਾਂ ਦੇ ਨਾਮ, ਨਾਲ ਲਾਏ ਹੋਏ ਸੂਚਨਾਂ ਅਨੁਲੱਗ ਵਿੱਚ ਦਿਤੇ ਗਏ ਹਨ ਅਤੇ ਮੈਂ ਪੂਰੇ 62 ਸਫਿਆਂ ਦੀਆਂ ਮੰਗਾਂ ਨੂੰ ਛਪਾਉਣਾ ਵਾਜਬ ਨਹੀਂ ਸਮਝਦਾ । ਇਨ੍ਹਾਂ ਨੂੰ ਮੈਂ ਆਪ ਚੰਗੀ ਤਰ੍ਹਾਂ ਵੇਖ ਲਿਆ ਹੈ ।

(ਏ) ਕਰਮਚਾਰੀਆਂ ਦੀਆਂ ਮੰਗਾਂ ਤੇ ਵਿਚਾਰ ਕਰਨ ਵਾਸਤੇ ਬਣਾਈ ਗਈ ਅਫ਼ਸਰਾਂ ਦੀ ਕਮੇਟੀ ਨੇ ਹੁਣ ਤੱਕ ਦਸ ਬੈਠਕਾਂ ਕੀਤੀਆਂ ਹਨ ਜਿਸ ਵਿੱਚ ਕਿ ਬੁਲਾਏ ਗਏ ਸੰਗਠਨਾਂ ਦੇ ਪ੍ਰਤਿਨਿਧੀਆਂ ਨਾਲ ਉਨ੍ਹਾਂ ਮੰਗਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਹੈ ।

ਪੰਜਾਬ ਸਰਕਾਰ ਦੇ ਅਧੀਨ ਕਰਮਚਾਰੀਆਂ ਦੇ ਵੱਖੋ ਵੱਖਰੇ ਸੰਗਠਨਾਂ ਦੀ ਸੂਚੀ ਜਿਨ੍ਹਾਂ ਤੋਂ ਸਰਕਾਰ ਦੁਆਰਾ ਅਫਸਰਾਂ ਦੀ ਬਣਾਈ ਗਈ ਕਮੇਟੀ ਦੇ ਵਿਚਾਰ ਲਈ ਬਿਨੈ ਪੱਤਰ/ਮੰਗਾਂ ਆਈਆਂ ਹਨ ।

ਲੜੀ ਨੰ:	ਸੰਗਠਨ ਦਾ ਨਾਂ	ਬਿਨੈ ਪੱਤਰ/ਮੰਗਾਂ ਦੇ ਪੰਨੇ
1.	ਪੰਜਾਬ ਸਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਢਿਲੋਂ ਗਰੁਪ)	.. 6
2.	ਇੰਡੀਅਨ ਨੈਸ਼ਨਲ ਟਰੇਡ ਯੂਨੀਅਨ ਕਾਂਗਰਸ, ਜਲੰਧਰ	.. 5
3.	ਪੰਜਾਬ ਸਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਵਾਲੀਆ ਗਰੁਪ)	.. 4
4.	ਦੀ ਕਲਾਸ 4, ਗਵਰਨਮੈਂਟ ਇਮਪਲਾਈਜ਼ ਯੂਨੀਅਨ, ਪੰਜਾਬ (ਮੁਲਖ ਰਾਜ ਗਰੁਪ)	.. 2
5.	ਦੀ ਕਲਾਸ 4 ਇਮਪਲਾਈਜ਼ ਯੂਨੀਅਨ, (ਰੁਲੀਆਂ ਰਾਮ ਗਰੁਪ)	.. 1
6.	ਪੰਜਾਬ ਸਿਵਲ ਸਕੱਤਰੇਤ ਕਲਾਸ 4, ਸਟਾਫ ਐਸੋਸੀਏਸ਼ਨ	.. 2
7.	ਪੰਜਾਬ ਸਿਵਲ ਸਕੱਤਰੇਤ ਸਟਾਫ (ਅਸਿਸਟੈਂਟਸ ਅਤੇ ਕਲਰਕਾਂ) ਐਸੋਸੀਏਸ਼ਨ	.. 2

Original with;
Punjab Vidhan Sabha
Digitized by;
Panjab Digital Library

8.	ਗਵਰਨਮੈਂਟ ਪ੍ਰਾਇਮਰੀ ਟੀਚਰਜ਼ ਐਸੋਸੀਏਸ਼ਨ, ਪੰਜਾਬ	1
9.	ਪੰਜਾਬ ਗੌਰਮਿੰਟ ਕਾਲਜ, ਲਾਬੋਰੇਟਰੀ ਸਟਾਫ ਐਸੋਸੀਏਸ਼ਨ ਬਠਿੰਡਾ	10
10.	ਇੰਡੀਅਨ ਨੈਸ਼ਨਲ ਟਰੇਡ ਯੂਨੀਅਨ ਕਾਂਗਰਸ, ਅੰਮ੍ਰਿਤਸਰ	1
11.	ਬਿਆਸ ਅਤੇ ਭਾਖੜਾ ਇੰਪਲਾਈਜ਼ ਐਸੋਸੀਏਸ਼ਨ ਤਲਵਾੜਾ ਟਾਊਨਸ਼ਿਪ	1
12.	ਪੰਜਾਬ ਸਟੇਟ ਡਿਸਟ੍ਰਿਕਟ ਆਫ਼ਿਸ ਇੰਪਲਾਈਜ਼ ਯੂਨੀਅਨ, ਜਲੰਧਰ	1
13.	ਪਰੈਜ਼ੀਡੈਂਟ, ਪੰਜਾਬ ਸਟੇਟ ਡਿਸਟ੍ਰਿਕਟ ਆਫਿਸਰਜ਼ ਇਮਪਲਾਈਜ਼ ਯੂਨੀਅਨ, ਬਠਿੰਡਾ	1
14.	ਪੰਜਾਬ ਵਿਕਟੇਮਾਈਜ਼ਡ ਇਮਪਲਾਈਜ਼ ਫੈਡਰੇਸ਼ਨ, ਅੰਮ੍ਰਿਤਸਰ	1
15.	ਕਲਾਸ 4 ਗੌਰਮਿੰਟ ਇੰਪਲਾਈਜ਼ ਯੂਨੀਅਨ, ਪੰਜਾਬ	1
16.	ਆਲ ਇੰਡੀਆ ਗੌਰਮਿੰਟ ਟੀਚਰਜ਼ ਫੋਰਮ, ਡਿਸਟ੍ਰਿਕਟ ਲੁਧਿਆਣਾ	2
17.	ਮਨਿਸਟੀਰੀਅਲ ਸਟਾਫ ਐਸੋਸੀਏਸ਼ਨ, ਫੂਡ ਐਂਡ ਸਪਲਾਈ, ਪੰਜਾਬ, ਚੰਡੀਗੜ੍ਹ	2
18.	ਜਲ ਖੋਜ ਵਿਭਾਗ ਕਰਮਚਾਰੀ ਯੂਨੀਅਨ, ਪਠਾਨਕੋਟ	2
19.	ਦੀ ਪੰਜਾਬ ਡਾਇਰੈਕਟੋਰੇਟ, ਸੁਪਰਿੰਟੈਂਡੈਂਟਸ ਐਸੋਸੀਏਸ਼ਨ, ਚੰਡੀਗੜ੍ਹ	1
20.	ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਰਾਣਾ ਗਰੁਪ)	8
21.	ਲੇਬਰ ਯੂਨੀਅਨ ਵਾਟਰ ਵਰਕਸ ਡਿਪਾਰਟਮੈਂਟ ਬਠਿੰਡਾ	2
22.	ਜਨਰਲ ਸਕੱਤਰ, ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ, ਚੰਡੀਗੜ੍ਹ ।	1
23.	ਪੰਜਾਬ ਪੀ. ਡਬਲਯੂ. ਡੀ. ਰੋਡ ਇਨਸਪੈਕਟਰ ਯੂਨੀਅਨ, ਅੰਮ੍ਰਿਤਸਰ	5
		62

ਕਰਮਚਾਰੀਆਂ ਦੀਆਂ ਕੁੱਝ ਸ਼੍ਰੇਣੀਆਂ ਨੂੰ 1 ਫਰਵਰੀ, 1968 ਤੋਂ 21 ਜਨਵਰੀ 1971 ਤੱਕ ਦੇ ਸਮੇਂ ਲਈ ਬਕਾਇਆ ਦੀ ਅਦਾਇਗੀ

*** 2787. ਸ਼੍ਰੀ ਬਿਸ਼ੂ ਭਾਨ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਸਰਕਾਰੀ ਕਰਮਚਾਰੀਆਂ ਦੀਆਂ ਕੁਝ ਸ਼੍ਰੇਣੀਆਂ ਦੀਆਂ ਤਨਖਾਹਾਂ ਦੇ ਸਕੇਲ ਪੰਜਾਬ ਸਰਕਾਰ ਦੇ ਪੱਤਰ ਨੰ: 389 ਐਫ.ਆਰ (ਪੀ. ਆਰ ਸੀ.) 71/2955, ਮਿਤੀ 15 ਫਰਵਰੀ, 71 ਅਨੁਸਾਰ ਪਿਛਲੀ ਤਰੀਕ 1 ਫਰਵਰੀ, 68, ਤੋਂ ਦੁਹਰਾਏ ਗਏ ਸਨ, ਪ੍ਰੰਤੂ ਉਨ੍ਹਾਂ ਨੂੰ 1 ਫਰਵਰੀ, 68 ਤੋਂ 31 ਜਨਵਰੀ, 71 ਤੱਕ ਦੇ ਸਮੇਂ ਲਈ ਬਕਾਏ ਨਹੀਂ ਸਨ ਦਿਤੇ ਗਏ, ਜੇਕਰ ਅਜਿਹਾ ਹੋਵੇ ਤਾਂ ਕਰਮਚਾਰੀਆਂ ਦੀਆਂ ਅਜਿਹੀਆਂ ਸ਼੍ਰੇਣੀਆਂ ਦੇ ਨਾਂ ਕੀ ਕੀ ਹਨ;

(ਅ) ਕੀ ਇਹ ਵੀ ਠੀਕ ਹੈ ਕਿ ਕਰਮਚਾਰੀਆਂ ਦੀ ਕਿਸੇ ਸ਼੍ਰੇਣੀ ਨੇ ਬਕਾਇਆਂ ਦੀ ਨਾ ਅਦਾਇਗੀ ਦੇ ਸਰਕਾਰ ਦੇ ਫੈਸਲੇ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਚੈਲੈਂਜ ਕੀਤਾ ਅਤੇ ਅਦਾਲਤ ਨੇ ਫੈਸਲਾ ਦਿੱਤਾ ਕਿ ਸਰਕਾਰ ਦਾ ਫੈਸਲਾ ਜਿਸ ਅਧੀਨ ਇਨ੍ਹਾਂ ਕਰਮਚਾਰੀਆਂ ਨੂੰ ਇਨ੍ਹਾਂ ਦੇ ਬਕਾਇਆ ਤੋਂ ਵਾਂਝੇ ਰਖਿਆ ਗਿਆ ਹੈ ਅਵੈਧ ਅਤੇ ਬੇਅਸਰ ਹੈ ;

Original with;
Punjab Vidhan Sabha
Digitized by;
Panjab Digital Library

[ਸ਼੍ਰੀ ਬ੍ਰਿਜ ਭਾਨ]

(ਏ) ਜੇਕਰ ਉਕਤ ਭਾਗ (ਅ) ਦਾ ਉਤਰ 'ਹਾਂ' ਵਿਚ ਹੋਵੇ ਤਾਂ ਕੀ ਹਾਈਕੋਰਟ ਦੇ ਉਕਤ ਫੈਸਲੇ ਤੋਂ ਸਰਕਾਰ ਨੇ ਉਕਤ ਭਾਗ (ਅ) ਵਿਚ ਵਰਣਿਤ ਕਰਮਚਾਰੀਆਂ ਦੀ ਸ਼੍ਰੇਣੀ ਨੂੰ ਬਕਾਇਆ ਦੀ ਅਦਾਇਗੀ ਕਰਨ ਦਾ ਕੋਈ ਫੈਸਲਾ ਕੀਤਾ ਹੈ, ਜੇਕਰ ਨਹੀਂ ਤਾਂ ਇਸਦੇ ਕੀ ਕਾਰਨ ਹਨ;

(ਸ) ਕੀ ਕਰਮਚਾਰੀਆਂ ਦੀਆਂ ਉਨ੍ਹਾਂ ਸਾਰੀਆਂ ਸ਼੍ਰੇਣੀਆਂ ਨੂੰ ਜਿਨ੍ਹਾਂ ਨੂੰ ਬਕਾਇਆ ਦੀ ਅਦਾਇਗੀ ਨਹੀਂ ਸੀ ਕੀਤੀ ਗਈ, ਬਕਾਇਆਂ ਦੀ ਅਦਾਇਗੀ ਕਰਨ ਲਈ ਇਕ ਆਮ ਫੈਸਲਾ ਕਰਨ ਲਈ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ?

ਸ਼੍ਰੀ ਹੰਸ ਰਾਜ ਸ਼ਰਮਾ: (ਉ) ਹਾਂ ਜੀ, ਕਰਮਚਾਰੀਆਂ ਦੀਆਂ ਅਜਿਹੀਆਂ ਸ਼੍ਰੇਣੀਆਂ ਦੇ ਨਾਵਾਂ ਦਾ ਵੇਰਵਾ ਵਿੱਤ ਵਿਭਾਗ ਦੇ ਪੱਤਰ ਨੰ: 389—ਐਫ. ਆਰ. (ਪੀ.ਆਰ.ਸੀ)-71/2955 ਮਿਤੀ 15 ਫਰਵਰੀ, 71 ਵਿੱਚ ਹੀ ਹੈ ਜਿਸਦਾ ਹਵਾਲਾ ਪ੍ਰਸ਼ਨ ਵਿੱਚ ਦਿੱਤਾ ਗਿਆ ਹੈ ।

(ਅ) ਅਤੇ (ਏ) ਪੰਜਾਬ ਹਰਿਆਣਾ ਹਾਈਕੋਰਟ ਦਾ ਇਹ ਫੈਸਲਾ ਪੰਜਾਬ ਸਰਕਾਰ ਦੇ ਕਰਮਚਾਰੀਆਂ ਤੇ ਲਾਗੂ ਨਹੀਂ ਹੁੰਦਾ ਕਿਉਂਕਿ ਇਸ ਵਿਚ ਪੰਜਾਬ ਸਰਕਾਰ ਪਾਰਟੀ ਨਹੀਂ ਸੀ ।

(ਸ) ਪ੍ਰਸ਼ਨ ਭਾਗ (ਅ) ਅਤੇ (ਏ) ਦੇ ਆਧਾਰ ਤੇ ਕਿਸੇ ਅਜਿਹੇ ਮਾਮਲੇ ਦੀ ਤਜਵੀਜ਼ ਹਾਲੇ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ।

ਰਾਜ ਵਿਚ ਅਧਿਆਪਕਾਂ ਦੀਆਂ ਸਿਰਜੀਆਂ ਜਾਣੀਆਂ ਪ੍ਰਸਤਾਵਤ ਅਸਾਮੀਆਂ

*2820. **ਕਾਮਰੇਡ ਜੰਗੀਰ ਸਿੰਘ ਜੋਗਾ** : ਕੀ ਵਿਦਿਆ ਮੰਤਰੀ ਕ੍ਰਿਪਾ ਕਰਕੇ ਦਸੱਣਗੇ ਕਿ —

(ਉ) ਉਨ੍ਹਾਂ ਅਧਿਆਪਕਾਂ ਜਿਨ੍ਹਾਂ ਨੇ "ਪੰਜ ਲੱਖ ਅਸਾਮੀਆਂ ਦੀ ਸਕੀਮ" ਅਧੀਨ ਕੰਮ ਕੀਤਾ ਨੂੰ ਨਿਯਮਿਤ ਗ੍ਰੇਡ ਦੇਣ ਦੇ ਨਜ਼ਰੀਏ ਨਾਲ ਸਰਕਾਰ ਦਾ ਵਰਗ ਵਾਰ ਕਿੰਨੀਆਂ ਆਸਾਮੀਆਂ ਸਿਰਜਣ ਦਾ ਵਿਚਾਰ ਹੈ ;

(ਅ) ਹੁਣ ਤੱਕ ਅਜਿਹੀਆਂ ਕਿੰਨੀਆਂ ਆਸਾਮੀਆਂ ਸਿਰਜੀਆਂ ਗਈਆਂ ਹਨ ;

(ਏ) ਉਕਤ ਭਾਗ (ਉ) ਵਿੱਚ ਵਰਣਿਤ ਆਸਾਮੀਆਂ ਦੀ ਸਿਰਜਣਾ ਲਈ ਕੇਸ ਕਿਸ ਤਾਰੀਖ ਨੂੰ ਵਿੱਤ ਵਿਭਾਗ ਨੂੰ ਭੇਜਿਆ ਗਿਆ ।

(ਸ) ਵਿੱਤ ਵਿਭਾਗ ਤੋਂ ਮਨਜ਼ੂਰੀ ਲੈਣ ਲਈ ਕੀ ਕਾਰਵਾਈ ਕੀਤੀ ਗਈ ਹੈ ?

ਸ਼੍ਰੀ ਗੁਰਮੇਲ ਸਿੰਘ : (ਉ) 1. ਸਾਇੰਸ ਮਾਸਟਰਜ਼/ਮਿਸਟਰੈਸਿਜ਼ .. 1200

2. ਡੀ.ਪੀ.ਈਜ਼ .. 204

3. ਸੋਸ਼ਲ ਸਟੱਡੀ ਮਾਸਟਰਜ਼/ਮਿਸਟਰੈਸਿਜ਼ .. 1517

4. ਜੇ.ਬੀ.ਟੀ. ਟੀਚਰਜ਼ .. 2902

Original with;
Punjab Vidhan Sabha
Digitized by;
Panjab Digital Library

(ਅ) 1. ਸਾਇੰਸ ਮਾਸਟਰਜ਼/ਮਿਸਟਰੈਸਿਜ਼ .. 1200

2. ਡੀ. ਪੀ. ਈਜ਼ .. 204

3. ਸੋਸ਼ਲ ਸਟੱਡੀਜ਼ ਮਾਸਟਰਜ਼/ਮਿਸਟਰੈਸ਼ਿਜ਼ .. 100

(ਏ) ਇਹ ਕੇਸ ਪਹਿਲਾਂ ਕਰਮਵਾਰ ਮਿਤੀ 19 ਮਾਰਚ, 1974, 26 ਜੂਨ, 1974, 5 ਅਗਸਤ, 1974 ਅਤੇ 6 ਮਈ, 1974 ਨੂੰ ਵਿੱਤ ਵਿਭਾਗ ਨੂੰ ਭੇਜੇ ਸਨ । ਭਾਗ I ਅਤੇ II (ਏ) ਦੇ ਤੀਜੇ ਭਾਗ ਸਬੰਧੀ ਮਨਜ਼ੂਰੀਆਂ ਪਹਿਲਾਂ ਹੀ ਜਾਰੀ ਹੋ ਚੁੱਕੀਆਂ ਹਨ । ਬਾਕੀ ਕੈਟੇਗਰੀ ਨੰ: 3 ਦੀਆਂ ਰਹਿੰਦੀਆਂ ਆਸਾਮੀਆਂ ਅਤੇ ਕੈਟੇਗਰੀ 4 ਦੀਆਂ ਸਾਰੀਆਂ ਆਸਾਮੀਆਂ ਸਬੰਧੀ ਮਾਮਲਾ ਕੁੱਝ ਕਲੈਰੀਫੀਕੇਸ਼ਨਜ਼ ਉਪਰੰਤ ਵਿੱਤ ਵਿਭਾਗ ਨੂੰ 16 ਮਈ, 1974 ਅਤੇ 8 ਮਈ, 1974 ਨੂੰ ਭੇਜਿਆ ਗਿਆ ਹੈ । ਉਹਨਾਂ ਦੀਆਂ ਮੰਨਜ਼ੂਰੀਆਂ ਦੀ ਪ੍ਰਵਾਨਗੀ ਛੇਤੀ ਹੀ ਸੰਭਾਵਿਤ ਹੈ ।

(ਸ) ਇਸ ਮਾਮਲੇ ਨੂੰ ਛੇਤੀ ਨਿਪਟਾਉਣ ਲਈ ਵਿੱਤ ਵਿਭਾਗ ਨਾਲ ਗੱਲ ਬਾਤ ਕੀਤੀ ਗਈ ਹੈ ।

STARRED QUESTION No. 2853

D.O No, 7184-C. 5—74/

Chief Minister Punjab,

Chandigarh.

ਚੰਡੀਗੜ੍ਹ ਮਿਤੀ 12 ਅਗਸਤ, 1974 ।

ਵਿਸ਼ਾ:— ਸਟਾਰਡ ਪ੍ਰਸ਼ਨ ਨੰ: 2853 ਵੱਲੋਂ ਸਰਦਾਰ ਮਹਿੰਦਰ ਸਿੰਘ ਸਾਈਆਂ ਵਾਲਾ, ਐਮ.ਐਲ.ਏ.

ਪਿਆਰੇ ਸਪੀਕਰ ਸਾਹਿਬ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 2853 ਜੋ 13 ਅਗਸਤ, 1974 ਲਈ ਸੁਆਲਾਂ ਦੀ ਸੂਚੀ ਵਿਚ ਸ਼੍ਰੀ ਮਹਿੰਦਰ ਸਿੰਘ ਸਾਈਆਂਵਾਲਾ ਦੇ ਨਾਂ ਵੱਲੋਂ ਦਰਜ਼ ਹੈ, ਦਾ ਜੁਆਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇੱਕਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿੱਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਮਿਤੀ 14 ਅਗਸਤ, 1974 ਤੋਂ ਪਿੱਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕ੍ਰਿਪਾ ਕੀਤੀ ਜਾਵੇ ।

ਆਪ ਦਾ ਵਿਸ਼ਵਾਸ਼ਪਾਤਰ,

ਸਹੀ/-

ਜ਼ੈਲ ਸਿੰਘ

ਡਾਕਟਰ ਕੇਵਲ ਕ੍ਰਿਸ਼ਨ

ਸਪੀਕਰ, ਪੰਜਾਬ ਵਿਧਾਨ ਸਭਾ ।

Starred Question No. 2853 and reply thereto appea rs in the appendix to this Debate.

Original with;
Punjab Vidhan Sabha
Digitized by;
Panjab Digital Library

UNSTARRED QUESTIONS AND ANSWERS

ਆਲ ਇੰਡੀਆ ਨੈਸ਼ਨਲ ਫਿਟਨੈਸ ਕਾਰਪਸ ਇਮਪਲਾਈਜ਼ ਐਸੋਸੀਏਸ਼ਨ ਵੱਲੋਂ ਮੈਮਜ਼ਰਨਾਮਾ

897 ਕਾਮਰੇਡ ਸੱਤ ਪਾਲ ਡਾਂਗ : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿਛਲੇ ਛੇ ਮਹੀਨਿਆਂ ਦੇ ਦੌਰਾਨ ਉਨ੍ਹਾਂ ਨੂੰ ਆਲ ਇੰਡੀਆਂ ਨੈਸ਼ਨਲ ਫਿਟਨੈਸ ਕਾਰਪਸ ਐਮਪਲਾਈਜ਼ ਐਸੋਸੀਏਸ਼ਨ, ਨਾਰਦਰਨ ਰਿਜਨ ਵੱਲੋਂ ਉਨ੍ਹਾਂ ਦੀਆਂ ਮੰਗਾਂ ਅਤੇ ਸ਼ਿਕਾਇਤਾਂ ਸਬੰਧੀ ਕੋਈ ਮੈਮਜ਼ਰਨਾਮਾ ਮਿਲਿਆ । ਜੇਕਰ ਅਜਿਹਾ ਹੋਵੇ ਤਾਂ ਉਕਤ ਮੈਮਜ਼ਰਨਾਮਾ ਵਿੱਚ ਕੀਤੀਆਂ ਗਈਆਂ ਮੰਗਾਂ ਦਾ ਵੇਰਵਾ ਕੀ ਹੈ ਅਤੇ ਅੱਜ ਤੱਕ ਉਸ ਤੇ ਕੀ ਕਾਰਵਾਈ ਕੀਤੀ ਗਈ ਹੈ?

ਚੌਧਰੀ ਗੁਰਮੇਲ ਸਿੰਘ : ਹਾਂ ਜੀ, ਮੰਗਾਂ ਇਸ ਪ੍ਰਕਾਰ ਹਨ—

1. ਐਨ ਡੀ. ਐਸ. ਆਈਜ਼ ਨੂੰ ਸਟੇਟ ਸਰਵਿਸ ਵਿਚ ਲਗਾਉਣ ਸਮੇਂ ਮੁੱਖ ਅਧਾਰ ਉਨ੍ਹਾਂ ਦੀਆਂ ਯੋਗਤਾਵਾਂ ਨੂੰ ਰੱਖਿਆ ਜਾਵੇ ।

2. ਰਾਜ ਸਰਕਾਰ ਦੇ ਗਰੇਡਾਂ ਵਿੱਚ ਲਗਾਉਣ ਸਮੇਂ ਉਹਨਾਂ ਦੀ ਸੈਂਟਰਲ ਗੌਰਮਿੰਟ ਸਰਵਿਸ ਦਾ ਲਾਭ ਸਲਾਨਾ ਤਰੱਕੀਆਂ ਦੇ ਰੂਪ ਵਿਚ ਦਿੱਤਾ ਜਾਵੇ ।

3. ਐਨ. ਡੀ. ਐਸ. ਆਈਜ਼, ਨੂੰ ਕੇਂਦਰੀ ਸਰਕਾਰ ਸਰਵਿਸ ਤੋਂ ਰਾਜ ਸਰਕਾਰ ਸਰਵਿਸ ਵਿਚ ਤਬਦੀਲ ਕੀਤਾ ਗਿਆ ਸਮਝਿਆ ਜਾਵੇ ਅਤੇ ਰਾਜ ਸਰਕਾਰ ਦੇ ਕਰਮਚਾਰੀਆਂ ਵਿਚ ਉਹਨਾਂ ਦੀ ਸੀਨੀਅਰਤਾ ਨਿਯਤ ਕਰਨ ਸਮੇਂ ਉਹਨਾਂ ਦੀ ਸਰਵਿਸ ਕੇਂਦਰੀ ਸਰਕਾਰ ਅਧੀਨ ਗਿਣੀ ਜਾਵੇ ।

4. ਸੇਵਾ ਕਾਲ ਨੂੰ ਮੁੱਖ ਰਖਦੇ ਹੋਏ ਸਿਲੈਕਸ਼ਨ ਗਰੇਡ ਦਿੱਤੇ ਜਾਣ ।

5. ਇਹ ਲਾਭ ਉਹਨਾਂ ਨੂੰ ਪਿਛਲੀ ਮਿਤੀ ਤੋਂ ਦਿੱਤੇ ਜਾਣ ।

ਇਸ ਅਮਲੇ ਨੂੰ ਰਾਜ ਸਰਕਾਰ ਸੇਵਾ ਵਿਚ ਲਗਾਉਣ ਬਾਰੇ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।

ਜਿਥੋਂ ਤੱਕ ਜੀ. ਪੀ. ਫੰਡ ਐਡਵਾਂਸਜ਼, ਮੈਡੀਕਲ ਰੀ-ਇਮਬਰਸਮੈਂਟ ਕਲੇਮਜ਼, ਚਿਲਡਰਨ ਐਜੂਕੇਸ਼ਨ ਅਲਾਊਂਸ ਅਤੇ ਟੀਊਸ਼ਨ ਫੀਸ ਦੀ ਸਮੇਂ ਸਿਰ ਅਦਾਇਗੀ ਦਾ ਸਬੰਧ ਹੈ ਉਨ੍ਹਾਂ ਬਾਰੇ ਮੁਕੰਮਲ ਕੇਸਾਂ ਵਿਚ ਕੋਈ ਦੇਰੀ ਨਹੀਂ ਹੋ ਰਹੀ । ਕੁਝ ਕੇਸਾਂ ਵਿੱਚ ਸਲਾਨਾਂ ਤਰੱਕੀਆਂ ਜੋ ਨਿਪੁੰਨਤਾ ਰੋਕ ਤੇ ਰੁੱਕੀਆਂ ਹੋਈਆਂ ਹਨ, ਉਹਨਾਂ ਕੇਸਾਂ ਦਾ ਨਿਪਟਾਰਾ ਕੇਂਦਰੀ ਸਰਕਾਰ ਦੇ ਸਬੰਧਤ ਦਫਤਰ ਤੋਂ ਰਿਕਾਰਡ ਭਾਵ ਗੁਪਤ ਰਿਪੋਟਾਂ ਆਦਿ ਆਉਣ ਤੇ ਤੁਰੰਤ ਕੀਤਾ ਜਾਵੇਗਾ । ਇਹ ਰਿਕਾਰਡ ਪਰਾਪਤ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ । ਇਸ ਅਮਲੇ ਦੀਆਂ ਦੂਜੇ ਰਾਜਾਂ ਤੋਂ ਇਸ ਰਾਜ ਵਿਚ ਬਦਲੀ ਭਾਵੇਂ ਕੈਨਸ਼ਿੰਗ ਕਾਡਰ ਦੇ ਅਸੂਲਾਂ ਦੇ ਵਿਰੁੱਧ ਹੈ, ਫਿਰ ਵੀ ਕੰਪੈਸ਼ਨੇਟ ਗਰਾਊਂਡ ਤੇ ਅਧਾਰਿਤ ਕੇਸ ਸਪੈਸ਼ਲ ਤੌਰ ਤੇ ਨਿਪਟਾਏ ਜਾਂਦੇ ਹਨ । ਐਡੀਸ਼ਨਲ ਡੀ.ਏ. ਜਾਂ ਹੋਰ ਐਡਹਾਕ ਪੇਮੈਂਟ ਇਸ ਅਮਲੇ ਨੂੰ ਕੇਂਦਰੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੀਤੀ ਜਾਂਦੀ ਹੈ। ਐਡੀਸ਼ਨਲ ਡੀ.ਏ. ਦੀਆਂ ਦੋ ਕਿਸ਼ਤਾਂ ਕੇਂਦਰੀ ਸਰਕਾਰ ਨੇ ਇਸ ਅਮਲੇ ਨੂੰ ਦਿੱਤੀਆਂ ਸਨ ਤੇ ਉਹਨਾਂ ਦੀ ਅਦਾਇਗੀ ਹੋ ਚੁੱਕੀ ਹੈ । ਪ੍ਰਬੰਧਕੀ ਕੰਟਰੋਲ ਕੇਂਦਰੀ ਸਰਕਾਰ ਵੱਲੋਂ ਰਾਜ ਸਰਕਾਰ ਨੂੰ ਦਿੱਤੇ ਜਾਣ ਸਮੇਂ ਐਨ. ਐਫ.ਸੀ. ਸੁਪਰਵਾਈਜ਼ਰ ਦੀ ਆਸਾਮੀ ਨਹੀਂ ਦਿੱਤੀ ਗਈ । ਐਨ. ਡੀ. ਐਸ ਆਈਜ਼ ਦੀ ਐਸੋਸੀਏਸ਼ਨ ਨੂੰ ਪੂਰੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ।

———

Original with;
Punjab Vidhan Sabha
Digitized by;
Panjab Digital Library

ਰਾਜ ਵਿਚ ਨੈਸ਼ਨਲ ਫਿਟਨੈਸ ਕਾਰਪਸ ਐਮਪਲਾਈਜ਼ ਵਲੋਂ ਸ਼ਿਕਾਇਤਾਂ

898. **ਕਾਮਰੇਡ ਸੱਤ ਪਾਲ ਡਾਂਗ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਹ ਸੱਚ ਹੈ ਕਿ ਰਾਜ ਵਿਚ ਨੈਸ਼ਨਲ ਫਿਟਨੈਸ ਕਾਰਪਸ ਐਮਪਲਾਈਜ਼ ਨੇ ਸਾਲ 1973 ਅਤੇ 1974 ਦੇ ਦੌਰਾਨ ਉਹਨਾਂ ਦੀਆਂ ਤਨਖਾਹਾਂ ਦੀ ਅਦਾਇਗੀ ਵਿਚ ਦੇਰੀ ਕਰਨ, ਪੁਰਾਣੇ ਕਲੇਮ ਅਰਥਾਤ ਜੀ. ਪੀ. ਐਫ. ਪੇਸ਼ਗੀਆਂ ਦੇ ਨਿਪਟਾਰੇ, ਸਾਲਾਨਾ ਤਰੱਕੀਆਂ, ਰਿਟਾਇਰਡ ਵਿਅਕਤੀਆਂ ਨੂੰ ਗਰੈਚੂਇਟੀ ਅਤੇ ਅੰਤਰ-ਰਾਜੀ ਤਬਦੀਲੀਆਂ ਆਦਿ ਸਬੰਧੀ ਬਹੁਤ ਸਾਰੀਆਂ ਸ਼ਿਕਾਇਤਾਂ ਸਰਕਾਰ ਨੂੰ ਭੇਜੀਆਂ ਹਨ; ਜੇਕਰ ਅਜਿਹਾ ਹੋਵੇ ਤਾਂ ਉਸ ਤੇ ਕੀਤੀ ਗਈ ਕਾਰਵਾਈ ਦਾ ਵੇਰਵਾ ਕੀ ਹੈ?

ਚੌਧਰੀ ਗੁਰਮੇਲ ਸਿੰਘ : ਨੈਸ਼ਨਲ ਫਿਟਨੈਸ ਕਾਰਪਸ ਐਮਪਲਾਈਜ਼ ਦਾ ਅਮਲਾ ਕੇਂਦਰੀ ਸਰਕਾਰ ਦਾ ਅਮਲਾ ਹੈ ਅਤੇ ਇਸ ਅਮਲੇ ਦਾ ਪ੍ਰਬੰਧਕੀ ਕੰਟਰੋਲ ਕੇਂਦਰੀ ਸਰਕਾਰ ਨੇ ਪੰਜਾਬ ਸਰਕਾਰ ਨੂੰ ਮਿਤੀ 1 ਫਰਵਰੀ, 1973 ਤੋਂ ਸੌਂਪ ਦਿੱਤਾ ਸੀ। ਇਹ ਅਮਲਾ ਰਾਜ ਸਰਕਾਰ ਪਾਸ ਬਿਨਾਂ ਡੈਪੂਟੇਸ਼ਨ ਭੱਤੇ ਦੇ ਡੈਪੂਟੇਸ਼ਨ ਤੇ ਹੈ ਅਤੇ ਸਕੀਮ ਦੇ ਸਾਰੇ ਖਰਚੇ ਦੀ ਪ੍ਰਤੀਪੂਰਤੀ ਕੇਂਦਰੀ ਸਰਕਾਰ ਕਰਦੀ ਹੈ । ਪ੍ਰਬੰਧਕੀ ਕੰਟਰੋਲ ਪੰਜਾਬ ਸਰਕਾਰ ਪਾਸ ਆਉਣ ਤੋਂ ਪਹਿਲਾਂ ਇਸ ਅਮਲੇ ਦੀ ਤਨਖਾਹ ਦੇ ਬਿੱਲ ਕੇਂਦਰੀ ਸਰਕਾਰ ਦਾ ਸਬੰਧਤ ਦਫ਼ਤਰ, ਸੈਂਟਰਲ ਟਰੇਜ਼ਰੀ ਰੂਲ ਦੀ ਧਾਰਾ 217 (ਡੀ) ਅਧੀਨ, ਸੈਂਟਰਲ ਟਰੈਜ਼ਰੀ, ਚੰਡੀਗੜ੍ਹ ਨੂੰ ਮਹੀਨੇ ਦੀ 15 ਤਾਰੀਖ ਨੂੰ ਪੇਸ਼ ਕੀਤੇ ਜਾਂਦੇ ਸਨ ਤੇ ਪਾਸ ਹੋਏ ਬਿਲ 25 ਤਾਰੀਖ ਤੱਕ ਮਿਲ ਜਾਂਦੇ ਸਨ । ਬੈਂਕ ਡਰਾਫਟ ਮਨੀ-ਆਰਡਰ ਤਿਆਰ ਕਰਨ ਲਈ ਬੈਂਕ ਤੇ ਡਾਕਖਾਨੇ ਨੂੰ ਰਿਕੁਜ਼ੀਸ਼ਨਾਂ (Requisitions) ਉਸੇ ਮਹੀਨੇ ਦੀ ਆਖਰੀ ਮਿਤੀ ਤੱਕ ਭੇਜੀਆਂ ਜਾਂਦੀਆਂ ਸਨ। ਇਸ ਤਰ੍ਹਾਂ ਇਸ ਅਮਲੇ ਨੂੰ ਅਗਲੇ ਮਹੀਨੇ ਦੇ ਪਹਿਲੇ 7 ਦਿਨਾਂ ਵਿਚ ਤਨਖਾਹਾਂ ਪੁੱਜ ਜਾਂਦੀਆਂ ਸਨ । ਸਮੁੱਚੇ ਤੌਰ ਤੇ ਕੇਂਦਰੀ ਸਰਕਾਰ ਦੇ ਸਬੰਧਤ ਦਫ਼ਤਰ ਨੂੰ ਬਿਲ ਪਾਸ ਹੋਣ ਉਪਰੰਤ ਬੈਂਕ ਡਰਾਫਟ ਤਿਆਰ ਕਰਵਾਉਣ/ਮਨੀ-ਆਰਡਰ ਕਰਵਾਉਣ ਵਿੱਚ 15 ਦਿਨਾਂ ਦਾ ਸਮਾਂ ਮਿਲ ਜਾਂਦਾ ਸੀ। ਪਰ ਮਿਤੀ 1 ਫਰਵਰੀ, 1973 ਤੋਂ ਪ੍ਰਬੰਧਕੀ ਕੰਟਰੋਲ ਰਾਜ ਸਰਕਾਰ ਪਾਸ ਆਉਣ ਉਪਰੰਤ ਇਹ ਸਥਿਤੀ ਨਹੀਂ ਰਹੀ ਕਿਉਂਕਿ ਇਸ ਅਮਲੇ ਦੀ ਤਨਖਾਹ ਹੁਣ ਪੰਜਾਬ ਟਰੇਜ਼ਰੀ ਤੋਂ ਕਢਾਈ ਜਾਂਦੀ ਹੈ ਤੇ ਸੈਂਟਰਲ ਟਰੇਜ਼ਰੀ ਰੂਲ ਦੀ ਧਾਰਾ 217 (ਡੀ) ਵਾਂਗ ਪੰਜਾਬ ਟਰੇਜ਼ਰੀ ਰੂਲਜ਼ ਜਾਂ ਪੰਜਾਬ ਫਾਈਨੈਂਸ਼ੀਅਲ ਰੂਲ 5.1(2) ਪਾਰਟ-1 ਵਿੱਚ ਐਸਾ ਉਪਬੰਧ ਨਹੀਂ ਹੈ । ਇਸ ਤਰ੍ਹਾਂ ਦਾ ਉਪਬੰਧ ਪੰਜਾਬ ਫਾਈਨੈਂਸ਼ੀਅਲ ਰੂਲਜ਼ 5.1(2) ਪਾਰਟ 1 ਵਿਚ ਕਰਨ ਬਾਰੇ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ । ਉਪਰੋਕਤ ਮੁਸ਼ਕਲ ਦੇ ਬਾਵਜੂਦ ਵੀ ਤਨਖਾਹਾਂ 10 ਤਾਰੀਖ ਤੱਕ ਆਮ ਤੌਰ ਤੇ ਭੇਜ ਦਿੱਤੀਆਂ ਜਾਂਦੀਆਂ ਹਨ ।

ਜਿਥੋਂ ਤੱਕ ਜੀ. ਪੀ. ਫੰਡ ਪੇਸ਼ਗੀਆਂ ਦੇ ਨਿਪਟਾਰੇ, ਸਲਾਨਾ ਤਰੱਕੀਆਂ, ਰੀਟਾਇਰਡ ਵਿਅਕਤੀਆਂ ਨੂੰ ਗਰੈਚੂਟੀ ਦੇਣ ਦਾ ਸਬੰਧ ਹੈ, ਉਸ ਬਾਰੇ ਦਸਿਆ ਜਾਂਦਾ ਹੈ ਕਿ ਮੁਕੰਮਲ ਕੇਸਾਂ ਵਿਚ ਕੋਈ ਦੇਰੀ ਨਹੀਂ ਹੁੰਦੀ । ਕੁਝ ਕੇਸਾਂ ਵਿੱਚ ਸਲਾਨਾ ਤਰੱਕੀਆਂ ਜੋ ਨਿਪੁੰਨਤਾ ਰੋਕ ਤੇ ਰੁੱਕੀਆਂ ਹੋਈਆਂ ਹਨ ਦਾ ਨਿਪਟਾਰਾ ਗੁਪਤ ਰਿਪੋਟਾਂ ਆਦਿ ਦਾ ਮੁਕੰਮਲ ਰਿਕਾਰਡ ਕੇਂਦਰੀ ਸਰਕਾਰ ਦੇ ਸਬੰਧਤ ਦਫ਼ਤਰ ਤੋਂ ਨਾ ਪਰਾਪਤ ਹੋਣ ਕਰਕੇ ਰੁਕਿਆ ਹੋਇਆ ਹੈ । ਐਸੇ ਕੇਸਾਂ ਦਾ ਨਿਪਟਾਰਾ ਜਲਦੀ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ । ਅੰਤਰ-ਰਾਜੀ ਬਦਲੀਆਂ ਬਾਰੇ ਇਹ ਦਸਿਆ ਜਾਂਦਾ ਹੈ ਕਿ ਇਹ ਅਮਲਾ ਅਜੇ ਵੀ ਕੇਂਦਰੀ ਸਰਕਾਰ ਦਾ ਅਮਲਾ ਹੈ ਅਤੇ ਇਸ ਅਮਲੇ ਦਾ ਵੈਨਸ਼ਿੰਗ ਕਾਡਰ ਹੈ । ਇਸ ਦੇ ਕਰਮਚਾਰੀਆਂ ਦੀਆਂ ਦੂਜੇ ਰਾਜਾਂ ਤੋਂ ਇਸ ਰਾਜ ਵਿਚ ਬਦਲੀ ਭਾਵੇਂ ਵੈਨਸ਼ਿੰਗ ਕਾਡਰ ਦੇ ਅਸੂਲਾਂ ਦੇ ਵਿਰੁੱਧ ਹੈ, ਫਿਰ ਵੀ ਕੰਪੈਸ਼ਨੇਟ ਗਰਾਊਂਡ ਤੇ ਅਧਾਰਿਤ ਕੇਸ ਸਪੈਸ਼ਲ ਤੌਰ ਤੇ ਵਿਚਾਰੇ ਜਾਂਦੇ ਹਨ ।

Original with;
Punjab Vidhan Sabha
Digitized by;
Panjab Digital Library

UNSTARRED QUESTION No. 899

ਸਭਾ ਦੇ ਸੁਆਲ ਨੰ: 899, ਜੋ ਮਿਤੀ 13 ਅਗਸਤ, 1974 ਲਈ ਅਨਸਟਾਰਡ ਸੁਆਲਾਂ ਦੀ ਸੂਚੀ ਵਿੱਚ ਸ਼੍ਰੀ ਕਾਮਰੇਡ ਸੱਤ ਪਾਲ ਡਾਂਗ ਐਮ.ਐਲ.ਏ. ਦੇ ਵੱਲੋਂ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ ।

ਸਬੰਧਤ ਸੂਚਨਾਂ ਇੱਕਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ ।

ਸਹੀ/ ਗੁਰਮੇਲ ਸਿੰਘ
ਸਿਖਿਆ ਮੰਤਰੀ, ਪੰਜਾਬ ।

ਸਕੱਤਰ ਪੰਜਾਬ ਵਿਧਾਨ ਸਭਾ ।

ਗ:ਸ:ਪੱ: ਨੰ: 7792-3ਸ (ਸਿ.2)-74, ਮਿਤੀ ਚੰਡੀਗੜ੍ਹ, 12 ਅਗਸਤ, 1974 ।

ਝਾਮਪੁਰ ਬਲਾਕ ਖਰੜ ਜ਼ਿਲ੍ਹਾ ਰੋਪੜ ਦੇ ਸਾਬਕਾ ਸਰਪੰਚ ਵਿਰੁਧ ਜਾਂਚ ਪੜਤਾਲ

900 **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** :ਕੀ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਸ਼੍ਰੀ ਰਣਜੀਤ ਸਿੰਘ, ਸਾਬਕਾ ਸਰਪੰਚ ਝਾਮਪੁਰ, ਬਲਾਕ ਖਰੜ, ਜ਼ਿਲ੍ਹਾ ਰੋਪੜ ਵਿਰੁੱਧ ਕੋਈ ਜਾਂਚ ਪੜਤਾਲ ਚਲ ਰਹੀ ਹੈ ਜਾਂ ਪੂਰੀ ਹੋ ਗਈ ਹੈ, ਜੇਕਰ ਅਜਿਹਾ ਹੋਵੇ ਤਾਂ ਜਾਂਚ ਪੜਤਾਲ ਅਧੀਨ ਦੋਸ਼ਾਂ/ਜਿਨ੍ਹਾਂ ਦੋਸ਼ਾਂ ਦੀ ਜਾਂਚ ਪੜਤਾਲ ਹੋ ਰਹੀ ਹੈ, ਦਾ ਵੇਰਵਾ ਕੀ ਹੈ ਅਤੇ ਜੇ ਜਾਂਚ ਪੜਤਾਲ ਪੂਰੀ ਹੋ ਗਈ ਹੈ ਤਾਂ ਉਸ ਦੇ ਕੀ ਸਿਟੇ ਨਿਕਲੇ ;

(ਅ) ਕੀ ਉਕਤ ਜਾਂਚ ਪੜਤਾਲ ਦੇ ਨਤੀਜਿਆਂ ਦੇ ਅਧਾਰ ਤੇ ਕੋਈ ਕਾਰਵਾਈ ਕੀਤੀ ਗਈ ਹੈ ?

ਸਰਦਾਰ ਸੰਤੋਖ ਸਿੰਘ ਰੰਧਾਵਾ :(ੳ) ਹਾਂ ਜੀ। ਪੜਤਾਲ ਚਲ ਰਹੀ ਹੈ । ਪੜਤਾਲ ਅਧੀਨ ਦੋਸ਼ਾਂ ਦਾ ਵੇਰਵਾ ਨਾਲ ਨੱਥੀ ਸੂਚੀ ਵਿਚ ਦਿੱਤਾ ਜਾਂਦਾ ਹੈ ।

(ਅ) ਬਲਾਕ ਵਿਕਾਸ ਤੇ ਪੰਚਾਇਤ ਅਫਸਰ ਮਾਜਰੀ ਵੱਲੋਂ ਸ਼੍ਰੀ ਰਣਜੀਤ ਸਿੰਘ ਸਾਬਕਾ-ਸਰਪੰਚ ਨੂੰ ਪੰਜਾਬ ਗ੍ਰਾਮ ਪੰਚਾਇਤ ਐਕਟ 1952 ਦੀ ਧਾਰਾ 105 (1) (2) ਅਧੀਨ ਵਜਾ ਬਿਆਨ ਕਰੋ ਨੋਟਿਸ ਜਾਰੀ ਕੀਤਾ ਜਾ ਚੁੱਕਾ ਹੈ ਕਿ ਕਿਉਂ ਨਾ ਸਾਬਕਾ-ਸਰਪੰਚ ਪਾਸੋਂ ਪੰਚਾਇਤ ਫੰਡ ਨੂੰ ਪੁਜਾਏ ਨੁਕਸਾਨ ਦੀ ਅਸੈਸਮੈਂਟ ਕਰਕੇ ਉਨ੍ਹਾਂ ਪਾਸੋਂ ਵਸੂਲੀ ਕੀਤੀ ਜਾਵੇ । ਇਥੇ ਇਹ ਵੀ ਦਸਿਆ ਜਾਂਦਾ ਹੈ ਕਿ ਝਾਮਪੁਰ ਪੰਚਾਇਤ ਮਾਜਰੀ ਬਲਾਕ ਵਿਚ ਹੈ ਨਾ ਕਿ ਖਰੜ ਬਲਾਕ ਵਿਚ ਜਿਵੇਂ ਕਿ ਸਵਾਲ ਵਿਚ ਦਰਜ਼ ਹੈ ।

ਸਾਬਕਾ ਸਰਪੰਚ ਸ਼੍ਰੀ ਰਣਜੀਤ ਸਿੰਘ ਵਿਰੁੱਧ ਦੋਸ਼ਾਂ ਦੀ ਸੂਚੀ

(1) 300 ਰੁਪਏ ਦੀ ਰਕਮ 14 ਮਾਰਚ, 1965 ਨੂੰ ਹਰੀਜਨਾਂ ਦੇ ਖੂਹ ਲਈ ਕੀਤੇ ਖਰਚ ਕੈਸ਼ ਬੁਕ ਵਿੱਚ ਦੱਸੇ ਹਨ। ਪਰ ਖੂਹ ਨਹੀਂ ਲਾਇਆ ਗਿਆ । ਪੰਚਾਇਤ ਫੰਡ ਦਾ ਗਬਨ ਕੀਤਾ ਹੈ ।

Original with;
Punjab Vidhan Sabha
Digitized by;
Panjab Digitization Proj...

(2) 250 ਰੁਪਏ ਬੱਚਿਆਂ ਦੇ ਪਾਰਕ ਤੇ ਖਰਚ ਕੀਤੇ ਦੱਸੇ ਗਏ ਹਨ । ਇਹ ਖਰਚ ਵੀ ਬੋਗਸ ਹੈ ।

(3) 15 ਮਈ, 1962 ਨੂੰ 158 ਰੁ: 13 ਪੈਸੇ ਦੀ ਦੋਹਰੀ ਅਦਾਇਗੀ ਸ਼੍ਰੀ ਰਾਮ ਪਰਸ਼ਾਦ ਨੂੰ ਕੀਤੀ ਗਈ ਜਿਸ ਦੇ ਲਈ ਸਾਬਕਾ-ਸਰਪੰਚ ਜ਼ਿਮੇਵਾਰ ਹੈ ।

(4) 1962 ਤੋਂ 1966 ਤੀਕ 255 ਰੁਪਏ 24 ਪੈਸੇ ਰੇਡੀਓ ਦੀ ਬੈਟਰੀ ਤੇ ਮੁਰਮੰਤ ਲਈ ਖਰਚ ਕੀਤੇ ਦੱਸੇ ਗਏ ਹਨ । ਡਾਕਖਾਨੇ ਦੇ ਅਧਿਕਾਰੀਆਂ ਨੂੰ ਰੇਡੀਓ ਦੇ ਲਾਈਸੈਂਸ ਲਈ ਕੋਈ ਫੀਸ ਨਹੀਂ ਦਿੱਤੀ । ਰੇਡੀਓ ਨਵੇਂ ਚੁਣੇ ਸਰਪੰਚ ਨੂੰ ਚਾਰਜ ਵਿਚ ਨਹੀਂ ਦਿੱਤਾ ਗਿਆ । ਇਸ ਤਰ੍ਹਾਂ ਰਕਮ ਗਬਨ ਕੀਤੀ ਗਈ ਹੈ।

(5) 25 ਦਸਬੰਰ, 1965 ਨੂੰ ਕੀਤੇ ਗਏ ਟੋਟਲ ਵਿਚ 63 ਰੁਪਏ ਦਾ ਫਰਕ ਹੈ ਤੋ ਹੇਰਾ ਫੇਰੀ ਜਾਪਦੀ ਹੈ ।

(6) ਜੁਰਮਾਨੇ ਤੇ ਫ਼ੀਸਾਂ ਵੱਜੋਂ 40 ਰੁਪਏ 25 ਨਵੇਂ ਪੈਸੇ ਸਰਪੰਚ ਨੂੰ ਚਾਰਜ ਵਿਚ ਨਹੀਂ ਦਿੱਤੇ ਗਏ ।

(7) 14 ਜੂਨ, 1970 ਨੂੰ ਮਿਟੀ ਪੁਆਉਣ ਲਈ 216 ਰੁਪਏ ਖਰਚੇ ਗਏ ਦਸੇ ਹਨ । ਰਿਕਾਰਡ ਤੇ ਕੋਈ ਪਤਾ ਨਹੀਂ ਚਲਦਾ ਕਿ ਮਿਟੀ ਪੁਆਈ ਗਈ ਹੈ ਜਾਂ ਨਹੀਂ ।

(8) 1,000 ਰੁਪਿਆ ਸਕੂਲ ਦੀ ਇਮਾਰਤ ਤੇ ਖਰਚ ਕੀਤਾ ਦਸਿਆ ਹੈ । ਪਿੰਡ ਵਾਲਿਆਂ ਤੋਂ ਪੰਚਾਇਤ ਤੋਂ ਅਤੇ ਸਕੂਲ ਦੇ ਇਨਚਾਰਜ ਤੋਂ ਪਤਾ ਚਲਿਆ ਹੈ ਕਿ ਸਕੂਲ ਦੀ ਇਮਾਰਤ ਤੇ ਕੋਈ ਖਰਚ ਨਹੀਂ ਕੀਤਾ । ਖਰਚ ਬੋਗਸ ਹੈ ।

(9) 20 ਅਕਤੂਬਰ, 1970 ਨੂੰ 750 ਰੁਪਏ ਪਿੰਡ ਬਢੇੜੀ ਦੇ ਸ਼੍ਰੀ ਹਾਕਮ ਸਿੰਘ ਨੂੰ ਦਿਤੇ । ਇਹ ਬੋਗਸ ਅਦਾਇਗੀ ਸੀ ।

(10) ਪਿੰਡ ਬਢੇੜੀ ਦੇ ਸ਼੍ਰੀ ਉਜਾਗਰ ਸਿੰਘ ਨੂੰ ਮਿੱਟੀ ਪੁਆਉਣ ਦੇ 350 ਰੁਪਏ ਦਿੱਤੇ । ਇਸ ਤਰ੍ਹਾਂ ਦਾ ਕੋਈ ਕੰਮ ਨਹੀਂ ਕੀਤਾ ਗਿਆ । ਖਰਚ ਬੋਗਸ ਹੈ ।

(11) 290 ਰੁਪਏ ਮਾਡਲ ਸਕੂਲ ਝਾਮਪੁਰ ਦੇ ਉਦਘਾਟਨ, ,ਜਿਹੜਾ ਉਪ-ਮੰਤਰੀ ਕੁਆਪ-ਰੇਟਿਵ ਸੁਸਾਇਟੀ ਸ਼੍ਰੀ ਸੁਰਜੀਤ ਸਿੰਘ ਨੇ ਕੀਤਾ, ਦੇ ਸਮੇਂ ਸ਼੍ਰੀ ਸਵਰਨ ਸਿੰਘ ਨੂੰ ਨਜਾਇਜ਼ ਦਿੱਤੇ ਗਏ ।

(12) 29 ਅਕਤੂਬਰ, 1970 ਨੂੰ ਸ਼੍ਰੀ ਪੀਰ ਦਇਆ ਨੂੰ 188 ਰੁਪਏ ਦਿੱਤੇ । ਰਸੀਦ ਤੇ ਪਰਾਪਤ ਕਰਤਾ ਦੇ ਹਸਤਾਖਰ ਨਹੀਂ । ਇਹ ਖਰਚ ਬੋਗਸ ਕੀਤਾ ਗਿਆ ।

(13) 2000 ਇਟਾਂ 190 ਰੁਪਏ ਦੀਆਂ ਤੇ 6 ਥੈਲੇ ਸੀਮਿੰਟ 66 ਰੁਪਏ ਦੇ ਝਾਮਪੁਰ ਨਵਾਸੀ ਸ਼੍ਰੀ ਮਹਿੰਦਰ ਸਿੰਘ ਪਾਸੋਂ ਖਰੀਦੇ ਜਿਹੜਾ ਕਿ ਨਾ ਇਟਾਂ ਦੇ ਭੱਠੇ ਦਾ ਕੰਟਰੈਕਟਰ ਹੈ ਨਾ ਡੀਪੂ-ਹੋਲਡਰ ਹੈ । ਖਰਚ ਬੋਗਸ ਜਾਪਦਾ ਹੈ ।

(14) "ਮਾੜੀ" ਦੇ ਪਲੇਟ ਫਾਰਮ ਤੇ ਮਾੜੀ ਤੋਂ ਪਰਾਪਤ ਹੋਈ ਆਮਦਨੀ ਤੇ ਖਰਚ ਕੀਤਾ ਪੰਚਾਇਤ ਫੰਡ ਤੇ ਇਹ ਖਰਚ ਕੀਤਾ ਨਜਾਇਜ਼ ਦਸਿਆ ।

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਵਿਕਾਸ]

(15) ਮਿਸਤਰੀ ਬੇਅੰਤ ਸਿੰਘ ਨੂੰ ਨਲਕੇ ਲਈ 157 ਰੁਪਏ ਦਿਤੇ ਪਰ ਨਲਕਾ ਨਹੀਂ ਲਗਵਾਇਆ ਗਿਆ ।

(16) 411 ਰੁਪਏ 83 ਪੈਸੇ ਦੀ ਰਕਮ ਖਰਚ ਕੀਤੇ ਕੈਸ਼ ਬੁਕ ਦੇ ਪੇਜ 27 ਤੇ ਦਰਜ ਹੈ ਪਰ ਇਸ ਸਬੰਧ ਵਿਚ ਕੋਈ ਰਿਕਾਰਡ ਨਹੀਂ । ਇਸ ਤਰ੍ਹਾਂ ਹੇਠ ਦਰਜ ਰਕਮਾਂ ਦੀ ਅਦਾਇਗੀ ਬਿਨਾਂ ਰਸੀਦਾਂ ਤੇ ਕੀਤੀ ਗਈ ਹੈ—

ਕੈਸ਼ ਬੁਕ ਦਾ ਪੰਨਾ	ਰਕਮ ਰੁ:
2	.. 91.84
18	.. 350.00
4	.. 53.00
21	.. 400.00

(17) 1,000 ਰੁਪਿਆ ਸ਼੍ਰੀ ਬੂਟਾ ਸਿੰਘ ਨੇ ਜਿਹੜੇ ਹੁਣ ਮਲਾਇਆ ਵਿਚ ਹਨ ਪੰਚਾਇਤ ਨੂੰ ਦਾਨ ਦਿਤੀ ਪਰ ਇਹ ਰਕਮ ਕੈਸ਼ ਬੁਕ ਵਿਚ ਦਰਜ ਨਾ ਕਰਕੇ ਗਬਨ ਕਰ ਲਿਆ ਗਿਆ ।

(18) 1,000 ਰੁਪਏ ਦੀ ਰਕਮ ਸਰਵਸ਼੍ਰੀ ਗੁਰਦਿੱਤ ਸਿੰਘ ਤੇ ਜਗਤ ਸਿੰਘ ਤੋਂ ਪਰਾਪਤ ਕੀਤੀ ਪਰ ਕੈਸ਼ ਬੁਕ ਵਿਚ ਦਰਜ ਨਹੀਂ ਕੀਤੀ

(19) 3200/- ਰੁਪਏ ਖੇਤੀਬਾੜੀ ਸੁਸਾਇਟੀ ਨੇ ਦਿੱਤੇ ਦੇ ਇਹ ਰਕਮ ਵੀ ਕੈਸ਼ ਬੁਕ ਵਿਚ ਦਰਜ਼ ਨਹੀਂ ਕੀਤੀ ਗਈ ।

ਰੋਪੜ ਜ਼ਿਲ੍ਹੇ ਦੇ ਪਿੰਡਾਂ ਵਿਚ ਬੇ-ਘਰ ਹਰੀਜਨਾਂ ਨੂੰ ਅਲਾਟ ਕੀਤੇ ਪਲਾਟ

901 **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕੀ ਗ੍ਰਹਿ ਨਿਰਮਾਣ ਦੇ ਰਾਜ ਮੰਤਰੀ ਕਿਰਪਾ ਕਰਕੇ ਦਸ਼ੱਣਗੇ ਕਿ :—

(ੳ) ਰੋਪੜ ਜ਼ਿਲ੍ਹੇ ਵਿਚ ਬੇ-ਘਰ ਹਰੀਜਨਾਂ ਨੂੰ ਅੱਜ ਤਕ ਪਿੰਡ ਵਾਰ ਕੁਲ ਕਿੰਨੇ ਪਲਾਟ ਅਲਾਟ ਕੀਤੇ ਗਏ ਹਨ?

(ਅ) ਕੀ ਉਕਤ ਪਲਾਟਾਂ ਦਾ ਕਬਜ਼ਾ ਉਨ੍ਹਾਂ ਨੂੰ ਦਿੱਤਾ ਜਾ ਚੁੱਕਾ ਹੈ?

ਸ਼੍ਰੀਮਤੀ ਗੁਰਬਿੰਦਰ ਕੌਰ ਬਰਾੜ: (ੳ) ਇਸ ਸਕੀਮ ਦਾ ਮੰਤਵ ਉਨ੍ਹਾਂ ਬੇ-ਘਰੇ ਭੂਮੀ ਰਹਿਤ ਕਿਰਤੀਆਂ ਨੂੰ ਮਕਾਨ ਉਸਾਰੀ ਲਈ ਪਿੰਡਾਂ ਵਿਚ ਮੁਫ਼ਤ ਪਲਾਟ ਦੇਣਾ ਹੈ, ਜਿੰਨ੍ਹਾਂ ਪਰਿਵਾਰਾਂ ਪਾਸ ਪਿੰਡ ਜਾਂ ਪੈਂਡੂ ਇਲਾਕੇ ਵਿਚ ਨਾਂ ਤਾਂ ਕੋਈ ਮਕਾਨ ਹੋਵੇ ਨਾਂ ਹੀ ਕੋਈ ਭੋਂ ਹੋਵੇ । ਮਕਾਨ ਉਸਾਰੀ ਲਈ ਪਲਾਟਾਂ ਦੀ ਵੰਡ ਲਈ ਜੋ ਸ਼ਰਤਾਂ ਹਨ, ਉਹ ਨਾਲ ਨੱਥੀ ਸੂਚੀ 'ੳ' ਵਿਚ ਦਿੱਤੀਆਂ ਗਈਆਂ ਹਨ ।

ਇਸ ਦੇ ਵਾਚਣ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਸ ਸਕੀਮ ਅਧੀਨ ਪਲਾਟ ਦੀ ਅਲਾਟਮੈਂਟ ਸਬੰਧੀ ਹਰੀਜਨ ਅਤੇ ਗੈਰ-ਹਰੀਜਨ ਵਿਚ ਕੋਈ ਭੇਦ-ਭਾਵ ਨਹੀਂ । ਇਸ ਲਈ ਹਰੀਜਨਾਂ ਨੂੰ ਦਿਤੇ ਗਏ ਪਲਾਟਾਂ ਬਾਰੇ ਕੋਈ ਵੱਖਰਾ ਰਿਕਾਰਡ ਨਹੀਂ ਬਣਾਇਆ ਗਿਆ ।

Original with;
Punjab Vidhan Sabha
Digitized by;
Panjab Digital Library

(ਅ) ਭਾਗ 'ਓ' ਦੇ ਉੱਤਰ ਨੂੰ ਮੁੱਖ ਰਖਦੇ ਹੋਏ ਇਸ ਭਾਗ ਦੇ ਉਤੱਰ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

ਸੂਚੀ 'ਓ'

ਭੂਮੀ ਰਹਿਤ ਕਿਰਤੀਆਂ ਨੂੰ ਪਲਾਟਾਂ ਦੀ ਅਲਾਟਮੈਂਟ ਸਬੰਧੀ ਸ਼ਰਤਾਂ

ਇਸ ਸਕੀਮ ਅਧੀਨ ਕੇਵਲ ਉਹ ਯੋਗ ਪੇਂਡੂ ਭੂਮੀ ਰਹਿਤ ਪਰਿਵਾਰ ਹੀ ਲਾਭ ਦੇ ਪਾਤਰ ਹੋਣਗੇ, ਜੇਕਰ:—

(1) ਨਾ ਤਾਂ ਪਰਿਵਾਰ ਦੇ ਮੁੱਖੀ ਅਤੇ ਨਾ ਹੀ ਉਸ ਦੇ ਕਿਸੇ ਹੋਰ ਮੈਂਬਰ ਪਾਸ ਪਿੰਡ ਜਾਂ ਪੇਂਡੂ ਇਲਾਕੇ ਵਿਚ ਕੋਈ ਭੋਂ ਹੋਵੇ (ਭਾਵ ਖੇਤੀ ਬਾੜੀ ਲਈ ਜਾ ਵੈਸੇ)

(2) ਟੱਬਰ ਵੇਧੇਰੇ ਤੌਰ ਤੇ ਮੈਂਬਰਾਂ ਦੀ ਅਨਸਿਖਿਅਤ ਕਿਰਤ ਤੇ ਨਿਰਭਰ ਹੋਵੇਗਾ (ਮਿਸਾਲ ਵਜੋਂ ਭੂਮੀ ਰਹਿਤ ਖੇਤੀ ਬਾੜੀ ਵਾਲੇ ਕਾਮੇ, ਅਤੇ;

(3) ਟੱਬਰ ਦੇ ਸਾਰੇ ਮੈਂਬਰ ਸਾਲ ਵਿਚ ਵਧੇਰੇ ਸਮੇਂ ਲਈ ਪਿੰਡ ਜਾਂ ਪੇਂਡੂ ਇਲਾਕੇ ਵਿਚ ਰਹਿੰਦੇ ਹੋਣ ।

ਇਸ ਸਕੀਮ ਲਈ 'ਟੱਬਰ' ਤੋਂ ਇਹ ਭਾਵ ਹੈ ਕਿ ਕਿਰਤੀ, ਉਸਦੀ ਪਤਨੀ ਅਤੇ ਉਸਤੇ ਨਿਰਭਰ ਮਾਂ ਪਿਉ/ਬਚੇ ।

ਅਨਸਟਾਰਡ ਸੁਆਲ ਦੇ ਸਬੰਧ ਵਿਚ ਅੰਤਰਮ ਜਵਾਬ ਲਈ ਫਾਰਮ

UNSTARRED QUESTION No. 902**

ਸਭਾ ਦੇ ਸੁਆਲ ਨੰ: 902 ,ਜੋ ਮਿਤੀ 13, ਅਗਸਤ, 1974 ਲਈ ਅਨਸਟਾਰਡ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ ।

ਸਬੰਧਤ ਸੂਚਨਾ ਇੱਕਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿਤਾ ਜਾਵੇਗਾ ।

ਸਹੀ/ ਗੁਰਚਰਨ ਸਿੰਘ, ਸੀ. ਪੀ.ਐਸ.

ਸਕੱਤਰ,
ਪੰਜਾਬ ਵਿਧਾਨ ਸਭਾ ।

ਗ:ਸ::ਪ: ਨੰ: 5ਸਭ-74, ਮਿਤੀ ਚੰਡੀਗੜ੍ਹ ਅਗਸਤ, 1974

ਹੁਸ਼ਿਆਰਪੁਰ ਜ਼ਿਲ੍ਹੇ ਵਿਚ ਗਲਾਸ-ਬੋਤਲ ਫੈਕਟਰੀ ਲਗਾਉਣ ਲਈ ਮੇਜਰਨਾਮਾ

903. **ਕਾਮਰੇਡ ਦਰਸ਼ਨ ਸਿੰਘ ਕਨੈਡੀਅਨ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਉਨ੍ਹਾਂ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਗਲਾਸ-ਬੋਟਲ ਫੈਕਟਰੀ ਲਗਾਉਣ ਸਬੰਧੀ ਵਿਧਾਨ ਸਭਾ ਦੇ ਪਿਛਲੇ ਬਜੱਟ ਸਮਾਗਮ ਦੇ ਖਤਮ ਹੋਣ ਤੋਂ ਛੇਤੀ ਹੀ ਬਾਅਦ ਛੇ ਐਮ. ਐਲ.ਏਜ਼. ਵਲੋਂ ਕੋਈ ਪੱਤਰ ਮਿਲਿਆ, ਜੇਕਰ ਅਜਿਹਾ ਹੋਵੇ ਤਾਂ ਉਸ ਤੇ ਕੀ ਕਾਰਵਾਈ ਕੀਤੀ ਗਈ ?

**For Unstarred Question No. 902 and reply thereto please see Appendix to this Debate.

Original with;
Punjab Vidhan Sabha
Digitized by;
Panjab Digital Library

ਗਿਆਨੀ ਜ਼ੈਲ ਸਿੰਘ : ਹਾਂ ਜੀ । ਇਸ ਪੱਤਰ ਦਾ ਯੋਗ ਉਤਰ ਮਾਸਟਰ ਕੁੰਦਨ ਸਿੰਘ ਐਮ. ਐਲ. ਏ. ਨੂੰ 9 ਅਗਸਤ, 1974 ਨੂੰ ਭੇਜ ਦਿੱਤਾ ਗਿਆ ਸੀ ।

1972-73 ਤੋਂ 1974-75 (ਅੱਜ ਤੱਕ) ਅਪਗਰੇਡ ਕੀਤੇ ਗਏ ਸਕੂਲ

904. **ਕਾਮਰੇਡ ਦਰਸ਼ਨ ਸਿੰਘ ਕਨੇਡੀਅਨ**: ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਸਾਲਾਂ 1972-73, 1973-74 ਅਤੇ 1974-75 ਤੋਂ ਅੱਜ ਤੱਕ ਦੇ ਸਮੇਂ ਦੇ ਦੌਰਾਨ ਰਾਜ ਵਿਚ ਪ੍ਰਾਇਮਰੀ ਤੋਂ ਮਿਡਲ ਅਤੇ ਮਿਡਲ ਤੋਂ ਹਾਈ ਪੱਧਰ ਤੱਕ ਅਪਗ੍ਰੇਡ ਕੀਤੇ ਗਏ ਸਕੂਲਾਂ ਦੇ ਵਿਧਾਨ ਸਭਾ ਚੋਣ ਹਲਕੇ ਵਾਰ ਨਾਂ ਕੀ ਕੀ ਹਨ?

ਸ਼੍ਰੀ ਗੁਰਮੇਲ ਸਿੰਘ: ਸਕੂਲਾਂ ਦਾ ਪੱਧਰ ਵਿਧਾਨ ਸਭਾ ਚੋਣ ਹਲਕਿਆਂ ਅਨੁਸਾਰ ਉਚਾ ਨਹੀਂ ਕੀਤਾ ਜਾਂਦਾ । 1972-73, 1973-74 ਦੇ ਸਮੇਂ ਦੇ ਦੌਰਾਨ ਪ੍ਰਾਇਮਰੀ ਤੋਂ ਮਿਡਲ ਅਤੇ ਮਿਡਲ ਤੋਂ ਹਾਈ ਪੱਧਰ ਤੱਕ ਉਚੇ ਸਕੂਲਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ । ਸਾਲ 1974-75 ਵਿਚ ਸਕੂਲਾਂ ਦਾ ਪੱਧਰ ਉੱਚਾ ਕਰਨ ਬਾਰੇ ਮਾਮਲਾ ਵਿਚਾਰ ਅਧੀਨ ਹੈ ।

ਸੂਚੀ ਸਾਲ 1972-73 ਵਿਚ ਰਾਜ ਵਿਚ ਪੱਧਰ ਉਚਾ ਕੀਤੇ ਗਏ ਸਕੂਲ

ਪ੍ਰਾਇਮਰੀ ਤੋਂ ਮਿਡਲ ਪੱਧਰ ਤੱਕ ਅਪਗਰੇਡ ਕੀਤੇ ਗਏ ਸਕੂਲਾਂ ਦਾ ਨਾਮ ।	ਮਿਡਲ ਤੋਂ ਹਾਈ ਪਧਰ ਤੱਕ ਅਪਗਰੇਡ ਕੀਤੇ ਗਏ ਸਕੂਲਾਂ ਦੇ ਨਾਮ ।
1	2
1. ਜ਼ਿਲ੍ਹਾ ਅਮ੍ਰਿਤਸਰ	
1. ਮੁਰਾਦਪੁਰਾ	1. ਬਲ ਕਲਾਂ
2. ਮੋਹੀਆਂ ਖੁਰਦ	2. ਝੁਚਰ ਸੋਹਲ
3. ਸੋਹਲ	3. ਝਬਾਲ (ਗਰਲਜ)
4. ਸੁੱਜਾ	4. ਬੱਟਰਝਾਰ ਦੇਵੀ
5. ਭੰਜੀਆਂ	5. ਫੇਰੂਮਾਨ
6. ਪੰਡੋਰੀ ਰਣ ਸਿੰਘ	6. ਭੀਲੋਵਾਹ ਪੱਕਾ
7. ਬਡਾਲਾ ਕਲਾਂ ਖੁਰਦ	7. ਜਗਦੇਵ ਕਲਾਂ
8. ਸੋਰੀਆਂ	8. ਵਈ ਪੋਈ
9. ਬਲਸਰਾਂ ਜੋਧੇ	
10. ਚਵਿੰਡਾ ਕਲਾਂ	
11. ਜਗਦੇਵੇ ਖੁਰਦ	
12. ਅਦਲੀ ਵਾਲਾ	
13. ਖਤਰਾਏ ਕਲਾਂ	
14. ਭਖਤੂ ਚਕ	
15. ਗੁੜਕਾ	
16. ਆਲ ਉਤਾੜ	
17. ਵਲਟੋਹਾ (ਗਰਲਜ)	
18. ਫਤੇਹਪੁਰ	

Original with;
Punjab Vidhan Sabha
Digitized by;
Panjab Digital Library

1	2

2. ਜ਼ਿਲ੍ਹਾ ਬਠਿੰਡਾ

1. ਕਿਸ਼ਨਗੜ੍ਹ ਫਰਬਾਹੀ	1. ਨੰਗਲ ਕਲਾਂ
2. ਬੋੜਾਂਵਾਲਾ	2. ਕੁਲੇਰੀਆਂ
3. ਕੇਸਰ ਸਿੰਘ ਵਾਲਾ	3. ਜੱਸੀ ਪਾਉਵਾਲੀ
4. ਆਹਲੂਪੁਰ	
5. ਬਖਸ਼ੀਵਾਲਾ	
6. ਰਿਉਦ ਕਲਾਂ	
7. ਲਹਿਰਾ ਧੂਲਕੋਟ	
8. ਸੇਮਾ	

3. ਜ਼ਿਲ੍ਹਾ ਫਿਰੋਜ਼ਪੁਰ

1. ਬਰੇਕੇ ਪੀਪਲ	1. ਕੜੀਆਂ ਪਹਿਲਵਾਨ
2. ਸ਼ੇਰਖਾਂ	2. ਪੰਜੇਕੇ ਉਤਾੜ
3. ਮੋਹਨਕੇ ਹਿਠਾੜ	3. ਦੀਵਾਨ ਖੇੜਾ
4. ਮੇਹਨਕੇ ਉਤਾੜ	4. ਬਲੂਆਣਾ
5. ਗੁਦੜ ਢੰਡੀ	5. ਤਲਵੰਡੀ ਜ਼ਲੇਖਾਂ
6. ਚੱਕ ਬਲੋਦਾਂਵਾਲਾ	
7. ਸੁਜਰਾਨਾ	
8. ਘੱਲੂ	
9. ਗੋਬਿੰਦਗੜ੍ਹ	
10. ਸੱਪਾਂਵਾਲੀ	
11. ਚੀਮਾਂ	
12. ਮੰਦਰ	
13. ਰਟਲਾ ਰੋਹੀ	

4. ਜ਼ਿਲ੍ਹਾ ਫਰੀਦਕੋਟ

1. ਘੋਲੀਆਂ ਕਲਾਂ	1. ਢਾਂਦਰ
2. ਸਾਰੂਵਾਲਾ	2. ਖੁਖਰਾਣਾ
3. ਬਾਂਡੇ	3. ਆਲੂਖੁਰਾਣਾ
4. ਮੀਨੀਆਂ	4. ਲੰਡੇ
5. ਮੇਹਸ਼ਰੀ	
6. ਖੁਨਣ ਕਲਾਂ	
7. ਭੱਟੀ ਵਾਲਾ (ਬਲਾਕ ਮੁਕਤਸਰ)	
8. ਰੁਸਨਰ	
9. ਮਿਡਾ	
10. ਡੱਬਵਾਲੀ ਦਾਬ	
11. ਚੋਗਾਵਾਂ	
12. ਭਿਟੀਵਾਲਾ (ਬਲਾਕ ਲੰਬੀ)	

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

1	2

5. ਜ਼ਿਲ੍ਹਾ ਗੁਰਦਾਸਪੁਰ

1. ਮਲਿਕਪੁਰ
2. ਰਾਣੀਪੁਰ
3. ਮਹਿਖੂਨ
4. ਨੰਗਲ ਭੂਰ
5. ਧਮਰਾਈ
6. ਚੌਂਤਾ
7. ਕਾਲਾ ਨੰਗਲ
8. ਗਿਲ ਮੰਝ
9. ਲਖਣ ਕਲਾਂ
10. ਕਲੇਰ ਕਲਾਂ
11. ਜੋਗੋਵਾਲ ਬੇਦੀਆਂ (ਗਰਲਜ਼)
12. ਰੀਫੀਊਜੀ ਕੈਂਪ, ਬਟਾਲਾ
13. ਸੰਕਰਪੁਰਾ ਬਖੇਵਾਲ
14. ਕਾਹਲਵਾਂ
15. ਜੈਤੋ ਸਰਜਾ
16. ਚੀਮਾ-ਖੱਡੀ
17. ਠੱਠੇ ਚਕੇ
18. ਦਲਮ ਨੰਗਲ
19. ਮੰਜੀਆਂ ਵਾਲੀ

1. ਨਰੋਟ ਮਹਿਰਾ
2. ਕੋਰੋਲੀ
3. ਝਰੋਲੀ
4. ਭਾਗੋਵਾਲੀ
5. ਭੁਲਰ
6. ਘੁਮਾਣ
7. ਤਲਵੰਡੀ ਰਾਮਾ
8. ਡਾਲਾ

6. ਜ਼ਿਲ੍ਹਾ ਹੁਸ਼ਿਆਰਪੁਰ

1. ਨਾਰਾ
2. ਬਸੀ ਗੁਲਾਮ ਹੁਸੈਨ
3. ਚੰਗੋਰਾਂ
4. ਪੱਟੀ
5. ਨੰਗਲ ਈਸ਼ਰ
6. ਚਾਂਦਪੁਰ
7. ਨਡਾਲੋ
8. ਫੱਕਰ ਵਾਲ
9. ਲੰਗੇਰੀ
10. ਮਨਸੂਰ ਪੁਰ

1. ਪਟਿਆਲ
2. ਸਕਰੂਲੀ
3. ਰਾਮਗੜ੍ਹ ਸੀਕਰੀ
4. ਰਾਮਪਰਾ ਝਜੋਵਾ
5. ਭੱਦੀ
6. ਕੋਹੀ
7. ਸੱਗਰਾਂ

Original with;
Punjab Vidhan Sabha
Digitized by;
Panjab Digital Library

1	2
11. ਧਾਰ	
12. ਮੋਗੇਵਾਲ (ਤਹਿਸੀਲ ਗੜਸ਼ੰਕਰ)	
13. ਕਾਲੇਵਾਲ ਭਗਤਾ	
14. ਇਬਰਾਹੀਮ ਪੁਰ	
15. ਮਹਿਤਪੁਰ	
16. ਚੰਦਿਆਣੀ ਖੁਰਦ	
17. ਰਾਜਪੁਰ ਗਰੋਤ	
18. ਪੰਡੋਰੀ ਸੁੰਬਲਾਂ	
19. ਖੁਣ ਖੁਣ ਕਲਾਂ (ਗਰਲਜ਼)	
20. ਬੇਰਛਾ	
21. ਬਾੜੀ	
7. ਜ਼ਿਲਾ ਜਲੰਧਰ	
1. ਨੌਗਜਾ	1. ਪਤੜ ਕਲਾਂ
2. ਨੂਸੀ	2. ਤੱਲਣ
3. ਤਰਾੜੀ	3. ਮੰਡਹਾਲੀ
4. ਜ਼ਲੀਨਾ	4. ਗਰਚਾ
5. ਸੁੰਡ ਮਕਸੂਦਪੁਰ	5. ਹਰੀਪੁਰ (ਤਹਿਸੀਲ ਨਕੋਦਰ)
6. ਕਲੈਰਾਂ	6. ਲੱਲੀਆਂ ਕਲਾਂ
7. ਜਸੋਮਾਜਰਾ	7. ਲਦਾਣਾ ਚਿਕਾ
8. ਬੱਲਾਂ	8. ਓ_ਸਮਾਨਪੁਰ
9. ਗੜਪਦਾਨਾ	9. ਮਨਸੀਆਂ
10. ਭਰਤਾ ਕਲਾਂ	10. ਈਸ਼ਰਵਾਲ
11. ਬੋਪਾ ਰਾਏ ਕਲਾਂ	11. ਸਮਰਾਏ
12. ਦੌਲਤਪੁਰਾ ਢੱਡਾ	12. ਢੇਸੀਆਂ ਕਾਹਨਾਂ
13. ਮੂਲੇਵਾਲ ਖੇਰਾ	
14. ਚੱਕ ਕਲਾਂ	
15. ਸਮੀਪੁਰ	
16. ਹਰਦੇ ਪਰੋਹਲਾ	
17. ਖਿਆਲਾ	
18. ਮਲਪੁਰ ਅਰਬਣ	
19. ਸਹਾਬਪੁਰ	
20. ਪੰਡਾਲ ਹਿਮਤ	
21. ਸੁਨੜ ਕਲਾਂ	
22. ਨਵਾਂ ਪਿੰਡ ਕਾਲੀਆਂ	
23. ਬੋਲਕੀ	
24. ਬਿਨਪਾਲ ਕੇ ਨੰਗਲ	

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

1	2

25. ਲੋਹਾਰਾ (ਝੋਗਪੁਰ ਬਲਾਕ)
26. ਧਨੀ ਪਿੰਡ
27. ਧੁਨੈਂਟੇ
28. ਗੋਹਾਵਾਰ
29. ਦਾਦੂਵਾਲ
30. ਸਰਹਾਲੀ
31. ਮਾਓ ਮੀਆਂ ਵਾਲ

8. ਜ਼ਿਲ੍ਹਾ ਕਪੂਰਥਲਾ

1. ਕੋਲੀਆਂ ਵਾਲੀ ਖਾਲ੍ਹ
2. ਵਟਾਂ ਵਾਲੀ
3. ਸਰਾਏ ਜੱਟਾਂ
4. ਕਾਂਜਲੀ
5. ਮਾਨਾ ਤਲਵੰਡੀ
6. ਨੰਗਲ ਲੁਭਾਨਾ (ਗਰਲਜ਼)
7. ਚਤਰਾਈਜ਼

1. ਅਹਿਮਦਪੁਰ
2. ਪੰਡਾਲ
3. ਜਗਤਪੁਰ ਜੱਟਾਂ

9. ਜ਼ਿਲ੍ਹਾ ਲੁਧਿਆਣਾ

1. ਭੈਣੀ ਮਾਲ੍ਹ
2. ਉਪਲ
3. ਲੋਹਾਰ ਮਾਜਰਾ ਖੁਰਦ
4. ਰਾਜੇਵਾਲ
5. ਸੋਹੀਆਂ
6. ਸੰਗੋਵਾਲ
7. ਜਸਪਾਲ ਬਾਂਗਰ
8. ਅੱਡਾ ਦਾਖਾ
9. ਨੂਰਪੁਰਾ
10. ਕੱਦੋਂ
11. ਕੋਹਲੀ ਖੁਰਦ
12. ਗੋਬਿੰਦ ਨਗਰ
13. ਰਸ਼ੀਨ

1. ਮਾਂਗਟ
2. ਫਿਲੌਰ
3. ਪੋਹੀੜ
4. ਰਕਬਾ
5. ਚੱਕ ਮੁਆਫੀ
6. ਈਸੇਵਾਲ

Original with;
Punjab Vidhan Sabha
Digitized by;
Panjab Digital Library

1	2

10. ਜ਼ਿਲ੍ਹਾ ਪਟਿਆਲਾ

1. ਪੱਬਰੀ
2. ਹਲਕਾ
3. ਨੰਗਲ ਛਰਬੜ
4. ਖੇਲਾਂ
5. ਝਰਮਰੀ
6. ਰਾਮਗੜ੍ਹ (ਝੇਰਾ ਬਸੀ)
7. ਜੋਲੀ ਕਲਾਂ
8. ਉਣਤਾਲਾਂ
9. ਗੰਗਰੋਲਾ
10. ਲਕਬਰਨੀ
11. ਬੀਬੀਪੁਰ
12. ਬਨਵਾਲਾ
13. ਕੋਲਾਵਾਂ
14. ਕੁਲਬਦਾਰਛਾ
15. ਝੱਦਲ ਬੂਹਾ
16. ਭੈਣੀ ਪਲੋਦਾਂ
17. ਅਜਨੋਦਾ ਕਲਾਂ
18. ਰਾਜਗੜ੍ਹ
19. ਧੰਗੇੜਾ
20. ਬੀਨਾ ਰੇੜੀ
21. ਚਪੜ
22. ਅਲਮਿਦੀ ਪੁਰ
23. ਬਿਜਲ
24. ਭਗਵਾਨ ਪੁਰਾ
25. ਕਬੂਲ ਪੁਰ
26. ਬਠੂਣੀਆਂ ਕਲਾਂ
27. ਬਲਪੁਰ
28. ਸਾਢੀਆਂ

1. ਗੱਡ ਪੁਰ
2. ਲਾਲੜੂ (ਗਰਲਜ਼)
3. ਮੋਹੀ ਖੁਰਦ
4. ਪਾਤੜਾਂ
5. ਰਾਜੇ ਵਾਸ
6. ਸੇਹਰਾ
7. ਮੰਡੌਰ
8. ਨਿਊ ਪਾਵਰ ਹਾਊਸ (ਕਲੋਨੀ ਪਟਿਆਲਾ)

Original with;
Punjab Vidhan Sabha
Digitized by;
Panjab Digital Library

1	2

11. ਜ਼ਿਲ੍ਹਾ ਰੋਪੜ

1. ਨੂਰਪੁਰ ਬੇਦੀ (ਗਰਲਜ਼)
2. ਧਮਾਣਾ
3. ਟਿਬਾ ਟਪਰੀਆਂ
4. ਬੜੇਵਾ
5. ਦਸ ਗਰਾਂਹੀ
6. ਗੰਭੀਰਪੁਰ (ਗਰਲਜ਼)
7. ਕਲਿਛਰਾ
8. ਕੌਲੀ
9. ਦੁਭੇਟਾ
10. ਪਲਾਸੀ
11. ਬਹਿਰਾਮਪੁਰ ਜ਼ਿਮੀਦਾਰੀ
12. ਫੁਲਪੁਰ ਗਰੇਵਾਲ
13. ਭੈਖਰਪੁਰ
14. ਨਾਡਾ
15. ਹੁਸ਼ਿਆਰਪੁਰ
16. ਢੰਗਰਾਲੀ
17. ਟਾਟਵਾਂ
18. ਚਤਾਮਲੀ

1. ਤਖਤਗੜ੍ਹ (ਗਰਲਜ਼)
2. ਭੰਬੋਰ ਸਾਹਿਬ
3. ਖੇੜਾ ਕਲਮੋਟ
4. ਮੀਆਂਪੁਰ
5. ਦੌਲਤ ਸਿੰਘ ਵਾਲਾ (ਭਬਾਤ)
6. ਝੰਜੇੜੀ
7. ਰਾਣੀ ਮਾਜਰਾ

12. ਜ਼ਿਲ੍ਹਾ ਸੰਗਰੂਰ

1. ਕੁਲਾਰਾਂ
2. ਭਟੀਕਲਾਂ ਕਲਾਂ
3. ਨਥੂ ਮਾਜਰਾ
4. ਹਥੋਆ
5. ਹੈਦਰ ਨਗਰ
6. ਮਤੋਈ
7. ਭਟੀਆਂ
8. ਨਮੋਲ
9. ਹਮੀਰਗੜ੍ਹ
10. ਖੰਡੇਵਾਦ
11. ਸਹਿਬਾਜਪੁਰ
12. ਕੱਟੂ

1. ਘਾਬਦਾ
2. ਭੋਗੀਵਾਲ
3. ਡਸਕਾ
4. ਡਸਕਾ
5. ਬਜੀਦ ਕੇ ਖੁਰਦ

ਮੁਖ ਜੋੜ	210	76

Original with;
Punjab Vidhan Sabha
Digitized by;
Panjab Digital Library

ਸਾਲ 1973-74 ਵਿਚ ਰਾਜ ਪੱਧਰ ਉਚਾ ਕੀਤੇ ਗਏ ਸਕੂਲਾਂ ਦੀ ਸੂਚੀ

ਪ੍ਰਾਇਮਰੀ ਤੋਂ ਮਿਡਲ ਪੱਧਰ ਤਕ ਅਪ-ਗਰੇਡ ਕੀਤੇ ਗਏ ਸਕੂਲਾਂ ਦੇ ਨਾਮ ।	ਮਿਡਲ ਤੋਂ ਹਾਈ ਪੱਧਰ ਤੱਕ ਅਪਗਰੇਡ ਕੀਤੇ ਗਏ ਸਕੂਲਾਂ ਦੇ ਨਾਮ ।
1	2
(1) ਜ਼ਿਲ੍ਹਾ ਅੰਮ੍ਰਿਤਸਰ	
1. ਮੱਖੀ ਕਲਾਂ	1. ਪੰਡੋਰੀ ਸਿਧਵਾਂ
2. ਬਾਬਗੜ੍ਹ	2. ਵੇਰਕਾ (ਗਰਲਜ਼)
3. ਨਾਰਲੀ	3. ਚੋਗਾਵਾਂ
4. ਫਤੇਹਗੜ੍ਹ ਸੁਕਰਚਕ	4. ਭਲਾਈਪੁਰ ਡੋਗਰਾਂ
5. ਕਰਿਆਲ	5. ਮਹਿਲ ਜੰਡਿਆਲਾ
6. ਘਸੀਟਪੁਰ	6. ਖਾਲੜਾ (ਗਰਲਜ਼)
7. ਜੱਟਾਂ ਪਾਸੀਆਂ	7. ਨੌਸ਼ਿਹਰਾਂ ਪਨੂਆਂ (ਗਰਲਜ਼)
8. ਕਠਾਨੀਆਂ	8. ਡੇਹਰੀਵਾਲਾ
9. ਬੱਗਾ	9. ਬੁੰਡਾਲਾ
10. ਸ਼ਹਾਬਪੁਰ	10. ਉਦੋ ਨੰਗਲ (ਗਰਲਜ਼)
	11. ਜਲਾਲ ਉਸਮਾਂ
(2) ਜ਼ਿਲ੍ਹਾ ਬਠਿੰਡਾ	
1. ਧਰਮਪੁਰਾ	1. ਦਾਤੇਵਾਸ
2. ਦਿਆਲਪੁਰ ਭਾਈਕਾ	2. ਬਲੂਆਣਾ
3. ਧਾਲੀਵਾਲ	3. ਕਰਾਡਵਾਲਾ
4. ਹਜਗੜ ਕੁਬੇ	4. ਨੰਦਗੜ੍ਹ
	5. ਸਿਰੀਏਵਾਲਾ (ਸ਼ਹੀਦ ਲੈਫਟੀਨੈਂਟ ਜਸਮੇਲ ਸਿੰਘ ਦੇ ਨਾਂ ਤੇ)
(3) ਜ਼ਿਲ੍ਹਾ ਫਿਰੋਜ਼ਪੁਰ	
1. ਚੁਗਾਤੇਵਾਲਾ	1. ਵਲੂਰ
2. ਚਾਨਣ ਖੇੜਾ	2. ਮਹਿਮਾ
3. ਕਬੂਨਸਾਹ ਖੁਬਨ	3. ਡਗਵਾਲਾ ਕਲਾਂ
4. ਭੁਰੇ ਖੁਰਦ	4. ਉਗੋਕੇ
5. ਖੋਹਕ ਬੋਦਲਾ	5. ਕੁੰਡਲ
6. ਵਾੜਾ ਭਾਈ	6. ਕਰਨੀ ਖੇੜਾ
7. ਸਹਿਜਾਦਾ ਸਤਾ ਸਿੰਘ ਵਾਲਾ	

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

1	2
(4) ਜ਼ਿਲ੍ਹਾ ਫਰੀਦਕੋਟ	
1. ਖੁੱਡੀਆਂ ਗੁਲਾਬ ਸਿੰਘ	1. ਤਰਖਾਣਵਾਲਾ
2. ਕਟਿਆਵਾਲੀ	2. ਚੰਡਿਆਣਾ ਵਸਟ
3. ਮਾਛੀ ਕੇ	3. ਬਾਦੀਆਂ
4. ਭੀਮ ਨਗਰ ਰੀਫੀਊਜੀ ਕੈਂਪ	4. ਬਾਂਡੇਵਾਲਾ
5. ਚੋਟੀਆਂ	
6. ਮੋਹਰੇ	
7. ਨੰਗਲ	
8. ਉਦੈ ਕਰਨ	
8. ਮੇਹਨਾ	
(5) ਜ਼ਿਲ੍ਹਾ ਗੁਰਦਾਸਪੁਰ	
1. ਸ਼ੇਰਪੁਰ ਖਿਦੜਪੁਰਾ	1. ਕਾਹਲੜੀ
2. ਚੇਆਤ ਨਗਰ	2. ਸੋਹਲ
3. ਸਾਰਦੀ	3. ਸਾਰਚੂਰ (ਬਲਾਕ ਫਤਿਹਗੜ੍ਹ ਚੂੜੀਆਂ)
4. ਜਨਿਆਲਾ	4. ਮਾਧੋਪੁਰ
5. ਗੁਜਰ ਪੁਰਾ	5. ਨੌਸ਼ਿਹਰਾ ਨਾਲ ਬੰਦੀ
6. ਭਟੀਵਾਲਾ	
(6) ਜ਼ਿਲ੍ਹਾ ਹੁਸ਼ਿਆਰਪੁਰ	
1. ਜੋੜਾ ਭਖਿਆਰੀ	1. ਮੁਲਕ ਕਲਾਂ
2. ਰੋਲ ਮਾਜਰਾ	2. ਸੀਕਰੀ
3. ਡੱਨੇਵਾਲ ਕਲਾਂ	3. ਮਹਿਤਬਪੁਰਾ
4. ਲਲਵਾਨ	4. ਮਹਿਲਾਂਵਾਲੀ
5. ਸਰਹਾਲਾ ਕਲਾਂ	5. ਮਿਆਨੀ
6. ਧਾਮੀਆਂ	6. ਧਮਈ
7. ਬਸੀ ਵਜ਼ੀਦ	7. ਸਾਹਰੀ
8. ਕਮਾਲਪੁਰ	
9. ਜਖੂਹੀ	
(7) ਜ਼ਿਲ੍ਹਾ ਜਲੰਧਰ	
1. ਦਕੋਹਾ	1. ਮਛੀਆਂ ਕਲਾਂ
2. ਢਾਡੀਆਨਾ	2. ਸੰਗੋਵਾਲ
3. ਤਲਵੰਡੀ ਭਰੋਂ	3. ਚਿੱਟੀ

Original with;
Punjab Vidhan Sabha
Digitized by;
Panjab Digital Library

1	2
4. ਉਪਲ ਖਾਲਸਾ ਉਪਲ ਜਾਗੀਰ	4. ਰਾਏਪੁਰ ਰਸੂਲਪੁਰ
5. ਲਿਦਰਾਂ	5. ਬਿਰਕ
6. ਰਾਏਪੁਰ	6. ਦਿਆਲਪੁਰ
7. ਮੁਜਫਰ ਪੁਰ	7. ਪਾਸਲਾ
8. ਮਾਂਗੋਵਾਲ	8. ਖਟਕੜ ਕਲਾਂ
9. ਧੋਗੜੀ	9. ਜਾਡਲਾ
10. ਗਾਂਧੀ ਨਗਰ ਕੈਂਪ, ਜਲੰਧਰ	10. ਸਹਾਏ ਖਾਸ
11. ਰਾਜਪੁਰ	11. ਜਾਜਾਂ ਕਲਾਂ
12. ਬਹਿਰਾਮ	12. ਸਰੀਹ (ਗਰਲਜ਼)
13. ਖੜਕੂਵਾਲ	13. ਮਸਾਣੀਆਂ
14. ਰੁੜਕਾ ਖੁਰਦ	
15. ਪੱਕੀ ਜਾਗੀਰ	

(8) ਜ਼ਿਲ੍ਹਾ ਕਪੂਰਥਲਾ

1. ਧਾਮ	1. ਰੇਹਾਨਾ ਜੱਟਾਂ
2. ਭਗਾਨਾ	2. ਢਿਲਵਾਂ (ਗਰਲਜ਼)
3. ਤਲਵੰਡੀ ਭਾਈਵਾਲ	3. ਪਰਮਜੀਤ ਪੁਰ
4. ਖਾਨੋਵਾਲ	

(9) ਜ਼ਿਲ੍ਹਾ ਲੁਧਿਆਣਾ

1. ਭੈਣੀ ਦਰੇੜਾ	1. ਘੰਗਰਾਣਾ
2. ਗੁਡਾਨੀ ਖੁਰਦ	2 ਈਸੜੂ
3. ਆਂਡਲੂ	3. ਆਲਮਗੀਰ
4. ਸੇਹ	4. ਕਾਸਾਬਾਦ
5. ਘੁੰਗਰਾਲੀ ਸਿਖਾਂ	5. ਸੇਹਾਲਾ
6. ਭਾਗਪੁਰ	6. ਰਾਊਨੀ
7. ਜੋਨੇਵਾਲਾ	
8. ਅਮਰਗੜ੍ਹ ਕਲੇਰ	
9. ਲੀਲਾ	

(10) ਜ਼ਿਲ੍ਹਾ ਪਟਿਆਲਾ

1. ਮੁਰਾਦਪੁਰ	1. ਸੌਜਾ
2. ਖੇੜੀ ਗੰਢੀਆਂ	2. ਆਰਨੋ
3. ਰਾਮਗੜ੍ਹ	3. ਡੱਡਪੁਰ
4. ਕਰਕੌਰ	4. ਟਾਂਡਾ ਬੱਦਾਂ
5. ਮੁਕੰਦਪੁਰ	5. ਮਾੜੂ
6. ਰਾਜੂਲਾ ਪੁਰ	6. ਅਲੂਣਾ
7. ਰਾਮਗੜ੍ਹ	7. ਰਾਮਪੁਰ ਸੈਣੀਆਂ
8. ਅਸਰਪੁਰ	8. ਸਮਗੌਲੀ
9. ਕੁਲਵਾਨੂ	
10. ਚਿਤਵਾਂ	
11. ਸਦੋ ਮਾਜਰਾ	

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

1	2

(11) ਜ਼ਿਲ੍ਹਾ ਰੋਪੜ

1. ਮੀਆਂ ਪੁਰ ਚੇਗਰ	1. ਸਹੌੜਾਂ
2. ਮਕੋੜਨਾਂ ਕਲਾਂ	2. ਮਨੇਲੀ ਧਨੌਲਾ
3. ਬਰਾਹਮਣਾ ਦੀ ਬਸੀਆਂ	3. ਦੇਸੂ ਮਾਜਰਾ
4. ਡਗਰੀ	4. ਸੁਕਸਾਲ
5. ਹਿਯਾਤਪੁਰ	

(12) ਜ਼ਿਲ੍ਹਾ ਸੰਗਰੂਰ

1. ਨਿਆਮਤਪੁਰ (ਸ਼ਹੀਦ ਪਰਤੀਮ ਸਿੰਘ ਦੇ ਨਾਂ ਤੇ)	1. ਮਾਡਵੀ
2. ਗਗਾ	2. ਇਲਵਾਲ ਗਗਰ ਪੁਰ
3. ਸੂਲਰ ਘਾਗਟ	3. ਚਕ (ਸ਼ੇਖਪੁਰ ਕਲਾਂ)
4. ਮਾਜਰੀ	4. ਗਵਾਰਾ
5. ਹਿਮਤਾਨਾ	5. ਬਦਰੂਖਾਂ
6. ਭੋਡਣ	6. ਖੁਡੀ ਕਲਾਂ
7. ਨਮੋਲ	
8. ਚਕ ਸੇਖੋਂ	
9. ਗੋਬਿੰਦਗੜ੍ਹ	

QUESTION OF PRIVILEGE

Mr. Speaker: I have received notice of a privilege motion from several Members, namely.

1. **Sardar Pirthipal Singh, M.L.A.**
2. **Sardar Prem Singh Prem, M.L.A.**
3. **Shri Kesho Ram Goel M.L.A.**
4. **Shri Partap Chand Bhandari, M.L.A.**
5. **Chaudhri Darshan Singh, M.L.A.**
6. **Master Kundan Singh, M.L.A.**
7. **Bhagat Guran Das Hans M.L.A.**
8. **Sardar Sadhu Singh ,M.L.A.**
9. **Doctor Amir Singh Kalkat, M.L.A.**
10. **Sardar Gurdit Singh, M.L.A.**
11. **Sardar Gurbachan Singh, Ropar,M.L.A.**
12. **Doctor Harbhajan Singh, M.L.A.**
13. **Shri Vishwa Mittar Sekhri, M.L.A.**
14. **Sardar Darshan Singh K.P., M.L.A.**

} wherein it has been

alleged that Sardar Surjit Singh Barnala, M.L.A. while speaking in the House, the other day, made a statement that while in Canada he along with some other Sikh Leaders was present in a Gurdwara where

Original with;
Punjab Vidhan Sabha
Digitized by;
Panjab Digital Library

Dr. Jagjit Singh was also present but he did not meet Dr. Jagjit Singh and whereas it has been widely reported in the press that he along with Sardar Hukam Singh and Sardar Gurcharan Singh Tauhra met Dr. Jagjit Singh who even received them at the Toronto Airport. In support of their contention the hon. Members have referred to the photo-stat copy of a report of a foreign National Intelligence Service published in the 'Daily Partap' of Jullundur on the 11th August, 1974, according to which the touring Sikh Leaders met Dr. Jagjit Singh, and plans for Sikh State are alleged to have been finalised. The hon. Members have also contended that the activities of the Sikh Leaders mentioned in the alleged report are anti-national and against the interests of Punjab in particular and the country as a whole.

I have consulted the proceedings of the House of the 5th August, 1974, I find therefrom that Sardar Surjit Singh Barnala has neither stated therein that he along with others had a meeting with Dr. Jagjit Singh in Canada nor has he denied the same. What actually he said is "we all were present in a Gurdwara and Dr. Jagjit Singh was also there. All of us spoke, but Dr. Jagjit Singh was not permitted to speak".

I have also gone through the press report on which the notice of the motion is based. It is stated therein that the three Sikh Leaders, Sardar Hukam Singh, Sardar Gurcharan Singh Tauhra and Sardar Surjit Singh met Dr. Jagjit Singh in Canada and finalised certain plans.

In my opinion no breach of privilege is involved. However, in view of importance of the matter, Sardar Surjit Singh may like to clarify the position.

(ਇਸ ਵਕਤ ਸਰਦਾਰ ਸੁਰਜੀਤ ਸਿੰਘ (ਬਰਨਾਲਾ) ਬੋਲਣ ਲਈ ਖੜੇ ਹੋਏ)

ਡਾਕਟਰ ਅਮੀਰ ਸਿੰਘ ਕਲਕਟ : ਆਨ ਏ ਪੁਆਇੰਟ ਆਫ ਆਰਡਰ, ਸਰ । (ਵਿਘਨ)

ਇਕ ਆਵਾਜ਼ : ਡਾਕਟਰ ਜਗਜੀਤ ਸਿੰਘ ਦਾ ਜ਼ਿਕਰ ਆਇਆ ਹੈ ਇਸ ਲਈ ਡਾਕਟਰ ਅਮੀਰ ਸਿੰਘ ਨੂੰ ਉਨ੍ਹਾਂ ਦਾ ਬੜਾ ਫ਼ਿਕਰ ਹੈ । (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ: ਇਹ ਮੇਰੇ ਕੋਲ ਇਕ ਅਖ਼ਬਾਰ (ਅਖ਼ਬਾਰ ਦਿਖਾਉਂਦੇ ਹੋਏ) ਹੈ ਜਿਹੜਾ ਕਿ ਇੰਗਲੈਂਡ ਤੋਂ ਛਪਦਾ ਹੈ । ਇਸ ਦੇ ਵਿਚ ਇਹ ਦੇਖੋ ਕਿੰਨੇ ਸ਼ਾਨ ਨਾਲ ਸਾਡੇ ਐਕਸ-ਐਜੂਕੇਸ਼ਨ ਮਨਿਸਟਰ ਸਾਹਿਬ ਬੈਠੇ ਹਨ ਔਰ ਹੋਰ ਪ੍ਰਾਮੀਨੈਂਟ ਸਿੱਖ ਲੀਡਰ ਹਨ ਜੋ ਵਿਚ ਬੈਠੇ ਹਨ (ਵਿਘਨ) ਇਹ ਦੇਸ਼ ਵਿਦੇਸ਼ ਹੈ । ਇਸ ਦੇ ਵਿਚ ਇਕ ਫੋਟੋ ਹੈ । ਇਸ ਦੇ ਵਿਚ ਟੋਹਰਾ ਸਾਹਿਬ ਵੀ ਬੈਠੇ ਹਨ ਅਤੇ ਐਕਸ-ਐਜੂਕੇਸ਼ਨ ਮਨਿਸਟਰ ਸਾਹਿਬ ਵੀ ਬੜੀ ਚੰਗੀ ਤਰ੍ਹਾਂ ਦਿਖਾਈ ਦੇ ਰਹੇ ਹਨ । ਇਸ ਦੇ ਵਿਚ ਟੋਹਰਾ ਸਾਹਿਬ ਨੇ ਇਹ ਕਿਹਾ ਹੈ ਕਿ ਡਾਕਟਰ ਸਾਹਿਬ ਅਸੀਂ ਤੁਹਾਡੀ ਹਰ ਇਕ ਚੀਜ਼ ਮੰਨਦੇ ਹਾਂ ਪਰ ਇਹ ਜਿਹੜਾ ਖਾਲਿਸਤਾਨ ਦਾ ਕੋਈ ਮਸਲਾ ਹੈ ਉਸ ਨਾਲ ਅਸੀਂ ਅੱਗਰੀ ਨਹੀਂ ਕਰਦੇ । (ਵਿਘਨ) ਉਹ ਖ਼ਬਰ ਹੈ ਜਿਸ ਦੀ ਅਕਾਲੀਆਂ ਨੇ ਤਰਦੀਦ ਕੀਤੀ ਹੈ । (ਵਿਘਨ) ਇਹ ਪੇਪਰ ਪ੍ਰਤਾਪ ਹੈ। ਇਸ ਦੇ ਵਿਚ ਇਹ ਲਿਖਿਆ ਹੈ ...(ਵਿਘਨ) (ਸ਼ੋਰ) ਇਹ ਬੜਾ ਫੇਮਸ ਪੇਪਰ ਹੈ ਔਰ ਅਕਾਲੀਆਂ ਨੇ ਇਸ ਖ਼ਬਰ ਦੀ ਤਰਦੀਦ ਕੀਤੀ ਹੈ । (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

Sardar Jaswinder Singh Brar : Mr. Speaker, is it a point of order.

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਬੈਠੋ । (ਵਿਘਨ) (Dr. Sahib, please resume your seat) (*Interruptions*)

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਮੇਰੀ ਇਹ ਸਬਮਿਸ਼ਨ ਹੈ ਕਿ ਸਰਦਾਰ ਸੁਰਜੀਤ ਸਿੰਘ (ਬਰਨਾਲਾ) ਨੇ ਗ਼ਲਤ ਬਿਆਨੀ ਕੀਤੀ ਹੈ । (ਵਿਘਨ) ਮੈਨੂੰ ਬੜਾ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਸਾਡੀ ਸਰਕਾਰ ਦਾ ਜੋ ਇਤਬਾਰ ਹੈ, ਸਾਡਾ ਜੋ ਇਤਬਾਰ ਹੈ ਉਸ ਨੂੰ ਇਹ ਖੰਡਨ ਕਰ ਰਹੇ ਹਨ । (ਸ਼ੋਰ) (ਅਕਾਲੀ ਬੈਂਚਾਂ ਵਲੋਂ ਬਹੁਤ ਸ਼ੋਰ, ਸ਼ੇਮ ਸ਼ੇਮ, ਦੀਆਂ ਆਵਾਜ਼ਾਂ) ਸਪੀਕਰ ਸਾਹਿਬ, ਮੈਂ ਇਹ ਸਾਬਤ ਕਰਾਂਗਾ ਅਤੇ ਇਹ ਦਸਾਂਗਾ ਕਿ ਕਿਹੜਾ ਪੰਥ ਹੈ । ਅਸਲ ਪੰਥ ਗਿਆਨੀ ਜ਼ੈਲ ਸਿੰਘ ਜੀ ਦਾ ਪੰਥ ਹੈ । (ਵਿਘਨ) ਇਸ ਪੰਥ ਦੇ ਜੋ ਲੀਡਰ ਹਨ ਉਹ ਇਸ ਤਰ੍ਹਾਂ ਗਲਤ ਗਲਾਂ ਕਰਦੇ ਹਨ । (ਸ਼ੋਰ) (ਬਹੁਤ ਸ਼ੋਰ)

ਸ਼੍ਰੀ ਸਪੀਕਰ : Dr. Sahib, please resume your seat. ਪੁਆਇੰਟ ਆਫ਼ ਆਰਡਰ ਇਤਨਾ ਲੰਮਾ ਨਹੀਂ ਹੁੰਦਾ । (ਬਹੁਤ ਸ਼ੋਰ) (Dr. Sahib, please resume your seat. Point of order should not be so lengthy) (*Interruptions*)

ਡਾਕਟਰ ਅਮੀਰ ਸਿੰਘ ਕਲਕਟ : ਤੁਸੀਂ, ਰੀਕਾਰਡ ਕਢਵਾ ਕੇ ਦੇਖੋ । ਤੁਸੀ ਸਪੀਕਰ ਸਾਹਿਬ, ਉਸ ਦਿਨ ਵੀ ਮੈਨੂੰ ਬੋਲਣ ਨਹੀਂ ਦਿਤਾ ਨਹੀਂ ਤਾਂ ਮੈਂ ਉਸੇ ਦਿਨ ਤੁਹਾਨੂੰ ਦਸਦਾ । (ਸ਼ੋਰ)

Mr. Speaker: Dr. Sahib, please resume your seat.

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਸਹੀ ਫੈਸਲਾ ਦਿਤਾ ਹੈ। ਡਾਕਟਰ ਸਾਹਿਬ ਬੋਲੇ ਹਨ ਅਤੇ ਉਨ੍ਹਾਂ ਨੇ ਆਪਣੇ ਖਿਆਲਾਤ ਹਾਊਸ ਨੂੰ ਦੱਸ ਦਿਤੇ ਹਨ । ਸਪੀਕਰ ਸਾਹਿਬ, ਸਵਾਲ ਐਸਾ ਹੈ ਕਿ ਪਹਿਲਾ ਇਤਰਾਜ਼ ਜੋ ਉਠਿਆ ਉਹ 'ਪ੍ਰਤਾਪ' ਅਖਬਾਰ ਦੀ ਇਸ ਰਪੋਟ ਦੇ ਬੇਸਿਜ਼ ਤੇ ਉਠਿਆ । ਇਹ 8 ਅਗਸਤ ਦੀ ਪ੍ਰਤਾਪ ਅਖਬਾਰ ਹੈ ਇਸ ਦੇ ਵਿਚ ਲਿਖਿਆ ਹੈ, 'ਕਿਆ ਅਕਾਲੀ ਨੇਤਾ ਇਸ ਕਾ ਜਵਾਬ ਦੇਂਗੇ' । ਇਹ ਫਰੰਟ ਪੇਜ ਤੇ ਇਕ ਡਬੀ ਜਿਹੀ ਬਣਾ ਦਿਤੀ ਹੈ । 'ਕਿਆ ਜਨਸੰਘ ਕੇ ਨੇਤਾ ਅਕਾਲੀਓਂ ਸੇ ਜਵਾਬ ਮਾਂਗੇਂਗੇ' । ਇਸ ਤੋਂ, ਸਪੀਕਰ ਸਾਹਿਬ, ਇਹ ਜਾਪਦਾ ਹੈ ਕਿ ਇਸ ਇਨਟੈਨਸ਼ਨ ਨਾਲ ਖ਼ਬਰ ਛਾਪੀ ਗਈ ਹੈ ਜਿਸ ਦਾ ਅਧਾਰ ਇਕ ਡਾਕਟਰ ਜਗਜੀਤ ਸਿੰਘ ਦੀ ਕੋਈ ਚਿਠੀ ਹੈ । ਜੇ ਸਾਰੀ ਖ਼ਬਰ ਨੂੰ ਪੜ੍ਹਿਆ ਜਾਵੇ ਤਾਂ ਪਤਾ ਲਗੇਗਾ ਕਿ ਇਸ ਦੇ ਵਿਚ ਖ਼ਬਰ ਤੋਂ ਬਾਅਦ ਅਗੇ ਜਾ ਕੇ ਕੋਈ ਉਸ ਦੀ ਚਿਠੀ ਵੀ ਨਾਲ ਛਾਪੀ ਹੈ । ਖ਼ਬਰ ਤੋਂ ਸਾਫ਼ ਜ਼ਾਹਰ ਹੈ, ਜਿਵੇਂ —

> 'ਪੰਜਾਬ ਕੇ ਅਕਾਲੀ ਨੇਤਾ ਕਈ ਵਾਰ ਯੇ ਕਹਿ ਚੁਕੇ ਹੈਂ ਕਿ ਇਨ ਕੋ ਸਿੱਖ ਹੋਮ ਲੈਂਡ ਕੀ ਤਹਿਰੀਕ ਸੇ ਕੋਈ ਤੱਲਕ ਨਹੀਂ ਹੈ । ਲੇਕਿਨ ਇਸ ਗਲਤ ਬਿਆਨੀ ਕਾ ਭਾਂਡਾ ਸਿੱਖ ਹੋਮ ਲੈਂਡ ਤਹਿਰੀਕ ਕੇ ਅਲਮਬਰਦਾਰ ਡਾਕਟਰ ਜਗਜੀਤ ਸਿੰਘ ਨੇ ਫੋੜ ਦੀਆ ਹੈ ।'

Original with;
Punjab Vidhan Sabha
Digitized by;
Panjab Digital Library

ਡਾਕਟਰ ਜਗਜੀਤ ਸਿੰਘ ਨੇ ਕੋਈ ਭਾਂਡਾ ਫੋੜਿਆ ਹੈ ਜਿਸ ਦਾ ਜ਼ਿਕਰ 'ਪ੍ਰਤਾਪ' ਅਖਬਾਰ ਨੇ ਕੀਤਾ ਹੈ। ਉਸ ਵਿਚ ਲਿਖਿਆ ਹੈ—

> 'ਉਨ ਕੀ ਤਰਫ਼ ਸੇ ਜਲੰਧਰ ਕੇ ਅਖ਼ਬਾਰਾਤ ਕੋ ਕਈ ਬਿਆਨਾਤ ਔਰ ਕਈ ਕਿਸਮ ਕੀ ਤਹਿਰੀਰੇਂ ਸ਼ਾਇਆ ਕਰਨੇ ਕੇ ਲੀਏ ਭੇਜੀ ਜਾਤੀ ਹੈਂ। ਏਕ ਨਈ ਖ਼ਬਰ ਜੋ ਉਨ੍ਹੋਂ ਨੇ ਸ਼ਾਇਆ ਕਰਨੇ ਕੇ ਲੀਏ ਭੇਜੀ ਹੈ ਵੋ ਹਮ ਲਫ਼ਜ਼ ਬਲਫ਼ਜ਼ ਨੀਚੇ ਨਕਲ ਕਰਤੇ ਹੈਂ।'

ਫਿਰ, ਸਪੀਕਰ ਸਾਹਿਬ, ਉਸ ਚਿੱਠੀ ਦੀ ਨਕਲ ਛਾਪ ਦਿਤੀ ਹੈ।

ਚੌਧਰੀ ਦਰਸ਼ਨ ਸਿੰਘ : ਉਹ ਚਿਠੀ ਕੀ ਹੈ? (ਵਿਘਨ)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਸਪੀਕਰ ਸਾਹਿਬ, ਚਿਠੀ ਨੂੰ ਇਥੇ ਰਿਪੀਟ ਕਰਨ ਨਾਲ ਹਾਊਸ ਦਾ ਟਾਈਮ ਜ਼ਿਆਦਾ ਲਗੇਗਾ। ਜੇ ਤੁਸੀਂ ਬਹੁਤਾ ਕਹਿੰਦੇ ਹੋ ਤਾਂ ਮੈਂ ਪੜ੍ਹ ਦਿੰਦਾ ਹਾਂ।

ਮਾਲ ਮੰਤਰੀ : ਪੜ੍ਹ ਦਿਓ।

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਮੈਂ ਸਪੀਕਰ ਸਾਹਿਬ, ਇਥੇ ਹਾਊਸ ਵਿਚ ਦਸਿਆ ਸੀ। ਮੈਂ ਕੰਟਰਾਡਿਕਸ਼ਨ ਇਸ਼ੂ ਕੀਤੀ ਹੈ। ਮੈਂ ਪ੍ਰਤਾਪ ਅਖਬਾਰ ਨੂੰ ਵੀ ਚਿੱਠੀ ਲਿਖੀ ਸੀ, ਅਜੀਤ ਅਖਬਾਰ ਨੂੰ ਵੀ ਚਿੱਠੀ ਲਿਖੀ ਸੀ ਅਤੇ ਹਿੰਦ ਸਮਾਚਾਰ ਨੂੰ ਵੀ ਚਿੱਠੀ ਲਿਖੀ ਸੀ।। ਹਿੰਦ ਸਮਾਚਾਰ ਅਤੇ ਅਜੀਤ ਅਖਬਾਰ ਨੇ ਤਾਂ ਮੇਰੀ ਕੰਟਰਾਡਿਕਸ਼ਨ ਸ਼ਾਇਆ ਕਰ ਦਿਤੀ ਪਰ ਪ੍ਰਤਾਪ ਅਖਬਾਰ ਨੇ ਇਹ ਚੀਜ਼ ਛਾਪ ਦਿਤੀ ਜਿਸ ਦੇ ਆਧਾਰ ਤੇ ਇਹ ਮੋਸ਼ਨ ਆਈ ਹੈ। 8 ਤਾਰੀਖ਼ ਦੀ ਇਹ ਖ਼ਬਰ ਸੀ ਅਤੇ 10 ਤਾਰੀਖ਼ ਨੂੰ ਅਰਲੀਐਸਟ ਇਹ ਛਪ ਸਕਦੀ ਸੀ ਕਿਉਂਕਿ ਮੈਂ 9 ਤਾਰੀਖ਼ ਨੂੰ ਚਿੱਠੀ ਲਿਖੀ ਸੀ ਅਤੇ 10 ਤਾਰੀਖ਼ ਦੇ ਅਖਬਾਰ ਵਿਚ ਉਨ੍ਹਾਂ ਨੇ ਮੇਰੀ ਤਰਦੀਦ ਛਾਪੀ ਹੈ; ਉਹ ਮੈਂ ਪੜ੍ਹ ਦਿੰਦਾ ਹਾਂ :

> "ਟੋਰੰਟੋ ਮੇਂ ਮੇਰੀ, ਟੌਹਰਾ ਔਰ ਹੁਕਮ ਸਿੰਘ ਕੀ ਜਗਜੀਤ ਸਿੰਘ ਸੇ ਕੋਈ ਖ਼ੁਫ਼ੀਆ ਮੀਟਿੰਗ ਨਹੀਂ ਹੁਈ। ਸਰਦਾਰ ਸੁਰਜੀਤ ਸਿੰਘ (ਬਰਨਾਲਾ) ਕਾ ਵਜ਼ਾਰਤੀ ਬਿਆਨ'। 'ਟੋਰੰਟੋ ਕੀ ਤਕਰੀਬ ਮੇਂ ਜਗਜੀਤ ਸਿੰਘ ਮੌਜੂਦ ਥਾ ਮਗਰ ਉਸੇ ਬੋਲਨੇ ਨਹੀਂ ਦੀਆ ਗਿਆ'।"

ਇਹ ਇਥੋਂ ਸ਼ੁਰੂ ਕੀਤੀ ਹੈ :

> "ਸਰਦਾਰ ਸੁਰਜੀਤ ਸਿੰਘ (ਬਰਨਾਲਾ) ਮੈਂਬਰ ਅਸੰਬਲੀ ਵ ਸਾਬਕ ਵਜ਼ੀਰੇ ਤਾਲੀਮ ਨੈ ਹਿੰਦ ਸਮਾਚਾਰ ਕੇ ਨਾਮ ਅਪਨੇ ਖ਼ਤ ਮੇਂ ਲਿਖਾ ਹੈ ਕਿ ਯੇਹ ਖ਼ਬਰ ਸ਼ਾਇਆ ਹੁਈ ਹੈ ਕਿ ਸਰਦਾਰ ਸੁਰਜੀਤ ਸਿੰਘ ਨੇ ਆਜ਼ਾਦ ਸਿਖ ਸਟੇਟ ਕੇ ਹਕ ਮੇਂ ਕਹਾ ਹੈ ਔਰ ਯੇਹ ਭੀ ਕਹਾ ਹੈ ਕਿ ਜ਼ਰੂਰੀ ਹੈ ਕਿ ਖ਼ਾਲਿਸਤਾਨ ਕੇ ਹਸੂਲ ਕੇ ਲੀਏ ਜਦੋ ਜਹਿਦ ਕੀ ਜਾਏ ਔਰ ਇਨ ਲੀਡਰੋਂ ਨੈ ਫੰਡਜ਼ ਕੀ ਫ਼ਰਾਹਮੀ ਕੇ ਲੀਏ ਅਪੀਲ ਕੀ।"

ਇਹ ਉਨ੍ਹਾਂ ਦੇ ਲਫ਼ਜ਼ ਹਨ ਤੇ ਮੈਂ ਉਨ੍ਹਾਂ ਨੂੰ ਲਿਖਿਆ ਜਿਸ ਬਾਰੇ ਅਖਬਾਰ ਲਿਖਦਾ ਹੈ:

> "ਸਰਦਾਰ ਸੁਰਜੀਤ ਸਿੰਘ ਨੇ ਲਿਖਾ ਹੈ ਕਿ ਯੇਹ ਖ਼ਬਰ ਬਿਲਕੁਲ ਗ਼ਲਤ ਹੈ ਔਰ ਮੈਂ ਇਸ ਕੀ ਪੁਰਜ਼ੋਰ ਤਰਦੀਦ ਕਰਤਾ ਹੂੰ। ਐਸਾ ਦਿਖਾਈ ਦੇਤਾ ਹੈ ਕਿ ....."

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ: (ਡਾਕਟਰ ਬਲਦੇਵ ਪ੍ਰਕਾਸ਼ ਨੂੰ) ਡਾਕਟਰ ਸਾਹਿਬ ਜੀ, ਤੁਸੀਂ ਬੜੇ ਪੁਰਾਣੇ ਪਾਰਲੀਮੈਨਟੇਰੀਅੱਨ ਹੋ, ਜਿਸ ਤਰੀਕੇ ਨਾਲ ਤੁਸੀਂ ਸੀਟ ਤੇ ਬੈਠੇ ਹੋ .....(ਵਿਘਨ) (*Addressing Dr. Baldev Prakash*) Doctor Sahib, you are a seasoned parliamentarian, but the style in which you are sitting.. (*Interruptions*)

ਮਾਲ ਮੰਤਰੀ : ਉਹ ਸੱਚ ਕਹੇ ਹਨ ਕਿ ਕਿਨ੍ਹਾਂ ਨਾਲ ਯਾਰੀ ਲਾ ਲਈ ਹੈ ।(ਹਾਸਾ)

ਸ਼੍ਰੀ ਗੁਰਦਿਆਲ ਸੈਣੀ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਸ ਦਿਨ ਦੇ ਡਾਕਟਰ ਬਲਦੇਵ ਪ੍ਰਕਾਸ਼ ਜੀ ਆਏ ਹਨ ਤੁਹਾਡਾ ਧਿਆਨ ਖ਼ਾਸ ਤੌਰ ਤੇ ਉਨਾਂ ਵੱਲ ਹੀ ਰਹਿੰਦਾ ਹੈ ਇਸ ਦਾ ਕੀ ਕਾਰਣ ਹੈ?

ਸ਼੍ਰੀ ਸਪੀਕਰ: ਹਾਊਸ ਦੇ ਜਿਹੜੇ ਮੈਂਬਰ ਸਾਹਿਬਾਨ ਹਨ ਉਨ੍ਹਾਂ ਸਾਰਿਆਂ ਦੀ ਦੇਖਭਾਲ ਕਰਨਾ ਮੇਰਾ ਫਰਜ਼ ਹੈ । (ਵਿਘਨ) (It is my duty to look after all the hon. Members of the House.) (*Interruptions*)

ਸਰਦਾਰ ਸਤਨਾਮ ਸਿੰਘ ਬਾਜਵਾ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਕ ਆਨਰੇਬਲ ਮੈਂਬਰ ਸ਼ਪੀਕਰ ਸਾਹਿਬ ਦੀ ਜ਼ਾਤ ਤੇ ਸ਼ਕ ਕਰੇ ਮੈਂ ਸਮਝਦਾ ਹਾਂ ਕਿ ਇਸ ਤੋਂ ਵੱਧ ਧੱਕਾ ਹੋ ਹੀ ਨਹੀਂ ਸਕਦਾ। ਇਹ ਤੁਹਾਨੂੰ ਆਪਣੀ ਪਾਰਟੀ ਦਾ ਸਮਝਦੇ ਹੀ ਨਹੀਂ ਹਨ । (ਵਿਘਨ)

ਸ਼੍ਰੀ ਸਪੀਕਰ : ਸ਼ਕ ਦੀ ਕੋਈ ਗਲ ਨਹੀਂ ਕੀਤੀ ਉਨ੍ਹਾਂ ਨੈ । (He has not suspected anything.)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਮੈਂ, ਸਪੀਕਰ ਸਾਹਿਬ, ਪੜ੍ਹ ਰਿਹਾ ਸੀ:

> "ਯੇਹ ਖ਼ਬਰ ਸਿਆਸੀ ਮੁਖ਼ਾਲਫ਼ੋਂ ਔਰ ਮੁਫ਼ਾਦ ਪ੍ਰਸਤੋਂ ਨੇ ਦੀ ਹੈ । ਹਮ ਨੇ ਡਾਕਟਰ ਜਗਜੀਤ ਸਿੰਘ ਕੇ ਸਾਥ ਕੋਈ ਪ੍ਰਾਈਵੇਟ ਮੀਟਿੰਗ ਨਹੀਂ ਕੀ। ਟੋਰੰਟ ਕੇ ਗੁਰਦੁਆਰਾ ਮੇਂ ਵਹਾਂ ਕੇ ਸਿਖੋਂ ਨੇ ਏਕ ਸਵਾਗਤੀ ਤਕਰੀਬ ਕਾ ਇਹਤਰਾਮ ਕੀਆ। ਇਸ ਤਕਰੀਬ ਮੇਂ ਡਾਕਟਰ ਜਗਜੀਤ ਸਿੰਘ ਭੀ ਮੌਜੂਦ ਥੇ ਮਗਰ ਉਨ੍ਹੇਂ ਭਾਸ਼ਨ ਦੇਨੇ ਕਾ ਵਕਤ ਨਾ ਦੀਆ ਗਿਆ । ਅਕਾਲੀ ਦਲ ਕਾ ਸਟੈਂਡ ਜੈਸਾ ਕਿ ਆਨੰਦਪੁਰ ਸਾਹਿਬ ਮੇਂ ਕੁਛ ਅਰਸਾ ਪਹਿਲੇ ਵਰਕਿੰਗ ਕਮੇਟੀ ਨੈ ਰੈਜ਼ੋਲਿਊਸ਼ਨ ਪਾਸ ਕੀਆ ਥਾ ਬਿਲਕੁਲ ਵਾਜ਼ੇਹ ਹੈ ਔਰ ਆਜ਼ਾਦ ਸਿਖ ਸਟੇਟ ਇਸ ਕਾ ਨਸਬਉਲਐਨ ਨਹੀਂ ਹੈ। ਕਿਸੀ ਭੀ ਅਕਾਲੀ ਲੀਡਰ ਨੇ ਕਭੀ ਸਿਖ ਸਟੇਟ ਯਾ ਸਿਖ ਹੋਮਲੈਂਡ ਕੇ ਬਾਰੇ ਭਾਰਤ ਕੇ ਬਾਹਰ ਮੁਤਾਲਬਾ ਨਹੀਂ ਕੀਆ ।"

ਇਹ ਬੜੀ ਕਲੀਅਰ ਤਰਦੀਦ ਦਿਤੀ ਹੈ ਇਸ ਅਖ਼ਬਾਰ ਨੇ । ਚਿੱਠੀਆਂ ਬਾਕੀਆਂ ਨੂੰ ਵੀ ਭੇਜ ਦਿਤੀਆਂ ਸਨ । ਠੀਕ ਤਾਂ ਇਹ ਸੀ ਕਿ ਇਸ ਸਕੀਮ ਦੀ ਕੋਈ ਗਲ ਨਾ ਆਉਂਦੀ ਪਰ 11 ਤਾਰੀਖ਼ ਦੇ ਉਸੇ ਅਖ਼ਬਾਰ ਵਿਚ 'ਪ੍ਰਤਾਪ' ਵਿਚ ਫਿਰ ਇਕ ਇੰਗਲਿਸ਼ ਵਿਚ ਉਹੀ ਚੀਜ਼ ਛਪ ਗਈ ਅਤੇ ਅਖ਼ਬਾਰ ਵਾਲਿਆਂ ਨੈ ਲਿਖਿਆ ਹੈ ਕਿ ਸਾਨੂੰ ਵੀ ਨੈਸ਼ਨਲ ਇੰਟੈਲੀਜੈਂਸ ਸਰਵਿਸ ਪਾਸੋਂ ਇਹ ਚੀਜ਼ ਆਈ ਹੈ, ਅਸੀਂ ਛਾਪ ਰਹੇ ਹਾਂ । ਪਤਾ ਨਹੀਂ ਉਹ ਕਿਹੜੀ ਨੈਸ਼ਨਲ ਇੰਟੈਲੀਜੈਂਸ ਸਰਵਿਸ ਹੈ। ਉਸ ਦੀ ਕੋਈ ਮੋਹਰ ਨਹੀਂ, ਨਾ ਕੋਈ ਗੌਰਮੈਂਟ ਦੀ ਨਾ ਕੋਈ ਪ੍ਰਾਈਵੇਟ ਦੀ । ਇਹ ਕੋਈ ਵੀ

Original with;
Punjab Vidhan Sabha
Digitized by;
Panjab Digital Library

ਚਿਠੀ ਲਿਖ ਸਕਦਾ ਹੈ। ਇਥੇ ਬੈਠੇ ਵੀ ਕੋਈ ਇਸ ਕਿਸਮ ਦੀ ਚਿੱਠੀ ਕਿਸੇ ਬਾਰੇ ਲਿਖ ਸਕਦਾ ਹੈ। ਇਹ ਮੈਂ ਮੰਨਦਾ ਹਾਂ ਕਿ ਕਨੇਡਾ ਵਿਚ ਪ੍ਰਾਈਵੇਟ ਏਜੰਸੀਆਂ ਸਾਰੇ ਕੰਮ ਕਰਦੀਆਂ ਹਨ। ਉਹ ਰੇਡਿਓ ਦਾ ਕੰਮ ਵੀ ਕਰਦੀਆਂ ਹਨ ਅਤੇ ਹੋਰ ਵੀ ਕੰਮ ਕਰਦੀਆਂ ਹਨ ਲੇਕਿਨ ਇਸ ਚਿੱਠੀ ਵਿਚ ਕੁਝ ਨਹੀਂ ਦਸਿਆ ਗਿਆ ਕਿ ਇਹ ਕਿਥੋਂ ਆਈ ਹੈ। We do not know how it has come ? ਇਥੇ ਮਹਿਜ਼ ਨੈਸ਼ਨਲ ਇੰਟੈਲੀਜੈਂਸ ਸਰਵਿਸ ਲਿਖਿਆ ਹੈ। ਪਤਾ ਨਹੀਂ ਇਹ ਇਥੇ ਦੀ ਹੈ ਜਾਂ ਬਾਹਰ ਦੀ ਹੈ। ਲਫਜ਼ ਉਹੀ ਹਨ ਜਿਹੜੇ 8 ਤਾਰੀਖ਼ ਦੀ ਉਰਦੂ ਦੇ ਅਖ਼ਬਾਰ ਵਿਚ ਆਏ ਸਨ। ਮੇਰਾ ਸਟੈਂਡ ਉਹੀ ਹੈ; ਮੈਂ ਉਹ ਲਫ਼ਜ਼ ਨਹੀਂ ਕਹੇ ਹਨ। ਗੁਰਦੁਆਰੇ ਵਿਚ ਉਥੇ 5—4 ਹਜ਼ਾਰ ਸਿਖ ਮੌਜੂਦ ਸਨ ਅਤੇ ਡਾਕਟਰ ਜਗਜੀਤ ਸਿੰਘ ਵੀ ਸਨ। ਉਨ੍ਹਾਂ ਦੀ ਖ਼ਾਹਿਸ਼ ਸੀ ਕਿ ਉਨ੍ਹਾਂ ਨੂੰ ਬੋਲਣ ਦਾ ਮੌਕਾ ਦਿਤਾ ਜਾਏ ਪਰ ਮੌਕਾ ਨਹੀਂ ਦਿਤਾ ਗਿਆ। ਤਕਰੀਰ ਜਿਹੜੀ ਕੀਤੀ ਸੀ ਉਹ ਉਨ੍ਹਾਂ ਦੇ ਸੁਆਗਤ ਲਈ ਸੀ। ਜਿਹੜੇ ਬਾਹਰੋਂ ਗਏ ਸਨ ਡਾਕਟਰ ਸਾਹਿਬ ਨੂੰ ਸ਼ਾਇਦ ਉਹ ਬਾਹਰਲਾ ਨਹੀਂ ਸਮਝਦੇ। ਹਕੀਕਤ ਇਹ ਹੈ ਕਿ ਉਨ੍ਹਾਂ ਨੂੰ ਬੋਲਣ ਦਾ ਮੌਕਾ ਨਹੀਂ ਦਿਤਾ ਗਿਆ। ਉਥੇ ਬੈਠੇ ਡਾਕਟਰ ਸਾਹਿਬ ਨੇ ਕਿਹਾ ਹੈ ਕਿ ਇਹ ਇਕ ਫ਼ਾਰਨ ਪੇਪਰ ਹੈ ਇਸ ਵਿਚ ਤਸਵੀਰਾਂ ਆਈਆਂ ਹਨ (ਵਿਘਨ) ਮੈਂ ਕਹਿੰਦਾ ਹਾਂ ਕਿ ਉਥੇ ਬੜੀਆਂ ਤਸਵੀਰਾਂ ਖਿਚੀਆਂ ਗਈਆਂ। ਉਨ੍ਹਾਂ ਦੀ ਬੜੀ ਕੁਇਕ ਫ਼ੋਟੋਗਰਾਫੀ ਹੈ। ਗਿਆਨੀ ਜੀ ਵੀ ਉਥੇ ਜਦੋਂ ਜਾਂਦੇ ਹਨ ਉਨ੍ਹਾਂ ਦੀਆਂ ਵੀ ਫੋਟੋਆਂ ਲਈਆਂ ਜਾਂਦੀਆਂ ਹੋਣਗੀਆਂ। ਅਸੀਂ ਥਾਂ ਥਾਂ ਤੇ ਤਕਰੀਰਾਂ ਕੀਤੀਆਂ, ਸਾਡੀਆਂ ਫੋਟੋਆਂ ਲਈਆਂ। ਉਥੇ ਉਹ ਏਅਰ ਪੋਰਟ ਤੇ ਰਿਸੈਪਸ਼ਨ ਲਈ ਆਏ, ਤਸਵੀਰਾਂ ਲਈਆਂ। ਜੇ ਬਹੁਤੀਆਂ ਤਸਵੀਰਾਂ ਲੈਣ ਤੇ ਇਨ੍ਹਾਂ ਨੂੰ ਇਤਰਾਜ਼ ਹੋਵੇ ਤਾਂ ਮੈਂ ਮੰਨ ਸਕਦਾ ਹਾਂ ਕਿ ਕਿਉਂ ਜਿਆਦਾ ਤਸਵੀਰਾਂ ਲਈਆਂ ਗਈਆਂ। ਮੈਂ ਮੰਨਦਾ ਹਾਂ ਕਿ ਤਸਵੀਰਾਂ ਬਹੁਤ ਲਈਆਂ ਗਈਆਂ। ਬਾਕੀ ਆਨੰਦਪੁਰ ਸਾਹਿਬ ਵਿਚ ਜਿਹੜਾ ਫੈਸਲਾ ਕੀਤਾ ਹੈ ਉਸ ਤੋਂ ਅਸੀਂ ਨਹੀਂ ਭਜਦੇ ਉਹ ਬੜਾ ਕਲੀਅਰ ਹੈ।

ਸਰਦਾਰ ਦਿਲਬਾਗ ਸਿੰਘ (ਨਵਾਂ ਸ਼ਹਿਰ): ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਸ ਹਾਊਸ ਵਿਚ ਉਸ ਆਦਮੀ ਦਾ ਜ਼ਿਕਰ ਚਲ ਰਿਹਾ ਹੈ 'ਡਾਕਟਰ ਜਗਜੀਤ ਸਿੰਘ' ਦਾ ਜਿਹੜੇ ਉਸ ਵੇਲੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸਨ, 1971 ਦੇ ਵਿਚ ਜਿਸ ਵੇਲੇ ਸਾਡੀਆਂ ਫੌਜਾਂ ਪਾਕਿਸਤਾਨ ਦੇ ਨਾਲ ਲੜ ਰਹੀਆਂ ਸਨ.....

ਅਵਾਜ਼ਾਂ : ਗ਼ਲਤ ਹੈ, ਗ਼ਲਤ ਹੈ।

ਸਰਦਾਰ ਦਿਲਬਾਗ ਸਿੰਘ : ਔਰ ਉਹ ਆਦਮੀ ਪਾਕਿਸਤਾਨ ਰੇਡੀਓ ਤੋਂ ਬਿਆਨ ਦੇ ਰਿਹਾ ਸੀ ਉਹ ਐਸਾ ਆਦਮੀ ਹੈ। ਉਸ ਵੇਲੇ ਇਹ ਚੀਜ਼ (ਵਿਘਨ) (ਸ਼ੋਰ) ਇਹ ਦੋਸਤ ਕਹਿੰਦੇ ਹਨ ਕਿ ਅਸੀਂ ਉਸ ਨੂੰ ਕੈਨੇਡਾ ਨਹੀਂ ਮਿਲੇ। ਇਹ 18,19 ਔਰ 20 ਤਾਰੀਖ ਨੂੰ ਤਿੰਨ ਦਿਨ ਅਮਰੀਕਾ ਔਰ ਵਾਸ਼ਿੰਗਟਨ ਰਹੇ ਅਤੇ ਰਾਜਿੰਦਰ ਸਿੰਘ ਬਾਜਵਾ ਨੂੰ ਵੀ ਮਿਲੇ (ਸ਼ੋਰ ਸ਼ੋਰ) ਸਲਾਹ ਮਸ਼ਵਰਾ ਕਰਨ ਤੋਂ ਬਾਅਦ ਇਹ ਕੈਲੀਫੋਰਨੀਆ ਆ ਗਏ (ਵਿਘਨ) ਗੁਰਦੁਆਰੇ ਲਈ ਪੈਸੇ ਇਕਠੇ ਕਰਨ ਲਈ ਉਥੇ ਜਾਂਦੇ ਹਨ। ਉਥੇ ਉਨ੍ਹਾਂ ਨੂੰ ਅਪੀਲ ਕਰਦੇ ਹਨ ਕਿ ਜਿੰਨੇ ਪੈਸੇ ਦਿਓਗੇ ਅਸੀਂ ਸਿਖ ਹੋਮ ਲੈਂਡ ਵਾਸਤੇ ਇਹ ਖ਼ਰਚ ਕਰਾਂਗੇ। ਇਹੋ ਜਿਹੇ ਸ਼ਰੀਫ਼ ਆਦਮੀ ਉਥੇ ਜਾ ਕੇ ਇਹੋ ਜਿਹੀ ਗਲ ਕਰਦੇ ਹਨ ਬੜੀ ਸ਼ਰਮ ਦੀ ਗਲ ਹੈ। (ਵਿਘਨ) (ਸ਼ੋਰ)

ਸਰਦਾਰ ਸੁਰਜੀਤ ਸਿੰਘ(ਬਰਨਾਲਾ): ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜੇ ਡਾਕਟਰ ਜਗਜੀਤ ਸਿੰਘ ਦੀ ਕੰਟਰੋਵਰਸੀ ਵਿਚ ਚਲੇ ਗਏ ਤਾਂ ਦੇਸ਼ ਵਾਸਤੇ ਨੁਕਸਾਨ ਹੋਵੇਗਾ,

Original with;
Punjab Vidhan Sabha
Digitized by;
Panjab Digital Library

(ਸਰਦਾਰ ਸੁਰਜੀਤ ਸਿੰਘ (ਬਰਨਾਲਾ)

ਉਹ ਠੀਕ ਨਹੀਂ । ਅਸੀਂ ਉਨ੍ਹਾਂ ਨੂੰ ਗੁਰਦੁਆਰੇ ਲਈ ਪੈਸੇ ਇਕਠੇ ਕਰਨ ਦੀ ਖਾਤਰ ਕਿਹਾ ਮੈਂ ਜਿਸ ਤਰ੍ਹਾਂ ਗੁਰਦੁਆਰੇ ਨੂੰ ਸੇਕਰਡ ਸਮਝਦਾ ਹਾਂ ਉਸੇ ਤਰ੍ਹਾਂ ਇਸ ਹਾਊਸ ਨੂੰ ਵੀ ਸੇਕਰਡ ਸਮਝਦਾ ਹਾਂ । ਮੈਂ ਕਹਿੰਦਾ ਹਾਂ ਕਿ ਅਸੀਂ ਕਿਸੇ ਥਾਂ ਵਿਚ ਪੈਸੇ ਇਕਠੇ ਕਰਨ ਦੀ ਅਪੀਲ ਨਹੀਂ ਕੀਤੀ ਇਸ ਮਤਲਬ ਲਈ ਜਾਂ ਇਹ ਕਹਿਕੇ ਕਿ ਅਸੀਂ ਸਿਖ ਹੋਮਲੈਂਡ ਜਾਂ ਸਿਖ ਸਟੇਟ ਤੇ ਲਾਵਾਂਗੇ ਅਤੇ ਨਾ ਹੀ ਕੋਈ ਐਸੀ ਗਲ ਕੀਤੀ ਹੈ । ਮੈਂ ਐਸੀ ਕੋਈ ਗਲ ਨਹੀਂ ਕੀਤੀ । ਜੇ ਇਸ ਦੇ ਬਾਵਜੂਦ ਵੀ ਇਹ ਮੇਰੇ ਦੋਸਤ ਕਹਿਣਗੇ ਤਾਂ that will be all false.

ਸ਼੍ਰੀ ਸਪੀਕਰ : ਮੈਂ ਹੁਣ ਇਹ ਮੁਨਾਸਬ ਸਮਝਦਾ ਹਾਂ ਕਿ ਅਗਲਾ ਬਿਜ਼ਨੈਸ ਕੀਤਾ ਜਾਏ । (I am of the view that next business on the agenda be taken up.)

ਸਰਦਾਰ ਗੁਰਬਚਨ ਸਿੰਘ (ਰੋਪੜ): ਸਪੀਕਰ ਸਾਹਿਬ, ਇਕ ਲੂੰਮੜੀ ਅੰਗੂਰ ਖਾਣ ਗਈ । ਅੰਗੂਰਾਂ ਤਕ ਉਸ ਦਾ ਮੂੰਹ ਨਾ ਪਹੁੰਚਿਆ ਉਥੋਂ ਮੁੜ ਪਈ ਤੇ ਕਹਿਣ ਲਗੀ grapes are sour. (Laughter) ਇਹ ਤਾਂ ਸਿੱਖ ਹੋਮਲੈਂਡ ਬਣਾ ਲੈਣ ਲੇਕਿਨ ਇਨ੍ਹਾਂ ਨੂੰ ਪੰਜਾਬ ਦੀ ਜੰਤਾ ਸਾਥ ਨਹੀਂ ਦਿੰਦੀ । ਇਹ ਗਲ ਜੰਤਾ ਨੈ ਬਰਦਾਸ਼ਤ ਨਹੀਂ ਕੀਤੀ, ਇਹ ਤਾਂ ਬਨਾਉਣਾ ਚਾਹੁੰਦੇ ਹਨ । ਇਹ ਤਾਂ ਹੁਣ ਵੀ ਜਤਨ ਕਰਦੇ ਹਨ । (ਵਿਘਨ)

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਪ੍ਰੀਵਿਲੇਜ ਮੋਸ਼ਨਾਂ ਆਉਂਦੀਆਂ ਹਨ.....

ਸਰਦਾਰ ਬਲਵਿੰਦਰ ਸਿੰਘ ਭੁੰਦੜ: ਸਪੀਕਰ ਸਾਹਿਬ, ਇਹ ਆਪ ਹੀ ਬਨਾਉਣਗੇ ਜਿਹੜੇ ਹਾਲਾਤ ਇਹ ਪੈਦਾ ਕਰ ਰਹੇ ਹਨ ।

ਸ਼੍ਰੀ ਸਪੀਕਰ : ਕੋਈ ਨਹੀਂ ਬਣਾਉਂਦਾ, ਤੁਸੀਂ ਫਿਕਰ ਨਾ ਕਰੋ । (No body is going to do so, you may rest assured.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਥੇ ਪ੍ਰੀਵਿਲੇਜ ਮੋਸ਼ਨਜ਼ ਉਂਦੀਆਂ ਹਨ ਉਨ੍ਹਾਂ ਤੇ ਭਾਂ ਭੁਸੀਂ ਇਕ ਲਫਜ਼ ਨਹੀਂ ਬੋਲਣ ਦਿੰਦੇ ਪਰ ਇਸ ਗਲ ਤੇ ਪਤਾ ਨਹੀਂ ਤੁਸੀਂ ਕਿਉਂ ਇਤਨੇ ਵਿਸ਼ਾਲ ਹਿਰਦੇ ਵਾਲੇ ਹੋ ਗਏ ਹੋ ।

ਸ਼੍ਰੀ ਸਪੀਕਰ : ਮੈਂ ਤਾਂ ਰੋਕ ਰਿਹਾ ਹਾਂ ਜੀ । Now the Minister for Education will introduce the Bill. (I am checking them. Now the Minister for Education will introduce the Bill.)

(ਇਸ ਸਮੇਂ ਵਿਦਿਆ ਮੰਤਰੀ ਜੀ ਬਿੱਲ ਪੇਸ਼ ਕਰਨ ਲਈ ਖੜੇ ਹੋਏ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਕ ਐਡਜਰਨਮੈਂਟ ਮੋਸ਼ਨ ਸੀ । ਤੁਸੀਂ ਉਸ ਨੂੰ ਇਸ ਬਿਨਾ ਡੈ ਰੱਦ ਕੀਤਾ ਹੈ ਕਿ ਨੋ-ਕਾਨਫੀਡੈਂਸ ਮੋਸ਼ਨ ਤੇ ਇਸ ਬਾਰੇ ਜ਼ਿਕਰ ਹੋ ਚੁਕਿਆ ਹੈ। ਮੇਰੀ ਐਡਜਰਨਮੈਂਟ ਮੋਸ਼ਨ ਇਹ ਸੀ ਕਿ 'ਟਰੀਬਿਊਨ' ਵਿਚ ਇਕ ਖ਼ਬਰ ਹੈ । ਇਸ ਦਾ ਸਾਨੂੰ ਪਤਾ ਨਹੀਂ ਸੀ ਕਿ ਭਾਅ ਕਿਥੋਂ ਤੁਕ ਪਹੁੰਚਣਾ ਹੈ । ਅੰਮ੍ਰਿਤਸਰ ਵਿਚ ਆਟਾ 1.95 ਰੁਪਏ ਵਿਕ ਰਿਹਾ ਹੈ ।

Original with;
Punjab Vidhan Sabha
Digitized by;
Panjab Digital Library

ਇਹ ਨੋ-ਕਾਨਫੀਡੈਂਸ ਮੋਸ਼ਨ ਵਾਲੇ ਦਿਨ ਕਿਥੋਂ ਕਹਿ ਦਿੰਦੇ । ਇਹ ਤਾਂ ਅਜ ਖਬਰ ਆਈ ਹੈ । ਤੁਸੀਂ ਜਗਜੀਤ ਸਿੰਘ ਬਾਰੇ ਦੋ ਘੰਟੇ ਰੇਜ਼ ਡਿਸਕਸ਼ਨ ਅਲਾਓ ਕਰ ਦਿੰਦੇ ਹੋ । ਅੱਜ ਮਹਿੰਗਾਈ ਇਤਨੀ ਵਧ ਰਹੀ ਹੈ ਪਰ ਤੁਸੀਂ ਮੋਸ਼ਨ ਰੀਜੈਕਟ ਕਰ ਦਿਤੀ ਹੈ ।

ਸ਼੍ਰੀ ਸਪੀਕਰ : ਨੋ-ਕਾਨਫੀਡੈਂਸ ਮੋਸ਼ਨ ਵੀ ਪੇਸ਼ ਹੋ ਗਈ ਸੀ । ਉਸ ਵਿਚ ਮਹਿੰਗਾਈ ਬਾਰੇ ਵੀ ਵਿਚਾਰ ਹੋ ਗਿਆ ਸੀ । (The problem of inflation was also covered during the discussion on the No-Confidence Motion.)

ਮਾਸਟਰ ਚੰਦ ਸਿੰਘ: ਸਪੀਕਰ ਸਾਹਿਬ, ਮੇਰੀ ਇਕ ਐਡਜਰਨਮੈਂਟ ਮੋਸ਼ਨ ਸੀ । ਲੁਧਿਆਣੇ ਵਿਚ ਸੀਮਿੰਟ ਦੀਆਂ ਇਕ ਲਖ 32 ਹਜ਼ਾਰ ਬੋਰੀਆਂ ਆਈਆਂ ਸਨ । ਉਨ੍ਹਾਂ ਵਿਚੋਂ 92 ਹਜ਼ਾਰ ਬੋਰੀਆਂ ਤਲਬ ਕੀਤੀਆਂ ਗਈਆਂ, 40 ਹਜ਼ਾਰ ਬੋਰੀਆਂ ਇਨ੍ਹਾਂ ਦੇ ਕਾਂਗਰਸੀ ਵਰਕਰਾਂ ਨੇ ਖਾ ਲਈਆਂ । ਉਥੇ ਲਾਠੀ ਚਾਰਜ ਵੀ ਹੋਇਆ ਹੈ ...

ਸ਼੍ਰੀ ਸਪੀਕਰ : ਤੁਸੀਂ ਤਸ਼ਰੀਫ ਰੱਖੋ । (Please resume your seat.)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਐਡਾ ਵੱਡਾ ਫਰਾਡ ਹੈ, ਤੁਸੀਂ ਇਸ ਨੂੰ ਐਡਮਿੱਟ ਕਰੋ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਤੁਹਾਡੀ ਇਜਾਜ਼ਤ ਨਾਲ ਮੈਂ ਪੁਆਇੰਟ ਆਫ ਆਰਡਰ ਰੇਜ਼ ਕਰਨਾ ਚਾਹੁੰਦਾ ਹਾਂ ਜਿਹੜਾ ਕਿ ਬਹੁਤ ਜ਼ਰੂਰੀ ਹੈ । ਪੰਜਾਬ ਦੇ 22 ਹਜ਼ਾਰ ਟੀਚਰਜ਼ ਜਿਹੜੇ ਅੱਜ ਵਿਹਲੇ ਫਿਰਦੇ ਹਨ ਉਨ੍ਹਾਂ ਦਾ 101 ਦਾ ਜੱਥਾ ਬਾਹਰ ਬੈਠਾ ਹੈ । ਸਰਕਾਰ ਨੂੰ ਚਾਹੀਦਾ ਹੈ ਕਿ ਉਨ੍ਹਾਂ ਦਾ ਪ੍ਰਬੰਧ ਕਰੇ । (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਤੁਸੀਂ ਮੋਸ਼ਨ ਲੈ ਆਓ ਫਿਰ ਬੋਲ ਲੈਣਾ, ਹੁਣ ਤਸ਼ਰੀਫ ਰਖੋ । (You may move a motion to discuss this matter. Please resume your seat now.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰੀ ਬੇਨਤੀ ਤਾਂ ਸੁਣ ਲਓ । ਤੁਹਾਨੂੰ ਪਤਾ ਹੈ ਕਿ ਉਨ੍ਹਾਂ ਵਲੋਂ ਜਲੰਧਰ ਵਿਚ ਇਕ ਰੈਲੀ ਕੀਤੀ ਗਈ । ਉਥੇ ਚਾਰ ਪੰਜ ਸਵਰਗਵਾਸ ਹੋ ਗਏ, 11 ਜ਼ਖਮੀ ਹੋ ਗਏ । ਮੇਰੀ ਬੇਨਤੀ ਇਹ ਹੈ ਕਿ ਸਰਕਾਰ ਨੂੰ ਉਨ੍ਹਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ ।

ਸ਼੍ਰੀ ਸਰਦਾਰੀ ਲਾਲ ਕਪੂਰ : ਮੇਰੀ ਅਰਜ਼ ਹੈ, ਸਪੀਕਰ ਸਾਹਿਬ, ਕਿ ਪਿਛਲੇ ਦਿਨਾਂ ਵਿਚ ਕੁਝ ਕਾਲ ਅਟੈਨਸ਼ਨ ਮੋਸ਼ਨਜ਼ ਪੇਸ਼ ਕੀਤੀਆਂ ਸਨ ਉਨ੍ਹਾਂ ਵਿਚੋਂ ਕੁਝ ਦਾ ਜਵਾਬ ਆਇਆ ਹੈ । ਮੈਂ ਉਨ੍ਹਾਂ ਬਾਰੇ ਸਵਾਲ ਪੁੱਛਣਾ ਚਾਹੁੰਦਾ ਹਾਂ ।

ਸ਼੍ਰੀ ਸਪੀਕਰ : ਜਦੋਂ ਕਾਲ ਅਟੈਨਸ਼ਨ ਨੋਟਿਸਜ਼ ਪੇਸ਼ ਹੋਣ ਉਸ ਵੇਲੇ ਪੁੱਛ ਲੈਣਾ। (You may ask the supplementary question when the Call Attention Notices are taken up.)

ਸ਼੍ਰੀ ਸਰਦਾਰੀ ਲਾਲ ਕਪੂਰ : ਉਸ ਵੇਲੇ ਤੁਸੀਂ ਕਿਹਾ ਸੀ ਕਿ ਫਿਰ ਪੁੱਛ ਲੈਣਾ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਹੁਣ ਬੈਠੋ। ਫਿਰ ਕਿਸੇ ਵੇਲੇ ਪੁੱਛ ਲੈਣਾ । (Please resume your seat now. You may ask the supplementary question at some other time.)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੇਰੀ ਇਕ ਐਡਜਰਨਮੈਂਟ ਮੋਸ਼ਨ ਸੀ । ਰੱਈਏ ਕਤਲ ਹੋਇਆ ਸੀ । ਜਨਾਬ ਨੇ ਡਿਸਅਲਾਓ ਕਰ ਦਿਤੀ ਹੈ ।

ਸ਼੍ਰੀ ਸਪੀਕਰ : ਉਹ ਗਲ ਤਾਂ ਸਵੇਰੇ ਖਤਮ ਹੋ ਗਈ ਹੈ । (That matter was disposed of in the morning.)

ਸਰਦਾਰ ਜਸਵਿੰਦਰ ਸਿੰਘ ਬਰਾੜ: ਉਹ ਤਾਂ ਡਾਕਟਰ ਬਲਦੇਵ ਪ੍ਰਕਾਸ਼ ਜੀ ਦੀ ਐਡਜਰਨਮੈਂਟ ਮੋਸ਼ਨ ਸੀ । ਮੈਂ ਜਨਾਬ ਨੂੰ ਬੇਨਤੀ ਕਰਦਾ ਹਾਂ ਕਿ ਉਸ ਨੂੰ ਕਾਲ ਅਟੈਨਸ਼ਨ ਮੋਸ਼ਨ ਵਿਚ ਹੀ ਕਨਵਰਟ ਕਰ ਲਓ।

ਮਾਲ ਮੰਤਰੀ : ਸਪੀਕਰ ਸਾਹਿਬ, ਐਡਜਰਨਮੈਂਟ ਮੋਸ਼ਨ ਦੇਣ ਲਗਿਆਂ ਇਕ ਨਾਲ ਮੈਮੋਰੈਂਡਮ ਲਗਾਉਣਾ ਹੁੰਦਾ ਹੈ । ਇਨ੍ਹਾਂ ਨੇ ਉਹ ਲਗਾਇਆ ਨਹੀਂ ਹੈ, ਇਸ ਲਈ ਇਨ੍ਹਾਂ ਦੀ ਇਹ ਮੋਸ਼ਨ ਇਨਕਮਪਲੀਟ ਹੈ ।

ਸ਼੍ਰੀ ਸਪੀਕਰ : ਬਰਾੜ ਸਾਹਿਬ, ਉਹ ਕਾਲ ਅਟੈਨਸ਼ਨ ਮੋਸ਼ਨ ਵਿਚ ਕਨਵਰਟ ਨਹੀਂ ਹੋ ਸਕਦੀ । (Brar Sahib, that motion cannot be converted into a Call Attention Motion.)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੇਰੀ ਗੁਜਾਰਸ਼ ਹੈ ਕਿ ਕਾਂਗਰਸੀਆਂ ਤੋਂ ਦਾਰੂ ਦੀ ਬੋਰੀ ਲੱਭੀ ਹੈ । ਉਥੇ ਕਾਂਗਰਸੀਆਂ ਨੇ ਬੰਦਾ ਮਾਰ ਦਿਤਾ ਹੈ ।

ਸ਼੍ਰੀ ਸਪੀਕਰ : ਡਾਕਟਰ ਬਲਦੇਵ ਜੀ ਦੀ ਮੋਸ਼ਨ ਕਾਲ ਅਟੈਨਸ਼ਨ ਵਿਚ ਕਨਵਰਟ ਕੀਤੀ ਹੈ । ਤੁਹਾਡੀ ਇਨਕੰਪਲੀਟ ਹੈ । ਉਸ ਦੇ ਨਾਲ ਇਕ ਐਕਸਪਲੈਨੇਟਰੀ ਨੋਟ ਲਗਾਉਣਾ ਸੀ । (The notice of Adjournment Motion given by Doctor Baldev Prakash has been converted into a Call Attention Motion. Your motion is incomplete. It should have been accompanied by an explanatory note.)

ਸਰਦਾਰ ਜਸਵਿੰਦਰ ਸਿੰਘ ਬਰਾੜ: ਸਪੀਕਰ ਸਾਹਿਬ, ਉਹ ਵੀ ਕਾਲ ਅਟੈਨਸ਼ਨ ਮੋਸ਼ਨ ਵਿਚ ਕਨਵਰਟ ਕਰ ਦਿਓ ।

ਸ਼੍ਰੀ ਸਪੀਕਰ : ਨਹੀਂ ਜੀ, ਹੋਰ ਨਹੀਂ ਹੋ ਸਕਦੀ । (No please. Not more than one Adjournment Motion pertaining to the same subject matter can be converted into a Call Attention Motion.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਠੀਕ ਹੈ ਕਿ ਰੱਈਏ ਦੇ ਇਨਸੀਡੈਂਟ ਬਾਰੇ ਐਡਜਰਨਮੈਂਟ ਮੋਸ਼ਨ ਸੀ । ਤੁਸੀਂ ਉਹ ਰੱਦ ਕਰ ਦਿਤੀ ਇਹ ਕਹਿਕੇ ਕਿ ਉਸ ਦੇ ਨਾਲ ਮੈਮੋਰੰਡਮ ਨਹੀਂ ਸੀ। ਲੇਕਿਨ ਮੈਂ ਅਰਜ਼ ਕਰਦਾ ਹਾਂ ਕਿ ਟੈਕਨੀਕਲਿਟੀ ਤੇ ਰੱਦ ਨਹੀਂ ਹੋਣੀ

Original with;
Punjab Vidhan Sabha
Digitized by;
Panjab Digital Library

ਚਾਹੀਦੀ । ਸਪੀਕਰ ਸਾਹਿਬ, ਉਥੇ ਕਾਂਗਰਸੀਆਂ ਨੇ ਬੰਦਾ ਕਤਲ ਕਰ ਦਿਤਾ ਹੈ । ਸ਼ਰਾਬ ਦੀਆਂ ਬੋਤਲਾਂ ਮਿਲੀਆਂ ਹਨ ਉਨ੍ਹਾਂ ਪਾਸੋਂ । ਇਸ ਲਈ ਇਹ ਬੜਾ ਸੀਰੀਅਸ ਮਾਮਲਾ ਹੈ । ਮੇਰੀ ਬੇਨਤੀ ਹੈ ਕਿ ਇਹ ਐਡਜਰਨਮੈਂਟ ਮੋਸ਼ਨ ਐਡਮਿਟ ਹੋਣੀ ਚਾਹੀਦੀ ਹੈ ।

(ਮਾਲ ਮੰਤਰੀ ਜੀ ਆਪਣੀ ਸੀਟ ਤੇ ਬੈਠੇ ਬੈਠੇ ਹੀ ਕੁਝ ਕਹਿ ਰਹੇ ਸਨ ਜੋ ਕਿ ਸੁਣਾਈ ਨਹੀਂ ਦਿਤਾ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਸਪੀਕਰ ਸਾਹਿਬ, ਮੇਰੀਆਂ ਤੇ ਡਾਂਗ ਸਾਹਿਬ ਦੀਆਂ ਕੁਝ ਕਾਲ ਅਟੈਨਸ਼ਨ ਮੋਸ਼ਨਜ਼ ਪੈਂਡਿੰਗ ਸਨ, ਤੁਸੀਂ ਉਨ੍ਹਾਂ ਨੂੰ ਭੁੱਲ ਗਏ ਹੋ ।

ਸ਼੍ਰੀ ਸਪੀਕਰ : ਉਹ ਵੀ ਆਉਣਗੀਆਂ । 24 ਘੰਟੇ ਦਾ ਨੋਟਿਸ ਚਾਹੀਦਾ ਹੈ । (Those will also be taken up, but twenty four hours' notice is required.)

ਕਾਮਰੇਡ ਸੱਤ ਪਾਲ ਡਾਂਗ : 24 ਘੰਟੇ ਦੇ ਨੋਟਿਸ ਵਾਲੀਆਂ ਵੀ ਹਨ ਜੀ ।

ਸ਼੍ਰੀ ਸਪੀਕਰ : ਡਾਂਗ ਸਾਹਿਬ, ਤੁਸੀਂ ਬੈਠੋ ਉਹ ਵੀ ਆ ਜਾਣਗੀਆਂ । (Dang Sahib, please resume your seat. Those will also be taken up. Now the Minister will introduce the Bill.)

ਸਰਦਾਰ ਸਤਨਾਮ ਸਿੰਘ ਬਾਜਵਾ: ਸਪੀਕਰ ਸਾਹਿਬ, ਇਹ ਰੱਈਏ ਦਾ ਜ਼ਿਕਰ ਕਰਦੇ ਹਨ । ਡਾਕਟਰ ਸਾਹਿਬ ਨੇ ਵੀ ਮੋਸ਼ਨ ਦਿਤੀ ਹੈ ਇਸ ਦੇ ਬਾਰੇ । ਇਹ ਤਾਂ ਯੂਥ ਕਾਂਗਰਸ ਦਾ ਅਜੇ ਕੰਮ ਹੀ ਸ਼ੁਰੂ ਹੋਇਆ ਹੈ । ਅਜੇ ਇਹ ਅਗੇ ਚਲ ਕੇ ਦੇਖਣ । (ਹਾਸਾ)

THE PUNJAB AFFILIATED COLLEGES (SECURITY OF SERVICE OF TEACHERS) BILL, 1974

Education Minister (Shri Gurmail Singh) : Sir, I beg to introduce the Punjab Affiliated Colleges (Security of Service of Teachers) Bill, 1974.

Sir, I also beg to move—

That the Punjab Affiliated Colleges (Security of Service of Teachers) Bill, 1974 be taken into consideration at once.

Mr. Speaker : Motion moved—

That the Punjab Affiliated Colleges (Security of Service of Teachers) Bill, 1974 be taken into consideration at once.

ਸਰਦਾਰ ਜਸਦੇਵ ਸਿੰਘ ਸੰਧੂ (ਡਕਾਲਾ): ਸਪੀਕਰ ਸਾਹਿਬ, ਜੋ ਇਹ ਪੰਜਾਬ, ਐਫੀਲੀਏਟਿਡ ਕਾਲਜਿਜ਼ ਸਿਕਿਉਰਿਟੀ ਆਫ ਟੀਚਰਜ਼ ਬਿੱਲ, 1974 ਸਰਕਾਰ ਨੇ ਲਿਆਂਦਾ ਹੈ, ਚਾਹੇ ਇਹ ਦੇਰ ਨਾਲ ਹੀ ਲਿਆਂਦਾ ਹੈ । ਮੈਂ ਸਮਝਦਾ ਹਾਂ ਕਿ ਬੜਾ ਚੰਗਾ ਬਿੱਲ ਹੈ । ਬੜੇ ਚਿਰ ਤੋਂ ਸਾਰੀਆਂ ਪਾਰਟੀਆਂ ਵਲੋਂ ਇਸ ਬਿੱਲ ਦੀ ਉਡੀਕ ਹੋ ਰਹੀ ਸੀ ਕਿ ਪੰਜਾਬ ਦੇ ਪ੍ਰਾਈਵੇਟ ਕਾਲਜਾਂ ਦੇ ਜਿਹੜੇ ਟੀਚਰਜ਼ ਹਨ ਉਨ੍ਹਾਂ ਦੀ ਨੌਕਰੀ ਦੀ ਸਿਕਿਉਰਿਟੀ ਦਿਤੀ ਜਾਵੇ ਕਿਉਂਕਿ ਇਸ ਮੌਕੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਦੇਵ ਸਿੰਘ ਸੰਧੂ]

ਅਸੀਂ ਵੇਖਦੇ ਹਾਂ ਜੋ ਕਾਲਜਾਂ ਦਾ ਪ੍ਰਬੰਧ ਹੈ, ਚਾਹੇ ਉਸ ਦੇ ਕਈ ਕਾਰਨ ਹਨ, ਭਾਵੇਂ ਮੈਨੇਜਮੈਂਟ ਵਿਚ ਪਾਰਟੀਬਾਜ਼ੀ ਹੈ, ਫੰਡਜ਼ ਨਾ ਹੋਣ ਕਰਕੇ ਜਾਂ ਸਟਾਫ ਵਿਚ ਪਾਰਟੀਬਾਜ਼ੀ ਹੋਵੇ ਜਾਂ ਕੋਈ ਹੋਰ ਕਾਰਣ ਹੋਵੇ ਪਰ ਇਹ ਗਲ ਜ਼ਰੂਰ ਹੈ ਕਿ ਕਾਲਜਾਂ ਦੇ ਟੀਚਰਾਂ ਦੀ ਬੜੀ ਭੈੜੀ ਹਾਲਤ ਕੀਤੀ ਜਾਂਦੀ ਹੈ; ਜਿਸ ਦਾ ਅਸਰ ਪੰਜਾਬ ਦੇ ਵਿਦਿਆਰਥੀ ਤੇ ਪੈਂਦਾ ਹੈ ਜਿਸ ਕਾਰਣ ਪੜ੍ਹਾਈ ਠੀਕ ਤਰ੍ਹਾਂ ਨਾਲ ਨਹੀਂ ਹੁੰਦੀ। ਇਸ ਕਰਕੇ ਪੰਜਾਬ ਦੇ ਪ੍ਰਾਈਵੇਟ ਕਾਲਜਾਂ ਦਾ ਇੰਤਜ਼ਾਮ ਜਿਹੜਾ ਹੈ ਉਸ ਨੂੰ ਠੀਕ ਕਰਨ ਲਈ ਇਹ ਬਿੱਲ ਬੜਾ ਜ਼ਰੂਰੀ ਸੀ। ਮੈਨੇਜਮੈਂਟ ਦਾ ਇੰਤਜ਼ਾਮ ਜਿਹੜਾ ਹੋਵੇ ਉਸ ਦਾ ਬੁਰਾ ਅਸਰ ਸਰਵਿਸਿਜ਼ ਤੇ ਨਾ ਪਵੇ ਸਰਕਾਰ ਨੂੰ ਇਹ ਗਲ ਵੇਖਣੀ ਚਾਹੀਦੀ ਹੈ। ਜਦੋਂ ਇਹ ਬਿੱਲ ਪੇਸ਼ ਕੀਤਾ ਗਿਆ ਸੀ ਅੱਰ ਫਿਰ ਵਾਪਸ ਲੈ ਲਿਆ ਗਿਆ ਸੀ ਤਾਂ ਇਹ ਖਦਸ਼ਾ ਪੈਦਾ ਹੋ ਗਿਆ ਸੀ ਕਿ ਸਰਕਾਰ ਕੀਤੇ ਹੋਏ ਵਾਇਦਿਆਂ ਤੋਂ ਮੁਕਰਨਾ ਚਾਹੁੰਦੀ ਹੈ। ਸਾਨੂੰ ਇਸ ਗਲ ਦੀ ਖੁਸ਼ੀ ਹੈ। ਪਰ ਮੈਂ ਸਮਝਦਾ ਹਾਂ ਕਿ ਜਿਹੜਾ 90 ਫੀ ਸਦੀ ਘਾਟਾ ਹੁੰਦਾ ਹੈ ਸਰਕਾਰ ਨੂੰ ਉਨ੍ਹਾਂ ਨੂੰ ਠੀਕ ਢੰਗ ਨਾਲ ਪੇ ਕਰਨਾ ਚਾਹੀਦਾ ਹੈ। ਸਰਕਾਰੀ ਟੀਚਰਾਂ ਦੇ ਜਾਂ ਯੂਨੀਵਰਸਟੀ ਦੇ ਟੀਚਰਾਂ ਦੇ ਗਰੇਡਜ਼ ਫਿਕਸ ਹੋ ਜਾਂਦੇ ਹਨ ਪਰ ਮੈਨੇਜਮੈਂਟਸ ਲਾਗੂ ਨਹੀਂ ਕਰਦੀਆਂ। ਕਈ ਵਾਰ ਤਾਂ ਕਮੇਟੀਆਂ ਜਿਹੜੀਆਂ ਹਨ ਉਹ ਬੱਚਤ ਕਰਨ ਦੇ ਬਹਾਨੇ ਟੀਚਰਾਂ ਦੀ ਰੀਟਰੈਂਚਮੈਂਟ ਕਰਨੀ ਸ਼ੁਰੂ ਕਰ ਦਿੰਦੀਆਂ ਹਨ, ਜਿਸ ਤੇ ਕਈ ਕਾਲਜਾਂ ਵਿਚ ਹੜਤਾਲ ਹੁੰਦੀ ਹੈ ਅਤੇ ਵਿਦਿਆਰਥੀਆਂ ਨੂੰ ਨੁਕਸਾਨ ਹੁੰਦਾ ਹੈ। ਇਹ ਗਲ ਵੇਖਣ ਵਿਚ ਆਈ ਹੈ ਕਿ ਪੰਜਾਬ ਦੇ ਕਾਲਜਾਂ ਵਿਚ ਵੀ, ਸਟਾਫ ਦੇ ਵਿਚ ਵੀ ਅਨ-ਫਾਰਚੂਨੇਟਲੀ ਕਈ ਥਾਂ ਤੇ ਬੜੀ ਭਾਰੀ ਪਾਰਟੀਬਾਜ਼ੀ ਹੈ ਅਤੇ ਇਸ ਪਾਰਟੀਬਾਜ਼ੀ ਦਾ ਅਸਰ ਸਟੂਡੈਂਟਸ ਤੇ ਹੁੰਦਾ ਹੈ। ਇਹ ਗਲ ਪ੍ਰਾਈਵੇਟ ਕਾਲਜਾਂ ਵਿਚ ਹੀ ਨਹੀਂ ਬਲਕਿ ਗਵਰਨਮੈਂਟ ਦੇ ਸਕੂਲਾਂ ਅੱਰ ਕਾਲਜਾਂ ਵਿਚ ਵੀ ਹੁੰਦੀ ਹੈ। ਜਿਥੇ ਸਟਾਫ ਦੀ ਪਾਰਟੀਬਾਜ਼ੀ ਹੋਵੇ, ਉਥੇ ਪੜ੍ਹਾਈ ਚੰਗੀ ਨਹੀਂ ਹੁੰਦੀ ਅਤੇ ਸਟੂਡੈਂਟਸ ਨੂੰ ਨੁਕਸਾਨ ਹੁੰਦਾ ਹੈ। ਮੈਂ ਵਜ਼ੀਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਸਕੂਲਾਂ ਅਤੇ ਕਾਲਜਾਂ ਵਿਚ ਪੜ੍ਹਾਈ ਦਾ ਨਤੀਜਾ ਚੰਗਾ ਨਹੀਂ। ਕਈ ਸਕੂਲਾਂ ਵਿਚ ਤਾਂ ਨਤੀਜਾ ਜ਼ੀਰੋ ਫੀ ਸਦੀ ਆਇਆ ਹੈ। 40—50 ਸਕੂਲਾਂ ਵਿਚ ਪਾਰਟੀਬਾਜ਼ੀ ਕਰਕੇ ਸਾਰੇ ਮੈਟਿਰਕ ਦੇ ਸਟੂਡੈਂਟਸ ਫੇਲ੍ਹ ਹੋਏ ਹਨ। ਕਈ ਥਾਂ ਕਾਲਜਾਂ ਵਿਚ ਵੀ ਇਸੇ ਤਰ੍ਹਾਂ ਹੋਇਆ ਹੈ ਕਿ ਸਾਰੀ ਕਲਾਸ ਫੇਲ੍ਹ ਹੋਈ ਹੈ। ਇਸ ਕਰਕੇ ਪ੍ਰਾਈਵੇਟ ਕਾਲਜਾਂ ਨੂੰ ਵੀ ਪਾਰਟੀਬਾਜ਼ੀ ਤੋਂ ਨਹੀਂ ਬਚਾਇਆ ਜਾ ਸਕਦਾ। ਜਿਥੇ ਅਸੀਂ ਪ੍ਰਾਈਵੇਟ ਕਾਲਜਾਂ ਦੇ ਕਈ ਟੀਚਰਜ਼ ਨੂੰ ਸਿਕਿਉਰਿਟੀ ਆਫ ਸਰਵਿਸ ਦੇਣਾ ਚਾਹੁੰਦੇ ਹਾਂ, ਉਥੇ ਇਹ ਵੀ ਵੇਖਣਾ ਚਾਹੀਦਾ ਹੈ ਕਿ ਜਿਹੜੀਆਂ ਇਨ੍ਹਾਂ ਕਾਲਜਾਂ ਦੀਆਂ ਮੈਨੇਜ-ਮੈਂਟਸ ਹਨ, ਉਨ੍ਹਾਂ ਨੂੰ ਵੀ ਸਟਰੀਮਲਾਈਨ ਕਰਨਾ ਚਾਹੀਦਾ ਹੈ ਤਾਂ ਜੋ ਉਹ ਵੀ ਚੰਗੀ ਤਰ੍ਹਾਂ ਕੰਮ ਕਰ ਸਕਣ। ਮੈਂ ਸਮਝਦਾ ਹਾਂ ਕਿ ਜਿਸ ਤਰੀਕੇ ਨਾਲ ਸਾਡੇ ਪ੍ਰਾਈਵੇਟ ਕਾਲਜ ਖੋਲ੍ਹਣ ਦੀ ਦੌੜ ਲਗੀ ਹੋਈ ਹੈ, ਜਿਸ ਹੈਪਹੈਜ਼ਰਡ ਤਰੀਕੇ ਨਾਲ ਇਨ੍ਹਾਂ ਕਾਲਜਾਂ ਦੀ ਗਰੋਥ ਹੋ ਰਹੀ ਹੈ, ਉਹਦੇ ਨਾਲ ਪਜਾਬ ਦੇ ਲੋਕਾਂ ਨੂੰ ਕੋਈ ਫਾਇਦਾ ਨਹੀਂ ਹੋਇਆ, ਨਾ ਹੀ ਟੀਚਰਜ਼ ਨੂੰ ਅਤੇ ਨਾ ਹੀ ਸਟੂਡੈਂਟਸ ਨੂੰ ਕੋਈ ਫਾਇਦਾ ਹੋਇਆ ਹੈ। ਯੂਨੀਵਰਸਿਟੀ ਤਾਂ ਅਜਿਹੇ ਕਾਲਜਾਂ ਦੀ ਮਨਜ਼ੂਰੀ ਦੇ ਦੇਂਦੀ ਹੈ ਜਿਨ੍ਹਾਂ ਕੋਲ ਕੋਈ ਫੰਡਜ਼ ਨਹੀਂ ਹੁੰਦੇ, ਸਟਾਫ ਨਹੀਂ ਹੁੰਦਾ, ਬਿਲਡਿੰਗਜ਼ ਨਹੀਂ ਹੁੰਦੀਆਂ, ਸਟਾਫ ਨੂੰ ਤਨਖਾਹ ਤਕ ਨਹੀਂ ਦੇ ਸਕਦੇ ਅਤੇ ਹਰ ਮਹੀਨੇ ਘਟ ਤਨਖਾਹ ਦੇ ਕੇ ਵੱਧ ਪੈਸਿਆਂ ਦੀ ਰਸੀਦ ਲਿਖਵਾ ਲੈਂਦੇ ਹਨ। ਬਲਕਿ ਕਈ ਦਫਾ ਤਾਂ ਇਸ ਤਰ੍ਹਾਂ ਹੁੰਦਾ ਹੈ ਕਿ ਉਨ੍ਹਾਂ ਤੋਂ ਅਸਤੀਫਾ ਲੈਕੇ ਮਨਜ਼ੂਰ ਕਰ ਲਿਆ ਜਾਂਦਾ ਹੈ ਅਤੇ ਫਿਰ ਨਵੇਂ ਸਿਰਿਉਂ ਉਨ੍ਹਾਂ ਦੀ ਅੱਪਵਾਇੰਟਮੈਂਟ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦੀਆਂ ਗਲਾਂ ਨੂੰ ਰੋਕਣਾ ਚਾਹੀਦਾ ਹੈ। ਮੈਂ ਇਹ ਕਹਾਂਗਾ ਕਿ ਕਾਲਜ ਖੋਲ੍ਹਣ ਦੀ ਮਨਜ਼ੂਰੀ ਦੇਣ ਵਿਚ ਯਨੀਵਰਸਿਟੀ ਦਾ ਵੀ ਫਰਜ਼ ਹੈ ਅਤੇ ਸਰਕਾਰ ਦਾ ਵੀ ਫਰਜ਼ ਹੈ ਅਤੇ ਲੋਕਾਂ

Original with;
Punjab Vidhan Sabha
Digitized by;
Panjab Digital Library

ਦਾ ਵੀ ਇਹ ਫਰਜ਼ ਬਣਦਾ ਹੈ ਕਿ ਜਿਥੇ ਲੋੜ ਨਾ ਹੋਵੇ, ਜਿਥੇ ਕਾਲਜ ਵਾਸਤੇ ਬਿਲਡਿੰਗ ਨਾ ਹੋਵੇ, ਫੰਡਜ਼ ਨਾ ਹੋਣ, ਉਥੇ ਕਾਲਜ ਨਾ ਖੋਲ੍ਹੇ ਜਾਣ । ਜਿਨ੍ਹਾਂ ਕਾਲਜਾਂ ਵਿਚ ਚੰਗਾ ਸਟਾਫ ਨਹੀਂ, ਚੰਗੇ ਟੀਚਰਜ਼ ਨਹੀਂ ਹਨ, ਲਾਈਬਰੇਰੀ ਨਹੀਂ ਹੈ, ਲੈਬਾਰਟਰੀ ਨਹੀਂ ਹੈ ਜਾਂ ਹੋਰ ਇਕਿਉਪਮੈਂਟ ਨਹੀਂ ਹੈ, ਉਥੇ ਸਟੂਡੈਂਟਸ ਕੀ ਪੜ੍ਹਨਗੇ । ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੇ ਕਾਲਜਾਂ ਵਿਚ ਪੜ੍ਹੇ ਹੋਏ ਬੱਚੇ ਮੈਰਿਟ ਤੇ ਨਹੀਂ ਆ ਸਕਦੇ ਅਤੇ ਇਕ ਚੰਗੇ ਪਬਲਿਕ ਸਕੂਲ ਦੇ ਪੜ੍ਹੇ ਹੋਏ ਮੁੰਡੇ ਦਾ ਹੀ ਮੈਰਿਟ ਬਣਨਾ ਹੈ।ਪਿੰਡਾਂ ਵਿਚ ਪੜ੍ਹੇ ਹੋਏ ਮੁੰਡਿਆਂ ਦਾ ਮੈਰਿਟ ਨਹੀਂ ਬਣ ਸਕਦਾ, ਕਿਉਂਕਿ ਇਹ ਮੁੰਡੇ ਮਾੜੇ ਕਾਲਜਾਂ ਵਿਚ ਪੜ੍ਹਦੇ ਹਨ।ਇਸ ਕਰਕੇ ਮੈਂ ਫਿਰ ਅਰਜ਼ ਕਰਦਾ ਹਾਂ ਕਿ ਇਸ ਚੀਜ਼ ਨੂੰ ਯੂਨੀਵਰਸਿਟੀ ਵੀ ਵੇਖੇ ਅਤੇ ਸਰਕਾਰ ਦਾ ਵੀ ਇਹ ਫਰਜ਼ ਹੈ ਕਿ ਜਿਹੜਾ ਵੀ ਕਾਲਜ ਖੋਲ੍ਹਿਆ ਜਾਵੇ, ਉਸ ਵਿਚ ਸਭ ਚੀਜ਼ਾਂ ਮੌਜੂਦ ਹੋਣ, ਉਥੇ ਦੇ ਟੀਚਰਾਂ ਨੂੰ ਪੂਰੀ ਤਨਖਾਹ ਮਿਲਣੀ ਚਾਹੀਦੀ ਹੈ, ਅੱਧੀ ਤਨਖਾਹ ਨਹੀਂ ਮਿਲਣੀ ਚਾਹੀਦੀ । ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਜਿਹੇ ਵੀ ਪੜ੍ਹੇ ਹੋਏ ਨੌਜਵਾਨ ਅੱਧੀ ਤਨਖਾਹ ਤੇ ਆ ਜਾਂਦੇ ਹਨ ਜਿਨ੍ਹਾਂ ਨਾਲੋਂ ਪੜ੍ਹਨ ਵਾਲੇ ਮੁੰਡਿਆਂ ਦਾ ਡੀਲ ਡੌਲ ਜ਼ਿਆਦਾ ਹੁੰਦਾ ਹੈ ਅਤੇ ਉਹ ਮੁੰਡਿਆਂ ਨੂੰ ਕੀ ਪੜ੍ਹਾਉਣਗੇ ।

(ਸ੍ਰੀ ਡਿਪਟੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਹੁਣ ਸਰਕਾਰ ਨੂੰ ਆਪਣੇ ਮਹਿਕਮੇ ਵਲ ਵੀ ਧਿਆਨ ਦੇਣਾ ਚਾਹੀਦਾ ਹੈ।ਇਸ ਵੇਲੇ ਜਿਹੜੀ ਵੀ ਯੂਨੀਵਰਸਿਟੀ ਹੈ, ਉਹ ਪਰਾਈਵੇਟ ਕਾਲਜਾਂ ਦੇ ਟੀਚਰਾਂ ਨੂੰ ਹਟਾਏ ਜਾਣ ਬਾਰੇ ਆਰਬਿਟਰੇਸ਼ਨ ਕਰਕੇ ਫੈਸਲਾ ਕਰਦੀ ਹੈ। ਪਰ ਇਸ ਐਕਟ ਦੇ ਮੁਤਾਬਿਕ ਇਹ ਹੋਣਾ ਹੈ ਕਿ ਜੋ ਗਲ ਯੂਨੀਵਰਸਿਟੀ ਰੈਗੂਲੇਸ਼ਨ ਦੇ ਮੁਤਾਬਿਕ ਹੋਣੀ ਹੈ, ਉਹ ਇਸ ਐਕਟ ਦੇ ਥਲੇ ਹੋਵੇਗੀ । ਦੂਜੀ ਗਲ ਇਹ ਹੈ ਕਿ ਡਾਇਰੈਕਟਰ ਜਿਹੜਾ ਹੈ ਇਸ ਮਹਿਕਮੇ ਦਾ, ਉਹ ਬੜਾ ਓਵਰ ਬਿਜ਼ੀ ਹੈ । ਇਹ ਮਹਿਕਮਾ ਇੰਨਾ ਵਡਾ ਹੈ ਕਿ ਤਕਰੀਬਨ ਪੰਜਾਬ ਦੇ 50% ਕਰਮਚਾਰੀ ਇਸੇ ਮਹਿਕਮੇ ਵਿਚ ਹਨ ਅਤੇ ਬਾਕੀ ਦੇ 50% ਹੋਰ ਸਾਰੇ ਮਹਿਕਮਿਆਂ ਵਿਚ ਹਨ। ਇਸ ਕਰਕੇ ਇਸ ਮਹਿਕਮੇ ਦੇ ਡਾਇਰੈਕਟਰ ਨੂੰ ਜਿਹੜਾ ਇੰਨੇ ਵੱਡੇ ਮਹਿਕਮੇ ਦਾ ਹੈਡ ਹੈ, ਹੋਰ ਕੰਮ ਸੌਂਪ ਦੇਣਾ ਠੀਕ ਗਲ ਨਹੀਂ ਹੈ । ਇਸ ਦਾ ਮਤਲਬ ਇਹ ਹੋਇਆ ਕਿ ਜੇ ਇਕ ਟੀਚਰ ਨੂੰ ਹਟਾਉਣਾ ਹੈ ਤਾਂ ਉਸ ਦਾ ਕੇਸ ਵੀ ਡਾਇਰੈਕਟਰ ਕੋਲ ਜਾਵੇਗਾ । ਇਸ ਤਰ੍ਹਾਂ ਨਾਲ ਉਹ ਇਨਸਾਫ ਨਹੀਂ ਕਰ ਸਕੇਗਾ ਜਾਂ ਸਾਰੇ ਕੇਸ ਡਿਲੇ ਹੋਣਗੇ ਜਾਂ ਮੈਨੇਜਮੈਂਟ ਸਫਰ ਕਰੇਗੀ ਜਾਂ ਜਿਹੜਾ ਅਫੈਕਟਿਡ ਟੀਚਰ ਹੈ ਉਹ ਸਫਰ ਕਰੇਗਾ । ਇਸ ਕਰ ਕੇ ਇਹ ਜਿਹੜਾ ਕੰਮ ਹੈ ਇਹ ਡਿਸਟ੍ਰਿਕਟ ਸਸ਼ਨ ਜੱਜ ਨੂੰ ਦੇ ਦੇਣਾ ਚਾਹੀਦਾ ਹੈ ਜਾਂ ਇਸ ਭੋਂ ਇਲਾਵਾ ਜੁਡੀਸ਼ਲ ਅਫਸਰ ਜ਼ਿਲ੍ਹੇ ਪੱਧਰ ਤੇ ਬਣਾਏ ਜਾਣ ਉਹ ਇਨ੍ਹਾਂ ਰਿਮੂਵਲ ਅਤੇ ਡਿਸਮਿਸਲ ਦੇ ਕੇਸਾਂ ਨੂੰ ਉਥੇ ਹੀ ਨਿਪਟਾ ਲੈਣ । ਇਸ ਬਾਰੇ ਅਗੇ ਵੀ ਹਾਈ ਕੋਰਟ ਦੀਆਂ ਗੁਲਿੰਗਜ਼ ਆਈਆਂ ਹਨ ਕਿ ਜਿਥੇ ਡਾਇਰੈਕਟਰ ਨੇ ਕੰਮ ਕਰਨਾ ਹੈ, ਉਥੇ ਐਡੀਸ਼ਨਲ ਡਾਇਰੈਕਟਰ ਜਾਂ ਜੁਆਇੰਟ ਡਾਇਰੈਕਟਰ ਕੰਮ ਨਹੀਂ ਕਰ ਸਕਦਾ। ਇਸ ਸਬੰਧ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਡਿਪਟੀ ਕਮਿਸ਼ਨਰਾਂ ਨੂੰ ਅਖਤਿਆਰ ਹੈ ਕਿ ਉਹ ਸਰਪੰਚਿਜ਼ ਜਾਂ ਪੰਚਿਜ਼ ਨੂੰ ਸਸਪੈਂਡ ਕਰੇ । ਇਸੇ ਤਰ੍ਹਾਂ ਜਦੋਂ ਐਡੀਸ਼ਨਲ ਡਿਪਟੀ ਕਮਿਸ਼ਨਰ ਨੇ ਕਿਸੇ ਨੂੰ ਸਸਪੈਂਡ ਕਰ ਦਿਤਾ ਤਾਂ ਉਸ ਨੇ ਅਪੀਲ ਕਰ ਦਿਤੀ ਜਿਸ ਤੈ ਹਾਈ ਕੋਰਟ ਨੇ ਫੈਸਲਾ ਦਿੱਤਾ ਕਿ ਜਿਥੇ ਡਿਪਟੀ ਕਮਿਸ਼ਨਰ ਹੈ ਅਤੇ ਉਸ ਦੇ ਕੋਲ ਅਖਤਿਆਰ ਹਨ ਤਾਂ ਉਥੇ ਦੂਜਾ ਕੋਈ ਅਫਸਰ ਇਸ ਤਰ੍ਹਾਂ ਨਹੀਂ ਕਰ ਸਕਦਾ । ਸੋ ਸਾਰੇ ਕੇਸ ਡਾਇਰੈਕਟਰ ਨੂੰ ਕਰਨੇ ਪੈਣਗੇ ,ਹੋਰ ਕੋਈ ਨਹੀਂ ਕਰ ਸਕਦਾ । ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਪਾਵਰਜ਼ ਹੋਰ ਕਿਸੇ ਨੂੰ ਵੀ ਦੇ ਦਿਤੀਆਂ ਜਾਣੀਆਂ ਚਾਹੀਦੀਆਂ ਹਨ, ਕਿਉਂਕਿ ਡਾਇਰੈਕਟਰ ਬੜਾ ਓਵਰ ਬਿਜ਼ੀ ਆਦਮੀ ਹੈ ਅਤੇ ਉਸ ਨੂੰ ਇੰਨਾ ਜ਼ਿਆਦਾ ਕੰਮ ਨਹੀਂ ਦਿੱਤਾ ਜਾਣਾ ਚਾਹੀਦਾ । ਜੇ ਇਹ ਪਾਵਰਜ਼ ਨੀਚੇ ਹੀ ਦੇ ਦਿੱਤੀਆਂ ਜਾਣ ਤਾਂ ਇਕ ਤਾਂ ਡਾਇਰੈਕਟਰ ਕੋਲ ਕੰਮ ਘਟ ਹੋਵੇਗਾ ਦੂਜੇ ਹਰ ਆਦਮੀ ਨੂੰ ਕੰਮ ਲਈ ਚੰਡੀਗੜ੍ਹ ਨਹੀਂ ਆਉਣਾ ਪਵੇਗਾ ਅਤੇ ਇਹ ਚਾਹੀਦਾ ਵੀ ਨਹੀਂ ਕਿ ਹਰ ਬੰਦੇ ਨੂੰ ਹਰ ਕੰਮ ਵਾਸਤੇ ਚੰਡੀਗੜ੍ਹ ਹੀ ਆਉਣਾ ਪਵੇ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ : ਡਾਇਰੈਕਟਰ ਦੀ ਡੈਫੀਨੀਸ਼ਨ ਬਿੱਲ ਵਿਚ ਲਿਖੀ ਹੋਈ ਹੈ । ਕੋਈ ਹੋਰ ਵੀ ਡਾਇਰੈਕਟਰ ਦੀਆਂ ਪਾਵਰਜ਼ ਐਕਸਰਸਾਈਜ਼ ਕਰ ਸਕਦਾ ਹੈ ਜੇ ਸਟੇਟ ਗਵਰਮੈਂਟ ਚਾਹੇ ਤਾਂ । (The definition of the Director is given in the Bill. These powers can also be excercised by any one else if the State Government so desires.)

ਸਰਦਾਰ ਜਸਦੇਵ ਸਿੰਘ ਸੰਧੂ : ਪੜ੍ਹ ਲਿਆ ਹੈ ਜੀ । ਮੈਂ ਇਹ ਕਹਿੰਦਾ ਹਾਂ ਕਿ ਚੰਡੀਗੜ੍ਹ ਨੂੰ ਹੀ ਕਨਸੈਂਟਰੇਟ ਕਿਉਂ ਕਰੋ । ਪੰਜਾਬ ਦੇ ਟੀਚਰਾਂ ਨੂੰ ਇਨਸਾਫ ਲੈਣ ਵਾਸਤੇ ਜ਼ਿਲ੍ਹੇ ਦੇ ਹੈਡ-ਕਵਾਟਰਜ਼ ਵਿਚ ਸੈਸ਼ਨ ਜੱਜ ਜਾਂ ਐਡੀਸ਼ਨਲ ਸੈਸ਼ਨ ਜੱਜ ਕੋਲ ਪਾਵਰਜ਼ ਦੇ ਕੇ ਉਨ੍ਹਾਂ ਨੂੰ ਸਸਤਾ ਇਨਸਾਫ ਦੇਣਾ ਚਾਹੀਦਾ ਹੈ ਤਾਂਕਿ ਸਾਰਿਆਂ ਨੂੰ ਖਰਚਾ ਕਰਕੇ ਚੰਡੀਗੜ੍ਹ ਹੀ ਨਾ ਆਉਣਾ ਪਵੇ । ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਥੋਂ ਤਕ ਇਸ ਬਿਲ ਦੇ ਬਰਾਡ ਪ੍ਰਿੰਸੀਪਲਜ਼ ਦਾ ਤਾਅਲੁਕ ਹੈ, ਮੈਂ ਉਨ੍ਹਾਂ ਦੀ ਹਮਾਇਤ ਕਰਦਾ ਹਾਂ । ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜੇ ਪਾਵਰਜ਼ ਡਾਇਰੈਕਟਰ ਕੋਲ ਹੀ ਰਖਣੀਆਂ ਹੋਣ ਤਾਂ ਇਸ ਬਾਰੇ ਇੰਸਟਰਕਸ਼ਨਜ਼ ਇਸ਼ੂ ਕਰਨੀਆਂ ਚਾਹੀਦੀਆਂ ਹਨ ਕਿ ਕਿਸੇ ਵੀ ਕੇਸ ਨੂੰ ਨਿਪਟਾਉਣ ਵਿਚ 3 ਮਹੀਨੇ ਤੋਂ ਵੱਧ ਵਕਤ ਨਹੀਂ ਲਗਣਾ ਚਾਹੀਦਾ ਅਤੇ ਇਹ ਨਾ ਹੋਵੇ ਕਿ ਲੋਕਾਂ ਦੇ ਕੇਸ ਬੜੇ ਲੰਮੇ ਲੰਮੇ ਅਰਸੇ ਤਕ ਪਏ ਰਹਿਣ । ਇਸ ਦੇ ਨਾਲ ਹੀ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜੋ ਕਾਲਜਾਂ ਦੀਆਂ ਮੈਨੇਜਮੈਂਟਸ ਹਨ, ਉਨ੍ਹਾਂ ਦੀ ਹਾਲਤ ਕੀ ਹੈ? ਕੀ ਉਹ ਕਾਲਜ ਨੂੰ ਚਲਾਉਣ ਦੇ ਯੋਗ ਵੀ ਹਨ ਜਾਂ ਨਹੀਂ ਅਤੇ ਜਿਥੇ ਉਹ ਕਾਲਜਾਂ ਨੂੰ ਨਹੀਂ ਚਲਾ ਸਕਦੇ, ਉਹ ਕਾਲਜ ਸਰਕਾਰ ਨੂੰ ਟੇਕ ਓਵਰ ਕਰ ਲੈਣੇ ਚਾਹੀਦੇ ਹਨ ।

ਕਾਮਰੇਡ ਅੱਛਰਾ ਸਿੰਘ (ਧੂਰੀ): ਇਹ ਜਿਹੜਾ ਬਿਲ, ਐਫਿਲੀਏਟਿਡ ਕਾਲਜਾਂ ਵਿਚ ਟੀਚਰਾਂ ਦੀ ਸਕਿਉਰਿਟੀ ਆਫ ਸਰਵਿਸ ਬਾਰੇ ਇਥੇ ਪੇਸ਼ ਹੋਇਆ ਹੈ, ਮੈਂ ਅਸੂਲੀ ਤੌਰ ਤੇ ਇਸ ਦੀ ਹਮਾਇਤ ਕਰਨ ਲਈ ਖੜਾ ਹੋਇਆ ਹਾਂ, ਇਸ ਦਾ ਮਤਲਬ ਇਹ ਨਹੀਂ ਕਿ ਇਹ ਕਾਲਜ ਟੀਚਰਾਂ ਦੀਆਂ ਸਾਰੀਆਂ ਤਕਲੀਫਾਂ ਨੂੰ ਕਵਰ ਕਰਦਾ ਹੈ । ਬੜੀਆਂ ਘਾਟਾਂ ਹਨ, ਜਿਨ੍ਹਾਂ ਬਾਰੇ ਮੈਂ ਤੁਹਾਡੀ ਰਾਹੀਂ ਦਸਾਂਗਾ । ਇਕ ਤਾਂ ਇਹ ਬਿਲ ਬੜਾ ਡਿਲੇਡ ਹੈ । ਸਕੂਲਾਂ ਦੇ ਟੀਚਰਾਂ ਦੀ ਸਿਕਿਉਰਿਟੀ ਦਾ ਬਿਲ ਦੋ ਸਾਲ ਪਹਿਲਾਂ ਪਾਸ ਹੋਇਆ ਸੀ ਅਤੇ ਇਹ ਕਾਲਜ ਟੀਚਰਜ਼ ਦੀ ਸਿਕਿਉਰਿਟੀ ਦਾ ਬਿਲ ਵੀ ਦੋ ਸਾਲ ਪਹਿਲਾਂ ਆ ਜਾਣਾ ਚਾਹੀਦਾ ਸੀ । ਇਸ ਕਰਕੇ ਹੀ ਜਦੋਂ ਪਹਿਲਾਂ ਕਾਲਜ ਟੀਚਰਾਂ ਨੂੰ ਸਿਕਿਉਰਿਟੀ ਆਫ ਸਰਵਿਸ ਨਹੀਂ ਦਿਤੀ ਗਈ ਤਾਂ ਉਨ੍ਹਾਂ ਨੂੰ ਸੰਘਰਸ਼ ਦੇ ਰਾਹ ਤੇ ਪੈਣਾ ਪਿਆ ਅਤੇ ਐਜੀਟੇਸ਼ਨ ਕਰਨੀ ਪਈ । ਉਹ ਚਾਹੁੰਦੇ ਨਹੀਂ ਸੀ, ਉਨ੍ਹਾਂ ਦਾ ਜੀਅ ਨਹੀਂ ਸੀ ਕਰਦਾ ਕਿ ਉਹ ਐਜੀਟੇਸ਼ਨ ਕਰਦੇ, ਪਰ ਗਲ ਇਹ ਸੀ ਕਿ ਜਿਹੜੀਆਂ ਮੈਨੇਜਿੰਗ ਕਮੇਟੀਜ਼ ਸਨ, ਉਨ੍ਹਾਂ ਨਾਲ ਟੀਚਰਾਂ ਦਾ ਆਪਣੀਆਂ ਹੱਕੀ ਮੰਗਾਂ ਬਾਰੇ ਰੋਜ਼ ਝਗੜਾ ਰਹਿੰਦਾ ਸੀ, ਉਨ੍ਹਾਂ ਦਾ ਹੱਕ ਉਨ੍ਹਾਂ ਨੂੰ ਨਹੀਂ ਸੀ ਮਿਲਦਾ । ਇਸੇ ਕਰਕੇ ਹੀ ਉਨ੍ਹਾਂ ਨੂੰ ਐਜੀਟੇਸ਼ਨ ਕਰਨੀ ਪਈ । ਸੋ ਬੇਸ਼ਕ ਸਰਕਾਰ ਨੇ ਇਕ ਡਿਲੇਡ ਕਦਮ ਚੁਕਿਆ ਹੈ, ਪਰ ਚੰਗਾ ਕਦਮ ਚੁਕਿਆ ਹੈ ।

ਅੱਜ ਕਾਲਜ ਟੀਚਰਜ਼ ਵਿਚ ਜਿਹੜਾ ਸੰਗ੍ਰਾਮ ਹੈ ਇਸ ਨਾਲ ਕਾਲਜ ਦੇ ਵਿਦਿਆਰਥੀਆਂ ਦਾ ਬਹੁਤ ਨੁਕਸਾਨ ਹੋ ਰਿਹਾ ਹੈ । ਜਿਹੜੇ ਤਾਲੀਮ ਦੇ ਚਾਹਵਾਨ ਹਨ ਉਨ੍ਹਾਂ ਨੂੰ ਸੱਟ ਲਗੀ ਹੈ। ਅੰਤ ਵਿਚ ਸਰਦਾਰ ਨਿਰੰਜਨ ਸਿੰਘ ਤਾਲਿਬ ਨੇ ਇਸ ਵਿਚ ਦਖਲ ਦਿੱਤਾ ਉਨ੍ਹਾਂ ਨੂੰ ਇਕ ਸਾਲ ਹੋ ਗਿਆ ਹੈ ਮੈਨੂੰ ਸਮਝ ਨਹੀਂ ਆਉਂਦੀ ਕਿ ਪਿਛੇ ਇਕ ਸਾਲ ਤੋਂ ਇਹ ਕੀ ਕਰਦੇ ਰਹੇ ਹਨ । ਇਹ ਬਿਲ ਤਾਂ ਇਕ ਸਾਲ ਪਹਿਲੇ ਹੀ ਆ ਜਾਣਾ ਚਾਹੀਦਾ ਸੀ ।

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਹੁਣ ਤਕ ਪਰਾਈਵੇਟ ਕਾਲਜਿਜ਼ ਵਿਚ ਟੀਚ੍ਰਜ ਨੂੰ ਚਾਰਜਸ਼ੀਟ ਕੀਤਾ ਜਾਂਦਾ ਰਿਹਾ ਹੈ ਅਤੇ ਇਹ ਚਾਰਜਸ਼ੀਟ ਕਰਨ ਵਾਸਤੇ ਡੀ.ਪੀ. ਆਈ. ਦੀ ਅਪਰੂਵਲ ਵੀ ਨਹੀਂ ਲਈ ਜਾਂਦੀ ਸੀ । ਇਸ ਤਰ੍ਹਾਂ ਟੀਚਰਾਂ ਨਾਲ ਬਹੁਤ ਧੱਕਾ ਹੁੰਦਾ ਰਿਹਾ ਹੈ । ਮੈਨੇਜਿੰਗ ਕਮੇਟੀ ਨੂੰ ਇਹ ਅਧਿਕਾਰ ਨਹੀਂ ਹੋਣਾ ਚਾਹੀਦਾ । ਜੇ ਉਹ ਇਸ ਤਰ੍ਹਾਂ ਕਰਦੀ ਹੈ ਤਾਂ ਉਸ ਨੂੰ ਪਹਿਲਾਂ ਡੀ.ਪੀ.ਆਈ. ਤੋਂ ਅਪਰੂਵਲ ਜ਼ਰੂਰ ਲੈਣੀ ਚਾਹੀਦੀ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਇਥੇ ਇਕ ਹੋਰ ਗੱਲ ਵੀ ਦਸਣੀ ਚਾਹੁੰਦਾ ਹਾਂ ਕਿ ਆਮ ਤੌਰ ਤੇ ਪਰਾਈਵੇਟ ਕਾਲਜਾਂ ਵਿਚ ਟੀਚਰਾਂ ਨੂੰ ਤਨਖਾਹਾਂ ਪੂਰੀਆਂ ਨਹੀਂ ਦਿੱਤੀਆਂ ਜਾਂਦੀਆਂ । ਉਨ੍ਹਾਂ ਕੋਲੋਂ 600, ਜਾਂ 700 ਰੁਪਏ ਤੇ ਦਸਖਤ ਕਰਵਾ ਕੇ 300 ਜਾਂ 400 ਰੁਪਏ ਹੀ ਦਿੰਦੇ ਹਨ। ਇਹ ਦਸਖਤ ਉਨ੍ਹਾਂ ਟੀਚਰਾਂ ਨੂੰ ਮਜਬੂਰ ਹੋਕੇ ਕਰਨੇ ਪੈਂਦੇ ਹਨ। ਸਾਡੇ ਪੰਜਾਬ ਦੇ ਵਿਚ 100 ਦੇ ਕਰੀਬ ਪਰਾਈਵੇਟ ਕਾਲਜ ਹਨ । ਇਨ੍ਹਾਂ ਪਰਾਈਵੇਟ ਕਾਲਜਿਜ਼ ਦੀ ਮੈਨੇਜਿੰਗ ਕਮੇਟੀ ਇਨ੍ਹਾਂ ਟੀਚਰਾਂ ਨੂੰ ਪੂਰੀ ਤਨਖਾਹ ਨਹੀਂ ਦਿੰਦੀ, ਤਨਖਾਹ ਵਿਖਾਈ ਜ਼ਿਆਦਾ ਜਾਂਦੀ ਹੈ ਪਰ ਦਿਤੀ ਥੋੜੀ ਜਾਂਦੀ ਹੈ । ਇਹ ਸਾਰਾ ਕੁਝ ਉਨ੍ਹਾਂ ਟੀਚਰਾਂ ਨੂੰ ਬੇਰੋਜ਼ਗਾਰੀ ਦੀ ਹਾਲਤ ਵਿਚ ਕਰਨਾ ਪੈਂਦਾ ਹੈ । ਜੇ ਉਹ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਨੌਕਰੀ ਤੋਂ ਜਵਾਬ ਮਿਲਦਾ ਹੈ। ਇਸ ਕਰਕੇ ਉਹ ਵਿਚਾਰੇ ਮਜ਼ਬੂਰ ਹੋਕੇ 700 ਰੁਪਏ ਦੀ ਰਸੀਦ ਦਿੰਦੇ ਹਨ ਪਰ ਤਨਖਾਹ 300 ਜਾਂ 400 ਰੁਪਏ ਹੀ ਲੈਂਦੇ ਹਨ ।

ਡਿਪਟੀ ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਇਸ ਬਿਲ ਵਿਚ ਇਹ ਪਰਵਾਨ ਕਰ ਲੈਣਾ ਚਾਹੀਦਾ ਹੈ ਕੋਈ ਵੀ ਮਨੇਜਿੰਗ ਕਮੇਟੀ ਡੀ.ਪੀ.ਆਈ. ਦੀ ਅਪਰੂਵਲ ਤੋਂ ਬਿਨਾਂ ਕਿਸੇ ਵੀ ਟੀਚਰ ਨੂੰ ਚਾਰਜਸ਼ੀਟ ਨਾ ਕਰ ਸਕੇ । ਇਸ ਤੋਂ ਅੱਗੇ ਮੈਂ ਤਾਂ ਇਹ ਵੀ ਤਜਵੀਜ਼ ਕਰਾਂਗਾ ਕਿ ਜੇ ਮੈਨੇਜਿੰਗ ਕਮੇਟੀ ਇਸ ਤਰ੍ਹਾਂ ਕਿਸੇ ਵੀ ਟੀਚਰ ਤੇ ਬੇਗੁਨਾਹ ਦੋਸ਼ ਲਾ ਕੇ ਚਾਰਜਸ਼ੀਟ ਕਰੇ ਜਾਂ ਕਢੇ ਤਾਂ ਜਿਹੜੀ ਉਸ ਕਾਲਜ ਨੂੰ ਗਰਾਂਟ ਦਿੱਤੀ ਜਾਂਦੀ ਹੈ ਉਸ ਵਿਚ ਜਾਂ ਤਾਂ ਰਿਡਕਸ਼ਨ ਕਰ ਦੇਣੀ ਚਾਹੀਦੀ ਹੈ ਜਾਂ ਬੰਦ ਕਰ ਦੇਣੀ ਚਾਹੀਦੀ ਹੈ । ਜੋ ਵੀ ਮੈਨੇਜਿੰਗ ਕਮੇਟੀ ਗੌਰਮਿੰਟ ਦੀਆਂ ਸ਼ਰਤਾਂ ਪੂਰੀਆਂ ਨਾ ਕਰੇ ਉਸ ਨੂੰ ਗਰਾਂਟ ਨਹੀਂ ਦੇਣੀ ਚਾਹੀਦੀ ।

ਡਿਪਟੀ ਸਪੀਕਰ ਸਾਹਿਬ, ਇਸ ਤੋਂ ਅੱਗੇ ਮੈਂ ਆਪ ਜੀ ਦੇ ਧਿਆਨ ਵਿਚ ਇਹ ਵੀ ਲਿਆਉਣਾ ਚਾਹੁੰਦਾ ਹਾਂ ਕਿ ਜਿਹੜਾ ਇਸ ਬਿਲ ਦਾ ਸਕੋਪ ਹੈ ਉਹ ਸਿਰਫ ਟੀਚਰਾਂ ਤਕ ਹੀ ਲਗਦਾ ਹੈ । ਇਹ ਇਕ ਇਸ ਵਿਚ ਬੜਾ ਭਾਰੀ ਨੁਕਸ ਹੈ । ਇਸ ਵਿਚ ਸਿਰਫ ਫਿਜ਼ੀਕਲ ਇੰਨਸਟ੍ਰਕਟਰ ਅਤੇ ਟੀਚਿੰਗ ਸਟਾਫ ਹੀ ਸ਼ਾਮਿਲ ਹੁੰਦਾ ਹੈ ਪਰ ਜਿਹੜੇ ਉਨ੍ਹਾਂ ਕਾਲਜਾਂ ਵਿਚ ਕਲਰਕ ਜਾਂ ਫੋਰਥ ਕਲਾਸ ਦੇ ਮੁਲਾਜ਼ਮ ਹਨ ਉਹ ਇਸ ਬਿਲ ਵਿਚ ਕਵਰ ਨਹੀਂ ਹੁੰਦੇ । ਉਨ੍ਹਾਂ ਕਾਲਜਾਂ ਵਿਚ ਜਿਹੜੇ ਕਲਰਕ ਅਤੇ ਫੋਰਥ ਕਲਾਸ ਦੇ ਮੁਲਾਜ਼ਮ ਹਨ ਉਨ੍ਹਾਂ ਦੀ ਸਿਕਿਉਰਿਟੀ ਆਫ ਸਰਵਿਸ ਬਿਲਕੁਲ ਨਹੀਂ ਹੈ । ਇਹ ਉਨ੍ਹਾਂ ਨਾਲ ਬੜਾ ਭਾਰੀ ਧੱਕਾ ਹੈ। ਉਹ ਆਪਣਾ ਕੰਮ ਉਥੇ ਦਿਲ ਲਗਾਕੇ ਨਹੀਂ ਕਰ ਸਕਦੇ । ਇਸ ਵਾਸਤੇ ਡਿਪਟੀ ਸਪੀਕਰ ਸਾਹਿਬ ਮੈਂ ਤਾਂ ਇਹ ਕਹਾਂਗਾ ਕਿ ਇਸ ਬਿਲ ਵਿਚ ਇਹ ਵੀ ਤਰਮੀਮ ਹੋਣੀ ਚਾਹੀਦੀ ਹੈ, ਜਿਹੜੇ ਇਨ੍ਹਾਂ ਕਾਲਜਿਜ਼ ਵਿਚ ਕਲਰਕ ਅਤੇ ਫੋਰਥ ਕਲਾਸ ਮੁਲਾਜ਼ਮ ਹਨ ਉਨ੍ਹਾਂ ਦੀ ਵੀ ਸਿਕਿਉਰਿਟੀ ਆਫ ਸਰਵਿਸ ਵੀ ਕਾਇਮ ਰਹਿਣੀ ਚਾਹੀਦੀ ਹੈ । ਇਹ ਬਿਲ ਟੀਚਿੰਗ ਅਤੇ ਨਾਨ-ਟੀਚਿੰਗ ਸਾਰਿਆਂ ਤੇ ਹੀ ਲਾਗੂ ਹੋਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਸਾਰੀਆਂ ਗਲਾਂ ਦਾ ਹੱਲ ਇਹ ਹੀ ਹੈ ਕਿ ਕਾਲਜਿਜ਼ ਨੈਸ਼ਨੇਲਾਈਜ਼ ਹੋਣੇ ਚਾਹੀਦੇ ਹਨ ਤਾਂ ਹੀ ਵਿਦਿਆ ਦਾ ਮਿਆਰ ਉੱਚਾ ਉਠ ਸਕਦਾ ਹੈ ।

Original with;
Punjab Vidhan Sabha
Digitized by;
Panjab Digital Library

(ਕਾਮਰੇਡ ਅੱਛਰ ਸਿੰਘ)

ਡਿਪਟੀ ਸਪੀਕਰ ਸਾਹਿਬ, ਤੁਸੀਂ ਜਾਣਦੇ ਹੀ ਹੋ ਕਿ ਜਿਹੜੇ ਪਰਾਈਵੇਟ ਕਾਲਜਿਜ਼ ਹਨ ਇਹ ਫਿਰਕਾਪਰਸਤੀ ਦੀ ਬਰੀਡਿੰਗ ਪਲੇਸਜ਼ ਬਣੇ ਹੋਏ ਹਨ, ਇਹ ਫਿਰਕਾਪਰੱਸਤੀ ਜ਼ਿਆਦਾ ਫੈਲਾ ਰਹੇ ਹਨ । ਮੈਂ ਮੰਨਦਾ ਹਾਂ ਕਿ ਇਨ੍ਹਾਂ ਕਾਲਜਿਜ਼ ਦਾ ਵਿਦਿਆ ਵਿਚ ਯੋਗਦਾਨ ਬਹੁਤ ਜ਼ਿਆਦਾ ਹੈ । ਪੰਜਾਬ ਵਿਚ ਮਜਾਰਿਟੀ ਪਰਾਈਵੇਟ ਕਾਲਜਿਜ਼ ਦੀ ਹੋ ਗਈ ਹੈ ਪਰ ਇਹ ਕਾਲਜਿਜ਼ ਕਮੱਰਸ਼ੀਅਲ ਇੰਨਸਟੀਚਿਊਟ ਬਣ ਗਏ ਹਨ । ਇਨ੍ਹਾਂ ਕਾਲਜਿਜ਼ ਵਿਚ ਪੈਸਾ ਕਮਾਉਣ ਦਾ ਢੰਗ ਸੋਚਿਆ ਜਾਂਦਾ ਹੈ। ਜਿਸ ਤਰ੍ਹਾਂ ਕਿ ਮੈਂ ਪਹਿਲੇ ਦਸਿਆ ਹੈ ਕਿ ਇਨ੍ਹਾਂ ਕਾਲਜਿਜ਼ ਵਿਚ ਟੀਚਰਾਂ ਨੂੰ ਥੋੜੀ ਤਨਖਾਹ ਦੇਕੇ ਜ਼ਿਆਦਾ ਦੀ ਰਸੀਦ ਲਈ ਜਾਂਦੀ ਹੈ। ਇਸ ਥੋੜੀ ਤਨਖਾਹ ਵਿਚ ਉਹ ਟੀਚਰਜ਼ ਗੁਜ਼ਾਰਾ ਨਹੀਂ ਕਰ ਸਕਦੇ ਅਤੇ ਉਹ ਵਿਚਾਰੇ ਬਚਿਆਂ ਨੂੰ ਪੜ੍ਹਾਉਣ ਵਿਚ ਪੂਰਾ ਧਿਆਨ ਨਹੀਂ ਦੇ ਸਕਦੇ ।

ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਪਰਾਈਵੇਟ ਕਾਲਜਿਜ਼ ਫਿਰਕਾਪਰੱਸਤ ਕਾਲਜਜ਼ ਬਣ ਗਏ ਹਨ । ਇਨ੍ਹਾਂ ਵਿਚ ਸੈਕੁਲਰਿਜ਼ਮ ਬਿਲਕੁਲ ਨਹੀਂ ਰਿਹਾ । ਸਾਡੇ ਦੇਸ਼ ਵਿਚ ਡੈਮੋਕਰੈਟਿਕ ਸੈਕੁਲਰਿਜ਼ਮ ਨੂੰ ਮਹੱਤਤਾ ਦਿੱਤੀ ਜਾਂਦੀ ਹੈ ਪਰ ਇਹ ਕਾਲਜਿਜ਼ ਸੈਕੁਲਰਿਜ਼ਮ ਨੂੰ ਖਤਮ ਕਰ ਰਹੇ ਹਨ। ਇਸ ਲਈ ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਇਨ੍ਹਾਂ ਕਾਲਜਜ਼ ਨੂੰ, ਸਕੂਲਾਂ ਨੂੰ ਨੈਸ਼ਨੇਲਾਈਜ਼ ਕਰ ਦਿੱਤਾ ਜਾਵੇ ਅਤੇ ਫਿਰ ਸਾਰਿਆਂ ਕਾਲਜਾਂ ਅਤੇ ਸਕੂਲਾਂ ਵਿਚ ਇਕੋ ਤਰ੍ਹਾਂ ਦੀ ਤਾਲੀਮ ਦਿੱਤੀ ਜਾਵੇ । ਇਸ ਨਾਲ ਫਿਰਕਾਪਰੱਸਤੀ ਨਹੀਂ ਫੈਲੇਗੀ ਅਤੇ ਵਿਦਿਆ ਦਾ ਮਿਆਰ ਵੀ ਉਚਾ ਉਠੇਗਾ ।

ਇਕ ਗਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਪਰਾਈਵੇਟ ਕਾਲਜਿਜ਼ ਦੀ ਮੈਨਜਿੰਗ ਕਮੇਟੀ ਟੀਚਰਾਂ ਨੂੰ ਕੱਢਣ ਵਾਸਤੇ ਇਕ ਹੋਰ ਇਹ ਬਹਾਨਾ ਲਾ ਦਿੰਦੀ ਹੈ ਕਿ ਪਿਛਲੇ ਸਾਲ ਸਾਡੇ ਕਾਲਜ ਦੇ ਵਿਦਿਆਰਥੀਆਂ ਦੀ ਗਿਣਤੀ 700 ਸੀ ਪਰ ਹੁਣ ਕਿਉਂਕਿ 500 ਰਹਿ ਗਈ ਹੈ ਇਸ ਵਾਸਤੇ ਟੀਚਰਾਂ ਦੀ ਲੋੜ ਇਤਨੀ ਨਹੀਂ ਰਹੀ ਅਤੇ ਇਹ ਬਹਾਨਾ ਲਾਕੇ ਟੀਚਰਾਂ ਨੂੰ ਕਢਿਆ ਜਾਂਦਾ ਹੈ । ਮੈਂ ਤਾਂ ਇਹ ਕਹਾਂਗਾ ਕਿ ਇਹੋ ਜਿਹੇ ਕਾਲਜਾਂ ਨੂੰ ਜਿਹੜੀ ਗਰਾਂਟ ਦਿੱਤੀ ਜਾਂਦੀ ਹੈ ਉਸ ਵਿਚ ਰਿਡਕਸ਼ਨ ਹੋ ਜਾਣੀ ਚਾਹੀਦੀ ਹੈ ਜਾਂ ਉਹ ਗਰਾਂਟ ਬਿਲਕੁਲ ਬੰਦ ਕਰ ਦੇਣੀ ਚਾਹੀਦੀ ਹੈ ।

ਡਿਪਟੀ ਸਪੀਕਰ ਸਾਹਿਬ, ਇਕ ਹੋਰ ਅਰਜ਼ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਗੌਰਮਿੰਟ ਕਈ ਸਕੂਲਾਂ ਨੂੰ ਟੇਕ ਓਵਰ ਕਰਦੀ ਹੈ ਪਰ ਇਹ ਸਕੂਲ ਟੇਕ ਓਵਰ ਕਰਨ ਵਿਚ ਕਈ ਸਕੂਲਾਂ ਨਾਲ ਸਟੈਪ ਮਦਰਲੀ ਟਰੀਟਮੈਂਟ ਕੀਤਾ ਜਾਂਦਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਇਕ ਇਸ ਦੀ ਮਿਸਾਲ ਦੇਣੀ ਚਾਹੁੰਦਾ ਹਾਂ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਪਖੋਵਾਲ ਵਿਚ ਇਕ ਸਕੂਲ ਨੂੰ ਟੇਕ ਓਵਰ ਕੀਤਾ ਗਿਆ ਹੈ । ਉਸ ਸਕੂਲ ਨੂੰ ਤਾਂ ਟੇਕ ਓਵਰ ਕਰ ਲਿਆ ਹੈ ਪਰ ਉਥੋਂ ਦੇ ਸਟਾਫ ਨੂੰ ਟੇਕ ਓਵਰ ਨਹੀਂ ਕੀਤਾ ਗਿਆ । ਅੰਮ੍ਰਿਤਸਰ ਵਿਚ ਇਕ ਕਾਲਜ ਨੂੰ ਟੇਕ ਓਵਰ ਕੀਤਾ ਗਿਆ ਹੈ ਤਾਂ ਉਥੋਂ ਦੇ ਪ੍ਰਿੰਸੀਪਲ ਨੂੰ ਵੀ ਟੇਕ ਓਵਰ ਵੀ ਕਰ ਲਿਆ ਹੈ । (ਘੰਟੀ)

ਡਿਪਟੀ ਸਪੀਕਰ ਸਾਹਿਬ, ਮੈਂ ਖ਼ਤਮ ਹੀ ਕਰਨ ਲਗਾ ਹਾਂ । ਮੈਂ ਅਰਜ਼ ਕਰ ਰਿਹਾ ਸੀ ਕਿ ਜਿਹੜੇ ਸਕੂਲ ਜਾਂ ਕਾਲਜ ਟੇਕ ਓਵਰ ਕੀਤੇ ਜਾਂਦੇ ਹਨ ਉਨ੍ਹਾਂ ਸਕੂਲਾਂ ਅਤੇ ਕਾਲਜਾਂ ਦੇ ਸਟਾਫ ਨੂੰ ਵੀ ਨਾਲ ਹੀ ਟੇਕ ਓਵਰ ਕਰ ਲੈਣਾ ਚਾਹੀਦਾ ਹੈ । ਇਨ੍ਹਾਂ ਕਾਲਜਿਜ਼ ਵਿਚ ਅਤੇ ਸਕੂਲਾਂ ਵਿਚ ਕਿਸੇ ਤਰ੍ਹਾਂ ਦਾ ਕੋਈ ਮਦਰਲੀ ਟਰੀਟਮੈਂਟ ਨਹੀਂ ਕਰਨਾ ਚਾਹੀਦਾ । (ਘੰਟੀ)

ਸ਼੍ਰੀ ਡਿਪਟੀ ਸਪੀਕਰ : ਤੁਸੀ ਤਸ਼ਰੀਫ ਰਖੋ। (Please resume your seat.)

Original with;
Punjab Vidhan Sabha
Digitized by;
Panjab Digital Library

ਸਰਦਾਰ ਕਿਰਪਾਲ ਸਿੰਘ ਢਿਲੋਂ (ਕਪੂਰਥਲਾ): ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਹਾਊਸ ਦੇ ਸਾਹਮਣੇ ਪੇਸ਼ ਹੈ ਇਸ ਦਾ ਮਨਸ਼ਾ ਅਤੇ ਮਨੋਰਥ ਬੜਾ ਚੰਗਾ ਹੈ ਅਤੇ ਹਾਊਸ ਦੀਆਂ ਸਾਰੀਆਂ ਪਾਰਟੀਆਂ ਨੇ ਇਸ ਦੀ ਤਾਰੀਫ ਕੀਤੀ ਹੈ । ਇਸ ਬਿਲ ਦੇ ਖਿਲਾਫ ਤਾਂ ਮੈਂ ਨਹੀਂ ਬੋਲ ਸਕਦਾ ਪਰ ਇਸ ਦੇ ਕੁਝ ਨੁਕਤਿਆਂ ਤੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ।

ਅੱਜ ਕਾਲਜਾਂ ਵਿਚ ਵਿਦਿਆਰਥੀਆਂ ਦੀ ਗਰੋਥ ਬਹੁਤ ਵੱਧ ਗਈ ਹੈ ਅਤੇ ਨਾਲ ਹੀ ਕਾਲਜਾਂ ਦੀ ਵੀ ਮਸਰੂਮ ਗਰੋਥ ਹੋ ਗਈ ਹੈ। ਹਿਸਟਰੀ ਦਸਦੀ ਹੈ ਕਿ ਪੰਜਾਬ ਨੇ 1970 ਵਿਚ ਬਹੁਤ ਸਾਰੇ ਕਾਲਜ ਖੋਲ੍ਹੇ ਸਨ, ਪਰ ਕਿਸੇ ਟੀਚਰ ਦੀ ਸਰਵਿਸ ਸਿਕਿਉਰ ਨਹੀਂ ਸੀ ਅਤੇ ਨਾ ਹੀ ਕੋਈ ਤਨਖਾਹ ਦਾ ਦਰ ਵਾਜਬ ਸੀ । ਇਸ ਬਿਲ ਦੇ ਆ ਜਾਣ ਨਾਲ ਇਹ ਮੋਰ ਇਫੈਕਟਿਵ ਹੋ ਗਿਆ ਹੈ । ਉਨ੍ਹਾਂ ਦੀ ਸਿਕਿਉਰਿਟੀ ਆਫ ਸਰਵਿਸ ਆਫ ਦੀ ਸਟਾਫ ਦਾ ਇਸ ਬਿਲ ਦੇ ਰਾਹੀਂ ਇੰਤਜ਼ਾਮ ਕੀਤਾ ਜਾ ਰਿਹਾ ਹੈ। ਠੀਕ ਹੈ ਇਹ ਬੜੀ ਦੇਰ ਤੋਂ ਬਾਅਦ ਆਇਆ ਹੈ ਪਰ ਫੇਰ ਵੀ "ਬੈਟਰ ਲੇਟ ਦੈਨ ਨੈਵਰ" ਵਾਲੀ ਗਲ ਹੈ । ਇਹ ਇਸ ਗਲ ਦੇ ਲਈ ਵੀ ਇਕ ਸਿਗਨੀਫੀਕੇਸ਼ਨ ਹੈ ਕਿ ਐਜੂਕੇਸ਼ਨ ਦੀ ਇਜ਼ਤ ਹਰ ਇਕ ਦੇ ਦਿਲ ਦੇ ਵਿਚ ਇਨਕਾਰਨੇਟ ਕਰ ਗਈ ਹੈ । ਟੀਚਰ ਦੀ ਸਿਗਨੀਫੀਕੇਸ਼ਨ ਵੀ ਇਹੋ ਹੈ ਕਿ ਟੀਚਰ ਇਕ ਐਜੂਕੇਸ਼ਨ ਦੀ ਸੋਲ ਹੈ । ਇਸ ਦੇ ਬਾਰੇ ਇਕ ਆਥਰ ਨੇ ਲਿਖਿਆ ਹੈ ।

It depends on education and sole education which opens the gate, which leads to vice or virtue, which leads to glory or infame, which leads to happiness or misery.

ਸਪੀਕਰ ਸਾਹਿਬ, ਦੁਨੀਆਂ ਵਿਚ ਭਾਵੇਂ ਕੋਈ ਚੀਜ਼ ਚੰਗੀ ਹੋਵੇ ਭਾਵੇਂ ਮਾੜੀ, ਉਸ ਦਾ ਤਾਲੀਮ ਦੇ ਰਸਤੇ ਨਾਲ ਕੋਈ ਟਕਰਾਓ ਨਹੀਂ। ਜੋ ਤਾਲੀਮ ਦਾ ਦਾਇਰਾ ਹੈ ਜਿਸ ਤਰੀਕੇ ਨਾਲ ਸਟੂਡੈਂਟਸ ਦਾ ਬੇਸ ਬਣਦਾ ਹੈ ਅਤੇ ਜਿਸ ਤਰ੍ਹਾਂ ਲੇਟੈਂਟ ਫੈਕਲਟੀਜ਼ ਅਤੇ ਪੋਟੈਂਸ਼ੀਐਲੇਟੀਜ਼ ਰਾਹੀਂ ਤਾਲੀਮ ਟੀਚਰ ਸਟੂਡੈਂਟ ਨੂੰ ਦਿੱਤੀ ਜਾਂਦੀ ਹੈ, ਉਹ ਇਕ ਚਾਨਣ ਮੁਨਾਰਾ ਹੈ । ਜਿਸ ਤਰ੍ਹਾਂ ਭਾਖੜਾ ਡੈਮ ਏਥੇ ਬੈਠਿਆਂ ਕਿਸੇ ਨੂੰ ਨਜ਼ਰ ਨਹੀਂ ਆਉਂਦਾ, ਪਰ ਉਹ ਆਪਣੀ ਪਾਵਰ ਟਰਾਂਸਮੀਸ਼ਨ ਰਾਹੀਂ ਦੂਰ ਦੂਰ ਤੱਕ ਪਹੁੰਚਾਕੇ ਰੋਸ਼ਨੀ ਦੇ ਰਿਹਾ ਹੈ। ਇਸੇ ਤਰ੍ਹਾਂ ਟੀਚਰ ਵੀ ਇਕ ਲਾਈਟ ਦੀ ਬਤੀ ਹੈ ਜਿਹੜੀ ਉਹ ਸਟੂਡੈਂਟ ਦੇ ਮਾਈਂਡ ਵਿਚ ਆਪਣੀ ਉਚ ਪੱਧਰ ਦੀ ਵਿਦਿਆ ਰਾਹੀਂ ਰੋਸ਼ਨ ਕਰਦਾ ਹੈ ਪਰ ਉਹ ਤਾਕਤ ਉਸ ਨੇ ਛਿਪਾਈ ਹੋਈ ਹੈ। ਟੀਚਰ ਸਟੂਡੈਂਟ ਲਈ ਇਕ ਲਾਈਟ ਦੇਣ ਦਾ ਐਲੀਮੈਂਟ ਹੈ ਜਿਸ ਦੀ ਹਰ ਤਰ੍ਹਾਂ ਨਾਲ ਸਿਕਿਉਰਿਟੀ ਹੋਣੀ ਚਾਹੀਦੀ ਹੈ । ਇਹ ਬੜੇ ਹੀ ਅਫਸੋਸ ਦੀ ਗਲ ਹੈ ਕਿ ਹੁਣ ਤੱਕ ਕਿਸੇ ਸਰਕਾਰ ਨੇ ਇਸ ਪਾਸੇ ਧਿਆਨ ਹੀ ਨਹੀਂ ਦਿੱਤਾ, ਅਤੇ ਇਹ ਬਹੁਤ ਸਾਰੀਆਂ ਮੁਸ਼ਕਲਾਂ ਦਾ ਹੁਣ ਤੱਕ ਸ਼ਿਕਾਰ ਹੁੰਦਾ ਰਿਹਾ । ਇਥੋਂ ਤੱਕ ਕਿ ਬੜੇ ਤਾਲੀਮ ਯਾਫਤਾ ਟੀਚਰਜ਼ ਨੂੰ ਕਾਲਜ ਪ੍ਰੋਫੈਸਰਜ਼ ਨੂੰ 100 ਰੁਪਏ ਮਹੀਨਾ ਤੱਕ ਪੇ ਕੀਤਾ ਗਿਆ ਅਤੇ ਉਨ੍ਹਾਂ ਤੋਂ ਰਸੀਦਾਂ ਵਧ ਅਮਾਊਂਟ ਦੀਆਂ ਹਾਸਲ ਕੀਤੀਆਂ ਗਈਆਂ । ਇਹ ਵੀ ਹੋ ਸਕਦਾ ਹੈ ਕਿ ਇਸ ਤਰ੍ਹਾਂ ਦੀ ਟਰੈਡੀਸ਼ਨ, ਪਰੰਪਰਾ ਹੁਣ ਵੀ ਕਈ ਅਦਾਰਿਆਂ ਦੇ ਵਿਚ ਚਲਦੀ ਹੋਵੇ । ਜਿਥੇ ਅਸੀਂ ਅੱਜ ਇਸ ਬਿਲ ਰਾਹੀਂ ਇਕ ਟੀਚਰ ਦੀ ਸਿਕਿਉਰਿਟੀ ਆਫ ਸਰਵਿਸ ਦੇ ਬਾਰੇ ਬਿਲ ਲਿਆ ਰਹੇ ਹਾਂ ਉਥੇ ਅਸੀਂ ਉਸ ਦੀ ਤਨਖਾਹ ਨੂੰ ਪ੍ਰੋਟੈਕਟ ਕਰਕੇ ਉਸ ਦੇ ਮਾਰੇਲ ਨੂੰ ਵੀ ਬੜਾ ਉੱਚਾ ਕੀਤਾ ਹੈ । ਇਹ ਪੰਜਾਬ ਦੇ ਉਨ੍ਹਾਂ ਸਾਰੇ ਪ੍ਰਾਈਵੇਟ ਕਾਲਜਿਜ਼ ਵਾਸਤੇ ਹੈ ਜਿਹੜੇ ਵੀ ਯੂਨੀਵਰਸਟੀਜ਼ ਦੇ ਨਾਲ ਐਫਿਲੀਏਟਿਡ ਹਨ । ਇਕ ਗਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਐਜੂਕੇਸ਼ਨ ਜਿਤਨੀ ਵੀ ਹੋਵੇ ਉਹ ਸੁਪਰਫਲੂਅਸ ਆਦਮੀ ਪੈਦਾ ਨਾ ਕਰੇ, ਕਿਉਂ ਜੋ ਸੁਪਰਫਲੂਅਸ ਚੀਜ਼ ਦੇ ਹੋ ਜਾਣ ਨਾਲ ਹਮੇਸ਼ਾ ਬੇਕਦਰੀ ਹੋ ਜਾਂਦੀ ਹੈ,

Original with;
Punjab Vidhan Sabha
Digitized by;
Panjab Digital Library

(ਸਰਦਾਰ ਕਿਰਪਾਲ ਸਿੰਘ ਢਿਲੋਂ)

ਉਸ ਦਾ ਉਤਨਾ ਮਾਣ ਅਤੇ ਸਤਕਾਰ ਨਹੀਂ ਰਹਿੰਦਾ । ਭਾਵੇਂ ਸਾਰੇ ਸਕੂਲ, ਕਾਲਜਿਜ਼ ਨੂੰ ਹੋਰ ਐਜੂਕੇਸ਼ਨਲ ਇਨਸਟੀਚੀਊਸ਼ਨਜ਼ ਨੂੰ ਇਸਤਰ੍ਹਾਂ ਵੰਡ ਲਿਆ ਹੈ, ਇਸ ਤਰ੍ਹਾਂ ਐਡਜਸਟ ਕੀਤਾ ਹੈ ਕਿ ਘੱਟ ਤੋਂ ਘੱਟ ਸੁਪਰਫਲੂਅਸ ਆਦਮੀ ਪੈਦਾ ਹੋਣ । ਟੀਚਰ ਜਿਹੜੇ ਲਏ ਜਾਣ ਉਹ ਪਹਿਲਾਂ ਹੀ ਪਰਖ ਕੇ ਅਪੁਆਇੰਟ ਹੋਣ, ਇਹ ਨਹੀਂ ਕਿ ਲੈਣ ਤੋਂ ਬਾਅਦ ਫੇਰ ਕੋਈ ਇਤਰਾਜ਼ ਕੀਤੇ ਜਾਣ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪਦਾ ਧੰਨਵਾਦ ਕਰਦਾ ਹਾਂ ।

ਸਰਦਾਰ ਕਿਰਪਾਲ ਸਿੰਘ ਰੰਧਾਵਾ (ਮਜੀਠਾ): ਡਿਪਟੀ ਸਪੀਕਰ ਸਾਹਿਬ, ਇਹ ਟੀਚਰਜ਼ ਦੇ ਤਹਫਜ਼ ਦਾ ਬਿਲ ਕਾਂਗਰਸ ਸਰਕਾਰ ਨੇ ਲਿਆਂਦਾ ਹੈ। ਇਸ ਤਰ੍ਹਾਂ ਕਰਦੇ ਹੋਏ ਉਨ੍ਹਾਂ ਨੇ ਇਕ ਬਹੁਤ ਹੀ ਭਾਰਾ ਕੰਮ ਕੀਤਾ ਹੈ । ਪਿਛਲੇ 4—5 ਸਾਲ ਤੋਂ ਤਾਲੀਮ ਦਾ ਬੜਾ ਫੈਲਾਅ ਹੋਇਆ ਹੈ ਜਿਹੜਾ ਕਿ ਅਸੀਂ ਸਾਰੇ ਵੇਖ ਹੀ ਰਹੇ ਹਾਂ । ਵਿਦਿਆ ਦੇ ਵਿਗਿਆਨੀਆਂ ਨੇ ਜੋ ਅੱਜ ਤਰੱਕੀ ਕੀਤੀ ਹੈ, ਸ਼ਾਇਦ ਇਹ ਪਿਛਲੇ 4—5 ਹਜ਼ਾਰ ਸਾਲ ਵਿਚ ਵੀ ਨਾ ਹੋਈ ਹੋਵੇ, ਪਰ ਹੁਣ ਤੱਕ ਇਨ੍ਹਾਂ ਗਿਆਨਵਾਨਾਂ ਨੂੰ ਕਿਸੇ ਨੇ ਤਹਫਜ਼ ਨਹੀਂ ਦਿੱਤਾ, ਜਿਹੜਾ ਕਿ ਇਕ ਬੜਾ ਜ਼ਰੂਰੀ ਅਤੇ ਅਹਿਮ ਕੰਮ ਸੀ । ਇਸ ਗੱਲ ਦੇ ਲਈ ਟੀਚਰ ਤਬਕਾ ਹੁਣ ਤੱਕ ਘਬਰਾਹਟ ਦੇ ਵਿਚ ਹੀ ਰਿਹਾ ਹੈ, ਉਨ੍ਹਾਂ ਨੂੰ ਆਪਣਾ ਫਿਊਚਰ ਡਾਰਕ ਹੀ ਲਗਦਾ ਸੀ । ਇਹ ਠੀਕ ਹੈ ਸਕੂਲਾਂ ਨੂੰ ਕਾਲਜਾਂ ਦੇ ਵਿਚ ਤਬਦੀਲ ਕੀਤਾ ਗਿਆ, ਛੋਟੇ ਸਕੂਲ ਵਡੇ ਬਣਾਏ ਗਏ, ਪਰ ਟੀਚਰ ਉਹੀ ਤਨਖਾਹਾਂ ਤੇ ਕੰਮ ਕਰਦੇ ਰਹੇ ਉਨ੍ਹਾਂ ਦੀ ਸਰਵਿਸ ਨਾ ਸੈਕਿਉਰ ਸੀ, ਜਦੋਂ ਮਰਜ਼ੀ ਰੱਖ ਲਿਆ ਜਦੋਂ ਜੀ ਆਇਆ ਛੁਟੀ ਕਰ ਦਿੱਤੀ । ਇਨ੍ਹਾਂ ਮੈਨੇਜਮੈਂਟ ਦੀ ਡਿਸਕਰੀਸ਼ਨ ਤੇ ਸਨ, ਭਾਵੇਂ ਇਹ ਲੋਕ ਮਿਹਨਤੀ ਸਨ ਅਤੇ ਵਿਦਿਆ ਦੇਣ ਦੇ ਨੂੰ ਵੀ ਸਫਲਤਾ ਨਾਲ ਚਲਾ ਰਹੇ ਸਨ ਪਰ ਇਹ ਸੰਤੁਸ਼ਟ ਨਹੀਂ ਸਨ, ਪਰ ਜਦੋਂ ਦਾ ਇਹ ਬਿ ਆਇਆ ਹੈ ਉਨ੍ਹਾਂ ਦੀ ਸੰਤੁਸ਼ਟਤਾ ਦੇ ਵਿਚ ਵਾਧਾ ਹੋਇਆ ਹੈ। ਇਥੇ ਇਕ ਗੱਲ ਮੈਂ ਹੋਰ ਇਹ ਦੱਸਣੀ ਚਾਹੁੰਦਾ ਹਾਂ ਕਿ ਜਿਤਨੇ ਵੀ ਪ੍ਰਾਈਵੇਟ ਕਾਲਜਿਜ਼ ਹਨ, ਮੈਨੇਜਮੈਂਟ ਦਾ ਟੀਚਰਾਂ ਦੇ ਨਾਲ ਕੁਝ ਇਸ ਤਰ੍ਹਾਂ ਦਾ ਰਵੱਈਆ ਰਿਹਾ ਹੈ ਕਿ ਉਨ੍ਹਾਂ ਨੂੰ ਸਵਾਏ ਮੈਨੇਜਮੈਂਟ ਦੇ ਹੱਥਾਂ ਵਿਚ ਖੇਲ੍ਹਣ ਦਾ ਹੋਰ ਕੋਈ ਚਾਰਾ ਹੀ ਨਹੀਂ ਸੀ। ਪਰ ਅੱਜ ਸਰਕਾਰ ਨੇ ਉਨ੍ਹਾਂ ਦੇ ਤਹਫਜ਼ ਦਾ ਬਿਲ ਲਿਆਂਦਾ ਹੈ, ਜਿਹੜਾ ਕਿ ਨਿਹਾਇਤ ਹੀ ਸ਼ਲਾਘਾ ਯੋਗ ਹੈ । ਮੈਂ ਇਸ ਦੇ ਲਈ ਗਿਆਨੀ ਜੀ ਨੂੰ ਵਧਾਈ ਦੇਂਦਾ ਹਾਂ ਕਿ ਉਨ੍ਹਾਂ ਨੇ ਟੀਚਰ ਵਰਗ ਦੇ ਤਹਫਜ਼ ਦਾ ਬਿਲ ਲਿਆਂਦਾ ਹੈ ।

ਡਾਕਟਰ ਬਲਦੇਵ ਪ੍ਰਕਾਸ਼ (ਅੰਮ੍ਰਿਤਸਰ): ਡਿਪਟੀ ਸਪੀਕਰ ਸਾਹਿਬ, ਹਾਊਸ ਦੇ ਸਾਹਮਣੇ ਜੋ ਬਿਲ ਪੇਸ਼ ਹੋਇਆ ਹੈ, ਐਫਿਲੀਏਟਿਡ ਕਾਲਜਿਜ਼ ਦੇ ਸਟਾਫ ਦੀ ਸੁਰਖਸ਼ਾ ਦੇ ਵਾਸਤੇ, ਇਸ ਦੇ ਲਈ ਇਹ ਸਰਕਾਰ ਵਧਾਈ ਦੀ ਪਾਤਰ ਹੈ । ਇਹ ਬੜੀ ਦੇਰ ਤੋਂ ਇਨ੍ਹਾਂ ਲੋਕਾਂ ਦੀ ਮੰਗ ਸੀ । ਇਹ ਸਰਕਾਰ ਨੇ ਬਿਲ ਲਿਆ ਕੇ ਇਕ ਬਹੁਤ ਹੀ ਅਹਿਮ ਕਦਮ ਚੁਕਿਆ ਹੈ । ਮੇਰਾ ਇਸ ਬਿਲ ਤੇ ਕੋਈ ਵਡੀ ਤਕਰੀਰ ਕਰਨ ਦਾ ਇਰਾਦਾ ਨਹੀਂ ਪਰ ਇਸ ਸਬੰਧ ਦੇ ਵਿਚ ਦੋ ਤਿੰਨ ਸੁਝਾਓ ਹਨ ਜਿਹੜੇ ਮੈਂ ਇਥੇ ਦੇਣੇ ਜ਼ਰੂਰੀ ਸਮਝਦਾ ਹਾਂ । ਬਹੁਤ ਸਾਰੇ ਥਾਵਾਂ ਤੇ ਕਲੈਰੀਕਲ ਸਟਾਫ ਨਹੀਂ ਜਾਂ ਲੈਬਾਰਟਰੀ ਐਸਿਸਟੈਂਟ ਨਹੀਂ ਉਥੇ ਇਹ ਪ੍ਰੋਵਾਈਡ ਕਰਨੇ ਚਾਹੀਦੇ ਹਨ । ਇਹ ਇਕ ਬਹੁਤ ਹੀ ਜ਼ਰੂਰੀ ਕਦਮ ਹੈ । ਇਸ ਬਿਲ ਦੇ ਵਿਚ ਕੁਝ ਕਲਾਜ਼ਾਂ ਐਸੀਆਂ ਹਨ ਜਿਨ੍ਹਾਂ ਦਾ ਮਿਸਯੂਜ਼ ਹੋਣ ਦਾ ਡਰ ਹੈ । ਸੈਕਸ਼ਨ 3—4 ਦੇ ਵਿਚ ਮੈਨੇਜਮੈਂਟ ਜਿਤਨਾ ਅਰਸਾ ਚਾਹੇ ਐਂਪਲਾਈਜ਼ ਨੂੰ ਟੈਮਪਰੇਰੀ ਰਖ ਸਕਦੀ ਹੈ । ਇਹ ਹੋ ਸਕਦਾ ਹੈ ਕਿ ਜਦੋਂ ਤੱਕ ਉਹ ਮੈਨੇਜਮੈਂਟ ਨੂੰ ਖੁਸ਼ ਨਾ ਕਰੇ ਉਸ ਨੂੰ ਟੈਂਪਰੇਰੀ ਹੀ ਰਖਿਆ ਜਾਵੇ, ਜਿਸ ਤਰ੍ਹਾਂ ਕਿ ਕਾਰਖਾਨਿਆਂ ਦੇ ਵਿਚ ਇਹ ਆਮ ਤੌਰ ਤੇ ਹੋ ਰਿਹਾ ਹੈ,

Original with;
Punjab Vidhan Sabha
Digitized by;
Panjab Digital Library

ਉਹ ਜਿਸ ਨੂੰ ਤੰਗ ਕਰਨਾ ਚਾਹੁੰਦੇ ਹਨ ਕਈ ਸਾਲ ਤੱਕ ਟੈਂਪਰੇਰੀ ਹੀ ਕੰਮ ਲੈਂਦੇ ਰਹਿੰਦੇ ਹਨ, ਉਸ ਨੂੰ ਪੱਕਾ ਕਰਦੇ ਹੀ ਨਹੀਂ ।

ਅੱਗੇ ਦੂਸਰਾ ਇਹਦੇ ਵਿਚ ਇਹ ਹੈ ਕਿ ਪਰੋਬੇਸ਼ਨ ਪੀਰੀਅਡ ਤੋਂ ਬਾਅਦ ਜੇ ਕੰਮ ਤਸੱਲੀਬਖਸ਼ ਨਾ ਹੋਵੇ ਫੇਰ ਵੀ ਉਹਦੇ ਤੇ ਇਹ ਬਿਲ ਦੀਆਂ ਧਾਰਾਵਾਂ ਲਾਗੂ ਨਹੀਂ ਹੁੰਦੀਆਂ । ਇਹ ਫ਼ੈਸਲਾ ਕਿਸ ਨੇ ਕਰਨਾ ਹੈ ਕਿ ਪਰੋਬੇਸ਼ਨ ਤੋਂ ਬਾਅਦ ਟੀਚਰ ਦਾ ਕੰਮ ਤਸੱਲੀਬਖਸ਼ ਹੈ ਜਾਂ ਨਹੀਂ । ਇਹ ਮੈਨੇਜਮੈਂਟ ਤੇ ਛੱਡ ਦਿਤਾ ਜਾਂਦਾ ਹੈ । ਜੇ ਮੈਨੇਜਮੈਂਟ ਸਮਝੇਗੀ ਕਿ ਤਸੱਲੀਬਖਸ਼ ਹੈ ਤਾਂ ਤੇ ਠੀਕ ਹੈ । ਇਹ ਵੇਗ ਹੈ । ਇਹਦੇ ਨਾਲ ਉਹ ਕਿਸੇ ਨੂੰ ਵੀ ਛੁੱਟੀ ਕਰ ਸਕਦੇ ਹਨ ਕਿ ਪਰੋਬੇਸ਼ਨ ਪੀਰੀਅਡ ਤੋਂ ਬਾਅਦ ਉਹਦਾ ਕੰਮ ਤਸੱਲੀਬਖਸ਼ ਨਹੀਂ ਹੈ ।

ਤੀਸਰੀ ਰਿਟ੍ਰੈਂਚਮੈਂਟ ਰੱਖੀ ਗਈ ਹੈ । ਡਾਇਰੈਕਟਰ ਦੀ ਪਰਮਿਸ਼ਨ ਤੋਂ ਬਗੈਰ ਰਿਟਰੈਂਚਮੈਂਟ ਨਹੀਂ ਹੋਣੀ ਚਾਹੀਦੀ ਹੈ । ਧਾਰਾ 7 ਅਨੁਸਾਰ ਰਿਟਰੈਚਮੈਂਟ ਨਾਲ ਜਿਹੜੇ ਟੀਚਰਾਂ ਨੂੰ ਛੁੱਟੀ ਹੋਏਗੀ ਉਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਕੋਈ ਕਾਲਜ ਮੈਨੇਜਮੈਂਟ ਕਿਸੇ ਨੂੰ ਡਿਸਮਿਸ ਨਾ ਕਰੇ ਪਰ ਪੰਜ ਸਤ ਟੀਚਰਾਂ ਨੂੰ ਰਿਟਰੈਂਚਮੈਂਟ ਵਿਚ ਲਿਆਕੇ ਛੁੱਟੀ ਕਰ ਦੇਵੇ । ਰਿਟਰੈਂਚਮੈਂਟ ਕਰਨ ਤੋਂ ਪਹਿਲਾਂ ਡਾਇਰੈਕਟਰ ਦੀ ਮਨਜ਼ੂਰੀ ਲੈਣੀ ਚਾਹੀਦੀ ਹੈ । ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ ਕਿ ਮੈਨੇਜਮੈਂਟ ਵਾਲੇ ਕਹਿ ਦੇਣ ਕਿ ਕਾਲਜ ਦੀ ਸਥਿਤੀ ਅਜਿਹੀ ਹੋ ਗਈ ਹੈ ਜਿਸ ਨਾਲ ਰਿਟਰੈਂਚਮੈਂਟ ਕਰਨੀ ਜ਼ਰੂਰੀ ਹੋ ਗਈ ਹੈ । ਪਰ ਰਿਟਰੈਂਚਮੈਂਟ ਵੀ ਡਾਇਰੈਕਟਰ ਦੀ ਅਪਰੂਵਲ ਤੋਂ ਬਾਅਦ ਹੋਣੀ ਚਾਹੀਦੀ ਹੈ ।

ਡਿਪਟੀ ਸਪੀਕਰ ਸਾਹਿਬ, ਇਹ ਦੋ ਤਿੰਨ ਚੀਜ਼ਾਂ ਹਨ ਜੋ ਕਿ ਮੈਂ ਸਰਕਾਰ ਦੇ ਧਿਆਨ ਵਿਚ ਲਿਆਂਦੀਆਂ ਹਨ । ਇਹ ਇਹਦੇ ਵਿਚ ਇਨਕਾਰਪੋਰੇਟ ਹੋਣੀਆਂ ਚਾਹੀਦੀਆਂ ਹਨ ।

ਮਾਸਟਰ ਚੰਦ ਸਿੰਘ (ਸ਼ੇਰਪੁਰ ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਕਾਲਜ ਟੀਚਰਾਂ ਦੀ ਸੁਰੱਖਿਆ ਦਾ ਬਿਲ ਹੈ । ਇਹ ਇਨ੍ਹਾਂ ਟੀਚਰਾਂ ਵਲੋਂ ਕਾਫੀ ਚਿਰ ਤੋਂ ਮੰਗ ਸੀ ਅਤੇ ਅੱਜ ਸਰਕਾਰ ਨੇ ਇਹ ਬਿਲ ਪੇਸ਼ ਕੀਤਾ ਹੈ । ਚੰਗਾ ਹੁੰਦਾ ਜੇਕਰ ਇਹਦੇ ਵਿਚ ਜੋ ਤਰੁਟੀਆਂ ਹਨ ਉਹ ਦੂਰ ਕੀਤੀਆਂ ਹੁੰਦੀਆਂ। ਇਹਦੇ ਵਿਚ ਕਈ ਘਾਟਾਂ ਹਨ ਜਿਸ ਤੋਂ ਇਹ ਸਾਫ ਜ਼ਾਹਰ ਹੈ ਕਿ ਸਰਕਾਰ ਦੀ ਨੀਅਤ ਸਾਫ ਨਹੀਂ ਹੈ । ਨੰ:1 ਨਾਨ-ਟੀਚਿੰਗ ਸਟਾਫ (ਵਿਘਨ) ਦੀ ਵੀ ਸਿਕਿਉਰਿਟੀ ਹੋਣੀ ਚਾਹੀਦੀ ਹੈ । ਕਿਉਂਕਿ ਉਹ ਵੀ ਕਾਲਜ ਵਿਚ ਹੀ ਹਨ । ਜਿਹੜਾ ਕਾਲਜਾਂ ਵਿਚ ਕੰਮ ਕਰਦਾ ਹੋਵੇ ਉਹਦੀ ਸਿਕਿਉਰਿਟੀ ਹੋਣੀ ਚਾਹੀਦੀ ਹੈ। ਮਨੇਜਿੰਗ ਕਮੇਟੀ ਨੂੰ ਕਾਫੀ ਅਧਿਕਾਰ ਦਿਤੇ ਹੋਏ ਹਨ । ਉਹ ਚਾਰਜ ਸ਼ੀਟ ਕਰ ਸਕਦੀ ਹੈ। ਇਹਦੇ ਵਿਚ ਇਹ ਨਹੀਂ ਰੱਖਿਆ ਗਿਆ ਹੈ ਕਿ ਪੜਤਾਲ ਹੋਵੇ। ਚਾਰਜਸ਼ੀਟ ਤੋਂ ਬਾਅਦ ਸਿੱਧਾ ਨੌਕਰੀਉਂ ਹਟਾ ਦੇਣਾ ਗਲਤੀ ਹੋਏਗੀ । ਵਾਰਨਿੰਗ ਵਗੈਰਾ ਤਾਂ ਦੇ ਸਕਦੇ ਹਨ ਪਰ ਸਿੱਧਾ ਚਾਰਜਸ਼ੀਟ ਗਲਤ ਹੋਵੇਗਾ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹਦੇ ਵਿਚ ਕੋਈ ਪੜਤਾਲ ਕਰਨ ਤੋਂ ਬਾਅਦ ਜੇਕਰ ਕੋਈ ਗਲਤੀ ਨਾ ਹੋਵੇ ਟੀਚਰਾਂ ਦੀ ਤਾਂ ਮਨੇਜਮੈਂਟ ਤੇ ਐਕਸ਼ਨ ਲੈਣਾ ਚਾਹੀਦਾ ਹੈ ਤਾਂ ਕਿ ਅਗੇ ਨੂੰ ਇਨ੍ਹਾਂ ਤੇ ਐਲੀਗੇਸ਼ਨ ਸੋਚ ਸਮਝ ਕੇ ਲਗਾਏ ਜਾ ਸਕਣ । ਇਸ ਲਈ ਇਹ ਜਿਹੜੀਆਂ ਪਾਵਰਜ਼ ਮਨੇਜਿੰਗ ਕਮੇਟੀਆਂ ਨੂੰ ਦੇਣੀਆਂ ਹਨ, ਇਹ ਗਲਤ ਗੱਲ ਹੈ । (ਵਿਘਨ) ਤੁਹਾਨੂੰ ਪਤਾ ਹੀ ਹੈ ਕਿ ਬਰਨਾਲੇ ਦੇ ਐਸ.ਡੀ. ਕਾਲਜ ਦੇ ਪ੍ਰਿੰਸੀਪਲ ਨੇ ਬਕਾਇਦਾ ਤੌਰ ਤੇ ਆਰਡਰ ਕਰ ਦਿਤਾ ਸੀ ਕਿ ਜਿਹੜਾ ਨਹੀਂ ਜਾਏਗਾ ਉਹਦਾ ਪੱਤਾ ਕੱਟ ਦਿਤਾ ਜਾਏਗਾ । ਇਸ ਤਰ੍ਹਾਂ ਦੇ ਮਨੇਜਿੰਗ ਕਮੇਟੀਆਂ ਆਰਡਰਜ਼ ਕਰਦੀਆਂ ਹਨ । ਜੇਕਰ ਮਹਿਕਮੇ ਦਾ ਕੰਟ੍ਰੋਲ ਹੋਵੇ, ਸਰਕਾਰ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਦਾ ਕੰਟ੍ਰੋਲ ਹੋਵੇ ਤਾਂ ਫੇਰ ਉਹ ਇਸ ਤਰ੍ਹਾਂ ਨਾ ਕਰਨ । ਡਿਪਟੀ ਸਪੀਕਰ ਸਾਹਿਬ, ਖਾਲਸਾ ਕਾਲਜ ਹਨ, ਡੀ. ਏ. ਵੀ. ਕਾਲਜ ਹਨ ਜਾਂ ਫੇਰ ਐਸ.ਡੀ. ਕਾਲਜ ਹਨ, ਇਹ ਫਿਰਕਾਪ੍ਰਸਤੀ ਨੂੰ ਸ਼ਹਿ ਦਿੰਦੇ ਹਨ । ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਮੁਚੇ ਕਾਲਜਾਂ ਦਾ ਕੌਮੀਕਰਨ ਕਰ ਦੇਣਾ ਚਾਹੀਦਾ ਹੈ । ਇਨ੍ਹਾਂ ਦਾ ਸਾਰਾ ਕੰਮ ਕਾਜ ਸਰਕਾਰ ਨੂੰ ਆਪਣੇ ਹੱਥਾਂ ਵਿਚ ਲੈਣਾ ਚਾਹੀਦਾ ਹੈ। ਸਰਕਾਰ 90% ਗਰਾਂਟ ਤਾਂ ਇਨ੍ਹਾਂ ਨੂੰ ਦਿੰਦੀ ਹੀ ਹੈ ਫੇਰ ਪਿਛੇ ਕੀ ਰਹਿ ਜਾਂਦਾ ਹੈ । ਇਸ ਲਈ ਇਨ੍ਹਾਂ ਦਾ ਕੌਮੀਕਰਨ ਕਰ ਲੈਣਾ ਚਾਹੀਦਾ ਹੈ । (ਘੰਟੀ)

ਇਸ ਤੋਂ ਅੱਗੇ ਜਿਹੜੇ ਟੀਚਰ ਇਨ੍ਹਾਂ ਕਾਲਜਾਂ ਵਿਚ ਕੰਮ ਕਰਦੇ ਹਨ ਉਨ੍ਹਾਂ ਦੀ ਕਾਗਜ਼ਾਂ ਵਿਚ ਤਾਂ ਤਨਖਾਹ ਛੇ ਛੇ ਜਾਂ ਸੱਤ ਸੱਤ ਸੌ ਰੁਪਏ ਦਿਖਾਈ ਹੋਈ ਹੁੰਦੀ ਹੈ ਪਰ ਐਕਚੁਅਲੀ ਉਨ੍ਹਾਂ ਨੂੰ ਦਿਤੀ ਕੇਵਲ ਤਿੰਨ ਤਿੰਨ ਸੌ ਰੁਪਏ ਹੀ ਜਾਂਦੀ ਹੈ । ਦਸਖਤ ਪੂਰੀ ਤਨਖਾਹ ਤੇ ਕਰਾ ਲਏ ਜਾਂਦੇ ਹਨ । ਇਹ ਉਨ੍ਹਾਂ ਨਾਲ ਧੱਕਾ ਕੀਤਾ ਜਾਂਦਾ ਹੈ । ਇਹਦੇ ਵਿਚ ਇਹ ਨਹੀਂ ਦਸਿਆ ਗਿਆ ਹੈ ਕਿ ਕੀ ਇਨ੍ਹਾਂ ਟੀਚਰਾਂ ਨੂੰ ਪੂਰੀ ਤਨਖਾਹ ਦਵਾਈ ਜਾਏਗੀ । ਇਸ ਗਲ ਲਈ ਗਰੰਟੀ ਦੇਣੀ ਚਾਹੀਦੀ ਸੀ । ਬਾਕੀ ਇਹ ਵੀ ਨਹੀਂ ਦਸਿਆ ਗਿਆ ਹੈ ਫਰਜ਼ ਕਰੋ ਕਾਲਜ ਦੇ ਟੀਚਰ ਆਪਣੀਆਂ ਤਨਖਾਹਾਂ ਵਧਾਉਣ ਲਈ ਘੋਲ ਕਰਦੇ ਹਨ ਤਾਂ ਮਨੇਜਿੰਗ ਕਮੇਟੀ ਕਹਿੰਦੀ ਹੈ ਕਿ ਉਨ੍ਹਾਂ ਦਾ ਦੁਰਵਿਹਾਰ ਹੈ । ਇਹ ਇਸ ਤਰ੍ਹਾਂ ਕਰਕੇ ਉਨ੍ਹਾਂ ਦੇ ਜਮਹੂਰੀ ਹੱਕਾਂ ਤੇ ਛਾਪਾ ਮਾਰਨ ਵਾਲੀ ਗਲ ਹੈ । ਕੋਈ ਐਜੀਟੇਸ਼ਨ ਕਰਨੀ ਆਪਣੀ ਮੰਗ ਵਾਸਤੇ ਇਹ ਜਾਇਜ਼ ਹੋਣੀ ਚਾਹੀਦੀ ਹੈ । ਇਹ ਕਮੀਆਂ ਜੋ ਇਸ ਵਿਚ ਰਹਿ ਗਈਆਂ ਹਨ ਇਨ੍ਹਾਂ ਲਈ ਮੈਂ, ਡਿਪਟੀ ਸਪੀਕਰ, ਸਾਹਿਬ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਇਨ੍ਹਾਂ ਕਮੀਆਂ ਨੂੰ ਦੂਰ ਕੀਤਾ ਜਾਵੇ ਤਾ ਕਿ ਬਿਲ ਬੜਾ ਸੁਚੱਜਾ ਅਤੇ ਟੀਚਰਾਂ ਦੇ ਹੱਕ ਵਿਚ ਹੋਵੇ ।

ਸਰਦਾਰ ਅਜਾਇਬ ਸਿੰਘ ਸੰਧੂ (ਮੋਰਿੰਡਾ, ਐਸ.ਸੀ) : ਇਹ ਜਿਹੜਾ ਬਿਲ ਕਾਲਜ ਟੀਚਰਜ਼ ਦੀ ਸਿਕਿਉਰਿਟੀ ਬਾਰੇ ਪੰਜਾਬ ਸਰਕਾਰ ਨੇ ਲਿਆਂਦਾ ਹੈ ਇਹ ਵਾਕਿਆ ਹੀ ਸ਼ਲਾਘਾਯੋਗ ਕਦਮ ਹੈ (ਥੰਪਿੰਗ) ਔਰ ਮੈਂ ਸਮਝਦਾ ਹਾਂ ਕਿ ਪੰਜਾਬ ਦੇ ਕਾਲਜ ਟੀਚਰਜ਼ ਦੀ ਇਹ ਜਮਹੂਰੀ ਅਤੇ ਬੁਨਿਆਦੀ ਮੰਗ ਸੀ ਜਿਸ ਨੂੰ ਆਖਰ ਸਰਕਾਰ ਨੇ ਪਰਵਾਨ ਕਰਕੇ ਇਨ੍ਹਾਂ ਦਾ ਬਿਲ ਲਿਆਂਦਾ ਹੈ । ਇਸ ਕਰਕੇ ਇਹ ਵਾਕਿਆ ਹੀ ਸ਼ਲਾਘਾਯੋਗ ਕਦਮ ਚੁਕਿਆ ਗਿਆ ਹੈ । ਪਿਛਲੇ ਸੈਸ਼ਨ ਵਿਚ ਇਹਦਾ ਨਾਂ ਸੀ "ਏਡਿਡ ਕਾਲਜ ਸਿਕਿਉਰਿਟੀ ਬਿਲ"। ਹੁਣ ਇਹਦੇ ਵਿਚ ਇਕ ਦੋ ਗੱਲਾਂ ਚੰਗੀਆਂ ਕੀਤੀਆਂ ਹਨ (ਥੰਪਿੰਗ) ਬਜਾਏ ਏਡਿਡ ਕਾਲਜ ਦੇ ਇਹਦਾ ਨਾਂ "ਦੀ ਪੰਜਾਬ ਅਫਿਲੀਏਟਿਡ ਕਾਲਜਿਜ਼" ਰੱਖ ਦਿਤਾ ਹੈ। ਭਾਵੇਂ ਏਡ ਲੈਂਦੇ ਹੋਣ ਜਾਂ ਨਾ ਏਡ ਲੈਂਦੇ ਹੋਣ ਸਾਰੇ ਕਾਲਜਾਂ ਦੇ ਟੀਚਰਜ਼ ਇਹਦੇ ਤਹਿਤ ਆ ਜਾਂਦੇ ਹਨ । ਜੋ ਇਹਦੇ ਵਿਚ ਟੀਚਰਾਂ ਦੀ ਡੈਫੀਨੀਸ਼ਨ ਦਿਤੀ ਹੈ ਉਹ ਵੀ ਅਗੇ ਨਾਲੋਂ ਕਾਫੀ ਇੰਪਰੂਵਡ ਹੈ । ਲੇਕਿਨ ਇਹਦੇ ਬਾਵਜੂਦ ਦੋ ਤਿੰਨ ਗੱਲਾਂ ਮੈਂ ਹੋਰ ਅਰਜ਼ ਕਰਦਾ ਹਾਂ ਜੋ ਕਿ ਸਰਕਾਰ ਨੂੰ ਧਿਆਨ ਵਿਚ ਰਖਣੀਆਂ ਚਾਹੀਦੀਆਂ ਹਨ । ਮੈਂ ਸਮਝਦਾ ਹਾਂ ਕਿ ਟੀਚਰਜ਼ ਨੂੰ ਜ਼ਿਆਦਾ ਸਿਕਿਉਰਿਟੀ ਮਿਲ ਸਕਦੀ ਹੈ ਜਿਵੇਂ ਕਿ ਸੈਕਸ਼ਨ (4) ਵਿਚ ਪਹਿਲਾਂ ਲਿਖਿਆ ਹੈ :

> The penalty of dismissal or removal from service shall not be imposed unless the same is approved by the Director.

ਡਿਪਟੀ ਸਪੀਕਰ ਸਾਹਿਬ, ਪੈਨਲਟੀ ਤਿੰਨ ਕਿਸਮ ਦੀ ਹੁੰਦੀ ਹੈ ; ਡਿਸਮਿਸਲ, ਰਿਮੂਵਲ ਐਂਡ ਰਿਡਕਸ਼ਨ ਇਨ ਰੈਂਕ । ਇਹ ਤੀਜੀ ਪੈਨਲਟੀ ਇਹਦੇ ਵਿਚ ਆਉਣੀ ਚਾਹੀਦੀ ਸੀ । ਜੇ ਕਿਸੇ ਨੂੰ ਡਿਸਮਿਸ ਜਾਂ ਰਿਮੂਵ ਕਰਨਾ ਹੈ ਤਾਂ ਉਹਦੇ ਲਈ ਡਾਇਰੈਕਟਰ ਦੀ ਪਰਾਇਰ ਸੈਂਕਸ਼ਨ ਦੀ ਲੋੜ

Original with;
Punjab Vidhan Sabha
Digitized by;
Panjab Digital Library

ਹੈ । ਪਰ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਜੇ ਵਾਕਿਆ ਹੀ ਟੀਚਰਜ਼ ਨੂੰ ਪੂਰੀ ਸਿਕਿਉਰਿਟੀ ਦੇਣੀ ਹੈ ਤਾਂ ਫੇਰ ਰਿਡਕਸ਼ਨ ਇਨ ਰੈਂਕ ਵਾਸਤੇ ਵੀ ਡਾਇਰੈਕਟਰ ਦੀ ਪਰਾਇਰ ਸੈਂਕਸ਼ਨ ਲੈਣ ਦੀ ਲੋੜ ਹੋਣੀ ਚਾਹੀਦੀ ਹੈ । ਇਹਦੀ ਪਰੋਵੀਜ਼ਨ ਹੋਣੀ ਚਾਹੀਦੀ ਹੈ । ਸੈਕਸ਼ਨ ਨੰ: 5 ਇਹ ਰਿਮੂਵ ਕਰਕੇ ਸੈਕਸ਼ਨ ਨੰ: 4 ਵਿਚ ਹੋ ਜਾਣੀ ਚਾਹੀਦੀ ਹੈ । ਜੇ ਰਿਡਕਸ਼ਨ ਇਨ ਰੈਂਕ ਕਰਨੀ ਹੋਵੇ ਤਾਂ ਵੀ ਡੀ.ਪੀ.ਆਈ. ਦੀ ਪਰਾਇਰ ਸੈਂਕਸ਼ਨ ਹੋਣੀ ਚਾਹੀਦੀ ਹੈ । ਦੂਜਾ ਮੈਂ ਮਹਿਸੂਸ ਕਰਦਾ ਹਾਂ ਕਿ ਇਸ ਬਿਲ ਵਿਚ ਟੈਂਪਰੇਰੀ ਟੀਚਰਾਂ ਨੂੰ ਔਰ ਪਰੋਬੇਸ਼ਨ ਤੇ ਲਗਾਏ ਹੋਏ ਟੀਚਰਾਂ ਨੂੰ ਕੋਈ ਸਿਕਿਉਰਿਟੀ ਨਹੀਂ ਦਿਤੀ ਗਈ ਹੈ । ਡਿਪਟੀ ਸਪੀਕਰ ਸਾਹਿਬ, ਇਸ ਕਾਲਜ ਦੀ ਸੈਕਸ਼ਨ ਛੇ ਸਬ-ਕਲਾਜ਼ (2) ਹੈ, ਉਸਦੇ ਵਿਚ ਇਹ ਹੈ ਕਿ ਇਸ ਐਕਟ ਦੀਆਂ 3, 4 ਅਤੇ 5 ਸੈਕਸ਼ਨਜ਼ ਅਪਲਾਈ ਨਹੀਂ ਕਰਨਗੀਆਂ ।

The provisions of sections 3, 4 and 5 shall not apply to the termination of service of any teacher appointed on probation, during or at the period of probation.....

ਡਿਪਟੀ ਸਪੀਕਰ ਸਾਹਿਬ, ਇਹ ਤਾਂ ਸੁਣਿਆ ਸੀ ਕਿ ਪਰੋਬੇਸ਼ਨ ਦੇ ਦੌਰਾਨ ਜੇ ਕਿਸੇ ਦਾ ਕੰਡਕਟ ਚੰਗਾ ਨਾ ਹੋਵੇ ਤਾਂ ਟਰਮੀਨੇਟ ਕਰ ਦਿਉ । ਪਰ ਜੇ ਪਰੋਬੇਸ਼ਨ ਪੀਰੀਅਡ ਟਪ ਜਾਵੇ ਔਰ ਪਹਿਲਾਂ ਕੋਈ ਅਕਸ਼ਨ ਨਾ ਲਿਆ ਜਾਵੇ ਔਰ ਐਟ ਦੀ ਐਂਡ ਆਫ ਪੀਰੀਅਡ ਆਫ ਪਰੋਬੇਸ਼ਨ ਫੇਰ ਵੀ ਉਸ ਤੇ ਇਹ ਸੈਕਸ਼ਨ ਲਾਗੂ ਨਹੀਂ ਹੋਣੀ ਤਾਂ ਟੀਚਰਜ਼ ਨੂੰ ਅਸੀਂ ਕੋਈ ਸਿਕਿਉਰਿਟੀ ਆਫ ਸਰਵਿਸ ਨਹੀਂ ਦੇਣ ਲਗੇ । ਇਥੋਂ ਤਕ ਤਾਂ ਠੀਕ ਹੋ ਸਕਦਾ ਸੀ ਕਿ to the termination of service of any teacher appointed on probation, during the period of probation.. ... ਲੇਕਿਨ ਇਹ ਜਿਹੜੇ ਲਫਜ਼ ਐਟ ਦੀ ਐਂਡ ਆਫ ਦੀ ਪੀਰੀਅਡ ਆਫ ਪਰੋਬੇਸ਼ਨ ਹਨ ਇਹ ਸੁਪਰ-ਫਲੂਅਸ ਹਨ ਅਤੇ ਇਹ ਹੋਣੇ ਨਹੀਂ ਚਾਹੀਦੇ । ਆਮ ਤੌਰ ਤੇ ਹੁੰਦਾ ਇਹ ਹੈ ਕਿ ਪਰੋਬੇਸ਼ਨ ਪੀਰੀਅਡ ਵਿਚ ਹੀ ਬਹੁਤ ਸਾਰੇ ਟੀਚਰਜ਼ ਨੂੰ ਕੱਢ ਦਿਤਾ ਜਾਂਦਾ ਹੈ ਲੇਕਿਨ ਜਿਹੜਾ ਦੋ ਸਾਲ ਦਾ ਜਾਂ ਇਕ ਸਾਲ ਦਾ ਜਿਤਨਾ ਵੀ ਪਰੋਬੇਸ਼ਨ ਪੀਰੀਅਡ ਹੋਵੇ ਉਹ ਪੂਰਾ ਹੋ ਜਾਵੇ ਤਾਂ ਫੇਰ ਉਹਦੇ ਲਈ ਜ਼ਰੂਰ ਐਕਟ ਵਿਚ ਕੁਝ ਹੋਣਾ ਚਾਹੀਦਾ ਹੈ ।

ਇਕ ਟੈਂਪਰੇਰੀ ਪੋਸਟਾਂ ਦਾ, ਡਿਪਟੀ ਸਪੀਕਰ ਸਾਹਿਬ, ਬੜਾ ਝੰਜਟ ਹੈ । ਤੁਸੀਂ ਵੀ ਚੰਗੀ ਤਰ੍ਹਾਂ ਜਾਣਦੇ ਹੋ ਕਿ ਪ੍ਰਾਈਵੇਟ ਕਾਲਜਾਂ ਵਾਲੇ ਕਿਸੇ ਨੂੰ ਪਰਮਾਨੈਂਟ ਨਹੀਂ ਰੱਖਦੇ। ਉਹ ਕਹਿੰਦੇ ਹਨ ਕਿ ਅਸੀਂ ਤੁਹਾਨੂੰ ਐਨੇ ਮਹੀਨੇ ਤੱਕ ਰੱਖਾਂਗੇ ਔਰ ਉਹ ਬਿਲਕੁਲ ਟੈਂਪਰੇਰੀ ਪੋਸਟ ਹੁੰਦੀ ਹੈ । ਪੋਸਟ ਭਾਂ ਸਬਸਟਾਂਟਿਵ ਹੁੰਦੀ ਹੈ ਲੇਕਿਨ ਐਪੁਆਇੰਟਮੈਂਟ ਟੈਂਪਰੇਰੀ ਹੁੰਦੀ ਹੈ । ਇਸ ਲਈ ਮੈਂ ਕਹਾਂਗਾ ਕਿ ਜਿਥੇ ਪੋਸਟ ਸਬਸਟਾਂਟਿਵ ਹੋਵੇ ਔਰ ਅਗਰ ਉਥੇ ਐਪੁਆਇੰਟਮੈਂਟ ਟੈਂਪਰੇਰੀ ਹੈ ਤਾਂ ਇਹ ਐਕਟ ਲਾਗੂ ਹੋਣਾ ਚਾਹੀਦਾ ਹੈ ਨਹੀਂ ਤਾਂ ਸਾਰੇ ਕਾਲਜਾਂ ਵਾਲੇ ਇਸ ਗੱਲ ਦੀ ਆੜ ਲੈਣਗੇ ਕਿ ਇਹ ਪਰੋਬੇਸ਼ਨ ਪੀਰੀਅਡ ਸੀ ਅਤੇ ਉਹ ਟੈਂਪਰੇਰੀ ਲਗਾਇਆ ਹੋਇਆ ਸੀ । ਇਸ ਲਈ ਮੈਂ ਸਮਝਦਾ ਹਾਂ ਕਿ ਜੇ ਸਬਸਟਾਂਟਿਵ ਪੋਸਟ ਦੇ ਖਿਲਾਫ ਲਗਾ ਹੋਵੇ ਤਾਂ ਉਥੇ ਇਸ ਐਕਟ ਦੀਆਂ ਸਾਰੀਆਂ ਧਾਰਾਵਾਂ ਲਾਗੂ ਨਾ ਹੋਣ, ਇਹ ਐਕਟ ਲਾਗੂ ਹੋਣਾ ਚਾਹੀਦਾ ਹੈ। (ਘੰਟੀ) ਬੱਸ ਜੀ ਮੈਂ ਇਕ ਦੋ ਗੱਲਾਂ ਕਹਿਕੇ ਸਮਾਪਤ ਕਰਾਂਗਾ । ਇਸ ਦਾ ਕੋਈ ਇਹੋ ਜਿਹਾ ਪਰੋਵੀਜ਼ਨ ਨਹੀਂ ਹੈ । ਡਿਪਟੀ ਸਪੀਕਰ ਸਾਹਿਬ, ਇਸ ਵਿਚ ਮੈਨੇਜਿੰਗ ਕਮੇਟੀਜ਼ ਨੂੰ ਪਨੇਲਿਟੀ ਦੀ ਕੋਈ ਕਲਾਜ਼ ਇਸ ਵਿਚ ਨਹੀਂ ਹੈ । ਡਿਪਟੀ ਸਪੀਕਰ ਸਾਹਿਬ, ਪਿਛਲੇ ਸੈਸ਼ਨ ਵਿਚ ਏਡਿਡ ਸਕੂਲਾਂ ਨੂੰ ਏਡਿਡ ਕਾਲਜਾਂ ਦੇ ਲਈ ਜਿਹੜਾ ਬਿੱਲ ਪੇਸ਼ ਹੋਇਆ ਸੀ ਉਸ ਦੇ ਵਿਚ ਬਾਕਾਇਦਾ ਇਕ 4 ਨੰਬਰ ਕਲਾਜ਼ ਸੀ । ਉਹ ਇਸ ਤਰ੍ਹਾਂ ਸੀ :

It shall be lawful for the Director to stop, reduce or suspend the grant to aided colleges for violation of any of the provisions of this Act, or any rules made thereunder, or any order passed under this Act by the Managing Committees.

Original with;
Punjab Vidhan Sabha
Digitized by;
Panjab Digital Library

[ਸਰਦਾਰ ਅਜਾਇਬ ਸਿੰਘ ਸੰਧੂ)

ਮੇਰੇ ਕਹਿਣ ਦਾ ਭਾਵ ਇਹ ਹੈ ਕਿ ਇਹ ਜੋ ਅਸੀਂ ਪਹਿਲਾਂ ਨਾਲੋਂ ਚੰਗਾ ਬਿੱਲ ਲਿਆਂਦਾ ਹੈ, ਇਸ ਲਈ ਇਸ ਦੇ ਵਿਚ ਪਨੈਲਟੀ ਦੀ ਕਲਾਜ਼ ਜਿਹੜੀ ਪਿਛਲੇ ਬਿੱਲ ਵਿਚ ਸੀ ਅਤੇ ਹੁਣ ਨਹੀਂ ਹੈ ਇਹ ਪਨੈਲਟੀ ਦੀ ਕਲਾਜ਼ ਵੀ, ਡਿਪਟੀ ਸਪੀਕਰ ਸਾਹਿਬ, ਇਸ ਵਿਚ ਹੋਣੀ ਚਾਹੀਦੀ ਹੈ ।

ਡਿਪਟੀ ਸਪੀਕਰ ਸਾਹਿਬ, ਲਾਸਟ ਬੇਨਤੀ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਇਸ ਐਕਟ ਨੇ ਉਦੋਂ ਤੱਕ ਚੰਗੀ ਤਰ੍ਹਾਂ ਲਾਗੂ ਨਹੀਂ ਹੋਣਾ ਜਦ ਤੱਕ ਇਸ ਦੇ ਰੂਲਜ਼ ਨਹੀਂ ਬਣਦੇ। ਇਸ ਲਈ, ਡਿਪਟੀ ਸਪੀਕਰ ਸਾਹਿਬ, ਪੁਰਾਣਾ ਤਜਰਬਾ ਹੈ । 1969 ਵਿਚ ਪੰਜਾਬ ਦੇ ਜਿਹੜੇ ਪ੍ਰਾਈਵੇਟ ਸਕੂਲ ਹਨ ਉਨ੍ਹਾਂ ਦੀ ਸਿਕਿਉਰਿਟੀ ਆਫ ਸਰਵਿਸ ਦਾ ਐਕਟ ਬਣਿਆ ਸੀ ਅਤੇ ਅਸੀਂ ਹੁਣ ਬਹੁਤ ਕੋਸ਼ਿਸ਼ ਕਰਕੇ ਮਨਿਸਟਰ ਤੇ ਮਹਿਕਮੇ ਨੂੰ ਬਹੁਤ ਬੇਨਤੀਆਂ ਕਰਕੇ ਅਤੇ ਬੜੀ ਮੁਸ਼ਕਲ ਨਾਲ ਉਹ ਰੂਲਜ਼ ਹੁਣ 1974 ਵਿਚ ਬਣਵਾਏ ਹਨ । ਇਸ ਲਈ ਮੈਂ ਮਹਿਕਮੇ ਨੂੰ ਬੇਨਤੀ ਕਰਾਂਗਾ ਕਿ ਜਿਹੜੇ ਰੂਲਜ਼ ਇਸ ਐਕਟ ਦੇ ਅਧੀਨ ਬਣਨੇ ਹਨ ਉਹ 2—3 ਮਹੀਨਿਆਂ ਦੇ ਅੰਦਰ ਅੰਦਰ ਬਣ ਜਾਣ ਤਾਕਿ ਉਨ੍ਹਾਂ ਰੂਲਜ਼ ਨੂੰ ਐਪਲੀਕੇਬਲ ਕਰਨ ਵਿਚ ਅਥਾਰਿਟੀਜ਼ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ ਅਤੇ ਟੀਚਰਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਨਾ ਆਵੇ । ਇਹ ਬਿੱਲ ਅੱਗੇ ਨਾਲੋਂ ਚੰਗਾ ਬਿੱਲ ਹੈ ਪਰ ਇਸ ਵਿਚ ਜਿਹੜੀਆਂ ਖਾਮੀਆਂ ਹਨ ਜੇ ਉਹ ਦੂਰ ਕਰ ਦਿੱਤੀਆਂ ਜਾਣ ਤਾਂ ਫਿਰ ਇਸ ਤਰ੍ਹਾਂ ਟੀਚਰਜ਼ ਵੀ ਹੋਲੀ ਸੈਟਿਸਫਾਈਡ ਹੋ ਜਾਣਗੇ ਅਤੇ ਉਹ ਇਨ੍ਹਾਂ ਦੇ ਗੁਣ ਗਾਉਣਗੇ ।

ਸ਼੍ਰੀ ਸਰਦਾਰੀ ਲਾਲ ਕਪੂਰ (ਲੁਧਿਆਣਾ, ਉੱਤਰ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਬਿੱਲ ਪੇਸ਼ ਕੀਤਾ ਹੈ ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ । ਇਸ ਚੀਜ਼ ਦੀ ਕਾਫੀ ਦੇਰ ਤੋਂ ਇੰਤਜ਼ਾਰ ਸੀ ਕਿਉਂਕਿ ਕਾਲਜਾਂ ਦੇ ਟੀਚਰਜ਼ ਮਹਿਸੂਸ ਕਰਦੇ ਸਨ ਕਿ ਉਨ੍ਹਾਂ ਦੀ ਸਿਕਿਉਰਿਟੀ ਆਫ ਸਰਵਿਸ ਨਹੀਂ ਹੈ । ਇਸ ਬਾਰੇ ਮੈਂ ਇਕ ਦੋ ਬੇਨਤੀਆਂ ਕਰਨੀਆਂ ਹਨ । ਬੇਨਤੀ ਹੈ ਕਿ ਇਸ ਬਿੱਲ ਵਿਚ ਥੋੜ੍ਹੀ ਜਿਹੀ ਖਾਮੀ ਹੈ ਅਗਰ ਉਸ ਨੂੰ ਪੂਰਾ ਕੀਤਾ ਜਾਵੇ ਤਾਂ ਇਹ ਬਿੱਲ ਚੰਗਾ ਹੈ। ਉਨ੍ਹਾਂ ਕਾਲਜਾਂ ਦੇ ਪਰੋਫੈਸਰ ਅਤੇ ਦੂਸਰਾ ਜਿਹੜਾ ਨਾਨ-ਟੀਚਿੰਗ ਸਟਾਫ ਹੈ ਉਨ੍ਹਾਂ ਦੀ ਸੇਫਟੀ ਕੁਝ ਨਹੀਂ ਹੈ । ਇਹ ਜਿਹੜਾ ਨਾਨ-ਟੀਚਿੰਗ ਸਟਾਫ ਹੈ ਉਨ੍ਹਾਂ ਨੇ ਰਿਪਰੀਜ਼ੈਂਟੇਸ਼ਨ ਵੀ ਕੀਤੀ ਸੀ, ਇਸ ਲਈ ਮਨਿਸਟਰ ਸਾਹਿਬ ਨੂੰ ਚਾਹੀਦਾ ਹੈ ਕਿ ਇਸ ਦੇ ਮੁਤੱਲਕ ਵੀ ਕੁਝ ਨਾ ਕੁਝ ਧਿਆਨ ਦੇ ਕੇ ਉਨ੍ਹਾਂ ਲਈ ਵੀ ਐਸੀ ਚੀਜ਼ ਲਿਆਂਦੀ ਜਾਵੇ ਜਿਸ ਨਾਲ ਕਿ ਉਨ੍ਹਾਂ ਦੀ ਕੁਝ ਸਿਕਿਉਰਿਟੀ ਹੋਵੇ ।

ਇਕ ਹੋਰ ਅਰਜ਼ ਮੈਂ ਕਰਾਂਗਾ । ਜਿਹੜੇ ਕਾਲਜਿਜ਼ ਚੱਲਦੇ ਹਨ, ਉਹ ਬਿਲਕੁਲ ਸਿੱਕ ਕਾਲਜ ਹਨ ਅਤੇ ਚੰਗੀ ਤਰ੍ਹਾਂ ਨਹੀਂ ਚੱਲਦੇ ਅਤੇ ਉਨ੍ਹਾਂ ਦੀ ਹਾਲਤ ਚੰਗੀ ਨਹੀਂ ਹੈ । ਉਨ੍ਹਾਂ ਵਿਚ ਖ਼ਰਾਬੀ ਹੈ । ਇਸ ਲਈ ਗੌਰਮਿੰਟ ਨੂੰ ਚਾਹੀਦਾ ਹੈ ਕਿ ਇਨ੍ਹਾਂ ਕਾਲਜਾਂ ਨੂੰ ਆਪ ਸੰਭਾਲੇ । ਕਈ ਕਾਲਜਾਂ ਵਾਲਿਆਂ ਨੇ ਤਾਂ ਗੌਰਮਿੰਟ ਨੂੰ ਚਿੱਠੀਆਂ ਵੀ ਪਾਈਆਂ ਹਨ, ਕਈ ਕਾਲਜਾਂ ਦੇ ਅਧਿਕਾਰੀਆਂ ਨੇ ਗੌਰਮਿੰਟ ਨੂੰ ਲਿਖਿਆ ਹੈ ਕਿ ਸਾਡੇ ਕਾਲਜ ਲਏ ਜਾਣ । ਇਸ ਲਈ ਮੈਂ ਸਮਝਦਾ ਹਾਂ ਕਿ ਅਜਿਹੇ ਕਾਲਜ ਗੌਰਮਿੰਟ ਨੂੰ ਆਪ ਸੰਭਾਲ ਲੈਣੇ ਚਾਹੀਦੇ ਹਨ । ਮੈਂ ਸਮਝਦਾ ਹਾਂ ਕਿ ਇਹ ਜਿਹੜੀ ਕਾਲਜਾਂ ਦੀ ਐਜੂਕੇਸ਼ਨ ਹੈ, ਇਸ ਨੂੰ ਗੌਰਮਿੰਟ ਨੂੰ ਨੈਸ਼ਨੇਲਾਈਜ਼ ਕਰ ਦੇਣਾ ਚਾਹੀਦਾ ਹੈ। ਇਸ ਨੂੰ ਨੈਸ਼ਨੇਲਾਈਜ਼ ਕਰਨ ਨਾਲ ਕਾਫੀ ਫਾਇਦਾ ਹੋਵੇਗਾ ਕਿਉਂਕਿ ਇਨ੍ਹਾਂ ਕਾਲਜਾਂ ਵਿਚ ਫਿਰਕਾਪ੍ਰਸਤੀ ਚੱਲ ਰਹੀ ਹੈ ਅਤੇ ਜੇ ਇਹ ਨੈਸ਼ਨੇਲਾਈਜ਼ ਕਰ ਦਿੱਤੇ ਗਏ ਤਾਂ ਫਿਰ ਫਿਰਕਾਪ੍ਰਸਤੀ ਨਹੀਂ ਚੱਲੇਗੀ ਇਸ ਤਰ੍ਹਾਂ ਉਨ੍ਹਾਂ ਲੋਕਾਂ ਦਾ, ਪੜ੍ਹਾਉਣ ਵਾਲਿਆਂ ਦਾ ਅਤੇ ਪੜ੍ਹਨ ਵਾਲਿਆਂ ਦਾ ਫਾਇਦਾ ਹੋਵੇਗਾ । ਮੈਂ ਜ਼ਿਆਦਾ

Original with;
Punjab Vidhan Sabha
Digitized by;
Panjab Digital Library

ਨਾ ਕਹਿੰਦਾ ਹੋਇਆ ਇਹੋ ਅਰਜ਼ ਕਰਦਾ ਹਾਂ ਕਿ ਇਹ ਜਿਹੜਾ ਨਾਨ-ਟੀਚਿੰਗ ਸਟਾਫ ਹੈ ਜਿਸ ਵਿਚ ਡਿਮਾਨਸਟਰੇਟਰਜ਼ ਅਤੇ ਹੋਰ ਕਿਸਮ ਦਾ ਸਟਾਫ ਹੈ, ਉਨ੍ਹਾਂ ਦੀ ਵੀ ਮੱਦਦ ਕਰਨੀ ਚਾਹੀਦੀ ਹੈ ਅਤੇ ਦੂਸਰੇ ਜਿਹੜੇ ਕਾਲਜ ਠੀਕ ਨਹੀਂ ਚੱਲਦੇ, ਗੌਰਮਿੰਟ ਨੂੰ ਚਾਹੀਦਾ ਹੈ ਕਿ ਉਹ ਉਨ੍ਹਾਂ ਨੂੰ ਆਪਣੇ ਕੋਲ ਲੈ ਲਵੇ ।

ਵਿਦਿਆ ਮੰਤਰੀ (ਸ੍ਰੀ ਗੁਰਮੇਲ ਸਿੰਘ): ਡਿਪਟੀ ਸਪੀਕਰ ਸਾਹਿਬ, ਪਿਛਲੇ 5—7 ਸਾਲਾਂ ਤੋਂ ਟੀਚਰਾਂ ਵੱਲੋਂ ਇਸ ਗੱਲ ਦੀ ਬੜੀ ਡਿਮਾਂਡ ਸੀ ਕਿ ਜਿਹੜੇ ਐਫਿਲੀਏਟੀਡ ਕਾਲਜ ਹਨ ਉਨ੍ਹਾਂ ਦੇ ਟੀਚਰਜ਼ ਦੀ ਸਰਵਿਸ ਸਿਕਿਉਰਿਟੀ ਦਾ ਬਿੱਲ ਲਿਆਂਦਾ ਜਾਵੇ । ਇਸ ਗੱਲ ਲਈ ਟੀਚਰਜ਼ ਨੈ ਕਾਫੀ ਯਤਨ ਕੀਤਾ ਹੈ । ਲੇਕਿਨ ਇਹ 1972 ਦੀ ਗੱਲ ਹੈ, ਜਿਹੜੇ ਇਸ ਮਨਿਸਟਰੀ ਦੇ ਪਹਿਲੇ ਐਜੂਕੇਸ਼ਨ ਮਨਿਸਟਰ ਸਨ ਉਨ੍ਹਾਂ ਨੇ ਇਹ ਬਿੱਲ ਲਿਆਉਣ ਲਈ ਇਕ ਵਾਇਦਾ ਕੀਤਾ ਸੀ ਅੱਰ ਇਹ ਸਮਝਕੇ ਕਿ ਜਿਹੜੇ ਟੀਚਰ ਹਨ ਇਹ ਸੋਸਾਇਟੀ ਦਾ ਬੜਾ ਮਾਨਯੋਗ ਅੰਗ ਹਨ । ਉਨ੍ਹਾਂ ਦੀ ਸੋਸਾਇਟੀ ਵਿਚ ਰਿਸਪੈਕਟ ਹੋਇਆ ਕਰਦੀ ਹੈ । ਉਨ੍ਹਾਂ ਨੂੰ ਆਪਣੀ ਸਰਵਿਸ ਦਾ ਪਤਾ ਨਹੀਂ, ਰਹਿਣੀ ਹੈ ਜਾਂ ਨਹੀਂ ਰਹਿਣੀ । ਟੀਚਰ ਮਹਿਸੂਸ ਕਰਦੇ ਸਨ ਕਿ ਕਈ ਦਫਾ ਉਨ੍ਹਾਂ ਦੇ ਨਾਲ ਮੈਨੇਜਿੰਗ ਕਮੇਟੀਜ਼ ਵਾਲੇ ਧੱਕਾ ਕਰਦੇ ਹਨ, ਇਸ ਗੱਲ ਨੂੰ ਮੁੱਖ ਰੱਖਕੇ ਹੁਣ ਦੀ ਸਰਕਾਰ ਨੇ, ਗਿਆਨੀ ਜੀ ਦੀ ਸਰਕਾਰ ਨੇ ਇਹ ਬਿੱਲ ਇਸ ਹਾਊਸ ਵਿਚ ਲਿਆਂਦਾ ਹੈ । ਪਿਛਲੇ ਸੈਸ਼ਨ ਵਿਚ ਵੀ ਅਸੀਂ ਇਕ ਬਿੱਲ ਲਿਆਏ ਸੀ ਲੇਕਿਨ ਉਹ ਬਿੱਲ ਸਾਨੂੰ ਛੇਤੀ ਲਿਆਉਣਾ ਪਿਆ ਸੀ ਕਿਉਂਕਿ ਅਸੀਂ ਕੁਮਿਟਡ ਸੀ ਟੀਚਰਾਂ ਨਾਲ, ਅਸੀਂ ਕੁਮਿਟਡ ਸੀ ਲੋਕਾਂ ਨਾਲ ਇਸ ਕਰਕੇ ਸਾਨੂੰ ਉਹ ਬਿੱਲ ਛੇਤੀ ਲਿਆਉਣਾ ਪਿਆ । ਲੇਕਿਨ ਅਸੀਂ ਬਿੱਲ ਲਿਆਕੇ ਜਦ ਵੇਖਿਆ ਕਿ ਉਸ ਵਿਚ ਕੁਝ ਡਿਫੈਕਟਸ ਹਨ, ਇਸ ਚੀਜ਼ ਨੂੰ ਅਸੀਂ ਵੀ ਦੇਖਿਆ ਅਤੇ ਹੋਰ ਦੋਸਤਾਂ ਨੇ ਵੀ ਪੁਆਇੰਟ ਆਊਟ ਕੀਤਾ ਤਾਂ ਅਸੀਂ ਯਤਨ ਕੀਤਾ ਕਿ ਇਕ ਐਸਾ ਚੰਗਾ ਬਿੱਲ ਲਿਆ ਸਕੀਏ । ਅਸੀਂ ਉਸ ਬਿੱਲ ਨੂੰ ਵਿਦਡਰਾ ਕੀਤਾ ਅੱਰ ਇਕ ਚੰਗਾ ਸੋਧਕੇ ਨਵਾਂ ਬਿੱਲ ਇਸ ਵੇਲੇ ਇੰਟਰੋਡਿਊਸ ਕੀਤਾ ਹੈ । ਤੁਹਾਨੂੰ ਪਤਾ ਹੈ ਕਿ ਟੀਚਰਜ਼ ਦੀ ਸਿਕਿਉਰਿਟੀ ਦਾ ਮਸਲਾ ਬੜਾ ਮਹੱਤਤਾ ਵਾਲਾ ਹੈ । ਕਈ ਦਫਾ ਸਾਡੇ ਦੇਖਣ ਵਿਚ ਆਇਆ ਹੈ ਅਤੇ ਤੁਹਾਡੇ ਨੋਟਿਸ ਵਿਚ ਵੀ ਆਇਆ ਹੋਣਾ ਹੈ ਕਿ ਕਈ ਥਾਵਾਂ ਤੇ ਉਨ੍ਹਾਂ ਨਾਲ ਧੱਕਾ ਹੋ ਜਾਂਦਾ ਸੀ, ਸੋ ਇਸ ਗੱਲ ਨੂੰ ਰੋਕਣ ਲਈ ਪੰਜਾਬ ਸਰਕਾਰ ਨੇ ਇਹ ਬਿੱਲ ਲਿਆਂਦਾ ਹੈ । ਇਸ ਤੋਂ ਇਲਾਵਾ ਅਸੀਂ ਕਾਲਜਾਂ ਵਿਚ ਟੀਚਰਾਂ ਨੂੰ 700—1100 ਦਾ ਸੀਨੀਅਰ ਸਕੇਲ ਦਿੱਤਾ ਹੈ। ਇਸ ਲੜੀ ਵਿਚ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਖੇਡਾਂ ਅਤੇ ਸ਼ਰੀਰਕ ਸਿਖਿਆ ਦੇ ਮਹੱਤਵ ਨੂੰ ਮੰਨਦੇ ਹੋਏ ਫਿਜ਼ੀਕਲ ਐਜੂਕੇਸ਼ਨ ਦੇ ਲੈਕਚਰਰਜ਼ ਨੂੰ ਜਨਰਲ ਕਾਡਰ ਵਿਚ ਵੀ ਜੋੜਿਆ ਹੈ । ਇਹ ਕੰਮ ਪੰਜਾਬ ਸਰਕਾਰ ਨੇ ਕੀਤਾ ਹੈ। ਇਸ ਦੇ ਨਾਲ ਹੀ ਤੁਹਾਨੂੰ ਪਤਾ ਹੈ ਕਿ ਸਾਡੀ ਸਰਕਾਰ ਨੇ 18 ਲੱਖ ਰੁਪਿਆ ਐਡਹਾਕ ਗਰਾਂਟ ਕਾਲਜਾਂ ਨੂੰ ਦਿੱਤਾ ਸੀ । ਇਹ ਵੀ ਟੀਚਰਾਂ ਲਈ ਦਿੱਤਾ ਸੀ ਅੱਰ ਇਸ ਤਰ੍ਹਾਂ ਇਹ ਬਿੱਲ ਲਿਆਉਣਾ ਬੜੀ ਮੁਸ਼ਕਲ ਵਾਲਾ ਕੰਮ ਸੀ ਅਤੇ ਬੜੀ ਮਹੱਤਤਾ ਵਾਲਾ ਕੰਮ ਸੀ ਅਤੇ ਜਿਸ ਲਈ ਸਮੇਂ ਦੀ ਲੋੜ ਸੀ ਅੱਰ ਇਸ ਨੂੰ ਸੋਧਕੇ ਲਿਆਉਣ ਦੀ ਲੋੜ ਸੀ । ਇਸ ਬਿੱਲ ਵਿਚ ਕੁਝ ਐਸੀਆਂ ਵੀ ਗੱਲਾਂ ਸਨ ਜਿਸ ਤਰ੍ਹਾਂ ਕਿ ਕਈ ਥਾਵਾਂ ਤੇ ਕਈ ਐਸੇ ਝਗੜੇ ਵੀ ਮੈਨੇਜਿੰਗ ਕਮੇਟੀਜ਼ ਅਤੇ ਟੀਚਰਾਂ ਦੇ ਹੋਏ ਜਿਥੇ ਕੁਝ ਪਾਰਟੀਆਂ ਮੈਨੇਜਿੰਗ ਕਮੇਟੀਜ਼ ਦੀਆਂ ਅਤੇ ਕੁਝ ਟੀਚਰਜ਼ ਦੀਆਂ ਸੁਪਰੀਮ ਕੋਰਟ ਵਿਚ ਵੀ ਗਈਆਂ ਅੱਰ ਸੁਪਰੀਮ ਕੋਰਟ ਨੇ ਕੁਝ ਰੂਲਿੰਗਜ਼ ਦਿੱਤੀਆਂ । ਜਦ ਬਿੱਲ ਬਣਾਉਣਾ ਸੀ ਤਾਂ ਉਸ ਵੇਲੇ ਸੁਪਰੀਮ ਕੋਰਟ ਦੀ ਰੂਲਿੰਗਜ਼ ਨੂੰ ਵੀ ਧਿਆਨ ਵਿਚ ਰੱਖਣਾ ਜ਼ਰੂਰੀ ਸੀ ਤਾਕਿ ਕੋਈ ਐਸੀ ਗੱਲ ਨਾ ਹੋਵੇ ਜਿਸ ਨਾਲ ਸਾਡੇ ਬਿੱਲ ਦਾ ਜੋ ਮੰਤਵ ਹੈ ਉਹ ਜਾਂਦਾ ਰਹੇ । ਇਸ ਕਰਕੇ ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰੱਖਕੇ ਇਹ ਬਿੱਲ ਲਿਆਂਦਾ ਹੈ ।

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

ਇਸ ਤੋਂ ਬਾਅਦ ਜਿਥੋਂ ਤੱਕ ਰਿਮੂਵਲ ਦੀ ਗੱਲ ਹੈ ਜਾਂ ਡਿਸਮਿਸਲ ਦੀ ਗੱਲ ਹੈ ਜ ਰਿਡਕਸ਼ਨ ਇਨ ਰੈਂਕ ਦੀ ਗੱਲ ਹੈ, ਇਸ ਬਾਰੇ ਵੀ ਸਰਕਾਰ ਨੇ ਪੂਰੀ ਪੂਰੀ ਸੁਰੱਖਿਆ ਰੱਖੀ ਹੈ। ਕਿਉਂਕਿ ਇਹ ਗੱਲਾਂ ਉਨ੍ਹਾਂ ਦੀ ਨੌਕਰੀ ਨਾਲ ਸਬੰਧ ਰੱਖਦੀਆਂ ਹਨ । ਇਸ ਕਰਕੇ ਇਸ ਪਾਸੇ ਵੀ ਧਿਆਨ ਦਿੱਤਾ ਹੈ । ਇਸ ਤੋਂ ਇਲਾਵਾ ਹੋਰ ਛੋਟੀਆਂ ਮੋਟੀਆਂ ਜੋ ਸਜ਼ਾਵਾਂ ਹਨ ਉਨ੍ਹਾਂ ਬਾਰੇ ਵੀ ਧਿਆਨ ਰੱਖਿਆ ਹੈ ਜਿਨ੍ਹਾਂ ਤੋਂ ਨੌਕਰੀ ਦਾ ਖ਼ਤਰਾ ਨਹੀਂ ਲੇਕਿਨ ਛੋਟੀਆਂ ਮੋਟੀਆਂ ਸਜ਼ਾਵਾਂ ਵੱਲ ਵੀ ਧਿਆਨ ਦਿੱਤਾ ਹੈ । ਇਹ ਬੜੀ ਇਕ ਜ਼ਰੂਰੀ ਗੱਲ ਹੈ ਕਿ ਨੌਕਰੀ ਵਿਚੋਂ ਕੱਢਣ ਤੋਂ ਪਹਿਲਾਂ ਇਨਕੁਆਇਰੀ ਰਿਪੋਰਟ ਦੀ ਜਾਂਚ ਸਰਕਾਰ ਵੱਲੋਂ ਹੋਵੇ ਜਾਂ ਨਾ ਹੋਵੇ, ਇਹ ਫੈਸਲਾ ਵੀ ਕਰਨਾ ਸੀ ਅਤੇ ਇਸ ਤੇ ਵਿਚਾਰ ਕੀਤਾ ਗਿਆ । (ਵਿਘਨ)

Comrade Satya Pal Dang : On a point of order, Sir. My point of order is that rules of the House do not permit a Minister to read a written speech. (*Interruption*)

ਵਿਦਿਆ ਮੰਤਰੀ : ਮੈਂ ਤਾਂ ਰਿਟਨ ਸਪੀਚ ਨਹੀਂ ਪੜ੍ਹ ਰਿਹਾ ।

ਸਰਦਾਰ ਜਸਦੇਵ ਸਿੰਘ ਸੰਧੂ: ਡਿਪਟੀ ਸਪੀਕਰ ਸਾਹਿਬ, ਤੁਸੀਂ ਦੇਖ ਲਵੋ ਇਹ ਸਪੀਚ ਲਿਖੀ ਹੋਈ ਹੈ ।

ਸ਼੍ਰੀ ਡਿਪਟੀ ਸਪੀਕਰ : ਮੈਂ ਹਾਊਸ ਦੀ ਅਟੈਨਸ਼ਨ ਰੂਲ 94 ਵੱਲ ਦਿਵਾਉਂਦਾ ਹਾਂ ।
(I draw the attention of the House towards Rule No. 94.)

ਵਿਦਿਆ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਬਿਲਕੁਲ ਪੜ੍ਹ ਨਹੀਂ ਰਿਹਾ । ਪੁਆਇੰਟਸ ਨੋਟ ਕੀਤੇ ਹਨ ਅਤੇ ਉਹ ਦੇਖ ਰਿਹਾ ਹਾਂ ।

Mr. Deputy Speaker : Rule 94 reads as follows.

"A member other than a Minister may not read his speech but may refresh his memory by reference to notes."

ਕਾਮਰੇਡ ਸੱਤ ਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਇਹ ਤਾਂ ਨੋਟਸ ਵੀ ਨਹੀਂ ਰੱਖ ਸਕਦੇ । ਦੂਸਰੇ ਮੈਂਬਰਜ਼ ਨੋਟ ਰੱਖ ਸਕਦੇ ਹਨ ਪਰ ਇਹ ਤਾਂ ਨੋਟਸ ਵੀ ਨਹੀਂ ਰੱਖ ਸਕਦੇ ।

ਵਿਦਿਆ ਮੰਤਰੀ : ਡਿਪਟੀ ਸਪੀਕਰ ਸਾਹਿਬ, ਜੋ ਸਾਡੇ ਰੂਲਜ਼ ਹਨ ਉਸ ਦੇ ਮੁਤਾਬਕ ਤਾਂ ਇਨ੍ਹਾਂ ਦੀ ਇਹ ਗਲ ਮੰਨੀ ਨਹੀਂ ਜਾ ਸਕਦੀ। ਮੈਂ ਪੁਆਇੰਟਸ ਦੇਖ ਸਕਦਾ ਹਾਂ ਜਿਸ ਤੋਂ ਇਹ ਮੈਨੂੰ ਰੋਕ ਨਹੀਂ ਸਕਦੇ ।

ਅਗੇ ਜਦੋਂ ਡਿਪਟੀ ਸਪੀਕਰ ਸਾਹਿਬ, ਮੈਨੇਜਿੰਗ ਕਮੇਟੀਆਂ ਕਿਸੇ ਕਾਲਜ ਵਿਚ ਟੀਚਰ ਨੂੰ ਡਿਸਿਪਲਨਰੀ ਐਕਸ਼ਨ ਲੈ ਕੇ ਜਾਂ ਸ਼ੋ ਕਾਜ਼ ਨੋਟਿਸ ਦੇ ਕੇ ਕੱਢ ਦਿੱਤੀਆਂ ਸਨ ਉਥੇ ਅਸੀਂ ਹੁਣ ਇਹ ਯਤਨ ਕੀਤਾ ਹੈ ਕਿ ਜਿਥੇ ਮੈਨੇਜਿੰਗ ਕਮੇਟੀਆਂ ਨੋਟਿਸ ਦੇਣਗੀਆਂ, ਟੀਚਰਾਂ ਨੂੰ ਜਿਥੇ ਸਰਵਿਸ ਤੋਂ ਰਿਮੂਵ ਕਰਨਗੀਆਂ ਜਾਂ ਕੋਈ ਡਿਸਮਿਸਲ ਹੋਵੇਗੀ ਤਾਂ ਸ਼ੋ ਕਾਜ਼ ਨੋਟਿਸ ਤੋਂ ਬਾਅਦ ਸਾਰੀ ਇਨਕੁਆਇਰੀ ਰਿਪੋਰਟ ਡੀ. ਪੀ. ਆਈ. ਕੋਲ ਜਾਵੇਗੀ..(ਵਿਘਨ)

ਇਕ ਆਵਾਜ਼ : ਰਿਡਕਸ਼ਨ ਇਨ ਰੈਂਕ ਕਿਉਂ ਨਹੀਂ ਰਖਿਆ?

Original with;
Punjab Vidhan Sabha
Digitized by;
Panjab Digital Library

ਵਿਦਿਆ ਮੰਤਰੀ : ਮੈਂ ਉਸ ਵੱਲ ਵੀ ਆਉਂਦਾ ਹਾਂ। ਡਿਪਟੀ ਸਪੀਕਰ ਸਾਹਿਬ, ਅਸੀਂ ਰੂਲਜ਼ ਵਿਚ ਇਹ ਵੀ ਯਤਨ ਕਰਨਾ ਹੈ ਕਿ ਡੀ. ਪੀ. ਆਈ. ਇਕ ਲਿਮਿਟਡ ਪੀਰੀਅਡ ਵਿਚ ਉਸ ਗੱਲ ਦਾ ਫ਼ੈਸਲਾ ਕਰੇ ਕਿਉਂਕਿ ਜਦੋਂ ਕੋਈ ਮੈਨੇਜਿੰਗ ਕਮੇਟੀ ਟੀਚਰ ਨੂੰ ਡਿਸਮਿਸ ਕਰ ਦਿੰਦੀ ਹੈ ਤਾਂ ਉਸ ਵੇਲੇ ਟੀਚਰ ਨੂੰ ਤਨਖਾਹ ਨਹੀਂ ਮਿਲਿਆ ਕਰਦੀ। ਅਸੀਂ ਯਤਨ ਕੀਤਾ ਹੈ ਕਿ ਡੀ. ਪੀ. ਆਈ. ਜੋ ਹੈ ਉਹ ਵੀ ਆਪਣੀ ਰਿਪੋਰਟ ਦੇਵੇ। ਜੇ ਉਹ ਕਹੇ ਕਿ ਇਹ ਡਿਸਮਿਸਲ ਦਰੁਸਤ ਹੈ ਤਾਂ ਉਹ ਡਿਸਮਿਸਲ ਹੋਵੇਗੀ। ਜੇ ਕਾਲਜ ਵਾਲੇ ਕਹਿਣ ਕਿ ਇਸ ਟੀਚਰ ਨੂੰ ਡਿਸਮਿਸ ਕਰ ਦਿਉ ਲੇਕਿਨ ਡੀ. ਪੀ. ਆਈ. ਦੀ ਤਸੱਲੀ ਨਹੀਂ ਹੁੰਦੀ ਤਾਂ ਉਤਨਾ ਚਿਰ ਉਹ ਡਿਸਮਿਸਲ ਨਹੀਂ ਹੋ ਸਕੇਗੀ। ਫਿਰ ਉਸ ਦੇ ਬਾਅਦ ਅਗਰ ਕੋਈ ਐਸੀ ਗੱਲ ਰਹਿ ਜਾਵੇ ਤਾਂ ਉਹ ਡਿਸਟ੍ਰਿਕਟ ਜੱਜ ਕੋਲ ਅਪੀਲ ਕਰ ਸਕੇਗਾ। ਡਿਪਟੀ ਸਪੀਕਰ ਸਾਹਿਬ, ਇਥੇ ਜਿਹੜਾ ਇਹ ਖ਼ਦਸ਼ਾ ਜ਼ਾਹਰ ਕੀਤਾ ਗਿਆ ਹੈ ਕਿ ਡੀ. ਪੀ. ਆਈ. ਕਿੰਨਾ ਚਿਰ ਲਵੇਗਾ? ਇਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਡੀ. ਪੀ. ਆਈ. ਇੱਕਲੇ ਹਨ ਉਨ੍ਹਾਂ ਨੇ ਸਕੂਲਾਂ ਦਾ ਕੰਮ ਵੀ ਕਰਨਾ ਹੈ, ਮਹਿਕਮੇਂ ਦਾ ਕੰਮ ਵੀ ਕਰਨਾ ਹੈ, ਕਾਲਜਾਂ ਦੀਆਂ ਅਪੀਲਾਂ ਵੀ ਸੁਣਨੀਆਂ ਹਨ। ਇਸ ਦੇ ਵਾਸਤੇ ਅਸੀਂ ਕਾਲਜਾਂ ਦਾ ਡੀ.ਪੀ.ਆਈ. ਅਲਹਿਦਾ ਕੀਤਾ ਹੈ। ਜਿਹੜਾ ਕਾਲਜ ਦਾ ਡੀ. ਪੀ. ਆਈ. ਹੋਵੇਗਾ ਉਹ ਇਨਕੁਆਇਰੀ ਰਿਪੋਰਟ ਨੂੰ ਦੇਖ ਕੇ ਫ਼ੈਸਲਾ ਕਰੇਗਾ। (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਕਾਲਜਾਂ ਦਾ ਡੀ.ਪੀ. ਆਈ. ਵੱਖਰਾ ਕਰ ਦਿੱਤਾ ਹੈ। ਡੀ. ਪੀ. ਆਈ. ਪੰਜਾਬ ਦਾ ਜੋ ਹੈ ਮਿਸਟਰ ਬਜਾਜ ਉਸ ਤੋਂ ਇਲਾਵਾ ਅਗਰ ਕੋਈ ਡੀ. ਪੀ. ਆਈ ਹੈ ਤਾਂ ਉਸ ਦਾ ਨਾਮ ਦੱਸ ਦਿਉ? (ਵਿਘਨ)

ਵਿਦਿਆ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਫ਼ੈਸਲੇ ਦੀ ਗੱਲ ਕਰ ਰਿਹਾ ਹਾਂ। ਇਸ ਦੇ ਬਾਅਦ ਇਹ ਬਿੱਲ ਪਾਸ ਹੋਣਾ ਹੈ ਫਿਰ ਲਾਗੂ ਹੋਣਾ ਹੈ।

ਕਾਮਰੇਡ ਸੱਤਪਾਲ ਡਾਂਗ : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਕਾਲਜ ਐਜੂਕੇਸ਼ਨ ਵਾਸਤੇ ਡਾਇਰੈਕਟਰ ਵੱਖਰਾ ਲਾਇਆ ਹੈ। ਪ੍ਰਾਇਮਰੀ ਸਕੂਲ ਟੀਚਰਜ਼ ਦੀ ਮੰਗ ਸੀ ਕਿ ਪ੍ਰਾਇਮਰੀ ਐਜੂਕੇਸ਼ਨ ਵਾਸਤੇ ਵਖਰਾ ਡਾਇਰੈਕਟੋਰੇਟ ਬਣਾਇਆ ਜਾਵੇ। ਇਸ ਦੇ ਬਾਰੇ ਅਸੀਂ ਲਿਖ ਕੇ ਵੀ ਦਿੱਤਾ, ਪ੍ਰਾਇਮਰੀ ਐਜੂਕੇਸ਼ਨ ਵਾਸਤੇ ਇਹ ਵੱਖਰਾ ਡਾਇਰੈਕਟਰ ਮੰਨ ਗਏ ਹਨ ਪਰ ਡਾਇਰੈਕਟੋਰੇਟ ਵਾਸਤੇ ਨਹੀਂ ਮੰਨੇ। ਸੈਕੰਡਰੀ ਐਜੂਕੇਸ਼ਨ ਵਾਸਤੇ ਕੀ ਪੋਜ਼ੀਸ਼ਨ ਹੈ? ਤਿੰਨ ਡਾਇਰੈਕਟਰ ਲਾਉਣੇ ਹਨ ਜਾਂ ਦੋ ਲਾਉਣੇ ਹਨ, ਜਾਂ ਕੀ ਪੋਜ਼ੀਸ਼ਨ ਹੈ ?

ਵਿਦਿਆ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਸ ਵੇਲੇ ਮੈਂ ਕਾਲਜਾਂ ਦੀ ਗੱਲ ਕਰ ਰਿਹਾ ਸੀ। ਇਹ ਜੋ ਕੁਝ ਮੇਰੇ ਤੋਂ ਪੁਛਣਾ ਚਾਹੁੰਦੇ ਹਨ ਉਹ ਮੈਨੂੰ ਵੱਖਰੇ ਪੁਛ ਲੈਣ ਉਹ ਵੀ ਮੈਂ ਇਨ੍ਹਾਂ ਨੂੰ ਦੱਸ ਦਿਆਗਾਂ।

ਡਿਪਟੀ ਸਪੀਕਰ ਸਾਹਿਬ, ਇਥੇ ਇਹ ਵੀ ਕਿਹਾ ਗਿਆ ਕਿ ਜਿਹੜੀਆਂ ਮੈਨੇਜਿੰਗ ਕਮੇਟੀਆਂ ਟੀਚਰਾਂ ਦੇ ਨਾਲ ਧੱਕਾ ਕਰਨਗੀਆਂ ਉਨ੍ਹਾਂ ਦੇ ਖਿਲਾਫ ਕੀ ਐਕਸ਼ਨ ਹੋਵੇਗਾ। ਇਸ ਦੇ ਬਾਰੇ ਮੇਰੀ ਅਰਜ਼ ਹੈ ਕਿ ਇਸ ਦੇ ਬਾਰੇ ਸੁਪਰੀਮ ਕੋਰਟ ਦੀ ਇਕ ਰੂਲਿੰਗ ਹੈ। ਉਨ੍ਹਾਂ ਨੂੰ ਅਸੀਂ ਕਾਨੂੰਨ ਕਾਇਦੇ ਵਿਚ ਨਹੀਂ ਬੰਨ੍ਹ ਸਕਦੇ ਲੇਕਿਨ ਜੋ ਸਿਵਲ ਰੂਲਜ਼ ਹਨ ਉਨ੍ਹਾਂ ਰਾਹੀਂ ਉਨ੍ਹਾਂ ਦੇ ਖਿਲਾਫ ਐਕਸ਼ਨ ਹੋ ਸਕਦਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਜਿਹੜੀਆਂ ਕੋਈ ਕਮੀਆਂ ਰਹਿ ਜਾਣਗੀਆਂ ਤਾਂ ਉਸ

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

ਦੇ ਲਈ ਅਸੀਂ ਯਤਨ ਕਰਾਂਗੇ ਕਿ ਜਦੋਂ ਰੂਲਜ਼ ਬਣਾਉਂਣੇ ਹਨ ਤਾਂ ਉਸ ਦੇ ਵਿਚ ਹੋਰ ਵੀ ਪ੍ਰੋਵੀਜ਼ਨ ਕੁਝ ਐਸੇ ਕਰ ਸਕੀਏ ਜਿਸ ਦੇ ਵਿਚ ਟੀਚਰਾਂ ਦੀ ਸਰਵਿਸ ਵਿਚ ਸਿਕਿਉਰਿਟੀ ਨੂੰ ਕੋਈ ਜ਼ਿਆਦਾ ਮਦਦ ਹੋ ਸਕੇ। ਲੇਕਿਨ ਇਹ ਕਹਿ ਦੇਣਾ ਕਿ ਕਾਲਜਾਂ ਦੀਆਂ ਮੈਨੇਜਿੰਗ ਕਮੇਟੀਆਂ ਧੱਕਾ ਕਰਦੀਆਂ ਹਨ ਇਹ ਵੀ ਗਲਤ ਹੈ। ਕਾਲਜ ਦੀਆਂ ਮੈਨੇਜਿੰਗ ਕਮੇਟੀਆਂ ਨੇ ਸਾਡਾ ਇਹ ਬਿੱਲ ਬਣਾਉਣ ਵਿਚ ਕਾਫੀ ਸਾਥ ਦਿੱਤਾ ਹੈ। ਅਸੀਂ ਟੀਚਰਾਂ ਦੇ ਨੁਮਾਇੰਦਿਆਂ ਨੂੰ ਬੁਲਾ ਕੇ ਉਨ੍ਹਾਂ ਨਾਲ ਗੱਲ ਬਾਤ ਕੀਤੀ ਹੈ। ਅਸੀਂ ਪੰਡਿਤ ਮੋਹਨ ਲਾਲ, ਸਰਦਾਰ ਕਪੂਰ ਸਿੰਘ, ਜਸਟਿਸ ਟੇਕ ਚੰਦ ਅਤੇ ਹੋਰ ਕਈ ਵਰਗ ਦੇ ਬੰਦਿਆਂ ਨੂੰ ਬੁਲਾ ਕੇ ਉਨ੍ਹਾਂ ਨਾਲ ਗੱਲ ਕੀਤੀ ਹੈ ਔਰ ਉਨ੍ਹਾਂ ਨੇ ਸਾਨੂੰ ਚੰਗੇ ਚੰਗੇ ਸੁਝਾਵ ਦਿੱਤੇ ਹਨ। ਇਹ ਗੱਲ ਨਹੀਂ ਕਿ ਕਿਸੇ ਇਕ ਸਾਈਡ ਨੂੰ ਸੁਣਿਆ ਹੈ। ਦੋਨਾਂ ਸਾਈਡਾਂ ਨੂੰ ਅਸੀਂ ਸੁਣ ਕੇ ਫੈਸਲਾ ਕੀਤਾ ਹੈ। ਮੈਂ ਸੱਮਝਦਾ ਹਾਂ ਕਿ ਇਹ ਜਿਹੜਾ ਬਿੱਲ ਹੈ ਉਸ ਦੇ ਰਾਹੀਂ ਜਿਹੜੇ ਐਫਿਲੀਏਟਿਡ ਕਾਲਜਿਜ਼ ਦੇ ਟੀਚਰਜ਼ ਹਨ ਉਹ ਇਹ ਖੁਸ਼ੀ ਮਹਿਸੂਸ ਕਰਨਗੇ ਕਿ ਉਨ੍ਹਾਂ ਨੂੰ ਇਸ ਬਿੱਲ ਦੇ ਰਾਹੀਂ ਸਰਵਿਸ ਵਿਚ ਸਿਕਿਉਰਿਟੀ ਪੰਜਾਬ ਦੀ ਸਰਕਾਰ ਦੇ ਰਹੀ ਹੈ। ਇਹ ਜਿਹੜਾ ਬਿੱਲ ਹੈ ਇਹ ਟੀਚਰਾਂ ਦੇ ਹੱਕ ਵਿਚ ਜਾਂਦਾ ਹੈ ਅਤੇ ਇਸ ਬਿੱਲ ਨੂੰ ਟੀਚਰਾਂ ਦੇ ਹੱਕ ਵਿਚ ਜਾਂਦਾ ਦੇਖਦਿਆਂ ਮੈਂ ਇਹ ਕਹਾਂਗਾ ਕਿ ਇਸ ਨੂੰ ਯੂਨਾਨੀਮਸਲੀ ਪਾਸ ਕਰਨਾ ਚਾਹੀਦਾ ਹੈ। ਇਹ ਨਹੀਂ ਕਿ ਇਥੇ ਕਈ ਕਿਸਮ ਦੀਆਂ ਗੱਲਾਂ ਕੀਤੀਆਂ ਜਾਣ। ਕੋਈ ਕੁਝ ਕਹਿੰਦਾ ਹੈ, ਕੋਈ ਕੁਝ ਕਹਿੰਦਾ ਹੈ। ਕੋਈ ਮੈਂਬਰ ਹੁਸ਼ਿਆਰਪੁਰ ਦੇ ਪਖੋਵਾਲ ਸਕੂਲ ਵਿਚ ਜਾ ਮੈਨੂੰ ਲੈ ਵੜੇ ਹਨ। ਮੈਂ ਸੱਮਝਦਾ ਹਾਂ ਕਿ ਜੇ ਕਿਸੇ ਸਕੂਲ ਦੀ ਕੋਈ ਬਿਲਡਿੰਗ ਦੀ ਗੱਲ ਹੈ ਜਾਂ ਸਟਾਫ ਦੀ ਗੱਲ ਹੈ ਤਾਂ ਮੈਨੂੰ ਦਸੋ। ਮੈਂਬਰ ਸਾਹਿਬ ਮੈਨੂੰ ਮਿਲਦੇ ਰਹਿੰਦੇ ਹਨ ਉਹ ਮੈਨੂੰ ਆ ਕੇ ਦੱਸਣ। ਇਸ ਲਈ ਡਿਪਟੀ ਸਪੀਕਰ ਸਾਹਿਬ, ਮੈਂ ਇਹੀ ਕਹਾਂਗਾ ਕਿ ਇਸ ਬਿੱਲ ਨੂੰ ਯੂਨਾਨੀਮਸਲੀ ਪਾਸ ਕਰਨਾ ਚਾਹੀਦਾ ਹੈ।

Mr. Deputy Speaker : Question is—

That the Punjab Affiliated Colleges (Security of Service of Teachers) Bill be taken into consideration at once.

The motion was carried

Mr. Deputy Speaker : Now the House will proceed to consider the Bill clause by clause.

SUB—CLAUSE (2) OF CLAUSE 1

Mr. Deputy Speaker : Question is—

That Sub—Clause (2) of Clause 1 stand part of the Bill.

The motion was carried

CLAUSE 2

Mr. Deputy Speaker : Now Clause 2 is before the House. Comrade Satya Pal Dang has given some notices of amendments to this Clause.

Comrade Satya Pal Dang (Amritsar West) : Sir, I beg to move—

That in sub-clause (a), line 5, after "University" add the following :—

"It also means any professional institute for admission to which the basic qualification is a pass in Matriculation or Higher Secondary Examination, and which is recognised and aided by the State Government but which is not a Government Institute."

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, 2 ਏ ਵਿਚ ਕਲੀਅਰਲੀ ਕਲਾਜ਼ ਦੀ ਡੈਫੀਨੀਸ਼ਨ ਹੈ। ਕਾਲਜ ਟੀਚਰਜ਼ ਜੋ ਹਨ ਉਨ੍ਹਾਂ ਨੂੰ ਸਿਕਿਉਰਿਟੀ ਆਫ਼ ਸਰਵਿਸ ਮਿਲੇਗੀ। ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਬਹੁਤ ਸਾਰੀਆਂ ਪੋਲੀਟੈਕਨਿਕ ਇੰਸਟੀਚਿਊਸ਼ਨਜ਼ ਹਨ, ਆਈ. ਟੀ. ਆਈਜ਼. ਹਨ ਜਿਹੜੀਆਂ ਕਿ ਗੌਰਮਿੰਟ ਦੀਆਂ ਏਡਿਡ ਹਨ। ਜਿਸ ਤਰ੍ਹਾਂ ਮਿਹਰ ਚੰਦ ਪੋਲੀਟੈਕਨਿਕ ਇਨਸਟੀਚਿਊਸ਼ਨ ਹੈ, ਉਸ ਨੂੰ ਸੈਂਟ ਪਰ ਸੈਂਟ ਗਰਾਂਟ ਸਰਕਾਰ ਦਿੰਦੀ ਹੈ। ਇਕ ਪੈਸਾ ਵੀ ਉਹ ਬਾਹਰੋਂ ਨਹੀਂ ਖਰਚਦੇ, ਸਾਰੀ ਗਰਾਂਟ ਗੌਰਮਿੰਟ ਦਿੰਦੀ ਹੈ। ਇਹੋ ਜਿਹੇ ਇੰਸਟੀਚਿਊਸ਼ਨ ਦੇ ਟੀਚਰਜ਼ ਦੀ ਵੀ ਸਿਕਿਉਰਿਟੀ ਆਫ਼ ਸਰਵਿਸ ਹੋਣੀ ਚਾਹੀਦੀ ਹੈ। ਇਸ ਵੇਲੇ ਜੋ ਪੋਜ਼ੀਸ਼ਨ ਹੈ ਉਨ੍ਹਾਂ ਇਨਸਟੀਚਿਊਸ਼ਨਜ਼ ਦੇ ਟੀਚਰਜ਼ ਨੂੰ,ਜਿਨ੍ਹਾਂ ਨੂੰ ਗੌਰਮਿੰਟ ਸੈਂਟ-ਪਰ-ਸੈਂਟ ਗਰਾਂਟ ਦਿੰਦੀ ਹੈ, ਵਾਰ ਵਾਰ ਕੱਢ ਦਿੰਦੇ ਹਨ, ਵਿਕਟੇਮਾਈਜ਼ ਕਰਦੇ ਹਨ, ਡਿਸਮਿਸ ਕਰਦੇ ਹਨ। ਇਸ ਲਈ ਮੈਂ ਇਹ ਅਮੈਂਡਮੈਂਟ ਪ੍ਰਪੋਜ਼ ਕਰਦਾ ਹਾਂ ਕਿ ਕਾਲਜਾਂ ਦੇ ਨਾਲ ਉਹ ਇੰਸਟੀਚਿਊਸ਼ਨਜ਼ ਜਿਹੜੇ ਪੋਲੀਟੈਕਨਿਕ ਹਨ ਜਾਂ ਪ੍ਰੋਫੈਸ਼ਨਲ ਹਨ ਜਿਨ੍ਹਾਂ ਲਈ ਕੁਆਲੀਫੀਕੇਸ਼ਨ ਮੈਟਰਿਕੁਲੇਸ਼ਨ ਜਾਂ ਹਾਇਰ ਸੈਕੰਡਰੀ ਹੈ ਉਨ੍ਹਾਂ ਦੇ ਸਟਾਫ ਨੂੰ ਟੀਚਰਾਂ ਨੂੰ ਸਰਵਿਸ ਸਿਕਿਉਰਿਟੀ ਮਿਲੇ। ਮੇਰਾ ਖਿਆਲ ਹੈ ਕਿ ਸਰਕਾਰ ਇਸ ਅਮੈਂਡਮੈਂਟ ਨੂੰ ਮੰਨਾ ਲਵੇਗੀ।

Mr. Deputy Speaker : Motion moved—

That In sub-clause (a), line 5, after "University" add the following :—

"It also means any Professional institute for admission to which the basic qualification is a pass in Matriculation or Higher Secondary Examination, and which is recognised and aided by the State Government but which is not a Government Institute".

Mr. Deputy Speaker : Question is—

That in sub-clause (a), line 5, after "University" add the following :—

"It also means any professional institute for admission to which the basic qualification is a pass in Matriculation or Higher Secondary Examination and which is recognised and aided by the State Government but which is not a Government Institute".

The Motion was lost.

Comrade Satya Pal Dang (Amritsar West) : Sir, I beg to move—

That in sub-clause (b), line 2, between "Officer" and "authorised" insert 'or officers".

ਡਿਪਟੀ ਸਪੀਕਰ ਸਾਹਿਬ, ਇਹ ਸਿੰਪਲ ਜਿਹੀ ਗੱਲ ਹੈ ਕਿ ਜਿਥੇ ਗੌਰਮਿੰਟ ਨੇ ਪਾਵਰ ਲੈਣੀ ਹੈ ਡਾਇਰੈਕਟਰ ਦੀ ਥਾਂ ਤੇ ਕਿਸੇ ਅਫ਼ਸਰ ਨੂੰ ਪਾਵਰ ਦਿੱਤੀ ਜਾ ਸਕਦੀ ਹੈ। At one and the same time there can be more than one officer. ਇਹ ਹੈਲਪ ਕਰੇਗੀ।

ਸਰਦਾਰ ਅਜਾਇਬ ਸਿੰਘ ਸੰਧੂ : ਇਹ ਤਾਂ ਬੜੀ ਹਾਰਮਲੈਸ ਹੈ। (ਵਿਘਨ)

Original with;
Punjab Vidhan Sabha
Digitized by;
Panjab Digital Library

Mr. Deputy Speaker : Motion moved—

That in sub-clause (b), line 2, *between* "officer" and "authorised" *insert* "or officers"

Mr. Deputy Speaker : Question is—

That in sub-clause (b), line 2, *between* "officer" and "authorised" *insert* "or officers"

The motion was lost.

Comrade Satya Pal Dang (Amritsar West) : Sir, I beg to move—

That after sub-clause (e), add the following :—

"(f) 'non-teaching staff' means employees other than those covered by the definition of 'teacher'."

ਡਿਪਟੀ ਸਪੀਕਰ ਸਾਹਿਬ, ਹਰ ਪਾਸਿਉਂ, ਇਸ ਪਾਸੇ ਤੋਂ ਕਾਮਰੇਡ ਅੱਛਰਾ ਸਿੰਘ, ਉਧਰੋਂ ਸਰਦਾਰ ਅਜਾਇਬ ਸਿੰਘ ਸੰਧੂ ਅੰਰ ਇਸ ਪਾਸਿਉਂ ਸ਼੍ਰੀ ਸਰਦਾਰੀ ਲਾਲ ਕਪੂਰ ਨੇ, ਹਰ ਇਕ ਨੇ ਕਿਹਾ ਹੈ ਕਿ ਸਿਕਿਉਰਿਟੀ ਆਫ਼ ਟੀਚਰਜ਼ ਸਰਵਿਸ ਜਿਹੜੀ ਅਸੀਂ ਟੀਚਰਜ਼ ਨੂੰ ਦੇਣੀ ਚਾਹੁੰਦੇ ਹਾਂ ਇਹ ਇਕ ਅੱਛੀ ਗੱਲ ਹੈ, ਪਰ ਉਹ ਨਾਨ-ਟੀਚਿੰਗ ਸਟਾਫ਼ ਨੂੰ ਵੀ ਦਿਤੀ ਜਾਏ । ਇੰਨੀ ਗ਼ਲ ਠੀਕ ਹੈ । ਮਨਿਸਟਰ ਸਾਹਿਬ ਨੇ ਵੀ ਆਪਣਾ ਜਵਾਬ ਦੇਣ ਲਗਿਆਂ ਇਸ ਬਾਰੇ ਕੁਝ ਨਹੀਂ ਕਿਹਾ । ਮੈਂ ਮਿਸਾਲ ਦਿੰਦਾ ਹਾਂ ਕਿ ਦਿਆ ਨੰਦ ਮੈਡੀਕਲ ਕਾਲਜ ਦੇ ਬਾਰੇ ਦਰੁਸਤ ਮੰਨਿਆ ਸੀ ਕਿ ਉਹ ਕਾਲਜ਼ ਟੇਕ ਓਵਰ ਕੀਤਾ ਜਾਏਗਾ । ਇਹ ਚੀਜ਼ ਚੀਫ਼ ਮਨਿਸਟਰ ਸਾਹਿਬ ਨੇ ਵੀ ਅਤੇ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਵੀ ਮੰਨੀ ਸੀ ਪਰ ਉਹ ਟੇਕ ਓਵਰ ਨਹੀਂ ਹੋਇਆ । ਮੈਂ ਇਸ ਵਿਚ ਨਹੀਂ ਜਾਣਾ ਚਾਹੁੰਦਾ ਕਿ ਕਸੂਰ ਕਿਸ ਦਾ ਹੈ । ਮੈਨੇਜਿੰਗ ਕਮੇਟੀ ਦਾ ਹੈ ਜਾਂ ਸਰਕਾਰ ਦਾ ਹੈ ਜਾਂ ਦੋਹਾਂ ਦਾ ਹੈ । ਹੁਣ ਜਿਹੜਾ ਇਹ ਬਿਲ ਹੈ ਇਸ ਵਿਚ ਟੀਚਿੰਗ ਸਟਾਫ਼ ਤਾਂ ਕਵਰ ਹੋ ਜਾਏਗਾ, ਪਰ ਜਿਨ੍ਹਾਂ ਦੀ ਸਿੰਮਥੀ ਵਿਚ ਸਰਕਾਰ ਨੇ ਵੀ ਮੰਨਿਆ ਸੀ ਕਿ ਉਨ੍ਹਾਂ ਦੀਆਂ ਮੰਗਾਂ ਠੀਕ ਹਨ ਉਹ ਵਿਕਟੇਮਾਈਜ਼ ਹੋ ਰਹੇ ਹਨ । ਉਹ ਜਿਹੜਾ ਨਾਨ-ਟੀਚਿੰਗ ਸਟਾਫ਼ ਹੈ ਉਸ ਦੇ ਲਈ ਸਰਕਾਰ ਦਾ ਪੈਸਾ ਨਹੀਂ ਲਗਣਾ ਧੇਲਾ ਨਹੀਂ ਲਗਣਾ ਉਨ੍ਹਾਂ ਨੂੰ ਵੀ ਸਿਕਿਉਰਿਟੀ ਆਫ਼ ਸਰਵਿਸ ਦਿੱਤੀ ਜਾਏ । ਕੀ ਇਹ ਜ਼ਰੂਰੀ ਹੈ ਕਿ ਪਹਿਲਾਂ ਉਹ ਐਜੀਟੇਸ਼ਨਜ਼ ਕਰਨ ਅਤੇ ਫਿਰ ਇਹ ਉਨ੍ਹਾਂ ਦੀਆਂ ਮੰਗਾਂ ਮੰਨਣ ? ਨਾਨ-ਟੀਚਿੰਗ ਸਟਾਫ਼ ਬਾਰੇ ਹਰ ਪਾਰਟੀ ਨੇ ਕਿਹਾ ਹੈ ਕਿ ਉਨ੍ਹਾਂ ਐਮਪਲਾਈਜ਼ ਨੂੰ ਸਿਕਿਉਰਿਟੀ ਆਫ਼ ਸਰਵਿਸ ਮਿਲਣੀ ਚਾਹੀਦੀ ਹੈ । ਮੇਰਾ ਖਿਆਲ ਹੈ ਕਿ ਮਨਿਸਟਰ ਸਾਹਿਬ ਵੀ ਇਸ ਦੇ ਖ਼ਿਲਾਫ਼ ਨਹੀਂ ਹਨ ਅਤੇ ਜੇ ਇਹ ਚੀਜ਼ ਵੀ ਮੰਨ ਲੈਣ ਤਾਂ ਕੋਈ ਹਰਜ ਵਾਲੀ ਗੱਲ ਨਹੀਂ ਹੋਵੇਗੀ ।

ਸਰਦਾਰ ਅਜਾਇਬ ਸਿੰਘ ਸੰਧੂ : ਠੀਕ ਹੈ ਜੇ ਨਾਨ-ਟੀਚਿੰਗ ਸਟਾਫ਼ ਵੀ ਇਸ ਵਿਚ ਹੋ ਜਾਏ ।

Mr. Deputy Speaker : Motion moved—

That after sub-clause (e), *add* the following :—

"(f) 'non-teaching staff' means employees other than those covered by the definition of 'teacher'."

Original with;
Punjab Vidhan Sabha
Digitized by;
Panjab Digital Library

Mr. Deputy Speaker : Question is—

That after sub-clause (e), add the following :—

"(f) 'non-teaching staff' means employees other than those covered by the definition of 'teacher' ""

(After taking the sense of the House by voices, Mr. Deputy Speaker said I think the Noes have it. This opinion was challenged. The bells were sounded. The question was put again and Mr. Deputy Speaker said 'I think the Noes have it'. Again it was challenged. The Members were asked to rise in their places. Twenty-one Members rose in support of the Motion and Forty-six against the Motion.)

Ayes	..	21
Noes	..	46

The motion was declared lost.

Mr. Deputy Speaker: Question is—

That clause 2 stand part of the Bill.

The motion was carried.

CLAUSE 3

Mr. Deputy Speaker : Now clause 3 is before the House. There are some notices of amendments to this Clause.

Comrade Satya Pal Dang (Amritsar west): Sir, I beg to move—

That in line 1, *between* "teacher" and "shall" *insert* "or any non-teaching employee."

Mr. Deputy Speaker : Motion moved—

That in line 1 *between* "teacher" and "shall" *insert* "or any non-teaching employee"

Mr. Deputy Speaker : Question is—

That in line 1, between "teacher" and "shall" *insert* "or any non-teaching employee"

The motion was lost.

ਸ੍ਰੀ ਡਿਪਟੀ ਸਪੀਕਰ:ਡਾਕਟਰ ਸਾਹਿਬ, ਤੁਸੀਂ ਇਸ ਦੇ ਬਾਰੇ ਕੁਝ ਕਹਿਣਾ ਹੈ (Doctor Sahib, do you want to say any thing in this respect.)

ਡਾਕਟਰ ਬਲਦੇਵ ਪਰਕਾਸ਼ : ਨਹੀਂ ਜੀ, ਇਹ ਤਾਂ ਪਹਿਲਾਂ ਹੀ ਹੋ ਗਈ ਹੈ ਜੀ ।

Mr. Deputy Speaker: Question is—

That clause 3 stand part of the Bill.

The motion was carried.

Original with;
Punjab Vidhan Sabha
Digitized by;
Panjab Digital Library

CLAUSE 4

Mr. Deputy Speaker : Now Clause 4 is before the House. There are certain amendments to this Clause. These stand in the names of Comrade Satya Pal Dang and Comrade Shamsher Singh Josh.

Comrade Satya Pal Dang (Amritsar West) : Sir, I beg to move—

That in sub-clause (3), line 8, *after* "case" *add* "or in the opinion of the Director is excessive."

ਡਿਪਟੀ ਸਪੀਕਰ ਸਾਹਿਬ, ਜਿਸ ਵੇਲੇ ਕੇਸ ਡਾਇਰੈਕਟਰ ਕੋਲ ਅੱਪਰੂਵਲ ਵਾਸਤੇ ਜਾਵੇਗਾ ਤਾਂ ਉਹ ਰੀਜੈਕਟ ਕਰ ਸਕਦਾ ਹੈ ।

He may give his approval to the imposition of the proposed penalty of dismissal or removal from service, as the case may be, or refuse to give approval if the proposal is found to be *mala fide* or by way of victimisation or not warranted by the facts and circumstances of the case.

ਡਿਪਟੀ ਸਪੀਕਰ ਸਾਹਿਬ, ਇਹ ਜਿਹੜੇ ਲਾਸਟ ਵਰਡਜ਼ ਹਨ 'or not warranted by the facts and circumstances of the case'. ਇਨ੍ਹਾਂ ਉਤੇ ਬਾਅਦ ਵਿਚ ਬੜਾ ਝਗੜਾ ਪੈਦਾ ਹੋ ਸਕਦਾ ਹੈ । ਇਹੋ ਜਿਹਾ ਕੇਸ ਹੋ ਸਕਦਾ ਹੈ ਕਿ ਜਿਥੇ ਡਾਇਰੈਕਟਰ ਇਸ ਨਤੀਜੇ ਉੱਤੇ ਪੁੱਜੇ ਕਿ ਕਸੂਰ ਤਾਂ ਹੈ ਟੀਚਰ ਦਾ ਲੇਕਿਨ ਰੀਮੂਵਲ ਜਾਂ ਡਿਸਮਿਸਲ ਦੀ ਪਨਿਸ਼ਮੈਂਟ ਐਕਸੈਸਿਵ ਹੈ ਤਾਂ ਉਹ ਰੀਡਿਊਜ਼ ਕਰ ਸਕੇ ਇਤਨੀ ਹੀ ਬੇਨਤੀ ਹੈ ।

Mr. Deputy Speaker : Motion moved—

That in sub-clause (3), line 8, *after* "case" *add* "or in the opinion of the Director is excessive."

Mr. Deputy Speaker : Question is—

That in sub-clause (3), line 8, *after* "case" *add* "or in the opinion of the Director is excessive."

The motion was lost.

Comrade Shamsher Singh Josh (Kharar) : Sir, I beg to move—

That in sub-clause (3), *add* the following at the end :—
"or non-compliance of section (3)."

ਡਿਪਟੀ ਸਪੀਕਰ ਸਾਹਿਬ, ਪੁਆਇੰਟ ਇਹ ਹੈ ਕਿ ਕਲਾਜ਼ 2 ਵਿਚ ਕਿਹਾ ਹੈ ਕਿ 'where after the enquiry referred to under section 3.' ਇਨਕੁਆਇਰੀ ਦੀ ਬਿਨਾ ਤੇ ਕਿਸੇ ਨੂੰ ਰੀਮੂਵ ਕੀਤਾ ਜਾਂਦਾ ਹੈ, ਸੱਸਪੈਂਡ ਕੀਤਾ ਜਾਂਦਾ ਹੈ ਜਾਂ ਡਿਸਮਿਸ ਕੀਤਾ ਜਾਂਦਾ ਹੈ ਡਾਇਰੈਕਟਰ ਵੈਰੀਫਾਈ ਕਰਕੇ ਸਬਸਟਾਂਸ਼ੀਏਟ ਕਰੇ ਕਿ ਮੈਲਾਫਾਈਡੀ ਹੈ ਜਾਂ ਨਹੀਂ । ਅਗਰ ਸੈਕਸ਼ਨ 3 ਬਲੇ ਕੰਪਲਾਇੰਸ ਨਾ ਕਰੇ ਵੈਸੇ ਹੀ ਡਿਸਮਿਸ ਕਰ ਦੇਵੇ ਤਾਂ

Original with;
Punjab Vidhan Sabha
Digitized by;
Panjab Digital Library

ਉਹ ਕਿਸ ਤਰ੍ਹਾਂ ਕਵਰ ਹੋਵੇਗਾ ? ਉਹ ਮੁਲਾਜ਼ਮ ਕੀ ਕਰੇ ? ਜੇਕਰ ਇਹ ਲਾਈਨ ਪਾ ਦਿਓ 'or non-compliance of section (3)' ਤਾਂ ਉਹ ਕਰਮਚਾਰੀ ਕਹਿ ਸਕਦਾ ਹੈ ਕਿ ਕਮੇਟੀ ਨੇ ਅੰਡਰ ਸੈਕਸ਼ਨ 3 ਪ੍ਰਾਸੈਸ ਨਹੀਂ ਕੀਤਾ, ਇਸ ਲਈ ਮੇਰੀ ਗਰੀਵੈਂਸ ਰੀਮੂਵ ਕੀਤੀ ਜਾਵੇ ।

Mr. Deputy Speaker : Motion moved—

That in sub-clause (3), *add* the following at the end :—
"or non-compliance of section (3)."

Mr. Deputy Speaker : Question is—

That in sub-clause (3), *add* the following at the end :—
"or non-compliance of section (3)."

The motion was lost.

Comrade Shamsher Singh Josh (Kharar) : Sir, I beg to move—

That in sub-clause (4), lines 1-2, between "sub-section (2)" and "may" *insert* "or against the order of the Managing Committee in case or cases where the matter is not referred to the Director under this section".

ਸਬ-ਕਲਾਜ਼ 4 ਵਿਚ ਦਿੱਤਾ ਹੋਇਆ ਹੈ 'Any party aggrieved by an order of Director under sub-section (2)' ਵਿਚ ਅਗਰ ਕਿਸੇ ਨੂੰ ਰੀਮੂਵ ਕੀਤਾ ਜਾਂਦਾ ਹੈ ਤਾਂ any party aggrieved by an order ਤਾਂ ਠੀਕ ਹੈ ਪਰ ਜੇਕਰ ਕੋਈ ਕਮੇਟੀ ਕੇਸ ਨੂੰ ਅਗੇ ਰੈਫਰ ਹੀ ਨਾ ਕਰੇ ਤਾਂ ਉਹ ਕਿਸ ਤਰ੍ਹਾਂ ਆਵੇਗਾ । ਮੇਰੀ ਤਾਂ ਅਮੈਂਡਮੈਂਟ ਇਸ ਗੱਲ ਨੂੰ ਕਵਰ ਕਰਦੀ ਹੈ ।

Mr. Deputy Speaker : Motion moved—

That in sub-clause (4), lines 1-2, *between* "sub-section (2)" and "may" *insert* "or against the order of the Managing Committee in case or cases where the matter is not referred to the Director under the section".

Mr. Deputy Speaker : Question is—

That in sub-clause (4), lines 1-2, *between* "sub-section (2)" and "may" *insert* "or against the order of the Managing Committee in case or cases where the matter is not referred to the Director under this section".

The motion was lost. (*Interruptions*)

Mr. Deputy Speaker : Question is—

That Clause 4 stand part of the Bill.

The motion was carried.

Original with;
Punjab Vidhan Sabha
Digitized by;
Panjab Digital Library

CLAUSE 5

Mr. Deputy Speaker : Now Clause 5 is before the House There are certain amendments to this Clause in the name of Comrade Satya Pal Dang.

Comrade Satya Pal Dang : Sir, I don't want to move my amendments to this Clause, ਇਹ ਅੱਗੇ ਹੀ ਹੋ ਗਈਆਂ ਹਨ ਜੀ ।

Mr. Deputy Speaker : Question is—

That Clause 5 stand part of the Bill.

The motion was carried.

CLAUSE 6

Mr. Deputy Speaker : Now Clause 6 is before the House. There are certain amendments to this Clause in the name of Comrade Satya Pal Dang and Comrade Shamsher Singh Josh.

Comrade Satya Pal Dang (Amritsar West) : Sir, I beg to move—

That in sub-clause (i), line 1, *between* "appointed" and "for" *insert* "in leave vacancy".

ਡਿਪਟੀ ਸਪੀਕਰ ਸਾਹਿਬ, ਇਹ ਜਿਹੜੇ ਵਰਡਜ਼ ਹਨ ਇਸ ਕਲਾਜ਼ ਵਿਚ ਇਸ ਤਰ੍ਹਾਂ ਨਹੀਂ ਰਹਿਣੇ ਚਾਹੀਦੇ । ਮੇਰੀ ਬੇਨਤੀ ਹੈ ਕਿ ਸਿਆਣੀ ਸਰਕਾਰ ਉਹ ਹੀ ਹੁੰਦੀ ਹੈ ਜੋ ਅਕਲ ਵਾਲੀ ਗੱਲ ਕੋਈ ਵੀ ਕਹੇ ਉਸ ਨੂੰ ਮੰਨ ਲਵੇ । ਇਹ ਜਿਹੜੀ ਸਿਕਿਉਰਿਟੀ ਆਫ਼ ਸਰਵਿਸ ਦੇ ਰਹੇ ਹਨ ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ, ਮਨਿਸਟਰ ਸਾਹਿਬ ਮੇਰੀ ਇਹ ਗੱਲ ਨੋਟ ਕਰ ਲੈਣ, ਕਿ ਅਗਰ ਇਹ ਕਲਾਜ਼ ਇਸੇ ਹੀ ਸ਼ਕਲ ਵਿਚ ਰਹਿੰਦੀ ਹੈ

The provisions of sections 3, 4 and 5 shall not apply :—

(i) to the termination of service of any teacher who is appointed for a temporary period only;

ਤਾਂ ਅੱਜ ਤੋਂ ਬਾਅਦ ਪ੍ਰਾਈਵੇਟ ਕਾਲਜਾਂ ਵਿਚ ਜਿਤਨੀਆਂ ਵੀ ਅਪੁਆਇੰਟਮੈਂਟਾਂ ਹੋਣਗੀਆਂ ਹਰ ਇਕ ਕਾਲਜ ਵਿਚ ਟੈਂਪਰੇਰੀ ਹੋਣਗੀਆਂ । ਪੜ੍ਹਾਈ ਦਾ ਕੰਮ ਟੈਂਪਰੇਰੀ ਨਹੀਂ ਹੈ । ਪਰੋਬੇਸ਼ਨ ਦਾ ਕੀ ਹੋਵੇਗਾ ਉਹ ਤਾਂ ਅਗਲੀ ਕਲਾਜ਼ ਵਿਚ ਕਨਸਿਡਰ ਹੋ ਜਾਵੇਗਾ । ਕੋਈ ਟੈਂਪਰੇਰੀ ਐਪੁਆਇੰਟਮੈਂਟ ਕਰਨ ਦੀ ਜਸਟੀਫਿਕੇਸ਼ਨ ਨਹੀਂ ਹੈ ਸਿਵਾਏ ਲੀਵ ਵੇਕੈਨਸੀ ਦੇ । ਮੈਂ ਜਿਹੜੀ ਅਮੈਂਡਮੈਂਟ ਐਂਡ ਕਰ ਕਰ ਰਿਹਾ ਹਾਂ

that in sub-clause (i), line between "appointed" and "for" *insert* "in leave vacancy".

ਜਿਸ ਵਕਤ ਛੁਟੀ ਤੋਂ ਆਦਮੀ ਵਾਪਸ ਆ ਜਾਵੇ ਤਾਂ ਉਸ ਨੂੰ ਹਟਾ ਦਿਤਾ ਜਾਵੇ । ਇਹ ਰੂਲ ਉਸ ਤੇ ਲਾਗੂ ਨਹੀਂ ਹੋਣਗੇ ਪਰ ਅਗਰ ਇਹ ਇਸ ਤਰਾਂ ਹੀ ਕਲਾਜ਼ ਰਹਿ ਗਈ ਤਾਂ ਬਿੱਲ ਦਾ ਮਕਸਦ ਹੀ ਫੇਂਤ ਕਰਨ ਵਾਲੀ ਗੱਲ ਹੋਵੇਗੀ । ਮੈਨੇਜਿੰਗ ਕਮੇਟੀਆਂ ਜਿਹੜੀਆਂ ਐਪੁਆਇੰਟਮੈਂਟਾਂ ਕਰਨਗੀਆਂ ਟੈਮਪਰੇਰੀ ਹੀ ਕਰਨਗੀਆਂ । ਇਸ ਲਈ ਮਹਿਕਮੇ ਵਾਲਿਆਂ ਨੇ ਭਾਵੇ ਜੋ ਮਰਜ਼ੀ ਮਨਿਸਟਰ ਸਾਹਿਬ ਨੂੰ ਸਮਝਾਇਆ ਹੋਵੇ, ਪਰ ਇਹ ਅਕਲ ਦੀ ਗੱਲ ਹੈ, ਮੰਨ ਲੈਣੀ ਚਾਹੀਦੀ ਹੈ ।

Original with;
Punjab Vidhan Sabha
Digitized by;
Panjab Digital Library

Mr. Deputy Speaker Motion moved—

That in sub-clause (i), line 1, *between* "appointed" and "for" *insert* "in leave vacancy",

Mr. Deputy Speaker : Question is—

That in sub-clause (i), line 1, *between* "appointed" and "for" *insert* "in leave vacancy".

The motion was lost.

Comrade Shamsher Singh Josh (Kharar) : Sir, I beg to move—

Delete sub-clause (ii)

Mr. Deputy Speaker : Motion moved—

Delete sub-clause (ii)

Mr. Deputy Speaker : Quesrion is—

Delete sub-clause (ii)

The motion was lost.

Mr. Deputy Speaker : Question is—

That clause 6 stand part of the Bill.

The motion was carried.

CLAUSE 7

Mr. Deputy Speaker: Now Clause 7 is before the House. There are certain amendments to this Clause.

Comrade Satya Pal Dang : (Amritsar West) : Sir, I beg to move—

For the clause *substitute* the following :—

"7. No teacher or non-teaching employee will be relieved from an affiliated college as a result of retrenchment without the prior permission of the Director who will give or withhold permission after examining the facts and after hearing the parties concerned.

A teacher or a non-teaching employee who is relieved from an affiliated college as a result of retrenchment shall have preference for appointment to future vacancies in the affiliated college in which he was serving immediately before rentrenchment or in another affiliated college under the same Managing Committee."

ਡਿਪਟੀ ਸਪੀਕਰ ਸਾਹਿਬ, ਕੁਝ ਸਪੀਕਰਜ਼ ਨੇ ਕਿਹਾ ਵੀ ਸੀ ਕਿ ਡਿਸਮਿਸਲ ਜਾਂ ਰਿਮੂਵਲ ਲਈ ਪਰਾਇਰ ਪਰਮਿਸ਼ਨ ਚਾਹੀਦੀ ਹੈ। ਬਹੁਤ ਸਾਰੀਆਂ ਟਰਮੀਨੇਸ਼ਨਜ਼ ਬਾਈ ਵੇ ਆਫ ਸੋਕਾਲਡ ਰਿਟਰੈਂਚਮੈਂਟ ਹੁੰਦੀਆਂ ਹਨ। ਇਹ ਕਹਿਕੇ ਰਿਟਰੈਂਚਮੈਂਟ ਹੁੰਦੀ ਹੈ ਕਿ ਸਾਡੇ ਕੋਲ ਬੱਚੇ ਘੱਟ ਗਏ ਹਨ ਅਤੇ

Original with;
Punjab Vidhan Sabha
Digitized by;
Panjab Digital Library

[ਕਮਰੇਡ ਸੱਤ ਪਾਲ ਡਾਂਗ]

ਟੀਚਰਜ਼ ਫਾਲਤੂ ਹੋ ਗਏ , ਇਸ ਕਰਕੇ ਕੱਢਣੇ ਹਨ। ਇਹ ਗਰਾਊਂਡ ਜੈਨੂਇਨ ਨਹੀ। ਜੇ ਕਿਸੇ ਦਾ ਮਿਸਕੰਡਕਟ ਨਹੀਂ, ਕਿਸੇ ਕੇਸ ਵਿਚ ਫਸ ਨਾ ਸਕਦਾ ਹੋਵੇ ਅਤੇ ਅਲਰਟ ਹੋਵੇ, ਉਸ ਨੂੰ ਇਸ ਤਰੀਕੇ ਨਾਲ ਕੱਢਣਾ ਠੀਕ ਨਹੀ। ਇਸ ਕਰਕੇ ਰਿਟਰੈਂਚਮੈਂਟ ਦੀ ਪਰਾਇਰ ਪਰਮਿਸ਼ਨ ਡਾਇਰੈਕਟਰ ਕੋਲ ਹੋਵੇ। ਜੋ ਮੈਂ ਅਮੈਂਡਮੈਂਟ ਪੇਸ਼ ਕਰ ਰਿਹਾ ਹਾਂ, ਉਸ ਰਾਹੀਂ ਇਹ ਹੈ ਕਿ ਰਿਟਰੈਚਮੈਂਟ ਦੇ ਕੇਸ ਵਿਚ ਵੀ ਡਾਇਰੈਕਟਰ ਦੀ ਪਰਾਇਰ ਪਰਮਿਸ਼ਨ ਹੋਵੇ।

Mr. Deputy Speaker : Motion moved—

For the clause *substitute* the following :—

"7. No teacher or non-teaching employee will be relieved from an affiliated college as a result of retrenchment without the prior permission of the Director who will give or withhold permission after examining the facts and after hearing the parties concerned.

A teacher or a non-teaching employee who is relieved from an affiliated college as a result of retrenchment shall have preference for appointment to future vacancies in the affiliated college in which he was serving immediately before retrenchment or in another affiliated college under the same Managing Committee."

Mr. Deputy Speaker : Question is—

For the clause *substitute* the following :—

"7. No teacher or non-teaching employee will be relieved from an affiliated college as a result of retrenchment without the prior permission of the Director who will give or withhold permission after examining the facts and after hearing the parties concerned.

A teacher or a non-teaching employee who is relieved from an affiliated college as a result of retrenchment shall have preference for appointment to future vacancies in the affiliated college in which he was serving immediately before retrenchment or in another affiliated college under the same Managing Committee."

The motion was lost.

Comrade Shamsher Singh Josh (Kharar) : Sir, I beg to move—

That in line 2, for "have preference" *substitute* "be offered".

ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਇਹ ਹੈ ਕਿ ਇਸ ਦੇ ਵਿਚ ਐਜੂਕੇਸ਼ਨ ਮਨਿਸਟਰ ਦੀ ਮਨਸ਼ਾ ਇਹ ਹੈ ਕਿ ਜਿਹੜਾ ਕੋਈ ਰਿਟਰੈਂਚਡ ਟੀਚਰ ਹੋਵੇ, ਜੇ ਉਸ ਕਾਲਜ ਵਿਚ ਫਿਰ ਦੋਬਾਰਾ ਜਗ੍ਹਾ ਨਿਕਲੇ ਤਾਂ ਉਸ ਥਾਂ ਤੇ ਲਗਾਇਆ ਜਾਵੇ। ਪਰ ਜਿਸ ਤਰ੍ਹਾਂ ਵਰਡਿੰਗ ਹੈ, ਉਸ ਨਾਲ ਇਹ ਮਨਸ਼ਾ ਪੂਰਾ ਨਹੀਂ ਹੁੰਦਾ। ਇਸ ਵਿਚ ਪਰੈਫਰੈਂਸ ਕਿਹਾ ਗਿਆ ਹੈ। ਲੈਂਗੁਏਜ ਵਿਚ ਪਰੈਫਰੈਂਸ ਦਾ ਇਕ ਮਤਲਬ ਹੈ ਇਸ ਦਾ ਮਤਲਬ ਹੈ ਵੈਟੇਜ਼ ਦੇਣਾ। ਜੇ ਮਨੇਜਮੈਂਟ ਕਿਸੇ ਨੂੰ ਰਖਣਾ ਨਹੀਂ ਚਾਹੁੰਦੀ ਤਾਂ ਇਹ ਕਹਿ ਸਕਦੀ ਹੈ ਕਿ ਸਾਨੂੰ ਫਸਟ ਕਲਾਸ ਮਿਲਦਾ ਹੈ ਅਤੇ ਅਸੀਂ ਉਸ ਨੂੰ ਪਰੈਫਰ ਕੀਤਾ ਅਤੇ ਇਸ ਕਰਕੇ ਦੂਜੇ ਨੂੰ ਨਹੀਂ ਰਖ ਸਕੇ। ਇਸ ਕਰਕੇ ਜੇ ਵਾਕਈ ਸਰਕਾਰ ਚਾਹੁੰਦੀ ਹੈ ਕਿ ਰਿਟਰੈਂਚਡ ਟੀਚਰਾਂ ਦੇ ਨਾਲ ਨੈਚੁਰਲ ਜਸਟਿਸ ਹੋਵੇ ਤਾਂ ਹੋਰ ਕਿਸੇ ਨੂੰ ਪਰੈਫਰੈਂਸ ਦੇਣ ਤੋਂ ਪਹਿਲਾਂ ਜਿਹੜਾ ਰਿਟਰੈਂਚਡ ਟੀਚਰ ਹੈ, ਉਸ ਨੂੰ ਥਾਂ ਦਿੱਤੀ ਜਾਵੇ ਤਾਂ ਇਸ ਮਕਸਦ ਨੂੰ ਹਾਸਿਲ ਕਰਨ ਵਾਸਤੇ ਮੈਂ ਜਿਹੜੀ ਅਮੈਂਡਮੈਂਟ ਦਿੱਤੀ ਹੈ ਇਸ ਨੂੰ ਜ਼ਰੂਰ ਮੰਨ ਲਿਆ ਜਾਵੇ।

Original with;
Punjab Vidhan Sabha
Digitized by;
Panjab Digital Library

Mr. Deputy Speaker : Motion moved—

That in line 2, *for* "have preference" *substitute* "be offered."

Mr. Deputy Speaker : Question is—

That in line 2, *for* "have preference" *substitute* "be offered."

The motion was lost.

Mr. Deputy Speaker : Question is—

That Clause 7 stand part of the Bill.

The motion was carried.

NEW CLAUSE

Comrade Satya Pal Dang : (Amritsar West) : Sir, I beg to ask for leave to move the following new clause:—

"That after clause 7 *add* the following new clause and the existing clauses be re-numbered accordingly :—

8. (a) Any one who dismisses or removes or reduces in rank or retrenches a teacher or a non-teaching employee without the prior approval of the Director will be liable to be fined up to Rs. 10,000 subject to a minimum of Rs. 1,000.

(b) Any teacher or non-teaching employee who is dismissed or is removed from service or is retrenched or is reduced in rank will have the right to appeal to the Director who shall order his re-instatement and may also direct payment of the salary and other amounts due to such a teacher or non-teaching employee directly to him out of the grant due to affiliated college."

ਡਿਪਟੀ ਸਪੀਕਰ ਸਾਹਿਬ, ਇਸ ਦੇ ਬਾਰੇ ਮੈਂ ਹਾਊਸ ਦੇ ਵਿਚ ਦੋ ਗੱਲਾਂ ਕਹਿਣੀਆਂ ਹਨ ।

ਸ਼੍ਰੀ ਡਿਪਟੀ ਸਪੀਕਰ : ਡਾਂਗ ਸਾਹਿਬ, ਪਹਿਲਾਂ ਹਾਊਸ ਦੀ ਮਨਜ਼ੂਰੀ ਤਾਂ ਲੈ ਲਵੋ । (Dang Sahib, get the leave of the House first.)

ਕਾਮਰੇਡ ਸੱਤ ਪਾਲ ਡਾਂਗ : ਮੈ ਤਾਂ ਹੀ ਕਹਿੰਦਾ ਹਾਂ, ਲੀਵ ਤਾਂ ਮਿਲਣੀ ਨਹੀਂ, ਤੁਸੀਂ ਕਹਿੰਦੇ ਹੋ ਕਿ ਲੀਵ ਲਵੋ । ਜਿਹੜਾ ਤਰੀਕਾ ਬਣਿਆ ਹੋਇਆ ਹੈ, ਉਸ ਨੂੰ ਨਾ ਬਦਲੋ । ਅਗੇ ਮੋਸ਼ਨ ਮੂਵ ਕਰਨ ਲਗਿਆਂ ਜੋ ਕਹਿਣਾ ਹੁੰਦਾ ਹੈ ਉਹ ਨਾਲ ਹੀ ਕਹਿ ਲਈਦਾ ਹੈ । ਹੁਣ ਵੀ ਮੈਨੂੰ ਦੋ ਲਫਜ਼ ਨਾਲ ਹੀ ਕਹਿ ਲੈਣ ਦਿਉ । ਮਨਿਸਟਰ ਸਾਹਿਬ ਨੇ ਦੋ ਗੱਲਾਂ ਕਹੀਆਂ ਹਨ । ਇਕ ਤਾਂ ਇਹ ਹੈ ਕਿ ਜਨਰਲ ਕਲਾਜ਼ਿਜ਼ ਵਿਚ ਪਰੋਵੀਜ਼ਨ ਹੈ, ਉਸ ਜਨਰਲ ਕਲਾਜ਼ਿਜ਼ ਐਕਟ ਦੇ ਹੇਠਾਂ ਟੀਚਰ ਨੂੰ ਜਾਣਾ ਪਵੇਗਾ .....

ਸ਼੍ਰੀ ਡਿਪਟੀ ਸਪੀਕਰ : ਡਾਂਗ ਸਾਹਿਬ, ਪਹਿਲਾਂ ਲੀਵ ਲੈ ਲਵੋ । (Dang Sahib, get leave of the House first.)

ਕਾਮਰੇਡ ਸੱਤ ਪਾਲ ਡਾਂਗ: * * *

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ : ਡਾਂਗ ਸਾਹਿਬ, ਇਹ ਲਫ਼ਜ਼ ਵਾਪਿਸ ਲਓ। (Dang Sahib, please withdraw these words.)

ਕੁਝ ਆਵਾਜ਼ਾਂ : ਚੌਧਰੀ ਸਾਹਿਬ ਕਹਿੰਦੇ ਹਨ ਬਿਲਕੁਲ ਠੀਕ ਹੈ।

(ਇਸ ਸਮੇਂ ਹਾਊਸ ਵਿਚ ਬਹੁਤ ਸਾਰੇ ਮੈਂਬਰ **ਇਕੱਠੇ** ਹੀ ਖੜ੍ਹੇ ਹੋ ਗਏ)

Mr. Deputy Speaker : Order please.

ਕੈਪਟਨ ਰਤਨ ਸਿੰਘ : ਡਿਪਟੀ ਸਪੀਕਰ, ਸਾਹਿਬ, ਕਾਮਰੇਡ ਸੱਤਪਾਲ ਡਾਂਗ ਜੀ ਨੇ ਇੰਨੇ ਖਤਰਨਾਕ ਅਤੇ ਡੈਰੋਗੇਟਰੀ ਲਫ਼ਜ਼ ਕਹੇ ਹਨ ਕਿ ਇਸ ਦੇ ਵਿਚ ਉਹ ਆਪ ਹੀ ਇਨਵਾਲਵਡ ਹਨ। ਇਹ ਕਹਿਣਾ ਕਿ ਹਾਊਸ ਨੂੰ ਪਤਾ ਨਹੀਂ ਲਗਣਾ, ਇਸ ਵਿਚ ਸਾਰੇ ਆ ਜਾਂਦੇ ਹਨ। ਇਨ੍ਹਾਂ ਨੂੰ ਇਹ ਚਾਹੀਦਾ ਹੈ ਕਿ ਇਹ ਲਫ਼ਜ਼ ਵਾਪਿਸ ਲੈਣ ਨਹੀਂ ਤਾਂ ਪ੍ਰਿਵਿਲੇਜ਼ ਮੋਸ਼ਨ ਮੂਵ ਹੋਵੇਗੀ।

ਸ਼੍ਰੀ ਡਿਪਟੀ ਸਪੀਕਰ : ਡਾਂਗ ਸਾਹਿਬ, ਇਹ ਲਫ਼ਜ਼ ਵਾਪਿਸ ਲੈ ਲਵੋ। (Dang Sahib, please withdraw these words.)

Comrade Satya Pal Dang: I have said nothing derogatory, nothing unparliamentary I have moved an amendment and I have sought your permission to explain so that the members of the House understand it fully and properly. ਮੈਨੂੰ ਕਿਹੜੇ ਰੂਲ ਹੇਠਾਂ ਕਹਿੰਦੇ ਹੋ ਕਿ ਮੈਂ ਲਫ਼ਜ਼ ਵਾਪਸ ਲਵਾਂ। I have not said anythlng, unparl amentary. What I have said is perfectly in order and is absolutely correct.

ਸ਼੍ਰੀ ਡਿਪਟੀ ਸਪੀਕਰ : ਤੁਸੀਂ ਇਹ ਕਿਹਾ ਸੀ * * *
(You had stated that * * *
* *

ਕਾਮਰੇਡ ਸੱਤਪਾਲ ਡਾਂਗ : ਮੈਂ ਬਿਲਕੁਲ ਨਹੀਂ ਕਿਹਾ ਕਿ * *
ਮੈ ਇਹ ਕਿਹਾ ਇਨ੍ਹਾਂ ਮੈਬਰਾਂ ਨੂੰ ਸਮਝ ਨਹੀਂ ਆਉਣੀ।

ਸਰਦਾਰ ਅਜਾਇਬ ਸਿੰਘ ਸੰਧੂ : ਸਰਦਾਰ ਉਮਰਾਓ ਸਿੰਘ ਮੰਨਣ ਲਗੇ ਹਨ।

ਕੈਪਟਨ ਰਤਨ ਸਿੰਘ : ਰਿਕਾਰਡ ਨੂੰ ਰੈਫਰ ਕੀਤਾ ਜਾਵੇ। ਡਾਂਗ ਸਾਹਿਬ ਹਾਊਸ ਨੂੰ ਕਹਿ ਗਏ ਹਨ, ਫਿਰ ਹੁਣ ਹੀ ਮੁਕਰ ਗਏ ਹਨ।

ਮਾਲ ਅਤੇ ਚੋਣ ਮੰਤਰੀ (ਸਰਦਾਰ ਉਮਰਾਓ ਸਿੰਘ) : ਡਿਪਟੀ ਸਪੀਕਰ ਸਾਹਿਬ,ਪਹਿਲੇ ਤ ਡਾਂਗ ਸਾਹਿਬ ਨੂੰ ਜਿਹੜਾ ਪਰੋਸੀਜਰ ਹੈ ਉਸ ਦਾ ਹੀ ਪਤਾ ਨਹੀਂ ਹੈ। ਇਨ੍ਹਾਂ ਦੀ ਜਿਹੜੀ ਅਮੈਂਡਮੈਂਟ ਹੈ ਉਹ ਇਕ ਨਵੀਂ ਕਲਾਜ਼ ਹੈ। ਜਿਨਾਂ ਚਿਰ ਤੱਕ ਹਾਊਸ ਇਸ ਦੀ ਲੀਵ ਨਹੀਂ ਦਿੰਦਾ ਇਹ ਮੂਵ ਵੀ ਨਹੀਂ ਹੋ ਸਕਦੀ। ਇਸ ਤਰ੍ਹਾਂ ਆਪ ਹੀ ਹਾਊਸ ਤੇ ਐਸਪਰਸ਼ਨ ਕਰ ਰਹੇ ਹਨ। (ਸ਼ੋਰ)।

ਸ਼੍ਰੀ ਡਿਪਟੀ ਸਪੀਕਰ : ਜੇ ਇਨ੍ਹਾਂ ਨੇ ਕਿਹਾ ਹੈ ਤਾਂ ਇਨ੍ਹਾਂ ਨੇ ਹੁਣ ਕਹਿ ਦਿੱਤਾ ਹੈ ਕਿ ਮੈਂ ਇਹ ਨਹੀਂ ਕਿਹਾ। (ਸ਼ੋਰ) (If he said so earlier, then he has now stated that he did not do so.)

*Expunged as ordered by the Chair.

Original with;
Punjab Vidhan Sabha
Digitized by;
Panjab Digitization Project

ਮਾਲ ਅਤੇ ਚੋਣ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਹ ਕਹਿ ਕੇ ਵੀ ਕਹਿ ਰਹੇ ਹਨ ਕਿ ਮੈਂ ਇਹ ਨਹੀਂ ਕਿਹਾ । ਇਹ ਹਾਊਸ ਦੀ ਬੜੀ ਵਡੀ ਤੌਹੀਨ ਹੈ । ਅਗਰ ਇਹ ਪਰੀਵਿਲੇਜ ਨਹੀਂ ਬਣਦਾ ਤਾਂ ਇਸ ਤੋਂ ਵੱਡਾ ਹੋਰ ਕੋਈ ਪਰੀਵਿਲੇਜ ਨਹੀਂ ਬਣ ਸਕਦਾ ਅਤੇ ਨਾ ਹੀ ਇਸ ਤੋਂ ਜ਼ਿਆਦਾ ਹੋਰ ਕੋਈ ਤੌਹੀਨ ਹੋ ਸਕਦੀ ਹੈ । ਇਹ ਪਰੋਸੀਜਰ ਗਲਤ ਹੈ । ਇਹ ਰੀਕਾਰਡ ਕੱਢਵਾ ਕੇ ਵੇਖ ਲਵੋ ਇਹ ਪਰੀਵਿਲੇਜ ਜ਼ਰੂਰ ਬਣਦਾ ਹੈ । (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ ਤੁਸੀਂ ਵੀ ਵੇਖਿਆ ਹੈ ਅਤੇ ਮੈਂ ਵੀ ਵੇਖਿਆ ਹੈ ਕਿ ਇਹ ਕਾਂਜੀ ਘੋਲਣ ਦੇ ਆਦੀ ਹਨ । (ਸ਼ੋਰ)

ਮਾਲ ਅਤੇ ਚੋਣ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਹ ਤਾਂ ਮਿਟੀ ਅਤੇ ਸੁਆਹ ਘੋਲਣ ਦੇ ਆਦੀ ਹਨ ਮੈਂ ਤਾਂ ਕਾਂਜੀ ਹੀ ਘੋਲਦਾ ਹਾਂ ।(ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਕਾਂਜੀ ਘੋਲਣਾ ਤਾਂ ਮੁਹਾਵਰਾ ਹੈ ਪਰ ਮਿੱਟੀ ਅਤੇ ਸੁਆਹ ਘੋਲਣਾ ਵੀ ਕੀ ਮੁਹਾਵਰਾ ਹੁੰਦਾ ਹੈ ? ਮੈਂ ਦਾਦ ਦਿੰਦਾ ਹਾਂ ਜਿਨ੍ਹਾਂ ਨੇ ਕਿ ਇਹੋ ਜਿਹੇ ਨੂੰ ਮਨਿਸਟਰ ਲਾਇਆ ਹੈ । (ਸ਼ੋਰ)

ਸ਼੍ਰੀ ਡਿਪਟੀ ਸਪੀਕਰ : ਤੁਸੀਂ ਪੁਆਇੰਟ ਆਫ ਆਰਡਰ ਰੇਜ਼ ਕਰੋ । (Please state your point of order.)

ਸਰਦਾਰ ਅਜਾਇਬ ਸਿੰਘ ਸੰਧੂ : * * *

ਸ਼੍ਰੀ ਡਿਪਟੀ ਸਪੀਕਰ : ਤੁਸੀਂ ਕਿਹੜੇ ਰੂਲ ਦੇ ਤਹਿਤ ਵਕਾਲਤ ਕਰ ਰਹੇ ਓ ? (ਸ਼ੋਰ) ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਤੁਸੀਂ ਤਸ਼ਰੀਫ ਰਖੋ । ਅਸੀਂ ਇਸ ਨੂੰ ਟਾਲੇ ਰੱਖ ਛਡਦੇ ਹਾਂ । (Under which rule are you advocating his case ? This is not a point of order. Please resume your seat. We may take up this issue later on.)

ਕਾਮਰੇਡ ਸੱਤ ਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਕਈ ਮੈਂਬਰਾਂ ਨੂੰ ਹਾਊਸ ਵਿਚ ਪੰਜਾਬੀ ਵਿਚ ਟ੍ਰਾਂਸਲੇਸ਼ਨ ਕੀਤੀਆਂ ਹੋਈਆਂ ਕਾਪੀਆਂ ਨਹੀਂ ਮਿਲੀਆਂ ਇਸ ਵਾਸਤੇ ਮੈਂ ਇਸ ਅਮੈਂਡਮੈਂਟ ਨੂੰ ਪੰਜਾਬੀ ਵਿਚ ਪੜ੍ਹ ਦਿੰਦਾ ਹਾਂ ..... (ਸ਼ੋਰ)

ਆਬਕਾਰੀ ਤੇ ਕਰ ਮੰਤਰੀ : ਡਿਪਟੀ ਸਪੀਕਰ ਸਾਹਿਬ, ਅੱਗੇ ਵੀ ਇਕ ਮੌਸ਼ਨ ਪਰੀਵਿਲੇਜ ਕਮੇਟੀ ਕੋਲ ਪੈਂਡਿੰਗ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਿਸੇ ਤਰ੍ਹਾਂ ਨਾਲ ਵੀ ਹਾਊਸ ਦੇ ਡੈਕੋਰਮ ਦੀ ਤੌਹੀਨ ਨਹੀਂ ਹੋਣੀ ਚਾਹੀਦੀ, ਹਾਊਸ ਦਾ ਡੈਕੋਰਮ ਕਾਇਮ ਰਹਿਣਾ ਚਾਹੀਦਾ ਹੈ । ਇਥੇ ਇਹ ਕਹਿ ਦੇਣਾ ਕਿ * * ਇਸ ਤੋਂ ਵੱਧ ਹੋਰ ਕੀ ਹਾਊਸ ਦੀ ਤੌਹੀਨ ਹੋ ਸਕਦੀ ਹੈ, ਇਹ ਹਾਊਸ ਦੀ ਬਹੁਤ ਵੱਡੀ ਤੌਹੀਨ ਹੈ । (ਸ਼ੋਰ)

(ਕਈ ਆਵਾਜ਼ਾਂ : ਇਹ ਗਲਤ ਹੈ)

(ਇਸ ਵੇਲੇ ਕਈ ਆਪੋਜ਼ੀਸ਼ਨ ਦੇ ਮੈਂਬਰ ਬੈਠੇ ਬੈਠੇ ਬੋਲਣ-ਲਗ ਪਏ * *।)

---

*Expunged not recorded as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ : ਜੋ ਕੁਝ ਇਹ ਮੈਂਬਰ ਬੈਠੇ ਹੋਏ ਬਗੈਰ ਪਰਮਿਸ਼ਨ ਤੋਂ ਕਹਿ ਰਹੇ ਹਨ ਇਹ ਰੀਕਾਰਡ ਨਾ ਕੀਤਾ ਜਾਵੇ। (Whatever the hon. Members are saying without permission should not be recorded.)

ਆਬਕਾਰੀ ਤੇ ਕਰ ਮੰਤਰੀ : ਅਗਰ ਹਾਊਸ ਦੇ ਮੈ ਬਰ ਇਸ ਚੀਜ਼ ਨੂੰ ਆਪਣੀ ਬੇਇਜ਼ਤੀ ਨਹੀਂ ਸਮਝਦੇ ਜਾਂ ਆਪਣੀ ਬੇਇਜ਼ਤੀ ਬਰਦਾਸ਼ਤ ਕਰਨਾ ਚਾਹੁੰਦੇ ਹਨ ਤਾਂ ਮੈਨੂੰ ਕੋਈ ਇਤਰਾਜ਼ ਨਹੀਂ। ਮੈਂ ਤਾਂ ਇਹ ਕਹਾਂਗਾ ਕਿ ਡਾਂਗ ਸਾਹਿਬ ਨੂੰ ਇਹ ਲਫਜ਼ ਬੜੇ ਪਿਆਰ ਨਾਲ ਵਾਪਿਸ ਲੈ ਲੈਣੇ ਚਾਹੀਦੇ ਹਨ।

ਸਰਦਾਰ ਸਤਨਾਮ ਸਿੰਘ ਬਾਜਵਾ : ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਹਾਊਸ ਨੂੰ ਇਹ ਗੱਲ ਨਹੀਂ ਕਹੀ। ਜੋ ਕੁਝ ਉਨ੍ਹਾਂ ਨੇ ਕਿਹਾ ਹੈ ਉਨ੍ਹਾਂ ਦੇ ਨਾਲ ਚੌਧਰੀ ਸੁੰਦਰ ਸਿੰਘ ਜੀ ਬੈਠੇ ਹਨ ਉਨ੍ਹਾਂ ਕੋਲੋਂ ਜ਼ਰੂਰ ਪੁੱਛ ਲੈਣਾ ਚਾਹੀਦਾ ਹੈ। (ਸ਼ੋਰ)

ਚੌਧਰੀ ਦਰਸ਼ਨ ਸਿੰਘ : ਪੁਆਇੰਟ ਆਫ ਆਰਡਰ ਸਰ। ਡਿਪਟੀ ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਜੋ ਇਹ ਫਿਕਰਾ ਕਿਹਾ ਹੈ ਕਿ * * * * (ਵਿਘਨ)

ਆਵਾਜ਼ਾਂ : ਇਹ ਗਲਤ ਹੈ।

ਚੌਧਰੀ ਦਰਸ਼ਨ ਸਿੰਘ : House means all members sitting in the House. ਚਾਹੇ ਉਹ ਆਪੋਜੀਸ਼ਨ ਦੇ ਹਨ, ਚਾਹੇ ਉਹ ਸੀ. ਪੀ. ਆਈ. ਦੇ ਹਨ, ਚਾਹੇ ਉਹ ਕਾਂਗਰਸ ਦੇ ਹਨ। ਮੈਂ ਸਮਝਦਾ ਹਾਂ ਕਿ ਇਸ ਆਗਸਟ ਹਾਊਸ ਦੀ ਇਜ਼ਤ ਨੂੰ ਬਰਕਰਾਰ ਰੱਖਣ ਲਈ ਇਹ ਪਰੀਵਿਲੇਜ਼ ਬਣਦਾ ਹੈ ਅਤੇ ਜ਼ਰੂਰ ਮੂਵ ਹੋਣਾ ਚਾਹੀਦਾ ਹੈ, ਦੂਜਾ ਜਿਹੜਾ ਇਨ੍ਹਾਂ ਨੇ ਡੀਨਾਈ ਕੀਤਾ ਹੈ, this is a mis-statement before the House and it also amounts to breach of privilege. Mis-statement in the House is also breach of privilege. Thirdly, one Privilege Motion on this point is already pending before the Committee of Privileges, and if this sentence is quoted there, then the whole case would be spoiled. So either these words should be expunged or he should withdraw them.

ਡਾਕਟਰ ਬਲਦੇਵ ਪ੍ਰਕਾਸ਼ : ਡਿਪਟੀ ਸਪੀਕਰ ਸਾਹਿਬ, ਚੌਧਰੀ ਸਾਹਿਬ ਬਿਲਕੁਲ ਇਨ੍ਹਾਂ ਦੇ ਨਾਲ ਬੈਠੇ ਹਨ ਉਨ੍ਹਾਂ ਦੀ ਰਾਏ ਤਾਂ ਜ਼ਰੂਰ ਲੈ ਲੈਣੀ ਚਾਹੀਦੀ ਹੈ.....

ਸਰਦਾਰ ਪ੍ਰਿਥੀਪਾਲ ਸਿੰਘ : * * *

ਸ਼੍ਰੀ ਡਿਪਟੀ ਸਪੀਕਰ : ਇਹ ਰੀਕਾਰਡ ਨਾ ਕੀਤਾ ਜਾਵੇ। (It should not be recorded.)

Chaudhri Darshan Singh :Mr. Deputy Speaker, before proceeding further the Chair should give ruling whether this sentence should go to the Press or not?

Mr Deputy Speaker : It should not go to the Press.

ਆਵਾਜ਼ਾਂ : ਇਹ ਵਿਦਡਰਾ ਹੋਣਾ ਚਾਹੀਦਾ ਹੈ।

*Expunged not recordered as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ : ਮੈਂ ਹਾਊਸ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ ਦਾ ਫੈਸਲਾ ਬਾਦ ਵਿਚ ਕਰ ਲਿਆ ਜਾਵੇਗਾ । ਸਾਰੇ ਫੈਕਟਸ ਆ ਗਏ ਹਨ ਰੀਕਾਰਡ ਵੀ ਵੇਖ ਲਿਆ ਜਾਵੇਗਾ । (Decision on this issue will be taken later on. All the facts have come and the record will also be consulted.)

ਕਾਮਰੇਡ ਸੱਤ ਪਾਲ ਡਾਂਗ : ** **

Mr. Deputy Speaker : This is no point of order.

Comrade Satya Pal Dang : ** **

ਸ਼੍ਰੀ ਡਿਪਟੀ ਸਪੀਕਰ : ਜੋ ਕੁਝ ਵੀ ਆਨਰੇਬਲ ਮੈਂਬਰ ਕਹਿ ਰਹੇ ਹਨ ਚੇਅਰ ਦੀ ਇਜਾਜ਼ਤ ਤੋਂ ਬਗੈਰ, ਉਹ ਰੀਕਾਰਡ ਨਾ ਕੀਤਾ ਜਾਵੇ । (ਸ਼ੋਰ) । Please sit down. (Whatever is being said by the hon. Member without the permission of the Chair, should not be recorded (*noise*) Please sit down.)

Mr. Deputy Speaker : Motion moved—

That leave be granted to move the following new Clause :—

"That after Clauses 7, add the following new Clause and the existing clauses be re-numbered accordingly :—

"8. (a) Any one who dismisses or removes or reduces in rank or retrenches a teacher or a non-teaching employee without prior approval of the Director will be liable to be fined up to Rs. 10,000 subject to a minimum of Rs. 1,000.

(b) Any teacher or non-teaching employee who is dismissed or is removed from service or is retrenched or is reduced in rank will have the right to appeal to the Director who shall order his re-instatement and may also direct payment of the salary and other amounts due to such a teacher or non-teaching employee directly to him out of the grant due to affiliated College."

Mr. Deputy Speaker : Question is—

That leave be granted to move the following new Clause :—

"That after Clause 7, *add* the following new clause and the existing clauses be re-numbered accordingly :—

"8. (a) Any one who dismisses or removes or reduces in rank or retrenches a teacher or a non-teaching employee without the prior approval of the Director will be liable to be fined up to Rs. 10,000 subject to a minimum of Rs. 1,000.

(b) Any teacher or non-teaching employee who is dismissed or is removed from service or is retrenched or is reduced in rank will have the right to appeal to the Director who shall order his re-instatement and may also direct payment of the salary and other amounts due to such a teacher or non-teaching employee directly to him out of the grant due to affiliated college."

The Motion was lost.

---

*Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

CLAUSE 8

Mr. Deputy Speaker : Question is—

That Clause 8 stand part of the Bill.

The motion was carried.

CLAUSE 9

Mr. Deputy Speaker : Question is—

That Clause 9 stand part of the Bill.

The Motion was carried.

CLAUSE 10

Mr. Deputy Speaker : Question is—

That Clause 10 stand part of the Bill.

The Motion was carried.

CLAUSE 11

Mr. Deputy Speaker : Question is—

That Clause 11 stand part of the Bill.

The Motion was carried.

CLAUSE 12

Mr. Deputy Speaker : Question is—

That Clause 12 stand part of the Bill.

The Motion was carried.

SUB-CLAUSE (1) OF CLAUSE 1

Mr. Deputy Speaker : Question is—

That Sub-clause (1) of Clause 1 stand part of the Bill.

The Motion was carried.

TITLE

Mr. Deputy Speaker : Question is—

That Title be the Title of the Bill.

The Motion was carried.

Minister for Education (Shri Gurmail Singh) : Sir, I beg to move—

That the Punjab Affiliated Colleges (Security of Service of Teachers) Bill, 1974 be passed.

Original with;
Punjab Vidhan Sabha
Digitized by;
Punjab Digital Library

Mr. Deputy Speaker : Motion moved—

That the Punjab Affiliated Colleges (Security of Service of Teachers) Bill, 1974 be passed.

ਸਰਦਾਰ ਅਜਾਇਬ ਸਿੰਘ ਸੰਧੂ (ਮੁਰਿੰਡਾ ਐਸ. ਸੀ.) : ਮੈਂ ਤਾਂ ਇਕ ਗੱਲ ਦੀ ਅਸ਼ੋਰੈਂਸ ਚਾਹੁੰਦਾ ਹਾਂ ਕਿ ਸਰਕਾਰ ਨੇ ਕਿਹਾ ਸੀ ਕਿ ਛੇਤੀ ਦੇ ਵਿਚ ਕੁਝ ਤਰੁਟੀਆਂ ਰਹਿ ਗਈਆਂ ਹਨ, ਮੈਂ ਵੀ ਇਹੋ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਇਤਨੀ ਛੇਤੀ ਨਹੀਂ ਕਰਨੀ ਚਾਹੀਦੀ ਇਸ ਤੇ ਪਹਿਲਾਂ ਪੂਰੀ ਤਰ੍ਹਾਂ ਤਸੱਲੀ ਕਰਕੇ ਫੇਰ ਲਿਆਉਣਾ ਚਾਹੀਦਾ ਸੀ ।

ਇਕ ਗੱਲ ਮੈਂ ਹੋਰ ਅਰਜ਼ ਕਰਾਂ ਕਿ ਆਇਆ ਉਨ੍ਹਾਂ ਦੀ ਇਸ ਦੇ ਨਾਲ ਪੂਰੀ ਤਸੱਲੀ ਹੋ ਵੀ ਗਈ ਹੈ ? ਜੇ ਨਹੀਂ ਤਾਂ ਉਨ੍ਹਾਂ ਨੂੰ, ਟੀਚਰਜ਼ ਨੂੰ ਮੁੜ ਬੁਲਾਕੇ ਉਨ੍ਹਾਂ ਨਾਲ ਫੇਰ ਮੀਟਿੰਗ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਸੰਤੁਸ਼ਟ ਕਰਨਾ ਚਾਹੀਦਾ ਹੈ ਇਨ੍ਹਾਂ ਲਫਜ਼ਾਂ ਦੇ ਨਾਲ ਮੈਂ ਉਨ੍ਹਾਂ ਨੂੰ ਵਧਾਈ ਦੇਂਦਾ ਹਾਂ ।

ਕਾਮਰੇਡ ਸੱਤ ਪਾਲ ਡਾਂਗ : (ਅੰਮ੍ਰਿਤਸਰ ਪੱਛਮ) ਜਿਥੋਂ ਤੱਕ ਇਸ ਬਿੱਲ ਦਾ ਸਵਾਲ ਹੈ ਮੈਂ ਸਮਝਦਾ ਹਾਂ ਕਿ ਇਹ ਬਹੁਤ ਚੰਗਾ ਹੈ, ਜੇਕਰ ਅਸੀਂ ਇਸ ਨੂੰ ਯੂਨਾਨੀਮਸਲੀ ਪਾਸ ਕਰ ਦੇਈਏ ਤਾਂ ਇਸ ਦੇ ਵਿਚ ਕੋਈ ਹਰਜ ਨਹੀਂ ਪਰ ਇਸ ਦੇ ਵਿਚ ਕੁਝ ਗੱਲਾਂ ਮਿਸਲੀਡਿੰਗ ਹਨ । ਸਰਕਾਰ ਨੂੰ ਉਨ੍ਹਾਂ ਦੀ ਦਰੁਸਤੀ ਵਲ ਧਿਆਨ ਦੇਣਾ ਚਾਹੀਦਾ ਹੈ। ਭਾਵੇਂ ਇਸ ਦੇ ਵਿਚ ਕਈ ਪੈਨਲਟੀ ਕਲਾਜ਼ਾਂ ਹਨ, ਪਰ ਇਸ ਦੇ ਨਾਲ ਕੋਈ ਫਰਕ ਨਹੀਂ ਪੈਂਦਾ । ਇਕ ਟੀਚਰ ਨੂੰ ਉਸ ਵਕਤ ਤੱਕ ਡਿਸਮਿਸ ਜਾਂ ਪੀਨੇਲਾਈਜ਼ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਕਿ ਡਾਇਰੈਕਟਰ ਤੋਂ ਅਪਰੂਵਲ ਨਾ ਹੋਵੇ । ਅਪਰੂਵਲ ਦਾ ਇਕ ਲੰਬਾ ਪ੍ਰੋਸੀਜਰ ਹੈ ਇਸ ਨੂੰ ਸੰਖੇਪ ਕਰਨਾ ਚਾਹੀਦਾ ਹੈ । ਰੂਲਜ਼ ਦੇ ਵਿਚ ਇਹ ਕਿਤੇ ਪਰੋਵਾਈਡ ਨਹੀਂ ਕੀਤਾ ਗਿਆ ਕਿ ਜਿਹੜਾ ਵੀ ਕੋਈ ਇਲੀਗਲ ਗਲ ਕਰੇ ਜਾਂ ਜੇ ਕੋਈ ਵਿਕਟੇਮਾਈਜ਼ੇਸ਼ਨ ਦਾ ਸ਼ਿਕਾਰ ਹੋਵੇ ਤਾਂ ਉਹ ਕਿਸੇ ਰੂਲ ਦੇ ਤਹਿਤ ਆਪਣਾ ਕੇਸ ਪਲੀਡ ਕਰ ਸਕੇ । ਉਹ ਆਪਣੀ ਅਰਜ਼ੀ ਕਿਸੇ ਕੋਰਟ ਦੇ ਵਿਚ ਲੈ ਜਾ ਸਕੇ । ਇਸ ਲਈ ਮੈਂ ਆਪਦੇ ਰਾਹੀਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਬਿੱਲ ਤਾਂ ਭਾਵੇਂ ਅੱਜ ਹੀ ਪਾਸ ਹੋ ਜਾਵੇਗਾ , ਪਰ ਉਨ੍ਹਾਂ ਨੂੰ ਇਸ ਦੇ ਵਿਚ ਬੜੇ ਸੀਰੀਅਸ ਲੈਕੂਨਾਜ਼ ਹਨ ਉਨ੍ਹਾਂ ਨੂੰ ਦੂਰ ਕਰਨ ਦਾ ਕੋਈ ਜਲਦੀ ਯਤਨ ਕਰਨਾ ਚਾਹੀਦਾ ਹੈ ।

ਸ਼੍ਰੀ ਡਿਪਟੀ ਸਪੀਕਰ : ਇਸ ਦੇ ਬਾਰੇ ਇਸ ਦੇ ਵਿਚ ਕਲਾਜ਼ 10 ਕਲੀਅਰ ਹੈ । (Clause 10 of the Bill is already clear there.)

ਸ਼੍ਰੀ ਪ੍ਰੇਮ ਗੁਪਤਾ (ਪਟਿਆਲਾ) : ਕਾਲਜਾਂ ਵਿਚ ਕੰਮ ਕਰ ਰਹੇ ਅਧਿਆਪਕਾਂ ਨੂੰ ਸ਼ੋਅਰਟੀ ਦੇਣ ਵਾਸਤੇ ਪੰਜਾਬ ਸਰਕਾਰ ਨੇ ਇਹ ਬਿੱਲ ਲਿਆਂਦਾ ਹੈ, ਇਤਨੀ ਦੇਰ ਦੇ ਬਾਅਦ ਇਸ ਸਰਕਾਰ ਨੇ ਇਹ ਬਿੱਲ ਲਿਆਂਦਾ ਹੈ, ਇਸ ਦੇ ਲਈ ਸਾਨੂੰ ਮੌਜੂਦਾ ਸਰਕਾਰ ਦੀ ਸਰਾਹਨਾ ਕਰਨੀ ਚਾਹੀਦੀ ਹੈ । ਹੁਣ ਤੱਕ ਪਰਾਈਵੇਟ ਕਾਲਜਾਂ ਦਾ ਸਟਾਫ ਮਨੇਜਮੈਂਟ ਦੇ ਰਹਿਮ ਤੇ ਹੁੰਦਾ ਸੀ । ਮੌਜੂਦਾ ਸਰਕਾਰ ਦੇ ਮੰਤਰੀਆਂ ਨੇ ਸਰਕਾਰੀ ਅਫ਼ਸਰਾਂ ਨੇ ਵਖੋ ਵਖ ਮੈਨੇਜਮੈਂਟ ਨਾਲ ਮੀਟਿੰਗਾਂ ਕਰਕੇ ਰਸਤਾ ਲਭਣ ਦੀ ਕੋਸ਼ਿਸ਼ ਕੀਤੀ ਅਤੇ ਉਸ ਦੇ ਨਤੀਜੇ ਵਜੋਂ ਅੱਜ ਇਹ ਬਿੱਲ ਹਾਊਸ ਦੇ ਸਾਹਮਣੇ ਆਇਆ ਹੈ । ਅਜ ਤੱਕ ਇਹ ਸਮਝਿਆ ਜਾਂਦਾ ਸੀ ਕਿ ਜਿਹੜੇ ਕਾਲਜਿਜ਼ ਯੂਨੀਵਰਸਿਟੀਜ਼ ਦੇ ਨਾਲ ਐਫਿਲੀ—ਏਟਿਡ ਹਨ ਉਨ੍ਹਾਂ ਦੀ ਮੁਕੰਮਲ ਪਰੋਟੈਕਸ਼ਨ ਦੇਣ ਦੀ ਜ਼ਿਮੇਂਵਾਰੀ ਯੂਨੀਵਰਸਿਟੀ ਦੇ ਰੂਲਜ਼ ਐਂਡ ਰੈਗੂਲੇਸ਼ਨਜ਼ ਦੀ ਹੈ । ਪਰ ਹੁਣ ਤੱਕ ਦੇ ਤਜਰਬੇ ਨੇ ਇਹ ਸਿੱਧ ਕੀਤਾ ਹੈ ਕਿ ਇਨ੍ਹਾਂ ਰੂਲਜ਼ ਰਾਹੀਂ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਪ੍ਰੇਮ ਗੁਪਤਾ]

ਸਟਾਫ ਦੀ ਕੋਈ ਸੇਫਟੀ ਨਹੀਂ । ਸਟਾਫ ਨੂੰ ਬਚਾਉਣ ਵਾਸਤੇ ਸਰਕਾਰ ਨੂੰ ਇਹ ਬਿੱਲ ਲਿਆਉਣਾ ਪਿਆ । ਇਸ ਤੋਂ ਪਹਿਲਾਂ 1969 ਵਿੱਚ ਵੀ ਪੰਜਾਬ ਦੇ ਐਜੂਕੇਸ਼ਨ ਡੀਪਾਰਟਮੈਂਟ ਰਾਹੀਂ ਸਕੂਲਾਂ ਅਤੇ ਕਾਲਜਾਂ ਦੇ ਵਾਸਤੇ ਸਰਟਨ ਐਡਮਨਿਸਟਰੇਟਿਵ ਰੂਲਜ਼ ਬਣਾਏ ਸਨ, ਇਸ ਰਾਹੀਂ ਟੀਚਰਜ਼ ਨੂੰ ਜੋ ਫਸਿਲਟੀਜ਼ ਮਿਲਣੀਆਂ ਚਾਹੀਦੀਆਂ ਸਨ ਉਹ ਨਹੀਂ ਮਿਲੀਆਂ । ਸਰਕਾਰ ਨੂੰ ਮੈਂ ਇਹ ਰਿਕੁਐਸਟ ਕਰਾਗਾਂ ਕਿ ਇਨ੍ਹਾਂ ਰੂਲਜ਼ ਦੇ ਵਿਚ ਕਲੈਰਟੀ ਲਿਆਉਣ ਵਾਸਤੇ ਅਰਲੀ ਸਟੈਪਸ ਉਠਾਉਣੇ ਚਾਹੀਦੇ ਹਨ ਅਤੇ ਇਸ ਦੇ ਲਈ ਅਦਬੀ ਅਦਾਰਿਆਂ ਦੀ ਸਲਾਹ ਲੈਣੀ ਚਾਹੀਦੀ ਹੈ ।

ਮੈਨੂੰ ਉਮੀਦ ਹੈ ਕਿ ਜਿਸ ਮੰਤਵ ਨਾਲ ਪੰਜਾਬ ਸਰਕਾਰ ਨੇ ਇਹ ਬਿੱਲ ਲਿਆਂਦਾ ਹੈ ਇਹ ਬੋਲਡ ਕਦਮ ਚੁਕਿਆ ਹੈ । ਇਸ ਦੇ ਨਾਲ ਹੀ ਇਹ ਰੂਲਜ਼ ਇਫੈਕਟਿਵ ਬਨਣਗੇ । ਕੋਈ ਵੀ ਪਰਾਈਵੇਟ ਕਾਲਜ ਜੋ ਮੈਨੇਜਮੈਂਟਸ ਤੋਂ ਇਲ-ਲੀਗਲ ਟਰਮੀਨੇਸ਼ਨਾਂ ਹੁੰਦੀਆਂ ਹਨ, ਜਦੋਂ ਟੀਚਰਜ਼ ਨੂੰ ਹਰਾਸਮੈਂਟ ਕੀਤੀ ਜਾਂਦੀ ਹੈ, ਜੋ ਅੱਜ ਤੱਕ ਪਰੋਟੈਕਸ਼ਨ ਨਹੀਂ ਮਿਲੀ, ਪੰਜਾਬ ਸਰਕਾਰ ਨੇ ਇਸ ਵੱਲ ਮੂਵ ਕੀਤਾ ਹੈ ਤਾਂ ਕਿ ਉਨ੍ਹਾਂ ਨੂੰ ਪਰੋਟੈਕਸ਼ਨ ਪਰੋਵਾਈਡ ਕਰ ਸਕੇ । ਇਸ ਲਈ ਮੈਂ ਪੰਜਾਬ ਸਰਕਾਰ ਦੇ ਬੋਲਡ ਕਦਮ ਦੀ ਸ਼ਲਾਘਾ ਕਰਦਾ ਹਾਂ ।

Mr. Deputy Speaker : Question is—

That the Punjab Affiliated Colleges (Security of Service of Teachers) Bill, 1974 be passed.

The Motion was carried.

ਸਰਦਾਰ ਅਜਾਇਬ ਸਿੰਘ ਸੰਧੂ : ਇਹ ਕਹੋ ਕਿ ਬਿੱਲ ਇਜ਼ ਯੂਨੈਨੇਮਸਲੀ ਪਾਸਡ ।(ਵਿਘਨ)

Mr. Deputy Speaker : The Bill is passed unanimously without any objection.

ਸਰਦਾਰ ਕਿਰਪਾਲ ਸਿੰਘ ਰੰਧਾਵਾ : ਆਨ ਏ ਪੁਆਇੰਟ ਆਫ ਆਰਡਰ, ਸਰ । ਇਸ ਬਿੱਲ ਉਤੇ ਅਮੈਂਡਮੈਟਸ ਪੇਸ਼ ਹੋਈਆਂ ਸਨ । ਉਸ ਉਤੇ ਡਿਵੀਜ਼ਨ ਹੋਈ ਸੀ । ਇਸ ਲਈ ਇਹ ਕਹਿਣਾ ਕਿ ਇਹ ਯੂਨੈਨੇਮਸਲੀ ਪਾਸ ਹੋਇਆ ਹੈ ਇਹ ਠੀਕ ਨਹੀਂ (ਵਿਘਨ)

Mr. Deputy Speaker : Ultimately it has been passed.

ਸਰਦਾਰ ਅਜਾਇਬ ਸਿੰਘ ਸੰਧੂ : * * * * *

Mr. Deputy Speaker : This is no point of order

THE PUNJAB LAND REVENUE (AMENDMENT) BILL, 1974

Revenue and Elections Minister (Sardar Umrao Singh) : Sir, I beg to introduce the Punjab Land Revenue (Amendment) Bill, 1974. Sir, I also beg to move—

That the Punjab Land Revenue (Amendment) Bill, be taken into consideration at once.

Mr. Deputy Speaker : Motion moved—

That the Punjab Land Revenue (Amendment) Bill, be taken into consideration at once.

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਪ੍ਰਹਿਲਾਦ ਸਿੰਘ (ਸਮਰਾਲਾ) : ਮੈਂ ਦੀ ਪੰਜਾਬ ਲੈਂਡ ਰੈਵੇਨੀਊ (ਅਮੈਂਡਮੈਂਟ) ਬਿੱਲ, 1974 ਤੇ ਆਪਣੇ ਵਿਚਾਰ ਰੱਖਾਂਗਾ । ਡਿਪਟੀ ਸਪੀਕਰ ਸਾਹਿਬ, ਸਭ ਤੋਂ ਵਡੀ ਗੱਲ ਇਹ ਹੈ ਕਿ ਬਦਕਿਸਮਤੀ ਹੈ ਪੰਜਾਬ ਦੀ (ਵਿਘਨ) ਜਦੋਂ ਤੋਂ ਕਾਂਗਰਸ ਸਰਕਾਰ ਆਈ ਹੈ (ਵਿਘਨ) ਜੇ ਇਹ ਇੰਟ੍ਰਪਸ਼ਨ ਕਰਨਗੇ ਤਾਂ ਫੇਰ ਇਨ੍ਹਾਂ ਦੀ ਵਾਰੀ ਅਸੀਂ ਵੀ ਇਸ ਤਰ੍ਹਾਂ ਹੀ ਕਰਿਆ ਕਰਾਂਗੇ । ਸਭ ਤੋਂ ਵੱਡੀ ਗੱਲ ਇਹ ਹੈ ਕਿ ਪੰਜਾਬ ਦੇ ਜ਼ਿਮੀਂਦਾਰ ਅਤੇ ਕਿਸਾਨ ਨਾਲ ਧੱਕਾ ਹੁੰਦਾ ਚਲਿਆ ਆ ਰਿਹਾ ਹੈ । ਜਦੋਂ ਤੋਂ ਇਹ ਕਾਂਗਰਸ ਸਰਕਾਰ ਬਣੀ ਹੈ ਇਹ ਧੱਕਾ ਇਨ੍ਹਾਂ ਜ਼ਿਮੀਂਦਾਰਾਂ ਤੇ ਕਿਸਾਨਾਂ ਨਾਲ ਹੁੰਦਾ ਆ ਰਿਹਾ ਹੈ । (ਵਿਘਨ) ਜਦੋਂ ਤਾਂ ਪੰਜਾਬ ਦੇ ਕਿਸਾਨ ਨੂੰ ਕੁਝ ਦੇਣਾ ਹੁੰਦਾ ਹੈ ਉਦੋਂ ਤਾਂ ਇਹ ਸਰਕਾਰ ਪਿਛੇ ਹਟ ਜਾਂਦੀ ਹੈ ਅਤੇ ਜਦੋਂ ਪੰਜਾਬ ਦੇ ਕਿਸਾਨ ਤੋਂ ਕੁਝ ਲੈਣਾ ਹੁੰਦਾ ਹੈ ਤਾਂ ਇਹ ਸਰਕਾਰ ਅਗੇ ਹੋ ਜਾਂਦੀ ਹੈ । ਜਦੋਂ ਕਿਸਾਨ ਨੂੰ ਬਿਜਲੀ, ਖਾਦ ਦੇਣੀ ਹੁੰਦੀ ਹੈ ਤਾਂ ਤੇ ਇਹ ਸਰਕਾਰ ਭੱਜ ਜਾਂਦੀ ਹੈ ਅਤੇ ਆਬਿਆਨਾ ਲੈਣ ਵੇਲੇ ਜਾਂ ਬਿਜਲੀ ਦੇ ਟੈਕਸ ਵੇਲੇ ਇਹ ਦੋਵੇਂ ਹੀ ਇਸ ਸਰਕਾਰ ਨੇ ਦੁਗਣੇ ਰੇਟਸ ਕਰ ਦਿੱਤੇ ਹਨ । ਪੰਜਾਬ ਦੇ ਕਿਸਾਨ ਨੂੰ ਪੰਜ ਘੰਟੇ ਬਿਜਲੀ ਮਿਲ ਰਹੀ ਹੈ ਜਿਹੜੀ ਕਿ ਬੜੀ ਅਜੀਬ ਗੱਲ ਹੈ । ਪੰਜਾਬ ਦੇ ਕਿਸਾਨ ਤੇ ਆਬਿਆਨਾ ਵਧਾਇਆ ਹੈ। ਇਹਦੇ ਨਾਲ ਪੰਜਾਬ ਦੇ ਕਿਸਾਨ ਤੇ ਜਿਹੜਾ ਕਿ ਸਾਰੇ ਹਿੰਦੁਸਤਾਨ ਨੂੰ ਰੋਟੀ ਦੇਣ ਦੇ ਕਾਬਲ ਹੈ ਉਸ ਤੇ ਮਾਲੀਆ ਲਗਾ ਕੇ ਮਾੜਾ ਕੰਮ ਕੀਤਾ ਹੈ । ਇਥੇ ਹੀ ਨਹੀਂ, ਪੰਜਾਬ ਦੇ ਕਿਸਾਨਾਂ ਤੇ ਦਿਨ ਪ੍ਰਤੀ ਦਿਨ ਹੋਰ ਟੈਕਸ ਲਗਾਏ ਜਾਂਦੇ ਹਨ ਜਿਵੇਂ ਕਿ ਮਾਰਕਿਟ ਫੀਸ, ਕਰਾਪ ਸੈਸ ਆਦਿ । ਹਿੰਦੁਸਤਾਨ ਦੀ ਸਰਕਾਰ ਅੌਰ ਪੰਜਾਬ ਦੀ ਹੁਣ ਦੀ ਸਰਕਾਰ ਜਦ ਤੋਂ ਆਈ ਹੈ ਇਨ੍ਹਾਂ ਵਿਚਾਰੇ ਕਿਸਾਨਾਂ ਤੇ ਕੁਹਾੜਾ ਚਲਾਉਣਾ ਸ਼ੁਰੂ ਕਰ ਦਿੱਤਾ ਹੈ । ਪੰਜਾਬ ਦਾ ਕਿਸਾਨ ਸਮਝਦਾ ਹੈ ਕਿ ਆਖਿਰ ਨੂੰ ਇਸ ਚੀਜ਼ ਦਾ ਬਦਲਾ ਲੈਕੇ ਹੁਣ ਦੀ ਪੰਜਾਬ ਦੀ ਸਰਕਾਰ ਨੂੰ ਹਟਾਉਣਾ ਜ਼ਰੂਰੀ ਹੈ । ਪੰਜਾਬ ਦਾ ਕਿਸਾਨ, ਜ਼ਿਮੀਂਦਾਰ ਇਸ ਸਰਕਾਰ ਦੇ ਕੁਹਾੜੇ ਨੂੰ ਬਿਲਕੁਲ ਬਰਦਾਸ਼ਤ ਨਹੀਂ ਕਰੇਗਾ । ਦੂਜੀ ਗੱਲ ਇਹ ਹੈ ਕਿ ਇਸ ਐਕਟ ਵਿੱਚ (ਵਿਘਨ)

ਸ਼੍ਰੀ ਡਿਪਟੀ ਸਪੀਕਰ : ਆਨਰੇਬਲ ਮੈਂਬਰ ਸਾਹਿਬਾਨ ਨੂੰ ਬੈਠੇ ਬੈਠੇ ਨਹੀਂ ਬੋਲਣਾ ਚਾਹੀਦਾ ਹੈ । (The hon. Members should not speak while seated.)

ਚੌਧਰੀ ਜਗਤ ਰਾਮ : ਇਹ ਵੀ ਮਜ਼ੂਬੀ ਬੈਠੇ ਹਨ । ਇਹ ਵੀ ਉਨ੍ਹਾਂ ਦੇ ਭਰਾ ਬੈਠੇ ਹਨ । ਮੈਂ ਤਾਂ ਇਹ ਕਿਹਾ ਹੈ ।

ਸਰਦਾਰ ਪ੍ਰਹਿਲਾਦ ਸਿੰਘ : ਡਿਪਟੀ ਸਪੀਕਰ ਸਾਹਿਬ, ਲੈਂਡ ਰੈਵੇਨੀਊ ਵਿੱਚ ਜਿਹੜਾ ਵਾਧਾ ਕੀਤਾ ਗਿਆ ਹੈ, ਇਹ ਠੀਕ ਨਹੀਂ ਕੀਤਾ ਗਿਆ ਹੈ । ਇਹ ਵੱਧ ਨਹੀਂ ਕਰਨਾ ਚਾਹੀਦਾ ਸੀ ਅਤੇ ਇਸ ਦੇ ਮੁਕਾਬਲੇ ਪੰਜਾਬ ਦੇ ਕਿਸਾਨ ਨੂੰ ਰਾਹਤ ਦੇਣੀ ਚਾਹੀਦੀ ਸੀ । (ਵਿਘਨ) ਇਹ ਟੈਕਸ ਤੁਹਾਡੀ ਸਰਕਾਰ ਨੇ ਜ਼ਰੂਰ ਲਗਾਉਣੇ ਹਨ । ਪਰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਤੁਹਾਨੂੰ ਵੀ ਲੋਕ ਜ਼ਰੂਰ ਹਟਾਉਣਗੇ। ਜੇ ਇਸ ਤਰ੍ਹਾਂ ਪੰਜਾਬ ਦੇ ਕਿਸਾਨ ਤੇ ਟੈਕਸ ਲਗਦੇ ਚਲੇ ਗਏ ਤਾਂ ਪੰਜਾਬ ਦਾ ਕਿਸਾਨ ਇਸ ਨੂੰ ਬਰਦਾਸ਼ਤ ਨਹੀਂ ਕਰ ਸਕੇਗਾ ਅਤੇ ਆਉਣ ਵਾਲੀ ਸਰਕਾਰ ਜੋ ਵੀ ਹੁਣ ਦੀ ਸਰਕਾਰ ਅਜਿਹੇ ਟੈਕਸ ਲਗਾਏਗੀ ਉਹ ਹਟਾਏਗੀ । (ਵਿਘਨ) ਅਸੀਂ ਬਿਲਕੁਲ ਇਹ ਟੈਕਸਾਂ ਨੂੰ ਹਟਾਕੇ ਰਹਾਂਗੇ । ਪੰਜਾਬ ਦੇ ਕਿਸਾਨ ਨੂੰ ਬਿਜਲੀ ਦੀ ਲੋੜ ਹੈ । ਇਨ੍ਹਾਂ ਨੂੰ ਜਿਹੜੀ ਖਾਦ ਸਪਲਾਈ ਕੀਤੀ ਗਈ ਹੈ ਉਹਦੇ ਵਿੱਚ ਮਿੱਟੀ ਮਿਲੀ ਹੋਈ ਹੈ । ਸੋ ਖਾਦ ਦੀ ਬਜਾਏ ਇਹ ਕਿਸਾਨਾਂ ਨੂੰ ਮਿੱਟੀ ਸਪਲਾਈ ਕਰੀ ਜਾਂਦੇ ਹਨ ।

ਸ਼੍ਰੀ ਡਿਪਟੀ ਸਪੀਕਰ : ਬਿੱਲ ਦੇ ਬਾਰੇ ਗੱਲ ਕਰਨੀ ਚਾਹੀਦੀ ਹੈ । (You should speak on the Bill before the House.)

Original with;
Punjab Vidhan Sabha
Digitized by;
Panj

ਸਰਦਾਰ ਪ੍ਰਹਿਲਾਦ ਸਿੰਘ : ਇਨ੍ਹਾਂ ਨੇ ਕਿਹਾ ਹੈ ਕਿ 30—40 ਸਾਲਾਂ ਤੋਂ ਰੇਟਸ ਨਹੀਂ ਸੀ ਵਧਾਏ ਗਏ। ਇਹ ਇਕ ਵਿੰਗੇ ਟੇਢੇ ਢੰਗ ਨਾਲ ਟੈਕਸ ਲਗਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਜਿਸ ਨੂੰ ਕਿ ਜ਼ਿਮੀਂਦਾਰ ਨਹੀਂ ਸਮਝ ਸਕਦੇ। ਜਿਹੜਾ ਐਕਟ ਇਨ੍ਹਾਂ ਨੇ ਲਿਆਂਦਾ ਹੈ ਉਹ ਦੇ ਵਿੱਚ ਹੋਰ ਤਰਮੀਮਾਂ ਕਰਨੀਆਂ ਚਾਹੀਦੀਆਂ ਸਨ ਤਾਕਿ ਛੋਟੇ ਛੋਟੇ ਜ਼ਮੀਂਦਾਰਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਰਾਹਤ ਮਿਲ ਸਕਦੀ। (ਘੰਟੀ) ਸੱਭ ਤੋਂ ਵੱਡੀ ਗੱਲ ਇਹ ਹੈ। ਡਿਪਟੀ ਸਪੀਕਰ ਸਾਹਿਬ, ਮੈਨੂੰ ਦੋ ਚਾਰ ਗੱਲਾਂ ਹੋਰ ਕਰ ਲੈਣ ਦਿਉ। (ਵਿਘਨ) ਜਦੋਂ ਪੰਜਾਬ ਦੇ ਕਿਸਾਨ ਨੂੰ ਕਣਕ ਦੇ ਭਾਅ ਦੇਣੇ ਹੁੰਦੇ ਹਨ ਤਾਂ ਇਹ ਪੰਜਾਬ ਦੀ ਸਰਕਾਰ ਸੈਂਟਰ ਦੀ ਸਰਕਾਰ ਵੱਲ ਦੇਖਦੀ ਹੈ। ਸੈਂਟਰ ਦੀ ਸਰਕਾਰ ਕਣਕ ਦੇ ਭਾਅ ਮੁਕੱਰਰ ਕਰਦੀ ਹੈ। ਇਹ ਹੱਕ ਪੰਜਾਬ ਦੀ ਸਰਕਾਰ ਨੂੰ ਹੋਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਹਮੇਸ਼ਾ ਸੈਂਟਰ ਦੀ ਸਰਕਾਰ ਨੇ ਕਿਹਾ ਹੈ ਕਿ ਪੰਜਾਬ ਦਾ ਕਿਸਾਨ ਖੁਸ਼ਹਾਲ ਹੈ। ਮੈਂ ਵੀ ਜਾਣਦਾ ਹਾਂ ਅਤੇ ਤੁਸੀਂ ਵੀ ਜਾਣਦੇ ਹੋ ਕਿ ਪੰਜਾਬ ਦਾ ਕਿਸਾਨ ਖੁਸ਼ਹਾਲ ਨਹੀਂ ਹੈ ਅਤੇ ਹਮੇਸ਼ਾਂ ਕਰਜ਼ੇ ਥੱਲੇ ਦਬਿਆ ਰਹਿੰਦਾ ਹੈ। ਲੇਕਿਨ ਇਸ ਵਿੱਚ ਅਜਿਹੀ ਕੋਈ ਗੱਲ ਨਹੀਂ ਹੈ। ਹੋ ਸਕਦਾ ਹੈ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਬੱਚੇ ਕਾਨਵੈਂਟ ਸਕੂਲਾਂ ਵਿਚ ਪੜੇ ਹੋਣ। ਪਰ ਸਾਨੂੰ ਪਤਾ ਹੈ ਕਿ ਅਸੀਂ ਕਿਸ ਤਰ੍ਹਾਂ ਪਿੰਡਾਂ ਦੇ ਸਕੂਲਾਂ ਵਿੱਚ ਪੜ੍ਹਾਈ ਕੀਤੀ ਹੈ। ਉਸ ਦੀ ਗਹਿਰਾਈ ਵਿਚ ਜਾ ਕੇ ਪੰਜਾਬ ਦੇ ਕਿਸਾਨ ਨੂੰ ਇਹ ਰਾਹਿਤ ਨਹੀਂ ਦੇਣਾ ਚਾਹੁੰਦੇ, ਇਹ ਉਸ ਨੂੰ ਮਾਰਨਾ ਚਾਹੁੰਦੇ ਹਨ। (ਘੰਟੀ) ਇਹ ਉਸ ਨੂੰ ਕੁਚਲਣਾ ਚਾਹੁੰਦੇ ਹਨ। ਮੈਂ ਕਹਾਂਗਾ ਕਿ ਸੈਂਟਰ ਦੇ ਕੋਲ ਜਾ ਕੇ ਪੰਜਾਬ ਦੇ ਕਿਸਾਨ ਦੀ ਗੱਲ ਕਰੋ ਜਿਹੜਾ ਕਿ ਹਿੰਦੁਸਤਾਨ ਨੂੰ ਕਣਕ ਦਿੰਦਾ ਹੈ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ (ਖਰੜ): ਮਾਨਯੋਗ ਡਿਪਟੀ ਸਪੀਕਰ ਸਾਹਿਬ,ਇਸ ਬਿੱਲ ਦੁਆਰ ਖੇਤੀਬਾੜੀ ਦੇ ਸੈਕਟਰ ਵਿੱਚ ਜਿਸ ਤਰ੍ਹਾਂ ਮਾਲੀਆ ਵਧਾਇਆ ਗਿਆ ਹੈ ਉਸ ਨਾਲ ਇਹ ਜਿਹੜਾ ਪੰਜਾਬ ਦੇ ਕਿਸਾਨਾਂ ਦਾ ਹਿੱਤੂ ਹੈ ਉਹ ਸਹਿਮਤ ਨਹੀਂ ਹੋ ਸਕਦਾ ਹੈ। ਇਹ ਠੀਕ ਹੈ ਕਿ ਖੇਤੀਬਾੜੀ ਦੇ ਵਿੱਚ ਜੋ ਧਨਾਢ ਹਨ, ਜਿਤਨੇ ਮਾਲਦਾਰ ਅਤੇ ਵੱਡੇ ਵੱਡੇ ਜ਼ਿਮੀਂਦਾਰ ਅਤੇ ਲੈਂਡਲਾਰਡਜ਼ ਹਨ ਉਨ੍ਹਾਂ ਦੇ ਉਤੇ ਟੈਕਸ ਦੀ ਦਰ ਵਧਣੀ ਚਾਹੀਦੀ ਹੈ। ਇਸ ਦੀ ਕਮਿਊਨਿਸਟ ਪਾਰਟੀ ਹਮੇਸ਼ਾਂ ਹੀ ਹਮਾਇਤ ਕਰਦੀ ਰਹੀ ਹੈ। ਰਾਜ ਕਮੇਟੀ ਰਿਪੋਰਟ ਦੇ ਵਿੱਚ ਵੀ ਇਸ ਅਸੂਲ ਨੂੰ ਮੰਨਿਆ ਗਿਆ ਸੀ ਲੇਕਿਨ ਡਿਪਟੀ ਸਪੀਕਰ ਸਾਹਿਬ, ਇਸ ਫੈਸਲੇ ਵਿਚ ਜਦੋਂ ਕਿ ਸਿੰਜਾਈ ਦੇ ਖਰਚੇ ਵੀ ਵਧ ਗਏ ਹਨ, ਸਰਕਾਰੀ ਟਿਊਬਵੈਲਜ਼ ਦਾ ਰੇਟ ਵੀ ਵੱਧ ਚੁਕਿਆ ਹੈ, ਬਿਜਲੀ ਦੇ ਦਰਾਂ ਵਿੱਚ ਵੀ ਵਾਧਾ ਕੀਤਾ ਜਾ ਚੁਕਿਆ ਹੈ ਅਤੇ ਇਸ ਤਰ੍ਹਾਂ ਕਰੋੜਾਂ ਰੁਪਏ ਦੇ ਟੈਕਸ ਪੰਜਾਬ ਦੇ ਕਿਸਾਨਾਂ ਦੇ ਉਤੇ ਇਨ੍ਹਾਂ ਮੱਦਾਂ ਰਾਹੀਂ ਵਾਧਾ ਕਰਕੇ ਔਰ ਦੂਸਰੇ ਪਾਸੇ ਜਿਹੜੀਆਂ ਚੀਜ਼ਾਂ ਉਨ੍ਹਾਂ ਨੂੰ ਖੇਤੀ ਬਾੜੀ ਲਈ ਚਾਹੀਦੀਆਂ ਹਨ ਜਿਸ ਤਰ੍ਹਾਂ ਖਾਦ ਚਾਹੀਦੀ ਹੈ, ਉਸ ਦੀਆਂ ਕੀਮਤਾਂ ਦੁੱਗਣੀਆਂ ਹੋ ਗਈਆਂ ਹਨ। ਇਸੇ ਤਰ੍ਹਾਂ ਹੀ ਹੋਰ ਦਵਾਈਆਂ ਜੋ ਕੀੜੇ ਮਾਰਨ ਵਾਸਤੇ ਚਾਹੀਦੀਆਂ ਹਨ ਉਨ੍ਹਾਂ ਦੀਆਂ ਕੀਮਤਾਂ ਦੁੱਗਣੀਆਂ ਹੋ ਗਈਆਂ ਹਨ ਅਤੇ ਐਗਰੀਕਲਚਰ ਇਨ-ਪੁੱਟਸ ਦੀਆਂ ਕੀਮਤਾਂ ਦੁੱਗਣੀਆਂ ਹੋ ਗਈਆਂ ਹਨ ਪਰ ਇਸ ਦੇ ਉਲਟ ਕਿਸਾਨ ਦੀ ਪੈਦਾਵਾਰ ਦੀ ਠੀਕ ਕੀਮਤ ਨਹੀਂ ਦਿਵਾ ਸਕੇ। ਇਸ ਦੇ ਨਾਲ ਹੀ ਬਿਜਲੀ ਦੇ, ਇਰੀਗੇਸ਼ਨ ਦੇ ਦਰ ਵੀ ਵੱਧ ਗਏ ਹਨ ਪਰ ਇਸ ਦੇ ਬਾਵਜੂਦ ਵੀ ਪੰਜਾਬ ਦੇ ਕਿਸਾਨ ਦੇ ਉਤੇ ਮਾਲੀਆਂ ਕਰੋੜਾਂ ਰੁਪਏ ਦਾ ਵਧਾਉਣਾ, ਮੈਂ ਸੱਮਝਦਾ ਹਾਂ ਕਿ ਇਹ ਬੜੇ ਧੱਕੇ ਦੀ ਗੱਲ ਹੈ ਜੋ ਕਿ ਪੰਜਾਬ ਦੇ ਕਿਸਾਨ ਨਾਲ ਸਰਾ ਸਰ ਧੱਕਾ ਹੈ।

ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਹ ਮਾਲੀਆ ਲਗਾਉਣ ਲੱਗਿਆਂ ਸਾਡੇ ਮਾਲ ਮੰਤਰੀ ਸਰਦਾਰ ਉਮਰਾਓ ਸਿੰਘ ਨੇ ਇਹ ਬਿਆਨ ਦਿਤਾ ਕਿ ਅਸੀਂ ਰਾਜ ਕਮੇਟੀ ਦਿਆਂ ਅਸੂਲਾਂ ਨੂੰ ਮੰਨ ਕੇ, ਉਸ ਦੀ ਰੋਸ਼ਨੀ ਵਿਚ ਇਹ ਮਾਲੀਆ ਵਧਾ ਰਹੇ ਹਾਂ। ਡਿਪਟੀ ਸਪੀਕਰ ਸਾਹਿਬ, ਇਹ ਇਸ ਤਰ੍ਹਾਂ ਦੀ ਗੱਲ ਹੈ ਕਿ 'ਡੇਵਿਲ ਕੋਟਿੰਗ ਸਕਰਿਪਚਰਜ਼' ਜਿਸ ਤਰ੍ਹਾਂ ਕੋਈ ਸ਼ੈਤਾਨ ਆਦਮੀ ਮਾੜਾ ਕੰਮ ਕਰਨ ਲੱਗਿਆਂ

Original with;
Punjab Vidhan Sabha
Digitized by;
Panjab Digital Library

ਧਾਰਮਿਕ ਪੁਸਤਕਾਂ ਪੜ੍ਹਦਾ ਹੈ। ਡਿਪਟੀ ਸਪੀਕਰ ਸਾਹਿਬ, ਰਾਜ ਕਮੇਟੀ ਕੀ ਕਹਿੰਦੀ ਹੈ ? ਰਾਜ ਕਮੇਟੀ ਕਹਿੰਦੀ ਹੈ ਕਿ ਗਰੇਡਿਡ ਸਿਸਟਮ ਦੇ ਵਿੱਚ ਖੇਤੀਬਾੜੀ ਤੇ ਟੈਕਸ ਲਾਓ। ਜਿਹੜੇ ਧਨਾਢ ਆਦਮੀ ਹਨ ਉਨ੍ਹਾਂ ਤੇ ਇਹ ਟੈਕਸ ਲਗਾਓ ਅਤੇ ਜਿਹੜੇ ਨਹੀਂ ਦੇ ਸਕਦੇ ਉਨ੍ਹਾਂ ਤੇ ਇਹ ਨਾ ਲਗਾਓ ਅਤੇ ਨਾਲ ਹੀ ਟੈਕਸ ਦੀ ਦਰ ਘੱਟ ਹੋਵੇ। ਡਿਪਟੀ ਸਪੀਕਰ ਸਾਹਿਬ, ਮੈਂ ਚੈਲੰਜ ਕਰਦਾ ਹਾਂ ਕਿ ਮਾਲ ਮੰਤਰੀ ਨੇ ਇਸ ਬਿੱਲ ਦੇ ਰਾਹੀਂ ਚਾਰ ਹੈਡ ਬਣਾਏ ਹਨ। 10 ਰੁਪਏ ਤੱਕ ਮੁਆਫ ਹੈ। 10 ਰੁਪਏ ਤੋਂ 50 ਰੁਪਏ ਤੱਕ ਇਕ ਹੈਡ ਹੈ। 50 ਤੋਂ ਸੌ ਤੱਕ ਇਕ ਹੈਡ ਹੈ। ਸੌ ਰੁਪਏ ਤੋਂ 200 ਤੱਕ ਇਕ ਹੈਡ ਹੈ ਅਤੇ 200 ਤੋਂ ਅੱਗੇ ਫਿਰ ਇਕ ਹੈਡ ਹੈ। ਇਸ ਤਰ੍ਹਾਂ ਇਹ ਚਾਰ ਹੈਡ ਹਨ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਵੇਲੇ ਜਿਹੜੇ 50 ਰੁਪਏ ਤੱਕ ਮਾਲੀਆ ਦਿੰਦੇ ਹਨ ਇਸ ਬਿੱਲ ਦੇ ਪਾਸ ਹੋਣ ਨਾਲ ਉਨ੍ਹਾਂ ਤੇ 60 ਫੀ ਸਦੀ ਵਾਧਾ ਹੋ ਜਾਵੇਗਾ। ਇਸੇ ਤਰ੍ਹਾਂ ਹੀ ਜਿਹੜੇ ਸੌ ਰੁਪਏ ਵਾਲੇ ਹਨ ਉਨ੍ਹਾਂ ਤੇ ਵੀ ਇਸ ਦਾ ਅਸਰ ਪਵੇਗਾ ਅਤੇ ਉਨ੍ਹਾਂ ਨੂੰ 110 ਰੁਪਏ ਦੇਣੇ ਪੈਣਗੇ ਅਤੇ ਜਿਹੜੇ 50 ਰੁਪਏ ਤੋਂ ਲੈ ਕੇ ਉਤੇ ਤੱਕ ਮਾਲੀਆ ਦਿੰਦੇ ਸੀ ਉਨ੍ਹਾਂ ਦੇ ਉਤੇ ਕੋਈ 40 ਫੀ ਸਦੀ ਦਾ ਵਾਧਾ ਹੋਵੇਗਾ। ਜਿਹੜਾ ਵੱਡਾ ਜ਼ਿਮੀਂਦਾਰ ਹੈ ਉਸ ਦੇ ਉਤੇ ਤਾਂ 40 ਫੀ ਸਦੀ ਵਾਧਾ ਹੋਣਾ ਹੈ ਪਰ ਜਿਹੜਾ ਗਰੀਬ ਕਿਸਾਨ ਹੈ, ਜਿਹੜਾ ਦਰਮਿਆਨਾ ਕਿਸਾਨ ਹੈ ਉਸ ਦੇ ਉਤੇ 60 ਫੀ ਸਦੀ ਟੈਕਸਾਂ ਦਾ ਵਾਧਾ ਹੋਣਾ ਹੈ। ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਗਰੀਬ ਕਿਸਾਨਾਂ ਤੇ ਜ਼ਿਆਦਾ ਭਾਰ ਪਾਇਆ ਗਿਆ ਹੈ ਪਰ ਰਾਜ ਕਮੇਟੀ ਕੀ ਕਹਿੰਦੀ ਹੈ? ਰਾਜ ਕਮੇਟੀ ਕਹਿੰਦੀ ਹੈ ਕਿ ਵੱਡੇ ਵੱਡੇ ਲੋਕਾਂ ਤੇ ਟੈਕਸ ਲਗਾ ਓ ਅਤੇ ਗਰੀਬਾਂ ਤੇ ਨਾ ਲਗਾਓ ਪਰ ਇਨ੍ਹਾਂ ਨੇ ਬਿਲਕੁਲ ਇਸ ਦੇ ਉਲਟ ਕੀਤਾ ਹੈ। ਇਸ ਲਈ ਇਹ ਜੋ ਬਿੱਲ ਲਿਆ ਰਹੇ ਹਨ, ਸਾਡੀ ਪਾਰਟੀ ਇਸ ਦੀ ਡਟਕੇ ਵਿਰੋਧਤਾ ਕਰਦੀ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਸਰਕਾਰ ਇਸ ਨੂੰ ਰੀਕੰਸਿਡਰ ਕਰਕੇ ਬਿੱਲ ਰੀਡਰਾਫਟ ਕਰਕੇ ਲਿਆਵੇ। 30 ਰੁਪਏ ਤੱਕ ਜਿਹੜਾ ਮਾਲੀਆ ਪੰਜਾਬ ਵਿਚ ਕਿਸਾਨ ਦਿੰਦਾ ਹੈ, ਉਹ ਛੋਟਾ ਕਿਸਾਨ ਹੈ ਉਸ ਦੇ ਉਤੇ ਸਾਰਾ ਮਾਲੀਆ ਮੁਆਫ ਹੋਣਾ ਚਾਹੀਦਾ ਹੈ। 10 ਰੁਪਏ ਤੋਂ 30 ਰੁਪਏ ਤੱਕ ਮਾਲੀਆ ਨਹੀਂ ਹੋਣਾ ਚਾਹੀਦਾ। ਇਸ ਤੋਂ ਉਪਰ ਜਿਹੜੇ ਹਨ ਅਤੇ ਜਿਹੜੇ ਸੌ ਰੁਪਏ ਵਾਲੇ ਹਨ ਉਨ੍ਹਾਂ ਦਾ ਭਾਵੇਂ 120 ਤੱਕ ਕਰ ਦਿਓ ਅਤੇ ਸੌ ਤੋਂ ਦੋ ਸੌ ਵਾਲੇ ਜਿਹੜੇ ਹਨ ਉਨ੍ਹਾਂ ਦਾ ਭਾਵੇਂ 4 ਗੁਣਾ ਕਰ ਦਿੱਤਾ ਜਾਵੇ ਕਿਉਂਕਿ ਉਹ ਵੱਡੇ ਵੱਡੇ ਜ਼ਿਮੀਂਦਾਰ ਹਨ ਕਿਉਂਕਿ ਉਨ੍ਹਾਂ ਤੋਂ ਜਿਹੜਾ ਪੈਸਾ ਆਵੇਗਾ ਉਸ ਨਾਲ ਪੰਜਾਬ ਦੇ ਲੋਕਾਂ ਦਾ ਕੋਈ ਨੁਕਸਾਨ ਨਹੀਂ ਹੋਵੇਗਾ ਅਤੇ ਇਸ ਤਰ੍ਹਾਂ ਸਾਡੀ ਡਿਵੈਲਪ—ਮੈਂਟ ਲਈ ਪੈਸਾ ਵੀ ਆਵੇਗਾ। ** **

Mr. Deputy Speaker : It should not be recorded.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਰਕਾਰ ਇਸ ਬਿੱਲ ਨੂੰ ਵਾਪਿਸ ਲਵੇ ਅਤੇ ਇਸ ਨੂੰ ਨਵੇਂ ਸਿਰੇ ਤੋਂ ਡਰਾਫਟ ਕਰਕੇ ਅਤੇ ਜੋ ਰਾਜ ਕਮੇਟੀ ਦੇ ਸੁਝਾਓ ਹਨ ਉਨ੍ਹਾਂ ਨੂੰ ਸਾਹਮਣੇ ਰੱਖਕੇ ਇਸ ਬਿੱਲ ਨੂੰ ਲਿਆਂਦਾ ਜਾਵੇ ਫਿਰ ਅਸੀਂ ਇਸ ਦਾ ਪੂਰਾ ਪੂਰਾ ਸਮਰਥਨ ਕਰਾਂਗੇ ਪਰ ਇਸ ਹਾਲਤ ਵਿਚ ਅਸੀਂ ਇਸ ਬਿੱਲ ਦੀ ਡਟ ਕੇ ਵਿਰੋਧਤਾ ਕਰਾਂਗੇ। ਮੈਂ ਅਸੈਂਬਲੀ ਦੇ ਵਿਚ ਵੀ ਅੰਦਰ ਬਾਹਿਰ ਪੰਜਾਬ ਵਿੱਚ ਵੀ ਇਸ ਦੀ ਵਿਰੋਧਤਾ ਕਰਾਂਗਾ ਅਤੇ ਅਸੀਂ ਸਰਕਾਰ ਨੂੰ ਮਜ਼ਬੂਰ ਕਰਾਂਗੇ ਕਿ ਜਿਹੜਾ ਇਹ ਛੋਟੇ ਆਦਮੀਆਂ ਦਾ ਗਲਾ ਘੁੱਟ ਰਹੇ ਹਨ, ਜਿਹੜਾ ਇਹ ਛੋਟੇ ਕਿਸਾਨ ਨੂੰ ਮਾਰ ਰਹੇ ਹਨ, ਉਨ੍ਹਾਂ ਨੂੰ ਇਨ੍ਹਾਂ ਦੀ ਮਾਰਨ ਦੀ ਨੀਤੀ ਹੈ, ਉਨ੍ਹਾਂ ਨੂੰ ਕੁਚਲਣ ਦੀ ਨੀਤੀ ਹੈ ਉਸ ਵਿੱਚ ਇਹ ਕਾਮਯਾਬ ਨਾ ਹੋਣ। ਪੰਜਾਬ ਸਰਕਾਰ ਦੀਆਂ ਗਲਤ ਨੀਤੀਆਂ ਦੇ ਵਿਰੁੱਧ ਪੰਜਾਬ ਦੀ ਕਿਸਾਨ ਸਭਾ ਪੰਜਾਬ ਸੂਬੇ ਦੇ ਅੰਦਰ ਜ਼ੋਰਦਾਰ ਅੰਦੋਲਨ ਵੀ ਚਲਾਏਗੀ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਟੈਕਸੇਸ਼ਨ ਦੇ ਮਈਅਰਜ਼ ਦੀ ਵਿਰੋਧਤਾ ਕਰਦਾ ਹੋਇਆ ਇਹ ਆਸ ਕਰਦਾ ਹਾਂ ਕਿ ਇਹ ਹਾਊਸ ਇਸ ਨੂੰ ਪਾਸ ਨਹੀਂ ਹੋਣ ਦੇਵੇਗਾ।

---

*Not recorded as ordered by the Chair.

Original with;
Punjab Vidhan Sabha
Digitized by;
Panjab Digital Library

ਡਾਕਟਰ ਅਮੀਰ ਸਿੰਘ ਕਲਕਟ (ਟਾਂਡਾ) : ਡਿਪਟੀ ਸਪੀਕਰ ਸਾਹਿਬ, ਇਹ ਬਹੁਤ ਸੋਹਣਾ ਬਿੱਲ ਹੈ, ਮੈਂ ਇਸ ਦੀ ਹਮਾਇਤ ਵਾਸਤੇ ਖੜ੍ਹਾ ਹੋਇਆ ਹਾਂ। ਇਕ ਬੜਾ ਸੋਹਣਾ ਰਾਹ ਲੱਭਿਆ ਹੈ ਰਾਜ ਕਮੇਟੀ ਨੇ ਮੈਂ ਸਮਝਦਾ ਹਾਂ ਕਿ ਸਾਡੇ ਮਾਨਯੋਗ ਮੈਂਬਰ ਜੋਸ਼ ਜੀ ਨੇ ਐਂਵੇਂ ਹੀ ਗਰਮ ਸਪੀਚ ਦੇ ਕੇ ਬਗੈਰ ਰੀਜ਼ਨਜ਼ ਦਿੱਤੇ ਇਸ ਦੀ ਵਿਰੋਧਤਾ ਕੀਤੀ ਹੈ। ਮੈਂ ਸੱਮਝਦਾ ਹਾਂ ਕਿ ਕੋਈ ਐਸੀ ਗੱਲ ਨਹੀਂ ਹੈ। ਇਨ੍ਹਾਂ ਨੇ ਕਿਹਾ ਹੈ ਕਿ ਮੈਨੂੰ ਬੜਾ ਦੁੱਖ ਹੋਇਆ ਹੈ, ਮੈਂ ਸਮਝਦਾ ਹਾਂ ਕਿ ਉਹ ਪੜੇ ਲਿੱਖੇ ਬੰਦੇ ਹਨ ਅਤੇ ਪੜ੍ਹਿਆ ਲਿਖਿਆ ਮੈਂਬਰ ਇਸ ਤਰ੍ਹਾਂ ਦੀਆਂ ਗੱਲਾਂ ਕਰੇ ਇਹ ਸ਼ੋਭਾ ਨਹੀਂ ਦਿੰਦਾ। ਉਹ ਕਹਿੰਦੇ ਹਨ ਕਿ ਪੰਜਾਬ ਸਰਕਾਰ ਨੇ ਖਾਦ ਦੀਆਂ ਕੀਮਤਾਂ ਡਬਲ ਕਰ ਦਿਤੀਆਂ ਹਨ। ਮੈਂ ਉਨ੍ਹਾਂ ਨੂੰ ਪੁੱਛਦਾ ਹਾਂ ਕਿ ਡਬਲ ਕੀਮਤਾਂ ਕਿਸ ਨੇ ਕੀਤੀਆਂ ਹਨ? ਇਹ ਕੀਮਤਾਂ ਅਸੀਂ ਨਹੀਂ ਵਧਾਈਆਂ ਇਹ ਜਿਥੇ ਨਾਈਟਰੋਜ਼ਨ ਬਣਦੀ ਹੈ ਉਥੇ ਫਰਕ ਪਿਆ ਹੈ, ਉਨ੍ਹਾਂ ਨੇ ਇਸ ਦੀਆਂ ਕੀਮਤਾਂ ਮਹਿੰਗੀਆਂ ਕਰ ਦਿੱਤੀਆਂ ਹਨ। ਸਾਨੂੰ ਇਥੇ ਤੇਲ ਨਹੀਂ ਮਿਲਦਾ। ਜਿਥੋਂ ਇਹ ਚੀਜਾਂ ਆਉਂਦੀਆਂ ਹਨ ਉਥੇ ਇਹ ਨਾ ਮਿਲਣ ਕਰਕੇ ਸਾਨੂੰ ਇਸ ਦੀ ਕੀਮਤ ਡਬਲ ਕਰਨੀ ਪਈ ਹੈ। ਇਸ ਤਰ੍ਹਾਂ ਕਰਕੇ ਹਿੰਦੁਸਤਾਨ ਦੀ ਸਰਕਾਰ ਨੇ ਕੋਈ ਧਰੋਹ ਨਹੀਂ ਕੀਤਾ। ਇਕ ਕੁਇੰਟਲ ਯੂਰੀਏ ਵਿੱਚ 40 ਰੁਪਏ ਸਾਡੀ ਸਰਕਾਰ ਸਬਸੇਡਾਈਜ਼ ਕਰਦੀ ਹੈ। (ਵਿਘਨ) ਉਸ ਤਰ੍ਹਾਂ ਤਾਂ ਇਹ ਕਹਿੰਦੇ ਹਨ ਕਿ ਅਸੀਂ ਪੰਜਾਬ ਸਰਕਾਰ ਦੇ ਹਮਾਇਤੀ ਹਾਂ। (ਘੰਟੀ) ਅੱਜ ਮਾੜੇ ਤੋਂ ਮਾੜਾ ਕਿਸਾਨ ਅਖਬਾਰ ਪੜ੍ਹਦਾ ਹੈ ਅਤੇ ਉਨ੍ਹਾਂ ਨੂੰ ਫੈਕਟਸ ਦਾ ਪਤਾ ਹੈ। ਮੈਂ ਕੋਈ ਸ਼ਾਨਦਾਰ ਤਕਰੀਰ ਕਰਕੇ ਜਾਂ ਤੁਸੀਂ ਕੋਈ ਸ਼ਾਨਦਾਰ ਤਕਰੀਰ ਕਰਕੇ ਕਿਸਾਨਾਂ ਨੂੰ ਜਾਂ ਕਿਸੇ ਨੂੰ ਭੁਲੇਖੇ ਵਿੱਚ ਨਹੀਂ ਪਾ ਸਕਦੇ। ਇਸ ਵਾਸਤੇ ਫੈਕਟਸ ਜਿਹੜੇ ਹਨ ਉਹ ਫੈਕਟਸ ਹੀ ਰਹਿਣਗੇ। ਸਾਨੂੰ ਇਸ ਚੀਜ਼ ਦਾ ਕਰੈਡਿਟ ਵੀ ਆਉਂਦਾ ਹੈ ਕਿ ਸਾਡੀ ਸੈਂਟਰ ਦੀ ਸਰਕਾਰ ਨੇ ਬੰਬਈ ਦੇ ਕੋਲ ਤੇਲ ਲੱਭਣ ਦਾ ਯਤਨ ਕੀਤਾ ਹੈ। ਇਹ ਚੀਜ਼ ਪਰੈਸ ਵਿਚ ਵੀ ਆਈ ਹੈ। ਸਾਡੇ ਡਿਗਨੇਟ੍ਰੀਜ਼ ਦੱਸਦੇ ਹਨ ਕਿ ਅਸੀਂ ਛੇਤੀ ਹੀ ਤੇਲ ਵਿਚ, 5—10 ਸਾਲਾਂ ਵਿੱਚ ਸੈਲਫ ਸਫੀਸ਼ੈਂਟ ਹੋ ਜਾਵਾਂਗੇ। ਇਸ ਲਈ ਸਾਨੂੰ ਸੱਮਝਣਾ ਚਾਹੀਦਾ ਹੈ ਕਿ ਜਿਸ ਵੇਲੇ ਅਸੀਂ ਸੈਲਫ-ਸਫ਼ੀਸ਼ੈਂਟ ਹੋ ਗਏ ਤਾਂ ਜਿਸ ਤਰ੍ਹਾਂ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ ਉਹ ਕੀਮਤਾਂ ਥੱਲੇ ਆਉਣਗੀਆਂ ਅਤੇ ਸਾਡੀ ਸਰਕਾਰ ਦੇਸ਼ ਦੀ ਡਿਵੈਲਪਮੈਂਟ ਕਰੇਗੀ। (ਘੰਟੀ) ਇਸ ਤਰ੍ਹਾਂ ਕੋਈ ਉਚੀਆਂ ਨੀਵੀਆਂ ਗੱਲਾਂ ਕਰਕੇ ਕਿਸੇ ਨੂੰ ਭੁਲੇਖੇ ਵਿੱਚ ਨਹੀਂ ਪਾ ਸਕਦਾ। (ਘੰਟੀ) ਇਹ ਜਿਹੜਾ ਰਾਜ ਕਮੇਟੀ ਨੇ ਹੱਲ ਲੱਭਿਆ ਹੈ ਅਤੇ ਜਿਸ ਤਰ੍ਹਾਂ ਪੰਜਾਬ ਦੀ ਸਰਕਾਰ ਨੇ ਹੱਲ ਲੱਭਿਆ ਹੈ ਤੁਹਾਨੂੰ ਇਸ ਦੀ ਮੱਦਦ ਕਰਨੀ ਚਾਹੀਦੀ ਹੈ ਔਰ ਇਹ ਬਿੱਲ ਸਾਨੂੰ ਬਗੈਰ ਕਿਸੇ ਝੂਠੇ ਇਲਫਾਜ਼ ਦੇ ਪਾਸ ਕਰਨਾ ਚਾਹੀਦਾ ਹੈ।

ਚੌਧਰੀ ਦਰਸ਼ਨ ਸਿੰਘ (ਨੂਰ ਮਹਿਲ) : ਡਿਪਟੀ ਸਪੀਕਰ ਸਾਹਿਬ, ਇਸ ਲੈਂਡ ਰੈਵੇਨਿਊ ਅਮੈਂਡਿੰਗ ਬਿਲ ਦੇ ਰਾਹੀਂ ਸਰਕਾਰ ਨੇ ਇਹ ਪਰੋਪੋਜ਼ਲ ਦਿੱਤੀ ਹੈ ਕਿ 10 ਰੁਪਏ ਤੋਂ ਉਪਰ ਜਿਹੜੇ ਕਿਸਾਨ ਮਾਲੀਆ ਦਿੰਦੇ ਹਨ ਉਨ੍ਹਾਂ ਤੇ ਰੈਵਨਿਊ ਨੂੰ ਹੋਰ ਐਡ ਕੀਤਾ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਇਹ ਠੀਕ ਹੈ ਕਿ ਪੰਜਾਬ ਐਗਰੀਕਲਚਰਲ ਸਟੇਟ ਹੈ ਔਰ 70—80 ਫੀ ਸਦੀ ਇੱਥੋਂ ਦੇ ਵਸਣ ਵਾਲੇ ਵਸਨੀਕ ਖੇਤੀ ਬਾੜੀ ਤੇ ਨਿਰਭਰ ਹਨ। ਪੰਜਾਬ ਦੀ ਸਰਕਾਰ ਨੂੰ ਛੋਟੇ ਕਿਸਾਨ ਦਾ ਖਿਆਲ ਰੱਖਣਾ ਚਾਹੀਦਾ ਹੈ। ਹੁਣੇ ਪਿਛੇ ਜਿਹੇ ਸੀਲਿੰਗ ਹੋ ਗਈ ਪਰ ਸੀਲਿੰਗ ਦੇ ਵਿੱਚ ਸਰਦਾਰ ਉਮਰਾਓ ਸਿੰਘ ਜੀ ਨੂੰ ਪਤਾ ਹੋਣਾ ਹੈ ਕਿ ਵੱਡੇ ਵੱਡੇ ਜ਼ਿਮੀਂਦਾਰ ਨੇ ਜ਼ਮੀਨ ਨੂੰ ਨਹੀਂ ਛੱਡਿਆ। ਛੋਟੇ ਕਿਸਾਨਾਂ ਨੇ ਉਹ ਜ਼ਮੀਨ ਛੱਡੀ। ਜੋ ਟੈਕਸ ਲਗੇ ਉਹ ਵੀ ਗਰੀਬ ਕਿਸਾਨ ਨੂੰ ਦੇਣੇ ਪੈਂਦੇ ਹਨ। ਇਸ ਵਕਤ ਤੁਸੀਂ ਦੇਖੋ ਕਿ ਕਿਤਨੇ ਟੈਕਸ ਦਿੱਤੇ ਜਾ ਰਹੇ ਹਨ - ਪਹਿਲਾਂ ਮਾਮਲਾ, ਫਿਰ ਯੂਨੀਵਰਸਟੀ ਸੈਸ, ਫਿਰ ਕੁਮਰਸ਼ੀਅਲ ਕਰਾਪਸ ਸੈਸ, ਫਿਰ ਸਰਚਾਰਜ, ਫਿਰ ਐਡੀਸ਼ਨਲ ਸਰਚਾਰਜ ਫਿਰ ਸਪੈਸ਼ਲ ਸਰਚਾਰਜ, ਫਿਰ ਬੈਟਰਮੈਂਟ ਲੈਵੀ, ਫਿਰ ਆਬਿ—ਆਨਾ ਅਤੇ ਫਿਰ ਲੋਕਲ ਰੇਟ। ਇਤਨੇ ਟੈਕਸ ਲਗਣ ਦੇ ਬਾਵਜੂਦ ਵੀ ਜ਼ਿਮੀਂਦਾਰ ਨੇ ਕਦੇ ਰੌਲਾ ਨਹੀਂ ਪਾਇਆ। ਜੇ ਉਹ ਰੌਲਾ ਨਹੀਂ ਪਾਉਂਦਾ ਤਾਂ ਡਿਪਟੀ ਸਪੀਕਰ ਸਾਹਿਬ, ਸਾਨੂੰ ਛੋਟੇ ਜ਼ਿਮੀਂਦਾਰ ਦਾ ਖਿਆਲ ਰੱਖਣਾ ਚਾਹੀਦਾ ਹੈ। ਹੁਣ ਵੀਟ ਦੀ ਪਾਲੀਸੀ ਗੌਰਮਿੰਟ ਆਫ ਇੰਡੀਆ ਦੀ ਆਈ ਹੈ ਅਤੇ ਪੰਜਾਬ ਦੀ

Original with;
Punjab Vidhan Sabha
Digitized by;
Panjab Digital Library

ਸਰਕਾਰ ਨੇ ਵੀ ਇਸ ਨੂੰ ਦੇਖਿਆ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 10 ਕਰੋੜ ਰੁਪਿਆ ਦੇ ਕਰੀਬ ਘਾਟਾ ਪਿਆ ਹੈ ਪੰਜਾਬ ਦੀ ਸਰਕਾਰ ਨੂੰ। ਜੇ ਪੰਜਾਬ ਦਾ ਕਿਸਾਨ ਪੰਜਾਬ ਸਰਕਾਰ ਦੇ ਰਾਹੀਂ ਦੂਸਰਿਆਂ ਸੂਬਿਆਂ ਨੂੰ ਵੀਟ ਦਿੰਦਾ ਤਾਂ ਮੇਰਾ ਖਿਆਲ ਹੈ ਕਿ ਘੱਟ ਤੋਂ ਘੱਟ 100 ਕਰੋੜ ਰੁਪਏ ਦਾ ਫਾਇਦਾ ਪੰਜਾਬ ਦੀ ਸਰਕਾਰ ਨੂੰ ਹੁੰਦਾ। ਇਸ ਵੇਲੇ ਕਾਸਟ ਆਫ ਪਰੋਡਕਸ਼ਨ ਇਤਨੀਆਂ ਵੱਧ ਗਈਆਂ ਹਨ ਜਿਸ ਦਾ ਕੋਈ ਹਿਸਾਬ ਨਹੀਂ। ਤੁਸੀਂ ਕਹਿੰਦੇ ਹੋ ਕਿ 76 ਰੁਪਏ ਤੋਂ ਰੇਟ 105 ਰੁਪਏ ਕਰ ਦਿੱਤਾ ਹੈ ਪਰ ਜੇ ਤੁਸੀਂ ਬੰਬਈ ਵੱਲ ਜ਼ਰਾ ਧਿਆਨ ਕਰੋ ਤਾਂ ਤੁਹਾਨੂੰ ਪਤਾ ਲਗੇਗਾ ਕਿ ਉਥੇ ਕਣਕ 200 ਰੁਪਏ ਕੁਇੰਟਲ ਵਿਕਦੀ ਹੈ। (ਵਿਘਨ)ਲਓ ਇਹ ਕਹਿੰਦੇ ਹਨ ਕਿ ਅੰਮ੍ਰਿਤਸਰ ਵਿੱਚ ਵੀ ਹੁਣ 200 ਰੁਪਏ ਹੋਣ ਨੂੰ ਫਿਰਦੀ ਹੈ। ਮੈਂ ਸਰਦਾਰ ਉਮਰਾਓ ਸਿੰਘ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਦੇ ਵਿਚ ਗਰੀਬ ਜ਼ਿਮੀਂਦਾਰ ਨੂੰ ਕੋਈ ਫਾਇਦਾ ਨਹੀਂ ਹੋਇਆ ਕਿਉਂਕਿ ਕਾਸਟ ਆਫ਼ ਪਰੋਡਕਸ਼ਨ ਹੀ ਇਤਨੀ ਵੱਧ ਗਈ ਹੈ ਜਿਸ ਨਾਲ ਉਸ ਦੇ ਪੱਲੇ ਕੁਝ ਨਹੀਂ ਪੈਂਦਾ। ਜੇ ਫਾਇਦਾ ਉਠਾ ਰਿਹਾ ਹੈ ਤਾਂ ਖਰੀਦ ਦਾਰ ਉਠਾ ਰਿਹਾ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਜੇ ਅਸੀਂ ਬਜ਼ਾਰ ਵਿੱਚ ਕੋਈ ਪੈਂਸਿਲ ਜਾਂ ਕੋਈ ਪੈਨ ਖਰੀਦਣ ਜਾਈਏ ਤਾਂ ਉਸ ਦਾ ਰੇਟ ਉਹ ਦੋ ਰੁਪਏ ਦੱਸਦਾ ਹੈ, ਅਸੀਂ ਕਹਿੰਦੇ ਹਾਂ ਕਿ ਦੋ ਨਹੀਂ ਇਕ ਰੁਪਿਆ ਲੈ ਲੈ ਤਾਂ ਉਹ ਇਕ ਰੁਪਏ ਵਿੱਚ ਵੀ ਦੇ ਦਿੰਦਾ ਹੈ ਅਤੇ ਇਸ ਤੋਂ ਥੱਲੇ ਵੀ ਚਲਾ ਜਾਂਦਾ ਹੈ। ਤੁਸੀਂ ਅੰਦਾਜ਼ਾ ਲਗਾਓ ਕਿ ਉਸ ਦੇ ਵਿੱਚ ਕਿੰਨਾ ਮਾਰਜਨ ਹੈ। ਪਰ ਪੰਜਾਬ ਦਾ ਗਰੀਬ ਜ਼ਿਮੀਂਦਾਰ ਇਤਨਾ ਰੁਪਿਆ ਲਾਉਂਦਾ ਹੈ, ਇਤਨੀ ਮਿਹਨਤ ਕਰਦਾ ਹੈ ਪਰ ਉਸ ਦੇ ਪੱਲੇ ਵਿਚਾਰੇ ਦੇ ਕੁਝ ਨਹੀਂ ਪੈਂਦਾ। ਮੁਨਾਫਾ ਕੌਣ ਖਾਂਦਾ ਹੈ? ਗਰੀਬ ਜ਼ਿਮੀਂਦਾਰ ਨਹੀਂ— ਖਰੀਦਦਾਰ। ਪੰਜਾਬ ਦਾ ਜ਼ਿਮੀਂਦਾਰ ਤਾਂ ਇਤਨਾ ਭੋਲਾ ਭਾਲਾ ਹੈ ਕਿ ਜਿਸ ਪਾਸੇ ਵੱਲ ਉਸ ਨੂੰ ਮਰਜ਼ੀ ਲਾ ਲਓ। ਉਸ ਵਿਚਾਰੇ ਨੂੰ ਇਤਨਾ ਪਤਾ ਹੀ ਕੁੱਝ ਨਹੀਂ। ਪਿੱਛੇ ਜਿਹੇ ਚੰਡੀਗੜ੍ਹ ਲੈਣ ਵਾਸਤੇ ਇਨ੍ਹਾਂ ਨੇ ਕਿਹਾ ਕਿ ਖਿੜਿਆ ਫੁਲ ਗੁਲਾਬ ਦਾ ਚੰਡੀਗੜ੍ਹ ਪੰਜਾਬ ਦਾ। ਕਿਸਾਨ ਨੇ ਰੋਟੀ ਬੰਨ੍ਹੀ ਮੋਢੇ ਤੇ ਇਨ੍ਹਾਂ ਦੇ ਨਾਲ ਚਲ ਪਿਆ। ਨਾ ਚੰਡੀਗੜ੍ਹ ਮਿਲਿਆ ਅਤੇ ਨਾ ਹੀ ਗੁਲਾਬ ਦਾ ਫੁਲ ਖਿੜਿਆ। ਡਿਪਟੀ ਸਪੀਕਰ ਸਾਹਿਬ, ਪੰਜਾਬ ਦਾ ਕਿਸਾਨ ਇਤਨਾ ਸਾਧਾਰਣ ਹੈ ਕਿ ਉਹ ਆਪਣੇ ਹੱਕਾਂ ਦੀ ਵੀ ਰਾਖੀ ਨਹੀਂ ਕਰ ਸਕਦਾ। ਮੈਂ ਤੁਹਾਡੇ ਰਾਹੀਂ ਸਰਦਾਰ ਉਮਰਾਓ ਸਿੰਘ ਹੋਰਾਂ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇ ਤੁਸੀਂ ਮਾਮਲਾ ਵਧਾਉਣਾ ਹੀ ਹੈ ਤਾਂ 10 ਏਕੜ ਜ਼ਮੀਨ ਤੱਕ ਮਾਮਲਾ ਨਾ ਲਵੋ ਅਤੇ ਉਸ ਤੋਂ ਉਪਰ ਵਾਲੇ ਤੇ ਲਾਵੋ। ਮੈਂ ਸਰਦਾਰ ਉਮਰਾਓ ਸਿੰਘ ਜੀ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਪੌਂਗ ਡੈਮ ਜਾ ਕੇ ਵੇਖੋ ਤਾਂ ਪਤਾ ਲਗੇਗਾ ਕਿ 1800 ਏਕੜ ਦਾ ਫਾਰਮ ਹੈ ਅਤੇ 8—8, 10—10 ਸਾਲ ਹੋ ਗਏ ਹਨ ਉਨ੍ਹਾਂ ਨੇ ਸਰਕਾਰ ਨੂੰ ਨਾ ਕੋਈ ਪੈਸਾ ਦਿੱਤਾ ਹੈ ਅਤੇ ਨਾ ਕੋਈ ਜ਼ਮੀਨ ਕੱਢਦੇ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਵੱਡੇ ਜ਼ਿਮੀਂਦਾਰ ਜਿਹੜੇ ਪੈਸੇ ਦਿੰਦੇ ਹੀ ਨਹੀਂ, ਜਿਹੜੇ ਪੈਸੇ ਖਾ ਜਾਂਦੇ ਹਨ ਉਸ ਪਾਸੇ ਵੱਲ ਜ਼ਿਆਦਾ ਧਿਆਨ ਦਿਓ ਅਤੇ ਉਨ੍ਹਾਂ ਤੋਂ ਮਾਮਲੇ ਲਵੋ ਅਤੇ ਉਨ੍ਹਾਂ ਤੋਂ ਜ਼ਮੀਨਾਂ ਕਢਵਾਓ।

ਇਕ ਅਵਾਜ਼ : ਪੌਂਗ ਡੈਮ ਦੀ ਡਿਪਟੀ ਸਪੀਕਰ ਸਾਹਿਬ, ਇਹ ਗੱਲ ਕਰਦੇ ਹਨ ਇਧਰ ਕਿਉਂ ਨਹੀਂ ਧਿਆਨ ਕਰਦੇ। (ਵਿਘਨ)

ਸਰਦਾਰ ਪਰੇਮ ਸਿੰਘ ਪਰੇਮ : ਡਿਪਟੀ ਸਪੀਕਰ ਸਾਹਿਬ, ਚੌਧਰੀ ਸਾਹਿਬ ਨੂੰ ਤਕਰੀਰ ਕਰਨੀ ਚਾਹੀਦੀ ਹੈ ਹੱਥ ਨਾਲ ਇਸ਼ਾਰੇ ਨਹੀਂ ਕਰਨੇ ਚਾਹੀਦੇ। (ਵਿਘਨ)

ਚੌਧਰੀ ਦਰਸ਼ਨ ਸਿੰਘ : ਮੈਂ ਕੋਈ ਇਸ਼ਾਰਾ ਨਹੀਂ ਕਰ ਰਿਹਾ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਲੈਂਡ ਰੈਵੇਨਿਊ ਵਧਾਉਣਾ ਚਾਹੁੰਦੇ ਹੋ ਤਾਂ 10 ਏਕੜ ਤੱਕ ਜ਼ਮੀਨ ਵਾਲੇ ਜ਼ਿਮੀਂਦਾਰ ਨੂੰ ਛੱਡ ਦਿਓ ਉਸ ਤੋਂ ਉਪਰ ਵਾਲੇ ਤੇ ਲਾ ਲਓ। 6 ਕਰੋੜ ਦਾ ਖਾਦ ਦੇ ਬਾਰੇ ਜ਼ਿਕਰ ਆਇਆ ਤਾਂ ਮਾਸਟਰ ਜੀ ਜਵਾਬ ਨਹੀਂ ਦੇ ਸਕੇ। ਓਵਰ ਨਾਈਟ ਫਰਟੇਲਾਈਜ਼ਰ ਦੀ ਪ੍ਰਾਈਸ ਵੱਧ ਗਈ।

Original with;
Punjab Vidhan Sabha
Digitized by;
Panjab Digital Library

[ਚੌਧਰੀ ਦਰਸ਼ਨ ਸਿੰਘ]

ਪ੍ਰਾਫਿਟ ਜਿਹੜਾ ਹੋਇਆ ਹੈ ਉਹ ਡੀਲਰਜ਼ ਮਾਰਕ ਫੈਡ ਜਾਂ ਐਗਰੋ ਇੰਡਸਟਰੀ ਕਾਰਪੋਰੇਸ਼ਨ ਦੀ ਜੇਬ ਵਿੱਚ ਚਲਾ ਗਿਆ। ਉਨ੍ਹਾਂ ਦੀ ਜੇਬ ਵਿੱਚੋਂ ਪੰਜਾਬ ਦੀ ਸਰਕਾਰ ਕਢਵਾ ਨਹੀਂ ਸਕਦੀ। ਸੈਂਟਰ ਦੀ ਸਰਕਾਰ ਨੇ ਇਹ ਕਿਹਾ ਸੀ ਕਿ ਜਿਹੜਾ ਫਰਟੇਲਾਈਜ਼ਰ ਦਾ ਪੁਰਾਣਾ ਸਟਾਕ ਹੈ ਉਹ ਪੁਰਾਣੀਆਂ ਕੀਮਤਾਂ ਤੇ ਦਿੱਤਾ ਜਾਵੇ। ਮਨਿਸਟਰ ਸਾਹਿਬ ਨੇ ਵੀ ਇਸ ਚੀਜ਼ ਦੇ ਬਾਰੇ ਬਿਆਨ ਦਿੱਤਾ ਲੇਕਿਨ ਉਹ ਸਟਾਕ ਨਵੀਂ ਪ੍ਰਾਈਸ ਤੇ ਦਿਤੇ ਗਏ ਹਨ। ਸਰਦਾਰ ਉਮਰਾਓ ਸਿੰਘ ਨੂੰ ਗਲਤ ਫਹਿਮੀ ਜਾਂ ਖੁਸ਼ ਫਹਿਮੀ ਵਿਚ ਨਹੀਂ ਰਹਿਣਾ ਚਾਹੀਦਾ। ਤੁਸੀਂ ਕਹਿੰਦੇ ਹੋ ਕਿ ਦਿਅਰ ਇਜ਼ ਇ ਪਰੈਸ ਕੁਮੈਂਟਸ—(ਵਿਘਨ) ਡਿਪਟੀ ਸਪੀਕਰ ਸਾਹਿਬ, ਸਰਦਾਰ ਉਮਰਾਓ ਸਿੰਘ ਜੀ ਗੱਲਾਂ ਕਰ ਰਹੇ ਹਨ ਇਨ੍ਹਾਂ ਦਾ ਧਿਆਨ ਮੇਰੇ ਵੱਲ ਦੁਆਓ। (ਵਿਘਨ) (ਘੰਟੀ) ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਟਾਈਮਜ਼ ਆਫ਼ ਇੰਡੀਆ ਦੇ ਕੁਮੈਂਟਸ ਹਨ ਕਿ ਪੰਜਾਬ ਸਰਕਾਰ ਦਾ ਬਹੁਤ ਅੱਛਾ ਇਹ ਕਦਮ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੁਮੈਂਟਸ ਪੜ੍ਹਨ ਤੋਂ ਪਹਿਲਾਂ ਇਹ ਦੇਖ ਲੈਣਾ ਚਾਹੀਦਾ ਸੀ ਕਿ ਇਹ ਕੁਮੈਂਟਸ ਕਿਸ ਦੇ ਹਨ? ਇਹ ਕੁਮੈਂਟਸ ਦਿਹਾਤੀ ਜਨਤਾ ਵੱਲੋਂ ਨਹੀਂ ਆਏ। ਇਹ ਅਰਬਨ ਲਾਬੀ ਦੇ ਕੁਮੈਂਟਸ ਹਨ ਜਿਹੜੇ ਚਾਹੁੰਦੇ ਹਨ ਕਿ ਹੋਰ ਜ਼ਿਆਦਾ ਟੈਕਸੇਸ਼ਨ ਕੀਤੀ ਜਾਵੇ। (ਘੰਟੀ) ਇਸ ਲਈ ਡਿਪਟੀ ਸਪੀਕਰ ਸਾਹਿਬ, ਮੇਰੀ ਇਹ ਅਮੈਂਡਮੈਂਟ ਹੈ ਕਿ 10 ਏਕੜ ਜ਼ਮੀਨ ਤੱਕ ਇਹ ਮਾਫ ਕਰ ਦੇਣਾ ਚਾਹੀਦਾ ਹੈ ਅਤੇ 10 ਏਕੜ ਤੋਂ ਵੱਧ ਵਾਲੇ ਤੇ ਬੇਸ਼ਕ ਲਾ ਦਿਓ।

ਮਾਲ ਅਤੇ ਚੋਣ ਮੰਤਰੀ : (ਸਰਦਾਰ ਉਮਰਾਓ ਸਿੰਘ) : ਡਿਪਟੀ ਸਪੀਕਰ ਸਾਹਿਬ, ਮੈਂ ਜੋ ਇਹ ਬਿੱਲ ਪੇਸ਼ ਕੀਤਾ ਹੈ ਉਸ ਤੇ ਸਰਦਾਰ ਪ੍ਰਹਿਲਾਦ ਸਿੰਘ ਨੇ ਕਿਹਾ ਹੈ ਕਿ ਇਹ ਕਿਸਾਨਾਂ ਦਾ ਵਿਰੋਧੀ ਬਿੱਲ ਹੈ ਅੌਰ ਸਾਡੇ ਇਧਰ ਕੁਝ ਸਾਥੀ ਬੈਠੇ ਹਨ ਉਨ੍ਹਾਂ ਨੇ ਤਾਂ ਬੜੇ ਤਿਖੇ ਸ਼ਬਦ ਕਹੇ, ਤਿਖੇ ਰਿਮਾਰਕਸ ਕੀਤੇ ਹਨ। ਇਹ ਅੱਜ ਦੀ ਹੀ ਗੱਲ ਨਹੀਂ ਇਹ ਤਾਂ ਉਨ੍ਹਾਂ ਦੀ ਆਦਤ ਹੀ ਹੈ। ਇਸ ਲਈ ਮੈਂ ਇਸ ਦੇ ਬਾਰੇ ਕੁੱਝ ਨਹੀਂ ਕਹਿਣਾ ਚਾਹੁੰਦਾ। ਜੇ ਅੱਜ ਦੀ ਹੀ ਗੱਲ ਹੁੰਦੀ ਤਾਂ ਮੈਂ ਇਸ ਦੇ ਬਾਰੇ ਕੁੱਝ ਕਹਿੰਦਾ। ਮੈਂ ਕਹਿਣਾ ਚਾਹੁੰਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਕਿਸੇ ਨੇ ਅੰਕੜੇ ਨਹੀਂ ਦੇਖੇ ਆਪਣੀ ਦਲੀਲ ਨੂੰ ਸਾਬਤ ਕਰਨ ਦੇ ਲਈ। ਪੰਜਾਬ ਦੇ ਕਿਸਾਨ ਨੂੰ ਨਵੀਆਂ ਨਵੀਆਂ ਕਿਸਮਾਂ ਨਾਲ ਲਾਭ ਹੋਇਆ, ਨਵੇਂ ਨਵੇਂ ਬੀਜ ਆਏ, ਨਵੀਂ ਨਵੀਂ ਕਿਸਮ ਦੀਆਂ ਹੋਰ ਚੀਜ਼ਾਂ ਪਰੋਵਾਈਡ ਕਰਨ ਲਈ ਅੌਰ ਹੋਰ ਦੂਸਰੇ ਉਨਤੀ ਦੇ ਕੰਮ ਜੋ ਹਨ ਉਨ੍ਹਾਂ ਦੇ ਲਈ ਸਰਕਾਰ ਨੂੰ ਪੈਸੇ ਦੀ ਲੋੜ ਹੁੰਦੀ ਹੈ ਅੌਰ ਉਸ ਦੇ ਲਈ ਟੈਕਸ ਲਗਾਏ ਜਾਂਦੇ ਹਨ। ਸਾਰਿਆਂ ਨੂੰ ਇਸ ਗੱਲ ਦਾ ਪਤਾ ਹੋਣਾ ਚਾਹੀਦਾ ਹੈ ਕਿ ਹਿੰਦੁਸਤਾਨ ਵਿੱਚ ਜਿਹੜੇ ਪਿੰਡਾਂ ਵਿੱਚ ਰਹਿਣ ਵਾਲੇ ਲੋਕ ਖੇਤੀ ਬਾੜੀ ਤੇ ਨਿਰਭਰ ਹਨ ਉਨ੍ਹਾਂ ਤੇ ਟੈਕਸ ਲਾਉਣ ਵਾਸਤੇ ਇਕ ਰਾਜ ਕਮੇਟੀ ਬਣਾਈ ਗਈ ਸੀ। ਉਸ ਰਾਜ ਕਮੇਟੀ ਦੀਆਂ ਰਿਕੁਮੈਂਡੇਸ਼ਨਜ਼ ਆਈਆਂ ਉਸ ਤੇ ਸਾਰੇ ਹਿੰਦੁਸਤਾਨ ਦੇ ਸੂਬਿਆਂ ਨੇ ਗੌਰ ਕੀਤਾ। ਜਦੋਂ ਅਸੀਂ ਹੋਰ ਸੋਰਸਿਜ਼ ਫਿਫਥ ਪਲੈਨ ਵਾਸਤੇ ਸੋਚ ਰਹੇ ਸਾਂ ਤਾਂ ਉਸ ਵੇਲੇ ਇਸ ਨੂੰ ਵੀ ਐਗਜ਼ਾਮਿਨ ਕੀਤਾ। ਡਿਪਟੀ ਸਪੀਕਰ ਸਾਹਿਬ, ਉਸ ਰਿਪੋਰਟ ਨੂੰ ਅਗਰ ਦੇਖਿਆ ਜਾਵੇ ਤਾਂ ਉਸ ਦੇ ਮੁਤਾਬਕ ਇਕ ਪਾਸੇ ਤਾਂ ਜੋਸ਼ ਸਾਹਿਬ ਕਹਿੰਦੇ ਹਨ ਕਿ ਕਿਸਾਨਾਂ ਤੇ ਟੈਕਸ ਲਾ ਦਿਤਾ, ਕਿਸਾਨਾਂ ਨਾਲ ਸਰਕਾਰ ਨੇ ਦੁਸ਼ਮਣੀ ਕੀਤੀ ਹੈ ਕਿਸਾਨਾਂ ਨਾਲ ਵਧੀਕੀ ਕੀਤੀ ਹੈ ਅਤੇ ਦੂਜੇ ਪਾਸੇ ਉਹ ਇਹ ਕਹਿੰਦੇ ਹਨ ਕਿ ਰਾਜ ਕਮੇਟੀ ਦੀ ਜਿਹੜੀ ਰਿਪੋਰਟ ਹੈ ਉਸ ਨੂੰ ਲਾਗੂ ਨਹੀਂ ਕਰਦੇ। ਮੈਂ ਸੱਮਝਦਾ ਹਾਂ ਕਿ ਇਹ ਦੋ ਕੰਟਰਾਡਿਕਟਰੀ ਗੱਲਾਂ ਹਨ। ਜੇ ਡਿਪਟੀ ਸਪੀਕਰ ਸਾਹਿਬ, ਇਹ ਰਿਪੋਰਟ ਲਾਗੂ ਕਰ ਦਿੱਤੀ ਜਾਵੇ ਤਾਂ ਪੰਜਾਬ ਵਿੱਚ ਜਿਹੜੀਆਂ ਕਮਪਲੀਕੇਸ਼ਨਜ਼ ਹਨ ਉਹ ਵੱਧਣਗੀਆਂ। ਕਿਉਂਕਿ ਅਸੂਲੀ ਤੌਰ ਤੇ ਰਾਜ ਕਮੇਟੀ ਨੇ ਇਹ ਕਿਹਾ ਹੈ ਕਿ ਇਸ ਖੇਤੀ ਬਾੜੀ ਦੇ ਸੈਕਟਰ ਵਿੱਚ ਟੈਕਸੇਸ਼ਨ ਜਿਹੜੀ ਹੈ ਉਹ ਹੋਰ ਵੱਧ ਹੋਣੀ ਚਾਹੀਦੀ ਹੈ ਅੌਰ ਪਰੋਗਰੈਸਿਵ ਤਰੀਕੇ ਨਾਲ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਲੈਂਡ ਹੋਲਡਿੰਗ ਟੈਕਸ ਲਾਉਣਾ ਚਾਹੀਦਾ ਹੈ ਅਤੇ ਨਾਲ ਦੀ ਨਾਲ ਇਹ ਵੀ ਕਿਹਾ ਹੈ ਕਿ

Original with;
Punjab Vidhan Sabha
Digitized by;
Panjab Digital Library

ਮੌਜੂਦਾ ਜੋ ਸਿਸਟਮ ਟੈਕਸੇਸ਼ਨ ਦਾ ਚਲ ਰਿਹਾ ਹੈ ਉਸ ਦੇ ਵਧਾਉਣ ਤੇ ਉਹ ਵਿਚਾਰ ਕਰ ਰਹੀ ਹੈ । ਉਨ੍ਹਾਂ ਨੇ ਕੁਝ ਅੰਕੜੇ ਦਿੱਤੇ ਹਨ ਡਿਪਟੀ ਸਪੀਕਰ ਸਾਹਿਬ, ਜੇ ਉਨ੍ਹਾਂ ਅੰਕਿੜਆਂ ਨੂੰ ਅਸੀਂ ਦੇਖੀਏ ਤਾਂ ਉਨ੍ਹਾਂ ਅੰਕੜਿਆਂ ਦੇ ਮੁਤਾਬਿਕ ਪੰਜਾਬ ਵਿੱਚ ਲੈਂਡ ਰੈਵੇਨਿਊ ਸਾਰੇ ਹਿੰਦੁਸਤਾਨ ਨਾਲੋਂ ਘੱਟ ਹੈ । ਹਿੰਦੁਸਤਾਨ ਵਿੱਚ ਬਾਕੀ ਦੇ ਦੂਜੇ ਜਿਹੜੇ ਐਗਰੀਕਲਚਰਿਸਟਸ ਹਨ ਉਨ੍ਹਾਂ ਤੇ 15 ਫੀ ਸਦੀ, 12 ਫੀ ਸਦੀ, 10 ਫੀ ਸਦੀ ਅਤੇ ਕਿਧਰੇ 9 ਫੀ ਸਦੀ ਡਾਇਰੈਕਟ ਟੈਕਸੇਸ਼ਨ ਹੈ ਪਰ ਪੰਜਾਬ ਵਿਚ 2.83 ਫੀ ਸਦੀ ਡਾਇਰੈਕਟ ਟੈਕਸੇਸ਼ਨ ਹੈ ਯਾਨੀ ਇਸ ਤਰ੍ਹਾਂ ਸਮਝ ਲਵੋ ਕਿ 100 ਰੁਪਏ ਵਿੱਚੋਂ 3 ਰੁਪਏ ਹੈ। ਇਸ ਤਰੀਕੇ ਨਾਲ ਮੈਂ ਸੱਮਝਦਾ ਹਾਂ ਕਿ ਜਦੋਂ ਬਾਕੀ ਸੂਬਿਆਂ ਵਿੱਚ ਐਗਰੀਕਲਚਰਿਸਟਸ 15—15 ਫੀ ਸਦੀ ਦੇ ਰਹੇ ਹਨ .... 24—24 ਅਤੇ 13—13 ਫੀ ਸਦੀ ਦੇ ਰਹੇ ਹਨ। ਇਸ ਰਿਪੋਰਟ ਦੀਆਂ ਰਿਕਮੈਂਡੇਸ਼ਨਜ਼ ਪਬਲਿਕ ਵਿਚ ਵੀ ਅਤੇ ਪਾਰਲੀਮੈਂਟ ਵਿੱਚ ਵੀ ਡਿਸਕਸ ਹੋਈਆਂ । ਇਹ ਜਿਹੜੀ ਰਿਪੋਰਟ ਹੈ ਇਸ ਨੂੰ ਪੰਜਾਬ ਵਿਚ ਲਾਗੂ ਨਾ ਕਰਨ ਬਾਰੇ ਅਸੀਂ ਤੱਦ ਜਸਟੀਫਿਕੇਸ਼ਨ ਦੇ ਸਕਦੇ ਹਾਂ ਜੇ ਮਾਮਲੇ ਵਿੱਚ ਯੋਗ ਵਾਧਾ ਕਰੀਏ। ਰਾਜ ਕਮੇਟੀ ਨੇ ਪੰਜਾਬ ਐਗਰੀਕਲਚਰ ਹੋਲਡਿੰਗ ਟੈਕਸ ਲਾਉਣ ਬਾਰੇ ਕਿਹਾ ਹੈ ਕਿ ਇਥੇ ਉਸ ਨੂੰ ਕੋਈ ਇਤਰਾਜ਼ ਨਹੀਂ ਜੇ ਮੌਜੂਦਾ ਸਿਸਟਮ ਦੇ ਨਾਲ ਹੀ ਖੇਤੀ ਬਾੜੀ ਤੋਂ ਹੋਰ ਮਾਲੀਆ ਇਕਠਾ ਕੀਤਾ ਜਾਵੇ । (ਵਿਘਨ)

ਸਰਦਾਰ ਦਰਬਾਰਾ ਸਿੰਘ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਕੀ ਇਹ ਰਾਜ ਕਮੇਟੀ ਦੀ ਰਿਕਮੈਂਡੇਸ਼ਨ ਤੇ ਇੰਪਰੂਵਮੈਂਟਸ ਦੇ ਰਹੇ ਹਨ ਜਾਂ ਜਵਾਬ ਦੇ ਰਹੇ ਹਨ ..... (ਵਿਘਨ)

ਮਾਲ ਮੰਤਰੀ : ਸਪੀਕਰ ਸਾਹਿਬ ਮੈਂ ਅਰਜ਼ ਕਰ ਰਿਹਾ ਸੀ ਕਿ.....

ਸਰਦਾਰ ਸਤਨਾਮ ਸਿੰਘ ਬਾਜਵਾ : ਡਿਪਟੀ ਸਪੀਕਰ ਸਾਹਿਬ ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਸਰਦਾਰ ਉਮਰਾਓ ਸਿੰਘ ਜੀ ਜਿਥੇ ਡਿਪਟੀ ਸਪੀਕਰ ਸਾਹਿਬ ਨੂੰ ਸਪੀਕਰ ਸਾਹਿਬ ਕਹਿੰਦੇ ਹਨ ਉਥੇ ਬਾਕੀ ਦੇ ਆਂਕੜੇ ਕਿਸ ਤਰ੍ਹਾਂ ਦਰੁਸਤ ਦੇ ਸਕਦੇ ਹਨ ? (ਹਾਸਾ)

ਮਾਲ ਅਤੇ ਚੋਣ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਗੁਜ਼ਾਰਿਸ਼ ਕਰ ਰਿਹਾ ਸੀ ਕਿ ਰਾਜ ਕਮੇਟੀ ਦੀ ਰਿਪੋਰਟ ਨੂੰ ਪੰਜਾਬ ਸਰਕਾਰ ਨੇ ਮੰਨਜ਼ੂਰ ਨਹੀਂ ਕੀਤਾ ਹੈ ਕਿਉਂਕਿ ਇਹ ਸਾਡੀ ਜ਼ਿੰਮੇਵਾਰੀ ਬਣਦੀ ਹੈ ਜੇ ਅਸੀਂ ਪੰਜਾਬ ਦੇ ਪਲਾਨ ਨੂੰ ਵੱਡਾ ਕਰਨਾ ਹੈ ਤਾਂ ਪੰਜਾਬ ਦੇ ਰਿਸੋਰਸਿਜ਼ ਵਧਾਉਣੇ ਪੈਣਗੇ ਅਤੇ ਹਰ ਸੈਕਟਰ ਵਿੱਚ ਸਾਨੂੰ ਰਿਸੋਰਸਿਜ਼ ਵਧਾਉਣੇ ਪੈਣਗੇ ਅਤੇ ਨਹੀਂ ਤਾਂ ਅਸੀਂ ਜਸਟੀਫਿਕੇਸ਼ਨ ਨਹੀਂ ਕਰ ਸਕਾਂਗੇ। ਇਥੇ ਚੌਧਰੀ ਸਾਹਿਬ ਨੇ ਅਖਬਾਰਾਂ ਦਾ ਜ਼ਿਕਰ ਕੀਤਾ ਹੈ। ਟਾਈਮਜ਼ ਆਫ ਇੰਡੀਆ ਦਾ ਮੈਂ ਜ਼ਿਕਰ ਇਥੇ ਨਹੀਂ ਕਰਦਾ । ਟ੍ਰਿਬਿਊਨ ਸਾਡੇ ਪੰਜਾਬ ਦਾ ਬੜਾ ਲੀਡਿੰਗ ਅਖਬਾਰ ਹੈ ਉਸ ਵਿਚ 1 ਅਗਸਤ, 1974 ਦਾ ਇਕ ਐਡੀਟੋਰੀਅਲ ਹੈ ਅਤੇ ਇਕ ਲੀਡਿੰਗ ਆਰਟੀਕਲ ਦਿੱਤਾ ਹੈ ਜਿਸ ਵਿੱਚ ਪੰਜਾਬ ਦੇ ਆਰਗੂਮੈਂਟਸ ਨੂੰ ਕਮੈਂਡ ਕੀਤਾ ਹੈ। ਇਸ ਤੋਂ ਇਲਾਵਾ ਕਲਕੱਤੇ ਦਾ ਸਟੇਟਸਮੈਨ ਬੜਾ ਵੱਡਾ ਅਖਬਾਰ ਹੈ ਉਸ ਨੇ ਵੀ ਸਾਡੀ ਇਸ ਪੱਖੋਂ ਪ੍ਰਸ਼ੰਸਾ ਕੀਤੀ ਹੈ। ਬਲਕਿ ਮੇਰਾ ਉਥੇ ਇਕ ਦੋਸਤ ਐਡਵੋਕੇਟ ਹੈ ਉਥੇ ਮੈਨੂੰ ਉਸ ਨੇ ਲਿਖਿਆ ਹੈ ਕਿ ਇਹ ਜਿਹੜਾ ਅਖਬਾਰ ਹੈ ਇਸ ਨੂੰ ਕਦੇ ਕਿਸੇ ਦੀ ਪ੍ਰਸ਼ੰਸਾ ਕਰਦੇ ਨਹੀਂ ਵੇਖਿਆ। ਇਹ ਪਹਿਲੀ ਦਫਾ ਹੈ ਕਿ ਉਸ ਨੇ ਪੰਜਾਬ ਐਗਰੀਕਲਚਰ ਹੋਲਡਿੰਗਜ਼ ਟੈਕਸ ਦੀ ਪ੍ਰਸ਼ੰਸਾ ਕੀਤੀ ਹੈ ਅਤੇ ਬੜੇ ਚੰਗੇ ਸ਼ਬਦਾਂ ਵਿੱਚ ਕੀਤੀ ਹੈ।

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਇਨ—ਫ਼ਰਮੇਸ਼ਨ ਸਰ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਇਨਫਰਮੇਸ਼ਨ ਲੈਣੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਟ੍ਰਿਬਿਊਨ

Original with;
Punjab Vidhan Sabha
Digitized by;
Panjab Digital Library

(ਸਰਦਾਰ ਅਜਾਇਬ ਸਿੰਘ ਸੰਧੂ)

ਪੜ੍ਹ ਕੇ ਸੁਣਾ ਦਿੱਤਾ ਅਤੇ ਕਲਕੱਤੇ ਦੇ ਅਖਬਾਰ ਬਾਰੇ ਆਪਣੇ ਦੋਸਤ ਰਾਹੀਂ ਆਈ ਖਬਰ ਦੱਸ ਦਿਤੀ। ਮੈਨੂੰ ਪੰਜਾਬ ਦਾ ਇਕ ਕਿਸਾਨ ਦੱਸਣ ਜਿਹੜਾ ਇਨ੍ਹਾਂ ਦੇ ਇਸ ਟੈਕਸ ਦੀ ਪ੍ਰਸ਼ੰਸਾ ਕਰਦਾ ਹੋਵੇ। (ਵਿਘਨ)

ਮਾਲ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਹ ਤਾਂ ਰਹਿੰਦੇ ਹੀ ਚੰਡੀਗੜ੍ਹ ਹਨ ਇਨ੍ਹਾਂ ਨੂੰ ਕੀ ਪਤਾ ਪੰਜਾਬ ਬਾਰੇ ..... (ਵਿਘਨ)

ਕਾਮਰੇਡ ਅਰਜਨ ਸਿੰਘ ਮਸਤਾਨਾ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਦੀ ਵਾਕਫੀਅਤ ਲਈ ਦੱਸਣਾ ਚਾਹੁੰਦਾ ਹਾਂ ਕਿ ਉਹ ਇਜ਼ਾਰੇਦਾਰਾਂ ਦੇ ਅਖਬਾਰ ਹਨ ..... (ਵਿਘਨ)

Revenue and Election Minister (Sardar Umrao Singh) : There is an editorial entitled "In the Right Direction" in the Hindustan Times dated the 6th July, 1974, which reads as under:—

"The Punjab Agriculture is the least taxed in India, with the prevailing rates of land revenue not being enough even to meet collection charges."

ਇਹ ਲਿਖ ਕੇ ਆਖਿਰ ਵਿੱਚ ਕਿਹਾ ਹੈ ਕਿ ਮੌਜੂਦਾ ਹਾਲਤ ਵਿੱਚ ਜੋ ਪੰਜਾਬ ਗੌਰਮਿੰਟ ਨੇ ਸਟੈਪ ਲਿਆ ਹੈ ਇਹ ਦਰੁਸਤ ਹੈ। ਇਸੇ ਤਰੀਕੇ ਨਾਲ ਹੀ 'ਟ੍ਰਿਬਿਊਨ' ਨੇ ਕਿਹਾ ਹੈ ਕਿ 'a good beginning' ਬਾਕੀ ਇਕ ਅਖਬਾਰ 'ਤੇਜ' ਹੈ ਉਸ ਨੇ ਵੀ ਇਸ ਦੀ ਪ੍ਰਸ਼ੰਸਾ ਕੀਤੀ ਹੈ ਅਤੇ ਹੋਰ ਵੀ ਅਖਬਾਰਾਂ ਨੇ ਇਸ ਦੀ ਪ੍ਰਸ਼ੰਸਾ ਕੀਤੀ ਹੈ..... (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : 'ਹਿੰਦ ਸਮਾਚਾਰ' ਕੀ ਲਿੱਖਦਾ ਹੈ... (ਵਿਘਨ)

ਮਾਲ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਹ 'ਹਿੰਦ ਸਮਾਚਾਰ' ਦੀ ਗੱਲ ਕਰਦੇ ਹਨ ਇਨ੍ਹਾਂ ਦੇ ਮੁਤਾਬਕ ਉਸ ਦਾ ਐਡੀਟਰ ਇਕ ਬੜਾ ਵੱਡਾ ਪਰੋਗਰੈਸਿਵ ਫਾਰਮਰ ਹੈ, ਮੈਂ ਅਗੋਂ ਤੋਂ ਉਸ ਨੂੰ ਵੀ ਪੜ੍ਹਨ ਦੀ ਕੋਸ਼ਿਸ਼ ਕਰਾਂਗਾ ..... (ਵਿਘਨ)

ਹੁਣ, ਡਿਪਟੀ ਸਪੀਕਰ ਸਾਹਿਬ, ਮੈਂ ਉਨ੍ਹਾਂ ਸਾਥੀਆਂ ਦੀ ਗੱਲ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੂੰ, ਜਦੋਂ ਦਾ ਸੈਸ਼ਨ ਸ਼ੁਰੂ ਹੋਇਆ ਹੈ, ਸਿਵਾਏ ਨੁਕਤਾਚੀਨੀ ਕਰਨ ਦੇ ਹੋਰ ਕੋਈ ਦਲੀਲ ਹੀ ਨਹੀਂ ਸੁਝਦੀ 'ਪ੍ਰਤਾਪ' ਅਖਬਾਰ ਵਿੱਚ ਕਮਿਉਨਿਸਟ ਪਾਰਟੀ ਦੇ ਸੈਕਟਰੀ ਕਾਮਰੇਡ ਅਵਤਾਰ ਸਿੰਘ ਮਲਹੋਤਰਾ ਦਾ ਇਕ ਬਿਆਨ ਆਇਆ ਸੀ, ਉਹ ਮੈਂ ਪੜ੍ਹ ਕੇ ਸੁਣਾਉਂਦਾ ਹਾਂ :

> "ਪੰਜਾਬ ਕਮਿਉਨਿਸਟ ਪਾਰਟੀ ਕੇ ਸੈਕਟਰੀ ਸ੍ਰੀ ਅਵਤਾਰ ਸਿੰਘ ਮਲਹੋਤਰਾ ਨੇ ਜ਼ਰਾਇ ਸ਼ੁਬਾਅ ਸੇ ਮਜ਼ੀਦ ਟੈਕਸ ਹਾਸਲ ਕਰਨੇ ਕੇ ਬਾਰੇ ਪੰਜਾਬ ਸਰਕਾਰ ਕੇ ਕਦਮ ਕੀ ਹਮਾਇਤ ਕੀ ਹੈ।"

ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ ਨਵੇਂ ਜ਼ਮਾਨਾ ਵਿੱਚ ਅਤੇ ਹੋਰ ਅਖਬਾਰਾਂ ਵਿਚ ਇਹ ਖ਼ਬਰ ਛਪੀ ਹੈ।

ਕੈਪਟਨ ਰਤਨ ਸਿੰਘ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜਿਹੜੀ ਬਿੱਲ ਦੀ ਡਿਸਕਸ਼ਨ ਹੈ ਇਹ ਬੜੀ ਮਹਿਦੂਦ ਅਤੇ ਰੈਲੇਵੈਂਟ ਹੋਣੀ ਚਾਹੀਦੀ ਹੈ। ਔਰ ਮੈਂ ਤੁਹਾਡੇ ਰਾਹੀਂ ਰੈਵਿਨਿਊ ਮਨਿਸਟਰ ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਇਹ ਅਖਬਾਰ ਪੜ੍ਹਨੇ ਬੰਦ ਕਰ ਦੇਣ ਅਤੇ ਆਪਣੇ ਆਰਗੂਮੈਂਟਸ ਦੇਣ।

Original with;
Punjab Vidhan Sabha
Digitized by;
Panjab Digital Library

Finance Minister : He is justifying the Bill.

ਕਾਮਰੇਡ ਸੱਤ ਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਕਾਮਰੇਡ ਮਲਹੋਤਰਾ ਜੀ ਨੇ ਜਿਹੜੀ ਸਟੇਟਮੈਂਟ ਦਿੱਤੀ ਹੈ ਕਿ ਐਗਰੀਕਲਚਰ ਸੈਕਟਰ ਵਿੱਚ ਟੈਕਸ ਲਾਏ ਜਾਣ ਇਹ ਦਰੁਸਤ ਦਿੱਤੀ ਹੈ, ਲੇਕਿਨ ਉਸ ਨੇ ਕਿਹਾ ਹੈ ਕਿ ਐਗਰੀਕਲਚਰ ਸੈਕਟਰ ਵਿੱਚ ਬਿਗ ਲੈਂਡਲਾਰਡਜ਼ ਅਤੇ ਰਿਚ ਪੈਜ਼ੈਂਟਸ ਜਿਹੜੇ ਹਨ ਉਨ੍ਹਾਂ ਤੇ ਇਹ ਟੈਕਸ ਲਾਏ ਜਾਣ ਅਤੇ ਨਾਲ ਹੀ ਉਸ ਨੇ ਪੰਜਾਬ ਸਰਕਾਰ ਨੂੰ ਕ੍ਰਿਟੀਸਾਈਜ਼ ਕੀਤਾ ਹੈ ਕਿ ਉਹ ਰਾਜ ਕਮੇਟੀ ਦੀਆਂ ਰਿਕਮੈਂਡੇਸ਼ਨਜ਼ ਲਾਗੂ ਕਰਨ ਦੀ ਥਾਂ ਤੇ ਜਿਸ ਢੰਗ ਨਾਲ ਚਲ ਰਹੀ ਹੈ ਉਹ ਗਲਤ ਹੈ। ਮੈਂ ਇਹ ਪੁੱਛਦਾ ਹਾਂ ਕਿ ਕੀ ਮਨਿਸਟਰ ਸਾਹਿਬ ਨੂੰ ਕਿਸੇ ਅਖਬਾਰ ਵਿੱਚ ਦਿੱਤੀ ਕਿਸੇ ਦੀ ਸਟੇਟਮੈਂਟ ਨੂੰ ਆਪਣੀ ਮਰਜ਼ੀ ਨਾਲ ਤੋੜ ਮਰੋੜ ਕੇ ਹਾਊਸ ਵਿਚ ਪੇਸ਼ ਕਰਨ ਦਾ ਹੱਕ ਹੈ ?

ਮਾਲ ਮੰਤਰੀ : ਡਿਪਟੀ ਸਪੀਕਰ ਸਾਹਿਬ,ਮੈਂ ਪ੍ਰਤਾਪ ਪੜ੍ਹਿਆ ਸੀ, ਹੁਣ ਮੈਂ "ਨਵਾਂ ਜ਼ਮਾਨਾ" ਪੜ੍ਹ ਦਿੰਦਾ ਹਾਂ :

> "ਸਾਥੀ ਮਲਹੋਤਰਾ ਨੇ ਕਿਹਾ ਹੈ ਪੰਜਾਬ ਸਰਕਾਰ ਨੇ ਖੇਤੀ ਬਾੜੀ ਤੋਂ ਵਧੇਰੇ ਧਨ ਇਕੱਠਾ ਕਰਨ ਲਈ ਜੋ ਨਿਗੂਣੀ ਜਿਹੀ ਕੋਸ਼ਿਸ਼ ਕੀਤੀ ਹੈ ਅਕਾਲੀ ਲੀਡਰਸ਼ਿਪ ਨੂੰ ਉਹ ਵੀ ਪ੍ਰਵਾਨ ਨਹੀਂ ਹੈ ਕਿਉਂਕਿ ਅਕਾਲੀ ਲੀਡਰ ਸ਼ਿਪ ਹਰ ਤਰੀਕੇ ਲੈਂਡਲਾਰਡਾਂ ਤੇ ਧਨਾਢਾਂ ਦੇ ਹਿੱਤਾਂ ਦੀ ਰਾਖੀ ਕਰਨਾ ਆਪਣਾ ਫ਼ਰਜ਼ ਸਮਝਦੀ ਹੈ। ਉਨ੍ਹਾਂ ਕਿਹਾ ਸਰਕਾਰ ਨੇ ਜ਼ਮੀਨੀ ਮਾਲੀਏ ਤੇ ਜੋ ਦਰਜਾਵਾਰ ਲੈਵੀ ਲਾਈ ਹੈ ਖੇਤੀ ਦੇ ਸਾਧਨਾਂ ਤੋਂ ਫੈਰੀ ਤੌਰ ਤੇ ਧਨ ਇਕੱਠਾ ਕਰਨ ਦਾ ਯਤਨ ਹੈ ਤੇ ਇਕ ਚੰਗਾ ਕਦਮ ਹੈ।"

(ਇਸ ਸਮੇਂ ਸ਼੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਨ੍ਹਾਂ ਨੂੰ ਅੱਧ ਪਚੱਧਾ ਆਰਟੀਕਲ ਪੜ੍ਹਨ ਦਾ ਕੀ ਹੱਕ ਹੈ। Why does not he read the whole of it ? ਸਾਰਾ ਪੜ੍ਹਨ। (ਵਿਘਨ)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਇਸ ਵਾਸਤੇ ਜੋ ਰਿਪੋਰਟ ਦਾ ਸੁਆਲ ਇਥੇ ਆਉਂਦਾ ਹੈ.....(ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ; ਇਹ ਡੇਟ ਦੱਸ ਦੇਣ ...

I am going to raise a Privilege Motion. Can he read the paper without giving full text ? I will produce full text and then I will move a Privilege Motion against him. He should give date of the paper.

ਮਾਲ ਅਤੇ ਚੋਣ ਮੰਤਰੀ : ਜੇ ਸਪੀਕਰ ਸਾਹਿਬ, ਕਹਿਣਗੇ ਤਾਂ ਮੈਂ ਡੇਟ ਵੀ ਦੇ ਦਿਆਂਗਾ... (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਹ ਡੇਟ ਦੱਸਣ .....(ਵਿਘਨ)

ਸ਼੍ਰੀ ਸਪੀਕਰ : ਜੇ ਤੁਹਾਡੇ ਕੋਲ ਡੇਟ ਹੈ ਤਾਂ ਦੇ ਦਿਓ ...(ਵਿਘਨ) (Please give the date if you have it) (*Interruption*)

Original with;
Punjab Vidhan Sabha
Digitized by;
Panjab Digital Library

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਇਹ ਕਹੀ ਗਏ ਵੱਡੇ ਕਿਸਾਨ ਨੂੰ.....(ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਹ ਡੇਟ ਦੱਸਣ .....(ਵਿਘਨ)

ਸ਼੍ਰੀ ਸਪੀਕਰ: ਡੇਟ ਨਹੀਂ ਹੋਣੀ ਉਨ੍ਹਾਂ ਕੋਲ (ਵਿਘਨ) (He may not have the date.) *(Interruption)*

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਅਗਰ ਕੋਈ ਰਿਸਪੋਂਸੀਬਲ ਮਨਿਸਟਰ ਇਕ ਪਾਰਟੀ ਦੇ ਸੈਕਟਰੀ ਦੀ ਸਟੇਟਮੈਂਟ ਕਿਸੇ ਅਖਬਾਰ ਵਿਚੋਂ ਪੜ੍ਹ ਕੇ ਸੁਣਾ ਦੇਵੇ ਅਤੇ ਉਹ ਇਹ ਦੱਸਣ ਲਈ ਵੀ ਤਿਆਰ ਨਹੀਂ ਕਿ ਉਹ ਸਟੇਟਮੈਂਟ ਕਿਸੇ ਡੇਟ ਦੀ ਹੈ। (ਵਿਘਨ)

(ਇਸ ਸਮੇਂ ਸਰਦਾਰ ਸਤਨਾਮ ਸਿੰਘ ਬਾਜਵਾ ਜੀ ਬੋਲਣ ਲਈ ਖੜ੍ਹੇ ਸਨ)

ਸ਼੍ਰੀ ਸਪੀਕਰ : ਬਾਜਵਾ ਸਾਹਿਬ, ਤੁਸੀਂ ਬੋਲੋ। ਕੀ ਹੈ ਤੁਹਾਡਾ ਪੁਆਇੰਟ ਆਫ ਆਰਡਰ ? (Bajwa Sahib, what is your point of order?)

ਸਰਦਾਰ ਸਤਨਾਮ ਸਿੰਘ ਬਾਜਵਾ : ਸਪੀਕਰ ਸਾਹਿਬ, ਪਹਿਲਾਂ ਸਰਦਾਰ ਉਮਰਾਓ ਸਿੰਘ ਹੋਰਾਂ ਨੂੰ ਬਿਠਾ ਦਿਓ। ਮੈਂ ਤਦ ਦੱਸਾਂਗਾ।

ਸਪੀਕਰ ਸਾਹਿਬ, ਡਾਂਗ ਸਾਹਿਬ ਤਾਂ ਐਵੇਂ ਹੀ ਕਲਪਣ ਲਗੇ ਹੋਏ ਹਨ। ਜਦੋਂ ਕੈਪਟਨ ਰਤਨ ਸਿੰਘ ਹੋਰੀਂ, ਇਸ ਤਰ੍ਹਾਂ ਅਖਬਾਰਾਂ ਪੜ੍ਹ ਕੇ ਸੁਣਾਉਂਦੇ ਸਨ ਤਾਂ ਇਨ੍ਹਾਂ ਨੇ ਅਲਾਓ ਕਰ ਦਿੱਤਾ ਸੀ ਪਰ ਹੁਣ ਇਹ ਇਤਰਾਜ਼ ਕਰ ਰਹੇ ਹਨ। (ਹਾਸਾ)

ਸ਼੍ਰੀ ਸਪੀਕਰ : ਬਾਜਵਾ ਸਾਹਿਬ, ਤੁਸੀਂ ਤਸ਼ਰੀਫ ਰੱਖੋ। (Bajwa Sahib, please resume your seat.)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਮੇਰੀ ਗੁਜਾਰਿਸ਼ ਇਹ ਹੈ ਕਿ ਇਨ੍ਹਾਂ ਨੇ (ਕਮਿਊਨਿਸਟ ਪਾਰਟੀ ਦੇ ਮੈਂਬਰ ਸਾਹਿਬਾਨ ਵਲ ਇਸ਼ਾਰਾ ਕਰਦੇ ਹੋਏ) ਇਸ ਟੈਕਸ ਦੀ ਹਮਾਇਤ ਕੀਤੀ ਹੈ।

(ਇਸ ਸਮੇਂ ਕਮਿਊਨਿਸਟ ਪਾਰਟੀ ਦੇ ਸਾਰੇ ਮੈਂਬਰ ਸਾਹਿਬਾਨ ਖੜ੍ਹੇ ਹੋ ਗਏ)

Comrade Satya Pal Dang : Mr. Speaker, you are allowing a most irresponsible act on the part of this Minister (Sardar Umrao Singh). He does not tell us the date. He distorts the statement of the Secretary of our Party. He does not read the whole text of the statement.

Revenue and Election Minister (Sardar Umrao Singh) : Sir, I have quoted their own Paper.

Comrade Satya Pal Dang : Please give us the date of the Newspaper.

Revenue and Election Minister (Sardar Umrao Singh) : If the hon. Speaker asks for it, I will give the same.

ਸਪੀਕਰ ਸਾਹਿਬ, ਮੈਂ ਜੋ ਕੁਝ ਵੀ ਪੜ੍ਹਿਆ ਹੈ ਉਹ ਅਖਬਾਰ ਵਿੱਚੋਂ ਹੀ ਪੜ੍ਹਿਆ ਹੈ।

ਕਾਮਰੇਡ ਸੱਤ ਪਾਲ ਡਾਂਗ : ਕਿਹੜੀ ਅਖਬਾਰ ਵਿਚੋਂ ਪੜ੍ਹਿਆ ਹੈ, ਇਹ ਡੇਟ ਦੱਸਣ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਹ ਡੇਟ ਤਾਂ ਦੱਸਦੇ ਨਹੀਂ ਹਨ। ਇਹ ਇਤਨਾ ਹੀ ਦੱਸ ਦੇਣ ਕਿ ਇਹ ਅਖਬਾਰ ਇਨ੍ਹਾਂ ਦੀ ਪ੍ਰੈਸ

Original with;
Punjab Vidhan Sabha
Digitized by;
Panjab Digital Library

ਵਿਚ ਛਪਿਆ ਹੈ ਜਾਂ (ਕਮਿਉਨਿਸਟ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਉਨ੍ਹਾਂ ਦੀ ਪ੍ਰੈਸ ਵਿਚ ਛਪਿਆ ਹੈ। (ਹਾਸਾ)

ਮਾਲ ਅਤੇ ਚੋਣ ਮੰਤਰੀ : ਮੇਰੀ ਗੁਜ਼ਾਰਿਸ਼ ਹੈ ਕਿ ਇਹ ਟੈਕਸ ਪੰਜ ਏਕੜ ਵਾਲੇ ਕਿਸਾਨ ਨੂੰ ਨਹੀਂ ਲਗਣਾ।

ਕਾਮਰੇਡ ਦਾਨਾ ਰਾਮ : * * *

ਸ਼੍ਰੀ ਸਪੀਕਰ : ਜੋ ਕੁਝ ਕਾਮਰੇਡ ਦਾਨਾ ਰਾਮ ਜੀ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ। (Whatever Comrade Dana Ram Ji is saying, should not be recorded.)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਜਿੱਥੋਂ ਤੱਕ ਦੂਜੇ ਕਿਸਾਨਾਂ ਦਾ ਤੁਅੱਲਕ ਹੈ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਉਤੇ ਇਹ ਮਾਲੀਆ ਸਲੈਬ ਦੇ ਹਿਸਾਬ ਨਾਲ ਲਾਗੂ ਕੀਤਾ ਹੈ। ਜਿਹੜਾ ਅਗੇ ਸਲੈਬ ਸਿਸਟਮ ਸੀ ਉਸ ਦੇ ਹਿਸਾਬ ਨਾਲ ਹੀ ਅਸੀਂ ਲਗਾਇਆ ਹੈ ਅੋਰ ਬੜੇ ਹੀ ਪ੍ਰਾਗਰੈਸਿਵ ਤਰੀਕੇ ਨਾਲ ਇਸ ਨੂੰ ਲਾਗੂ ਕੀਤਾ ਹੈ। ਮੈਨੂੰ ਪਤਾ ਹੈ ਕਿ ਸਾਰਾ ਹਾਊਸ ਜਿਹੜਾ ਹੈ ਉਹ ਇਸ ਗੱਲ ਲਈ ਸਹਿਮਤ ਹੈ ਕਿ ਇਕ ਤੁੱਛ ਜਿਹੀ ਭੇਟਾ ਜਾਂ ਹਿੱਸਾ ਕਿਸਾਨ ਪੰਜਾਬ ਦੇ ਭੰਡਾਰ ਵਿੱਚ ਪਾਉਣਾ ਚਾਹੁੰਦੇ ਹਨ ਉਹ ਪਾਉਣ ਦਿੱਤਾ ਜਾਵੇ ਕਿਉਂਕਿ ਸਪੀਕਰ ਸਾਹਿਬ, ਪੰਜਾਬ ਦੇ ਕਿਸਾਨ ਨੂੰ ਬਹੁਤ ਸਾਰੀਆਂ ਚੀਜ਼ਾਂ ਦੀ ਲੋੜ ਹੈ ਉਸ ਨੂੰ ਹਸਪਤਾਲਾਂ ਦੀ ਲੋੜ ਹੈ, ਸੜਕਾਂ ਦੀ ਲੋੜ ਹੈ। ਉਸ ਨੂੰ ਪਤਾ ਹੈ ਕਿ ਪਿੰਡਾਂ ਦੀ ਡੀਵੈਲਪਮੈਂਟ ਬੜੀ ਤੇਜ਼ੀ ਨਾਲ ਹੋ ਰਹੀ ਹੈ। ਅੱਜ ਜੋ ਪੰਜਾਬ ਹੈ ਉਸ ਦੇ ਹਰ ਇਕ ਪਿੰਡ ਨੂੰ ਸੜਕਾਂ ਨਾਲ ਮਿਲਾ ਦਿੱਤਾ ਹੈ। (ਬੰਪਿੰਗ)

ਇਸ ਕਰਕੇ, ਸਪੀਕਰ ਸਾਹਿਬ, ਮੈਂ ਸੱਮਝਦਾ ਹਾਂ ਕਿ ਜੋ ਅਸੀਂ ਮਾਲੀਆ ਵਧਾਇਆ ਹੈ ਉਹ ਕੁਲੈਕਸ਼ਨ ਚਾਰਜਿਜ਼ ਤੋਂ ਵੀ ਘੱਟ ਹੈ। ਪਰ ਇਹ ਲੋਕ ਜੋ ਕੁੱਝ ਕਰ ਰਹੇ ਹਨ ਉਹ ਕਿਸਾਨ ਦੇ ਹਿੱਤ ਵਿੱਚ ਨਹੀਂ ਹੈ। ਸੋ ਸਪੀਕਰ ਸਾਹਿਬ, ਹਾਊਸ ਇਸ ਗੱਲ ਦੀ ਸਹਿਮਤੀ ਦੇਵੇਗਾ ਤਾਂਕਿ ਪੰਜਾਬ ਦਾ ਕਿਸਾਨ ਵੀ ਪੰਜਾਬ ਦੇ ਖਜ਼ਾਨੇ ਵਿੱਚ ਹਿੱਸਾ ਪਾ ਸਕੇ।

Mr. Speaker: Question is—

That the Punjab Land Revenue (Amendment) Bill be taken into consideration at once.

The motion was carried.

Mr. Speaker : Now the House will proceed to consider the Bill Clause by Clause.

SUB-CLAUSE (2) OF CLAUSE 1.

Mr. Speaker : Question is—

That Sub-clause (2) of Clause 1 stand part of the Bill.

The motion was carried.

---

*Not recorded as ordered by the Chair.

Original with;
Punjab Vidhan Sabha
Digitized by;
Panjab Digital Library

CLAUSE 2

Mr. Speaker : Now Clause 2 is before the House. There are notices of amendments to this Clause. The first amendment stands in the name of Sardar Harbans Singh Jalal.

Sardar Harbans Singh Jalal (Phul) : Sir, I beg to move—

That in the proposed Chapter V—A, section 60 E line 4, for 'ten' *substitute* 'fifty'

ਸਤਿਕਾਰ ਯੋਗ ਸਪੀਕਰ ਸਾਹਿਬ ਜਿਹੜਾ ਬਿੱਲ ਪੇਸ਼ ਹੋਇਆ ਹੈ ਪੰਜਾਬ ਰੈਵੇਨਿਊ ਅਮੈਂਡਮੈਂਟ ਬਿੱਲ, 1974 ਉਹਦੇ ਤਹਿਤ ਜਿਹੜਾ ਕਿਸਾਨ ਲੈਂਡ ਰੈਵੇਨਿਊ ਜਿਸ ਨੂੰ ਕਿ ਹਾਲੇ ਮਾਮਲਾ ਹੀ ਕਿਹਾ ਜਾਂਦਾ ਹੈ ਪਹਿਲੇ 10 ਰੁਪਈਏ ਤੋਂ 50 ਰੁਪਈਏ ਦਿੰਦਾ ਹੈ ਹੁਣ 200 ਪ੍ਰਤੀਸ਼ਤ ਵੱਧ ਦੇਣੇ ਪੈਣਗੇ। ਜਿਹੜਾ 50 ਤੋਂ 100 ਰੁਪਈਏ ਦਿੰਦਾ ਹੈ। ਉਸ ਦਾ ਢਾਈ ਗੁਣਾ ਵਾਧਾ ਕਰ ਦਿੱਤਾ ਜਾਵੇਗਾ ਅਤੇ ਉਸ ਨੂੰ 25 ਰੁਪਈਏ ਐਕਸਟਰਾ ਦੇਣੇ ਪੈਣਗੇ। ਜਿਹੜਾ 100 ਰੁਪਈਏ ਤੋਂ 200 ਰੁਪਈਏ ਦਿੰਦਾ ਹੈ, ਉਸ ਨੂੰ ਤਿੰਨ ਗੁਣਾ ਮਾਮਲਾ ਤੇ 205 ਰੁਪਈਏ ਫਾਲਤੂ ਦੇਣੇ ਪੈਣਗੇ। ਜਿਹੜਾ ਕਿਸਾਨ 200 ਤੋਂ ਵੱਧ ਦਿੰਦਾ ਹੈ ਉਸ ਦਾ ਮਾਮਲਾ ਸਾਢੇ ਤਿੰਨ ਗੁਣਾ ਤੇ ਨਾਲ 305 ਰੁਪਈਏ ਫਾਲਤੂ ਦੇਣੇ ਪੈਣਗੇ।

(ਇਸ ਸਮੇਂ ਮਾਲ ਮੰਤਰੀ ਜੀ ਵਿੱਤ ਮੰਤਰੀ ਜੀ ਨਾਲ ਗੱਲਾਂ ਕਰ ਰਹੇ ਸਨ)

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਘੱਟੋ.ਘੱਟ ਮਾਲ ਮੰਤਰੀ ਜੀ ਤਾਂ ਮੇਰੀਆਂ ਗੱਲਾਂ ਵੱਲ ਧਿਆਨ ਦੇਣ।

(ਇਸੇ ਸਮੇਂ ਸ਼੍ਰੀ ਪਿਆਰਾ ਰਾਮ ਧੰਨੋਵਾਲੀ ਜੀ ਪੁਆਇੰਟ ਆਫ ਆਰਡਰ ਤੇ ਖੜ੍ਹੇ ਹੋਏ)

ਅਵਾਜ਼ਾਂ : ਜੈ ਭੀਮ, ਜੈ ਭੀਮ।

ਸ਼੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ, ਜਲਾਲ ਸਾਹਿਬ ਨੇ ਅਮੈਂਡਮੈਂਟ ਦਿੱਤੀ ਹੈ, ਕੀ ਇਹ ਰੈਲੇਵੈਂਟ ਬੋਲ ਰਹੇ ਹਨ ? ਇਹ ਤਾਂ ਸਾਰੇ ਐਕਟ ਤੇ ਹੀ ਬੋਲ ਰਹੇ ਹਨ।

ਸਰਦਾਰ ਹਰਬੰਸ ਸਿੰਘ ਜਲਾਲ : ਸਪੀਕਰ ਸਾਹਿਬ, ਇਹ ਚੀਜ਼ ਆਮ ਹੁੰਦੀ ਹੈ ਕਿ ਜਦੋਂ ਕੋਈ ਮੈਂਬਰ ਬੋਲਣ ਲਗਦਾ ਹੈ ਤਾਂ ਦੂਜਾ ਪੁੱਛਦਾ ਹੈ ਕਿ ਇਹ ਕਿਸ ਤੇ ਬੋਲ ਰਿਹਾ ਹੈ। ਇਹ ਠੀਕ ਹੈ ਕਿ ਮੈਂ ਅਮੈਂਡਮੈਂਟ ਦਿੱਤੀ ਹੈ ਜਿਸ ਦੇ ਤਹਿਤ ਨਵੇਂ ਰੇਟ ਫਿਕਸ ਹੋਣੇ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਤੋਂ ਵੱਧ ਹੋਰ ਕੀ ਰੈਲੇਵੈਂਸੀ ਹੋ ਸਕਦੀ ਹੈ। ਸਪੀਕਰ ਸਾਹਿਬ, ਜਦੋਂ ਉਸ ਦਾ ਪੁਆਇੰਟ ਆਫ ਆਰਡਰ ਨਹੀਂ ਸੀ ਬਣਦਾ ਤਾਂ ਤੁਸੀਂ ਡਿਸਅਲਾਓ ਕਿਉਂ ਨਹੀਂ ਕਰ ਦਿੱਤਾ। ਸਪੀਕਰ ਸਾਹਿਬ, ਇਸ ਬਿੱਲ ਉਤੇ ਰੋਣਾ ਵੀ ਆਉਂਦਾ ਹੈ ਤੇ ਹਾਸਾ ਵੀ ਆਉਂਦਾ ਹੈ। ਰੋਣ ਇਸ ਗੱਲ ਦਾ ਕਿ ਇਹ ਬਿੱਲ ਉਸ ਕਿਸਾਨ ਨੂੰ ਮਾਰੇਗਾ ਜਿਸ ਕਿਸਾਨ ਨੇ ਹਰਾ ਇਨਕਲਾਬ ਲਿਆਉਣਾ ਸ਼ੁਰੂ ਕੀਤਾ ਹੈ, ਸਪੀਕਰ ਸਾਹਿਬ ਉਸ ਕਿਸਾਨ ਨੂੰ ਜਿਸ ਕਿਸਾਨ ਨੇ ਸਾਡੇ ਦੇਸ਼ ਦੀ ਰਾਜਮਾਤਾ, ਦੇਸ਼ਮਾਤਾ ਦਾ ਮਾਣ ਪ੍ਰਾਪਤ ਕੀਤਾ ਹੈ। ਉਸ ਕਿਸਾਨ ਨੂੰ ਜਿਸ ਕਿਸਾਨ ਨੇ ਸਾਡੇ ਦੇਸ਼ ਦਾ ਸਿਰ ਜਿਹੜਾ ਕਿ ਦੂਜੇ ਦੇਸ਼ਾਂ ਜਿਵੇਂ ਕਿ ਅਮਰੀਕਾ, ਰੂਸ ਹੈ, ਆਸਟਰੇਲੀਆ ਹੈ, ਉਨ੍ਹਾਂ ਅੱਗੇ ਝੁਕਦਾ ਹੁੰਦਾ ਸੀ ਉਸ ਨੂੰ ਉੱਚਾ ਕੀਤਾ ਹੈ। ਅੱਜ ਇਹ ਉਸ ਕਿਸਾਨ ਨੂੰ ਮਾਰ ਰਹੇ ਹਨ ਜਿਸ ਕਿਸਾਨ ਨੇ ਖੂਨ ਪਸੀਨਾ ਇਕ ਕਰਕੇ ਸਾਡੇ ਦੇਸ਼ ਦਾ ਮਾਣ ਵਧਾਇਆ ਹੈ। ਅੱਜ ਉਸ ਕਿਸਾਨ ਨੂੰ ਜਿਸ ਬੇਰਹਿਮੀ ਨਾਲ, ਬੇਤਰਸੀ ਨਾਲ, ਬੇਸ਼ਰਮੀ ਨਾਲ ਮਾਰਿਆ ਜਾ ਰਿਹਾ ਹੈ ਇਸ ਉਤੇ ਰੋਣਾ ਆਉਂਦਾ ਹੈ। (ਵਿਘਨ) ਵਜ਼ੀਰ ਸਾਹਿਬ ਸੁਣਨ ਦੀ ਖੇਚਲ ਕਰੋ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਤੁਸੀਂ ਬਿੱਲ ਵੱਲ ਖਿਆਲ ਰੱਖੋ। (You may please be relevant to the Bill. Please be brief.)

ਸਰਦਾਰ ਹਰਬੰਸ ਸਿੰਘ ਜਲਾਲ (ਫੂਲ) : ਸਪੀਕਰ ਸਾਹਿਬ, ਹਾਸਾ ਆਉਂਦਾ ਹੈ ਮਾਲ ਮੰਤਰੀ ਦੀ ਐਫੀਸ਼ੈਨਸੀ ਤੇ ਉਨ੍ਹਾਂ ਦੀ ਲਿਆਕਤ ਤੇ, ਉਨ੍ਹਾਂ ਦੀ ਵਿਜ਼ਡਮ ਤੇ। ਅੱਗੇ ਇਕ ਸਵਾਲ ਤੇ ਵੀ ਉਨ੍ਹਾਂ ਨੇ ਟੱਕਣ ਦਾ ਯਤਨ ਕੀਤਾ ਸੀ ਪਰ ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਸਟੈਮਪ ਡਿਊਟੀ ਕਿਸ ਤਰ੍ਹਾਂ ਲਗਦੀ ਹੈ। ਇਸ ਬਿੱਲ ਵਿਚ ਉਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਪੰਜਾਬ ਦੇ ਕਿਸ ਹਿੱਸੇ ਵਿੱਚ ਕਿਸ ਜ਼ਮੀਨ ਤੇ ਹਾਲਾ ਜਾਂ ਮਾਮਲਾ ਕਿਤਨਾ ਲਗਾਇਆ ਜਾਂਦਾ ਹੈ। ਨਹੀਂ ਤਾਂ ਇਹ ਬਿੱਲ ਮਜ਼ਾਕ ਦਾ ਕਾਰਨ ਨਾ ਬਣਦਾ। ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਇਸ ਪਾਸੇ ਵੱਲ ਦਵਾਉਣਾ ਚਾਹੁੰਦਾ ਹਾਂ ਕਿ 30 ਸਟੈਂਡਰਡ ਏਕੜ ਦੀ ਸੀਲਿੰਗ ਲਾਗੂ ਹੋਇਆਂ ਕਿਤਨੇ ਸਾਲ ਹੋ ਗਏ ਹਨ। ਸਪੀਕਰ ਸਾਹਿਬ ਵੇਖੋ ਵਜ਼ੀਰ ਸਾਹਿਬ ਹੁਣ ਵੀ ਹੱਸ ਰਹੇ ਹਨ। ਸ਼ਾਇਦ ਉਨ੍ਹਾਂ ਨੂੰ ਪਤਾ ਹੈ। ਜੇਕਰ ਪਤਾ ਹੈ ਤਾਂ ਦੱਸ ਦੇਣ।

ਸ਼੍ਰੀ ਸਪੀਕਰ : ਤੁਸੀਂ ਆਪਣੇ ਵੱਲ ਹੀ ਧਿਆਨ ਰੱਖੋ। (Please continue your speech. Do not pay attention to others).

ਸਰਦਾਰ ਹਰਬੰਸ ਸਿੰਘ ਜਲਾਲ : ਜਿਹੜੀ ਪਹਿਲੇ ਦੱਸ ਰੁਪਈਏ ਤੱਕ ਰਿਆਇਤ ਦਿੱਤੀ ਗਈ ਹੈ ਮੈਂ ਉਸ ਨਾਲ ਸਹਿਮਤ ਹਾਂ ਕਿਉਂਕਿ 5 ਏਕੜਾਂ ਵਾਲਾ ਛੋਟਾ ਕਿਸਾਨ ਤਕਰੀਬਨ ਇਸ ਟੈਕਸ ਤੋਂ ਬਚ ਜਾਂਦਾ ਹੈ। ਸਪੀਕਰ ਸਾਹਿਬ, ਇਹ ਉਹੋ ਹੀ ਬਿੱਲ ਹੈ ਜਿਸ ਨਾਲ ਪੰਜ ਏਕੜ ਵਾਲੇ ਕਿਸਾਨ ਨੂੰ ਮਾਮਲੇ ਤੋਂ ਰਾਹਤ ਮਿਲੀ ਸੀ ਜਿਹੜਾ ਕਿ ਅਕਾਲੀ ਪਾਰਟੀ ਦੇ ਬਰਸਰੇ ਏਕਤਦਾਰ ਹੋਣ ਸਮੇਂ ਪਾਸ ਹੋਇਆ ਸੀ। ਇਸ ਦਾ ਕਰੈਡਿਟ ਅਕਾਲੀ ਪਾਰਟੀ ਦੀ ਸਰਕਾਰ ਨੂੰ ਜਾਂਦਾ ਹੈ। ਪਰ ਅੱਜ ਕਿਸਾਨ ਦੀ ਕਿਸਮਤ ਉਨ੍ਹਾਂ ਕਿਸਾਨ ਦੁਸ਼ਮਣਾਂ ਦੇ ਹੱਥਾਂ ਵਿਚ ਹੈ ਜਿਨ੍ਹਾਂ ਨੇ ਮਾਮਲਾ ਕਈ ਗੁਣਾ ਵਧਾਉਣ ਦਾ ਯਤਨ ਕੀਤਾ ਹੈ।

ਜਿਥੋਂ ਤੱਕ ਮਾਮਲਾ 10 ਰੁਪਏ ਦਾ ਹੈ, ਤਕਰੀਬਨ 4 ਏਕੜ ਵਾਲੇ ਤੇ ਲਾਗੂ ਹੁੰਦਾ ਹੈ। ਪੰਜਾਬ ਵਿਚ ਅਸਲ ਮਾਲੀਆ ਕੀ ਸੀ, ਇਸ ਬਾਰੇ ਸਾਡੀ ਵਿਧਾਨ ਸਭਾ ਦੀ ਖੋਜ ਸ਼ਾਖਾ, ਲਾਇਬਰੇਰੀ ਅਤੇ ਹੋਰ ਕਿਸੇ ਵਿਧਾਨ ਸਭਾ ਦੇ ਅੰਗ ਵਿਚੋਂ ਪਤਾ ਨਹੀਂ ਲਗ ਸਕਿਆ, ਓਰੀਜਨਲ ਮਾਲੀਆ ਕੀ ਸੀ, ਇਸ ਬਾਰੇ ਪਤਾ ਨਹੀਂ ਲਗ ਸਕਿਆ।

ਸਰਦਾਰ ਦਰਬਾਰਾ ਸਿੰਘ : ਵਜ਼ੀਰ ਸਾਹਿਬ ਨੂੰ ਹੁਣ ਪੁਛ ਲਵੋ, ਦੱਸ ਦੇਣਗੇ।

ਸਰਦਾਰ ਹਰਬੰਸ ਸਿੰਘ ਜਲਾਲ : ਲਾਇਬਰੇਰੀ ਵਿਚ ਅਵੇਲੇਬਲ ਨਹੀਂ, ਹੈਡ ਆਫ ਦੀ ਡਿਪਾਰਟਮੈਂਟ ਕੋਲ ਅਵੇਲੇਵਲ ਨਹੀਂ, ਤਾਂ ਮੇਰਾ ਪ੍ਰਿਵਿਲੇਜ਼ ਬਣ ਜਾਂਦਾ ਹੈ ਕਿ ਮਨਿਸਟਰ ਸਾਹਿਬ ਮੈਨੂੰ ਦੱਸਣ।

ਸ਼੍ਰੀ ਸਪੀਕਰ : ਜੇ ਤੁਸੀਂ ਕੋਈ ਪਵਾਇੰਟ ਦੱਸਣਾ ਹੈ ਤਾਂ ਬੋਲੋ ਨਹੀਂ ਤਾਂ ਬੈਠੋ। (You may please speak on a specific point otherwise, resume your seat.)

ਸਰਦਾਰ ਹਰਬੰਸ ਸਿੰਘ ਜਲਾਲ : ਮੈਂ ਅਮੈਂਡਮੈਂਟ ਦਿੱਤੀ ਹੈ ਕਿ 10 ਰੁਪਏ ਤੋਂ 50 ਰੁਪਏ ਕਰ ਦਿੱਤਾ ਜਾਵੇ। ਜਿਹੜਾ 50 ਰੁਪਏ ਤੋਂ 100 ਰੁਪਏ ਜਾਂ 200 ਤੋਂ ਉਪਰ ਦਾ ਸ਼ਡਿਊਲ ਦਿੱਤਾ ਗਿਆ ਹੈ, ਇਹ ਠੀਕ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

Mr. Speaker : Motion moved:

That in the proposed Chapter V—A, section 60E, line 4. for' 'ten' substitute 'fifty'.

Sardar Surjit Singh Atwal : Sir, I beg to move—

That in the proposed sections 60E, 60F and in the Schedule to the proposed Chapter V—A, for the words 'ten rupees' wherever occuring, *substitute* the words' twenty rupees.'

I also move—

That in the proposed Schedule to the proposed Chapter V—A, against the entries at serial Nos. 2, 3 and 4, for the words 'Eighty rupees' Two hundred and five rupees' and Five hundred and five rupees', *substitute* the words 'Sixty rupees',One hundred and eighty-five rupees' and 'Four hundred and eighty-five rupees' respectively.

ਸਪੀਕਰ ਸਾਹਿਬ, ਅੱਜ ਜਿਹੜਾ ਅਮੈਂਡਿੰਗ ਬਿੱਲ ਹਾਊਸ ਦੇ ਸਾਹਮਣੇ ਪੇਸ਼ ਹੈ...

ਸ਼੍ਰੀ ਸਪੀਕਰ : ਮੈਂ ਟਰੈਜ਼ਿਰੀ ਬੈਂਚਿਜ਼ ਨੂੰ ਇਹ ਰਿਕੁਐਸਟ ਕਰਾਂਗਾ ਕਿ ਉਹ ਸੀਰੀਅਸ ਹੋਕੇ ਸੁਣਨ ਅਤੇ ਗੱਲਾਂ ਨਾ ਕਰਨ ਕਿਉਂਕਿ ਆਨਰੇਬਲ ਮੈਂਬਰ ਬੋਲ ਰਹੇ ਹਨ ਅਤੇ ਸਾਰਿਆਂ ਨੂੰ ਸੁਣ ਨਹੀਂ ਰਿਹਾ। (I would request the hon. Members of the Treasury Benches to be serious and attentive and stop talking because the hon. Member is not properly audible to all the Members of the House.)

ਸਰਦਾਰ ਸੁਰਜੀਤ ਸਿੰਘ ਅਟਵਾਲ : ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਜਿਹੜਾ ਲੈਂਡ ਰੈਵੇਨਿਊ (ਅਮੈਂਡਮੈਂਟ) ਬਿੱਲ ਹੈ ਇਸ ਦੀ ਮੇਰੇ ਕਈ ਮਿੱਤਰਾਂ ਅਤੇ ਸੱਜਣਾਂ ਨੇ ਆਪੋਜ਼ੀਸ਼ਨ ਕੀਤੀ ਹੈ।

ਸ਼੍ਰੀ ਸਪੀਕਰ : ਮੈਂ ਹਾਊਸ ਦੇ ਆਨਰੇਬਲ ਮੈਂਬਰਜ਼ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਜਿੰਨਾ ਚਿਰ ਇਹ ਬਿੱਲ ਤੇ ਅਗਲਾ ਬਿੱਲ ਖਤਮ ਨਹੀਂ ਹੁੰਦੇ ਉਸ ਵੇਲੇ ਤੱਕ ਹਾਊਸ ਨੂੰ ਐਕਸਟੈਂਡ ਕਰ ਦਿੱਤਾ ਜਾਵੇ। ਕੀ ਇਹ ਹਾਊਸ ਦੀ ਪਲੈਇਜ਼ਰ ਹੈ ? (I would request the hon. Members of the House to agree to the proposal that the time of the sitting be extended till this Bill and the next are disposed of. Is it the pleasure of the House?)

Voices : Yes, Yes.

ਸ਼੍ਰੀ ਸਪੀਕਰ : ਅਜ ਹਾਊਸ ਦੀ ਸਿਟਿੰਗ ਉਸ ਵੇਲੇ ਤਕ ਐਕਸਟੈਂਡ ਕਰ ਦਿੱਤੀ ਜਾਂਦੀ ਹੈ ਜਦੋਂ ਤਕ ਦੋਨੋਂ ਬਿੱਲ ਖਤਮ ਨਹੀਂ ਹੋ ਜਾਂਦੇ। (The time of the sitting is extended till both the Bills are disposed of.)

ਸਰਦਾਰ ਸੁਰਜੀਤ ਸਿੰਘ ਅਟਵਾਲ : ਸਪੀਕਰ ਸਾਹਿਬ ਕਈ ਮੈਂਬਰਾਂ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਇਹ ਜਿਹੜੇ ਟੈਕਸ ਗੌਰਮਿੰਟ ਨੇ ਲਗਾਏ ਹਨ, ਇਹ ਬਹੁਤ ਜ਼ਿਆਦਾ ਹਨ ਅਤੇ ਇਨ੍ਹਾਂ ਟੈਕਸਾਂ ਦੇ ਨਾਲ ਪੰਜਾਬ ਦਾ ਕਿਸਾਨ ਤਬਾਹ ਹੋ ਜਾਵੇਗਾ ਔਰ ਕਈ ਇਕ ਸੱਜਣਾਂ ਨੇ ਤਾਂ ਇਹ ਵੀ ਕਿਹਾ ਕਿ ਅੱਜ ਬਦਕਿਸਮਤੀ ਨਾਲ ਪੰਜਾਬ ਦੇ ਕਿਸਾਨ ਦੀ ਕਿਸਮਤ ਉਨ੍ਹਾਂ ਲੋਕਾਂ ਦੇ ਹੱਥਾਂ ਵਿਚ

Original with;
Punjab Vidhan Sabha
Digitized by;
Panjab Digital Library

ਹੈ ਜਿਨ੍ਹਾਂ ਨੂੰ ਕਿਸਾਨ ਦੇ ਮੁਤਲਿਕ ਕੁਝ ਪਤਾ ਨਹੀਂ ਪਰ.....(ਆਪੋਜ਼ੀਸ਼ਨ ਵਲੋਂ ਥੰਪਿੰਗ) ਮਰੀ ਪੂਰੀ ਗੱਲ ਤਾਂ ਪਹਿਲਾਂ ਸੁਣ ਲਓ ।

ਵਿੱਤ ਮੰਤਰੀ : ਇਨ੍ਹਾਂ ਨੇ ਇਹ ਨਹੀਂ ਕਿਹਾ ।

ਸਰਦਾਰ ਅਜਾਇਬ ਸਿੰਘ ਸੰਧੂ : ਇਹੀ ਕਿਹਾ ਹੈ ।

ਸ਼੍ਰੀ ਸਪੀਕਰ : ਬਾਜਵਾ ਸਾਹਿਬ ਤੁਹਾਡਾ ਕੀ ਪੁਆਇੰਟ ਆਫ ਆਰਡਰ ਹੈ ? (Bajwa Sahib, what is your point of order?)

ਸਰਦਾਰ ਸਤਨਾਮ ਸਿੰਘ ਬਾਜਵਾ : ਇਸ ਕਾਂਗਰਸ ਪਾਰਟੀ ਨੂੰ ਜ਼ਰਾ ਗੌਰ ਨਾਲ ਵੇਖੋ, ਹਰ ਜੱਟ ਨਾਲ ਇਕ ਦੂਜਾ ਬਹਾਲਿਆ ਹੋਇਆ ਹੈ ਕਿ ਦੂਜਾ ਕੋਈ ਬੋਲ ਹੀ ਨਾ ਸਕੇ ।

ਸ਼੍ਰੀ ਸਪੀਕਰ : ਤੁਸੀਂ ਬੈਠੋ ਜੀ । (ਵਿਘਨ) (Please resume your seat.) *(Interruption)*

ਇਕ ਆਵਾਜ਼ : ਦੋ ਸੱਜਣ ਸਾਹਮਣੇ ਬੈਠੇ ਹਨ, ਉਨ੍ਹਾਂ ਦੀ ਹਾਲਤ ਨੂੰ ਵੇਖੋ ।

ਸਰਦਾਰ ਸਤਨਾਮ ਸਿੰਘ ਬਾਜਵਾ : ਮੈਂ ਇਹੀ ਕਿਹਾ ਹੈ (ਵਿਘਨ)

ਸਰਦਾਰ ਸੁਰਜੀਤ ਸਿੰਘ ਅਟਵਾਲ : ਸਪੀਕਰ ਸਾਹਿਬ ਮੈਂ ਅਰਜ਼ ਕਰ ਰਿਹਾ ਸੀ ਕਿ ਅੱਜ ਇਨ੍ਹਾਂ opposition ਮੈਂਬਰਾਂ ਨੂੰ ਬੜਾ ਦੁਖ ਹੈ ਅਤੇ ਇਹ ਕਹਿੰਦੇ ਹਨ ਕਿ ਪੰਜਾਬ ਦਾ ਕਿਸਾਨ ਅੱਜ ਉਸ ਸਰਕਾਰ ਦੇ ਹੱਥ ਵਿਚ ਹੈ ਜਿਸ ਨੂੰ ਕਿਸਾਨ ਨਾਲ ਕੋਈ ਹਿੱਤ ਨਹੀਂ (ਵਿਘਨ) (ਆਪੋਜ਼ੀਸ਼ਨ ਵਲੋਂ ਥੰਪਿੰਗ) ਪਰ ਮੇਰੇ ਸਾਹਮਣੇ ਬੈਠੇ ਸਾਥੀਆਂ ਨੂੰ ਉਹ ਵੇਲਾ ਭੁਲ ਗਿਆ ਹੈ ਜਿਸ ਵੇਲੇ ਪੰਜਾਬ ਦੇ ਕਿਸਾਨ ਤੇ ਵੈਲਥ ਟੈਕਸ ਲਗਿਆ ਸੀ ਤਾਂ ਅਕਾਲੀ ਪਾਰਟੀ ਦੀ ਸਰਕਾਰ ਨੇ ਬੜੇ ਦਮਗਜੇ ਨਾਲ ਕਿਹਾ ਕਿ ਅਸੀਂ ਕਿਸਾਨ ਉਤੇ ਇਹ ਵੈਲਥ ਟੈਕਸ ਨਹੀਂ ਲਗਣ ਦੇਵਾਂਗੇ, ਪਰ ਉਹ ਕੁਝ ਨ ਕਰ ਸਕੀ ਤੇ ਵੈਲਥ ਟੈਕਸ ਲਗ ਕੇ ਰਿਹਾ । ਅਕਾਲੀ ਸਰਕਾਰ ਫੇਲ ਹੋ ਗਈ ਪਰ ਉਸ ਦੇ ਉਲਟ ਅੱਜ ਉਸੇ ਕਾਂਗਰਸੀ ਸਰਕਾਰ ਨੇ ਹੀ ਜਿਸ ਨੂੰ ਮੇਰੇ ਦੋਸਤ ਕਹਿੰਦੇ ਹਨ ਕਿ ਕਿਸਾਨ ਮਾਰੂ ਹੈ ਕਿਸਾਨ ਨੂੰ ਟੈਕਸਾਂ ਦੇ ਇਕ ਬੜੇ ਭਾਰੀ ਬੋਝ ਤੋਂ ਜਿਹੜੇ ਰਾਜ ਟੈਕਸੇਸ਼ਨ ਕਮੇਟੀ ਦੀ ਸਿਫਾਰਿਸ਼ ਹੇਠ ਲਗਣੇ ਸਨ ਨੂੰ ਉਨ੍ਹਾਂ ਤੋਂ ਬਚਾਇਆ ਹੈ । (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) (ਸ਼ੋਰ) (ਵਿਘਨ)

Mr. Speaker : No running commentary. Order please.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : * * *

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ । (This is no point of order.)

ਸਰਦਾਰ ਸੁਰਜੀਤ ਸਿੰਘ ਅਟਵਾਲ : ਮੈਂ ਕਾਮਰੇਡ ਜੀ ਇਸ ਬਹਿਸ ਵਿਚ ਨਹੀਂ ਸੀ ਪੈਣਾ ਚਾਹੁੰਦਾ । ਮੈਂ ਭਲੀ ਪਰਕਾਰ ਜਾਣਦਾ ਹਾਂ ਕਿ (ਆਪੋਜ਼ੀਸ਼ਨ ਵਲ ਇਸ਼ਾਰਾ ਕਰਦੇ ਹੋਏ) ਇਹ ਕਿਸਾਨਾਂ ਦੇ ਕਿੰਨੇ ਕੁ ਹਿਤੈਸ਼ੀ ਹਨ ਅਤੇ ਉਨ੍ਹਾਂ ਵਾਸਤੇ ਕਿੰਨੇ ਕੁ ਮਰਦੇ ਹਨ, ਇਸ ਗੱਲ ਨੂੰ ਸਾਰੀ ਦੁਨੀਆਂ ਚੰਗੀ ਤਰ੍ਹਾਂ ਜਾਣਦੀ ਹੈ । ਸਪੀਕਰ ਸਾਹਿਬ ਇਹ ਮੈਨੂੰ ਇੰਟਰਪਟ ਕਰੀ ਜਾਂਦੇ ਹਨ । (ਵਿਘਨ) (ਸ਼ੋਰ)

*Expunged as ordered by the Chair

Original with;
Punjab Vidhan Sabha
Digitized by;
Panjab Digital Library

ਚੌਧਰੀ ਜਗਤ ਰਾਮ : ਦੇਖੋ ਜੀ, ਹਾਊਸ ਦੇ ਅੰਦਰ ਇਕ ਮੈਂਬਰ ਦੂਜੇ ਮੈਂਬਰ ਨੂੰ ਕਹਿ ਰਹੇ ਹਨ ਕਿ ਨਾਗਾ ਪਾਰਟੀ ਨੂੰ ਛੱਡੋ, ਇਨ੍ਹਾਂ ਨੇ ਕੀ ਗੱਲ ਕਰਨੀ ਹੈ।

ਸ਼੍ਰੀ ਸਪੀਕਰ : ਅਟਵਾਲ ਸਾਹਿਬ, ਸਪੀਚ ਜ਼ਰਾ ਛੋਟੀ ਕਰੋ। (Atwal Sahib, please be brief.)

ਸਰਦਾਰ ਸੁਰਜੀਤ ਸਿੰਘ ਅਟਵਾਲ : ਸਪੀਕਰ ਸਾਹਿਬ, ਟੈਕਸ ਤਾਂ ਕਿਸੇ ਨਾ ਕਿਸੇ ਤਰੀਕੇ ਨਾਲ ਲਗਾਉਣੇ ਹੀ ਪੈਂਦੇ ਹਨ। ਇਸ ਤੋਂ ਬਿਨਾਂ ਕੰਮ ਸਰਦਾ ਨਹੀਂ ਪਰ ਇਸ ਸਰਕਾਰ ਨੇ ਬੜੇ ਅੱਛੇ ਤਰੀਕੇ ਨਾਲ ਇਹ ਟੈਕਸ ਲਗਾਣ ਦਾ ਯਤਨ ਕੀਤਾ ਹੈ। ਜਿਹੜੇ ਸੱਜਣਾਂ ਦਾ ਇਹ ਖਿਆਲ ਹੈ ਕਿ ਇਹ ਕਾਂਗਰਸ ਸਰਕਾਰ ਕਿਸਾਨਾਂ ਦੇ ਹਿਤਾਂ ਦਾ ਖਿਆਲ ਨਹੀਂ ਰਖਦੀ, ਸਰਾਸਰ ਗਲਤੀ ਤੇ ਹਨ। ਸੱਚੀ ਗੱਲ ਤਾਂ ਇਹ ਹੈ ਕਿ ਇਸ ਸਰਕਾਰ ਨੇ ਹਮੇਸ਼ਾ ਕਿਸਾਨਾਂ ਦੇ ਭਲੇ ਵਾਸਤੇ ਹੀ ਸਭ ਕੰਮ ਕੀਤੇ ਹਨ। ਇਸ ਕਰਕੇ ਮੈਂ ਜਿਹੜੀ ਅਮੈਂਡਮੈਂਟ ਦਿੱਤੀ ਹੈ ਇਸ ਬਾਰੇ ਮੈਂ ਚੀਫ਼ ਮਨਿਸਟਰ ਸਾਹਿਬ ਤੇ ਬਾਕੀ ਸਾਰਿਆਂ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਨੂੰ ਇਹ ਮਨਜ਼ੂਰ ਕਰ ਲੈਣੀ ਚਾਹੀਦੀ ਹੈ ਕਿਉਂਕਿ ਇਸ ਨਾਲ ਨਾ ਕੇਵਲ ਸਾਡੀ ਮਿਡਲ ਕਲਾਸ ਬਲਕਿ ਗਰੀਬ ਕਿਸਾਨਾਂ ਦਾ ਸਭ ਦਾ ਫਾਇਦਾ ਹੁੰਦਾ ਹੈ।

Mr. Speaker : Motion moved—

(i) That in the proposed Section 60 E, 60F and in the Schedule to the proposed Chapter V—A, for the words 'ten rupees" wherever occurring substitute the words 'twenty rupees".

(ii) That in the proposed Schedule to the proposed Chapter V—A, against the entries at serial Nos. 2, 3 and 4 for the words 'Eighty rupees' 'Two hundred and five rupees' and 'Five hundred and five rupees', *substitute* the words 'Sixty rupees', 'One hundred and eighty-five rupees and Four hundred and eightyfive rupees' respectively.

ਮਾਲ ਅਤੇ ਚੋਣ ਮੰਤਰੀ (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ ਜਿਹੜੀ ਅਮੈਂਡਮੈਂਟ ਦਿੱਤੀ ਗਈ ਹੈ ਇਸ ਵਾਸਤੇ ਜਿਸ ਤਰ੍ਹਾਂ ਕਿ ਮੈਂਬਰ ਸਾਹਿਬਾਨ ਨੇ ਕਿਹਾ ਹੈ ਕਿ ਇਸ ਨਾਲ ਕਿਸਾਨ ਨੂੰ ਰਿਲੀਫ ਮਿਲੇਗਾ ਮੈਂ ਸਮਝਦਾ ਹਾਂ ਕਿ ਇਹ ਠੀਕ ਹੈ ਅਤੇ ਇਸ ਨੂੰ ਮਨਜ਼ੂਰ ਕਰਦਾ ਹਾਂ।

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਅਸੀਂ ਇਨ੍ਹਾਂ ਦੀ ਹਰ ਚੰਗੀ ਗੱਲ ਮੰਨਦੇ ਹਾਂ ਅਤੇ ਹਰ ਪ੍ਰੋਗਰੈਸਿਵ ਕੰਮ ਨੂੰ ਚੰਗਾ ਕਹਿੰਦੇ ਹਾਂ। ਇਹ ਜਿਹੜੀ ਇਨ੍ਹਾਂ ਨੇ ਅਮੈਂਡਮੈਂਟ ਮੰਨੀ ਹੈ ਇਸ ਨਾਲ ਦਰਮਿਆਨੇ ਕਿਸਾਨ ਨੂੰ ਫਾਇਦਾ ਹੋਵੇਗਾ ਇਸ ਨਾਲ ਅਸੀਂ ਆਪਣੀ ਸਹਿਮਤੀ ਪਰਗਟ ਕਰਦੇ ਹਾਂ। ਸਪੀਕਰ ਸਾਹਿਬ ਇਕ ਗੱਲ ਮੈਂ ਇਨ੍ਹਾਂ ਨੂੰ ਹੋਰ ਕਹਿਣੀ ਚਾਹੁੰਦਾ ਹਾਂ ਕਿ ਅਗਰ ਇਹ 20 ਦੀ ਜਗ੍ਹਾ 50 ਮੰਨ ਲੈਣ ਤਾਂ ਇਹ ਜਿਹੜਾ ਛੋਟਾ ਕਿਸਾਨ ਹੈ ਉਸ ਨੂੰ ਵੀ ਫਾਇਦਾ ਹੋ ਸਕਦਾ ਹੈ। (ਸ਼ੋਰ)

ਸਰਦਾਰ ਕਿਰਪਾਲ ਸਿੰਘ ਰੰਧਾਵਾ : ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ 5 ਏਕੜ ਦਾ ਜੋ ਮਾਲਿਕ ਹੈ ਉਹ ਤਾਂ ਇਸ ਤੋਂ ਪਹਿਲੇ ਹੀ ਐਗਜ਼ੰਪਟਿਡ ਹੈ ਤੇ ਜਿਹੜਾ ਹੁਣ ਇਨ੍ਹਾਂ ਨੇ ਫੈਸਲਾ ਕੀਤਾ ਹੈ ਕੀ ਉਹ 5 ਏਕੜ ਵਾਲੇ ਨੂੰ ਐਕਸਕਲੂਡ ਕਰਕੇ ਹੀ ਕੀਤਾ ਹੈ ?

ਮਾਲ ਅਤੇ ਚੋਣ ਮੰਤਰੀ : 5 ਏਕੜ ਵਾਲੇ ਨੂੰ ਮਾਮਲਾ ਅੱਗੇ ਵੀ ਮੁਆਫ ਹੈ 5 ਏਕੜ ਤੋਂ ਇਲਾਵਾ ਜਿਹੜੇ ਹਨ ਉਨ੍ਹਾਂ ਤੇ ਇਹ ਲਗੇਗਾ।

Original with;
Punjab Vidhan Sabha
Digitized by;
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ : * * *

Mr. Speaker : It is no point of order.

Mr. Speaker : Question is—

That in the proposed Chapter V—A, Section 60E, line 4, *for* 'ten' *substitute* 'fifty'.

The Motion was lost

WALK-OUT

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ ਜੇ ਸਾਡੀ ਇਹ ਇਸ ਅਮੈਂਡਮੈਂਟ ਨੂੰ ਨਹੀਂ ਮੰਨਦੇ ਜਿਸ ਨਾਲ ਛੋਟੇ ਕਿਸਾਨ ਦਾ ਫਾਇਦਾ ਹੋਣਾ ਹੈ ਤਾਂ ਅਸੀਂ ਪਰੋਟੈਸਟ ਵਜੋਂ ਵਾਕ-ਆਊਟ ਕਰਦੇ ਹਾਂ।

(ਇਸ ਵੇਲੇ ਸਦਨ ਵਿੱਚ ਹਾਜ਼ਰ ਸਾਰੇ ਅਕਾਲੀ ਮੈਂਬਰਜ਼ ਅਤੇ ਜਨ ਸੰਘ ਦਾ ਮੈਂਬਰ ਵਾਕ-ਆਊਟ ਕਰ ਗਏ)

THE PUNJAB LAND REVENUE (AMENDMENT) BILL, 1974

(Resumption of Consideration)

Mr. Speaker : Question is—

That in the proposed Sections 60E, 60F, and in the Schedule to the proposed Chapter V—A, *for* the words 'ten rupees' wherever occurring, *substitute* the words 'twenty rupees".

The motion was carried.

Mr. Speaker : Question is—

That in the proposed Schedule to the proposed Chapter V—A, against the entries at serial Nos. 2, 3 and 4, *for* the words 'Eighty rupees", "Two hundred and five rupees" and "Five hundred and five rupees", *substitute* the words "Sixty rupees", "One hundred and eighty-five rupees" and "Four hundred and eighty-five rupees", respectively.

The motion was carried.

Mr. Speaker : Question is—

That Clause 2, as amended, stand part of the Bill.

The motion was carried.

CLAUSE 3

Mr. Speaker : Question is—

That Clause 3 stand part of the Bill.

The motion was carried.

*Expunged as ordered by the Chair.

10. Sh. Sadiq Masih, Peon.
11. Sh. Jaimal Singh, Chowkidar.
12. Smt. Mohinder Kaur, Attendant.
13. Smt. Puro, Attendant.
14. Smt. Chanda Rani, Cook.
15. Smt. Mohinder Kaur, Cook.
16. Sh. Pancham Ram, Mali.
17. Sh. Atma Singh, Gardener.

ਡਾਕਟਰ ਬਲਦੇਵ ਪ੍ਰਕਾਸ਼ : ਕੀ ਮੰਤਰੀ ਮਹੋਦਯ ਇਹ ਦਸਣਗੇ ਕਿ ਕੀ ਪ੍ਰਕਾਸ਼ ਵਤੀ ਕੋਲੋਂ ਕੋਈ ਦਰਖ਼ਾਸਤ ਇਨ੍ਹਾਂ ਨੂੰ ਮਿਲੀ ਹੈ ਕਿ ਉਹ ਕਿਉਂ ਐਬਸੈਂਟ ਰਹੀ ?

ਰਾਜ ਮੰਤਰੀ, : ਉਸ ਦੀ ਐਪਲੀਕੇਸ਼ਨ ਬਾਅਦ ਵਿਚ ਆਈ ਸੀ ਅਤੇ ਇਸ ਵੇਲੇ ਕੇਸ ਕੋਰਟ ਵਿੱਚ ਹੈ । ਜਦੋਂ ਉਸ ਦੀ ਟਰਾਂਸਫਰ ਹੋਈ ਸੀ ਉਸ ਨੇ ਟਰਾਂਸਫਰ ਦੇ ਬਾਅਦ ਕੋਈ ਐਪਲੀਕੇਸ਼ਨ ਨਹੀਂ ਸੀ ਦਿਤੀ ਅੱਤ ਉਹ ਵਿਦਆਊਟ ਐਪਲੀਕੇਸ਼ਨ ਐਬਸੈਂਟ ਰਹੀ ।

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਕੀ ਮੰਤਰੀ ਮਹੋਦਯ ਇਹ ਦੱਸਣ ਦੀ ਖੇਚਲ ਕਰਨਗੇ ਕਿ ਕੋਰਟ ਵਿਚ ਜਿਹੜਾ ਕੇਸ ਗਿਆ ਹੈ ਉਹ ਕਿਸ ਚੀਜ਼ ਦੇ ਮੁਤੱਲਕ ਗਿਆ ਹੈ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਉਹ ਜਿਸ ਪੀਟੀਸ਼ਨ ਵਿਚ ਐਪੀਅਰ ਹੋਈ ਉਸ ਦੀ ਤਰਫ਼ਦਾਰੀ ਮੰਗਦੀ ਹੈ ਅਤੇ ਇਸ ਚੀਜ਼ ਦੇ ਬਾਰੇ ਉਸ ਨੇ ਕੋਰਟ ਵਿਚ ਅਪੀਲ ਕੀਤੀ ਹੈ ।

ਸ਼੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਜਿਸ ਬਾਰੇ ਡਾਕਟਰ ਸਾਹਿਬ ਇਨਫਰਮੇਸ਼ਨ ਮੰਗਦੇ ਹਨ ਕੀ ਉਹ ਕੇਸ ਸਬਜੁਡਿਸ ਨਹੀਂ ਹੋ ਗਿਆ ?

ਸ਼੍ਰੀ ਸਪੀਕਰ : ਕੋਰਟ ਕੇਸ ਦੀ ਬਾਬਤ ਕੁਝ ਨਹੀਂ ਦਸਿਆ ਗਿਆ .. ..(ਵਿਘਨ)
(No information has been given about the case which is in the Court .. .. (*Interruption*)

ਹੁਸ਼ਿਆਰਪੁਰ ਤੋਂ ਰੱਤੇਵਾਲ ਤੱਕ ਬਸ ਸਰਵਿਸ ਚਲਾਉਣਾ

*2722. **ਮਾਸਟਰ ਦਲੀਪ ਚੰਦ** : ਕੀ ਟ੍ਰਾਂਸਪੋਰਟ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਸਰਕਾਰ ਹੁਸ਼ਿਆਰਪੁਰ ਤੋਂ ਰੱਤੇਵਾਲ ਬਰਾਸਤਾ **ਬਲਾਚੌਰ, ਥੋਪੀਆਂ, ਉਡਾਵਾਲ**, ਬਸ ਸਰਵਿਸ ਚਲਾਉਣ ਦਾ ਪ੍ਰਬੰਧ ਕਰਨ ਦਾ ਵਿਚਾਰ ਰੱਖਦੀ ਹੈ ਤਾਂ ਕਿ ਬਲਾਚੌਰ-ਰੱਤੇਵਾਲ ਪੱਕੀ ਸੜਕ ਤੇ ਪੈਂਦੇ 15-20 ਪਿੰਡਾਂ ਦੇ ਵਸਨੀਕਾਂ ਨੂੰ ਟ੍ਰਾਂਸਪੋਰਟ ਦੀ ਸਹੂਲਤ ਮੁਹੱਈਆ ਕੀਤੀ ਜਾਵੇ, ਜੇਕਰ ਅਜਿਹਾ ਹੋਵੇ ਤਾਂ ਕਦੋਂ ?

ਸਰਦਾਰ ਦਿਲਬਾਗ ਸਿੰਘ ਡਾਲੇਕੇ : ਇਸ ਵਕਤ ਹੁਸ਼ਿਆਰਪੁਰ ਤੋਂ ਰੱਤੇਵਾਲ ਵਾਇਆ **ਕਾਠਗੜ੍ਹ ਤਿੰਨ ਬੱਸਾਂ** ਚਲ ਰਹੀਆਂ ਹਨ । ਉਧਨਵਾਲ ਤੋਂ ਰੱਤੇਵਾਲ ਦੀ ਸੜਕ ਪੱਕੀ ਨਾ ਹੋਣ ਕਰਕੇ ਬੱਸ ਨਹੀਂ ਚਲ ਸਕਦੀ ।

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਦਸਣਗੇ ਕਿ ਬਲਾਚੌਰ ਤੋਂ ਰੱਤੇਵਾਲ ਅਤੇ ਥੋਪੀਆਂ ਕੋਈ 10 ਮੀਲ ਹੈ ਅਤੇ ਇਸ ਰਸਤੇ ਤੇ ਕੋਈ 10-15 ਪਿੰਡ ਪੈਂਦੇ ਹਨ ਜਿਨ੍ਹਾਂ ਨੂੰ ਇਹ ਟਰਾਂਸਪੋਰਟ ਦੀ ਸਹੂਲਤ ਮਿਲਣੀ ਹੈ, ਅਤੇ ਇਸ ਸੜਕ ਤੇ ਜਦੋਂ ਕੱਚੀ ਸੜਕ ਸੀ ਤਾਂ 2-3 ਬਸਾਂ ਚਲਦੀਆਂ ਸਨ ਪਰ ਹੁਣ ਜਦੋਂ ਸੜਕ ਪੱਕੀ ਹੋ ਚੁਕੀ ਹੈ ਤਾਂ ਕੋਈ ਬੱਸ ਨਹੀਂ ਚਲਦੀ । ਕੀ ਸਰਕਾਰ ਹੁਸ਼ਿਆਰਪੁਰ ਤੋਂ ਰੱਤੇਵਾਲ ਬਰਾਸਤਾ ਬਲਾਚੌਰ ਥੋਪੀਆਂ, ਉਡਾਵਾਲ ਬੱਸ ਸਰਵਿਸ ਚਲਾਉਣ ਦਾ ਪ੍ਰਬੰਧ ਕਰੇਗੀ ?

ਰਾਜ ਮੰਤਰੀ : ਜੇ ਸੜਕ ਪੱਕੀ ਹੋਈ ਤਾਂ ਜ਼ਰੂਰ ਚਲਾਈ ਜਾਵੇਗੀ ।

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਮਾਸਟਰ ਦਲੀਪ ਚੰਦ ਜੀ ਨੇ ਗਰੀਵੈਂਸਿਜ਼ ਕਮੇਟੀ ਵਿਚ ਵੀ ਇਸ ਬਾਰੇ ਸੁਆਲ ਉਠਾਇਆ .. .. ।

ਸ਼੍ਰੀ ਸਪੀਕਰ : ਮਨਿਸਟਰ ਸਾਹਿਬ ਮੰਨ ਗਏ ਹਨ ਕਿ ਜੇ ਸੜਕ ਪੱਕੀ ਹੋਈ ਤਾਂ ਚਲਾ ਦਿਆਂਗੇ । (The hon. Minister has given the assurance that the bus service shall be introduced if the road is pucca.)

Original with;
Punjab Vidhan Sabha
Digitized by;
Panjab Digital Library

ਡਾਕਟਰ ਅਮੀਰ ਸਿੰਘ ਕੱਲਕਟ : ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਉਹ ਸੜਕ ਕੱਚੀ ਸੀ ਤਾਂ ਉਦੋਂ ਬਸਾਂ ਚਲਦੀਆਂ ਸਨ, ਪਰ ਹੁਣ ਬੰਦ ਹੋ ਗਈਆਂ । ਮਾਸਟਰ ਜੀ ਨੇ ਬੜਾ ਸ਼ੋਰੋਗੁਲ ਮਚਾਇਆ ਸੀ । ਮੈਂ ਕਹਿੰਦਾ ਹਾਂ ਕਿ ਇਹ ਬਸਾਂ ਜਲਦੀ ਚਲਵਾ ਦਿਓ ।

(ਕੋਈ ਉੱਤਰ ਨਹੀਂ ਆਇਆ)

ਚੌਧਰੀ ਕਾਂਸ਼ੀ ਰਾਮ : ਸਪੀਕਰ ਸਾਹਿਬ, ਮੰਤਰੀ ਮਹੋਦਯ ਨੇ ਕਿਹਾ ਹੈ ਕਿ ਕੱਚੀ ਸੜਕ ਤੇ ਬਸਾਂ ਨਹੀਂ ਚਲਦੀਆਂ । ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਬਸਾਂ ਪੱਕੀ ਸੜਕ ਤੇ ਚਲਦੀਆਂ ਹਨ ਅਤੇ ਲੋਕੀਂ ਉਨ੍ਹਾਂ ਦੀਆਂ ਛੱਤਾਂ ਤੇ ਬੈਠੇ ਹੋਏ ਹੁੰਦੇ ਹਨ ਉਹ ਕਦੋਂ ਤਕ ਹਟਾ ਦੇਣਗੇ ?

ਰਾਜ ਮੰਤਰੀ : ਅਸੀਂ ਹਦਾਇਤਾਂ ਜਾਰੀ ਕਰ ਦਿਤੀਆਂ ਹਨ ਕਿ ਕੋਈ ਛੱਤ ਤੇ ਨਾ ਬਠਾਏ । ਪਰ ਬੱਸ ਵਿਚ ਸਿਰਫ ਕੰਡਕਟਰ ਅਤੇ ਡਰਾਇਵਰ ਹੁੰਦੇ ਹਨ ਅਤੇ ਲੋਕ ਹਟਦੇ ਨਹੀਂ । ਅਸੀਂ ਹੁਣ ਹਦਾਇਤਾਂ ਕਰ ਦਿਤੀਆਂ ਹਨ ਕਿ ਅਗਰ ਕੋਈ ਛੱਤਾਂ ਤੇ ਬੈਠ ਕੇ ਜਾਵੇਗਾ ਤਾਂ ਚਲਾਨ ਕਰ ਦਿਤਾ ਜਾਵੇ ।

ਚੌਧਰੀ ਸੁੰਦਰ ਸਿੰਘ : ਸਪੀਕਰ ਸਾਹਿਬ, ਨਾਂਟ ਜੈਮਲ ਸਿੰਘ ਵਾਲੇ ਪਾਸੇ ਅਗੋ ਬਸਾਂ ਜੰਮੂ-ਕਸ਼ਮੀਰ ਦੀਆਂ ਚਲਦੀਆਂ ਸਨ । ਮੈਂ ਮੰਤਰੀ ਸਾਹਿਬ ਨੂੰ ਮਿਲਿਆ ਸੀ ਅਤੇ ਇਨ੍ਹਾਂ ਨੇ ਮੈਨੂੰ ਕਿਹਾ ਸੀ ਕਿ ਅਸੀਂ ਆਪਣੀਆਂ ਬਸਾਂ ਚਲਾ ਦਿਤੀਆਂ ਹਨ। ਪਤਾ ਮੈਂ ਜਦ ਹਲਕੇ ਵਿਚ ਜਾ ਕੇ ਪੁੱਛਿਆ ਤਾਂ ਮੈਨੂੰ ਲੋਕਾਂ ਨੇ ਕਿਹਾ ਕਿ ਹਾਲੇ ਕੋਈ ਬਸਾਂ ਨਹੀਂ ਚਲੀਆਂ । ਮੈਂ ਕਹਿੰਦਾ ਹਾਂ ਕਿ ਕੀ ਮਨਿਸਟਰ ਸਾਹਿਬ ਆਪਣੇ ਹੁਕਮ ਨੂੰ ਜਲਦੀ ਐਕਸੀਕੀਊਟ ਕਰਨਗੇ ?

ਰਾਜ ਮੰਤਰੀ : ਮੈਂ ਸਟੇਟ ਟਰਾਂਸਪੋਰਟ ਕਮਿਸ਼ਨਰ ਨਾਲ ਇਸ ਬਾਰੇ ਗੱਲ ਬਾਤ ਕੀਤੀ ਹੋਈ ਹੈ ਅਤੇ ਸਾਰੇ ਪ੍ਰਬੰਧ ਮੁਕੰਮਲ ਕਰ ਦਿਤੇ ਹਨ ਅਤੇ ਬਸਾਂ ਜਲਦੀ ਚਲਾ ਦਿਆਂਗੇ ।

ਸਰਦਾਰ ਸੁਰਜੀਤ ਸਿੰਘ (ਬਟਨਾਲਾ) : ਚੌਧਰੀ ਕਾਂਸ਼ੀ ਰਾਮ ਜੀ ਨੇ ਸੁਆਲ ਕੀਤਾ ਸੀ ਕਿ ਪੱਕੀਆਂ ਸੜਕਾਂ ਤੇ ਬਸਾਂ ਦੀਆਂ ਛੱਤਾਂ ਤੇ ਲੋਕਾਂ ਨੂੰ ਕਦੋਂ ਬੈਠਣੋਂ ਹਟਾ ਦੇਣਗੇ ਅਤੇ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਜਲਦੀ ਹਟਾ ਦਿਆਂਗੇ । ਮੈਂ ਇਹ ਪੁਛਦਾ ਹਾਂ ਕਿ ਪੱਕੀਆਂ ਸੜਕਾਂ ਤੋਂ ਬਸਾਂ ਚਲਾਉਣੀਆਂ ਹਟਾ ਦੇਣਗੇ ? (ਹਾਸਾ)

(ਕੋਈ ਉੱਤਰ ਨਹੀਂ ਆਇਆ)

ਚੌਧਰੀ ਕਾਂਸ਼ੀ ਰਾਮ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਜਲਦੀ ਹੀ ਛੱਤਾਂ ਤੋਂ ਸਵਾਰੀਆਂ ਬਿਠਾਉਣਾ ਹਟਾ ਦਿਆਂਗੇ । ਮੈਂ ਪੁੱਛਦਾ ਹਾਂ ਕਿ ਇਸ ਲਈ ਕੋਈ ਐਕਸਟਰਾ ਰੂਟ ਪਰਮਿਟ ਬਸਾਂ ਚਲਾਉਣ ਲਈ ਜਾਰੀ ਕੀਤੇ ਹਨ ਤਾਂ ਕਿ ਲੋਕਾਂ ਨੂੰ ਸਹੂਲਤਾਂ ਮਿਲ ਸਕਣ ?

ਰਾਜ ਮੰਤਰੀ : ਸਪੀਕਰ ਸਾਹਿਬ, ਅਸੀਂ ਬੜੀ ਕੋਸ਼ਿਸ਼ ਕਰ ਰਹੇ ਹਾਂ ਅਤੇ ਤੁਹਾਨੂੰ ਪਤਾ ਵੀ ਹੈ ਕਿ ਚੇਸੀਜ਼ ਦਾ ਬੜਾ ਘਾਟਾ ਹੈ ਅਤੇ ਸਪੇਅਰ-ਪਾਰਟਸ ਵਗੈਰਾ ਵੀ ਪਿੱਛੇ ਨਹੀਂ ਮਿਲਦੀ ਸੀ । ਹੁਣ ਤਾਂ ਇਸ ਦੀ ਹਾਲਤ ਠੀਕ ਹੋ ਗਈ ਹੈ ਅਤੇ ਮੈਂ ਬਾਹਰਲਿਆਂ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ]

ਸੂਬਿਆਂ ਵਿਚ ਜਾ ਕੇ ਗੱਲ ਬਾਤ ਕਰਕੇ ਸਪੇਅਰ-ਪਾਰਟਸ ਵਗੈਰਾ ਲੈ ਆਇਆ ਹਾਂ । ਅਸੀਂ ਤਾਂ ਕੋਸ਼ਿਸ਼ ਕਰ ਰਹੇ ਹਾਂ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਵੱਧ ਤੋਂ ਵੱਧ ਬੱਸਾਂ ਚੱਲਣ ਅਤੇ ਇਸ ਬਿਮਾਰੀ ਨੂੰ ਦੂਰ ਕੀਤਾ ਜਾਵੇ, ਲੇਕਿਨ ਬੱਸਾਂ ਦੀ ਅਜੇ ਵੀ ਘਾਟ ਹੈ । ਕਈ ਵਾਰੀ ਲੋਕਾਂ ਨੇ ਕਚਹਿਰੀਆਂ ਵਗੈਰਾ ਅਤੇ ਹੋਰ ਕਈ ਜਗ੍ਹਾ ਟਾਈਮ ਸਿਰ ਜਾਣਾ ਹੁੰਦਾ ਹੈ ਅਤੇ ਉਹ ਆਪਣੇ ਆਪ ਹੀ ਬੱਸਾਂ ਦੇ ਉਤੇ ਚੜ੍ਹ ਜਾਂਦੇ ਹਨ ਅਤੇ ਇਕੱਲਾ ਡਰਾਈਵਰ ਜਾਂ ਕੰਡਕਟਰ ਉਨ੍ਹਾਂ ਨੂੰ ਫੜ ਕੇ ਉਤਾਰ ਨਹੀਂ ਸਕਦੇ । ਜਾਂ ਤਾਂ ਉਨ੍ਹਾਂ ਨੂੰ ਫੜ ਕੇ ਕਿਸੇ ਥਾਣੇ ਵਿਚ ਲਿਜਾਇਆ ਜਾਵੇ ਤਾਂ ਉਹ ਉਤਾਰੇ ਜਾ ਸਕਦੇ ਹਨ ਕਿਉਂਕਿ ਮਿੰਨਤ ਨਾਲ ਤਾਂ ਉਹ ਮੰਨਦੇ ਨਹੀਂ । ਇਸ ਲਈ ਜਬਰਨ ਉਤਾਰਨਾ ਮੁਸ਼ਕਲ ਹੋ ਜਾਂਦਾ ਹੈ । ਬਾਕੀ ਜੇ ਉਨ੍ਹਾਂ ਨੂੰ ਥਾਣੇ ਵਿਚ ਲਿਜਾਇਆ ਜਾਵੇ ਤਾਂ ਇਸ ਨਾਲ ਬਾਕੀ ਦੀਆਂ ਸਵਾਰੀਆਂ ਦਾ ਵੀ ਟਾਈਮ ਖਰਾਬ ਹੁੰਦਾ ਹੈ । ਅਸੀਂ ਟਰੈਫਿਕ ਦੇ ਏ. ਆਈ. ਜੀ. ਅਤੇ ਬਾਕੀ ਸਾਰੇ ਸਬੰਧਤ ਅਫਸਰਾਂ ਨੂੰ ਹਦਾਇਤਾਂ ਦਿਤੀਆਂ ਹਨ ਕਿ ਲੋਕਾਂ ਨੂੰ ਮਿੰਨਤ ਨਾਲ ਅਤੇ ਪਿਆਰ ਨਾਲ ਸਮਝਾਓ ਕਿ ਬੱਸਾਂ ਦੇ ਉਤੇ ਨਾ ਬੈਠੋ ਕਿਉਂਕਿ ਜੇ ਉਹ ਥੱਲਾਂ ਦੇ ਉਤੇ ਬੈਠੇ ਹੋਣ ਅਤੇ ਕੋਈ ਐਕਸੀਡੈਂਟ ਵਗੈਰਾ ਹੋ ਜਾਵੇ ਤਾਂ ਫਿਰ ਬੀਮੇ ਵਾਲੇ ਵੀ ਪੈਸੇ ਨਹੀਂ ਦਿੰਦੇ ।

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਜਿਸ ਤਰ੍ਹਾਂ ਉਨ੍ਹਾਂ ਨੇ ਕਿਹਾ ਹੈ ਕਿ ਬੱਸਾਂ ਵਿਚ ਬੜਾ ਹਜ ਹੋਇਆ ਹੈ ਅਤੇ ਲੋਕ ਬੱਸਾਂ ਦੇ ਉਤੇ ਬੈਠਦੇ ਹਨ, ਕੀ ਪੰਜਾਬ ਸਰਕਾਰ ਦੇ ਵਿਚਾਰ ਅਧੀਨ ਕੋਈ ਐਸੀ ਸਕੀਮ ਹੈ ਕਿ ਇਸ ਰਸ਼ ਨੂੰ ਦੂਰ ਕਰਨ ਵਾਸਤੇ ਡਬਲ ਡੈਕਰ ਬੱਸਾਂ ਚਲਾਈਆਂ ਜਾਣ ?

ਰਾਜ ਮੰਤਰੀ : ਸਪੀਕਰ ਸਾਹਿਬ, ਸਾਡੀਆਂ ਸੜਕਾਂ ਥੱਲ ਚੌੜੀਆਂ ਹਨ ਅਤੇ ਫਿਰ ਦਰੱਖਤ ਸੜਕਾਂ ਦੇ ਆਲੇ ਦੁਆਲੇ ਹੋਣ ਕਾਰਨ ਡਬਲ ਡੈਕਰ ਬੱਸਾਂ ਨਹੀਂ ਚਲ ਸਕਦੀਆਂ । ਇਸ ਤਰ੍ਹਾਂ ਨਾਲ ਸਵਾਰੀਆਂ ਨੂੰ ਜ਼ਰੂਰ ਨੁਕਸਾਨ ਹੋ ਸਕਦਾ ਹੈ । ਪੰਜਾਬ ਵਿਚ ਅਜੇ ਸੜਕਾਂ ਦੀ ਅਜਿਹੀ ਹਾਲਤ ਨਹੀਂ ਕਿ ਡਬਲ ਡੈਕਰ ਬੱਸਾਂ ਚਲਾਈਆਂ ਜਾਣ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਕ ਪਾਸੇ ਤਾਂ ਵਜ਼ੀਰ ਸਾਹਿਬ ਕਹਿੰਦੇ ਹਨ ਕਿ ਸਾਡੇ ਕੋਲ ਪੈਸੇ ਨਹੀਂ ਹਨ ਅਤੇ ਅਸੀਂ ਬਸਾਂ ਨਵੀਆਂ ਲਿਆ ਕੇ ਨਹੀਂ ਚਲਾ ਸਕਦੇ । ਇਸ ਲਈ ਇਨ੍ਹਾਂ ਦਾ ਇਹ ਕਹਿਣਾ ਠੀਕ ਨਹੀਂ ਕਿ ਜੇ ਕੋਈ ਬੱਸਾਂ ਦੇ ਉਤੇ ਬੈਠਦੇ ਹਨ ਤਾਂ ਉਨ੍ਹਾਂ ਨੂੰ ਥਾਣੇ ਲਿਜਾਇਆ ਜਾਵੇ । ਜਦੋਂ ਤਕ ਨਵੀਆਂ ਬੱਸਾਂ ਦਾ ਪ੍ਰਬੰਧ ਨਹੀਂ ਹੋ ਜਾਂਦਾ ਸਰਕਾਰ ਨੂੰ ਕੀ ਤਕਲੀਫ ਹੈ ਜੇ ਲੋਕ ਬੱਸਾਂ ਦੇ ਉਤੇ ਬੈਠ ਕੇ ਸਫਰ ਕਰਨ ਅਤੇ ਉਨ੍ਹਾਂ ਨੂੰ ਥਾਣੇ ਵਿਚ ਕਿਉਂ ਪਹੁੰਚਾਇਆ ਜਾਵੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਇਹ ਕਿਹਾ ਹੈ ਕਿ ਕੰਡਕਟਰ ਅਤੇ ਡਰਾਈਵਰ ਲੋਕਾਂ ਨੂੰ ਬੱਸਾਂ ਦੇ ਉਤੋਂ ਉਤਰ ਨਹੀਂ ਸਕਦੇ । ਜੇਕਰ ਲੋਕ ਨਾ ਉਤਰਨ ਤਾਂ ਉਹ ਉਨ੍ਹਾਂ ਨੂੰ ਥਾਣੇ ਵਿਚ ਹੀ ਲਿਜਾ ਸਕਦੇ ਹਨ । ਜੇ ਉਹ ਥਾਣੇ ਵਿਚ ਜਾਂਦੇ ਹਨ ਤਾਂ ਬਾਕੀ ਸਵਾਰੀਆਂ ਦੇ ਸਮੇਂ ਦਾ ਨੁਕਸਾਨ ਹੁੰਦਾ ਹੈ । ਮੈਂ ਤਾਂ ਮਹਿਕਮੇ ਨੂੰ ਇਹ ਹਦਾਇਤਾਂ ਦਿੱਤੀਆਂ ਹਨ ਕਿ ਲੋਕਾਂ ਨੂੰ ਕਿਹਾ ਜਾਵੇ ਕਿ ਬੱਸਾਂ ਦੇ ਉਤੇ ਬੈਠਣ ਨਾਲ ਨੁਕਸਾਨ ਹੋ ਸਕਦਾ ਹੈ, ਬੱਸ ਉਲਟ ਸਕਦੀ ਹੈ ਅਤੇ ਸਵਾਰੀਆਂ ਨੂੰ ਕਾਫੀ ਜਾਨੀ ਨੁਕਸਾਨ ਦਾ

Original with;
Punjab Vidhan Sabha
Digitized by;
Panjab Digital Library

ਭਰ ਹੁੰਦਾ ਹੈ । ਜੇ ਇਸ ਤਰ੍ਹਾਂ ਦੇ ਐਕਸੀਡੈਂਟ ਨਾਲ ਸਵਾਰੀਆਂ ਮਰ ਜਾਣ ਤਾਂ ਬੀਮੇ ਵਾਲੇ ਵੀ ਪੈਸੇ ਨਹੀਂ ਦਿੰਦੇ ਅਤੇ ਇਹ ਸਾਰਾ ਖਰਚਾ ਸਰਕਾਰ ਨੂੰ ਦੇਣਾ ਪੈਂਦਾ ਹੈ । ਅਸੀਂ ਤਾਂ ਲੋਕਾਂ ਨੂੰ ਪਿਆਰ ਨਾਲ ਸਮਝਾਉਣ ਦੀ ਕੋਸ਼ਿਸ਼ ਕਰਾਂਗੇ ਅਤੇ ਬਾਣੇ ਲਿਜਾਣ ਦੀ ਲੋੜ ਹੀ ਨਹੀਂ ਪਵੇਗੀ ।

ਕਾਮਰੇਡ ਜੰਗੀਰ ਸਿੰਘ ਜੋਗਾ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਕਿ ਪੰਜਾਬ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਅਤੇ ਪੈਪਸੂ ਰੋਡਵੇਜ਼ ਦੀਆਂ ਜਿਹੜੀਆਂ ਬੱਸਾਂ ਚਲਦੀਆਂ ਹਨ, ਇਨ੍ਹਾਂ ਕੋਲ ਕੋਈ ਸਪੇਅਰ ਟਾਇਰ ਨਹੀਂ ਹੁੰਦਾ ਅਤੇ ਇਸ ਲਈ ਜੇ ਕੋਈ ਬੱਸ ਪੰਕਚਰ ਹੋ ਜਾਵੇ ਤਾਂ ਉਥੇ ਹੀ ਖੜੀ ਹੋ ਜਾਂਦੀ ਹੈ ਅਤੇ ਜਦੋਂ ਕਈ ਘੰਟੇ ਬੱਸ ਆਉਂਦੀ ਹੈ ਤਾਂ ਉਨ੍ਹਾਂ ਨੂੰ ਉਸ ਬੱਸ ਵਿਚ ਬਿਠਾਇਆ ਜਾਂਦਾ ਹੈ । ਕੀ ਮਨਿਸਟਰ ਸਾਹਿਬ ਇਹ ਕੋਸ਼ਿਸ਼ ਕਰਨਗੇ ਕਿ ਹਰ ਇਕ ਬਸ ਨੂੰ ਸਪੇਅਰ ਟਾਇਰ ਦਿੱਤਾ ਜਾਵੇ ਤਾਂ ਜੋ ਰਸਤੇ ਵਿਚ ਕੋਈ ਬੱਸ ਨਾ ਖੜੀ ਹੋਵੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਬੇਨਤੀ ਕੀਤੀ ਹੈ ਕਿ ਅੱਗੇ ਟਾਇਰਾਂ ਦੀ ਬੜੀ ਘਾਟ ਸੀ । ਹੁਣ ਕਾਫੀ ਹਾਲਤ ਠੀਕ ਹੋ ਗਈ ਹੈ । ਜੇਕਰ ਸਾਨੂੰ 500 ਟਾਇਰ ਹੋਰ ਮਿਲ ਗਏ ਤਾਂ ਅਸੀਂ ਹਰ ਇਕ ਬੱਸ ਨੂੰ ਸਪੇਅਰ ਟਾਇਰ ਦੇ ਦੇਵਾਂਗੇ ਤਾਕਿ ਰਸਤੇ ਵਿਚ ਕੋਈ ਬਸ ਨਾ ਖੜੀ ਹੋਵੇ ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ਸਪੀਕਰ ਸਾਹਿਬ, ਪਿਛਲੇ ਸਾਲ ਵੀ ਇਹੋ ਗੌਰਮਿੰਟ ਦਾ ਰਾਜ ਸੀ । ਪਿਛਲੇ ਸਾਲ ਇਨ੍ਹਾਂ ਨੂੰ 24 ਲੱਖ ਰੁਪਿਆ ਟਰਾਂਸਪੋਰਟ ਦੇ ਮਹਿਕਮੇ ਵਿਚ ਘਾਟਾ ਪਿਆ । ਇਨ੍ਹਾਂ ਨੇ ਦਸਿਆ ਹੈ ਕਿ ਸਵਾਰੀਆਂ ਬੱਸਾਂ ਦੇ ਉਤੇ ਬੈਠਦੀਆਂ ਹਨ । ਮੈਂ ਪੁਛਦਾ ਹਾਂ ਕਿ ਟਿਕਟਾਂ ਸਵਾਰੀਆਂ ਦੇ ਬਾਵਜੂਦ ਵੀ ਕਿਉਂ ਇਨ੍ਹਾਂ ਨੂੰ ਘਾਟਾ ਪੈ ਰਿਹਾ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਪਿਛਲੇ ਸਾਲ ਕੁਝ ਕਾਰਨਾਂ ਕਰਕੇ ਘਾਟਾ ਪਿਆ ਸੀ । ਲੇਕਿਨ ਇਸ ਸਾਲ ਸਾਡੇ ਸਾਰੇ ਡਿਪੂ ਮੁਨਾਫੇ ਵਿਚ ਹਨ ਅਤੇ ਕਈ ਕਈ ਲੱਖ ਦੇ ਮੁਨਾਫੇ ਵਿਚ ਜਾ ਰਹੇ ਹਨ ।

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਪੈਸੇ ਦੀ ਕਮੀ ਕਾਰਨ ਅਸੀਂ ਬੱਸਾਂ ਹੋਰ ਨਹੀਂ ਚਲਾ ਸਕਦੇ । ਪੰਜਾਬ ਵਿਚ ਸਵਾਰੀਆਂ ਦਾ ਰਸ਼ ਬੜਾ ਹੈ । ਇਸ ਚੀਜ਼ ਨੂੰ ਮੁੱਖ ਰਖਦੇ ਹੋਏ ਕਿ ਲੋਕਾਂ ਨੂੰ ਸਹੂਲਤਾਂ ਮਿਲਣ ਅਤੇ ਉਹ ਟਾਈਮ ਸਿਰ ਆਪਣੇ ਕੰਮ ਤੇ ਪਹੁੰਚ ਸਕਣ, ਕੀ ਸਰਕਾਰ ਮਿਨੀ ਬੱਸਾਂ ਚਲਾਵੇਗੀ ? ਇਸ ਤਰ੍ਹਾਂ ਨਾਲ ਲੋਕਾਂ ਨੂੰ ਵੀ ਸਹੂਲਤ ਮਿਲੇਗੀ ਅਤੇ ਬੇਰੁਜ਼ਗਾਰਾਂ ਨੂੰ ਰੋਜ਼ਗਾਰ ਮਿਲੇਗਾ ।

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਚੀਜ਼ ਸਾਡੇ ਵਿਚਾਰ ਅਧੀਨ ਹੈ । ਜਿਹੜੀ ਕਮੇਟੀ ਸਰਕਾਰ ਨੇ ਟਰਾਂਸਪੋਰਟ ਦੀ ਬਿਹਤਰੀ ਵਾਸਤੇ ਬਣਾਈ ਸੀ ਉਸਦੀ ਰਿਪੋਰਟ ਤਿਆਰ ਹੈ ਅਤੇ ਅਗਲੀ ਕੈਬਿਨਟ ਮੀਟਿੰਗ ਵਿਚ ਇਹ ਪੇਸ਼ ਕੀਤੀ ਜਾਵੇਗੀ । ਅਜੇ ਮੈਂ ਦੱਸ ਨਹੀਂ ਸਕਦਾ ਕਿ ਉਸਦੇ ਮੁਤਲਿਕ ਸਾਡਾ ਕੀ ਵਿਚਾਰ ਹੈ । ਇਹ ਉਸ ਰਿਪੋਰਟ ਦੇ ਪੇਸ਼ ਹੋਣ ਤੋਂ ਬਾਅਦ ਹੀ ਦੱਸ ਸਕਾਂਗੇ ।

Original with;
Punjab Vidhan Sabha
Digitized by;
Panjab Digital Library

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਦੋ ਸਪਲੀਮੈਂਟਰੀਜ਼ ਕਰਨੀਆਂ ਹਨ। ਜੇ ਕਹੋ ਤਾਂ ਇਕੋ ਵਾਰੀ ਹੀ ਕਰ ਲਵਾਂ।

ਸ਼੍ਰੀ ਸਪੀਕਰ : ਕਰ ਲਵੋ ਜੀ। (Yes please, you may do so.)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਵਜ਼ੀਰ ਸਾਹਿਬ ਤੋਂ ਇਕ ਇਹ ਪੁਛਣਾ ਚਾਹੁੰਦਾ ਹਾਂ ਕਿ ਜੇ ਮਾਈਨਰ ਜਿਹਾ ਵੀ ਡਿਫੈਕਟ ਹੋਵੇ, ਟਾਇਰ ਦਾ ਪੰਕਚਰ ਹੋ ਜਾਣਾ ਤਾਂ ਵੱਡੀ ਚੀਜ਼ ਹੈ, ਛੋਟਾ ਮੋਟਾ ਡਿਫੈਕਟ ਹੋਵੇ ਤਾਂ ਬੱਸ ਰਾਹ ਵਿਚ ਖੜੀ ਹੋ ਜਾਂਦੀ ਹੈ। ਜਿਹੜੀਆਂ ਸਵਾਰੀਆਂ ਹੁੰਦੀਆਂ ਹਨ ਨਾ ਤਾਂ ਉਨ੍ਹਾਂ ਨੂੰ ਟਿਕਟ ਦੇ ਪੈਸੇ ਵਾਪਸ ਕੀਤੇ ਜਾਂਦੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਮੰਜ਼ਲੇ ਮਕਸੂਦ ਤੇ ਪਹੁੰਚਾਇਆ ਜਾਂਦਾ ਹੈ। ਕੀ ਵਜ਼ੀਰ ਸਾਹਿਬ ਉਚੇਚਾ ਉਪਰਾਲਾ ਕਰਨਗੇ ਤਾਕਿ ਜੇ ਕੋਈ ਮਾਈਨਰ ਡਿਫੈਕਟ ਹੋਵੇ ਤਾਂ ਡਰਾਈਵਰ, ਕੰਡਕਟਰ ਆਪ ਹੀ ਠੀਕ ਕਰਕੇ ਉਨ੍ਹਾਂ ਸਵਾਰੀਆਂ ਨੂੰ ਮੰਜ਼ਲੇ ਮਕਸੂਦ ਤੇ ਪਹੁੰਚਾ ਦੇਣ ?

ਸਪੀਕਰ ਸਾਹਿਬ, ਦੂਸਰਾ ਸਪਲੀਮੈਂਟਰੀ ਮੇਰਾ ਇਹ ਹੈ ਕਿ ਫਰੀਦਕੋਟ ਚੰਡੀਗੜ੍ਹ ਤੋਂ ਬਹੁਤ ਦੂਰ ਹੈ, ਇਹ ਬੜਾ ਬੈਕਵਰਡ ਜ਼ਿਲ੍ਹਾ ਹੈ ਅਤੇ ਹੁਣੇ ਹੀ ਬਣਿਆ ਹੈ। ਇਹ ਬੱਸਾਂ ਫਰੀਦਕੋਟ ਨਹੀਂ ਜਾ ਕੇ ਠਹਿਰਦੀਆਂ। ਇਹ ਮੋਗੇ ਜਾ ਕੇ ਖੜ੍ਹੀਆਂ ਰਹਿੰਦੀਆਂ ਹਨ। ਕੀ ਵਜ਼ੀਰ ਸਾਹਿਬ ਉਪਰਾਲਾ ਕਰਨਗੇ ਕਿ ਜਿਹੜੀਆਂ ਬੱਸਾਂ ਮੋਗੇ ਜਾ ਕੇ ਖੜ੍ਹਦੀਆਂ ਹਨ ਉਹ ਫਰੀਦਕੋਟ ਜਾ ਕੇ ਖੜ੍ਹੀਆਂ ਹੋਣ ?

ਰਾਜ ਮੰਤਰੀ : ਸਪੀਕਰ ਸਾਹਿਬ, ਅਸੀਂ ਇਨ੍ਹਾਂ ਬੱਸਾਂ ਦੇ ਵਕਤ ਨੂੰ ਜਾਚਾਂਗੇ। ਜੇ ਉਹ ਠੀਕ ਟਾਈਮ ਤੇ ਫਰੀਦਕੋਟ ਪਹੁੰਚ ਸਕਦੀਆਂ ਹੋਣਗੀਆਂ ਤਾਂ ਅਸੀਂ ਹਦਾਇਤਾਂ ਜਾਰੀ ਕਰ ਦੇਵਾਂਗੇ। ਬਾਕੀ ਜਿਹੜੀਆਂ ਬੱਸਾਂ ਰਾਹ ਵਿਚ ਖੜੀਆਂ ਹੋ ਜਾਂਦੀਆਂ ਹਨ, ਜੇ ਕੋਈ ਮਾਈਨਰ ਡਿਫੈਕਟ ਹੋਵੇ ਤਾਂ ਇਨ੍ਹਾਂ ਨੂੰ ਡਰਾਈਵਰ ਕੰਡਕਟਰ ਵਗੈਰਾ ਠੀਕ ਕਰਨ ਦੀ ਕੋਸ਼ਿਸ਼ ਕਰਦੇ ਹਨ ਪਰ ਇਨ੍ਹਾਂ ਨੂੰ ਇੰਜਣ ਖੋਲ੍ਹਣ ਦੀ ਇਜਾਜ਼ਤ ਨਹੀਂ ਹੁੰਦੀ। ਮੈਂ ਕੋਸ਼ਿਸ਼ ਕਰ ਰਿਹਾ ਹਾਂ ਕਿ ਬੱਸਾਂ ਦੀਆਂ ਵਰਕਸ਼ਾਪਾਂ ਇਤਨੀਆਂ ਅੱਛੀਆਂ ਹੋਣ ਕਿ ਬੱਸਾਂ ਠੀਕ ਚਲਣ ਅਤੇ ਰਸਤੇ ਵਿਚ ਕੋਈ ਬਰੇਕ-ਡਾਊਨ ਹੋਵੇ ਹੀ ਨਾ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਨੂੰ ਇਲਮ ਹੈ ਕਿ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਅਤੇ ਪੰਜਾਬ ਰੋਡਵੇਜ਼ ਦੋਨਾਂ ਵਿਚ ਬਹੁਤ ਸਾਰੇ ਅਫਸਰ ਪ੍ਰਾਈਵੇਟ ਟਰਾਂਸਪੋਰਟਰਾਂ ਨਾਲ ਮਿਲ ਕੇ ਉਨ੍ਹਾਂ ਨੂੰ ਫਾਇਦਾ ਪਹੁੰਚਾਉਣ ਲਈ ਆਪਣੇ ਰੂਟਾਂ ਦੇ ਉਤੇ ਬਹੁਤ ਸਾਰੇ ਟਰਿਪ ਮਿਸ ਕਰਦੇ ਹਨ। ਕੀ ਉਹ ਇਨਕੁਆਇਰੀ ਕਰਾਕੇ ਇਸ ਗੱਲ ਦੀ ਪੜਤਾਲ ਕਰਨਗੇ ਤਾਂ ਕਿ ਇਹ ਚੀਜ਼ ਬੰਦ ਹੋ ਜਾਵੇ ?

ਰਾਜ ਮੰਤਰੀ : ਇਨਕੁਆਇਰੀ ਕਰਾ ਲਵਾਂਗੇ। ਜੇ ਕੋਈ ਇਹੋ ਜਿਹੀ ਗੱਲ ਹੋਈ ਤਾਂ ਬੰਦ ਕਰ ਦਿਆਂਗੇ।

ਸਰਦਾਰ ਗੁਰਬਚਨ ਸਿੰਘ : ਸਪੀਕਰ ਸਾਹਿਬ, ਜਿਹੜੀਆਂ ਬੱਸਾਂ ਚੰਡੀਗੜ੍ਹ ਤੋਂ ਚੱਲ ਕੇ ਵਾਇਆ ਮੁਰੰਡਾ ਚਮਕੌਰ ਸਾਹਿਬ ਜਾਂਦੀਆਂ ਹਨ ਉਹ ਬੇਲੇ ਜਾ ਕੇ ਖੜ੍ਹੀਆਂ ਹੋ ਜਾਂਦੀਆਂ ਹਨ। ਇਸ ਤੋਂ ਅੱਗੇ ਬੇਹਰਾਮਪੁਰੇ ਤਕ ਪੱਕੀ ਸੜਕ ਜਾਂਦੀ ਹੈ। ਕੀ ਮਨਿਸਟਰ ਸਾਹਿਬ ਹਦਾਇਤਾਂ ਕਰਨਗੇ ਕਿ ਉਹ ਬੱਸਾਂ ਬੇਹਰਾਮਪੁਰ ਜਾ ਕੇ ਖੜ੍ਹੀਆਂ ਕਰਨ ਤਾਂ ਕਿ ਇਸ ਬੈਕਵਰਡ ਏਰੀਏ ਦੇ ਲੋਕਾਂ ਨੂੰ ਫਾਇਦਾ ਪਹੁੰਚੇ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਸਪੀਕਰ ਸਾਹਿਬ ਇਹ ਨਵਾਂ ਨੋਟਿਸ ਦੇ ਦੇਣ ਮੈਂ ਜਵਾਬ ਦੇ ਦੇਵਾਂਗਾ। ਇਸ ਤਰ੍ਹਾਂ ਮਾਲੂਮ ਹੁੰਦਾ ਹੈ ਕਿ ਹਰ ਕਿਸਮ ਦੇ ਸਵਾਲ ਅੱਜ ਟਰਾਂਸਪੋਰਟ ਬਾਰੇ ਇਨ੍ਹਾਂ ਨੇ ਕਰਨੇ ਹਨ।

ਸਰਦਾਰ ਗੁਰਦੇਵ ਸਿੰਘ ਬਾਦਲ: ਸਪੀਕਰ ਸਾਹਿਬ, ਸਾਡਾ ਜ਼ਿਲ੍ਹਾ ਫਰੀਦਕੋਟ ਨਵਾਂ ਨਵਾਂ ਬਣਿਆ ਹੈ। ਗਿਆਨੀ ਜੀ ਆਪ ਇਸਦਾ ਉਦਘਾਟਨ ਕਰਕੇ ਆਏ ਹਨ। ਸਾਡੇ ਲੋਕ ਉਸ ਵੇਲੇ ਉਨ੍ਹਾਂ ਨੂੰ ਮਿਲੇ ਸੀ। ਲੋਕਾਂ ਨੇ ਕਿਹਾ ਕਿ ਬੱਸਾਂ ਦੀ ਬੜੀ ਦਿਕਤ ਹੈ। ਗਿਆਨੀ ਜੀ ਨੇ ਕਿਹਾ ਸੀ ਕਿ ਤੁਸੀਂ ਫਿਕਰ ਨਾ ਕਰੋ, ਇਹ ਤਾਂ ਆਪਣਾ ਹੀ ਜ਼ਿਲ੍ਹਾ ਹੈ, ਫਰੀਦਕੋਟ ਤੋਂ ਜਿਹੜੀਆਂ ਬੱਸਾਂ ਚਲਣਗੀਆਂ ਉਨ੍ਹਾਂ ਵਿਚ ਟੈਲੀਵੀਜ਼ਨ ਵੀ ਲਵਾ ਦੇਵਾਂਗਾ। ਮੈਂ ਬੇਨਤੀ ਕਰਾਂਗਾ ਕਿ ਟੈਲਵੀਜ਼ਨ ਦੀ ਗੱਲ ਤਾਂ ਇੱਕ ਪਾਸੇ ਰਹੀ, ਉਹ ਬੱਸਾਂ ਦੀਆਂ ਬਰੇਕਾਂ ਹੀ ਲਾ ਦੇਣ।

Mr. SPeaker: This supplementary question does not arise out of this question.

ਸਰਦਾਰ ਗੁਰਬਚਨ ਸਿੰਘ : ਸਪੀਕਰ ਸਾਹਿਬ ਅੱਜ ਤੋਂ ਤਿੰਨ ਮਹੀਨੇ ਪਹਿਲਾਂ ਇਕ ਸਟੇਟਮੈਂਟ ਅਖਬਾਰਾਂ ਵਿਚ ਦਿਤੀ ਗਈ ਸੀ ਕਿ ਚੰਡੀਗੜ੍ਹ ਤੋਂ ਲੈ ਕੇ ਬਟਾਲੇ ਤਕ ਅੱਠ ਬੱਸਾਂ ਰਸਤੇ ਵਿੱਚ ਖੜੀਆਂ ਪਾਈਆਂ ਗਈਆਂ ਸਨ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਦੇ ਬਾਰੇ ਕੋਈ ਇਨਕੁਆਇਰੀ ਕੀਤੀ ਗਈ ਹੈ ?

ਰਾਜ ਮੰਤਰੀ: ਸਪੀਕਰ ਸਾਹਿਬ, ਸਪੇਅਰ ਪਾਰਟਸ ਦੀ ਕਮੀ ਕਾਰਨ ਇਸ ਤਰ੍ਹਾਂ ਹੋਇਆ ਸੀ। ਹੁਣ ਸਾਡੇ ਚੀਫ ਮਕੈਨਿਟਰ ਸਾਹਿਬ ਨੇ ਵੀ ਬਾਹਰ ਜਾ ਕੇ ਗੱਲ ਬਾਤ ਕੀਤੀ ਹੈ। ਉਨ੍ਹਾਂ ਨੇ ਸਾਨੂੰ ਟਾਇਰਾਂ ਦਾ ਪ੍ਰਬੰਧ ਕਰਕੇ ਦਿਤਾ ਹੈ। ਆਸ ਹੈ ਕਿ ਹੁਣ ਇਹ ਘਾਟ ਪੂਰੀ ਹੋ ਜਾਵੇਗੀ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਤੁਹਾਡੀ ਇਜਾਜਤ ਨਾਲ ਇਕ ਸਿੱਧਾ ਜਿਹਾ ਸਵਾਲ ਕਰਨਾ ਹੈ। ਸਪੀਕਰ ਸਾਹਿਬ, ਜੈਤੋ ਤੋਂ ਫਰੀਦਕੋਟ ਤਕ ਸਰਕਾਰ ਨੇ ਚਾਰ ਪੰਜ ਰੂਟ ਪਰਮਿਟ ਪ੍ਰਾਈਵੇਟ ਓਪ੍ਰੇਟਰਾਂ ਨੂੰ ਦਿਤੇ ਹਏ ਹਨ ਲੇਕਨ ਇਕ ਦਮ ਵੀ ਵੇਲੇ ਸਿਰ ਨਹੀਂ ਚਲਦੀ। ਕੀ ਵਜ਼ੀਰ ਸਾਹਿਬ ਇਸ ਗੱਲ ਦੀ ਪੜਤਾਲ ਕਰਾਉਣਗੇ ਅੱਤੇ ਜਿਹੜੇ ਓਪ੍ਰੇਟਰ ਟਾਈਮ ਸਿਰ ਬੱਸਾਂ ਨਹੀਂ ਚਲਾਉਂਦੇ ਉਨ੍ਹਾਂ ਦੇ ਰੂਟ ਪਰਮਿਟ ਕੈਂਸਲ ਕਰਕੇ ਉਨ੍ਹਾਂ ਨੂੰ ਨੈਸ਼ਨੇਲਾਈਜ਼ ਕਰਕੇ ਉਥੇ ਸਰਕਾਰੀ ਬੱਸਾਂ ਚਲਾਉਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਅਜਹ ਕੋਈ ਵੀ ਸ਼ਿਕਾਇਤ ਐਸੀ ਆਵੇਗੀ ਕਿ ਫਲਾਣੀ ਬੱਸ ਟਾਈਮ ਨਾਲ ਨਹੀਂ ਚਲਦੀ ਅੱਤੇ ਮਾਈਲੇਜ ਪੂਰੀ ਨਹੀਂ ਕਰਦੀ ਤਾਂ ਅਸੀਂ ਉਸ ਦਾ ਰੂਟ ਪਰਮਿਟ ਵੀ ਕੈਂਸਲ ਕਰਾਂਗੇ ਅੱਤੇ ਐਕਸ਼ਨ ਵੀ ਲਵਾਂਗੇ।

ਪਟਿਆਲਾ—ਬਿੰਜਲ ਬਸ ਸਰਵਿਸ

***2311. ਸਰਦਾਰ ਪ੍ਰੇਮ ਸਿੰਘ ਪ੍ਰੇਮ** : ਕੀ ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ —

(ੳ) ਕੀ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਨੇ ਤਹਿਸੀਲ ਪਟਿਆਲਾ ਵਿਚ ਪਟਿਆਲੇ ਤੋਂ ਬਿੰਜਲ ਤਕ ਇਕ ਪੈਸੰਜਰ ਬਸ ਸਰਵਿਸ ਸ਼ੁਰੂ ਕੀਤੀ ਸੀ ;

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰੇਮ ਸਿੰਘ ਪ੍ਰੇਮ]

(ਅ) ਕੀ ਇਹ ਠੀਕ ਹੈ ਕਿ ਉਹ ਕੁਝ ਸਮੇਂ ਬਾਦ ਬੰਦ ਕਰ ਦਿਤੀ ਗਈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕੀ ਕਾਰਨ ਹਨ ?

ਸਰਦਾਰ ਦਿਲਬਾਗ ਸਿੰਘ ਡਾਲੇਕੇ : (ਓ) ਹਾਂ ਜੀ ।

(ਅ) ਹਾਂ ਜੀ । ਇਹ ਬਸ ਸੇਵਾ ਤਜਰਬੇ ਦੇ ਅਧਾਰ ਤੇ ਚਾਲੂ ਕੀਤੀ ਗਈ ਸੀ ਅਤੇ ਪਰਮਿਟ ਲਈ ਅਪਲਾਈ ਕਰ ਦਿਤਾ ਗਿਆ ਸੀ। ਪਰ ਪਰਮਿਟ ਨਾ ਮਿਲਣ ਦੇ ਕਾਰਨ ਬਸ ਸੇਵਾ ਬੰਦ ਕਰਨੀ ਪਈ । ਆਰ. ਟੀ. ਏ., ਪਟਿਆਲਾ, ਨੂੰ ਛੇਤੀ ਪਰਮਿਟ ਜਾਰੀ ਕਰਨ ਲਈ ਪ੍ਰਾਰਥਨਾ ਕੀਤੀ ਹੋਈ ਹੈ । ਪਰਮਿਟ ਮਿਲਣ ਤੇ ਬਸ ਸੇਵਾ ਚਾਲੂ ਕੀਤੀ ਜਾਵੇਗੀ ।

ਸਰਦਾਰ ਪ੍ਰੇਮ ਸਿੰਘ ਪ੍ਰੇਮ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਤੁਹਾਡੇ ਮਹਿਕਮੇ ਵਾਲਿਆਂ ਨੇ ਆਰ. ਟੀ. ਏ. ਨੂੰ ਕਦੋਂ ਦਰਖਾਸਤ ਦਿਤੀ ਸੀ ਅੌਰ ਉਸ ਤੋਂ ਮਗਰੋਂ ਕਿਤਨੀਆਂ ਮੀਟਿੰਗਾਂ ਹੋ ਚੁਕੀਆਂ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਪ੍ਰੇਮ ਜੀ ਦੀ ਇਹ ਗਲ ਪੁੱਛਣੀ ਦਰੁੱਸਤ ਹੈ ਪਰ ਮਹਿਕਮੇ ਵਾਲਿਆਂ ਨੇ ਇਹ ਜਵਾਬ ਵਿਚ ਨਹੀਂ ਦਸਿਆ ਕਿ ਕਦ ਦਰਖਾਸਤ ਦਿਤੀ ਸੀ ਅਤੇ ਬੱਸ ਕਦ ਚਾਲੂ ਕੀਤੀ ਗਈ ਸੀ । ਇਹ ਮੈਨੂੰ ਦੁਬਾਰਾ ਨੋਟਿਸ ਦੇ ਦੇਣ ਮੈਂ ਇਨ੍ਹਾਂ ਨੂੰ ਡੀਟੇਲ ਨਾਲ ਜਵਾਬ ਦੇ ਦੇਵਾਂਗਾ ਲੇਕਿਨ ਜੋ ਜਵਾਬ ਆਇਆ ਹੈ ਉਹ ਇਹੋ ਹੀ ਹੈ ।

ਸਰਦਾਰ ਪ੍ਰੇਮ ਸਿੰਘ ਪ੍ਰੇਮ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਹਕੀਕਤ ਹੈ ਜਾਂ ਨਹੀਂ ਕਿ ਬਿੰਜਲ ਦਾ ਜਿਹੜਾ ਪਿੰਡ ਹੈ ਇਹ ਹਰਿਆਣਾ ਦੇ ਬਾਰਡਰ ਤੇ ਅਖੀਰਲਾ ਪਿੰਡ ਹੈ ਅਤੇ ਬੈਕਵਰਡ ਏਰੀਏ ਦਾ ਪਿੰਡ ਹੈ, ਚੀਫ਼ ਮਨਿਸਟਰ ਸਾਹਿਬ ਨੇ ਬਿੰਜਲ ਵਿਖੇ ਮੌਕੇ ਤੇ ਇਲਾਨ ਕੀਤਾ ਸੀ ਕਿ ਇਥੇ ਬੱਸ ਚਲਾਈ ਜਾਵੇਗੀ । ਇਤਨੀ ਕਤਾਹੀ ਕੀਤੀ ਗਈ ਹੈ ਕਿ ਅੱਜ ਤਕ ਉਥੇ ਬੱਸ ਨਹੀਂ ਚਲਾਈ ਗਈ । ਕੀ ਵਜ਼ੀਰ ਸਾਹਿਬ ਉਥੇ ਬੱਸ ਚਲਾਉਣ ਲਈ ਛੇਤੀ ਕਦਮ ਉਠਾਉਣ ਨੂੰ ਤਿਆਰ ਹਨ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਮੈਂ ਸਮਝਦਾ ਹਾਂ ਕਿ ਮਹਿਕਮੇ ਦੀ ਕੁਤਾਹੀ ਜ਼ਰੂਰ ਹੈ, ਇਸ ਵਿਚ ਸ਼ੱਕ ਨਹੀਂ ਹੈ । ਹੁਣ ਸੱਤ ਦਿਨਾਂ ਦੇ ਅੰਦਰ ਅੰਦਰ ਇਹ ਬੱਸ ਸੇਵਾ ਚਾਲੂ ਕਰ ਦਿਤੀ ਜਾਵੇਗੀ ।

ਸਟਾਰਡ ਸਵਾਲ ਨੰਬਰ 2852

(ਸਟਾਰਡ ਸਵਾਲ ਨੰ: 2852, ਸਬੰਧਤ ਮੈਂਬਰ ਸਰਦਾਰ ਗੁਰਦੇਵ ਸਿੰਘ ਸਿਧੂ ਜੀ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਪੇਸ਼ ਨਹੀਂ ਕੀਤਾ ਗਿਆ)

SCHEMES TO MEET THE SHORTAGE OF ELECTRICITY IN THE STATE

*2703 **Chaudhri Ram Singh :** Will the Minister of State for Irrigation and Power be pleased to state—

(a) whether the Government is considering any proposal to launch any schemes or set up new Projects to meet shortage of electricity in Punjab ; if so, the details of such Projects, Schemes or Proposals sanctioned so far ;

(b) the present stage of execution of Projects, Schemes or proposals mentioned in part (a) above ?

ਸਰਦਾਰ ਗੁਰਬਖਸ਼ ਸਿੰਘ ਸਿਬੀਆ : (ਓ) ਤੇ (ਅ) ਲੋੜੀਂਦੀ ਸੂਚਨਾ ਦਰਸਾਉਂਦਾ ਵਿਵਰਣ ਪੱਤਰ ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ ।

Original with;
Punjab Vidhan Sabha
Digitized by;
Panjab Digital Library

*2703. ਦੇ ਉਤਰ ਵਿਚ ਵਰਣਤ ਵਿਵਰਣ-ਪੱਤਰ

(ੳ) ਪੰਜਾਬ ਵਿਚ ਬਿਜਲੀ ਦੀ ਥੁੜ ਨੂੰ ਪੂਰਾ ਕਰਨ ਲਈ ਪੰਜਾਬ ਰਾਜ ਬਿਜਲੀ ਬੋਰਡ ਨੇ ਪਹਿਲਾਂ ਹੀ ਭਾਰਤ ਸਰਕਾਰ ਨੂੰ ਨਿਮਨ ਬਿਜਲੀ ਜੈਨਰੇਸ਼ਨ ਸਕੀਮਾਂ/ ਪ੍ਰਾਜੈਕਟ, ਮਨਜ਼ੂਰੀ ਲਈ ਭੇਜੇ ਹੋਏ ਹਨ :—

ਕ੍ਰਮ ਨੰ:	ਸਕੀਮ ਦਾ ਨਾਂ	ਸੰਸਥਾਪਤ ਕੀਤੇ ਜਾਣ ਲਈ ਤਜਵੀਜ਼ ਕੀਤੀ ਸਮਰਥਾ	ਭਾਰਤ ਸਰਕਾਰ ਨੂੰ ਪੇਸ਼ ਕਰਨ ਦੀ ਮਿਤੀ ਮੂਲ/ਸੋਧੀ ਹੋਈ
1	2	3	4
ੳ.	ਥਰਮਲ ਜੈਨਰੇਸ਼ਨ ਸਕੀਮ		
(i)	ਗੁਰੂ ਨਾਨਕ ਥਰਮਲ ਪ੍ਰਾਜੈਕਟ (ਯੂਨਿਟ I ਅਤੇ II)	2×110= 220 ਮੈਗਾਵਾਟ	ਮਈ, 1968 ਜੁਲਾਈ, 1971
(ii)	ਗੁਰੂ ਨਾਨਕ ਥਰਮਲ ਐਕਸਟੈਂਸਨ ਪ੍ਰਾਜੈਕਟ (ਯੂਨਿਟ III ਅਤੇ IV) (ਸਟੇਜ I)	2×110= 220 ਮੈਗਾਵਾਟ	ਮਈ, 1970 ਮਾਰਚ, 1971
(iii)	ਗੁਰੂ ਨਾਨਕ ਥਰਮਲ ਐਕਸਟੈਂਸ਼ਨ ਪ੍ਰਾਜੈਕਟ (ਯੂਨਿਟ V) (ਸਟੇਜ II)	1×210= 210 ਮੈਗਾਵਾਟ	ਜੁਲਾਈ, 1973
(iv)	ਰੋਪੜ ਥਰਮਲ ਪ੍ਰਾਜੈਕਟ ਯੂਨਿਟ (I ਤੋਂ V)	5×200= 1,000 ਮੈਗਾਵਾਟ	ਮਈ, 1971
ਅ.—ਹਾਈਡਲ ਜੈਨਰੇਸ਼ਨ ਸਕੀਮਾਂ			
(i)	ਸ਼ਾਨਨ ਰੈਨੋਵੇਸ਼ਨ ਪ੍ਰਾਜੈਕਟ	ਘਟਾਈ ਹੋਈ (ਡੀਰੇਟਿਡ) 4×9= 36 ਮੈਗਾਵਾਟ ਰੈਨੋਵੇਸ਼ਨ (I ਸਟੇਜ) 4×12= 48 ਮੈਗਾਵਾਟ ਰੈਨੋਵੇਸ਼ਨ (II ਸਟੇਜ) 4×15= 60 ਮੈਗਾਵਾਟ	ਜੂਨ, 1970

Original with;
Punjab Vidhan Sabha
Digitized by;
Panjab Digital Library

1	2	3	4
(ii)	ਸ਼ਾਨਨ ਐਕਸਟੈਨਸ਼ਨ ਪ੍ਰਾਜੈਕਟ	1×50= 50 ਮੈਗਾਵਾਟ	ਮਾਰਚ, 1970
(iii)	ਆਨੰਦਪੁਰ ਸਾਹਿਬ ਪ੍ਰਾਜੈਕਟ	4×27.5 = 110 ਮੈਗਾਵਾਟ ਹੁਣ ਤਜਵੀਜ਼ਤ 4×33.5 = 134 ਮੈਗਾਵਾਟ	ਜੁਲਾਈ, 1970
(iv)	ਥੀਨ ਡੈਮ ਪ੍ਰਾਜੈਕਟ	6×70 = 420 ਮੈਗਾਵਾਟ	ਫਰਵਰੀ, 1964
(v)	ਮੁਕੇਰੀਆਂ ਹਾਈਡਲ ਪ੍ਰਾਜੈਕਟ	(3×15+1×17) =62 ਮੈਗਾਵਾਟ	ਅਪ੍ਰੈਲ 1967 ਫਰਵਰੀ, 1974
(vi)	ਸ਼ਾਹਪੁਰ ਕੰਡੀ ਬੈਰਜ ਅਤੇ ਬਿਜਲੀ ਘਰ	2×47= 94 ਮੈਗਾਵਾਟ	ਦਸੰਬਰ, 1970 ਜਨਵਰੀ, 1971
(vii)	ਯੂ. ਬੀ. ਡੀ. ਸੀ. (ਸਟੇਜ II) ਪ੍ਰਾਜੈਕਟ	3×15= 45 ਮੈਗਾਵਾਟ	ਫਰਵਰੀ, 1974

(ਅ) ਉਪਰ (ੳ) ਅਧੀਨ ਦਸੀਆਂ ਸਕੀਮਾਂ/ਪ੍ਰਾਜੈਕਟਾਂ ਦੀ ਮੌਜੂਦਾ ਤਾਮੀਲ ਸਥਿਤੀ ਨਿਮਨ ਅਨੁਸਾਰ ਹੈ :—

(ੳ) ਥਰਮਲ ਜੈਨਰੇਸ਼ਨ ਸਕੀਮਾਂ

(1) ਗੁਰੂ ਨਾਨਕ ਥਰਮਲ ਪ੍ਰਾਜੈਕਟ

110,110 ਮੈਗਾਵਾਟ ਦੀ ਸਮਰਥਾ ਦੇ ਦੋ ਯੂਨਟ ਲਗਾਉਣ ਦੀ ਤਜਵੀਜ਼ ਕੀਤੀ ਗਈ ਹੈ (ਸਟੇਜ I ਅਤੇ II)। ਪ੍ਰਾਜੈਕਟ ਭਾਰਤ ਸਰਕਾਰ ਦਆਰਾ ਪਹਿਲਾਂ ਹੀ ਕਲੀਅਰ/ਮਨਜ਼ੂਰ ਕੀਤਾ ਜਾ ਚੁਕਿਆ ਹੈ। ਉਸਾਰੀ ਦੇ ਕੰਮ ਪਹਿਲਾਂ ਹੀ ਉਚੇਰੀ ਪੱਧਰ ਤੱਕ ਪਹੁੰਚ ਚੁੱਕੇ ਹਨ। 110 ਮੈਗਾਵਾਟ ਦਾ ਪਹਿਲਾ ਯੂਨਿਟ ਸਤੰਬਰ, 1974 ਦੇ ਅੰਤ ਤੱਕ ਅਤੇ ਦੂਸਰਾ 110 ਮੈਗਾਵਾਟ ਦਾ ਯੂਨਿਟ ਇਸ ਦੇ ਇਕ ਸਾਲ ਦੇ ਅੰਦਰ ਅੰਦਰ ਚਾਲੂ ਕਰ ਦਿਤੇ ਜਾਣ ਦੀ ਆਸ ਹੈ।

Original with;
Punjab Vidhan Sabha
Digitized by;
Punjab Digital Library

(ii) ਗੁਰੂ ਨਾਨਕ ਥਰਮਲ ਐਕਸਟੈਨਸ਼ਨ ਪ੍ਰਾਜੈਕਟ (ਸਟੇਜ-I)

ਇਸ ਪ੍ਰਾਜੈਕਟ ਅਧੀਨ 110, 110 ਮੈਗਾਵਾਟ ਦੀ ਸਮਰਥਾ ਦੇ ਦੋ ਹੋਰ ਯੂਨਿਟ ਸਥਾਪਤ ਕਰਨ ਦੀ ਤਜਵੀਜ਼ ਕੀਤੀ ਗਈ ਹੈ ਅਰਥਾਤ ਯੂਨਿਟ III ਅਤੇ I ਇਹ ਪ੍ਰਾਜੈਕਟ ਵੀ ਭਾਰਤ ਸਰਕਾਰ ਦੁਆਰਾ ਮਨਜ਼ੂਰ ਕੀਤਾ ਜਾ ਚੁਕਿਆ ਹੈ । ਡੀਜ਼ਾਇਨ ਅਤੇ ਸਾਜ਼ ਸਮਾਨ ਦੀ ਪ੍ਰਾਪਤੀ ਅਤੇ ਉਸਾਰੀ ਦੇ ਕਾਰਜ ਪਹਿਲਾਂ ਹੀ ਚਲ ਰਹੇ ਹਨ । ਇਹ ਯੂਨਿਟ ਕ੍ਰਮਵਾਰ 30—11-77 ਅਤੇ 30-11-78 ਤੱਕ ਚਾਲੂ ਕਰਨੇ ਮਿਥੇ ਗਏ ਹਨ ।

(iii) ਗੁਰੂ ਨਾਨਕ ਥਰਮਲ ਐਕਸਟੈਨਸ਼ਨ ਪ੍ਰਾਜੈਕਟ (ਸਟੇਜ II)

ਇਸ ਪ੍ਰਾਜੈਕਟ ਅਧੀਨ 210 ਮੈਗਾਵਾਟ ਦੀ ਸਮਰਥਾ ਦਾ 5ਵਾਂ ਵਾਧੂ ਯੂਨਿਟ ਸਥਾਪਤ ਕੀਤੇ ਜਾਣ ਦੀ ਤਜਵੀਜ਼ ਕੀਤੀ ਗਈ ਹੈ । ਪ੍ਰਾਜੈਕਟ ਭਾਰਤ ਸਰਕਾਰ ਨੇ ਕਲੀਅਰ ਨਹੀਂ ਕੀਤਾ ।

(iv) ਰੋਪੜ ਥਰਮਲ ਪ੍ਰਾਜੈਕਟ

ਇਸ ਪ੍ਰਾਜੈਕਟ ਅਧੀਨ 200,200 ਮੈਗਾਵਾਟ ਸਮਰਥਾ ਦੇ 5 ਯੂਨਿਟ ਸਥਾਪਤ ਕਰਨ ਦੀ ਤਜਵੀਜ਼ ਕੀਤੀ ਗਈ ਹੈ। ਇਹ ਪ੍ਰਾਜੈਕਟ ਵੀ ਭਾਰਤ ਸਰਕਾਰ ਨੇ ਕਲੀਅਰ/ਮੰਨਜ਼ੂਰ ਨਹੀਂ ਕੀਤਾ ।

(ਅ) ਹਾਈਡਲ ਜੰਨਰੇਸ਼ਨ ਸਕੀਮਾਂ

(i) ਸ਼ਾਨਨ ਰੈਨੋਵੇਸ਼ਨ ਪ੍ਰਾਜੈਕਟ

ਇਸ ਪ੍ਰਾਜੈਕਟ ਅਧੀਨ ਇਹ ਤਜਵੀਜ਼ ਕੀਤਾ ਗਿਆ ਹੈ ਕਿ ਸ਼ਾਨਨ ਬਿਜਲੀ ਘਰ ਦੀ ਘਟੀ ਹੋਈ ਸਮਰਥਾ ਭਾਵ $4 \times 9 = 36$ ਮੈਗਾਵਾਟ $4 \times 15 = 60$ ਮੈਗਾਵਾਟ ਤੱਕ ਵਧਾ ਦਿੱਤੀ ਜਾਵੇਗੀ । ਰੈਨੋਵੇਸ਼ਨ ਕਾਰਜ 2 ਸਟੇਜਾਂ ਵਿਚ ਪੂਰੇ ਕੀਤੇ ਜਾਣ ਮਿਥੇ ਗਏ ਸਨ । ਪਹਿਲੀ ਰੈਨੋਵੇਸ਼ਨ ਸਟੇਜ ਅਧੀਨ ਯੂਨਿਟਾਂ ਦੀ ਸਮਰਥਾ $4 \times 12 = 48$ ਮੈਗਾਵਾਟ ਤੱਕ ਵਧਾਈ ਜਾਵੇਗੀ ਅਤੇ ਫਿਰ ਦੂਜੀ ਰੈਨੋਵੇਸ਼ਨ ਸਟੇਜ ਅਧੀਨ $4 \times 15 = 60$ ਮੈਗਾਵਾਟ ਕਰ ਦਿਤੀ ਜਾਵੇਗੀ । ਇਹ ਪ੍ਰਾਜੈਕਟ ਭਾਰਤ ਸਰਕਾਰ ਦੁਆਰ ਪਹਿਲਾਂ ਹੀ ਮਨਜ਼ੂਰ ਹੋ ਚੁੱਕਾ ਹੈ ਅਤੇ ਯੂਨਿਟ I ਅਤੇ II ਦੀ ਪਹਿਲੀ ਸਟੇਜ ਦੀ ਰੈਨੋਵੇਸ਼ਨ ਪੂਰੀ ਕੀਤੀ ਜਾ ਚੁਕੀ ਹੈ ।

(ii) ਸ਼ਾਨਨ ਐਕਸਟੈਨਸ਼ਨ ਪ੍ਰਾਜੈਕਟ

ਇਸ ਪ੍ਰਾਜੈਕਟ ਅਧੀਨ ਇਹ ਤਜਵੀਜ਼ ਕੀਤੀ ਗਈ ਹੈ ਕਿ ਸ਼ਾਨਨ ਬਿਜਲੀ ਘਰ ਵਿਖੇ 50 ਮੈਗਾਵਾਟ ਸਮਰਥਾ ਦਾ ਇਕ ਵਾਧੂ ਯੂਨਿਟ ਸਥਾਪਤ ਕੀਤਾ ਜਾਵੇ । ਪ੍ਰਾਜੈਕਟ ਨੂੰ ਭਾਰਤ ਸਰਕਾਰ ਨੇ 1971 ਦੇ ਦੌਰਾਨ ਤਕਨੀਕੀ ਤੌਰ ਤੇ ਕਲੀਅਰ ਕਰ ਦਿਤਾ ਸੀ । ਫਿਰ ਵੀ ਅੰਤਮ ਮਨਜ਼ੂਰੀ ਦੀ ਹਾਲੇ ਉਡੀਕ ਕੀਤੀ ਜਾ ਰਹੀ ਹੈ । ਡੀਜ਼ਾਈਨ ਤੇ ਵੱਖ ਵੱਖ ਸਾਜ਼ ਸਮਾਨ ਦੀ ਪ੍ਰਾਪਤੀ ਦਾ ਕੰਮ ਪਹਿਲਾਂ ਹੀ ਹੱਥ ਵਿਚ ਲਿਆ ਜਾ ਚੁੱਕਾ ਹੈ । ਇਹ ਯੂਨਿਟ ਦਸੰਬਰ, 1977 ਵਿਚ ਚਾਲੂ ਕੀਤਾ ਜਾਣਾ ਮਿਥਿਆ ਗਿਆ ਹੈ।

Original with;
Punjab Vidhan Sabha
Digitized by;
Panjab Digital Library

[Minister of State for Irrigation and Power]

(iii) ਅਨੰਦਪੁਰ ਸਾਹਿਬ ਪ੍ਰਾਜੈਕਟ (ਸਟੇਜ I ਅਤੇ II)

ਇਸ ਪ੍ਰਾਜੈਕਟ ਅਧੀਨ ਇਹ ਤਜਵੀਜ਼ ਕੀਤਾ ਗਿਆ ਹੈ ਕਿ 4 ਯੂਨਿਟ ਸਥਾਪਤ ਕੀਤੇ ਜਾਣ ਜਿਨ੍ਹਾਂ ਵਿਚ ਹਰੇਕ ਦੀ ਸਮਰਥਾ 33.5 ਮੈਗਾਵਾਟ ਹੋਵੇ। ਇਸ ਪ੍ਰਾਜੈਕਟ ਨੂੰ ਭਾਵੇਂ ਪੰਜਾਬ ਰਾਜ ਬਿਜਲੀ ਬੋਰਡ ਨੇ ਪ੍ਰਵਾਨ ਕਰ ਲਿਆ ਹੈ ਪਰ ਹਾਲੀ ਤੱਕ ਇਹ ਭਾਰਤ ਸਰਕਾਰ ਤੋਂ ਕਲੀਅਰ ਨਹੀਂ ਹੋਇਆ। ਮੈਸਰਜ਼ ਬਹਿਲ ਹਰਦੁਆਰ ਨੂੰ ਮਈ, 1973 ਵਿਚ ਟਰਬਾਈਨ ਜੈਨਰੇਟਰ ਯੂਨਿਟਾਂ ਦੀ ਖ਼ਰੀਦ ਵਜੋਂ 10% ਰਕਮ ਜਿਹੜੀ ਕਿ 1 ਕਰੋੜ ਰੁਪਿਆ ਬਣਦੀ ਹੈ, ਪੇਸ਼ਗੀ ਦੇ ਦਿਤੀ ਗਈ ਹੈ। ਹੁਣ ਅਗਸਤ ਦੇ ਦੂਜੇ ਹਫਤੇ ਵਿਚ ਬਹਿਲ ਨਾਲ ਇਕ ਮੀਟਿੰਗ ਦੀ ਤਜਵੀਜ਼ ਹੈ ਤਾਂ ਜੋ ਤਕਨੀਕੀ ਵੇਰਵਿਆਂ ਨੂੰ ਅੰਤਮ ਰੂਪ ਦਿਤਾ ਜਾ ਸਕੇ।

(1) ਥੀਨ ਡੈਮ ਪ੍ਰਾਜੈਕਟ

70, 70 ਮੈਗਾਵਾਟ ਦੀ ਸਮਰਥਾ ਦੇ 6 ਯੂਨਿਟਾਂ ਦੇ ਉਪਬੰਧ ਵਿਰੁਧ ਮੈਸਰਜ਼ ਬਹਿਲ ਵਲੋਂ 120, 120 ਮੈਗਾਵਾਟ ਸਮਰਥਾ ਦੇ 4 ਯੂਨਿਟ ਸਥਾਪਤ ਕਰਨ ਦੀ ਤਜਵੀਜ਼ ਦਿਤੀ ਗਈ ਹੈ। ਮੈਸਰਜ਼ ਬਹਿਲ ਵਲੋਂ ਪੇਸ਼ਕਸ਼ ਵੀ ਪ੍ਰਾਪਤ ਹੋ ਗਈ ਹੈ ਪਰ ਉਸ ਤੇ ਇਸ ਗੱਲ ਕਰਕੇ ਅਮਲ ਰੋਕਿਆ ਗਿਆ ਹੈ ਕਿਉਂਕਿ ਇਹ ਪ੍ਰਾਜੈਕਟ ਹਾਲੇ ਭਾਰਤ ਸਰਕਾਰ ਤੋਂ ਮਨਜ਼ੂਰ ਨਹੀਂ ਹੋਇਆ।

(II) ਮੁਕੇਰੀਆਂ ਹਾਈਡਲ ਪ੍ਰਾਜੈਕਟ

ਇਸ ਪ੍ਰਾਜੈਕਟ ਅਧੀਨ 15, 15 ਮੈਗਾਵਾਟ ਦੀ ਸਮਰਥਾ ਦੇ ਤਿੰਨ ਯੂਨਿਟ ਅਤੇ 17 ਮੈਗਾਵਾਟ ਦੀ ਸਮਰਥਾ ਦਾ ਚੌਥਾ ਯੂਨਿਟ ਸਥਾਪਤ ਕੀਤੇ ਜਾਣ ਦੀ ਤਜਵੀਜ਼ ਹੈ।

ਫਰਵਰੀ, 1974 ਵਿਚ ਪੰਜਾਬ ਸਰਕਾਰ ਦੀ ਸਿੰਜਾਈ ਸ਼ਾਖਾ ਨੇ ਭਾਰਤ ਸਰਕਾਰ ਪਾਸ ਮਨਜ਼ੂਰੀ ਲਈ ਸੋਧੀ ਹੋਈ ਉਨਤੀ ਰਿਪੋਰਟ ਪਹਿਲਾਂ ਹੀ ਪੇਸ਼ ਕੀਤੀ ਹੋਈ ਹੈ ਪਰ ਉਸ ਦੇ ਮਨਜ਼ੂਰ ਹੋ ਕੇ ਆਉਣ ਦੀ ਉਡੀਕ ਕੀਤੀ ਜਾ ਰਹੀ ਹੈ।

(III) ਯੂ. ਬੀ. ਡੀ. ਸੀ. (ਸਟੇਜ II)

ਇਸ ਪ੍ਰਾਜੈਕਟ ਅਧੀਨ 15, 15 ਮੈਗਾਵਾਟ ਦੀ ਸਮਰਥਾ ਦੇ ਤਿੰਨ ਵਾਧੂ ਯੂਨਿਟ ਸਥਾਪਤ ਕਰਨ ਦੀ ਤਜਵੀਜ਼ ਹੈ। ਫਰਵਰੀ, 1974 ਵਿਚ ਸੋਧੀ ਹੋਈ ਪ੍ਰਾਜੈਕਟ ਰਿਪੋਰਟ ਪ੍ਰਵਾਨਗੀ ਲਈ ਭਾਰਤ ਸਰਕਾਰ ਪਾਸ ਪੇਸ਼ ਕੀਤੀ ਗਈ ਸੀ। ਮੌਜੂਦਾ ਸਾਲ ਦੇ ਬਜਟ ਵਿਚ ਯੂ. ਬੀ. ਡੀ. ਸੀ. (ਸਟੇਜ II) ਲਈ ਕੋਈ ਫੰਡ ਨਹੀਂ ਰਖ ਗਏ।

(IV) ਸ਼ਾਹਪੁਰ ਕੰਡੀ ਪ੍ਰਾਜੈਕਟ

ਇਸ ਪ੍ਰਾਜੈਕਟ ਅਧੀਨ 47, 47 ਮੈਗਾਵਾਟ ਦੀ ਸਮੱਰਥਾ ਦੇ 2 ਯੂਨਿਟ ਸਥਾਪਤ ਕਰਨ ਦੀ ਤਜਵੀਜ਼ ਕੀਤੀ ਗਈ ਹੈ। ਇਹ ਪ੍ਰਾਜੈਕਟ ਭਾਰਤ ਸਰਕਾਰ ਦੁਆਰਾ ਹਾਲੇ ਤੱਕ ਮਨਜ਼ੂਰ ਨਹੀਂ ਕੀਤਾ ਗਿਆ।

Original with;
Punjab Vidhan Sabha
Digitized by;
Panjab Digital Library

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ, ਇਹ ਦੱਸਣ ਦੀ ਖੇਚਲ ਕਰਨਗੇ ਕਿ ਇਨ੍ਹਾਂ ਨੇ ਜਿਹੜੀ ਸਟੇਟਮੈਂਟ ਹਾਊਸ ਵਿਚ ਲੇ ਕੀਤੀ ਹੈ ਸ਼ਾਨਨ ਪ੍ਰਾਜੈਕਟ ਦੇ ਬਾਰੇ ਉਸ ਵਿਚ ਦੱਸਿਆ ਹੈ ਕਿ ਇਹ ਹਿਮਾਚਲ ਪ੍ਰਦੇਸ਼ ਵਿਚ ਹੈ ਅੱਤ ਇਹ 1977 ਤੱਕ ਕੰਮਪਲੀਟ ਹੋ ਜਾਵੇਗੀ, ਜਿਸ ਤਰ੍ਹਾਂ ਸਰਕਾਰ ਨੇ ਦਸਿਆ ਹੈ ਸ਼ਾਇਦ ਇਸ ਤਰ੍ਹਾਂ ਤਾਂ ਕੋਈ ਝਗੜਾ ਵੀ ਪੈ ਸਕਦਾ ਹੈ, ਸਰਕਾਰ ਨੇ ਉਨ੍ਹਾਂ ਨਾਲ ਕੁਝ ਐਗਰੀਮੈਂਟ ਕੀਤਾ ਹੈ ਤਾਂ ਕੀ ਸਰਕਾਰ ਨੇ ਇਹ ਐਸ਼ੋਅਰ ਕਰ ਲਿਆ ਹੈ ਜਗ੍ਹਾ ਦੇ ਬਾਰੇ ਵਿਚ ਕਿ ਕੱਲ ਕਲੱਤਰ ਨੂੰ ਕੋਈ ਝਗੜਾ ਤਾਂ ਨਹੀਂ ਹੋਵੇਗਾ ਤਾਂ ਕਿ ਰੁਪਿਆ ਜ਼ਾਇਆ ਨਾ ਹੋਵੇ ?

ਨੰਬਰ ਦੋ ਮੇਰਾ ਸਪਲੀਮੈਂਟਰੀ ਇਹ ਹੈ ਕਿ ਜਿਹੜਾ ਯੂ. ਬੀ. ਡੀ. ਸੀ. ਦਾ ਸੈਕੰਡ ਫੇਜ਼ ਹੈ ਸਰਕਾਰ ਉਸ ਨੂੰ ਚਾਲੂ ਕਰ ਰਹੀ ਹੈ ਪਰ ਬੱਜਟ ਵਿਚ ਇਸ ਕੰਮ ਵਾਸਤੇ ਰੁਪਿਆ ਨਹੀਂ ਰੱਖਿਆ ਗਿਆ । ਕੀ ਸਰਕਾਰ ਅਗਲੇ ਸਾਲ ਇਸ ਕੰਮ ਲਈ ਬੱਜਟ ਵਿਚ ਰੁਪਿਆ ਰੱਖੇਗੀ ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਦੇ ਬਾਰੇ ਚੌਧਰੀ ਸਾਹਿਬ ਨੇ ਕੋਈ ਨੋਟਿਸ ਨਹੀਂ ਸੀ ਦਿਤਾ ਲੇਕਿਨ ਮੈਂ ਇਨ੍ਹਾਂ ਦੀ ਜਾਣਕਾਰੀ ਲਈ ਦੱਸਦਾ ਹਾਂ ਕਿ ਜਿਥੋਂ ਤਕ ਤਾਂ ਸ਼ਾਨਨ ਦਾ ਕੁਐਸਚਨ ਹੈ, ਇਸ ਸਿਲਸਿਲੇ ਵਿਚ ਹਿਮਾਚਲ ਸਰਕਾਰ ਨਾਲ ਫੈਸਲਾ ਹੋ ਗਿਆ ਹੈ । ਅਗਰ ਕੋਈ ਹੋਰ ਇੰਪਰੂਵਮੈਂਟ ਹੋਵੇਗੀ ਤਾਂ ਫਿਰ ਗਲ ਕਰ ਲਵਾਂਗੇ ।

ਚੌਧਰੀ ਰਾਮ ਸਿੰਘ : ਜਿਹੜਾ ਯੂ. ਬੀ. ਡੀ. ਸੀ. ਬਾਰੇ ਲਿਖਿਆ ਹੈ ਕਿ 45 ਮੈਗਾਵਾਟਸ ਬਿਜਲੀ ਦਿਤੀ ਜਾਵੇਗੀ । ਭਾਰਤ ਸਰਕਾਰ ਨੂੰ ਕਹਿੰਦੇ ਹਨ ਕਿ ਫਰਵਰੀ, 1974 ਵਿਚ ਕਲੀਅਰੈਂਸ ਵਾਸਤੇ ਲਿਖਿਆ ਹੈ । ਪਰ ਇਨ੍ਹਾਂ ਨੇ ਇਸ ਕੰਮ ਲਈ ਬੱਜਟ ਵਿਚ ਕੋਈ ਪੈਸਾ ਨਹੀਂ ਰਖਿਆ । ਕੀ ਅਗਲੇ ਸਾਲ ਲਈ ਬੱਜਟ ਵਿਚ ਸਰਕਾਰ ਪੈਸਾ ਮੁਹੱਈਆ ਕਰੇਗੀ ਤਾਂਕਿ ਇਹ ਕੰਮ ਹੋ ਸਕੇ ?

(ਕੋਈ ਉਤੱਰ ਨਹੀਂ ਦਿਤਾ ਗਿਆ)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਾਰੇ ਪੰਜਾਬ ਦੇ ਵਿਚ ਬਿਜਲੀ ਦੋ-ਤਿੰਨ ਘੰਟੇ ਰੋਜ਼ਾਨਾ ਆਉਂਦੀ ਹੈ ਅੱਤ ਉਹ ਵੀ ਲੁਕਣਮੀਟੀ ਖੇਡਦੀ ਰਹਿੰਦੀ ਹੈ । ਸਰਕਾਰ ਨੇ ਬਿਜਲੀ ਦੇ ਦਰ ਹੁਣ ਵਧਾ ਦਿਤੇ ਹਨ । ਕੀ ਸਰਕਾਰ ਬਿਜਲੀ ਦੇ ਪੈਸੇ ਘੱਟਿਆਂ ਦੇ ਮੁਤਾਬਿਕ ਲੈਣ ਦਾ ਯਤਨ ਕਰੇਗੀ ?

(ਕੋਈ ਉਤੱਰ ਨਹੀਂ ਦਿਤਾ ਗਿਆ)

ਸ਼੍ਰੀ ਸਪੀਕਰ : ਇਹ ਤਾਂ ਸਕੀਮਾਂ ਦੀ ਗੱਲ ਹੈ । ਬਿਜਲੀ ਦੇ ਦਰਾਂ ਬਾਰੇ ਨਹੀਂ ਹੈ । (This question relates to the schemes of power generation and not to the rates of electricity supply.)

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : ਸਪੀਕਰ ਸਾਹਿਬ, ਤੁਹਾਡੀ ਮਾਰਫਤ ਮੈਂ ਵਜ਼ੀਰ ਸਾਹਿਬ, ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਫਰਵਰੀ, ਸੰਨ 1974 ਦੇ ਵਿਚ ਯੂ. ਬੀ. ਡੀ. ਸੀ. ਦੀ ਸਕੀਮ ਬਾਰੇ ਲਿਖਿਆ ਹੈ । ਆਇਆ ਫਰਵਰੀ 1974 ਤੋਂ ਲੈ ਕੇ ਹੁਣ ਤਕ ਭਾਰਤ ਸਰਕਾਰ ਵਲੋਂ ਇਨ੍ਹਾਂ ਨੂੰ ਕੋਈ ਰਿਪਲਾਇ ਆਇਆ ਹੈ ? ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਹੋਰ ਕਿਤਨਾ ਚਿਰ ਇਸ ਕਮ ਲਈ ਲੱਗ ਜਾਵੇਗਾ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਯੂ. ਬੀ. ਡੀ. ਸੀ. ਦੀ ਸੈਕੰਡ ਸਟੇਜ ਤੇ ਪਾਵਰ ਹਾਊਸ ਬਣਨਾ ਹੈ। ਉਸ ਦੇ ਬਾਰੇ ਕਲੀਅਰੈਂਸ ਲੈਣ ਵਾਸਤੇ ਲਿਖ ਦਿਤਾ ਹੈ। ਅਸੀਂ ਉਸ ਨੂੰ ਪਰਸੂ ਕਰ ਰਹੇ ਹਾਂ। ਉਨ੍ਹਾਂ ਨੇ ਕੁਝ ਕਿਊਰੀਜ਼ ਕੀਤੀਆਂ ਸਨ ਔਰ ਅਸੀਂ ਉਨ੍ਹਾਂ ਦਾ ਜਵਾਬ ਦਿਤਾ ਹੈ।

ਸਰਦਾਰ ਸੁਰਿੰਦਰ ਸਿੰਘ ਕੈਰੋਂ : ਕੀ ਵਜ਼ੀਰ ਸਾਹਿਬ ਇਹ ਦਸੱਣ ਦੀ ਖੇਚਲ ਕਰਨਗੇ ਕਿ ਭਾਰਤ ਸਰਕਾਰ ਤੋਂ ਇਨ੍ਹਾ ਨੂੰ ਕਿਹੜੀ ਕਿਹੜੀ ਕਲੀਅਰੈਂਸ ਆਈ ਹੈ ਔਰ ਕਦ ਕਦ ਇਨ੍ਹਾਂ ਨੇ ਲਿਖਿਆ ਹੈ? ਕਿਸ ਸਟੇਜ ਤੇ ਕੇਸ ਹੈ ?

ਸ਼੍ਰੀ ਸਪੀਕਰ : ਠੀਕ ਹੈ। ਕੈਰੋਂ ਸਾਹਿਬ, ਇਹ ਚਾਹੁੰਦੇ ਹਨ ਕਿ ਕਿਹੜੇ ਕਿਹੜੇ ਪ੍ਰਾਜੈਕਟਾਂ ਦੀ ਮਨਜ਼ੂਰੀ ਆ ਗਈ ਹੈ ਔਰ ਕਿਹੜੇ ਕਿਹੜੇ ਅੰਡਰ ਕਨਸੀਡਰੇਸ਼ਨ ਹਨ ? ਇਹ ਉਨ੍ਹਾਂ ਨੂੰ ਦੱਸ ਦੇਓ। (Sardar Surinder Singh Kairon wants to know the names of the Projects regarding which the clearance has been received and of those which are still under consideration. Please let the hon'ble Member know this.)

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਜਿਹੜਾ ਜਵਾਬ ਦਿਤਾ ਹੈ ਉਸ ਵਿਚ ਦਸਿਆ ਹੈ ਕਿ ਫਲਾਂ ਫਲਾਂ ਤਾਰੀਖ ਨੂੰ ਅਪਲਾਈ ਕੀਤਾ ਹੈ ਪਰ ਅਜੇ ਤਕ ਕਿਸੇ ਬਾਰੇ ਵੀ ਕਲੀਅਰੈਂਸ ਨਹੀਂ ਆਈ ਹੈ। ਸੈਂਟਰ ਗੌਰਮਿੰਟ ਕੋਈ ਕਿਊਰੀ ਕਰਦੀ ਹੈ ਤਾਂ ਅਸੀਂ ਜਵਾਬ ਦੇ ਦਿੰਦੇ ਹਾਂ। ਵੈਸੇ ਮੈਂ ਪ੍ਰਾਜੈਕਟਾਂ ਦੀ ਟੋਟਲ ਲਿਸਟ ਤਾਂ ਟੇਬਲ ਤੇ ਲੈ ਕਰ ਦਿਤੀ ਹੈ।

ਸ਼੍ਰੀ ਸਪੀਕਰ : ਫਿਰ ਵੀ ਤੁਸੀਂ ਨਾਮ ਦੱਸ ਦਿਓ। (Any how you may please tell the names of the Projects.)

ਰਾਜ ਮੰਤਰੀ : ਠੀਕ ਹੈ ਜੀ ਮੈਂ ਇਨ੍ਹਾਂ ਨੂੰ ਦੱਸ ਦਿੰਦਾ ਹਾਂ।

ਪਹਿਲਾ ਹੈ ਸ਼ਾਨਨ ਐਕਸਟੇਨਸ਼ਨ ਪ੍ਰਾਜੈਕਟ,

(2) ਅਨੰਦਪੁਰ ਸਾਹਿਬ ਪ੍ਰਾਜੈਕਟ,

(3) ਥੀਨ ਡੈਮ ਪ੍ਰਾਜੈਕਟ,

(4) ਮੁਕੇਰੀਆਂ ਹਾਈਡਲ ਪ੍ਰਾਜੈਕਟ,

(5) ਯੂ. ਬੀ. ਡੀ. ਸੀ.,

(6) ਸ਼ਾਹਪੁਰ ਕੰਡੀ ਪ੍ਰਾਜੈਕਟ।

ਕਾਮਰੇਡ ਸੱਤਪਾਲ ਡਾਂਗ : ਕੀ ਮਨਿਸਟਰ ਸਾਹਿਬ ਇਹ ਦੱਸਣਗੇ ਜਦੋਂ ਕਿ ਇਨ੍ਹਾਂ ਨੂੰ ਪਤਾ ਹੈ ਕਿ ਬਿਜਲੀ ਦਾ ਕਾਫੀ ਹੱਦ ਤੱਕ ਦਾਰੋ ਮਦਾਰ ਥੀਨ ਡੈਮ ਤੇ ਹੈ, ਤਾਂ ਇਹ ਪ੍ਰਾਜੈਕਟ ਕਦ ਤੱਕ ਸ਼ੁਰੂ ਹੋ ਜਾਵੇਗਾ ? ਟੈਕਨੀਕਲ ਕਲੀਅਰੈਂਸ ਗੌਰਮਿੰਟ ਆਫ ਇੰਡੀਆ ਤੋਂ ਹੋ ਗਈ ਹੈ। ਜਿਹੜਾ ਪੈਸਾ ਇਸ ਸਾਲ ਲਈ ਬੱਜਟ ਵਿਚ ਰਖਿਆ ਹੈ ਕੀ ਉਹ ਇਸ ਸਾਲ ਹੀ ਯੂਟੀਲਾਈਜ਼ ਹੋ ਜਾਵੇਗਾ ਜਾਂ ਨਹੀਂ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਸਵਾਲ ਵਿਚੋਂ ਤਾਂ ਇਹ ਸਪਲੀਮੈਂਟਰੀ ਅਰਾਈਜ਼ ਨਹੀਂ ਹੁੰਦਾ । ਇਹ ਨੋਟਿਸ ਦੇ ਦੇਣ, ਜਵਾਬ ਦੇ ਦੇਵਾਂਗੇ ।

(ਇਸ ਸਮੇਂ ਕਈ ਮੈਂਬਰ ਸਾਹਿਬਾਨ ਸਪਲੀਮੈਂਟਰੀ ਸਵਾਲ ਕਰਨ ਲਈ ਖੜ੍ਹੇ ਹੋ ਗਏ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਅਰਾਈਜ਼ ਹੁੰਦਾ ਹੈ ਜੀ । ਇਹ ਕਿਵੇਂ ਕਹਿੰਦੇ ਹਨ ਕਿ ਸਪਲੀਮੈਂਟਰੀ ਅਰਾਈਜ਼ ਨਹੀਂ ਹੁੰਦਾ ?

ਸ਼੍ਰੀ ਸਪੀਕਰ : ਵਜ਼ੀਰ ਸਾਹਿਬ ਕਹਿੰਦੇ ਹਨ ਕਿ ਸਪਲੀਮੈਂਟਰੀ ਸਵਾਲ ਇਕ ਖਾਸ ਡੈਮ ਦਾ ਹੈ ਜਦਕਿ ਕਿ ਇਹ ਸਵਾਲ ਸਾਰੀਆਂ ਸਕੀਮਾਂ ਦਾ ਹੈ ਇਸ ਲਈ ਇਹ ਮੇਨ ਸਵਾਲ ਵਿਚੋਂ ਅਰਾਈਜ਼ ਨਹੀਂ ਹੁੰਦਾ । ਡਾਂਗ ਸਾਹਿਬ, ਤੁਸੀਂ ਤਸ਼ਰੀਫ ਰਖੋ। (The hon. Minister is saying that this question relates generally to the schemes of power generation. Therefore, this supplementary question which concerns a particular dam does not arise out of the main question. Dang Sahib, please resume your seat.)

ਸਰਦਾਰ ਜਸਵਿੰਦਰ ਸਿੰਘ ਬਰਾੜ ; ਸਪੀਕਰ ਸਾਹਿਬ, ਕੀ ਤੁਸੀਂ ਮਹਿਸੂਸ ਕਰਦੇ ਹੋ ਕਿ ਇਸ ਸਵਾਲ ਵਿਚੋਂ ਇਹ ਸਪਲੀਮੈਂਟਰੀ ਐਰਾਈਜ਼ ਨਹੀਂ ਹੁੰਦਾ ?

ਸਰਦਾਰ ਅਜਾਇਬ ਸਿੰਘ ਮੰਧੂ : ਇਨ੍ਹਾਂ ਪਰਾਜ਼ੈਕਟਾਂ ਨੇ ਦੁਧ ਤਾਂ ਨਹੀਂ ਦੇਣਾ. ਬਿਜਲੀ ਪੈਦਾ ਕਰਨੀ ਹੈ ।

Mr. Speaker : No interruption please.

ਚੌਧਰੀ ਸੁੰਦਰ ਸਿੰਘ : ਯੂ.ਪੀ.ਡੀ.ਸੀ. ਦੇ ਜਿਹੜੇ 3 ਪਲਾਂਟ ਬਣਨੇ ਹਨ, ਉਹ ਮੇਰਾ ਦਲਕਾ ਹੈ । ਮੈਂ ਚੌਧਰੀ ਰਾਮ ਸਿੰਘ ਜੀ ਦਾ ਮਸ਼ਕੂਰ ਹਾਂ ਕਿ ਉਨ੍ਹਾਂ ਨੇ ਇਹ ਸਵਾਲ ਪੁੱਛ ਲਿਆ ਹੈ । ਮੈਂ ਇਸ ਬਾਰੇ ਮਨਿਸਟਰ ਸਾਹਿਬ ਦੇ ਨਾਲ ਗਲ ਕੀਤੀ ਹੈ ਕਿ ਇਨ੍ਹਾਂ 3 ਪਲਾਂਟਾਂ ਨੂੰ ਬਣਾ ਦਿਤਾ ਜਾਵੇ, ਖਰਚਾ ਵੀ ਘੱਟ ਆਵੇਗਾ, ਥੀਨੇ ਡੈਮ ਨਾਲੋਂ ਘੱਟ ਆਵੇਗਾ । ਕੀ ਇਨ੍ਹਾਂ 3 ਪਲਾਂਟਾਂ ਨੂੰ ਬਣਾਉਣ ਦੇ ਕੰਮ ਨੂੰ ਐਕਸਪੀਡਾਈਟ ਕਰਨਗੇ ਜੇ ਇਸ ਦਾ ਜਵਾਬ ਬਿਜਲੀ ਦੇ ਡਿਪਟੀ ਮਨਿਸਟਰ ਦੇਣਗੇ ਤਾਂ ਠੀਕ ਹੈ, ਉਹ ਚੰਗਾ ਜਵਾਬ ਦੇਣਗੇ ।

(ਕੋਈ ਉਤੱਰ ਨਹੀਂ ਦਿਤਾ ਗਿਆ)

ਸ਼੍ਰੀ ਸਪੀਕਰ : ਚੌਧਰੀ ਸਾਹਿਬ, ਤੁਹਾਨੂੰ ਇਹ ਨਹੀਂ ਕਹਿਣਾ ਚਾਹੀਦਾ । (Chaudhri Sahib, you should not say like that.)

Chief Parliamentary Secretary : He should withdraw these words.

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : ਮੈਂ ਚੀਫ ਮਨਿਸਟਰ ਸਾਹਿਬ ਨੂੰ ਰਿਕੁਐਸਟ ਕਰਨੀ ਹੈ ਕਿ ਉਹ ਟਾਈਮ ਕਢ ਕੇ ਦਿੱਲੀ ਜਾ ਕੇ ਐਕਸਕਲੂਸੀਵਲੀ ਬਿਜਲੀ ਦੇ ਪਰਾਜ਼ੈਕਟਾਂ ਦੀ ਕਲੀਅਰੈਂਸ ਦੇ ਬਾਰੇ ਗਲ ਬਾਤ ਕਰਨ ਅਤੇ 2 ਦਿਨ ਲਾ ਕੇ ਇਸ ਮਸਲੇ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਨ । ਕੀ ਇਸ ਤਰ੍ਹਾਂ ਕੀਤਾ ਜਾਵੇਗਾ ?

(ਕੋਈ ਉੱਤਰ ਨਹੀਂ ਦਿਤਾ ਗਿਆ)

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਪਹਿਲਾਂ ਦਸਿਆ ਗਿਆ ਹੈ ਕਿ ਛੇਤੀ ਤੋਂ ਛੇਤੀ ਪ੍ਰਬੰਧ ਕਰਨਗੇ । (It has already been stated by the hon. Minister that arrangements will be made as soon as possible).

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : ਇਹ ਤਿੰਨ ਪਰਾਜੈਕਟਸ ਹਨ । ਇਨ੍ਹਾਂ ਵਿਚੋਂ 45 ਮੈਗਾਵਾਟ ਬਿਜਲੀ ਮਿਲ ਸਕਦੀ ਹੈ । ਜੇ ਚੀਫ ਮਨਿਸਟਰ ਸਾਹਿਬ ਐਕਸਕਲੂਸੀਵਲੀ ਇਸ ਕੰਮ ਤੇ 2 ਦਿਨ ਲਗਾ ਦੇਣ ਤਾਂ ਮੇਰੀ ਇਹ ਰਾਏ ਹੈ ਕਿ ਇਸ ਨਾਲ ਪੰਜਾਬ ਦਾ ਬਿਜਲੀ ਦਾ ਮਸਲਾ ਹੱਲ ਹੋ ਜਾਵੇਗਾ ।

ਸ਼੍ਰੀ ਸਪੀਕਰ : ਇਹ ਤਾਂ ਸੁਜੈਸ਼ਨ ਹੈ. ਸੇਖੜੀ ਸਾਹਿਬ ਦੀ ਇਸ ਸੁਜੈਸ਼ਨ ਤੇ ਸਰਕਾਰ ਜ਼ਰੂਰ ਗੌਰ ਕਰੇਗੀ । (This is a suggestion. The suggestion of the hon. member Sekhri Sahib must be considered by the Government).

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਵੀ ਇਕ ਸੁਜੈਸ਼ਨ ਦੇਣਾ ਚਾਹੁੰਦਾ ਹਾਂ, ਅਗੇ ਵੀ ਸੁਜੈਸ਼ਨ ਆਈ ਹੈ ।

ਸ਼੍ਰੀ ਸਪੀਕਰ : ਇਹ ਕਵੈਸਚਨ ਆਵਰ ਹੈ. ਸੁਜੈਸ਼ਨਜ ਇਸ ਵੇਲੇ ਨਹੀਂ ਦਿਤੀਆਂ ਜਾ ਸਕਦੀ ਂ । ਸੁਜੈਸ਼ਨ ਦਾ ਕੋਈ ਟਾਈਮ ਨਹੀਂ ਹੈ । (This is the question Hour. Suggestions cannot be given at this time.)

ਸਰਦਾਰ ਜਸਵਿੰਦਰ ਸਿੰਘ ਬਰਾੜ : ਉਨ੍ਹਾਂ ਨੇ ਵੀ ਸੁਜੈਸ਼ਨ ਦਿਤੀ ਹੈ, ਮੈਨੂੰ ਵੀ ਦੇ ਲੈਣ ਦੇਵੋ ।

Mr. Speaker : No please.

ਸਰਦਾਰ ਦਰਬਾਰਾ ਸਿੰਘ : ਕੀ ਇਰੀਗੇਸ਼ਨ ਮਨਿਸਟਰ ਸਾਹਿਬ ਦਸਣਗੇ ਕਿ ਪੌਂਗ ਡੈਮ ਵਿਚ, ਸਭ ਨੂੰ ਪਤਾ ਹੈ, ਕਿ ਪਾਣੀ ਭਰ ਜਾਣਾ ਹੈ । ਤਾਂ ਫਿਰ ਬਿਜਲੀ ਦੀ ਉਥੇ ਜੈਨਰੇਸ਼ਨ ਕਦੋਂ ਤੋਂ ਸ਼ੁਰੂ ਹੋ ਜਾਵੇਗੀ ਅਤੇ ਕਦੋਂ ਤਾਂ ਸਾਨੂੰ ਬਿਜਲੀ ਮਿਲਣੀ ਸ਼ੁਰੂ ਹੋ ਜਾਵੇਗੀ ।

ਸ਼੍ਰੀ ਸਪੀਕਰ : ਇਹ ਸਵਾਲ ਇਸ ਵਿਚੋਂ ਉਠਦਾ ਨਹੀਂ । (This supplementary question does not arise out of this question.)

(ਇਸ ਸਮੇਂ ਸਰਦਾਰ ਜਸਵਿੰਦਰ ਸਿੰਘ ਬਰਾੜ ਤੇ ਸਰਦਾਰ ਅਜਾਇਬ ਸਿੰਘ ਸੰਧੂ ਖੜ੍ਹੇ ਹੋ ਕੇ ਸਪਲੀਮੈਂਟਰੀ ਕਰਨ ਦੀ ਮੰਗ ਕਰ ਰਹੇ ਸਨ)

ਸਰਦਾਰ ਦਰਬਾਰਾ ਸਿੰਘ : ਮੈਂ ਪੌਂਗ ਡੈਮ ਦਾ ਨਾਂ ਲਿਆ ਹੈ ਇਸ ਦਾ ਮੰਤਰੀ ਜੀ ਜਵਾਬ ਦੇਣ, ਬਿਜਲੀ ਕਦੋਂ ਤੱਕ ਸਾਨੂੰ ਮਿਲਣੀ ਸ਼ੁਰੂ ਹੋ ਜਾਵੇਗੀ, ਉਥੇ ਪਾਣੀ ਭਰ ਗਿਆ ਹੈ, ਇਸ ਬਾਰੇ ਹਾਊਸ ਨੂੰ ਸੂਚਨਾ ਦੇਣ ।

(ਕੋਈ ਉੱਤਰ ਨਹੀਂ ਦਿਤਾ ਗਿਆ)

(ਇਸ ਸਮੇਂ ਸ਼੍ਰੀ ਗੁਰਦਿਆਲ ਸੈਣੀ ਤੇ ਸਰਦਾਰ ਜਸਵਿੰਦਰ ਸਿੰਘ ਬਰਾੜ ਸਪਲੀਮੈਂਟਰੀ ਸਵਾਲ ਕਰਨ ਲਈ ਖੜੇ ਹੋਏ ।)

Original with;
Punjab Vidhan Sabha
Digitized by;
Panjab Digital Library

Mr. Speaker : Order please.

ਸ਼੍ਰੀ ਗੁਰਦਿਆਲ ~~ਸਿੰਘ~~ ਸੈਣੀ : ਜਨਾਬ ਤੁਹਾਡੀ ਨਜ਼ਰ ਮੇਰੇ ਤੇ ਨਹੀਂ ਪਈ, ਮੈਨੂੰ ਵੀ ਸਵਾਲ ਪੁਛ ਲੈਣ ਦੇਵੋ ।

ਸ਼੍ਰੀ ਸਪੀਕਰ : ਤੁਸੀਂ ਵੀ ਸਵਾਲ ਪੁਛ ਲੈਣਾ । (You may also put a supplementary question.)

ਸਰਦਾਰ ਜਸਵਿੰਦਰ ਸਿੰਘ ਬਰਾੜ : ਮੈਂ ਜਨਾਬ ਨੂੰ ਬੇਨਤੀ ਕਰਾਂਗਾ ਕਿ ਤੁਸੀਂ ਹਾਊਸ ਦੇ ਕਸਟੋਡੀਅਨ ਹੋ.....

Mr. Speaker : No reflection on the Chair. No remarks. Please put your supplementary question.)

ਸਰਦਾਰ ਜਸਵਿੰਦਰ ਸਿੰਘ ਬਰਾੜ : ਮੈਂ ਬਿਜਲੀ ਦੇ ਵਜ਼ੀਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਜਵਾਬ ਤਾਂ ਦੇਣ ।

ਸ਼੍ਰੀ ਸਪੀਕਰ: ਜ਼ਰੂਰ ਦੇਣਗੇ, ਤੁਸੀਂ ਸਵਾਲ ਪੁਛੋ । (Please ask the question. The hon. Minister will certainly give reply to it.)

ਸਰਦਾਰ ਜਸਵਿੰਦਰ ਸਿੰਘ ਬਰਾੜ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਉਹ ਦਸਣਗੇ ਕਿ ਜਿਹੜੇ ਬਿਜਲੀ ਦੇ ਪਰਾਜੈਕਟਸ ਹਨ, ਉਹ ਕਿਹੜੇ ਕਿਹੜੇ ਜ਼ਿਲ੍ਹੇ ਵਿਚ ਕਿਹੜੇ ਕਿਹੜੇ ਹਨ, ਜਿਨ੍ਹਾਂ ਨਾਲ ਕਿਆਦਾ ਬਿਜਲੀ ਪੈਦਾ ਕਰਨੀ ਹੈ ?

ਰਾਜ ਮੰਤਰੀ : ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੈਂਬਰ ਸਾਹਿਬ ਵੱਲੋਂ ਸਵਾਲ ਦਾ ਨੱਟਿਸ ਠੀਕ ਨਹੀਂ । ਜ਼ਿਲ੍ਹਾਂਵਾਰ ਹਾਈਡਲ ਪਰਾਜੈਕਟਸ ਨਹੀਂ ਬਣਾਏ ਜਾਂਦੇ ਅਤੇ ਜਿਥੇ ਪਾਣੀ ਮਿਲਦਾ ਹੈ ਉਥੇ ਹੀ ਬਣਾਏ ਜਾਂਦੇ ਹਨ । (ਟਰੈਜ਼ਰੀ ਬੈਚਿਜ਼ ਵੱਲੋਂ ਥੰਪਿੰਗ)

ਸਰਦਾਰ ਸੁਰਜੀਤ ਸਿੰਘ ਸਿੱਧੂ : ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾ ਕਿ ਨਵੇਂ ਪਰਾਜੈਕਟਾਂ ਬਾਰੇ ਇਨ੍ਹਾਂ ਨੇ ਨਹੀਂ ਦਸਿਆ ਹੈ । ਇਸ ਬਾਰੇ ਮੈਂ ਸਪੈਸ਼ਲੀ ਦੱਸਣਾ ਚਾਹੁੰਦਾ ਹਾਂ ਕਿ ਟਿਕ ਨਵਾਂ ਪਰਾਜੈਕਟ ਜ਼ਿਲ੍ਹਾਂ ਬਠਿੰਡਾ ਵਿਚ, ਜਿਸ ਦਾ ਨਾਂ ਝੁੰਝਾ ਪਰਜੈਕਟ ਹੈ, ਸਾਲ ਡੇਢ ਸਾਲ ਹੋਇਆ ਮੰਨਜ਼ੂਰ ਹੋ ਗਿਆ ਸੀ । ਪਰ ਉਥੇ ਕੋਈ ਕੰਮ ਸ਼ੁਰੂ ਨਹੀਂ ਹੋਇਆ । ਇਸ ਪਰਾਜੈਕਟ ਵਿਚ ਹਰਿਆਣੇ ਤੇ ਰਾਜਿਸਥਾਨ ਦੇ ਬਾਰਡਰ ਦੇ 60-70 ਪਿੰਡ ਆਉਂਦੇ ਹਨ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਮਨਿਸਟਰ ਸਾਹਿਬ ਦੱਸਣਗੇ ਕਿ ਇਹ ਪਰੋਗਰਾਮ ਕਦੋਂ ਤੱਕ ਸ਼ੁਰੂ ਹੋਵੇਗਾ ?

ਸ਼੍ਰੀ ਸਪੀਕਰ : ਇਹ ਤਾਂ ਬਿਜਲੀ ਦੇ ਬਾਰੇ ਸਵਾਲ ਹੈ, ਇਰੀਗੇਸ਼ਨ ਬਾਰੇ ਨਹੀਂ । (ਵਿਘਨ) (This question relates to the electric power and not irrigation.) (*Interruptions*)

Original with;
Punjab Vidhan Sabha
Digitized by:
Panjab Digital Library

(ਇਸ ਸਮੇਂ ਡਾਕਟਰ ਬਲਦੇਵ ਪਰਕਾਸ਼, ਸਰਦਾਰ ਬਲਵਿੰਦਰ ਸਿੰਘ ਭੂੰਦੜ ਤੇ ਕੁਝ ਹੋਰ ਮੈਂਬਰ ਸਾਹਿਬਾਨ ਖੜੇ ਹੋ ਕੇ ਸਪਲੀਮੈਂਟਰੀ ਸਵਾਲ ਪੁਛਣ ਦੀ ਮੰਗ ਕਰ ਰਹੇ ਸਨ)

Mr. Speaker : Order please, Next question.

ਟਰੇਡ ਯੂਨੀਅਨ ਕੌਂਸਲ, ਰਾਮਪੁਰਾ ਫੂਲ, ਜ਼ਿਲ੍ਹਾਂ ਬਠਿੰਡਾ ਵੱਲੋਂ ਦਿੱਤਾ ਗਿਆ ਯਾਦ-ਪੱਤਰ ।

*2801. **ਕਾਮਰੇਡ ਜੰਗੀਰ ਸਿੰਘ ਜੋਗਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਉਨ੍ਹਾਂ ਨੂੰ 30-6-74 ਨੂੰ ਮੰਡੀ ਫੂਲ ਵਿਖੇ ਟਰੇਡ ਯੂਨੀਅਨ ਕੌਂਸਲ, ਰਾਮਪੁਰਾ ਫੂਲ (ਬਠਿੰਡਾ) ਦਾ ਇਕ ਵਫ਼ਦ ਮਿਲਿਆ ਅਤੇ ਮੰਡੀ ਫੂਲ ਦੀ ਹੱਦਬੰਦੀ ਅੰਦਰ ਮਕਾਨ ਕਿਰਾਏ ਭੱਤੇ ਦੀ ਮੰਗ ਕਰਦੇ ਹੋਏ ਇਕ ਯਾਦ ਪੱਤਰ ਦਿੱਤਾ । ਜੇਕਰ ਅਜਿਹਾ ਹੋਵੇ ਤਾਂ ਇਸ ਮਾਮਲੇ ਤੇ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ ?

ਸ੍ਰੀ ਹੰਸ ਰਾਜ ਸ਼ਰਮਾ : (ਵਿੱਤ ਮਤਰੀ) ਹਾਂ ਜੀ । ਕਿਉਂਕਿ ਇਹ ਮੰਗ ਸਰਕਾਰ ਦੀ ਨੀਤੀ ਅਨੁਕੂਲ ਨਹੀਂ ਸੀ ਇਸ ਲਈ ਦਾਖਲ ਦਫਤਰ ਕਰ ਦਿੱਤੀ ਗਈ ਸੀ ।

ਕਾਮਰੇਡ ਸੱਤ ਪਾਲ ਡਾਂਗ : ਉਨ੍ਹਾਂ ਨੂੰ ਹਾਊਸ ਰੈਂਟ ਨਹੀਂ ਮਿਲੇਗਾ, ਇਸ ਕਰਕੇ ਫਾਈਲ ਕਰ ਦਿਤੀ ਗਈ ਸੀ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਸਰਕਾਰ ਦਾ ਇਸ ਬਾਰੇ ਕਰਾਈਟੀਰੀਆ ਕੀ ਹੈ ਅਤੇ ਇਨ੍ਹਾਂ ਲੋਕਾਂ ਦੀ ਮੰਗ ਨੂੰ ਕਿਉਂ ਨਹੀਂ ਮੰਨਿਆ ਗਿਆ ?

ਮੰਤਰੀ : ਉਸ ਟਾਉਨ ਦੀ ਅਬਾਦੀ ਥੋੜੀ ਹੈ । 25 ਹਜ਼ਾਰ ਅਬਾਦੀ ਹੋਣੀ ਚਾਹੀਦੀ ਹੈ । ਉਸ ਜਗ੍ਹਾ ਦੀ ਆਬਾਦੀ 23 ਹਜ਼ਾਰ ਕੁਲ ਸੀ । ਅਸੀਂ ਫਿਗਰਜ਼ ਪਿਛਲੇ ਸੈਂਸਿਜ਼ ਦੀਆਂ ਲੈਂਦੇ ਹਾਂ । ਜਿਹੜਾ ਇਨ੍ਹਾਂ ਨੇ ਲਿਖਿਆ ਸੀ ਕਿ ਆਬਾਦੀ 25 ਹਜ਼ਾਰ ਹੋ ਗਈ ਹੈ, ਅਸੀਂ ਉਸ ਬਾਰੇ 1971 ਦੀ ਮਰਦਮਸ਼ੁਮਾਰੀ ਲੈਂਦੇ ਹਾਂ, ਪਰ ਮੈਮੋਰੈਂਡਮ ਦੇ ਮੁਤਾਬਿਕ ਹੁਣ 3,000 ਅਬਾਦੀ ਵੱਧ ਗਈ ਹੈ । ਪਰ ਅਸੀਂ ਗਵਰਨਮੈਂਟ ਦੀ ਪਾਲਿਸੀ ਦੇ ਮੁਤਾਬਿਕ ਪਿਛਲੇ ਸੈਂਸਿਜ਼ ਨੂੰ ਮੁੱਖ ਰਖ ਕੇ ਅਲਾਊਂਸ ਦੇਣਾ ਹੈ ।

ਕਾਮਰੇਡ ਸੱਤ ਪਾਲ ਡਾਂਗ : ਇਸ ਚੀਜ਼ ਦੇ ਮੁਤਾਬਿਕ ਤਾਂ ਇਹ ਹੋਇਆ ਕਿ 1971 ਵਿਚ 25 ਹਜ਼ਾਰ ਅਬਾਦੀ ਹੋਣੀ ਚਾਹੀਦੀ ਹੈ ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਲੋਕਾਂ ਨੂੰ ਹਾਊਸ ਰੈਂਟ ਨਾ ਦੇਣ ਕਰਕੇ ਉਨ੍ਹਾਂ ਨਾਲ ਅਨਨਸੈਸਰੀ ਡਿਸਕਰੀਮੀਨੇਸ਼ਨ ਨਹੀਂ ਹੋ ਰਹੀ, ਜਦੋਂ ਕਿ ਉਥੇ ਦੀ ਆਬਾਦੀ 25 ਹਜ਼ਾਰ ਹੋ ਚੁਕੀ ਹੈ. ਕੀ ਉਨ੍ਹਾਂ ਲੋਕਾਂ ਵਿਚ ਹਰਟ-ਫਰਿਲਿੰਗ ਨਹੀਂ ਪੈਦਾ ਹੋ ਰਹੀ ਹੈ ? ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਆਪਣੀ ਪਾਲਿਸੀ ਵਿਚ ਤਬਦੀਲੀ ਕਰਨ ਲਈ ਤਿਆਰ ਹੈ, ਤਾਂ ਜੋ ਜਿਥੇ ਆਬਾਦੀ 25 ਹਜ਼ਾਰ ਹੋ ਚੁਕੀ ਹੈ, ਉਥੇ ਵੀ ਹਾਊਸ ਰੈਂਟ ਅਲਾਊਂਸ ਦਿਤਾ ਜਾ ਸਕੇ ?

ਮੰਤਰੀ : ਇਸ ਦਾ ਆਧਾਰ ਮਰਦਮਸ਼ੁਮਾਰੀ ਹੀ ਹੁੰਦੀ ਹੈ, ਹਰ ਜਗ੍ਹਾ ਦੁਬਾਰਾ ਮਰਦਮਸ਼ੁਮਾਰੀ ਨਹੀਂ ਹੋ ਸਕਦੀ, ਜਦੋਂ ਫਿਰ ਮਰਦਮਸ਼ੁਮਾਰੀ ਹੋਵੇਗੀ ਤਾਂ ਹੀ ਇਹ ਗਲ ਹੋ ਸਕਦੀ ਹੈ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਪਰੇਮ ਗੁਪਤਾ : ਮਨਿਸਟਰ ਸਾਹਿਬ ਨੇ ਮਰਦਮਸ਼ੁਮਾਰੀ ਦੀ ਗਲ ਕੀਤੀ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਸ਼ਹਿਰਾਂ ਦੇ ਮਿਉਂਸਪੈਲਟੀਜ਼ ਦੇ ਏਰੀਆਜ ਨੂੰ ਵਧਾਇਆ ਜਾ ਰਿਹਾ ਹੈ, ਉਸ ਅਧਾਰ ਤੇ ਆਬਾਦੀ ਵਿਚ ਵਾਧਾ ਹੋਣਾ ਹੈ । ਕੀ ਸਰਕਾਰ ਉਨ੍ਹਾਂ ਟਾਊਨਜ਼ ਵਿਚ ਹਾਊਸ ਰੈਂਟ ਦੇਣ ਨੂੰ ਤਿਆਰ ਹੋਵੇਗੀ ?

ਮੰਤਰੀ : ਕੋਈ ਐਸੀ ਸਿਚੁਏਸ਼ਨ ਅਰਾਈਜ਼ ਹੋਵੇਗੀ ਤਾਂ ਗੌਰ ਕੀਤਾ ਜਾ ਸਕਦਾ ਹੈ ।

1973-74 ਦੇ ਦੌਰਾਨ ਆਕਰਸ਼ਿਤ ਕਰਕੇ ਗਲੀ ਮੁਹਲਿਆਂ ਵਿਚ ਰੰਡੀ ਬਾਜ਼ੀ ਦੇ ਕੇਸ ।

*2613. **ਸ਼੍ਰੀ ਸਰਦਾਰੀ ਲਾਲ ਕਪੂਰ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਸਾਲ 1973-74 ਦੇ ਦੌਰਾਨ ਪੁਲਿਸ ਅਧਿਕਾਰੀਆਂ ਨੇ ਆਕਰਸ਼ਿਤ ਕਰਕੇ ਗਲੀ ਮੁਹਲਿਆਂ ਵਿਚ ਰੰਡੀਬਾਜ਼ੀ ਦੇ ਜ਼ਿਲ੍ਹਾਂ ਵਾਰ ਕਿੰਨੇ ਕਿੰਨੇ ਕੇਸਾਂ ਦਾ ਪਤਾ ਲਗਾਇਆ ਅਤੇ ਸਾਲ 1972-73 ਦੇ ਦੌਰਾਨ ਇਨ੍ਹਾਂ ਦੀ ਗਿਣਤੀ ਕਿੰਨੀ ਕਿੰਨੀ ਸੀ ?

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ (ਮੁੱਖ ਸੰਸਦੀ ਸਕੱਤਰ) : ਐਸਾ ਕੋਈ ਕੇਸ ਦਰਜ ਨਹੀਂ ਹੋਇਆ ਕਿਉਂ ਕਿ ਐਸਾ ਬਦਚਲਣੀ ਦਾ ਰਿਵਾਜ ਪੰਜਾਬ ਵਿਚ ਬਹੁਤ ਘੱਟ ਹੈ । ਗਲੀਆ ਮੁਹੱਲਿਆਂ ਵਿਚ ਬਦਮਾਸ਼ ਔਰਤਾਂ ਦੇ ਰਾਹ ਜਾਂਦੇ ਬੰਦਿਆ ਨੂੰ ਬਦਮਾਸ਼ੀ ਦੇ ਸਦੇ ਦੇਣ ਦੀ ਬੁਰਾਈ ਨਾ ਹੋਣ ਦੇ ਬਰਾਬਰ ਹੈ ।

ਸ਼੍ਰੀ ਸਰਦਾਰੀ ਲਾਲ ਕਪੂਰ : ਇਨ੍ਹਾਂ ਨੇ ਜਿਹੜਾ ਜਵਾਬ ਦਿਤਾ ਹੈ, ਇਨ੍ਹਾਂ ਨੇ ਆਪਣੀ ਗਲ ਦੀ ਆਪ ਤਰਦੀਦ ਕੀਤੀ ਹੈ । 1-1-73 ਨੂੰ, 8-7-73 ਨੂੰ ਕੇਸ ਰਜਿਸਟਰ ਹੋਏ ਪਰ ਇਹ ਕਹਿੰਦੇ ਹਨ ਅਤੇ ਜਵਾਬ ਦਿਤਾ ਗਿਆ ਹੈ ਕਿ ਕਈ ਕੇਸ ਰਜਿਸਟਰ ਨਹੀਂ ਹੋਇਆ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕਿਹੜੇ ਕਿਹੜੇ ਵੱਡੇ ਵੱਡੇ ਆਦਮੀ ਇਨ੍ਹਾਂ ਕੇਸਾਂ ਵਿਚ ਸ਼ਾਮਿਲ ਸਨ ਜਿਨ੍ਹਾਂ ਨੂੰ ਪੁਲਸ ਨੇ ਛੱਡ ਦਿਤਾ ?

ਮੁੱਖ ਸੰਸਦੀ ਸਕੱਤਰ : ਆਨਰੇਬਲ ਮੈਂਬਰ ਨੇ ਸਵਾਲ ਕੁੱਝ ਹੋਰ ਦਿਤਾ ਹੈ ਅਤੇ ਜਵਾਬ ਕੁਝ ਹੋਰ ਮੰਗ ਰਹੇ ਹਨ । ਮੈਂ ਇਨ੍ਹਾ ਦਾ ਸਵਾਲ ਪੜ੍ਹ ਕੇ ਸੁਣਾਉਂਦਾ ਹਾਂ ।

"Will the Chief Minister be pleased to state the number of cases of street prostitution through solicitation detected by the Police authorities, district-wise, in the State during 1973-74, along with the number there of during the year 1972-73"

ਸਪੀਕਰ ਸਾਹਿਬ, ਮੈਂ ਇਸ ਦੇ ਜਵਾਬ ਵਿਚ ਪਹਿਲਾਂ ਹੀ ਕਹਿ ਚੁਕਾ ਹਾਂ ਕਿ ਪੰਜਾਬ ਦੇ ਵਿਚ ਐਸੇ ਹਾਲਾਤ ਨਹੀਂ ਹਨ । ਇਸ ਕਿਸਮ ਦੀਆਂ ਬਦਮਾਸ਼ੀਆਂ ਦੀ ਅਸੀਂ ਕਦੇ ਇਜ਼ਾਜ਼ਤ ਵੀ ਨਹੀਂ ਦੇ ਸਕਦੇ । ਵੈਸੇ ਇਸ ਤਰ੍ਹਾਂ ਦੇ ਕੇਸਿਜ਼ ਹੋਟਲਾਂ ਵਿਚ ਜਾਂ ਹੋਰ ਲੁਕ ਛਿਪ ਕੇ ਹੁੰਦੇ ਹਨ, ਜਦੋਂ ਵੀ ਪਤਾ ਲਗਦਾ ਹੈ ਉਹ ਬਾਕਾਇਦਾ ਰਜਿਸਟਰ ਹੁੰਦੇ ਹਨ । ਮੇਰੇ ਪਾਸ ਲਿਸਟ ਹੈ ਕਿ ਕਿਹੜੇ ਕਿਹੜੇ ਹੋਟਲ ਵਿਚ ਕੀ ਕੀ ਹੋਇਆ ਅਸੀਂ ਇਸ ਤਰ੍ਹਾਂ ਦੇ ਕੇਸਿਜ਼ ਰਜਿਸਟਰ ਕਰਵਾਏ ਹਨ ।

ਸਰਦਾਰ ਪ੍ਰੇਮ ਸਿੰਘ ਪ੍ਰੇਮ : ਜਦੋਂ ਸੀ.ਪੀ.ਐਸ. ਜੀ ਸਾਰੇ ਸ਼ਹਿਰਾਂ ਦੀਆਂ ਗਲੀਆਂ ਕੂਚਿਆਂ ਨੂੰ ਜਾਣਦੇ ਹਨ ਉਹ ਇਥੇ ਕਿਉਂ ਨਹੀਂ ਦਸਦੇ ।

Original with;
Punjab Vidhan Sabha
Digitized by;
Panjab Digital Library

ਮੁੱਖ ਸੰਸਦੀ ਸਕੱਤਰ : ਮੈਂ ਅਰਜ਼ ਕੀਤੀ ਹੈ ਕਿ ਇਸ ਕਿਸਮ ਦੀਆਂ ਗਲਾਂ ਹੋਟਲਾਂ ਵਗੈਰਾ ਦੇ ਵਿਚ ਹੁੰਦੀਆਂ ਹਨ, ਨੋਟਿਸ ਮਿਲਣ ਸਾਰ ਹੀ ਤੁਰੰਤ ਰਜਿਸਟਰ ਕੀਤੇ ਜਾਂਦੇ ਹਨ ।

ਸਰਦਾਰ ਬੇਅੰਤ ਸਿੰਘ : ਸਪੀਕਰ ਸਾਹਿਬ, ਜਦੋਂ ਕਪੂਰ ਸਾਹਿਬ ਵਰਗੇ ਇਕ ਅਨ-ਮੈਰਿਡ ਬੰਦੇ ਨੂੰ ਸਾਰੀਆਂ ਗਲਾਂ ਦਾ ਪਤਾ ਹੈ ਤਾਂ ਇਹ ਦਸਣ ਇਨ੍ਹਾਂ ਨੂੰ ਕਿਉਂ ਸਾਰੀਆਂ ਗਲਾਂ ਦਾ ਨਹੀਂ ਪਤਾ । (ਹਾਸਾ)

Mr. Speaker : It is ruled out.

ਜ਼ਰੂਰੀ ਵਸਤਾਂ ਸਬੰਧੀ ਐਕਟ ਅਧੀਨ ਕੇਸ

*704. **ਚੌਧਰੀ ਰਾਮ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਪਹਿਲੀ ਅਪਰੈਲ, 1973 ਤੋਂ 30 ਜੂਨ, 1974 ਤੱਕ ਦੇ ਸਮੇਂ ਦੌਰਾਨ ਰਾਜ ਵਿਚ ਜ਼ਰੂਰੀ ਵਸਤਾਂ ਸਬੰਧੀ ਐਕਟ, 1953 ਦੀਆਂ ਧਾਰਾਵਾ ਅਧੀਨ ਕੁੱਲ ਕਿੰਨੇ ਕੇਸ ਫੜੇ ਗਏ :

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕੇਸਾਂ ਵਿਚੋਂ ਕਿੰਨਿਆਂ ਕੇਸਾਂ ਵਿਚ ਹੁਣ ਤੱਕ ਜੁਰਮਾਨੇ ਆਦਿ ਦੇ ਰੂਪ ਵਿਚ ਸਜ਼ਾ ਦਿੱਤੀ ਗਈ ਹੈ ;

(ੲ) ਉਪਰੋਕਤ ਭਾਗ (ੳ) ਵਿਚ ਵਰਣਿਤ ਕੇਸਾਂ ਵਿਚੋਂ ਅਜੇ ਕਿੰਨੇ ਕੇਸ ਪੈਂਡਿੰਗ ਪਏ ਹਨ ਅਤੇ ਇਸ ਦੇ ਕੀ ਕਾਰਨ ਹਨ ?

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ : (ਮੁੱਖ ਸੰਸਦੀ ਸਕੱਤਰ)

(ੳ) 808/-

(ਅ) 81/-

(ੲ) 313 ਮੁੱਕਦਮੇਂ ਅਦਾਲਤ ਵਿਚ ਜ਼ੇਰ ਸਮਾਇਤ ਹਨ ਅਤੇ 305 ਮੁੱਕਦਮੇ ਪੁਲਿਸ ਵਿਭਾਗ ਕੋਲ ਜ਼ੇਰ ਤਫਤੀਸ਼ ਹਨ । ਇਹਨਾਂ ਮੁਕਦਮਿਆਂ ਦੇ ਨਿਪਟਾਰੇ ਵਿਚ ਕੋਈ ਦੇਰੀ ਨਹੀਂ ਹੋਈ ਅਤੇ ਇਹਨਾਂ ਨੂੰ ਹਸਬ ਜ਼ਾਬਤਾ ਮੁਕਮੰਲ ਕੀਤਾ ਜਾ ਰਿਹਾ ਹੈ ।

ਚੌਧਰੀ ਰਾਮ ਸਿੰਘ : ਸੀ.ਪੀ.ਐਸ. ਸਾਹਿਬ ਨੇ ਦਸਿਆ ਹੈ ਕਿ 808 ਕੇਸਿਜ਼ ਦਾ ਚਲਾਨ ਹੋਇਆ ਹੈ 80 ਕੇਸਿਜ਼ ਹਨ ਜਿਨ੍ਹਾਂ ਨੂੰ ਜੁਰਮਾਨੇ ਹੋਏ ਹਨ ਜਾਂ ਸਜ਼ਾਵਾਂ ਹੋਈਆਂ ਹਨ, 313 ਕੇਸਿਜ਼ ਪੈਂਡਿੰਗ ਹਨ ਅਤੇ 414 ਕੇਸਿਜ ਐਸੇ ਹਨ ਜਿਹੜੇ ਛਡੇ ਗਏ ਹਨ । ਮੈਂ ਇਨ੍ਹਾਂ ਤੋਂ ਇਹੋ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਕੇਸਿਜ਼ ਛੱਡੇ ਗਏ ਹਨ ਉਸ ਦਾ ਕੀ ਕਾਰਨ ਹੈ ? ਕੀ ਕੋਈ ਕਾਨੂੰਨੀ ਕਮਜ਼ੋਰੀ ਸੀ ਜਾਂ ਕਿਸੇ ਹੋਰ ਕਾਰਨ ਛਡੇ ਗਏ ਹਨ ?

ਮੁੱਖ ਸੰਸਦੀ ਸਕੱਤਰ : ਸਰਕਾਰ ਵਲੋਂ ਜਦੋਂ ਕੋਰਟ ਵਿਚ ਚਾਲਾਨ ਪੇਸ਼ ਹੋ ਜਾਂਦਾ ਹੈ, ਤਾਂ ਇਹ ਕੋਰਟ ਤੇ ਡਿਪੈਂਡ ਹੁੰਦਾ ਹੈ ਕਿਸੇ ਨੂੰ ਛਡੇ ਜਾਂ ਸਜ਼ਾ ਦੇਵੇ, ਸਰਕਾਰ ਉਨ੍ਹਾਂ ਦੇ ਮੁਆਮਲੇ ਵਿਚਕੋਈ ਦਖਲ ਨਹੀਂ ਦੇ ਸਕਦੀ ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਸੱਤ ਪਾਲ ਡਾਂਗ : ਉਨ੍ਹਾਂ ਨੇ, ਸਪੀਕਰ ਸਾਹਿਬ, ਕਿਹਾ ਕਿ 81 ਕੇਸਿਜ਼ ਵਿਚ ਸਜ਼ਾਵਾਂ ਹੋਈਆਂ ਹਨ ਕੀ ਉਹ ਦਸਣਗੇ ਕਿ ਕਿਸੇ ਨੂੰ ਮੈਕਸੀਮਮ ਕਿਤਨੀ ਸਜ਼ਾ ਹੋਈ ਜਾਂ ਜੁਰਮਾਨਾ ਹੋਇਆ ?

ਮੁੱਖ ਸੰਸਦੀ ਸਕੱਤਰ : ਮੈਂ, ਜੋ ਸਵਾਲ ਸੀ ਉਸ ਦਾ ਜਵਾਬ ਦੇ ਦਿੱਤਾ ਹੈ ਇਸ ਦੇ ਲਈ ਫਰੈਸ਼ ਨੋਟਿਸ ਚਾਹੀਦਾ ਹੈ ।

ਸ਼੍ਰੀ ਸਪੀਕਰ : ਜੇ ਉਹ ਜਵਾਬ ਦੇਣਾ ਚਾਹੁੰਣ ਦੇ ਸਕਦੇ ਹਨ, ਸਪਲੀਮੈਂਟਰੀ ਤਾਂ ਅਰਾਈਜ਼ ਹੁੰਦਾ ਹੈ । (The supplementary question does arise. He can give a reply if he wants to.)

ਸਰਦਾਰ ਜਸਵਿੰਦਰ ਸਿੰਘ ਬਰਾੜ : ਕੀ ਚੀਫ ਪਾਰਲੀਮੈਂਟਰੀ ਸਕੱਤਰ ਜੀ ਇਹ ਦਸੱਣਗੇ ਕਿ ਇਹੋ ਜਿਹੇ ਕੇਸਿਜ਼ ਕਿਤਨੇ ਹਨ ਜਿਹੜੇ ਸਰਕਾਰ ਨੇ ਆਪਣੇ ਆਪ ਵਿਦਡਰਾ ਕੀਤੇ ?

Chief Parliamentary Secretary : A fresh notice is required in this respect.

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਏਥੇ ਜਵਾਬ ਦੇ ਵਿਚ ਸਾਫ ਲਿਖਿਆ ਹੋਇਆ ਹੈ Punishment in the form of fines etc.

ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਹਕੀਕਤ ਨਹੀਂ ਕਿ ਇਸ ਵੇਲੇ ਕਾਨੂੰਨ ਐਨੇ ਕਮਜ਼ੋਰ ਹਨ ਕਿ ਕਿਸੇ ਨੂੰ ਜੁਰਮ ਦੇ ਮੁਕਾਬਲੇ ਕੋਈ ਸਜ਼ਾ ਨਹੀਂ ਮਿਲਦੀ । ਦੂਸਰੇ ਪਾਸੇ ਰੋਟੀ ਦੀਆਂ ਕੀਮਤਾਂ ਇਤਨੀਆਂ ਵੱਧ ਗਈਆਂ ਹਨ ਅੱਤ ਹੋਰ ਚੀਜ਼ਾਂ ਇਸ ਤਰ੍ਹਾਂ ਵਧਦੀਆਂ ਜਾ ਰਹੀਆਂ ਹਨ, ਨਿਤ ਜੁਰਮ ਹੁੰਦੇ ਹਨ, ਕੋਈ ਪਰਵਾਹ ਹੀ ਨਹੀਂ ਕਰਦਾ । ਸਰਕਾਰ ਕਾਨੂੰਨ ਵਿਚ ਕਮਜ਼ੋਰੀ ਵੇਖਦੀ ਹੋਈ ਮੌਜੂਦਾ ਕਾਨੂੰਨ ਵਿਚ ਕੋਈ ਤਬਦੀਲੀ ਲਿਆਉਣ ਨੂੰ ਤਿਆਰ ਹੈ ਤਾਂ ਜੋ ਐਂਟੀ-ਸੋਸ਼ਲ ਐਲੀਮੈਂਟ ਨੂੰ ਡੈਟਰੈਂਟ ਸਜ਼ਾ ਦਵਾਈ ਜਾ ਸਕੇ ।

ਮੁੱਖ ਮੰਤਰੀ : ਸਰਕਾਰ ਇਸ ਗਲ ਦਾ ਪੂਰੀ ਤਰ੍ਹਾਂ ਸਮੱਰਥਨ ਕਰਦੀ ਹੈ ਕਿ ਇਸ ਤਰ੍ਹਾਂ ਦੇ ਕਾਨੂੰਨ ਦੇ ਵਿਚ ਜੇ ਕੋਈ ਕਮਜ਼ੋਰੀ ਹੋਵੇ ਤਾਂ ਉਸ ਨੂੰ ਇਮਪਰੂਵ ਕੀਤਾ ਜਾਏ ।

ਸਰਦਾਰ ਅਜਿਤ ਸਿੰਘ ਸੰਧੂ : ਅੱਜ ਇਸ ਸੈਸ਼ਨ ਦਾ ਆਖੀਰਲਾ ਦਿਨ ਹੈ, ਪਤਾ ਇਸ ਤਰ੍ਹਾਂ ਦੇ ਕਾਨੂੰਨ ਬਣਾਉਣ ਲਈ ਹੁਣ ਤੱਕ ਕੀ ਇਨ੍ਹਾਂ ਨੇ ਕੋਈ ਬਿੱਲ ਲਿਆਂਦਾ ਹੈ ? ਜਾਂ ਅਗੇ ਦੀ ਤਰ੍ਹਾਂ ਇਹ ਆਰਡੀਨੈਂਸ ਹੀ ਜਾਰੀ ਕਰਨਗੇ ?

ਮੁੱਖ ਮੰਤਰੀ : ਲੋੜ ਪਈ ਤਾਂ ਆਰਡੀਨੈਂਸ ਵੀ ਕੀਤਾ ਜਾ ਸਕਦਾ ਹੈ । ਇਸ ਸਬੰਧ ਵਿਚ ਅਸੀਂ ਸੈਂਟਰ ਦੇ ਨਾਲ ਬਾਤ ਚੀਤ ਵੀ ਕੀਤੀ ਹੈ ਕਿ ਇਸ ਕਾਨੂੰਨ ਦੇ ਵਿਚ ਕਾਫੀ ਢਿਲ ਹੈ । ਇਹ ਸਜ਼ਾ ਸਖਤ ਹੋਣੀ ਚਾਹੀਦੀ ਹੈ । ਇਸ ਤਰ੍ਹਾਂ ਅਸੀਂ ਸੈਂਟਰ ਦੀ ਸਰਕਾਰ ਨੂੰ ਵੀ ਲਿਖਿਆ ਹੈ । ਅਜੇ ਇਹ ਪਾਰਲੀਮੈਂਟ ਵਿਚ ਹੋ ਰਹੇ ਹਨ । ਕਾਫੀ ਲੰਬਾ ਪ੍ਰੋਸੀਜਰ ਹੈ । ਸਾਡੀ ਪੂਰੀ ਕੋਸ਼ਿਸ਼ ਹੈ ਕਿ ਕਾਨੂੰਨਾਂ ਦੇ ਵਿਚ ਕੋਈ ਢਿਲ ਨਹੀਂ ਹੋਣੀ ਚਾਹੀਦੀ ਅਤੇ ਇਹ ਸਖਤ ਤੋਂ ਸਖਤ ਹੋਣੇ ਚਾਹੀਦੇ ਹਨ ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਤਾਂ ਇਹ ਪੁਛਿਆ ਸੀ ਕਿ ਜਿਹੜੇ 81 ਕੇਸਿਜ਼ ਹਨ ਇਨ੍ਹਾਂ ਵਿਚ ਕਿਤਨੀਆਂ ਨੂੰ ਵੱਧ ਤੋਂ ਵੱਧ ਸਜ਼ਾ ਹੋਈ ਹੈ ?

ਮੁੱਖ ਸੰਸਦੀ ਸਕੱਤਰ : ਸਵਾਲ ਇਹ ਨਹੀਂ, ਸਵਾਲ ਸੀ—

'The number of cases out of those mentioned in part (a) above in which punishment in the form of fines etc. has been imposed so far.

ਇਨ੍ਹਾਂ ਨੇ ਕੁੱਲ ਕੇਸਿਜ਼ ਵਿਚੋਂ ਕਿਤਨੀਆਂ ਨੂੰ ਸਜ਼ਾ ਹੋ ਚੁਕੀ ਹੈ ਇਹੋ ਪੁਛਿਆ ਸੀ ਜਿਸ ਦਾ ਮੈਂ ਜਵਾਬ ਦੇ ਦਿਤਾ ਹੈ । ਇਸ ਤੋਂ ਵੱਧ ਜੇ ਚਾਹੁੰਦੇ ਹਨ ਤਾਂ ਉਸ ਦੇ ਲਈ ਨੋਟਿਸ ਚਾਹੀਦਾ ਹੈ ।

ਰਾਜ ਦੇ ਜ਼ਿਲ੍ਹਿਆਂ ਦੀਆਂ ਸੀਮਾਵਾਂ ਦੀ ਬਦਲੀ

*2778. **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਕੀ ਮਾਲ ਅਤੇ ਚੋਣਾਂ ਦੇ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਪਿਛਲੇ ਇਕ ਸਾਲ ਦੇ ਦੌਰਾਨ ਰਾਜ ਵਿਚ ਜ਼ਿਲ੍ਹਿਆਂ ਦੀਆਂ ਹੱਦਾਂ ਵਿਚ ਕੋਈ ਤਬਦੀਲੀ ਕੀਤੀ ਗਈ ਹੈ ? ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ ?

ਸਰਦਾਰ ਉਮਰਾਓ ਸਿੰਘ : ਹਾਂ ਜੀ । ਗੁਰਦਾਸਪੁਰ, ਹੁਸ਼ਿਆਰਪੁਰ, ਪਟਿਆਲਾ ਤੇ ਰੋਪੜ ਜ਼ਿਲ੍ਹਿਆਂ ਦੀਆਂ ਹੱਦਾਂ ਵਿਚ ਕੁੱਝ ਤਬਦੀਲੀ ਪਿੰਡਾਂ ਦੀ "ਟ੍ਰਾਂਸਫਰ" ਦੇ ਫ਼ਲ ਸਰੂਪ ਕੀਤੀ ਗਈ ਹੈ । ਇਨ੍ਹਾਂ "ਟ੍ਰਾਂਸਫਰ" ਹੋਏ ਪਿੰਡਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

*ਸਵਾਲ ਨੰਬਰ 2773 ਸਬੰਧੀ ਸਟੇਟਮੈਂਟ ਜੁਲਾਈ 1973 ਤੋਂ ਲੈ ਕੇ ਜੁਲਾਈ 1974 ਤੱਕ ਪੰਜਾਬ ਰਾਜ ਦੇ ਜ਼ਿਲ੍ਹਿਆਂ ਦੀਆਂ ਹੱਦਾਂ ਵਿਚ ਹੋਈ ਅਦਲਾ-ਬਦਲੀ ਦਾ ਵੇਰਵਾ ।

(ੳ) ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਮਿਆਣੀ ਮਝਾਹ (ਹਦਬਸਤ ਨੰਬਰ 403) ਨੂੰ ਮੁੜ ਜ਼ਿਲ੍ਹਾ ਹੁਸ਼ਿਆਰਪੁਰ ਦੀ ਦਸੂਹਾ ਤਹਿਸੀਲ ਵਿਚ ਮਿਤੀ 1-9-1973 ਤੋਂ ਸ਼ਾਮਲ ਕੀਤਾ ਗਿਆ ।

(ਅ) ਤਹਿਸੀਲ ਫਤਿਹਗੜ੍ਹ ਸਾਹਿਬ (ਜ਼ਿਲ੍ਹਾ ਪਟਿਆਲਾ) ਦੇ 4 ਪਿੰਡ ਮਾਛੀਪੁਰ (ਹਦਬਸਤ ਨੰਬਰ 200) ਫਤਿਹਪੁਰ ਖੇੜੀ (ਹੱਦਬਸਤ ਨੰ: 201) ਸਿਲ ਕਲਾਂ (ਹੱਦਬਸਤ ਨੰ: 311) ਅਤੇ ਸਿਲ (ਹੱਦਬਸਤ ਨੰ: 313) ਨੂੰ ਤਹਿਸੀਲ ਖਰੜ, (ਜ਼ਿਲ੍ਹਾ ਰੋਪੜ) ਵਿਚ ਟ੍ਰਾਂਸਫਰ ਕੀਤਾ ਗਿਆ ।

(ੲ) ਤਹਿਸੀਲ ਖਰੜ (ਜ਼ਿਲ੍ਹਾ ਰੋਪੜ) ਦੇ ਨਿਮਨ ਲਿਖਤ 9 ਪਿੰਡਾਂ ਨੂੰ ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ ਵਿਚ ਸ਼ਾਮਲ ਕੀਤਾ ਗਿਆ :—

ਪਿੰਡ		ਹੱਦਬਸਤ ਨੰ:	ਪਿੰਡ		ਹੱਦਬਸਤ ਨੰ:
ਹੈਬਤਪੁਰ	:	358	ਦਾਫੜਪੁਰ	:	360
ਖੇੜੀ	:	362	ਮੋਰ ਠੀਕਰੀ	:	361

Original with;
Punjab Vidhan Sabha
Digitized by;
Panjab Digital Library

ਪਿੰਡ	ਹਦਬਸਤ ਨੰ	ਪਿੰਡ	ਹਦਬਸਤ ਨੰ
ਸੁੰਦਰਾਂ	: 363	ਭੰਵਰਵੱਗ	: 236
ਮੁਬਾਰਕਪੁਰ	: 357	ਮੀਰਪੁਰ	: 356
ਪੰਡਵਾਲਾ	: 359		

ਉਪਰੋਕਤ ਮੱਦ (ਅ) ਤੇ (ਏ) ਦੇ ਪਿੰਡਾਂ ਦੀ ਟ੍ਰਾਂਸਫਰ ਦੇ ਹੁਕਮ ਮਿਤੀ 17-6-74 ਤੋਂ ਲਾਗੂ ਕੀਤੇ ਗਏ ਹਨ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਪੰਜਾਬ ਦੇ ਜ਼ਿਲ੍ਹਿਆਂ ਦੀਆਂ ਹੱਦਾਂ ਕਾਇਮ ਕਰਨ ਬਾਰੇ ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਪੀਸ-ਮੀਲ ਵਿਚ ਕੀਤੇ ਜਾਣਗੇ । ਮੈਂ ਵਜ਼ੀਰ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਕਮਿਸ਼ਨਰਜ਼ ਦੀ ਇਕ ਕਮੇਟੀ ਬਣਾਈ ਗਈ ਸੀ, ਜਿਸ ਰਾਹੀਂ ਪੰਜਾਬ ਦੀਆਂ ਸਰਹਦਾਂ ਸਾਇਂਟੇਫਿਕ ਤਰੀਕੇ ਨਾਲ ਬਨਾਉਣ ਦਾ ਫੈਸਲਾ ਕੀਤਾ ਗਿਆ ਸੀ, ਸਰਕਾਰ ਉਸ ਦੀ ਰਿਪੋਰਟ ਤੇ ਹੁਣ ਤੱਕ ਕੋਈ ਅਮਲ ਕਿਉਂ ਨਹੀਂ ਕਰ ਰਹੀ ?

ਮੰਤਰੀ : ਰਿਪੋਰਟ ਅਜੇ ਵਿਚਾਰ ਅਧੀਨ ਹੈ, ਜਿਹੜੇ ਜ਼ਿਲ੍ਹਿਆਂ ਨੂੰ ਪਿੰਡ ਟਰਾਂਸਫਰ ਵੀ ਕੀਤੇ ਹਨ ਉਹ ਰਿਪੋਰਟ ਤੋਂ ਬਿਨਾਂ ਹੀ ਕੀਤੇ ਹਨ । ਹੁਣ ਜਿਹੜੇ ਨਵੇਂ ਜ਼ਿਲ੍ਹੇ ਜਾਂ ਨਵੀਆਂ ਤਹਿਸੀਲਾਂ ਬਣਨਗੀਆਂ ਉਹ ਬੈਕਵਰਡ ਏਰੀਆਜ਼ ਦਾ ਅਤੇ ਇਸ ਰਿਪੋਰਟ ਦਾ ਖਿਆਲ ਰੱਖਦੇ ਹੋਏ ਬਣਾਏ ਜਾਣਗੇ । ਅਜੇ ਫਾਈਨੈਂਸ਼ਲ ਸਟ੍ਰਿਜੈਂਸੀ ਹੈ ਇਸ ਲਈ ਅਜੇ ਜਲਦੀ ਬਣਾਉਣ ਦਾ ਕੋਈ ਵਿਚਾਰ ਵੀ ਨਹੀਂ ਹੈ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਜਦੋਂ ਇਕ ਸਰਕਾਰੀ ਕਮੇਟੀ ਦੀਆਂ ਰਿਕੁਮੈਂਡੇਸ਼ਨਜ਼ ਆ ਗਈਆਂ ਹਨ । ਉਨ੍ਹਾਂ ਤੇ ਸਰਕਾਰ ਨੇ ਹੁਣ ਤੱਕ ਕੋਈ ਅਮਲ ਕਿਉਂ ਨਹੀਂ ਕੀਤਾ ? ਰਿਕੁਮੈਂਡੇਸ਼ਨਜ਼ ਕੀ ਹਨ ?

ਮੰਤਰੀ : ਤੁਸੀਂ ਸਵਾਲ ਵਿਚ ਰਿਕੁਮੈਂਡੇਸ਼ਨਜ਼ ਨਹੀਂ ਪੁਛਿਆ ਕਿ ਕੀ ਹਨ, ਨਹੀਂ ਤਾਂ ਮੈਂ ਜਵਾਬ ਦੇ ਦਿੰਦਾ ।

ਡਾਕਟਰ ਅਮੀਰ ਸਿੰਘ ਕਲਕਟ : ਜਿਹੜੇ ਪਿੰਡ ਬਦਲੇ ਗਏ ਹਨ, ਉਨ੍ਹਾਂ ਬਾਰੇ ਪਿੰਡਾਂ ਦੀ ਰਾਏ ਲਾਜ਼ਮੀ ਹੈ, ਇਹੋ ਅੰਦਰੋਗਤੀ ਨਹੀਂ ਜਾਣੇ ਚਾਹੀਦੇ ।

ਮੰਤਰੀ : ਬਹੁਤ ਸਾਰੇ ਕੇਸਿਜ਼ ਦੇ ਵਿਚ ਪਿੰਡਾਂ ਨੇ ਆਪ ਰਿਕੁਐਸਟ ਕੀਤੀ ਹੈ । ਕਮੇਟੀ ਨੇ ਸਾਰੀਆਂ ਚੀਜ਼ਾਂ ਤੇ ਗੌਰ ਕਰਦੇ ਹੋਏ ਇਹ ਸਿਫਾਰਸ਼ਾਂ ਕੀਤੀਆਂ ਹਨ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਮੈਂ ਸਪੈਸੇਫਿਕ ਕੁਐਚਨ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਜਿਸ ਵੇਲੇ ਇਹ ਹੱਦ ਬੰਨੀ ਹੋਈ ਹੈ ਉਸ ਵੇਲੇ ਲੰਮੀ ਬਲਾਕ ਵਾਲਿਆਂ ਨੇ ਰਿਪਰੈਜੈਂਟੇਸ਼ਨ ਦਿਤੀ ਸੀ ਕਿ ਸਾਨੂੰ ਫਰੀਦਕੋਟ ਬਹੁਤ ਦੂਰ ਪੈਂਦਾ ਹੈ ਅਤੇ ਬਠਿੰਡਾ ਸਿਰਫ 18 ਮੀਲ ਤੇ ਹੈ । ਇਸ ਲਈ ਸਾਨੂੰ ਬਠਿੰਡਾ ਜ਼ਿਲ੍ਹਾ ਜਿਹੜਾ ਕਿ ਨਾਲ ਲਗਦਾ ਹੈ ਉਸ ਨਾਲ ਲਗਾ ਦਿਤਾ ਜਾਵੇ । ਕੀ ਇਸ ਤੇ ਗੌਰ ਕੀਤਾ ਹੈ ? ਜੇ ਹਾਲੇ ਤਕ ਇਸ ਤੇ ਗੌਰ ਨਹੀਂ ਕੀਤਾ ਤਾਂ ਕੀ ਇਸ ਤੇ ਗੌਰ ਕਰਨ ਦਾ ਇਰਾਦਾ ਹੈ ?

ਮੰਤਰੀ : ਇਹਦਾ ਇਸ ਨਾਲ ਕੋਈ ਸਬੰਧ ਨਹੀਂ ਹੈ । ਇਸ ਲਈ ਨੋਟਿਸ ਦੇ ਦਿਤਾ ਜਾਵੇ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਜਲੰਧਰ ਵਿਚ ਜਿਹੜੀ ਚੇਂਜ ਕਰ ਰਹੇ ਹੋ, ਕੀ ਉੱਥੇ ਫਗਵਾੜੇ ਨੂੰ (ਵਿਘਨ) ਜਲੰਧਰ ਵਿਚ ਲਿਆਉਣ ਦਾ ਵਿਚਾਰ ਹੈ ਜਾਂ ਨਹੀਂ ?

ਮੰਤਰੀ : ਮੇਰੇ ਨੋਟਿਸ ਵਿਚ ਅਜਿਹੀ ਕੋਈ ਚੀਜ਼ ਨਹੀਂ ਹੈ ।

ਸਰਦਾਰ ਗੁਰਬਚਨ ਸਿੰਘ (ਰੋਪੜ) : ਬਲਾਚੌਰ ਰੋਪੜ ਤੋਂ ਇਕ ਮੀਲ ਤੇ ਹੈ ਜਦ ਕਿ ਹੁਸ਼ਿਆਰਪੁਰ ਤੋਂ ਇਹ ੬੦ ਮੀਲ ਤੇ ਹੈ । ਇਸ ਲਈ ਉਥੇ ਬਲਾਚੌਰ ਦੀ ਜਨਤਾ ਵਾਵੇਲਾ ਮਚਾ ਰਹੀ ਹੈ ਕਿ ਇਨ੍ਹਾਂ ਦਾ ਡਿਸਟ੍ਰਿਕਟ ਹੈਡਕੁਆਰਟਰਜ਼ ਬਜਾਏ ਹੁਸ਼ਿਆਰਪੁਰ ਦੇ ਰੋਪੜ ਹੋਣਾ ਚਾਹੀਦਾ ਹੈ । ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕੀ ਇਹ ਬਲਾਚੌਰ ਦੇ ਹਲਕੇ ਨੂੰ ਰੋਪੜ ਜ਼ਿਲ੍ਹੇ ਵਿਚ ਮਿਲਾਉਣ ਨੂੰ ਤਿਆਰ ਹਨ ?

(ਕੋਈ ਉੱਤਰ ਨਹੀਂ ਦਿਤਾ ਗਿਆ)

ਚੌਧਰੀ ਦਰਸ਼ਨ ਸਿੰਘ : ਮੇਰੇ ਜ਼ਿਲ੍ਹੇ ਜਲੰਧਰ ਦੇ ਕੁਝ ਪਿੰਡ ਐਜੂਕੇਸ਼ਨ ਦੇ ਲਿਹਾਜ ਨਾਲ ਫਿਰੋਜ਼ਪੁਰ ਨਾਲ ਲਗਾਏ ਗਏ ਹਨ । ਇਹ ਫਾਇ ਆਲ ਪਰਪਜ਼ਿਜ ਇਸ ਤਰ੍ਹਾਂ ਕਿਉਂ ਨਹੀਂ ਕੀਤਾ ਗਿਆ ਹੈ ? ਐਜੂਕੇਸ਼ਨ ਲਈ ਬਚਿਆਂ ਨੂੰ ਦੂਰ ਜਾਣਾ ਪੈਂਦਾ ਹੈ ।

ਮੰਤਰੀ : ਵੈਸੇ ਤਾਂ ਇਹ ਸਵਾਲ ਇਸ ਕੁਐਸਚਨ ਵਿਚੋਂ ਉਠਦਾ ਨਹੀਂ ਹੈ । ਮੇਰੀ ਗੁਜ਼ਾਰਿਸ਼ ਹੈ ਕਿ ਬਚਿਆਂ ਲਈ ਐਜੂਕੇਸ਼ਨ ਲਈ ਕੋਈ ਪਾਬੰਦੀ ਨਹੀਂ ਹੁੰਦੀ ਕਿ ਪਾਰਟੀਕੁਲਰ ਸਕੂਲ ਵਿਚੋਂ ਹੀ ਉਹ ਪੜ੍ਹ ਸਕਦੇ ਹਨ ।

ਸਰਦਾਰ ਪ੍ਰੇਮ ਸਿੰਘ ਪ੍ਰੇਮ : ਸਪੀਕਰ ਸਾਹਿਬ, ਜੋਸ਼ ਸਾਹਿਬ ਨੇ ਪੁਛਿਆ ਸੀ ਕਿ ਜਿਹੜੀ ਕਮਿਸ਼ਨਰਜ਼ ਕਮੇਟੀ ਬਣਾਈ ਸੀ ਉਸ ਦੀਆਂ ਰਿਕੁਮੈਂਡੇਸ਼ਨਜ਼ ਤੇ ਅਮਲ ਕਿਉਂ ਨਹੀਂ ਕੀਤਾ ਗਿਆ ? ਸਰਦਾਰ ਉਮਰਾਉ ਸਿੰਘ ਨੇ ਜਵਾਬ ਦਿਤਾ ਸੀ ਕਿ ਇਹ ਕਮੇਟੀ ਦੀਆਂ ਕੁਝ ਰਿਕੁਮੈਂਡੇਸ਼ਨਜ਼ ਸਨ ਜਿਨ੍ਹਾਂ ਤੇ ਅਸੀਂ ਹੁਣ ਅਮਲ ਕੀਤਾ ਹੈ । ਮੈਂ ਸਪੀਕਰ ਸਾਹਿਬ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਹਕੀਕਤ ਨਹੀਂ ਕਿ ਉਸ ਕਮੇਟੀ ਵਿਚ ਜਿਹੜੀਆਂ ਜਿਹੜੀਆਂ ਚੀਜ਼ਾਂ ਉਨ੍ਹਾਂ ਨੂੰ ਸੂਟ ਕਰਦੀਆਂ ਸਨ ਉਹ ਮੰਨ ਲਈਆਂ। ਮਿਸਾਲ ਦੇ ਤੌਰ ਤੇ ਖਰੜ ਕਾਂਸਟੀਚੂਐਂਸੀ ਦੇ ਕੁਝ ਇਲਾਕੇ ਨੂੰ ਬਨੂੜ ਕਾਂਸਟੀਚੂ-ਐਂਸੀ ਵਿਚ ਪਾ ਦੇਣਾ । ਜਦ ਇਹ ਰਿਕੁਮੈਂਡੇਸ਼ਨਜ਼ ਮੰਨ ਲਈਆਂ ਤਾਂ ਫੇਰ ਬਾਕੀ ਦੀਆਂ ਕਿਉਂ ਨਹੀਂ ਅਮਲ ਵਿਚ ਲਿਆਂਦੀਆਂ ਗਈਆਂ ?

ਮੰਤਰੀ : ਬਾਕੀ ਵੀ ਮੈਂਬਰ ਸਾਹਿਬ ਮੇਰੇ ਨੋਟਿਸ ਵਿਚ ਲਿਆ ਦੇਣ ਅਸੀਂ ਕਰ ਦਿਆਂਗੇ ।

ਸਰਦਾਰ ਪ੍ਰੇਮ ਸਿੰਘ ਪ੍ਰੇਮ : ਕਮੇਟੀ ਦੀ ਰਿਪੋਰਟ ਤਾਂ ਉਨ੍ਹਾਂ ਕੋਲ ਪਈ ਹੈ ਅਤੇ ਇਨ੍ਹਾਂ ਦੇ ਨੋਟਿਸ ਵਿਚ ਲਿਆਉਣ ਲਈ ਮੈਨੂੰ ਕਿਹਾ ਜਾਂਦਾ ਹੈ ।

ਸ਼੍ਰੀ ਸਪੀਕਰ : ਉਹ ਕਹਿੰਦੇ ਨੇ ਕਿ ਗੌਰ ਕਰ ਰਹੇ ਹਾਂ । (He has stated that the matter is under consideration.)

Original with;
Punjab Vidhan Sabha
Digitized by;
Panjab Digital Library

ਮੁਹਾਲੀ ਸ਼ਹਿਰੀ ਮਿਲਖ ਵਿਖੇ ਫੇਜ਼ 6 ਦੇ ਉਦਯੋਗਿਕ ਪਲਾਟਾਂ ਦੀ ਰਾਖਵੀਂ ਕੀਮਤ ।

*2741. **ਸਰਦਾਰ ਅਜਾਇਬ ਸਿੰਘ ਸੰਧੂ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ :

(ੳ) ਕੀ ਮੁਹਾਲੀ ਸ਼ਹਿਰੀ ਮਿਲਖ ਵਿਖੇ ਫੇਜ਼ 6 ਦੇ ਉਦਯੋਗਿਕ ਪਲਾਟਾਂ ਦੀ ਰਾਖਵੀਂ ਕੀਮਤ ਨਿਸਚਿਤ ਕਰ ਦਿਤੀ ਗਈ ਹੈ :

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿਚ ਹੋਵੇ ਤਾਂ ਇਕ ਏਕੜ ਦੇ ਪਲਾਟ, ਪੰਜ ਏਕੜ ਅਤੇ ਪੰਜ ਏਕੜ ਤੋਂ ਜ਼ਿਆਦਾ ਦੇ ਪਲਾਟ ਲਈ ਪ੍ਰਤਿ ਵਰਗ ਗਜ਼ ਕੀ ਕੀ ਦਰ ਹੰਨ.

(ੲ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਨਾ ਵਿਚ ਹੋਵੇ ਤਾਂ ਦੇਰੀ ਦੇ ਕੀ ਕਾਰਨ ਹਨ ਅਤੇ ਇਹ ਦਰ ਕਿਸ ਸਮੇਂ ਤਕ ਨਿਸਚਿਤ ਅਤੇ ਐਲਾਨ ਕੀਤੇ ਜਾਣਗੇ ?

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ (ਮੁੱਖ ਸੰਸਦੀ ਸਕੱਤਰ) : (ੳ) ਨਹੀਂ ਜੀ ।

(ਅ) ਸਵਾਲ ਪੈਦਾ ਨਹੀਂ ਹੁੰਦਾ ।

(ੲ) ਭੂਮੀ ਦੇ ਵਿਕਾਸ ਦਾ ਕੰਮ ਲੋਕ ਨਿਰਮਾਣ ਵਿਭਾਗ ਪਾਸੋਂ ਲੈ ਕੇ ਪੰਜਾਬ ਰਾਜ ਛੋਟੇ ਉਦਯੋਗ ਨਿਗਮ ਨੂੰ ਦਿਤਾ ਗਿਆ । ਪੰਜਾਬ ਰਾਜ ਛੋਟੇ ਉਦਯੋਗ ਨਿਗਮ ਹੁਣ ਵਿਕਾਸ ਦੇ ਕੰਮ ਵਾਸਤੇ ਐਸਟੀਮੇਟ ਤਿਆਰ ਕਰ ਰਿਹਾ ਹੈ । ਉਦਯੋਗਿਕ ਪਲਾਟਾਂ ਦੇ ਦਰ ਜਲਦੀ ਹੀ ਨਿਰਧਾਰਿਤ/ਘਸ਼ਿਤ ਕਰ ਦਿਤੇ ਜਾਣਗੇ ।

ਸਰਦਾਰ ਅਜਾਇਬ ਸਿੰਘ ਸੰਧੂ : ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਨ੍ਹਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਇਹ ਅਲਾਟ ਕੀਤੇ ਜਾਂਦੇ ਹਨ, ਕੀ ਇਹ ਬਾਈ ਆਕਸ਼ਨ ਕੀਤੇ ਜਾਂਦੇ ਹਨ ਜਾਂ ਕੀਮਤ ਲਈ ਜਾਂਦੀ ਹੈ ? ਜੇ ਕੀਮਤ ਲਈ ਜਾਂਦੀ ਹੈ ਤਾਂ ਪਰ ਏਕੜ ਦੇ ਹਿਸਾਬ ਨਾਲ ਕੀ ਕੀਮਤ ਲਈ ਜਾਂਦੀ ਹੈ ?

ਮੁੱਖ ਸੰਸਦੀ ਸਕੱਤਰ : ਹਾਲੇ ਕੀਮਤ ਮੁਕੱਰਰ ਨਹੀਂ ਕੀਤੀ ਅਤੇ ਟਰਾਂਸਫ਼ਰ ਕਰਕੇ ਦੂਜੇ ਮਹਿਕਮੇ ਕੋਲ ਦਿਤੀ ਹੈ । ਐਸਟੀਮੇਟਸ ਲਗਾ ਰਹੇ ਹਾਂ ਅਤੇ ਫੇਰ ਨਿਲਾਨ ਕੀਤਾ ਜਾਵਗਾ ।

ਸਰਦਾਰ ਅਜਾਇਬ ਸਿੰਘ ਸੰਧੂ : ਇਸ ਕੰਮ ਵਾਸਤੇ ਸਰਕਾਰ ਕਿੰਨਾ ਟਾਇਮ ਲਏਗੀ ?

ਮੁੱਖ ਸੰਸਦੀ ਸਕੱਤਰ : ਸਰਕਾਰ ਤੁਹਾਡੇ ਕੋਲੋਂ ਵਿਹਲੀ ਹੋ ਕੇ ਇਹ ਕੰਮ ਕਰਨਾ ਚਾਹੁੰਦੀ ਹੈ (ਹਾਸਾ)

PROPOSED INCREASE IN RESERVE PRICE OF PLOTS OF 6TH PHASE AT MOHALI URBAN ESTATE

*2742. **Sardar Ajaib Singh Sandhu** : Will the Minister for Finance be pleased to state whether it is a fact that the reserve price of residential plots of VI phase in Mohali Urban Estate (Ropar Distt.) is being increased, as compared to prices of such plots of phase I, II, III, IV and V if so, the reasons therefore ?

Original with;
Punjab Vidhan Sabha
Digitized by;
Panjab Digital Library

Shri Hans Raj Sharma : Yes Sir. The price per square yard of developed land is likely to increase for the main reason that the cost of acquisition and development of land has increased considerably since the initial phases of development of the Urban Estate Mohali.

[ਹਾਂ ਜੀ, ਵਿਕਸਿਤ ਭੋਂ ਦਾ ਮੁੱਲ ਪ੍ਰਤੀ ਵਰਗ ਗਜ਼ ਵੱਧਣ ਦੀ ਸੰਭਾਵਨਾ ਹੈ । ਇਸ ਦਾ ਮੁੱਖ ਕਾਰਨ ਇਹ ਹੈ ਕਿ ਭੋਂ ਪ੍ਰਾਪਤੀ ਅਤੇ ਭੋਂ ਦੇ ਵਿਕਾਸ ਦਾ ਖਰਚਾ ਮੁਹਾਲੀ ਸ਼ਹਿਰੀ ਮਿਲਖ ਦੇ ਆਰੰਭਿਕ ਵਿਕਸਿਤ ਫੇਜ਼ਾਂ ਤੋਂ ਕਾਫੀ ਵੱਧ ਗਿਆ ਹੈ ।]

ਕਾਮਰੇਡ ਸੱਤ ਪਾਲ ਡਾਂਗ : ਕੀ ਮਨਿਸਟਰ ਸਾਹਿਬ ਇਸ ਗਲ ਦਾ ਯਕੀਨ ਦਿਵਾਉਣਗੇ ਕਿ ਜਿੰਨ੍ਹਾਂ ਕੋਲੋਂ ਅਰਜ਼ੀਆਂ ਮੰਗੀਆਂ ਨੂੰ ਤਿੰਨ ਚਾਰ ਸਾਲ ਹੋ ਗਏ ਅਰਜ਼ੀਆਂ ਦੇਣ ਦੀ ਅਤੇ ਡਿਪਾਜ਼ਟ ਕਰਨ ਦੀ 1969 ਤੋਂ ਪਹਿਲਾਂ ਲਾਸਟ ਡੇਟ ਮੁਕੱਰਰ ਕੀਤੀ ਸੀ ਉਨ੍ਹਾਂ ਨੂੰ ਪਲਾਟ ਨਹੀਂ ਮਿਲੇ, ਕੀ ਉਨ੍ਹਾਂ ਨੂੰ ਪਲਾਟ ਪੁਰਾਣੀਆਂ ਕੀਮਤਾਂ ਉਤੇ ਦਿਤੇ ਜਾਣਗੇ ? ਕੀ ਇਸ ਗਲ ਦੀ ਮਨਿਸਟਰ ਸਾਹਿਬ ਗਰੰਟੀ ਦੇਣਗੇ ?

ਵਿੱਤ ਮੰਤਰੀ : ਹਰ ਫੇਜ਼ ਦੀ ਕੀਮਤ ਇਕ ਨਿਰਧਾਰਤ ਫਾਰਮੂਲੇ ਦੇ ਹਿਸਾਬ ਨਾਲ ਨਿਰਧਾਰਤ ਕੀਤੀ ਜਾਂਦੀ ਹੈ । ਇਹ ਕੀਮਤ ਜ਼ਮੀਨ ਪ੍ਰਾਪਤ ਕਰਨ ਅਤੇ ਉਸ ਵਿਚ ਵਿਕਾਸ ਕਾਰਜਾਂ ਦੇ ਖਰਚੇ ਅਤੇ ਕੁਝ ਹੋਰ ਖਰਚਿਆਂ ਤੇ ਨਿਰਭਰ ਕਰਦੀ ਹੈ ।

ਇਹ ਕੋਸ਼ਿਸ਼ ਕੀਤੀ ਜਾਵੇਗੀ ਕਿ ਜੋ ਅਰਜ਼ੀਆਂ 1969 ਵਿਚ ਆਈਆਂ ਹਨ, ਉਨ੍ਹਾਂ ਨੂੰ ਪਹਿਲਾਂ ਪਲਾਟ ਦਿਤੇ ਜਾਣ ।

ਕਾਮਰੇਡ ਸੱਤ ਪਾਲ ਡਾਂਗ : ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਕੋਸ਼ਿਸ਼ ਕਰਾਂਗੇ ਕਿ ਜਿਨ੍ਹਾਂ ਨੇ ਪਹਿਲਾਂ ਅਰਜ਼ੀਆਂ ਦਿਤੀਆਂ ਉਨ੍ਹਾਂ ਨੂੰ ਪਹਿਲਾਂ ਐਂਟਰਟੇਨ ਕਰ ਲਈਏ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਗਲ ਦਾ ਯਕੀਨ ਦਿਵਾਉਣਗੇ ਕਿ ਜਿਨ੍ਹਾਂ ਨੇ ਪਹਿਲਾਂ ਅਰਜ਼ੀਆਂ ਦਿਤੀਆਂ ਹਨ, ਜਿਹੜੇ ਕਿ ਲੰਪ-ਸਮ ਇਕੱਠਾ ਰੁਪਿਆ ਨਹੀਂ ਦੇ ਸਕਦੇ, ਜਿਵੇਂ ਕਿ ਲੋ ਪੇਡ ਐਂਪਲਾਈਜ਼ ਹਨ ਜਾਂ ਹੋਰ ਗੌਰਮਿੰਟ ਐਂਪਲਾਈਜ਼ ਹਨ ਅਤੇ ਜਿਨ੍ਹਾਂ ਨੇ 1969 ਤੋਂ ਪਹਿਲਾਂ ਅਰਜ਼ੀਆਂ ਦਿਤੀਆਂ ਹੋਈਆਂ ਹਨ, ਕੀ ਇਨ੍ਹਾਂ ਨੂੰ ਪਲਾਟ ਪਹਿਲਾਂ ਦਿਤੇ ਜਾਣਗੇ । ਕੀ ਇਸ ਗਲ ਦੀ ਅਸ਼ੋਰੈਂਸ ਦਿਤੀ ਜਾਏਗੀ ? ਭਾਵੇਂ ਅਮੀਰ ਲੋਕ ਲੰਪਸਮ ਦੇਣ ਨੂੰ ਤਿਆਰ ਵੀ ਕਿਉਂ ਨਾ ਹੋਣ ਪਰ ਪਹਿਲਾਂ ਉਨ੍ਹਾਂ ਨੂੰ ਦੇਣੀ ਚਾਹੀਦੀ ਹੈ ਜਿਹੜੇ ਕਿ 1969 ਤੋਂ ਪਹਿਲਾਂ ਅਰਜ਼ੀਆਂ ਦੇ ਚੁਕੇ ਹਨ ।

ਮੰਤਰੀ : ਦੋ ਫੇਸਿਜ਼ ਪਾਲਿਸੀ ਇਸ ਵਿਚ ਕਰ ਦਿਤੀ ਹੈ । ਫਿਫਟੀ ਪਰਸੈਂਟ ਆਫ ਦੀ ਟੋਟਲ ਪਲਾਟ ਤਾਂ ਉਨ੍ਹਾਂ ਨੂੰ ਦੇਣੇ ਹਨ ਜਿਹੜੇ ਲੋਕ ਲੰਪਸਮ ਪੈਸੇ ਦੇਣਗੇ ਅਤੇ ਫਿਫਟੀ ਪਰਸੈਂਟ ਉਨ੍ਹਾਂ ਲਈ ਹੋਣਗੇ ਜਿਹੜੇ ਗੌਰਮਿੰਟ ਐਂਪਲਾਈਜ਼ ਹਰੀਜਨਜ਼ ਅਤੇ ਵੀਕਰ ਸੈਕਸ਼ਨ ਦੇ ਲੋਕ ਹੋਣਗੇ ਜਿਹੜੇ ਕਿ ਕਿਸ਼ਤਾਂ ਵਿਚ ਪੈਸੇ ਦੇਣਗੇ । ਅਤੇ ਇਹ ਫਿਕਸਡ ਪਰਾਈਸ ਤੇ ਪਲਾਟ ਇਨ੍ਹਾਂ ਨੂੰ ਦੇਣੇ ਹਨ । ਪਿਛਲੇ ਜਿਹੜੇ ਪਲਾਟਸ ਦੀ ਵੰਡ ਹੋਈ ਉਹਦੀ ਡਿਟੇਲ ਵਿਚ ਮੈਂ ਨਹੀਂ ਜਾਣਾ ਚਾਹੁੰਦਾ । ਮੈਂ ਇਹ ਹੀ ਕਹਿਣਾ ਚਾਹੁੰਦਾ ਹਾਂ ਕਿ ਪੰਜ ਫੇਜ਼ ਤਕ ਜੋ ਕੀਮਤਾਂ ਮੁਕੱਰਰ ਹੋਈਆਂ ਸਨ ਉਹੀ ਕੀਮਤਾਂ ਤੇ ਪਲਾਟਸ ਦੇਵਾਂਗੇ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਗੁਰਦਿਆਲ ਸੈਣੀ : ਮੈਂ ਪੁਛਣਾ ਚਾਹੁੰਦਾ ਹਾਂ ਕਿ ਪਿਛਲੇ ਸੈਸ਼ਨ ਵਿਚ ਕਿਹਾ ਸੀ ਕਿ ਜਿਹੜੇ ਫਾਰਨ ਵਿਚ ਸਾਡੇ ਹਿੰਦੁਸਤਾਨੀ ਭਾਈ ਰਹਿੰਦੇ ਹਨ ਉਨ੍ਹਾਂ ਲਈ ਵੀ ਪਲਾਟਾਂ ਵਿਚ ਕੁਝ ਰਿਜ਼ਰਵੇਸ਼ਨ ਰਖੀ ਜਾਏਗੀ, ਕੀ ਮੈਂ ਪੁਛ ਸਕਦਾ ਹਾਂ ਕਿ ਇਨ੍ਹਾਂ ਲੋਕਾਂ ਲਈ ਕਿੰਨੀ ਪਰਸੈਂਟੇਜ ਰਖੀ ਗਈ ਹੈ ?

ਮੰਤਰੀ : ਇਨ੍ਹਾਂ ਲਈ 5% ਰਿਜ਼ਰ ਵੇਸ਼ਨ ਕਰ ਦਿਤੀ ਗਈ ਹੈ ਅਤੇ ਉਹ ਲੋਕ ਪੈਸੇ ਭੇਜ ਰਹੇ ਹਨ ।

ਸਰਦਾਰ ਅਜਾਇਬ ਸਿੰਘ ਸੰਧੂ : ਇਹ ਚੰਗੀ ਗਲ ਕੀਤੀ ਹੈ ਕਿ ਨਵੀਆਂ ਬਸਤੀਆਂ ਵਸ ਰਹੀਆਂ ਹਨ । ਪਰ ਜਿਹੜੇ ਇਹ ਪਿੰਡ ਗਰੀਬ ਕਿਸਾਨਾਂ ਦੇ ਉਜਾੜੇ ਗਏ ਹਨ ਕੀ ਇਨ੍ਹਾਂ ਨੂੰ ਮੁਨਾਸਿਬ ਕੀਮਤਾਂ ਦਿਲਾਈਆਂ ਜਾਣਗੀਆਂ ?

ਮੰਤਰੀ : ਹਰ ਫੇਜ ਦੀ ਕੀਮਤ ਸੰਧੂ ਸਾਹਿਬ ਜਾਣਦੇ ਹਨ ਕਿ ਬਕਾਇਦਾ ਤੌਰ ਤੇ ਮੁਕੱਰਰ ਹੋਈਆਂ ਹਨ । ਉਸ ਤੇ ਉਨ੍ਹਾਂ ਨੇ ਅਪੀਲਾਂ ਕੀਤੀਆਂ ਹਨ । ਉਸ ਦੇ ਬਾਅਦ ਸਾਨੂੰ ਕੁਝ ਵੱਧ ਪੈਸੇ ਵੀ ਦੇਣੇ ਪਏ ਹਨ । ਅੱਗੇ ਨੂੰ ਕਿਉਂਕਿ ਲੈਂਡ ਦੀ ਕੀਮਤ ਜ਼ਿਆਦਾ ਦੇਣੀ ਪੈ ਰਹੀ ਹੈ, ਡਿਵੈਲਪਮੈਂਟ ਦਾ ਕੰਮ ਜ਼ਿਆਦਾ ਹੋ ਰਿਹਾ ਹੈ, ਇਸ ਕਰਕੇ ਪਰਾਈਸਿਜ਼ ਵੱਧ ਰਹੀਆਂ ਹਨ । ਜ਼ਿਮੀਂਦਾਰਾਂ ਨੂੰ ਜਿਥੋਂ ਕਿਤੋਂ ਜ਼ਮੀਨ ਲੈਂਦੇ ਹਨ ਉਨ੍ਹਾਂ ਨੂੰ ਮੋਰ ਦੈਨ ਰੀਜ਼ਨੇਬਲ ਕੰਪਨਸੇਸ਼ਨ ਦੇਣਾ ਸਰਕਾਰ ਦੀ ਪਾਲਿਸੀ ਹੈ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਇਹੋ ਸਵਾਲ ਪਿਛਲੇ ਸੈਸ਼ਨ ਵਿਚ ਵੀ ਆਇਆ ਸੀ ਅਤੇ ਮਨਿਸਟਰ ਸਾਹਿਬ ਨੇ ਜਵਾਬ ਦਿਤਾ ਸੀ । ਇਸ ਗਲ ਦੇ ਪੇਸ਼ੇਨਜ਼ਰ ਕਿ ਲੋਕ ਪਲਾਟ ਲੈ ਕੇ ਫੇਰ ਵੇਚ ਦਿੰਦੇ ਹਨ । ਕੀ ਸਰਕਾਰ ਇਹ ਵਿਚਾਰ ਕਰ ਰਹੀ ਹੈ ਕਿ ਪੱਕੇ ਤੌਰ ਤੇ ਸੇਲ ਕਰਨ ਦੀ ਨੀਤੀ ਛੱਡ ਕੇ ਲੀਜ਼ ਦੇ ਉਤੇ ਪਲਾਟ ਦੇਣ ਦੀ ਨੀਤੀ ਇਨ੍ਹਾਂ ਨਵੀਆਂ ਬਸਤੀਆਂ ਵਿਚ ਅਪਣਾਏਗੀ? ਮੈਂ ਪਤਾ ਕਰਨਾ ਚਾਹੁੰਦਾ ਹਾਂ ਕਿ ਇਸ ਬਾਰੇ ਗੌਰਮਿੰਟ ਨੇ ਕੀ ਫਾਈਨਲ ਫੈਸਲਾ ਲਿਆ ਹੈ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਤੱਕ ਲੀਜ਼ ਹੋਲਡ ਬੇਸਿਜ਼ ਦਾ ਸਵਾਲ ਹੈ, ਉਸ ਦੇ ਉਤੇ ਵਿਚਾਰ ਹੋ ਰਿਹਾ ਹੈ । ਚੰਡੀਗੜ੍ਹ ਵਿਚ ਉਨ੍ਹਾਂ ਨੇ ਇਹ ਲਾਗੂ ਕੀਤਾ ਸੀ ਪਰ ਇਸ ਨਾਲ ਕਾਫੀ ਕੀਮਤਾਂ ਆਕਸ਼ਨ ਦੇ ਵਿਚ ਵੱਧੀਆਂ ਹਨ ਹਾਲਾਂ ਕਿ ਲੀਜ਼ ਬੇਸਿਜ਼ ਸੀ । ਫਿਰ ਵੀ ਕੀਮਤਾਂ ਜ਼ਿਆਦਾ ਹੋ ਗਈਆਂ । ਅਸੀਂ ਅੰਦਾਜ਼ਾ ਲਗਾ ਰਹੇ ਹਾਂ ਅਤੇ ਅਸੀਂ ਕੈਲਕੂਲੇਸ਼ਨ ਕਰ ਰਹੇ ਹਾਂ ਕਿ ਜੇ ਅਸੀਂ ਨਵੇਂ ਟਾਊਨਜ਼ ਵਿਚ ਲਾਗੂ ਕਰੀਏ ਤਾਂ ਕੀ ਇਸ ਨਾਲ ਸਾਡੀ ਡਿਵੈਲਪਮੈਂਟ ਦਾ ਕੰਮ ਤਾਂ ਨਹੀਂ ਰੁਕ ਜਾਵੇਗਾ । ਇਸ ਕਰਕੇ ਇਹ ਐਗਜ਼ਾਮਿਨ ਹੋ ਰਿਹਾ ਹੈ ।

Mr. Speaker : Question hour is over. The remaining questions shall be deemed to have been answered under rule 38 of the Rules of Procedure and Conduct of Business in the Punjab Legislative Assembly.

Original with;
Punjab Vidhan Sabha
Digitized by;
Panjab Digital Library

WRITTEN ANSWERS TO STARRED QUESTIONS LAID ON THE TABLE OF THE HOUSE

REPRESENTATION FROM A RESIDENT OF LUDHIANA

*2753 **Dr. Baldev Prakash** : Will the Minister for Finance be pleased to state whether the Chief Minister received a representation from a resident of Ludhiana in the month of May, 1974, against the Municipal Committee for illegally changing his record to debar him from getting shop allotted on Gill Road, Ludhiana, if so, the action taken there on ?

Shri Hans Raj Sharma : No. Sir.

[ਨਹੀਂ ਜੀ]

REINSTATEMENT OF SUSPENDED/DISMISSED AGRICULTURAL INSPECTORS IN THE STATE

*2786. **Comrade Surinder Singh Josh** : Will the Minister for Agriculture and Forests be pleased to state whether all the Agricultural Inspectors who were suspended or dismissed during the course of their agitation have since been re-instated, if not, a list showing the names of those who have not been re-instated be placed on the Table of the House ?

Master Gurbanta Singh : No. List is laid on the Table of the House.

[ਨਹੀਂ ਜੀ, ਲਿਸਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।]

List of suspended Agricultural Inspectors (District wise)

Jullundur

Sarvshri

1. Tara Singh, Agricultural Inspector, Nurmahal.
2. Harwant Singh ,, Jullundur.
3. Daljit Singh ,, Phillaur.
4. Brahm Singh ,, Jullundur
5. Kuldip Singh ,, Jullundur

Faridkot

6. **Devinder Singh, Agricultural Inspector, Lambi**

Original with;
Punjab Vidhan Sabha
Digitized by;
Panjab Digital Library

Patiala

7.	Avtar Singh Cheema.	Agricultural Inspector,	Ghanaur
8.	Sohan Lal Bansal	,,	Bhunerheri
9.	Ujjagar Singh	,,	Nabha
10.	Balwant Singh	,,	Nabha
11.	Balinder Singh	,,	Nabha
12.	Harbant Singh	,,	Nabha
13.	Amarjit Singh	,,	Patiala
14.	Harcharan Singh	,,	Nabha
15.	Ram Chand	,,	Patiala
16.	Harinder Singh	,,	Bassi Pathanan
17.	Jasdev Singh	,,	Patiala
18.	Bhagwan Singh	,,	Bassi Pathanan
19.	Balwinder Singh	,,	Bara Farm
20.	Ashok Chand	,,	Patiala
21.	Sat Pal	,,	do
22.	Inder Kumar Sethi	,,	do
23.	Raghbir Singh Virk	,,	Samana
24.	Jarnail Singh Mahal	,,	Patiala
25.	Gulshan Singh	,,	Rajpura
26.	Vijay Kumar Kaushal	,,	Samana
27.	Mohinder Singh Brar	,,	Amloh
28.	Labh Singh	,,	Rajpura
29.	Prem Singh	,,	Bhunerheri
30.	Mohinder Singh	,,	Nabha

Gurdaspur

31.	Bawa Singh Gill	Agricultural Inspector	Gurdaspur
32.	Swinder Pal Singh	,,	Pathankot
33.	Kulwant Singh	,,	do
34.	Kuldip Singh	,,	do
35.	Ram Singh	,,	Gurdaspur
36.	Kanwal jit Singh	,,	do
37.	Surmail Singh	,,	do

Original with;
Punjab Vidhan Sabha
Digitized by;
Panjab Digital Library

[Minister for Agriculture and Forests]

38.	Ajmer Singh	,,	Dhariwal
39.	Jagir Singh	,,	do
40.	Mohinder Singh	,,	do
41.	Ravinder Kumar Rampal	,,	Batala
42.	Satnam Singh	,,	Fatehgarh Churian
43.	Palwinder Singh	,,	Hargobind Pur
44.	Hardev Singh	,,	Kahnuwan
45.	Joginder Singh	,,	Dorangla
46.	Swinder Singh	,,	Gurdaspur
47.	Gurnam Singh	,,	Kahnuwan
48.	Jagir Singh	,,	Siri Hargobind Pur
49.	Tarlochan Singh	,,	Kalanaur
50.	Amrik Singh	,,	Dera Baba Nanak
51.	Devinder Singh	,,	Ditto
52.	Balbir Singh	,,	Fatehgarh Churian
53.	Kartar Singh	,,	Narot Jaimal Singh
54.	Jagdish Kumar	,,	Pathankot
55.	Gurdev Raj Bedi	,,	Kahnuwan
56.	Gurbachan Singh Dhaliwal	,,	Gurdaspur
57.	Amarjit Singh	,,	Dhaliwal
58.	Umrao Singh	,,	Gurdaspur
59.	Mohinder Kumar Soni	,,	do
60.	Ragbhir Singh	,,	do
61.	Satnam Singh	,,	do
62.	Narinder Singh	,,	Pathankot
63.	Hakim Singh	,,	Kahnuwan

[ਮੁਅੱਤਲ ਖੇਤੀਬਾੜੀ ਇੰਸਪੈਕਟਰਾਂ ਦੀ ਸੂਚੀ (ਜ਼ਿਲ੍ਹਾ ਵਾਈਜ਼)

ਜਲੰਧਰ

ਸਰਵਸ਼੍ਰੀ

1.	ਤਾਰਾ ਸਿੰਘ,	ਖੇਤੀਬਾੜੀ ਇੰਸਪੈਕਟਰ,	ਨੂਰਮਹਿਲ
2.	ਹਰਵੰਤ ਸਿੰਘ	,,	ਜਲੰਧਰ
3.	ਦਲਜੀਤ ਸਿੰਘ	,,	ਫਿਲੌਰ
4.	ਧਰਮ ਦਾਸ	,,	ਜਲੰਧਰ
5.	ਕੁਲਦੀਪ ਕੁਮਾਰ	,,	ਜਲੰਧਰ

Original with;
Punjab Vidhan Sabha
Digitized by;
Panjab Digital Library

ਫਰੀਦਕੋਟ

6. ਦਵਿੰਦਰ ਸਿੰਘ ਖੇਤੀਬਾੜੀ ਇੰਸਪੈਕਟਰ, ਲਾਂਬੀ ।

ਪਟਿਆਲਾ

7. ਅਵਤਾਰ ਸਿੰਘ ਚੀਮਾ, ਖੇਤੀਬਾੜੀ ਇੰਸਪੈਕਟਰ, ਘਨੌਰ
8. ਸੋਹਨ ਲਾਲ ਬਾਂਸਲ ,, ਭੁਨਰਹੇੜੀ
9. ਉਜਾਗਰ ਸਿੰਘ ,, ਨਾਭਾ
10. ਬਲਵੰਤ ਸਿੰਘ ,, ਉਹੀ
11. ਬਲਇੰਦਰ ਸਿੰਘ ,, ਉਹੀ
12. ਹਰਬੰਤ ਸਿੰਘ ,, ਉਹੀ
13. ਅਮਰਜੀਤ ਸਿੰਘ ,, ਪਟਿਆਲਾ
14. ਹਰਚਰਨ ਸਿੰਘ ,, ਨਾਭਾ
15. ਰਾਮ ਚੰਦ ,, ਪਟਿਆਲਾ
16. ਹਰਿੰਦਰ ਸਿੰਘ ,, ਛੱਜੀ ਪਠਾਨਾਂ
17. ਜਸਦੇਵ ਸਿੰਘ ,, ਪਟਿਆਲਾ
18. ਭਗਵਾਨ ਸਿੰਘ ,, ਬੱਸੀ ਪਠਾਨਾਂ
19. ਬਲਵਿੰਦਰ ਸਿੰਘ ,, ਬਾੜਾ ਫਾਰਮ
20. ਅਸ਼ੋਕ ਚੰਦ ,, ਪਟਿਆਲਾ
21. ਸਤਪਾਲ ,, ਉਹੀ
22. ਇੰਦਰ ਕੁਮਾਰ ਸੇਠੀ ,, ਉਹੀ
23. ਰਘਬੀਰ ਸਿੰਘ ਵਿਰਕ ,, ਸਮਾਣਾ
24. ਜਰਨੈਲ ਸਿੰਘ ਮਾਹਲ ,, ਪਟਿਆਲਾ
25. ਗੁਲਸ਼ਨ ਸਿੰਘ ,, ਰਾਜਪੁਰਾ
26. ਵਿਜੈ ਕੁਮਾਰ ਕੌਸ਼ਲ ,, ਸਮਾਣਾ
27. ਮੁਹਿੰਦਰ ਸਿੰਘ ਬਰਾੜ ,, ਅਮਲੋਹ
28. ਲਾਭ ਸਿੰਘ ,, ਰਾਜਪੁਰਾ
29. ਪ੍ਰੇਮ ਸਿੰਘ ,, ਭੁਨਰਹੇੜੀ
30. ਮੁਹਿੰਦਰ ਸਿੰਘ ,, ਨਾਭਾ

Original with;
Punjab Vidhan Sabha
Digitized by;
Panjab Digital Library

[Minister for Agriculture and Forests]

ਗੁਰਦਾਸਪੁਰ

ਸਰਵਸ਼੍ਰੀ

31.	ਬਾਵਾ ਸਿੰਘ ਗਿੱਲ, ਖੇਤੀਬਾੜੀ ਇੰਸਪੈਕਟਰ,		ਗੁਰਦਾਸਪੁਰ
32.	ਸਵਿੰਦਰ ਪਾਲ ਸਿੰਘ	,,	ਪਠਾਨਕੋਟ
33.	ਕੁਲਵੰਤ ਸਿੰਘ	,,	ਪਠਾਨਕੋਟ
34.	ਕੁਲਦੀਪ ਸਿੰਘ	,,	ਉਹੀ
35.	ਰਾਮ ਸਿੰਘ	,,	ਗੁਰਦਾਸਪੁਰ
36.	ਕੰਵਲਜੀਤ ਸਿੰਘ	,,	ਗੁਰਦਾਸਪੁਰ
37.	ਸੁਰਮੇਲ ਸਿੰਘ	,,	ਗੁਰਦਾਸਪੁਰ
38.	ਅਜਮੇਰ ਸਿੰਘ	,,	ਧਾਰੀਵਾਲ
39.	ਜਾਗੀਰ ਸਿੰਘ	,,	ਉਹੀ
40.	ਮੁਹਿੰਦਰ ਸਿੰਘ	,,	ਉਹੀ
41.	ਰਵਿੰਦਰ ਕੁਮਾਰ ਰਾਮਪਾਲ	,,	ਬਟਾਲਾ
42.	ਸਤਨਾਮ ਸਿੰਘ	,,	ਫਤੇਗੜ੍ਹ ਚੂੜੀਆਂ
43.	ਪਲਵਿੰਦਰ ਸਿੰਘ	,,	ਹਰਗੋਬਿੰਦ ਪੁਰ
44.	ਹਰਦੇਵ ਸਿੰਘ	,,	ਕਾਹਨੂੰਵਾਲ
45.	ਜੁਗਿੰਦਰ ਸਿੰਘ	,,	ਦੋਰੰਗਲਾ
46.	ਸਵਿੰਦਰ ਸਿੰਘ	,,	ਗੁਰਦਾਸਪੁਰ
47.	ਗੁਰਨਾਮ ਸਿੰਘ	,,	ਕਾਹਨੂੰਵਾਲ
48.	ਜਾਗੀਰ ਸਿੰਘ	,,	ਸ੍ਰੀ ਹਰਗੋਬਿੰਦ ਪੁਰ
49.	ਤਰਲੋਚਨ ਸਿੰਘ	,,	ਕਲਾਨੌਰ
50.	ਅਮਰੀਕ ਸਿੰਘ	,,	ਡੇਰਾ ਬਾਬਾ ਨਾਨਕ
51.	ਦਵਿੰਦਰ ਸਿੰਘ	,,	ਉਹੀ
52.	ਬਲਵੀਰ ਸਿੰਘ	,,	ਫਤੇਗੜ੍ਹ ਚੂੜੀਆਂ
53.	ਕਰਤਾਰ ਸਿੰਘ	,,	ਨਰੋਟ ਜੈਮਲ ਸਿੰਘ
54.	ਜਗਦੀਸ਼ ਕੁਮਾਰ	,,	ਪਠਾਨਕੋਟ

Original with;
Punjab Vidhan Sabha
Digitized by;
Panjab Digital Library

55.	ਗੁਰਦੇਵ ਰਾਜ ਬੇਦੀ .	,,	ਕਾਹਨੂਵਾਲ
56.	ਗੁਰਬਚਨ ਸਿੰਘ ਧਾਲੀਵਾਲ	,,	ਗੁਰਦਾਸਪੁਰ
57.	ਅਮਰਜੀਤ ਸਿੰਘ	,,	ਧਾਲੀਵਾਲ
58.	ਉਮਰਾਓ ਸਿੰਘ	,,	ਗੁਰਦਾਸਪੁਰ
59.	ਮੁਹਿੰਦਰ ਕੁਮਾਰ ਸੋਨੀ	,,	ਉਹੀ
60.	ਰਘਬੀਰ ਸਿੰਘ	,,	ਉਹੀ
61.	ਸਤਨਾਮ ਸਿੰਘ	,,	ਉਹੀ
62.	ਨਰਿੰਦਰ ਸਿੰਘ	,,	ਪਠਾਨਕੋਟ
63.	ਹਾਕਮ ਸਿੰਘ	,,	ਕਾਹਨੂਵਾਲ]

ਸ਼ਹਿਰੀ ਮਿਲਖ ਮੁਹਾਲੀ, ਜ਼ਿਲ੍ਹਾ ਰੋਪੜ ਵਿਖੇ ਸਥਿਤ ਕੁਝ ਪ੍ਰਾਜੈਕਟਾਂ ਤੇ ਲਗਾਈ ਗਈ ਪੂੰਜੀ ।

*2740. **ਸਰਦਾਰ ਅਜਾਇਬ ਸਿੰਘ ਸੰਧੂ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ—

(ੳ) ਮੁਹਾਲੀ ਸ਼ਹਿਰੀ ਮਿਲਖ (ਜ਼ਿਲ੍ਹਾ ਰੋਪੜ) ਵਿਖੇ ਸਥਿਤ ਹੇਠ ਲਿਖਿਆਂ ਪ੍ਰਾਜੈਕਟਾਂ ਵਿਚੋਂ ਹਰੇਕ ਤੇ ਕੁਲ ਕਿੰਨੀ ਪੂੰਜੀ ਲਗਾਈ ਗਈ : —

1. ਅਨੰਦ ਬੈਟਰੀਜ਼ ;
2. ਪੰਜ ਸਟਾਰ ਟੈਲੀਵੀਜ਼ਨ ;
3. ਪੰਜਾਬ ਟਰੈਕਟਰਜ਼ ;

(ਅ) ਉਕਤ ਹਰੇਕ ਪ੍ਰਾਜੈਕਟ ਵਿਚ ਸਰਕਾਰ ਅਤੇ ਪ੍ਰਾਈਵੇਟ ਪਾਰਟੀਆਂ ਦੁਆਰਾ ਪੂੰਜੀ ਕਿਸ ਅਨੁਪਾਤ ਵਿਚ ਲਗਾਈ ਗਈ ;

(ਏ) ਉਪਰੋਕਤ ਹਰ ਇਕ ਪ੍ਰਾਜੈਕਟ ਵਿਚ ਸਰਕਾਰ ਤੋਂ ਇਲਾਵਾ ਦੂਜੇ ਹਿੱਸੇਦਾਰਾਂ ਦੇ ਨਾਂ ਅਤੇ ਪਤੇ ਕੀ ਕੀ ਹਨ ?

ਗਿਆਨੀ ਜ਼ੈਲ ਸਿੰਘ :

(ੳ) ਪੰਜਾਬ ਅਨੰਦ ਬੈਟਰੀਜ਼ ਲਿਮਿਟਿਡ

ਕੁੱਲ ਲਗੀ ਪੂੰਜੀ .. 165.00 ਲੱਖ ਰੁਪਏ ।

2. ਪੰਜ ਸਟਾਰ ਸਟੈਂਡਰਡ ਇਲੈਕਟਰੋਨਿਕਸ ਲਿਮਿਟਿਡ

ਕੁੱਲ ਲੱਗੀ ਪੂੰਜੀ .. 28.50 ਲੱਖ ਰੁਪਏ ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

3. ਪੰਜਾਬ ਟਰੈਕਟਰਜ਼ ਲਿਮਿਟਿਡ :

ਕੁਲ ਲਗੀ ਪੂੰਜੀ .. 370.00 ਲੱਖ ਰੁਪਏ

(ਅ) 1. ਪੰਜਾਬ ਅਨੰਦ ਬੈਟਰੀਜ਼ ਲਿਮਿਟਿਡ

ਸੁਨੀਤੀ ਹਿੱਸਾ ਪੂੰਜੀ ਵਿਚ ਪੀ. ਐਸ. ਆਈ. ਡੀ.ਸੀ. ਦੀ ਲੱਗੀ ਪੂੰਜੀ .. 15.60 ਲੱਖ ਰੁਪਏ (26%)

ਸ੍ਰੀ ਸੀ. ਐਲ. ਅਨੰਦ ਅਤੇ ਉਸ ਦੇ ਸਹਿ-ਯੋਗੀਆਂ ਦੀ ਸੁਨੀਤੀ ਹਿੱਸਾ ਪੂੰਜੀ ਵਿਚ ਲੱਗੀ ਪੂੰਜੀ .. 15.00 ਲੱਖ ਰੁਪਏ. (25%)

ਸੁਨੀਤੀ ਹਿੱਸਾ ਪੂੰਜੀ ਵਿਚ ਲੱਗੀ ਜਨਤਕ ਪੂੰਜੀ .. 29.40 ਲੱਖ ਰੁਪਏ (49%)

2. ਪੰਜ ਸਟਾਰ ਸਟੈਂਡਰਡ ਇਲੈਕਟਰੋਨਿਕਸ ਲਿਮਿਟਿਡ

ਸੁਨੀਤੀ ਹਿੱਸਾ ਪੂੰਜੀ ਵਿਚ ਪੀ.ਐਸ.ਆਈ. ਡੀ. ਸੀ. ਦੀ ਲੱਗੀ ਪੂੰਜੀ .. 6.00 ਲੱਖ ਰੁਪਏ (50%)

ਪੌਲਸਟਾਰ ਇਲੈਕਟਰੋਨਿਕਸ (ਪ.) ਲਿਮਿਟਿਡ ਬੰਬਈ ਅਤੇ ਉਨ੍ਹਾਂ ਦੇ ਸਹਿਯੋਗੀਆਂ ਦੀ ਸੁਨੀਤੀ ਹਿੱਸਾ ਪੂੰਜੀ ਵਿਚ ਲੱਗੀ ਪੂੰਜੀ .. 6.00 ਲੱਖ ਰੁਪਏ (50%)

3. ਪੰਜਾਬ ਟਰੈਕਟਰਜ਼ ਲਿਮਿਟਿਡ :

ਸੁਨੀਤੀ ਹਿੱਸਾ ਪੂੰਜੀ ਵਿਚ ਪੀ.ਐਸ.ਆਈ. ਡੀ.ਸੀ. ਦੀ ਲੱਗੀ ਪੂੰਜੀ .. 45.00 ਲੱਖ ਰੁਪਏ (40.9%)

ਆਲ ਇੰਡੀਆ ਫਾਈਨੈਂਸ਼ੀਅਲ ਇੰਸਟੀਚੂ-ਸ਼ਨਜ਼, ਐਚ.ਐਮ.ਟੀ. ਅਤੇ ਜਨਤਾ .. 65.00 ਲੱਖ ਰੁਪਏ (59.1%)

(ਏ) ਇਹਨਾਂ ਤਿੰਨਾਂ ਕੰਪਨੀਆਂ ਦੇ ਪ੍ਰਾਈਵੇਟ ਹਿੱਸੇਦਾਰਾਂ ਦੀ ਗਿਣਤੀ ਲਗਭਗ 10 ਹਜ਼ਾਰ ਹੈ । ਇਹਨਾਂ ਦੇ ਨਾਂ ਅਤੇ ਪਤਾ ਦੇਣ ਵਿਚ ਜੋ ਸਮਾਂ ਅਤੇ ਮੇਹਨਤ ਲਗਣੀ ਹੈ ਉਹ ਇਸ ਸੂਚਨਾ ਨੂੰ ਇਕੱਠੀ ਕਰਨ ਤੋਂ ਮਿਲਣ ਵਾਲੇ ਲਾਭ ਦੇ ਮੁਤਾਬਿਕ ਨਹੀਂ ਹੋਵੇਗਾ ।

MEMORANDUM AGAINST THE ADMINISTRATOR, PUNJAB STATE LAND MORTGAGE BANK

*2774. **Comrade Shamsher Singh Josh** : Will the Chief Minister be pleased to state whether he received a memorandum signed by 13 M.L.As in the month of April, 1974 demanding inquiry into severe

Original with;
Punjab Vidhan Sabha
Digitized by;
Panjab Digital Library

allegations against the present Administrator, Punjab State Co-operative Land Mortgage Bank ; if so, the action taken thereon ?

Giani Zail Singh : Yes. It is being looked into.

(ਹਾਂ ਜੀ । ਇਹ ਮਾਮਲਾ ਵਿਚਾਰ ਅਧੀਨ ਹੈ ।)

ਪਟਿਆਲਾ/ਰਾਜਪੁਰਾ ਤਹਿਸੀਲਾਂ ਵਿਚ ਕੁਝ ਸੜਕਾਂ ਤੇ ਪੁਲੀਆਂ ਬਣਾਉਣਾ

*2758. ਸਰਦਾਰ ਪਰੇਮ ਸਿੰਘ ਪਰੇਮ : ਕੀ ਲੋਕ ਕਾਰਜਾਂ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਨਿਮਨਲਿਖਤ ਸੜਕਾਂ ਤੇ ਕਿੰਨੀਆਂ ਪੁਲੀਆਂ ਬਣ ਚੁਕੀਆਂ ਹਨ ਤੇ ਕਿੰਨੀਆਂ ਅੱਜੇ ਬਣਾਉਣੀਆਂ ਹਨ :

(i) ਰਿਹਾੜ ਜਗੀਰ-ਇਜਲ ਤੋਂ ਓਜਨ ਸੜਕ ;

(ii) ਬਿੰਜਲ ਤੋਂ ਸੋਲਗੜ੍ਹ ;

(iii) ਪਟਿਆਲਾ ਤਹਿਸੀਲ ਵਿਚ ਸੰਪੂਰਨ ਗੜ੍ਹ ਤੋਂ ਅਬਦਲ ਪੁਰ ਅੰਡੇ

(iv) ਰਾਜਪੁਰਾ ਤਹਿਸੀਲ ਵਿਚ ਓਨਤਨਰ ਤੋਂ ਨਨਹੇੜੀ ਤੋਂ ਜੀ. ਟੀ. ਰੋਡਜ ਤੋਂ ਹੁਣ ਤਕ ਬਣਾਈਆਂ ਗਈਆਂ ਪੁਲੀਆਂ ਅਤੇ ਬਣਾਈਆਂ ਜਾਣ ਵਾਲੀਆਂ ਪੁਲੀਆਂ ਦੀ ਵੱਖ ਵੱਖ ਗਿਣਤੀ ਕਿੰਨੀ ਹੈ ;

(ਅ) ਉਕਤ ਸੜਕਾਂ ਤੇ ਹਾਲਾਂ ਤਕ ਬਣਾਈਆਂ ਜਾਣ ਵਾਲੀਆਂ ਪੁਲੀਆਂ ਕਦੋਂ ਤਕ ਬਣਾਏ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਜੋਗਿੰਦਰ ਪਾਲ ਪਾਂਡੇ : (ੳ) (1) 6 ਪੁਲੀਆਂ ਇਸ ਸੜਕ ਤੇ ਬਣਾ ਦਿੱਤੀਆਂ ਹਨ ਅਤੇ ਹੋਰ ਕੋਈ ਪੁਲੀ ਬਣਾਉਣ ਦੀ ਤਜਵੀਜ਼ ਨਹੀਂ ।

(2) ਪੂਰੀ ਸੜਕ ਵਿਚ 6 ਪੁਲੀਆਂ ਬਣਾਉਣੀਆਂ ਹਨ । ਹਾਲੇ ਇਸ ਸੜਕ ਦਾ ਕੁਝ ਹਿੱਸਾ ਹੀ ਬਣਿਆ ਹੈ । ਜਿਸ ਤੇ ਇਕ ਪੁਲੀ ਬਣਾ ਦਿੱਤੀ ਗਈ ਹੈ ।

(3) ਤਿੰਨ ਪੁਲੀਆਂ ਬਣਾ ਦਿੱਤੀਆਂ ਹਨ ਅਤੇ ਬਾਕੀ ਪੁਲੀਆਂ ਬਰਸਾਤਾਂ ਪਿਛੋਂ ਬਣਾ ਦਿੱਤੀਆਂ ਜਾਣਗੀਆਂ ।

(4) 5 ਪੁਲੀਆਂ ਵਿਚੋਂ 4 ਬਣਾ ਦਿੱਤੀਆਂ ਹਨ ।

(ਅ) ਉਮੀਦ ਹੈ ਕਿ ਬਾਕੀ ਰਹਿੰਦੀਆਂ ਪੁਲੀਆਂ 31 ਮਾਰਚ, 1975 ਤੱਕ ਬਣਾ ਦਿੱਤੀਆਂ ਜਾਣਗੀਆਂ ਜੇ ਇਸ ਬਾਰੇ ਫੰਡ ਮਿਲ ਗਏ ।

Original with;
Punjab Vidhan Sabha
Digitized by;
Panjab Digital Library

1974-75 ਦੇ ਦੌਰਾਨ ਦਾਖਾ ਵਿਧਾਨ ਸਭਾ ਚੋਣ ਖੇਤਰ ਵਿਚ ਨਿਰਮਾਣ ਲਈ ਮਨਜ਼ੂਰ ਕੀਤੀਆਂ ਸੜਕਾਂ

*2807. **ਸਰਦਾਰ ਬਸੰਤ ਸਿੰਘ ਖਾਲਸਾ :** ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1974-75 ਦੇ ਦੌਰਾਨ ਦਾਖਾ ਵਿਧਾਨ ਸਭਾ ਚੋਣ ਖੇਤਰ ਵਿਚ ਕੁਲ ਕਿੰਨੇ ਮੀਲ ਸੜਕਾਂ ਦੇ ਨਿਰਮਾਣ ਦੀ ਮਨਜ਼ੂਰੀ ਦਿੱਤੀ ਗਈ; ਅਤੇ ਹਰ ਇਕ ਕੇਸ ਵਿਚ ਸੜਕਾਂ ਦੇ ਨਾਮ ਅਤੇ ਉਨ੍ਹਾਂ ਪਿੰਡਾਂ ਦੇ ਨਾਮ ਕੀ ਕੀ ਹਨ ਜਿਹੜੇ ਉਕਤ ਸੜਕਾਂ ਦੁਆਰਾ ਜੋੜੇ ਜਾਣੇ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸੜਕਾਂ ਕਦੋਂ ਤਕ ਮੁਕੰਮਲ ਕੀਤੀਆਂ ਜਾਣ ਦੀ ਸੰਭਾਵਨਾ ਹੈ।

ਸ਼੍ਰੀ ਜੋਗਿੰਦਰ ਪਾਲ ਪਾਂਡੇ : (ੳ) 1974-75 ਦੇ ਕੰਮ ਲਈ ਡਿਪਟੀ ਕਮਿਸ਼ਨਰ ਤੇ ਮਾਰਕੀਟਿੰਗ ਬੋਰਡ ਵਲੋਂ ਕੋਈ ਲਿਸਟ ਨਹੀਂ ਆਈ। ਲਿਸਟ ਆਉਣ ਤੇ ਕੰਮ ਸ਼ੁਰੂ ਕੀਤਾ ਜਾਵੇਗਾ ਤੇ ਪਿੰਡਾਂ ਦੇ ਨਾਮ ਭੀ ਦੱਸੇ ਜਾਣਗੇ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ।

ਫਿਲੌਰ ਵਿਖੇ ਬਸ ਅੱਡੇ ਦੀ ਇਮਾਰਤ

*2856. **ਸਰਦਾਰ ਸੁਰਜੀਤ ਸਿੰਘ ਅਟਵਾਲ :** ਕੀ ਟਰਾਂਸਪੋਰਟ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ ਫਿਲੌਰ ਵਿਖੇ ਬੱਸ ਅੱਡਾ ਬਣਾਉਣ ਦੀ ਤਜਵੀਜ਼ ਨੂੰ ਅੰਤਿਮ ਰੂਪ ਅਤੇ ਪ੍ਰਵਾਨਗੀ ਦੇ ਦਿੱਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਤੇ ਅੰਦਾਜ਼ਨ ਕਿੰਨਾ ਖਰਚ ਕਰਨਾ ਹੈ ਅਤੇ ਇਸ ਨੂੰ ਮੁਕੰਮਲ ਕਰਨ ਲਈ ਕਿੰਨਾ ਸਮਾਂ ਲੱਗਣ ਦੀ ਸੰਭਾਵਨਾ ਹੈ ?

ਸਰਦਾਰ ਦਿਲਬਾਗ ਸਿੰਘ ਡਾਲੇਕੇ : ਨਹੀਂ ਜੀ।

POSSESSION ON BUILDING OF B. R. MODERN SCHOOL TO BE TAKEN OVER BY IMPROVEMENT TRUST, AMRITSAR

*2784. **Dr. Baldev Parkash :** Will the Minister for Finance be pleased to state—

(a) whether it is a fact that the Improvement Trust, Amritsar, was to take possession of the building of B. R. Modern School, by May, 1974;

(b) whether it is a fact that the said action has been stayed; if so, the reasons therefor ?

Original with;
Punjab Vidhan Sabha
Digitized by;
Panjab Digital Library

Shri Hans Raj Sharma : (a) Yes, Sir.

(b) Yes, sir. Action was stayed in the public interest.

[(ੲ) ਹਾਂ ਜੀ ।

(ਬੀ) ਹਾਂ ਜੀ । ਲੋਕ ਹਿੱਤ ਵਿੱਚ ਕਾਰਵਾਈ ਰੋਕ ਦਿੱਤੀ ਗਈ ਸੀ ।]

ਜ਼ਿਲ੍ਹਾ ਜਲੰਧਰ ਵਿਚ ਉਪਾਰਾ-ਮੁਕੰਦਪੁਰ ਸੜਕ

*2854. **ਸਰਦਾਰ ਸੁਰਜੀਤ ਸਿੰਘ ਅਟਵਾਲ** : ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਇਸ ਸਮੇਂ ਤਹਿਸੀਲ ਨਵਾਂ ਸ਼ਹਿਰ ਜ਼ਿਲ੍ਹਾ ਜਲੰਧਰ ਵਿਚ ਉਪਾਰਾ-ਮੁਕੰਦਪੁਰ ਸੜਕ ਬਣਾਈ ਜਾ ਰਹੀ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਬਣਾਉਣ ਦੇ ਕੰਮ ਵਿਚ ਹੁਣ ਤਕ ਕੀ ਪ੍ਰਗਤੀ ਕੀਤੀ ਗਈ ਹੈ ਅਤੇ ਇਸ ਨੂੰ ਮੁਕੰਮਲ ਕਰਨ ਲਈ ਘੱਟੋ ਘੱਟ ਕਿੰਨਾ ਸਮਾਂ ਚਾਹੀਦਾ ਹੈ ?

ਸ੍ਰੀ ਜੋਗਿੰਦਰ ਪਾਲ ਪਾਂਡੇ : ਹਾਂ ਜੀ ਹੁਣ ਤਕ ਦੀ ਪ੍ਰਗਤੀ ਹੇਠ ਲਿਖੇ ਅਨੁਸਾਰ ਹੈ :—

ਕੁਲ ਲੰਬਾਈ	..	9.60 ਕਿ. ਮੀ.
ਮਿੱਟੀ ਦਾ ਕੰਮ	..	9.60 ਕਿ. ਮੀ.
ਸੋਲਿੰਗ ਇਕੱਠਾ ਕੀਤਾ	..	7.60 ਕਿ. ਮੀ.
ਸੋਲਿੰਗ ਲਾਇਆ ਗਿਆ	..	5.00 ਕਿ. ਮੀ.
ਸਟੋਨ ਇਕੱਠਾ ਕੀਤਾ	..	5.00 ਕਿ. ਮੀ.
ਸਟੋਨ ਵਿਛਾਇਆ ਗਿਆ	..	4.40 ਕਿ. ਮੀ.
ਸਰਫੇਸਿੰਗ	..	4.00 ਕਿ. ਮੀ.

ਆਸ ਕੀਤੀ ਜਾਂਦੀ ਹੈ ਕਿ ਇਹ ਸੜਕ ਇਸ ਮਾਲੀ ਸਾਲ ਦੇ ਅੰਤ ਤਕ ਪੂਰੀ ਹੋ ਜਾਵੇਗੀ ।

ਰਾਜ ਵਿਚ ਸਾਰੇ ਪਿੰਡਾਂ ਨੂੰ ਪੱਕੀਆਂ ਸੜਕਾਂ ਨਾਲ ਜੋੜਨ ਦੀ ਸਕੀਮ

*2855. **ਸਰਦਾਰ ਸੁਰਜੀਤ ਸਿੰਘ ਅਟਵਾਲ** : ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰ ਨੇ ਪੰਜਾਬ ਦੇ ਸਾਰੇ ਪਿੰਡਾਂ ਨੂੰ ਪੱਕੀਆਂ ਸੜਕਾਂ ਨਾਲ ਜੋੜਨ ਦਾ ਫੈਸਲਾ ਕੀਤਾ ਹੈ । ਜੇਕਰ ਅਜਿਹਾ ਹੋਵੇ ਤਾਂ ਇਸ ਸੰਬੰਧ ਵਿਚ ਬਣਾਈ ਗਈ ਸਕੀਮ ਦਾ ਵੇਰਵਾ ਕੀ ਹੈ ਉਸ ਤੇ ਕੁਲ ਅੰਦਾਜ਼ਨ ਕਿੰਨਾ ਖਰਚ ਕਰਨਾ ਹੈ ਅਤੇ ਉਸ ਦੇ ਮੁਕੰਮਲ ਹੋਣ ਲਈ ਕਿੰਨਾ ਸਮਾਂ ਚਾਹੀਦਾ ਹੈ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਜੋਗਿੰਦਰ ਪਾਲ ਪਾਂਡੇ : ਹਾਂ ਜੀ । ਸਰਕਾਰ ਦਾ ਹਰ ਇਕ ਪਿੰਡ ਨੂੰ ਲਿੰਕ ਸੜਕ ਦੇਣ ਦਾ ਫੈਸਲਾ ਹੈ । ਹੁਣ ਤੱਕ ਸਰਕਾਰ ਲਿੰਕ ਸੜਕਾਂ ਵਾਸਤੇ 68.42 ਕਰੋੜ ਰੁਪਏ ਦੀਆਂ ਸਕੀਮਾਂ ਮੰਨਜ਼ੂਰ ਕਰ ਚੁੱਕੀ ਹੈ । ਇਸ ਵਿਚ 55.99 ਕਰੋੜ ਰੁਪਏ ਦੇ ਪੰਜ ਫੇਜ਼ ਕਰੈਸ਼ ਪ੍ਰੋਗਰਾਮ ਦੇ ਸਨ ਅਤੇ 12.43 ਕਰੋੜ ਰੁਪਏ ਦੀਆਂ ਸੜਕਾਂ ਮਾਰਕਿਟ ਕਮੇਟੀਆਂ/ਮਾਰਕੀਟਿੰਗ ਬੋਰਡ ਦੇ ਖਰਚੇ ਨਾਲ ਬਣਾਉਣ ਲਈ ਮੰਨਜ਼ੂਰ ਕੀਤੀਆਂ ਜਾ ਚੁਕੀਆਂ ਹਨ । ਸਰਕਾਰ ਦੇ ਫੰਡਾਂ ਨਾਲ ਚਾਲੂ ਕੰਮਾਂ ਨੂੰ ਮੁਕੰਮਲ ਕਰਨ ਲਈ 20 ਕਰੋੜ ਰੁਪਏ ਦੇ ਲੱਗ ਭੱਗ ਅਤੇ ਉਨ੍ਹਾਂ ਪਿੰਡਾਂ ਨੂੰ ਜੋ ਸੜਕ ਤੋਂ 1/2 ਮੀਲ ਜਾਂ ਇਸ ਤੋਂ ਘੱਟ ਦੂਰ ਹਨ ਅਤੇ ਸੜਕ ਨਾਲ ਜੁੜੇ ਗਿਣੇ ਜਾਂਦੇ ਹਨ, ਨੂੰ ਸੜਕਾਂ ਨਾਲ ਲਿੰਕ ਕਰਨ ਲਈ 10 ਕਰੋੜ ਰੁਪਏ ਦੀ ਲੋੜ ਹੋਵੇਗੀ । ਇਹ ਲੋੜੀਂਦੇ ਫੰਡਜ਼ ਅਤੇ ਮੈਟੀਰੀਅਲ ਪ੍ਰਾਪਤ ਹੋਣ ਤੇ ਹੀ ਦੱਸਿਆ ਜਾ ਸਕਦਾ ਹੈ ਕਿ ਇਸ ਸਕੀਮ ਨੂੰ ਮੁਕੰਮਲ ਕਰਨ ਤੇ ਕਿੰਨਾ ਸਮਾਂ ਲਗੇਗਾ ।

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : ਸਪੀਕਰ ਸਾਹਿਬ, ਮੇਰਾ ਇਕ ਸਵਾਲ ਹੈ । (ਵਿਘਨ) ਬਟਾਲਾ ਸਕੂਲ ਵਿਚ ਇਕ ਮੁੰਡੇ ਨੂੰ ਗੋਲੀ ਲੱਗਣ ਨਾਲ ਮੌਤ ਹੋ ਗਈ ਸੀ ਅਤੇ ਚੀਫ ਮਨਿਸਟਰ ਸਾਹਿਬ ਨੇ ਕਿਹਾ ਸੀ..... (ਵਿਘਨ)

Mr. Speaker : Please resume your seat. ਕੁਐਸਚਨ ਅਵਰ ਹੋ ਗਿਆ ਹੈ । (ਵਿਘਨ) (Please resume your seat. The question hour is over.) (*Interruption.*)

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : ਸਪੀਕਰ ਸਾਹਿਬ, ਬਟਾਲੇ ਸਕੂਲ ਵਿਚ ਇਕ ਮੁੰਡਾ ਗੋਲੀ ਲੱਗਣ ਨਾਲ ਮਰ ਗਿਆ ਸੀ । (ਵਿਘਨ) ਮੈਂ ਚੀਫ ਮਨਿਸਟਰ ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਉਹ ਇਸ ਬਾਰੇ ਦੱਸਣ ।

ਸਿਖਿਆ ਮੰਤਰੀ (ਸ਼੍ਰੀ ਗੁਰਮੇਲ ਸਿੰਘ) : ਸਪੀਕਰ ਸਾਹਿਬ, ਇਹ ਜਿਹੜਾ ਸੇਖੜੀ ਜੀ ਦਾ ਸਵਾਲ ਹੈ ਕਿ ਬਟਾਲਾ ਸਕੂਲ ਵਿਚ ਗੋਲੀ ਲੱਗਣ ਨਾਲ ਇਕ ਬੱਚੇ ਦੀ ਮੌਤ ਹੋਈ ਸੀ, ਉਸ ਦੇ ਬਾਰੇ 25 ਸੌ ਰੁਪਏ ਦੀ ਗਰਾਂਟ ਦੇਣ ਲਈ ਡੀ. ਸੀ. ਨੂੰ ਕਿਹਾ ਗਿਆ ਹੈ । (ਤਾੜੀਆਂ) ਉਸ ਤੋਂ ਬਾਅਦ ਮੈਂ ਸੀ. ਐਮ. ਸਾਹਿਬ ਨੂੰ ਰਿਕੁਐਸਟ ਕੀਤੀ ਜਦ ਸਾਨੂੰ ਇਹ ਖਬਰ ਮਿਲੀ ਕਿ ਉਨ੍ਹਾਂ ਦੇ ਘਰ ਦੀ ਮਾਲੀ ਹਾਲਤ ਬਹੁਤ ਖਰਾਬ ਹੈ ਤਾਂ ਸੀ. ਐਮ. ਸਾਹਿਬ ਨੇ 5 ਹਜ਼ਾਰ ਰੁਪਿਆ ਹੋਰ ਉਸ ਨੂੰ ਦੇਣ ਲਈ ਮੰਨ ਲਿਆ ਹੈ । (ਤਾੜੀਆਂ)

ਸ਼੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਮੈਂ ਵੀ ਇਕ ਗੱਲ ਕਰਨੀ ਚਾਹੁੰਦਾ ਹਾਂ (ਵਿਘਨ) ਇਕ ਕਲੰਡਰ ਛਪਿਆ ਹੈ । (ਵਿਘਨ)

ਸ਼੍ਰੀ ਸਪੀਕਰ : ਤੁਸੀਂ ਜ਼ੀਰੋ ਆਵਰ ਵਿਚ ਕਹਿ ਦੇਣਾ । (You can have your say during the Zero Hour.)

ਸ਼੍ਰੀ ਸਰਦਾਰੀ ਲਾਲ ਕਪੂਰ : ਕੀ ਫਿਰ ਸਾਨੂੰ ਟਾਈਮ ਮਿਲੇਗਾ ?

ਸ਼੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਸਾਨੂੰ ਵੀ ਟਾਈਮ ਦਿਓ । (ਵਿਘਨ)

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਤੁਸੀਂ ਬੈਠ ਜਾਓ, ਮੈਂ ਖੜਾ ਹਾਂ। (ਵਿਘਨ) ਜਿਸ ਵੇਲੇ ਮੈਂ ਖੜਾ ਹੋਵਾਂ ਤਾਂ ਤੁਹਾਨੂੰ ਬੈਠ ਜਾਣਾ ਚਾਹੀਦਾ ਹੈ। ਤੁਹਾਨੂੰ ਬਾਅਦ ਵਿਚ ਮੌਕਾ ਮਿਲੇਗਾ।

(Please resume your seat. I am on my legs (*Interruption*) While I am standing, you should resume your seat. You will get time to speak.)

QUESTIONS OF PRIVILEGE

Mr. Speaker : A notice of a privilege motion was received from Dr. Baldev Prakash M. L. A. on 12th August, 1974 alleging that the Leader of the House misled the House when he stated that no efforts what-so-ever were made to take the students to Delhi by the Government machinery of the State. I had informed the House that following the past practice I had written to the Chief Minister to clarify the position. I have now received a reply from the Chief Minister and examined the matter in detail.

The position is that the Chief Minister had on 7th August, 1974 at one stage stated that no Government officer was persuading any one or helping any one "ਲੇਕਿਨ ਸਰਕਾਰੀ ਅਫਸਰ ਕਿਸੇ ਨੂੰ ਵੀ ਪ੍ਰੇਰਨਾ ਨਹੀਂ ਦਾ ਰਿਹਾ ਅਤੇ ਨਾ ਹੀ ਕਿਸੇ ਦੀ ਮਦਦ ਕਰ ਰਿਹਾ ਹੈ।"

Dr. Baldev Prakash bases his privilege issue on this sentence of the statement of the Chief Minister and says in his notice :

> "This statement is contrary to the facts and amounts to misleading the House. Government machinery in general and education department in particular took active part in taking the students to Delhi."

In support thereof he enclosed a photo-stet copy of a letter of Deputy District Education Officer, Patlala, as published in the Daily Vir Partap of 9th August, 1974.

The Chief Minister, in his reply has clarified the position. The Chief Minister on 7th August, 1974 had stated in the House that no Government machinery was being used in connection with the rally at Delhi. He had also stated that if anybody wanted to go on his own, to that, there could be no objection. Regarding the letter of the Deputy District Education Officer, the Chief Minister has stated that it was issued by the Deputy District Education Officer, Patiala, on his own. Neither the District Education Officer, the D.P.I. nor the Government had issued any instructions to issue such a letter. This letter came to the notice of the Government on 9th of August, 1974 and the officer concerned was asked to explain why he had issued such a letter and as soon as this letter came to notice of the District Education Officer he cancelled the same. The District Education Officer through his letter of 7th August, 1974 clarified that the Deputy District Education Officer had issued the letter in his absence and that there were no instructions from the Government regarding sending of students to take part in the rally. It was also stated in the letter that the meeting which had been called, had been called to make it clear that no student should go to Delhi without the permission of their parents and further the teachers should take care and look after the students who went to Delhi of their own.

From the above it is clear that the letter was issued by a very junior officer. If the Government had any intention to issue any direction to the authorities for taking the students to Delhi the instructions would have been issued from the officer of the Director of Public Instruction or at Government level. The Deputy District Education Officer, Patiala, had no authority to issue instructions to the heads of the Schools in the State. The Chief Minister has also stated that when he was speaking in the House on the 7th August, 1974, it was not in the notice of the Department or the Chief Minister about any letter having been issued by the Deputy District Education Officer, Patiala.

Original with;
Punjab Vidhan Sabha
Digitized by;
Panjab Digital Library

[Mr. Speaker]

According to 'Kaul and Shakdher', page 252 :

"If any statement is made on the floor of the House by a member or Minister which another member believes to be untrue, incomplete or incorrect, it does not constitute a breach of privilege. If an incorrect statement is made, there are other remedies by which the issue can be decided. A breach of privilege can arise only when the member or the Minister makes a false statement or an incorrect statement wilfully, deliberately and knowingly."

In the present case, in view of the position explained by the Chief Minister I am satisfied that no breach of privilege is involved and I do not give my consent to the issue being raised.

Mr. Speaker : I have received today another notice of a privilege motion from Sarvshri Harbans Singh Jalal, Surjit Singh Barnala, Ajaib Singh Sandhu and Dhanna Singh Gulshan alleging that the Chief Minister made a wrong statement in the House on 7th August, 1974 with the intention to mislead the House when he stated that there was no official influence in organising the youth rally at Delhi. In support of their contention they have enclosed a letter in original, from the Deputy Education Officer, Bhatinda addressed to the Principal/Headmaster, M. S. S. D. Higher Secondary School, Bhatinda, requesting him to attend the meeting on 5th August, 1974, on the subject of youth rally.

Following past practice, I am referring the matter to the Education Minister for clarification.

Mr. Speaker : There is another notice of a privilege motion from Comrade Shamsher Singh Josh, M.L.A. received at 1.25 p.m. alleging that Sardar Umrao Singh, Revenue Minister, has given wrong information to the House regarding a press statement by C.P.I. Leader, Shri Avtar Singh Malhotra, protesting against the indiscriminate increase in the land revenue.

Following the past practice, I am referring the matter to Sardar Umrao Singh, Revenue Minister, for clarification.

ਮਾਲ ਅਤੇ ਚੋਣ ਮੰਤਰੀ (ਸਰਦਾਰ ਉਮਰਾਓ ਸਿੰਘ) : ਉਸ ਦਿਨ ਦੀਆਂ ਤਾਂ ਕਟਿੰਗਜ਼ ਸਨ, ਅੱਜ ਮੈਂ ਅਸਲੀ ਅਖ਼ਬਾਰ ਦੀ ਖ਼ਬਰ ਲਿਆਇਆ ਹਾਂ । (ਵਿਘਨ) 7 ਜੁਲਾਈ ਦੇ 'ਪ੍ਰਤਾਪ ਅਖ਼ਬਾਰ' ਦੇ ਜਿਹੜੇ ਲਫਜ਼ ਸਨ, ਉਹ ਮੈਂ ਪੜ੍ਹਦਾ ਹਾਂ, ਉਹ ਇਸ ਤਰ੍ਹਾਂ ਹਨ :

'ਪੰਜਾਬ ਕਮਿਊਨਿਸਟ ਪਾਰਟੀ ਦੇ ਸੈਕਟਰੀ ਸ਼੍ਰੀ ਅਵਤਾਰ ਸਿੰਘ ਮਲਹੋਤਰਾ ਨੇ ਜ਼ਰੱਈ ਸ਼ੁਭਾ ਸੇ ਮਜ਼ੀਦ ਟੈਕਸ ਹਾਸਲ ਕਰਨੇ ਕੇ ਬਾਰੇ ਪੰਜਾਬ ਸਰਕਾਰ ਕੇ ਕਦਮ ਕੀ ਹਿਮਾਇਤ ਕੀ ਹੈ ।'

ਇਸੇ ਤਰ੍ਹਾਂ, ਸਪੀਕਰ ਸਾਹਿਬ, 7 ਜੁਲਾਈ, 1974 ਦੀ 'ਨਵਾਂ ਜ਼ਮਾਨਾ' ਅਖ਼ਬਾਰ ਹੈ । ਇਸ ਦੇ ਵਿਚ ਲਿਖਿਆ ਹੈ :—

'ਸਾਥੀ ਮਲਹੋਤਰਾ ਨੇ ਕਿਹਾ ਪੰਜਾਬ ਸਰਕਾਰ ਨੇ ਖੇਤੀ ਬਾੜੀ ਤੋਂ ਵਧੇਰੇ ਧੰਨ ਇਕੱਠਾ ਕਰਨ ਲਈ ਜੋ ਨਿਗੁਣੀ ਜਿਹੀ ਕੋਸ਼ਿਸ਼ ਕੀਤੀ ਹੈ ਅਕਾਲੀ ਲੀਡਰਸ਼ਿਪ ਨੂੰ ਉਹ ਵੀ ਪਰਵਾਨ ਨਹੀਂ ਹੈ ਕਿਉਂਕਿ ਅਕਾਲੀ ਲੀਡਰਸ਼ਿਪ ਹਰ ਤਹੀਕੇ ਲੈਂਡ ਲਾਰਡਾਂ ਤੇ ਧਨਾਢ ਦੇ ਹਿੱਤਾਂ ਦੀ ਰਾਖੀ ਕਰਨਾ ਆਪਣਾ ਫਰਜ਼ ਸਮਝਦੀ ਹੈ । ਉਨ੍ਹਾਂ ਕਿਹਾ ਸਰਕਾਰ ਨੇ ਜ਼ਮੀਨੀ ਮਾਲੀਏ ਤੇ ਜੋ ਦਰਜੇਵਾਰ ਲੈਵੀ ਲਾਈ ਹੈ ਖੇਤੀ ਸਾਧਨਾਂ ਤੋਂ ਫੈਰੀ ਤੌਰ ਤੇ ਧੰਨ ਇਕੱਠਾ ਕਰਨ ਦਾ ਯਤਨ ਹੈ ਤੇ ਇਕ ਚੰਗਾ ਕਦਮ ਹੈ ।'

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਇਹ ਉਨ੍ਹਾਂ ਦੀ ਸਟੇਟਮੈਂਟ ਹੈ ਅਤੇ ਇਨ੍ਹਾਂ ਦਾ ਆਪਣਾ ਹੀ ਅਖ਼ਬਾਰ ਹੈ । ਬਾਕੀ ਜੇ ਇਹ ਆਪਣੇ ਲੀਡਰ ਦੀ ਸਟੇਟਮੈਂਟ ਨਹੀਂ ਪੜ੍ਹਦੇ ਤਾਂ ਮੈਂ ਇਨ੍ਹਾਂ ਨਾਲ ਹਮਦਰਦੀ ਹੀ ਕਰ ਸਕਦਾ ਹਾਂ ਹੋਰ ਕੀ ਕਰ ਸਕਦਾ ਹਾਂ ।

ਡਾਕਟਰ ਬਲਦੇਵ ਪ੍ਰਕਾਸ਼ : ਆਨ ਏ ਪੁਆਇੰਟ ਆਫ਼ ਆਰਡਰ, ਸਰ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੇਰੇ ਕੋਲ ਇਸ ਬਿਆਨ ਦੀ ਅਸਲ ਕਾਪੀ ਹੈ । ਕਮਿਊਨਿਸਟ ਪਾਰਟੀ ਦੇ ਲੀਡਰ ਨੂੰ ਗਲਤ ਤੌਰ ਤੇ ਹਾਊਸ ਵਿਚ ਇਨ੍ਹਾਂ ਨੇ ਪੁਟ ਕੀਤਾ ਹੈ । ਇਸ ਦੇ ਵਿਚ ਲਿਖਿਆ ਹੈ :

'ਸਾਥੀ ਮਲਹੋਤਰਾ ਵਲੋਂ ਛੋਟੇ ਕਿਸਾਨਾਂ ਨੂੰ ਲੈਵੀ ਤੇ ਸੈਸ ਤੋਂ ਛੋਟ ਦੇਣ ਦੀ ਮੰਗ ।'

'ਧਨਾਢ ਕਿਸਾਨਾਂ ਪ੍ਰਤੀ ਸਰਕਾਰ ਦੇ ਲਿਹਾਜ਼ ਵਤੀਰੇ ਦੀ ਨਿਖੇਧੀ—ਨਿਗੂਣੇ ਯਤਨ ਦੀ ਹਿਮਾਇਤ'

'ਅਕਾਲੀ ਲੀਡਰਸ਼ਿਪ ਦੇ ਧਨਾਢਾਂ ਦੀ ਵਕਾਲਤ ਦੀ ਨਖੇਧੀ'

'ਸਾਥੀ ਮਲਹੋਤਰਾ, ਸਕੱਤਰ, ਪੰਜਾਬ ਕੌਂਸਲ ਕਮਿਊਨਿਸਟ ਪਾਰਟੀ ਨੇ ਇਕ ਪਰੈਸ ਬਿਆਨ ਵਿਚ ਕਿਹਾ ਹੈ ਕਿ ਖੇਤੀ ਬਾੜੀ ਖੇਤਰ ਵਿਚ ਵਧੇਰੇ ਸਾਧਨਾਂ ਦੀ ਪਰਾਪਤੀ ਲਈ ਰਾਜ ਕਮੇਟੀ ਨੇ ਜੋ ਚੰਗੀਆਂ ਸਿਫਾਰਸ਼ਾਂ ਕੀਤੀਆਂ ਸਨ ਸਰ ਸਰਕਾਰ ਉਨ੍ਹਾਂ ਤੋਂ ਮੁਕਰ ਗਈ ਹੈ ਕਿਉਂਕਿ ਇਸ ਤਰ੍ਹਾਂ ਸਰਕਾਰ ਨੇ ਰਾਜ ਦੇ ਧਨਾਢ ਕਿਸਾਨਾਂ ਤੇ ਲੈਂਡ ਲਾਰਡਾਂ ਨੂੰ ਖੁਸ਼ ਕਰਨ ਦਾ ਯਤਨ ਕੀਤਾ ।'

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਮੈਂ ਕੋਈ ਗਲਤ ਬਿਆਨੀ ਨਹੀਂ ਕੀਤੀ । ਮੈਂ ਬਿਲਕੁਲ ਗਲਤ ਨਹੀਂ ਪੜ੍ਹਿਆ । (ਵਿਘਨ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਹਾਊਸ ਵਿਚ ਅੱਧਾ ਬਿਆਨ ਪੜ੍ਹ ਕੇ ਗਲਤ ਬਿਆਨੀ ਕਰਦੇ ਹਨ । (ਵਿਘਨ) (ਸ਼ੋਰ) ਇਹ ਹਾਊਸ ਨੂੰ ਮਿਸਲੀਡ ਕਰਦੇ ਹਨ । ਕਮਿਊਨਿਸਟ ਪਾਰਟੀ ਬਿਲਕੁਲ ਹਿਮਾਇਤ ਨਹੀਂ ਕਰਦੀ । (ਵਿਘਨ) (ਸ਼ੋਰ)

ਡਾਕਟਰ ਬਲਦੇਵ ਪ੍ਰਕਾਸ਼ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਜਿਹੜਾ ਤੁਸੀਂ ਦਸਿਆ ਹੈ..... (ਵਿਘਨ) ਸਪੀਕਰ ਸਾਹਿਬ, ਤੁਸੀਂ ਸੁਣ ਤਾਂ ਲਓ ।

Mr Speaker : No discussion on my ruling.

Dr. Baldev Prakash : Kindly hear me.

Mr. Speaker : You cannot discuss my ruling.

ਡਾਕਟਰ ਬਲਦੇਵ ਪ੍ਰਕਾਸ਼ : ਮੇਰਾ ਪੁਆਇੰਟ ਆਫ਼ ਆਰਡਰ ਸੁਣ ਤਾਂ ਲਓ । ਤੁਸੀਂ ਬੇਸ਼ਕ ਰੂਲ ਆਊਟ ਕਰ ਦੇਣਾ । (ਵਿਘਨ)

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਜੇ ਤੁਸੀਂ ਰੂਲਿੰਗ ਦੇ ਬਾਰੇ ਵਿਚ ਕਹਿਣਾ ਹੈ ਤਾਂ ਅਲਾਓ ਨਹੀਂ ਕੀਤਾ ਜਾ ਸਕਦਾ । (If you want to say something about the ruling, then you cannot be allowed.)

ਡਾਕਟਰ ਬਲਦੇਵ ਪ੍ਰਕਾਸ਼ ; ਮੁੱਖ ਮੰਤਰੀ ਸਾਹਿਬ ਨੇ ਜਿਹੜਾ ਜਵਾਬ ਭੇਜਿਆ ਹੈ ਉਸ ਦੇ ਬਾਰੇ ਮੇਰਾ ਕਹਿਣਾ ਹੈ ।

ਸ਼੍ਰੀ ਸਪੀਕਰ : ਨਹੀਂ, ਤੁਸੀਂ ਉਸ ਦੇ ਬਾਰੇ ਨਹੀਂ ਕਹਿ ਸਕਦੇ । (ਵਿਘਨ) (No, you cannot discuss the ruling.) (*Interruption*)

ਡਾਕਟਰ ਬਲਦੇਵ ਪ੍ਰਕਾਸ਼ : ** ** ** ।

Mr. Speaker : Doctor Sahib, please resume your seat. ਜੋ ਕੁਝ ਡਾਕਟਰ ਸਾਹਿਬ ਚੇਅਰ ਦੀ ਪ੍ਰਮਿਸ਼ਨ ਬਗੈਰ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (ਵਿਘਨ) (ਸ਼ੋਰ)

(Doctor Sahib, please resume your seat. Whatever the hon. Member Doctor Baldev Prakash is saying without the permission of the Chair, should not be recorded.)

(*Interruption and Noise*)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਜਿਹੜਾ ਤੁਹਾਡੇ ਵਲੋਂ ਜਵਾਬ ਦਿੱਤਾ ਗਿਆ ਹੈ ....

Mr. Speaker : No discussion please.

ਮਾਲ ਅਤੇ ਚੋਣ ਮੰਤਰੀ : ਤੁਸੀਂ ਰੂਲਿੰਗ ਤੋਂ ਬਾਅਦ ਕਹਿ ਦਿੱਤਾ ਹੈ ਕਿ ਕੋਈ ਡਿਸਕਸ਼ਨ ਰੂਲਿੰਗ ਤੇ ਨਹੀਂ ਹੋਣੀ ਚਾਹੀਦੀ । ਇਹ ਫਿਰ ਵੀ ਬੋਲਣ ਲਈ ਖੜੇ ਹੋ ਰਹੇ ਹਨ । (ਵਿਘਨ)

ਸ਼੍ਰੀ ਸਪੀਕਰ: ਹਾਂ ਜੀ, ਠੀਕ ਹੈ । ਕੋਈ ਡਿਸਕਸ਼ਨ ਨਹੀਂ ਹੋਣੀ ਚਾਹੀਦੀ । (That is right. There should be no discussion on the ruling.)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਤੁਹਾਨੂੰ ਜਿਹੜਾ ਜਵਾਬ ਦਿੱਤਾ ਗਿਆ ਹੈ ਉਹ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਧੂਰਾ ਹੈ । (ਵਿਘਨ)

Mr. Speaker : I am satisfied with the answeras. (*Interruption*

ਡਾਕਟਰ ਬਲਦੇਵ ਪ੍ਰਕਾਸ਼ : * * * * * *

ਸ਼੍ਰੀ ਸਪੀਕਰ : ਜੋ ਕੁਝ ਡਾਕਟਰ ਸਾਹਿਬ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ । (Whatever the hon. Member Dr. Baldev Prakash is saying that should not be recorded.)

---

*Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ : ਮਿਸਟਰ ਸਪੀਕਰ, ਜਿਹੜੀ ਡਾਕਟਰ ਸਾਹਿਬ ਦੀ ਪ੍ਰਿਵਿਲੇਜ ਮੋਸ਼ਨ ਤੇ ਤੁਸੀਂ ਰੂਲਿੰਗ ਦਿੱਤੀ ਹੈ (ਵਿਘਨ) This is a very serious matter. Kindly listen to me.

Mr. Speaker : I would not allow any discussion on my ruling.

Sardar Ajaib Singh Sandhu : * * * *

ਸ਼੍ਰੀ ਸਪੀਕਰ : ਜੋ ਕੁਝ ਸੰਧੂ ਸਾਹਿਬ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (Whatever the hon. Member Sardar Ajaib Singh Sandhu is saying, should not be recorded.)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਤੁਸੀਂ ਜਿਹੜੀ ਚਾਰ ਬੰਦਿਆਂ ਦੀ ਪ੍ਰਿਵਿਲੇਜ ਮੋਸ਼ਨ ਹੈ ਉਹ ਪੈਂਡਿੰਗ ਰੱਖ ਲਈ ਹੈ.... (ਵਿਘਨ)

ਸ਼੍ਰੀ ਸਪੀਕਰ : ਮੈਂ ਅੱਜ ਹੀ ਉਸ ਤੇ ਰੂਲਿੰਗ ਦੇਵਾਂਗਾ । (ਵਿਘਨ)
(I will give my ruling on that Privilege Motion today.)
(*Interruption*)

ਸਰਦਾਰ ਅਜਾਇਬ ਸਿੰਘ ਸੰਧੂ : ਤੁਸੀਂ ਸਾਨੂੰ ਭੋਗ ਕਿਉਂ ਕਰਦੇ ਹੋ ? (ਵਿਘਨ) ਤੁਸੀਂ ਸਾਡੀ ਰੂਲਿੰਗ ਰਿਜ਼ਰਵ ਰੱਖ ਲਈ ਹੈ ।

ਸ਼੍ਰੀ ਸਪੀਕਰ : ਮੈਂ ਰੂਲਿੰਗ ਰਿਜ਼ਰਵ ਰੱਖ ਸਕਦਾ ਹਾਂ, ਇਹ ਮੇਰਾ ਅਧਿਕਾਰ ਹੈ । (I can reserve my ruling, it is my Privilege.)

ਸਰਦਾਰ ਅਜਾਇਬ ਸਿੰਘ ਸੰਧੂ : ਅੱਜ ਅਖੀਰਲਾ ਦਿਨ ਹੈ, ਤੁਸੀਂ ਇਸ ਤਰ੍ਹਾਂ ਨਾ ਕਰੋ ।

Mr. Speaker : I assure you that I will give my ruling today. ਜੋ ਕੁਝ ਤੁਸੀਂ ਕਿਹਾ ਹੈ ਉਸ ਬਾਰੇ ਮੈਂ ਉਨ੍ਹਾਂ ਦਾ ਵਰਸ਼ਨ ਲੈ ਕੇ ਰੂਲਿੰਗ ਦੇ ਦੇਵਾਂਗਾ । (ਵਿਘਨ) (I assure you that I will give my ruling today. I will give my ruling on your motion after obtaining the hon. Minister's version on it.)

ਸ਼ਰਦਾਰ ਅਜਾਇਬ ਸਿੰਘ ਸੰਧੂ : * * * * * *

ਸ਼੍ਰੀ ਸਪੀਕਰ : This is no point of order. ਜੋ ਕੁਝ ਸੰਧੂ ਸਾਹਿਬ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (This is no point of order. Whatever the hon. Member Shri Sandhu is saying, should not be recorded.)

---

*Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ : ** ** **

(ਇਸ ਵਕਤ ਅਕਾਲੀ ਪਾਰਟੀ ਦੇ ਕਈ ਮਾਨਯੋਗ ਮੈਂਬਰ ਸਾਹਿਬਾਨ ਬੋਲ ਰਹੇ ਸਨ ** **)

ਸ਼੍ਰੀ ਸਪੀਕਰ : ਜੋ ਕੁਝ ਆਨਰੇਬਲ ਮੈਂਬਰਜ਼ ਚੇਅਰ ਦੀ ਪ੍ਰਮਿਸ਼ਨ ਬਗੈਰ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (ਵਿਘਨ) (ਸ਼ੋਰ) (Whatever the hon. Members are saying without the permission of the Chair, should not be recorded.) (*Noise*)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਦੇ ਨਾਲ ਲੱਖਾਂ ਰੁਪਏ ਦਾ ਸਟੇਟ ਨੂੰ ਘਾਟਾ ਪਿਆ ਹੈ । I will tell you. (ਸ਼ੋਰ)

ਸ਼੍ਰੀ ਸਪੀਕਰ : ਇਹ ਡਿਸਕਸ਼ਨ ਰੂਲਿੰਗ ਦੇ ਬਾਅਦ ਨਹੀਂ ਹੋ ਸਕਦੀ । (ਸ਼ੋਰ) (No discussion can be raised after my ruling.) (*Noise*)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਰੂਲਿੰਗ ਤੇ ਅਗੇ ਡਿਸਕਸ਼ਨ ਰੇਜ਼ ਹੁੰਦੀ ਰਹੀ ਹੈ । ਅਸੀਂ ਵੀ ਰੂਲਿੰਗ ਤੇ ਡਿਸਕਸ਼ਨ ਕਰਨਾ ਚਾਹੁੰਦੇ ਹਾਂ ।

Mr. Speaker : I will not allow it.

ਸਰਦਾਰ ਸੁਰਜੀਤ ਸਿੰਘ ਬਰਨਾਲਾ : ** ** **

ਸ਼੍ਰੀ ਸਪੀਕਰ : ਇਹ ਜੋ ਕੁਝ ਵੀ ਸਰਦਾਰ ਸੁਰਜੀਤ ਸਿੰਘ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (Whatever Sardar Surjit Singh is saying, should not be recorded.)

ਰਾਜ ਮੰਤਰੀ, ਲੋਕ ਕਾਰਜ (ਸ਼੍ਰੀ ਜੋਗਿੰਦਰ ਪਾਲ ਪੰਡੇ) : ਸਪੀਕਰ ਸਾਹਿਬ, ਇਸ ਤਰ੍ਹਾਂ ਹਾਊਸ ਦਾ ਟਾਈਮ ਵੇਸਟ ਨਹੀਂ ਹੋਣਾ ਚਾਹੀਦਾ । (ਵਿਘਨ)

(ਇਸ ਵਕਤ ਕਈ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਬੋਲ ਰਹੇ ਸਨ ਅਤੇ ਹਾਊਸ ਵਿਚ ਬੜਾ ਸ਼ੋਰ ਸੀ ** **)

ਸ਼੍ਰੀ ਸਪੀਕਰ : ਜੋ ਕੁਝ ਵੀ ਮੈਂਬਰ ਸਾਹਿਬਾਨ ਬਗੈਰ ਪਰਮਿਸ਼ਨ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (Whatever the hon. Members are saying without the permission of the Chair, should not be recorded.)

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : ਸਪੀਕਰ ਸਾਹਿਬ, ਮੇਰੀ ਪ੍ਰਿਵਿਲਜ ਮੋਸ਼ਨ ਇਹ ਹੈ ਕਿ ਇਹ ਜਿਹੜਾ ਸੰਧੂ ਸਾਹਿਬ ਨੇ ਕਿਹਾ ਹੈ ਕਿ ਅਸੀਂ ਹਾਊਸ ਦੀ ਕਾਰਵਾਈ ਨਹੀਂ, ਚਲਣ ਦਿਆਂਗੇ, ਇਹ ਥਰੈਟਨਿੰਗ ਹੈ, ਇਹ ਧਮਕੀ ਹੈ.... (ਵਿਘਨ)

*Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਮੈਂ ਆਨਰੇਬਲ ਮੈਂਬਰ ਸਾਹਿਬਾਨ ਨੂੰ ਕਹਾਂਗਾ ਕਿ ਅੱਜ ਆਖ਼ਰੀ ਦਿਨ ਹੈ ਇਸ ਤਰ੍ਹਾਂ ਦੀਆਂ ਥਰੈਟਸ ਨਾ ਦਿੱਤੀਆਂ ਜਾਣ, it is not good. ਰੂਲਿੰਗ ਤੇ ਡਿਸਕਸ਼ਨ ਨਾ ਕਰੋ । ਜੋ ਰੂਲਿੰਗ ਮੈਂ ਰਿਜ਼ਰਵ ਰੱਖੀ ਹੋਈ ਹੈ, ਉਸ ਦਾ ਜਵਾਬ ਆਉਣ ਤੇ ਅੱਜ ਹੀ ਰੂਲਿੰਗ ਦੇ ਦਿੱਤੀ ਜਾਵੇਗੀ । (ਵਿਘਨ) (ਸ਼ੋਰ) (I would request the hon. Members not to give such threats to each other on this last day of the Session. It is not good. Do not discuss my ruling. The ruling which has been reserved shall be given today after receiving the reply of the hon. Minister.) (*Interruption*)

ਮਾਲ ਅਤੇ ਚੋਣ ਮੰਤਰੀ (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਂ ਤੁਹਾਡੇ ਰਾਹੀਂ ਸੰਧੂ ਸਾਹਿਬ ਦਾ ਧਿਆਨ ਕੌਲ ਐਂਡ ਸ਼ਕਦਰ ਦੇ ਸਫ਼ਾ 100 ਵੱਲ ਲਿਜਾਣਾ ਚਾਹੁੰਦਾ ਹਾਂ, ਉਸ ਵਿਚ ਕਲੀਅਰ ਲਿਖਿਆ ਹੋਇਆ ਹੈ :

> 'The Speaker's rulings, as already stated, cannot be questioned, except on a substantive motion. A member who protests against the ruling of the Speaker commits contempt of the House and the Speaker.'

ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਅਗਰ ਕੋਈ ਮੈਂਬਰ ਸਾਹਿਬ ਰੂਲਿੰਗ ਤੇ ਡਿਸਕਸ਼ਨ ਲਈ ਪ੍ਰੈਟੀਸ਼ਨ ਕਰਦਾ ਹੈ ਅਤੇ ਅਗਰ ਕੋਈ ਥਰੈਟਨਿੰਗ ਕਰਦਾ ਹੈ ਤਾਂ ਇਹ ਚੈਅਰ ਤੇ ਰਿਫਲੈਕਸ਼ਨ ਹੈ । ਮੈਂ ਅਰਜ਼ ਕਰਾਂਗਾ ਕਿ ਹਾਊਸ ਦੀ ਡਿਗਨਿਟੀ ਨੂੰ ਮੱਦੇ ਰੱਖਿਆ ਜਾਵੇ ਅਤੇ ਮਿਨਿਸਟਰੀ ਆਫ਼ ਦੀ ਅਨੈਸ਼ੀਅਲ ਨੂੰ ਬੇਨਤੀ ਕਰਾਂਗਾ ਕਿ ਅੱਜ ਦਾ ਦਿਨ ਨਾਨ-ਆਫੀਸ਼ੀਅਲ ਤੇ ਹੋ ਗਿਆ ਹੈ ਜੇਕਰ ਇਸ ਵਿਚ ਰੋਲਾ ਪਾਉਣਾ ਹੈ ਤਾਂ ਅਗੇ ਲਈ ਨਾਨ-ਆਫੀਸ਼ੀਅਲ ਤੇ ਦੱਖਣ ਦਾ ਕੋਸ ਇਹ ਖ਼ਰਾਬ ਕਰ ਚੁੱਕੇ ਹਨ । (ਵਿਘਨ)

ਸਰਦਾਰ ਅਜੀਤ ਸਿੰਘ ਸੰਧੂ : ਆਨ ਏ ਪੁਆਇੰਟ ਆਫ਼ ਆਰਡਰ, ਸਰ .... (ਵਿਘਨ)

ਸ਼੍ਰੀ ਸਪੀਕਰ : ਸਰਦਾਰ ਉਮਰਾਓ ਸਿੰਘ ਦੀ ਆਨਰੇਬਲ ਪੁਆਇੰਟ ਆਫ਼ ਆਰਡਰ ਤੇ ਖੜੇ ਹਨ ਅਤੇ ਉਨ੍ਹਾਂ ਦਾ ਪੁਆਇੰਟ ਆਫ਼ ਆਰਡਰ ਬਿਲਕੁਲ ਰੈਲੇਵੈਂਟ ਹੈ । (ਵਿਘਨ) (Sardar Umrao Singh is already on a point of order and his point of order is quite relevant to the issue.)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਸੰਧੂ ਸਾਹਿਬ ਨੇ ਵੱਡੀ ਕੋਸ਼ਿਸ਼ ਨਾਲ ਅੱਜ ਦਾ ਡੇ ਨਾਨ-ਆਫੀਸ਼ੀਅਲ ਡੇ ਡਿਕਲੇਅਰ ਕਰਵਾਇਆ ਸੀ । ਅੱਜ Punjab Scheduled Castes Land Development and Finance Corporation ਦੀ ਰਿਪੋਰਟ ਤੇ ਡਿਸਕਸ਼ਨ ਹੋਣੀ ਹੈ ਅਤੇ ਸਾਡੇ ਸਾਥੀ ਉਸ ਤੇ ਬੋਲਣਾ ਚਾਹੁੰਦੇ ਹਨ । ਮੇਰੀ ਗੁਜ਼ਾਰਿਸ਼ ਇਹ ਹੈ ਕਿ ਪਰੰਪਰਾ ਦੇ ਮੁਤਾਬਕ ਅਤੇ ਰੂਲਜ਼ ਦੇ ਮੁਤਾਬਕ ਜੋ ਰੂਲਿੰਗ ਦਿੱਤੀ ਜਾ ਚੁਕੀ ਹੈ ਉਸ ਤੇ ਡਿਸਕਸ਼ਨ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ ਅਤੇ ਹਾਊਸ ਦੀ ਕਾਰਵਾਈ ਅਗੇ ਚਲਾਉਣੀ ਚਾਹੀਦੀ ਹੈ । (ਵਿਘਨ)

(ਇਸ ਵਕਤ ਕਈ ਮੈਂਬਰ ਸਾਹਿਬਾਨ ਪੁਆਇੰਟ ਆਫ਼ ਆਰਡਰ ਤੇ ਖੜੇ ਸਨ ਅਤੇ ਸ਼੍ਰੀ ਸਪੀਕਰ ਨੇ ਸਰਦਾਰ ਅਜੀਤ ਸਿੰਘ ਸੰਧੂ ਨੂੰ ਬੋਲਣ ਦੀ ਇਜਾਜ਼ਤ ਦਿੱਤੀ ।)

Original with;
Punjab Vidhan Sabha
Digitized by;
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ : * ** ** (ਵਿਘਨ)

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ। Please resume your seat. (ਵਿਘਨ) (This is no point of order. Please resume your seat.) (*Interruption*)

ਸਰਦਾਰ ਅਜਾਇਬ ਸਿੰਘ ਸੰਧੂ: * ** **

ਸ਼੍ਰੀ ਸਪੀਕਰ : ਜੋ ਕੁਝ ਸੰਧੂ ਸਾਹਿਬ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ। Sandhu Sahib, please resume your seat. (ਵਿਘਨ) (Whatever Mr. Sandhu is saying, should not be recorded. Sandhu Sahib please resume your seat.) (*Interruption*)

ਸਰਦਾਰ ਅਜਾਇਬ ਸਿੰਘ ਸੰਧੂ : ** ** **

ਸ਼੍ਰੀ ਸਪੀਕਰ: ਜੋ ਕੁਝ ਵੀ ਸੰਧੂ ਸਾਹਿਬ ਬਗੈਰ ਪਰਮਿਸ਼ਨ ਆਫ ਦੀ ਚੇਅਰ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ। (ਵਿਘਨ) (Whatever Mr. Sandhu is saying without the permission of the Chair, should not be recorded.) (*Interruption*)

ਡਾਕਟਰ ਅਮੀਰ ਸਿੰਘ ਕਲਕਟ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (ਵਿਘਨ) (This is no point of order.) (*Interruption*)

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅਗਰ ਸਾਡੇ ਸਟੂਡੈਂਟਸ ਖੜੇ ਹੋ ਗਏ ਤਾਂ ਇਹ ਲਭਣੇ ਨਹੀਂ, ਜੇ ਇਹ ਇਸ ਤਰ੍ਹਾਂ ਦੀਆਂ ਗੱਲਾਂ ਕਰਨਗੇ।

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਤਸ਼ਰੀਫ਼ ਰਖੋ। (Doctor Sahib, please resume your seat.)

ਡਾਕਟਰ ਅਮੀਰ ਸਿੰਘ ਕਲਕਟ : ਸਾਡੇ ਸਟੂਡੈਂਟਸ ਬੜੇ ਇਮਾਨਦਾਰ ਅਤੇ ਮੁਲਕ ਦੀ ਸੇਵਾ ਕਰਨ ਲਈ ਹਰ ਵਕਤ ਤਿਆਰ ਹਨ। (ਵਿਘਨ) (ਥੰਪਿੰਗ)

(ਇਸ ਵਕਤ ਕਈ ਮੈਂਬਰ ਸਹਿਬਾਨ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਬੋਲ ਰਹੇ ਸਨ * * * *)

ਸ਼੍ਰੀ ਸਪੀਕਰ : ਜੋ ਕੁਝ ਬਗੈਰ ਪਰਮਿਸ਼ਨ ਕਿਹਾ ਜਾ ਰਿਹਾ ਹੈ, ਰਿਕਾਰਡ ਨਾ ਕੀਤਾ ਜਾਵੇ। (ਵਿਘਨ) (Whatever is being said by the hon. Members without the permission of the Chair, should not be recorded.) (*Interruption*)

**Not recorded/Expunged as ordered by the Chair.

Original with;
Punjab Vidhan Sabha
Digitized by;
Panjab Digital Library

ਚੌਧਰੀ ਦਰਸ਼ਨ ਸਿੰਘ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਨ੍ਹਾਂ ਨੇ ਹਾਊਸ ਵਿਚ ਫੋਟੋ ਸਟੇਟ ਕਾਪੀ ਰਖੀ ਅਤੇ ਤੁਸੀਂ ਰੂਲਿੰਗ ਦੇ ਦਿਤੀ (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਚੌਧਰੀ ਸਾਹਿਬ, ਰੂਲਿੰਗ ਤੇ ਡਿਸਕਸ਼ਨ ਨਾ ਕਰੋ। (ਵਿਘਨ) (Chaudhri Sahib, please do not discuss the ruling) (*Interruption*)

ਚੌਧਰੀ ਦਰਸ਼ਨ ਸਿੰਘ: ਸਪੀਕਰ ਸਾਹਿਬ, ਮੈਂ ਸੀ. ਐਮ. ਸਾਹਿਬ ਦੀ ਸਟੇਟਮੈਂਟ ਦੇ ਬਾਰੇ ਕਹਿਣਾ ਚਾਹੁੰਦਾ ਹਾਂ....(ਵਿਘਨ)

ਸ਼੍ਰੀ ਸਪੀਕਰ : ਚੌਧਰੀ ਸਾਹਿਬ, ਰੂਲਿੰਗ ਤੇ ਡਿਸਕਸ਼ਨ ਨਹੀਂ ਹੋ ਸਕਦੀ। ਤੁਸੀਂ ਤਸ਼ਰੀਫ਼ ਰਖੋ। (Chaudhri Sahib, ruling cannot be discussed. Please resume your seat.)

ਸ਼੍ਰੀ ਸਰਦਾਰੀ ਲਾਲ ਕਪੂਰ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਮੇਰੇ ਕੋਲ ਇਕ ਕਲੰਡਰ ਹੈ ਮੋਹਨ ਮੇਕਨ ਬਿਊਰੀਜ਼ ਵਾਲਿਆਂ ਦਾ। ਇਸ ਵਿਚ ਤਸਵੀਰਾਂ ਦਿਤੀਆਂ ਹਨ.... ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ, ਸ਼੍ਰੀ ਕ੍ਰਿਸ਼ਨ ਮਹਾਰਾਜ ਦੀਆਂ, ਸ਼੍ਰੀ ਰਾਮ ਚੰਦਰ ਜੀ ਦੀਆਂ ਅਤੇ ਸ਼੍ਰੀ ਯਸੂ ਮਸੀਹ ਦੀਆਂ ਅਤੇ ਹੋਰ....(ਵਿਘਨ) (ਸ਼ੋਰ)

ਸਰਦਾਰ ਜਸਵਿੰਦਰ ਸਿੰਘ ਬਰਾੜ : ** ** (ਵਿਘਨ)

ਸ਼੍ਰੀ ਸਪੀਕਰ: ਜੋ ਕੁਝ ਬਰਾੜ ਸਾਹਿਬ ਨੇ ਕਿਹਾ ਹੈ ਇਹ ਐਕਸਪੰਜ ਕਰ ਦਿਤਾ ਜਾਵੇ। (ਵਿਘਨ) (Whatever Sardar Jaswinder Singh Brar has said, that should be expunged) (*Interruption*)

(ਇਸ ਵਕਤ ਉਹ ਕਲੰਡਰ ਸ਼੍ਰੀ ਸਰਦਾਰੀ ਲਾਲ ਕਪੂਰ ਨੇ ਸਪੀਕਰ ਸਾਹਿਬ ਕੋਲ ਭੇਜ ਦਿਤਾ)

ਸਰਦਾਰ ਅਜਾਇਬ ਸਿੰਘ ਸੰਧੂ : ** **

ਸ਼੍ਰੀ ਸਪੀਕਰ : ਇਹ ਜੋ ਕੁਝ ਸੰਧੂ ਸਾਹਿਬ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ। (Whatever Sardar Ajaib Singh Sandhu is saying, may not be recorded.)

ਸਰਦਾਰ ਜਸਵਿੰਦਰ ਸਿੰਘ ਬਰਾੜ: ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। (This is no point of order.)

---

*Expunged /Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਜਸਵਿੰਦਰ ਸਿੰਘ ਬਰਾੜ : ** **

ਸ਼੍ਰੀ ਸਪੀਕਰ ਇਹ ਜੋ ਕੁਝ ਬਰਾੜ ਸਾਹਿਬ ਚੇਅਰ ਦੀ ਪਰਮਿਸ਼ਨ ਤੋਂ ਬਿਨਾਂ ਕਹਿ ਰਹੇ ਹਨ ਰਿਕਾਰਡ ਨਾ ਕੀਤਾ ਜਾਵੇ । (Whatever Brar Sahib is saying without the permission of the Chair, may not be recorded.)

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਪ੍ਰਿਵਲਿਜ । ਸਪੀਕਰ ਸਾਹਿਬ, ਮੇਰਾ ਪ੍ਰਿਵਲਿਜ ਇਸ਼ੂ ਹੁਣੇ ਹੁਣੇ ਅਰਾਇਜ਼ ਹੋਇਆ ਹੈ । ਮੁੱਖ ਮੰਤਰੀ ਸਾਹਿਬ ਨੇ ਜਿਹੜਾ ਜਵਾਬ ਪੜ੍ਹਿਆ ਉਸ ਦੇ ਵਿਚ ਇਕ ਸੈਕੰਡ ਬ੍ਰੀਚ ਆਫ਼ ਪ੍ਰਿਵਲਿਜ਼ ਕੀਤਾ ਹੈ । ਇਨ੍ਹਾਂ ਨੇ ਕਿਹਾ ਹੈ ਕਿ ਡਿਪਟੀ ਐਜੂਕੇਸ਼ਨ ਅਫਸਰ ਨੇ ਇਕ ਚਿੱਠੀ ਲਿਖੀ ।

ਸ਼੍ਰੀ ਸਪੀਕਰ: ਇਹ ਕੋਈ ਪੁਆਇੰਟ ਆਫ਼ ਪ੍ਰਿਵਲਿਜ ਨਹੀਂ । ਤੁਸੀਂ ਮੈਨੂੰ ਲਿਖ ਕੇ ਭੇਜ ਦਿਓ । ਮੈਂ ਇਸ ਨੂੰ ਐਗਜ਼ਾਮਿਨ ਕਰ ਲਵਾਂਗਾ । (This is no point of privilege. Please give a notice in writing. I will examine it.)

ਡਾਕਟਰ ਬਲਦੇਵ ਪ੍ਰਕਾਸ਼: ** **

ਸ਼੍ਰੀ ਸਪੀਕਰ : ਇਹ ਜੋ ਕੁਝ ਆਨਰੇਬਲ ਮੈਂਬਰ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । ਤੁਸੀਂ ਇਹ ਮੇਰੇ ਕੋਲ ਭੇਜ ਦਿਓ । ਮੈਂ ਐਗਜ਼ਾਮਿਨ ਕਰ ਲਵਾਂਗਾ । (ਇਸ ਵਕਤ ਚਿੱਠੀ ਸ਼੍ਰੀ ਸਪੀਕਰ ਕੋਲ ਪਹੁੰਚਾ ਦਿਤੀ ਗਈ) । (This may not be recorded. Please send it to me in writing. I will examine it.)

ADJOURNMENT MOTIONS

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਤੁਸੀਂ ਤਿੰਨ ਐਡਜਰਨਮੈਂਟ ਮੋਸ਼ਨਜ਼ ਰਿਜੈਕਟ ਕੀਤੀਆਂ ਹਨ । ਉਨ੍ਹਾਂ ਵਿਚੋਂ ਇਕ ਮੇਰੀ ਅਤੇ ਇਕ ਮੇਰੇ ਸਾਥੀ ਵਲੋਂ ਹੈ ਜਿਹੜੀ ਕਿ 22,000 ਬੇਰੁਜ਼ਗਾਰ ਟੀਚਰਾਂ ਬਾਰੇ ਹੈ । ਇਹ 19 ਨੰਬਰ ਐਡਜਰਨਮੈਂਟ ਮੋਸ਼ਨ ਹੈ । ਇਹ ਇਸ ਗਰਾਊਂਡ ਤੇ ਰਿਜੈਕਟ ਕੀਤੀ ਗਈ ਕਿ ਇਸ ਦਾ ਇਕ ਹਿੱਸਾ ਕਾਲ ਅਟੈਨਸ਼ਨ ਮੋਸ਼ਨ ਵਿਚ ਆ ਗਿਆ ਹੈ, ਵਗੈਰਾ ਵਗੈਰਾ । ਹਜ਼ਾਰਾਂ ਦੀ ਗਿਣਤੀ ਵਿਚ ਟੀਚਰ ਬੇਕਾਰ ਹਨ । ਇਹ ਕਈ ਕਈ ਸਾਲਾਂ ਤੋਂ ਐਡਹਾਕ ਬੇਸਿਜ਼ ਤੇ ਰਖੇ ਹੋਏ ਹਨ । ਉਨ੍ਹਾਂ ਨੂੰ ਰੈਗੂਲਰ ਨਹੀਂ ਕੀਤਾ ਜਾਂਦਾ । 22,000 ਬੇਰੁਜ਼ਗਾਰ ਟੀਚਰਾਂ ਨੇ ਜਲੰਧਰ ਵਿਚ ਮੁਜ਼ਾਹਰਾ ਕੀਤਾ । ਬਦਕਿਸਮਤੀ ਨਾਲ ਇਕ ਐਕਸੀਡੈਂਟ ਹੋਇਆ ਅਤੇ ਇਸ ਕਾਜ਼ ਦੇ ਦੌਰਾਨ ਕਈ ਸ਼ਹੀਦ ਹੋ ਗਏ । ਇਸ ਚੀਜ਼ ਦਾ ਇਕ ਪੋਰਸ਼ਨ ਕਾਲ-ਅਟੈਨਸ਼ਨ ਮੋਸ਼ਨ ਵਿਚ ਕਵਰ ਹੋ ਗਿਆ ਹੈ ਅਤੇ ਉਹ ਐਡਮਿਟ ਹੋ ਗਈ ਹੈ ਪਰ ਉਸ ਦਾ ਜਵਾਬ ਅਜੇ ਨਹੀਂ ਆਇਆ। ਇਨ੍ਹਾਂ 22,000 ਟੀਚਰਾਂ ਨੇ ਧਰਨੇ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਮਾਰੇ । ਕਈ ਬੰਦੇ ਮਾਰੇ ਗਏ। ਅੱਜ ਸੈਸ਼ਨ ਮੁਕ ਜਾਣਾ ਹੈ । ਇਸ ਕਰਕੇ ਇਹ ਐਡਮਿਟ ਕੀਤੀ ਜਾਵੇ ਅਤੇ ਇਸ ਐਡਜਰਨਮੈਂਟ ਮੋਸ਼ਨ ਤੇ ਡਿਸਕਸ਼ਨ ਕੀਤੀ ਜਾਵੇ। ਸਪੀਕਰ ਸਾਹਿਬ, ਦੂਸਰੀ ਗੱਲ ਇਹ ਹੈ ਕਿ ਕਾਮਰੇਡ ਜੋਸ਼ ਨੇ ਬਿਜਲੀ ਬੋਰਡ ਦੇ ਵਿਚ ਜਿਹੜੀ ਹੜਤਾਲ ਹੋਈ ਸੀ, ਉਸਦੇ ਬਾਰੇ ਐਡਜਰਨਮੈਂਟ ਮੋਸ਼ਨ ਦਿਤੀ ਸੀ ਜਿਹੜੀ ਕਿ ਰਿਜੈਕਟ ਕੀਤੀ ਹੈ । ਹੜਤਾਲ ਇਕ ਕਾਂਸਟੀਚਿਊਸ਼ਨਲ ਰਾਈਟ ਹੈ । 15,000 ਵਰਕਚਾਰਜਡ ਇੰਪਲਾਈਜ਼, 10 ਸਾਲ, 20 ਸਾਲ ਸਰਵਿਸ ਵਾਲਿਆਂ ਨੂੰ ਸਰਵਿਸ ਤੋਂ ਬਾਹਰ ਕਰ ਦਿਤਾ । ਉਨ੍ਹਾਂ ਨੂੰ ਰੀਇਨਸਟੇਟ ਨਹੀਂ ਕੀਤਾ ਜਾਂਦਾ । ਬਿਜਲੀ ਬੋਰਡ ਦੀ ਵਰਕਿੰਗ ਅਗੇ ਵੀ ਚੰਗੀ ਨਹੀਂ । ਇਸ ਨਾਲ ਹੋਰ ਡਿਸਕੰਟੈਂਟਮੈਂਟ ਵਧੇਗੀ । ਪਿੰਡਾਂ ਵਿਚ ਅਤੇ ਸ਼ਹਿਰਾਂ ਵਿਚ ਬੜੀ ਬੁਰੀ ਹਾਲਤ ਹੈ । ਅੱਜ ਡਬਲ ਸੈਸ਼ਨ ਕਰਾ ਲਓ । ਦੋ ਘੰਟੇ ਮੁਕਰਰ ਕਰ ਲਓ ਜਾਂ ਇਕ ਘੰਟਾ ਕਰ ਲਓ । ਇਨ੍ਹਾਂ ਦੋਨੋਂ ਮਸਲਿਆਂ ਤੇ ਅੱਜ ਡਿਸਕਸ਼ਨ ਹੋਣੀ ਚਾਹੀਦੀ ਹੈ ।

ਸ਼੍ਰੀ ਸਪੀਕਰ : ਇਹ ਦੋਨੋਂ ਬੜੇ ਪੁਰਾਣੇ ਮਸਲੇ ਹਨ । (Both these are old problems.)

ਵਿਦਿਆ ਮੰਤਰੀ (ਸ਼੍ਰੀ ਗੁਰਮੇਲ ਸਿੰਘ) : ਸਪੀਕਰ ਸਾਹਿਬ, ਜਿਥੋਂ ਤਕ ਅਨਇੰਪਲਾਇਡ ਟੀਚਰਜ਼ ਦਾ ਸਬੰਧ ਹੈ, 1972 ਵਿਚ 5,000 ਪੋਸਟਾਂ ਅਸੀਂ ਐਡਵਰਟਾਈਜ਼ ਕੀਤੀਆਂ ਸਨ ਅਤੇ ਅਸੀਂ ਸਿਲੈਕਸ਼ਨ ਕਮੇਟੀ ਨੂੰ ਕਿਹਾ ਹੈ ਕਿ ਜਿਨ੍ਹਾਂ ਨੂੰ ਸਿਲੈਕਟ ਕੀਤਾ ਹੈ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਅੱਪੁਆਇੰਟਮੈਂਟ ਲੈਟਰ (Appointment letter) ਭੇਜੋ । ਜਿਥੋਂ ਤਕ ਹੋਰ ਅਨਇੰਪਲਾਇਡ ਟੀਚਰਜ਼ ਦਾ ਸਬੰਧ ਹੈ, ਉਸ ਦੇ ਬਾਰੇ ਡਾਂਗ ਸਾਹਿਬ ਨੂੰ ਵੀ ਅਤੇ ਹਾਊਸ ਦੇ ਬਾਕੀ ਆਨਰੇਬਲ ਮੈਂਬਰਜ਼ ਨੂੰ ਵੀ ਪਤਾ ਹੈ ਕਿ ਪਿਛਲੇ ਦਿਨਾਂ ਵਿਚ 13,000 ਹੋਰ ਪੋਸਟਾਂ ਕੱਢੀਆਂ ਹਨ । ਸਾਡਾ ਇਹ ਯਤਨ ਹੈ ਕਿ ਐਜੂਕੇਸ਼ਨ ਡਿਪਾਰਟਮੈਂਟ ਦੇ ਵਿਚ ਜਿਤਨੀਆਂ ਵੀ ਪੋਸਟਾਂ ਖਾਲੀ ਪਈਆਂ ਹਨ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਭਰ ਲਈਏ । ਇਹ ਆਪਣੇ ਦੋਸਤਾਂ ਨੂੰ ਕਹਿਣ ਕਿ ਉਹ ਅਪਲਾਈ ਕਰਨ । ਅਸੀਂ ਤਾਂ ਅਨਇੰਪਲਾਇਡ ਟੀਚਰਜ਼ ਨੂੰ ਨੌਕਰੀ ਦੇਣ ਵਾਸਤੇ ਹੀ ਇਹ ਪੋਸਟਾਂ ਕਢੀਆਂ ਹਨ ।

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਬੇਰੁਜ਼ਗਾਰ ਟੀਚਰਾਂ ਬਾਰੇ ਮੈਂ ਵੀ ਐਡਜਰਨਮੈਂਟ ਮੋਸ਼ਨ ਦਿਤੀ ਸੀ । ਵਜ਼ੀਰ ਸਾਹਿਬ ਨੇ ਜੋ ਫੁਰਮਾਇਆ ਹੈ ਉਹ ਦਰੁਸਤ ਨਹੀਂ ਹੈ । ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ 5,000 ਪੋਸਟਾਂ ਦੀ ਜਿਹੜੀ ਇਨ੍ਹਾਂ ਨੇ ਗੱਲ ਕੀਤੀ ਹੈ ਉਨ੍ਹਾਂ ਦੀਆਂ ਡਿਸਟ੍ਰਿਕਟ ਵਾਈਜ਼ ਇੰਟਰਵਿਊਜ਼ ਹੋ ਚੁਕੀਆਂ ਹਨ ਪਰ ਉਨ੍ਹਾਂ ਨੂੰ ਹਾਲੇ ਤਕ ਸਿਲੈਕਸ਼ਨ ਦੀ ਕੋਈ ਇੰਟੀਮੇਸ਼ਨ ਨਹੀਂ ਮਿਲੀ । ਇਨ੍ਹਾਂ ਨੇ ਹੁਣ ਆਰਡਰ ਕਰ ਦਿਤਾ ਹੈ ਕਿ ਇਹ ਜਿਹੜੀਆਂ 13,000 ਪੋਸਟਾਂ ਕਢੀਆਂ ਹਨ, ਉਨ੍ਹਾਂ ਦੇ ਲਈ ਉਹ ਪੁਰਾਣੇ ਕੈਂਡੀਡੇਟ ਵੀ ਉਸੇ ਤਰ੍ਹਾਂ ਅਪਲਾਈ ਕਰਨ । ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪੁਰਾਣੇ ਬੰਦਿਆਂ ਨੂੰ ਫਿਰ ਮਜਬੂਰ ਕੀਤਾ ਜਾ ਰਿਹਾ ਹੈ ਕਿ ਉਹ ਅਪਲਾਈ ਕਰਨ ਅਤੇ ਉਨ੍ਹਾਂ ਦੀਆਂ ਫਿਰ ਇੰਟਰਵਿਊਜ਼ ਹੋਣ । ਤੁਸੀਂ ਇਹ ਐਡਜਰਨਮੈਂਟ ਮੋਸ਼ਨ ਰਿਜੈਕਟ ਕਰ ਦਿਤੀ ਹੈ । ਤੁਸੀਂ ਇਹ ਫੁਰਮਾਇਆ ਸੀ ਕਿ ਇਸ ਦੀ ਕਾਲ ਅਟੈਨਸ਼ਨ ਮੋਸ਼ਨ ਐਡਮਿਟ ਹੋ ਗਈ ਹੈ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਅਜਾਇਬ ਸਿੰਘ ਸੰਧੂ]

ਅਜੇ ਤਕ ਵਜ਼ੀਰ ਸਾਹਿਬ ਨੇ ਇਸ ਦਾ ਕੋਈ ਜਵਾਬ ਨਹੀਂ ਦਿਤਾ । ਜਿਸ ਦਿਨ ਦਾ ਸੈਸ਼ਨ ਸ਼ੁਰੂ ਹੋਇਆ ਹੈ ਹਜ਼ਾਰਾਂ ਬੇਰੁਜ਼ਗਾਰ ਟੀਚਰ ਧਰਨਾ ਮਾਰ ਕੇ ਬੈਠੇ ਹਨ । ਉਥੇ ਐਕਸੀਡੈਂਟ ਵਿਚ ਪੰਜ ਟੀਚਰ ਮਾਰੇ ਗਏ ਅਤੇ 43 ਦੇ ਕਰੀਬ ਜ਼ਖਮੀ ਹੋਏ । ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਕਮ-ਅਜ਼-ਕਮ ਇਹ ਐਲਾਨ ਤਾਂ ਕਰਨ ਕਿ ਜਿਨ੍ਹਾਂ ਪੰਜ ਹਜ਼ਾਰ ਟੀਚਰਾਂ ਦੀ ਪਹਿਲਾਂ ਸਿਲੈਕਸ਼ਨ ਹੋਈ ਹੈ, ਉਨ੍ਹਾਂ ਨੂੰ ਇੰਟੀਮੇਸ਼ਨ ਦੇ ਦਿਤੀ ਜਾਵੇਗੀ ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੇਰੀਆਂ ਦੋ ਐਡਜਰਨਮੈਂਟ ਮੋਸ਼ਨਜ਼ ਸਨ ।

ਸ਼੍ਰੀ ਸਪੀਕਰ : ਤੁਸੀਂ ਹੁਣ ਤਸ਼ਰੀਫ ਰਖੋ। (Please resume your seat now.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਲੋਕ ਸਭਾ ਵਿਚ ਅਖੀਰਲੇ ਦਿਨ ਹਰ ਗੱਲ ਕਰਨ ਦੀ ਇਜਾਜ਼ਤ ਹੁੰਦੀ ਹੈ ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, 1970 ਵਿਚ ਪੋਸਟਾਂ ਟੀਚਰਾਂ ਦੀਆਂ ਕਢੀਆਂ ਗਈਆਂ ਸਨ । ਉਨ੍ਹਾਂ ਵਿਚੋਂ ਜਿਹੜੇ ਕੈਂਡੀਡੇਟ ਸਿਲੈਕਟ ਨਹੀਂ ਹੋ ਸਕੇ ਉਹ ਹੁਣ ਓਵਰਏਜ ਹੋ ਗਏ ਹਨ । ਉਨ੍ਹਾਂ ਦਾ ਕੀ ਬਣੇਗਾ ? ਹੁਣ ਦਬਾਰਾ ਪੋਸਟਾਂ ਕੱਢ ਕੇ ਇਨ੍ਹਾਂ ਨੇ ਟੈਕਸ ਲਾਇਆ ਹੈ ਅਤੇ ਮੂੰਹ ਵਿਖਾਉਣ ਦੇ 25 ਨੰਬਰ ਰਖੇ ਹਨ ਅਤੇ ਆਪਣੇ ਬੰਦੇ ਰੱਖ ਰਹੇ ਹਨ । ਇਥੇ ਹਜ਼ਾਰਾਂ ਟੀਚਰਾਂ ਨੇ ਧਰਨਾ ਕੀਤਾ ਹੋਇਆ ਹੈ । ਹਾਊਸ ਅੱਜ ਐਡਜਰਨ ਹੋ ਜਾਣਾ ਹੈ । ਬਰਨਾਲੇ ਦੇ ਕਾਲਜ ਵਿਚ, ਸਪੀਕਰ ਸਾਹਿਬ, ਜਿਹੜਾ ਪ੍ਰਿੰਸੀਪਲ ਹੈ....

ਸ਼੍ਰੀ ਸਪੀਕਰ: ਮਾਸਟਰ ਜੀ ਹੁਣ ਬੈਠ ਜਾਓ । (Please resume your seat now.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੰਜਾਬ ਸਰਕਾਰ ਦੇ ਧਿਆਨ ਵਿਚ ਇਹ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਜਿਹੜੀ ਐਡਜਰਨਮੈਂਟ ਮੋਸ਼ਨ ਸੀ ਬਿਜਲੀ ਬੋਰਡ ਦੇ ਕਾਮਿਆਂ ਬਾਰੇ ਉਹ ਬੜੀ ਜ਼ਰੂਰੀ ਸੀ । ਉਨ੍ਹਾਂ ਨਾਲ ਜੋ ਧੱਕਾ ਹੋਇਆ ਹੈ ਸਰਕਾਰ ਨੂੰ ਉਸ ਵਲ ਧਿਆਨ ਦੇਣਾ ਚਾਹੀਦਾ ਹੈ । ਸਪੀਕਰ ਸਾਹਿਬ 1496 ਆਦਮੀਆਂ ਨੂੰ ਅੱਜੇ ਤਕ ਬਹਾਲ ਨਹੀਂ ਕੀਤਾ ਗਿਆ । 300 ਆਦਮੀਆਂ ਨੂੰ ਫੜਿਆ ਸੀ ਅੱਤ 307 ਵਗੈਰਾ ਦੇ ਕੇਸ ਚਲ ਰਹੇ ਹਨ । ਕੋਈ ਹਜ਼ਾਰਾਂ ਮੁਲਾਜ਼ਮਾਂ ਦੀ ਸਰਵਿਸ ਬ੍ਰੇਕ ਕੀਤੀ ਗਈ ਹੈ । ਉਨ੍ਹਾਂ ਮੁਲਾਜ਼ਮਾਂ ਦਾ ਡੈਪੂਟੇਸ਼ਨ ਗਿਆਨੀ ਜੀ ਨੂੰ ਵੀ ਮਿਲਿਆ ਸੀ ਅੱਤ ਇਨ੍ਹਾਂ ਨੇ ਯਕੀਨ ਦਿਵਾਇਆ ਸੀ ਕਿ ਕਿਸੇ ਦੀ ਸਰਵਿਸ ਬ੍ਰੇਕ ਨਹੀਂ ਕੀਤੀ ਜਾਵੇਗੀ ਅੱਤ ਸਾਰੇ ਕਾਮਿਆਂ ਨੂੰ ਬਹਾਲ ਕੀਤਾ ਜਾਵੇਗਾ । ਇਤਨਾ ਕੁਝ ਹੋਣ ਦੇ ਬਾਵਜੂਦ ਵੀ ਸਰਕਾਰ ਨੇ ਕੁਝ ਨਹੀਂ ਕੀਤਾ । ਸਪੀਕਰ ਸਾਹਿਬ, ਉਨ੍ਹਾਂ ਨਾਲ ਭਾਰੀ ਜ਼ਿਆਦਤੀ ਹੋ ਰਹੀ ਹੈ ਅੱਤ ਚੀਫ ਮਨਿਸਟਰ ਸਾਹਿਬ ਦੇ ਭਰੋਸਾ ਦਿਵਾਉਣ ਦੇ ਬਾਵਜੂਦ ਵੀ ਇਹ ਕੁਝ ਹੋ ਰਿਹਾ ਹੈ ।

Original with;
Punjab Vidhan Sabha
Digitized by;
Panjab Digital Library

ਇਸੇ ਤਰ੍ਹਾਂ ਹੀ ਵਜ਼ੀਰ ਸਾਹਿਬ ਨੇ ਟੀਚਰਜ਼ ਅੈਪੁਆਇੰਟ ਕਰਨ ਦੇ ਬਾਰੇ ਬਿਆਨ ਦਿਤਾ ਹੈ। ਪਰ ਮੇਰੀ ਬੇਨਤੀ ਇਹ ਹੈ ਕਿ ਜਿਨ੍ਹਾਂ ਟੀਚਰਾਂ ਦੀ ਇਨਟਰਵਿਯੂ ਵੀ ਹੋ ਚੁਕੀ ਹੈ ਉਹ ਤਾਂ ਹੁਣ ਕਈ ਓਵਰ ਏਜ ਵੀ ਹੋ ਗਏ ਹੋਣੇ ਹਨ। ਇਸ ਲਈ ਉਨ੍ਹਾਂ ਨੂੰ ਇਹ ਕਹਿ ਦੇਣਾ ਕਿ ਤੁਸੀਂ ਦੁਬਾਰਾ ਅਪਲਾਈ ਕਰੋ ਇਹ ਉਨ੍ਹਾਂ ਨਾਲ ਧੱਕਾ ਹੈ।

3.42 p.m. | (ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਸਰਦਾਰ ਜਸਵਿੰਦਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ, ਸਰ। ਜਨਾਬ ਅਸੀਂ ਲੋਕਾਂ ਦੀ ਨੁਮਾਇੰਦਗੀ ਕਰਨ ਲਈ ਘਰੋਂ ਆਏ ਹਾਂ।....

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ)

Mr. Deputy Speaker : I will not allow such interruptions. Please resume your seats.

ਸਰਦਾਰ ਜਸਵਿੰਦਰ ਸਿੰਘ ਬਰਾੜ: ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਇਥੇ ਕਾਲ ਅਟੈਨਸ਼ਨਜ਼ ਦਿਤੀਆਂ ਜਾਂਦੀਆਂ ਹਨ ਪਰ ਜਨਾਬ ਵਲੋਂ ਜਾਂ ਵਡੇ ਜਨਾਬ ਵਲੋਂ ਉਹ ਡਿਸਅਲਾਓ ਹੋ ਗਈਆਂ ਹਨ। ਫਰੀਦਕੋਟ ਜ਼ਿਲ੍ਹੇ ਦਾ ਫਰੀਦਕੋਟ ਬਲਾਕ ਬਿਲਕੁਲ ਪਛੜਿਆ ਹੋਇਆ ਏਰੀਆ ਹੈ। ਉਥੇ ਨਹਿਰੀ ਪਾਣੀ ਨਹੀਂ ਲਗਦਾ। ਤਿੰਨ-ਚਾਰ ਸਾਲ ਦਾ ਫੈਸਲਾ ਨਹੀਂ ਹੋਇਆ। ਫਰੀਦਕੋਟ ਬਲਾਕ ਵਿਚੋਂ 60 ਪਿੰਡਾਂ ਵਲੋਂ ਗੌਰਮਿੰਟ ਨੂੰ ਵੀ ਤੇ ਆਨਰੇਬਲ ਦੇ ਐਮ.ਐਲ.ਏਜ਼. ਨੂੰ ਵੀ ਰੀਪਰੈਜ਼ੈਂਟੇਸ਼ਨਜ਼ ਆਈਆਂ ਹਨ ਕਿ ਮਾਮਲੇ ਦੀ ਰੀਵਾਈ ਮੁਆਫ ਕੀਤੀ ਜਾਵੇ ਪਰ ਉਹ ਕਾਲ ਅਟੈਨਸ਼ਨ ਮੋਸ਼ਨ ਰੀਜੈਕਟ ਕਰ ਦਿਤੀ ਗਈ ਹੈ। ਗੱਲ ਇਹ ਹੈ ਕਿ ਉਹ ਬੈਕਵਰਡ ਏਰੀਏ ਦੀ ਰੀਪਰੈਜ਼ੈਂਟੇਸ਼ਨ ਸੀ। ਉਹ ਜਨਾਬ ਨੂੰ ਵੀ ਆਈ ਹੈ, ਗੌਰਮਿੰਟ ਨੂੰ ਵੀ ਆਈ ਹੈ, ਸਾਡੇ ਕੋਲ ਵੀ ਉਸ ਦੀ ਕਾਪੀ ਆਈ ਹੈ।....(ਵਿਘਨ)

(ਇਸ ਸਮੇਂ ਕਾਮਰੇਡ ਸੱਤ ਪਾਲ ਡਾਂਗ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ)

ਸ਼੍ਰੀ ਡਿਪਟੀ ਸਪੀਕਰ: ਡਾਂਗ ਸਾਹਿਬ ਆਨ ਏ ਪੁਆਇੰਟ ਆਫ ਆਰਡਰ। ਤੁਸੀਂ ਬਰਾੜ ਸਾਹਿਬ, ਤਸ਼ਰੀਫ ਰਖੋ। (Dang Sahib is on a point of order. Brar Sahib, please resume your seat.)

ਸਰਦਾਰ ਜਸਵਿੰਦਰ ਸਿੰਘ ਬਰਾੜ: ਹਾਲੇ ਤਾਂ ਮੇਰੀ ਗੱਲ ਮੁਕੀ ਨਹੀਂ ਹੈ ਜੀ। ਮੇਰੀ ਅਰਜ਼ ਸੁਣ ਲਓ ਜੀ ਪਹਿਲਾਂ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ: ਬਰਾੜ ਸਾਹਿਬ, ਤੁਸੀਂ ਤਸ਼ਰੀਫ ਰਖੋ ਹੁਣ। (Brar Sahib, please resume your seat now.)

ਕਾਮਰੇਡ ਸੱਤਪਾਲ ਡਾਂਗ: ** **

Mr. Deputy Speaker: This is no Point of Order.

ਕਾਮਰੇਡ ਸੱਤ ਪਾਲ ਡਾਂਗ: ** **

ਸ਼੍ਰੀ ਡਿਪਟੀ ਸਪੀਕਰ: ਜੋ ਕੁਝ ਆਨਰੇਬਲ ਮੈਂਬਰ ਚੇਅਰ ਦੀ ਪ੍ਰਮਿਸ਼ਨ ਤੋਂ ਬਗੈਰ ਕਹਿ ਰਹੇ ਹਨ that should not form part of the proceedings. (Whatever the hon. Member Comrade Satya Pal Dang is saying without the permission of the Chair, that should not form part of the proceedings.)

WALK-OUTS

ਕਾਮਰੇਡ ਸੱਤ ਪਾਲ ਡਾਂਗ: ਡਿਪਟੀ ਸਪੀਕਰ ਸਾਹਿਬ, ਸਰਕਾਰ ਦੇ ਰਵੱਈਏ ਦੇ ਖਿਲਾਫ ਤੁਸੀਂ ਰਿਹਾ ਨਹੀਂ ਕਰਨ ਦਿੰਦੇ, ਇਸ ਲਈ ਅਸੀਂ ਵਾਕ-ਆਊਟ ਕਰਦੇ ਹਾਂ।

(ਇਸ ਸਮੇਂ ਕਮਿਊਨਿਸਟ ਪਾਰਟੀ ਦੇ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਵਾਕ-ਆਊਟ ਕਰ ਗਏ ਅੱਤੇ ਜਾਂਦੇ ਜਾਂਦੇ ਨਾਹਰੇ ਲਗਾ ਰਹੇ ਸਨ ** **

ਸ਼੍ਰੀ ਡਿਪਟੀ ਸਪੀਕਰ: ਮੈਂਬਰ ਸਾਹਿਬਾਨ ਜੋ ਅਨਪਾਰਲੀਮੈਂਟਰੀ ਕਿਸਮ ਦੇ ਨਾਹਰੇ ਲਗਾ ਰਹੇ ਹਨ those should not form part of the proceedings. (Whatever unparliamentary sort of slogans are being raised, those should not form part of the proceedings.)

ਸਰਦਾਰ ਅਜਾਇਬ ਸਿੰਘ ਸੰਘੂ: [** **]

Mr. Deputy Speaker: This is no point of order.

ਸਰਦਾਰ ਅਜਾਇਬ ਸਿੰਘ ਸੰਘੂ: ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਬਿਜਲੀ ਦੇ ਇੰਪਲਾਈਜ਼ ਜਿਹੜੇ ਹਨ ਉਨ੍ਹਾਂ ਨਾਲ ਧੱਕਾ ਹੋਵੇ ਅੱਤੇ ਤੁਸੀਂ ਇਹ ਕਹਿ ਦੇਵੋ ਕਿ "This is no point of order."

Mr. Deputy Speaker: I do not allow such discussion.

ਸਰਦਾਰ ਅਜਾਇਬ ਸਿੰਘ ਸੰਘੂ: ਡਿਪਟੀ ਸਪੀਕਰ ਸਾਹਿਬ, ਤੁਸੀਂ ਪੰਜਾਬ ਦੇ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਇਥੇ ਬੈਠੇ ਹੋ। ਅੱਜ ਬਿਜਲੀ ਬੋਰਡ ਦੇ ਕਾਮਿਆਂ ਨਾਲ ਧੱਕਾ

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਹੋ ਰਿਹਾ ਹੈ, ਟੀਚਰਾਂ ਨਾਲ ਜਿਹੜੇ ਕਿ ਪਹਿਲਾਂ ਇੰਟਰਵਿਊ ਦੇ ਕੇ ਆਏ ਹਨ, ਉਨ੍ਹਾਂ ਨਾਲ ਧੱਕਾ ਹੋ ਰਿਹਾ ਹੈ। ਤੁਸੀਂ ਸਰਕਾਰ ਦੇ ਗਲਤ ਕੰਮਾਂ ਨੂੰ ਸ਼ੀਲਡ ਕਰਦੇ ਹੋ। ਇਸ ਲਈ ਅੱਜ ਏ ਪ੍ਰੋਟੈਸਟ ਅਸੀਂ ਵਾਕ-ਆਊਟ ਕਰਦੇ ਹਾਂ।

(ਇਸ ਸਮੇਂ ਅਕਾਲੀ ਪਾਰਟੀ ਦੇ ਕੁਝ ਮੈਂਬਰ ਸਾਹਿਬਾਨ ਵਾਕ-ਆਊਟ ਕਰ ਗਏ ਪਰ ਸਰਦਾਰ ਸੁਰਜੀਤ ਸਿੰਘ (ਬਰਨਾਲਾ) ਸਰਦਾਰ ਹਰਬੰਸ ਸਿੰਘ ਜਲਾਲ, ਸਰਦਾਰ ਜਸਵਿੰਦਰ ਸਿੰਘ ਬਰਾੜ ਬੈਠੇ ਰਹੇ।)

(ਇਸ ਵਕਤ ਮਾਸਟਰ ਚੰਦ ਸਿੰਘ ਜੀ ਅਕਾਲੀ ਪਾਰਟੀ ਦੇ ਮੈਂਬਰ ਸਾਹਿਬਾਨ ਦੇ ਨਾਲ ਹੀ ਵਾਕ-ਆਊਟ ਕਰ ਗਏ।)

(ਮੈਂਬਰ ਸਾਹਿਬਾਨ ਜਾਂਦੇ ਜਾਂਦੇ ਨਾਹਰੇ ਲਗਾ ਰਹੇ ਸਨ ** **)

Mr. Deputy Speaker: The slogans which are being raised by the hon. Members, should not be recorded.

———

ADJOURNMENT MOTIONS (*Resumption*)

ਸਰਦਾਰ ਸੁਰਜੀਤ ਸਿੰਘ(ਬਰਨਾਲਾ): ਡਿਪਟੀ ਸਪੀਕਰ ਸਾਹਿਬ, ਮੈਂ ਇਕ ਐਡਜਰਨਮੈਂਟ ਮੋਸ਼ਨ ਦਿਤੀ ਸੀ ਤੁਸੀਂ ਉਹ ਰੀਜੈਕਟ ਕਰ ਦਿਤੀ ਹੈ ਇਹ ਕਹਿ ਕੇ ਕਿ ਉਸ ਕੇਸ ਵਿੱਚ ਇਨਕੁਆਇਰੀ ਪੈਂਡਿੰਗ ਹੈ (ਵਿਘਨ) ਉਸ ਨੂੰ ਬਹਾਲ ਕਰ ਦਿਤਾ ਗਿਆ। ਰੀਜ਼ਨ ਦੇ ਦਿਤਾ ਗਿਆ ਕਿ :

"The Motion does not relate to a matter which falls within the responsibility of the Government and is, therefore, inadmissible under rule 61(iv)"

Mr. Deputy Speaker: Another reason has also been given which reads :—

"The Motion deals with a matter on which a resolution cannot be moved and, therefore, inadmissible under rule 61(ix)"

ਸਰਦਾਰ ਸੁਰਜੀਤ ਸਿੰਘ (ਬਰਨਾਲਾ): ਠੀਕ ਹੈ ਅਗਲਾ ਰੀਜ਼ਨ ਇਹ ਦਿੱਤਾ ਹੈ ਪਰ ਸਰਕਾਰ ਦੀ ਜ਼ਿਮੇਂਵਾਰੀ ਕੁੱਪਹਣ ਹਟਾਉਣ ਦੀ ਹੈ।

ਸ਼੍ਰੀ ਡਿਪਟੀ ਸਪੀਕਰ: ਤੁਸੀਂ ਤਾਂ ਐਡਵੋਕੇਟ ਹੋ। ਦੂਜਾ ਰੀਜ਼ਨ ਵੀ ਪੜ੍ਹੋ। ਸੈਕੰਡ ਰੀਜ਼ਨ ਦਿਤਾ ਹੈ ਕਿ ਰੈਜ਼ੋਲਿਊਸ਼ਨ ਨਹੀਂ ਹੋ ਸਕਦਾ (You are an advocate; you should also read the second reason. According to the second reason resolution cannot be moved.)

ਸਰਦਾਰ ਸੁਰਜੀਤ ਸਿੰਘ (ਬਰਨਾਲਾ): ਡਿਪਟੀ ਸਪੀਕਰ ਸਾਹਿਬ, ਰੂਲਜ਼ ਪ੍ਰੋਵਾਈਡ ਕਰਦੇ ਹਨ ਕਿ ਰੈਜ਼ੋਲਿਊਸ਼ਨ ਹੋ ਸਕਦਾ ਹੈ।।

ਸ਼੍ਰੀ ਡਿਪਟੀ ਸਪੀਕਰ: ਕਿਹੜਾ ਰੂਲ ਹੈ ? (Under which rule?)

---

*Not recorded as ordered by the Chair.

Original with;
Punjab Vidhan Sabha
Digitized by:
Panjab Digital Library

ਸਰਦਾਰ ਸੁਰਜੀਤ ਸਿੰਘ (ਬਰਨਾਲਾ): ਰੂਲ ਨੰਬਰ 150 ਹੈ। ਇਸ ਵਿਚ ਏਹ ਲਿਖਿਆ ਹੈ :

"*Rule 150* :—In order that a resolution may be admissible, it shall satisfy the following conditions, namely :—

(a) it shall be clearly and precisely expressed, and shall raise substantially one definite issue ;

(b) it shall not contain arguments, inferences, ironical expressions or defamatory statements, nor shall it refer to the conduct or character of persons except in their official or public capacity ;

(c) it shall not relate to any matter which is not primarily the concern of the State Government; and

(d) it shall not relate to any matter which is under adjudication by a Court of Law having jurisdiction in any part of India.

In view of the above, resolution can be passed in this matter. I do not know how my Adjournment Motion has been dis-allowed. My submission is that my Adjournment Motion should have been allowed and ruling to that effect should have been given.

ਸਰਦਾਰ ਹਰਚੰਦ ਸਿੰਘ: ਸਰਕਾਰ ਏਡੀ ਵੱਡੀ ਜ਼ਿਮੇਵਾਰੀ ਨਹੀਂ ਲੈ ਸਕਦੀ। (ਹਾਸਾ)

ਸਰਦਾਰ ਹਰਬੰਸ ਸਿੰਘ ਸਲਾਲ: ਡਿਪਟੀ ਸਪੀਕਰ ਸਾਹਿਬ, ਮੈਂ ਇਕ ਐਡਜਰਨਮੈਂਟ ਮੋਸ਼ਨ ਦਿਤੀ ਸੀ ਮੈਡੀਕਲ ਕਾਲਜ ਦੇ ਡਾਕਟਰਾ ਦੇ ਬਾਰੇ ਵਿਚ।

ਸ਼੍ਰੀ ਡਿਪਟੀ ਸਪੀਕਰ: ਉਹ ਡਿਸਅਲਾਓ ਹੋ ਗਈ ਹੈ ਜੀ। (That has been disallowed.)

ਸਰਦਾਰ ਜਸਵਿੰਦਰ ਸਿੰਘ ਬਰਾੜ: ਡਿਪਟੀ ਸਪੀਕਰ ਸਾਹਿਬ, ਫਰੀਦਕੋਟ ਬਲਾਕ ਦੇ 60 ਪਿੰਡਾਂ ਨੇ ਮਾਮਲੇ ਬਾਰੇ ਲਿਖ ਕੇ ਦਿਤਾ ਹੈ। ਤਿੰਨ ਸਾਲ ਦਾ ਕੋਈ ਫੈਸਲਾ ਨਹੀਂ ਹੋ ਰਿਹਾ। ਸਰਕਾਰ ਕੋਲ ਰੀਪਰੈਜ਼ੈਂਟੇਸ਼ਨ ਆਈ ਹੈ। ਐਮ. ਐਲ. ਏਜ਼. ਸਾਹਿਬਾਨ ਨੂੰ ਵੀ ਉਸ ਦੀਆਂ ਕਾਪੀਆਂ ਮਿਲੀਆਂ ਹਨ।....

ਸਰਦਾਰ ਹਰਚੰਦ ਸਿੰਘ: ** ** (ਵਿਘਨ)

ਸ਼੍ਰੀ ਡਿਪਟੀ ਸਪੀਕਰ: ਜੋ ਕਝ ਆਨਰੇਬਲ ਮੈਂਬਰ ਚੇਅਰ ਦੀ ਪਰਮਿਸ਼ਨ ਤੋਂ ਬਗੈਰ ਕਹਿ ਰਹੇ ਹਨ that should not form part of the proceedings. (Whatever the hon. Member is saying without the permission of the Chair that should not form part of the proceedings.)

ਸਰਦਾਰ ਹਰਚੰਦ ਸਿੰਘ: * * * *

Mr. DePuty Speaker: Whatever the hon. Member is saying without the permission of the Chair that should not form part of the proceedings.)

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਜਸਵਿੰਦਰ ਸਿੰਘ ਬਰਾੜ: ਰੀਕਵਰੀ ਹੋਣੀ ਚਾਹੀਦੀ ਹੈ। ਫਰਟੇਲਾਈਜ਼ਰ ਤੇ ਸੀਡ ਫਰੀਦਕੋਟ ਦੇ ਪਿੰਡਾਂ ਨੂੰ ਸਸਤਾ ਦੇਣਾ ਚਾਹੀਦਾ ਹੈ ਅਤੇ ਉਸ ਨੂੰ ਬੈਕਵਰਡ ਏਰੀਆ ਡਿਕਲੇਅਰ ਕਰਨਾ ਚਾਹੀਦਾ ਹੈ। ਮੈਨੂੰ ਇਹ ਵੀ ਦਸਿਆ ਜਾਵੇ ਕਿ ਮੇਰੀ ਗੱਲ ਵਿਚ ਸਚਾਈ ਹੈ ਕਿ ਨਹੀਂ ?

ਸ਼੍ਰੀ ਡਿਪਟੀ ਸਪੀਕਰ: ਜੋ ਕੁਝ ਤੁਸੀਂ ਕਿਹਾ ਹੈ ਵਜ਼ੀਰ ਸਾਹਿਬ ਨੇ ਨੋਟ ਕਰ ਲਿਆ ਹੈ, ਤੁਸੀਂ ਬੈਠੋ। (The hon. Minister has taken note of your arguments. Please resume your seat now.)

ਸਰਦਾਰ ਜਸਵਿੰਦਰ ਸਿੰਘ ਬਰਾੜ: [** **]

Mr. Deputy Speaker: Not allowed. ਇਹ ਜੋ ਕੁਝ ਵੀ ਮੈਂਬਰ ਸਾਹਿਬ ਕਹਿ ਰਹੇ ਹਨ, ਇਹ ਪ੍ਰੋਸੀਡਿੰਗਜ਼ ਦਾ ਹਿਸਾ ਨਾ ਬਣੇ। (Not allowed. Whatever the hon. Member is saying, should not form part of the proceedings.)

ਸਰਦਾਰ ਜਸਵਿੰਦਰ ਸਿੰਘ ਬਰਾੜ: [** **]

ਸ਼੍ਰੀ ਡਿਪਟੀ ਸਪੀਕਰ: ਇਹ ਜੋ ਕੁਝ ਮੈਂਬਰ ਸਾਹਿਬ ਨੇ ਚੇਅਰ ਦੀ ਪਰਮਿਸ਼ਨ ਤੋਂ ਬਗੈਰ ਕਿਹਾ ਹੈ, ਇਹ ਪ੍ਰੋਸੀਡਿੰਗਜ਼ ਦਾ ਹਿੱਸਾ ਨਾ ਬਣੇ। (Whatever the hon. Member has said without the permission of the Chair that should not form part of the proceedings.)

ਸਰਦਾਰ ਜਸਵਿੰਦਰ ਸਿੰਘ ਬਰਾੜ: ਡਿਪਟੀ ਸਪੀਕਰ ਸਾਹਿਬ, ਮੇਰੀ ਗੱਲ ਤਾਂ ਸੁਣੋ।

ਸ਼੍ਰੀ ਡਿਪਟੀ ਸਪੀਕਰ: ਤੁਹਾਡੀ ਗੱਲ ਸੁਣ ਲਈ ਹੈ, ਹੁਣ ਤੁਸੀਂ ਬੈਠੋ। (I have listened to what you have said. Please resume your seat now.)

ਸਰਦਾਰ ਜਸਵਿੰਦਰ ਸਿੰਘ ਬਰਾੜ: ਸੀ. ਐਮ. ਸਾਹਿਬ ਭਰੋਸਾ ਦਿਵਾਉਣ....

ਸ਼੍ਰੀ ਡਿਪਟੀ ਸਪੀਕਰ: ਚੀਫ ਮਨਿਸਟਰ ਸਾਹਿਬ ਨੇ ਭਰੋਸਾ ਦਿਵਾਇਆ ਸੀ ਕਿ ਜਿਹੜਾ ਵੀ ਕੁਰੱਪਟ ਆਦਮੀ ਹੈ ਉਸ ਨੂੰ ਮੁਆਫ ਨਹੀਂ ਕੀਤਾ ਜਾਵੇਗਾ। ਚੀਫ ਮਨਿਸਟਰ ਸਾਹਿਬ ਨੇ ਭਰੋਸਾ ਪਹਿਲਾਂ ਹੀ ਦੇ ਦਿਤਾ ਹੈ। (The hon. Chief Minister has already assured that the corrupt person will not be spared.)

ਸਰਦਾਰ ਜਸਵਿੰਦਰ ਸਿੰਘ ਬਰਾੜ: 60 ਪਿੰਡਾਂ ਵਾਲੀ ਗੱਲ ਹੋਈ ਹੈ ਕਿ ਨਹੀਂ ?....

Mr. Deputy Speaker: Order please. Resume your seat.

*Expunged as ordered by the Chair.

Original with;
Punjab Vidhan Sabha
Digitized by;
Panjab Digital Library

CALL-ATTENTION NOTICES UNDER RULE 66

ਮਾਸਟਰ ਚੰਦ ਸਿੰਘ: ਡਿਪਟੀ ਸਪੀਕਰ ਸਾਹਿਬ, ਮੈਂ 3 ਕਾਲ-ਅਟੈਨਸ਼ਨ-ਮੋਸ਼ਨਜ਼ ਦਿਤੀਆਂ ਸਨ ਪਰ ਉਹ ਰਿਜੈਕਟ ਹੋ ਗਈਆਂ ਸਨ ਇਕ ਇਹ ਸੀ ਕਿ ਸੰਗਰੂਰ ਡਿਪੋ ਵਿਚ 14 ਬੱਸਾਂ ਖੜੀਆਂ ਹਨ, ਉਨ੍ਹਾਂ ਵਾਸਤੇ ਟਾਇਰ ਅਤੇ ਟਿਊਬਾ ਨਹੀਂ ਮਿਲਦੀਆਂ ਅਤੇ ਬੜੀ ਬੁਰੀ ਹਾਲਤ ਹੈ। ਇਕ ਮੇਰੀ ਕਾਲ-ਅਟੈਨਸ਼ਨ ਮੋਸ਼ਨ ਨੰਬਰ 78 ਸੀ ਅਤੇ ਇਕ 77 ਨੰਬਰ ਦੀ ਹੈ । ਸਰਕਾਰ ਨੇ ਜਿਹੜੇ ਬੱਸ ਅੱਡਾ ਕੰਡਕਟਰਜ਼ ਹੁਣ ਪਰੋਮੋਟ ਕੀਤੇ ਹਨ, ਉਹ ਹਟਾ ਦਿਤੇ ਹਨ ਅਤੇ 25 ਰੁਪਏ ਅਲਾਊਂਸ ਦੇ ਦਿਤਾ ਹੈ....

ਸ਼੍ਰੀ ਡਿਪਟੀ ਸਪੀਕਰ: ਮਾਸਟਰ ਜੀ, ਇਹ ਡਿਸਅਲਾਉ ਹੋ ਗਈ ਹੈ । (Master Ji, the same has been disallowed.)

ਮਾਸਟਰ ਚੰਦ ਸਿੰਘ: ਇਕ ਹੋਰ ਹੈ !

ਸ਼੍ਰੀ ਡਿਪਟੀ ਸਪੀਕਰ. ਦੋਨੋਂ ਡਿਸਅਲਾਉ ਹੋ ਗਈਆਂ ਹਨ । (Both the Call Attention Notices have been disallowed.)

ਮਾਸਟਰ ਚੰਦ ਸਿੰਘ: ਤਲਵੰਡੀ ਮਾਲਕੇ, ਜ਼ਿਲ੍ਹਾ ਪਟਿਆਲਾ ਵਿਚ 96 ਕੇਸ ਸਨ....

ਸ਼੍ਰੀ ਡਿਪਟੀ ਸਪੀਕਰ: ਇਹ ਡਿਸਅਲਾਉ ਹੋ ਚੁਕੀ ਹੈ । (This has been disallowed.)

ਮਾਸਟਰ ਚੰਦ ਸਿੰਘ: ਇਸ ਕਰਕੇ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਤਰ੍ਹਾਂ ਨਾ ਕਰਿਆ ਕਰਨ ਅਤੇ ਧਿਆਨ ਵਿਚ ਰੱਖਿਆ ਕਰਨ, ਇਹ ਕਾਲ-ਅਟੈਨਸ਼ਨ ਮੋਸ਼ਨਾਂ ਰਿਜੈਕਟ ਨਹੀਂ ਹੋਣੀਆਂ ਚਾਹੀਦੀਆਂ ।

ਸ਼ਮਸ਼ੇਰ ਸਿੰਘ ਡੱਲ: ਡਿਪਟੀ ਸਪੀਕਰ ਸਾਹਿਬ, ਜਿਹੜੀਆਂ ਕਾਲ-ਅਟੈਨਸ਼ਨ ਮੋਸ਼ਨਜ਼ ਤੁਸੀਂ ਐਡਮਿਟ ਕੀਤੀਆਂ ਹਨ, ਉਹ ਪੜ੍ਹਾ ਲਵੋ, ਫਿਰ ਬਾਅਦ ਵਿਚ ਕਿਸੇ ਨੇ ਸਵਾਲ ਪੁਛਣਾ ਹੋਵੇਗਾ ਤਾਂ ਪੁਛ ਲੈਣਗੇ ।

ਸ਼੍ਰੀ ਡਿਪਟੀ ਸਪੀਕਰ: ਕਾਲ-ਅਟੈਨਸ਼ਨ ਮੋਸ਼ਨ ਨੰਬਰ 47, ਡਾਕਟਰ ਬਲਦੇਵ ਪ੍ਰਕਾਸ਼ ਜੀ ਪੜ੍ਹੋ । (Dr. Baldev Prakash Ji, read out your Call-Attention Notice No. 47.)

(Serial No. 47)

Dr. Baldev Prakash: Sir, I beg to draw the attention of the Government towards a matter of urgent public importance, namely, non-inclusion of representatives of Opposition parties in the District Level Consultative Committees of State Citizens Council for the equitable distribution of essential commodities and procurement of foodgrains. This is an important matter and the Government may be asked to make a statement in the House.

Original with;
Punjab Vidhan Sabha
Digitized by;
Panjab Digital Library

Mr. Deputy Speaker : Admitted. The Minister concerned may please make a statement.

ਸਰਦਾਰ ਗੁਰਦੇਵ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਹੈ ਜੀ ।

Mr. Deputy Speaker: No point of order please.

ਸਰਦਾਰ ਕਰਨੈਲ ਸਿੰਘ ਮਰੜੀ: ** **

ਸ਼੍ਰੀ ਡਿਪਟੀ ਸਪੀਕਰ: ਇਹ ਜੋ ਕੁਝ ਮਰੜੀ ਸਾਹਿਬ ਨੇ ਕਿਹਾ ਹੈ ਇਹ ਪ੍ਰੋਸੀਡਿੰਗਜ਼ ਦਾ ਹਿਸਾ ਨਾ ਬਣੇ। (Whatever Marhari Sahib has said that should not form part of the proceedings.)

(Serial No. 66)

Comrade Satya Pal Dang: Sir, I beg to draw the attention of the Government towards a matter of urgent public importance namely the term of the Senate of the Guru Nanak University Amritsar ended on 30th June, 1974 as also of the Syndicate. The new Senate has not come into existence as more than half of the members are to be nominated by the Government and the Government have not done this.

The University is thus without a Senate and without an Syndicate. This can result in many complication and there is much discontentment amongst students and teachers of the University as also of the affiliated Colleges.

In view of the abvious and urgent importance of the matter, the Government may please be asked to make a statement in the House.

Mr. Deputy Speaker : Admitted. The Minister concerned may please make a statement.

ਮਾਲ ਅਤੇ ਚੋਣ ਮੰਤਰੀ (ਸਰਦਾਰ ਉਮਰਾਓ ਸਿੰਘ): ਡਿਪਟੀ ਸਪੀਕਰ ਸਾਹਿਬ, ਚੌਧਰੀ ਦਰਸ਼ਨ ਸਿੰਘ ਦੀ ਇਕ ਪ੍ਰਿਵਿਲੇਜ ਮੋਸ਼ਨ ਹੈ, ਉਹ ਟੇਕ ਅੱਪ ਕਰ ਲਵੋ ।

ਸ਼੍ਰੀ ਡਿਪਟੀ ਸਪੀਕਰ: ਕਾਲ ਅਟੈਨਸ਼ਨ ਮੋਸ਼ਨਜ਼ ਤੋਂ ਬਾਅਦ ਕਰ ਲੈਣਾ ਜੀ। (You may raise this matter after the Call Attention Notices are disposed of.)

---

*Expunged as ordered by the chair.

Original with;
Punjab Vidhan Sabha
Digitized by;
Panjab Digital Library

(Serial No. 71)

Comrade Jangir Singh Joga: Sir, I beg to draw the attention of the Government towards a matter of urgent public importance, namely, those members of primary Cooperative Societies who are landless tenants and Bataidars (who are not owners of the land) are not being provided fertilizers etc. (on credit). This has created great resentment amongst thousands of growers also. This will go to decrease production of kharif crops.

In the light of importance of the matter, the Government may be asked to make a statement in this House.

ਸ਼੍ਰੀ ਡਿਪਟੀ ਸਪੀਕਰ: ਪ੍ਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The Minister may please make a statement.)

ਸ਼੍ਰੀ ਡਿਪਟੀ ਸਪੀਕਰ: ਕਾਲ ਅਟੈਨਸ਼ਨ ਮੋਸ਼ਨ ਨੰਬਰ 72 ਕਾਮਰੇਡ ਅੱਛਰਾ ਸਿੰਘ ਜੀ ਹਾਜ਼ਰ ਨਹੀਂ ਹਨ । (Call Attention Motion No. 72 stands in the name of Comrade Achhra Singh, but he is not present in the House?)

ਕਾਮਰੇਡ ਸੱਤ ਪਾਲ ਡਾਂਗ: ਡਿਪਟੀ ਸਪੀਕਰ ਸਾਹਿਬ, ਐਡਮਿਟ ਕਰ ਲਵੋ । This Call Attention Notice can be admitted in the absence of Comrade Achhra Singh.

ਸ਼੍ਰੀ ਡਿਪਟੀ ਸਪੀਕਰ: ਠੀਕ ਹੈ, ਤੁਸੀਂ ਪੇਸ਼ ਕਰ ਦਿਉ । (All right, you may please read out.)

(Serial No. 72)

Comrade Achhra Singh (Read by Comrade Satya Pal Dang): Sir, I beg to draw the attention of the Government towards a matter of urgent public importance, namely, that there is a Social Boycott (i.e. Naka Bandi) of members of families of Scheduled Castes of villages Bhatian Kalan and Bhatian Khurd (Teasil Malerkotla, District Sangrur) for the last two weeks. Landlords of these villages are not prepared even to pay reasonable minimum wages. This action of Landlords has created great resentment amongst the members of families of Scheduled Castes of Tehsil Malerkotla.

In view of obvious importance of the matter the Government may be asked to make a statement in the House.

ਸ਼੍ਰੀ ਡਿਪਟੀ ਸਪੀਕਰ: ਪ੍ਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ, ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The Minister concerned may please make a statement.)

Original with;
Punjab Vidhan Sabha
Digitized by;
Panjab Digital Library

ਨਿਯਮ 66 ਅਧੀਨ ਦਿਵਾਉ ਨੋਟਿਸ

(ਕ੍ਰਮ ਨੰ: 79)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ, ਪੰਜਾਬ ਦੇ ਨਵੇਂ ਉਸਰ ਰਹੇ ਸੱਨਅਤੀ ਕੇਂਦਰ ਮੁਹਾਲੀ ਦੇ ਪੁਰਾਣੇ ਪਿੰਡ ਵਾਸੀਆਂ ਅਤੇ ਛੋਟੇ ਛਟੇ ਕਾਰੋਬਾਰੀ ਲੋਕਾਂ ਵਿਚ ਸਖ਼ਤ ਬੇਚੈਨੀ ਫੈਲੀ ਹੋਈ ਹੈ ਕਿਉਂਕਿ ਸਰਕਾਰ ਵਲੋਂ ਪਿੰਡ ਨੂੰ ਉਜਾੜਨ ਅਤੇ ਛੋਟੇ ਛੋਟੇ ਕਾਰੋਬਾਰੀ ਲੋਕਾਂ ਨੂੰ ਬਿਨਾ ਬਦਲਵਾਂ ਕਾਰੋਬਾਰ ਦਿਤਿਆਂ ਉਜਾੜਨ ਦੇ ਨੋਟਿਸ ਦਿਤੇ ਜਾ ਚੁਕੇ ਹਨ। ਜਦੋਂ ਕਿ ਉਹ ਪੰਜਾਬ ਸਰਕਾਰ ਦੇ ਜ਼ੁੰਮੇਵਾਰਾਂ ਵਲੋਂ ਪਹਿਲਾਂ ਇਹ ਬਚਨ ਦਿਤਾ ਜਾ ਚੁਕਾ ਹੈ ਕਿ ਮੁਹਾਲੀ ਪਿੰਡ ਦੀ ਪੁਰਾਣੀ ਆਬਾਦੀ ਜਿਸ ਦਾ ਅਜੇ ਤਕ ਲੋਕਾਂ ਨੂੰ ਕੋਈ ਮੁਆਵਜ਼ਾ ਵੀ ਨਹੀਂ ਦਿਤਾ ਗਿਆ, ਨੂੰ ਨਾ ਉਠਾਇਆ ਜਾਵੇ ਸਗੋਂ ਉਨ੍ਹਾਂ ਦੀ ਬਸਤੀ ਨੂੰ ਮਾਡਲ ਬਣਾ ਦਿਤਾ ਜਾਵੇਗਾ। ਸਰਕਾਰ ਦੀ ਇਸ ਧੱਕੇਸ਼ਾਹੀ ਵਿਰੁਧ ਸਾਰੇ ਇਲਾਕੇ ਵਿਚ ਹਾਹਾਕਾਰ ਮਚੀ ਹੋਈ ਹੈ। ਇਸ ਲਈ ਮਾਮਲੇ ਦੀ ਮਹੱਤਤਾ ਨੂੰ ਸਾਹਮਣੇ ਰਖਦਿਆਂ ਸਰਕਾਰ ਨੂੰ ਬਿਆਨ ਦੇਣ ਲਈ ਕਿਹਾ ਜਾਵੇ।

ਸ਼੍ਰੀ ਡਿਪਟੀ ਸਪੀਕਰ: ਪ੍ਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ। (Admitted. The Minister concerned may please make a statement.)

(Serial No. 85)

Sardar Jaswinder Singh Brar: Sir, I beg to draw the attention of the Government towards a matter of urgent public importance, namely that the Degree of Agriculture Engineering has been recognised by the Institute of Engineers (India) equal to A.M.I.E. Section A & B and the college of Agriculture Engineering has been declared as a Centre of Excellance by UNESCO. But the Punjab Government is reluctant to recognise the Degree of Agricultural Engineering for recruitment as Assistant Engineers in Tube-well Corporation, Minor Irrigations, Soil Conservation and other departments related to agriculture.

This has resulted in a great resentment amongst the students as well as those who have already qualified as Agriculture Engineers.

ਸਰਦਾਰ ਕਰਨੈਲ ਸਿੰਘ ਮਰੜ੍ਹੀ: ਸਾਡੇ ਸੈਕਟਰੀ ਸਾਹਿਬ ਨੂੰ ਕਹੋ ਕਿ ਪੰਜਾਬੀ ਵਿੱਚ ਪੜ੍ਹਨ।

ਸ਼੍ਰੀ ਡਿਪਟੀ ਸਪੀਕਰ: ਬਰਾੜ ਸਾਹਿਬ. ਤੁਹਾਡੇ ਮੈਂਬਰ ਸਾਹਿਬ ਕਹਿ ਰਹੇ ਹਨ ਕਿ ਪੰਜਾਬੀ ਵਿੱਚ ਪੜ੍ਹੋ। (Brar Sahib, your party member is saying that you should read it out in Punjabi.)

ਸਰਦਾਰ ਜਸਵਿੰਦਰ ਸਿੰਘ ਬਰਾੜ: ਮੈਂ ਇਸ ਦਾ ਉਲੱਥਾ ਕਰ ਦਿੰਦਾ ਹਾਂ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ: ਤੁਸੀਂ ਆਪਣੇ ਪਾਰਟੀ ਦੇ ਮੈਂਬਰ ਸਾਹਿਬ ਨੂੰ ਸਮਝਾ ਲਵੋ ਜਾਂ ਉਹ ਆਪਣੇ ਲਫਜ਼ ਵਾਪਿਸ ਲੈਣ। (Please ask your Party member either to withdraw his words or not to insist on Punjabi language.)

ਸਰਦਾਰ ਕਰਨੈਲ ਸਿੰਘ ਮਰੜ੍ਹੀ: ਡਿਪਟੀ ਸਪੀਕਰ ਸਾਹਿਬ, ਕਿਸੇ ਨੂੰ ਇਹ ਇਜ਼ਾਜ਼ਤ ਨਹੀਂ ਹੋਣੀ ਚਾਹੀਦੀ, ਹਰ ਇਕ ਨੂੰ ਪੰਜਾਬੀ ਵਿਚ ਬੋਲਣਾ ਚਾਹੀਦਾ ਹੈ।

ਸ਼੍ਰੀ ਡਿਪਟੀ ਸਪੀਕਰ: ਬਰਾੜ ਸਾਹਿਬ ਤੁਸੀਂ ਆਪਣੇ ਮੈਂਬਰ ਸਾਹਿਬ ਨੂੰ ਕਹੋ ਕਿ ਲਫਜ਼ ਵਾਪਿਸ ਲੈਣ ਜਾਂ ਤੁਸੀਂ ਪੰਜਾਬੀ ਵਿਚ ਬੋਲੋ। (Brar Sahib, ask your party member either to withdraw his words or please speak in Punjabi.)

ਸਰਦਾਰ ਜਸਵਿੰਦਰ ਸਿੰਘ ਬਰਾੜ: ਇਹ ਸਾਡੇ ਘਰ ਦਾ ਮਾਮਲਾ ਹੈ, ਇਹ ਸਾਡੀ ਆਪਣੀ ਗੱਲ ਹੈ।

ਸ਼੍ਰੀ ਡਿਪਟੀ ਸਪੀਕਰ: ਮੈਂ ਬੇਨਤੀ ਕਰਾਂਗਾ ਕਿ ਜਾਂ ਤਾਂ ਬਰਾੜ ਸਾਹਿਬ ਪੰਜਾਬੀ ਵਿਚ ਪੜ੍ਹਨ ਜਾਂ ਮਰੜ੍ਹੀ ਸਾਹਿਬ, ਆਪਣੇ ਲਫਜ਼ ਵਾਪਿਸ ਲੈਣ। (I would request that either Brar Sahib should read out the Call Attention Notice in Punjabi or Marhari Sahib should withdraw his words.)

ਸਰਦਾਰ ਜਸਵਿੰਦਰ ਸਿੰਘ ਬਰਾੜ: ਮੈਂ ਪੰਜਾਬੀ ਵਿਚ ਪੜ੍ਹ ਦਿੰਦਾ ਹਾਂ।

ਸਰਦਾਰ ਪ੍ਰੇਮ ਸਿੰਘ ਪ੍ਰੇਮ: ਪੁਆਇੰਟ ਆਫ ਆਰਡਰ, ਸਰ। ਜਦੋਂ ਤਕ ਹਿੰਦੀ, ਪੰਜਾਬੀ ਅਤੇ ਇੰਗਲਿਸ਼ ਲੈਂਗੂਏਜ ਸਰਕਾਰ ਦੁਆਰਾ ਮੰਨੀਆਂ ਹੋਈਆਂ ਹਨ, ਤੁਸੀਂ ਹਾਊਸ ਵਿਚ ਕਿਸੇ ਨੂੰ ਵੀ ਕੰਪੈਲ ਨਹੀਂ ਕਰ ਸਕਦੇ....(ਸ਼ੋਰ)

ਸ਼੍ਰੀ ਡਿਪਟੀ ਸਪੀਕਰ: ਮੈਂ ਤਾਂ ਇਨ੍ਹਾਂ ਦੀ ਤਰਫਦਾਰੀ ਰਖੀ ਹੈ, ਕਈ ਗੱਲਾਂ ਆਪੋਜ਼ੀਸ਼ਨ ਦੀਆਂ ਵੀ ਰਖਣੀਆਂ ਪੈਂਦੀਆਂ ਹਨ। ਇਹ ਸਵਾਲ ਇਨ੍ਹਾਂ ਦੀ ਪਾਰਟੀ ਦਾ ਹੀ ਸੀ, ਇਸ ਕਰਕੇ ਇਨ੍ਹਾਂ ਦੀ ਨੀਅਤ ਨੂੰ ਮੁੱਖ ਰਖਦੇ ਹੋਏ ਇਹ ਕਿਹਾ ਸੀ। (I have taken their side because sometimes the Opposition has to be accommodated. This matter related to their own Party. I made these remarks keeping in mind their professed views.)

ਸਰਦਾਰ ਜਸਵਿੰਦਰ ਸਿੰਘ ਬਰਾੜ: ** **

Mr. Deputy Speaker: It should not form part of the record.

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਜਸਵਿੰਦਰ ਸਿੰਘ ਬਰਾੜ: ਮੈਂ ਸਰਕਾਰ ਦਾ ਧਿਆਨ ਇਕ ਲੋਕ ਮਹੱਤਤਾ ਦੇ ਪ੍ਰਸ਼ਨ ਵਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਇਨਸਟੀਚਿਊਟ ਆਫ ਇੰਜੀਨਿਅਰਜ਼ (ਇੰਡੀਅਨ) ਨੇ ਐਗਰੀਕਲਚਰਲ ਇੰਜੀਨਿਰਿੰਗ ਦੀ ਡਿਗਰੀ ਨੂੰ ਏ. ਐਮ. ਆਈ ਸੈਕਸ਼ਨ ਏ ਅਤੇ ਬੀ ਦੀ ਬਰਾਬਰਤਾ ਦਿਤੀ ਹੈ ਅਤੇ ਇਸ ਕਾਲਜ ਨੂੰ ਯੂਨੈਸਕੋ ਵਲੋਂ ਸੈਂਟਰ ਆਫ ਐਕਸੀਲੈਂਸ ਕਰਾਰ ਦਿਤਾ ਗਿਆ ਹੈ। ਪ੍ਰੰਤੂ ਪੰਜਾਬ ਸਰਕਾਰ ਐਗਰੀਕਲਚਰ ਇੰਜੀਨਿਅਰਿੰਗ ਕਾਲਜ ਦੀ ਡਿਗਰੀ ਨੂੰ ਟਿਊਬਵੈਲ ਕਾਰਪੋਰੇਸ਼ਨ, ਮਾਇਨਰ ਇਰੀਗੇਸ਼ਨ, ਸੁਆਇਲ ਕਨਜ਼ਰਵੇਸ਼ਨ ਅਤੇ ਐਗਰੀਕਲਚਰ ਨਾਲ ਸਬੰਧਤ ਦੂਜੇ ਮਹਿਕਮਿਆਂ ਵਿਚ ਕਰਨ ਲਈ ਮਾਨਤਾ ਦੇਣ ਤੋਂ ਝਿਜਕ ਰਹੀ ਹੈ। ਇਸ ਨਾਲ ਵਿਦਿਆਰਥੀਆਂ ਵਿਚ ਜਿਹੜੇ ਕਿ ਇਸ ਵੇਲੇ ਪੜ੍ਹ ਰਹੇ ਹਨ ਅਤੇ ਜਿਹੜੇ ਐਗਰੀਕਲਚਰ ਇੰਜੀਨਿਅਰਜ਼ ਦੀ ਡਿਗਰੀ ਪ੍ਰਾਪਤ ਕਰ ਚੁਕੇ ਹਨ, ਵਿਚ ਬੜੀ ਅਰਾਜਕਤਾ ਹੈ। ਸਰਕਾਰ ਇਸ ਪਾਸੇ ਧਿਆਨ ਦੇਣ ਦੀ ਖੇਚਲ ਕਰੇ।

ਸ਼੍ਰੀ ਡਿਪਟੀ ਸਪੀਕਰ: ਪਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ। (Admitted. The Minister concerned may please make a statement.)

(ਕ੍ਰਮ ਨੰ: 89)

ਸਰਦਾਰ ਲਛਮਨ ਸਿੰਘ: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ, ਅਰਥਾਤ ਪਿੰਡ ਕਲੌੜ, ਥਾਣਾ ਬਸੀ-ਪਠਾਣਾ, ਤਹਿਸੀਲ ਸਰਹਿੰਦ, ਜ਼ਿਲ੍ਹਾ ਪਟਿਆਲਾ ਦੇ ਸਰਪੰਚ ਸ੍ਰੀ ਛੱਜਾ ਸਿੰਘ ਵਿਰੁਧ ਇਕ ਗਰੀਬ ਹਰੀਜਨ ਦੀ ਝੁੱਗੀ ਨੂੰ ਦਿਨ-ਦਿਹਾੜੇ ਜ਼ਬਰਦਸਤੀ ਅੱਗ ਲਾਉਣ ਬਾਰੇ 15 ਜੁਲਾਈ, 1974 ਨੂੰ ਥਾਣਾ ਬਸੀ-ਪਠਾਣਾ, ਤਹਿਸੀਲ ਸਰਹਿੰਦ, ਜ਼ਿਲ੍ਹਾ ਪਟਿਆਲਾ ਵਿਚ ਇਕ ਰਿਪੋਰਟ ਲਿਖਵਾਈ ਗਈ ਸੀ ਅਜੇ ਤਕ ਪੁਲਿਸ ਨੇ ਭਰੋਸੇਯੋਗ ਕਾਰਵਾਈ ਨਹੀਂ ਕੀਤੀ। ਇਸ ਘਟਨਾ ਨੇ ਗੰਭੀਰ ਸਥਿਤੀ ਪੈਦਾ ਕਰ ਦਿਤੀ ਹੈ। ਹਰੀਜਨਾਂ ਵਿਚ ਇਸ ਗੱਲ ਦਾ ਬੜਾ ਰੋਸ ਅਤੇ ਬੇਚੈਨੀ ਹੈ। ਸਰਕਾਰ ਸਦਨ ਵਿਚ ਧਿਆਨ ਦੇਵੇ ਕਿ ਪੁਲਿਸ ਨੇ ਹੁਣ ਤਕ ਉਕਤ ਸਰਪੰਚ ਵਿਰੁਧ ਕੀ ਕਾਰਵਾਈ ਕੀਤੀ ਹੈ।

ਸ਼੍ਰੀ ਡਿਪਟੀ ਸਪੀਕਰ: ਪਰਵਾਨ ਕੀਤੀ ਜਾਂਦੀ ਹੈ ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ (Admitted. The Minister concerned may please make a statement.)

ਮਾਲ ਅਤੇ ਚੋਣ ਮੰਤਰੀ : (ਸਰਦਾਰ ਉਮਰਾਓ ਸਿੰਘ ਜੀ ਬੈਠੇ ਬੈਠੇ ਬੋਲੇ)

** ** (ਸ਼ੋਰ) **

ਸਰਦਾਰ ਜਸਵਿੰਦਰ ਸਿੰਘ ਬਰਾੜ: ** ** (ਸ਼ੋਰ)

Mr. Deputy Speaker: Call Attention Notice No. 90. (*Noise*)

ਸਰਦਾਰ ਜਸਵਿੰਦਰ ਸਿੰਘ ਬਰਾੜ: ** ** (ਸ਼ੋਰ)

Mr. Deputy Speaker: It should not form part of the record.

---

*Expunged as ordered by the Chair.

Original with;
Punjab Vidhan Sabha
Digitized by
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ : ** ** ** (ਸ਼ੋਰ)

Mr. Deputy Speaker: It should not form part of the record.

ਸਰਦਾਰ ਜਸਵਿੰਦਰ ਸਿੰਘ ਬਰਾੜ : ** ** ** (ਸ਼ੋਰ)

Mr. Deputy Speaker: It should not form part of the record.

ਸ਼੍ਰੀ ਗੁਰਦਿਆਲ ਸੈਣੀ : ਡਿਪਟੀ ਸਪੀਕਰ ਸਾਹਿਬ, ਹਾਊਸ 2-00 ਵਜੇ ਸ਼ੁਰੂ ਹੋਇਆ ਸੀ 4-00 ਵਜ ਗਏ ਹਨ, ਇਸ ਤਰ੍ਹਾਂ ਟਾਈਮ ਵੇਸਟ ਹੋ ਰਿਹਾ ਹੈ। ਸੰਧੂ ਸਾਹਿਬ ਬਾਰ ਬਾਰ ਟਾਈਮ ਲਈ ਜਾਂਦੇ ਹਨ। (ਸ਼ੋਰ)

ਸ਼੍ਰੀ ਡਿਪਟੀ ਸਪੀਕਰ : ਇਸ ਤਰ੍ਹਾਂ ਤੁਸੀਂ ਵਕਤ ਜਾਇਆ ਨਾ ਕਰੋ। (ਸ਼ੋਰ) (Please do not waste the time of the House.)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਇਹ ਤੁਹਾਡੀ.....

ਸ਼੍ਰੀ ਡਿਪਟੀ ਸਪੀਕਰ : ਤੁਸੀਂ ਤਸ਼ਰੀਫ ਰਖੋ। (ਸ਼ੋਰ) (Please resume your seat) (*Noise*)

(ਕ੍ਰਮ ਨੰ: 90)

ਮਾਸਟਰ ਦਲੀਪ ਚੰਦ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਦਾ, ਹਾਂ ਅਰਥਾਤ, ਜਿਹੜੇ ਲੜਕੇ ਇਸ ਸਾਲ ਦਸਵੀਂ ਦੀ ਪ੍ਰੀਖਿਆ ਵਿਚ ਫੇਲ੍ਹ ਹੋ ਚੁਕੇ ਹਨ ਉਹਨਾਂ ਨੂੰ ਦੁਬਾਰਾ ਗੌਰਮਿੰਟ ਅਤੇ ਪ੍ਰਾਈਵੇਟ ਸਕੂਲਾਂ ਵਿਚ ਦਾਖ਼ਲ ਨਹੀਂ ਕੀਤਾ ਜਾਂਦਾ। ਇਸ ਦਾ ਕਾਰਨ ਇਹ ਦਸਿਆ ਜਾਂਦਾ ਹੈ ਕਿ ਉਹਨਾ ਲੜਕਿਆਂ ਨੇ ਨੌਵੀਂ ਦੀ ਜ਼ਮਾਤ ਵਿਚ ਬੋਰਡ ਦਾ ਇਮਤਿਹਾਨ ਪਾਸ ਨਹੀਂ ਕੀਤਾ। ਸਾਰੇ ਪੰਜਾਬ ਵਿਚ ਦਸਵੀਂ ਵਿਚ ਫੇਲ੍ਹ ਹੋਣ ਵਾਲੇ ਵਿਦਿਆਰਥੀਆਂ ਵਿਚ ਬੇਚੈਨੀ ਤੇ ਘਬਰਾਹਟ ਫੈਲੀ ਹੋਈ ਹੈ ਅਤੇ ਬੱਚਿਆਂ ਦੇ ਮਾਂ ਬਾਪ ਵੀ ਬੜੇ ਹੈਰਾਨ ਤੇ ਪ੍ਰੇਸ਼ਾਨ ਹਨ। ਕਿਰਪਾ ਕਰਕੇ ਸਰਕਾਰ ਸਦਨ ਵਿਚ ਜਵਾਬ ਦੇਣ ਦੀ ਕਿਰਪਾਲਤਾ ਕਰੇ।

ਸ਼੍ਰੀ ਡਿਪਟੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The Minister concerned may please make a statement.)

(ਕ੍ਰਮ ਨੰ: 94)

ਸਰਦਾਰ ਅਜਾਇਬ ਸਿੰਘ ਸੰਧੂ : ਮੇਰੀ ਕਾਲ ਅਟੈਨਸ਼ਨ ਮੋਸ਼ਨ ਅੰਗਰੇਜ਼ੀ ਵਿਚ ਹੈ ਪਰ ਮੈਂ ਪੰਜਾਬੀ ਵਿਚ ਹੀ ਪੜ੍ਹ ਦਿੰਦਾ ਹਾਂ ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਕਿ 9 ਅਗਸਤ ਨੂੰ ਗੌਰਮਿੰਟ ਮਸ਼ੀਨਰੀ ਦਾ ਮਿਸਯੂਜ਼ ਕੀਤਾ ਗਿਆ ਜਿਸ ਨਾਲ ਕਿ ਪੰਜਾਬ ਤੋਂ ਵਿਦਿਆਥੀ ਅਤੇ ਜਵਾਨ ਦਿਲੀ ਯੂਥ ਰੈਲੀ ਵਿਚ ਹਿੱਸਾ ਲੈਣ ਲਈ ਲੈ ਜਾਏ ਗਏ। ਇਸ ਸਿਲਸਿਲੇ ਵਿਚ ਸਰਕਾਰ ਬਿਆਨ ਦੇਣ ਦੀ ਖੇਚਲ ਕਰੇ।

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The Minister concerned may please make a statement.)

(Serial No. 95)

Dr. Baldev Prakash : I beg to draw the attention of the Government towards a matter of urgent public importance namely, the situation created by the murder of a shopkeeper at Rayya (Amritsar) by the people who were going to Delhi in buses to participate in the Rally at Delhi.

The matter being of public importance, the Minister concerned may be asked to make a statement in the House.

ਸ਼੍ਰੀ ਡਿਪਟੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The Minister concerned may please make a statement.)

Sardar Darbara Singh: This matter is already subjudice. It cannot be admitted.

Mr. Deputy Speaker : Call Attention Notice No. 100.

(ਕ੍ਰਮ ਨੰ: 100)

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ, ਕਿ ਮੇਰੇ ਹਲਕਾ ਦਾਖਾ ਵਿਚ ਬੁੱਢੇ ਦਰਿਆ ਨੂੰ ਚੌੜਾ ਕੀਤਾ ਜਾ ਰਿਹਾ ਹੈ ਜਿਸ ਨਾਲ ਲੋਕਾਂ ਦੀ ਬਹੁਤ ਸਾਰੀ ਜ਼ਮੀਨ ਨੂੰ ਦੱਬਿਆ ਜਾ ਰਿਹਾ ਤੇ ਉਸ ਦਰਿਆ ਦੇ ਪਾਣੀ ਨੂੰ ਰੋਕਿਆ ਵੀ ਜਾ ਰਿਹਾ ਹੈ ਜਿਸ ਨਾਲ ਸੇਮ ਹੋਣ ਦਾ ਡਰ ਹੈ। ਮੇਰੇ ਇਲਾਕੇ ਦੇ ਕਿਸਾਨ ਡੀ. ਸੀ. ਲੁਧਿਆਣਾ ਨੂੰ ਵੀ ਮਿਲੇ ਹਨ ਤੇ ਸਰਕਾਰ ਨੂੰ ਵੀ ਦਰਖਾਸਤਾਂ ਦਿਤੀਆਂ ਹਨ ਪਰ ਹਾਲੇ ਤਕ ਕੁਝ ਨਹੀਂ ਹੋਇਆ। ਲੋਕਾਂ ਵਿਚ ਬਹੁਤ ਬੇਚੈਨੀ ਹੈ। ਸਰਕਾਰ ਬਿਆਨ ਦੇਣ ਦੀ ਖੇਚਲ ਕਰੇ।

ਸ਼੍ਰੀ ਡਿਪਟੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The Minister concerned may please make a statement.)

QUESTIONS OF PRIVILEGE
(Resumption)

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਇਹ ਪ੍ਰੀਵਿਲੇਜ ਮੋਸ਼ਨ ਦਾ ਨੋਟਿਸ ਦਿਤਾ ਸੀ ਅਤੇ ਇਹ ਮੈਂ ਰੂਲ 252 ਦੇ ਥਲੇ ਦਿਤਾ ਸੀ।

I beg your leave to raise the point of privilege. On 13th August, 1974, Comrade Satya Pal Dang (I am sorry he is not present in the House) wanted to move a new clause to The Punjab Affiliated Colleges (Security of Service of

Original with;
Punjab Vidhan Sabha
Digitized by;
Panjab Digital Library

[Chaudhri Darshan Singh]

Teachers) Bill, 1974. The hon'ble Deputy Speaker (probably you) remarked that he should first get leave of the House. At this stage, Comrade Satya Pal Dang said '** ** ** **' When it was pointed out by some members of this House that these words are derogatory and these words amount to breach of privilege of the House, Comrade Satya Pal Dang denied having said these remarks. This is a mis-statement and also amounts to breach of privilege of the House. We had pointed out in the House too. We, therefore, request that the matter may be referred to the Committee on Privileges.

ਇਹ ਬੜਾ ਹੀ ਗੰਭੀਰ ਮਸਲਾ ਹੈ । ਰੂਲਜ਼ ਪ੍ਰੋਵਾਈਡ ਕਰਦੇ ਹਨ ਅਤੇ ਮੈਂ ਇਸ ਬਾਰੇ ਬਰੀਫ ਸਟੇਟਮੈਂਟ ਦੇ ਸਕਦਾ ਹਾਂ ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਆਪਣੀ ਮੋਸ਼ਨ ਮੂਵ ਕਰ ਦਿਤੀ ਹੈ ਪਰ ਬੋਲੋ ਨਾ । ਜੇ ਬੋਲਣਾ ਹੈ ਤਾਂ ਕੋਈ ਰੂਲ ਕੋਟ ਕਰੋ । (You have moved your motion but you may not make a statement. If you insist on doing so, then quote the rule under which you can do so.)

ਚੌਧਰੀ ਦਰਸ਼ਨ ਸਿੰਘ : ਰੂਲ 255 ਦੇਖੋ ਕੀ ਹੈ ਇਸ ਰਾਹੀਂ ਮੈਂ ਸ਼ਾਰਟ ਸਪੀਚ ਕਰ ਸਕਦਾ ਹਾਂ ।

Mr. Deputy Speaker : Rule 255 (1) reads—

"The Speaker, if he gives consent under rule 252 and holds that the matter proposed to be discussed is in order, shall, after the questions and before the list of business is entered upon, call the member concerned who shall rise in his place and, while asking for leave to raise the question of privilege, make a short statement relevant thereto :

ਰੂਲਜ਼ ਇਹ ਹਨ ਕਿ ਪਹਿਲਾਂ ਕੰਡੀਸ਼ਨਜ਼ ਪੂਰੀਆਂ ਹੋਣੀਆਂ ਚਾਹੀਦੀਆਂ ਹਨ, ਇਕ ਤਾਂ ਇਹ ਕਿ ਜੇਕਰ ਸਪੀਕਰ ਦੀ ਕੰਸੈਂਟ ਹੋਵੇ ਤਾਂ ਤੁਸੀਂ ਰੂਲ 252 ਦੇ ਤਹਿਤ ਬੋਲ ਸਕਦੇ ਹੋ । ਤੁਹਾਨੂੰ ਅਜੇ ਚੇਅਰ ਦੀ ਕੰਸੈਂਟ ਨਹੀਂ ਮਿਲੀ । ਤੁਹਾਡਾ ਜਿਹੜਾ ਨੋਟਿਸ ਇਨ ਰਾਈਟਿੰਗ ਆਇਆ ਹੈ ਅਜੇ ਅੰਡਰ ਕੰਸਿਡਰੇਸ਼ਨ ਹੈ ।

(Rules provide that conditions must be fulfilled. First of all their is a provision that under rule 252, you can speak proceed the Speaker's consent is there. No consent has been given to you as yet. Your notice of motion received in writing, is still under consideration.)

ਚੌਧਰੀ ਦਰਸ਼ਨ ਸਿੰਘ : ਜਦੋਂ ਵੀ ਕੋਈ ਮੋਸ਼ਨ ਦਿੰਦਾ ਹੈ ਤਾਂ ਸਭ ਤੋਂ ਪਹਿਲਾਂ ਉਹ ਜਨਾਬ ਦੇ ਨੋਟਿਸ ਵਿਚ ਆਉਂਦੀ ਹੈ । ਜਦੋਂ ਉਸ ਤੇ ਵਿਚਾਰ ਹੋ ਜਾਂਦਾ ਹੈ ਤਾਂ ਮੈਂਬਰ ਨੂੰ ਪੜ੍ਹਨ ਦੀ ਕੰਸੈਂਟ ਚੇਅਰ ਦਿੰਦੀ ਹੈ ਅਤੇ ਨਾਲ ਹੀ ਉਹ ਸ਼ਾਰਟ ਸਪੀਚ ਵੀ ਕਰਦਾ ਹੈ । ਇਸ ਲਈ ਮੈਨੂੰ ਪੜ੍ਹਨ ਦੀ ਇਜਾਜ਼ਤ ਹੋਣੀ ਚਹੀਦੀ ਹੈ ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਮੋਸ਼ਨ ਮੂਵ ਕਰਨ ਤੋਂ ਬਾਅਦ ਜੋ ਬਰੀਫ ਸਪੀਚ ਕਰਨ ਦਾ ਕੁਐਸ਼ਚਨ ਰੇਜ਼ ਕੀਤਾ ਹੈ, ਇਹ ਅਜੇ ਅੰਡਰ ਕੰਸਿਡਰੇਸ਼ਨ ਹੈ । (The question raised by you to make a brief speech is still under consideration.)

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਚੌਧਰੀ ਦਰਸ਼ਨ ਸਿੰਘ : ਪਰ ਜਨਾਬ 256 ਵਿਚ ਤਾਂ ਇਹ ਹੈ ਕਿ ਕੋਈ ਵੀ ਮੈਂਬਰ ਕਿਸੇ ਵੇਲੇ ਵੀ ਪ੍ਰਿਵਿਲੇਜ ਮੂਵ ਕਰ ਸਕਦਾ ਹੈ ।

ਸ਼੍ਰੀ ਡਿਪਟੀ ਸਪੀਕਰ : ਇਹ ਤਾਂ ਠੀਕ ਹੈ ਪਰ ਰੂਲ 252 ਚਾਹੀਂ ਤੁਹਾਨੂੰ ਅਜੇ ਇਹ ਕਨਸੈਂਟ ਨਹੀਂ ਮਿਲੀ ਕਿ ਤੁਸੀਂ ਬੋਲ ਵੀ ਸਕਦੇ ਹੋ ਜਾਂ ਨਹੀਂ ? (It may be so, but under rule 252 no concent has yet been given to you ?)

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇਹ ਕਹਿੰਦਾ ਹਾਂ ਕਿ ਉਹ ਲਫਜ਼ ਤਾਂ ਪ੍ਰੈਸ ਵਿਚ ਆ ਗਏ ਨਾ ਤੁਸੀਂ ਐਕਸਪੰਜ ਕੀਤੇ ਨਾ ਉਹਨਾਂ ਨੇ ਵਿਦਡਰਾ ਹੀ ਕੀਤੇ ।

Mr. Deputy Speaker : The conditions of admissibility of question of privilege are given in rule 254. It reads—

The right to raise a question of privilege shall be governed by the following conditions :—

(i) not more than one question shall be raised at the same sitting;

(ii) the question shall be restricted to a specific matter of recent occurrence;

(iii) the matter requires the intervention of the Assembly."

The other day you had also raised the matter orally under Rule 256.

ਚੌਧਰੀ ਦਰਸ਼ਨ ਸਿੰਘ : ਉਸ ਦਿਨ ਮੈਂ ਜ਼ਬਾਨੀ ਵੀ ਇਹੋ ਕਿਹਾ ਸੀ ਕਿ ਰੀਮਾਰਕਸ ਬੜੇ ਡੈਰੋਗੇਟਰੀ ਹਨ । ਫੇਰ ਮੈਂ 256 ਹੇਠ ਇਕ ਪ੍ਰਿਵਿਲੇਜ ਮੋਸ਼ਨ ਮੂਵ ਕਰ ਦਿਤੀ ।

ਸਰਦਾਰ ਦਰਬਾਰਾ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਉਸ ਦਿਨ ਹਾਊਸ ਵਿਚ ਡਾਂਗ ਸਾਹਿਬ ਨੇ ਆਪਣੀ ਪੁਜ਼ੀਸ਼ਨ ਕਲੈਰੀਫਾਈ ਕਰ ਦਿਤੀ ਸੀ । ਇਹ ਮੈਟਰ ਵੀ ਹਾਊਸ ਨੇ ਡਰਾਪ ਕਰ ਦਿੱਤਾ ਸੀ । ਅੱਜ ਫੇਰ ਪਤਾ ਨਹੀਂ ਕਿਉਂ ਇਹ ਕਬਰਾਂ ਦੇ ਵਿਚੋਂ ਮੁਰਦੇ ਕਢਕੇ ਲੈ ਆਏ ਹਨ । (ਹਾਸਾ)

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬ, ਸਾਨੂੰ ਪਤਾ ਨਹੀਂ ਲਗਦਾ ਕਿ ਇਹ ਕਿਸ ਪਾਰਟੀ ਦੀ ਨੁਮਾਇੰਦਗੀ ਕਰਦੇ ਹਨ । ਕਦੇ ਸੀ. ਪੀ. ਆਈ. ਕਦੇ ਕਾਂਗਰਸ ਅਤੇ ਕਦੇ ਅਕਾਲੀਆਂ ਵਲੋਂ ਇਹ ਬੋਲਦੇ ਹਨ । ਇਹ ਕਿਹੜੀ ਪਾਰਟੀ ਨੂੰ ਕਵਰ ਕਰਦੇ ਹਨ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਵੀ ਸੁਣਿਆ ਸੀ ਉਸ ਦਿਨ ਇਹਨਾਂ ਨੇ ਹਾਊਸ ਵਿਚ ਉਠ ਕੇ ਇਹ ਮੈਟਰ ਰੇਜ਼ ਕੀਤਾ ਸੀ । ਜਨਾਬ ਨੇ ਇਹ ਫਰਮਾਇਆ ਸੀ ਕਿ ਲਿਖ ਕੇ ਭੇਜ ਦਿਉ । ਅਜ ਇਨ੍ਹਾਂ ਨੇ ਲਿਖ ਕੇ ਭੇਜ ਦਿਤਾ ਹੈ। ਜਦੋਂ ਵੀ ਕੋਈ ਪ੍ਰਿਵਿਲੇਜ ਮੋਸ਼ਨ ਦਫਤਰ ਦੇ ਵਿਚ ਆ ਜਾਂਦਾ ਹੈ ਤਾਂ ਜਨਾਬ ਦੀ ਅਪਰੂਵਲ ਉਪਰੰਤ ਇਸ ਹਾਊਸ ਦੇ ਵਿਚ ਪੜ੍ਹ ਦਿਤਾ ਜਾਂਦਾ ਹੈ । ਪੜ੍ਹਨ ਤੋਂ ਬਾਅਦ ਹੀ ਹਾਂ ਜਾਂ ਨਾ ਕਹਿ ਕੇ ਇਹ ਐਕਸੈਪਟ ਜਾਂ ਰੀਜੈਕਟ ਕੀਤਾ ਜਾਂਦਾ ਹੈ । ਉਸ ਦਿਨ ਵੀ ਜਦੋਂ ਬਹੁਤ ਰੌਲਾ ਪਿਆ ਸੀ ਤਾਂ ਤੁਸੀਂ ਕਹਿ

Original with;
Punjab Vidhan Sabha
Digitized by;
Panjab Digital Library

[ਸਰਦਾਰ ਅਜਾਇਬ ਸਿੰਘ ਸੰਧੂ]

ਦਿਤਾ ਸੀ ਲਿਖ ਕੇ ਦਿਉ, ਲਿਖ ਕੇ ਆ ਗਿਆ ਤਾਂ ਤੁਸੀਂ ਪ੍ਰਾਸੈਸ ਕਰਨਾ ਹੈ। ਜਦੋਂ ਤੁਸੀਂ ਕੋਈ ਆਪਣੀ ਕੰਸੈਂਟ ਦਿਉਗੇ ਤਾਂ ਹੀ ਕੋਈ ਗੱਲ ਹੋਵੇਗੀ। ਜਦੋਂ ਜਨਾਬ ਦੇ ਹਾਲੇ ਪ੍ਰਾਸੈਸ ਹੀ ਨਹੀਂ ਕੀਤਾ ਨਾ ਕੋਈ ਕਨਸੈਂਟ ਦਿਤੀ ਹੈ, ਅਸੀਂ ਹਾਲੇ ਕੀ ਕਹਿ ਸਕਦੇ ਹਾਂ ? ਪਰ ਇਹ ਮੈਂ ਕਹਾਂਗਾ ਕਿ ਸਰਦਾਰ ਉਮਰਾਓ ਸਿੰਘ ਨੂੰ ਕੋਈ ਹੱਕ ਨਹੀਂ ਕਿ ਚੌਧਰੀ ਸਾਹਿਬ ਤੋਂ ਕੋਈ ਗਲਤ ਸਟੇਪ ਉਠਾਉਣ ਲਈ ਕਹਿਣ। ਮੈਂ ਜਨਾਬ ਦੀ ਤਵੱਜੋ ਇਸ ਪਾਸੇ ਦਿਵਾਉਣੀ ਚਾਹੁੰਦਾ ਸੀ।

ਸ਼੍ਰੀ ਡਿਪਟੀ ਸਪੀਕਰ: ਜੋ ਪ੍ਰਿਵਿਲੇਜ ਮੋਸ਼ਨ ਚੌਧਰੀ ਦਰਸ਼ਨ ਸਿੰਘ ਨੇ ਇਨ ਰਾਈਟਿੰਗ ਮੂਵ ਕੀਤੀ ਹੈ, ਇਹ ਅਜੇ ਅੰਡਰ ਪ੍ਰਾਸੈਸ ਹੈ। (Privilege motion moved by Chaudhri Darshan Singh in writing is still under process.)

ਚੌਧਰੀ ਦਰਸ਼ਨ ਸਿੰਘ : ਪ੍ਰਾਸੈਸ ਦੇ ਕੀ ਮਾਅਨੇ ਹਨ, ਪਹਿਲਾਂ ਮੈਨੂੰ ਇਹ ਦੱਸ ਦਿਤਾ ਜਾਵੇ। 252 ਅੰਦਰ ਮੈਨੂੰ ਬਰੀਫ਼ ਸਪੀਚ ਕਰਨ ਦੀ ਇਜਾਜ਼ਤ ਹੋਣੀ ਚਾਹੀਦੀ ਹੈ।

(ਇਸ ਵਕਤ ਹਾਊਸ ਵਿਚ ਮਾਨਯੋਗ ਮੈਂਬਰ ਕਾਮਰੇਡ ਸੱਤ ਪਾਲ ਡਾਂਗ ਵੀ ਆ ਗਏ)

ਸ਼੍ਰੀ ਡਿਪਟੀ ਸਪੀਕਰ : ਡਾਂਗ ਸਾਹਿਬ, ਚੌਧਰੀ ਦਰਸ਼ਨ ਸਿੰਘ ਨੇ ਇਕ ਪ੍ਰਿਵਿਲੇਜ ਮੋਸ਼ਨ ਮੂਵ ਕੀਤੀ ਹੈ। ਉਹ ਇਹ ਕਹਿੰਦੇ ਹਨ ਕਿ ਰੂਲ 255 ਦੇ ਤਹਿਤ ਉਹ ਕੁਝ ਬਰੀਫ ਸਪੀਚ ਵੀ ਕਰ ਸਕਦੇ ਹਨ। ਜੋ ਲਫ਼ਜ਼ ਤੁਸੀਂ ਕਹੇ ਸੀ ਕਿ XX XX XX ਇਸ ਦੇ ਬਾਰੇ ਵਿਚ ਇਹ ਪ੍ਰਿਵਿਲੇਜ ਮੋਸ਼ਨ ਦਿਤੀ ਹੈ, ਇਹ ਤੇ ਉਹਨਾਂ ਨੇ ਸਟੇਟਮੈਂਟ ਕਰਨ ਦੀ ਇਜਾਜ਼ਤ ਮੰਗੀ ਹੈ। ਮੈਂ ਅਜੇ ਇਹਨਾਂ ਨੂੰ ਅਲਾਓ ਨਹੀਂ ਕੀਤਾ। ਮੈਂ ਬੈਕ ਗਰਾਊਂਡ ਤੁਹਨੂੰ ਦੱਸਣੀ ਚਾਹੁੰਦਾ ਸੀ। ਪ੍ਰਿਵਿਲੇਜ ਮੋਸ਼ਨ ਵਿਚ ਉਨ੍ਹਾਂ ਨੇ ਇਹ ਲਿਖਿਆ ਹੈ.....

"On 13th August, 1974, Comrade Satya Pal Dang wanted to move a new clause to the Punjab Affiliated Colleges (Security of Service of Teachers Bill, 1974. The hon. Deputy Speaker remarked that he should first get leave of the House. At this stage, Comrade Satya Pal Dang said '** ** **' When it was pointed out by some Members of this House that these words are derogatory and these words amount to breach of privilege of the House, Comrade Satya Pal Dang denied having said these remarks....."

(Dang Sahib Chaudhri Darshan Singh has given notice of a Privilege Motion. He is of the view that he can make a brief speech under rule 255. He has moved his Privilege Motion about your remarks 'xx xx xx' and has requested that he should be allowed to make a brief statement in the House. I have not allowed so far. I wanted to explain to you the background. He has stated in his Privilege Motion that.....

"On 13th August, 1974, Comrade Satya Pal Dang wanted to move a new clause to the Punjab Affiliated Colleges (Security of Service of Teachers) Bill, 1974. The hon. Deputy Speaker remarked that he should first get leave of the House. At this stage, Comrade Satya Pal Dang said 'xx xx xx.' When it was pointed out by some Members of this House that these words are derogatory and these words amount to breach of privilege of the House, Comrade Satya Pal denied having said these remarks....."

** Expunged as ordered by the Chair.

Original with;
Punjab Vidhan Sabha
Digitized by;
Panjab Digital Library

ਕਾਮਰੇਡ ਸੱਤਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਰੂਲਜ਼ ਆਫ ਦੀ ਹਾਊਸ ਅਤੇ ਉਹਨਾਂ ਦੀ ਐਪਲੀਕੇਸ਼ਨ ਤੇ ਸਾਰੇ ਮੈਂਬਰਾਂ ਦੇ ਨਾਲ ਇਕੋ ਜੇਹਾ ਟਰੀਟਮੈਂਟ ਹੋਣਾ ਚਾਹੀਦਾ ਹੈ। ਇਸ ਦੇ ਬਾਰੇ ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ। ਜਿਸ ਦਿਨ ਸੈਸ਼ਨ ਸ਼ੁਰੂ ਹੋਇਆ ਉਸ ਦਿਨ ਕਾਂਗਰਸ ਪਾਰਟੀ ਦੀ ਮੀਟਿੰਗ ਹੋਈ, ਉਥੇ ਇਹ ਕੁਝ ਫੈਸਲਾ ਕਰਕੇ ਆਏ.....

ਸ਼੍ਰੀ ਡਿਪਟੀ ਸਪੀਕਰ : ਤੁਸੀਂ ਤਕਰੀਰ ਨਾ ਕਰੋ। ਤੁਸੀਂ ਇਹ ਦਸੋ ਕਿ ਸਟੇਟਮੈਂਟ ਹੋ ਸਕਦਾ ਹੈ ਜਾਂ ਨਹੀਂ ? (You should not make a speech. You should explain whether any statement can be given at this stage or not ?)

ਕਾਮਰੇਡ ਸੱਤਪਾਲ ਡਾਂਗ : ਮੈਂ ਤਾਂ ਇਸ ਬਾਰੇ ਅਜੇ ਇਹੋ ਕਹਿ ਸਕਦਾ ਹਾਂ ਕਿ ਮੈਂ ਇਕ ਮੋਸ਼ਨ ਮੂਵ ਕਰਨੀ ਚਾਹੀ ਸੀ, ਪਰ ਤੁਸੀਂ ਅਲਾਓ ਨਹੀਂ ਕੀਤਾ। ਮੈਂ ਜੋ ਕੁਝ ਤੁਹਾਨੂੰ ਬੇਨਤੀ ਕੀਤੀ ਸੀ ਕਿ ਮੈਨੂੰ ਐਕਸਪਲੇਨ ਕਰ ਲੈਣ ਦਿਓ। ਜੋ ਕੁਝ ਮੈਂ ਕਿਹਾ ਸੀ ਉਹ ਐਕਸਪੰਜ ਕਰਾ ਦਿਤਾ। ਕਪਤਾਨ ਸਾਹਿਬ ਨੇ ਵੀ ਜ਼ਬਾਨੀ ਕੁਝ ਕਿਹਾ ਸੀ। ਮੈਂ ਤਾਂ ਆਪਣੀ ਪੁਜ਼ੀਸ਼ਨ ਉਸ ਦਿਨ ਹੀ ਵਾਜ਼ਾ ਕਰ ਦਿਤੀ ਸੀ ਅਤੇ ਮੇਰੀ ਪੁਜ਼ੀਸ਼ਨ ਅੱਜ ਵੀ ਉਹੀ ਹੈ। (ਸ਼ੋਰ) (ਵਿਘਨ) ਤੁਸੀਂ ਪਹਿਲਾਂ ਇਸ ਨੂੰ ਪਰਾਸੈਸ ਕਰ ਲਓ ਫੇਰ ਮੇਰੇ ਕੁਮੈਂਟਸ ਮੰਗ ਲੈਣਾ ਅਤੇ ਬਾਅਦ ਵਿਚ ਆਪਣਾ ਫੈਸਲਾ ਦੇ ਦੇਣਾ।

Chaudhri Darshan Singh : Mr. Deputy Speaker, now two stands have been taken here. One stand has been taken by Sardar Da bara Singh who has said that Comrade Satya Pal Dang had clarified his position the other day and that the matter had been dropped. He has misled the House. The second stand is that of Comrade Satya Pal Dang. His stand is that whatever has been reported in the Press is correct.

ਸ਼੍ਰੀ ਡਿਪਟੀ ਸਪੀਕਰ : ਪੇਪਰ ਦੇ ਵਿਚ ਕੀ ਰਿਪੋਰਟ ਹੋ ਕੇ ਆਇਆ ਹੈ ? (What has been reported in the newspaper ?)

ਚੌਧਰੀ ਦਰਸ਼ਨ ਸਿੰਘ : ਇਹ ਮੈਂ ਪੜ੍ਹ ਦਿੰਦਾ ਹਾਂ—

"ਬਹਿਸ ਕੇ ਦੌਰਾਨ ਏਕ ਮੌਕਾ ਪਰ ਕਾਮਰੇਡ ਸੱਤ ਪਾਲ ਡਾਂਗ ਕੇ ਇਨ ਮਬੀਨਾ ਰੀਮਾਰਕਸ ਪਰ ਹੰਗਾਮਾ ਔਰ ਝੜਪੇਂ ਹੋ ਗਈਂ ਕਿ 'XX XX XX XX' ਯੇਹ ਵਜ਼ੀਰੇ ਮਾਲ ਸਰਦਾਰ ਉਮਰਾਓ ਸਿੰਘ ਨੇ ਮੁਤਾਲਬਾ ਕੀਆ ਕਿ ਕਾਮਰੇਡ ਡਾਂਗ ਅਪਨੇ ਇਲਫਾਜ਼ ਕੋ ਵਾਪਸ ਲੇਂ।"

Either these remarks should be expunged or it should not form part of the proceedings. We cannot debar the Press form publishing it. Once it is part of the recored, it shall be published.

Mr. Deputy Speaker : It was denied by Comrade Satya Pal Dang.

*Expunged as ordered by the Chair.

Original with;
Punjab Vidhan Sabha
Digitized by
Panjab Digital Library

Chaudhri Darshan Singh : He has not denied it.

Comrade Satya Pal Dang : I made it clear on that day and I make it clear to-day even that I did not say this thing in relation to the House. I said it in relation to some friends sitting on this side (pointing towards treasury benches) and Chaudhri Sunder Singh supported me.

ਚੌਧਰੀ ਦਰਸ਼ਨ ਸਿੰਘ : ਸਰਦਾਰ ਉਮਰਾਓ ਸਿੰਘ ਨੇ ਕਹਾ ਕਿ ਯਹ ਹਾਊਸ ਕੀ ਤੌਹੀਨ ਹੈ । ਐਕਸਾਈਜ਼ ਟੈਕਸੇਸ਼ਨ ਮਨਿਸਟਰ ਸ਼੍ਰੀ ਯਸ਼ ਨੇ ਭੀ ਕਹਾ ਕਿ ਕਾਮਰੇਡ ਡਾਂਗ ਕੇ ਇਲਫਾਜ਼ ਹਾਊਸ ਕੀ ਤੌਹੀਨ ਹੈਂ । ਇਸ ਪਰ ਕਾਮਰੇਡ ਡਾਂਗ ਔਰ ਅਕਾਲੀ ਮੈਂਬਰ ਨੇ ਕਹਾ ਕਿ ਕਾਮਰੇਡ ਡਾਂਗ ਨੇ ਕਾਂਗਰਸੀ ਮੈਂਬਰੋਂ ਕੀ ਤਰਫ ਇਸ਼ਾਰਾ ਕਰਕੇ ਮਜ਼ਕੂਰਾ ਅਲਫਾਜ਼ ਕਹੇ ਥੇ । ਚੌਧਰੀ ਦਰਸ਼ਨ ਸਿੰਘ ਨੇ ਕਹਾ ਕਿ ਏਕ ਪ੍ਰਿਵਿਲੇਜ਼ ਤਹਿਰੀਕ ਪਹਿਲੇ ਹੀ ਮੁਅਜ਼ ਇਲਤਵਾ ਮੇਂ ਪੜੀ ਹੈ । ਯਾ ਤੋਂ ਕਾਮਰੇਡ ਡਾਂਗ ਆਪਣੇ ਅਲਫਾਜ਼ ਵਾਪਿਸ ਲੇਂ ਯਾ ਅਲਫਾਜ਼ ਕਾਰਵਾਈ ਸੇ ਹਜ਼ਫ ਕਰਾਏ ਜਾਏਂ । ਕਾਮਰੇਡ ਡਾਂਗ ਨੇ ਕਹਾ ਕਿ ਚੌਧਰੀ ਸੁੰਦਰ ਸਿੰਘ ਜੋ ਉਨ ਕੇ ਬਾਈਂ ਤਰਫ ਵਾਲੀ ਸੀਟ ਪਰ ਬੈਠੇ ਥੇ ਨੇ ਭੀ ਤਸਦੀਕ ਕੀ ਹੈ । ਚੁਨਾਂਚੇ ਜਬ ਕਾਮਰੇਡ ਡਾਂਗ ਆਪਣੇ ਅਲਫਾਜ਼ ਵਾਪਸ ਲੈਨੇ ਪਰ ਰਜ਼ਾਮੰਦ ਨਾ ਹੁਏ ਤੋ ਡਿਪਟੀ ਸਪੀਕਰ ਸ਼੍ਰੀ ਨਸੀਬ ਸਿੰਘ ਗਿਲ ਜੋ ਉਸ ਵਕਤ ਸਪੀਕਰ ਕੀ ਕੁਰਸੀ ਪਰ ਬੈਠੇ ਥੇ ਸੇ ਝਤਪ ਹੋ ਗਈ । ਕਾਮਰੇਡ ਡਾਂਗ ਕੇ ਕਈ ਅਲਫਾਜ਼ ਕਰਵਾਈ ਸੇ ਹਜ਼ਫ (ਵਿਘਨ) ਕਰਾ ਦੀਏ ਗਏ ।

ਚੌਧਰੀ ਦਰਸ਼ਨ ਸਿੰਘ ਨੇ ਪੂਛਾ ਕਾਮਰੇਡ ਡਾਂਗ ਕੇ ਅਲਫਾਜ਼ ਅਖਬਾਰੋਂ ਮੇਂ ਜਾਏਂਗੇ ਯਾ ਨਹੀਂ ਤੋ ਡਿਪਟੀ ਸਪੀਕਰ ਨੇ ਕਹਾ ਕੇ ਅਖਬਾਰੋਂ ਮੇਂ ਨਹੀਂ ਜਾਏਂਗੇ । ਮਗਰ ਸ਼੍ਰੀ ਗਿਲ ਨੇ ਕਾਮਰੇਡ ਡਾਂਗ ਕੇ ਅਲਫਾਜ਼ ਨਾ ਤੋਂ ਕਾਰਵਾਈ ਸੇ ਹਜ਼ਫ ਕਰਾਏ ਔਰ ਨਾ ਹੀ ਵਾਪਿਸ ਲੀਏ ਗਏ ।

Another point has arisen if these remarks were not made by Comrade Satya Pal Dang, then there is mis-reporting by the Press people. One thing is positively clear that Contempt of the House is definitely there-either by Comrade Satya Pal Dang or by the Press.

ਚੌਧਰੀ ਸੁੰਦਰ ਸਿੰਘ : ਡਿਪਟੀ ਸਪੀਕਰ ਸਾਹਿਬ, ਇਹ ਤਾਂ ਮਰਦੇ ਉਖਾੜਨ ਵਾਲੀ ਗੱਲ ਕਰਦੇ ਹਨ (ਵਿਘਨ) ਜਿਹੜੀਆ ਇਹ ਛੋਟੀਆਂ ਛੋਟੀਆਂ ਚੀਜ਼ਾਂ ਹੁੰਦੀਆਂ ਹਨ ਉਹ ਛੋਟੇ ਛੋਟੇ ਹੀ ਸਮਝਦੇ ਹਨ । ਜਿਹੜੀਆਂ ਇਹ ਗੱਲਾਂ ਹੁੰਦੀਆਂ ਹਨ ਇਹ ਲਿਖਣ ਪੜ੍ਹਨ ਦੀ ਲੋੜ ਨਹੀਂ (ਵਿਘਨ) ਇਹ ਗੱਲਾਂ ਉਹ ਕਰਦੇ ਹਨ ਜਿਹੜੀਆਂ ਹੋਣ ਵਾਲੀਆਂ ਨਾ ਹੋਣ ।

ਸਰਦਾਰਾ ਦਰਬਾਰਾ ਸਿੰਘ : ਡਿਪਟੀ ਸਪੀਕਰ ਸਾਹਿਬ, ਜਦੋਂ ਇਹ ਮਾਮਲਾ ਹਾਊਸ ਦੇ ਸਾਹਮਣੇ ਆਇਆ ਉਸ ਵੇਲੇ ਤੁਸੀਂ ਕਿਹਾ ਸੀ ਕਿ ਇਹ ਪਰੋਸੀਡਿੰਗਜ਼ ਦਾ ਪਾਰਟ ਨਾ ਬਣੇ । ਪਰ ਬੜੇ ਅਫਸੋਸ ਦੀ ਗੱਲ ਹੈ ਕਿ ਇਸ ਦੇ ਬਾਵਜੂਦ, ਜਿਹੜੀ ਤੁਹਾਨੇ ਰੂਲਿੰਗ ਦਿਤੀ ਸੀ ਉਹ ਪ੍ਰੈਸ ਨਾ ਲੈ ਸਕੀ, ਅਤੇ ਉਹ ਮੈਟਰ ਪ੍ਰੈਸ ਵਿਚ ਆ ਗਿਆ । ਦਹਰੀ ਵਾਰੀ ਇਹ ਗੱਲ ਹੋ ਗਈ ਹੈ । ਪ੍ਰੈਸ ਦੀ ਅਣਗਹਿਲੀ ਨਾਲ ਇਹ ਆ ਗਿਆ ਹੈ । ਪਹਿਲਾਂ ਇਹ ਗੱਲ ਵਾਪਰ ਚੁਕੀ ਹੈ ਔਰ ਤੁਸੀਂ ਪਹਿਲਾਂ ਰੂਲਿੰਗ ਦੇ ਚੁਕੇ ਹੋ । ਉਮਰਾਓ ਸਿੰਘ ਨੇ ਦੋਹਰਾਈ ਹੈ ਜਿਸ ਤੇ ਰੂਲਿੰਗ ਜਿਹੜੀ ਹੈ (ਵਿਘਨ) ਪਰ ਦੋਵੇਂ ਸੱਜਣ ਅੱਜ ਕੀ ਕਹਿ ਰਹੇ ਹਨ ।

Original with;
Punjab Vidhan Sabha
Digitized by;
Panjab Digital Library

ਚੌਧਰੀ ਦਰਸ਼ਨ ਸਿੰਘ : ਪ੍ਰੈਸ ਨੇ ਅੰਤਾਇਰ ਪਰੋਸੀਡਿੰਗਜ਼ ਨੋਟ ਕੀਤੀਆਂ ਹਨ। ਕੀ ਤੁਸੀਂ ਸਮਝਦੇ ਹੋ ਕਿ ਉਹ (ਪ੍ਰੈਸ) ਨੈਗਲੀਜੈਂਟ ਸਨ ? They were very much cautious.

ਕਾਮਰੇਡ ਸੱਤਪਾਲ ਡਾਂਗ : ਆਨ ਏ ਪੁਆਇੰਟ ਆਫ ਆਰਡਰ, ਸਰ। ਜਤੋਂ ਚੌਧਰੀ ਦਰਸ਼ਨ ਸਿੰਘ ਆਪ ਆਪਣੇ ਮਾਈਂਡ ਵਿਚ ਕਲੀਅਰ ਨਹੀਂ ਕਿ ਜਿਹੜੀ ਹਾਊਸ ਦੀ ਪ੍ਰਿਵਲੈਜ਼ ਟੁੱਟੀ ਇਹ ਸੱਤ ਪਾਲ ਡਾਂਗ ਨੇ ਕਿਹਾ ਹੈ ਜਾਂ ਪ੍ਰੈਸ ਵਾਲਿਆਂ ਨੇ ਕਿਹਾ ਹੈ। (ਵਿਘਨ) ਯੂ ਕੈਨ ਨਾਟ ਐਡਮਿਟ ਈਵਨ ਫਾਰ ਵੇਗ ਐਸਪਰਸ਼ਨ। ਡਾਂਗ ਸਾਹਿਬ ਨੇ ਕਿਹਾ ਹੈ ਜਾਂ ਪ੍ਰੈਸ ਵਾਲਿਆਂ ਨੇ ਕਿਹਾ ਹੈ (ਵਿਘਨ)

ਜਥੇਦਾਰ ਗੁਰਬਚਨ ਸਿੰਘ : * * *

ਸ਼੍ਰੀ ਡਿਪਟੀ ਸਪੀਕਰ : ਇਹ ਰੀਕਾਰਡ ਤੇ ਨਹੀਂ ਆਉਣਾ ਚਾਹੀਦਾ ਹੈ। (It should not come on the record.)

ਮਾਲ ਅਤੇ ਚੋਣ ਮੰਤਰੀ : ਮੇਰੀ ਗੁਜ਼ਾਰਿਸ਼ ਇਹ ਹੈ ਜੋ ਕਿਹਾ ਗਿਆ ਹੈ ਜੋ ਲਿਖਿਆ ਗਿਆ ਹੈ ਉਹ ਰਿਕਾਰਡ ਤੇ ਆ ਗਿਆ ਹੈ। ਨਾ ਵਾਪਿਸ ਲਿਆ ਗਿਆ ਹੈ ਅਤੇ ਨਾ ਤੁਸੀਂ ਐਕਸਪੰਜ ਕਰਾਇਆ ਹੈ। ਕੋਈ ਹਾਊਸ ਉਤੇ ਐਸਪਰਸ਼ਨ ਹੋਈ ਹੈ ਉਹ ਐਕਸਪੰਜ ਨਹੀਂ ਹੋਈ। ਜ਼ਿਮੇਵਾਰ ਮੈਂਬਰ ਵਿਦਡਰਾ ਕਰਦਾ ਹੈ, ਉਹ ਵਿਦਡਰਾ ਨਹੀਂ ਕੀਤਾ। ਮੇਰੀ ਗੁਜ਼ਾਰਿਸ਼ ਇਹ ਹੈ ਕਿ ਨਾ ਐਕਸਪੰਜ ਕੀਤਾ ਹੈ ਅਤੇ ਨਾ ਹੀ ਮੈਂਬਰ ਨੇ ਵਿਦਡਰਾ ਕੀਤਾ ਹੈ। ਜੋ ਕੁਝ ਕਿਹਾ ਗਿਆ ਹੈ ਉਹ ਰਿਕਾਰਡ ਤੇ ਹੈ। ਹੁਣ ਤੁਸੀਂ ਆਪ ਫੈਸਲਾ ਕਰ ਲਉ।

ਚੌਧਰੀ ਦਰਸ਼ਨ ਸਿੰਘ : ਉਨ੍ਹਾਂ ਨੇ ਕਿਹਾ ਹੈ ਕਿ ਮੈਂ ਨਹੀਂ ਕਿਹਾ ਲੇਕਿਨ ਰਿਕਾਰਡ ਕਹਿੰਦਾ ਹੈ ਕਿ ਕਿਹਾ ਹੈ।

We have to depend on the record. Mr. Dang should feel sorry for this. He cannot deny having said so because the record of the House supports me.

ਸਰਦਾਰ ਦਰਬਾਰਾ ਸਿੰਘ : ਜਿਸ ਅਖਬਾਰ ਦੇ ਉਤੇ ਮੈਂਬਰ ਸਾਹਿਬ ਨੇ ਰਿਲਾਈ ਕੀਤੀ ਹੈ। ਲਫਜ਼ ਗਲਤੀ ਨਾਲ ਇਨਾਂ ਤੋਂ ਪੜ੍ਹਿਆ ਗਿਆ ਹੈ 'ਮਜ਼ਫ'। ਮੇਰੀ ਇਹ ਗੁਜ਼ਾਰਿਸ਼ ਹੈ ਕਿ ਜਦੋਂ ਹਜ਼ਫ ਹੋ ਗਿਆ ਹੈ ਫੇਰ ਮੁੜ ਕੇ ਇਹ 'ਮਜ਼ਫ' ਕਿਉਂ ਕਹੀ ਜਾਂਦੇ ਹਨ (ਵਿਘਨ)

ਚੌਧਰੀ ਸੁੰਦਰ ਸਿੰਘ : ਆਨ ਏ ਪੁਆਇਟ ਆਫ ਆਰਡਰ, ਸਰ। ਦੋ ਤਰ੍ਹਾਂ ਦੇ ਵਕੀਲ ਹੁੰਦੇ ਹਨ। ਇਕ ਹੁੰਦੇ ਹਨ ** ਅਤੇ ਦੂਜੇ ਕਿਤਾਬਾਂ ਪੜ੍ਹ ਕੇ ਬੋਲਦੇ ਹਨ। (ਵਿਘਨ)

ਸ਼੍ਰੀ ਡਿਪਟੀ ਸਪੀਕਰ : ਇਹ ਲਫਜ਼ ** ਪ੍ਰੋਸੀਡਿੰਗਜ਼ ਦਾ ਭਾਗ ਨਾ ਬਣ। (The word ** should not form part of the proceedings of the House.)

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਚੌਧਰੀ ਸੁੰਦਰ ਸਿੰਘ : ਅਖ਼ਬਾਰ ਵਿਚ ਇਹੀ ਹੀ ਪੁਆਇੰਟ ਰੇਜ਼ ਕੀਤਾ ਗਿਆ ਹੈ ਕਿ ਇਹ ਲਫ਼ਜ਼ ਹਜ਼ਫ਼ ਕਰਾਏ ਜਾਣ । ਮਤਲਬ ਇਹ ਪੁਆਇੰਟਸ ਐਕਸਪੰਜ ਕਰਾਏ ਜਾਣ । (ਵਿਘਨ)

ਸਰਦਾਰ ਹਰਚਰਨ ਸਿੰਘ : ਡਾਂਗ ਸ਼ਾਹਿਬ ਬੜੇ ਵਡੇ ਪਾਰਲੀਮੈਂਟੇਰੀਅਨ ਹਨ, ਇਹਨਾਂ ਨੇ ਆਪਣੀ ਪੁਜ਼ੀਸ਼ਨ ਐਕਸਪਲੇਨ ਕਰਦਿਆਂ ਕਿਹਾ ਸੀ ਕਿ ਅਸੀਂ ਸਾਰੇ ਹਾਊਸ ਨੂੰ ਨਹੀਂ ਕਿਹਾ ਸੀ । ਅੱਗੇ ਇਸ ਪਾਰਟੀ ਦੇ ਮੈਂਬਰ ਨੇ ਕਿਹਾ ਸੀ ਕਿ ਅਸੀਂ ਸਿਰਫ ਇਨ੍ਹਾਂ ਨੂੰ (ਕਾਂਗਰਸੀ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) ਗੱਲ ਕਹੀ ਸੀ । ਇਸ ਲਈ ਮੈਂ ਰੂਲਿੰਗ ਚਾਹਾਂਗਾ ਕਿ ਪਾਰਟ ਆਫ ਦੀ ਹਾਊਸ ਨਾਲ ਕੀ ਹਾਊਸ ਕਾਂਸਟੀਚਿਊਟ ਨਹੀਂ ਹੁੰਦਾ ?

ਚੌਧਰੀ ਦਰਸ਼ਨ ਸਿੰਘ : ਇਸ ਤੋਂ ਇਲਾਵਾ ਹਰ ਇਕ ਚੀਜ਼ ਰਿਕਾਰਡ ਤੇ ਹੈ । (ਵਿਘਨ) ਜਾਂ ਤੇ ਉਨ੍ਹਾਂ ਦੇ ਰੈਫਰੈਂਸ ਨੂੰ ਹਾਊਸ ਸਮਝ ਨਹੀਂ ਸਕਦਾ । (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਰੂਲਿੰਗ ਤੁਸੀਂ ਦੇਣੀ ਹੈ । ਮੇਰੀ ਬੇਨਤੀ ਇਹ ਹੈ ਕਿ ਅੱਜ ਦੇ ਦਿਨ ਲਈ ਹੋਰ ਵੀ ਪ੍ਰੋਗਰਾਮ ਹੈ । ਜੇ ਤਾਂ ਉਸ ਪ੍ਰੋਗਰਾਮ ਨੂੰ ਕੈਂਸਲ ਕਰਨਾ ਹੈ ਤਾਂ ਤੇ ਠੀਕ ਹੈ ਚਲੋ ਚਲੋ । ਪਰ ਡਿਪਟੀ ਸਪੀਕਰ ਸਾਹਿਬ, ਮੈਂ ਕਈ ਵਾਰੀ ਕਹਿ ਚੁਕਾ ਹਾਂ ਜੋ ਕੁਝ ਮੈਂ ਕਿਹਾ ਹੈ ਉਸ ਬਾਰੇ ਮੈਨੂੰ ਕੀ ਪਤਾ ਉਥੇ ਰਿਕਾਰਡ ਤੇ ਕੀ ਹੈ । ਜਦੋਂ ਕਰੈਕਸ਼ਨ ਵਾਸਤੇ ਮੇਰੇ ਕੋਲ ਮੈਟਰ ਆਉਂਦਾ ਹੈ ਤਾਂ 5-10 ਗਲਤੀਆਂ ਕਢ ਕੇ ਭਿਜਵਾ ਦਿੰਦਾ ਹਾਂ । ਮੈਂ ਜਿਹੜੀ ਗੱਲ ਕਹੀ ਸੀ ਚੌਧਰੀ ਸਾਹਿਬ ਨੂੰ ਉਹ ਉਹਨਾਂ ਨੇ ਇਲੈਬੋਰੇਟ ਕੀਤੀ ਹੈ ।

ਇਹ ਇਹਨਾਂ ਦੀ ਇੰਟਰਪਰੇਟੇਸ਼ਨ ਹੈ । ਚੌਧਰੀ ਸਾਹਿਬ ਨੇ ਕਿਹਾ ਹੈ ਕਿ ਡਾਂਗ ਨੇ ਕਿਹਾ ਹੈ ਕਿ ਮੈਂਬਰਾਂ ਨੂੰ ਗੱਲ ਸਮਝ ਨਹੀਂ ਆਈ । ਪਰ ਜਿਹੜੇ ਪ੍ਰਿਵਿਲਜ਼ ਮੋਸ਼ਨ ਦੇ ਮੂਵਰ ਹਨ, ਡਿਪਟੀ ਸਪੀਕਰ ਸਾਹਿਬ, ਉਹ ਹਰ ਮਿੰਟ ਦੇ ਬਾਅਦ ਆਪਣੀ ਪੁਜ਼ੀਸ਼ਨ ਬਦਲਦੇ ਹਨ । ਪਹਿਲਾਂ ਇਹਨਾਂ ਨੇ ਲਿਖ ਦਿਤਾ ਪਰ ਫਿਰ ਉਹਨਾਂ ਨੇ ਕਿਹਾ ਕਿ ਡਾਂਗ ਨੇ ਕੰਟੈਂਪਟ ਕੀਤੀ ਹੈ । ਹੁਣ ਉਨ੍ਹਾਂ ਨੂੰ ਕਹੋ ਕਿ ਜੋ ਉਨ੍ਹਾਂ ਨੇ ਦੇਣਾ ਹੈ ਉਹ ਲਿਖ ਕੇ ਦੇਣ ।

ਆਵਾਜ਼ਾਂ : ਲਿਖਕੇ ਦਿਤਾ ਹੈ ।

ਕਾਮਰੇਡ ਸੱਤ ਪਾਲ ਡਾਂਗ : ਉਹ ਲਿਖਕੇ ਦੇ ਦੇਣ ਅਤੇ ਤੁਸੀਂ ਉਸ ਨੂੰ ਸੀਰੀਅਸਲੀ ਕੰਸਿਡਰ ਕਰ ਲਵੋ । ਉਸ ਦੇ ਬਾਅਦ ਤੁਸੀਂ ਫੈਸਲਾ ਦੇਣਾ ਅਤੇ ਹੁਣ ਤੁਸੀਂ ਹਾਊਸ ਦੀ ਦੂਸਰੀ ਕਾਰਵਾਈ ਚੱਲਣ ਦਿਉ ।

ਸ਼੍ਰੀ ਡਿਪਟੀ ਸਪੀਕਰ : ਮੈਂ ਐਗਜ਼ਾਮਿਨ ਕਰ ਲਵਾਂਗਾ ਕਿਉਂਕਿ ਕਾਫੀ ਕੰਪਲੀਕੇਸ਼ੰਜ਼ ਪੈਦਾ ਹੋਈਆਂ ਹਨ । ਮੈਂ ਐਗਜ਼ਾਮਿਨ ਕਰਕੇ ਬਾਅਦ ਵਿਚ ਰੂਲਿੰਗ ਦੇ ਦਿਆਂਗਾ । (So many complications are involved; so I will give my ruling after examining the whole matter.)

ਸ਼੍ਰੀ ਸਰਦਾਰੀ ਲਾਲ ਕਪੂਰ : ਪੁਆਇੰਟ ਆਫ ਆਰਡਰ, ਸਰ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਡਿਪਟੀ ਸਪੀਕਰ : ਤੁਸੀਂ ਇਸ ਦੇ ਉਤੇ ਪੁਆਇੰਟ ਆਫ ਆਰਡਰ ਨਾ ਕਰੋ, ਕਿਸੇ ਹੋਰ ਗੱਲ ਤੇ ਜੇ ਕਰਨਾ ਹੈ ਤਾਂ ਕਰੋ । (Don't raise any Point of order on this topic; you may do so on some other subject.)

ਸ਼੍ਰੀ ਸਰਦਾਰੀ ਲਾਲ ਕਪੂਰ : ਤੁਸੀਂ ਸੁਣੋ ਤਾਂ ਸਹੀ । ਡਿਪਟੀ ਸਪੀਕਰ ਸਾਹਿਬ, ਮੈਂ ਕੁਝ ਕਾਲ ਅਟੈਨਸ਼ਨ ਮੋਸ਼ਨ ਦਿਤੀਆਂ ਸਨ, ਉਹਨਾਂ ਦਾ ਮੈਂ ਜਵਾਬ ਲੈਣਾ ਹੈ । ਕੁਝ ਕਾਲ ਅਟੈਨਸ਼ਨ ਮੋਸ਼ਨਾਂ ਐਸੀਆਂ ਹਨ ਜਿਨ੍ਹਾਂ ਦਾ ਜੁਆਬ ਨਹੀਂ ਆਇਆ ।

ਸ਼੍ਰੀ ਡਿਪਟੀ ਸਪੀਕਰ : ਜੁਆਬ ਲੈ ਦਿੰਦੇ ਹਾਂ । (You will get the reply.)

ਸ਼੍ਰੀ ਸਰਦਾਰੀ ਲਾਲ ਕਪੂਰ : ਨਹੀਂ ਜੀ, ਜਿਹੜੀਆਂ ਕਾਲ ਅਟੈਨਸ਼ਨ ਮੋਸ਼ਨਜ਼ ਦਾ ਜਵਾਬ ਆਇਆ ਹੈ, ਉਨ੍ਹਾਂ ਤੇ ਮੈਂ ਸੁਆਲ ਕਰਨਾ ਚਾਹੁੰਦਾ ਹਾਂ । ਤੁਸੀਂ ਕਿਹਾ ਸੀ ਕਿ ਕੱਲ ਨੂੰ ਸੁਆਲ ਕਰ ਲੈਣਾ, ਇਸ ਲਈ ਮੈਂ ਹੁਣ ਸੁਆਲ ਕਰਨਾ ਚਾਹੁੰਦਾ ਹਾਂ ।

ਸ਼੍ਰੀ ਡਿਪਟੀ ਸਪੀਕਰ : ਪਹਿਲਾਂ ਕਾਲ ਅਟੈਨਸ਼ਨ ਮੋਸ਼ਨ ਦੇ ਜੁਆਬ ਲੈ ਕਰ ਲੈਣ ਦਿਉ । (First let the statements in reply to Call Attention Notices be laid on the Table of the House.)

STATEMENTS LAID ON THE TABLE OF THE HOUSE IN REPLY TO CALL ATTENTION NOTICES

Revenue and Election Minister (Sardar Umrao Singh) : Sir, I beg to lay on the Table of the House replies to Call Attention Notices Nos. 24, 29, 38, 40, 45, 46, 47, 53 and 95.

(Serial No. 24)

Comrade Satya Pal Dang : To draw the attention of the Government towards a matter of urgent public importance namely, there is serious discontentment amongst the employees of the Punjab Roadways for various reasons. Agreement made on 16th October, 1973; 6th December, 1973; 24th January, 1974 and 20th May, 1974 by the Government with Union of the employees have not been implemented. One fourth of the total fleet is standing idle in the workshops particularly at Moga, Ferozepur, Batala and Ludhiana. Mileage to the extent of nearly 12 lacs is being missed every month On the other hand, long important and productive/monopoly routes are being given to the private operators.

There is serious discontentment in the public too, as public interests are vitally affected.

In view of the obvious and urgent importance of the matter the Government may please be asked to make a statement in the House.

ਸ੍ਰ. ਦਲਬਾਗ ਸਿੰਘ ਡਾਲੇਕੇ (ਰਾਜ ਮੰਤਰੀ, ਟਰਾਂਸਪੋਰਟ ਅਤੇ ਸ਼ਹਿਰੀ ਹਵਾਬਾਜ਼ੀ) : ਪੰਜਾਬ ਰੋਡਵੇਜ਼ ਕਰਮਚਾਰੀਆਂ ਵਿਚ ਕਿਸੇ ਪਰਕਾਰ ਦੀ ਕੋਈ ਬੇਤਨੀ ਨਹੀਂ ਹੈ । ਜਦੋਂ ਵੀ ਕਰਮਚਾਰੀਆਂ ਵੱਲੋਂ ਕੋਈ ਮੰਗ ਸਰਕਾਰ ਨੂੰ ਭੇਜੀ ਜਾਂਦੀ ਹੈ, ਉਸਨੂੰ ਮੈਂਬਰਾਂ ਹਮਦਰਦੀ ਨਾਲ ਵਿਚਾਰਿਆ ਜਾਂਦਾ ਹੈ । ਸਟਾਫ ਅਤੇ ਰੋਡਵੇਜ਼ ਕਰਮਚਾਰੀਆਂ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ ਟਰਾਂਸਪੋਰਟ]

ਵਿਚਕਾਰ 16 ਅਕਤੂਬਰ, 1973; 6 ਦਸੰਬਰ, 1973; 24 ਜਨਵਰੀ, 1974 ਅਤੇ 29 ਮਈ, 1974 ਦੀ ਗਲਬਾਤ ਸਮੇਂ ਕੋਈ ਲਿਖਤ ਸਮਝੌਤਾ ਨਹੀਂ ਸੀ ਹੋਇਆ । ਇਸ ਵਾਸਤੇ ਕਿਸੇ ਕਥਿਤ ਸਮਝੌਤੇ ਦੀ ਉਲੰਘਣਾ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ । ਇਹ ਠੀਕ ਹੈ ਕਿ ਰੋਡਵੇਜ਼ ਕਰਮਚਾਰੀਆਂ ਦੇ ਪ੍ਰਤੀਨਿਧ ਇਨ੍ਹਾਂ ਤਾਰੀਖਾਂ ਨੂੰ ਸਰਕਾਰ ਨੂੰ ਮਿਲੇ ਸਨ ਅਤੇ ਉਨ੍ਹਾਂ ਵੱਲੋਂ ਪੇਸ਼ ਕੀਤੀਆਂ ਮੰਗਾਂ ਉਤੇ ਵਿਚਾਰ ਵਟਾਂਦਰਾ ਹੁੰਦਾ ਰਿਹਾ ਹੈ । ਕਰਮਚਾਰੀਆਂ ਦੀਆਂ ਹੇਠ ਲਿਖੀਆਂ ਮੰਗਾਂ, ਜੋ ਯੋਗ ਅਤੇ ਠੀਕ ਸਨ, ਸਰਕਾਰ ਨੇ ਮੰਨ ਲਈਆਂ ਹਨ :—

1. ਸਿੱਧੀ ਭਰਤੀ :

ਨਿਯਮਾਂ ਅਨੁਸਾਰ ਕੇਵਲ 20% ਆਸਾਮੀਆਂ ਵਾਸਤੇ ਸਿੱਧੀ ਭਰਤੀ ਕੀਤੀ ਜਾਵੇਗੀ ਅਤੇ ਬਾਕੀ ਦੀਆਂ 80% ਆਸਾਮੀਆਂ ਉਨਤੀ ਰਾਹੀਂ ਭਰੀਆਂ ਜਾਣਗੀਆਂ ।

2. ਸੇਵਾ ਨਿਯਮ

ਵੱਖ ਵੱਖ ਸ਼ਰੇਣੀਆਂ ਦੇ ਕਰਮਚਾਰੀਆਂ ਦੇ ਸੇਵਾ ਨਿਯਮਾਂ ਨੂੰ ਛੇਤੀ ਤੋਂ ਛੇਤੀ ਅੰਤਮ ਰੂਪ ਦਿੱਤਾ ਜਾਵੇਗਾ ।

3. ਵਰਦੀ

ਕਰਮਚਾਰੀਆਂ ਦੀ ਠੰਡੀ ਵਰਦੀ ਦਾ ਭੱਤਾ 65 ਰੁਪਏ ਤੋਂ ਵਧਾ ਕੇ 90 ਰੁਪਏ ਅਤੇ ਗਰਮ ਵਰਦੀ ਦਾ ਭੱਤਾ 125 ਰੁਪਏ ਤੋਂ ਵਧਾ ਕੇ 150 ਰੁਪਏ ਕਰ ਦਿੱਤਾ ਗਿਆ ਹੈ । ਗਰਮ ਜਰਸੀਆਂ ਦੀ ਕੀਮਤ ਨੂੰ ਵੀ 20 ਰੁਪਏ ਤੋਂ ਵਧਾ ਕੇ 30 ਰੁਪਏ ਕਰ ਦਿੱਤਾ ਗਿਆ ਹੈ ।

4. ਓਵਰ ਟਾਈਮ

ਰੋਡਵੇਜ਼ ਕਰਮਚਾਰੀਆਂ ਨੂੰ ਓਵਰ ਟਾਈਮ ਮੋਟਰ ਟਰਾਂਸਪੋਰਟ ਵਰਕਰ ਐਕਟ ਦੇ ਨਿਯਮਾਂ ਅਨੁਸਾਰ ਦਿੱਤਾ ਜਾਵੇਗਾ ਅਤੇ ਲੋੜ ਅਨੁਸਾਰ ਵਾਧੂ ਡਰਾਈਵਰ ਤੇ ਕੰਡਕਟਰ ਭਰਤੀ ਕੀਤੇ ਜਾਣਗੇ । ਕਿਸੇ ਵੀ ਕਾਮੇ ਤੋਂ ਇਕ ਹਫ਼ਤੇ ਵਿਚ ਓਵਰ ਟਾਈਮ ਸਮੇਤ 54 ਘੰਟੇ ਤੋਂ ਵੱਧ ਕੰਮ ਨਹੀਂ ਲਿਆ ਜਾਵੇਗਾ ।

5. ਡਿਊਟੀ ਕਾਰਡ

ਸਾਰਿਆਂ ਡੀਪੂਆਂ ਤੇ ਡਿਊਟੀ ਕਾਰਡ ਸ਼ੁਰੂ ਕੀਤੇ ਗਏ ਹਨ ।

6. ਕਵਾਟਰ

ਇਹ ਫੈਸਲਾ ਕੀਤਾ ਗਿਆ ਹੈ ਕਿ ਰੋਡਵੇਜ਼ ਕਰਮਚਾਰੀਆਂ ਵਾਸਤੇ ਹਰ ਸਾਲ ਹਰ ਡੀਪੂ ਵਾਸਤੇ 50 ਕਵਾਰਟਰ ਬਣਾਏ ਜਾਣਗੇ ।

7. ਨੌਕਰੀ ਦੀ ਕਨਫਰਮੇਸ਼ਨ

ਪੱਕੀਆਂ ਆਸਾਮੀਆਂ ਤੇ ਕਰਮਚਾਰੀਆਂ ਨੂੰ ਪੱਕਿਆਂ ਕੀਤਾ ਗਿਆ ਹੈ । ਜਦੋਂ ਵੀ ਵਾਧੂ ਆਸਾਮੀਆਂ ਪੱਕੀਆਂ ਹੋ ਜਾਣਗੀਆਂ, ਦੂਜੇ ਕਰਮਚਾਰੀਆਂ ਨੂੰ ਨਿਯਮਾਂ ਅਨੁਸਾਰ ਪੱਕਿਆਂ ਕੀਤਾ ਜਾਵੇਗਾ ।

Original with;
Punjab Vidhan Sabha
Digitized by;
Panjab Digital Library

8. ਨਾਰਮ

ਪੰਜਾਬ ਰੋਡਵੇਜ਼ ਕਰਮਚਾਰੀਆਂ ਵਾਸਤੇ ਨਾਰਮ ਬਣੇ ਹੋਏ ਹਨ ਅਤੇ ਉਨ੍ਹਾਂ ਨੂੰ ਸੋਧਣ ਹਿੱਤ ਵਿਚਾਰ ਕੀਤੀ ਜਾ ਰਹੀ ਹੈ ।

9. ਹੜਤਾਲ ਦੇ ਦਿਨਾਂ ਦਾ ਵੇਤਨ

ਇਹ ਫੈਸਲਾ ਕੀਤਾ ਗਿਆ ਹੈ ਕਿ ਜਿਹੜੇ ਕਰਮਚਾਰੀ 9 ਜਨਵਰੀ, 1974 ਅਤੇ 6 ਮਾਰਚ, 1974 ਦੀ ਹੜਤਾਲ ਦੇ ਦਿਨਾਂ ਵਿਚ ਹਾਜ਼ਰ ਸਨ, ਉਨ੍ਹਾਂ ਨੂੰ ਤਨਖਾਹ ਦਿੱਤੀ ਜਾਵੇ ।

ਕਰਮਚਾਰੀਆਂ ਦੀਆਂ ਹੇਠ ਲਿਖੀਆਂ ਮੰਗਾਂ ਤੇ ਸਰਕਾਰ ਵੱਲੋਂ ਬੜੀ ਗੰਭੀਰਤਾ ਨਾਲ ਵਿਚਾਰ ਕੀਤੀ ਜਾ ਰਹੀ ਹੈ :—

(1) ਸਾਲ 1973-74 ਲਈ ਨਿਸ਼ਚਿਤ ਦਰ ਤੇ ਐਕਸ ਗਰੇਸ਼ੀਆ ਗਰਾਂਟ ।

(2) ਰੀਟਾਇਰ ਹੋਣ ਤੇ ਗਰੈਚੂਟੀ ।

(3) ਡਰਾਈਵਰਾਂ ਅਤੇ ਇਨਸਪੈਕਟਰਾਂ ਦੇ ਗਰੇਡਾਂ ਦੀ ਸੋਧ ।

(4) ਕਰਮਚਾਰੀਆਂ ਦੇ ਕਨਟਰੀਬਿਊਟਰੀ ਪ੍ਰਾਵੀਡੈਂਟ ਫੰਡ ਉਤੇ ਸੂਦ ਦੀ ਦਰ ਵਧਾਉਣ ਬਾਰੇ ਪੰਜਾਬ ਰੋਡਵੇਜ਼ ਕਰਮਚਾਰੀਆਂ ਨੂੰ 1 ਨਵੰਬਰ, 1954 ਤੋਂ ਪਹਿਲੇ ਕਨਟਰੀਬਿਊਟਰੀ ਪ੍ਰਾਵੀਡੈਂਟ ਫੰਡ ਦੀ ਮੰਜ਼ੂਰੀ ਬਾਰੇ ।

(5) ਵਾਸ਼ਿੰਗ ਅਲਾਊਂਸ ਨੂੰ ਦੋ ਰੁਪਏ ਤੋਂ ਵਧਾ ਕੇ 5 ਰੁਪਏ ਕੀਤਾ ਜਾਵੇ ।

2. ਵਰਕਸ਼ਾਪ ਵਿਚ ਕੋਈ ਵੀ ਬੱਸ ਐਵੇਂ ਨਹੀਂ ਰੁਲੀ ਹੋਈ ਹੈ ਸਵਾਏ ਨਿਸਚਿਤ 15% ਬੱਸਾਂ ਦੇ ਜਿਨ੍ਹਾਂ ਨੂੰ ਮੁਰੰਮਤ, ਸਰਵਿਸ, ਦੁਰਘਟਨਾ, ਟੁਟ ਭੱਜ ਨੂੰ ਠੀਕ ਕਰਨ ਵਾਸਤੇ ਰੋਕਣਾ ਜ਼ਰੂਰੀ ਹੈ। ਕੁਝ ਸਮਾਂ ਪਹਿਲਾਂ ਕੁਝ ਬੱਸਾਂ ਟਾਇਰਾਂ ਦੀ ਕਮੀ ਅਤੇ ਜ਼ਰੂਰੀ ਪੁਰਜ਼ਿਆਂ ਦੇ ਨਾ ਹੋਣ ਕਰਕੇ ਕਈਆਂ ਡੀਪੂਆਂ ਵਿਚ ਖੜੀਆਂ ਸਨ । ਟਾਇਰਾਂ ਦੀ ਕਮੀ ਤੇ ਜਰੂਰੀ ਪੁਰਜ਼ਿਆਂ ਦਾ ਨਾ ਮਿਲਣਾ ਇਕ ਰਾਸ਼ਟਰੀ ਸੰਕਟ ਹੈ । ਮੈਂ ਜ਼ਾਤੀ ਤੌਰ ਤੇ ਭਾਰਤ ਸਰਕਾਰ ਨਾਲ ਗਲਬਾਤ ਕਰਕੇ ਅਤੇ ਮੁੱਖ ਮੰਤਰੀ ਜੀ ਨੇ ਆਪਣੀ ਪੱਧਰ ਤੇ ਭਾਰਤ ਸਰਕਾਰ ਨਾਲ ਗਲਬਾਤ ਕਰਕੇ ਇਸ ਮਾਮਲੇ ਨੂੰ ਕਾਫੀ ਹੱਦ ਤੱਕ ਨਜਿਠਿਆ ਹੈ । ਮੈਂ ਆਪਣੇ ਮਦਰਾਸ ਦੇ ਦੌਰੇ ਸਮੇਂ ਮਦਰਾਸ ਰਬੜ ਫੈਕਟਰੀ ਵਾਲਿਆਂ ਨੂੰ ਇਸ ਗੱਲ ਤੇ ਮਨਾਇਆ ਕਿ ਉਹ ਪੰਜਾਬ ਰੋਡਵੇਜ਼ ਨੂੰ 1000 ਟਾਇਰ ਛੇਤੀ ਦੇਣ । ਇਸੇ ਤਰ੍ਹਾਂ ਮੈਂ ਆਪਣੇ ਬੰਬਈ ਦੇ ਦੌਰੇ ਸਮੇਂ ਟੈਲਕੋ ਵਾਲਿਆਂ ਨੂੰ ਛੇਤੀ ਤੋਂ ਛੇਤੀ ਅਤੇ ਵੱਧ ਤੋਂ ਵੱਧ ਹੋਰ ਚੇਸੀਆਂ ਦੇਣ ਵਾਸਤੇ ਮਨਾਇਆ । ਵਿਭਾਗ ਦੇ ਅਧਿਕਾਰੀਆਂ ਨੇ ਵੀ ਬੜਾ ਉਪਰਾਲਾ ਕੀਤਾ, ਜਿਸ ਦਾ ਸਿੱਟਾ ਇਹ ਹੋਇਆ ਕਿ ਅਸੀਂ ਬਹੁਤ ਹੱਦ ਤੱਕ ਇਸ ਸੰਕਟ ਨੂੰ ਦੂਰ ਕਰਨ ਵਿਚ ਕਾਮਯਾਬ ਹੋ ਗਏ ਹਾਂ । ਐਸ ਵੇਲੇ ਬਸ ਸਰਵਿਸ ਦੀ ਕਾਰਜ ਕੁਸ਼ਲਤਾ ਨੂੰ ਮੁਖ ਰਖਦਿਆਂ ਹੋਇਆਂ ਤਕਰੀਬਨ 15% ਬੱਸਾਂ ਦੀ ਲੋੜੀਂਦੀ ਰੋਕ ਤੋਂ ਇਲਾਵਾ ਬਾਕੀ ਸਾਰੀਆਂ ਬਸਾਂ ਚਾਲੂ ਹਨ ।

Original with;
Punjab Vidhan Sabha
Digitized by;
Panjab Digital Library

[ਡਾਜ਼ ਮੰਤਰੀ ਟਰਾਂਸਪੋਰਟ]

ਇਹ ਕਹਿਣਾ ਠੀਕ ਨਹੀਂ ਕਿ 25% ਬੱਸਾਂ ਵਰਕਸ਼ਾਪ ਵਿਚ ਐਵੇਂ ਖੜੀਆਂ ਹਨ । ਪਿਛੇ ਜਿਹੇ-ਕਈਆਂ ਡੀਪੂਆਂ ਵਿਚ ਟਾਇਰਾਂ ਦੀ ਘਾਟ ਅਤੇ ਜ਼ਰੂਰੀ ਸਪੇਅਰ ਪਾਰਟਸ ਦੇ ਨਾਂ ਮਿਲਣ ਨਾਲ ਮਾਈਲੇਜ਼ ਮਿਸ ਹੁੰਦੀ ਰਹੀ ਪਰ ਹੁਣ ਸਥਿਤੀ ਵਿਚ ਸੁਧਾਰ ਹੋ ਗਿਆ ਹੈ ਅਤੇ ਉਮੀਦ ਕੀਤੀ ਜਾਂਦੀ ਹੈ ਕਿ ਕਿਸੇ ਡੀਪੂ ਵਿਚ ਮਾਈਲੇਜ਼ ਮਿਸ ਨਹੀਂ ਹੋਵੇਗੀ ।

3. ਜਿਥੋਂ ਤੱਕ ਲੋਕਾਂ ਅਤੇ ਰੋਡਵੇਜ਼ ਕਰਮਚਾਰੀਆਂ ਵਿਚ ਬੇਚੈਨੀ ਦਾ ਸੰਬੰਧ ਹੈ, ਕੁਝ ਸਵਾਰਥੀ ਵਿਅਕਤੀਆਂ ਅਤੇ ਕੁਝ ਕੁਰਾਹੇ ਪਏ ਹੋਏ ਪੰਜਾਬ ਰੋਡਵੇਜ਼ ਕਰਮਚਾਰੀ ਰੋੜੇ ਅਟਕਾਉਂਦੇ ਹਨ ਜਿਸ ਕਰਕੇ ਆਮ ਜਨਤਾ ਅਤੇ ਖਾਸ ਕਰਕੇ ਸਫ਼ਰ ਕਰਨ ਵਾਲੇ ਮੁਸਾਫ਼ਰਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ । ਜੇਕਰ ਪੰਜਾਬ ਰੋਡਵੇਜ਼ ਦੇ ਵਰਕਰ ਆਪਣੇ ਫਰਜ਼ ਨੂੰ ਠੀਕ ਤਰ੍ਹਾਂ ਨਿਭਾਉਣ ਅਤੇ ਸ਼ਰਾਰਤੀ ਅਨਸਰ ਦੇ ਕਹਿਣ ਤੇ ਕੰਮ ਵਿਚ ਵਿਘਨ ਨਾ ਪਾਉਣ, ਤਾਂ ਪੰਜਾਬ ਰੋਡਵੇਜ਼ ਹੋਰ ਵੀ ਠੀਕ ਢੰਗ ਨਾਲ ਚੱਲ ਸਕਦੀ ਹੈ ਅਤੇ ਲੋਕਾਂ ਨੂੰ ਸਫ਼ਰ ਕਰਦੇ ਸਮੇਂ ਵੱਧ ਤੋਂ ਵੱਧ ਆਰਾਮ ਮਿਲ ਸਕਦਾ ਹੈ ।

4. ਇਹ ਗੱਲ ਮੰਨਣਯੋਗ ਨਹੀਂ ਹੈ ਕਿ ਲੰਬੇ ਅਤੇ ਜ਼ਿਆਦਾ ਆਮਦਨੀ ਵਾਲੇ ਰੂਟ ਪ੍ਰਾਈਵੇਟ ਬੱਸ ਮਾਲਕਾਂ ਨੂੰ ਦਿੱਤੇ ਗਏ ਹਨ । ਪੰਜਾਬ ਅਤੇ ਪੈਪਸੂ ਰੋਡਵੇਜ਼ ਅਤੇ ਪ੍ਰਾਈਵੇਟ ਬੱਸ ਮਾਲਕਾਂ ਵਿਚਕਾਰ ਪ੍ਰਮਾਣਿਤ ਸਕੀਮ ਅਨੁਸਾਰ 60 : 40 ਦੇ ਅਨੁਪਾਤ ਵਿਚ ਰੂਟ ਮੰਨਜ਼ੂਰ ਕੀਤੇ ਜਾਂਦੇ ਹਨ । ਜੁਲਾਈ, 1969 ਵਿਚ ਸਰਕਾਰ ਅਤੇ ਪ੍ਰਾਈਵੇਟ ਬੱਸ ਮਾਲਕਾਂ ਵਿਚਕਾਰ ਇਕ ਸਮਝੌਤਾ ਹੋਇਆ ਸੀ ਜਿਸ ਅਨੁਸਾਰ ਪੰਜਾਬ ਦੇ 60% ਰੂਟ ਮੀਲਾਂ ਉਤੇ 1976 ਤੱਕ ਸਰਕਾਰੀ ਬੱਸਾਂ ਦਲਣਗੀਆਂ ਅਤੇ ਇਸੇ ਤਰ੍ਹਾਂ ਪੈਪਸੂ ਇਲਾਕੇ ਵਿਚ 1977 ਤੱਕ 60% ਰੂਟ ਮੀਲਾਂ ਉਤੇ ਸਰਕਾਰੀ ਬੱਸਾਂ ਚਲਣਗੀਆਂ ਅਤੇ ਪੰਜਾਬ ਅਤੇ ਪੈਪਸੂ ਦੇ ਬਾਕੀ ਦੇ 40% ਰੂਟਾਂ ਉਤੇ ਪ੍ਰਾਈਵੇਟ ਬੱਸਾਂ ਚਲਣਗੀਆਂ ।

5. ਨਵੰਬਰ, 1976 ਤੋਂ ਅਗਰੋਂ ਹਰ ਸਾਲ 33⅓% ਰੂਟ ਮੀਲਾਂ ਦਾ ਕੌਮੀ ਕਰਨ ਕੀਤਾ ਜਾਵੇਗਾ ਅਤੇ ਨਵੰਬਰ, 1979 ਤੱਕ ਪੰਜਾਬ ਦੀ ਸਾਰੀ ਦੀ ਸਾਰੀ ਟਰਾਂਸਪੋਰਟ ਦਾ ਪੂਰਾ ਕੌਮੀਕਰਨ ਹੋ ਜਾਵੇਗਾ । ਇਸੇ ਤਰ੍ਹਾਂ ਪੈਪਸੂ ਖੇਤਰ ਵਿਚ ਵੀ ਫਰਵਰੀ, 1977 ਤੋਂ ਹਰ ਸਾਲ 33⅓% ਰੂਟ ਮੀਲਾਂ ਦਾ ਕੌਮੀਕਰਨ ਕੀਤਾ ਜਾਵੇਗਾ ਅਤੇ 1980 ਤੱਕ ਪੈਪਸੂ ਦੇ ਸਾਰੇ ਦੇ ਸਾਰੇ ਰੂਟਾਂ ਦਾ ਕੌਮੀਕਰਨ ਹੋ ਜਾਵੇਗਾ । ਇਸ ਸਕੀਮ ਅਧੀਨ ਸਰਕਾਰ ਦੀ ਨੀਤੀ ਅਨੁਸਾਰ ਸਾਰੇ ਸਰਹੱਦੀ ਰੂਟ ਅਤੇ ਅੰਤਰਰਾਜੀ ਰੂਟ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡਵੇਜ਼ ਨੂੰ ਹੀ ਦਿਤੇ ਜਾਂਦੇ ਹਨ । ਦੂਜੇ ਰੂਟਾਂ ਦੀ ਮੰਨਜ਼ੂਰੀ ਸਰਕਾਰੀ ਬੱਸਾਂ ਅਤੇ ਪ੍ਰਾਈਵੇਟ ਬੱਸਾਂ ਵਿਚਕਾਰ 60 : 40 ਦੇ ਅਨੁਪਾਤ ਵਿਚ ਦਿੱਤੀ ਜਾਂਦੀ ਹੈ ।

6. ਰੂਟਾਂ ਦੀ ਮੰਨਜ਼ੂਰੀ ਦਾ ਕੰਮ ਇਕ ਨੀਮ ਅਦਾਲਤੀ ਕਾਰਵਾਈ ਹੈ ਅਤੇ ਇਹ ਮੰਨਜ਼ੂਰੀ ਸਟੇਟ ਟਰਾਂਸਪੋਰਟ ਕਮਿਸ਼ਨਰ ਵੱਲੋਂ ਦਿੱਤੀ ਜਾਂਦੀ ਹੈ । ਉਨ੍ਹਾਂ ਦੇ ਹੁਕਮਾਂ ਵਿਰੁਧ ਅਪੀਲ, ਮੋਟਰ ਵਹੀਕਲਜ਼ ਐਕਟ 1939 ਦੇ ਸੈਕਸ਼ਨ 60 ਅਧੀਨ, ਸਟੇਟ ਟਰਾਂਸਪੋਰਟ ਅਪੈਲਿਟ ਟਰੀਬਿਊਨਲ, ਲੁਧਿਆਣਾ (State Transport Appellate Tribunal, Ludhiana) ਵੱਲੋਂ ਸੁਣੀ ਜਾਂਦੀ ਹੈ । ਇਸ ਕਰਕੇ ਪੰਜਾਬ ਰੋਡਵੇਜ਼/ਪੀ. ਆਰ. ਟੀ. ਸੀ. ਅਤੇ ਪ੍ਰਾਈਵੇਟ ਬੱਸ ਮਾਲਕਾਂ ਵਿਚਕਾਰ ਰੂਟ ਅਲਾਟ ਕਰਨ ਬਾਰੇ ਜਨਤਾ ਵਿਚ ਕਿਸੇ ਪਰਕਾਰ ਦੀ ਕੋਈ ਬੇਚੈਨੀ ਨਹੀਂ ਹੈ ਕਿਉਂਕਿ ਰੂਟਾਂ ਦੀ ਅਲਾਟਮੈਂਟ ਸਰਕਾਰ ਦੀ ਨੀਤੀ ਅਨੁਸਾਰ 60 : 40 ਸਕੀਮ ਅਨੁਸਾਰ ਕੀਤੀ ਜਾ ਰਹੀ ਹੈ ।

Original with;
Punjab Vidhan Sabha
Digitized by;
Panjab Digital Library

(Serial No. 29)

Shri Sardari Lal Kapur : To draw the attention of the Government towards a matter of urgent public importance, namely due to short supply of electricity the industry and crops of the State are suffering a lot. Because of imperfect planning by the Punjab State Electricity Board, the industrialists of Ludhiana are very hard hit. They are given electricity for a short while and they do not get it for eight to ten hours daily, with the result that huge loss is caused to the industrialists of Ludhiana and the labourers employed in those industries in Ludhiana proper become out of employment. Moreover, if an industrialist of Ludhiana, by chance, uses even two units more than prescribed, limit then his electricity connection is cut off, which results in further corruption at the time of re-connection. If an industrialist bribes the staff of the Electricity Board, then he is favoured by his electric meter being made to run backward, thus showing less consumption of electricity by the person who gives the bribe. Thus there is a regular racket of corruption which needs immediate attention by the Government. This is, therefore, a fit case on which the Minister for Power should make a statement on the floor of the House. Hence this Call Attention Motion.

ਸਰਦਾਰ ਗੁਰਬਖਸ਼ ਸਿੰਘ ਸਿਬੀਆ (ਰਾਜ ਮੰਤਰੀ ਸਿੰਜਾਈ ਅਤੇ ਬਿਜਲੀ) : ਇਹ ਅਸਲੀਅਤ ਹੈ ਕਿ ਬਿਜਲੀ ਦੀ ਘਾਟ ਕਾਰਨ ਰਾਜ ਉਦਯੋਗਾਂ ਅਤੇ ਫਸਲਾਂ ਦਾ ਬਹੁਤ ਨੁਕਸਾਨ ਹੋ ਰਿਹਾ ਹੈ ।

2. ਬੋਰਡ ਨੇ ਸਾਰੇ ਰਾਜ ਵਿਚ ਉਦਯੋਗਿਕ ਖਪਤਕਾਰਾਂ ਦੀਆਂ ਵੱਖ ਵੱਖ ਕੈਟਾਗਰੀਆਂ ਤੇ 60% ਬਿਜਲੀ ਦੀ ਕਟੌਤੀ ਲਗਾ ਰਖੀ ਹੈ । ਟਿਊਬਵੈਲਾਂ ਨੂੰ ਸਪਲਾਈ 6 ਘੰਟੇ ਪ੍ਰਤੀ ਦਿਨ ਜਾਂ ਬਦਲਵੇਂ ਦਿਨਾਂ ਲਈ 10 ਘੰਟੇ ਦਿੱਤੀ ਜਾ ਰਹੀ ਹੈ । ਆਮ ਤੌਰ ਤੇ ਸ਼ਹਿਰੀ ਫੀਡਰ ਸਵੇਰੇ 5 ਵਜੇ ਤੋਂ 8 ਵਜੇ ਤੱਕ ਅਤੇ ਸ਼ਾਮ ਨੂੰ 3 ਵਜੇ ਤੋਂ 7 ਵਜੇ ਤੱਕ ਬੰਦ ਕੀਤੇ ਜਾਂਦੇ ਹਨ । ਫਿਰ ਵੀ ਬਾਰਸ਼ ਦੇ ਦਿਨਾਂ ਵਿਚ ਜਦੋਂ ਟਿਊਬਵੈਲ ਨਹੀਂ ਚਲਦੇ ਸ਼ਹਿਰੀ ਫੀਡਰ ਵਧੇਰੇ ਸਮੇਂ ਲਈ ਚਲਦੇ ਰੱਖੇ ਜਾਂਦੇ ਹਨ ।

3. ਇਸ ਵੇਲੇ ਪੰਜਾਬ ਦੀ ਬਿਜਲੀ ਦੀ ਲੋੜ 87.50 ਲੱਖ ਯੂਨਿਟ ਰੋਜ਼ਾਨਾ ਹੈ । ਜਦੋਂ ਕਿ ਕੁਲ ਬਿਜਲੀ 53.15 ਲੱਖ ਯੂਨਿਟ ਹੀ ਮਿਲਦੀ ਹੈ ਜੋ ਹੇਠ ਲਿਖੇ ਅਨੁਸਾਰ ਹੈ :—

ਭਾਖੜਾ	..	35.65 ਲੱਖ ਯੂਨਿਟ
ਸ਼ਾਨਨ ਪਾਵਰ ਹਾਊਸ (ਜੋਗਿੰਦਰ ਨਗਰ)	..	8.20 ਲੱਖ ਯੂਨਿਟ
ਯੂ.ਬੀ.ਡੀ.ਸੀ. ਪਾਵਰ ਹਾਊਸ	..	2.60 ਲੱਖ ਯੂਨਿਟ
ਨੰਗਲ ਥਰਮਲ	..	0.50 ਲੱਖ ਯੂਨਿਟ
ਡੀਜਲਜ਼	..	1.00 ਲੱਖ ਯੂਨਿਟ
ਬੱਸੀ (ਹਿਮਾਚਲ ਪ੍ਰਦੇਸ਼)	..	5.20 ਲੱਖ ਯੂਨਿਟ
		53.15 ਲੱਖ ਯੂਨਿਟ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ ਸਿੰਜਾਈ ਤੇ ਬਿਜਲੀ]

ਜਿਵੇਂ ਕਿ ਉਪਰੋਕਤ ਤੋਂ ਸਪੱਸ਼ਟ ਹੈ ਰਾਜ ਦੀ ਬਿਜਲੀ ਦੀ ਲਗ ਭਗ 40 ਫੀ ਸਦੀ ਘਾਟ ਹੈ ਜਿਸ ਨੂੰ ਪੂਰਾ ਕਰਨ ਲਈ ਹਰ ਪ੍ਰਕਾਰ ਦੇ ਖਪਤਕਾਰਾਂ ਤੇ ਕਟੌਤੀ ਲਾਉਣੀ ਲਾਜ਼ਮੀ ਹੈ । ਜਿੰਨੀ ਬਿਜਲੀ ਉਪਲੱਬਧ ਹੈ ਉਸੇ ਨਾਲ ਹੀ ਕੰਮ ਚਲਾਉਣਾ ਪੈਂਦਾ ਹੈ ।

4. ਲੁਧਿਆਣਾ ਵਿਖੇ ਉਦਯੋਗ ਨੂੰ ਰਾਜ ਵਿਚ ਕਿਧਰੇ ਹੋਰ ਸਥਿਤ ਉਦਯੋਗਾਂ ਵਾਂਗ ਬਹੁਤ ਨੁਕਸਾਨ ਹੋਇਆ ਹੈ । ਇਹ ਅਯੋਗ ਯੋਜਨਾਬੰਦੀ ਕਰਕੇ ਨਹੀਂ ਹੋਇਆ, ਸਗੋਂ ਰਾਜ ਵਿਚ ਵਾਪਰ ਰਹੀ ਬਿਜਲੀ ਦੀ ਘਾਟ ਕਰਕੇ ਹੋਇਆ ਹੈ । ਮਿਲਣ-ਯੋਗ ਬਿਜਲੀ ਦੀ ਮਿਥੇ ਯੂਨਿਟਾਂ ਦੇ ਕੋਟੇ ਅਨੁਸਾਰ ਹੀ ਉਦਯੋਗਾਂ ਉਤੇ ਬੰਦਸ਼ਾਂ ਲਗਾਈਆਂ ਜਾਂਦੀਆਂ ਹਨ । ਮੌਜੂਦਾ ਹਦਾਇਤਾਂ ਅਧੀਨ ਜੇਕਰ ਕੋਈ ਉਦਯੋਗਿਕ ਖਪਤਕਾਰ ਆਪਣੇ ਨਿਸ਼ਚਿਤ ਕੋਟੇ ਤੇ ਕਿਸੇ ਹਫਤੇ ਵਿਚ 10% ਵੱਧ ਬਿਜਲੀ ਖਪਤ ਕਰਦਾ ਹੈ ਤਾਂ ਉਸ ਦਾ ਕੁਨੈਕਸ਼ਨ ਨਹੀਂ ਕੱਟਿਆ ਜਾਂਦਾ ਸਗੋਂ ਉਸ ਨੂੰ ਅਗਲੇ ਹਫਤੇ ਵਿਚ ਵੱਧ ਖਪਤ ਕੀਤੀ ਬਿਜਲੀ ਪੂਰੀ ਕਰਨ ਲਈ ਕਿਹਾ ਜਾਂਦਾ ਹੈ । ਇਹ ਹਦਾਇਤਾਂ ਰਾਜ ਵਿਚ ਸਾਰੇ ਖਪਤਕਾਰਾਂ ਉਤੇ ਲਾਗੂ ਹੁੰਦੀਆਂ ਹਨ ।

ਇਹ ਦਰੁਸਤ ਨਹੀਂ ਹੈ ਕਿ ਲੁਧਿਆਣੇ ਦੇ ਉਦਯੋਗਿਕ ਖਪਤਕਾਰਾਂ ਦੇ ਕੁਨੈਕਸ਼ਨ ਉਨ੍ਹਾਂ ਨੂੰ ਅਲਾਟ ਸ਼ੁਦਾ ਕੋਟੇ ਤੋਂ ਦੋ ਯੂਨਿਟ ਵੀ ਵੱਧ ਬਿਜਲੀ ਖਪਤ ਕਰਨ ਤੇ ਕੱਟ ਦਿੱਤੇ ਜਾਂਦੇ ਹਨ । ਬੋਰਡ/ਸਰਕਾਰ ਕਿਸੇ ਵੀ ਰਿਸ਼ਵਤ ਦੇ ਨੇੜਕ ਤੋਂ ਜਾਣੂੰ ਨਹੀਂ ਹੈ ਅਤੇ ਸਥਾਨਕ ਅਫਸਰ ਇਸ ਬਾਰੇ ਪੂਰੀ ਪੂਰੀ ਤਰ੍ਹਾਂ ਸੁਚੇਤ ਹਨ । ਫਿਰ ਵੀ ਜੇ ਕੋਈ ਅਜਿਹਾ ਮਾਮਲਾ ਸਰਕਾਰ/ਬੋਰਡ ਦੇ ਧਿਆਨ ਵਿਚ ਲਿਆਂਦਾ ਜਾਵੇ, ਤਾਂ ਅਵੱਸ਼ ਹੀ ਕਾਰਵਾਈ ਕੀਤੀ ਜਾਵੇਗੀ ।

(Serial No. 38)

1. Comrade Satya Pal Dang
2. Comrade Jangir Singh Joga
3. Comrade Dana Ram
4. Comrade Saghar Singh

: To draw the attention of the Government towards a matter of urgent public importance namely, inaccuracies in reports sent by B. D. O.'s and S. D. O.'s that free house sites have been distributed and actual possession given to 1.84 lac rural wage workers. Allotments on paper have been reported to have been actually distributed with possession but house sites have been distributed in rare cases.

The lands made available by Panchayats remained by and large undistributed so far.

Steps should be taken to ensure actual distribution of house sites to the beneficiaries.

The State Government had provided Rs. 2 crores for acquisition of land for house sites during the current financial year. The work of acquisition of land for the purpose is slow and halting. There is possibility of cut in the budgetary allocation for the purpose.

The Minister should make a statement on the subject to elucidate the actual position and steps being taken to improve matter.

Original with;
Punjab Vidhan Sabha
Digitized by;
Panjab Digital Library

STATEMENTS LAID ON THE TABLE OF THE HOUSE IN REPLY TO (7) CALL ATTENTION NOTICES

Shrimati Gurbrinder Kaur Brar, Minister of State for Housing and Site Clearance :—

Subject **:— Scheme for the provision of house sites to landless rural workers.**

The scheme for the provision of house sites to the landless rural workers commenced as a Central Sector Scheme in 1972-73. With effect from 1st April, 1974, this scheme has been transferred to the State Sector. The broad features of the scheme are well known and do not require any further elucidation.

2. It has been alleged in the notice of motion that the reports sent to Government by B. D. Os. and S. D Os. (Civil) in regard to the progress of work relating to the allotment of sites to the homeless are inaccurate and that actual handing over as possession of the sites has taken place only "in rare cases". It has accordingly been urged that steps should be taken to ensure "actual distribution of house sites". In this connection, it is to be stated that Government attach the highest importance to the implementation of the scheme and the Minister of State for Housing and the Chief Minister review the progress most regularly. Fortnightly progress reports are procured from all Deputy Commissioners in the State. As per the latest reports received from the districts allotment of house sites has been made to 1,86,951 eligible persons. The Deputy Commissioners have reported further that out of the aforesaid number physical possession has been actually delivered to 1,73,215 persons. Vigorous action is afoot to deliver possession to the remaining persons. The Hon'ble Members of the House are requested to tour the villages in their constituencies, inspect the work done and favour the Government with their first-hand reactions.

3. It is correct that Government have made a provision of Rs. 2 crores, during 1974-75, for the implementation of the scheme. It is incorrect that there is any proposal for imposing a cut on this provision. It is also not correct that the work of acquisition of land is "slow and halting". This work is, in fact, being done on a time-bound basis. The latest position, reported by the Deputy Commissioners, is as follows :—

Area of land already notified under section 4 of the Land Acquisition Act			Area of land already notified under section 6 of the Land Acquisition Act			Area of land already acquired		
A	K	M	A	K	M	A	K	M
1757	2	03	395	5	16	97	0	10

ਪਿੰਡਾਂ ਵਿਚ ਰਹਿੰਦੇ ਭੂਮੀ ਰਹਿਤ ਕਿਰਤੀਆਂ ਨੂੰ ਮਕਾਨ ਉਸਾਰੀ ਲਈ ਪਲਾਟ ਦੇਣ ਦੀ ਸਕੀਮ ਕੇਂਦਰੀ ਸਰਕਾਰ ਵਲੋਂ ਸਾਲ 1972-73 ਵਿਚ ਆਰੰਭ ਕੀਤੀ ਗਈ ਸੀ। 1 ਅਪ੍ਰੈਲ, 1974 ਤੋਂ ਇਸ ਸਕੀਮ ਨੂੰ ਕੇਂਦਰੀ ਸਰਕਾਰ ਨੇ ਰਾਜ ਸਰਕਾਰ ਨੂੰ ਸੌਂਪ ਦਿੱਤਾ ਹੈ। ਇਸ ਸਕੀਮ ਸਬੰਧੀ ਮੱਖ ਵਿਸ਼ੇਸ਼ਤਾਵਾਂ ਤੋਂ ਸਭ ਜਾਣੂ ਹਨ ਅਤੇ ਇਸ ਦੇ ਹੋਰ ਸਪੱਸ਼ਟੀਕਰਣ ਦੀ ਲੋੜ ਨਹੀਂ ਜਾਪਦੀ।

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ ਮਕਾਨ ਉਸਾਰੀ ਅਤੇ ਸਲਮ ਕਲੀਰੈਂਸ]

2. ਧਿਆਨ ਦਿਵਾਊ ਨੋਟਿਸ ਵਿਚ ਇਹ ਦੋਸ਼ ਲਾਇਆ ਗਿਆ ਹੈ ਕਿ ਖੰਡ ਵਿਕਾਸ ਅਫਸਰਾਂ ਅਤੇ ਉਪ ਮੰਡਲ ਅਫਸਰਾਂ (ਸਿਵਲ) ਵਲੋਂ ਪਲਾਟਾਂ ਦੀ ਅਲਾਟਮੈਂਟ ਸਬੰਧੀ ਜੋ ਪ੍ਰਗਤੀ ਰਿਪੋਰਟਾਂ ਭੇਜੀਆਂ ਗਈਆਂ ਹਨ, ਉਹ ਠੀਕ ਨਹੀਂ ਹਨ ਅਤੇ ਪਲਾਟਾਂ ਦਾ ਕਬਜ਼ਾ ਬਹੁਤ ਘਟ ਕੇਸਾਂ ਵਿਚ ਦਿੱਤਾ ਗਿਆ ਹੈ। ਇਸ ਅਨੁਸਾਰ ਇਹ ਕਿਹਾ ਗਿਆ ਹੈ ਕਿ ਪਲਾਟਾਂ ਦੀ ਵਾਸਤਵਿਕ ਵੰਡ ਸਬੰਧੀ ਕਦਮ ਚੁਕੇ ਜਾਣੇ ਚਾਹੀਦੇ ਹਨ ਤਾਂ ਜੋ ਪਲਾਟਾਂ ਦੀ ਵਾਸਤਵਿਕ ਵੰਡ ਨੂੰ ਯਕੀਨੀ ਬਣਾਇਆ ਜਾਵੇ। ਇਸ ਸਬੰਧ ਵਿਚ ਦਸਿਆ ਜਾਂਦਾ ਹੈ ਕਿ ਸਰਕਾਰ ਇਸ ਸਕੀਮ ਨੂੰ ਲਾਗੂ ਕਰਨ ਲਈ ਉੱਚ ਮਹੱਤਤਾ ਦੇ ਰਹੀ ਹੈ ਅਤੇ ਮਕਾਨ ਉਸਾਰੀ ਦੇ ਰਾਜ ਮੰਤਰੀ ਅਤੇ ਮੁੱਖ ਮੰਤਰੀ ਇਸ ਸਬੰਧੀ ਪ੍ਰਗਤੀ ਦੀ ਨਿਯਮਤ ਰੂਪ ਵਿਚ ਨਜ਼ਰਸਾਨੀ ਕਰਦੇ ਹਨ। ਰਾਜ ਦੇ ਸਮੂਹ ਡਿਪਟੀ ਕਮਿਸ਼ਨਰਾਂ ਵਲੋਂ ਪੰਦਰਵਾੜਾ ਪ੍ਰਗਤੀ ਰਪੋਟਾਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ। ਹੁਣ ਤਕ ਪ੍ਰਾਪਤ ਹੋਈਆਂ ਰਪੋਟਾਂ ਅਨੁਸਾਰ 1,86,951 ਯੋਗ ਵਿਅਕਤੀਆਂ ਨੂੰ ਪਲਾਟਾਂ ਦੀ ਵੰਡ ਕੀਤੀ ਜਾ ਚੁਕੀ ਹੈ। ਡਿਪਟੀ ਕਮਿਸ਼ਨਰਾਂ ਨੇ ਇਹ ਵੀ ਦਸਿਆ ਹੈ ਕਿ ਉਪਰੋਕਤ ਦਸੀ ਤਾਦਾਦ ਵਿਚੋਂ 1,73,215 ਵਿਅਕਤੀਆਂ ਨੂੰ ਪਲਾਟਾਂ ਦਾ ਅਸਲੀ ਕਬਜ਼ਾ ਵੀ ਦਿੱਤਾ ਜਾ ਚੁਕਾ ਹੈ। ਰਹਿੰਦੇ ਵਿਅਕਤੀਆਂ ਨੂੰ ਕਬਜ਼ਾ ਦੇਣ ਲਈ ਜ਼ੋਰਦਾਰ ਕਾਰਵਾਈ ਕੀਤੀ ਜਾ ਰਹੀ ਹੈ। ਸਦਨ ਦੇ ਮਾਨਯੋਗ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਹਲਕੇ ਦੇ ਪਿੰਡਾਂ ਦਾ ਦੌਰਾ ਕਰਨ ਅਤੇ ਕੀਤੇ ਕੰਮ ਦਾ ਮੁਆਇਨਾ ਕਰਕੇ ਆਪਣੀ ਪ੍ਰਤਿਕਿਰਿਆ ਨਾਲ ਸਰਕਾਰ ਦਾ ਪੱਖਪਾਤ ਕਰਨ।

3. ਇਹ ਠੀਕ ਹੈ ਕਿ ਸਰਕਾਰ ਵਲੋਂ ਸਾਲ 1974-75 ਵਿਚ ਇਸ ਸਕੀਮ ਸਬੰਧੀ 2 ਕਰੋੜ ਰੁਪਏ ਦੀ ਰਕਮ ਮੁਹੱਈਆ ਕੀਤੀ ਗਈ ਹੈ। ਇਸ ਰਕਮ ਨੂੰ ਘਟਾਉਣ ਸਬੰਧੀ ਇਸ ਸਮੇਂ ਕੋਈ ਤਜਵੀਜ਼ ਨਹੀਂ ਹੈ। ਇਹ ਵੀ ਠੀਕ ਨਹੀਂ ਕਿ ਭੋਂ ਪ੍ਰਾਪਤੀ ਦੇ ਕੰਮ ਵਿਚ ਕੋਈ ਢਿੱਲ ਜਾਂ ਰੁਕਾਵਟ ਹੈ। ਇਹ ਅਸਲ ਤੱਥ ਹੈ ਕਿ ਇਹ ਕੰਮ ਮਿੱਤੀ-ਬੱਧ ਆਧਾਰ ਤੇ ਕੀਤਾ ਜਾ ਰਿਹਾ ਹੈ। ਇਸ ਕੰਮ ਦੀ ਹੁਣ ਤਕ ਦੀ ਸਥਿਤੀ, ਡਿਪਟੀ ਕਮਿਸ਼ਨਰਾਂ ਦੀਆਂ ਰਪੋਟਾਂ ਅਨੁਸਾਰ ਹੇਠਾਂ ਦਿੱਤੀ ਜਾਂਦੀ ਹੈ :—

ਭੋਂ ਪ੍ਰਾਪਤੀ ਐਕਟ ਦੀ ਧਾਰਾ 4 ਅਧੀਨ ਨੋਟੀਫਾਈਡ ਕੀਤੀ ਗਈ ਭੋਂ ਦਾ ਰਕਬਾ			ਭੋਂ ਪ੍ਰਾਪਤੀ ਐਕਟ ਦੀ ਧਾਰਾ 6 ਅਧੀਨ ਨੋਟੀਫਾਈਡ ਕੀਤੀ ਗਈ ਭੋਂ ਦਾ ਰਕਬਾ			ਭੋਂ ਜਿਹੜੀ ਪਹਿਲਾਂ ਪ੍ਰਾਪਤ ਕੀਤੀ ਜਾ ਚੁਕੀ ਹੈ, ਦਾ ਰਕਬਾ		
ਏਕੜ	ਕਨਾਲ	ਮਰਲੇ	ਏਕੜ	ਕਨਾਲ	ਮਰਲੇ	ਏਕੜ	ਕਨਾਲ	ਮਰਲੇ
1757	2	03	395	5	16	97	0	10

Original with;
Punjab Vidhan Sabha
Digitized by;
Panjab Digital Library

ਕ੍ਰਮ ਨੰ: 40

1. ਸਰਦਾਰ ਸੁਖਦੇਵ ਸਿੰਘ ਢੀਂਡਸਾ
2. ਸਰਦਾਰ ਬਲਵਿੰਦਰ ਸਿੰਘ ਭੂੰਦੜ
3. ਸਰਦਾਰ ਸੁਰਜੀਤ ਸਿੰਘ ਸਿੱਧੂ
4. ਗਿਆਨੀ ਅਰਜਨ ਸਿੰਘ ਲਿੱਟ

: ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਣਗੇ, ਅਰਥਾਤ, ਜਿਲ੍ਹਾ ਬਠਿੰਡਾ ਦੀ ਮਾਨਸਾ ਮੰਡੀ ਵਿਚ ਸੜਕਾਂ ਚੌੜੀਆਂ ਕਰਨ ਦੇ ਲਈ 500 ਦੇ ਕਰੀਬ ਦੁਕਾਨਾਂ ਸਰਕਾਰ ਨੇ ਢਾਹ ਦਿੱਤੀਆਂ ਹਨ ਜਦ ਕਿ ਨਾ ਸੀਮਿੰਟ, ਨਾ ਇੱਟ, ਨਾ ਲੋਹਾ ਮਿਲਦਾ ਹੈ। ਬਰਖਾ ਦੀ ਰੁੱਤ ਹੈ, ਜਨਤਾ 1000 ਦੇ ਕਰੀਬ ਬੇਰੋਜ਼ਗਾਰ ਹੋ ਗਈ ਹੈ। ਇਸ ਲਈ ਸਰਕਾਰ ਨੂੰ ਕੋਈ ਬੰਦੋਬਸਤ ਕਰਨਾ ਚਾਹੀਦਾ ਹੈ ਅਤੇ ਸਬੰਧਤ ਵਜ਼ੀਰ ਸਾਹਿਬ ਜਨਤਾ ਦੀ ਤਸੱਲੀ ਲਈ ਬਿਆਨ ਦੇਣ।

ਸ਼੍ਰੀ ਹੰਸ ਰਾਜ ਸ਼ਰਮਾ (ਵਿੱਤ ਅਤੇ ਸਥਾਨਕ ਸਰਕਾਰ) : ਡਿਪਟੀ ਕਮਿਸ਼ਨਰ ਬਠਿੰਡਾ ਨੇ ਰਿਪੋਰਟ ਭੇਜੀ ਹੈ ਕਿ ਉਨ੍ਹਾਂ ਨੇ 19 ਜੁਲਾਈ, 1974 ਨੂੰ ਇਸ ਸਬੰਧ ਵਿਚ ਮਾਨਸਾ ਦੇ ਸਾਰੇ ਮਿਉਂਸਪਲ ਕਮਿਸ਼ਨਰਾਂ ਅਤੇ ਰਾਜਨੀਤਕ ਲੀਡਰਾਂ ਦੀ ਮੀਟਿੰਗ ਬੁਲਾਈ ਸੀ ਅਤੇ ਇਨਕਰੋਚਮੈਂਟ ਹਟਾਉਣ ਬਾਰੇ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਨੇ ਇਹ ਮਹਿਸੂਸ ਕੀਤਾ ਸੀ ਕਿ ਮਾਨਸਾ ਬਹੁਤ ਭੀੜ ਭੜੱਕੇ ਵਾਲਾ ਟਾਊਨ ਬਣ ਚੁਕਾ ਹੈ ਅਤੇ ਇਨਕਰੋਚਮੈਂਟਾਂ ਨੂੰ ਹਟਾਉਣ ਬਾਰੇ ਤੁਰੰਤ ਕਾਰਵਾਈ ਕੀਤੀ ਜਾਵੇ। ਇਸ ਫੈਸਲੇ ਅਨੁਸਾਰ ਮਿਉਂਸਪਲ ਕਮੇਟੀ ਮਾਨਸਾ ਨੇ ਮੇਨ ਬਜ਼ਾਰ ਵਿਚੋਂ ਇਨਕਰੋਚਮੈਂਟਾਂ ਦੂਰ ਕਰਨੀ ਸ਼ੁਰੂ ਕਰ ਦਿੱਤੀਆਂ। ਇਸ ਦਾ ਅਸਰ ਇਹ ਹੋਇਆ, ਕਿ ਲਗਭਗ 90% ਲੋਕਾਂ ਨੇ ਆਪਣੀਆਂ ਇਨਕਰੋਚਮੈਂਟਾਂ ਆਪਣੇ ਖਰਚ ਨਾਲ ਦੂਰ ਕਰ ਲਈਆਂ। ਜਿਥੋਂ ਤੱਕ ਸੀਮਿੰਟ, ਇੱਟਾਂ ਅਤੇ ਲੋਹੇ ਦੇ ਬਾਰੇ ਸਵਾਲ ਹੈ, ਲੋਕਾਂ ਨੂੰ ਵੱਧ ਤੋਂ ਵੱਧ ਸੀਮਿੰਟ ਸਪਲਾਈ ਕਰਨ ਲਈ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿਲ੍ਹਾ ਬਠਿੰਡਾ ਵਿਚ ਇਨ੍ਹਾਂ ਚੀਜ਼ਾਂ ਦੀ ਬਹੁਤ ਕਮੀ ਹੈ। ਇਨਕਰੋਚਮੈਂਟਾਂ ਜਦੋਂ ਹਟਾਈਆਂ ਜਾ ਰਹੀਆਂ ਸਨ, ਉਸ ਵਕਤ ਮਾਨਸਾ ਨੂੰ 40 000 ਬੋਰੀਆਂ ਸੀਮਿੰਟ ਦੀਆਂ ਮਿਲਣ ਦੀ ਆਸ ਕੀਤੀ ਗਈ ਸੀ, ਪਰੰਤੂ ਬਦਕਿਸਮਤੀ ਨਾਲ ਸੀਮਿੰਟ ਬਿਲਕੁਲ ਵਸੂਲ ਨਹੀਂ ਹੋਇਆ। ਪਰੰਤੂ ਫਿਰ ਵੀ ਸੀਮਿੰਟ ਦੂਜਰੀਆਂ ਥਾਵਾਂ ਤੋਂ ਸਪਲਾਈ ਕੀਤਾ ਜਾ ਰਿਹਾ ਹੈ। ਜਿਥੋਂ ਤੱਕ ਇੱਟਾਂ ਅਤੇ ਲੋਹੇ ਦੇ ਬਾਰੇ ਸਵਾਲ ਹੈ, ਡਿਪਟੀ ਕਮਿਸ਼ਨਰ ਕੋਲ ਲੋਕਾਂ ਵੱਲੋਂ ਕੋਈ ਪੂਰੀ ਬੇਨਤੀ ਵਸੂਲ ਨਹੀਂ ਹੋਈ ਹੈ। ਸਟੀਲ ਦੀ ਅਲਾਟਮੈਂਟ ਜ਼ਿਲ੍ਹੇ ਪੱਧਰ ਤੇ ਨਹੀਂ ਕੀਤੀ ਜਾਂਦੀ ਹੈ ਪਰੰਤੂ ਇਹ ਜਲੰਧਰ ਵਿਖੇ ਸਟੀਲ ਕੰਟਰੋਲ ਵੱਲੋਂ ਕੀਤੀ ਜਾਂਦੀ ਹੈ। ਮਾਨਸਾ ਵਿਖੇ ਕਿਸੇ ਵੀ ਆਦਮੀ ਨੂੰ ਉਜੜਿਆ ਨਹੀਂ ਗਿਆ, ਸਿਵਾਏ ਉਨ੍ਹਾਂ ਤੋਂ ਜੋ ਕਿ ਆਮ ਜਨਤਾ ਦੀ ਸਹੂਲਤਾਂ ਵਿਚ ਰੁਕਾਵਟ ਪੈਦਾ ਕਰਦੇ ਸਨ। ਇਸ ਬਾਰੇ ਪੂਰੀ ਗਿਣਤੀ ਦਾ ਪਤਾ ਨਹੀਂ ਲਗ ਸਕਿਆ ਪਰੰਤੂ ਇਹ 1,000 ਤੋਂ ਕਾਫੀ ਘਟ ਸਨ। ਹਰ ਹਾਲਤ ਵਿਚ ਮਿਉਂਸਪਲ ਕਮੇਟੀ ਦੀ ਸਲਾਹ ਮਸ਼ਵਰੇ ਨਾਲ ਇਨ੍ਹਾਂ ਲੋਕਾਂ ਨੂੰ ਮੁੜ ਵਸਾਉਣ ਲਈ ਯਤਨ ਕੀਤੇ ਜਾਣਗੇ। ਅੰਤ ਵਿਚ ਇਹ ਦਸਿਆ ਜਾਂਦਾ ਹੈ ਕਿ ਇਨਕਰੋਚਮੈਂਟਾਂ ਲੋਕਾਂ ਨੂੰ ਜ਼ਿਲ੍ਹਾਵਾਰ ਵਿਚ ਲੈ ਕੇ ਚੁਕ ਕਮੇਟੀਆਂ ਗਈਆਂ ਸਨ ਅਤੇ ਆਮ ਜਨਤਾ ਨੇ ਇਸ ਕੰਮ ਨੂੰ ਬਹੁਤ ਸਲਾਹਿਆ ਹੈ।

Original with;
Punjab Vidhan Sabha
Digitized by;
Panjab Digital Library

(Serial No. 45)

Dr. Baldev Prakash : To draw the attention of the Government towards a matter of urgent public importance and of recent occurrence, namely, demolishing of sheds in the grain Market, Rajpura by the S. D. O. forcibly. It has inflicted loss of lacs of rupees on the citizens and great hardship. The sheds were constructed many years ago under due permission. Grain Market and Rajpura Township people are on a continued strike to protest against this injustice. Government should undo the injustice done and give a statement in the House.

ਸ਼੍ਰੀ ਹੰਸ ਰਾਜ ਸ਼ਰਮਾ (ਵਿੱਤ ਅਤੇ ਸਥਾਨਕ ਸਰਕਾਰ ਮੰਤਰੀ) : ਉਪ ਮੰਡਲ ਅਫ਼ਸਰ, ਰਾਜਪੁਰਾ ਨੇ ਰਿਪੋਰਟ ਕੀਤੀ ਹੈ ਕਿ ਇਸ ਵਿਚ ਬਿਲਕੁਲ ਸਚਾਈ ਨਹੀਂ ਹੈ ਕਿ ਰਾਜਪੁਰਾ ਟਾਊਨਸ਼ਿਪ ਦੀ ਅਨਾਜ਼ ਮੰਡੀ ਵਿਚ ਆਰਜ਼ੀ ਸ਼ੈੱਡ ਧੱਕੇ ਸ਼ਾਹੀ ਨਾਲ ਢਾਹੇ ਗਏ ਸਨ। ਅਸਲੀਅਤ ਇਹ ਹੈ ਕਿ ਇਸ ਬਾਰੇ ਰਾਜਪੁਰਾ ਟਾਊਨਸ਼ਿਪ ਵਿਚ ਤਿੰਨ ਦਿਨ ਪਬਲਿਕ ਮੁਨਿਆਦੀ ਕੀਤੀ ਗਈ ਸੀ ਅਤੇ ਨਜ਼ਾਇਜ਼ ਕਬਜ਼ੇ ਹੇਠ ਇਨਕਰੋਚਮੈਂਟ ਹਟਾਉਣ ਬਾਰੇ ਜਨਤਾ ਨੂੰ ਇਸ ਦੀ ਮਹੱਤਤਾ ਦਸੀ ਗਈ ਸੀ, ਜਿਸ ਦੇ ਫਲਸਰੂਪ ਵਿਚ ਲੋਕਾਂ ਨੇ 3 ਜੂਨ, 1974 ਨੂੰ ਆਪਣੀ ਸਵੈ-ਇੱਛਾ ਅਨੁਸਾਰ ਇਹ ਸ਼ੈੱਡ ਹਟਾਏ ਸਨ। ਬੇਸ਼ਕ ਰਾਜਪੁਰਾ ਟਾਊਨਸ਼ਿਪ ਦੀ ਅਨਾਜ ਮੰਡੀ ਦੇ ਮੈਸਰਜ਼ ਲੋਰਿੰਦਾ ਰਾਮ ਅਤੇ ਰਾਮ ਚੰਦ ਸਪੁਤਰ ਸ਼੍ਰੀ ਹਰੀ ਰਾਮ ਦਾ ਇਕ ਕੇਸ ਸੀ, ਜਿਸ ਵਿਚ ਸ਼ੈੱਡਾਂ ਨੂੰ ਹਟਾਉਣ ਬਾਰੇ ਨੋਟੀਫਾਈਡ ਏਰੀਆ ਕਮੇਟੀ, ਰਾਜਪੁਰਾ ਟਾਊਨਸ਼ਿਪ (ਜੋ ਕਿ ਹਣ ਮਿਉਂਸਪਲ ਕਮੇਟੀ ਹੈ) ਦੇ ਅਮਲੇ ਰਾਹੀਂ ਪ੍ਰਬੰਧ ਕੀਤਾ ਗਿਆ ਸੀ। 1 ਅਗਸਤ, 1974 ਨੂੰ ਸਿਵਲ ਕੋਰਟ ਨੇ ਜੋ ਕਿ ਇਹ ਕੰਪਨੀ ਨੂੰ ਆਰਜ਼ੀ ਰੋਕ 31 ਜੁਲਾਈ, 1974 ਨੂੰ ਦਿੱਤੀ ਸੀ, ਉਹ ਵੀ ਹਟਾ ਲਈ ਸੀ। ਇਸ ਸਬੰਧ ਵਿਚ ਦਸਿਆ ਜਾਂਦਾ ਹੈ ਕਿ ਇਹ ਸੁਝਾਅ ਬਿਲਕੁਲ ਗਲਤ ਹੈ ਕਿ ਇਹ ਸ਼ੈੱਡ ਮਨਜ਼ੂਰੀ ਨਾਲ ਬਣਾਏ ਗਏ ਸਨ। ਇਹ ਗਲ ਠੀਕ ਨਹੀਂ ਹੈ ਕਿ ਰਾਜਪੁਰਾ ਅਨਾਜ ਮੰਡੀ ਅਤੇ ਰਾਜਪੁਰਾ ਟਾਊਨਸ਼ਿਪ ਨੇ ਲਗਾਤਾਰ ਹੜਤਾਲ ਕੀਤੀ ਸੀ। ਅਨਾਜ ਮੰਡੀ ਵਿਚ 1 ਅਗਸਤ, 1974 ਤੋਂ 8 ਅਗਸਤ, 1974 ਤੱਕ ਸਿਰਫ ਥੋੜ੍ਹੀਆਂ ਜਿਹੀਆਂ ਦੁਕਾਨਾਂ ਨੇ ਅੰਸ਼ਕ ਹੜਤਾਲ ਕੀਤੀ ਸੀ। ਦੁਕਾਨਦਾਰਾਂ ਨੇ ਕਿਉਂਕਿ ਇਹ ਸ਼ੈੱਡ ਸਵੈ-ਇੱਛਾ ਅਨੁਸਾਰ ਹਟਾਏ ਸਨ, ਇਸ ਕਰਕੇ ਸ਼ੈੱਡਾਂ ਨੂੰ ਕੋਈ ਨੁਕਸਾਨ ਨਹੀਂ ਹੋਇਆ ਹੈ।

(Serial No. 46)

Dr. Baldev Prakash : To draw the attention of the Government towards a matter of urgent public importance namely, non-payment of salary to the staff of investigation circle Chandigarh of the irrigation department and investigation circles of Jullundur, Hoshiarpur and Ropar for six months.

In view of the obvious and urgent importance of the matter, the Government may please be asked to make a statement in the House.

ਸਰਦਾਰ ਗੁਰਬਖਸ਼ ਸਿੰਘ ਸਿਬੀਆ (ਰਾਜ ਮੰਤਰੀ ਸਿੰਜਾਈ ਤੇ ਬਿਜਲੀ) : ਟਿਊਬਵੈਲ ਪ੍ਰੋਗਰਾਮ ਲਈ ਕੇਂਦਰੀ ਸਰਕਾਰ ਤੋਂ ਕਈ ਸਾਲਾਂ ਤੋਂ ਮਦਦ ਮਿਲਦੀ ਚਲੀ ਆ ਰਹੀ ਹੈ। 1974-75 ਲਈ ਇਹ ਮਦਦ ਮਿਲਣੀ ਬੰਦ ਹੋ ਗਈ ਤੇ ਇਸ ਕਰਕੇ ਪਲਾਨ ਵਿਚ ਅਤੇ ਬਜਟ ਵਿਚ ਇਨਵੈਸਟੀਗੇਸ਼ਨ ਸਰਕਲ ਲਈ ਪੈਸੇ ਦਾ ਕੋਈ ਉਪਬੰਧ ਨਹੀਂ ਕੀਤਾ ਗਿਆ। ਪਹਿਲੇ ਇਹ ਤਜਵੀਜ਼ ਕੀਤਾ ਗਿਆ ਸੀ ਕਿ ਵਿਭਾਗ ਦੀਆਂ ਮਨਜ਼ੂਰ ਸ਼ੁਦਾ ਪੋਸਟਾਂ ਵਿਚੋਂ ਹੀ ਕਝ ਪੋਸਟਾਂ ਕੱਢ ਕੇ ਇਹ ਸਰਕਲ ਜਾਰੀ ਰਖਿਆ ਜਾਵੇ ਲੇਕਿਨ ਬਾਦ ਵਿਚ ਇਹ ਦੇਖਿਆ ਗਿਆ ਕਿ ਇਸ ਸਰਕਲ ਲਈ ਵਖਰੀ ਮਨਜ਼ੂਰੀ ਲੈਣੀ ਜਨ ਹਿਤ ਵਿਚ ਹੋਵੇਗੀ ਤੇ

Original with;
Punjab Vidhan Sabha
Digitized by;
Panjab Digital Library

ਇਹ ਕੰਮ ਵਰਕਸ ਨਾਲੋਂ ਅਲਿਹਦਾ ਕਰਨਾ ਜ਼ਰੂਰੀ ਹੈ ਕਿਉਂਕਿ ਇਹ ਮੁੱਢਲੀ ਇਨਵੈਸਟੀਗੇਸ਼ਨ ਹੈ ਅੱਰ ਕਿਸੇ ਖਾਸ ਵਰਕ ਤੇ ਇਸ ਦਾ ਖਰਚਾ ਉਦੋਂ ਤੱਕ ਨਹੀਂ ਪਾਇਆ ਜਾ ਸਕਦਾ ਜਦੋਂ ਤਕ ਉਸ ਵਰਕ ਦੀ ਪ੍ਰਾਜੈਕਟ ਰਿਪੋਰਟ ਤਿਆਰ ਨਹੀਂ ਹੋ ਜਾਂਦੀ। ਹੁਣ ਇਸ ਤਜਵੀਜ਼ ਤੇ ਗੌਰ ਹੋ ਰਿਹਾ ਹੈ ਕਿ ਬਜਟ ਵਿਚ ਕੁਝ ਪੈਸੇ ਦਾ ਉਪਬੰਧ ਕਰਕੇ ਸਰਕਲ ਮਨਜੂਰ ਕਰ ਦਿੱਤਾ ਜਾਵੇ ਤੇ ਆਸ ਹੈ ਕਿ ਕੁਝ ਦਿਨਾਂ ਵਿਚ ਹੀ ਇਸ ਦੀ ਮਨਜੂਰੀ ਲੈ ਲਿਤੀ ਜਾਵੇਗੀ। ਵਿਭਾਗ ਨੇ ਜੋ ਅਮਲਾ ਇਸ ਕੰਮ ਤੇ ਰਖਿਆ ਹੋਇਆ ਸੀ ਉਸ ਨੂੰ ਜਾਰੀ ਰਖਿਆ ਕਿਉਂਕਿ ਉਮੀਦ ਸੀ ਕਿ ਮਨਜੂਰੀ ਜਲਦੀ ਮਿਲ ਜਾਵੇਗੀ ਲੇਕਿਨ ਜਿਸ ਤਰ੍ਹਾਂ ਕਿ ਦਸਿਆ ਗਿਆ ਹੈ ਬਜਟ ਵਿਚ ਉਪਬੰਧ ਨਾ ਹੋਣ ਕਰਕੇ ਕੁਝ ਅਮਲੇ ਨੂੰ ਤਨਖਾਹ ਨਹੀਂ ਦਿੱਤੀ ਜਾ ਸਕੀ ਪਰ ਉਮੀਦ ਹੈ ਕਿ ਇਹ ਔਕੜ ਹੁਣ ਕੁਝ ਦਿਨਾਂ ਦੀ ਹੀ ਹੈ।

(Serial No. 47)

Dr. Baldev Prakash : To draw the attention of the Government towards a matter of urgent public importance namely, non-inclusion of representatives of opposition parties in the district level consultative committees of State Citizens Council for the equitable distribution of essential commodities and procurement of foodgrains. This is an important matter and the Government may be asked to make a statement in the House.

ਸਰਦਾਰ ਗੁਰਦਰਸ਼ਨ ਸਿੰਘ (ਰਾਜ ਮੰਤਰੀ ਖੁਰਾਕ ਅਤੇ ਸਪਲਾਈ) : ਪੰਜਾਬ ਸਰਕਾਰ ਬਹੁਤ ਦੇਰ ਤੋਂ ਮਾਮਲੇ ਤੇ ਵਿਚਾਰ ਕਰ ਰਹੀ ਸੀ ਕਿ ਸਿਟੀਜ਼ਨ ਕੌਂਸਲ ਦੀਆਂ ਜ਼ਿਲ੍ਹਾ ਪੱਧਰ ਕਮੇਟੀਆਂ ਬਣਾਈਆਂ ਜਾਣ ਜੋ ਸਰਕਾਰ ਜ਼ਿਲ੍ਹਾ ਐਡਮਿਨਸਟਰੇਸ਼ਨ ਨੂੰ ਜ਼ਰੂਰੀ ਵਸਤੂਆਂ ਦੀ ਵੰਡ ਸਬੰਧੀ ਮਦਦ ਅਤੇ ਸਲਾਹ ਦੇ ਸਕਣ। ਸਰਕਾਰ ਦਾ ਇਹ ਵਿਚਾਰ ਸੀ ਕਿ ਇਹ ਕਮੇਟੀਆਂ ਦੇ ਮੈਂਬਰ ਸੋਸ਼ਲ ਵਰਕਰਾਂ ਵਿਚੋਂ ਚੁਣੇ ਜਾਣ ਜੋ ਕਮੇਟੀਆਂ ਦੀ ਮੀਟਿੰਗ ਵਿਚ ਸ਼ਾਮਲ ਹੋ ਕੇ ਆਪਣੀ ਨਿਰਪੱਖ ਰਾਏ ਦੇਣ। ਸਰਕਾਰ ਨੇ ਬਹੁਤ ਸੋਚ ਵਿਚਾਰ ਤੋਂ ਬਾਅਦ ਜ਼ਿਲਾ ਕਮੇਟੀਆਂ ਦੀ ਸਥਾਪਨਾ ਕੀਤੀ ਹੈ। ਇਹ ਕਹਿਣਾ ਕਿ ਇਨ੍ਹਾਂ ਕਮੇਟੀਆਂ ਵਿਚ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੂੰ ਨਹੀਂ ਰਖਿਆ ਗਿਆ ਹੈ ਇਹ ਬਿਲਕੁਲ ਗਲਤ ਹੈ। ਚੋਣ ਕਰਨ ਲਗਿਆਂ ਜ਼ਿਆਦਾ ਖਿਆਲ ਤਾਂ ਇਹ ਰਖਿਆ ਗਿਆ ਹੈ ਕਿ ਮੈਂਬਰ ਇਕ ਚੰਗੇ ਸੋਸ਼ਲ ਵਰਕਰ ਹੋਣ ਪਰ ਇਹ ਕਹਿਣਾ ਗਲਤ ਹੈ ਕਿ ਕੇਵਲ ਕਾਂਗਰਸ ਪਾਰਟੀ ਦੇ ਪ੍ਰਤੀਨਿਧ ਇਸ ਕਮੇਟੀ ਦੇ ਮੈਂਬਰ ਬਣਾਏ ਗਏ ਹਨ। ਇਨ ਕਮੇਟੀ ਦੇ ਮੈਂਬਰ ਬਹੁਤ ਸਾਰੇ ਪੱਖਾਂ ਵਿਚੋਂ ਚੁਣੇ ਗਏ ਹਨ ਅਤੇ ਵਿਰੋਧੀ ਪਾਰਟੀਆਂ ਦੇ ਪ੍ਰਤੀਨਿੱਧ ਵੀ ਇਨ੍ਹਾਂ ਕਮੇਟੀਆਂ ਦੇ ਮੈਂਬਰ ਬਣਾਏ ਗਏ ਹਨ।

(Punjab Government for quite some time back had been considering the formation of District level Committees of the Citizen Council which could advise and help the Government District Administration in the matter of distribution of Essential Commodities. Government was of the view that only social workers should be brought on these committees who could attend its meetings and give impartial advice. These District level committees have, therefore, been formed after thorough consideration. It is wrong to say that opposition parties have not been given due representation on these committees. While nominating members on these committees no weight has been given on party consideration and it is wrong to say that only congress workers have been nominated for the purpose. Members of these committees have been selected from all walks of life and opposition parties are duly represented on these committees.

Original with;
Punjab Vidhan Sabha
Digitized by;
Panjab Digital Library

(Serial No. 53)

Comrade Satya Pal Dang : To draw the attention of the Government towards a matter of urgent public importance namely there is serious discontentment amongst the retail shopkeepers throughout the State because they are unduly harassed by Government authorities while the big manufacturers and wholesalers who are really responsible for adulteration are hardly touched.

In Jullundur, only two days ago the local halwais, tea sellers and retail merchants observed a day's protest strike. The agitation is likely to spread throughout the State.

In view of the obvious and urgent importance of the matter, the Government may please be asked to make a statement in the House.

ਸਰਦਾਰ ਬਲਬੀਰ ਸਿੰਘ (ਰਾਜ ਮੰਤਰੀ, ਸਿਹਤ ਅਤੇ ਸੰਤਾਨ ਸੰਜਮ) : ਸਰਕਾਰ ਵੱਲੋਂ ਪਰਚੂਨ ਦੁਕਾਨਦਾਰਾਂ ਨੂੰ ਕੋਈ ਤੰਗੀ ਨਹੀਂ ਦਿੱਤੀ ਜਾਂਦੀ ਹੈ, ਸਿਰਫ਼ ਪਰੀਵੈਨਸ਼ਨ ਆਫ਼ ਫੂਡ ਅਡੱਲਟ੍ਰੇਸ਼ਨ ਐਕਟ, 1954 ਦੇ ਅਧੀਨ ਖੁਰਾਕ ਦੀ ਮਿਲਾਵਟ ਨੂੰ ਦੂਰ ਕਰਨ ਦੇ ਤਰੀਕਿਆਂ ਨੂੰ ਤੇਜ਼ ਕਰ ਦਿੱਤਾ ਗਿਆ ਹੈ । ਖੁਰਾਕ ਦੇ ਸੈਂਪਲ ਵੱਡੇ ਉਤਪਾਦਕਾਂ, ਹੋਲਸੇਲਰਾਂ, ਤੇ ਪਰਚੂਨ ਦੁਕਾਨਦਾਰਾਂ ਵੱਲੋਂ ਲਏ ਜਾਂਦੇ ਹਨ । ਕਿਉਂਕਿ ਖਾਣ ਪੀਣ ਦੀਆਂ ਚੀਜ਼ਾਂ ਦੀ ਖਾਲਸ ਹੋਣ ਦੀ ਜ਼ੁੰਮੇਂਵਾਰੀ ਉਤਪਾਦਕਾਂ, ਵੰਡਨ ਵਾਲਿਆਂ, ਹੋਲ ਸੇਲਰਾਂ ਤੇ ਰਿਟੇਲ ਡੀਲਰਾਂ ਤੇ ਆਉਂਦੀ ਹੈ । ਪਰੀਵੈਨਸ਼ਨ ਆਫ਼ ਫੂਡ ਅਡੱਲਟਰੇਸ਼ਨ ਐਕਟ, 1954 ਦੀ ਧਾਰਾ 7 ਰਾਹੀਂ ਖੁਰਾਕ ਦੀਆਂ ਮਿਲਾਵਟੀ ਚੀਜ਼ਾਂ ਨੂੰ ਵੇਚਣ, ਸਟੋਰ ਕਰਨ ਜਾਂ ਵੰਡਣ ਤੇ ਮਨਾਹੀ ਹੈ। ਮੈਡੀਕਲ ਅਫਸਰਾਂ ਦੀ ਟੀਮ ਦੁਆਰਾ ਬਤੌਰ ਫੂਡ ਇੰਸਪੈਕਟਰ ਸੈਂਪਲ ਲਏ ਜਾਂਦੇ ਹਨ, ਜਿਨ੍ਹਾਂ ਨੂੰ ਉਤਪਾਦਕ, ਡਿਸਟਰੀਬਿਊਟਰ, ਹੋਲ ਸੇਲਰ ਤੇ ਰਿਟੇਲ ਡੀਲਰ ਵਿਚਕਾਰ ਕੋਈ ਫਰਕ ਨਾ ਸਮਝਣ ਲਈ ਹਦਾਇਤਾ ਜਾਰੀ ਕਰ ਦਿੱਤੀਆਂ ਹਨ ।

ਇਥੇ ਇਹ ਵੀ ਦਸਿਆ ਜਾਂਦਾ ਹੈ ਕਿ ਸਿਰਫ਼ ਜੁਲਾਈ, 1974 ਦੇ ਮਹੀਨੇ ਵਿਚ 451 ਸੈਂਪਲ ਲਏ ਗਏ ਜਿਨਦੇ ਵਿਚੋਂ 116 ਸੈਂਪਲ ਉਤਪਾਦਕਾਂ ਅਤੇ ਡਿਸਟਰੀਬਿਊਟਰਾਂ ਤੋਂ ਲਏ ਅਤੇ ਪਿਛਲੇ ਕੁਝ ਮਹੀਨਿਆਂ ਵਿਚ ਪੰਜਾਬ ਵਿਚ ਬਨਾਸਪਤੀ ਦੇ ਉਤਪਾਦਕਾਂ ਵਿਰੁਧ ਕਚਹਿਰੀ ਵਿਚ 7 ਮੁਕੱਦਮੇ ਦਰਜ਼ ਕੀਤੇ ਗਏ । ਮਿਲਕ ਪਲਾਂਟ ਵੇਰਕਾ ਦੇ ਵਿਰੁਧ ਵੀ ਮੁਕੱਦਮਾ ਚਲਾਇਆ ਗਿਆ । ਇਸ ਤੋਂ ਸਪੱਸ਼ਟ ਹੈ ਕਿ ਖਾਣ ਪੀਣ ਦੀਆਂ ਵਸਤਾਂ ਵਿਚ ਮਿਲਾਵਟ ਰੋਕਣ ਹਿੱਤ ਸੈਂਪਲਜ਼ ਕੇਵਲ ਛੋਟੇ ਦੁਕਾਨਦਾਰਾਂ ਤੋਂ ਹੀ ਨਹੀਂ ਬਲਕਿ ਵਸਤਾਂ ਦੇ ਉਤਪਾਦਕਾਂ ਅਤੇ ਥੋਕ ਵਿਉਪਾਰੀਆਂ ਤੋਂ ਵੀ ਫੜੇ ਜਾਂਦੇ ਹਨ ।

(Serial No. 95)

Dr. Baldev Prakash : To draw the attention of the Government towards a matter of urgent public importance, namely, the situation created by the murder of a shopkeeper at Rayya (Amritsar) by the people who were going to Delhi in buses to participate in the Rally at Delhi.

The matter being of public importance, the Minister concerned may be asked to make a statement in the House.

ਗਿਆਨੀ ਜ਼ੈਲ ਸਿੰਘ (ਮੁੱਖ ਮੰਤਰੀ) : ਇਸ ਧਿਆਨ ਦਿਵਾਊ ਨੋਟਿਸ ਨੰ: 95 ਦਾ ਸੰਬੰਧ ਮੁਕਦਮਾ ਨੰ: 161 ਮਿਤੀ 9 ਅਗਸਤ, 1974 ਅਧੀਨ ਧਾਰਾ 302/452/34 ਭ. ਦ. ਥਾਣਾ ਬਿਆਸ ਜਿਲ੍ਹਾ ਅੰਮ੍ਰਿਤਸਰ ਨਾਲ ਹੈ । ਇਹਤੇ ਹਾਜ਼ਰ ਹਨ ਕਿ ਦਲੀਪ ਸਿੰਘ ਦਾ ਹੋਟਲ ਸੜਕ ਤੇ ਰਹੀਆ ਵਿਖੇ ਸੀ । ਮਿਤੀ 8 ਅਗਸਤ, 1974

Original with;
Punjab Vidhan Sabha
Digitized by;
Panjab Digital Library

ਨੂੰ 10.30 ਵਜੇ ਸ਼ਾਮ ਨੂੰ ਦਲੀਪ ਸਿੰਘ ਹੋਟਲ ਬੰਦ ਕਰ ਰਿਹਾ ਸੀ, ਜਦ ਕਿ ਸਵਾਰੀ ਬੱਸ ਨੰ: 3985 ਪੀ. ਯੂ. ਏ. ਜੋ ਦਿਲੀ ਵਲ ਜਾ ਰਹੀ ਸੀ, ਉਥੇ ਆ ਕੇ ਖੜੀ ਹੋ ਗਈ। ਉਸ ਬੱਸ ਵਿਚੋਂ ਤਿੰਨ ਨੌਜਵਾਨ ਜਿਨ੍ਹਾਂ ਦੇ ਨਾਮ ਜਸਬੀਰ ਸਿੰਘ ਉਰਫ ਬਿਲਾ ਪੁਤਰ ਜਾਗੀਰ ਸਿੰਘ, ਮੋਹਿਰਾ ਚੌਕ, ਕਰੋੜੀ, ਮੱਖਣ ਸਿੰਘ ਪੁਤਰ ਰਾਜਿੰਦਰ ਸਿੰਘ, ਕੌਮ ਅਰੋੜਾ, ਚੌਕ ਬਾਬਾ ਸਾਹਿਬ, ਅਤੇ ਕੁਲਦੀਪ ਸਿੰਘ ਉਰਫ ਦੀਪਾ ਪੁਤਰ ਹਰੀ ਸਿੰਘ ਰਾਗੀ, ਵਾਸੀ ਚੌਕ ਬਾਬਾ ਸਾਹਿਬ, ਮਕਤੂਲ ਦੀ ਦੁਕਾਨ ਤੋਂ ਸਬਜ਼ੀ ਅਤੇ ਹੋਰ ਰੋਟੀ ਲੈਣ ਲਈ ਉਤਰੇ ਦੋਸ਼ੀਆਂ ਨੇ ਦਲੀਪ ਸਿੰਘ ਨੂੰ ਜਦ ਕਿ ਉਹ ਦੁਕਾਨ ਬੰਦ ਕਰ ਰਿਹਾ ਸੀ, ਰੋਟੀ ਖਿਲਾਉਣ ਲਈ ਮਜ਼ਬੂਰ ਕੀਤਾ। ਜਦ ਉਸ ਨੇ ਨਾਂਹ ਨੁਕਰ ਕੀਤੀ ਤਾਂ ਦੋ ਦੋਸ਼ੀਆਂ ਨੇ ਉਸ ਨੂੰ ਪਕੜ ਲਿਆ ਅਤੇ ਦੋਸ਼ੀ ਬਿਲੇ ਨੇ ਆਪਣੇ ਚਾਕੂ ਦਲੀਪ ਸਿੰਘ ਦੇ ਮਾਰੇ ਜਿਸ ਨਾਲ ਉਸਦੀ ਮੌਤ ਹੋ ਗਈ। ਪੁਲਿਸ ਨੇ ਕਤਲ ਦਾ ਮੁਕੱਦਮਾ ਦਰਜ ਕਰਕੇ ਤਫਤੀਸ਼ ਸ਼ੁਰੂ ਕੀਤੀ। ਦੋਸ਼ੀ ਮੌਕੇ ਤੋਂ ਭੱਜ ਗਏ ਸਨ। ਪਰ ਪੁਲਿਸ ਨੇ ਉਨ੍ਹਾਂ ਨੂੰ 13 ਅਗਸਤ, 1974 ਨੂੰ ਗ੍ਰਿਫਤਾਰ ਕਰ ਲਿਆ। ਮੁਕਦਮੇ ਦੀ ਤਫਤੀਸ਼ ਤੇਜ਼ੀ ਨਾਲ ਕੀਤੀ ਜਾ ਰਹੀ ਹੈ ਅਤੇ ਚਲਾਨ ਅਦਾਲਤ ਵਿਚ ਪੇਸ਼ ਕਰ ਦਿੱਤਾ ਜਾਵੇਗਾ।

QUESTIONS ON STATEMENTS MADE IN REPLY TO CALL ATTENTION NOTICES

ਸ਼੍ਰੀ ਸਰਦਾਰੀ ਲਾਲ ਕਪੂਰ : ਜਿਹੜੀਆਂ ਕਾਲ ਅਟੈਨਸ਼ਨ ਮੋਸ਼ਨਜ਼ ਆ ਚੁਕੀਆਂ ਹਨ, ਮੈਂ ਉਨ੍ਹਾਂ ਦਾ ਜੁਆਬ ਮੰਗਣਾ ਚਾਹੁੰਦਾ ਹਾਂ।

ਸ਼੍ਰੀ ਡਿਪਟੀ ਸਪੀਕਰ : ਤੁਹਾਡੀ ਕਾਲ ਅਟੈਨਸ਼ਨ ਮੋਸ਼ਨ ਨੰ: 95 ਦਾ ਜੁਆਬ ਤੁਹਾਨੂੰ ਆ ਗਿਆ ਹੈ। (The reply to your Call Attention Motion No. 95 has come.)

ਸ਼੍ਰੀ ਸਰਦਾਰੀ ਲਾਲ ਕਪੂਰ : ਮੇਰੇ ਪਾਸ ਕਾਲ ਅਟੈਨਸ਼ਨ ਮੋਸ਼ਨਜ਼ ਨੰ: 8 ਅਤੇ 9 ਦਾ ਜੁਆਬ ਆ ਚੁਕਿਆ ਹੈ, ਜੇ ਤੁਸੀਂ ਆਗਿਆ ਦਿਓ ਤਾਂ ਮੈਂ ਇਨ੍ਹਾਂ ਤੇ ਸਵਾਲ ਕਰਨਾ ਚਾਹੁੰਦਾ ਹਾਂ।

ਸ਼੍ਰੀ ਡਿਪਟੀ ਸਪੀਕਰ : ਕਰ ਲਵੋ। (Yes please.)

ਸ਼੍ਰੀ ਸਰਦਾਰੀ ਲਾਲ ਕਪੂਰ : ਪਹਿਲਾਂ ਮੈਂ ਕਾਲ ਅਟੈਨਸ਼ਨ ਮੋਸ਼ਨ ਨੰ 9 ਤੇ ਸਵਾਲ ਕਰਦਾ ਹਾਂ। ਇਹ ਜਿਹੜਾ ਮਨਿਸਟਰ ਸਾਹਿਬ ਨੇ ਇਸ ਦਾ ਜੁਆਬ ਦਿੱਤਾ ਹੈ ਮੈਂ ਉਨ੍ਹਾਂ ਦਾ ਬੜਾ ਮਸ਼ਕੂਰ ਹਾਂ ਪਰ ਇਹ ਜਿਹੜਾ ਸਾਡੇ ਫੂਡ ਮਨਿਸਟਰ ਨੇ ਜੁਆਬ ਦਿੱਤਾ ਹੈ ਕਿ ਇਸ ਵੇਲੇ ਪੰਜਾਬ ਦੇ ਵਿਚ ਜਿਹੜੀ ਆਟੇ ਦੀ ਹਾਲਤ ਹੈ, ਆਟੇ ਦੀ ਕੀਮਤ ਹੈ ਇਹ ਠੀਕ ਹੈ ਅਤੇ ਜਿਹੜਾ ਬਨਾਸਪਤੀ ਆਦਿ ਹੈ ਉਹ ਲੋੜਾਂ ਨੰ ਮਿਲ ਰਿਹਾ ਹੈ। ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਕੋਲ ਇਨਫਰਮੇਸ਼ਨ ਹੈ ਕਿ ਆਟੇ ਦੀ ਕੀਮਤ 1 ਰੁਪਿਆ 90 ਪੈਸੇ ਪਰ ਕਿਲੋ ਹੈ ?

ਕਾਮਰੇਡ ਸੱਤ ਪਾਲ ਡਾਂਗ : (ਬੈਠੇ ਬੈਠੇ) 2 ਰੁਪਏ ਪਰ ਕਿਲੋ ਹੈ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਰਦਾਰੀ ਲਾਲ ਕਪੂਰ : ਦੂਸਰਾ ਮੇਰਾ ਸਵਾਲ ਇਹ ਹੈ ਕਿ ਇਨ੍ਹਾਂ ਨੇ ਕਿਹਾ ਹੈ ਕਿ ਚੌਲਾਂ ਦਾ ਭਾਅ ਬੰਨ੍ਹਿਆ ਹੈ ਅਤੇ ਉਸ ਦੇ ਮੁਤਾਬਿਕ ਉਹ ਲੋਕਾਂ ਨੂੰ ਮਿਲ ਰਹੇ ਹਨ । ਮੈਂ ਇਨ੍ਹਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਪਾਸ ਇਨਫਰਮੇਸ਼ਨ ਹੈ ਕਿ ਵਾਕਿਆ ਹੀ ਚੌਲਾਂ ਦਾ ਭਾਅ ਜੋ ਇਨ੍ਹਾਂ ਨੇ ਬੰਨ੍ਹਿਆ ਹੈ ਉਸ ਦੇ ਮੁਤਾਬਿਕ ਲੋਕਾਂ ਨੂੰ ਮਿਲ ਰਹੇ ਹਨ ਅਤੇ ਬਨਾਸਪਤੀ ਲੋਕਾਂ ਨੂੰ ਮਿਲ ਰਿਹਾ ਹੈ ? ਬਨਾਸਪਤੀ ਤਾਂ ਬਜ਼ਾਰ ਵਿਚੋਂ ਉਡ ਗਿਆ ਹੈ, ਉਹ ਬਾਜ਼ਾਰ ਵਿਚੋਂ ਮਿਲ ਨਹੀਂ ਰਿਹਾ ਅਤੇ ਜਿਹੜਾ ਭਾਅ ਬੰਨ੍ਹਿਆ ਹੈ ਉਸ ਦੇ ਮੁਤਾਬਿਕ ਵੀ ਨਹੀਂ ਮਿਲ ਰਿਹਾ ।

ਸਰਦਾਰ ਗੁਰਦਰਸ਼ਨ ਸਿੰਘ (ਰਾਜ ਮੰਤਰੀ ਖੁਰਾਕ ਅਤੇ ਸਪਲਾਈਜ਼) : ਆਟੇ ਦੇ ਬਾਰੇ ਅਰਜ਼ ਹੈ ਕਿ ਅਸੀਂ ਇਸੇ ਅਗਸਤ ਦੇ ਮਹੀਨੇ 15 ਹਜ਼ਾਰ ਟਨ ਰਾਸ਼ਨ ਡਿਪੋ ਦੇ ਰਾਹੀਂ ਰਿਲੀਜ਼ ਕਰਨਾ ਹੈ । ਦੂਸਰਾ ਇਨ੍ਹਾਂ ਦਾ ਰਾਈਸ ਦੇ ਭਾਅ ਬਾਰੇ ਪੁਆਇੰਟ ਹੈ ।

ਕਾਮਰੇਡ ਸੱਤਪਾਲ ਡਾਂਗ (ਬੈਠੇ ਬੈਠੇ) : ਉਨ੍ਹਾਂ ਦਾ ਸੁਆਲ ਓਪਨ ਮਾਰਕਿਟ ਦੇ ਬਾਰੇ ਸੀ ।

ਰਾਜ ਮੰਤਰੀ : ਅੰਮ੍ਰਿਤਸਰ ਦੇ ਵਿਚ ਕੁਝ ਆਦਮੀ ਹਨ ਜਿਹੜੇ ਖਾਸ ਕਿਸਮ ਦਾ ਆਟਾ ਅਤੇ ਖਾਸ ਮਸ਼ੀਨਾਂ ਤੋਂ ਪਿਹਾਕੇ ਖਾਂਦੇ ਹਨ, ਉਨ੍ਹਾਂ ਦੇ ਅਸੀਂ ਜ਼ਿਮੇਂਵਾਰ ਨਹੀਂ ਹਾਂ । ਜਿਹੜਾ ਮੈਂ ਦੱਸਿਆ ਹੈ ਕਿ 15 ਹਜ਼ਾਰ ਟਨ ਅਸੀਂ ਰਾਸ਼ਨ ਡਿਪੋ ਤੋਂ ਦੇ ਰਹੇ ਹਾਂ ਇਹ ਇਸੇ ਕਰਕੇ ਲੋਕਾਂ ਨੂੰ ਦੇ ਰਹੇ ਹਾਂ ਤਾਂ ਕਿ ਲੋਕਾਂ ਨੂੰ ਓਪਨ ਮਾਰਕਿਟ ਵਿਚ ਜ਼ਿਆਦਾ ਕੀਮਤ ਨਾ ਦੇਣੀ ਪਵੇ । ਸਰਕਾਰ ਦਾ ਮੰਤਵ ਇਹੀ ਹੈ ਕਿ ਲੋਕ ਬਾਹਰੋਂ ਓਪਨ ਮਾਰਕਿਟ ਵਿਚੋਂ ਨਾ ਲੈਣ । ਕਈ ਲੋਕ ਅਜਿਹੇ ਹਨ ਜਿਹੜੇ ਚੱਕੀਆਂ ਤੋਂ ਹੀ ਲੈਣਾ ਚਾਹੁੰਦੇ ਹਨ ਅੱਰ ਸਰਕਾਰ ਉਨ੍ਹਾਂ ਦੀ ਜ਼ਿੰਮੇਵਾਰੀ ਨਹੀਂ ਲੈਂਦੀ । ਸਰਕਾਰ ਡਿਪੋ ਤੋਂ 1 ਰੁਪਿਆ 30 ਪੈਸੇ ਪਰ ਕਿਲੋ ਦੇ ਹਿਸਾਬ ਨਾਲ ਕਣਕ ਦਿੰਦੀ ਹੈ ਅਤੇ 1 ਰੁਪਿਆ 36 ਪੈਸੇ ਪਰ ਕਿਲੋ ਦੇ ਹਿਸਾਬ ਨਾਲ ਆਟਾ ਦਿੰਦੀ ਹੈ । ਬਾਕੀ ਰਾਈਸ ਦੇ ਬਾਰੇ ਇਹ ਹੈ ਕਿ ਪੰਜਾਬ ਕੋਈ ਜ਼ਿਆਦਾ ਕੰਜ਼ਿਊਮ ਨਹੀਂ ਕਰਦਾ ਪਰ ਜਿਹੜੇ ਕੰਡੀ ਦੇ ਇਲਾਕੇ ਹਨ ਜਿਸ ਤਰ੍ਹਾਂ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਆਦਿ, ਉਥੇ ਫਿਕਸਡ ਪਰਾਈਸ ਹੈ ਉਸ ਦੇ ਹਿਸਾਬ ਨਾਲ ਲੋਕਾਂ ਨੂੰ ਰਾਈਸ ਡਿਪੋ ਤੋਂ ਦਿੰਦੇ ਹਾਂ ।

ਸ਼੍ਰੀ ਸਰਦਾਰੀ ਲਾਲ ਕਪੂਰ : ਹੁਣ ਮੈਂ ਕਾਲ ਅਟੈਨਸ਼ਨ ਮੋਸ਼ਨ ਨੰ: 8 ਤੇ ਸਵਾਲ ਕਰਨਾ ਚਾਹੁੰਦਾ ਹਾਂ । ਇਸ ਦੇ ਜੁਆਬ ਵਿਚ ਇਨ੍ਹਾਂ ਨੇ ਕਿਹਾ ਹੈ ਕਿ ਕਲਾਸ 3 ਅਤੇ ਕਲਾਸ 4 ਦੇ ਇੰਪਲਾਈਜ਼ ਜਿਹੜੇ ਮਿਊਂਸਪਲਟੀ ਲੁਧਿਆਣਾ ਦੇ ਹਨ, ਉਨ੍ਹਾਂ ਦੇ ਮੁਤੱਲਕ ਉਨ੍ਹਾਂ ਨੇ ਦਰੁਸਤ ਤਰੀਕੇ ਨਾਲ ਨਹੀਂ ਸੀ ਲਿਖਿਆ ਅਤੇ ਹੁਣ ਅਸੀਂ ਸਪੈਸ਼ਲ ਤੌਰ ਤੇ ਉਨ੍ਹਾਂ ਨੂੰ ਇਜ਼ਾਜ਼ਤ ਦਿੰਦੇ ਹਾਂ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਇੰਪਲਾਈਜ਼ ਨੂੰ ਡੇਢ ਦੋ ਸਾਲ ਤੋਂ ਤਨਖਾਹਾਂ ਨਹੀਂ ਮਿਲੀਆਂ ਇਸ ਦੇ ਲਈ ਜਿਸ ਦਾ ਕਸੂਰ ਹੈ ਉਸ ਨੂੰ ਇਹ ਸਜ਼ਾ ਦੇਣਗੇ ?

ਮਾਲ ਅਤੇ ਚੋਣ ਮੰਤਰੀ (ਸਰਦਾਰ ਉਮਰਾਓ ਸਿੰਘ) : ਇਨ੍ਹਾਂ ਦੇ ਸਵਾਲ ਦੀ ਸਮਝ ਨਹੀਂ ਪਈ ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਸਵਾਲ ਫਿਰ ਕਹਿ ਦਿਓ । (Please repeat your question.)

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਰਦਾਰੀ ਲਾਲ ਕਪੂਰ : ਮੇਰਾ ਸਵਾਲ ਇਹ ਹੈ ਕਿ ਉਥੇ ਇਹ ਸਿਧਾਂਇਤ ਹੈ ਕਿ ਭੇਦ ਦੇ ਸਾਲ ਹੋ ਗਏ ਹਨ ਮਿਊਂਸਪਲ ਕਮੇਟੀ ਲੁਧਿਆਣਾ ਦੇ ਇੰਪਲਾਈਜ਼ ਨੂੰ ਤਨਖਾਹਾਂ ਨਹੀਂ ਮਿਲੀਆਂ। ਹੁਣ ਮਿਊਂਸਪਲ ਕਮੇਟੀ ਨੇ ਡਾਇਰੈਕਟਰੇਟ ਨੂੰ ਲਿਖਿਆ ਹੈ ਕਿ ਉਨ੍ਹਾਂ ਨੂੰ ਜਲਦੀ ਤਨਖਾਹਾਂ ਦਿੱਤੀਆਂ ਜਾਣ। ਡਾਇਰੈਕਟਰੇਟ ਵਾਲਿਆਂ ਨੇ ਲਿਖਿਆ ਹੈ ਕਿ ਇਹ ਮਿਊਂਸਪਲ ਕਮੇਟੀ ਦਾ ਕਸੂਰ ਹੈ ਅਤੇ ਹੁਣ ਅਸੀਂ ਸਪੈਸ਼ਲ ਤੌਰ ਤੇ ਇਜਾਜ਼ਤ ਦਿੰਦੇ ਹਾਂ। ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਉਨ੍ਹਾਂ ਨੂੰ ਡੇਢ ਦੋ ਸਾਲ ਤਨਖਾਹਾਂ ਨਹੀਂ ਮਿਲੀਆਂ ਅਤੇ ਇਸ ਦੇ ਵਿਚ ਜਿਸ ਐਡਮਨਿਸਟਰੇਟਰ ਦਾ ਜਾਂ ਜਿਸ ਕਿਸੇ ਇਪਲਾਇਰ ਦਾ ਕਸੂਰ ਹੈ, ਕੀ ਉਨ੍ਹਾਂ ਨੂੰ ਇਹ ਸਜ਼ਾ ਦੇਣਗੇ ?

ਮਾਲ ਅਤੇ ਚੋਣ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਹ ਮਿਊਂਸਪੈਲਿਟੀ ਦਾ ਮਾਮਲਾ ਹੈ ਜਿਹੜੀ ਕਿ ਇਟ ਨੋਮਸ ਬਾਡੀ ਹੈ। ਸਰਕਾਰ ਤਾਂ ਡਾਇਰੈਕਸ਼ਨ ਦੇ ਸਕਦੀ ਹੈ ਜਾਂ ਸੁਝਾਅ ਦੇ ਸਕਦੀ ਹੈ ਪਰ ਫਿਰ ਵੀ ਇਹ ਮਾਮਲਾ ਐਸਾ ਹੈ ਕਿ ਇੰਪਲਾਈਜ਼ ਨੂੰ ਤਨਖਾਹਾਂ ਨਹੀਂ ਮਿਲੀਆਂ, ਇਸ ਲਈ ਸਪੀਕਰ ਜੀ ਤੇ ਮੈਂ ਕਰਕੇ ਕਾਰਵਾਈ ਕਰੇਗੀ।

4.37 ਸ਼ਾਮ (ਇਸ ਸਮੇਂ ਸ਼੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਸ਼੍ਰੀ ਸਰਦਾਰੀ ਲਾਲ ਕਪੂਰ : ਮੇਰੀ ਕਾਲ ਅਟੈਨਸ਼ਨ ਮੋਸ਼ਨ ਨੰ: 29 ਦਾ ਇਨ੍ਹਾਂ ਨੇ ਮੈਨੂੰ ਜੁਆਬ ਨਹੀਂ ਦਿੱਤਾ। ਇਸ ਨੂੰ ਦਿੱਤੀ ਨੂੰ ਕਿੰਨੇ ਦਿਨ ਹੋ ਗਏ ਹਨ।

ਸ਼੍ਰੀ ਸਪੀਕਰ : ਕੀ ਤੁਹਾਨੂੰ ਜੁਆਬ ਨਹੀਂ ਆਇਆ ? (Did you get no reply ?)

ਸ਼੍ਰੀ ਸਰਦਾਰੀ ਲਾਲ ਕਪੂਰ : ਨਹੀਂ ਜੀ।

ਸ਼੍ਰੀ ਸਪੀਕਰ : ਜੇ ਤੁਹਾਨੂੰ ਜੁਆਬ ਮਿਲਿਆ ਹੈ ਫਿਰ ਤਾਂ ਤੁਸੀਂ ਸੁਆਲ ਕਰ ਲਵੋ ਨਹੀ ਤਾਂ ਨਹੀਂ। (You can put a supplementary question, if you have received reply from the Government.)

ਸ਼੍ਰੀ ਸਰਦਾਰੀ ਲਾਲ ਕਪੂਰ : ਮੈਨੂੰ ਟਾਈਮ ਤਾਂ ਦਿਓ।

Mr. Speaker : Please resume your seat.

ਸ਼੍ਰੀ ਸਰਦਾਰੀ ਲਾਲ ਕਪੂਰ : * * * * *

ਸ਼੍ਰੀ ਸਪੀਕਰ : ਕਪੂਰ ਸਾਹਿਬ, ਤੁਹਾਡਾ ਇਹ ਪੁਆਇੰਟ ਆਫ ਆਰਡਰ ਤਾਂ ਨਹੀਂ ਬਣਦਾ ਪਰ ਮੈਂ ਸਰਕਾਰ ਨੂੰ ਕਹਾਂਗਾ ਕਿ ਅਗਰ ਕਿਸੇ ਦੇ ਜਜ਼ਬਾਤ ਨੂੰ ਇਸ ਨਾਲ ਠੇਸ ਪਹੁੰਚਦੀ ਹੈ ਤਾਂ ਸਰਕਾਰ ਜ਼ਰੂਰ ਐਕਸ਼ਨ ਲਵੇ। (Kapur Sahib, it is not a point of order, but I would request the Government to take necessary action in the matter, if it injures any body's sentiments.)

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਕਾਲ ਅਟੈਨਸ਼ਨ ਮੋਸ਼ਨ ਨੰ: 12 ਤੇ ਸੁਆਲ ਪੁਛਣਾ ਚਾਹੁੰਦਾ ਹਾਂ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਸਰਕਾਰ ਦਇਆ ਨੰਦ ਮੈਡੀਕਲ ਕਾਲਜ ਨੂੰ ਲੈ ਲਵੇ । ਸਰਕਾਰ ਨੇ ਇਹ ਮੰਗ ਮੰਨੀ ਹੈ ਪਰ ਜਿਹੜੀਆਂ ਸ਼ਰਤਾਂ ਲੈਣ ਲਈ ਲਾਈਆਂ ਹਨ ਉਹ ਮੈਨੇਜਿੰਗ ਕਮੇਟੀ ਨਹੀਂ ਮੰਨਦੀ ਅਤੇ ਜਿਹੜੀਆਂ ਸ਼ਰਤਾਂ ਉਨ੍ਹਾਂ ਨੇ ਲਾਈਆਂ ਹਨ ਸਰਕਾਰ ਉਸ ਨਾਲ ਸਹਿਮਤ ਨਹੀਂ ਇਸ ਲਈ ਮੈਂ ਪੁਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਲੋਕਾਂ ਅੱਰ ਵਿਦਿਆਰਥੀਆਂ ਦੇ ਹਿੱਤ ਨੂੰ ਮੁਖ ਰੱਖਕੇ ਅੱਰ ਇਸ ਗੱਲ ਲਈ ਕਿ ਉਥੇ ਐਡਮਿਸ਼ਨ ਵੀ ਸ਼ੁਰੂ ਹੋ ਜਾਵੇ ਕੀ ਸਰਕਾਰ ਘੱਟੋ ਘੱਟ 5-7 ਜਾਂ 10 ਸਾਲ ਲਈ ਕੋਈ ਸਪੈਸ਼ਲ ਲੈਜਿਸਲੇਸ਼ਨ ਜਾਂ ਆਰਡੀਨੈਂਸ ਕਰਕੇ ਮੈਨੇਜਮੈਂਟ ਨੂੰ ਟੇਕ ਓਵਰ ਕਰਨ ਨੂੰ ਤਿਆਰ ਹੈ ?

ਸਿਖਿਆ ਮੰਤਰੀ (ਸ਼੍ਰੀ ਗੁਰਮੇਲ ਸਿੰਘ) : ਸਪੀਕਰ ਸਾਹਿਬ, ਇਸ ਸਵਾਲ ਬਾਰੇ ਅਗੇ ਹਾਊਸ ਵਿਚ ਪਿਛਲੇ ਸੈਸ਼ਨ ਵਿਚ ਕਾਫੀ ਚਰਚਾ ਹੋਇਆ ਹੈ ਅੱਰ ਚੀਫ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਜੇ ਉਹ ਦੇ ਦੇਣ ਤਾਂ ਸਰਕਾਰ ਉਸ ਕਾਲਜ ਨੂੰ ਲੈਣ ਲਈ ਹਮਦਰਦੀ ਨਾਲ (sympathetically) ਗੌਰ ਕਰੇਗੀ । ਸਰਕਾਰ ਜ਼ਰੂਰ ਲੈਣ ਨੂੰ ਤਿਆਰ ਸੀ ਪਰ ਉਨ੍ਹਾਂ ਦੀ ਜੋ ਜਨਰਲ ਬਾਡੀ ਦੀ ਮੀਟਿੰਗ ਹੋਈ ਹੈ ਉਨ੍ਹਾਂ ਨੂੰ ਸ਼ਾਇਦ ਇਹ ਗੱਲ ਪੁਗ ਨਹੀਂ ਸਕੀ ।

ਅੱਰ ਦੂਜਾ ਜੋ ਇਨ੍ਹਾਂ ਨੇ ਸਵਾਲ ਕੀਤਾ ਹੈ ਕਿ ਕੀ ਅਸੀਂ 5-7 ਸਾਲ ਲਈ ਮੈਨੇਜਮੈਂਟ ਨੂੰ ਸੰਭਾਲਣ ਲਈ ਤਿਆਰ ਹਾਂ ? ਇਹ ਸਪੀਕਰ ਸਾਹਿਬ, ਉਦੋਂ ਹੀ ਪਾਸੀਬਲ (possible) ਹੁੰਦਾ ਹੈ ਜਦੋਂ ਪ੍ਰਾਈਵੇਟ ਕਾਲਜ ਵਾਲੇ ਇਸ ਸੰਬੰਧ ਵਿਚ ਰੈਜ਼ੋਲਿਊਸ਼ਨ ਪਾਸ ਕਰ ਦੇਣ । ਜੇ ਉਹ ਦੇਣ ਨੂੰ ਤਿਆਰ ਨਹੀਂ ਸਰਕਾਰ ਉਨ੍ਹਾਂ ਨੂੰ ਕਮਪੈਲ (compel) ਕਿਵੇਂ ਕਰ ਸਕਦੀ ਹੈ ? (ਵਿਘਨ)

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਇਨ੍ਹਾਂ ਨੇ ਮੇਰੇ ਸਵਾਲ ਦਾ ਜਵਾਬ ਨਹੀਂ ਦਿਤਾ । ਮੈਂ ਔਨਰਸ਼ਿਪ ਦੀ ਗਲ ਨਹੀਂ ਕਰ ਰਿਹਾ । ਮੈਂ ਇਹ ਪੁਛਿਆ ਹੈ ਕਿ ਕੀ 5-7 ਸਾਲ ਲਈ ਮੈਨੇਜਮੈਂਟ ਨੂੰ ਕੰਟਰੋਲ ਕਰਨ ਲਈ ਤਿਆਰ ਹਨ ? ਕੰਸਟੀਚਿਊਸ਼ਨ ਦੇ ਹੇਠਾਂ ਇਨ੍ਹਾਂ ਨੂੰ ਇਹ ਪਾਵਰ ਹੈ । ਕੀ ਇਹ ਉਸ ਪਾਵਰ ਦੇ ਹੇਠਾਂ ਕੁਝ ਸਾਲਾਂ ਲਈ ਮੈਨੇਜਮੈਂਟ ਨੂੰ ਕੰਟਰੋਲ ਕਰਨ ਨੂੰ ਤਿਆਰ ਹਨ ?

ਵਿੱਤ ਮੰਤਰੀ (ਸ਼੍ਰੀ ਹੰਸ ਰਾਜ ਸ਼ਰਮਾ) : ਸਪੀਕਰ ਸਾਹਿਬ, ਸਾਡੀ ਦਿਕਤ ਇਹ ਹੈ ਕਿ ਪ੍ਰਾਈਵੇਟ ਕਾਲਜਾਂ ਨੂੰ ਚਾਹੇ ਆਰੀਆ ਸਮਾਜ ਦਾ ਹੋਵੇ, ਚਾਹੇ ਸਨਾਤਮ ਧਰਮ ਦਾ ਹੋਵੇ ਤੇ ਚਾਹੇ ਖਾਲਸਾ ਕਾਲਜ ਹੋਵੇ ਜਦੋਂ ਤਕ ਉਹ ਰੈਜ਼ੋਲਿਊਸ਼ਨ ਪਾਸ ਨਾ ਕਰ ਲੈਣ ਅਸੀਂ ਕੁਝ ਨਹੀਂ ਕਰ ਸਕਦੇ । ਇਸ ਦੇ ਬਾਰੇ ਸੁਪਰੀਮ ਕੋਰਟ ਦੀ ਰੂਲਿੰਗ ਹੈ, ਇਹ ਸ਼ਾਇਦ ਇਨ੍ਹਾਂ ਨੂੰ ਪਤਾ ਹੋਣਾ ਹੈ । ਵੈਸੇ ਡਾਂਗ ਸਾਹਿਬ ਸਾਡੇ ਨਾਲ ਬੈਠ ਕੇ ਬੇਸ਼ਕ ਇਸ ਦੇ ਬਾਰੇ ਡਿਸਕਸ ਕਰ ਲੈਣ ।

ਸਰਦਾਰ ਅਜਾਇਬ ਸਿੰਘ ਸੰਧੂ : * * * * * (ਵਿਘਨ)

*Expunged as ordered by the Chair.

Original with;
Punjab Vidhan Sabha
Digitized by;
Panjab Digital Library

Voices : This is wrong, Sir. This is wrong, Sir.

Mr. Speaker : This is no point of order. *(Interruption)*

ਕੈਪਟਨ ਰਤਨ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਕੰਸਟੀਚਿਊਸ਼ਨਲੀ ਇਹ ਗਲ ਦਰੁਸਤ ਹੈ ਕਿ ਅਸੀਂ ਮਾਈਨਾਰਿਟੀ ਕਮਿਊਨਿਟੀ ਦੀ ਐਜੂਕੇਸ਼ਨਲ ਇਨਸਟੀਚਿਊਸ਼ਨ ਟੇਕ ਓਵਰ ਨਹੀਂ ਕਰ ਸਕਦੇ ਲੇਕਿਨ ਇਹ ਗਲ ਦਰੁਸਤ ਨਹੀਂ ਕਿ ਮੈਨੇਜਮੈਂਟ ਕਮੇਟੀ ਦੇਣਾ ਨਹੀਂ ਸੀ ਚਾਹੁੰਦੀ । ਮੈਨੇਜਿੰਗ ਕਮੇਟੀ ਨੇ ਲਿਖ ਕੇ ਦਿਤਾ ਸੀ ।

ਸ਼੍ਰੀ ਸਪੀਕਰ : ਕੈਪਟਨ ਸਾਹਿਬ ਮੈਨੂੰ ਵੀ ਪਤਾ ਹੈ ਕਿ ਆਰੀਆ ਪ੍ਰਤੀਨਿਧੀ ਸਭਾ ਨੇ ਜਵਾਬ ਦੇ ਦਿਤਾ ਸੀ ਇਸ ਕਰਕੇ ਮਾਮਲਾ ਵਿਗੜ ਗਿਆ ਸੀ । (Captain Sahib, I know the position changed for the worse due to Arya Pratinidhi Sabha's refusal.)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਮੈਨੇਜਮੈਂਟ ਨੂੰ ਲੈਣ ਲਈ ਪਾਵਰਜ਼ ਹਨ । (ਵਿਘਨ)

Mr. Speaker : Captain Sahib, please resume your seat.

ਸਿਖਿਆ ਮੰਤਰੀ : ਸਪੀਕਰ ਸਾਹਿਬ, ਇਹ ਪਰ੍ਹੇਡ (persuade) ਕਰ ਲੈਣ ਅਸੀਂ ਤਾਂ ਕਰਨ ਨੂੰ ਤਿਆਰ ਹਾਂ । (ਵਿਘਨ)

ਸਰਦਾਰ ਬਲਵਿੰਦਰ ਸਿੰਘ ਭੁੰਦੜ : ਸਪੀਕਰ ਸਾਹਿਬ, ਮੇਰੀ ਇਕ ਕਾਲ ਅਟੈਨਸ਼ਨ ਮੋਸ਼ਨ ਨੰ: 40 ਹੈ ਅਤੇ ਇਸ ਦੇ ਬਾਰੇ ਮੈਂ ਸਵਾਲ ਪੁੱਛਣਾ ਚਾਹੁੰਦਾ ਹਾਂ । ਇਨ੍ਹਾਂ ਦੇ ਵਿਚ ਤਿੰਨ ਪੁਆਇੰਟਸ ਦਿਤੇ ਹਨ । ਜੋ ਮੈਂ ਕਾਲ ਅਟੈਨਸ਼ਨ ਮੋਸ਼ਨ ਲਿਖਕੇ ਦਿਤੀ ਸੀ ਉਸ ਦੇ ਜਵਾਬ ਵਿਚ ਇਨ੍ਹਾਂ ਨੇ ਕਿਹਾ ਹੈ ਕਿ ਮਿਊਂਸਪਲ ਕਮਿਸ਼ਨਰਾਂ ਅਤੇ ਰਾਜਨੀਤਕ ਲੀਡਰਾਂ ਦੀ ਮੀਟਿੰਗ ਬੁਲਾਈ ਸੀ ਅਤੇ ਇੰਨਕਰੋਚਮੈਂਟ ਹਟਾਈ ਹੈ । ਸਪੀਕਰ ਸਾਹਿਬ, ਇਹ ਬਿਲਕੁਲ ਗਲਤ ਹੈ । ਜਿਹੜੇ ਗਰੀਬ ਕਿਰਾਏਦਾਰ ਸਨ ਕੁਝ ਸਰਮਾਏਦਾਰਾਂ ਨੇ ਡੀ. ਸੀ. ਨੂੰ ਕਹਿ ਕੇ ਇਹ ਕਰਵਾਇਆ ਹੈ । ਮੈਂ ਇਕ ਤਾਂ ਇਹ ਪੁਛਣਾ ਚਾਹੁੰਦਾ ਹਾਂ ਕਿ ਸਰਮਾਏਦਾਰਾਂ ਦੇ ਆਖੇ ਲਗ ਕੇ ਗਰੀਬਾਂ ਨੂੰ ਕਿਉਂ ਉਜਾੜਿਆ ਗਿਆ ?

ਅਗੇ ਇਸ ਦੇ ਵਿਚ ਚਲਿਆ ਹੈ ਕਿ 40,000 ਬੈਂਤੀ ਸੀਮੈਂਟ ਦੀ ਆਉਣ ਵਾਲੀ ਸੀ ਪਰ ਬਦਕਿਸਮਤੀ ਨਾਲ ਸੀਮੈਂਟ ਨਹੀਂ ਪਹੁੰਚਿਆ । ਸਪੀਕਰ ਸਾਹਿਬ, ਤੁਸੀਂ ਸੁਣਿਆ ਹੋਣਾ ਹੈ ਕਿ ਮਾਨਸਾ ਵਿਚ 95 ਰੁਪਏ ਬੋਰੀ ਸੀਮੈਂਟ ਦੀ ਵਿਕੀ ਹੈ ਪਰ ਇਸ ਤੇ ਕੋਈ ਗੌਰ ਨਹੀਂ ਕੀਤਾ ਗਿਆ ? ਇਕ ਤਾਂ ਇਸ ਦੇ ਬਾਰੇ ਦੱਸਣ ।

ਤੀਸਰਾ ਇਨ੍ਹਾਂ ਨੇ ਕਿਹਾ ਹੈ ਕਿ ਮਿਊਂਸਪਲ ਕਮੇਟੀ ਦੀ ਰਾਏ ਨਾਲ ਇਨ੍ਹਾਂ ਲੋਕਾਂ ਨੂੰ ਮੁੜ ਵਸਾਉਣ ਲਈ ਕੋਸ਼ਿਸ਼ ਕਰਾਂਗੇ । ਸਪੀਕਰ ਸਾਹਿਬ, ਇਕ ਮਹੀਨੇ ਦੀ ਗਲ ਹੋ ਗਈ ਹੈ ਅੱਤ ਬਰਸਾਤ ਦਾ ਮੌਸਮ ਹੈ ਤੇ ਕਿਰਾਏਦਾਰਾਂ ਨੂੰ ਉਜਾੜਿਆ ਗਿਆ ਹੈ ਪਰ ਹਾਲੀਂ ਇਹ ਕਹਿੰਦੇ ਹਨ ਕਿ ਰਾਏ ਲੈ ਕੇ ਵਸਾਉਣ ਦੇ ਯਤਨ ਕੀਤੇ ਜਾਣਗੇ । ਜਿਹੜੇ ਲੋਕੀ ਛੱਤ ਦੇ ਥਲੇ ਰਹਿ ਰਹੇ ਹਨ ਇਨ੍ਹਾਂ ਦੇ ਵਾਰੇ ਸਤਕਾਰ ਜਨਕ ਦਿਖਾਵੇ ਕਿ ਉਨ੍ਹਾਂ ਨੂੰ ਜਲਦੀ ਵਸਾਏ ਜਾਣਗੇ ।

Original with;
Punjab Vidhan Sabha
Digitized by;
Panjab Digital Library

ਵਿੱਤ ਮੰਤਰੀ (ਸ਼੍ਰੀ ਹੰਸ ਰਾਜ ਸ਼ਰਮਾ) : ਸਪੀਕਰ ਸਾਹਿਬ, ਜਵਾਬ ਜੋ ਦਿਤਾ ਗਿਆ ਹੈ ਉਹ ਬੜਾ ਕਲੀਅਰ ਹੈ । ਐਨਕਰੋਚਮੈਂਟ ਹਟਾਈ ਹੈ ਅੱਰ ਸਾਰਿਆਂ ਦੀ ਸਲਾਹ ਨਾਲ ਹਟਾਈ ਹੈ । ਮਿਉਂਸਪਲ ਕਮੇਟੀ ਨੂੰ ਆਸੀਂ ਕਿਹਾ ਹੈ ਕਿ ਇਨ੍ਹਾਂ ਵਾਸਤੇ ਇਮੀਜੀਏਟਲੀ ਆਲਟਰਨੈਇਵ ਜਗ੍ਹਾ ਦੇ ਕੇ ਇਨ੍ਹਾਂ ਲੋਕਾਂ ਨੂੰ ਵਸਾਇਆ ਜਾਵੇ ।

ਕਾਮਰੇਡ ਸੱਤ ਪਾਲ ਡਾਂਗ : ਮੇਰੀ ਇਕ ਕਾਲ ਅਟੈਨਸ਼ਨ ਮੋਸ਼ਨ ਨੰਬਰ 53 ਹੈ ਇਸ ਦੇ ਬਾਰੇ ਮੈਂ ਸਪੀਕਰ ਸਾਹਿਬ, ਸਵਾਲ ਪੁਛਣਾ ਚਾਹੁੰਦਾ ਹਾਂ । ਕਾਲ ਅਟੈਨਸ਼ਨ ਇਹ ਸੀ ਕਿ ਬੜੇ ਵਡੇ ਪੈਮਾਨੇ ਤੇ ਅਡੱਲਟਰੇਸ਼ਨ ਵਡੇ ਮੈਨੂਫੈਕਚਰਰ ਤੇ ਥੋਕ ਵਾਲੇ ਕਰਦੇ ਹਨ ਤੇ ਹੈਰਾਸਮੈਂਟ ਛੋਟੇ ਛੋਟੇ ਦੁਕਾਨਦਾਰਾਂ ਨੂੰ ਸੈਂਪਲ ਭਰ ਕੇ ਕੀਤੀ ਜਾਂਦੀ ਹੈ । ਇਨ੍ਹਾਂ ਨੇ ਦਸਿਆ ਹੈ ਕਿ ਸਾਰਿਆਂ ਦੇ ਅਰਥਾਤ ਵਡਿਆਂ ਤੇ ਛੋਟਿਆਂ ਦੋਨਾਂ ਦੇ ਸੈਂਪਲ ਲਏ ਜਾਂਦੇ ਹਨ । ਮੇਰਾ ਸਵਾਲ ਇਹ ਹੈ ਕਿ ਕੀ ਇਹ ਸਰਕਾਰ ਇਸ ਗਲ ਦਾ ਅਹਿਸਾਸ ਕਰਦੀ ਹੈ ਕਿ ਇਹ ਜਿਹੜੀ ਬੜੀ ਵਡੀ ਈਵਲ ਹੈ ਇਹ ਕਰਬ ਹੋਣੀ ਚਾਹੀਦੀ ਹੈ । ਜੇ ਇਹ ਗਲ ਠੀਕ ਹੈ ਤਾਂ ਕੀ ਸਰਕਾਰ ਛੋਟੇ ਪਰਚੂਨ ਵਾਲੇ ਦੁਕਾਨਦਾਰਾਂ ਨੂੰ, ਜਿਹੜੇ ਕਿ 2 ਦਿਨ ਦੀ ਹੜਤਾਲ ਪੰਜਾਬ ਵਿਚ ਕਰਨ ਵਾਲੇ ਹਨ, ਉਨ੍ਹਾਂ ਦੇ ਨੁਮਾਇੰਦਿਆਂ ਨੂੰ ਸੱਦ ਕੇ ਅਤੇ ਉਨ੍ਹਾਂ ਨਾਲ ਗੱਲ ਬਾਤ ਕਹਰੇ ਉਨ੍ਹਾਂ ਦੀ ਮਦਦ ਨਾਲ ਵਡਿਆਂ ਨੂੰ ਫੜਨਗੇ ਜਿਹੜੇ ਰੀਅਲ ਸੈਂਸ ਵਿਚ ਅਡੱਲਟਰੇਸ਼ਨ ਕਹਦੇ ਹਨ ?

ਰਾਜ ਮੰਤਰੀ, ਸਿਹਤ ਅਤੇ ਸੰਤਾਨ ਸੰਜਮ (ਸਰਦਾਰ ਬਲਬੀਰ ਸਿੰਘ) : ਸਪੀਕਰ ਸਾਹਿਬ, ਅੱਜ ਹੀ ਜਵਾਬ ਲੈ ਲੀਤਾ ਹੈ, ਕੀ ਅੱਜ ਹੀ ਜਵਾਬ ਦਿਤਾ ਜਾ ਸਕਦਾ ਹੈ ? (ਵਿਘਨ)

ਜਿਹੜਾ ਡਾਂਗ ਸਾਹਿਬ ਨੂੰ ਜਵਾਬ ਦਿਤਾ ਹੈ ਉਸ ਦੇ ਵਿਚ ਇਨ੍ਹਾਂ ਨੂੰ ਕਲੀਅਰ ਦਸਿਆ ਹੈ ਕਿ ਜੁਲਾਈ, 1974 ਵਿਚ 451 ਸੈਂਪਲ ਲਏ ਗਏ ਸਨ ਜਿਸ ਦੇ ਵਿਚੋਂ 116 ਸੈਂਪਲ ਉਤਪਾਦਕਾਂ ਅਤੇ ਡਿਸਟਰੀਬਿਊਟਰਾਂ ਤੋਂ ਲਏ ਹਨ ਅਤੇ ਪਿਛਲੇ ਕੁਝ ਮਹੀਨਿਆਂ ਵਿਚ ਪੰਜਾਬ ਵਿਚ ਬਨਸਪਤੀ ਦੇ ਉਤਪਾਦਕਾਂ ਵਿਰੁਧ ਕਚਹਿਰੀ ਵਿਚ 7 ਮੁਕੱਦਮੇ ਦਾਇਰ ਕੀਤੇ ਗਏ ਹਨ । ਸਰਕਾਰ ਦੀ ਕਦੀ ਮਨਸ਼ਾ ਨਹੀਂ ਕਿ ਛੋਟੇ ਦੁਕਾਨਦਾਰਾਂ ਨੂੰ ਤੰਗ ਕੀਤਾ ਜਾਵੇ । ਮੈਂ ਹਦਾਇਤਾਂ ਵੀ ਆਹੀਂ ਜਾਹੀ ਕਰ ਦਿਤੀਆਂ ਹਨ ਕਿ ਮੈਨੂਫੈਕਚਰਰਜ਼ ਦਾ ਮਹੀਨੇ ਵਿਚ ਇਕ ਵਾਹੀ ਜ਼ਰੂਰ ਸੈਂਪਲ ਭਰਿਆ ਜਾਵੇ । (ਬੰਪਿੰਗ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ । ਮੈਂ ਇਹ ਪੁਛਿਆ ਹੈ ਕਿ ਕੀ ਛੋਟੇ ਦਕਾਨਦਾਰਾਂ ਦੇ ਨੁਮਾਇੰਦਿਆਂ ਨੂੰ ਬੁਲਾ ਕੇ ਉਨ੍ਹਾਂ ਨਾਲ ਗਲ ਬਾਤ ਕਹਰੇ ਉਨ੍ਹਾਂ ਦੀ ਮਦਦ ਨਾਲ ਵਡਿਆਂ ਨੂੰ ਫੜਨਗੇ ਜਿਹੜੇ ਅਸਲ ਵਿਚ ਅਡੱਲਟਰੇਸ਼ਨ ਕਹਦੇ ਹਨ ? (ਵਿਘਨ) ਕੀ ਸਪੀਕਰ ਸਾਹਿਬ, ਇਨ੍ਹਾਂ ਦੀ ਮਰਜ਼ੀ ਹੁੰਦੀ ਹੈ ਕਿ ਸਵਾਲ ਕੁਝ ਹੋਵੇ ਔਰ ਜਵਾਬ ਇਹ ਕੁਝ ਦੇਣ ?

ਮੇਰੀ ਇਕ ਕਾਲ ਅਟੈਨਸ਼ਨ ਮੋਸ਼ਨ ਨੰਬਰ 24 ਹੈ ਉਸ ਦੇ ਬਾਰੇ ਮੇਰਾ ਸਵਾਲ ਇਹ ਹੈ ਕਿ ਕੀ ਇਹ ਗਲ ਠੀਕ ਹੈ ਕਿ ਬੜੇ ਵਡੇ ਪੈਮਾਨੇ ਦੇ ਉਤੇ ਇਕ ਪੱਪਟ ਯੂਨੀਅਨ ਦੇ ਕਹਿਣ ਤੇ ਟਰਾਂਸਫਰਾਂ ਕੀਤੀਆਂ ਗਈਆਂ ? ਆਪਣੀ ਪੱਪਟ ਯੂਨੀਅਨ ਨੂੰ ਮਜ਼ਬੂਤ ਕਰਨ ਲਈ ਅਤੇ ਜਿਹੜੀ ਨੈਨੂਅਨ ਯੂਨੀਅਨ ਹੈ ਉਸ ਨੂੰ ਕਮਜ਼ੋਰ ਕਰਨ ਲਈ ਇਹ ਟਰਾਂਸਫਰਾਂ ਕੀਤੀਆਂ ਗਈਆਂ ?

Original with;
Punjab Vidhan Sabha
Digitized by;
Panjab Digital Library

ਮਾਲ ਅਤੇ ਚੋਣ ਮੰਤਰੀ (ਸਰਦਾਰ ਉਮਰਾਓ ਸਿੰਘ) : ਨਹੀਂ ਜੀ, ਇਹ ਗਲ ਗਲਤ ਹੈ । ਜਿੰਨੀਆਂ ਵੀ ਟਰਾਂਸਫਰਜ਼ ਕੀਤੀਆਂ ਹਨ ਐਡਮਿਨਿਸਟਰੇਟਿਵ ਨੁਕਤਾ ਨਿਗਾਹ ਨਾਲ ਕੀਤੀਆਂ ਗਈਆਂ ਹਨ ।

ਡਾਕਟਰ ਬਲਦੇਵ ਪ੍ਰਕਾਸ਼ : ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਮੋਸ਼ਨ ਨੰ: 46 ਹੈ, ਇਸ ਦੇ ਬਾਰੇ ਮੈਂ ਸਵਾਲ ਕਰਨਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਇਨ੍ਹਾਂ ਨੇ ਜਵਾਬ ਦਿਤਾ ਹੈ ਕਿ ਇਨਵੈਸਟੀਗੇਸ਼ਨ ਪ੍ਰੋਗਰਾਮਾਂ ਲਈ ਕੇਂਦਰੀ ਸਰਕਾਰ ਤੋਂ ਕਈ ਸਾਲਾਂ ਤੋਂ ਮਦਦ ਮਿਲਦੀ ਚਲੀ ਆ ਰਹੀ ਹੈ । 1974-75 ਲਈ ਇਹ ਗਰਾਂਟ ਮਿਲਣੀ ਬੰਦ ਹੋ ਗਈ ਹੈ ਇਸ ਕਰਕੇ ਪਲਾਨ ਵਿਚ ਅਤੇ ਬਜਟ ਵਿਚ ਇਨਵੈਸਟੀਗੇਸ਼ਨ ਸਰਕਲ ਲਈ ਪੈਸੇ ਦਾ ਕੋਈ ਉਪਬੰਧ ਨਹੀਂ ਕੀਤਾ ਗਿਆ । ਸਰਕਾਰ ਦੀ ਸਪੀਕਰ ਸਾਹਿਬ, ਇਹ ਤਾਂ ਲਾਪ੍ਰਵਾਹੀ ਹੈ ਕਿ ਇਹ ਗਰਾਂਟ ਬੰਦ ਹੋ ਗਈ । 6 ਮਹੀਨੇ ਦਾ ਅਰਸਾ ਹੋ ਗਿਆ ਹੈ ਅਤੇ ਇਸ ਦੇ ਲਈ ਕੋਈ ਪ੍ਰਬੰਧ ਨਹੀਂ ਕੀਤ ਗਿਆ । ਛੇ ਮਹੀਨੇ ਇਸ ਤਰ੍ਹਾਂ ਗਰੀਬ ਆਦਮੀਆਂ ਵਾਸਤੇ ਤਨਖਾਹ ਤੋਂ ਬਿਨਾਂ ਗੁਜ਼ਾਰਾ ਕਰਨਾ ਬੜਾ ਮੁਸ਼ਕਲ ਹੈ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਚੁਣ ਕਿੰਨਾ ਵਕਤ ਹੋਰ ਲਗੇਗਾ ਉਨ੍ਹਾਂ ਨੂੰ ਤਨਖਾਹਾਂ ਦੇਣ ਵਿਚ ?

ਰਾਜ ਮੰਤਰੀ, ਸਿੰਚਾਈ ਅਤੇ ਬਿਜਲੀ (ਸਰਦਾਰ ਗੁਰਬਖਸ਼ ਸਿੰਘ ਸਿਬੀਆ) : ਸਪੀਕਰ ਸਾਹਿਬ, ਇਸ ਗਲ ਦੇ ਬਾਰੇ ਫੈਸਲਾ ਹੋ ਗਿਆ ਹੈ ਅਤੇ ਫਾਇਨਾਂਸ ਮਨਿਸਟਰ ਸਾਹਿਬ ਨਾਲ ਗਲ ਬਾਤ ਕਰਕੇ ਜਲਦੀ ਪੇਮੈਂਟ ਕਰ ਦਿਆਂਗੇ ।

ਗਿਆਨੀ ਕੁੰਦਨ ਸਿੰਘ ਪਤੰਗ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਹ ਜਿਹੜੀ ਸਭਾ ਹੈ ਇਹ ਵਡੇ ਸਿਆਣਿਆਂ ਅਤੇ ਕਾਨੂੰਨ ਘੜਨ ਵਾਲਿਆਂ ਦੀ ਸਭਾ ਹੈ । ਇਥੇ ਸਿਖਿਆ ਮੰਤਰੀ ਸਾਹਿਬ ਬੋਲ ਰਹੇ ਸਨ ਅਤੇ ਉਨ੍ਹਾਂ ਨੇ ਕਿਹਾ ਕਿ "ਦਰਜਾ ਹੋਸ਼ਿਆ ਹੈ ।" ਮੈਂ ਕਹਿੰਦਾ ਹਾਂ ਕਿ "ਚਰਜਾ" ਸ਼ਬਦ ਜਿਹੜਾ ਹੈ ਇਹ ਇਸਤ੍ਰੀ ਲਿੰਗ ਹੈ, ਪੁਲਿੰਗ ਨਹੀਂ । ਇਨ੍ਹਾਂ ਨੂੰ ਕਹਿਣਾ ਚਾਹੀਦਾ ਸੀ ਕਿ "ਚਰਜਾ ਹੋਈ ਹੈ ।"

ਵਿਦਿਆ ਮੰਤਰੀ : ਮੈਂ ਇਨ੍ਹਾਂ ਦੇ ਨਾਲ ਸਹਿਮਤ ਹਾਂ ਜੀ ।

PRESENTATION OF FIRST REPORT OF THE COMMITTEE ON WELFARE OF SCHEDULED CASTES AND SCHEDULED TRIBES

Chairman, Committee on Welfare of Scheduled Castes and Scheduled Tribes (Sardar Harchand Singh) : Sir, I beg to present the *First Report of the Committee on Welfare of Scheduled Castes and Scheduled Tribes on the Educational Development amongst Scheduled Castes and Scheduled Tribes and disbursement system and rates of stipends to the students belonging to these communities.

Sir, It has not been possible to get copies of the Report printed for want of time. I have presented a typed copy of the Report and printed copies thereof will be distributed amongst the hon. Members as soon as it is printed.

*Placed in the Library.

Original with;
Punjab Vidhan Sabha
Digitized by;
Panjab Digital Library

APPOINTMENT OF A MEMBER IN THE VACANCY CAUSED IN THE COMMITTEE ON WELFARE OF SCHEDULED CASTES AND SCHEDULED TRIBES BY THE DEATH OF SARDAR SATPAL SINGH RANDHAWA

Revenue and Election Minister (Sardar Umrao Singh) : Sir, I beg to move—

That in the vacancy caused in the Committee on Welfare of Scheduled Castes and Scheduled Tribes by the death of Sardar Satpal Singh Randhawa, this House appoints Sardar Beant Singh, M.L.A. to serve on the said Committee in his place.

Mr. Speaker : Motion moved—

That in the vacancy caused in the Committee on Welfare of Scheduled Castes and Scheduled Tribes by the death of Sardar Satpal Singh Randhawa, this House appoints Sardar Beant Singh, M. L. A. to serve on the said Committee in his place.

Mr. Speaker : Question is—

That in the vacancy caused in the Committee on Welfare of Scheduled Castes and Scheduled Tribes by the death of Sardar Satpal Singh Randhawa, this House appoints Sardar Beant Singh, M.L.A. to serve on the said Committee in his place.

The motion was carried.

ਸਰਦਾਰ ਪ੍ਰੇਮ ਸਿੰਘ ਪ੍ਰੇਮ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜੋ ਮੋਸ਼ਨ ਸਤਿਕਾਰ ਉਮਰਾਓ ਸਿੰਘ ਜੀ ਨੇ ਪੇਸ਼ ਕੀਤੀ ਹੈ, ਹਾਊਸ ਨੇ ਪ੍ਰਵਾਨ ਕਰ ਲਈ ਹੈ, ਮੈਨੂੰ ਇਸ ਦੇ ਨਾਲ ਪੂਰੀ ਸਹਿਮਤੀ ਵੀ ਹੈ ਕੋਈ ਐਸੀ ਗਲ ਨਹੀਂ, ਲੇਕਿਨ ਇਸ ਹਾਊਸ ਦੀਆਂ ਜੋ ਕਨਵੈਨਸ਼ਨਜ਼ ਅਤੇ ਰੂਲਜ਼ ਵਗੈਰਾ ਹਨ ਉਨ੍ਹਾਂ ਨੂੰ ਵੇਖਣਾ ਚਾਹੀਦਾ ਹੈ। ਅੱਜ ਫਾਰ ਐਜ਼ ਆਈ ਫੀਲ ਇਹ ਹਾਊਸ ਦੀ ਇਲੈਕਟਿਡ ਕਮੇਟੀ ਹੈ ਇਸ ਲਈ ਜਿਹੜਾ ਇਲੈਕਸ਼ਨ ਦਾ ਪ੍ਰੋਸੀਜ਼ਰ ਹੈ ਉਹ ਡਿਫਰੈਂਟ ਹੈ। (ਵਿਘਨ)

ਸ਼੍ਰੀ ਸਪੀਕਰ : ਇਹ ਕਮੇਟੀ ਇਲੈਕਟਿਡ ਨਹੀਂ, ਨਾਮਿਨੇਟਿਡ ਹੈ। (This is not an elected Committee but a nominated one.)

Sardar Prem Singh Prem : Sir, it was elected by the House.

Mr. Speaker : The hon. Member has got wrong impression. It was appointed by the House.

HOMAGE TO SHAHEED SARDAR UDHAM SINGH

Sardar Darbara Singh (Nakodar) : Sir, I beg to move—

That this House expresses its sense of profound pride on the martyrdom of Shaheed Udham Singh.....

Original with;
Punjab Vidhan Sabha
Digitized by;
Panjab Digital Library

ਸਰਦਾਰ ਕਰਨੈਲ ਸਿੰਘ ਮਰੜ੍ਹੀ : ਸਪੀਕਰ ਸਾਹਿਬ, ਮਾਨ ਦੀ ਪ੍ਰਮਾਇੰਟ ਆਫ ਆਰਡਰ, ਸਰ ।

ਸ਼੍ਰੀ ਸਪੀਕਰ : ਮਰੜ੍ਹੀ ਸਾਹਿਬ, ਤੁਸੀਂ ਤਸ਼ਰੀਫ ਰਖੋ, ਇਹ ਬੜਾ ਸੀਰੀਅਸ ਮੈਟਰ ਹੈ । ਰੈਜ਼ੋਲਿਊਸ਼ਨ ਮੂਵ ਕੀਤਾ ਜਾ ਰਿਹਾ ਹੈ .. (ਵਿਘਨ) (Mr. Marhari, please resume your seat. There is a serious matter before the House. The resolution is being moved.)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਸਪੀਕਰ ਸਾਹਿਬ, ਮੇਰਾ ਬੜਾ ਸਬੰਧਤ ਪ੍ਰਮਾਇੰਟ ਆਫ ਆਰਡਰ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਕ ਪੰਜਾਬ ਦੇ ਨੌਜਵਾਨ ਨੇ ਇਕ ਬੜੀ ਵੱਡੀ ਕੁਰਬਾਨੀ ਕੀਤੀ ਹੋਵੇ ਅਤੇ ਉਸ ਦੇ ਲਈ ਜੋ ਰੈਜ਼ੋਲਿਊਸ਼ਨ ਹੈ ਉਹ ਅੰਗਰੇਜ਼ੀ ਵਿਚ ਪੜ੍ਹਿਆ ਜਾ ਰਿਹਾ ਹੈ ਅਤੇ ਪੰਜਾਬ ਦੀ ਜਿਹੜੀ ਜਨਤਾ ਅੰਗਰੇਜ਼ੀ ਨਹੀਂ ਜਾਣਦੀ ਉਸ ਦੇ ਨਾਲ ਇਹ ਅਨਿਆ ਹੈ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਮਰੜੀ ਸਾਹਿਬ ਦੀ ਗਲ ਬਿਲਕੁਲ ਠੀਕ ਹੈ ਸਰਦਾਰ ਦਰਬਾਰਾ ਸਿੰਘ ਜੀ ਪੰਜਾਬੀ ਜਾਣਦੇ ਹਨ ਉਹ ਪੰਜਾਬੀ ਵਿਚ ਪੜ੍ਹ ਦੇਣ ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਜਜ਼ਬਾਤ ਦੀ ਕਦਰ ਕਰਦਾ ਹਾਂ । ਮੈਂ ਇਸ ਦੇ ਬਾਅਦ ਪੰਜਾਬੀ ਵਿਚ ਇਸ ਦਾ ਉਲਥਾ ਕਰ ਦਿਆਂਗਾ ।

Sardar Darbara Singh (Nakodar) : Sir, I beg to move—

"That this House expresses its sense of profound pride on the martyrdom of Shaheed Udham Singh, who laid down his life on the altar of Motherland, to whom we owe a debt of gratitude for his outstanding role in the liberation of the country. The flame of liberty lit within him by the ghastly event of the bloody massacre at Jallianwalla Bagh was nourished by him for over a quarter of a century, which vindicated the self-respect and honour of the nation. His martyrdom greatly inspired our people and shall be source of inspiration for the coming generations.

The House expresses its deep gratitude to the Government of India, and the Punjab Government, who managed to secure the remains of Shaheed Udham Singh from England.

Hence, the House pays a befitting Tribute to the great martyr and symbol of liberty, Shaheed Udham Singh on this occasion."

ਸਪੀਕਰ ਸਾਹਿਬ, ਅੱਜ ਇਹ ਹਾਊਸ ਬਹੁਤ ਹੀ ਮਾਣ ਮਹਿਸੂਸ ਕਰਦਾ ਹੈ ਉਸ ਮਹਾਨ ਸ਼ਹੀਦ ਨੂੰ ਆਪਣੀ ਸ਼ਰਧਾਂਜਲੀ ਆਪਣੀ ਸ਼ਰਧਾ ਭੇਂਟ ਕਰਦਾ ਹੋਇਆ । ਉਸ ਸ਼ਹੀਦ ਨੇ ਇਸ ਦੇਸ਼ ਅੰਦਰ ਖਾਸ ਤੌਰ ਤੇ ਪੰਜਾਬੀਆਂ ਦੀ ਅਣਖ ਨੂੰ ਹਮੇਸ਼ਾਂ ਹਮੇਸ਼ਾਂ ਲਈ ਜ਼ਿੰਦਾ-ਜਾਵੇਦ ਕੀਤਾ ਹੈ । ਉਸ ਸ਼ਹੀਦ ਨੇ ਜਿਹੜੀਆਂ ਜਿਹੜੀਆਂ ਔਕੜਾਂ ਵਿਚ ਇਹ ਮਹਾਨ ਕਾਰਨਾਮਾ ਕੀਤਾ ਹੈ ਉਸ ਤੋਂ ਇਸ ਵੇਲੇ ਸਾਰੇ ਪੰਜਾਬੀ ਭਲੀ ਪ੍ਰਕਾਰ ਜਾਣੂ ਹਨ । ਉਨ੍ਹਾਂ ਦੀ ਛੋਟੀ ਉਮਰ ਵਿਚ ਉਨ੍ਹਾਂ ਦੇ ਸਿਰ ਤੋਂ ਉਨ੍ਹਾਂ ਦੇ ਮਾਪਿਆਂ ਦਾ ਸਾਇਆ ਉਠ ਗਿਆ ।

Original with;
Punjab Vidhan Sabha
Digitized by;
Panjab Digital Library

श्री स्पीकर : हाउस ने इस के लिए इक घंटे का समां रखिआ है, इस लई कोई वी आनरेबल मैंबर 10 मिंटां तों वध ना लवे । (One hour has been fixed for this issue. Therefore, no hon. Member may take more than 10 minutes while speaking on the issue.)

सरदार दरबारा सिंघ : सपीकर साहिब, मैं अरज़ कर रिहा सी कि बड़ी छोटी उमर विच उस महान शहीद दे सिर तों माप्रिआं दा साइआ उठ गिआ सी अते उस ने यतीमखाने विच तालीम हासल कीती अंर उस नौजवान ने आपणी अखीं वेखिआ उह ज़ुलम, उह जलिआं वाले बाग दा वाकिआ जिस दे विच निहत्थे लोकां नूं जिहड़े पुरअमन ढंग दे नाल, बड़ी शांती दे नाल, बड़े कानूंनी ढंग दे नाल इकट्ठे हो के जलिआं वाले बाग विच आपणी हत्थी मंगां दा इज़हार कर रहे सन पर सपीकर साहिब, जनरल डाइर ने पंजाब दे उस वेले दे गवरनर अडवाइर दे हुकम अनुसार उन्हां निहत्थे लोकां नूं आपणीआं गोलीआं नाल भुंनिआ । इस गल लई भुंनिआ कि आज़ादी जिहड़ी कि लोकां दा जमांदरू हक है, उस दे लई लोक आपणी अवाज़ ना चुकण, इकट्ठे हो के इस दी मंग ना कर सकण । इस शहीद ने इक इक थां जा के आपणी ज़िंदगी विच मुसीबतां दा अेकड़ां दा मुकाबला कीता । बड़ीआं मुशकलां दे विच पै के उह अमरीका अते होर दूसरे देशां विच आपणे लई पूरे साधन प्राप्त करन लई उदराले करदा रिहा । मुड़ के दिथे आइआ तां कि होर देश भगत वी उन्हां दे नाल रल के इस प्रतिगिआ नूं पूरा करन ।

5.00 शाम

(इस समें पैनल आफ चेअरमैन दे मैंबर कैपटन रतन सिंघ ने प्रधानगी दी कुरसी संभाली)

जो अंगरेज़ां ने जिहड़ा निहत्थे लोकां ते ज़ुलम कीता सी उसदा बदला लिआ जावे ताकि साडा सिर उचा हो सके । इस प्रतिगिआ दी पूरती लई 21 साल लगातार शहीद ऊधम सिंघ ने उस अनख दी जोत नूं जिहड़ी अज़ादी दी जवाला दे शोले विच सी, उसनूं आपणे विच पाइआ अते उस मकसद दी प्राप्ती लई जदों जहिद कीती । उह मौका उस महान शहीद नूं बड़ी मुशकल नाल 13 मारच, 1940 नूं 21 साल बाद मिलिआ जदों सैंटरल एशीआ कलचरल अैसोसीएशन वलों कोई फंकशन कैंसटन हाल विच हो रिहा सी अते अफगानिसतान बारे कोई विचार वटांदरा हो रिहा सी । पंजाब दा साबका गवरनर अडवाइर ने इक तकरीर विच दसिआ कि किस तरां उस ने हिंदुसतान दी आज़ादी दी मूवमैंट नूं दबाउण लई जनरल डाइर नूं हुकम दिता कि उन्हां दीआं ज़बानां खिच लईआं जाण जिहड़े कि आज़ादी दी मंग करदे हन अते जिन्हां दिआं दिलां विच आज़ादी दे खिआलात मचलदे सन उन्हां दे सीने विच गोलीआं परो दित्तीआं जाण । जदों उह इह तकरीर कर रिहा सी उस वेले शहीद ऊधम सिंघ ने उसनूं आपणी गोली दा

Original with;
Punjab Vidhan Sabha
Digitized by;
Panjab Digital Library

ਨਿਸ਼ਾਨਾ ਬਣਾਇਆ ਅਤੇ ਜਿਹੜਾ ਜ਼ਾਲਮ ਲੋਕਾਂ ਦੀਆਂ ਜਾਇਜ਼ ਮੰਗ ਨੂੰ ਦਬਾਉਣ ਲਈ ਜ਼ੁਲਮ ਕਰਦਾ ਰਿਹਾ ਸੀ ਉਸਤੋਂ ਬਦਲਾ ਲੈਣ ਦੀ ਪ੍ਰਤਿਗਿਆ ਨੂੰ ਪੂਰਾ ਕੀਤਾ। ਉਸਨੇ ਉਥੋਂ ਭੱਜਣ ਦੀ ਕੋਸ਼ਿਸ਼ ਨਹੀਂ ਕੀਤੀ। ਉਸਦੀ ਪਿਸਤੌਲ ਵਿਚ ਅਜੇ ਹੋਰ ਗੋਲੀਆਂ ਸਨ ਜਿਹੜੀਆਂ ਕਿ ਉਸ ਨੂੰ ਬਚਾ ਸਕਦੀਆਂ ਸਨ। ਉਹ ਹੜਬੜੀ ਵਿਚ ਇਹ ਮਹਾਨ ਸ਼ਹੀਦ ਭੱਜ ਕੇ ਜਾਨ ਬਚਾ ਸਕਦਾ ਸੀ। ਪਰ ਕਿਉਂਕਿ ਉਹ ਇਕ ਮਿਸ਼ਨ ਲੈ ਗਿਆ ਸੀ, ਇਕ ਮਿਸ਼ਨ ਲੈ ਗਿਆ ਸੀ ਅਤੇ ਇਸ ਤਰ੍ਹਾਂ ਉਸਨੇ ਆਪਣੀ ਜ਼ਿੰਦਗੀ ਨੂੰ ਉਚਾ ਚੁਕਣ ਲਈ ਅਤੇ ਇਹ ਗਲ ਉਜਾਗਰ ਕਰਨ ਲਈ ਕਿ ਜਿਹੜੇ ਲੋਕ ਨਿਹੱਥਿਆਂ ਤੇ ਜ਼ੁਲਮ ਕਰਦੇ ਹਨ ਉਨ੍ਹਾਂ ਦਾ ਬਦਲਾ ਲੈਣ ਲਈ ਹਿੰਦੁਸਤਾਨੀ ਹਰ ਵਕਤ ਤਿਆਰ ਹਨ। ਉਨ੍ਹਾਂ ਨੇ ਲੋਕਾਂ ਨੂੰ ਕਿਹਾ ਕਿ ਤੁਸੀਂ ਭੱਜੋ ਨਹੀਂ ਕਿਉਂਕਿ ਮੈਂ ਸਿਰਫ ਇਕ ਹਥਿਆਰੇ ਤੋਂ ਉਸਦੇ ਜ਼ੁਲਮ ਦਾ ਬਦਲਾ ਲਿਆ ਹੈ। ਮੈਨੂੰ ਹੋਰ ਕਿਸੇ ਨਾਲ ਕੋਈ ਦੁਸ਼ਮਨੀ ਨਹੀਂ। ਉਨ੍ਹਾਂ ਨੇ ਅਦਾਲਤ ਵਿਚ ਵੀ ਬਿਆਨ ਦਿੱਤਾ ਕਿ ਮੈਂ ਕੋਈ ਮਾੜਾ ਕੰਮ ਨਹੀਂ ਕੀਤਾ। ਮੈਂ ਇਕ ਜ਼ਾਲਮ ਹਥਿਆਰੇ ਨੂੰ ਸਜ਼ਾ ਦਿੱਤੀ ਹੈ ਅੱਤ ਮੈਨੂੰ ਇਸ ਗਲ ਦਾ ਮਾਣ ਹੈ ਕਿ ਆਪਣੇ ਵਤਨ ਦੀ ਅਣਖ ਲਈ ਉਸ ਦੇ ਮਾਣ ਲਈ, ਉਸਦੇ ਉਤੇ ਕੀਤੇ ਹੋਏ ਜ਼ੁਲਮ ਦਾ ਬਦਲਾ ਲੈਣ ਲਈ ਇਹ ਕੰਮ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਇਹ ਮੇਰੇ ਲਈ ਫਾਂਸੀ ਨਹੀਂ ਮਾਣ ਵਾਲੀ ਗੱਲ ਹੈ। ਉਸਨੇ ਹਸਦੇ ਹੋਏ ਫਾਂਸੀ ਦੇ ਰਸੇ ਨੂੰ ਚੁੰਮਿਆ ਸੀ। ਉਨ੍ਹਾਂ ਨੇ ਸਾਡੇ ਦੇਸ਼ ਦੇ ਮਾਣ ਅਤੇ ਇਜ਼ਤ ਨੂੰ ਉਜਾਗਰ ਕੀਤਾ। ਉਨ੍ਹਾਂ ਦੇ ਉਤੇ ਅਸੀਂ ਜਿਤਨਾ ਵੀ ਮਾਣ ਕਰੀਏ ਥੋੜਾ ਹੈ। ਉਸ ਮਹਾਨ ਸ਼ਹੀਦ ਨੂੰ ਅਸੀਂ ਜਿਤਨੀ ਵੀ ਸ਼ਰਧਾ ਅਤੇ ਸ਼ਰਧਾਂਜਲੀ ਭੇਂਟ ਕਰੀਏ ਉਤਨੀ ਥੋੜੀ ਹੈ। ਚੇਅਰਮੈਨ ਸਾਹਿਬ, ਇਹ ਸੰਨ 1940 ਦਾ ਵਾਕਿਆ ਹੈ ਜਦੋਂ ਇਸ ਮਹਾਨ ਸ਼ਹੀਦ ਨੂੰ ਇਸ ਜ਼ਾਲਮ ਅਦਾਲਤ ਨੇ ਇਕ ਕਾਤਲ ਦੀ ਸਜ਼ਾ ਦਿੱਤੀ ਸੀ ਜਿਹੜੀ ਕਿ ਇਕ ਗਲਤ ਸਜ਼ਾ ਸੀ। ਜਿਸ ਸ਼ਹੀਦ ਨੇ ਇਨਸਾਫ ਲਈ ਅਤੇ ਲੋਕਾਂ ਦੇ ਉਤੇ ਕੀਤੇ ਜ਼ੁਲਮ ਦਾ ਬਦਲਾ ਲੈਣ ਲਈ ਜੋ ਕਾਰਨਾਮਾ ਕੀਤਾ ਸੀ ਉਸਨੂੰ ਇਹ ਸਜ਼ਾ ਨਹੀਂ ਦੇਣੀ ਚਾਹੀਦੀ ਸੀ। ਇਸ ਗਲ ਦਾ ਸਾਨੂੰ ਬੜਾ ਦੁਖ ਹੈ। ਜਦੋਂ ਉਨ੍ਹਾਂ ਤੋਂ ਆਖਰੀ ਖਾਹਿਸ਼ ਪੁੱਛੀ ਗਈ ਤਾਂ ਉਨ੍ਹਾਂ ਨੇ ਇਹ ਖਾਹਿਸ਼ ਜਾਹਿਰ ਕੀਤੀ ਸੀ ਕਿ ਮੇਰੇ ਦੇਸ਼ ਨੂੰ ਆਜ਼ਾਦ ਕਰ ਦਿਓ ਅਤੇ ਮੇਰਾ ਸੰਸਕਾਰ ਮੇਰੇ ਦੇਸ਼ ਵਿਚ ਜਾ ਕੇ ਹੋਣਾ ਚਾਹੀਦਾ ਹੈ ਤਾਂਕਿ ਮੇਰਾ ਸਰੀਰਕ ਆਪਣੇ ਵਤਨ ਦੀ ਧਰਤੀ ਵਿਚ ਸ਼ਾਮਿਲ ਹੋ ਜਾਵੇ। ਉਨ੍ਹਾਂ ਦੀ ਇਹ ਖਾਹਿਸ਼ ਪੂਰੀ ਨਹੀਂ ਸੀ ਕੀਤੀ ਗਈ। (ਘੰਟੀ) ਮੈਂ ਆਪਣੀ ਪੰਜਾਬ ਸਰਕਾਰ ਨੂੰ ਅਤੇ ਸੈਂਟਰ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਉਚੇਚੇ ਉਦਮ ਕਰਕੇ ਉਸ ਸ਼ਹੀਦ ਦੀ ਆਖਰੀ ਖਾਹਿਸ਼ ਨੂੰ ਪੂਰਾ ਕੀਤਾ ਹੈ ਅਤੇ ਉਸਦੀਆਂ ਰੀਮੇਨਜ਼ ਨੂੰ ਇਥੇ ਲਿਆਂਦਾ ਹੈ, ਸਾਡੇ ਵਿਦੇਸ਼ ਮੰਤਰੀ ਸਰਦਾਰ ਸਵਰਨ ਸਿੰਘ ਨੇ ਵੀ ਬੜਾ ਉਚੇਚਾ ਹਿੱਸਾ ਪਾਇਆ ਹੈ। ਇਹ ਇਕ ਬੜਾ ਪੇਚੀਦਾ ਮਸਲਾ ਸੀ। ਅੰਗਰੇਜ਼ਾਂ ਦੇ ਕਾਨੂੰਨ ਦੇ ਮੁਤਾਬਿਕ ਇਕ ਕਾਤਿਲ ਦੀਆਂ ਅੰਤਿਮ ਕਿਸੇ ਨੂੰ ਨਹੀਂ ਦਿੱਤੀਆਂ ਜਾ ਸਕਦੀਆਂ। ਉਨ੍ਹਾਂ ਨੇ ਬੜੀ ਸਿਆਣਪ ਨਾਲ, ਇਸ ਮਹਾਨ ਸ਼ਹੀਦ ਦੀਆਂ ਰੀਮੇਨਜ਼ ਲਿਆ ਕੇ ਬੜੇ ਸੁਚੱਜੇ ਢੰਗ ਨਾਲ ਦਿੱਤੀਆਂ ਹਨ। ਇਸ ਦੇ ਨਾਲ ਨਾਲ ਮੈਂ ਗਿਆਨੀ ਜੀ ਦੀ ਸਰਕਾਰ ਦੀ ਪ੍ਰਸੰਸਾ ਕੀਤੇ ਬਗੈਰ ਨਹੀਂ ਰਹਿ ਸਕਦਾ ਜਿਨ੍ਹਾਂ ਨੇ ਇਸ ਕੰਮ ਲਈ ਆਪਣੇ ਉਪਰਾਲੇ ਜਾਰੀ ਰਖੇ। ਉਸ ਮਹਾਨ ਸ਼ਹੀਦ ਦੀਆਂ ਰੀਮੇਨਜ਼ ਨੂੰ ਰਿਫਿਟੰਗ ਸਨਮਾਨ ਦਿੱਤਾ, ਅਤੇ ਉਨ੍ਹਾਂ ਨੂੰ ਸਾਰੇ ਪੰਜਾਬ ਵਿਚ ਦਿਖਾਉਣ ਦਾ ਪ੍ਰਬੰਧ ਕੀਤਾ ਅਤੇ ਉਨ੍ਹਾਂ ਦੇ ਸਤਿਕਾਰ ਦਾ ਬੜਾ ਚੰਗ ਪ੍ਰਬੰਧ ਕੀਤਾ। ਉਸ ਸ਼ਹੀਦ ਦੀ ਤਾਂ ਅਸਥੀਆਂ ਦਾ ਪੂਰ ਪੂਰ ਸਤਿਕਾਰ ਨਾਲ ਪ੍ਰਵਾਹ ਕੀਤਾ। ਇਸ ਗਲ ਦੇ ਲਈ ਮੈਂ ਗਿਆਨੀ ਜੀ ਦੀ ਸਰਕਾਰ ਨੂੰ ਜਿਤਨੀ ਵਧਾਈ ਦੇਵਾਂ ਉਤਨੀ ਥੋੜੀ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਦਰਬਾਰਾ ਸਿੰਘ]

ਗਿਆਨੀ ਜੀ ਨੇ ਸ਼ਹੀਦਾਂ ਦੇ ਲਈ ਬੜੇ ਅੱਛੇ ਕੰਮ ਕੀਤੇ ਹਨ । ਜਿਥੋਂ ਤਕ ਸ੍ਰੀ ਗੁਰੂ ਗੋਬਿੰਦ ਸਿੰਘ ਮਾਰਗ ਦਾ ਤੁਅੱਲਕ ਹੈ, ਉਸ ਵੇਲੇ ਇਨ੍ਹਾਂ ਵੀਰਾਂ ਦੀ ਵੀ ਸਰਕਾਰ ਸੀ, ਇਹ ਉਸ ਮਹਾਨ ਯਾਤਰਾ ਦਾ ਪ੍ਰਬੰਧ ਨਹੀਂ ਕਰ ਸਕੇ । ਇਸ ਤੋਂ ਪਹਿਲਾਂ ਗਿਆਨੀ ਜੀ ਨੇ ਸ਼ਹੀਦੇ ਆਜ਼ਮ ਭਗਤ ਸਿੰਘ ਦੀ ਮਾਤਾ ਨੂੰ ਰਾਜਮਾਤਾ ਦਾ ਸਨਮਾਨ ਦਿੱਤਾ । ਉਹ ਮਾਣ ਵੀ ਇਨ੍ਹਾਂ ਨੂੰ ਪ੍ਰਾਪਤ ਹੋਇਆ । ਮੈਂ ਸਮਝਦਾ ਹਾਂ ਕਿ ਇਹ ਹਾਊਸ ਉਨ੍ਹਾਂ ਦਾ ਧੰਨਵਾਦ ਕਰਨ ਵਿਚ ਜ਼ਰੂਰ ਸ਼ਾਮਿਲ ਹੋਵੇਗਾ, ਜਿਨ੍ਹਾਂ ਨੇ ਕਿ ਇਤਨਾ ਵੱਡਾ ਅਤੇ ਉਚੇਚਾ ਹਿੱਸਾ ਪਾਇਆ ਹੈ । ਮੈਂ ਸੈਂਟਰ ਸਰਕਾਰ ਦਾ ਵੀ ਬਹੁਤ ਬਹੁਤ ਧੰਨਵਾਦ ਕਰਦਾ ਹਾਂ । ਮੈਂ ਸਮਝਦਾ ਹਾਂ ਕਿ ਇਹ ਰੈਜ਼ੋਲਿਊਸ਼ਨ ਸਾਰਾ ਹਾਊਸ ਸਰਵ-ਸੰਮਤੀ ਨਾਲ ਪਾਸ ਕਰੇਗਾ ।

Mr. Speaker : Motion moved—

That this House expresses its sense of profound pride on the martyrdom of Shaheed Udham Singh, who laid down his life on the altar of Motherland, to whom we owe a debt of gratitude for his outstanding role in the liberation of the country The flame of liberty lit within him by the ghastly event of the bloody massacre at Jallianwalla Bagh was nourished by him for over a quarter of a century, which vindicated the self respect and honour of the nation. His martyrdom greatly inspired our people and shall be source of inspiration for the coming generations.

The House expresses its deep gratitude to the Government of India, and the Punjab Government, who managed to secure the remains of Shaheed Udham Singh from England.

Hence, the House pays a befitting tribute to the great martyr and symbol of liberty, Shaheed Udham Singh on this occasion."

ਸਰਦਾਰ ਪਰੇਮ ਸਿੰਘ ਪ੍ਰੇਮ (ਰਾਏਪੁਰ) : ਚੇਅਰਮੈਨ ਸਾਹਿਬ, ਇਹ ਜੋ ਮੋਸ਼ਨ ਇਸ ਵਕਤ ਹਾਊਸ ਦੇ ਸਾਹਮਣੇ ਪੇਸ਼ ਕੀਤੀ ਗਈ ਹੈ ਇਸ ਦੀ ਬੜੀ ਭਾਰੀ ਮਹਾਨਤਾ ਹੈ ਅਤੇ ਜਿਥੇ ਅਸੀਂ ਆਪਣੀ ਸਰਕਾਰ ਜਾਂ ਆਪਣੇ ਚੀਫ਼ ਮਨਿਸਟਰ ਸਾਹਿਬ, ਗਿਆਨੀ ਜ਼ੈਲ ਸਿੰਘ ਜਾਂ ਫਾਰਨ ਮਨਿਸਟਰ ਸਰਦਾਰ ਸਵਰਨ ਸਿੰਘ ਹੋਰਾਂ ਦਾ ਧੰਨਵਾਦ ਕਰਦੇ ਹਾਂ, ਇਸ ਦੇ ਨਾਲ ਨਾਲ ਸ਼ਹੀਦ ਉਧਮ ਸਿੰਘ ਜੀ ਦਾ ਮੁੜ ਕੇ ਉਜਾਗਰ ਹੋਣਾ ਅਤੇ ਸਾਰੀ ਚੀਜ਼ ਸਾਹਮਣੇ ਆਉਣਾ ਇਹ ਵੀ ਬੜੀ ਮਹੱਤਤਾ ਵਾਲੀ ਗੱਲ ਹੈ । ਚੇਅਰਮੈਨ ਸਾਹਿਬ, ਜਲਿਆਂ ਵਾਲੇ ਬਾਗ ਦਾ ਵਾਕਿਆ ਹੀ ਇਕ ਘਿਨਾਉਣਾ ਵਾਕਿਆ ਸੀ ਔਰ ਇਹ ਸ਼ਹੀਦ ਉਧਮ ਸਿੰਘ ਜੀ ਉਸ ਵਕਤ ਯਤੀਮ ਖਾਨੇ ਵਿਚ ਸਨ । ਉਦੋਂ ਇਕ ਬੀਬੀ ਰਤਨ ਦੇਵੀ ਜਿਸ ਦਾ ਖਾਵਿੰਦ ਵੀ ਮਾਰਿਆ ਗਿਆ ਸੀ ਉਹ ਉਸ ਦੀ ਲਾਸ਼ ਲੱਭ ਰਹੀ ਸੀ । ਇਨ੍ਹਾਂ ਨੇ ਉਸ ਦੀ ਮੱਦਦ ਕਰਕੇ ਲਾਸ਼ ਲਭਾਈ । ਜੋ ਉਸ ਦੇਵੀ ਦੀ ਹਾਲਤ ਸੀ ਉਸ ਨੂੰ ਵੇਖਕੇ ਇਨ੍ਹਾਂ ਨੇ ਪੱਕਾ ਇਰਾਦਾ ਕੀਤਾ ਕਿ ਮੈਂ ਇਸ ਦਾ ਬਦਲਾ ਲਵਾਂਗਾ । ਚੇਅਰਮੈਨ ਸਾਹਿਬ, ਮੈਂ ਤਾਂ ਉਸ ਵਕਤ ਤਕਰੀਬਨ ਤਿੰਨ ਚਾਰ ਸਾਲ ਦਾ ਸੀ ਲੇਕਿਨ ਜਿਸ ਵਕਤ ਮੈਂ ਆਪਣੀ ਹੋਸ਼ ਸੰਭਾਲੀ ਔਰ ਜਲਿਆਂ ਵਾਲੇ ਬਾਗ ਦੇ ਇਤਿਹਾਸ ਦਾ ਵਰਕਾ ਪੜ੍ਹਿਆ ਤਾਂ ਉਸ ਵਿਚੋਂ ਪਤਾ ਲਗਿਆ ਕਿ ਜਨਰਲ ਡਾਇਰ ਨੇ 1,600 ਰਾਊਂਡਜ਼ ਚਲਾਏ ਸਨ ਔਰ 1,600 ਰਾਊਂਡਜ਼ ਚਲਾਉਣ

Original with;
Punjab Vidhan Sabha
Digitized by;
Panjab Digital Library

ਤੋਂ ਬਾਅਦ ਜਿਸ ਵਕਤ ਹਰ ਪਾਸੇ ਲਾਸ਼ਾਂ ਹੀ ਲਾਸ਼ਾਂ ਨਜ਼ਰ ਆਉਂਦੀਆਂ ਸਨ ਤਾਂ ਕੁਝ ਲੋਕ ਜਾਨਾਂ ਬਚਾਉਣ ਲਈ ਖੂਹ ਵਿਚ ਗਿਰ ਗਏ ਅੱਰ ਉਥੇ ਮਰ ਗਏ, ਕੁਝ ਲੋਕ ਇਕ ਤੰਗ ਗਲੀ ਵਿਚ ਮਾਰੇ ਗਏ । ਜਿਸ ਵਕਤ ਜਨਰਲ ਡਾਇਰ ਨੇ ਨਜ਼ਰ ਮਾਰੀ ਤਾਂ ਦਰਖਤ ਉਪਰ ਇਕ 12 ਸਾਲਾਂ ਦਾ ਬੱਚਾ ਜਿਹੜਾ ਕਿ ਜਾਨ ਬਚਾਉਣ ਲਈ ਚੜ੍ਹਿਆ ਸੀ ਨਜ਼ਰ ਆਇਆ । ਉਸ ਨੇ ਇਕ ਸਿਪਾਹੀ ਨੂੰ ਕਿਹਾ ਕਿ ਕੀ ਕੋਈ ਗੋਲੀ ਬਾਕੀ ਹੈ ? ਉਸ ਨੇ ਕਿਹਾ, 'ਹਾਂ ਜੀ, ਹੈ ।' ਜਨਰਲ. ਡਾਇਰ ਨੇ ਕਿਹਾ ਕਿ ਉਸ ਬੱਚੇ ਨੂੰ ਮਾਰ । ਇਸ ਤੇ ਸਿਪਾਹੀ ਨੇ ਕਿਹਾ ਕਿ ਬੱਚੇ ਨੂੰ ਕਿਉਂ ਮਾਰਾਂ, ਉਸ ਤੋਂ ਤੁਹਾਨੂੰ ਕੀ ਖਤਰਾ ਹੈ ? ਜਨਰਲ ਡਾਇਰ ਨੇ ਕਿਹਾ ਕਿ ਫੌਜੀ ਦਾ ਕੰਮ ਆਰਗੂਮੈਂਟਸ ਕਰਨਾ ਨਹੀਂ ਹੁੰਦਾ ਬਲਕਿ ਹੁਕਮ ਮੰਨਣਾ ਹੁੰਦਾ ਹੈ । ਉਸ ਸਿਪਾਹੀ ਨੇ ਉਹ ਗੋਲੀ ਚਲਾਈ ਅੱਰ ਬਚਾ ਤੜਫਦਾ ਹੋਇਆ ਮਰ ਗਿਆ । ਮਹਾਤਮਾਂ ਗਾਂਧੀ ਜੀ ਦਾ ਵੀ ਉਦੋਂ ਦਿਲ ਦਹਿਲ ਗਿਆ ਅੱਰ ਉਸ ਵਕਤ ਅੰਮ੍ਰਿਤਸਰ ਵਾਸਤੇ ਰਵਾਨਾ ਹੋ ਗਏ ਪਰ ਪਲਵਲ ਸਟੇਸ਼ਨ ਤੇ ਗਰਿਫਤਾਰ ਕਰ ਲਿਆ ਗਿਆ । ਚੇਅਰਮੈਨ ਸਾਹਿਬ, ਉਸ ਵਕਤ ਸਾਰੇ ਹਿੰਦੁਸਤਾਨ ਵਿਚ ਕਿਤਨਾ ਰੋਲਾ ਪਿਆ, ਉਥੇ ਇੰਗਲੈਂਡ ਦੀ ਪਾਰਲੀਮੈਂਟ ਵਿਚ ਵੀ ਗਲ ਉਠੀ, ਅੱਰ ਹਾਊਸ ਆਫ ਕਾਮਨਜ਼ ਦੇ ਮੈਂਬਰਜ਼ ਨੇ ਸ਼ੋਰ ਮਚਾਇਆ । ਆਖਿਰ ਗੌਰਮਿੰਟ ਨੂੰ ਮਜਬੂਰ ਹੋ ਕੇ ਇਸ ਘਟਨਾ ਦੀ ਜਾਂਚ ਕਰਨ ਲਈ ਇਕ ਕਮੇਟੀ ਬਣਾਉਣੀ ਪਈ । ਉਸ ਕਮੇਟੀ ਨੂੰ ਹੰਟਰ ਕਮਿਸ਼ਨ ਕਹਿੰਦੇ ਹਾਂ । ਉਹ ਕਮੇਟੀ ਬਣਾਈ ਗਈ । ਜਦੋਂ ਉਹ ਕਮੇਟੀ ਹਿੰਦੁਸਤਾਨ ਵਿਚ ਆ ਕੇ ਪੜਤਾਲ ਕਰ ਰਹੀ ਸੀ ਤਾਂ ਉਸ ਵੇਲੇ ਹੰਟਰ ਕਮੇਟੀ ਦੇ ਸਾਹਮਣੇ ਹਜ਼ਾਰਾਂ ਲੋਕਾਂ ਗਵਾਹੀਆਂ ਦਿਤੀਆਂ ਸਨ ਤਾਂ ਉਨ੍ਹਾਂ ਨੇ ਜਨਰਲ ਡਾਇਰ ਨੂੰ ਬੁਲਾਇਆ ਕਿ ਤੂੰ ਆਪਣਾ ਵੀ ਬਿਆਨ ਦੇਹ ਤਾਂ ਜਨਰਲ ਡਾਇਰ ਨੇ ਬਿਆਨ ਦਿੱਤਾ । ਜਜਾਂ ਨੂੰ ਇਹ ਸਵਾਲ ਪੈਦਾ ਹਿਆ ਕਿ ਜਨਰਲ ਡਾਇਰ ਤੂੰ 1,000 ਰਾਊਂਡਜ਼ ਚਲਾ ਦਿਤੇ ਹੀ ਤੂੰ ਇਹੋ ਦਾਰਜ ਪਰਚੇ ਲੋਕਾਂ ਨੂੰ ਬਖੇਰ ਨਹੀਂ ਸੀ ਸਕਦਾ ? ਕੀ ਗੋਲੀਆਂ ਹਵਾ ਵਿਚ ਦਾਗ ਕੇ, ਹਵਾ ਵਿਚ ਫਾਇਰ ਕਰਕੇ ਲੋਕਾਂ ਨੂੰ ਬਖੇਰ ਨਹੀਂ ਸੀ ਸਕਦਾ ? ਫਿਰ ਤੂੰ ਗੋਲੀਆਂ ਚਲਾਈਆਂ ਅੱਰ ਇਤਨੀਆਂ ਚਲਾਈਆਂ ਕਿ 1,600 ਰਾਊਂਡਜ਼ ਚਲਾ ਦਿਤੇ । ਜਨਰਲ ਡਾਇਰ ਨੇ ਬੇਸ਼ਰਮੀ ਨਾਲ ਜਵਾਬ ਦਿਤਾ ਕਿ ਮੈਂ ਅਗਰ ਸਹੀ ਲਾਠੀ ਚਾਰਜ ਕਰਦਾ ਤਾਂ ਇਹ ਸ਼ਾਮ ਨੂੰ ਮਿਰ ਇਕੱਠੇ ਹੋ ਜਾਂਦੇ । ਹਰ ਵਿਚ ਫਾਇਰ ਕਰਨਾ ਤਾਂ ਸ਼ਾਮ ਨੂੰ ਫਿਰ ਇਕੱਠੇ ਹੋ ਜਾਂਦੇ ਮੈਂ ਤਾਂ ਇਹ ਯਕੀਨ ਕਰਵਾਉਣਾ ਚਾਹੁੰਦਾ ਸੀ ਕਿ ਕੋਈ ਵੀ ਬੱਚਾ ਮੁੜ ਕੇ ਅੰਗ੍ਰੇਜ਼ ਰਾਜ ਦੇ ਖਿਲਾਫ ਉਂਗਲੀ ਨਾ ਚੁਕੇ । ਮੈਂ ਫੈਸਲਾ ਕੀਤਾ ਕਿ :—

"Shoot, shoot and shoot,
so that I may not shoot again."

ਤੇ ਚੇਅਰਮੈਨ ਸਾਹਿਬ, ਮੇਰੇ ਸਾਹਿਤਾਨਾ ਤਿਆਗ ਦਿਤ ਉਸ ਵਕਤ ਸਾਰੇ ਫੌਜ਼ਨ ਰੀਐਕਸ਼ਨ ਹੋਇਆ ਕਿ ਹਿੰਦੁਸਤਾਨਿਆਂ ਜਦੋਂ ਡਾਇਰ ਨੇ ਇਹ ਫੈਸਲਾ ਕੀਤਾ ਸੀ ਜੇ ਤੁਸੀਂ ਇਹ ਫੈਸਲਾ ਕਰ ਲੈਂਦੇ—

"Die, die and die,
so that we may not die again."

ਤਾਂ ਹਿੰਦੁਸਤਾਨ ਉਸੇ ਸ਼ਾਮ ਨੂੰ ਆਜ਼ਾਦ ਸੀ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਪਰੇਮ ਸਿੰਘ ਪਰੇਮ]

ਚੇਅਰਮੈਨ ਸਾਹਿਬ, ਸਮਾਂ ਜ਼ਿਆਦਾ ਨਹੀਂ ਹੈ, ਇਸ ਲਈ ਮੈਂ ਇਤਨੀ ਹੀ ਬੇਨਤੀ ਕਰਨੀ ਹੈ ਕਿ ਉਸ ਵਕਤ ਇਸ ਵਾਕੇ ਦਾ ਜੋ ਇਹ ਸਾਰੀ ਕਾਰਵਾਈ ਹੋਈ, ਇਸ ਸਾਰੀ ਚੀਜ਼ ਨੇ ਐਸਾ ਅਸਰ ਸਰਦਾਰ ਊਧਮ ਸਿੰਘ ਤੇ ਪਾਇਆ ਕਿ ਉਨ੍ਹਾਂ ਨੇ ਫੈਸਲਾ ਕਰ ਲਿਆ ਕਿ ਇਨ੍ਹਾਂ ਦੋਨਾਂ ਨੂੰ ਮਾਰਨਾ ਹੈ । ਉਨ੍ਹਾਂ ਦਹਾਂ ਨੂੰ ਮਾਰਨ ਲਈ ਗਏ । ਪਹਿਲਾਂ ਅਫਰੀਕਾ ਗਏ ਕਿ ਉਥੋਂ ਇੰਗਲੈਂਡ ਚਲੇ ਜਾਣਗੇ ਪਰ ਇਹ ਵਾਰ ਮੁੜ ਕੇ ਆ ਗਏ। ਫਿਰ ਚਲੇ ਗਏ। ਉਥੋਂ ਅਮਰੀਕਾ ਗਏ ਜਿਥੇ ਕਿ ਉਨ੍ਹਾਂ ਦਾ ਮੇਲ ਮਿਲਾਪ ਉਸ ਹਿੰਦੁਸਤਾਨੀ ਪਾਰਟੀ ਨਾਲ ਹੋਇਆ ਜਿਹੜੀ ਕਿ ਵਾਵੇਲਾ ਕਰ ਰਹੀ ਸੀ, ਜਿਸ ਨੂੰ ਬਾਬਾ ਪਾਰਟੀ ਕਹਿੰਦੇ ਸਨ । ਉਸ ਸਮੇਂ ਰੈਵੋਲਿਊਸ਼ਨਰੀਆਂ ਦੀਆਂ ਆਪਸ ਵਿਚ ਕਿਸੇ ਨਾ ਕਿਸੇ ਤਰੀਕੇ ਨਾਲ ਖਬਰਾਂ ਆਉਂਦੀਆਂ ਰਹਿੰਦੀਆਂ ਸਨ। ਉਸ ਸਮੇਂ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਜੀ ਨੇ ਇਹ ਖਾਹਸ਼ ਜ਼ਾਹਰ ਕੀਤੀ ਕਿ ਸਰਦਾਰ ਊਧਮ ਸਿੰਘ ਜੀ ਨੂੰ ਵਾਪਸ ਆ ਕੇ ਕੰਮ ਕਰਨਾ ਚਾਹੀਦਾ ਹੈ । ਇਸ ਤਰ੍ਹਾਂ ਉਹ ਵਾਪਸ ਹਿੰਦੁਸਤਾਨ ਆ ਗਏ ਅੌਰ ਨਾਲ ਆਉਂਦੇ ਆਉਂਦੇ ਕੁਝ ਅਮਰੀਕਾ ਤੋਂ ਹਥਿਆਰ ਲੈ ਕੇ ਆਏ । ਹਿੰਦੁਸਤਾਨ ਵਿਚ ਆ ਕੇ ਹਥਿਆਰ ਪਕੜੇ ਗਏ ਅੌਰ ਉਨ੍ਹਾਂ ਨੂੰ ਚਾਰ ਸਾਲਾਂ ਦੀ ਸਜ਼ਾ ਦਿੱਤੀ ਗਈ । ਫਿਰ ਇਨ੍ਹਾਂ ਦਾ ਪਾਸਪੋਰਟ ਬਣਨਾ ਮੁਸ਼ਕਲ ਹੋ ਗਿਆ । ਇਨ੍ਹਾਂ ਨੇ ਇਕ ਮੁਸਲਮਾਨ ਦੇ ਘਰ ਰਹਿਣਾ ਸ਼ੁਰੂ ਕਰ ਦਿਤਾ । ਫਿਰ ਇਨ੍ਹਾਂ ਨੇ ਆਪਣਾ ਨਾਮ ਰਾਮ ਮੁਹੰਮਦ ਸਿੰਘ ਰਖ ਲਿਆ । ਇਹ 1933 ਦਾ ਵਾਕਿਆ ਹੈ । ਇਸ ਨਾਮ ਤੇ ਇਹ ਪਾਸਪੋਰਟ ਲੈ ਕੇ ਪੈਰਸ ਦੇ ਰਸਤੇ ਹੁੰਦੇ ਹੋਏ ਉਥੇ ਪਹੁੰਚ ਗਏ ।

ਚੇਅਰਮੈਨ ਸਾਹਿਬ, ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਬੋਲਣਾ ਹੈ ਇਸ ਲਈ ਮੈਂ ਬੜਾ ਥੋੜਾ ਹੀ ਰਹਾਂਗਾ । ਉਸ ਵਕਤ ਇੰਗਲੈਂਡ ਦੀ East India Association ਨੇ ਇੰਡੀਆ ਦੇ ਮਾਮਲੇ ਉਤੇ ਇਕ ਮੀਟਿੰਗ ਰਖੀ ਹੋਈ ਸੀ ਜਿਸ ਵਿਚ ਕਿ ਜਨਰਲ ਔਡਵਾਇਰ ਨੇ ਤਕਰੀਰ ਕੀਤੀ । ਜਨਰਲ ਡਾਇਰ ਤਾਂ ਪਹਿਲਾਂ ਹੀ ਸਜ਼ਾ ਚੁਕਾ ਸੀ । ਇਸ ਵਾਸਤੇ ਇਹ ਉਥੇ ਗਏ ਅੌਰ ਉਨ੍ਹਾਂ ਨੇ ਉਥੇ ਜਨਰਲ ਔਡਵਾਇਰ ਨੂੰ ਸ਼ੂਟ ਕੀਤਾ ।....

ਸ਼੍ਰੀ ਸਭਾਪਤੀ : ਤੁਸੀਂ ਰੈਪੀਟੀਸ਼ਨ ਨਾ ਕਰੋ । You are capable of putting forth new facts. (Do not make repetition. You are capable of putting forth new facts)

ਸਰਦਾਰ ਪਰੇਮ ਸਿੰਘ ਪਰੇਮ : ਮੈਂ ਇਹ ਗੱਲ ਦੁਹਰਾਉਂਦਾ ਨਹੀਂ । ਤੋਂ ਮੈਂ ਅਰਜ਼ ਕਰ ਰਿਹਾ ਸੀ ਕਿ ਉਨ੍ਹਾਂ ਨੇ ਆਪਣੀ ਡੀਫੈਂਸ ਤੋਂ ਸਾਫ ਇਨਕਾਰ ਕਰ ਦਿਤਾ ਕਿ ਮੈਂ ਕੋਈ ਵੀ ਡੀਫੈਂਸ ਕਰਨ ਵਾਸਤੇ ਤਿਆਰ ਨਹੀਂ ਹਾਂ । ਪੰਜਾਬ ਸਰਕਾਰ ਦੀ ਮੇਹਰਬਾਨੀ ਨਾਲ ਉਨ੍ਹਾਂ ਦੇ ਲੈਟਰ ਛਪੇ ਹਨ । ਰਾਮ ਨਾਰਾਇਣ ਯੂਨੀਵਰਸਿਟੀ ਨੇ ਵੀ ਕੋਸ਼ਿਸ਼ ਕਰਕੇ ਇਕ ਕਿਤਾਬ ਛਾਪੀ ਹੈ। ਗਿਆਨੀ ਗੁਰਮੁੱਖ ਸਿੰਘ ਮੁਸਾਫਿਰ ਜੀ ਨੇ ਪਹਿਲਾਂ ਹੀ ਕਾਫੀ ਕੁਝ ਲਿਖਿਆ ਸੀ ਜੇਲ੍ਹ ਵਿਚੋਂ ਜੋਹਲ ਸਾਹਿਬ ਨੂੰ ਜੋ ਚਿੱਠੀਆਂ ਲਿਖੀ ਸਨ, ਜਿਨ੍ਹਾਂ ਵਿਚ ਉਨ੍ਹਾਂ ਨੇ ਇਹ ਕਿਹਾ ਹੈ ਕਿ ਉਹ ਕਿਤਾਬ ਮੰਗਦੇ ਸਨ । ਮੈਂ ਇਹ ਦੱਸਣਾ ਹਾਂ ਕਿ ਉਹ ਪਿਸਤੌਲ ਅੌਰ ਕੋਈ ਰਿਵਾਲਵਰ ਮੰਗਦੇ ਸਨ ਤਾਂ ਕਿ ਉਹ ਅੰਗਰੇਜ਼ਾਂ ਤੋਂ ਦੇਰ ਵੀ ਬਦਲਾ ਲੈ ਸਕਣ । ਉਨ੍ਹਾਂ ਦਾ ਜੇਲ੍ਹ ਵਿਚ ਵੀ ਖੂਨ ਉਬਾਲੇ ਖਾ ਰਿਹਾ ਸੀ । ਸੋ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸ਼ਹੀਦ ਊਧਮ ਸਿੰਘ ਜੀ ਦਾ ਜਿਤਿਹਾਸ ਇਕ ਸ਼ਾਨਦਾਰ ਇਤਿਹਾਸ ਹੈ ਅੌਰ ਉਹ ਇਕ ਮਹਾਨ

Original with;
Punjab Vidhan Sabha
Digitized by;
Panjab Digital Library

ਸ਼ਹੀਦ ਹੈ । ਅੱਜ ਮੈਂ ਗਿਆਨੀ ਜ਼ੈਲ ਸਿੰਘ ਜੀ ਦਾ ਔਰ ਇਨ੍ਹਾਂ ਦੀ ਸਰਕਾਰ ਦਾ, ਸਰਦਾਰ ਸਵਰਨ ਸਿੰਘ ਜੀ ਦਾ ਔਰ ਬੀਬੀ ਇੰਦਰਾ ਗਾਂਧੀ ਜੀ ਦਾ ਮਸ਼ਕੂਰ ਹੋਇਆ ਬਗੈਰ ਨਹੀਂ ਰਹਿ ਸਕਦਾ ਜਿਨ੍ਹਾਂ ਨੇ ਕਿ ਸ਼ਹੀਦ ਊਧਮ ਸਿੰਘ ਜੀ ਦੀਆਂ ਅਸਥੀਆਂ ਨੂੰ ਇਥੇ ਲਿਆਂਦਾ ਔਰ ਉਨ੍ਹਾਂ ਦਾ ਇਤਨਾਂ ਸਤਿਕਾਰ ਕੀਤਾ । ਇਹ ਗਲ 13 ਮਾਰਚ, 1940 ਦੀ ਹੈ ਔਰ 1940 ਵਿਚ ਮਹਾਤਮਾਂ ਗਾਂਧੀ ਜੀ ਨੇ ਸਿਵਲ ਡਿਸਔਬੀਡੀਐਂਸ ਸ਼ੁਰੂ ਕੀਤੀ ਸੀ। ਜਿਸ ਵੇਲੇ ਸਿਵਲ ਨਾਫ਼ਰਮਾਨੀ ਖਤਮ ਹੋਤੀ ਤਾਂ ਫਿਰ ਕੁਇਟ ਇੰਡੀਆ ਮੂਵਮੈਂਟ ਸ਼ੁਰੂ ਹੋ ਗਈ । ਮੇਰਾ ਮਕਸਦ ਇਹ ਹੈ ਕਿ ਸਾਡੀਆਂ ਇਹ ਦੋ ਤਹਿਰੀਕਾਂ ਵਿਚ ਜਿਨ੍ਹਾਂ ਨੌਜਵਾਨਾਂ ਨੇ ਹਿੱਸਾ ਪਾਇਆ ਹੈ ਉਹ ਇਸ ਵਾਕਿਆ ਤੋਂ ਪਰਭਾਵਿਤ ਹੋਏ ਹਨ ਕਿਉਂਕਿ ਇਸ ਫੇਰੀ ਵਾਕਿਆ ਨੇ ਉਨ੍ਹਾਂ ਦੇ ਮਨਾਂ ਤੇ ਬੜਾ ਅਸਰ ਪਾਇਆ ਹੈ । (ਘੰਟੀ) ਇਹ ਕਿਹਾ ਜਾ ਸਕਦਾ ਹੈ ਕਿ ਊਧਮ ਸਿੰਘ ਦੀ ਘਟਨਾ ਨੇ ਸਾਡੀ ਅਜ਼ਾਦੀ ਨੇੜੇ ਲਿਆਂਦੀ ਜਿਸ ਨੇ ਮੁਲਕ ਦੇ ਨੌਜਵਾਨ ਨੂੰ ਕੁਰਬਾਨੀ ਲਈ ਉਭਾਰਿਆ ।

ਚੇਅਰਮੈਨ ਸਾਹਿਬ ਮੈਨੂੰ ਆਪ ਜੀ ਦੀ ਬੇਕਰਾਰੀ ਦਾ ਤੇ ਬੇਸਬਰੀ ਦਾ ਪੂਰਾ ਇਲਮ ਹੈ ।

Mr. Chairman: Kindly withdraw your words. I am bound by the time of the House. Ten minutes have been allotted to you.

ਸਰਦਾਰ ਪਰੇਮ ਸਿੰਘ ਪਰੇਮ : ਚੇਅਰਮੈਨ ਸਾਹਿਬ, ਮੈਂ ਤੁਹਾਡੇ ਤੇ ਕੋਈ ਐਸਪਰਸ਼ਨ ਨਹੀਂ ਕੀਤੀ ਔਰ ਨਾ ਹੀ ਮੇਰਾ ਕੋਈ ਇਰਾਦਾ ਸੀ ।

Mr. Chairman: The word "Besabri" is not in good taste. I do not expect this from you.

ਸਰਦਾਰ ਪਰੇਮ ਸਿੰਘ ਪਰੇਮ : ਇਸ ਵਾਸਤੇ ਮੈਂ ਹੋਰ ਅਗੇ ਨਹੀਂ ਜਾਣਾ ਚਾਹੁੰਦਾ । ਸਰਦਾਰ ਊਧਮ ਸਿੰਘ ਜੀ ਦਾ ਸਤਿਕਾਰ ਕਰਦਾ ਹੋਇਆ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਕੇ ਬੰਦ ਕਰਦਾ ਹਾਂ ।

ਕਾਮਰੇਡ ਅਰਜਨ ਸਿੰਘ ਮਸਤਾਨਾ (ਵਲਟੋਹਾ) : ਮੈਂ ਆਪਣੀ ਪਾਰਟੀ ਵਲੋਂ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਦੇ ਫੁਲ ਪੇਸ਼ ਕਰਦਾ ਹਾਂ ਔਰ ਨਾਲ ਹੀ ਕਹਿਣਾ ਚਾਹੁੰਦਾ ਹਾਂ ਕਿ ਇਹ ਬੜੀ ਖੁਸ਼ੀ ਦੀ ਗਲ ਹੈ ਕਿ ਜੋ ਪੰਜਾਬ ਸਰਕਾਰ ਨੇ, ਗਿਆਨੀ ਜੀ ਦੀ ਸਰਕਾਰ ਨੇ, ਭਾਵੇਂ ਇਹ ਕੰਮ ਬੜਾ ਲੇਟ ਕੀਤਾ ਹੈ, ਬੜੀ ਚੰਗੀ ਗਲ ਕੀਤੀ ਹੈ । ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਪਹਿਲਾਂ ਵੀ ਆ ਸਕਦੀਆਂ ਸਨ, ਜੇ ਕੋਸ਼ਿਸ਼ ਕੀਤੀ ਜਾਂਦੀ । ਹੁਣ ਵੀ ਜੋ ਕੰਮ ਗਿਆਨੀ ਜੀ ਦੀ ਸਰਕਾਰ ਨੇ ਕੀਤਾ ਹੈ, ਉਹ ਸ਼ਲਾਘਾਯੋਗ ਹੈ ਅਤੇ ਮੇਰੀ ਪਾਰਟੀ ਇਸ ਨੂੰ ਬੜਾ ਅੱਛਾ ਸਮਝਦੀ ਹੈ । ਮੇਰੇ ਦੋਸਤਾਂ ਨੇ ਪੜ੍ਹਿਆ ਹੈ ਕਿ ਜਿਹੜੀ ਗੱਦਰੀ ਪਾਰਟੀ ਸੀ ਅਤੇ ਜਿਹੜੇ ਉਸ ਪਾਰਟੀ ਦੇ ਪੁਰਾਣੇ ਦੋਸਤ ਸਨ, ਉਨ੍ਹਾਂ ਨਾਲ ਵੀ ਮਿਲ ਕੇ ਸ਼ਹੀਦ ਊਧਮ ਸਿੰਘ ਅਤੇ ਹੋਰ ਉਨ੍ਹਾਂ ਦੇ ਸਾਥੀਆਂ ਨੇ ਮਿਲ ਕੇ ਕੰਮ ਕੀਤਾ, ਇਨਾਂ ਦਾ ਉਸ ਪਾਰਟੀ ਨਾਲ ਲਿੰਕ ਸੀ ਜਿਸ ਤਰਾਂ ਮੇਰੇ ਦੋਸਤ, ਸਰਦਾਰ ਪ੍ਰੇਮ ਸਿੰਘ ਜੀ ਪ੍ਰੇਮ ਨੇ ਕਿਹਾ ਹੈ ਗੱਦਰੀ ਪਾਰਟੀ ਨਾਲ ਇਨ੍ਹਾਂ ਦਾ ਮੇਲ ਹੋਇਆ ਅਤੇ ਉਸ ਗੱਦਰੀ ਪਾਰਟੀ ਦੇ ਲੋਕਾਂ ਨੇ ਵੀ ਮਹਾਨ ਸ਼ਹੀਦੀਆਂ ਦਿਤੀਆਂ, ਜਦੋਂ ਕਿ ਕੋਈ ਸ਼ਾਯਦ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਅਰਜਨ ਸਿੰਘ ਮਸਤਾਨਾ]

ਨਹੀਂ ਸੀ ਹੁੰਦੇ ਅਤੇ ਕਿਸੇ ਕੰਮ ਨੂੰ ਕਰਨ ਵਿਚ ਬੜੀ ਮੁਸ਼ਕਲ ਪੇਸ਼ ਹੁੰਦੀ ਸੀ। ਜਿਸ ਤਰ੍ਹਾਂ ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਉਧਮ ਸਿੰਘ ਨੂੰ ਮਾਣ ਦਿਤਾ ਗਿਆ ਹੈ, ਇਹ ਚੰਗੀ ਗੱਲ ਹੈ, ਪਰ ਇਥੇ ਮੈਂ ਇਕ ਨਵੀਂ ਗਲ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਸਾਡਾ ਪ੍ਰੈਸ ਹੈ, ਉਹ ਹਿੰਦੁਸਤਾਨ ਦੇ ਵੱਡੇ ਵੱਡੇ ਲੋਕਾਂ ਦੇ ਹੱਥ ਵਿਚ ਹੈ ਅਤੇ ਵੱਡੇ ਵੱਡੇ ਅਮੀਰਾਂ ਅਤੇ ਕਾਰਖਾਨਿਆਂ ਵਾਲਿਆਂ ਦਾ ਸੇਫਗਾਰਡ ਕਰਨ ਲਈ ਬੜੀ ਅਹਿਮੀਅਤ ਦਿੰਦੀ ਹੈ।

ਸ਼੍ਰੀ ਸਭਾਪਤੀ : ਇਹ ਤਾਂ ਤੁਹਾਨੂੰ ਖੁਸ਼ੀ ਹੋਣੀ ਚਾਹੀਦੀ ਹੈ ਕਿ ਜਿੰਨੀ ਪੰਜਾਬ ਸਰਕਾਰ ਨੇ ਸ਼ਹੀਦ ਉਧਮ ਸਿੰਘ ਨੂੰ ਸ਼ਾਨ ਅਤੇ ਆਨਰ ਦਿਤੀ ਹੈ, ਇੰਨੀ ਕਿਸੇ ਨੇ ਨਹੀਂ ਦਿਤੀ।

(You should feel happy that the Punjab Government has honoured Shaheed Udham Singh more than anyone else.)

ਕਾਮਰੇਡ ਅਰਜਨ ਸਿੰਘ ਮਸਤਾਨਾ : ਇਸ ਗੱਲ ਦੀ ਬੜੀ ਖੁਸ਼ੀ ਹੈ, ਬੜੀ ਚੰਗੀ ਗੱਲ ਹੈ ਕਿ ਸ਼ਹੀਦ ਦੇ ਬਹਾਦਰਾਨਾ ਕਾਰਨਾਮਿਆਂ ਕਰਕੇ, ਉਨ੍ਹਾਂ ਨੂੰ ਜਿੰਨੀ ਇੱਜ਼ਤ ਦਿਤੀ ਗਈ ਹੈ, ਉਨ੍ਹਾਂ ਦੀ ਬਹਤ ਵੱਡੀ ਕੁਰਬਾਨੀ ਸੀ। ਪਰ ਇਸ ਦੇ ਨਾਲ ਮੈਂ ਇਕ ਗਲ ਹੋਰ ਕਹਿਣੀ ਚਾਹੁੰਦਾ ਹਾਂ ਅਤੇ ਉਹ ਇਹ ਹੈ ਕਿ ਜਿਹੜੀ ਹਿਸਟਰੀ ਸਾਡੀਆਂ ਨੌਜਵਾਨ ਨਸਲਾਂ ਪੜ੍ਹਨਗੀਆਂ, ਜਿਹੜੀਆਂ ਕਿਤਾਬਾਂ ਯੂਨੀਵਰਸਿਟੀਆਂ ਵਿਚ ਲਗੀਆਂ ਹੋਈਆਂ ਹਨ, ਉਨ੍ਹਾਂ ਵਿਚ ਜਿਸ ਤਰਾਂ ਸ਼ਹੀਦ ਉਧਮ ਸਿੰਘ ਹਨ, ਹੋਰ ਵੀ ਕਈ ਅਜਿਹੇ ਬਹਾਦਰ ਹਨ, ਜਿਨ੍ਹਾਂ ਦਾ ਨਾਂ ਉਥੇ ਨਹੀਂ ਹੈ, ਉਹ ਹਿਸਟਰੀ ਅਤੇ ਕਿਤਾਬਾਂ ਵਿਚੋਂ ਬਾਹਰ ਰਹਿ ਗਏ ਹਨ, ਉਹ ਆਉਣੇ ਚਾਹੀਦੇ ਹਨ। ਇਨ੍ਹਾਂ ਵਿਚ ਉਹ ਲੋਕ ਜਿਸ ਤਰ੍ਹਾਂ ਕਿ ਬਾਬਾ ਰਾਮ ਸਿੰਘ ਜੀ ਜਿਨ੍ਹਾਂ ਨੇ ਸਮਾਜੀ ਹਿੰਦੁਸਤਾਨ ਵਿਚ ਇੰਨਾ ਵੱਡਾ ਕਾਰਨਾਮਾ ਕੀਤਾ, ਉਨ੍ਹਾਂ ਨੂੰ ਹਿਸਟਰੀ ਅਤੇ ਕਿਤਾਬਾਂ ਵਿਚੋਂ ਛੱਡਿਆ ਜਾ ਰਿਹਾ ਹੈ। ਸ਼ਰੋਮਣੀ ਕਮੇਟੀ ਵਲੋਂ ਜਿਹੜੀ ਇਕ ਕਿਤਾਬ 4 ਮਹੀਨੇ ਪਹਿਲਾਂ ਛਪੀ ਹੈ ਉਸ ਵਿਚ ਵੀ ਉਨ੍ਹਾਂ ਦੇ ਆਪਣੇ ਲਿਖਾਰੀਆਂ ਤੇ ਸ਼ਹੀਦਾਂ ਦੇ ਨਾਂਹ ਹੀ ਆਉਂਦੇ ਹਨ, ਜਿਹੜੇ ਉਨ੍ਹਾਂ ਦੇ ਆਪਣੇ ਸਨ ਅਤੇ ਜਿਹੜੇ ਦੂਜੇ ਬਹਾਦਰ, ਸ਼ਹੀਦ ਅਤੇ ਲਿਖਾਰੀ ਸਨ, ਉਨ੍ਹਾਂ ਦੇ ਨਾਂਹ ਇਸ ਵਿਚ ਨਹੀਂ ਆਏ ਅਤੇ ਜੇ ਆਏ ਹਨ ਤਾਂ ਉਨ੍ਹਾਂ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ।

ਸ਼੍ਰੀ ਸਭਾਪਤੀ : ਤੁਹਾਡੀ ਬੜੀ ਅੱਛੀ ਸਜੈਸ਼ਨ ਹੈ। ਪਰ ਬੇਨਤੀ ਇਹ ਹੈ ਕਿ ਸ਼ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਜਾਂ ਆਰੀਆ ਸਮਾਜ ਵਗੈਰਾ ਦੀ ਗਲ ਵੱਖਰੀ ਹੈ, ਉਸ ਵਿਚ ਸਰਕਾਰ ਨਹੀਂ ਆਉਂਦੀ। ਵੈਸੇ ਗਲ ਤੁਹਾਡੀ ਠੀਕ ਹੈ। ਸੁਜੈਸ਼ਨ ਤੁਹਾਡੀ ਠੀਕ ਹੈ।

(Your suggestion is very good. But I would like to say that the Government is not concerned with such publications as are issued by Shiromani Gurdwara Prabandhak Committee or the Arya Samaj)

ਕਾਮਰੇਡ ਅਰਜਨ ਸਿੰਘ ਮਸਤਾਨਾ : ਇਨਾਂ ਲੋਕਾਂ ਨੂੰ ਅੱਖਾਂ ਤੋਂ ਓਹਲੇ ਕੀਤਾ ਜਾ ਰਿਹਾ ਹੈ। ਇਸ ਕਰਕੇ ਮੈਂ, ਤੁਹਾਡੀ ਰਾਹੀਂ ਗਿਆਨੀ ਜੀ ਨੂੰ ਕਹਾਂਗਾ ਕਿ ਇਸ ਗੱਲ ਵਲ

Original with;
Punjab Vidhan Sabha
Digitized by;
Panjab Digital Library

ਪੂਰਾ ਧਿਆਨ ਦੇਣਾ ਚਾਹੀਦਾ ਹੈ ਅਤੇ ਯੂਨੀਵਰਸਿਟੀ ਦੀਆਂ ਕਿਤਾਬਾਂ ਵਿਚ ਅਉ ਹੋਰ ਜਗ੍ਹਾ ਵੀ ਜਿਨ੍ਹਾਂ ਸ਼ਹੀਦਾਂ ਦਾ ਜ਼ਿਕਰ ਨਹੀਂ ਆਇਆ, ਉਨ੍ਹਾਂ ਦੇ ਬਹਾਦਰੀ ਦੇ ਕਾਰਨਾਮਿਆਂ ਦਾ ਅਤੇ ਸ਼ਹੀਦੀਆਂ ਦਾ ਜ਼ਿਕਰ ਹੋਣਾ ਚਾਹੀਦਾ ਹੈ ਤਾਂ ਜੋ ਨੌਜਵਾਨ ਨਸਲਾਂ ਨੂੰ ਪਤਾ ਲਗ ਸਕੇ ਕਿ ਕਿਹੜੇ ਕਿਹੜੇ ਸ਼ਹੀਦ ਸਨ। ਹਿਸਟਰੀ ਨੂੰ ਤਰੋੜ ਮਰੋੜ ਕੇ ਪੇਸ਼ ਨਹੀਂ ਕਰਨਾ ਚਾਹੀਦਾ। ਹੋਰ ਵੀ ਬੜੇ ਲੋਕ ਬਹਾਦਰ ਹੋ ਹਨ, ਜਿਨਾਂ ਨੇ ਅੰਗਰੇਜ਼ ਦੀ ਸਰਕਾਰ ਨਾਲ ਟੱਕਰ ਲਈ ਉਨ੍ਹਾਂ ਦਾ ਜ਼ਿਕਰ ਹਿਸਟਰੀ ਵਿਚ ਜ਼ਰੂਰ ਆਉਣਾ ਚਾਹੀਦਾ ਹੈ। ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਗਿਆਨੀ ਜੀ ਇਸ ਪਾਸੇ ਵੀ ਜ਼ਰੂਰ ਧਿਆਨ ਦੇਣਗੇ। ਮੈਂ ਗਿਆਨੀ ਜ਼ੈਲ ਸਿੰਘ ਜੀ ਨੂੰ ਕਹਾਂਗਾ ਕਿ ਪੰਜਾਬ ਦੀ ਹਿਸਟਰੀ ਡਾਕਟਰ ਗੰਡਾ ਸਿੰਘ ਦੇ ਹਵਾਲੇ ਹੈ। 1942 ਦੀ ਮੂਵਮੈਂਟ ਬਾਰੇ ਜਿਹੜੀ ਅੰਗਰੇਜ਼ੀ ਵਿਚ ਲਿਖੀ ਹੈ ਅਤੇ ਜਿਸ ਵਿਚ ਲਿਬਰੇਰੀਆਂ ਦਾ ਜਿਹੜਾ ਹਵਾਲਾ ਦਿਤਾ ਗਿਆ ਹੈ, ਉਸ ਸਾਰੀ ਤਾਰੀਖ ਨੂੰ ਤਰੋੜ ਮਰੋੜ ਕੇ ਪੇਸ਼ ਕੀਤਾ ਜਾਂਦਾ ਹੈ। ਪੰਜਾਬੀ ਯੂਨੀਵਰਸਿਟੀ ਨੇ 20 ਸਾਲ ਤੋਂ ਬਾਅਦ ਜਿਹੜੀ ਹਿਸਟਰੀ ਲਿਖ ਦਿਤੀ ਹੈ, ਤੁਸੀਂ ਉਸ ਨੂੰ ਪੜ੍ਹ ਕੇ ਹੈਰਾਨ ਹੋਵੋਗੇ। ਜਿਹੜੇ ਸਾਡੇ ਸ਼ਹੀਦ ਹਨ, ਜਿਸ ਤਰ੍ਹਾਂ ਸਾਡੇ ਗੱਦਰੀ ਹਨ, ਜਿਹੜੇ ਬਾਅਦ ਵਿਚ ਹੋਏ, ਜਿਹੜੇ ਬੜੇ ਬਹਾਦਰ ਹੋਏ ਹਨ ਅਤੇ ਜਿਨ੍ਹਾਂ ਨੇ ਅੰਗਰੇਜ਼ਾਂ ਦੇ ਖਿਲਾਫ ਡੱਟ ਕੇ ਟੱਕਰ ਲਈ, ਉਨ੍ਹਾਂ ਬਾਰੇ ਜ਼ਿਕਰ ਨਹੀਂ ਕੀਤਾ ਗਿਆ। ਯੂਨੀਵਰਸਿਟੀ ਦੀਆਂ ਕਿਤਾਬਾਂ ਵਿਚ ਹਰੀ ਸਿੰਘ, ਇੰਦਰ ਸਿੰਘ ਮੁਰਾਰੀ, ਕ੍ਰਿਸ਼ਨ ਸਿੰਘ ਅਤੇ ਹੋਰ ਸ਼ਹੀਦਾਂ ਦੇ ਨਾਂ ਨਹੀਂ ਹਨ, ਜਿਨ੍ਹਾਂ ਨੇ ਹਿੰਦੁਸਤਾਨ ਲਈ ਬਹੁਤ ਵੱਡੀਆਂ ਕੁਰਬਾਨੀਆਂ ਦਿਤੀਆਂ।

ਸ਼੍ਰੀ ਸਭਾਪਤੀ : ਤੁਹਾਡਾ ਟਾਈਮ ਹੋ ਗਿਆ ਹੈ। (Your time is over please.)

ਕਾਮਰੇਡ ਅਰਜਨ ਸਿੰਘ ਮਸਤਾਨਾ : ਮੈਂ ਇਹ ਕਹਾਂਗਾ ਕਿ ਜਿਹੜੇ ਹੋਰ ਬੜੇ ਬੜੇ ਬਹਾਦਰ ਹੋਏ ਹਨ, ਉਨ੍ਹਾਂ ਦਾ ਨਾਂ ਵੀ ਹਿਸਟਰੀ ਵਿਚ ਅਤੇ ਯੂਨੀਵਰਸਿਟੀ ਦੀਆਂ ਕਿਤਾਬਾਂ ਵਿਚ ਛਪਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਕਾਰਨਾਮਿਆਂ ਦਾ ਜ਼ਿਕਰ ਹੋਣਾ ਚਾਹੀਦਾ ਹੈ। ਮਾਲੇਰਕੋਟਲੇ ਵਿਚ 65 ਆਦਮੀ ਗੋਲੀ ਨਾਲ ਭੁੰਨ ਦਿਤੇ ਗਏ ਅਤੇ ਉਹ ਸ਼ਹੀਦ ਹੋਏ, ਉਨ੍ਹਾਂ ਦਾ ਵੀ ਜ਼ਿਕਰ ਆਉਣਾ ਚਾਹੀਦਾ ਹੈ। ਡੋਮਲੀ ਚੋ ਵਿਚ ਅੰਗਰੇਜ਼ ਦੀ ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਭੁੰਨੇ ਗਏ।

ਸ਼੍ਰੀ ਸਭਾਪਤੀ : ਮਸਤਾਨਾ ਸਾਹਿਬ, ਤੁਸੀਂ ਹੁਣ ਵਾਈਂਡ ਅਪ ਕਰੋ ਜੀ। (Mastana Sahib, please wind up now.)

ਕਾਮਰੇਡ ਅਰਜਨ ਸਿੰਘ ਮਸਤਾਨਾ : ਚੇਅਰਮੈਨ ਸਾਹਿਬ, ਮੈਂ ਤੁਹਾਨੂੰ ਦਸਦਾ ਹਾਂ ਕਿ ਅੰਮ੍ਰਿਤਸਰ ਵਿਚ ਉਸ ਵੇਲੇ ਡਾਇਰ ਨੂੰ ਪਾਰਟੀ ਦੇਣ ਵਾਲੇ ਰਾਏ ਬਹਾਦਰ ਮੇਹਰਾ ਅਤੇ ਮਜੀਠੀਏ ਸਨ, ਅਕਾਲ ਤਖਤ ਤੇ ਉਸ ਨੂੰ ਸਰੋਪਾ ਦਿਤਾ ਗਿਆ, ਇਹ ਸਾਰੀਆਂ ਚੀਜ਼ਾਂ ਵੀ ਕਿਤਾਬਾਂ ਵਿਚ ਅਤੇ ਹਿਸਟਰੀ ਵਿਚ ਲਿਖਣੀਆਂ ਚਾਹੀਦੀਆਂ ਹਨ। ਇਹੀ ਆਦਮੀ ਮਜੀਠੀਏ ਅਤੇ ਮੇਹਰਾ ਵਗੈਰਾ ਜਦੋਂ ਸ਼ਹੀਦ ਉਧਮ ਸਿੰਘ ਦੀਆਂ ਅਸਥੀਆ ਆਈਆਂ ਤਾਂ ਵੀ ਅਗੇ ਸਨ। ਇਸ ਦੇ ਨਾਲ ਮੈਂ ਨਨਕਾਣਾ ਸਾਹਿਬ ਦੇ ਬੇਦੀਆਂ ਦੀ ਮਿਸਾਲ ਵੀ ਦੇਣਾ ਚਾਹੁੰਦਾ ਹਾਂ।

ਸ਼੍ਰੀ ਸਭਾਪਤੀ : ਮਸਤਾਨਾ ਜੀ ਤੁਸੀਂ ਹੁਣ ਬੰਦ ਕਰੋ ਜੀ। ਕਾਫੀ ਟਾਈਮ ਹੋ ਗਿਆ ਹੈ। (Mastana ji, please wind up now. You have already taken much time.)

Original with;
Punjab Vidhan Sabha
Digitized by;
Panjab Digital Library

ਕਾਮਰੇਡ ਅਰਜਨ ਸਿੰਘ ਮਸਤਾਨਾ : ਇਕ ਮਿੰਟ ਹੋਰ ਦੇਵੋ ਜੀ ।

ਸ਼੍ਰੀ ਸਭਾਪਤੀ : ਇਕ ਮਿੰਟ ਦਾ ਮਤਲਬ ਇਕ ਮਿੰਟ ਹੋਣਾ ਚਾਹੀਦਾ ਹੈ । (All right you should wind up within a minute.)

ਕਾਮਰੇਡ ਅਰਜਨ ਸਿੰਘ ਮਸਤਾਨਾ : ਮੈਂ ਗਿਆਨੀ ਜੀ ਨੂੰ ਇਹ ਕਹਾਂਗਾ ਕਿ ਜਿਥੇ ਉਨ੍ਹਾਂ ਨੇ ਸ਼ਹੀਦਾਂ ਵਾਰਤੇ, ਉਨ੍ਹਾਂ ਦੇ ਘਰ ਵਾਲਿਆਂ ਨੂੰ ਪੈਨਸ਼ਨਾਂ ਦਿਤੀਆਂ ਹਨ, ਉਥੇ ਉਨ੍ਹਾਂ ਨੂੰ ਇਹ ਗੱਲ ਵੀ ਧਿਆਨ ਵਿਚ ਰਖਣੀ ਚਾਹੀਦੀ ਹੈ ਕਿ ਹੋਰ ਵੀ ਕਈ ਸ਼ਹੀਦਾਂ ਦੇ ਪਰਿਵਾਰ ਰੁਲਦੇ ਫਿਰਦੇ ਹਨ ਉਨ੍ਹਾਂ ਦਾ ਵੀ ਖਿਆਲ ਰਖਿਆ ਜਾਵੇ । ਇੰਨਾ ਕਹਿ ਕੇ ਮੈਂ ਫਿਰ ਆਪਣੀ ਪਾਰਟੀ ਵਲੋਂ ਸ਼ਹੀਦ ਉਧਮ ਸਿੰਘ ਨੂੰ ਸ਼ਰਧਾ ਦੇ ਫੁਲ ਭੇਂਟ ਕਰਦਾ ਹਾਂ ।

ਸਰਦਾਰ ਗੁਰਦੇਵ ਸਿੰਘ ਬਾਦਲ (ਫਰੀਦਕੋਟ, ਐਸ ਸੀ) : ਚੇਅਰਮੈਨ ਸਾਹਿਬ, ਅੱਜ ਸ਼ਹੀਦ ਉੱਧਮ ਸਿੰਘ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ ਜਾ ਰਹੀ ਹੈ । ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬਾਨ ਨੂੰ ਇਹ ਬੇਨਤੀ ਕਰਾਂਗਾ ਕਿ ਜੇ ਉਨ੍ਹਾਂ ਨੇ ਆਪੋ ਵਿਚ ਕੋਈ ਜ਼ਰੂਰੀ ਗੱਲ ਕਰਨੀ ਹੈ ਤਾਂ ਕਿਸੇ ਹੋਰ ਸਮੇਂ ਤੇ ਕਰ ਲੈਣ ਜਾਂ ਆਪਣੇ ਦਫਤਰ ਵਿਚ ਬੈਠ ਕੇ ਕਰਨ । ਜਿਹੜੀਆਂ ਇਸ ਵੇਲੇ ਇਹ ਗਲ਼ਾਂ ਕਰ ਰਹੇ ਹਨ, ਇਹ ਚੀਜ਼ ਸ਼ੋਭਾ ਨਹੀਂ ਦਿੰਦੀ ਕਿਉਂਕਿ ਅਸੀਂ ਇਸ ਵੇਲੇ ਸ਼ਹੀਦ ਉੱਧਮ ਸਿੰਘ ਨੂੰ ਸ਼ਰਧਾਂਜਲੀ ਅਰਪਿਤ ਕਰ ਰਹੇ ਹਾਂ । ਜਾਂ ਇਹ ਬਾਹਰ ਜਾ ਕੇ ਗਲ ਕਰ ਲੈਣ ।

ਸ਼੍ਰੀ ਸਭਾਪਤੀ : ਇਹ ਠੀਕ ਹੈ, ਵਜ਼ੀਰ ਸਾਹਿਬਾਨ ਨੇ ਜੇ ਕੋਈ ਜ਼ਰੂਰੀ ਗੱਲ ਕਰਨੀ ਹੈ ਤਾਂ ਆਪਣੇ ਦਫਤਰ ਵਿਚ ਗੱਲ ਬਾਤ ਕਰ ਲੈਣ । ਬਾਦਲ ਸਾਹਿਬ ਨੇ ਜੋ ਕੁਝ ਕਿਹਾ ਹੈ, ਚੌਧਰੀ ਸਾਹਿਬ, ਉਹ ਤੁਹਾਡੇ ਤੇ ਲਾਗੂ ਹੁੰਦਾ ਹੈ । ਅਸੀਂ ਇਸ ਵੇਲੇ ਹੌਮੇਜ ਪੇ ਕਰ ਰਹੇ ਹਾਂ (The hon. Member is right. If the hon. Ministers have something important to discuss among themselves they may please do so in their offices. What Sardar Gurdev Singh Badal says, Chaudhri Sahib, is applicable to you. The House is, at present, paying homage to the martyr.)

ਸਰਦਾਰ ਗੁਰਦੇਵ ਸਿੰਘ ਬਾਦਲ : ਚੇਅਰਮੈਨ ਸਾਹਿਬ, ਅੱਜ ਅਸੀਂ ਉਸ ਮਹਾਨ ਸ਼ਹੀਦ ਨੂੰ ਸ਼ਰਧਾਂਜਲੀ ਪੇਸ਼ ਕਰ ਰਹੇ ਹਾਂ ਜਿਸ ਦੇ ਹਿਰਦੇ ਵਿਚ ਦੇਸ਼ ਲਈ ਪਿਆਰ, ਅਜ਼ਾਦੀ ਲਈ ਤੜਪ, ਗੁਲਾਮੀ ਲਈ ਗੁੱਸਾ, ਉਚੇ ਆਦਰਸ਼ਾਂ ਲਈ ਉਤਸ਼ਾਹ ਅਤੇ ਦਿੜ੍ਹਤਾ ਸੀ । ਉਨ੍ਹਾਂ ਦੇ ਦਿਲ ਵਿਚ ਪੰਜਾਬ ਦੇ ਵਾਸੀਆਂ ਲਈ ਪਿਆਰ ਕੂਟ ਕੂਟ ਕੇ ਭਰਿਆ ਹੋਇਆ ਸੀ । ਉਹ ਆਪਣੇ ਇਸ ਪੰਜਾਬ ਵਾਸੀਆਂ ਦੀਆਂ ਕੁਰਬਾਨੀਆਂ ਦਾ ਬਦਲਾ ਲੈਣ ਲਈ ਇੰਗਲੈਂਡ ਗਏ ਅਤੇ ਉਥੇ ਉਨ੍ਹਾਂ ਨੇ ਅੰਗ੍ਰੇਜ਼ ਜਨਰਲ ਡਾਇਰ ਨੂੰ ਗੋਲੀ ਨਾਲ ਮਾਰ ਕੇ ਆਪਣੇ ਪੰਜਾਬ ਵਿਚ ਹੋਏ ਹਤਿਆਕਾਂਡ ਦਾ ਬਦਲਾ ਲਿਆ ਅਤੇ ਅਖ਼ੀਰ ਵਿਚ ਆਪ ਵੀ ਫਾਂਸੀ ਤੇ ਚੜ੍ਹ ਗਏ । ਕਹਿੰਦੇ ਹਨ ਮਰ ਤਾਂ ਸਾਰੇ ਜਾਂਦੇ ਹਨ ਪਰ ਅਜਿਹੀ ਮੌਤ ਕੋਟੀ ਹੀ ਮਰਦਾ ਹੈ—

ਮਰਤਾ ਮਰਤਾ ਜਗ ਮੋਇਆ ਮਰ ਭੀ ਜਾਨੇ ਕੋਇ,
ਐਸੀ ਮਰਨੀ ਸੋ ਮਰੇ ਬਹੁਰ ਨਾ ਮਰਨਾ ਹੋਇ ।

Original with;
Punjab Vidhan Sabha
Digitized by;
Panjab Digital Library

ਸੋ ਚੇਅਰਮੈਨ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜਿਹੜਾ ਅਜਿਹੀ ਮੌਤ ਮਰਦਾ ਹੈ ਉਹ ਮਰ ਨਹੀਂ ਜਾਂਦਾ ਬਲਕਿ ਉਹ ਹਮੇਸ਼ਾ ਜਿਉਂਦਾ ਰਹਿੰਦਾ ਹੈ। ਚੇਅਰਮੈਨ ਸਾਹਿਬ, ਕੋਈ ਜ਼ਿਆਦਾ ਸ਼ਰਾਬ ਪੀ ਕੇ ਮਰ ਜਾਂਦਾ ਹੈ, ਕੋਈ ਬਿਮਾਰ ਹੋ ਕੇ ਮਰ ਜਾਂਦਾ ਹੈ, ਕੋਈ ਗਡੀ ਟਰੱਕ ਦੇ ਨਾਲ ਟੱਕਰ ਹੋ ਜਾਣ ਨਾਲ ਮਰ ਜਾਂਦਾ ਹੈ ਪਰ ਅਜਿਹੀ ਮੌਤ ਤਾਂ ਕੋਈ ਹੀ ਮਰਦਾ ਹੈ। ਮੈਂ ਤਾਂ ਇਹ ਕਹਾਂਗਾ ਕਿ ਸ਼ਹੀਦ ਉੱਧਮ ਸਿੰਘ ਅੱਜ ਵੀ ਮਰਿਆ ਨਹੀਂ ਅਤੇ ਨਾ ਹੀ ਉਹ ਮਰੇਗਾ। ਜਦੋਂ ਤਕ ਇਹ ਦੁਨੀਆ ਰਹੇਗੀ ਉਦੋਂ ਤਕ ਸ਼ਹੀਦ ਉੱਧਮ ਸਿੰਘ ਜੀ ਦਾ ਨਾਂ ਰੋਸ਼ਨ ਰਹੇਗਾ।

ਚੇਅਰਮੈਨ ਸਾਹਿਬ, ਉਸ ਨੇ ਆਪਣੀ ਖਾਤਰ ਕੁਝ ਨਹੀਂ ਕੀਤਾ, ਆਪਣੇ ਪਰਿਵਾਰ ਦੀ ਖਾਤਰ ਕੁਝ ਨਹੀਂ ਕੀਤਾ, ਆਪਣੇ ਰਿਸ਼ਤੇਦਾਰਾਂ ਦੀ ਖਾਤਰ ਕੁਝ ਨਹੀਂ ਕੀਤਾ। ਉਸ ਨੇ ਕੀਤਾ ਕਿਨ੍ਹਾਂ ਦੀ ਖਾਤਰ ? ਜਿਨ੍ਹਾਂ ਭੈਣਾਂ ਦੇ ਸੁਹਾਗ ਲੁਟ ਗਏ ਸਨ, ਜਿਨ੍ਹਾਂ ਮਾਵਾਂ ਦੀਆਂ ਕੁਖਾਂ ਖਾਲੀ ਹੋ ਗਈਆਂ ਸਨ ਅਤੇ ਉਹ ਇਸ ਦੁਖੜੇ ਵਿਚ ਕੂਕਾਂ ਮਾਰ ਕੇ ਰੋ ਰਹੀਆਂ ਸਨ ਉਨ੍ਹਾਂ ਦੀਆਂ ਕੂਕਾਂ ਨੂੰ ਸੁਣ ਕੇ ਉਸ ਦੇ ਮਨ ਵਿਚ ਤੜਪ ਉਠੀ ਅਤੇ ਉਸ ਵੇਲੇ ਉਸ ਨੇ ਕਿਹਾ ਸੀ ਕਿ ਮੈਂ ਆਪਣੇ ਆਪ ਨੂੰ ਜਿਉਂਦਾ ਨਹੀਂ ਸਮਝਦਾ ਜਿਤਨੀ ਦੇਰ ਤਕ ਕਿ ਮੈਂ ਆਪਣੀਆਂ ਇਨ੍ਹਾਂ ਭੈਣਾਂ ਦੇ ਸੁਹਾਗਾਂ ਦਾ ਬਦਲਾ ਨਹੀਂ ਲੈ ਲੈਂਦਾ। ਉਸ ਦੇ ਕੰਨਾਂ ਵਿਚ ਉਨ੍ਹਾਂ ਭੈਣਾਂ ਦੀਆਂ ਕੂਕਾਂ ਆ ਰਹੀਆਂ ਸਨ ਜਿਨ੍ਹਾਂ ਭੈਣਾਂ ਦੇ ਸੁਹਾਗ ਲੁਟੇ ਗਏ ਸਨ। ਉਸ ਦੇ ਦਿਲ ਵਿਚ ਅੱਗ ਲੱਗੀ ਸੀ। ਉਸ ਨੇ ਬਦਲਾ ਲੈਣ ਵਾਸਤੇ ਆਪਣੇ ਮਨ ਨੂੰ ਪੱਕਾ ਕਰ ਲਿਆ ਸੀ। ਜਿਵੇਂ ਕਿ ਮੇਰੇ ਤੋਂ ਪਹਿਲਾਂ ਪ੍ਰੇਮ ਜੀ ਨੇ 'ਇਕ ਭੈਣ ਦੀ ਗਲ ਦਸੀ ਜਿਸ ਦਾ ਕਿ ਸੁਹਾਗ ਲੁਟਿਆ ਗਿਆ ਸੀ ਉਹ ਭੈਣ ਬਾਬਾ ਅਟੱਲ ਸਾਹਿਬ ਦੇ ਬੈਠੀ ਸੀ। 13 ਅਪ੍ਰੈਲ ਦਾ ਮੇਲਾ ਜਿਹੜਾ ਕਿ ਅੰਮ੍ਰਿਤਸਰ ਸ਼ਹਿਰ ਵਿਚ ਹਰ ਸਾਲ ਲਗਦਾ ਹੈ ਜਿਵੇਂ ਕਿ ਸ਼੍ਰੀ ਅਨੰਦਪੁਰ ਸਾਹਿਬ ਵਿਚ ਹੋਲੇ ਮਹੱਲੇ ਦਾ ਮੇਲਾ ਲਗਦਾ ਹੈ, ਮਾਘੀ ਦਾ ਮੇਲਾ ਮੁਕਤਸਰ ਵਿਚ ਲਗਦਾ ਹੈ ਇਸੇ ਤਰ੍ਹਾਂ ਹੀ ਵਿਸਾਖੀ ਦਾ ਮੇਲਾ ਅੰਮ੍ਰਿਤਸਰ ਵਿਚ ਹਰ ਸਾਲ ਲਗਦਾ ਹੈ। ਉਥੇ ਲੋਕ ਆਪਣੇ ਮਨ ਵਿਚ ਸੁਖਣਾ ਲੈਕੇ ਜਾਂਦੇ ਹਨ ਅਤੇ ਕਈ ਕਈ ਅਰਦਾਸਾਂ ਕਰਕੇ ਆਉਂਦੇ ਹਨ। ਆਉਂਦੇ ਸਾਲ ਜਦੋਂ ਉਨ੍ਹਾਂ ਦੀ ਅਰਦਾਸ ਮੰਨੀ ਜਾਂਦੀ ਹੈ ਤਾਂ ਉਹ ਫਿਰ ਇਸ ਵੈਸਾਖੀ ਦੇ ਦਿਨ ਇਥੇ ਮੇਲੇ ਤੇ ਪਹੁੰਚ ਕੇ ਆਪਣੀ ਸੁਖਣਾ ਲਾਹੁੰਦੇ ਹਨ। ਇਸੇ ਤਰ੍ਹਾਂ ਹੀ ਉਹ ਭੈਣ ਜਿਸ ਦਾ ਜ਼ਿਕਰ ਮੈਂ ਪਹਿਲੇ ਕੀਤਾ ਹੈ ਉਹ ਉਥੇ ਆਪਣੇ ਸੁਹਾਗ ਨੂੰ ਨਾਲ ਲੈਕੇ ਆਈ ਸੀ ਕਿ ਵਾਹਿਗੁਰੂ ਸੱਚੇ ਪਾਤਸ਼ਾਹ ਸਾਡੇ ਘਰ ਵਿਚ ਪੁਤਰ ਦੀ ਦਾਤ ਬਖਸ਼ ਅਸੀਂ ਆਉਂਦੇ ਸਾਲ ਫਿਰ ਆ ਕੇ ਇਥੇ ਹੀ ਆਪਣੀ ਸੁਖਣਾ ਲਾਹਵਾਂਗੇ। ਉਹ ਭੈਣ ਇਹ ਸੁਖਣਾ ਮੰਨ ਕੇ ਇਥੇ ਆਪਣੇ ਘਰ ਵਿਚ ਪੁਤਰ ਦੀ ਦਾਤ ਲੈਣ ਲਈ ਆਈ ਸੀ ਪਰ ਆਪਣੇ ਸੁਹਾਗ ਨੂੰ ਵੀ ਖੋ ਬੈਠੀ। ਉਹ ਵਿਚਾਰੀ ਕੂਕਾਂ ਮਾਰ ਮਾਰ ਕੇ ਰੋ ਰਹੀ ਸੀ ਅਤੇ ਬਾਬਾ ਅਟੱਲ ਸਾਹਿਬ ਦੇ ਬੈਠੀ ਸੀ। ਉਥੇ ਜਦੋਂ ਸ਼ਹੀਦ ਉੱਧਮ ਸਿੰਘ ਗਿਆ ਤਾਂ ਉਸ ਨੇ ਉਸ ਭੈਣ ਨੂੰ ਵੇਖ ਕੇ ਕਿਹਾ ਕਿ ਤੂੰ ਕਿਉਂ ਇਤਨੀਆਂ ਕੂਕਾਂ ਮਾਰ ਰਹੀ ਹੈ ਤੈਨੂੰ ਕੀ ਤਕਲੀਫ ਹੈ। ਪਰ ਉਸ ਭੈਣ ਦੀ ਅਵਾਜ਼ ਸੁਕ ਗਈ ਸੀ ਉਹ ਬੋਲ ਨਹੀਂ ਸੀ ਸਕਦੀ ਬਾਰ ਬਾਰ ਪੁਛਣ ਤੇ ਉਸ ਭੈਣ ਨੇ ਦਸਿਆ ਕਿ ਇਸ ਵੇਲੇ ਮੇਰਾ ਕੋਈ ਨਹੀ ਹੈ ਮੈਂ ਇਥੇ ਪੁਤਰ ਦੀ ਬਖਸ਼ੀਸ਼ ਲੈਣ ਵਾਸਤੇ ਆਈ ਸੀ ਪਰ ਇਸ ਜਲਿਆਂਵਾਲੇ ਬਾਗ ਵਿਚ ਆਪਣੇ ਸੁਹਾਗ ਨੂੰ ਵੀ ਖੋ ਬੈਠੀ ਹਾਂ। ਉਸ ਵੇਲੇ ਸ਼ਹੀਦ ਉੱਧਮ ਸਿੰਘ ਦੇ ਮਨ ਵਿਚ ਤੜਪ ਉਠੀ ਅੱਖਾਂ ਵਿਚ ਅਥਰੂ ਆ ਗਏ ਅਤੇ ਉਸ ਨੇ ਬਾਬਾ ਅਟੱਲ ਸਾਹਿਬ ਦੀ ਹਜ਼ੂਰ ਵਿਚ ਕਿਹਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਵ ਸਿੰਘ ਬਾਦਲ]

ਕਿ ਮੈਂ ਤੇਰੇ ਸੁਹਾਗ ਦਾ ਬਦਲਾ ਲਵਾਂਗਾ । ਉਸ ਭੈਣ ਨੇ ਕਿਹਾ ਕਿ ਮੇਰੇ ਸੁਹਾਗ ਦੀ ਲਾਸ਼ ਜਲਿਆਂ ਵਾਲੇ ਬਾਗ ਵਿਚ ਪਈ ਹੈ ਉਹ ਲਾਸ਼ ਮੇਰੇ ਤਕ ਪਹੁੰਚਾ ਦੇ। ਮੈਂ ਤੇਰੇ ਨਾਲ ਚਲਦੀ ਹਾਂ । ਉਧਮ ਸਿੰਘ ਨੇ ਕਿਹਾ ਕਿ ਭੈਣ ਤੂੰ ਇਥੇ ਬੈਠ ਮੈਂ ਉਥੋਂ ਲਾਸ਼ ਲੈ ਆਵਾਂਗਾ, ਤੇਰਾ ਉਥੇ ਜਾਣਾ ਖਤਰੇ ਤੋਂ ਖਾਲੀ ਨਹੀਂ ਹੈ । ਉਹ ਭੈਣ ਕਹਿਣ ਲਗੀ ਤੈਨੂੰ ਉਸ ਦੇ ਕਪੜਿਆਂ ਦਾ ਪਤਾ ਨਹੀਂ ਹੈ, ਤੈਨੂੰ ਉਸ ਜਗ੍ਹਾ ਦਾ ਪਤਾ ਨਹੀਂ ਹੈ ਤੈਨੂੰ ਮੇਰੇ ਸੁਹਾਗ ਦੀ ਪਹਿਚਾਨ ਨਹੀਂ ਹੈ । ਇਸ ਵਾਸਤੇ ਮੈਂ ਤੇਰੇ ਨਾਲ ਚਲਾਂਗੀ । ਸਰਦਾਰ ਉਧਮ ਸਿੰਘ ਨੇ ਬੜਾ ਰੋਕਿਆ ਕਿ ਤੇਰਾ ਜਾਣਾ ਖਤਰੇ ਤੋਂ ਖਾਲੀ ਨਹੀਂ ਹੈ ਪਰ ਉਹ ਭੈਣ ਨਾ ਮੰਨੀ । ਸਰਦਾਰ ਉਧਮ ਸਿੰਘ ਉਸ ਭੈਣ ਨੂੰ ਨਾਲ ਲੈਕੇ ਰਾਤ ਵੇਲੇ ਜਲ੍ਹਿਆਂ ਵਾਲੇ ਬਾਗ ਵਿਚ ਤੁਰ ਪਿਆ ਉਥੇ ਅੰਗ੍ਰੇਜ਼ ਪੁਲਿਸ ਦਾ ਪਹਿਰਾ ਸੀ ਜਿਹੜਾ ਵੀ ਉਥੇ ਜਾਂਦਾ ਸੀ ਉਸ ਨੂੰ ਗੋਲੀ ਨਾਲ ਉਡਾ ਦਿੱਤਾ ਜਾਂਦਾ ਸੀ । ਸਰਦਾਰ ਉਧਮ ਸਿੰਘ ਰਾਤ ਨੂੰ ਚੋਰੀ ਚੋਰੀ ਉਸ ਭੈਣ ਨੂੰ ਨਾਲ ਲੈ ਕੇ ਰਿੜਦਾ ਰਿੜਦਾ ਉਸ ਥਾਂ ਤੇ ਪੁਜਿਆ ਜਿਥੇ ਉਸ ਭੈਣ ਦੇ ਸੁਹਾਗ ਦੀ ਲਾਸ਼ ਪਈ ਸੀ। ਉਸ ਲਾਸ਼ ਨੂੰ ਮੋਢੇ ਤੇ ਸੁਟ ਕੇ ਜਦ ਆ ਰਿਹਾ ਸੀ ਤਾਂ ਕਿਸੇ ਅੰਗ੍ਰੇਜ਼ ਸਿਪਾਈ ਨੇ ਵੇਖ ਲਿਆ ਉਸ ਨੇ ਉਸ ਤੇ ਫਾਇਰ ਕੀਤਾ ਉਹ ਗੋਲੀ ਸਰਦਾਰ ਉਧਮ ਸਿੰਘ ਦੇ ਭੋਲਿਆਂ ਵਿਚੋਂ ਲੰਘ ਗਈ ਪਰ ਉਸ ਨੇ ਪਰਵਾਹ ਨਾ ਕੀਤੀ ਅਤੇ ਉਸ ਲਾਸ਼ ਨੂੰ ਲੈਕੇ ਅਤੇ ਭੈਣ ਦੇ ਨਾਲ ਅਕਾਲ ਤੱਖਤ ਪੁਜ ਗਿਆ । ਉਥੇ ਜਾਕੇ ਉਸ ਨੇ ਉਸ ਸਤਿਗੁਰੂ ਸੱਚੇ ਪਾਤਸ਼ਾਹ ਅੱਗੇ ਅਰਦਾਸ ਕੀਤੀ ਕਿ ਹੇ ਸਤਿਗੁਰੂ ਮੈਨੂੰ ਇਤਨੀ ਤਾਕਤ ਦਿਓ ਤਾ ਕਿ ਮੈਂ ਆਪਣੇ ਪੰਜਾਬ ਦੇ ਵਸਨੀਕਾਂ ਦਾ ਬਦਲਾ ਜਿਨ੍ਹਾਂ ਦੇ ਕਿ ਸੁਹਾਗ, ਪੁਤਰ ਲੁਟ ਗਏ ਹਨ, ਲੈ ਸਕਾਂ ਅਤੇ ਉਸ ਅੰਗ੍ਰੇਜ਼ ਦੁਸ਼ਮਨ ਦਾ ਮੁਕਾਬਲਾ ਕਰ ਸਕਾਂ ।

ਉਸ ਦੇ ਮਨ ਵਿਚ ਤੜਪ ਲਗੀ ਸੀ, ਉਸ ਦੇ ਦਿਲ ਵਿਚ ਬਦਲਾ ਲੈਣ ਦੀ ਅੱਗ ਭੜਕ ਰਹੀ ਸੀ । ਉਹ ਸ਼੍ਰੀ ਨਗਰ ਪੁਜ ਗਿਆ ਪਰ ਉਥੇ ਪਹੁੰਚ ਕੇ ਵੀ ਉਸ ਨੇ ਆਪਣਾ ਬਦਲਾ ਲੈਣ ਲਈ ਇੰਗਲੈਂਡ ਜਾਣ ਵਾਸਤੇ ਆਪਣੇ ਯਤਨ ਜਾਰੀ ਰਖੇ । ਉਹ ਦੁਸ਼ਮਨ ਜਿਸ ਨੇ ਅੰਮ੍ਰਿਤਸਰ ਵਿਚ ਹਤਿਆਕਾਂਡ ਕੀਤਾ ਸੀ ਉਹ ਇੰਗਲੈਂਡ ਚਲਾ ਗਿਆ ਸੀ । ਇਸ ਵਾਸਤੇ ਸਰਦਾਰ ਉਧਮ ਸਿੰਘ ਦੇ ਮਨ ਵਿਚ ਉਥੇ ਜਾਣ ਲਈ ਤੜਪ ਸੀ । ਇਕ ਦਿਨ ਉਹ ਆਪਣੇ ਯਤਨਾਂ ਵਿਚ ਸਫਲ ਹੋ ਗਿਆ ਅਤੇ ਆਪਣੇ ਯਤਨਾਂ ਨਾਲ ਇੰਗਲੈਂਡ ਪੁਜ ਗਿਆ । ਸਰਦਾਰ ਉਧਮ ਸਿੰਘ ਜਿਸ ਮੰਤਵ ਲਈ ਉਥੇ ਗਿਆ ਸੀ ਉਹ ਉਥੇ ਜਾ ਕੇ ਭੁਲਿਆ ਨਹੀਂ । ਸਰਦਾਰ ਉਧਮ ਸਿੰਘ ਉਸ ਅੰਗ੍ਰੇਜ਼ ਦੁਸ਼ਮਣ ਨੂੰ ਕਿਸੇ ਦੁਕਾਨ ਤੇ ਖੜੇ ਹੋਏ ਨੂੰ ਨਹੀਂ ਸੀ ਮਾਰਨਾ ਚਾਹੁੰਦਾ, ਬਜ਼ਾਰ ਵਿਚ ਜਾਂਦੇ ਹੋਏ ਨੂੰ ਨਹੀਂ ਸੀ ਮਾਰਨਾ ਚਾਹੁੰਦਾ, ਕਿਸੀ ਇਕੱਲੀ ਜਗ੍ਹਾ ਤੇ ਨਹੀਂ ਸੀ ਮਾਰਨਾ ਚਾਹੁੰਦਾ, ਉਹ ਚਾਹੁੰਦਾ ਸੀ ਕਿ ਜਿਸ ਤਰ੍ਹਾਂ ਜਨਰਲ ਡਾਇਰ ਨੇ ਖੁਲੇ ਜਲਸੇ ਦੇ ਵਿਚ ਪੰਜਾਬ ਦੇ ਲੋਕਾਂ ਤੇ ਗੋਲੀ ਚਲਾਈ ਸੀ ਮੈਂ ਵੀ ਉਸੇ ਤਰ੍ਹਾਂ ਹੀ ਇਸ ਨੂੰ ਖਤਮ ਕਰਾਂ । ਸਰਦਾਰ ਉਧਮ ਸਿੰਘ ਇਹੋ ਜਿਹੇ ਸਮੇਂ ਦੀ ਉਡੀਕ ਵਿਚ ਸੀ ਕਿ ਕਦੋਂ ਜਨਰਲ ਓਡਵਾਇਰ ਇਹ ਕਿਸੇ ਜਲਸੇ ਮੀਟਿੰਗ ਆਦਿ ਵਿਚ ਮਿਲੇ ਤਾਂ ਉਸ ਨੂੰ ਗੋਲੀ ਦਾ ਸ਼ਿਕਾਰ ਬਣਾ ਦਿੱਤਾ ਜਾਵੇ । ਉਸ ਉਡੀਕ ਵਿਚ ਉਸ ਨੇ 21 ਸਾਲ ਗੁਜ਼ਾਰ ਦਿੱਤੇ ਆਖਿਰ ਇਕ ਦਿਨ ਆਇਆ ਜਿਸ ਦਿਨ ਕਿ ਉਹ ਦੁਸ਼ਮਣ ਕੈਕਸਟਨ ਹਾਲ ਵਿਚ ਖੜਾ ਸਪੀਚ ਦੇ ਰਿਹਾ ਸੀ ਕਿ ਮੈਂ ਪੰਜਾਬ ਵਿਚ ਕਿਸ ਤਰ੍ਹਾਂ ਲੋਕਾਂ ਨੂੰ ਗੋਲੀ ਦਾ ਸ਼ਿਕਾਰ ਬਣਾਇਆ, ਹਜ਼ਾਰਾਂ ਪੰਜਾਬੀ ਮਾਰ ਦਿੱਤੇ । ਇਸ ਤਰ੍ਹਾਂ ਦੀ ਜਦ ਉਹ ਅੰਗ੍ਰੇਜ਼

Original with;
Punjab Vidhan Sabha
Digitized by;
Panjab Digital Library

ਆਪਣੀ ਪ੍ਰਸ਼ੰਸ਼ਾਂ ਕਰ ਰਿਹਾ ਸੀ ਤਾਂ ਸਰਦਾਰ ਉਧਮ ਸਿੰਘ ਕੋਲੋਂ ਨਾ ਰਿਹਾ ਗਿਆ ਉਸ ਨੇ ਇਸ ਮੌਕੇ ਨੂੰ ਬੜਾ ਚੰਗਾ ਮੌਕਾ ਸਮਝਿਆ । ਉਸ ਦੀ ਸਪੀਚ ਸੁਣ ਕੇ ਉਸ ਦਾ ਖੂਨ ਖੌਲ੍ਹ ਉਠਿਆ, ਮਥੇ ਤੇ ਤਰੇੜੀਆਂ ਆ ਗਈਆਂ । ਉਸ ਨੇ ਆਪਣੀ ਜੇਬ ਵਿਚ ਹੱਥ ਪਾਕੇ 6 ਗੋਲੀਆਂ ਦੀ ਰੀਵਾਲਵਰ ਕਢੀ ਅਤੇ ਉਸ ਦੁਸ਼ਮਣ ਤੇ ਫਾਇਰ ਕਰ ਦਿੱਤਾ । ਫਾਇਰ ਕਰਨ ਤੋਂ ਬਾਅਦ ਉਥੇ ਖੜਾ ਰਿਹਾ ਅਤੇ ਕਹਿਣ ਲਗਾ ਕਿ ਅੱਜ ਮੈਂ ਆਪਣੇ ਪੰਜਾਬ ਦੀਆਂ ਭੈਣਾਂ ਦੇ ਸੁਹਾਗਾਂ ਦਾ ਬਦਲਾ ਲੈ ਲਿਆ ਹੈ ਅਤੇ ਕਹਿਣ ਲਗਾ—

'ਬਿਰਥੀ ਕਦੇ ਨਾ ਹੋਵਈ ਜਨ ਕੀ ਅਰਦਾਸ'

ਜਦੋਂ ਉਸ ਨੂੰ ਫਾਂਸੀ ਦਾ ਹੁਕਮ ਸੁਣਾਇਆ ਗਿਆ ਤਾਂ ਉਸ ਕੋਲੋਂ ਆਖਰੀ ਖਾਹਸ਼ ਪੁਛੀ ਗਈ । ਉਸ ਦੀ ਆਖਰੀ ਖਾਹਸ਼ ਸੀ ਕਿ ਮੇਰਾ ਸੰਸਕਾਰ ਮੇਰੇ ਆਪਣੇ ਪੰਜਾਬ ਵਿਚ ਹੋਵੇ । ਜਿਸ ਵੇਲੇ ਫਾਂਸੀ ਲਗਣ ਦਾ ਸਮਾਂ ਹੋਇਆ ਤਾਂ ਉਸ ਨੇ ਸਤਿਗੁਰੂ ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੂੰ ਹਾਜ਼ਰ ਨਾਜ਼ਰ ਸਮਝ ਕੇ ਅੰਤਮ ਅਰਦਾਸ ਕਰਨ ਲਗਾ ਉਹ ਕਹਿਣ ਲਗਾ ਕਿ ਇਸ ਤੋਂ ਬਾਅਦ ਜਦੋਂ ਵੀ ਮੇਰਾ ਜਨਮ ਹੋਵੇ ਸਿੱਖਾਂ ਦੇ ਘਰ ਹੋਵੇ, ਦਿਲ ਮੇਰਾ ਕਾਲਾ ਹੋਵੇ, ਰੰਗ ਮੇਰਾ ਗੋਰਾ ਹੋਵੇ ਅੱਖਾਂ ਬਿਲੀਆ ਹੋਣ ਅਤੇ ਜਦ ਵੀ ਮਰਾਂ ਇਨ੍ਹਾਂ ਅੰਗ੍ਰੇਜ਼ਾਂ ਨੂੰ ਮਾਰ ਕੇ ਹੀ ਮਰਾਂ ।

ਜਦੋਂ ਉਸ ਦੇ ਫਾਂਸੀ ਲਾਉਣ ਨੂੰ 2 ਮਿੰਟ ਰਹਿੰਦੇ ਸਨ ਤਾਂ ਸ਼ਹੀਦ ਉਧਮ ਸਿੰਘ ਜੀ ਕੋਲੋਂ ਆਖਰੀ ਖਾਹਸ਼ ਪੁਛੀ ਗਈ ਤਾਂ ਉਸ ਨੇ ਕਿਹਾ ਕਿ ਤੁਸੀਂ ਜਲਦੀ ਕਰੋ ਮੈਨੂੰ ਫਾਂਸੀ ਦਿਉ ਤਾਂ ਕਿ ਮੈਂ ਉਸ ਦੁਸ਼ਮਣ ਦਾ ਪਿਛਾ ਕਰ ਸਕਾਂ ਕਿਤੇ ਉਹ ਅਗੇ ਜਾ ਕੇ ਫਿਰ ਕਿਸੇ ਦੇ ਸੁਹਾਗ ਨਾ ਲੁਟਣ ਹੋਵੇ । ਇਹ ਉਸ ਦੀ ਅਰਦਾਸ ਸੀ । ਉਹ ਆਪਣੇ ਦੇਸ ਵਾਸਤੇ ਸ਼ਹੀਦ ਹੋ ਗਿਆ, ਉਸ ਦਾ ਨਾਂ ਹਮੇਸ਼ਾਂ ਅਮਰ ਰਹੇਗਾ ।

* * * * (ਸ਼ੋਰ) * * * * (ਰੌਲਾ)

ਸ਼੍ਰੀ ਸਭਾਪਤੀ : ਇਹ ਜਿਹੜੇ ਲਫਜ਼ ਕਹੇ ਹਨ ਇਹ ਐਕਸਪੰਜ ਕਰ ਦਿਤੇ ਜਾਣ । (These words should be expunged.)

ਸਰਦਾਰ ਸਾਧੂ ਸਿੰਘ (ਸੁਲਤਾਨਪੁਰ) : ਸ਼ਹੀਦ ਉਧਮ ਸਿੰਘ ਦਾ ਜਨਮ 18 ਦਸੰਬਰ, 1899 ਨੂੰ, ਪਿੰਡ ਸੁਨਾਮ, ਜ਼ਿਲ੍ਹਾ ਸੰਗਰੂਰ ਦੇ ਵਿਚ ਹੋਇਆ ।

"ਜਨਨੀ ਜਨੇ ਤਾਂ ਭਗਤ ਜਨ ਕਹਿ ਦਾਤਾ ਕਹਿ ਸੂਰ,
ਨਹੀਂ ਤਾਂ ਜਨਨੀ ਬਾਂਝ ਭਲੀ ਕਾਹੇ ਗਵਾਵੇ ਨੂਰ ।

ਅਜੇ ਇਹ ਦੋ ਕੁ ਸਾਲ ਦੇ ਹੀ ਸਨ ਕਿ ਇਨ੍ਹਾਂ ਦੀ ਮਾਤਾ ਸੁਰਗਵਾਸ ਹੋ ਗਈ । ਜਦੋਂ ਆਪ 7 ਸਾਲ ਦੇ ਹੋਏ ਤਾਂ ਇਨ੍ਹਾਂ ਦੇ ਪਿਤਾ ਵੀ ਅਕਾਲ ਚਲਾਣਾ ਕਰ ਗਏ । ਇਨ੍ਹਾਂ ਦੇ ਚਾਚਾ ਨੇ ਜਦੋਂ ਇਹ ਦੋਵੇਂ ਭਰਾ ਜ਼ਰਾ ਵਡੇ ਹੋਏ ਤਾਂ ਇਨ੍ਹਾਂ ਨੂੰ ਚੀਫ ਖਾਲਸਾ ਦੀਵਾਨ ਦੇ ਸਕੂਲ ਵਿਚ ਮੁਢਲੀ ਤਾਲੀਮ ਦਵਾਈ ।

Translated by Interpreter by the Hon.

Original with;
Punjab Vidhan Sabha
Digitized by;
Panjab Digital Library

[ਸਰਦਾਰ ਸਾਧੂ ਸਿੰਘ ਸੁਲਤਾਨਪਰ]

13 ਅਪਰੈਲ, 1919 ਨੂੰ ਜਦੋਂ ਜਲ੍ਹਿਆਂ ਵਾਲੇ ਬਾਗ਼ ਦਾ ਖ਼ੂਨੀ ਵਾਕਾ ਹਿੰਦੁਸਤਾਨ ਦੀ ਹਿਸਟਰੀ ਵਿਚ ਹੋਇਆ, ਉਸ ਵੇਲੇ ਇਹ ਯਤੀਮ ਵੀ ਉਥੇ ਮੌਜੂਦ ਸੀ ਜਦੋਂ ਡਾਇਰ ਨੇ 1600 ਰਾਊਂਡ ਨਿਹੱਥੇ ਹਿੰਦੁਸਤਾਨੀਆਂ ਤੇ ਚਲਾਏ । ਇਸ ਨੌਜਵਾਨ ਨੇ ਉਦੋਂ ਹੀ ਇਹ ਪ੍ਰਣ ਕੀਤਾ ਕਿ ਮੈਂ ਇਸ ਸ਼ਖਸ਼ ਦਾ ਜਿਸ ਨੇ ਨਿਹੱਥੇ ਹਿੰਦੁਸਤਾਨੀਆਂ ਦਾ ਖ਼ੂਨ ਕੀਤਾ ਹੈ, ਇਸ ਦਾ ਬਦਲਾ ਮੈਂ ਜ਼ਰੂਰ ਲਵਾਂਗਾ ।

ਇਹ ਬਦਲੇ ਦੀ ਭਾਵਨਾ ਨੂੰ ਦਿਲ ਵਿਚ ਲਈ ਲਗਾਤਾਰ 21 ਸਾਲ ਤੱਕ ਇਹ ਨੌਜਵਾਨ ਫਿਰਦਾ ਰਿਹਾ । ਇਸ ਦੇ ਦਿਲ ਵਿਚ ਇਹ ਸੀ ਕਿ ਕੋਈ ਵਕਤ ਆਵੇ ਜਦੋਂ ਉਹ ਇਕ ਵਾਰ ਜ਼ਰੂਰ ਬਦਲਾ ਲਵੇ । ਪਹਿਲਾਂ ਇਹ ਅਮਰੀਕਾ ਗਿਆ ਫੇਰ ਉਥੋਂ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਨੇ ਉਥੋਂ ਵਾਪਸ ਬੁਲਾ ਲਿਆ, ਇਸ ਲਈ ਇਸ ਨੂੰ ਬੁਲਾਇਆ ਸੀ ਕਿਉਂਕਿ ਕੁਝ ਗਲਾਂ ਹੀ ਐਸੀਆਂ ਸਨ ਜੋ ਗਦਰ ਪਾਰਟੀ ਨੇ ਆਪਸ ਵਿਚ ਕਰਨੀਆਂ ਸਨ । ਅੰਮ੍ਰਿਤਸਰ ਆ ਕੇ ਸਰਦਾਰ ਭਗਤ ਸਿੰਘ ਅਤੇ ਸਰਦਾਰ ਉਧਮ ਸਿੰਘ ਇਕ ਕੇਸ ਦੇ ਸਿਲਸਲੇ ਵਿਚ ਫੜੇ ਗਏ, ਇਨ੍ਹਾਂ ਪਾਸੋਂ ਇਕ ਇਕ ਪਿਸਟਲ ਬਰਾਮਦ ਹੋਇਆ ਸੀ । ਇਸ ਕੇਸ ਵਿਚ ਇਨਾਂ ਨੂੰ ਚਾਰ ਸਾਲ ਦੀ ਸਜ਼ਾ ਹੋ ਗਈ ਅਤੇ ਦੋਨਾਂ ਨੇ ਜਿਹ ਸਜ਼ਾ ਮੁਲਤਾਨ ਜੇਲ੍ਹ ਵਿਚ ਕੁਠੜੀ ਪਰ ਹਿੰਦੁਸਤਾਨੀਆਂ ਦਾ ਬਦਲਾ ਲੈਣ ਦੀ ਅੱਗ ਅਜੇ ਵੀ ਇਸ ਨੌਜਵਾਨ ਦੇ ਦਿਲ ਵਿਚ ਭੜਕ ਰਹੀ ਸੀ । ਇਹ ਨੌਜਵਾਨ ਕਸ਼ਮੀਰ, ਸਿਰੀਨਗਰ ਵਿਚ ਦੀ ਹੁੰਦਾ ਹੋਇਆ, ਕਈ ਮੁਸਲਮਾਨ ਕੰਟਰੀਜ਼ ਪਾਰ ਕਰਦਾ ਹੋਇਆ ਕਿਵੇਂ ਨਾ ਕਿਵੇਂ ਆਪਣਾ ਮਕਸਦ ਪੂਰਾ ਕਰਨ ਵਾਸਤੇ ਇੰਗਲੈਂਡ ਜਾ ਪਹੁੰਚਾ । ਇਹ ਚਾਹੁੰਦਾ ਤਾਂ ਬਹੁਤ ਪਹਿਲਾਂ ਹੀ ਡਾਇਰ ਨੂੰ ਖਤਮ ਕਰ ਸਕਦਾ ਸੀ ਪਰ ਉਧਮ ਸਿੰਘ ਚਾਹੁੰਦਾ ਸੀ ਕਿ ਕਿਵੇਂ ਉਹ ਵਕਤ ਆਵੇ ਜਦੋਂ ਜਨਰਲ ਡਾਇਰ, ਓਡਵਾਇਰ ਅਤੇ ਲਾਰਡ ਜ਼ੈਟਲੈਂਡ ਤਿੰਨੇ ਇਕੱਠੇ ਮਿਲਣ । ਇਨ੍ਹਾਂ ਦਿਨਾਂ ਵਿਚ ਜਨਰਲ ਡਾਇਰ ਤਾਂ ਪਹਿਲਾਂ ਹੀ ਮਰ ਚੁਕਾ ਸੀ, ਜ਼ੈਟਲੈਂਡ ਅਤੇ ਓਡਵਾਇਰ ਇਹ ਦੋਵੇਂ ਜਿੰਦਾ ਸਨ । ਇਹ ਦੋਵੇਂ ਇਕ ਦਿਨ ਕੈਕਸਟਨ ਨਾਮੀ ਜਗ੍ਹਾ ਤੇ ਇਕੱਠ ਵਿਚ ਤਕਰੀਰਾਂ ਕਰ ਰਹੇ ਸਨ । ਏਥੇ ਓਡਵਾਇਰ ਨੇ ਕਿਹਾ ਕਿ ਮੈਂ ਇਸ ਤਰ੍ਹਾਂ ਜਲ੍ਹਿਆਂ ਵਾਲੇ ਬਾਗ਼ ਵਿਚ ਗੋਲੀ ਚਲਾਈ ਸੀ, ਇਹ ਕਹਿਣਾ ਹੀ ਸੀ ਕਿ ਉਧਮ ਸਿੰਘ ਦੀ ਪਿਸਤੌਲ ਵਿਚੋਂ ਗੋਲੀ ਨਿਕਲੀ ਕਿ ਓਡਵਾਇਰ ਉਥੇ ਹੀ ਚਿਤ ਹੋ ਗਿਆ, ਦੂਸਰੀ ਗੋਲੀ ਲਾਰਡ ਜ਼ੈਟ-ਲੈਂਡ ਦੀ ਬਾਹ ਵਿਚ ਲਗੀ, ਉਹਦੀ ਬਾਂਹ ਟੁਟ ਗਈ ਪਰ ਉਹ ਮਰਿਆ ਨਹੀਂ । ਇਸ ਤਰ੍ਹਾਂ ਆਪਣਾ ਫਰਜ਼ ਪੂਰਾ ਕਰਕੇ ਸਰਦਾਰ ਉਧਮ ਸਿੰਘ ਨੇ ਕਿਧਰੇ ਦੌੜਨ ਦੀ ਕੋਸ਼ਿਸ਼ ਨਹੀਂ ਕੀਤੀ ਸਗੋਂ ਆਪਣਾ ਬਲੀਦਾਨ ਦੇਣ ਲਈ ਉਥੇ ਹੀ ਖੜ੍ਹਾ ਰਿਹਾ, ਨਠਿਆ ਨਹੀਂ । 13 ਮਾਰਚ, 1940 ਨੂੰ ਸਰਦਾਰ ਉਧਮ ਸਿੰਘ ਨੂੰ ਫਾਂਸੀ ਹੋਈ । ਇਸ ਮਹਾਨ ਸ਼ਹੀਦ ਦੀਆਂ ਅਸਥੀਆਂ ਲਿਆਉਣ ਦਾ ਕੰਮ ਗਿਆਨੀ ਜੀ ਨੇ ਅਤੇ ਹਿੰਦ ਸਰਕਾਰ ਨੇ ਕੀਤਾ ਹੈ ਇਹ ਇਕ ਬਹੁਤ ਹੀ ਵਡਾ ਕੰਮ ਹੈ । ਉਹ ਨਜ਼ਾਰਾ ਕਿਸੇ ਨੂੰ ਵੀ ਨਹੀਂ ਭੁਲੇਗਾ ਜਿਸ ਨੇ ਵੇਖਿਆ ਹੋਵੇ ਕਿ ਸ਼ਹੀਦ ਉਧਮ ਸਿੰਘ ਦੀਆਂ ਅਸਥੀਆਂ ਫਿਰੋਜ਼ਪੁਰ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੀ ਸਮਾਧੀ ਤੇ ਗਈਆਂ । ਉਥੇ ਪੰਜਾਬ ਮਾਤਾ ਵੀ ਮੌਜੂਦ ਸੀ ਅਤੇ ਇਉਂ ਪਰਤੀਤ ਹੋ ਰਿਹਾ ਸੀ ਜਿਵੇਂ ਪੰਜਾਬ ਮਾਤਾ ਦੀ ਗੋਦ ਵਿਚ ਉਸ ਦੇ ਦੋਵੇਂ ਲਾਲ ਬੈਠੇ ਹਨ । ਜਿਸ ਨੇ ਇਹ ਨਜ਼ਾਰਾ ਵੇਖਿਆ ਹੈ ਅਸਲ ਵਿਚ ਉਹ ਅਜ਼ਾਦ ਭਾਰਤ ਸਰਕਾਰ ਨੂੰ ਇਸ ਗਲੋਂ ਮੁਬਾਰਕ ਦੇਵੇ ਕਿ ਅਜ ਪੰਜਾਬ ਮਾਤਾ ਦੀ

Original with;
Punjab Vidhan Sabha
Digitized by;
Panjab Digital Library

ਗੋਦ ਵਿਚ ਆ ਬੈਠੇ ਹਨ । ਮੈਂ ਗਿਆਨੀ ਜੀ ਦਾ ਅਤੇ ਹਿੰਦ ਸਰਕਾਰ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਅਤੇ ਉਨ੍ਹਾਂ ਸਾਰੇ ਭਾਈਆਂ ਦਾ ਸ਼ੁਕਰੀਆ ਅਦਾ ਕਰਦਾ ਹਾਂ ਜਿਨ੍ਹਾਂ ਨੇ ਪੂਰੇ ਉਤਸ਼ਾਹ ਨਾਲ ਸ਼ਹੀਦ ਦੀਆਂ ਅਸਤੀਆਂ ਨੂੰ ਸ਼ਰਧਾਂਜਲੀਆਂ ਅਰਪਤ ਕੀਤੀਆਂ । ਅੰਤ ਵਿਚ ਮੈਂ ਵੀ ਸ਼ਰਧਾਂਜਲੀ ਦੇ ਫੁਲ ਭੇਂਟ ਕਰਦਾ ਹੋਇਆ ਆਪਦਾ ਧੰਨਵਾਦ ਕਰਦਾ ਹਾਂ ।

ਡਾਕਟਰ ਬਲਦੇਵ ਪ੍ਰਕਾਸ਼ (ਅੰਮ੍ਰਿਤਸਰ ਪੂਰਬ) : ਚੇਅਰਮੈਨ ਸਾਹਿਬ, ਅੱਜ ਪੰਜਾਬ ਵਿਧਾਨ ਸਭਾ ਵਿਚ ਜੋ ਪੰਜਾਬ ਦੇ ਅਮਰ ਸ਼ਹੀਦ ਸਰਦਾਰ ਉਧਮ ਸਿੰਘ ਜੀ ਦੀ ਸ਼ਹਾਦਤ ਉਤੇ ਸ਼ਰਧਾਂਜਲੀ ਦੇਣ ਵਾਸਤੇ ਪਰਸਤਾਵ ਪੇਸ਼ ਕੀਤਾ ਹੈ ਮੈਂ ਉਸ ਦਾ ਸਮਰਥਨ ਕਰਨ ਲਈ ਖੜ੍ਹਾ ਹੋਇਆ ਹਾਂ । ਸਰਦਾਰ ਉਧਮ ਸਿੰਘ ਮਹਾਨ ਸ਼ਹੀਦ ਸਨ, ਜਿਨ੍ਹਾਂ ਤੇ ਅਜ ਸਾਰਾ ਪੰਜਾਬ, ਸਾਰੇ ਦੇਸ਼ ਵਾਸੀ ਮਾਣ ਕਰ ਸਕਦੇ ਹਨ । ਜਿਹੜੀ ਕੌਮ ਆਪਣੇ ਤੇ ਹੋ ਰਹੇ ਜਬਰ ਦਾ ਬਦਲਾ ਨਾ ਲੈ ਸਕੇ ਉਹ ਕੌਮਾਂ ਹਮੇਸ਼ਾ ਮਿਟ ਜਾਇਆ ਕਰਦੀਆਂ ਹਨ । ਜਿਹੜੀ ਕੌਮ ਆਪਣੇ ਅਪਮਾਨ ਦਾ ਬਦਲਾ ਨਹੀਂ ਲੈ ਸਕਦੀ ਉਹ ਸਦਾ ਲਈ ਨੇਸਤੋ ਨਾਬੂਦ ਵੱ ਜਾਇਆ ਕਰਦੀ ਹੈ । ਜਦੋਂ ਇਕ ਪਾਸਿਉਂ ਦੇਸ਼ ਦੀ ਲੜਾਈ ਲੜੀ ਜਾ ਰਹੀ ਸੀ, ਦੂਸਰੇ ਪਾਸੇ ਸ਼ਹੀਦ ਉਧਮ ਸਿੰਘ, ਜੋ ਅਪਮਾਨ ਅੰਮ੍ਰਿਤਸਰ ਦੀ ਧਰਤੀ ਤੇ ਪੰਜਾਬੀਆਂ ਨਾਲ ਹੋਇਆ ਸੀ ਉਸ ਦਾ ਦਲਾ ਲੈਣ ਵਾਸਤੇ ਆਪਣੇ ਸਿਰ ਤੇ ਕਫਨ ਬੰਨ੍ਹ ਕੇ ਜ਼ੋਰ ਸ਼ੋਰ ਨਾਲ ਤਿਆਰੀਆਂ ਕਰ ਰਹੇ ਸਨ । ਇਹ ਬਦਲਾ ਪੰਜਾਬ ਦਾ ਹੀ ਨਹੀਂ ਸੀ, ਸਾਰੇ ਹਿੰਦੁਸਤਾਨ ਦੇ ਲੋਕਾਂ ਦਾ ਬਦਲਾ ਸੀ । ਸਰਦਾਰ ਉਧਮ ਸਿੰਘ 50 ਕਰੋੜ ਹਿੰਦੁਸਤਾਨੀਆਂ ਦਾ ਨੁਮਾਇੰਦਾ ਬਣ ਕੇ ਬਦਲਾ ਲੈਣ ਲਈ ਸੋਚ ਰਿਹਾ ਸੀ । ਇਹ ਇੰਗਲੈਂਡ ਵਿਚ ਜਾ ਕੇ ਜਿਸ ਤਰ੍ਹਾਂ ਹੋਰ ਲੋਕੀਂ ਲੱਖਾਂ ਕਰੋੜਾਂ ਰੁਪਿਆ ਕਮਾ ਰਹੇ ਸੀ ਇਹ ਵੀ ਉਨ੍ਹਾਂ ਦੀ ਤਰ੍ਹਾਂ ਪੈਸਾ ਕਮਾ ਕੇ ਆਪਣੇ ਆਪ ਨੂੰ ਸੁਖ ਚੈਨ ਦੇ ਵਿਚ ਪਾ ਸਕਦਾ ਸੀ । ਸ਼ਹੀਦ ਉਧਮ ਸਿੰਘ ਬਾਰੇ ਸੋਹਲ ਸਾਹਿਬ ਨੇ ਲਿਖਿਆ ਹੈ ਕਿ ਜਦੋਂ ਗੁਰਦੁਵਾਰੇ ਵਿਚ ਲੋਕ ਬੈਠ ਕੇ ਲੋਕੀਂ ਪ੍ਰਮਾਤਮਾ ਦਾ ਨਾਉਂ ਲੈਂਦੇ ਸਨ ਇਹ ਵੀ ਉਹੋ ਤਰ੍ਹਾਂ ਪਰਕਰਮਾ ਵਿਚ ਫਿਰਦਾ ਨਜ਼ਰ ਆਉਂਦਾ ਸੀ ਪਰ ਮਨ ਵਿਚ ਕੋਈ ਹੋਰ ਖਿਆਲਾਤ ਸਦਾ ਇਸ ਦੇ ਉਡਾਲੀਆਂ ਖਾਂਦੇ ਰਹਿੰਦੇ ਸਨ । ਇਸ ਦੇ ਬਾਰੇ ਕੌਣ ਜਾਣਦਾ ਸੀ ਕਿ 50 ਕਰੋੜ ਲੋਕਾਂ ਦਾ ਇਹ ਫਟੇ ਪੁਰਾਣੇ ਕਪੜਿਆਂ ਵਿਚ ਇਕ ਨੁਮਾਇੰਦਾ ਹੈ ਜਿਹੜਾ ਇਥੇ ਹੋਰ ਕਿਸੇ ਮੰਤਵ ਲਈ ਨਹੀਂ ਸਗੋਂ ਆਪਣਾ ਫਰਜ਼ ਪੂਰਾ ਕਰਨ ਦੇ ਲਈ ਆਇਆ ਹੋਇਆ ਹੈ । ਸੋਹਲ ਸਾਹਿਬ ਨੇ ਆਪਣੇ ਆਰਟੀਕਲ ਵਿਚ ਲਿਖਿਆ ਕਿ ਉਹ ਬਦਲਾ ਤਾਂ ਪਹਿਲੇ ਦਿਨ ਹੀ ਲੈ ਸਕਦਾ ਸੀ ਪਰ ਉਹ ਇਹ ਚਾਹੁੰਦਾ ਸੀ ਕਿ ਜਦੋਂ ਡਾਇਰ, ਓਡਵਾਇਰ ਅਤੇ ਲਾਰਡ ਜ਼ੈਟਲੈਂਡ ਕਿਤੇ ਤਿੰਨੇ ਇਕੱਠੇ ਮਿਲਣ ਤਾਂ ਹੀ ਉਹ ਵਾਰ ਕਰੇ । ਇਨ੍ਹਾਂ ਵਿਚੋਂ ਡਾਇਰ ਤਾਂ ਪਹਿਲਾਂ ਹੀ ਆਪਣੀ ਮੌਤ ਮਰ ਚੁਕਾ ਸੀ । ਫਿਰ ਦਿਨ ਜਦੋਂ ਕਿ ਓਡਵਾਇਰ ਅਤੇ ਲਾਰਡ ਜ਼ੈਟਲੈਂਡ ਇਕ ਜਲਸੇ ਵਿਚ ਤਕਰੀਰ ਕਰ ਰਹੇ ਸਨ, ਤਾਂ ਸ਼ਹੀਦ ਉਧਮ ਸਿੰਘ ਨੇ ਓਡਵਾਇਰ ਨੂੰ ਵੰਗਰਿਆ ਅਤੇ ਉਹੋ ਹੀ ਰਖਿਆ ਫੇਰ ਦੂਸਰਾ ਫਾਇਰ ਲਾਰਡ ਜ਼ੈਟਲੈਂਡ ਤੇ ਕੀਤਾ ਜਿਸ ਦਾ ਬਾਜੂ ਜ਼ਖਮੀ ਹੋ ਗਿਆ ਅਤੇ ਇਸ ਤਰ੍ਹਾਂ ਉਹ ਬਚ ਨਿਕਲਿਆ । ਇਤਨਾ ਮਹਾਨ ਕੰਮ ਇਸ ਕੌਮ ਦੇ ਨੇਤਾ ਸ਼ਹੀਦ ਉਧਮ ਸਿੰਘ ਨੇ ਕੀਤਾ ਜਿਸ ਨੂੰ ਤਾਰੀਖ ਦੇ ਸੁਨਹਿਰੀ ਵਰਕਿਆਂ ਵਿਚ ਲਿਖਿਆ ਜਾਵੇਗਾ । ਉਸ ਮਹਾਨ ਨੇਤਾ ਨੂੰ ਅੱਜ ਅਸੀਂ ਸ਼ਰਧਾਂਜਲੀ ਦੇਣ ਵਾਸਤੇ ਇਕੱਠੇ ਹੋਏ ਹਾਂ । ਮੈਂ ਪੰਜਾਬ ਸਰਕਾਰ ਨੂੰ ਵੀ ਇਸ ਵਧਾਈ ਤੋਂ ਵੰਚਤ ਨਹੀਂ ਕਰਨਾ ਚਾਹੁੰਦਾ, ਜਿਹੜਾ ਉਨ੍ਹਾਂ ਨੇ ਇਸ ਮਹਾਨ ਸ਼ਹੀਦ ਦੀਆਂ ਅਸਥੀਆਂ ਇਕੱਠੀਆਂ ਕਰਨ ਲੰਮੇ

Original with;
Punjab Vidhan Sabha
Digitized by;
Panjab Digital Library

[ਡਾਕਟਰ ਬਲਦੇਵ ਪ੍ਰਕਾਸ਼]

ਕੀਤਾ ਹੈ । ਇਹ ਮਹਾਨ ਕੰਮ ਦਾ ਬਰ ਵਕਤ ਪੰਜਾਬ ਸਰਕਾਰ ਦਾ ਕਰਨਾ, ਸਰਕਾਰ ਵਾਕਿਅਈ ਵਧਾਈ ਦੀ ਪਾਤਰ ਹੈ ਜੋ ਸਨਮਾਨ ਇਨ੍ਹਾਂ ਨੇ ਸ਼ਹੀਦ ਦੀਆਂ ਅਸਥੀਆਂ ਲਿਆਕੇ ਦੇਸ਼ ਵਾਸੀਆਂ ਤੋਂ ਦਿਵਾਇਆ ਹੈ । ਕੌਮਾਂ ਖੜੀਆਂ ਨਹੀਂ ਰਹਿੰਦੀਆਂ ਜਿਹੜੀਆਂ ਆਪਣੇ ਸ਼ਹੀਦਾਂ ਦੇ ਪੂਰਨਿਆਂ ਤੇ ਨਹੀਂ ਚਲਦੀਆਂ । ਜਦੋਂ ਵੀ ਕਿਸੇ ਸ਼ਹੀਦ ਨੂੰ ਸਰਧਾਂਜਲੀ ਦਿੱਤੀ ਜਾਂਦੀ ਹੈ ਇਹ ਦੇਸ਼ ਵਾਸੀਆਂ ਲਈ ਇਕ ਤਰ੍ਹਾਂ ਦੀ ਪਰੇਰਨਾ ਹੁੰਦੀ ਹੈ ਕੁਰਬਾਨੀ ਕਰਨ ਲਈ ਅਤੇ ਆਪਣਾ ਆਪ ਨਿੱਛਾਵਰ ਕਰਨ ਲਈ । ਅੱਜ ਸਾਡੀ ਕੌਮ ਜਦੋਂ ਕਿ ਇਕ ਮਹਾਨ ਸੰਕਟ ਕਾਲ ਵਿਚੋਂ ਦੀ ਗੁਜ਼ਰ ਰਹੀ ਹੈ, ਜ਼ਰੂਰਤ ਇਸ ਗਲ ਦੀ ਹੈ ਕਿ ਅਸੀਂ ਵੀ ਆਪਣਾ ਲਾਲਚ, ਆਪਣੇ ਵਾਸਤੇ ਸਵੇ ਮਨੋਰਥ ਕੌਮ ਦੇ ਲਈ ਤਿਆਗ ਕੇ ਦੇਸ਼ ਨੂੰ ਚੰਗੇ ਅਤੇ ਤਰੱਕੀ ਦੇ ਰਸਤੇ ਤੇ ਲੈ ਜਾਈਏ । ਅਸੀਂ ਉਹ ਕੰਮ ਕਰੀਏ ਜਿਸ ਦਾ ਕੇਵਲ ਸਾਨੂੰ ਹੀ ਲਾਭ ਨਾ ਹੋਵੇ ਸਗੋਂ ਸਾਰੀ ਕੌਮ ਨੂੰ ਲਾਭ ਹੋਵੇ । ਮੈਂ ਇਕ ਗਲ ਹੋਰ ਇਹ ਵੀ ਕਹਾਂਗਾ ਕਿ ਜੇ ਹੋਰ ਵੀ ਕਿਸੇ ਮਹਾਨ ਸ਼ਹੀਦ ਦੀਆਂ ਅਸਥੀਆਂ ਇਸ ਦੇਸ਼ ਤੋਂ ਬਾਹਰ ਹੋਣ, ਉਨ੍ਹਾਂ ਨੂੰ ਵੀ ਪੰਜਾਬ ਸਰਕਾਰ ਲਿਆਉਣ ਦਾ ਯਤਨ ਕਰੇ ਅਤੇ ਇਸੇ ਤਰ੍ਹਾਂ ਸਨਮਾਨ ਦਿਲਾਏ । ਇਨ੍ਹਾਂ ਸ਼ਬਦਾਂ ਨਾਲ ਮੈਂ ਸ਼ਹੀਦ ਸਰਦਾਰ ਉਧਮ ਸਿੰਘ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ ।

ਮਾਸਟਰ ਚੰਦ ਸਿੰਘ ਸ਼ੇਰਪੁਰ (ਐਸ. ਸੀ.) : ਚੇਅਰਮੈਨ ਸਾਹਿਬ, ਸ਼ਹੀਦ ਉਧਮ ਸਿੰਘ ਸੁਨਾਮ ਜੋ ਕਿ ਮਹਾਨ ਸ਼ਹੀਦ ਹਨ, ਉਨ੍ਹਾਂ ਨੂੰ ਸ਼ਰਧਾਂਜਲੀ ਪੇਸ਼ ਕਰਨ ਲਈ ਜਿਹੜਾ ਮਤਾ ਰਖਿਆ ਗਿਆ ਹੈ, ਮੈਂ ਉਹਦੇ ਸਬੰਧ ਵਿਚ ਖੜਾ ਹੋਇਆ ਹਾਂ । ਚੇਅਰਮੈਨ ਸਾਹਿਬ, ਆਜ਼ਾਦੀ ਮਿਲੇ ਨੂੰ 27 ਸਾਲ ਹੋ ਗਏ ਹਨ ਪਰ ਸ਼ਹੀਦ ਨੂੰ ਪਤਾ ਨਹੀਂ ਕਿਉਂ ਭੁਲ ਗਏ ਸੀ । 27 ਸਾਲ ਬਾਅਦ ਅੱਜ ਸ਼ਹੀਦ ਦੀਆਂ ਅਸਥੀਆਂ ਇਥੇ ਲਿਆਂਦੀਆਂ ਗਈਆਂ ਹਨ । ਚੇਅਰਮੈਨ ਸਾਹਿਬ, ਮਦਨ ਲਾਲ ਢੀਂਗਰਾ, ਉਹ ਵੀ ਮਹਾਨ ਸ਼ਹੀਦ ਹੋਏ ਹਨ । ਉਨ੍ਹਾਂ ਦੀਆਂ ਅਸਥੀਆਂ ਬਾਹਰਲੇ ਮੁਲਕ ਵਿਚ ਹਨ । ਇਨ੍ਹਾਂ ਨੂੰ ਵੀ ਲਿਆਉਣਾ ਚਾਹੀਦਾ ਹੈ ਜੋ ਕਿ ਲੋਕਾਂ ਦੇ ਹਰਮਨ ਪਿਆਰੇ ਲੀਡਰ ਸਨ ਅਤੇ ਅੰਗਰੇਜ਼ ਸਰਕਾਰ ਵਲੋਂ, ਜ਼ਾਲਮ ਸਰਕਾਰ ਵਲੋਂ, ਸ਼ਹੀਦ ਕੀਤੇ ਗਏ ਸਨ । ਇਨ੍ਹਾਂ ਦੀਆਂ ਅਸਥੀਆਂ ਨੂੰ ਮੰਗਵਾਉਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕਰ ਸਕੀਏ । ਚੇਅਰਮੈਨ ਸਾਹਿਬ, ਜਦੋਂ ਇਨ੍ਹਾਂ ਦੀਆਂ ਅਸਥੀਆਂ ਹਿਦੁਸਤਾਨ ਵਿਚ ਆਈਆਂ ਤਾਂ ਸਰਕਾਰ ਨੂੰ ਚਾਹੀਦਾ ਸੀ ਕਿਉਂਕਿ ਸ਼ਹੀਦ ਸਭ ਦੇ ਸਾਂਝੇ ਹੁੰਦੇ ਹਨ, ਇਸ ਲਈ ਸਾਰੀਆਂ ਪਾਰਟੀਆਂ ਦੀ ਕਮੇਟੀ ਬਣਾਉਂਦੇ ਤਾਂ ਕਿ ਉਨ੍ਹਾਂ ਦੀਆਂ ਅਸਥੀਆਂ ਦਾ ਚੰਗੀ ਤਰ੍ਹਾਂ ਸਵਾਗਤ ਕੀਤਾ ਜਾਂਦਾ । ਬਾਕੀ ਜਿਥੇ ਜਿਥੇ ਕਮੇਟੀਆਂ ਬਣੀਆਂ ਸੀ ਉਨ੍ਹਾਂ ਬਾਰੇ ਮਾਤਾਨਾ ਜੀ ਨੇ ਆਪਣੀ ਤਕਰੀਰ ਵਿਚ ਦਸਿਆ ਹੈ । ਅੰਮ੍ਰਿਤਸਰ ਵਿਚ ਜਿਹੜੀ ਰਿਸੈਪਸ਼ਨ ਕਮੇਟੀ ਬਣੀ ਉਸ ਵਿਚ ਡਾਹਿਰ ਵੇਲੇ ਦਾ ਉਹਦਾ ਇਕ ਸਾਥੀ ਵੀ ਸੀ । ਉਸ ਨੇ ਕਿਹਾ ਸੀ ਕਿ ਜਲ੍ਹਿਆਂ ਵਾਲੇ ਬਾਗ ਵਿਚ ਗੋਲੀ ਚਲਾਉਣ ਨਾਲ ਅੰਮ੍ਰਿਤਸਰ ਦੇ ਅਮਨ ਨੂੰ ਬਚਾ ਲਿਆ ਗਿਆ । ਉਹ ਬੰਦਾ ਉਸ ਰਿਸੈਪਸ਼ਨ ਕਮੇਟੀ ਵਿਚ ਸੀ ।

ਸ਼੍ਰੀ ਸਭਾਪਤੀ : ਚੋਪੜਾ ਜੀ, ਤੁਸੀਂ ਸ਼ਰਧਾਂਜਲੀ ਅਰਪਨ ਕਰਨ ਲਈ ਖੜੇ ਹੋਏ ਹੋ ਇਸ ਲਈ ਇਸ ਵਿਚ ਕੰਟਾਵਰਸ਼ਿਅਲ ਚੀਜ਼ਾਂ ਨਾ ਲਿਅਉ । ਤੁਹਾਡੇ ਫੈਕਟਸ ਠੀਕ ਨਹੀਂ ਹਨ । (Chopra Ji, you are on your legs to pay homage Therefore, you should not introduce any controversial matter. Your statement is not based on facts.)

Original with;
Punjab Vidhan Sabha
Digitized by;
Panjab Digital Library

ਮਾਸਟਰ ਚੰਦ ਸਿੰਘ : ਮੈਂ ਤਾਂ ਇਹ ਬਿਆਨ ਕਰ ਰਿਹਾ ਸੀ ਕਿ ਉਸ ਰਿਸੈਪਸ਼ਨ ਕਮੇਟੀ ਵਿਚ ਡਾਇਰ ਦੇ ਹਾਮੀ ਵੀ ਬਤੌਰ ਮੈਂਬਰ ਲਏ ਗਏ ਸੀ, ਅਤੇ ਇਸ ਤਰ੍ਹਾਂ ਕਰਨਾ ਠੀਕ ਨਹੀਂ । ਇਨ੍ਹਾਂ ਨੇ ਜਨਰਲ ਡਾਇਰ ਦੇ ਹੱਕ ਵਿਚ ਬਿਆਨ ਦਿਤੇ ਸਨ । ਮਲੇਰਕੋਟਲੇ ਵਿਚ ਕੂਕਿਆਂ ਨੂੰ ਅਤੇ ਹੋਰ ਪਰਜਾ ਮੰਡਲ ਦੇ ਸਾਥੀ ਹਨ, ਇਨ੍ਹਾਂ ਵਿਚੋਂ ਕਿਸੇ ਨੂੰ ਰਿਸੈਪਸ਼ਨ ਕਮੇਟੀ ਵਿਚ ਨਹੀਂ ਲਿੱਤਾ ਗਿਆ । (ਵਿਘਨ) ਇਸ ਕਮੇਟੀ ਵਿਚ ਮੈਂਬਰ ਲਏ ਕਿਹੜੇ ਗਏ ? ਜਿਹੜੇ ਨਵਾਬਾਂ ਜਾਂ ਰਾਜਿਆਂ ਵਿਚੋਂ ਹਨ । ਚੇਅਰਮੈਨ ਸਾਹਿਬ, ਇਸ ਤਰ੍ਹਾਂ ਮੈਂ ਕਹਿ ਰਿਹਾ ਸੀ ਕਿ ਉਨ੍ਹਾਂ ਦਾ ਨਿਸ਼ਾਨਾਂ ਸੀ ਕਿ ਦੇਸ਼ ਵਿਚ ਅੰਗਰੇਜ਼ਾਂ ਨੂੰ ਕੱਢਣਾ ਹੈ । ਜਿਨ੍ਹਾਂ ਨੇ ਸਾਡੇ ਪੰਜਾਬੀਆਂ ਤੇ ਅਤਿਆਚਾਰ ਕੀਤਾ ਉਨ੍ਹਾਂ ਦਾ ਬਦਲਾ ਲੈਣਾ ਅਤੇ ਬਦਲਾ ਲਿਆ ਗਿਆ ਅਤੇ ਹਿੰਦੁਸਤਾਨ ਦੀ ਅਣਖ ਨੂੰ ਜਗਾਇਆ । ਉਨ੍ਹਾਂ ਦਾ ਇਹ ਵੀ ਨਿਸ਼ਾਨਾ ਸੀ ਕਿ ਦੇਸ਼ ਵਿਚ ਕੋਈ ਸਮਾਜਕ ਨਾ-ਬਰਾਬਰੀ ਨਾ ਹੋਵੇ, ਦੇਸ਼ ਵਿਚ ਲੁਟ-ਖਸੁਟ ਨਾ ਹੋਵੇ। ਪਰ ਤੁਹਾਨੂੰ ਪਤਾ ਹੈ ਇਥੇ ਕੀ ਹੋ ਰਿਹਾ ਹੈ ?

ਸ਼੍ਰੀ ਸਭਾਪਤੀ : ਅੱਜ ਦੇ ਦਿਨ ਉਤੇ ਕੋਈ ਕੰਟ੍ਰਾਵਰਸ਼ਿਅਲ ਚੀਜ਼ਾਂ ਨਾ ਕਹੋ, ਜੇ ਕਹੋਗੇ ਤਾਂ ਮੈਂ ਆਉਣ ਨਹੀਂ ਦਿਆਗਾ (ਵਿਘਨ) (Please do not introduce any controversial matter today. I will not permit it.)

ਮਾਸਟਰ ਚੰਦ ਸਿੰਘ : ਚੇਅਰਮੈਨ ਸਾਹਿਬ, ਅੱਜ ਵੀ ਉਸੇ ਤਰ੍ਹਾਂ ਲੁਟ-ਖਸੁਟ ਜਾਰੀ ਹੈ । ਇਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਤਾਂ ਹੀ ਹੋਵੇਗੀ ਜੇ ਸਰਮਾਇਦਾਰੀ ਢਾਂਚੇ ਨੂੰ ਖਤਮ ਕੀਤਾ ਜਾਏ । ਚੇਅਰਮੈਨ ਸਾਹਿਬ, ਸੁਨਾਮ ਵਿਚ ਪੈਦਾ ਹੋਇਆ ਉਨ੍ਹਾਂ ਦਾ ਸਾਥੀ ਕਾਮਰੇਡ ਚਮਕ ਅੱਜ ਵੀ ਉਸ ਨੂੰ ਪੁਲਿਸ ਨੇ ਡਾਂਗਾ ਮਾਰੀਆਂ ਹਨ । ਇਹ ਮਾੜੀ ਗਲ ਕੀਤੀ ਹੈ । ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਜਿਹੜੇ ਉਨ੍ਹਾਂ ਨੇ ਨਿਸ਼ਾਨੇ ਮਿਥੇ ਸੀ ਉਨ੍ਹਾਂ ਨੂੰ ਪੂਰਾ ਕਰਨਾ ਚਾਹੀਦਾ ਹੈ, ਲੁਟ ਖਸੁਟ ਨੂੰ ਖਤਮ ਕਰਨਾ ਚਾਹੀਦਾ ਹੈ, ਜਾਗੀਰਦਾਰੀ ਨੂੰ ਖਤਮ ਕਰਨਾ ਚਾਹੀਦਾ ਹੈ । ਅਸੀਂ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਤਾਂ ਹੀ ਦੇ ਸਕਾਂਗੇ ਜੇ ਇਹ ਨਿਸ਼ਾਨੇ ਪੂਰੇ ਕਰੀਏ । ਮੈਂ ਆਪਣੇ ਵਲੋਂ, ਆਪਣੀ ਪਾਰਟੀ ਵਲੋਂ ਸ਼ਰਧਾਂਜਲੀ ਪੇਸ਼ ਕਰਦਿਆਂ ਬੈਠਦਾ ਹਾਂ ।

EXTENSION OF TIME OF THE SITTING OF THE HOUSE

ਸ਼੍ਰੀ ਸਭਾਪਤੀ : ਇਸ ਮੋਸ਼ਨ ਤੇ ਕਈ ਮੈਂਬਰਜ਼ ਨੇ ਬੋਲਣਾ ਹੈ, ਇਸ ਲਈ ਜੇ ਹਾਊਸ ਦੀ ਮਰਜ਼ੀ ਹੋਵੇ ਤਾਂ ਇਹਦਾ ਟਾਈਮ ਐਕਸਟੈਂਡ ਕਰ ਦਿੱਤਾ ਜਾਵੇ । (Many Members have to speak on this motion. In case the House agrees, the time of the sitting may be extended.)

ਅਵਾਜ਼ਾਂ : ਹਾਂ ਜੀ, ਹਾਂ ਜੀ ।

ਸ਼੍ਰੀ ਸਭਾਪਤੀ : ਹਾਊਸ ਦਾ ਸਮਾਂ 7-00 ਵਜੇ ਤਕ ਐਕਸਟੈਂਡ ਕੀਤਾ ਜਾਂਦਾ ਹੈ । ਸ਼੍ਰੀ ਪ੍ਰੇਮ ਗੁਪਤਾ । (The time of the sitting is extended upto 7-00 p.m. Shri Prem Gupta.)

ਸ਼੍ਰੀ ਪ੍ਰੇਮ ਗੁਪਤਾ : ਚੇਅਰਮੈਨ ਸਾਹਿਬ.. .. ..

Original with;
Punjab Vidhan Sabha
Digitized by;
Panjab Digital Library

ਸਰਦਾਰ ਦਰਸ਼ਨ ਸਿੰਘ ਕੋ. ਪੀ. : ਆਨ ਏ ਪੁਆਇੰਟ ਆਫ ਆਰਡਰ, ਸਰ ।

ਸ਼੍ਰੀ ਸਭਾਪਤੀ : ਮੈਂ ਪਹਿਲਾਂ ਹੀ ਸ਼੍ਰੀ ਗੁਪਤਾ ਨੂੰ ਕਾਲ ਅਪਾਨ ਕਰ ਬੈਠਾ ਹਾਂ । (I have already called upon Shri Prem Gupta.)

ਸਰਦਾਰ ਦਰਸ਼ਨ ਸਿੰਘ ਕੋ. ਪੀ. : ਮੇਰਾ ਤਾਂ ਪੁਆਇੰਟ ਆਫ ਆਰਡਰ ਹੈ ਸੀ । ਮੈਂ ਜਨਾਬ ਤੋਂ ਇਹ ਜਾਣ ਕਾਰੀ ਮੰਗਦਾ ਹਾਂ ਕਿ ਇਹ ਜੋ ਸ਼ੈਡਿਊਲਡ ਕਾਸਟ ਕਮਿਸ਼ਨਰ ਦੀ ਰਿਪੋਰਟ ਪਈ ਹੈ, ਕੀ ਇਸ ਤੇ ਡਿਸਕਸ਼ਨ ਕਰਾਉਗੇ ਜਾਂ ਨਹੀਂ ।

ਸ਼੍ਰੀ ਸਭਾਪਤੀ : ਮੈਂ ਸਾਰਿਆਂ ਤੋਂ ਪੁਛਕੇ ਹੀ ਕਾਰਵਾਈ ਚਲਾ ਰਿਹਾ ਹਾਂ । ਮੈਂ ਹਾਊਸ ਦੀ ਇਜ਼ਾਜ਼ਤ ਨਾਲ ਕੰਮ ਕਰ ਰਿਹਾ ਹਾਂ । ਕਿਉਂਕਿ ਮੈਂਬਰ ਸਾਹਿਬਾਨ ਇਸ ਤੇ ਜ਼ਿਆਦਾ ਬੋਲਣਾ ਚਾਹੁੰਦੇ ਸੀ ਅੱਤ ਇਹ ਇਕ ਐਸੀ ਗੱਲ ਹੈ ਜਿਹੜੀ ਕਿ ਕੌਮ ਨੂੰ ਉੱਪਰ ਉਠਾਉਂਦੀ ਹੈ, ਇਸ ਕਰਕੇ ਹੀ ਹਾਊਸ ਦੀ ਰਾਏ ਨਾਲ, ਮੈਂ ਇਸ ਤੇ ਟਾਈਮ ਦਿਤਾ ਹੈ । ਇਸ ਤੋਂ ਬਾਅਦ ਜੇ ਹਾਊਸ ਦੀ ਰਾਏ ਹੋਵੇ ਕਿ ਦੂਸਰੀ ਚੀਜ਼ ਨੂੰ ਵੀ ਡਿਸਕਸ ਕਰਨਾ ਹੈ ਤਾਂ ਚਾਹੇ ਸਾਰੀ ਰਾਤ ਬੈਠੇ ਰਹੋ । ਮੈਨੂੰ ਕੋਈ ਇਤਰਾਜ਼ ਨਹੀਂ, ਜੋ ਕਹੋਗੇ ਉਹੀ ਕਰਾਂਗੇ । (I am conducting the House according to its wishes. I act on its commands. Since, more Members wanted to speak on this issue and also because the matter enhances the respect of the Nation, more time has been allowed for this discussion with the prior permission of the House. Later on, if the House wishes to take up the other issue, then I will have no objection if it dicusses it even for the whole night. I will abide by its commands.)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ । (ਵਿਘਨ)

ਸ਼੍ਰੀ ਸਭਾਪਤੀ : ਮੈਂ ਮੈਂਬਰ ਸਾਹਿਬਾਨ ਕੋਲ ਅਰਜ਼ ਕਰਾਂਗਾ ਕਿ ਪੁਆਇੰਟ ਆਫ ਆਰਡਰ ਨਾ ਉਠਾਣ । ਇਸ ਨਾਲ ਟਾਇਮ ਬਚ ਜਾਵੇਗਾ । ਜੇ ਮੇਰੀ ਪਰਸਨਲ ਹਾਏ ਲਵੋ ਤਾਂ ਉਹ ਜ਼ਰੂਰ ਡਿਸਕਸ ਕਰਨੀ ਚਾਹੀਦੀ ਹੈ । (I will request the hon. Members that they should not raise such points of order and thus save the time of the House. My personal opinion is that the Report must also be discussed.)

ਸਰਦਾਰ ਕਰਨੈਲ ਸਿੰਘ ਮਰੜੀ : ਆਨ ਏ ਪੁਆਇੰਟ ਆਫ ਆਰਡਰ, ਸਰ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਭਾਪਤੀ : ਮਰੜੀ ਸਾਹਿਬ, ਜੇ ਤਾਂ ਕਾਨੂੰਨੀ ਗੱਲ ਕਰੋ ਤਾਂ ਤੇ ਤੁਹਾਡਾ ਪੁਆਇੰਟ ਆਫ ਆਰਡਰ ਉਠਦਾ ਹੀ ਨਹੀਂ ਹੈ। ਇਹ ਜੁਆਇੰਟ ਮੋਸ਼ਨ ਹੈ, ਇਸ ਕਰਕੇ ਨਹੀਂ ਉਠਦਾ। (Marhari Sahib, according to rules you cannot raise this point of order since the Motion before the House was moved jointly.)

ਚੌਧਰੀ ਜਗਤ ਰਾਮ : ਆਨ ਏ ਪੁਆਇੰਟ ਆਫ ਆਰਡਰ, ਸਰ (ਵਿਘਨ)

Mr. Chairman : Do not take it so lightly please.

ਕਾਮਰੇਡ ਦਾਨਾ ਰਾਮ : ਸ਼ਡਿਊਲਡ ਕਾਸਟਸ ਦੀ ਰਿਪੋਰਟ ਤੁਹਾਡੇ ਸਾਹਮਣੇ ਹੈ।

HOMAGE TO SHAHEED SARDAR UDHAM SINGH
(*RESUMPTION*)

ਸ਼੍ਰੀ ਪ੍ਰੇਮ ਗੁਪਤਾ (ਪਟਿਆਲਾ) : ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਵਾਲਾ ਅਮਰ ਸ਼ਹੀਦ ਸਰਦਾਰ ਉੱਧਮ ਸਿੰਘ ਨੂੰ ਸ਼ਰਧਾਂਜਲੀ ਪੇਸ਼ ਕਰਨ ਵਾਸਤੇ ਮਤਾ ਅੱਜ ਹਾਊਸ ਦੇ ਸਾਹਮਣੇ ਹੈ। ਇਹ ਜਿਹੜਾ ਰੈਜ਼ੋਲਿਊਸ਼ਨ ਹੈ, ਚੇਅਰਮੈਨ ਸਾਹਿਬ, ਮੈਂ ਇਸ ਦੀ ਬਹੁਤਾ ਡਿਟੇਲ ਵਿਚ ਨਹੀਂ ਜਾਂਦਾ। ਸ਼ਹੀਦ ਉਧਮ ਸਿੰਘ ਨੇ ਹਿੰਦੁਸਤਾਨ ਦੀ ਆਜ਼ਾਦੀ ਵਾਸਤੇ ਕਿੰਨੀ ਕੁਰਬਾਨੀ ਦਿੱਤੀ ਹੈ, ਇਹ ਦੁਨਿਆਂ ਦੇ ਇਤਿਹਾਸ ਦੇ ਵਿਚ ਇਕ ਮਿਸਾਲ ਹੈ। ਮੈਂ ਇਹ ਸਮਝਦਾ ਹਾਂ ਕਿ ਸ਼ਹੀਦ ਉੱਧਮ ਸਿੰਘ ਉਨ੍ਹਾਂ ਲੀਡਰਾਂ ਵਿਚ ਪਲਿਆ ਲਾਲ ਸੀ ਜਿਹੜਾ ਸੁਨਾਮ ਵਿਚ ਪੈਦਾ ਹੋਇਆ। ਉਸ ਦੇ ਮਾਂ, ਬਾਪ ਉਸ ਨੂੰ ਵਿਛੋੜਾ ਦੇ ਗਏ ਅਤੇ ਉਹ ਯਤੀਮ ਖਾਨੇ ਵਿਚ ਪਲਿਆ। ਪਰ ਕਿਸੇ ਨੂੰ ਕੀ ਪਤਾ ਸੀ ਕਿ ਇਸ ਬੈਕਵਰਡ ਇਲਾਕੇ ਵਿਚ ਉੱਧਮ ਸਿੰਘ ਪੈਦਾ ਹੋ ਕੇ, ਜਿਸ ਦੇ ਘਰ ਵਿਚ ਉਸ ਸਮੇਂ ਪੜ੍ਹਨ ਵਾਸਤੇ ਜਾਂ ਹੋਰ ਆਪਣੇ ਘਰ ਦੇ ਕੰਮਾਂ ਲਈ ਘਰ ਵਿਚ ਰੌਸ਼ਨੀ ਵਾਸਤੇ ਸਰੋਂ ਦਾ ਤੇਲ ਨਹੀਂ ਸੀ, ਉਹ ਆਉਣ ਵਾਲੇ ਸਮੇਂ ਵਿਚ ਮੁਲਕ ਦੀ, ਕੌਮ ਦੀ ਅੱਖ ਜਗਾਏਗਾ ਅਤੇ ਦੇਸ਼ ਵਿਚ ਰੌਸ਼ਨੀ ਕਰੇਗਾ। (ਵਿਘਨ) ਸ਼ਹੀਦ ਉੱਧਮ ਸਿੰਘ ਸੰਨ 1919 ਦੇ ਜਲ੍ਹਿਆਂ ਵਾਲੇ ਉਸ ਜ਼ਾਲਮ ਸਿੱਤਮ ਦਾ ਅੰਗਰੇਜ਼ਾਂ ਤੋਂ ਬਦਲਾ ਲੈਣ ਲਈ ਇੰਗਲੈਂਡ ਗਿਆ। ਇਸ ਜ਼ੁਲਮੋ-ਸਿਤਮ ਦਾ ਬਦਲਾ ਲੈਕੇ ਉਸ ਨੇ ਦੁਨੀਆਂ ਦੇ ਵਿਚ ਇਕ ਨਵੀਂ ਕਿਸਮ ਦੀ ਮਿਸਾਲ ਪੈਦਾ ਕੀਤੀ ਹੈ। ਇਸ ਤਰ੍ਹਾਂ ਉਸਨੇ ਕੌਮ ਨੂੰ ਜਗਾਇਆ, ਕੌਮ ਨੂੰ ਜ਼ਿੰਦਾ ਕੀਤਾ ਅਤੇ ਇਸ ਵਿਚ ਨਵੀਂ ਰੂਹ ਆਜ਼ਾਦੀ ਲੈਣ ਵਾਸਤੇ ਪੈਦਾ ਕੀਤੀ। ਉਸ ਦੇ ਬਾਦ ਹਿੰਦੁਸਤਾਨ ਵਿਚ ਇਹ ਕਰਵਟ ਆਈ। ਇਥੇ 'ਅੰਗਰੇਜ਼ ਮੁਲਕ ਛੱਡੋ' ਦੇ ਨਾਹਰ ਲੱਗੇ। ਰਾਜਿਆਂ, ਰਜਵਾੜਿਆਂ ਦੇ ਖਿਲਾਫ ਆਵਾਜ਼ ਉਠੀ ਜਿਹੜੇ ਕਿ ਉਸ ਵੇਲੇ ਅੰਗਰੇਜ਼ਾਂ ਦੇ ਹੱਥ ਠੋਕੇ ਸਨ। ਉਨ੍ਹਾਂ ਦੇ ਖਿਲਾਫ ਆਵਾਜ਼ ਉਠੀ। ਮਹਾਤਮਾ ਗਾਂਧੀ ਦੀ ਅਗਵਾਈ ਵਿਚ ਆਵਾਜ਼ਾਂ ਉਠੀਆਂ। (ਘੰਟੀ) ਮਹਾਤਮ ਗਾਂਧੀ ਜੀ ਦੀ ਅਗਵਾਈ ਵਿਚ ਅੰਦੋਲਨ ਹੋਏ। ਇਸ ਤਰ੍ਹਾਂ ਹਿੰਦੁਸਤਾਨ ਆਜ਼ਾਦ ਹੋਇਆ। ਉਸ ਦੇ ਬਾਦ ਹੁਣ ਪੰਜਾਬ ਸਰਕਾਰ ਨੇ, ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਦੀਆਂ ਕੋਸ਼ਿਸ਼ਾਂ ਦੇ ਨਾਲ ਹਿੰਦੁਸਤਾਨ ਦੀ ਸਰਕਾਰ ਨੇ ਇੰਗਲੈਂਡ ਵਿਚੋਂ ਸ਼ਹੀਦ ਉੱਧਮ ਸਿੰਘ ਦੀਆਂ ਅਸਥੀਆਂ ਲਿਆਂਦੀਆਂ।

Original with;
Punjab Vidhan Sabha
Digitized by;
Panjab Digital Library

(ਸ਼੍ਰੀ ਪ੍ਰੇਮ ਗੁਪਤਾ)

ਹਾਊਸ ਦੇ ਸਾਰੇ ਮੈਂਬਰ ਜਾਣਦੇ ਹਨ, ਪੰਜਾਬ ਦੇ ਸਾਰੇ ਲੋਕ ਜਾਣਦੇ ਹਨ ਕਿ ਸ਼ਹੀਦ ਦੀਆਂ ਅਸਥੀਆਂ ਦਾ ਸਵਾਗਤ ਕਰਨ ਲਈ ਲੋਕਾਂ ਵਿਚ ਕਿੰਨਾ ਉਤਸ਼ਾਹ ਸੀ । ਅਸੀਂ ਜਲੂਸ ਦੇ ਨਾਲ ਗਏ ਸੀ । ਰਾਤ ਨੂੰ ਅੱਠ ਅੱਠ, ਦਸ ਦੱਸ ਵਜੇ ਤੱਕ ਜਿਹੜੀਆਂ ਸੜਕਾਂ ਤੇ ਜਲੂਸ ਲੰਘਿਆ ਸੀ ਉਥੇ ਲੋਕੀਂ ਕਿਸ ਤਰ੍ਹਾਂ ਸੁਆਗਤ ਵਾਸਤੇ ਖੜੇ ਸਨ । ਚੇਅਰਮੈਨ ਸਾਹਿਬ, ਸੁਨਾਮ ਸ਼ਹਿਰ ਵਿਚ, ਜਿਥੇ ਸ਼ਹੀਦ ਦਾ ਜਨਮ ਹੋਇਆ, ਉਥੇ ਲੋਕਾਂ ਦਾ ਕਿਤਨਾ ਇਕੱਠ ਸੀ ਇਹ ਸਾਰਿਆਂ ਨੂੰ ਪਤਾ ਹੈ ਅਤੇ ਲੋਕਾਂ ਵਿਚ ਕਿਤਨਾ ਉਤਸ਼ਾਹ ਸੀ । ਲੋਕੀ ਕਿਸ ਤਰ੍ਹਾਂ ਬੱਸਾਂ ਤੇ, ਟਰੱਕਾਂ ਤੇ, ਟਰਾਲੀਆਂ ਤੇ ਅਤੇ ਸਾਈਕਲਾਂ ਤੇ ਆਏ ਸਨ ।

Mr. Chairman : Why are you repeating these things. Say something new.

ਸ਼੍ਰੀ ਪ੍ਰੇਮ ਗੁਪਤਾ : 27 ਜੁਲਾਈ, ਨੂੰ ਜਿਸ ਦਿਨ ਸ਼ਹੀਦ ਦਾ ਅੰਤਮ ਸੰਸਕਾਰ ਕੀਤਾ ਗਿਆ ਤਾਂ ਕਈ ਲੋਕਾਂ ਦੀਆਂ ਉਥੇ ਜਾਨਾਂ ਗਈਆਂ । ਇਤਨਾ ਲੋਕਾਂ ਦਾ ਉਥੇ ਇਕੱਠ ਸੀ । ਉੱਧਮ ਸਿੰਘ ਦੀ ਕੁਰਬਾਨੀ ਨੇ ਜਿਥੇ ਹਿੰਦੁਸਤਾਨ ਨੂੰ ਅਜ਼ਾਦੀ ਦਿੱਤੀ ਹੈ ਉਥੇ ਸਾਡੀ ਕੌਮ ਵਾਸਤੇ ਕਈ ਲੈਸਨ ਵੀ ਦਿਤੇ । ਇਕ ਲੈਸਨ ਤਾਂ ਇਹ ਹੈ ਕਿ ਇਕ ਯਤੀਮ ਖਾਨੇ ਵਿਚ ਪੜ੍ਹਨ ਵਾਲੇ ਨੇ ਇਤਨੀ ਵੱਡੀ ਕੁਰਬਾਨੀ ਦਿਤੀ, ਇਹ ਸਾਡੇ ਵਾਸਤੇ ਇਕ ਲੈਸਨ ਹੈ । ਗਰੀਬ ਘਰਾਨੇ ਵਿਚ ਪੈਦਾ ਹੋਣ ਵਾਲੇ ਨੇ ਕੌਮ ਅਤੇ ਮੁਲਕ ਲਈ ਇਤਨੀ ਮਹਾਨ ਕੁਰਬਾਨੀ ਦਿਤੀ । ਦੂਜਾ ਲੈਸਨ ਇਹ ਮਿਲਦਾ ਹੈ ਕਿ ਆਜ਼ਾਦੀ ਦੇ ਬਾਅਦ ਦੇਸ਼ ਵਿਚ ਬੁਰਾਈਆਂ ਅਤੇ ਕਮੀਆਂ ਜੋ ਹਨ ਅਤੇ ਜਿਸ ਕਿਸਮ ਦੀ ਆਜ਼ਾਦੀ ਆਈ ਉਸ ਦੇ ਬਾਅਦ ਹਰ ਇਕ ਆਦਮੀ ਨੂੰ ਖੁੱਲ੍ਹ ਦਿੱਤੀ ਗਈ । ਉਸ ਵੇਲੇ ਜਿਹੜੇ ਲੋਕਾਂ ਨੇ ਅੰਗਰੇਜ਼ਾਂ ਦਾ ਸਾਥ ਦਿਤਾ ਸੀ, ਰਾਜਿਆਂ ਮਹਾਰਾਜਿਆਂ ਦਾ ਸਾਥ ਦਿੱਤਾ ਸੀ ਉਨ੍ਹਾਂ ਲੋਕਾਂ ਨੂੰ ਹਿੰਦੁਸਤਾਨ ਵਿਚ ਆਜ਼ਾਦੀ ਦਿੱਤੀ ਗਈ, ਉਨ੍ਹਾਂ ਨੂੰ ਫੈਸਿਲਿਟੀਜ਼ ਦਿੱਤੀਆਂ ਗਈਆਂ (ਘੰਟੀ) ਕਈ ਬੁਰਾਈਆਂ ਪੈਦਾ ਹੋਈਆਂ । (ਵਿਘਨ) ਮੈਂ ਇਨ੍ਹਾਂ ਸ਼ਬਦਾਂ ਨਾਲ ਤੁਹਾਡਾ ਹੁਕਮ ਮੰਨਦਾ ਹੋਇਆ, ਆਪਣੇ ਵਲੋਂ ਸ਼ਰਧਾਂਜਲੀ ਪੇਸ਼ ਕਰਦਾ ਹੋਇਆ ਤੁਹਾਨੂੰ ਇਹ ਕਹਾਂਗਾ ਕਿ ਤੁਹਾਨੂੰ ਇਹ ਸੋਚਣਾ ਪਵੇਗਾ ਕਿ ਉਨ੍ਹਾਂ ਨੇ ਐਨੀ ਵੱਡੀ ਕੁਰਬਾਨੀ ਦਿੱਤੀ ਅਤੇ ਸ਼ਹੀਦ ਉੱਧਮ ਸਿੰਘ ਨੇ ਫਿਰਕਾ ਪ੍ਰਸਤੀ ਦੇ ਖਿਲਾਫ ਲੜਕੇ ਹਿੰਦੁਸਤਾਨ ਨੂੰ ਇਕ ਨਵੀਂ ਰੂਹ ਦਿੱਤੀ । (ਘੰਟੀ)

Mr. Chairman : Sit down please; take your seat.

ਸ਼੍ਰੀ ਪ੍ਰੇਮ ਗੁਪਤਾ : ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਮਾਂ ਦਿਤਾ ਹੈ ।

ਸ਼੍ਰੀ ਸਭਾਪਤੀ : ਮੈਂ ਸ਼੍ਰੀ ਬ੍ਰਿਜ ਲਾਲ ਨੂੰ ਕਿਹਾ ਸੀ ਕਿ ਤੁਸੀਂ ਦਿਖਾਈ ਨਹੀਂ ਦਿਤੇ, ਇਸ ਲਈ ਹੁਣ ਉਨ੍ਹਾਂ ਨੂੰ 2 ਮਿੰਟ ਦਿੱਤੇ ਜਾਂਦੇ ਹਨ । (I had remarked that Shri Brij Lal Goyal could not catch my eye. Now he may speak for two minutes.)

ਸ਼੍ਰੀ ਬ੍ਰਿਜ ਲਾਲ ਗੋਇਲ (ਰਾਜਪੁਰਾ) : ਮੈਂ ਮਹਾਨ ਸ਼ਹੀਦ ਉੱਧਮ ਸਿੰਘ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਖੜਾ ਹੋਇਆ ਹਾਂ । ਜਿਥੋਂ ਤੱਕ ਸ਼ਹੀਦ ਉੱਧਮ ਸਿੰਘ ਦਾ ਤੁਅੱਲਕ ਹੈ,

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਨੈ ਹਿੰਦੁਸਤਾਨ ਤੋਂ ਹਜ਼ਾਰਾਂ ਮੀਲ ਦੂਰ, ਸਮੁੰਦਰ ਪਾਰ ਜਾ ਕੇ ਜਿਸ ਤਰੀਕੇ ਨਾਲ ਅੰਗਰੇਜ਼ਾਂ ਦੇ ਜ਼ੁਲਮੋ ਸਿਤਮ ਅਤੇ ਉਨ੍ਹਾਂ ਹੁਕਮਰਾਨ ਦਾ ਜਿਸ ਦਲੇਰੀ ਨਾਲ ਇੰਗਲੈਂਡ ਵਿਚ ਜਾ ਕੇ ਬਦਲਾ ਲਿਆ ਅਤੇ ਆਪਣੀ ਸ਼ਹਾਦਤ ਦਿੱਤੀ, ਇਸ ਤਰ੍ਹਾਂ ਉਹ ਸ਼ਹੀਦਾਂ ਦੀ ਕਤਾਰ ਵਿਚ ਸਭ ਤੋਂ ਅੱਗੇ ਹੈ । । ਸ਼ਹੀਦ ਜਿੰਨੇ ਵੀ ਹੋਏ ਹਨ ਉਨ੍ਹਾਂ ਸਾਰਿਆਂ ਨੇ ਬਹੁਤ ਕੁਰਬਾਨੀਆਂ ਦਿੱਤੀਆਂ ਹਨ । ਪਰ ਇਸ ਸ਼ਹੀਦ ਨੇ ਇਕ ਗਰੀਬ ਘਰ ਵਿਚ ਪੈਦਾ ਹੋਕੇ ਜਿਸ ਨੂੰ ਆਪਣੇ ਬਾਪ ਦਾ ਪਿਆਰ ਨਹੀਂ ਮਿਲਿਆ, ਆਪਣੀ ਮਾਂ ਦੀ ਲੋਰੀ ਨਹੀਂ ਲਈ, ਉਸ ਦੀ ਭੈਣ ਨੇ ਘੋੜੀ ਦੀ ਵਾਗ ਨਹੀਂ ਫੜੀ ਅਤੇ ਕਿਸ ਤਰ੍ਹਾਂ ਉਹ ਯਤੀਮ ਖਾਨੇ ਵਿਚ ਰਿਹਾ ਅਤੇ 21 ਸਾਲਾਂ ਬਾਦ ਬਦਲਾ ਲੈਕੇ ਹਿੰਦੁਸਤਾਨ ਦੀ ਕੌਮ ਨੂੰ, ਅਣਖ ਨੂੰ ਲਲਕਾਰਿਆ । ਜਿਸ ਤਰ੍ਹਾਂ ਮੈਂ ਪਹਿਲਾਂ ਵੀ ਦਸਿਆ ਹੈ ਕਿ ਐਨੇ ਸਾਲਾਂ ਦੇ ਬਾਅਦ ਸਮੁੰਦਰ ਤੋਂ ਪਾਰ ਜਾਕੇ ਬਦਲਾ ਲਿਆ, ਇਹ ਇਕ ਬਹੁਤ ਵੱਡੀ ਗੱਲ ਸੀ । ਲੋਕ ਸਮਝੌਤਾ ਕਰ ਜਾਂਦੇ ਹਨ ਕਿ ਜੇ ਕਿਸੇ ਦਾ ਪਿਓ ਕਤਲ ਹੋ ਜਾਵੇ ਤਾਂ ਲੋਕੀਂ ਕਹਿੰਦੇ ਹਨ ਕਿ ਇਹ ਤਾਂ ਭਾਣਾ ਸੀ ਅਤੇ ਜੋ ਹੋਣਾ ਸੀ ਹੋ ਗਿਆ ਹੁਣ ਕੋਈ ਸਜ਼ਾ ਦੇਣ ਦੀ ਲੋੜ ਨਹੀਂ । ਪਰ ਉਸ ਸ਼ਹੀਦ ਨੇ ਇਹ ਬਦਲਾ ਲੈ ਕੇ ਮੁਲਕ ਨੂੰ, ਕੌਮ ਨੂੰ ਆਜ਼ਾਦ ਕਰਾਇਆ ਅਤੇ ਹਿੰਦੁਸਤਾਨ ਦਾ ਸਿਰ ਉਚਾ ਕੀਤਾ ਹੈ । (ਘੰਟੀ) ਸ਼ਹੀਦ ਨੇ ਫਿਰਕਾਪ੍ਰਸਤੀ ਦੇ ਖਿਲਾਫ ਲੜਾਈ ਲੜੀ । ਮੈਂ ਪੰਜਾਬ ਸਰਕਾਰ ਨੂੰ, ਖਾਸ ਤੌਰ ਤੇ ਗਿਆਨੀ ਜ਼ੈਲ ਸਿੰਘ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ 34 ਸਾਲਾਂ ਬਾਅਦ ਸ਼ਹੀਦ ਦੀਆਂ ਅਸਥੀਆਂ ਲਿਆਂਦੀਆਂ ਹਨ, ਮੈਂ ਇਸ ਗੱਲ ਦੀ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ । (ਘੰਟੀ) ਮੈਂ ਇਨ੍ਹਾਂ ਨੂੰ ਇਹ ਵਧਾਈ ਦਿੰਦਾ ਹਾਂ ਕਿ ਉਸ ਸ਼ਹੀਦ ਦੀ ਜਿਹੜੀ ਖਾਹਿਸ਼ ਸੀ ਉਸ ਨੂੰ 34 ਸਾਲਾਂ ਬਾਅਦ ਪੂਰਾ ਕੀਤਾ ਗਿਆ ਹੈ । ਉਸ ਦੀ ਇਹ ਖਾਹਿਸ਼ ਸੀ ਕਿ ਉਸ ਦੀ ਰਾਖ ਹਿੰਦੁਸਤਾਨ, ਭਾਰਤ ਮਾਤਾ ਦੇ ਚਰਨਾਂ ਵਿਚ ਜਾਣੀ ਚਾਹੀਦੀ ਹੈ । ਇਹ ਉਸ ਸ਼ਹੀਦ ਦੀ ਖਾਹਿਸ਼ ਇਸ ਸਰਕਾਰ ਨੇ ਪੂਰੀ ਕੀਤੀ ਹੈ । (ਤਾੜੀਆਂ) ਉਸ ਮਹਾਨ ਨੇ ਬਾਹਰ ਇੰਗਲੈਂਡ ਵਿਚ ਜਾ ਕੇ ਬਦਲਾ ਲਿਆ, ਇਸ ਸਰਕਾਰ ਨੇ ਉਨ੍ਹਾਂ ਦੀ ਲਾਸ਼ ਲਿਆਕੇ ਲੋਕਾਂ ਨੂੰ ਉਸ ਦੇ ਦਰਸ਼ਨ ਕਰਾਏ ਹਨ । ਜਦ ਉਨ੍ਹਾਂ ਦੀ ਲਾਸ਼ ਆਈ ਤਾਂ ਹਿੰਦੁਸਤਾਨ ਦੇ ਕਰੋੜਾਂ ਲੋਕਾਂ ਨੇ ਸਿਰ ਝੁਕਾਇਆ, ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ । ਸਰਕਾਰ ਨੇ ਫੈਸਲਾ ਕੀਤਾ ਹੈ ਕਿ ਜਿਨ੍ਹਾਂ ਵੀ ਦੇਸ਼ ਭਗਤਾਂ ਦੀਆਂ ਮੜ੍ਹੀਆਂ, ਯਾਦਗਾਰਾਂ ਹਨ ਉਨ੍ਹਾਂ ਨੂੰ ਪੂਜਿਆ ਜਾਵੇਗਾ । ਇਹ ਬੜਾ ਚੰਗਾ ਫੈਸਲਾ ਹੈ (ਘੰਟੀ) ਮੈਂ ਸ਼ਹੀਦ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ ।

Mr Chairman : Giani Kundan Singh Patang.

(ਇਸ ਸਮੇਂ ਆਪੋਜ਼ੀਸ਼ਨ ਪਾਰਟੀ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਵਾਸਤੇ ਖੜੇ ਹੋ ਗਏ ।)

ਸ਼੍ਰੀ ਸ਼ੰਕਰਪਤੀ : ਤੁਹਾਡੀ ਪਾਰਟੀ ਦਾ ਇਕ ਹੀ ਫਰੀਡਮ-ਫਾਈਟਰ ਹੈ ਉਸ ਨੂੰ ਟਾਈਮ ਦੇਣਾ ਚਾਹੀਦਾ ਹੈ । (There is only one freedom fighter in your party, so he should get time.)

ਸ੍ਰ: ਸੁਰਜੀਤ ਸਿੰਘ (ਬਰਨਾਲਾ) : ਬਹੁਤ ਸਾਰੇ ਆਦਮੀਆਂ ਦਾ ਪੜਾ ਹੋਇਆ ਹੈ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਭਾਪਤੀ : ਜੇ ਤੁਸੀਂ ਬੋਲਣਾ ਚਾਹੁੰਦੇ ਸੀ ਤਾਂ ਫਿਰ ਸਾਨੂੰ ਤੁਸੀਂ ਲਿਸਟ ਭੇਜ ਦਿੰਦੇ। (If you wanted to speak then you should have sent in your list.)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਨਹੀਂ ਜੀ; ਇਹ ਗੱਲ ਨਹੀਂ ਹੈ। ਤੁਸੀਂ ਕਿਹਾ ਹੈ ਕਿ ਤੁਹਾਡੀ ਪਾਰਟੀ ਦਾ ਇਕ ਫਰੀਡਮ-ਫਾਈਟਰ ਹੈ, ਇਹ ਤੁਸੀਂ ਗਲਤ ਆਬਜ਼ਰਵ ਕੀਤਾ ਹੈ। ਤੁਹਾਨੂੰ ਸਾਡਾ ਪਤਾ ਨਹੀਂ ਹੈ।

ਸਰਦਾਰ ਅਜਾਇਬ ਸਿੰਘ ਸੰਧੂ : ਪੁਆਇੰਟ ਆਫ ਆਰਡਰ, ਸਰ। ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਤੁਸੀਂ ਇਸ ਕੁਰਸੀ ਤੇ ਬੈਠ ਕੇ ਸਾਨੂੰ ਇਹ ਹਦਾਇਤ ਦਿਤੀ ਕਿ ਸੀਰੀਅਸ ਹੋਵੋ। ਮੈਂ ਬੇਨਤੀ ਕਰਾਂਗਾ ਕਿ ਤੁਹਾਨੂੰ ਸਾਡੇ ਨਾਲੋਂ ਵੀ ਵੱਧ ਸੀਰੀਅਸ ਹੋਣਾ ਚਾਹੀਦਾ ਹੈ, ਕਿਉਂਕਿ ਪ੍ਰੇਮ ਗੁਪਤਾ, ਗੋਇਲ ਅਤੇ ਸਾਧੂ ਸਿੰਘ, ਇਹ ਕਦੇ ਵੀ ਜੇਲ੍ਹ ਨਹੀਂ ਸੀ ਗਏ।

ਸ਼੍ਰੀ ਸਭਾਪਤੀ : ਇਹ ਪੈਦਾ ਨਹੀਂ ਸੀ ਹੋਏ। (ਹਾਸਾ) (They were not born at that time.)

ਗਿਆਨੀ ਕੁੰਦਨ ਸਿੰਘ ਪਤੰਗ (ਭਦੌੜ-ਐਸ.ਸੀ.) : ਕਿਸੇ ਕਵੀ ਨੇ ਕਿਹਾ ਹੈ :

ਇੱਟਾਂ ਉਸੇ ਬੇਰੀ ਨੂੰ ਪੈਂਦੀਆਂ ਨੇ, ਜਿਸ ਬੇਰੀ ਦੇ ਮਿੱਠੇ ਨੇ ਬੇਰ ਹੁੰਦੇ।
ਕੌਣ ਪੁੱਛਦਾ ਕਾਵਾਂ ਤੇ ਗਿਰਾਂ ਨੂੰ, ਕੌਣ ਪਿੰਜਰੇ ਬਾਜ਼ ਤੇ ਸ਼ੇਰ ਹੁੰਦੇ।

ਉੱਧਮ ਸਿੰਘ ਸੁਨਾਮ ਦੀ ਧਰਤੀ ਤੇ ਪੈਦਾ ਹੋਇਆ। ਇਹ ਜਿਹੜਾ ਸੁਨਾਮ ਹੈ, ਇਹ ਸਭ ਤੋਂ ਪੁਰਾਣਾ ਤੇ ਨੀਵਾਂ ਸ਼ਹਿਰ ਹੈ। ਸੁਨਾਮ ਅਰਬੀ ਦਾ ਸ਼ਬਦ ਹੈ ਜਿਸ ਦਾ ਮਤਲਬ ਹੈ ਕਿ ਉਹ ਚੀਜ਼ ਜਿਹੜੀ ਮਿੱਠੀ। ਸ਼ਹੀਦ ਉੱਧਮ ਸਿੰਘ ਨੇ ਜਿਹੜੀ ਤਪੱਸਿਆ ਕੁਰਬਾਨੀ ਕੀਤੀ ਉਹ ਵੀ ਉਹਨਾਂ ਵੇਲੇ ਜਿਹੜੇ ਉਸ ਦੇ ਮਾਂ, ਬਾਪ ਗੁਜ਼ਰ ਗਏ ਸਨ ਅਤੇ ਉਨ੍ਹਾਂ ਦਾ ਭਰਾ ਉਨ੍ਹਾਂ ਨੂੰ ਵਿਛੋੜਾ ਦੇ ਗਿਆ ਸੀ। ਯਤੀਮਾਂ ਵਿਚ ਉਹ ਪਲਿਆ ਸੀ ਉਸ ਵੇਲੇ ਉਸ ਨੂੰ ਕੋਈ ਨਹੀਂ ਸੀ ਕਹਿ ਸਕਦਾ ਕਿ ਉਹ ਇਤਨੀ ਮਹਾਨ ਕੁਰਬਾਨੀ ਕਰੇਗਾ। ਮੈਨੂੰ ਜਿਥੇ ਅੱਜ ਉਸ ਨਾਲ ਪਿਆਰ ਹੈ ਉਥੇ ਇਸ ਕਰਕੇ ਵੀ ਮੈਨੂੰ ਪਿਆਰ ਹੈ ਕਿ ਉਹ ਵੀ ਯਤੀਮਾਂ ਵਿਚ ਪਲਕੇ ਕੁਰਬਾਨੀ ਕਰ ਗਏ ਅਤੇ ਮੈਂ ਵੀ ਯਤੀਮਾਂ ਵਿਚ ਪਲ ਕੇ ਜੇਲ੍ਹਾਂ ਕੱਟੀਆਂ ਹਨ ਅਤੇ ਕੁਰਬਾਨੀਆਂ ਕੀਤੀਆਂ ਹਨ। ਚੇਅਰਮੈਨ ਸਾਹਿਬ, ਸਰਦਾਰ ਉੱਧਮ ਸਿੰਘ ਦਾ ਨਿਸ਼ਾਨਾ ਕੀ ਸੀ ਉਨ੍ਹਾਂ ਦਾ ਨਿਸ਼ਾਨਾ ਇਹ ਸੀ ਕਿ ਕੌਮ ਨੂੰ ਗੁਲਾਮੀ ਤੋਂ ਅਜ਼ਾਦ ਕਰਵਾਉਣ....

ਗਿਰ ਸੋ ਗਿਰਵੇ ਮਰਨਾਨ ਭਲਾ,
ਮਰਨ ਕਟ ਅੰਗ ਤਮਾਮ ਭਲਾ,
ਪੜ ਆਤਿਸ਼ ਮੇਂ ਜਲ ਜਾਨ ਭਲਾ,
ਪਰ ਜੀਵਣ ਨਾਹਿ ਗੁਲਾਮ ਭਲਾ।

ਇਹ ਸੀ ਉਸ ਦਾ ਨਿਸ਼ਾਨਾ ਅੰਤ ਉਨ ਨੂੰ ਸਾਰੀ ਉਮਰ ਇਸੇ ਭਾਵਨਾ ਨਾਲ ਲੜਨਾ ਪਿਆ। ਗੁਰਬਾਣੀ ਵਿਚ ਲਿਖਿਆ ਹੈ..

'ਜਿਸ ਮਰਣ ਤੇ ਜਗ ਡਰੈ ਮੇਰੇ ਮਨ ਆਨੰਦ,
ਮਰਣੈ ਹੀ ਪਰਵਾਣੁ ਹੈ ਪੂਰਨ ਪਰਮਾਨੰਦ।

Original with;
Punjab Vidhan Sabha
Digitized by;
Panjab Digital Library

ਸਰਦਾਰ ਉੱਧਮ ਸਿੰਘ ਨੇ ਫਾਂਸੀ ਤੇ ਚੜ੍ਹਨ ਲਗਿਆਂ ਖੁਸ਼ੀ ਖੁਸ਼ੀ ਰੱਸੇ ਨੂੰ ਫੜਿਆ ਚੁਮਿਆ ਅਤੇ ਗੱਲ ਵਿਚ ਪਾਇਆ । ਮੈਂ ਉਸ ਮਹਾਨ ਸ਼ਹੀਦ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ ਅਤੇ ਆਉਣ ਵਾਲੇ ਟਾਈਮ ਦਾ ਧਿਆਨ ਕਰਕੇ ਤੁਹਾਡਾ ਧੰਨਵਾਦ ਕਰਦਾ ਹਾਂ ।

ਸਰਦਾਰ ਗੁਰਦੇਵ ਸਿੰਘ ਸਿੱਧੂ (ਸਮਾਣਾ, ਐਸ. ਸੀ.) : ਚੇਅਰਮੈਨ ਸਾਹਿਬ, ਤੁਸੀਂ ਮੈਨੂੰ ਸਮਾਂ ਦਿਤਾ ਹੈ ਮੈਂ ਤੁਹਾਡਾ ਇਸ ਦੇ ਲਈ ਧੰਨਵਾਦ ਕਰਦਾ ਹਾਂ । ਮੇਰੇ ਵੀਰਾਂ ਨੇ ਇਸ ਹਾਊਸ ਵਿਚ ਸ਼ਹੀਦ ਉੱਧਮ ਸਿੰਘ, ਅਮਰ ਸ਼ਹੀਦ ਅੱਤੇ ਦੇਸ਼ ਦਾ ਸਿਰ ਉਚਾ ਕਰਨ ਵਾਲੇ ਸ਼ਹੀਦ ਜੋ ਹੈ ਉਸ ਦੇ ਬਾਰੇ ਵਿਚ ਬਹੁਤ ਕੁਝ ਕਿਹਾ ਹੈ । ਮੈਂ ਤੁਹਾਡੇ ਰਾਹੀਂ, ਚੇਅਰ ਮੈਨ ਸਾਹਿਬ, ਮੁੱਖ ਮੰਤਰੀ ਸਾਹਿਬ ਨੂੰ ਅਤੇ ਉਨ੍ਹਾਂ ਦੀ ਪਾਰਟੀ ਕੋਲ ਨਿਮਰਤਾ ਸਹਿਤ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸ਼ਹੀਦ ਉੱਧਮ ਸਿੰਘ ਦੇ ਨਾਮ ਨੂੰ ਹੋਰ ਵੀ ਉਚਾ ਕਰਨ ਵਾਸਤੇ ਜਿਹੜੀ ਸਾਡੀ ਪੰਜਾਬ ਯੂਨੀਵਰਸਿਟੀ ਹੈ ਉਹ ਪੰਜਾਬ ਤਾਂ ਸਾਡਾ ਹੈ ਹੀ ਜੇ ਉਸ ਦਾ ਨਾਮ ਸਰਦਾਰ ਉੱਧਮ ਸਿੰਘ ਯੂਨੀਵਰਸਟੀ ਰਖਿਆ ਜਾਵੇ ਤਾਂ ਇਸ ਵਿਚ ਮੈਂ ਸਮਝਦਾ ਹਾਂ ਕਿ ਕੋਈ ਹਰਜ਼ ਵਾਲੀ ਗੱਲ ਨਹੀਂ । ਮੇਰਾ ਖਿਆਲ ਹੈ ਕਿ ਮੇਰੀ ਇਸ ਬੇਨਤੀ ਨੂੰ ਮੁੱਖ ਮੰਤਰੀ ਸਾਹਿਬ ਪ੍ਰਵਾਨ ਕਰ ਲੈਣਗੇ । ਤਾਂਕਿ ਜਿਹੜੇ ਸਾਡੇ ਸਟੂਡੈਂਟਸ ਹਨ ਉਨ੍ਹਾਂ ਨੂੰ ਜਦੋਂ ਉਥ ਯੂਨੀਵਰਸਿਟੀ ਵਿਚੋਂ ਡਿਗਰੀ ਮਿਲੇ ਤਾਂ ਉਨ੍ਹਾਂ ਨੂੰ ਸਦਾ ਵਾਸਤੇ ਸ਼ਹੀਦ ਉੱਧਮ ਸਿੰਘ ਦਾ ਨਾਮ ਯਾਦ ਰਹੇ । ਕਿਉਂਕਿ ਜਦੋਂ ਉਹ ਪੜ੍ਹਾਈ ਕਰਕੇ ਉਸ ਯੂਨੀਵਰਸਿਟੀ ਵਿਚੋਂ ਜਾਣਗੇ ਤਾਂ ਉਨ੍ਹਾਂ ਨੂੰ ਜੋ ਪੜ੍ਹਾਈ ਦਾ ਸਰਟੀਫੀਕੇਟ ਮਿਲੇਗਾ, ਕੋਈ ਲੈਟਰ ਮਿਲੇਗਾ ਤਾਂ ਉਸ ਤੇ ਜਦੋਂ ਸ਼ਹੀਦ ਉੱਧਮ ਸਿੰਘ ਯੂਨੀਵਰਸਿਟੀ ਲਿਖਿਆ ਹੋਵੇਗਾ ਤਾਂ ਉਸ ਦੇ ਦਿਲ ਵਿਚ, ਉਸਦੇ ਦਿਮਾਗ ਵਿਚ ਹਮੇਸ਼ਾ ਆਪਣੇ ਦੇਸ਼ ਲਈ, ਆਪਣੇ ਸੂਬੇ ਲਈ ਤਰੱਨਮ ਰਹੇਗਾ ਕਿ ਇਥੇ ਸ਼ਹੀਦ ਉੱਧਮ ਸਿੰਘ ਵਰਗਾ ਕੋਈ ਮਹਾਨ ਸ਼ਹੀਦ ਪੈਦਾ ਹੋਇਆ ਸੀ । ਇਸ ਲਈ ਚੇਅਰਮੈਨ ਸਾਹਿਬ ਸ਼ਹੀਦ ਉੱਧਮ ਸਿੰਘ ਨੂੰ ਸ਼ਰਧਾਂਜਲੀ ਭੇਂਟ ਕਰਦਾ ਹੋਇਆ ਮੁੱਖ ਮੰਤਰੀ ਸਾਹਿਬ, ਪਾਸੋਂ, ਉਨ੍ਹਾਂ ਦੀ ਸਰਕਾਰ ਪਾਸੋਂ, ਉਨ੍ਹਾਂ ਦੀ ਪਾਰਟੀ ਪਾਸੋਂ ਇਹ ਸੌ ਪਰ ਸੈਂਟ ਆਸ ਕਰਦਾ ਹਾਂ ਕਿ ਉਹ ਮੇਰੀ ਇਸ ਬੇਨਤੀ ਨੂੰ ਪ੍ਰਵਾਨ ਕਰਨਗੇ । ਅੰਤ ਵਿਚ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਅਪਣੀ ਸੀਟ ਲੈਂਦਾ ਹਾਂ ।

ਸ਼੍ਰੀ ਸਭਾਪਤੀ : ਕਿਉਂਕਿ ਇਕ ਹੋਰ ਮਤਾ ਵੀ ਹੈ, ਇਸ ਲਈ ਮੇਰਾ ਖਿਆਲ ਹੈ ਕਿ ਇਸ ਨੂੰ ਟਾਈਮ ਦੇ ਵਿਚ ਹੀ ਕਰ ਲੈਣਾ ਚਾਹੀਦਾ ਹੈ । (ਵਿਘਨ) (On the agenda there is another resolution. Therefore, we should dispose of the present issue within the time allotted for it.)

ਸਰਦਾਰ ਅਜਾਇਬ ਸਿੰਘ ਸੰਧੂ : ਚੇਅਰਮੈਨ ਸਾਹਿਬ, ਮੈਂ ਵਨ ਆਫ ਦੀ ਮੂਵਰਜ਼ ਹਾਂ, ਇਸ ਲਈ ਮੈਨੂੰ ਵੀ ਦੋ ਮਿੰਟ ਦਾ ਟਾਈਮ ਦੇ ਦਿਉ ।

ਸ਼੍ਰੀ ਸਭਾਪਤੀ : ਇਕ ਰੈਜ਼ੋਲਿਊਸ਼ਨ ਹੋਰ ਮੂਵ ਕਰਨਾ ਹੈ ਫਿਰ ਤੁਸੀਂ ਪੁਆਇੰਟ ਆਫ ਆਰਡਰ ਨਾ ਰੇਜ਼ ਕਰਨਾ । (ਵਿਘਨ) ਬੇਸ਼ਕ ਤੁਸੀਂ ਬੋਲ ਲਓ । (Another resolution is to be moved. Please do not raise points of order. You may speak on the resolution before the House.)

Original with;
Punjab Vidhan Sabha
Digitized by
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ (ਮੁਰਿੰਡਾ, ਐਸ. ਸੀ) : ਮਾਨਯੋਗ ਚੇਅਰਮੈਨ ਸਾਹਿਬ, ਅੱਜ ਅਸੀਂ ਦੇਸ਼ ਦੇ ਮਹਾਨ ਸ਼ਹੀਦ ਸਰਦਾਰ ਉੱਧਮ ਸਿੰਘ ਨੂੰ ਸ਼ਰਧਾਂਜਲੀ ਭੇਟ ਕਰ ਰਹੇ ਹਾਂ । ਸਰਦਾਰ ਉੱਧਮ ਸਿੰਘ ਨੇ ਜੋ ਸੰਨ 1919 ਵਿਚ ਜਲ੍ਹਿਆਂ ਵਾਲੇ ਬਾਗ ਵਿਚ ਜੋ ਸਾਕਾ ਹੋਇਆ ਸੀ ਅੱਰ ਉਸ ਦੇ ਨਾਲ ਹੀ ਜਿਹੜਾ ਗੁਜਰਾਂਵਾਲਾ, ਕਸੂਰ ਅੱਰ ਲਾਹੌਰ ਅੱਰ ਹਿੰਦੁਸਤਾਨ ਵਿਚ ਅੰਗਰੇਜ਼ਾਂ ਨੇ ਹਿੰਦੁਸਤਾਨੀਆਂ ਤੇ ਅਤਿਆਚਾਰ ਕੀਤੇ ਸੀ ਉਨ੍ਹਾਂ ਨੂੰ ਦੇਖ ਕੇ ਉਸ ਦੇ ਦਿਲ ਵਿਚ ਇਹ ਤਰਥ ਉਠਿਆ ਸੀਂ ਕਿ ਖੂਨ ਦਾ ਬਦਲਾ ਖੂਨ ਵਿਚ ਹੋਣਾ ਚਾਹੀਦਾ ਹੈ । ਜੇ ਕਿਸੇ ਨੂੰ ਕੋਈ ਕਤਲ ਕਰਦਾ ਹੈ ਤਾਂ ਉਸ ਨੂੰ ਸਜ਼ਾ ਸ਼ਿਹਤੀ ਹੁੰਦੀ ਹੈ ਉਹ ਫਾਂਸੀ ਹੁੰਦੀ ਹੈ। ਇਸ ਗੱਲ ਨੂੰ ਮੁੱਖ ਰਖਦੇ ਹੋਏ ਸ਼ਹੀਦ ਉੱਧਮ ਸਿੰਘ ਨੂੰ ਫਾਂਸੀ ਦੀ ਸਜ਼ਾ ਦਿਤੀ ਗਈ । ਜਿਸ ਵੇਲੇ ਅੰਗਰੇਜ਼ਾਂ ਨੇ 1,600 ਰਾਊਂਡ ਚਲਾ ਕੇ ਨਿਹੱਥੇ ਪੰਜਾਬੀਆਂ ਨੂੰ, ਬਹਾਦਰ ਪੰਜਾਬੀਆਂ ਨੂੰ ਜਿਹੜੇ ਜੰਗੇ ਆਜ਼ਾਦੀ ਦੇ ਡਾਕਟਰ ਸੱਤਪਾਲ ਅਤੇ ਹੋਰ ਸਾਥੀਆਂ ਨੂੰ ਜਿਹੜਾ ਗ੍ਰਿਫਤਾਰ ਕੀਤਾ ਗਿਆ ਸੀ ਉਸ ਦੇ ਰੋਸ ਵਿਚ ਪੁਰ ਅਮਨ ਤਰੀਕੇ ਨਾਲ ਜੋ ਇਕੱਠ ਹੋਇਆ ਸੀ ਉਨ੍ਹਾਂ 4,00 ਦੇ ਕਰੀਬ ਨੂੰ ਗੋਲੀਆਂ ਨਾਲ ਉਡਾ ਦਿਤਾ ਗਿਆ ਸੀ । ਸਰਦਾਰ ਉੱਧਮ ਸਿੰਘ ਜੀ ਇਸ ਗੱਲ ਨੂੰ ਬਰਦਸ਼ਾਤ ਨਾ ਕਰ ਸਕੇ ਅਤੇ ਉਹ 20 ਸਾਲ ਇੰਗਲੈਂਡ ਵਿਚ ਅਤੇ ਹੋਰ ਮੁਲਕਾਂ ਵਿਚ ਰਹਿਕੇ ਜਿਨ੍ਹਾਂ ਨੇ ਹਿੰਦਸਤਾਨੀਆਂ ਤੇ ਜ਼ੁਲਮ ਕੀਤਾ ਸੀ, ਅਤਿਆਚਾਰ ਕੀਤਾ ਸੀ ਉਨ੍ਹਾਂ ਨੂੰ ਆਪਣੀ ਗੋਲੀ ਦਾ ਨਿਸ਼ਾਨਾ ਬਣਾਇਆ । ਉਹ ਇਤਨਾ ਅੰਨਾ ਜੈਨਰਲ ਡਾਇਰ ਅਤੇ ਲੈਫਟੀਨੈਂਟ ਗਵਰਨਰ ਔਡਵਾਇਰ ਅਤੇ ਹੋਰ ਬਾਕੀਆਂ ਨੂੰ ਇਕੱਠਾ ਇਕ ਥਾਂ ਤੇ ਦੇਖ ਕੇ ਭੁੰਨਣਾ ਚਾਹੁੰਦਾ ਸੀ । ਫਿਰ 13 ਮਾਰਚ, 1940 ਦਾ ਉਹ ਦਿਨ ਆ ਗਿਆ ਜਦੋਂ ਉਹ ਆਪਣੇ ਮਿਸ਼ਨ ਵਿਚ ਕਾਮਯਾਬ ਹੋਏ ਸੀ । ਉਹ ਰਿਵਾਲਵਰ ਲੈਕੇ ਉਸ ਜਗ੍ਹਾ ਵਿਚ ਗਏ ਜਿਥੇ ਉਹ ਇਕੱਠੇ ਬੈਠੇ ਸੀ ਅਤੇ ਉਹ ਆਦਮੀ ਜਿਨ੍ਹਾਂ ਨੇ ਹਿੰਦੁਸਤਾਨੀਆਂ ਤੇ ਜ਼ੁਲਮ ਕੀਤਾ ਸੀ, ਅਤਿਆਚਾਰ ਕੀਤਾ ਸੀ ਉਸ ਨੂੰ ਆਪਣੇ ਰਿਵਾਲਵਰ ਨਾਲ ਲੈਫਟੀਨੈਂਟ ਗਵਰਨਰ ਔਡਵਾਇਰ ਨੂੰ ਮਾਰਿਆ ਅਤੇ ਬਾਕੀਆਂ ਨੂੰ ਜ਼ਖਮੀ ਕੀਤਾ ਅੱਤ ਮਾਰਕੇ ਉਹ ਉਥੇ ਹਜਦੇ ਰਹੇ । ਉਥੋਂ ਉਹ ਮਾਰ ਕੇ ਭਜੇ ਨਹੀਂ ਅੱਤ ਉਨ੍ਹਾਂ ਨੇ ਕਿਹਾ ਕਿ ਮੈਂ ਇਸ ਕਰਕੇ ਮਾਰਿਆ ਹੈ ਕਿ ਹਿੰਦੁਸਤਾਨ ਦੀ ਆਤਮਾ ਨੂੰ ਜਗਾਉਣਾ ਹੈ ਜਿਸ ਨੂੰ ਅੰਗਰੇਜ਼ ਨੇ ਕਤਲ ਕੀਤਾ ਹੋਇਆ ਹੈ । ਜਦੋਂ ਸਰਦਾਰ ਉੱਧਮ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਕੋਰਟ ਵਿਚ ਪੇਸ਼ ਕੀਤਾ ਗਿਆ ਤਾਂ ਉਸ ਵੇਲੇ ਜੋ ਉਨ੍ਹਾਂ ਆਪਣੀ ਸਟੇਟਮੈਂਟ ਦਿਤੀ ਉਹ ਚੇਅਰਮੈਨ ਸਾਹਿਬ, ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ—

> ਮੈਂ ਇਸ ਨੂੰ ਮਾਰਿਆ ਹੈ ਇਸ ਦੇ ਖਿਲਾਫ ਮੈਨੂੰ ਰੋਸ ਸੀ । ਇਸਨੇ ਮੇਰੇ ਲੋਕਾਂ ਦੀ ਰੂਹ ਨੂੰ ਤੋੜਿਆ ਹੈ ਇਸ ਕਰਕੇ ਮੈਂ ਇਸ ਦੀ ਰੂਹ ਨੂੰ ਤੋੜ ਦਿਤਾ ਹੈ । 21 ਸਾਲ ਮੈਂ ਬਦਲਾ ਲੈਣ ਦੀ ਕੋਸ਼ਿਸ਼ ਵਿਚ ਰਿਹਾ ਹਾਂ । ਮੈਨੂੰ ਖੁਸ਼ੀ ਹੈ ਕਿ ਬਦਲਾ ਲੈ ਲਿਆ ਹੈ। ਮੈਨੂੰ ਮੌਤ ਦਾ ਕੋਈ ਡਰ ਨਹੀਂ । ਮੈਂ ਦੇਸ਼ ਲਈ ਮਰ ਰਿਹਾ ਹਾਂ । ਮੈਂ ਆਪਣੇ ਲੋਕਾਂ ਨੂੰ ਅੰਗਰੇਜ਼ੀ ਹਕੂਮਤ ਹੇਠਾਂ ਭੁਖਿਆਂ ਮਰਦਿਆਂ ਦੇਖਿਆ ਹੈ । ਇਸ ਦੇ ਖਿਲਾਫ ਮੇਰਾ ਰੋਸ ਸੀ । ਇਹ ਮੇਰਾ ਫਰਜ਼ ਹੈ ਕਿ ਮੈਂ ਉਨ੍ਹਾਂ ਨੂੰ ਜਗਾਵਾਂ । ਇਸ ਚੋਂ ਚਰੇਰੀ [illegible]

Original with;
Punjab Vidhan Sabha
Digitized by;
Panjab Digital Library

ਚੇਅਰਮੈਨ ਸਾਹਿਬ, ਉਨ੍ਹਾਂ ਨੇ ਇਹ ਬਿਆਨ ਅਦਾਲਤ ਦੇ ਵਿੱਚ ਦਿੱਤਾ ਸੀ । ਉਹ ਇਸ ਗੱਲ ਨੂੰ ਸਮਝਦੇ ਸੀ ਕਿ ਮੇਰੇ ਦੇਸ਼ ਦੇ ਲੋਕ ਭੁੱਖੇ ਮਰ ਰਹੇ ਹਨ, ਮੇਰੇ ਦੇਸ਼ ਦੇ ਲੋਕਾਂ ਦੀ ਰੂਹ ਜਿਹੜੀ ਹੈ ਉਹ ਅੰਗਰੇਜ਼ਾਂ ਨੇ ਤੋੜ ਦਿਤੀ ਹੈ । ਇਸ ਲਈ ਉਸ ਨੇ ਕਤਲ ਕੀਤਾ ਸੀ ਅੱਰ ਇਸੇ ਕਰਕੇ ਉਸਨੂੰ ਖਿਤੇ ਮੱਥੇ 31 ਜੁਲਾਈ, 1940 ਨੂੰ ਸ਼ਹੀਦੀ ਪਾਈ ਅਤੇ ਜ਼ੁਲਮ ਦਾ ਸ੍ਰਤਿਆਨਾਸ ਕੀਤਾ ਸੀ । ਹਿੰਦੁਸਤਾਨ ਦੇ ਸ਼ਹੀਦ ਚਾਹੇ ਉਹ ਸ਼ਹੀਦ ਭਗਤ ਸਿੰਘ ਹੈ, ਚਾਹੇ ਕਰਤਾਰ ਸਿੰਘ ਸਰਾਬਾ ਹੈ ਉਹ ਚਾਹੁੰਦੇ ਸੀ ਕੀ ਹਿੰਦੁਸਤਾਨ ਨੂੰ ਆਜ਼ਾਦ ਕਰਾਉਣਾ ਹੈ ਅੱਰ ਆਪਣੇ ਲੋਕਾਂ ਦੀ ਭੁੱਖ ਨੰਗ ਨੂੰ ਦੂਰ ਕਰਨਾ ਹੈ । ਚੇਅਰਮੈਨ ਸਾਹਿਬ, ਪੰਜਾਬ ਦਾ ਇਕ ਸ਼ਾਇਰ ਸਰਦਾਰ ਮੋਹਨ ਸਿੰਘ ਹੈ ਉਸ ਦਾ ਇਕ ਸ਼ੇਅਰ ਮੈਂ ਆਪ ਨੂੰ ਦਸਣਾ ਚਾਹੁੰਦਾ ਹਾਂ--

ਅਰਸ਼ਾਂ ਤੋਂ ਤੁਰੀਆਂ ਆਜ਼ਾਦੀ ਦੀਆਂ ਪਰੀਆਂ,
ਟਾਟਿਆਂ ਤੇ ਬਿਰਲੀਆਂ ਨੇ ਦਬੋਚ ਲਈਆਂ ।

ਚੇਅਰਮੈਨ ਸਾਹਿਬ, ਸਰਦਾਰ ਉੱਧਮ ਸਿੰਘ ਨੇ ਐਸ਼ ਆਰਾਮ ਦੀ ਜ਼ਿੰਦਗੀ ਨੂੰ ਛੱਡ ਕੇ, ਚੰਗੀ ਜ਼ਿੰਦਗੀ ਨੂੰ ਛੱਡ ਕੇ ਦੇਸ਼ ਦੇ ਲਈ ਸਭ ਤੋਂ ਵੱਡੀ ਕੁਰਬਾਨੀ ਦਿਤੀ ਅੱਰ ਦੇਸ਼ ਨੂੰ ਆਜ਼ਾਦ ਕਰਵਾਇਆ । ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿੰਨੀ ਆਜ਼ਾਦੀ ਆਉਣੀ ਚਾਹੀਦੀ ਸੀ.... (ਵਿਘਨ) ਮੈਂ ਕੋਈ ਇਹੋ ਜਿਹੀ ਗਲ ਨਹੀਂ ਕਰਾਂਗਾ । ਜਦੋਂ ਚੇਅਰਮੈਨ ਸਾਹਿਬ, ਸਰਦਾਰ ਉੱਧਮ ਸਿੰਘ ਨੇ ਸ਼ਹੀਦੀ ਦਿੱਤੀ ਸੀ ਤਾਂ ਉਸ ਵੇਲੇ ਹਿੰਦੁਸਤਾਨ ਦੇ 1/3 ਲੋਕ ਜਿਹੜੇ ਸਨ ਉਹ ਪਾਵਰਟੀ ਲਾਈਨ ਤੋਂ ਥੱਲੇ ਸੀ । ਅੱਜ ਹਿੰਦੁਸਤਾਨ ਦੇ 2/3 ਲੋਕ ਪਾਵਰਟੀ ਲਾਈਨ ਤੋਂ ਥੱਲੇ ਹਨ । ਸਾਨੂੰ ਸਰਦਾਰ ਉੱਧਮ ਸਿੰਘ ਜੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਇਨ੍ਹਾਂ ਗੱਲਾਂ ਤੇ ਵਿਚਾਰ ਕਰਨਾ ਚਾਹੀਦਾ ਹੈ.... (ਵਿਘਨ)

ਇਕ ਆਵਾਜ਼ : ਮਹਾਨ ਸ਼ਹੀਦ ਸਰਦਾਰ ਉੱਧਮ ਸਿੰਘ ਨੇ ਇਹ ਕੰਮ ਕੀਤਾ ਸੀ ਅੱਰ ਹੋਰ ਤੁਹਾਡੇ ਬਹੁਤ ਸਾਰੇ ਸ਼ਹੀਦ ਬਰਮਾਂ ਵਿਚ ਵੀ ਹੋਏ ਸੀ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : * * *

Mr. Chairman : Not in good taste.

Sardar Ajaib Singh Sandhu : * * *

Mr Chairman : This should not form part of the proceedings. I will not allow this thing to come on record on this occasion.

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੈਂ ਸੱਚੀ ਗੱਲ ਕਹਿ ਰਿਹਾ ਹਾਂ, ਝੂਠ ਤਾਂ ਨਹੀਂ ਕਿਹਾ ।

ਸ਼੍ਰੀ ਸਭਾਪਤੀ : ਸੰਧੂ ਸਾਹਿਬ, ਸਚੀਆਂ ਗੱਲਾਂ ਤਾਂ ਬਹੁਤ ਹਨ । ਸੱਚੀ ਗੱਲ ਕਹਿਣ ਤੇ ਤੁਸੀਂ ਆਪ ਐਥੇ ਹੁੰਦੇ ਹੋ । ਅੱਜ ਅਸੀਂ ਇਥੇ ਮਹਾਨ ਸ਼ਹੀਦ ਨੂੰ ਸ਼ਰਧਾਂਜਲੀ ਦੇ ਰਹੇ ਹਾਂ ਸਾਨੂੰ ਕੰਟਰੋਵਰਸੀ ਵਿਚ ਨਹੀਂ ਪੈਣਾ ਚਾਹੀਦਾ । (Sandhu Sahib,

*Expunged as ordered by the Chair.

Original with;
Punjab Vidhan Sabha
Digitized by:
Panjab Digital Library

(ਸ਼੍ਰੀ ਸਭਾਪਤੀ)

there are so many true facts. You feel annoyed when true facts are brought forward. Today we are paying homage to Shaheed Udham Singh and we should not refer to any controversial matter.)

ਸਰਦਾਰ ਅਜਾਇਬ ਸਿੰਘ ਸੰਧੂ : ਚੇਅਰਮੈਨ ਸਾਹਿਬ, ਸ਼ਹੀਦਾਂ ਨੂੰ ਸ਼ਰਧਾਂਜਲੀ ਇਸ ਲਈ ਭੇਂਟ ਕਰਦੇ ਹਾਂ ਕਿ ਪਾਸ ਤੋਂ ਕੁਝ ਸਿਖੀਏ । (ਵਿਘਨ)

ਚੌਧਰੀ ਜਗਤ ਰਾਮ : ਜਦੋਂ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਸਾਹਿਬ ਦੇ ਘੇਰੇ ਵਿਚ ਆਏ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਵੇਲੇ ਜਿਹਾ ਕਲਗੀ ਜਿਨ੍ਹਾਂ ਦੇ ਸਿਰ ਤੇ ਰੱਖੀ ਸੀ ਉਹ ਹਰੀਜਨ ਸਨ ਅਤੇ ਉਹ ਲੜਦੇ ਲੜਦੇ ਸ਼ਹੀਦ ਹੋਏ ਅਤੇ ਉਸ ਵੇਲੇ ਉਨ੍ਹਾਂ ਦੀ ਸ਼ਕਲ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਦੀ ਸੀ । ਹੁਣ ਜਦੋਂ 3 ਕਰੋੜ ਰੁਪਏ ਦਾ ਗੁਰਦੁਆਰੇ ਦਾ ਬੱਜਟ ਇਹ ਛੱਡ ਗਏ (ਵਿਘਨ)

ਸ਼੍ਰੀ ਸਭਾਪਤੀ : ਮੈਂ ਮੈਂਬਰ ਸਾਹਿਬਾਨ ਅਗੇ ਬੇਨਤੀ ਕਰਾਂਗਾ ਕਿ ਪੁਆਇੰਟ ਆਫ਼ ਆਰਡਰਜ਼ ਰੇਜ਼ ਨਾ ਕਰੋ । ਮੈਂ ਸਰਦਾਰ ਅਜਾਇਬ ਸਿੰਘ ਸੰਧੂ ਜੀ ਨੂੰ ਕਹਿ ਦਿੱਤਾ ਹੈ ਕਿ ਕੋਈ ਕੰਟਰੋਵਰਸ਼ੀਅਲ ਗੱਲ ਨਾ ਕਰਨ । ਜਿਸ ਵੇਲੇ ਇਹ ਮਤਾ ਪਾਸ ਹੋ ਜਾਏ ਫਿਰ ਤੁਹਾਡੇ ਕੋਲ ਬੜੇ ਮੌਕੇ ਹਨ ਇਨ੍ਹਾਂ ਗੱਲਾਂ ਲਈ । (I would request the hon. Members not to raise points of orders. I have already requested Sardar Ajaib Singh Sandhu not to raise any controversial matter. Once this resolution is Passed you will have many occasions to refer to such matters.)

ਸਰਦਾਰ ਅਜਾਇਬ ਸਿੰਘ ਸੰਧੂ: ਚੇਅਰਮੈਨ ਸਾਹਿਬ, ਮੈਂ ਅਰਜ਼ ਕਰਦਾ ਹਾਂ ਅਤੇ ਮਹਿਸੂਸ ਕਰਦਾ ਹਾਂ ਕਿ ਹੁਣ ਸ਼ਹੀਦ ਦਾ ਇਤਿਹਾਸ ਲਿਖਿਆ ਜਾ ਰਿਹਾ ਹੈ ਅਤੇ ਲਿਖਿਆ ਜਾਣਾ ਹੈ, ਇਸ ਲਈ ਮੈਂ ਇਕ ਮੰਗ ਜਰੂਰ ਕਰਾਂਗਾ ਕਿ ਸਰਦਾਰ ਉਧੱਮ ਸਿੰਘ ਸ਼ਹੀਦ ਅਤੇ ਬਾਕੀ ਸ਼ਹੀਦਾਂ ਦਾ ਇਤਿਹਾਸ ਚੰਗੀ ਤਰ੍ਹਾਂ ਲਿਖਿਆ ਜਾਵੇ। ਇਸ ਦੇ ਨਾਲ ਹੀ ਮੈਂ ਇਹ ਵੀ ਮੰਗ ਕਰਾਂਗਾ ਕਿ ਜਿਹੜੀ ਖਤੋਕਿਤਾਬਤ ਹਿੰਦੁਸਤਾਨ ਦੀ ਪ੍ਰਾਈਮ ਮਨਿਸਟਰ ਬ੍ਰਿਟਿਸ਼ ਦੇ ਪ੍ਰਾਈਮ ਮਨਿਸਟਰ ਨਾਲ ਹੋਈ ਹੈ ਉਹ ਵੀ ਇਸ ਵਿਚ ਹੋਣੀ ਚਾਹੀਦੀ ਹੈ । ਇਸ ਦੇ ਨਾਲ ਸ਼ਹੀਦ ਦਾ ਇਤਿਹਾਸ ਠੀਕ ਲਿਖਿਆ ਜਾਏਗਾ ।

ਚੌਧਰੀ ਦਰਸ਼ਨ ਸਿੰਘ (ਨੂਰਮਹਿਲ) : ਚੇਅਰਮੈਨ ਸਾਹਿਬ, ਬਹੁਤ ਸਾਰੇ ਮੈਂਬਰ ਸਾਹਿਬਾਨ ਨੂੰ ਸ਼ਾਇਦ ਇਸ ਇਤਿਹਾਸ ਦੇ ਉਸ ਹਿੱਸੇ ਦਾ ਨਾ ਪਤਾ ਹੋਵੇ ਕਿ ਜਲ੍ਹਿਆਂ ਵਾਲੇ ਬਾਗ ਵਿਚ ਗੋਲੀ ਚਲਾਉਣ ਵਾਲਾ ਜਨਰਲ ਡਾਇਰ ਨੇ ਹਿੰਦੁਸਤਾਨ ਵਿਚ ਜਨਮ ਲਿਆ ਸੀ ਅਤੇ ਹਿੰਦੁਸਤਾਨ ਵਿਚ ਟ੍ਰੇਨਿੰਗ ਲਈ ਸੀ ਅਤੇ ਹਿੰਦੁਸਤਾਨ ਦਾ ਨਮਕ ਹਰਾਮ ਨਿਕੱਲਿਆ । ਜਨਰਲ ਡਾਇਰ ਮੇਕਨ ਡਾਇਰ ਦਾ ਲੜਕਾ ਸੀ ਇੰਡੀਆ ਦਾ ਉਸ ਨੇ ਨਮਕ ਖਾਧਾ ਅਤੇ ਗੋਲੀ ਚੱਲਾਈ ।

(ਇਸ ਸਮੇਂ ਸ਼੍ਰੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਇਹ ਗੱਲ ਠੀਕ ਹੈ ਕਿ ਕਪੜੇ ਦੇ ਉਤੇ ਲਗਾ ਦਾਗ਼ ਪਾਊਡਰ ਨਾਲ ਧੋਤਾ ਜਾ ਸਕਦਾ ਹੈ ਅਤੇ ਲਕੜੀ ਤੇ ਲਗਾ ਦਾਗ ਰੰਦੇ ਨਾਲ ਸਾਫ ਕੀਤਾ ਜਾ ਸਕਦਾ ਹੈ। ਪਰ ਕੌਮਾਂ ਦੇ ਮੱਥੇ ਤੇ ਲਗਾ ਕਲੰਕ ਸ਼ਹੀਦਾਂ ਦੇ ਖੂਨ ਨਾਲ ਮਿਟਾਇਆ ਜਾ ਸਕਦਾ ਹੈ। ਕੌਣ ਜਾਣਦਾ ਸੀ ਕਿ ਫਾਟਕ ਤੇ ਨੌਕਰੀ ਕਰਨ ਵਾਲੇ ਦਾ ਬੱਚਾ 45 ਕਰੋੜ ਹਿੰਦੁਸਤਾਨੀਆਂ ਦਾ ਬਦਲਾ ਲਵੇਗਾ। ਮੌਤ ਹਮੇਸ਼ਾ ਉਸ ਪਰੀਵਾਰ ਦੇ ਪਿਛੇ ਰਹੀ। ਪਿਤਾ ਦੀ ਨੌਕਰੀ ਗਈ ਔਰ ਉਹ ਵੀ ਗੁਜ਼ਰ ਗਏ, ਮਾਤਾ ਦਾ ਪਿਆਰ ਗਿਆ ਅਤੇ ਬੱਚ ਬਚਾ ਕੇ ਦੋ ਭਰਾ ਰਹਿ ਗਏ ਅਤੇ ਉਹ ਯਤੀਮ ਖਾਨੇ ਵਿੱਚ ਦਾਖ਼ਲ ਹੋਏ। ਯਤੀਮ ਖਾਨੇ ਵਿਚ ਵੱਡਾ ਭਰਾ ਸਾਥ ਛੱਡ ਗਿਆ ਅਤੇ ਰਹਿ ਗਿਆ ਇਕਲਾ ਸ਼ਹੀਦ ਉਧੱਮ ਸਿੰਘ। ਉਹ 13 ਅਪ੍ਰੈਲ, 1919 ਨੂੰ ਜਲ੍ਹਿਆਂ ਵਾਲੇ ਬਾਗ ਵਿੱਚ ਜਦੋਂ ਗੋਲੀ ਚਲੀ ਉਹ ਮੌਜੂਦ ਨਹੀਂ ਸੀ। ਉਸ ਦਾ ਕੋਈ ਭਰਾ ਜਾਂ ਭੈਣ ਉਸ ਵਿੱਚ ਮਰੇ ਨਹੀਂ ਸੀ, ਲੇਕਿਨ ਜਿਸ ਵੇਲੇ ਠੇਸ ਲਗੀ ਤਾਂ 45 ਕਰੜ ਹਿੰਦੁਸਤਾਨੀਆਂ ਦੀ ਅਣਖ ਦਾ ਬਦਲਾ ਲੈਣ ਦੀ ਖਾਤਰ ਉਸ ਨੇ ਇਕ ਜਗ੍ਹਾ ਨਹੀਂ ਸੰਸਾਰ ਦੇ ਕਈ ਚੱਕਰ ਕਟੇ। ਪਹਿਲਾਂ ਅਫ਼ਰੀਕਾ ਗਏ, ਅਮਰੀਕਾ ਗਏ ਅਤੇ ਉਥਾਂ ਰਿਵਾਲਵਰ ਇਕੱਠੇ ਕੀਤੇ ਅਤੇ 1933 ਵਿਚ ਪਾਸ ਪੋਰਟ ਬਣਵਾਕੇ ਵਲਾਇਤ ਗਏ। ਸਪੀਕਰ ਸਾਹਿਬ, 7 ਸਾਲ ਭੜਕਦੀ ਜਵਾਲਾਂ ਨੂੰ ਸੀਨੇ ਵਿਚ ਲੈਕੇ ਫਿਰਦਾ ਰਿਹਾ। ਉਸ ਨੂੰ ਬਾਵਾ ਕਹਿੰਦੇ ਸਨ। ਉਸਨੇ ਪੂਰੇ 7 ਸਾਲ ਉਸ ਭੜਕਦੀ ਜਵਾਲਾਂ ਨੂੰ ਮਨ ਵਿੱਚ ਦਬਾਈ ਰੱਖਿਆ। ਉਹ ਮੌਕੇ ਦੀ ਤਲਾਸ਼ ਵਿੱਚ ਸੀ ਕਿ ਹਿੰਦੁਸਤਾਨ ਤੇ ਤਸ਼ੱਦਦ ਕਰਨ ਵਾਲੇ ਇਕ ਥਾਂ ਇਕੱਠੇ ਹੋਣ, ਅਤੇ ਉਹ ਮੌਕਾ ਉਸ ਨੂੰ ਪ੍ਰਾਪਤ ਹੋਇਆ, 13 ਮਾਰਚ, 1940 ਵਾਲੇ ਦਿਨ, ਜਦੋਂ ਕਿ ਔਡਵਾਇਰ, ਲੁਈਸ ਜ਼ੈਡਲੈਂਡ, ਪੰਜਾਬ ਦੇ ਲੈਫਟੀਨੈਂਟ ਗਵਰਨਰ ਇਕੱਠੇ ਸਨ। ਉਸ ਨੇ ਜਦੋਂ ਗੋਲੀ ਚਲਾਈ ਤਾਂ ਦੋ ਆਦਮੀ ਨਹੀਂ 5 ਆਦਮੀ ਇੰਜਰ ਹੋਏ ਅਤੇ ਉਹ ਉਹ ਲੋਕ ਸਨ ਜਿਨ੍ਹਾਂ ਨੇ ਹਿੰਦੁਸਤਾਨੀਆਂ ਤੇ ਗੋਲੀ ਚਲਾਈ ਸੀ। ਫਾਈਵ ਪਰਸਨਜ਼ ਵਰ ਇੰਜਰਡ ਐਟ ਵਨ ਪਲੇਸ ਐਂਡ ਇੰਨ ਵਨ ਅਕਰੈਂਸ। ਬਾਕੀ ਜ਼ਖ਼ਮੀ ਹੋਏ ਅਤੇ ਔਡਵਾਇਰ ਮਰ ਗਿਆ। ਇਹ ਗੱਲ ਕਦੀ ਨਹੀਂ ਸੀ ਦੇਖੀ। ਇਹ ਸੀ ਸਭ ਨਾਲੋਂ ਮਹਾਨ ਕਾਰਨਾਮਾ ਉਸ ਸ਼ਹੀਦ ਦਾ। ਇਹ ਗੱਲ ਠੀਕ ਹੈ ਕਿ ਹੋ ਸਕਦਾ ਹੈ ਹਿੰਦੁਸਤਾਨ ਦੀ ਪਾਰਲੀਮੈਂਟ ਵਿੱਚ ਆਜ਼ਾਦੀ ਲੈਣ ਵਾਸਤੇ ਬੰਬ ਸੁਟੇ ਗਏ ਹੋਣ ਅਤੇ ਆਪਣੀ ਅਣਖ ਦਾ ਬਦਲਾ ਲੈਣ ਵਾਸਤੇ ਕਈ ਤਸ਼ੱਦਦ ਕਰਨ ਵਾਲੇ ਅੰਗਰੇਜ਼ਾਂ ਨੂੰ ਮਾਰਿਆ ਗਿਆ ਹੋਵੇ ਪਰ ਹਿੰਦੁਸਤਾਨ ਵਿਚੋਂ ਬਾਹਰ ਦੇ ਮੁਲਕਾਂ ਵਿੱਚ ਜਾ ਕੇ ਨਹੀਂ। ਇਕ ਵਾਕਿਆ ਇਹ ਹੋਇਆ ਸੀ ਕਿ ਸਟੂਡੈਂਟਸ ਕਮਿਊਨਿਟੀ ਤੇ ਗੋਲੀ ਚਲਾਈ ਗਈ ਸੀ 1910 ਵਿੱਚ ਅਤੇ ਸ਼੍ਰੀ ਮਦਨ ਲਾਲ ਢੀਂਗੜਾ ਨੇ ਉਸ ਦਾ ਬਦਲਾ ਲਿਆ ਸੀ। ਪਰ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਹਿੰਦੁਸਤਾਨ ਦੇ ਵਿੱਚ ਤਸ਼ੱਦਦ ਕਰਨ ਵਾਲੇ ਤੇ ਬਾਹਰਲੇ ਮੁਲਕ ਵਿਚ ਜਾਕੇ ਬਦਲਾ ਲੈਣ ਵਾਲਾ ਸਰਦਾਰ ਉੱਧਮ ਸਿੰਘ ਹੀ ਸੀ ਜਿਹੜਾ ਕਿ ਪੰਜਾਬ ਦਾ ਬੇਟਾ ਸੀ। ਸਪੀਕਰ ਸਾਹਿਬ, ਅਮੀਰਾਂ ਦੇ ਬੱਚੇ ਘਟ ਸ਼ਹੀਦੀ ਪ੍ਰਾਪਤ ਕਰ ਸਕਦੇ ਹਨ। ਸ਼ਹੀਦੀ ਉਹ ਪ੍ਰਾਪਤ ਕਰ ਸਕਦੇ ਹਨ ਜਿਨ੍ਹਾਂ ਦੀ ਅਣਖ ਨੂੰ ਝੰਜੋੜ ਲਗੇ। ਜਲ੍ਹਿਆਂ ਵਾਲੇ ਬਾਗ ਦੇ ਵਾਕੇ ਨੇ ਸਰਦਾਰ ਉੱਧਮ ਸਿੰਘ ਦੀ ਜ਼ਮੀਰ ਨੂੰ ਹਿੰਦੁਸਤਾਨ ਦੀ ਅਣਖ ਦਾ ਬਦਲਾ ਲੈਣ ਲਈ ਝੰਜੋੜ ਦਿੱਤਾ। ਉਸ ਦੇ ਬਾਅਦ 14 ਮਾਰਚ, 1940 ਦੇ ਟ੍ਰਿਬਿਊਨ ਨੇ ਦਿਤਾ ਕਿ ਇੰਨੇ ਬੰਦੇ ਜ਼ਖਮੀ ਹੋਏ, ਔਡਵਾਇਰ ਮਾਰਿਆ ਗਿਆ। After arrest he was just a normal man, least disturbed by the occurrence.

Original with;
Punjab Vidhan Sabha
Digitized by;
Panjab Digital Library

[ਚੌਧਰੀ ਦਰਸ਼ਨ ਸਿੰਘ]

ਇਥੇ ਮੇਰਾ ਖ਼ਿਆਲ ਹੈ ਕਿ ਇਤਿਹਾਸ ਇਹ ਵੀ ਦਸਦਾ ਹੈ ਕਿ ਤੂੰ ਕਹਿ ਦੇ ਕਿ ਮੈਂ ਗੋਲੀ ਨਹੀਂ ਚਲਾਈ । ਉਸਨੇ ਜਵਾਬ ਦਿਤਾ ਕਿ ਜਿਸ ਕੰਮ ਵਾਸਤੇ 1919 ਤੋਂ ਲੈਕੇ ਹੁਣ ਤੱਕ ਮੈਂ ਫਿਰਦਾ ਰਿਹਾ ਹਾਂ ਅਤੇ ਹੁਣ ਜਦੋਂ ਉਸ ਕੰਮ ਦੀ ਪ੍ਰਾਪਤੀ ਕੀਤੀ ਹੈ, ਉਹ ਨੂੰ ਕਹਿ ਦਿਆਂ ਕਿ ਮੈਂ ਪ੍ਰਾਪਤੀ ਨਹੀਂ ਕੀਤੀ । ਜਿਸ ਵੇਲੇ ਉਹ ਗ੍ਰਿਫਤਾਰ ਹੋਇਆ ਤਾਂ ਉਸ ਨੇ ਆਪਣਾ ਨਾਮ ਰਾਮ ਮੁਹੰਮਦ ਸਿੰਘ ਦਸਿਆ । ਉਸ ਨੂੰ ਪਤਾ ਸੀ ਕੀ ਹਿੰਦੁਸਤਾਨ ਦੇ ਵਿੱਚ ਮਜ਼ਹਬ ਦੇ ਨਾਮ ਤੇ ਵੰਡੀਆਂ ਪੈਣੀਆਂ ਹਨ । ਸਪੀਕਰ ਸਾਹਿਬ, ਹਿੰਦੁਸਤਾਨ ਰਿਸ਼ੀਆਂ ਮੁਨੀਆਂ ਅਤੇ ਪੈਗੰਬਰਾਂ ਦਾ ਦੇਸ਼ ਹੈ ਅਤੇ ਰਿਸ਼ੀ ਮੁਨੀ ਅਤੇ ਪੈਗੰਬਰ ਰੀਜਨ ਦੇ ਨਾਮ ਤੇ, ਜ਼ਬਾਨ ਦੇ ਨਾਮ ਤੇ ਅਤੇ ਮਜ਼ਹਬ ਦੇ ਨਾਮ ਤੇ ਵੰਡੀਆਂ ਨਹੀਂ ਪਾਉਂਦੇ । ਸਪੀਕਰ ਸਾਹਿਬ, ਜਿਹੜਾ ਉਹ ਸ਼ਹੀਦ ਸੀ ਉਹ 45 ਕਰੋੜ ਹਿੰਦੁਸਤਾਨੀਆਂ ਦਾ ਸ਼ਹੀਦ ਸੀ, ਉਹ ਹਿੰਦੁਸਤਾਨ ਦੀ ਵਿਰਾਸਤ ਹੈ, ਹਰ ਜ਼ਰੇ ਦਾ ਸ਼ਹੀਦ ਹੈ । ਇਸ ਨੂੰ ਹਿੰਦੂ, ਸਿੱਖ, ਮੁਸਲਮਾਨ ਦੇ ਨਾਂ ਤੇ ਵੰਡੀਏ ਤਾਂ ਵੰਡਿਆ ਨਹੀਂ ਜਾ ਸਕਦਾ । ਉਹ ਹਰ ਹਿੰਦੁਸਤਾਨ ਵਿੱਚ ਵਸਣ ਵਾਲੇ ਨੂੰ ਮੁਹੱਬਤ ਦਾ ਸਬਕ ਦਿੰਦਾ ਹੈ । ਕਿਸੇ ਵੀ ਕੌਮ ਦੇ ਇਤਿਹਾਸ ਵਿਚੋਂ ਕੱਢ ਕੇ ਵੇਖ ਲਓ । ਕਿਸੇ ਵੀ ਸ਼ਹੀਦ ਤੇ ਇਹੋ ਜਿਹੀ ਪਾਬੰਦੀ ਨਹੀਂ ਲਗਾਈ ਜਾ ਸਕਦੀ । ਤੁਸੀਂ ਸਤਲੁਜ ਦੀਆਂ ਲਹਿਰਾਂ ਨੂੰ ਜਾ ਕੇ ਫਰੋਲੋ, ਇਹੋ ਆਵਾਜ਼ ਆਵੇਗੀ, ਹਿੰਦੂ, ਸਿੱਖ ਅਤੇ ਮੁਸਲਮਾਨ ਇਕ ਹਨ ਅਤੇ ਸਾਰੇ ਹਿੰਦੁਸਤਾਨੀ ਹਨ । ਇਸ ਕਰਕੇ ਸ਼ਹੀਦ ਨੂੰ ਵੰਡਿਆ ਨਹੀਂ ਜਾ ਸਕਦਾ । ਇਹ ਕਹਿਣਾ ਕੀ ਉਹ ਪੱਗ ਵਾਲਾ ਸੀ ਜਾਂ ਉਹ ਰੋਡਾ ਸੀ । ਤੁਸੀਂ ਪਗੜੀ ਵਾਲਾ ਅਤੇ ਰੋਡਾ ਵੇਖਣਾ ਚਾਹੁੰਦੇ ਹੋ ਜਾਂ ਸ਼ਹੀਦ ਦਾ ਜਾਪ ਕਰਨਾ ਚਾਹੁੰਦੇ ਹੋ । ਇਥੇ ਕਈ ਸਰਕਾਰਾਂ ਆਈਆਂ । ਕਿਸੇ ਸਥਕਾਰ ਨੇ ਉਸ ਮਹਾਨ ਸ਼ਹੀਦ ਦੀਆਂ ਅਸਥੀਆਂ ਇਥੇ ਨਹੀਂ ਲਿਆਂਦੀਆਂ । ਪੰਜਾਬ ਦੀ ਸਰਕਾਰ ਨੂੰ ਮੈਂ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਉਸ ਸ਼ਹੀਦ ਦੀਆਂ ਅਸਥੀਆਂ ਇਥੇ ਲਿਆਂਦੀਆਂ । ਸ਼ਹੀਦ ਦਾ ਹੀ ਸਤਿਕਾਰ ਹੁੰਦਾ ਹੈ । ਰਾਜੇ ਮਰਦੇ ਹਨ, ਰਜਵਾੜੇ ਮਰਦੇ ਹਨ, ਲੇਕਿਨ ਜਿਹੜੇ ਕੌਮ ਦੀ ਖਾਤਰ ਸ਼ਹੀਦ ਹੁੰਦੇ ਹਨ, ਉਨ੍ਹਾਂ ਦਾ ਹੀ ਸਤਿਕਾਰ ਹੁੰਦਾ ਹੈ । ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਉਸ ਸ਼ਹੀਦ ਦੀਆਂ ਅਸਥੀਆਂ ਨੂੰ ਇਥੇ ਲਿਆਂਦਾ । ਇਹ ਗੱਲ ਸਾਰਾ ਹਾਊਸ ਜਾਣਦਾ ਹੈ ਕਿ ਉਸ ਸ਼ਹੀਦ ਦੀਆਂ ਅਸਥੀਆਂ ਨੂੰ ਪ੍ਰਣਾਮ ਕਰਨ ਵਾਸਤੇ ਲੱਖਾਂ ਲੋਕ ਖੜੇ ਸਨ ਅਤੇ ਉਨ੍ਹਾਂ ਨੇ ਉਸ ਸ਼ਹੀਦ ਨੂੰ ਪ੍ਰਣਾਮ ਕੀਤਾ । ਅਗਰ ਇਸ ਤੋਂ ਵੀ ਵੱਧ ਸਤਿਕਾਰ ਅਸੀਂ ਦੇ ਸਕਦੇ ਹਾਂ ਤਾਂ ਸਾਨੂੰ ਦੇਣਾ ਚਾਹੀਦਾ ਹੈ । ਮੈਂ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਸ਼ਹੀਦੇ ਆਜ਼ਮ ਭਗਤ ਸਿੰਘ ਦੀ ਮਾਤਾ ਨੂੰ ਰਾਜ ਮਾਤਾ ਦਾ ਖਿਤਾਬ ਦਿਤਾ ਹੈ, ਇਕ ਰਿਸਰਚ ਸੈਕਸ਼ਨ ਬਣਾਉ ਜੋ ਕਿ ਪੰਜਾਬ ਦੇ ਸ਼ਹੀਦਾਂ ਦੀ ਤਹਿਰੀਕ ਉਸ ਕਿਤਾਬ ਵਿੱਚ ਇੱਕਠੀ ਕਰਕੇ ਬਣਾਉਣ । ਪੰਜਾਬ ਦੇ ਸ਼ਹੀਦਾਂ ਦੀ ਪੁਸਤਕ ਬਣਾਉ । ਉਸ ਗਰੰਥ ਦਾ ਸਕੂਲਾਂ ਵਿਚ ਪਾਠ ਹੋਵੇ । ਸਕੂਲਾਂ ਵਿਚ ਪੜ੍ਹਣ ਵਾਲਿਆਂ ਬੱਚਿਆਂ ਤੇ ਇਸ ਦਾ ਬੜਾ ਚੰਗਾ ਅਸਰ ਪਵੇਗਾ । ਹਿੰਦੂ, ਸਿੱਖ, ਅਤੇ ਮੁਸਲਮਾਨ ਇਕ ਹਨ, ਇਹ ਚੀਜ਼ ਬੱਚਿਆਂ ਨੂੰ ਦਸੀ ਜਾਵੇ ! ਇਹੋ ਜਿਹੀਆਂ ਕਿਤਾਬਾਂ ਸਕੂਲਾਂ ਅਤੇ ਕਾਲਜਾਂ ਵਿਚ ਲਾਈਆ ਜਾਣ । ਮੈਂ ਫਿਰ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੂੰ ਕਹਾਂਗਾ ਕਿ ਇਸ ਤਰ੍ਹਾਂ ਦੇ ਸ਼ਹੀਦਾਂ ਦੀ ਪੁਸਤਕ ਇਕੋ ਵਾਲਿਊਮ ਵਿੱਚ ਇਕੱਠੀ ਕਰਕੇ ਸਕੂਲਾਂ ਵਿੱਚ ਲਾਈ ਜਾਵੇ ।

Original with;
Punjab Vidhan Sabha
Digitized by;
Panjab Digital Library

श्री सरदारी लाल कपूर (लुधियाना उत्तर) : स्पीकर साहिब, अज शहीद उधम सिंघ नूं शरधांजली भेंट करन दा मता हाउस दे साहमणे पेश कीता गिआ है । उस महान शहीद दे मुतलिक जिहड़ीआं गॅलां इथे कहीआं गइीआं हन मैं उन्हां नूं दुहराणा नहीं चाहुंदा । 1940 विच असीं नान वाइलैंट तरकीब नाल गांधी जी दे हुकम नाल लड़ाई लड़ रहे सी । 1940 दे विच इह वाकिआ होइआ । उस दे मन विच इह असर रिहा । जिहड़े इह लफज़ इथे बदले दे इसतेमाल कीते जांदे हन, मैं इस नूं बदला नहीं समझदा । जिस नूं कोई जाती तकलीफ पहुंचाई गई होवे उस नूं तां बदला किहा जा सकदा है । इस शहीद ने इक कौम दा बदला लिआ जिस ते कि जुलम कीता गिआ सी । मैं समझदा हां कि इह बदले दा लफज़ इसतेमाल नहीं करना चाहीदा । इह इक शहादत सी । उस दे मन विच उमंग सी । सानूं उस दी शहादत तों कोई सबक सिखणा चाहीदा है । (ताड़ीआं) जो कुरबानी उन्हां ने दित्ती उस दा साडे मन ते असर हुंदा है । मैं इक गॅल कहि के खतम कर दिआंगा । इक राजा सी । उह ने हुकम दिता कि जिहड़ा मेरी रिआसत विच चोरी करेगा उस नूं फासी लगा दित्ती । दूसरे दिन सवेरे ही तिंन बंदे पकड़े गए । उन्हां विच्चों दो नूं तां फांसी हो गई इक ने किहा कि मेरी गॅल सुण लई । मैनूं सोना बणाउणा आंउंदा है ! इस लई मैनूं राजे कोल लै चलो । उह उन नूं राजे कोल लै गए । राजे ने उसनूं पुछिआ कि तूं सोना बणाउणा जाणदा है ? उस ने किहा मैंनूं इक बूटी दा पता है । जे उस नूं लोहे दे नल लाइा दिता जावे तां उह सोना बण जावेगा । लोकां ने कड़ीआं पुट दित्तीआं, गारडर लै आंदे, चाबीआं तक लै आंदीआं । सारा लोहा इकठा कर दित्ता । उसने किहा कि जिस आदमी ने कदे झूठ नहीं बोलिआ, जिस ने चोरी नहीं कीती, उस बंदे नूं लै आउ, उह जे इस बूटी नूं लोहे दे नाल लाएगा तां लोहा सोना बण जावेगा । जिस बंदे ने इन्हां गलत कंमां विचों कोई कंम कीता होवे अते उह बूटी नूं हॅथ ला बैठा तां उह अंन्हा हो जावेगा । सभ तों पहिलां जज नूं लिआंदा गिआ । उह कहिंदा मैनूं मुआफ करो, मैं तिंन वार वाती रिजैक्ट लै चुका हां । फिर वकील लिआंदे गए । उह कहिण लगे कि असीं तां हरवकत झूठ बोलदे हां अते दुनिआं तों झूठ बुलाउंदे हां, इस लई साडे ते दया करो । फिर इक वपारी लै आंदा । उह कहिण लगा कि मैं तां अडजसटरेशन कहदा हां, घट तोलदा हां, जिआदा कीमत लैंदा हां, इस लई मैनूं अंन्हा ना करो । फिर इक संत नूं लै आए । उह कहिंदा कि लोक तां लोकां नाल धोखा करदे हन पर मैं तां रॅब नूं वी धोखा दिंदा हां । इस लई मैनूं माफ करो । असीं सारे इस तरां दे कंम करदे हां । परमातमा दा डर रखो अते उस शहीद दी रूह तों फाइदा उठाउ, उस दे चरनां विच नमसकार करो अते इस चंगे रसते ते चल के देस अते कौम दा भला करो । इह उसी शहीद नूं सभ तों वडी शरधांजली होवेगी । आउ असीं दिलकपूरती ते उस दे सचे हल मिलके इस देस लई कंम करीए । असीं तां पुट उलट पुलट

Original with;
Punjab Vidhan Sabha
Digitized by;
Panjab Digital Library

(ਸ਼੍ਰੀ ਸਰਦਾਰੀ ਲਾਲ ਕਪੂਰ)

ਗਲਾਂ ਕਰਦੇ ਹਾਂ । ਸ਼ਹੀਦ ਉੱਧਮ ਸਿੰਘ ਫਿਰਕਾ ਪ੍ਰਸਤੀ ਦੇ ਖਿਲਾਫ ਸੀ । ਅਸੀਂ ਇਹ ਕਹੀਏ ਕਿ ਹਰ ਇਕ ਵਿੱਚ ਪ੍ਰਮਾਤਮਾ ਦਾ ਨਿਵਾਸ ਹੈ ਅਤੇ ਇਸ ਲਈ ਇਕ ਦੂਜੇ ਲਈ ਕੰਮ ਕਰੀਏ ।

ਰਾਜ ਮੰਤਰੀ ਲੋਕ ਸਿਹਤ (ਜਥੇਦਾਰ ਸੋਹਣ ਸਿੰਘ ਜਲਾਲਉਸਮਾਨ) : ਸਪੀਕਰ ਸਾਹਿਬ, ਅੱਜ ਇਸ ਹਾਊਸ ਵਿੱਚ ਸ਼ਹੀਦ ਉੱਧਮ ਸਿੰਘ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ ਹਨ । ਸ਼ਹੀਦ ਉੱਧਮ ਸਿੰਘ ਇਕ ਜ਼ਿੰਦਾ ਦਿਲ ਆਦਮੀ ਸਨ । ਉਨ੍ਹਾਂ ਨੇ ਆਪਣੇ ਮਨ ਨੂੰ ਮਜ਼ਬੂਤ ਰਖਿਆ ਅਤੇ ਆਪਣੇ ਵਿਰੋਧੀ ਨੂੰ ਇੰਗਲੈਂਡ ਵਿੱਚ ਜਾ ਕੇ ਮਾਰ ਕੇ ਬਦਲਾ ਲਿਆ । ਜਿਸ ਤਰ੍ਹਾਂ ਉਸ ਜ਼ਾਲਮ ਨੇ ਨਿਹੱਥਿਆਂ ਤੇ ਗੋਲੀਆਂ ਚਲਾਈਆਂ ਸਨ, ਉਸੇ ਤਰ੍ਹਾਂ ਇਸ ਸ਼ਹੀਦ ਨੇ ਉਸ ਦੇ ਉਤੇ ਗੋਲੀ ਚਲਾਈ । ਲੇਕਿਨ ਇਥੇ ਉਨ੍ਹਾਂ ਨੂੰ ਗਰੀਬ ਘਰ ਦਾ ਆਖਿਆ ਗਿਆ, ਕੁਝ ਉਨ੍ਹਾਂ ਨੂੰ ਇਕ ਯਤੀਮ ਖਾਨੇ ਦੇ ਵਿਚ ਪੜ੍ਹਿਆ ਹੋਇਆ ਦਸਦੇ ਹਨ । ਮੈਂ ਸਮਝਦਾ ਹਾਂ ਕਿ ਜਿਸ ਆਦਮੀ ਨੇ ਆਪਣਾ ਸ਼ਰੀਰ ਦਾਨ ਕੀਤਾ, ਜਿਸ ਨੇ ਆਪਣਾ ਸਿਰ ਦਾਨ ਕੀਤਾ, ਉਸ ਸਿਰ ਦੇ ਦਾਨੀ ਨੂੰ ਗਰੀਬ ਆਖਣਾ ਅਨਾਥ ਆਖਣਾ, ਇਹ ਗੱਲ ਠੀਕ ਨਹੀਂ । ਛੋਟੇ ਛੋਟੇ ਦਾਨ ਆਦਮੀ ਕਰ ਸਕਦਾ ਹੈ । ਸਰਬੰਸਦਾਨੀ ਗੁਰੂ ਤੇਗ ਬਹਾਦਰ ਅਤੇ ਦਸਵੀਂ ਪਾਤਸ਼ਾਹੀ ਨੇ ਆਪਣਾ ਸਭ ਕੁਝ ਦਾਨ ਕੀਤਾ ਸੀ । ਲੇਕਿਨ ਇਸ ਜ਼ਮਾਨੇ ਵਿਚ ਜੋ ਕੁਝ ਸ਼ਹੀਦ ਉੱਧਮ ਸਿੰਘ ਨੇ ਕੀਤਾ ਉਹ ਕੋਈ ਵੱਡਾ ਸਰਮਾਏਦਾਰ ਜਾਂ ਧਨਾਢ ਨਹੀਂ ਕਰ ਸਕਦਾ । ਨਾ ਧਨਾਢਾਂ ਨੇ ਕਦੀ ਕੁਝ ਕੀਤਾ ਹੈ । ਹਰ ਲੈਕਚਰ ਵਿਚ ਇਹ ਕਹਿਣਾ ਕਿ ਯਤੀਮਖਾਨੇ ਵਿਚ ਪੜ੍ਹਿਆ, ਮੈਂ ਇਸ ਨੂੰ ਠੀਕ ਨਹੀਂ ਸਮਝਦਾ । ਮੈਂ ਤਾਂ ਉਸ ਯਤੀਮਖਾਨੇ ਵਾਲੇ ਨੂੰ ਕਹਿੰਦਾ ਹਾਂ ਕਿ ਇਸ ਦਾ ਨਾਂ ਸ਼ਹੀਦ ਉੱਧਮ ਸਿੰਘ ਆਜ਼ਮ ਰਖ ਦਿਓ । ਉਸ ਆਦਮੀ ਨੇ ਬਹੁਤ ਕੁਝ ਕੀਤਾ ਹੈ । ਸਪੀਕਰ ਸਾਹਿਬ, ਮੈਂ ਵੀ 1919 ਵਿਚ ਫੌਜ ਵਿਚ ਸਾਂ । ਕੁਝ ਮੁੰਡਿਆਂ ਨੇ ਸਲਾਹ ਕੀਤੀ ਕਿ ਚਲੋ ਪਰਸੋਂ ਜਾ ਕੇ ਇਸ ਰਸਾਲੇ ਨੂੰ ਮਾਰੀਏ । ਲੇਕਿਨ ਜਿਸ ਵੇਲੇ ਗਿਣਤੀ ਦਾ ਬਿਗਲ ਵਜਿਆ ਤਾਂ ਸਾਡੀ ਫੌਜ ਦੇ ਇਕ ਸੱਜਣ ਹਵਾਲਦਾਰ ਮੇਜਰ ਨੇ ਜਾ ਕੇ ਅੰਗਰੇਜ਼ਾਂ ਦੇ ਸਕੱਟ ਵਿਚ ਦੱਸ ਦਿੱਤਾ । ਫੌਜ ਦੇ ਹੈਡਕੁਆਰਟਰ ਵਿਚ ਸਾਡੇ ਕਮਾਂਡਰ ਨੇ ਅਲਾਹਨ ਵਜਾ ਦਿਤਾ ਸਾਰੇ ਕਹਿਣ ਲਗੇ ਚਲੋ ਆਪਣੀਆਂ ਕੰਪਨੀਆਂ ਵਿਚ ਗਿਣਤੀ ਦੇਈਏ । ਜਦ ਦਿਨ ਚੜ੍ਹਿਆ ਤਾਂ ਸਾਡੀਆਂ ਤਨਤੀਸ਼ਾਂ ਸ਼ੁਰੂ ਹੋਈਆਂ ਅਤੇ ਕੁਝ ਮਹੀਨਿਆਂ ਬਾਅਦ ਅਸੀਂ ਡਿਸਚਾਰਜ ਹੋਏ । ਇਸ ਗੱਲ ਨੂੰ 53 ਸਾਲ ਹੋ ਗਏ ਹਨ । ਜੇਲ੍ਹਾਂ ਵਿਚ ਗਏ, ਮਾਰਾਂ ਖਾਦੀਆਂ, ਜੈਤੋ ਦਾ ਮੋਰਚਾ ਵੇਖਿਆ ਲੇਕਿਨ ਵੇਲੇ ਸਿਰ ਮੌਤ ਨਹੀਂ ਆਈ । ਮੈਂ ਸਮਝਦਾ ਹਾਂ ਕਿ ਮੌਤ ਜਿਸ ਚੰਗੇ ਆਦਮੀ ਨੂੰ ਵੇਲੇ ਸਿਰ ਆਉਂਦੀ ਹੈ, ਬਹਾਦਰ ਨੂੰ ਆਉਂਦੀ ਹੈ ਸਾਰੀ ਦੁਨੀਆਂ ਜਿਉਂਦੀ ਹੈ ਸਾਰੀ ਦੁਨੀਆਂ ਮਰ ਜਾਣੀ ਹੈ । ਲੇਕਿਨ ਮੈਂ ਸਮਝਦਾ ਹਾਂ ਕਿ ਜਿਸ ਬਹਾਦਰੀ ਨਾਲ ਜਿਸ ਦਲੇਰੀ ਨਾਲ ਸਰਦਾਰ ਉੱਧਮ ਸਿੰਘ ਨੇ ਮੌਤ ਨੂੰ ਵਿਆਹਿਆ ਹੈ ਹਰ ਆਦਮੀ ਨਹੀਂ ਵਿਆਹ ਸਕਦਾ । ਮੈਂ ਆਪਣੀ ਸੈਂਟਰ ਦੀ ਸਰਕਾਰ ਅੰਦਰ ਗਿਆਨੀ ਜ਼ੈਲ ਸਿੰਘ ਹੋਰਾਂ ਨੂੰ ਬਹੁਤ ਬਹੁਤ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਨਵਾਂ ਉਦਯੋਗ ਲੋਕਾਂ ਨੂੰ ਸਪਾਇਆ ਹੈ । ਮੈਂ ਇਹ ਆਪਣੇ ਭਰਾ ਦੇ ਵੱਲ ਭੇਜ ਰਹਾ ਹਾਂ ।

Original with;
Punjab Vidhan Sabha
Digitized by;
Panjab Digital Library

ਸਰਦਾਰ ਕਿਰਪਾਲ ਸਿੰਘ ਦਿੱਲੋਂ (ਕਪੂਰਥਲਾ) : ਸਪੀਕਰ ਸਾਹਿਬ, ਮੈਂ ਥੜੇ ਸੰਖੇਪ ਰੂਪ ਵਿੱਚ ਮਹਾਨ ਸ਼ਹੀਦ ਨੂੰ ਸ਼ਰਧਾਂਜਲੀ ਭੇਂਟ ਕਰਨਾ ਚਾਹੁੰਦਾ ਹਾਂ । ਸ਼ੇਕਸਪੀਅਰ ਅੰਗਰੇਜ਼ੀ ਦਾ ਬਹੁਤ ਵੱਡਾ ਨਾਟਕਕਾਰ ਹੋਇਆ ਹੈ ਅੱਰ ਉਸ ਨੇ ਬੜਾ ਖੂਬ ਲਿਖਿਆ ਹੈ—

'All the world is a stage and all the men and women are actors and actresses. They enter in their own turn and perform their performances, fume and fret and finally pass away. Some of them leave indelible impression and some of them do not touch the fringe of the people's heart even.'

ਸਪੀਕਰ ਸਾਹਿਬ, ਦੁਨੀਆਂ ਵਿੱਚ ਦੋ ਹੀ ਤਰ੍ਹਾਂ ਦੇ ਮਨੁੱਖ ਹਨ । ਇਕ ਤਾਂ ਜੋ ਬਹੁਤ ਹੀ ਗਲੋਰੀਅਸ ਜ਼ਿੰਦਗੀ ਜਿਉਂਦੇ ਹਨ । ਜੋ ਬਹੁਤ ਘਾਲਣਾ ਘਾਲ ਕੇ ਲੋਕਾਂ ਦੇ ਮਨਾ ਤੇ ਗਹਿਰਾ ਅਸਰ ਛੱਡ ਜਾਂਦੇ ਹਨ ਅੱਰ ਦੂਸਰੇ ਉਹ ਹਨ ਜਿਨ੍ਹਾਂ ਦਾ ਅਸਰ ਪਾਣੀ ਦੀ ਲੀਕ ਵਾਂਗ ਮਿਟ ਜਾਂਦਾ ਹੈ । ਸ਼ੇਕਸਪੀਅਰ ਨੇ ਅਗਲੇ ਸੈਨਟੈਂਸ ਵਿੱਚ ਲਿਖਿਆ ਹੈ:—

'A coward dies many a time before his death but a valiant dies but once.'

ਜੋ ਆਦਮੀ ਦਲੇਰ ਹੈ ਉਹ ਇਕ ਵਾਰੀ ਮੌਤ ਦਾ ਸਾਹਮਣਾ ਕਰਦਾ ਹੈ ਅੱਰ ਸ਼ਹੀਦੀ ਪ੍ਰਾਪਤ ਕਰਦਾ ਹੈ । ਪਰ ਡਰਪੋਕ ਨਿੱਤ ਕਈ ਵਾਰ ਮਰਦਾ ਹੈ । ਮੈਂ ਉਨ੍ਹਾਂ ਦੀ ਨੰਮੀ ਜੋ ਰਿਜਲੂਸ਼ੀ ਹੈ ਜੋ ਬਹੁਤ ਸਾਰੇ ਮੈਂਬਰਜ਼ ਨੇ ਵੱਸੀ ਹੈ ਉਹ ਦੁਹਰਾਉਣਾ ਨਹੀਂ ਚਾਹੁੰਦਾ ਸਿਰਫ ਇਤਨੀ ਬੇਨਤੀ ਕਰਦਾ ਹਾਂ ਕਿ ਅੱਜ ਦੀ ਜੋ ਸਿਗਨੀਫੀਕੈਂਸ ਹੈ, ਸ਼ਰਧਾਂਜਲੀ ਦੀ ਉਹ ਦੇ ਬਾਰੇ ਸਿਰਫ ਤਿੰਨ ਸ਼ਬਦ ਕਹਿ ਕੇ ਮੁਆਫੀ ਮੰਗਣੀ ਹੈ । ਇਸ ਦੀ ਸਿਗਨੀਫੀਕੈਂਸ ਪਹਿਲੀ ਜੋ ਹੈ ਅੱਜ ਦੇ ਹਾਊਸ ਵਿਚ ਉਸ ਦਾ ਸੱਭ ਤੋਂ ਵੱਡਾ ਕਰੈਡਿਟ ਗਿਆਨੀ ਜ਼ੈਲ ਸਿੰਘ ਜੀ ਨੂੰ ਜਾਂਦਾ ਹੈ । (ਬੰਗਿ) ਕਿਉਂਕਿ ਕੋਈ ਭੁੱਲੀ ਹੋਈ ਗੱਲ ਇਸ ਤਰ੍ਹਾਂ ਚੇਤੇ ਕਰਵਾਉਣੀ ਜਿਹਾ ਤਰ੍ਹਾਂ ਕਿ ਹੁਣੇ ਹੁਣੇ ਹੀ ਵਾਪਰੀ ਹੋਵੇ । ਉਹੋ ਦ੍ਰਿਸ਼ ਲੋਕਾਂ ਸਾਹਮਣੇ ਲਿਆਉਣਾ ਜੋ ਉਨ੍ਹਾਂ ਦੀਆਂ ਅਸਥੀਆਂ ਹਨ, ਜੋ ਰੀਮਨਜ਼ ਹਨ ਉਨ੍ਹਾਂ ਨੂੰ ਸਤਿਕਾਰ ਨਾਲ, ਆਦਰ ਨਾਲ ਇਥੇ ਲਿਆਉਣਾ, ਇਸ ਸਾਰੇ ਕੰਮ ਦਾ ਕਰੈਡਿਟ ਇਨ੍ਹਾਂ ਨੂੰ ਹੀ ਜਾਂਦਾ ਹੈ ਜਿਨ੍ਹਾਂ ਨੇ ਕਿ ਕੇਂਦਰ ਸਰਕਾਰ ਦੀ ਮੱਦਦ ਨਾਲ ਇਹ ਸ਼ਲਾਘਾਯੋਗ ਕੰਮ ਕੀਤਾ ਹੈ ।

ਦੂਜਾ ਵਿਚਾਰ ਹੈ ਜੋ ਇਸ ਗੱਲ ਨੂੰ ਸਿੱਧ ਕਰਦਾ ਹੈ, ਜਿਸ ਨੂੰ ਜੱਥੇਦਾਰ ਜੀ ਨੇ ਬੜੇ ਹੀ ਚੰਗੇ ਢੰਗ ਨਾਲ ਨਿਭਾਇਆ ਹੈ, ਲੇਕਿਨ ਫਿਰ ਵੀ ਇਹ ਗੱਲ ਮੰਨਣੀ ਪਵੇਗੀ ਕਿ ਦੁਨੀਆਂ ਦੇ ਅੰਦਰ ਦੋ ਤਰ੍ਹਾਂ ਦੇ ਆਦਮੀ ਹੁੰਦੇ ਹਨ । ਇਕ ਗਰੀਬ ਅੱਰ ਇਕ ਅਮੀਰ । ਬਾਕੀ ਜੋ ਗੱਲ ਹੈ ਉਹ ਭਾਵੇਂ ਕਿਸੇ ਤਰ੍ਹਾਂ ਵੀ ਮੰਨ ਲਵੋ । ਧਰਮ ਇਨ੍ਹਾਂ ਦੋਨਾਂ ਦਾ ਰਿਹਾ ਹੈ । ਦੁਨੀਆਂ ਵਿਚ ਜ਼ਾਲਮ ਲੋਕ ਜ਼ੁਲਮ ਕਰਦੇ ਹਨ ਅੱਰ ਜੋ ਗਰੀਬ ਹੁੰਦੇ ਹਨ, ਨੀਵੇਂ ਹੁੰਦੇ ਹਨ ਉਨ੍ਹਾਂ ਨੂੰ ਹੀ ਲੜਨਾ ਪਿਆ ਹੈ । ਅੱਜ ਦਾ ਸਿਗਨੀਫੀਕੈਂਸ ਜੋ ਹੈ ਉਸ ਬਾਰੇ ਲਿਖਿਆ ਹੈ

'Men born insignificant can achieve great name and fame.'

ਨੀਵਾਂ ਨਾਮ ਲੈਣ ਨਾਲ ਹੀ ਨੀਵਾਂ ਨਹੀਂ ਹੁੰਦਾ, ਉਹ ਤਾਂ ਆਪਣੇ ਕਾਰਨਾਮਿਆਂ ਨਾਲ ਉੱਚਾ ਬਣ ਸਜਦਾ ਹੈ ਜਿਵੇਂ ਕਿ ਸਰਦਾਰ ਊਧਮ ਸਿੰਘ ਜੀ ਨੇ ਕਰ ਕੇ ਦਿਖਾਇਆ ਹੈ ।

Original with;
Punjab Vidhan Sabha
Digitized by;
Panjab Digital Library

(ਸਰਦਾਰ ਕ੍ਰਿਪਾਲ ਸਿੰਘ ਢਿਲੋਂ)

ਤੀਸਰੀ ਗੱਲ ਇਹ ਹੈ ਕਿ ਜਿਸਨੇ ਨਾਮ ਹੀ ਰਾਮ ਮੁਹੰਮਦ ਸਿੰਘ ਰਖਿਆ ਹੈ ਉਸ ਦੀ ਸ਼ਰਧਾਂਜਲੀ ਵਿਚ ਕੋਈ ਵੀ ਫਿਰਕਾਪਰਸਤ ਸ਼ਾਮਲ ਹੀ ਨਹੀਂ ਹੋ ਸਕਦਾ। ਕੋਈ ਕੌਮ ਪ੍ਰਸਤ ਹੀ, ਕੋਈ ਹਿੰਦੁਸਤਾਨ ਪ੍ਰਸਤ ਹੀ, ਕੋਈ ਗ਼ਰੀਬ ਪ੍ਰਸਤ ਹੀ ਸਹੀ ਮਾਅਨਿਆਂ ਵਿਚ ਸ਼ਾਮਲ ਹੋ ਸਕਦਾ ਹੈ। ਉਹ ਹੀ ਸਹੀ ਮਾਅਨਿਆਂ ਵਿਚ ਸਰਦਾਰ ਉੱਧਮ ਸਿੰਘ ਜੀ ਨੂੰ ਸ਼ਰਧਾਂਜਲੀ ਦੇ ਸਕਦਾ ਹੈ। (ਥੰਪਿੰਗ) ਇਨ੍ਹਾਂ ਸ਼ਬਦਾਂ ਨਾਲ ਮੈਂ ਮੁਆਫੀ ਮੰਗਦਾ ਹਾਂ।

(ਜਿਸ ਸਮੇਂ ਡਾਕਟਰ ਅਮੀਰ ਸਿੰਘ ਕਲਕਟ ਅਤੇ ਹੋਰ ਕਈ ਮੈਂਬਰ ਸਹਿਬਾਨ ਬੋਲਣ ਲਈ ਖੜੇ ਹੋਏ)

ਸ਼੍ਰੀ ਸਪੀਕਰ : ਗਿਆਨੀ ਅਰਜਨ ਸਿੰਘ ਜੀ ਤੁਸੀਂ ਬੋਲੋ ਹੁਣ (Giani Arjan Singh Ji, you may please start your speech now.)

ਡਾਕਟਰ ਅਮੀਰ ਸਿੰਘ ਕਲਕਟ ਸਪੀਕਰ ਸਾਹਿਬ, ਸਾਡੇ ਨਾਲ ਕੋਈ ਅਲਰਜੀ ਹੈ (ਹਾਸਾ)

ਸ਼੍ਰੀ ਸਪੀਕਰ : ਕਾਂਗਰਸ ਬੈਂਚਿਜ਼ ਵਲੋਂ ਪੰਜ ਚਾਰ ਮੈਂਬਰਜ਼ ਬੋਲ ਚੁੱਕੇ ਹਨ। I have no allergy against any hon. Member. (Four or five Members from the Congress Benches have already spoken. I have no allergy against any hon. Member.)

ਗਿਆਨੀ ਅਰਜਨ ਸਿੰਘ ਲਿੱਟ (ਕਿਲ੍ਹਾ ਰਾਏਪੁਰ) : ਸਪੀਕਰ ਸਾਹਿਬ, ਦਸਵੇਂ ਪਾਤਸ਼ਾਹ ਦਾ ਸ਼ਲੋਕ ਹੈ :—

"ਸੂਰਾ ਸੋ ਪਹਿਚਾਨੀਐ, ਜੋ ਲਰੇ ਦੀਨ ਕੇ ਹੇਤੁ,
ਪੁਰਜਾ ਪੁਰਜਾ ਕੱਟ ਮਰੇ, ਕਬਹੁੰ ਨਾ ਛਾਡੇ ਖੇਤੁ।

ਇਸ ਵਾਕ ਨੂੰ ਮੁੱਖ ਰਖ ਕੇ ਸਰਦਾਰ ਉੱਧਮ ਸਿੰਘ ਜੀ ਨੇ ਸ਼ਹੀਦੀ ਪਾਈ। ਮੈਂ ਜ਼ਿਆਦਾ ਬੋਲਣਾ ਨਹੀਂ ਚਾਹੁੰਦਾ ਕਿਉਂਕਿ ਹੋਰ ਕਈ ਮੇਰੇ ਵੀਰਾਂ ਨੇ ਬੋਲਣਾ ਹੈ। ਇਸ ਤਰ੍ਹਾਂ ਕਪੂਰ ਸਾਹਿਬ ਨੇ ਫਰਮਾਇਆ ਹੈ ਕਿ ਇਸ ਮਹਾਨ ਸ਼ਹੀਦ ਤੋਂ ਸਬਕ ਸਿੱਖਣਾ ਚਾਹੀਦਾ ਹੈ। ਦਾਦੂ ਨੇ ਲਿਖਿਆ ਹੈ :—

"ਦਾਦੂ ਦੁਨੀਆਂ ਮਾਮਰੀ, ਮੜ੍ਹੀਆਂ ਪੂਜਣ ਊਤ,
ਆਪ ਜਹਾਨੋਂ ਚਲ ਗਏ, ਖਲਕਤ ਮੰਗੇ ਪੂਤ।

ਸਾਨੂੰ ਚਾਹੀਦਾ ਹੈ ਕਿ ਅਸੀਂ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਮੁੱਖ ਰੱਖ ਕੇ ਅਗੇ ਚਲਣ ਦਾ ਯਤਨ ਕਰੀਏ। ਮੈਂ ਸਮਝਦਾ ਹਾਂ ਕਿ ਅਜੀਂ ਦੇਸ਼ ਦਾ, ਦੇਸ਼ ਦੀ ਗਰੀਬ ਜਨਤਾ ਦਾ ਬਹੁਤ ਵੱਡਾ ਭਲਾ ਕਰ ਸਕਦੇ ਹਾਂ। ਉਸ ਸਮੇਂ ਵਿਚ ਜਦੋਂ ਕਿ ਸਰਦਾਰ ਉੱਧਮ ਸਿੰਘ ਜੀ ਨੇ ਸ਼ਹੀਦੀ ਪਾਈ ਬਹੁਤ ਘੱਟ ਹੀ ਆਦਮੀ ਮਿਲਦੇ ਸਨ ਜਿਹੜੇ ਕਿ

Original with;
Punjab Vidhan Sabha
Digitized by;
Panjab Digital Library

ਅੰਗਰੇਜ਼ਾਂ ਦੇ ਖਿਲਾਫ ਬੋਲ ਸਕਦੇ ਸਨ। ਬਹੁਤ ਘੱਟ ਆਦਮੀ ਮਿਲਦੇ ਸਨ ਜਿਹੜੇ ਕਿ ਕੁਰਬਾਨੀਆਂ ਕਰਨ ਵਾਲੇ ਮਹਾਂ ਪੁਰਖਾਂ ਨੂੰ ਰੋਟੀ ਪਾਣੀ ਦੇ ਸਕਦੇ ਸਨ। ਉਹ ਗੁਲਾਮੀ ਵਿੱਚ ਅੰਗਰੇਜ਼ਾਂ ਤੋਂ ਡਰਦੇ ਸਨ ਕਿ ਅਸੀਂ ਕਿਸ ਤਰ੍ਹਾਂ ਇਸ ਰੈਵੋਲਿਊਸ਼ਨਰੀ ਆਦਮੀ ਨੂੰ ਆਪਣੇ ਘਰ ਰਖੀਏ। ਉਸ ਵੇਲੇ ਦੇ ਆਜ਼ਾਦੀ ਲਈ ਲੜਨ ਵਾਲੇ ਕਿਸੇ ਲੀਡਰ ਨੇ ਲਿਖਿਆ ਹੈ :—

"ਗੁਲਾਮੀ ਕਾ ਜੀਨਾ ਹੈ ਕਿਆ ਖਾਕ ਜੀਨਾ,
ਜਾਂ ਸਿਰਦਾਰ ਹੋ ਜਾ ਜਾਂ ਸਰਦਾਰ ਹੋ ਜਾ।

ਸਪੀਕਰ ਸਾਹਿਬ, ਹੋਰ ਵੀ ਹਜ਼ਾਰਾਂ ਆਦਮੀਆਂ ਨੇ ਕੁਰਬਾਨੀਆਂ ਕੀਤੀਆਂ ਪਰ ਜਿਹੜੀ ਕੁਰਬਾਨੀ ਸਰਦਾਰ ਉੱਧਮ ਸਿੰਘ ਜੀ ਨੇ ਕੀਤੀ ਉਹ ਆਪਣੀ ਮਿਸਾਲ ਆਪ ਹੈ। ਆਪਣੀ ਕੁਰਬਾਨੀ ਕਰਕੇ ਦੇਸ਼ ਨੂੰ ਅਣਖ ਦੇ ਰਾਹ ਤੇ ਲੈ ਜਾਣਾ ਇਹ ਕੰਮ ਸਰਦਾਰ ਉੱਧਮ ਸਿੰਘ ਜੀ ਦੇ ਹਿੱਸੇ ਆਇਆ ਹੈ। ਜਿਸ ਤਰ੍ਹਾਂ ਜੱਥੇਦਾਰ ਸਾਹਿਬ ਨੇ ਫਰਮਾਇਆ ਹੈ :—

"ਸਾਹਿਬ ਹੱਥ ਵੱਡਿਆਈਆਂ, ਜੋ ਭਾਵੈ ਤਾਂ ਦੇਹ"

ਸੋ ਜਿਸ ਤਰ੍ਹਾਂ ਦਾ ਉਹ ਅਕਾਲ ਪੁਰਖ ਵਾਹਿਗੁਰੂ ਹੁਕਮ ਦਿੰਦਾ ਹੈ ਉਸ ਤਰ੍ਹਾਂ ਹੀ ਇਨਸਾਨ ਕਰਦਾ ਹੈ।

ਇਨ੍ਹਾਂ ਸ਼ਬਦਾਂ ਨਾਲ ਮੈਂ ਸਰਦਾਰ ਉੱਧਮ ਸਿੰਘ ਜੀ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ।

ਡਾਕਟਰ ਅਮੀਰ ਸਿੰਘ ਕਲਕਟ (ਟਾਂਡਾ) : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਟਾਈਮ ਦਿਤਾ ਹੈ। 1940 ਦੇ ਵਿੱਚ ਮੈਂ ਐਫ. ਸੀ. ਮੈਡੀਕਲ ਕਾਲਜ ਲਾਹੌਰ ਵਿਚ ਪੜ੍ਹਦਾ ਹੁੰਦਾ ਸੀ। (ਵਿਘਨ) ਮੈਂ ਤਾਂ ਸੰਨ 1944 ਤੱਕ ਉਥੇ ਪੜ੍ਹਦਾ ਰਿਹਾ ਹਾਂ। ਉਦੋਂ ਉਥੇ ਸਾਰੀ ਚੀਜ਼ ਦਾ ਸਾਨੂੰ ਪਤਾ ਲਗਦਾ ਰਹਿੰਦਾ ਸੀ ਅੱਤੇ ਜੀਅ ਕਰਦਾ ਸੀ ਕਿ ਅਸੀਂ ਵੀ ਕੁਝ ਬਾਹਰ ਨਿਕਲ ਕੇ ਕਾਲਜਾਂ, ਸਕੂਲਾਂ ਵਿਚ ਕੁਝ ਕਰੀਏ। 1946 ਵਿਚ ਜ਼ਰੂਰ ਥੋੜ੍ਹਾ ਬਹੁਤ ਕੀਤਾ। ਸਿੱਖ ਸਟੂਡੈਂਟ ਫੈਡਰੇਸ਼ਨ ਬਰਮੇਡ ਬਣਾ ਕੇ ਕੰਮ ਕੀਤਾ। ਅੱਜ ਜਿਹੜੇ ਅਕਾਲੀ ਭਾਈ ਬੈਠੇ ਹਨ ਮੇਰਾ ਖਿਆਲ ਹੈ ਕਿ ਇਨ੍ਹਾਂ ਨੇ ਤਾਂ ਐਸੀ ਚੀਜ਼ ਵਿਚ ਕੋਈ ਹਿੱਸਾ ਨਹੀਂ ਪਾਇਆ ਹੋਣਾ। (ਵਿਘਨ)

Mr. Speaker : We are paying homage to Sardar Udham Singh. We should be serious.

Dr. Amir Singh Kalkat : I am very serious, Sir.

ਸ਼੍ਰੀ ਸਪੀਕਰ : ਡਾਕਟਰ ਸਾਹਿਬ ਸ਼ਰਧਾਂਜਲੀ ਭੇਟ ਕਰਦੇ ਹੋਏ ਜ਼ਰੂਰ ਸੀਰੀਅਸ ਰਹੋ। (Doctor Sahib, while paying homage you should remain serious.)

Original with;
Punjab Vidhan Sabha
Digitized by;
Panjab Digital Library

ਡਾਕਟਰ ਅਮੀਰ ਸਿੰਘ ਕਲਕਟ : ਸੰਨ 1940 ਬਾਰੇ ਉਨ੍ਹਾਂ ਦਾ ਬਿਆਨ ਪੜ੍ਹਿਆ ਹੈ। ਉਨ੍ਹਾਂ ਨੇ ਕਿਹਾ ਸੀ ਕਿ ਮੈਂ ਇਨ੍ਹਾਂ ਅੰਗਰੇਜ਼ਾਂ ਨੂੰ ਕਾਰ ਥੱਲੇ ਲੈ ਕੇ ਵੀ ਮਾਰ ਸਕਦਾ ਸੀ ਪਰ ਮੈਂ ਇਸ ਤਰ੍ਹਾਂ ਨਹੀਂ ਸੀ ਕਰਨਾ ਚਾਹੁੰਦਾ। ਜਿਹੜਾ ਅੰਗਰੇਜ਼ਾਂ ਨੇ ਸਾਡੇ ਤੇ ਕਲੰਕ ਲਗਾਇਆ ਸੀ, ਮੈਂ ਤਾਂ ਉਹ ਬਦਲਾ ਲੈਣਾ ਸੀ। ਮੈਂ ਜ਼ਿਆਦਾ ਵਕਤ ਨਹੀਂ ਲੈਣਾ। (ਇਸ ਸਮੇਂ ਮਾਈਕ ਬੰਦ ਹੋ ਗਿਆ) ਮੈਂ ਇਕ ਬੇਨਤੀ ਜ਼ਰੂਰ ਗਿਆਨੀ ਜੀ ਨੂੰ ਕਰਾਂਗਾ ਕਿ ਸ਼ਹੀਦਾਂ ਦੀ ਬੜੀ ਗਲੈਕਸੀ ਹੈ ਅਤੇ ਇਹ ਭਗਵਾਨ ਦੀ ਬੜੀ ਕ੍ਰਿਪਾ ਹੈ ਕਿ ਇਥੇ ਬਹੁਤ ਵੱਡੇ ਵੱਡੇ ਸ਼ਹੀਦ ਹੋਏ। ਆਜ਼ਾਦ ਹਿੰਦ ਫੌਜ ਵਾਲਿਆਂ ਨੇ, ਮੈਨੂੰ ਪਤਾ ਹੈ, ਕਿਸ ਤਰ੍ਹਾਂ ਅੰਗਰੇਜ਼ਾਂ ਨਾਲ ਟੱਕਰ ਲਈ (ਵਿਘਨ) ਮੇਰੇ ਪਿਤਾ ਜੀ ਫੌਜ ਵਿਚ ਸਨ ਅਤੇ ਇਹ ਲੋਕੀ ਉਧਰੋਂ ਆਏ ਸਨ ਅਤੇ ਲਾਲ ਕਿਲੇ ਵਿਚ ਰਹਿੰਦੇ ਸਨ। ਮੈਂ ਉਸ ਵੇਲੇ ਬੀ. ਐਸ. ਸੀ. ਵਿਚ ਪੜ੍ਹਦਾ ਸੀ। ਇਸ ਕਰਕੇ ਮੈਂ ਫਿਰ ਗਿਆਨੀ ਜੀ ਨੂੰ ਕਹਾਂਗਾ ਕਿ ਇਕ ਗੈਲਰੀ ਸ਼ਹੀਦਾਂ ਦੀ ਜ਼ਰੂਰ ਬਣਾਈ ਜਾਵੇ, ਅੱਛੀ ਬਿਲਡਿੰਗ ਹੋਵੇ। ਜਿਨ੍ਹਾਂ ਸ਼ਹੀਦਾਂ ਤੋਂ ਸਾਨੂੰ ਲੋ ਮਿਲੀ ਹੈ, ਅਤੇ ਜਿਨ੍ਹਾਂ ਦੀਆਂ ਕੁਰਬਾਨੀਆਂ ਬਹੁਤ ਮਹਾਨ ਹਨ, ਉਨ੍ਹਾਂ ਵਾਸਤੇ ਜ਼ਰੂਰ ਕੋਈ ਆਰਟ ਗੈਲਰੀ ਬਣਾਉਣੀ ਚਾਹੀਦੀ ਹੈ ਅਤੇ ਮੈਂ ਸਮਝਦਾ ਹਾਂ ਕਿ ਜੇ ਇਸ ਤਰ੍ਹਾਂ ਕੀਤਾ ਜਾਵੇ ਤਾਂ ਅਸੀਂ ਆਪਣੇ ਸ਼ਹੀਦਾਂ ਨੂੰ ਪੂਰੀ ਸ਼ਰਧਾਂਜਲੀ ਭੇਂਟ ਕਰ ਸਕਾਂਗੇ। ਜਿਨ੍ਹਾਂ ਸ਼ਹੀਦਾਂ ਦੀ ਕੁਰਬਾਨੀ ਕਰਕੇ ਅਸੀਂ ਅੱਜ ਰਾਜ ਕਰ ਰਹੇ ਹਾਂ, ਉਨ੍ਹਾਂ ਦੀ ਯਾਦ ਵਿਚ ਇਹ ਚੀਜ਼ ਜ਼ਰੂਰ ਕਰਨੀ ਚਾਹੀਦੀ ਹੈ। ਜਿਥੇ ਸਾਡੀ ਸਰਕਾਰ ਗਰੀਬਾਂ ਨੂੰ ਉੱਚੇ ਲੈਵਲ ਤੇ ਲਿਆਉਣਾ ਚਾਹੁੰਦੀ ਹੈ, ਉਥੇ ਇਹ ਵੀ ਜ਼ਰੂਰ ਕੀਤਾ ਜਾਵੇ ਕਿ ਸ਼ਹੀਦਾਂ ਦੀ ਇਕ ਆਰਟ ਗੈਲਰੀ ਬਣਾਈ ਜਾਵੇ ਤਾਂ ਜੋ ਆਉਣ ਵਾਲੀਆਂ ਨਸਲਾਂ ਨੂੰ ਪਤਾ ਲਗ ਸਕੇ ਕਿ ਸਾਡੇ ਦੇਸ਼ ਵਿਚ ਕਿੰਨੇ ਕਿੰਨੇ ਮਹਾਨ ਸ਼ਹੀਦ ਹੋਏ ਹਨ।

ਸਰਦਾਰ ਪ੍ਰਿਥੀਪਾਲ ਸਿੰਘ (ਅੰਮ੍ਰਿਤਸਰ ਦੱਖਣ): ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਸ਼ੁਕਰ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ।

EXTENSION OF THE TIME OF THE SITTING OF THE HCUSE

ਸਰਦਾਰ ਜਸਵਿੰਦਰ ਸਿੰਘ ਬਰਾੜ : ਹਾਊਸ ਦਾ ਸਮਾਂ ਵਧਾ ਲਵੋ ਜੀ।

ਸ਼੍ਰੀ ਸਪੀਕਰ : ਹਾਊਸ ਦਾ ਸਮਾਂ 7-00 ਵਜੇ ਤਕ ਵਧਾਇਆ ਗਿਆ ਸੀ, 8—00 ਵਜੇ ਤੱਕ ਸਮਾਂ ਵਧਾ ਦਿੱਤਾ ਜਾਵੇ। ਕੀ ਇਹ ਹਾਊਸ ਦੀ ਪਲੈਜ਼ਰ ਹੈ ? (The time of the sitting was extended upto 7—00 p.m. It may be extended upto 8—00 p.m. Is it the pleasure of the House?)

ਮਾਲ ਅਤੇ ਚੋਣ ਮੰਤਰੀ : ਅੱਧਾ ਘੰਟਾ ਬਹੁਤ ਹੈ ਜੀ।

ਸ਼੍ਰੀ ਸਪੀਕਰ : ਚੀਫ਼ ਮਨਿਸਟਰ ਸਾਹਿਬ ਨੇ ਬੋਲਣਾ ਹੈ। (The hon. Chief Minister has to speak.)

ਵਿੱਤ ਮੰਤਰੀ : ਅੱਧਾ ਘੰਟਾ ਚਾਹੀ ਹੈ ਜੀ।

Original with;
Punjab Vidhan Sabha
Digitized by;
Panjab Digital Library

ਮਾਲ ਅਤੇ ਚੋਣ ਮੰਤਰੀ : ਸਾਢੇ ਸੱਤ ਵਜੇ ਤੱਕ ਕਾਫੀ ਹੈ ਜੀ ।

ਸ਼੍ਰੀ ਸਪੀਕਰ : ਅੱਧਾ ਘੰਟਾ ਹਾਊਸ ਦਾ ਸਮਾਂ ਵਧਾ ਦਿੱਤਾ ਜਾਵੇ । ਕੀ ਇਹ ਹਾਊਸ ਦੀ ਪਲੈਜ਼ਰ ਹੈ ? (The time of the sitting may be extended by half an hour. Is it the pleasure of the House ?)

Voices : yes, yes.

ਸ਼੍ਰੀ ਸਪੀਕਰ : ਹਾਊਸ ਦਾ ਸਮਾਂ 7-30 ਵਜੇ ਤੱਕ ਵਧਾ ਦਿੱਤਾ ਜਾਂਦਾ ਹੈ । ਸਾਢੇ ਸੱਤ ਵਜੇ ਹਾਊਸ ਐਡਜਰਨ ਹੋ ਜਾਵੇਗਾ । (The time of the sitting is extended upto 7-30 p.m. The House will adjourn at 7-30 p.m.)

ਭਗਤ ਗੁਰਾਂ ਦਾਸ ਹੰਸ : ਇਕ ਵਾਰੀ ਤੁਸੀਂ ਹਾਊਸ ਦੀ ਰਾਏ ਲੈ ਲਈ ਅੱਧ 8 ਵਜੇ ਤੱਕ ਹਾਊਸ ਨੂੰ ਐਕਸਟੈਂਡ ਕਰ ਦਿੱਤਾ ਤਾਂ ਫਿਰ ਹੁਣ ਅੱਧਾ ਘੰਟਾ ਕਿਉਂ ਕਰ ਰਹੇ ਹੋ ।

ਸ਼੍ਰੀ ਸਪੀਕਰ : ਅਗਰ ਹਾਊਸ ਚਾਹਵੇ ਤਾਂ ਭਾਵੇਂ 9-00 ਵਜੇ ਤੱਕ ਕਰ ਲਵੋ । (If the House desires, the time of the sitting can be extended upto 9-00 p.m.)

ਸਰਦਾਰ ਜਸਵਿੰਦਰ ਸਿੰਘ ਬਰਾੜ : ਠੀਕ ਹੈ ਜੀ, ਸਾਢੇ ਸੱਤ ਵਜੇ ਤੱਕ ।

(ਇਸ ਸਮੇਂ ਬਹੁਤ ਸਾਰੇ ਮੈਂਬਰ ਬੋਲਣ ਲਈ ਖੜ੍ਹੇ ਹੋ ਗਏ)

ਸ਼੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਇਹ ਦੱਸ ਦਿਤਾ ਜਾਵੇ ਕਿ ਸ਼ਡਿਊਲਡ ਕਾਸਟਸ ਵਾਲੀ ਰਿਪੋਰਟ ਡਿਸਕਸ ਹੋਣੀ ਹੈ ਜਾਂ ਨਹੀਂ ?

ਸ਼੍ਰੀ ਸਪੀਕਰ : ਜੇ ਹਾਊਸ ਕੋਲ ਸਮਾਂ ਰਹੇਗਾ ਤਾਂ ਜ਼ਰੂਰ ਹੋਵੇਗਾ । (In case more time is left at the disposal of the House the said Report shall be discussed.)

(ਇਸ ਸਮੇਂ ਫਿਰ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਲਈ ਖੜੇ ਹੋ ਗਏ)

ਕਾਮਰੇਡ ਜੰਗੀਰ ਸਿੰਘ ਜੋਗਾ : ਮੈਂ ਇਹ ਅਰਜ਼ ਕਰਦਾ ਹਾਂ ਕਿ ਅੱਜ ਦੇ ਅਜੰਡੇ ਵਿਚ ਦੋ ਮੱਦਾਂ ਰੱਖੀਆਂ ਸਨ ਅਤੇ ਇਹ ਦੋਨੋਂ ਵੱਡੀਆਂ ਜ਼ਰੂਰੀ ਸਨ । ਦੂਜੀ ਆਈਟਮ ਜਿਹੜੀ ਹੈ ਉਹ ਵੀ ਬੜੀ ਜ਼ਰੂਰੀ ਹੈ । ਗਜ਼ੀਟ ਸ਼ਡਿਊਲਡ ਕਾਸਟਾਂ ਵਾਲੀ ਰਿਪੋਰਟ ਡਿਸਕਸ ਹੋਣੀ ਹੈ ਅਤੇ ਇਹ ਸਭ ਤੋਂ ਵੱਡਾ ਮਸਲਾ ਹੈ ਕਿ ਸ਼ਡਿਊਲਡ ਕਾਸਟਾਂ ਨਾਲ ਕੀ ਬੀਤਦੀ ਹੈ । ਇਸ ਕਰਕੇ ਇਹ ਰਿਪੋਰਟ ਜ਼ਰੂਰ ਡਿਸਕਸ ਹੋਣੀ ਚਾਹੀਦੀ ਹੈ ਭਾਵੇਂ ਸਵੇਰ ਦੇ ਚਾਰ ਵਜ ਜਾਣ ।

ਸ਼੍ਰੀ ਸਪੀਕਰ : ਜੋ ਹਾਊਸ ਕਹੇਗਾ ਉਸ ਤਰ੍ਹਾਂ ਕਰਾਂਗੇ, ਤੁਸੀਂ ਤਸ਼ਰੀਫ ਰਖੋ । (I will go according to the wishes of the House. Please resume your seat.)

(ਇਸ ਸਮੇਂ ਫਿਰ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਲਈ ਖੜੇ ਹੋ ਗਏ)

Original with;
Punjab Vidhan Sabha
Digitized by;
Panjab Digital Library

ਚੌਧਰੀ ਜਗਤ ਰਾਮ : ਸ਼ਡਿਊਲਡ ਕਾਸਟਸ ਵਾਲੀ ਰਿਪੋਰਟ ਜ਼ਰੂਰ ਡਿਸਕਸ ਹੋਣੀ ਚਾਹੀਦੀ ਹੈ।

ਸ਼੍ਰੀ ਸਪੀਕਰ : ਹਾਊਸ ਦੇ ਅਜੰਡੇ ਵਿਚ ਸ਼ਾਮਿਲ ਹੈ ਅਤੇ ਜੇ ਹਾਊਸ ਚਾਹੇਗਾ ਤਾ ਜ਼ਰੂਰ ਡਿਸਕਸ ਹੋਵੇਗੀ। (That item is included in the Agenda and if the House wishes the said Report must be discussed.)

ਚੌਧਰੀ ਜਗਤ ਰਾਮ : ਜਦੋਂ 8-00 ਵਜੇ ਦਾ ਫੈਸਲਾ ਕਰ ਦਿਤਾ ਤਾਂ ਫਿਰ ਕਿਉਂ ਬਦਲ ਦਿੱਤਾ ਹੈ।

ਸ਼੍ਰੀ ਸਪੀਕਰ : ਅਗਰ 7-30 ਵਜੇ ਤੋਂ ਬਾਅਦ ਵੀ ਬੈਠਣਾ ਪਵੇਗਾ ਤਾਂ ਹਾਊਸ ਦਾ ਸਮਾਂ ਵੱਧਾ ਦਿੱਤਾ ਜਾਵੇਗਾ। (If need arose, the time of the House will be extended beyond 7-30 p.m. also.)

(ਇਸ ਸਮੇਂ ਚੌਧਰੀ ਜਗਤ ਰਾਮ, ਚੌਧਰੀ ਸੁੰਦਰ ਸਿੰਘ, ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਅਤੇ ਹੋਰ ਕਈ ਮੈਂਬਰ ਬੋਲਣ ਲਈ ਖੜ੍ਹੇ ਹੋ ਗਏ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ....

ਸ਼੍ਰੀ ਸਪੀਕਰ : ਹੋਮੇਜ ਛੱਡ ਕੇ ਪੁਆਇੰਟ ਆਫ ਆਰਡਰ ਸ਼ੁਰੂ ਹੋ ਗਏ ਹਨ। (The hon. Members have started raising points of order instead of paying homage to the Shaheed.)

ਸਰਦਾਰ ਅਜਾਇਬ ਸਿੰਘ ਸੰਧੂ : ਜਿਵੇਂ ਆਪ ਜੀ ਨੂੰ ਪਤਾ ਹੀ ਹੈ ਕਿ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿੱਚ ਇਹ ਫੈਸਲਾ ਕੀਤਾ ਸੀ ਕਿ ਇਕ ਘੰਟਾ ਸ਼ਹੀਦ ਊਧਮ ਸਿੰਘ ਨੂੰ ਹੋਮੇਜ ਪੇ ਕਰਨ ਵਾਸਤੇ ਰੱਖਿਆ ਸੀ। ਪਰ ਹੁਣ ਦੂਜੀ ਆਈਟਮ ਵਾਸਤੇ ਸਿਰਫ ਅੱਧਾ ਘੰਟਾ ਰਹਿ ਗਿਆ ਹੈ ਅਤੇ ਪਹਿਲੀ ਆਈਟਮ ਤੇ ਹੋਰ ਵੀ ਬੋਲਣ ਵਾਲੇ ਮੈਂਬਰ ਸਾਹਿਬਾਨ ਹਨ। ਇਸ ਵਾਸਤੇ ਦੂਜੀ ਆਈਟਮ ਵਾਸਤੇ ਟਾਈਮ ਬੜਾ ਘੱਟ ਰਹਿ ਗਿਆ ਹੈ, ਉਹ ਆਈਟਮ ਵੀ ਬਹੁਤ ਇਮਪਾਰਟੈਂਟ ਹੈ। ਇਸ ਕਰਕੇ ਇਹ ਕ੍ਰਿਪਾਲਤਾ ਕਰੋ ਇਸ ਰਿਪੋਰਟ ਨੂੰ ਡਿਸਕਸ ਕਰਨ ਵਾਸਤੇ ਜ਼ਿਆਦਾ ਤੋਂ ਜ਼ਿਆਦਾ ਟਾਈਮ ਦਿੱਤਾ ਜਾਵੇ। ਇਸ ਬਾਰੇ ਇਸ ਪਾਸੇ ਦੇ ਸ਼ੈਡਿਊਲਡ ਕਾਸਟ ਮੈਂਬਰ ਅਤੇ ਦੂਜੇ ਪਾਸੇ ਦੇ ਵੀ ਮੰਗ ਕਰ ਰਹੇ ਹਨ ਕਿ ਇਸ ਰਿਪੋਰਟ ਨੂੰ ਡਿਸਕਸ ਕਰਨ ਵਾਸਤੇ ਜ਼ਿਆਦਾ ਟਾਈਮ ਚਾਹੀਦਾ ਹੈ।

ਮਾਲ ਅਤੇ ਚੋਣ ਮੰਤਰੀ : ਚੀਫ ਮਨਿਸਟਰ ਸਾਹਿਬ ਨੂੰ ਪੁੱਛ ਲੈਂਦੇ ਹਾਂ ਜੀ।

ਸ਼੍ਰੀ ਗੁਰਦਿਆਲ ਸੈਣੀ : ਕੱਲ ਦੋ ਘੰਟੇ ਵਾਸਤੇ ਰੱਖ ਲਵੋ ਜੀ, ਇਸ ਰਿਪੋਰਟ ਨੂੰ ਡਿਸਕਸ ਕਰਨ ਵਾਸਤੇ।

ਸਰਦਾਰ ਜ਼ਸਵਿੰਦਰ ਸਿੰਘ ਬਰਾੜ : ਠੀਕ ਹੈ ਜੀ ਇਸ ਤਰ੍ਹਾਂ ਕਰ ਲਵੋ ਜੀ।

Original with;
Punjab Vidhan Sabha
Digitized by;
Panjab Digital Library

ਖੇਤੀ ਬਾੜੀ ਅਤੇ ਜੰਗਲਾਤ ਮੰਤਰੀ : 7-30 ਤੋਂ ਪਹਿਲਾਂ ਇਸ ਆਈਟਮ ਨੂੰ ਖ਼ਤਮ ਕਰ ਦੇਵੋ ਜੀ । ਹੁਣ ਪਹਿਲੀ ਆਈਟਮ ਤੇ ਕਾਫ਼ੀ ਮੈਂਬਰ ਸਾਹਿਬਾਨ ਬੋਲ ਚੁਕੇ ਹਨ, ਹੁਣ ਗਿਆਨੀ ਜੀ ਬੋਲ ਲੈਣ ਅਤੇ ਇਸ ਆਈਟਮ ਨੂੰ ਖ਼ਤਮ ਕਰ ਦੇਵੋ ਅਤੇ ਉਸ ਤੋਂ ਬਾਅਦ ਇਕ ਘੰਟਾ ਸ਼ੈਡਿਊਲਡ ਕਾਸਟਸ ਦੀ ਰਿਪੋਰਟ ਵਾਸਤੇ ਰੱਖ ਲਵੋ ।

ਸਰਦਾਰ ਅਜਾਇਬ ਸਿੰਘ ਸੰਧੂ : ਦੋ ਘੰਟੇ ਵਾਸਤੇ ਹਾਊਸ ਨੂੰ ਐਕਸਟੈਂਡ ਕਰ ਦੇਵੋ ਜੀ ।

ਸ਼੍ਰੀ ਸਪੀਕਰ : ਹਾਊਸ ਦੇ ਮੈਂਬਰ ਸਾਹਿਬਾਨ ਸ਼ੈਡਿਊਲਡ ਕਾਸਟਸ ਫਾਇਨੈਂਸ ਕਾਰਪੋਰੇਸ਼ਨ ਦੀ ਰਿਪੋਰਟ ਨੂੰ ਡਿਸਕਸ ਕਰਨਾ ਚਾਹੁੰਦੇ ਹਨ। ਜਿੰਨ੍ਹਾ ਹੋਮੇਜ ਪੇ ਕਰਨ ਤੇ ਵਕਤ ਲਗ ਜਾਵੇਗਾ, ਉਸਤੋਂ ਬਾਅਦ ਇਕ ਘੰਟਾ ਰਿਪੋਰਟ ਨੂੰ ਡਿਸਕਸ ਕਰਨ ਵਾਸਤੇ ਰੱਖ ਲਿਆ ਜਾਵੇਗਾ । (The hon. Members of the House are keen to discuss the Report of Punjab Scheduled Castes Land Development and Finance Corporation. So after paying homage to the Shaheed one hour will be allotted for discussing that Report.)

ਸਰਦਾਰ ਅਜਾਇਬ ਸਿੰਘ ਸੰਧੂ : ਦੋ ਘੰਟੇ ਰੱਖੋ ਜੀ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਤੁਸੀਂ ਟਾਈਮ ਐਕਸਟੈਂਡ ਕਰ ਦੇਵੋ । ਜਾਂ ਇਸ ਤਰ੍ਹਾਂ ਕਰ ਲਵੋ ਕਿ ਕੱਲ੍ਹ ਇਥੇ ਮੈਂਬਰਾਂ ਨੇ ਵੋਟਾਂ ਪਾਉਣੀਆਂ ਹਨ, ਕੱਲ੍ਹ 4 ਘੰਟੇ ਵਾਸਤੇ ਇਸ ਰਿਪੋਰਟ ਤੇ ਡਿਸਕਸ਼ਨ ਰੱਖ ਲਵੋ ਜਾਂ ਅੱਜ ਟਾਈਮ ਵਧਾ ਲਵੋ । ਭਾਵੇਂ 11-12 ਵਜੇ ਤੱਕ ਸੈਸ਼ਨ ਚਲਦਾ ਰਹੇ ।

ਵਿੱਤ ਮੰਤਰੀ : ਸਾਰੀ ਰਾਤ ਬੈਠ ਜਾਵੋ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਕਲ੍ਹ ਸਾਰੇ 4 ਘੰਟੇ ਵਾਸਤੇ ਰਖ ਲਵੋ ਜੀ ।

ਸ਼੍ਰੀ ਸਪੀਕਰ : ਸਾਈਨੇ ਡਾਈ ਦੀ ਮੋਸ਼ਨ ਆ ਚੁੱਕੀ ਹੈ ਅਤੇ ਪਾਸ ਹੋ ਚੁੱਕੀ ਹੈ, ਕੱਲ੍ਹ ਤੱਕ ਤਾਂ ਹਾਊਸ ਐਕਸਟੈਂਡ ਨਹੀਂ ਹੋ ਸਕਦਾ । (The Motion for adjourning the House sine-die has already been passed. So the House cannot be extended till tomorrow)

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਲਈ ਖੜੇ ਹੋ ਗਏ)

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ.....

ਸ਼੍ਰੀ ਸਪੀਕਰ : ਮੈਨੂੰ ਨਜ਼ਰ ਆਉਂਦਾ ਹੈ ਕਿ ਆਨਰੇਬਲ ਮੈਂਬਰਜ਼ ਹੋਮਜ ਪੇ ਕਰਨ ਵਾਸਤੇ ਸੀਰੀਅਸ ਨਹੀਂ ਹਨ। ਇਸ ਵੇਲੇ ਵੀ ਪੁਆਇੰਟ ਆਫ ਆਰਡਰ ਉਠਾਏ ਜਾ ਰਹੇ ਹਨ । (It seems that the hon. Members are not serious in paying homage to the Shaheed because instead of doing so they are raising points of order.)

Original with;
Punjab Vidhan Sabha
Digitized by;
Panjab Digital Library

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਇਹ ਸ਼ੈਡਿਊਲਡ ਕਾਸਟਸ ਵਾਲੀ ਰਿਪੋਰਟ ਜ਼ਰੂਰ ਡਿਸਕਸ ਹੋਣੀ ਚਾਹੀਦੀ ਹੈ । ਅੱਜ ਸਾਰਾ ਦੇਸ਼ ਭੁੱਖ ਨੰਗ ਨਾਲ ਮਰ ਰਿਹਾ ਹੈ ਅਤੇ ਸ਼ਡਿਊਲਡ ਕਾਸਟ ਬੁਰੀ ਤਰ੍ਹਾਂ ਪਿਸ ਰਹੇ ਹਨ । ਇਸ ਕਰਕੇ ਇਸ ਰਿਪੋਰਟ ਨੂੰ ਡਿਸਕਸ ਕਰਨ ਵਾਸਤੇ ਕਾਫੀ ਸਮਾਂ ਮਿਲਣਾ ਚਾਹੀਦਾ ਹੈ, ਜਾਂ ਕੱਲ੍ਹ ਨੂੰ ਡਿਸਕਸ ਕਰ ਲਿਆ ਜਾਵੇ, ਕਿਉਂਕਿ ਮੈਂਬਰ ਸਾਹਿਬਾਨ ਨੇ ਕੱਲ੍ਹ ਇਥੇ ਰਹਿਣਾ ਹੈ ।

ਸ਼੍ਰੀ ਸਪੀਕਰ : ਕਲ੍ਹ ਤੱਕ ਹਾਊਸ ਤਾਂ ਐਕਸਟੈਂਡ ਨਹੀਂ ਹੋ ਸਕਦਾ ਕਿਉਂਕਿ ਸਾਈਨੇ ਡਾਈ ਦੀ ਮੋਸ਼ਨ ਪਾਸ ਹੋ ਚੁੱਕੀ ਹੈ । (The House cannot meet tomorrow because the motion for the adjournment of the House sine-die has already been passed.)

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਲਈ ਖੜੇ ਹੋ ਗਏ)

ਕਾਮਰੇਡ ਦਾਨਾ ਰਾਮ: * * * (ਵਿਘਨ)

ਸ਼੍ਰੀ ਸਪੀਕਰ : ਜੋ ਕੁਝ ਕਾਮਰੇਡ ਦਾਨਾ ਰਾਮ ਜੀ ਨੇ ਕਿਹਾ ਹੈ ਉਹ ਚੇਅਰ ਤੇ ਐਸਪਰਸ਼ਨ ਹੈ ਉਹ ਐਕਸਪੰਜ ਕੀਤਾ ਜਾਂਦਾ ਹੈ । (Whatever has been said by Comrade Dana Ram is an as person on the Chair and it is expunged)

HOMAGE TO SHAHEED SARDAR UDHAM SINGH

(Resumption)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਕੋਈ ਨਹੀਂ ਮੈਂ ਤਾਂ ਸਿਰਫ ਇਤਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਜੀ ਮੇਰੇ ਨਾਲ ਬੈਠੇ ਹਨ, 15-20 ਵਾਰੀ ਬੋਲਣ ਲਈ ਉਠੇ ਹਨ ਪਰ ਉਹ ਤੁਹਾਡੀ ਆਈਜ਼ ਨਹੀਂ ਕੈਚ ਕਰ ਸਕੇ....

ਸ਼੍ਰੀ ਸਪੀਕਰ : ਚਲੋ ਤੁਹਾਡੀ ਸਿਫਾਰਸ਼ ਮੰਨ ਲੈਂਦੇ ਹਾਂ । (Well, your recommendation is accepted.)

ਸਰਦਾਰ ਬੇਅੰਤ ਸਿੰਘ : ਸਪੀਕਰ ਸਾਹਿਬ, ਇਥੇ ਸ਼ਰਧਾਂਜਲੀ ਜਿਹੜੀ ਦਿੱਤੀ ਜਾਂਦੀ ਹੈ ਉਹ ਸ਼ਰਧਾਂਜਲੀ ਨਹੀਂ । ਜਦੋਂ ਵੀ ਕੋਈ ਬੋਲਦਾ ਹੈ ਤਾਂ ਉਸ ਤੇ ਸਾਰੇ ਹੱਸਦੇ ਹਨ । ਇਸ ਕਰਕੇ ਹੁਣ ਗਿਆਨੀ ਜੀ ਨੂੰ ਬੋਲ ਲੈਣ ਦਿਉ ਅਤੇ ਫਿਰ ਸ਼ਡਿਊਲਡ ਕਾਸਟ ਦੀ ਰਿਪੋਰਟ ਤੇ ਬਹਿਸ ਸ਼ੁਰੂ ਹਵੇ ।

ਸਰਦਾਰ ਪ੍ਰਿਤੀਪਾਲ ਸਿੰਘ : ਸਪੀਕਰ ਸਾਹਿਬ, ਜਦੋਂ ਇਹ ਗੱਲ ਚੱਲੀ ਇਹ ਸਾਰਾ ਹਾਊਸ ਸ਼ਹੀਦ ਉੱਧਮ ਸਿੰਘ ਨੂੰ ਸ਼ਰਧਾਂਜਲੀ ਦੇਵੇ ਤਾਂ ਮੈਂ ਇਹ ਸੋਚ ਰਿਹਾ ਸੀ ਕਿ ਇਨ੍ਹਾਂ ਦੀ ਕੁਰਬਾਨੀ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਵਾਲੀ ਕੁਰਬਾਨੀ ਸੀ । ਸ਼ਹੀਦ ਉੱਧਮ ਸਿੰਘ ਦੇ

Expunged as ordered by the Chair.

Original with;
Punjab Vidhan Sabha
Digitized by;
Panjab Digital Library

ਮਨ ਵਿਚ ਜਜ਼ਬਾ ਸੀ । ਉਹ ਬਦਲੇ ਦੀ ਭਾਵਨਾ ਵਿਚ 21 ਸਾਲ ਤੜਪਦਾ ਰਿਹਾ ਅਤੇ 21 ਸਾਲ ਬਾਅਦ ਉਸ ਨੂੰ ਇਹ ਦਿਨ ਨਸੀਬ ਹੋਇਆ ! ਉਸ ਦੀ ਕੁਰਬਾਨੀ ਸ਼ਹੀਦ ਭਗਤ ਸਿੰਘ ਦੀ ਅਤੇ ਰਾਜਗੁਰੂ ਦਾ ਜਿਹੜਾ ਨਾਹਰਾ ਸੀ ਯਾਦ ਕਰਾਉਂਦੀ ਹੈ—

ਸਰ ਫਿਰੋਸ਼ੀ ਕੀ ਤਮੱਨਾ ਅਬ ਹਮਾਰੇ ਦਿਲ ਮੇਂ ਹੈ
ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂਏ ਕਾਤਿਲ ਮੇਂ ਹੈ ।

ਜਦੋਂ ਜਨਰਲ ਔਡਵਾਇਰ ਕੈਪਟਨ ਹਾਲ ਵਿਚ ਆਇਆ ਤਾਂ ਸ਼ਹੀਦ ਉੱਧਮ ਸਿੰਘ ਨੇ 3 ਗੋਲੀਆਂ ਨਾਲ ਉਸ ਦੀ ਜਾਨ ਖ਼ਤਮ ਕਰ ਦਿੱਤੀ ਅਤੇ ਉਥੇ ਖੜ੍ਹਾ ਹੋ ਗਿਆ । ਉਸਵੇਲੇ ਉਹ ਕਹਿਣ ਲੱਗਾ ਕਿ ਓ ਲੰਦਨ ਵਾਲਿਓ ਮੈਂ ਆਪਣੇ ਮੁਲਕ ਦੀ ਬੇਇਜ਼ਤੀ ਦਾ ਬਦਲਾ ਅੱਜ ਲੈ ਲਿਆ ਹੈ । ਜਦੋਂ ਉਸ ਨੂੰ ਫਾਂਸੀ ਹੋਣ ਲੱਗੀ ਤਾਂ ਉਸ ਕੋਲੋਂ ਆਖਰੀ ਖਾਹਿਸ਼ ਪੁੱਛੀ ਗਈ ਤਾਂ ਉਸ ਨੇ ਕਿਹਾ ਕਿ ਮੇਰੀ ਆਖ਼ਰੀ ਖਾਹਿਸ਼ ਇਹ ਹੈ ਕਿ ਮੇਰੇ ਫਾਂਸੀ ਹੋਣ ਭੋਂ ਬਾਅਦ ਮੇਰਾ ਸੰਸਕਾਰ ਮੇਰੇ ਪੰਜਾਬ ਵਿੱਚ ਕੀਤਾ ਜਾਵੇ । ਉਸ ਦੀ ਇਸ ਆਖਰੀ ਖ਼ਾਹਿਸ਼ ਨੂੰ ਪੂਰਾ ਕਰਨ ਲਈ ਇਥੇ ਕਿਤਨੀਆਂ ਸਰਕਾਰਾਂ ਆਈਆਂ ਪਰ ਕੋਈ ਵੀ ਪੂਰੀ ਨਾ ਕਰ ਸਕੀ । ਹੁਣ ਜਦੋਂ ਸਾਡੀ ਮਿਆਨੀ ਜ਼ੈਲ ਸਿੰਘ ਦੀ ਸਰਕਾਰ ਆਈ ਤਾਂ ਇਸ ਨੂੰ ਉਸ ਮਹਾਨ ਸ਼ਹੀਦ ਦੀਆਂ ਅਸਥੀਆਂ ਨੂੰ ਪੰਜਾਬ ਵਿੱਚ ਲੈ ਆਂਦਾ ਅਤੇ ਪੰਜਾਬ ਦੇ ਲੋਕਾਂ ਨੇ ਉਸ ਮਹਾਨ ਸ਼ਹੀਦ ਨੂੰ ਆਪਣੀਆਂ ਸ਼ਰਧਾਂਜਲੀਆਂ ਦਿੱਤੀਆਂ ।

ਸਰਦਾਰ ਜਸਵਿੰਦਰ ਸਿੰਘ ਬਰਾੜ (ਕੋਟਕਪੂਰਾ) : ਸਪੀਕਰ ਸਾਹਿਬ ਜੋ ਸ਼ਰਧਾਂਜਲੀਆਂ ਅੱਜ ਹਾਊਸ ਵਿਚ ਸ਼ਹੀਦ ਉੱਧਮ ਸਿੰਘ ਜੀ ਨੂੰ ਦਿੱਤੀਆਂ ਗਈਆਂ ਮੈਂ ਸਮਝਦਾ ਹਾਂ ਕਿ ਉਹ ਸਹੀ ਮਾਹਨਿਆਂ ਵਿੱਚ ਸ਼ਰਧਾਂਜਲੀਆਂ ਨਹੀਂ ਹਨ । ਸਪੀਕਰ ਸਾਹਿਬ, ਮੈਂ ਦਸਦਾ ਹਾਂ ਕਿ ਅੱਜ ਤੋਂ 300 ਸਾਲ ਪਹਿਲੇ ਗੁਰੂ ਗੋਬਿੰਦ ਸਿੰਘ ਜੀ ਨੇ ਫਰਮਾਇਆ ਸੀ ਕਿ ਜਿਹੜੀ ਗੱਲ ਕਰਨ ਨਾਲ ਗਰੀਬ ਦੇ ਮੂੰਹ ਵਿਚੋਂ ਕੰਡਾ ਨਾ ਨਿਕਲੇ ਉਹ ਕਿਸੇ ਵੀ ਧਰਮ ਗ੍ਰੰਥ ਵਿੱਚ ਨਹੀਂ ਹੈ । ਜਿਹੜਾ ਚਿਤ ਗਰੀਬਾਂ ਨਾਲ ਜ਼ੁਲਮ ਹੁੰਦਾ ਹਹੇ ਕੋਈ ਸ਼ਰਧਾਂਜਲੀ ਧਰਮ ਗ੍ਰੰਥ ਨਹੀਂ ਹੈ । ਮੈਂ ਸਮਝਦਾ ਹਾਂ ਕਿ ਸਾਨੂੰ ਸ਼ਹੀਦ ਉੱਧਮ ਸਿੰਘ ਜੀ ਨੂੰ ਸ਼ਰਧਾਂਜਲੀ ਦੇਣ ਨਾਲ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਜਿਨ੍ਹਾਂ ਚੀਜ਼ਾਂ ਵਾਸਤੇ ਉਸ ਨੇ ਆਪਣੀ ਕੁਰਬਾਨੀ ਦਿੱਤੀ, ਜਿਹੜੀਆਂ ਗੱਲਾਂ ਨੂੰ ਉਹ ਆਪਣੇ ਦੇਸ਼ ਵਿਚੋਂ ਖ਼ਤਮ ਕਰਨਾ ਚਾਹੁੰਦਾ ਸੀ, ਉਸ ਨੂੰ ਅਸੀਂ ਪੂਰਾ ਕਰੀਏ । ਸਾਡੇ ਦੇਸ਼ ਵਿੱਚ ਜਿਨਾਂ ਚਿਰ ਸਰਮਾਏਦਾਰਾਂ ਦਾ ਰਾਜ ਹੈ, ਰਜਵਾੜਿਆਂ ਦਾ ਰਾਜ ਹੈ, ਅਮੀਰ ਆਦਮੀਆਂ ਦਾ ਰਾਜ ਹੈ ਉਨਾ ਚਿਰ ਤੱਕ ਸਾਡੇ ਦੇਸ਼ ਦੇ ਹਾਲਾਤ.....

ਸ਼੍ਰੀ ਸਪੀਕਰ : ਇਸ ਨੂੰ ਪੁਲਿਟਿਕਲ ਸਪੀਚ ਨਾ ਬਣਾਓ । (Don't make it a political speech.)

ਸਰਦਾਰ ਜਸਵਿੰਦਰ ਸਿੰਘ ਬਰਾੜ : ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਨੂੰ ਅੱਜ ਪ੍ਰਣ ਕਰਨਾ ਚਾਹੀਦਾ ਹੈ ਕਿ ਆਸੀਂ ਸ਼ਹੀਦ ਉੱਧਮ ਸਿੰਘ ਦੇ ਪੂਨਿਆਂ ਤੇ ਚਲ ਕੇ ਆਪਣੇ ਦੇਸ਼ ਨੂੰ ਖੁਸ਼ਹਾਲ ਬਣਾਈਏ ਅਤੇ ਦੇਸ਼ ਵਿੱਚ ਮਨੋਪਲਿਸਟਾਂ ਨੂੰ, ਸਰਮਾਏਦਾਰਾਂ ਨੂੰ ਅਤੇ ਜਿਹੜੇ ਹੋਰਡਰਜ਼ ਹਨ, ਬਲੈਕ ਮਾਰਕੀਟੀਅਰਜ਼ ਹਨ ਜਿਹੜੇ ਕਿ ਸਾਡੇ ਦੇਸ਼ ਦੀ ਆਜ਼ਾਦੀ ਨੂੰ ਖ਼ਤਮ ਕਰਨਾ ਚਾਹੁੰਦੇ ਹਨ ਅਤੇ ਗਰੀਬਾਂ ਨੂੰ ਛੁੱਟਕਾ ਚਾਹੁੰਦੇ ਹਨ ਉਨ੍ਹਾਂ ਨੂੰ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਵਿੰਦਰ ਸਿੰਘ ਬਰਾੜ]

ਖ਼ਤਮ ਕਰੀਏ । ਕੱਲ ਮੇਰੇ ਇਕ ਸਾਥੀ ਨੇ ਇੱਥੇ ਕਿਹਾ ਸੀ ਕਿ ਵਿਧਾਨ ਸਭਾ ਦਾ ਹਾਲ ਇਕ ਪਵਿੱਤਰ ਜਗ੍ਹਾ ਹੈ । ਇਹ ਮੰਦਰ ਹੈ, ਗੁਰਦੁਆਰਾ ਹੈ ਜਾਂ ਮਸਜਿਦ ਹੈ । ਮੈਂ ਕਹਿੰਦਾ ਹਾਂ ਕਿ ਇਹੋ ਜਿਹੇ ਮੰਦਰ ਵਿਚ ਆਕੇ ਆਪਣੇ ਫਰਜ਼ਾਂ ਨੂੰ ਪੂਰਾ ਨਾ ਕਰਨਾ ਇਕ ਬੜਾ ਵੱਡਾ ਪਾਪ ਹੈ (ਘੰਟੀ) ਅੰਤ ਵਿੱਚ ਸਪੀਕਰ ਸਾਹਿਬ, ਮੈਂ ਤਾਂ ਸ਼ਹੀਦ ਊੱਧਮ ਸਿੰਘ ਦੀ ਕੁਰਬਾਨੀ ਤੋਂ ਪ੍ਰੇਰਨਾ ਲੈ ਕੇ ਇਹੋ ਕਹਾਂਗਾ ਕਿ —

ਸਰ ਫਿਰੋਸ਼ੀ ਕੀ ਤਮੰਨਾ, ਅਬ ਹਮਾਰੇ ਦਿਲ ਮੇਂ ਹੈ
ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂਏ ਕਾਤਿਲ ਮੇਂ ਹੈ ।

ਸਰਦਾਰ ਗੁਰਬਚਨ ਸਿੰਘ (ਰੋਪੜ) : ਸਪੀਕਰ ਸਾਹਿਬ, ਮੇਰੇ ਕਈ ਸਾਥੀਆਂ ਨੇ ਇਥੇ ਆਪਣੀਆਂ ਸ਼ਰਧਾਂਜਲੀਆਂ ਸ਼ਹੀਦ ਊੱਧਮ ਸਿੰਘ ਨੂੰ ਅਰਪਿਤ ਕੀਤੀਆਂ ਹਨ ਪਰ ਮੈਂ ਮਹਿਸੂਸ ਕੀਤਾ ਹੈ ਕਿ ਉਨ੍ਹਾਂ ਨੇ ਸ਼ਰਧਾਂਜਲੀ ਅਰਪਿਤ ਕਰਦੇ ਹੋਏ ਇੱਧਰ ਉਧਰ ਦੀਆਂ ਗੱਲਾਂ ਸ਼ੁਰੂ ਕਰ ਦਿੱਤੀਆਂ ਹਨ । ਕੋਈ ਕਹਿੰਦਾ ਹੈ ਕਿ ਫਲਾਣੇ ਨੇ ਉਸਦੀ ਥਾਂ ਬਣਾਈ ਤੇ ਫਲਾਣੇ ਨੇ ਉਸਦੀ ਥਾਂ ਬਣਾਈ ਪਰ ਮੈਂ ਕਹਿੰਦਾ ਹਾਂ ਕਿ ਸ਼ਹੀਦ ਊੱਧਮ ਸਿੰਘ ਨੇ ਆਪਣੀ ਥਾਂ ਆਪ ਬਣਾਈ ।

ਸਪੀਕਰ ਸਾਹਿਬ, ਮੈਂਨੂੰ ਯਾਦ ਹੈ ਕਿ ਸ਼ਹੀਦ ਊੱਧਮ ਸਿੰਘ ਜੀ, ਗਿਆਨੀ ਚੰਚਲ ਸਿੰਘ ਜੀ ਅੰਮ੍ਰਿਤਸਰ ਵਾਲਿਆਂ ਨੂੰ ਨਾਲ ਲੈਕੇ ਪੜ੍ਹਾਈ ਕਰਦੇ ਸਨ । ਉਨ੍ਹਾਂ ਦਾ ਸ਼ਹੀਦ ਊੱਧਮ ਸਿੰਘ ਜੀ ਨਾਲ ਬਹੁਤ ਪਿਆਰ ਸੀ । ਜੇ ਅੱਜ ਉਹ ਜੀਉਂਦੇ ਹੁੰਦੇ ਤਾਂ ਅੱਜ ਉਹ ਆਪ ਇਨ੍ਹਾਂ ਅਸਥੀਆਂ ਨੂੰ ਸ਼ਰਧਾਂਜਲੀ ਅਰਪਿਤ ਕਰਦੇ ।

ਸਪੀਕਰ ਸਾਹਿਬ, ਮੈਨੂੰ ਯਾਦ ਹੈ ਕਿ ਪਿਛਲੇ ਸਾਲ ਮੈਂ ਗਿਆਨੀ ਜ਼ੈਲ ਸਿੰਘ ਜੀ ਤੋਂ ਇਕ ਸਵਾਲ ਵਿਚ ਪੁੱਛਿਆ ਸੀ ਤਾਂ ਇਨ੍ਹਾਂ ਨੇ ਕਿਹਾ ਸੀ ਕਿ ਅਸੀਂ ਆਪਣੇ ਸ਼ਹੀਦਾਂ ਵਾਸਤੇ ਸਭ ਕੁਝ ਕਰਨ ਨੂੰ ਤਿਆਰ ਹਾਂ । ਮੈਂ ਗਿਆਨੀ ਜੀ ਦਾ ਧੰਨਵਾਦੀ ਹਾਂ ਕਿ ਜਿਨ੍ਹਾਂ ਨੇ ਇਸ ਮਹਾਨ ਸ਼ਹੀਦ ਦੀਆਂ ਅਸਥੀਆਂ ਨੂੰ ਆਪਣੇ ਪੰਜਾਬ ਵਿੱਚ ਲੈ ਆਂਦਾ ਅਤੇ ਉਸਦੀ ਆਖਰੀ ਖ਼ਾਹਿਸ਼ ਨੂੰ ਪੂਰਾ ਕੀਤਾ । ਸਾਨੂੰ ਅੱਜ ਇਸ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਮਹਾਨ ਸ਼ਹੀਦਾਂ ਦੇ ਪੂਰਨਿਆਂ ਤੇ ਚਲ ਕੇ ਆਪਣੇ ਦੇਸ਼ ਨੂੰ ਅਤੇ ਆਪਣੇ ਦੇਸ਼ ਦੇ ਲੋਕਾਂ ਨੂੰ ਹੋਰ ਉਚਾ ਉਠਾ ਸਕੀਏ ।

ਮੈਂ ਟਿਕ ਹੋਰ ਇਸ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਸ ਮਹਾਨ ਸ਼ਹੀਦ ਦੀ ਯਾਦ ਸਦਾ ਕਾਇਮ ਰੱਖਣ ਵਾਸਤੇ ਸੁਨਾਮ ਦੇ ਲੋਕਾਂ ਨੇ ਤਾਂ ਆਪਣੇ ਪਿੰਡ ਵਿੱਚ ਉਸ ਦੇ ਨਾਂ ਤੇ ਕਾਲਜ ਅਤੇ ਧਰਮਸ਼ਾਲਾ ਆਦਿ ਖੋਲ੍ਹੇ ਹਨ, ਲਾਇਬਰੇਰੀ ਵੀ ਬਣੀ ਹੈ ਪਰ ਸਰਕਾਰੀ ਤੌਰ ਤੇ ਵੀ ਉਸ ਮਹਾਨ ਸ਼ਹੀਦ ਦੇ ਨਾਂਮ ਤੇ ਸੁਨਾਮ ਵਿੱਚ ਜ਼ਰੂਰ ਕੋਈ ਨਾ ਕੋਈ ਯਾਦਗਾਰ ਬਣਨੀ ਚਾਹੀਦੀ ਹੈ ਤਾਕਿ ਉਸ ਦੀ ਯਾਦ ਵਿੱਚ ਰਹਿ ਕੇ ਉਸ ਦੇ ਪੂਰਨਿਆਂ ਤੇ ਚਲ ਸਕੀਏ ।

ਭਗਤ ਗੁਰਦਾਸ ਹੰਸ (ਸ਼ਾਮ ਚੌਰਾਸੀ, ਐਸ. ਸੀ.) : ਮੈਂ ਸ਼ਹੀਦ ਊੱਧਮ ਸਿੰਘ ਦੇ ਚਰਨਾਂ ਵਿੱਚ ਸ਼ਰਧਾਂਜਲੀ ਦੇ ਦੋ ਫੁੱਲ ਭੇਂਟ ਕਰਨ ਲਈ ਖੜ੍ਹਾ ਹੋਇਆ ਹਾਂ । ਸਭ ਤੋਂ ਪਹਿਲਾਂ ਮੈਂ ਚੀਫ ਮਨਿਸਟਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਦੇ ਮਨ ਵਿੱਚ ਪਿੰਦੂਨਗਰ

Original with;
Punjab Vidhan Sabha
Digitized by;
Panjab Digital Library

ਦੇ ਸ਼ਹੀਦਾਂ ਨੂੰ ਸਨਮਾਨ ਦੁਆਉਣ ਦਾ ਵਿਚਾਰ ਆਇਆ । ਜਿਸ ਨੂੰ ਯਤੀਮ ਕਿਹਾ ਜਾਂਦਾ ਹੈ, ਗ਼ਰੀਬ ਕਿਹਾ ਜਾਂਦਾ ਹੈ, ਅਸਲ ਗ਼ਰੀਬ ਉਹ ਹੁੰਦਾ ਹੈ ਜਿਸ ਦਾ ਮਨ ਗ਼ਰੀਬ ਹੋਵੇ । ਮਾਇਆ ਦੇ ਹਿਸਾਬ ਨਾਲ ਕੋਈ ਅਮੀਰ ਜਾਂ ਗ਼ਰੀਬ ਨਹੀਂ ਬਣ ਸਕਦਾ । ਗ਼ਰੀਬ ਤਾਂ ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ "ਨਾਨਕ ਨੀਚ ਕਹੇ ਵਿਚਾਰ" ਗ਼ਰੀਬੀ ਤਾਂ ਇਹ ਹੈ ਜਿਹੜਾ ਮਾਣ ਹੁੰਦੇ ਮਾਣ ਨਾ ਕਰੇ ਆਪਣੇ ਆਪ ਨੂੰ ਛੋਟੇ ਤੋਂ ਛੋਟਾ ਸਮਝੇ, ਗ਼ਰੀਬ ਦੀ ਦੁੱਖ ਤਕਲੀਫ਼ ਨੂੰ ਸਮਝੇ, ਪੈਸੇ ਨਾਲ ਕੋਈ ਵੱਡਾ ਨਹੀਂ ਹੁੰਦਾ । ਗ਼ਰੀਬ ਦੀ ਹਾਲਤ ਨੂੰ ਉਹੀ ਜਾਣਦਾ ਹੈ ਜਿਸ ਨੇ ਗ਼ਰੀਬੀ ਦੇਖੀ ਹੋਵੇ । ਏਥੇ ਬਰਾੜ ਸਾਹਿਬ ਨੇ ਵੀ ਕਿਹਾ ਸੀ ਕਿ ਅਸੀਂ ਗੁਰੂ ਸਾਹਿਬਾਨ ਦੇ ਨਕਸ਼ੇ ਕਦਮ ਤੇ ਚਲੀਏ ਤਦ ਹੀ ਇਸ ਦੇਸ਼ ਦੇ ਵਿੱਚ ਖੁਸ਼ਹਾਲੀ ਆ ਸਕਦੀ ਹੈ । ਗੁਰੂ ਘਰ ਵਿੱਚ ਹੱਥੀਂ ਸੇਵਾ ਨੂੰ ਸਭ ਤੋਂ ਉੱਤਮ ਅਸਥਾਨ ਦਿਤਾ ਹੈ । ਇਕ ਵਾਰ ਦੀ ਗੱਲ ਹੈ ਕਿ ਅਨੰਦਪੁਰ ਸਾਹਿਬ ਵਿਖੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦੀਵਾਨ ਸਜਿਆ ਹੋਇਆ ਸੀ, ਗੁਰੂ ਸਾਹਿਬ ਨੇ ਇਸ਼ਾਰਾ ਕੀਤਾ ਕਿ ਜਲ ਚਾਹੀਦਾ ਹੈ । ਉਸੇ ਵਕਤ ਇਕ ਨੌਜਵਾਨ ਇਕ ਗਲਾਸ ਭਰ ਕੇ ਗੁਰੂ ਸਾਹਿਬ ਪਾਸ ਲਿਆਇਆ । ਗੁਰੂ ਸਾਹਿਬ ਨੇ ਜਦੋਂ ਨੌਜਵਾਨ ਦੇ ਕੋਮਲ ਹੱਥਾਂ ਵੱਲ ਤਕਿਆ ਤਾਂ ਬੋਲੇ ਕਾਕਾ ਇਹ ਜਲ ਕਿਥੋਂ ਲਿਆਇਆਂ ਹੈਂ ਤਾਂ ਉਸ ਨੇ ਜਵਾਬ ਦਿਤਾ ਕਿ ਗੁਰੂ ਜੀ ਮੈਂ ਤਾਂ ਇਕ ਲੈਂਡ ਲਾਰਡ ਦਾ ਪੁਤਰ ਹਾਂ, ਮੈਂ ਅਜੇ ਤਕ ਆਪਣੇ ਹੱਥ ਨਾਲ ਕਦੇ ਕਿਸੇ ਨੂੰ ਪਾਣੀ ਤਕ ਨਹੀਂ ਦਿਤਾ ਮੈਂ ਇਹ ਪਹਿਲੀ ਵਾਰ ਆਪ ਗਲਾਸ ਮਾਂਜ ਕੇ ਹਜ਼ੂਰ ਨੂੰ ਛਕਾਉਣ ਦੇ ਲਈ ਉਸ ਖੂਹ ਤੋਂ ਲੈ ਕੇ ਆਇਆ ਹਾਂ । ਗੁਰੂ ਸਾਹਿਬ ਨੇ ਉਹ ਪਾਣੀ ਗਿਰਵਾ ਦਿਤਾ ਅਤੇ ਇਕ ਹੋਰ ਸੇਵਾਦਾਰ ਨੂੰ ਪਾਣੀ ਲਈ ਕਿਹਾ ਜਿਹੜਾ ਹਮੇਸ਼ਾ ਹਥੀਂ ਕਿਰਤ ਕਰਕੇ ਖਾਂਦਾ ਸੀ ਅਤੇ ਬਚਦਾ ਸਮਾਂ ਲੰਗਰ ਦੀ ਸੇਵਾ ਵੀ ਕਰਦਾ ਸੀ । ਮੇਰਾ ਕਹਿਣ ਦਾ ਭਾਵ ਇਹ ਹੈ ਕਿ ਗੁਰੂ ਸਾਹਿਬ ਹਮੇਸ਼ਾ ਉਸ ਤੇ ਖੁਸ਼ ਹੁੰਦੇ ਹਨ ਜਿਹੜੇ ਆਪਣੀ ਹੱਥੀਂ ਕਿਰਤ ਕਮਾਈਆਂ ਕਰਦੇ ਹਨ ਅਜ ਗ਼ਰੀਬ ਨੂੰ ਕੋਈ ਨਹੀਂ ਪੁੱਛਦਾ । ਸਰਮਾਏਦਾਰ ਕਾਰਾਂ ਭਜਾਈ ਫਿਰਦੇ ਹਨ ਪਰ ਗ਼ਰੀਬ ਖਾਣ ਅਤੇ ਪਹਿਨਣ ਨੂੰ ਤੰਗ ਹੋ ਰਹੇ ਹਨ । ਪਿੰਡਾਂ ਵਿੱਚ ਵੇਖੋ ਕਿਵੇਂ ਕੰਮੀਆਂ ਦਾ ਬਾਈਕਾਟ ਕੀਤਾ ਜਾਂਦਾ ਹੈ, ਉਨ੍ਹਾਂ ਨੂੰ ਜੀਣ ਨਹੀਂ ਦਿਤਾ ਜਾਂਦਾ, ਫੇਰ ਗ਼ਰੀਬ ਦਾ ਭਲਾ ਕਿਵੇਂ ਹੋ ਸਕਦਾ ਹੈ ? ਗੁਰੂ ਸਾਹਿਬ ਨੇ ਤਾਂ ਹਮੇਸ਼ਾ ਗ਼ਰੀਬਾਂ ਨੂੰ ਨਿਵਾਜਿਆ ਸੀ, ਉਨ੍ਹਾਂ ਗ਼ਰੀਬਾਂ ਨੇ ਵੀ ਗੁਰੂ ਸਾਹਿਬ ਦੇ ਨਾਲ ਪੂਰਾ ਸਾਥ ਨਿਭਾਇਆ ਸੀ । ਚਮਕੌਰ ਦੀ ਗੜ੍ਹੀ ਵਿਚ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਘਿਰ ਗਏ ਸੀ ਤਾਂ ਉਨ੍ਹਾਂ ਨੇ ਆਪਣੇ ਆਪ ਨੂੰ ਦੁਸ਼ਮਣਾਂ ਦੇ ਹਵਾਲੇ ਕਰਨ ਦਾ ਇਰਾਦਾ ਦੱਸਿਆ ਤਾਂ ਇਕ ਗ਼ਰੀਬ ਹਰੀਜਨ ਭਾਈ ਸੰਗਤ ਸਿੰਘ ਨੇ ਕਿਹਾ ਸੀ ਕਿ ਗੁਰੂ ਜੀ ਤੁਹਾਡੀ ਅਜੇ ਦੇਸ਼ ਨੂੰ ਜ਼ਰੂਰਤ ਹੈ ਮੈਂ ਦੁਸ਼ਮਣ ਦੀਆਂ ਫੌਜਾਂ ਨੂੰ ਧੋਖਾ ਦਿੰਦਾ ਹਾਂ । ਤੁਸੀਂ ਬਚ ਕੇ ਨਿਕਲ ਜਾਣਾ । ਭਾਈ ਸੰਗਤ ਸਿੰਘ ਦੀ ਸ਼ਕਲ ਗੁਰ ਸਾਹਿਬ ਨਾਲ ਮਿਲਦੀ ਜੁਲਦੀ ਸੀ ਉਸ ਨੇ ਗੁਰੂ ਸਾਹਿਬ ਦੀ ਕਲਗੀ ਲਗਾਈ ਅਤੇ ਉਹੋ ਜਿਹੇ ਸ਼ਸਤਰ ਅਸਤਰ ਵੀ ਲਾ ਲਏ ਅਤੇ ਦੁਸ਼ਮਣ ਨਾਲ ਲੜਦੇ ਹੋਏ ਭਾਈ ਸੰਗਤ ਜੀ ਇਸ ਤਰ੍ਹਾਂ ਕੁਰਬਾਨ ਹ ਗਏ । ਇਕ ਨੀਚ ਜਾਤੀ ਦੇ ਸਿੱਖ ਨੂੰ ਗੁਰੂ ਜੀ ਨੇ ਛਾਤੀ ਨਾਲ ਲਾਇਆ ਅਤੇ "ਰੰਗਰੇਟੇ ਗੁਰੂ ਕੇ ਬੇਟੇ" ਦਾ ਵਰ ਦਿੱਤਾ । ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਗਾ ਕਿ ਜੇ ਅੱਜ ਉਹ ਸਹੀ ਮਾਅਨਿਆਂ ਵਿੱਚ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਦੇਣਾ ਚਾਹੁੰਦੇ ਹਨ ਤਾਂ ਉਹ ਗ਼ਰੀਬ ਬਸਤੀਆਂ ਵਿਚ ਜਾ ਕੇ ਸ਼ਹੀਦ ਊਧਮ ਸਿੰਘ ਦੇ ਨਾਉਂ ਤੇ ਕਾਲਜ ਅਤੇ ਸਕੂਲ ਖੋਲ੍ਹਣ । ਮੈਡੀਕਲ ਕਾਲਜ ਵਿੱਚ ਹਰੀਜਨਾਂ ਦੇ ਬੱਚਿਆਂ ਨੂੰ ਐਡਮਿਸ਼ਨ ਤੱਕ ਨਹੀਂ ਮਿਲ ਰਹੀ ਉਹ ਧੱਕੇ ਖਾਂਦੇ ਫਿਰਦੇ ਹਨ । ਅੱਜ ਬੜੇ

Original with;
Punjab Vidhan Sabha
Digitized by;
Panjab Digital Library

[ਭਗਤ ਗੁਰਾਂ ਦਾਸ ਹੰਸ]

ਬੜੇ ਲੋਕ 20-20 ਹਜ਼ਾਰ ਰੁਪਿਆ ਖਰਚ ਕੇ ਆਪਣੇ ਬੱਚੇ ਦਾਖਲ ਕਰਾਉਂਦੇ ਹਨ, ਤੁਸੀਂ ਦਸੋ ਗਰੀਬ ਕਿਵੇਂ ਅਪਣੇ ਬੱਚੇ ਪੜ੍ਹਾ ਸਕਦੇ ਹਨ । ਮੈਂ ਸਰਕਾਰ ਨੂੰ ਕਹਾਂਗਾ ਕਿ ਪਛੜਿਆਂ ਵਰਗਾਂ ਦੇ ਲੋਕਾਂ ਲਈ ਇਕ ਵੱਖਰਾ ਮੈਡੀ ਲ ਕਾਲਜ ਖੋਲ੍ਹਿਆ ਜਾਵੇ ਤਾਂ ਜੋ ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਦਾ ਅਸਰ ਉਨ੍ਹਾਂ ਬੱਚਿਆਂ ਤੇ ਵਾ ਹੋਵੇ ਜਿਹੜੇ ਉਸ ਦੇ ਨਾਂਹ ਤੇ ਖੋਲ੍ਹੇ ਗਏ ਕਾਲਜ ਵਿੱਚ ਪੜ੍ਹਨ । ਨਿਰੇ ਪੁਰੇ ਨਾਹਰਿਆਂ ਅਤੇ ਜਲੂਸ ਕੱਢਣ ਨਾਲ ਅਸੀਂ ਸ਼ਹੀਦਾਂ ਨੂੰ ਸ਼ਰਧਾਂਜਲੀ ਨਹੀਂ ਦੇ ਸਕਦੇ । ਇਹ ਇਕ ਬਹਾਦਰੀ ਦੀ ਗੱਲ ਸ਼ਹੀਦ ਊਧਮ ਸਿੰਘ ਨੇ ਕੀਤੀ ਜਦੋਂ ਕਿ ਦੇਸ਼ ਗੁਲਾਮ ਸਾ ਅਤੇ ਇਤਨੀਆਂ ਪਾਬੰਦੀਆਂ ਦੇ ਹੁੰਦੇ ਹੋਏ ਵੀ ਇੰਗਲੈਂਡ ਵਿੱਚ ਜਾਕੇ ਉਸ ਨੇ ਆਪਣੀ ਕੌਮ ਦਾ ਬਦਲਾ ਲਿਆ, ਉਨ੍ਹਾਂ ਦਾ ਹੀ ਖੂਨ ਦਾ ਜਵਾਬ ਖੂਨ ਨਾਲ ਦਿੱਤਾ ਜਿਨ੍ਹਾਂ ਨੇ ਕੌਮ ਦੀ ਅਣਖ ਨੂੰ ਵੰਗਾਰਿਆ ਸੀ । ਸਾਡਾ ਦੇਸ਼ ਰਿਸ਼ੀਆਂ, ਮੁਨੀਆਂ ਅਤੇ ਅਵਤਾਰਾਂ ਦਾ ਦੇਸ਼ ਹੈ । ਜੇ ਸਿੱਖ ਇਤਿਹਾਸ ਤੇ ਨਜ਼ਰ ਮਾਰੀਏ ਤਾਂ ਬਹੁਤ ਸਾਰੇ ਸਿੱਖ ਯੋਧੇ ਅਤੇ ਕੁਰਬਾਨੀ ਦੇ ਪੁੰਜ ਹਰੀਜਨਾਂ ਦੇ ਵਿਚੋਂ ਹੋਏ । ਪਰ ਅੱਜ ਕੀ ਹੈ ਹਰੀਜਨਾਂ ਦੀ ਅਣਖ ਨੂੰ ਵੰਗਾਰਿਆ ਜਾਂਦਾ ਹੈ ਗਰੀਬ ਹਰੀਜਨਾਂ ਦੀਆਂ ਲੜਕੀਆਂ ਤੱਕ ਨੂੰ ਕੱਢ ਕੇ ਲੈ ਜਾਂਦੇ ਹਨ । ਗਿਆਨੀ ਜੀ ਨੇ ਪਿਛਲੇ ਦਿਨ ਇਕ ਬਿਆਨ ਦਿਤਾ ਸੀ ਕਿ ਸਾਰੇ ਪੰਜਾਬ ਵਿਚ ਅਮਨ ਹੈ । ਮੈਂ ਕਹਿੰਦਾ ਹਾਂ ਹਰੀਜਨਾਂ ਤੇ ਅਤਿਆਚਾਰ ਹੋ ਰਹੇ ਹਨ । ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਰਾਵਣ ਇਕ ਲੜਕੀ ਸੀਤਾ ਨੂੰ ਜਦੋਂ ਇਸ ਮੁਲਕ ਵਿਚੋਂ ਚੁਕ ਕੇ ਲੈ ਗਿਆ ਸੀ ਤਾਂ ਹਿੰਦੁਸਤਾਨ ਦੀਆਂ ਸਾਰੀਆਂ ਛੋਟੀਆਂ ਕੌਮਾਂ ਇਕੱਠੀਆਂ ਹੋਈਆਂ ਸੀ ਅਤੇ ਇਸ ਤਰ੍ਹਾਂ ਰਾਵਣ ਦੇ ਨਾਲ ਲੜਾਈ ਲੜਕੇ ਸੀਤਾ ਦੀ ਇੱਜ਼ਤ ਬਚਾਈ ਸੀ । ਸਪੀਕਰ ਸਾਹਿਬ, ਜੋ ਵੀ ਗਰੀਬਾਂ ਦੇ ਨਾਲ ਹਮਦਰਦੀ ਰਖਦੇ ਹਨ ਉਹ ਹੀ ਸ਼ਹੀਦਾਂ ਦੇ ਰਸਤੇ ਤੇ ਚਲਦੇ ਹਨ । ਪਰ ਅਸੀਂ ਕੀ ਵੇਖਦੇ ਹਾਂ ਅੱਜ ਗਰੀਬਾਂ ਦੇ ਜਜ਼ਬਾਤ ਦੇ ਨਾਲ ਖੇਲ੍ਹਿਆ ਜਾਂਦਾ ਹੈ । ਉਨ੍ਹਾਂ ਲਈ ਬੜੇ ਆਦਮੀਆਂ ਦੇ ਦਿਲ ਵਿੱਚ ਬੜੀ ਘੱਟ ਹਮਦਰਦੀ ਹੈ । ਮੈਂ ਚੀਫ ਮਨਿਸਟਰ ਸਾਹਿਬ ਦਾ ਧੰਨਵਾ ਦੀ ਹਾਂ ਕਿ ਉਨ੍ਹਾਂ ਦ ਦਿਲ ਦ ਅੰਦਰ ਗਰੀਬਾਂ ਦੇ ਲਈ ਤੜਪ ਹੈ, ਉਹ ਗਰੀਬ ਬਸਤੀਆਂ ਵਿਚ ਸ਼ਹੀਦ ਊਧਮ ਸਿੰਘ ਦੇ ਨਾਂਹ ਤੇ ਜ਼ਰੂਰ ਕਾਲਜ ਅਤੇ ਸਕੂਲਜ਼ ਖੋਲ੍ਹਣਗੇ। ਇਨ੍ਹਾਂ ਸ਼ਬਦਾਂ ਨਾਲ ਮੈਂ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਦਿੰਦਾ ਹਾਂ ।

ਵਿਦਿਆ ਮੰਤਰੀ (ਸ਼੍ਰੀ ਗੁਰਮੇਲ ਸਿੰਘ) : ਭਗਤ ਗੁਰਾਂ ਦਾਸ ਹੰਸ ਨੇ ਕਿਹਾ ਹੈ ਕਿ ਹਰੀਜਨਾਂ ਦੇ ਮੁੰਡਿਆਂ ਨੂੰ ਕੋਈ ਐਡਮਿਸ਼ਨ ਨਹੀਂ ਮਿਲ ਰਹੀ ਉਹ ਧੱਕੇ ਖਾਂਦੇ ਫਿਰਦੇ ਹਨ । ਮੇਰੀ ਬੇਨਤੀ ਇਹ ਹੈ, ਜਨਾਬ, ਕਿ ਪੰਜਾਬ ਵਿਚ ਦੋ ਮੈਡੀਕਲ ਕਾਲਜ ਹਨ । ਇਕ ਅੰਮ੍ਰਿਤਸਰ ਅਤੇ ਇਕ ਪਟਿਆਲੇ....(ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : * ** ** (ਸ਼ੋਰ)

ਸ਼੍ਰੀ ਸਪੀਕਰ : ਇਹ ਲਫ਼ਜ਼ ਐਕਸਪੰਜ ਕਰ ਦਿਤੇ ਜਾਣ । (These words should be expunged,)

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਵਿਦਿਆ ਮੰਤਰੀ : ਹਰੀਜਨਾਂ ਦੀ ਐਡਮਿਸ਼ਨ ਲਈ 25% ਸੀਟਾਂ ਰਿਜ਼ਰਵ ਕੀਤੀਆਂ ਜਾਂਦੀਆਂ ਹਨ ਇਸ ਤੋਂ ਇਲਾਵਾ 5% ਬੈਕਵਰਡ ਕਲਾਸਿਜ਼ ਲਈ ਰਿਜ਼ਰਵ ਹਨ। ਕੁਝ ਸਟੇਟ ਤੋਂ ਬਾਹਰ ਦੇ ਕਾਲਿਜਜ਼ ਹਨ ਉਨ੍ਹਾਂ ਵਿਚ ਵੀ ਨੋਮੀਨੇਸ਼ਨਜ਼ ਕੀਤੀ ਜਾਂਦੀ ਹੈ। ਜਿਹੜੇ ਸਟੂਡੈਂਟਸ ਦਾਖਲ ਕੀਤੇ ਜਾਂਦੇ ਹਨ ਉਨ੍ਹਾਂ ਵਿਚ ਕਿਸੇ ਦੀ ਵੀ ਕੋਈ ਰਿਆਇਤ ਨਹੀਂ ਹੁੰਦੀ, ਉਹ ਮੈਰਿਟ ਤੇ ਲਏ ਜਾਂਦੇ ਹਨ। ਇਸ ਤਰ੍ਹਾਂ ਦੇ ਕੁਝ ਕੇਸਿਜ਼ ਪਕੜੇ ਗਏ ਹਨ ਜਥੇ ਸਟੂਡੈਂਟਸ ਨੇ ਦਾਖਲੇ ਲਈ ਜਾਲ੍ਹੀ ਬੈਕਵਰਡ ਕਲਾਸਿਜ਼ ਦੇ ਸਰਟੀਫੀਕੇਟ ਬਣਾਏ ਹੋਏ ਸੀ। ਜਿਹੜੇ ਪਕੜੇ ਗਏ, ਉਨ੍ਹਾਂ ਨੂੰ ਕੱਢਣ ਦੇ ਨੋਟਿਸ ਦਿੱਤੇ ਗਏ ਹਨ, ਕੋਈ ਦਾਖ਼ਲੇ ਨਹੀਂ ਦਿੱਤੇ ਗਏ।

ਭਗਤ ਗੁਰਾਂ ਦਾਸ ਹੰਸ: ਮੈਂ ਆਪਣੇ ਨੌਜਵਾਨ ਮਨਿਸਟਰ ਦਾ ਧੰਨਵਾਦੀ ਹੋਵਾਂਗਾ ਜੇ ਉਹ ਕੋਈ ਸ਼ਹੀਦ ਊਧਮ ਸਿੰਘ ਦੇ ਨਾਂ ਤੇ ਕਈ ਮੈਡੀਕਲ ਕਾਲਜ ਖੋਲ੍ਹਣ। ਕੀ ਐਜੂਕੇਸ਼ਨ ਮਨਿਸਟਰ ਸਾਹਿਬ ਇਸ ਤਰ੍ਹਾਂ ਦੀ ਕੋਈ ਗੱਲ ਕਰਨਗੇ ? (ਸ਼ੋਰ)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਸਪੀਕਰ ਸਾਹਿਬ, ਮੈਂ ਰਿਕੁਐਸਟ ਕਰਾਂਗਾ ਜੇਕਰ ਹੁਣ ਚੀਫ਼ ਮਨਿਸਟਰ ਸਾਹਿਬ ਨੂੰ ਕਾਲ ਅਟੈਂਨ ਕੀਤਾ ਜਾਵੇ। ਕਾਫੀ ਬਹਿਸ ਹੋ ਚੁੱਕੀ ਹੈ।

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਮਾਨਯੋਗ ਸਪੀਕਰ ਸਾਹਿਬ, ਮੈਂ ਹਾਊਸ ਦੇ ਮੈਂਬਰਾਂ ਦਾ ਬੜਾ ਮਸ਼ਕੂਰ ਹਾਂ ਅਤੇ ਉਨ੍ਹਾਂ ਨੂੰ ਵਧਾਈ ਦੇਂਦਾ ਹਾਂ ਕਿ ਉਨ੍ਹਾਂ ਨੇ ਜਜ਼ਬਾਤ ਦੀ ਕਦਰ ਕਰਦੇ ਹੋਏ ਸ਼ਹੀਦ ਸਰਦਾਰ ਊਧਮ ਸਿੰਘ ਨੂੰ ਭਰਪੂਰ ਸ਼ਰਧਾਂਜਲੀ ਦਿੱਤੀ ਹੈ। ਮੈਂ ਸਾਰੇ ਮੈਂਬਰ ਸਾਹਿਬਾਨ ਦੀ ਇਸ ਮਹਾਨ ਕੰਮ ਵਿੱਚ ਹਿੱਸਾ ਪਾਉਣ ਲਈ ਪਰਸੰਸ਼ਾ ਕਰਦਾ ਹਾਂ। ਸਪੀਕਰ ਸਾਹਿਬ, ਮੈਂ ਤੁਹਾਡਾ ਵੀ ਮਸ਼ਕੂਰ ਹਾਂ ਕਿ ਤੁਸੀਂ ਇਸ ਮਹਾਨ ਹਾਊਸ ਵਿਚ ਸ਼ਹੀਦ ਸਰਦਾਰ ਊਧਮ ਸਿੰਘ ਵਾਸਤੇ ਆਪਣੇ ਦਿਲੀ ਜਜ਼ਬਾਤ ਦੇ ਪਰਗਟਾ ਵਾਸਤੇ ਮੌਕਾ ਦਿੱਤਾ। ਮੇਰੇ ਦੋਸਤਾਂ ਨੇ ਹਰ ਪਾਸੇ ਤੋਂ ਸ਼ਹੀਦ ਵਾਸਤੇ ਬੜੇ ਸ਼ਲਾਘਾ ਭਰਪੂਰ ਸ਼ਬਦਾਂ ਵਿਚ ਸ਼ਰਧਾਂ ਲੀਆਂ ਭੇਂਟ ਕੀਤੀਆਂ ਹਨ। ਜਿਥੇ ਮੇਰੇ ਦੋਸਤਾਂ ਨੇ ਬਹੁਤ ਸਾਰਾ ਵਕਤ ਹਾਲਾਤ ਤੇ ਟੀਕਾ ਟਿਪਣੀ ਤੇ ਲਟਿਆ ਹੈ ਉਥੇ ਮੈਂ ਸਮਝਦਾ ਹਾਂ ਉਨ੍ਹਾਂ ਸ਼ਹੀਦਾਂ ਨੂੰ ਬੜਾ ਸਤਿਕਾਰ ਅਤੇ ਸਨਮਾਨ ਦਿਤਾ ਹੈ। ਸਮਾਂ ਬੜਾ ਥੋੜਾ ਹੈ ਜੋ ਬਚਿਆ ਹੈ ਮੈਂ ਆਪਣੇ ਸਾਥੀਆਂ ਨੂੰ ਕਹਾਂਗਾ ਕਿ ਮੈਂ ਵਧਤ ਸਮਾਂ ਨਹੀਂ ਲੈਣਾ ਚਾਹੁੰਦਾ ਕਿਉਂਕਿ ਅਜੇ ਪੰਜਾਬ ਸ਼ਡਿਊਲਡ ਕਾਸਟਸ ਅਤੇ ਲੈਂਡ ਡੀਵੈਲਪਮੈਂਟ ਤੇ ਫਾਈਨੈਂਸ ਕਾਰਪੋਰੇਸ਼ਨ ਦੀ ਰਿਪੋਰਟ ਤੇ ਡਿਸਕਸ਼ਨ ਹੋਣੀ ਹੈ। ਮੈਂ ਇਸ ਦੇ ਲਈ ਵੀ ਕਹਾਂਗਾ ਕਿ ਜਿਵੇਂ ਮਾਸਟਰ ਗੁਰਬੰਤਾ ਸਿੰਘ ਜੀ ਨੇ ਕਿਹਾ ਹੈ ਕਿ ਅਸੀਂ ਇਕ ਘੰਟਾ ਰਿਪੋਰਟ ਨੂੰ ਡਿਸਕਸ ਕਰਨ ਤੇ ਲਾਉਣਾ ਹੈ। ਮੈਂ ਕਹਿੰਦਾ ਹਾਂ 11-45 ਤੱਕ ਖੁਲ੍ਹਾ ਸਮਾ ਲੈ ਸਕਦੇ ਹੋ ਅਗਲੀ ਤਾਰੀਖ 12-00 ਵਜੇ ਬਦਲਣੀ ਹੈ। ਜਿਹੜੇ ਮੈਂਬਰ ਵੀ ਬੋਲਣਾ ਚਾਹੁੰਣ ਉਨ੍ਹਾਂ ਨੂੰ ਖੁਲ੍ਹਾ ਟਾਈਮ ਦਿਉ। ਇਸ ਗੱਲ ਤੇ ਕਿਸੇ ਨੂੰ ਵੀ ਨਾਰਾਜ਼ਗੀ ਨਹੀਂ ਹੋਣੀ ਚਾਹੀਦੀ। ਕੋਈ ਇਹ ਇਤਰਾਜ਼ ਨਾ ਕਰੇ ਕਿ ਉਹ ਆਪਣੇ ਜਜ਼ਬਾਤ ਰਿਪਰਟ ਬਾਰੇ ਕਾਹ ਨਹੀਂ ਸਕਿਆ।

ਮਾਨਯੋਗ ਸਪੀਕਰ ਸਾਹਿਬ, ਸ਼ਹੀਦ ਦੀ ਮਹਾਨਤਾ ਹਮੇਸ਼ਾ ਇਕ ਸੱਚੇ ਕਾਜ਼ ਪਿਛੇ ਮਰ ਮਿਟਣ ਤੇ ਹੀ ਸਮਝੀ ਜਾਇਆ ਕਰਦੀ ਹੈ। ਸ਼ਹੀਦ ਦਾ ਰੁਤਬਾ ਜਾਂ ਦਰਜਾ ਕਿਤਨਾ ਵੱਡਾ ਹੁੰਦਾ ਹੈ, ਉਹ ਇਕ ਇਕ ਸ਼ਹੀਦ ਤੇ ਡਿਪੈਂਡ ਕਰਦਾ ਹੈ। ਸਰਦਾਰ ਊਧਮ ਸਿੰਘ ਸ਼ਹੀਦ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਬੜੇ ਉਚੇ ਦਰਜੇ ਦੇ ਸ਼ਹੀਦ ਸਨ । ਅੱਜ ਉਨ੍ਹਾਂ ਦੀ ਮਹਾਨਤਾ ਇਸ ਗੱਲ ਤੋਂ ਹੀ ਪਰਗਟ ਹੁੰਦੀ ਹੈ ਕਿ ਅੱਜ ਉਸ ਦੇ ਦੇਸ਼ ਵਾਸੀਆਂ ਨੇ 34 ਸਾਲ ਬਾਅਦ ਆਪਣੇ ਪਿਆਰੇ ਸ਼ਹੀਦ ਦੀਆਂ ਅਸਤੀਆਂ ਨੂੰ ਲਿਆਕੇ ਪਰਨਾਮ ਕੀਤਾ ਹੈ । ਜਦ ਮੈਂ ਇਹ ਗੱਲ ਬਾਰੇ ਖ਼ਿਆਲ ਕੀਤਾ ਤਾਂ ਭਾਰਤ ਸਰਕਾਰ ਦੇ ਵਿਦੇਸ਼ ਮੰਤਰੀ ਨੂੰ 1972 ਵਿਚ ਖ਼ਤ ਲਿਖਿਆ ਮੇਰੇ ਮਨ ਵਿੱਚ ਇਹ ਖ਼ਿਆਲ ਉਸ ਵਕਤ ਆਇਆ ਜਦ ਮੈਂ ਇਕ ਪੁਸਤਕ ਵਿਚ ਪੜ੍ਹਿਆ ਕਿ ਸੰਨ 1815 ਈਸਵੀ ਵਿਚ ਜਦੋਂ ਕਿ ਯੂਰਪ ਦੇ ਇਤਿਹਾਸ ਵਿਚ ਇਕ ਐਸੀ ਘਟਨਾ ਹੋਈ ਸੀ । ਫਰਾਂਸ ਦੇ ਜਰਨੈਲ ਬੋਨਾਪਾਰਟ ਵਾਟਰਲੂ ਦੀ ਲੜਾਈ ਵਿਚ ਅੰਗਰੇਜ਼ਾਂ ਨਾਲ ਲੜਦੇ ਲੜਦੇ ਹਾਰ ਗਏ । ਅੰਗਰੇਜ਼ਾਂ ਨੇ ਉਸ ਨੂੰ ਕੈਦ ਕਰਕੇ ਸੈਂਟ ਹਲੀਨਾ ਟਾਪੂ ਵਿਚ ਭੇਜ ਦਿੱਤਾ ਸੀ ਜਿੱਥੇ ਉਹ ਸੰਨ 1821 ਵਿਚ ਮਰ ਗਏ ਸੀ । ਪਰ ਜਦੋਂ ਅੰਗਰੇਜ਼ਾਂ ਅੌਰ ਫਰਾਂਸੀਸੀਆ ਵਿਚ ਸੁਲਾਹ ਹੋਈ ਤਾਂ ਉਸ ਵੇਲੇ ਫਰਾਂਸੀਸੀ ਕੌਮ ਨੇ ਸਭ ਤੋਂ ਵੱਡਾ ਮੁਤਾਲਬਾ ਇਹ ਰੱਖਿਆ ਸੀ ਕਿ ਸਾਨੂੰ ਸਾਡੇ ਜਰਨੈਲ, ਸਾਡੇ ਨੇਤਾ ਨੈਪੋਲੀਅਨ ਬੋਨਾ ਪਾਰਟ ਦੀਆਂ ਅਸਥੀਆਂ ਦਿੱਤੀਆਂ ਜਾਣ । ਉਹਦਾ ਸਰੀਰ ਉਥੇ ਦੱਬਿਆ ਹੋਇਆ ਸੀ । ਉਥੋਂ ਕੱਢ ਕੇ ਫਰਾਂਸੀਸੀਆਂ ਨੇ ਬੜੇ ਸਨਮਾਨ ਨਾਲ ਆਪਣੀ ਧਰਤੀ ਤੇ ਲਿਆ ਕੇ ਉਸਨੂੰ ਦਫਨਾਇਆ ਸੀ । ਮੈਂ ਵਿਚਾਰ ਰਿਹਾ ਸਾਂ ਕਿ ਬਹੁਤ ਸਾਰੀ ਦਫਾ ਮੁਰਦਿਆਂ ਦੀਆਂ ਹੱਡੀਆਂ ਕੱਢੀਆਂ ਗਈਆਂ ਸਨ ਲੇਕਿਨ ਉਨ੍ਹਾਂ ਨੂੰ ਕੱਢਿਆ ਗਿਆ ਸੀ ਇਸ ਵਾਸਤੇ ਕਿ ਉਨ੍ਹਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ । ਸਨਮਾਨ ਲਈ ਪੂਰੇ ਯੂਰਪ ਵਿੱਚ ਇਹ ਇਕ ਮਿਸਾਲ ਸੀ । ਏਸ਼ੀਆ ਵਿੱਚ ਐਸਾ ਕੋਈ ਵਾਕਿਆ ਨਹੀਂ ਸੀ ਹੋਇਆ । ਇਹ ਹਿੰਦੁਸਤਾਨ ਦੀ ਕੌਮ ਨੂੰ ਇਸ ਗੱਲ ਦਾ ਮਾਨ ਹੈ, ਸਤਿਕਾਰ ਹੈ ਜਦ ਕਿ ਸਰਦਾਰ ਉੱਧਮ ਸਿੰਘ ਦੀਆਂ ਹੱਡੀਆਂ, ਉਹਦਾ ਪਿੰਜਰ ਹਵਾਈ ਜਹਾਜ਼ ਰਾਹੀਂ ਇਥੇ ਲੈ ਕੇ ਆਏ । ਜਦੋਂ ਕਪੂਰਥਲਾ ਹਾਊਸ ਵਿਚ ਇਨ੍ਹਾਂ ਨੂੰ ਰੱਖਿਆ ਤਾਂ ਮੈਨੂੰ ਇਕ ਕੈਰਲਾ ਦਾ ਰਹਿਣ ਵਾਲਾ ਦੋਸਤ ਮਿਲਿਆ । ਉਹ ਮੈਨੂੰ ਨਹੀਂ ਜਾਣਦਾ ਸੀ ਅਤੇ ਮੈਂ ਉਹਨੂੰ ਨਹੀਂ ਜਾਣਦਾ ਸੀ । ਉਹ ਮੈਨੂੰ ਗਲਵਕੜੀ ਪਾਕੇ ਕਹਿਣ ਲਗਿਆ ਮੈਨੂੰ ਤਾਂ ਅੱਜ ਪਤਾ ਲੱਗਾ ਹੈ ਕਿ ਪੰਜਾਬੀ ਹਿੰਦੁਸਤਾਨੀਆਂ ਵਿਚੋਂ ਜ਼ਿਆਦਾ ਬਹਾਦਰੀ ਨਾਲ ਲੜਦੇ ਕਿਵੇਂ ਹਨ, ਮਰਦੇ ਕਿਵੇਂ ਹਨ, ਸ਼ਹੀਦ ਕਿਵੇਂ ਹੁੰਦੇ ਹਨ, ਦੇਸ਼ ਨਾਲ ਪਿਆਰ ਉਨ੍ਹਾਂ ਦਾ ਵਧੇਰੇ ਕਿਵੇਂ ਹੈ ? ਇਹ ਪਿਆਰ, ਇਹ ਮੁਹੱਬਤ ਦੀ ਮਿਸਾਲ ਨਹੀਂ ਮਿਲਦੀ। 34 ਸਾਲ ਬਾਅਦ ਉਹਦੀਆਂ ਹੱਡੀਆਂ ਲੈ ਕੇ ਹਿੰਦੁਸਤਾਨ ਦੀ ਸਰਕਾਰ, ਪੰਜਾਬ ਦੀ ਸਰਕਾਰ ਉਹਨੂੰ ਨਮਸ਼ਕਾਰ ਕਰਦੀ ਹੈ ਅੌਰ ਹਿਦੁਸਤਾਨ ਦੇ ਲੋਕਾਂ ਨੇ ਇਸ ਗੱਲ ਉਤੇ ਖੁਸ਼ੀ ਪ੍ਰਗਟ ਕੀਤੀ ਹੈ । ਮੈਂ ਇਹ ਕਹਿ ਸਕਦਾ ਹਾਂ ਕਿ ਕੌਮ ਨੂੰ ਮਾਣ ਹੈ ਅੌਰ ਇਸ ਤਰ੍ਹਾਂ ਨਾਲ ਆਉਣ ਵਾਲੀਆਂ ਨਸਲਾਂ ਜਿਹੜੀਆਂ ਹਨ ਉਨ੍ਹਾਂ ਦੇ ਸਾਹਮਣੇ ਚੰਗਾ ਪਰਤੱਖ ਨਜ਼ਾਰਾ ਰੱਖ ਸਕਾਂਗੇ । ਸਪੀਕਰ ਸਾਹਿਬ, ਸਮਾ ਬੜਾ ਬੀਤ ਗਿਆ ਹੈ । ਅੱਜ 27 ਸਾਲ ਹਿੰਦੁਸਤਾਨ ਨੂੰ ਆਜ਼ਾਦ ਹੋਏ ਨੂੰ ਹੋ ਗਏ ਹਨ ਲੇਕਿਨ ਜਿਹੜੇ ਦੋਸਤ 42 ਸਾਲ ਦੀ ਉਮਰ ਦੇ ਹਨ ਉਨ੍ਹਾਂ ਨੂੰ ਦੋਸ਼ ਨਹੀਂ ਦੇ ਸਕਦੇ ਕਿ ਹਿੰਦੁਸਤਾਨ ਦੀ ਆਜ਼ਾਦੀ ਲਈ ਕੁਰਬਾਨੀ ਕਿਉਂ ਨਹੀਂ ਕੀਤੀ ਕਿਉਂਕਿ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਸੀ । ਉਹ ਉਸ ਵਕਤ ਕੁਰਬਾਨੀ ਕਰਨ ਦੇ ਲਾਇਕ ਨਹੀਂ ਸਨ । ਉਨ੍ਹਾਂ ਨੌਜਵਾਨਾਂ ਦਾ ਸਨਮਾਨ ਅਤੇ ਸਤਿਕਾਰ ਕਰਦਾ ਹਾਂ ਜਿਨ੍ਹਾਂ ਨੇ ਇਸ ਮੁਲਕ ਲਈ ਕੁਰਬਾਨੀਆਂ ਕੀਤੀਆਂ ਹਨ । ਮੈਂ ਇਹ ਮਹਿਸੂਸ ਕਰਦਾ ਹਾਂ ਕਿ ਮੁਲਕ ਦੇ ਗਲ ਜਦੋਂ ਵੀ ਲੜਾਈ ਪਈ ਤਾਂ ਹਿੰਦੁਸਤਾਨ ਦੇ ਲੋਕ ਮਰਨ ਲਈ ਤਿਆਰ ਰਹੇ । ਪੰਜ ਵਾਰੀ ਹਿੰਦੁਸਤਾਨ ਨੂੰ ਲੜਾਈ ਲੜਨੀ ਪਈ ਅੌਰ

Original with;
Punjab Vidhan Sabha
Digitized by;
Panjab Digital Library

ਪੰਜੇ ਵਾਰੀ ਹੀ ਹਿੰਦੁਸਤਾਨ ਦੀ ਕੌਮ ਨੇ ਸਾਬਤ ਕਰ ਦਿਤਾ ਕਿ ਅਸੀਂ ਇਕ ਹਾਂ। ਸਾਰੀਆਂ ਪਾਰਟੀਆਂ ਨੇ, ਸਾਰੀ ਪਾਰਟੀਆਂ ਦੇ ਨੇਤਾਵਾਂ ਨੇ ਪੂਰਾ ਮਿਲਵਰਤਨ ਦੇਕੇ ਹਿੰਦੁਸਤਾਨ ਦੀ ਅਣਖ ਅਤੇ ਇੱਜ਼ਤ ਬਚਾਉਣ ਦਾ ਯਤਨ ਕੀਤਾ। ਮੈਂ ਸਮਝਦਾ ਹਾਂ ਕਿ ਸਰਦਾਰ ਉੱਧਮ ਸਿੰਘ ਫਿਰਕਾਦਾਰੀ ਦੇ ਖਿਲਾਫ ਲੜੇ, ਗੁਲਾਮੀ ਦੇ ਖਿਲਾਫ ਲੜੇ ਔਰ ਜਦੋਂ ਇਹ ਸਮਝ ਗਏ ਕਿ ਬਗੈਰ ਹਥਿਆਰਾਂ ਦੇ ਗੁਜ਼ਾਰਾ ਨਹੀਂ ਚਲ ਸਕਦਾ ਤਾਂ ਫੇਰ ਇਨ੍ਹਾਂ ਨੇ ਸ਼ਸਤਰ ਵੀ ਉਠਾਏ। ਹੋਰ ਵੀ ਹਿੰਦੁਸਤਾਨ ਵਿਚ ਬੜੀਆਂ ਲਹਿਰਾਂ ਸਨ ਜਿਨ੍ਹਾਂ ਦਾ ਨਿਸ਼ਾਨਾ ਸਿਰਫ ਇਕੋ ਸੀ ਕਿ ਅੰਗਰੇਜ਼ਾਂ ਨੂੰ ਹਿੰਦੁਸਤਾਨ ਵਿਚੋਂ ਕਢਿਆ ਜਾਏ। ਇਨ੍ਹਾਂ ਲਹਿਰਾਂ ਵਿਚੋਂ ਮਹਾਤਮਾ ਗਾਂਧੀ ਦੀ ਸ਼ਾਂਤਮਈ ਲਹਿਰ ਸੀ, ਇਨਕਲਾਬ ਦੀ ਲਹਿਰ ਸੀ, ਗੱਦਰੀ ਬਾਬਿਆਂ ਦੀ ਲਹਿਰ ਸੀ, ਆਈ. ਐਨ. ਏ. ਦੀ ਲਹਿਰ ਸੀ, ਰ ਕੇ ਬਾਗ ਦਾ ਮੋਰਚਾ ਲਹਿਰ ਸੀ, ਨਾਮਧਾਰੀਆਂ ਦੀ ਲਹਿਰ ਸੀ, ਫੌਜੀ ਬਗਾਵਤ ਸੀ ਅਤੇ ਇਸੇ ਤਰ੍ਹਾਂ ਦੀਆਂ ਹੋਰ ਬਹੁਤ ਸਾਰੀਆਂ ਲਹਿਰਾਂ ਸਨ। ਇਨ੍ਹਾਂ ਸਾਰੀਆਂ ਲਹਿਰਾਂ ਦਾ ਨਿਸ਼ਾਨਾ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਦਾ ਸੀ। ਲੇਕਿਨ ਮਹਾਤਮਾ ਗਾਂਧੀ ਨੂੰ ਭੁਲਾ ਨਹੀਂ ਸਕਦੇ। ਉਸ ਨੇ ਹਿੰਦੁਸਤਾਨੀਆਂ ਵਿੱਚ ਏਕਤਾ ਪੈਦਾ ਕੀਤੀ ਅਤੇ ਇਕੱਠੇ ਹੋਕੇ ਰਹਿਣ ਦੀ ਪ੍ਰੇਰਨਾ ਦਿਤੀ। ਉਸੀ ਦੀ ਵਜ੍ਹਾ ਨਾਲ ਸਾਡਾ ਦੇਸ਼ ਭਗਤੀ ਦਾ ਜਜ਼ਬਾ ਉਭਰਿਆ। ਮੈਂ ਚਾਹੁੰਦਾ ਹਾਂ ਕਿ ਅਸੀਂ ਸਾਰਿਆਂ ਲੋਕਾਂ ਦੀ ਮਿਲਵਰਤਨ ਨਾਲ ਆਪਣੇ ਪੰਜਾਬ ਦੇ ਜੋ ਅਣਿਤੇ ਸੂਰਮੇ ਹੋਏ ਹਨ ਉਨ੍ਹਾਂ ਦੇ ਕੰਮਾਂ ਨੂੰ ਪਰਗਟ ਕਰਕੇ ਰਖੀਏ। ਇਥੇ ਆਖਿਆ ਗਿਆ ਹੈ ਕਿ ਸਰਦਾਰ ਉੱਧਮ ਸਿੰਘ ਨੇ ਗੋਲੀਆਂ ਮਾਰੀਆਂ ਜਦ ਕਿ ਸਾਡਾ ਨਿਸ਼ਾਨਾ ਸ਼ਾਂਤੀ ਦਾ ਸੀ। ਕਈਆਂ ਨੇ ਇਹ ਆਖਣਾ ਸ਼ੁਰੂ ਕਰ ਦਿਤਾ ਹੈ ਕਿ ਜੁਣ ਵੀ ਗੋਲੀਆਂ ਚਲਣੀਆਂ ਚਾਹੀਦੀਆਂ ਹਨ। ਮੈਂ ਬੇਨਤੀ ਕਰਾਂਗਾ ਕਿ ਉਹ ਮੇਰੇ ਵੀਰ ਗਲਤੀ ਤੇ ਹਨ। ਸਰਦਾਰ ਉੱਧਮ ਸਿੰਘ ਨੇ ਹਿੰਦੁਸਤਾਨ ਦੀ ਛਾਤੀ ਵਿਚ ਗੋਲੀਆਂ ਨਹੀਂ ਮਾਰੀਆਂ ਬਲਕਿ ਆਪਣੇ ਵਤਨ ਦੇ ਸ਼ਹੀਦਾਂ ਦਾ ਖੂਨ ਆਪਣੀ ਅੱਖਾਂ ਸਾਹਮਣੇ ਡੁੱਲ੍ਹਿਆ ਵੇਖਿਆ ਸੀ, ਜਦੋਂ ਇਸਤਰੀਆਂ ਦੀਆਂ, ਵਿਧਵਾਵਾਂ ਦੀਆਂ ਪੁਕਾਰਾਂ ਉਹਨੇ ਸੁਣੀਆਂ ਸਨ ਤਾਂ ਉਸ ਦੇ ਜ਼ਮੀਰ ਨੇ ਉਸ ਨੂੰ ਉਭਾਰਿਆ ਸੀ। ਇਸ ਕਰਕੇ ਚਾਹੇ ਕਿਸੇ ਗੱਲ ਤੇ ਵਿਖਤਲਾਫ ਰਾਏ ਹੋਵੇ, ਚਾਹੇ ਕੁਝ ਲੋਕ ਇਸ ਚੀਜ਼ ਦੇ ਵਿਰੁਧ ਹੋਣ ਪਰ ਉਹਦੇ ਲਈ ਹੋਰ ਕੋਈ ਚਾਰਾ ਨਹੀਂ ਰਹਿ ਗਿਆ ਸੀ ਅਤੇ ਆਖੀਰ ਉਸ ਜ਼ਾਲਮ ਦੀ ਜਾਨ ਲੈਕੇ ਹੀ ਹਟਿਆ। ਇਸ ਤਰ੍ਹਾਂ ਕਰਕੇ ਸਰਦਾਰ ਉੱਧਮ ਸਿੰਘ ਦੀ ਸ਼ਖਸੀਅਤ ਨੂੰ ਘਟਾਉਣਾ ਨਹੀਂ ਚਾਹੀਦਾ। ਇਹ ਸਮਝਣਾ ਚਾਹੀਤਾ ਹੈ ਕਿ ਉਹਦੇ ਦਿਲ ਵਿੱਚ ਵਤਨ ਲਈ ਪਿਆਰ ਸੀ। ਗੁਰੂ ਗੋਬਿੰਦ ਸਿੰਘ ਦੇ ਉਸ ਵਾਕ ਨੂੰ ਪੂਰਾ ਕਰਨਾ ਸੀ ਜਦ ਕਿ ਉਹ ਇਕੱਲਾ ਹੀ ਹਿੰਦੁਸਤਾਨ ਤੋਂ ਬਾਹਰ ਗਿਆ ਸੀ ਔਰ ਉਸ ਮੁਲਕ ਵਿੱਚ ਗਿਆ ਜਿਹੜਾ ਸਾਡੇ ਮੁਲਕ ਉਤੇ ਰਾਜ ਕਰਦਾ ਸੀ। ਉਥੇ ਜਾਕੇ ਉਹ ਬਹਾਦਰਾਨਾ ਮੌਤ ਨੂੰ ਆਵਾਜ਼ ਦਿੰਦਾ ਹੈ, ਉਹ ਦੇ ਸਾਹਮਣੇ ਖੂਨ ਦਾ ਬਦਲਾ ਖੂਨ ਦਾ ਨਾਹਰਾ ਸੀ ਅਤੇ ਉਹ ਇਹ ਬਦਲਾ ਲੈਣ ਵਾਸਤੇ ਉਥੇ ਗਿਆ ਸੀ। ਉਸ ਦਾ ਨਿਸ਼ਾਨਾ ਇਹੀ ਸੀ ਕਿ ਮੇਰੇ ਦੇਸ਼ ਦੇ ਲੋਕਾਂ ਦੀ ਅਣਖ ਕੁਚਲੀ ਨਾ ਜਾਵੇ ਉਨ੍ਹਾਂ ਦੀ ਆਤਮਾ ਜ਼ਿੰਦਾ ਰਹੇ। ਇਸ ਬਾਰੇ ਗੁਰੂ ਸਾਹਿਬ ਦਾ ਇਕ ਸਲੋਕ ਹੈ—

"ਚਮੂੰ ਮਰਦ, ਬਾਸ਼ਵ ਸੁਖਨ ਵਰ
[illegible]"

Original with;
Punjab Vidhan Sabha
Digitized by:
Panjab Digital Library

(ਮੁੱਖ ਮੰਤਰੀ)

ਇਸ ਉਤੇ ਪੂਰਾ ਚਲਦੇ ਹੋਏ ਉਸ ਨੇ ਸੋਚਿਆ—

"ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ"

ਇਸ ਦਾ ਭਾਵ ਇਹ ਹੈ ਕਿ ਜਦੋਂ ਸਾਰੇ ਹੀਲੇ ਖਤਮ ਹੋ ਜਾਣ ਤਾਂ ਮੈਂ ਇਸ ਹੱਕ ਵਿੱਚ ਹਾਂ ਕਿ ਵੈਰੀ ਨੂੰ ਤਲਵਾਰ ਨਾਲ ਮਾਰਾਂ। ਇਸ ਲਈ ਸਰਦਾਰ ਊਧਮ ਸਿੰਘ ਪਾਸ ਹੋਰ ਕੋਈ ਚਾਰਾ ਨਹੀਂ ਸੀ ਰਹਿ ਗਿਆ ਮੇਰੇ ਦੋਸਤਾਂ ਨੇ ਉਨ੍ਹਾਂ ਦੀ ਜ਼ਿੰਦਗੀ ਦੇ ਹਾਲਾਤ ਹੋਰ ਥਾਵਾਂ ਤੇ ਪੁਸਤਕਾਂ ਵਿੱਚ ਪੜ੍ਹੇ ਹੋਣਗੇ। ਇਕ ਸੁਝਾਉ ਆਇਆ ਹੈ ਕਿ ਜੋ ਖਤੋ ਕਿਤਾਬਤ ਆਈ ਹੈ ਜਦੋਂ ਕੋਈ ਇਤਿਹਾਸ ਛਪੇ ਇਹ ਵੀ ਖਤੋ ਖਿਤਾਬਤ ਵੀ ਛਪਵਾਈ ਜਾਣੀ ਚਾਹੀਦੀ ਹੈ। ਮੈਂ ਇਹ ਸੁਝਾਉ ਪਰਵਾਨ ਕਰਦਾ ਹਾਂ। ਜਿਸ ਤਰੀਕੇ ਨਾਲ ਪੰਜਾਬ ਗੌਰਮਿੰਟ ਨੇ ਮੂਵ ਕੀਤਾ ਹੈ, ਹਿੰਦੁਸਤਾਨ ਦੀ ਸਰਕਾਰ ਨੇ ਮੂਵ ਕੀਤਾ ਹੈ, ਵਿਦੇਸ਼ ਮੰਤਰੀ ਨੇ ਯਤਨ ਕੀਤੇ ਹਨ, ਉਥੋਂ ਦੇ ਸਾਡੇ ਹਾਈ ਕਮਿਸ਼ਨਰ ਨੇ ਕੋਸ਼ਿਸ਼ ਕੀਤੀ ਹੈ ਇਹ ਸ਼ਲਾਘਾ ਯੋਗ ਗੱਲ ਹੈ ਅਤੇ ਇਸ ਦੀ ਹਰ ਪਾਰਟੀ ਪ੍ਰਸ਼ੰਸਾ ਕਰਦੀ ਹੈ। ਮੈਂ ਤਾਂ ਅੱਜ ਇਹ ਵੀ ਰਿਕਾਰਡ ਕਰਾਉਣਾ ਚਾਹੁੰਦਾ ਹਾਂ ਕਿ ਨਾ ਸਿਰਫ ਪੰਜਾਬ ਸਰਕਾਰ ਜਾਂ ਹਿੰਦੁਸਤਾਨ ਦੀ ਸਰਕਾਰ ਬਲਕਿ ਬਰਤਾਨਵੀ ਸਰਕਾਰ ਦਾ ਵੀ ਮਸ਼ਕੂਰ ਹਾਂ ਜਿਨ੍ਹਾਂ ਨੇ ਬੜੀ ਫਰਾਖਦਿਲੀ ਦਿਖਾਈ ਹੈ ਕਿਉਂਕਿ ਸਰਦਾਰ ਊਧਮ ਸਿੰਘ ਉਨ੍ਹਾਂ ਦਾ ਬਹੁਤ ਵੱਡਾ ਕਾਤਲ ਸੀ। ਉਸ ਨੇ ਡਾਇਰ ਨੂੰ ਮਾਰਿਆ ਸੀ। ਉਸ ਨੂੰ ਕਿਹਾ ਗਿਆ ਕਿ ਉਹ ਮਹਿਮ ਦੀ ਅਪੀਲ ਕਰਨ ਪਰ ਇਸ ਤਰ੍ਹਾਂ ਕਰਨ ਤੇ ਉਸ ਨੇ ਨਾ ਕਰ ਦਿਤੀ। ਅਸੀਂ ਗੁਲਾਮ ਸੀ, ਆਜ਼ਾਦ ਹੋ ਗਏ। ਅੱਜ ਬਰਤਾਨਵੀ ਲੋਕਾਂ ਨਾਲ, ਬਰਤਾਨਵੀ ਸਰਕਾਰ ਨਾਲ ਸਾਡੇ ਚੰਗੇ ਸਬੰਧ ਹਨ। ਉਨ੍ਹਾਂ ਚੰਗੇਰੇ ਸਬੰਧਾਂ ਦੇ ਸਦਕੇ ਹੀ ਉਨ੍ਹਾਂ ਨੇ ਸਾਨੂੰ ਊਧਮ ਸਿੰਘ ਦੀ ਦਬੀ ਹੋਈ ਲਾਸ਼ ਜਿਹੜੀ ਬਗੈਰ ਕਿਸੇ ਰਸਮ ਦੇ ਇਸ ਮੁਜਰਮ ਸਮਝ ਕੇ ਫਾਂਸੀ ਤੋਂ ਉਤਰਦਿਆਂ ਦਫ ਦਿਤੀ ਗਈ ਸੀ ਉਹ ਸਾਨੂੰ ਵਾਪਸ ਦਿਤੀ ਹੈ। ਇਹ ਅੰਗਰੇਜ਼ ਕੌਮ ਦੀ ਮਹਾਨਤਾ ਹੈ, ਅਸੀਂ ਉਸ ਨੂੰ ਭੁਲ ਨਹੀਂ ਸਕਦੇ। ਦੋਸਤੀ ਦੀ ਭਾਵਨਾ ਸਾਡੀ ਵਧੇ। ਸਨਮਾਨ ਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬਾਨ ਨੂੰ ਮੈਂ ਇਹ ਕਹਾਂਗਾ ਕਿ ਮੇਲੇ ਲਗਿਆ ਕਰਨਗੇ, ਯਾਦਗਾਰਾਂ ਬਣਿਆ ਕਰਨਗੀਆਂ, ਲੋਕ ਆਪ ਵੀ ਬਣਾਉਣਗੇ ਅਤੇ ਸਰਕਾਰ ਵੀ ਬਣਾਏਗੀ। ਹਿੰਦੁਸਤਾਨ ਦੀ ਆਜ਼ਾਦੀ ਜੋ ਲੜਨ ਵਾਲੇ ਸਨ ਉਨ੍ਹਾਂ ਨੂੰ 15-20 ਸਾਲ ਬਾਅਦ ਅਸੀਂ ਵੇਖ ਨਹੀਂ ਸਕਾਂਗੇ ਸੁਣਿਆ ਕਰਾਂਗੇ। ਉਹ ਸ਼ਾਂਤਿ ਚਲੇ ਜਾਣ। ਬਹੁਤ ਸਾਰੇ ਚਲੇ ਗਏ ਹਨ ਅਤੇ ਬਹੁਤ ਸਾਰੇ ਚਲੇ ਜਾਣਗੇ। ਕੁਝ ਉਨੇ ਵਕਤ ਸ਼ਹੀਦ ਹੋ ਗਏ। ਜੇ ਅਸੀਂ ਉਨ੍ਹਾਂ ਸ਼ਹੀਦਾਂ ਦੀ ਯਾਦ ਨਹੀਂ ਮਨਾਉਂਦੇ ਤਾਂ ਅਸੀਂ ਆਪਣੇ ਫਰਜ਼ ਦੀ ਕੋਤਾਹੀ ਕਰਾਂਗੇ। ਇਸ ਵਾਸਤੇ ਭੁੱਲੇ ਹੋਏ ਅਤੇ ਵਿਸਰੇ ਹੋਏ ਜਿਹੜੇ ਸ਼ਹੀਦ ਹਨ, ਜਿਹੜੇ ਸਾਨੂੰ ਯਾਦ ਨਹੀਂ ਆਏ, ਉਨ੍ਹਾਂ ਸਾਰਿਆਂ ਨੂੰ ਪਰਣਾਮ ਕਰਦੇ ਹਾਂ ਅਤੇ ਉਨ੍ਹਾਂ ਨੂੰ ਦੁਬਾਰਾ ਇਥੇ ਸਿਮਰਾਉਣਾ ਚਾਹੁੰਦੇ ਹਾਂ। ਜਿਸ ਦਿਨ ਪੰਜਾਬ ਇਸ ਆਪਣੀ ਰਾਜਧਾਨੀ ਦਾ ਮਾਲਕ ਹੋਵੇਗਾ ਤਾਂ ਜਿਹੜੀ ਮੇਨ ਰੋਡ ਹੈ ਇਸ ਦੇ ਦੋਨੀ ਪਾਸੀਂ ਸ਼ਹੀਦਾਂ ਦੇ ਬੁੱਤ ਲਾਏ ਜਾਣਗੇ। (ਤਾੜੀਆਂ) ਇਸੇ ਤਰ੍ਹਾਂ ਹੀ ਆਜ਼ਾਦੀ ਲੈਣ ਵਾਸਤੇ ਅਤੇ ਆਜ਼ਾਦੀ ਤੋਂ ਬਾਅਦ ਸਾਡੇ ਨੌਜਵਾਨ ਜਿਹੜੇ ਸ਼ਹੀਦ ਹੋਏ ਹਨ [illegible]

Original with;
Punjab Vidhan Sabha
Digitized by;
Panjab Digital Library

ਦੇ ਨਾਵਾਂ ਤੇ ਬਣਾਉਣ ਦਾ ਫੈਸਲਾ ਕੀਤਾ ਹੈ (ਤਾੜੀਆਂ) ਅੱਜ ਜਿਸ ਦਿਨ ਉਹ ਸ਼ਹੀਦ ਹੋਏ ਹਨ ਉਸ ਦਿਨ ਮੇਲਾ ਲਾਉਣ ਦਾ ਫੈਸਲਾ ਕੀਤਾ ਹੈ ਤਾਕਿ ਲੋਕ ਉਨ੍ਹਾਂ ਨੂੰ ਯਾਦ ਕਰਿਆ ਕਰਨ । ਚਮਨ ਜੀ ਨੇ ਕਿਹਾ ਹੈ :

ਯਹਾਂ ਹਮ ਹੀ ਹਮ ਹੈਂ ਕਿਆ ਹਮ ਹੈਂ,
ਯਹਾਂ ਤੁਮ ਹੀ ਤੁਮ ਹੋ ਕਿਆ ਤੁਮ ਹੋ ।

ਇਹ ਕੋਈ ਜ਼ਾਤੀ ਲੜਾਈਆਂ ਨਹੀਂ ਹੁੰਦੀਆਂ । ਇਹ ਗੁੱਸੇ ਤੇ ਵੈਰ ਦੀਆਂ ਗੱਲਾਂ ਨਹੀਂ ਹੁੰਦੀਆਂ । ਸਾਡਾ ਫਰਜ਼ ਹੈ ਕਿ ਅਸੀਂ ਇਨ੍ਹਾਂ ਸ਼ਹੀਦਾਂ ਦੀਆਂ ਯਾਦਗਾਰਾਂ ਤੇ ਇਕੱਠੇ ਹੋਈਏ, ਉਨ੍ਹਾਂ ਅਸਥਾਨਾਂ ਤੇ ਇਕੱਠੇ ਹੋਈਏ ਅਤੇ ਆਪਣਾ ਦਿਲ ਚੌੜਾ ਕਰੀਏ ਅਤੇ ਆਪਣੇ ਪ੍ਰਾਂਤ ਦੀ ਸੇਵਾ ਕਰੀਏ ।

ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ । ਇਥੇ ਮੇਰਾ ਇਕ ਦੋਸਤ ਬੜੇ ਗੁੱਸੇ ਵਿੱਚ ਸ਼ਰਧਾਂਜਲੀ ਭੇਂਟ ਕਰ ਰਿਹਾ ਸੀ । ਮੇਰਾ ਦਿਲ ਕਰਦਾ ਸੀ ਕਿ ਮੈਂ ਉਸ ਦੇ ਕੋਲ ਜਾਕੇ ਉਸ ਦਾ ਗੁੱਸਾ ਠੰਡਾ ਕਰਾਂ । ਗੁੱਸੇ ਵਾਸਤੇ ਕੋਈ ਹੋਰ ਮਜ਼ਮੂਨ, ਸਬਜੈਕਟ ਆ ਸਕਦਾ ਹੈ ਪਰ ਇਸ ਗੱਲ ਤੇ ਗੁੱਸਾ ਨਹੀਂ ਹੋਣਾ ਚਾਹੀਦਾ ਤਾਕਿ ਇਸ ਤਰ੍ਹਾਂ ਸਾਡੀਆਂ ਭਾਵਨਾਵਾਂ ਨੂੰ ਠੇਸ ਨਾ ਪਹੁੰਚੇ । ਇਸ ਕਰਕੇ ਮੈਂ ਇਹ ਸੋਚਦੇ :

ਮੇਹੀ ਛਾਤੀ ਤੇ ਕਿਉਂ ਕਸਨ ਤਿਖੀਆਂ ਸੰਗੀਨਾਂ ।
ਤੇਰੇ ਹੀ ਵਤਨ ਦਾ ਘਰ ਹੈ ਗਜਣ ਮੇਹਾ ਸੀਨਾ ।
ਭਰ ਹੈ ਤੇਰੀਆਂ ਚੋਟਾਂ ਪਿਧਰੇ ਤੈਨੂੰ ਹੀ ਲਗਣ ।
ਇਕ ਦੂਜੇ ਤੇ ਨਿਰੇ ਨਿਰਭਰ ਤੇਹਾ ਮੇਰਾ ਜੀਨਾ ।

ਜਦੋਂ ਅਸੀਂ ਜਿਉਂਦੇ ਇਕ ਦੂਜੇ ਦੇ ਭਰੋਸੇ ਤੇ ਹਾਂ ਤਾਂ ਫਿਰ ਇਸ ਦੂਜੇ ਨੂੰ ਨੀਵਾਂ ਨਹੀਂ ਕਹਿਣਾ ਚਾਹੀਦਾ । ਮੈਂ ਪੂਰੀ ਸ਼ਰਧਾ ਦੇ ਨਾਲ, ਪੂਰੇ ਜਜ਼ਬੇ ਦੇ ਨਾਲ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ ਅਤੇ ਸਾਰੇ ਮੈਂਬਰਜ਼ ਦਾ ਅਤੇ ਸਪੀਕਰ ਸਾਹਿਬ, ਤੁਹਾਡਾ ਦਿਲੋਂ ਧੰਨਵਾਦ ਕਰਦਾ ਹਾਂ । (ਤਾੜੀਆਂ) ਧੰਨਵਾਦ

ਸ਼੍ਰੀ ਸਪੀਕਰ : ਇਸ ਪਵਿਤਰ ਸਦਨ ਦੇ ਸਨਮਾਨਯੋਗ ਮੈਂਬਰਾਂ ਨੇ ਸ਼ਹੀਦ ਊਧਮ ਸਿੰਘ ਦੇ ਚਰਨਾਂ ਵਿੱਚ ਜਿਹੜੀ ਭਰਪੂਰ ਸ਼ਰਧਾਂਜਲੀ ਭੇਂਟ ਕੀਤੀ ਹੈ, ਮੈਂ ਵੀ ਆਪਣੇ ਆਪ ਨੂੰ ਉਸ ਸ਼ਰਧਾਂਜਲੀ ਦੇ ਜਜ਼ਬਾਤ ਨਾਲ ਸ਼ਾਮਿਲ ਕਰਦਾ ਹਾਂ ਅਤੇ ਮਹਿਸੂਸ ਕਰਦਾ ਹਾਂ ਕਿ ਸ਼ਹੀਦ ਊਧਮ ਸਿੰਘ ਹਿੰਦੁਸਤਾਨ ਦੇ ਉਨ੍ਹਾਂ ਨੌਜਵਾਨਾਂ ਵਿਚੋਂ ਸੀ ਜਿਨ੍ਹਾਂ ਦੇ ਮਨ ਵਿੱਚ ਜਜ਼ਬਾ ਹਲੋਰੇ ਲੈਂਦਾ ਸੀ :

"ਐ ਮਾਤਰੇ ਹਿੰਦੁਸਤਾਨ ਕਰ ਤੋਹਫਾ ਕਬੂਲ,
ਆਪਣੇ ਹੀ ਲਹੂ ਸੇ ਲਥਪਥ ਆਪਣਾ ਹੀ ਸਿਰ ਲਾਇਆ ਹੂੰ ।"

ਸ਼ਹੀਦ ਊਧਮ ਸਿੰਘ ਨੇ 13 ਅਪ੍ਰੈਲ, 1919 ਨੂੰ ਵਿਸਾਖੀ ਵਾਲੇ ਦਿਨ ਜੱਲਿਆਂ ਵਾਲਾ ਬਾਗ ਵਿਚ ਅੰਗਰੇਜ਼ਾਂ ਵਲੋਂ ਜਿਹੜਾ ਜ਼ੁਲਮ ਕੀਤਾ ਗਿਆ ਸੀ ਅਤੇ ਗੋਲੀ ਚਲਾਈ ਗਈ ਸੀ, ਉਸ ਨੂੰ ਦੇਖਿਆ । ਉਸ ਵਿਚ ਸਾਡੇ 379 ਪੰਜਾਬੀ ਸ਼ਹੀਦ ਹੋਏ

Original with;
Punjab Vidhan Sabha
Digitized by;
Panjab Digital Library

(ਸ਼੍ਰੀ ਸਪੀਕਰ)

ਸਨ। 1650 ਗੋਲੀਆਂ ਚਲੀਆਂ ਅਤੇ 1500 ਜ਼ਖਮੀ ਹੋਏ। ਉਸ ਸ਼ਹੀਦ ਨੌਜਵਾਨ ਨੇ ਦੇਖਿਆ ਕਿ ਜਲਿਆਂ ਵਾਲੇ ਬਾਗ ਦੀ ਧਰਤੀ ਤੇ ਹਿੰਦੂਆਂ ਦਾ ਖੂਨ, ਸਿੱਖਾਂ ਦਾ ਖੂਨ ਅਤੇ ਮੁਸਲਮਾਨਾਂ ਦਾ ਖੂਨ ਡੁਲ੍ਹਿਆ ਸੀ। ਹਿੰਦੁਸਤਾਨ ਦੇ ਉਸ ਨੌਜਵਾਨ ਦੇ ਮਨ ਵਿਚ ਜਜ਼ਬਾ ਸੀ। ਉਡੀਕ ਸੀ ਕਿ ਇਸ ਅੰਗਰੇਜ਼ ਨੇ ਜਿਹੜਾ ਜ਼ੁਲਮ ਕੀਤਾ ਹੈ ਉਸ ਦਾ ਉਸੇ ਤਰ੍ਹਾਂ ਹੀ ਬਦਲਾ ਲੈਣਾ ਚਾਹੀਦਾ ਹੈ। ਇਸ ਪਵਿਤਰ ਜਜ਼ਬੇ ਨਾਲ, ਦੇਸ਼ ਭਗਤੀ ਨਾਲ, ਭਰਪੂਰ ਜਜ਼ਬੇ ਨਾਲ 1919 ਤੋਂ 21 ਸਾਲਾਂ ਬਾਅਦ ਸੰਨ 1940 ਵਿਚ ਸ਼ਹੀਦ ਊਧਮ ਸਿੰਘ ਨੇ ਕੈਕਸਟਨ ਹਾਲ ਵਿਚ ਸਰ ਮਾਈਕਲ ਔਡਵਾਇਰ ਨੂੰ ਗੋਲੀ ਮਾਰੀ। ਉਸ ਵੇਲੇ ਉਸਨੇ ਆਪਣਾ ਨਾਮ ਰਾਮ ਮੁਹੰਮਦ ਸਿੰਘ ਰਖਿਆ ਸੀ। ਉਸ ਨੇ ਦਸਿਆ ਕਿ ਉਹ ਹਿੰਦੁਸਤਾਨ ਦਾ ਹਿੰਦੂ ਵੀ ਹੈ ਤੇ ਸਿੰਘ ਵੀ ਹੈ। ਉਸ ਨੇ ਇਹ ਖਾਹਿਸ਼ ਜ਼ਾਹਿਰ ਕੀਤੀ ਸੀ ਕਿ ਮੇਰਾ ਸਰੀਰ ਆਜ਼ਾਦ ਹਿੰਦੁਸਤਾਨ ਵਿੱਚ ਲਿਆਇਆ ਜਾਵੇ ਅਤੇ ਮੇਰਾ ਹਿੰਦੁਸਤਾਨ ਆਜ਼ਾਦ ਹੋਵੇ। ਹਿੰਦੁਸਤਾਨ ਆਜ਼ਾਦ ਤਾਂ ਨਹੀਂ ਸੀ ਹੋ ਸਕਦਾ ਅਤੇ ਅੰਗਰੇਜ਼ਾਂ ਨੇ ਆਜ਼ਾਦ ਨਹੀਂ ਸੀ ਕੀਤਾ ਅਤੇ ਉਸ ਦੀ ਜਿਹੜੀ ਖਾਹਿਸ਼ ਸੀ ਉਹ ਪੂਰੀ ਨਹੀਂ ਕੀਤੀ। ਪਰ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਦੇ ਜਜ਼ਬੇ ਦੀ ਸਾਰਾ ਹਿੰਦੁਸਤਾਨ ਅਤੇ ਪੰਜਾਬ ਕਦਰ ਕਰਦਾ ਹੈ। ਉਨ੍ਹਾਂ ਦੇ ਮਨ ਵਿੱਚ ਇਹ ਜਜ਼ਬਾ ਸੀ ਕਿ ਉਸ ਸ਼ਹੀਦ ਦੀ ਇਹ ਜਿਹੜੀ ਖਾਹਿਸ਼ ਸੀ ਕਿ ਮੇਰਾ ਸਰੀਰ ਹਿੰਦੁਸਤਾਨ ਵਿੱਚ ਜਾਣਾ ਚਾਹੀਦਾ ਹੈ, ਉਹ ਖਾਹਿਸ਼ ਪੂਰੀ ਹੋਣੀ ਚਾਹੀਦੀ ਹੈ, ਉਹ ਖਾਹਿਸ਼ ਪੂਰੀ ਹੋਈ ਅਤੇ ਸਾਰੇ ਪੰਜਾਬ ਨੇ ਬਲਕਿ ਸਾਰੇ ਹਿੰਦੁਸਤਾਨ ਨੇ ਸ਼ਹੀਦ ਨੂੰ ਆਪਣੀ ਸ਼ਰਧਾਂਜਲੀ ਭੇਂਟ ਕੀਤੀ ਹੈ। (ਤਾੜੀਆਂ) ਜਿਸ ਜਜ਼ਬੇ ਨਾਲ, ਜਿਸ ਦੇਸ਼ ਭਗਤੀ ਨਾਲ, ਜਿਸ ਕੁਰਬਾਨੀ ਨਾਲ ਉਹ ਸ਼ਹੀਦ ਨੇ ਹਿੰਦੁਸਤਾਨ ਦੀ ਸੇਵਾ ਕੀਤੀ ਹੈ ਅਤੇ ਨੌਜਵਾਨ ਸ਼ਹੀਦ ਦੇ ਦਿਲ ਵਿੱਚ ਜਿਹੜਾ ਜਜ਼ਬਾ ਸੀ, ਅੱਜ ਵੀ ਉਸੀ ਜਜ਼ਬੇ ਦੀ ਜ਼ਰੂਰਤ ਹੈ ਕਿ ਦੇਸ਼ ਦੀਆਂ ਬੁਰਾਈਆਂ ਨੂੰ ਰੋਕਣਾ ਅਤੇ ਦੇਸ਼ ਦੀ ਡੈਮੋਕਰੇਸੀ ਨੂੰ ਅਤੇ ਦੇਸ਼ ਦੇ ਸੈਕੂਲਰਇਜ਼ਮ ਨੂੰ ਕਾਇਮ ਰਖਣ ਵਾਸਤੇ ਉਸੇ ਜਜ਼ਬੇ ਨੂੰ ਲੈ ਕੇ ਸੇਵਾ ਕਰੀਏ। ਇਹ ਜਿਹੜਾ ਮਤਾ ਰਖਿਆ ਗਿਆ ਹੈ, ਮੈਂ ਵੀ ਆਪਣੇ ਆਪ ਨੂੰ ਜਿਸ ਵਿਚ ਸ਼ਾਮਿਲ ਕਰਦਾ ਹਾਂ ਮੈਂ ਸਮਝਦਾ ਹਾਂ ਕਿ ਇਹ ਜਿਹੜਾ ਮਤਾ ਹੈ ਇਸ ਨੂੰ ਸਾਰਵਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ। (I fully associate myself with the sentiments expressed by the hon. Members of this august House in paying glowing tributes to the great martyr Udham Singh. I feel that the Shaheed was one of those young martyrs of India whose hearts were full of patriotic sentiments expressed in the couplet :

"ਐ ਮਾਦਰੇ ਹਿੰਦੁਸਤਾਨ ਕਰ ਤੋਹਫਾ ਕਬੂਲ,
ਆਪਣੇ ਹੀ ਲਹੂ ਸੇ ਲਥਪਥ ਆਪਣਾ ਹੀ ਸਿਰ ਲਾਇਆ ਹੂੰ।"

Shaheed Udham Singh had witnessed the Jallianwala Bagh massacre on the 13th April, 1919 (Baisakhi Day) when the British Government let loose repression by ordering firing on a crowd of unarmed innocent

Original with;
Punjab Vidhan Sabha
Digitized by;
Panjab Digital Library

people. In this firing, 1650 bullets were fired as a result of which 379 Punjabis were killed and 1500 injured. This Shaheed saw this great tragedy of Jallianwala Bagh where the blood of the Hindus, Sikhs and Muslims had mingled together. This gave birth to great resentment in the mind of this patriotic youngman who patiently waited for an occasion to avenge this cruel act of the British Govern ment. He nursed forlong his noble and patriotic resolve and after a lapse of 21 years, shot Sir Michale Odwyre in Cayton Hall, London in 1940. At that time he gave his name as Ram Mohammed Singh and stated that he was a Hindu as well as a Sikh of India. He expressed his desire that his body be brought to a free India and that his country should be set free. But India was not set free by the British. Thus his wish could not be fulfilled at that time. Whole of India is grateful to Giani Zail Singh, Chief Minister, Punjab for his thought ful action in bringing back the remains of this great martyr to India and thus fulfilling his own desire to respect the last wish of this martyr. Whole of Punjab, rather whole of India has paid its loving tribute to the martyr. (Cheers) The patriotic fervour and the spirit of sacrifice with which this martyr served our country, is needed today to remove the country's ills and to safeguard its democratic and secular character. I fully endorse the resolution, which is before the House and hope it will be passed unanimously.)

ਸਰਦਾਰ ਦਰਬਾਰਾ ਸਿੰਘ : ਮੈਂ ਬੇਨਤੀ ਕਰਾਂਗਾ ਕਿ ਇਹ ਜਿਹੜਾ ਮਤਾ ਹੈ ਇਸ ਨੂੰ ਸਦਨ ਸਰਵਸੰਮਤੀ ਨਾਲ ਪਾਸ ਕਰੇ ।

Mr. Speaker : Question is—

That this House expresses its sense of profound pride on the martyrdom of Shaheed Udham Singh who laid down his life on the altar of Motherland, to whom we owe a debt of gratitude for his outstanding role in the liberation of the country. The flame of liberty lit within him by the ghastly event of the bloody massacre at Jallianwala Bagh was nourished by him for over a quarter of a century, which vindicated the self respect and honour of the nation. His martyrdom greatly inspired our people and shall be source of inspiration for the coming generations.

The House expresses its deep gratitude to the Government of India, and the Punjab Government, who managed to secure the remains of Shaheed Udham Singh from England.

Hence, the House pays a befitting Tribute to the great martyr and symbol of liberty, Shaheed Udham Singh on this occasion."

The motion was carried unanimously.

Original with;
Punjab Vidhan Sabha
Digitized by;
Panjab Digital Library

RESOLUTION UNDER ARTICLE 252 OF THE CONSTITUTION OF INDIA.

Agriculture and Forest Minister (Master Gurbanta Singh): Sir,I beg to move—

"Whereas the Haryana and Punjab Agricultural Universities Act, 1970 (hereinafter referred to as the said Act), was passed by Parliament under clause (1) of article 252 of the Constitution of India;

AND whereas in the day to day working of the said Act, the State Government is experiencing certain difficulties which necesssitate the amendment of the said act;

AND whereas for amending the said Act the procedure laid down in clause (1) of article 252 has to be followed and that procedure is time consuming;

AND whereas it is intended to repeal the said Act and to have a State enactment on the subject;

AND whereas it appears to the House of this Legislature to be desirable that legislation to repeal the said Act should be undertaken by Parliament;

Now, therefore, in pursuance of clause (2) of article 252 of the Constitution of India, the House of this Legislature hereby resolves that the Haryana and Punjab Agricultural Universities Act, 1970 (Act, No. 16 of 1970), should be repealed by Parliament by law."

ਇਹ ਮੇਰਾ ਛੋਟਾ ਜਿਹਾ ਰੈਜ਼ੋਲਿਊਸ਼ਨ ਹੈ,ਇਸ ਨੂੰ ਯੂਨੈਨੀਮਸਲੀ ਪਾਸ ਕਰਨਾ ਚਾਹੀਦਾ ਹੈ । ਹਰਿਆਣਾ ਵਾਲਿਆਂ ਨੇ ਇਸ ਨੂੰ ਪਾਸ ਕੀਤਾ ਹੈ ਇਹ ਸਾਨੂੰ ਵੀ ਪਾਸ ਕਰਨਾ ਚਾਹੀਦਾ ਹੈ ।

Mr. Speaker: Motion moved—

"Whereas the Haryana and Punjab Agricultural Universities Act, 1970 (hereinafter referred to as the said Act), was passed by Parliament under clause (1) of Article 252 of the Constitution of India;

AND whereas in the day to day working of the said Act, the State Government is experiencing certain difficulties which necessitate the amendment of the said Act;

AND whereas for amending the said Act the procedure laid down in clause (1) of article 252 has to be followed and that procedure is time consuming;

AND whereas it is intended to repeal the said Act and to have a State Government on the subject;

And whereas it appears to the House of this Legislature to be desirable that legislation to repeal the said Act should be undertaken by Parliament;

Now, therefore, in pursuance of clause (2)of article 252 of the Constitution of India, the House of this Legislature hereby resolves that the Haryana and Punjab Agricultural Universities Act, 1970 (Act No 16 of 1970), should be repealed by Parliament by law."

Mr. Speaker: Question is—

"Where as the Haryana and Punjab Agricultural Universities Act, 1970 (hereinafter referred to as the said Act), was passed by Parliament under clause (1) of Article 252 of the Constitution of India;

Original with;
Punjab Vidhan Sabha
Digitized by;
Panjab Digital Library

AND whereas in the day to day working of the said Act, the State Government is experiencing certain difficulties which necessitate the amendment of the said Act;

AND whereas for amending the said Act the procedure laid down in clause (1) of article 252 has to be followed and that procedure is time consuming;

AND whereas it is intended to repeal the said Act and to have a State enactment on the subject;

AND whereas it appears to the House of this Legislature to be desirable that legislation to repeal the said Act should be undertaken by Parliament;

Now, therefore, in pursuance af clause (2) of article 252 of the Constitution of India, the House of this Legislature hereby resolves that the Haryana and Punjab Agricultural Universities Act, 1970 (Act No. 16 of 1970), should be repealed by Parliament by law."

The motion was carried.

QUESTIONS OF PRIVILEGE (*Resumption*)

Mr. Speaker: I received today notice of a question of privilege from Ch. Darshan Singh and Sardar Harcharan Singh, M.L.As, which reads as under : —

> 'On 13th August, 1974, Comrade Satya Pal Dang wanted to move a new clause to 'The Punjab Affiliated Colleges (Security of Service of Teachers) Bill, 1974'. The hon. Deputy Speaker remarked that he should first get leave of the House.

When it was pointed out by some members of the House that some words had been used about members of the House which were derogatory and amounted to a breach of privilege of the House, Comrade Satya Pal Dang denied having used any words, which could be considered derogatory.

I have gone through the relevant record of the proceedings of the House. I find that the hon. Deputy Speaker asked the hon. Member a number of times first to get leave of the House but Comrade Dang remarked that he was not moving the new clause because he was sure that he would not get leave of the House. The hon. Deputy Speaker re-iterated that the hon. Member should first get leave of the House in accordance with the rules. At this Comrade Satya Pal Dang stated as under : —

"* * * *"

According to Parliamentary Practice—

> 'Speeches and writings reflecting on the House or its Committees or Members are punished by the House as a contempt on the principle that such acts tend to obstruct the House in the performance of their functions by diminishing the respect due to them.'

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

[Mr. Speaker]

I discussed this matter with Shri Dang in my Chamber. Shri Dang said that on 13th August, 1974 he only wanted to say a few words in Punjabi about the new clause as the notice which was circulated was in the English language. He assured me that he holds the House and all sections of it in high esteem and he had no intention to cast any reflection on any Member or Members. He further said that the few words that he used, to which, objection has been taken by some Members were said only in a lighter vein and he had, in no way, any intention to cast aspersions or reflections on any section of the House.

I now feel that the matter be considered as closed, after the clarification of Shri Satya Pal Dang as stated above.

However, I have decided to expunge the words to which objection has been taken by some Members.

ਸਰਦਾਰ ਅਜਾਇਬ ਸਿੰਘ ਸੰਧੂ: ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਇਸ ਸਬੰਧ ਵਿੱਚ ਪੁਆਇੰਟ ਆਫ਼ ਆਰਡਰ ਨਹੀਂ ਹੈ । ਮੇਰੀ ਅਰਜ਼ ਹੈ ਕਿ ਤੁਸੀਂ ਸਵੇਰੇ ਫ਼ੁਰਮਾਇਆ ਸੀ ਕਿ ਜਿਹੜਾ ਸਾਡਾ ਪ੍ਰਵਿਲੇਜ ਮੋਸ਼ਨ ਹੈ ਉਸ ਦਾ ਜਵਾਬ ਤੁਸੀਂ ਅੱਜ ਹੀ ਦੇਵੋਗੇ । ਸਰਕਾਰ ਨੇ ਜਿਹੜਾ ਆਪਣੀ ਪਾਵਰ ਨੂੰ ਮਿਸਯੂਜ਼ ਕੀਤਾ ਹੈ । (ਵਿਘਨ)

ਸ਼੍ਰੀ ਸਪੀਕਰ: ਇਸ ਬਾਰੇ ਵਿਚ ਚੀਫ਼ ਮਨਿਸਟਰ ਕੁਝ ਕਹਿਣਾ ਚਾਹੁੰਣ ਤਾਂ ਕਹਿ ਸਕਦੇ ਹਨ ਕਿਉਂਕਿ ਉਨ੍ਹਾਂ ਨੇ ਕਿਹਾ ਸੀ ਕਿ ਮੈਂ ਕਲੈਰੀਫਾਈ ਕਰਾਂਗਾ । (If the hon. Chief Minister wants to say something about it, he can do so because he had said that he would clarify the position.)

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ): ਸਪੀਕਰ ਸਾਹਿਬ, ਮੈਂ ਜੋ ਉਸ ਦਿਨ ਕਿਹਾ ਸੀ ਉਸ ਨੂੰ ਅੱਜ ਫਿਰ ਦੁਹਰਾਣਾ ਚਾਹੁੰਦਾ ਹਾਂ ਕਿ ਕੋਈ ਸਰਕਾਰੀ ਮਸ਼ੀਨਰੀ ਨਹੀਂ ਵਰਤੀ ਜਾ ਰਹੀ । ਅਗਰ ਕੋਈ ਆਪਣੀ ਮਰਜ਼ੀ ਨਾਲ ਜਾਏ ਤਾਂ ਕੋਈ ਇਤਰਾਜ਼ ਸਾਨੂੰ ਨਹੀਂ ਕਰਨਾ ਚਾਹੀਦਾ । ਇਸੇ ਤਰ੍ਹਾਂ ਹੀ ਜੋ ਹੁਣ ਪ੍ਰਵਿਲੈਜ ਮੋਸ਼ਨ ਦਿਤਾ ਹੈ ਉਸ ਵਿੱਚ ਇਨ੍ਹਾਂ ਨੇ ਜ਼ਿਲ੍ਹਾ ਬਠਿੰਡਾ ਦੇ ਡੀ.ਈ.ਓ. ਦੀ ਕਿਸੇ ਚਿਠੀ ਦਾ ਹਵਾਲਾ ਦਿਤਾ ਹੈ । ਮੇਰਾ ਹਾਊਸ ਨੂੰ ਮਿਸਲੀਡ ਕਰਨ ਦਾ ਕੋਈ ਮਨਸ਼ਾ ਨਹੀਂ ਔਰ ਨਾ ਮੈਂ ਮਿਸਲੀਡ ਕੀਤਾ ਹੈ । ਜੋ ਮੇਰੇ ਪਾਸ ਫੈਕਟਸ ਸਨ ਉਸ ਦੇ ਮੁਤਾਬਕ ਮੈਂ ਆਪਣੀ ਤਕਰੀਰ ਵਿੱਚ ਇਸ ਕੁਐਸਚਨ ਦਾ ਜਵਾਬ ਦਿਤਾ ਸੀ । ਤੁਹਾਨੂੰ ਮੈਂ ਪਹਿਲੀ ਪ੍ਰਵਿਲੈਜ ਮੋਸ਼ਨ ਦੇ ਜਵਾਬ ਵਿੱਚ ਸਭ ਕੁਝ ਲਿਖ ਚੁਕਿਆ ਹਾਂ ਪਰ ਇਹ ਵੀ ਇਸੇ ਤਰ੍ਹਾਂ ਦੀ ਇਕ ਬਾਤ ਤੁਹਾਡੇ ਸਾਹਮਣੇ ਆਈ ਹੈ । ਇਹ ਜੋ ਚਿੱਠੀ ਹੈ ਇਸ ਤੋਂ ਇਹ ਕੁਝ ਨਹੀਂ ਪਤਾ ਲਗਦਾ ਕਿ ਆਇਆ ਇਹ ਮੀਟਿੰਗ ਇਸ ਵਾਸਤੇ ਬੁਲਾਈ ਹੈ ਕਿ ਇਹ ਦਸਿਆ ਜਾਵੇ ਕਿ ਸਰਕਾਰ ਬਿਲਕੁਲ ਨਹੀਂ ਦਖਲ ਦੇਣਾ ਚਾਹੁੰਦੀ ਔਰ ਕੋਈ ਸਰਕਾਰੀ ਅਫ਼ਸਰ ਦਖਲ ਨਾ ਦੇਵੇ । ਇਹ ਇਸ ਵਾਸਤੇ ਵੀ ਮੀਟਿੰਗ ਕਹੀ ਜਾ ਸਕਦੀ ਹੈ ਕਿ ਕੋਈ ਵੀ ਬੱਚੇ ਆਪਣੇ ਮਾਪਿਆਂ ਦੀ ਇਜਾਜ਼ਤ ਤੋਂ ਬਗੈਰ ਨਾ ਚਲੇ ਜਾਣ ਜਾਂ ਕੋਈ ਬਚੇ ਜਿਹੜੇ ਜਾਣਾ ਚਾਹੁੰਦੇ ਹਨ ਉਨ੍ਹਾਂ ਦੇ ਰਾਹ ਵਿੱਚ ਕੋਈ ਗਲਤ ਤਰੀਕੇ ਨਾਲ ਰੁਕਾਵਟ

Original with;
Punjab Vidhan Sabha
Digitized by;
Panjab Digital Library

ਨਾ ਪਵੇ । ਕਿਉਂਕਿ ਜਿਸ ਵਕਤ ਮੇਰੇ ਤੇ ਸਵਾਲ ਕੀਤਾ ਗਿਆ ਸੀ ਕਿ ਡੀ. ਸੀ. ਅੱਰ ਐਸ. ਪੀ. ਵਗੈਰਾ ਲਗੇ ਹੋਏ ਹਨ ਤਾਂ ਮੈਂ ਉਸ ਵੇਲੇ ਕਿਹਾ ਸੀ ਕਿ ਡਾਕਟਰ ਬਲਦੇਵ ਪ੍ਰਕਾਸ਼ ਜੀ ਬੜੇ ਸਿਆਣੇ ਆਦਮੀ ਹਨ ਅੱਰ ਇਹੋ ਜਿਹੇ ਸਿਆਣੇ ਆਦਮੀ ਤੋਂ ਮੈਨੂੰ ਆਸ ਨਹੀਂ ਸੀ ਕਿ ਉਹ ਇਸ ਤਰ੍ਹਾਂ ਦੀ ਗਲਤ ਫਹਿਮੀ ਵਿਚ ਪੈ ਜਾਣਗੇ, ਕੋਈ ਵੀ ਜਲਸ੍ਹਾ, ਰੈਲੀ ਜਾਂ ਜਲੂਸ ਹੋਵੇ ਚਾਹੇ ਉਹ ਕਿਸੇ ਵੀ ਪਾਰਟੀ ਦਾ ਹੋਵੇ, ਕਾਂਗਰਸ ਪਾਰਟੀ ਦਾ ਹੋਵੇ, ਵਿਰੋਧੀਆਂ ਦਾ ਹੋਵੇ, ਹੁਕਮਰਾਨ ਪਾਰਟੀ ਦਾ ਹੋਵੇ ਡੀ. ਸੀ. ਅੱਰ ਐਸ. ਪੀ. ਕਨਸੰਰਡ ਦੀ ਇਹ ਜ਼ਿਮੇਵਾਰੀ ਹੈ ਕਿ ਉਹ ਇਸ ਗਲ ਦੀ ਨਿਗਰਾਨੀ ਕਰੇ ਕਿ ਕਿਸੇ ਕਿਸਮ ਦਾ ਵਿਘਨ ਨਾ ਪਵੇ । ਇਹ ਐਜੂਕੇਸ਼ਨ ਡਿਪਾਰਟਮੈਂਟ ਨਾਲ, ਐਜੂਕੇਸ਼ਨ ਦੇ ਸਟੂਡੈਂਟਸ ਨਾਲ ਸਬੰਧਤ ਹੈ ਇਸ ਲਈ ਮੈਂ ਨਹੀਂ ਕਹਿ ਸਕਦਾ ਕਿ ਮੀਟਿੰਗ ਕਿਸ ਵਾਸਤੇ ਅਤੇ ਕਿਉਂ ਬੁਲਾਈ ਗਈ । ਲੇਕਿਨ ਮੈਂ ਭਰੋਸੇ ਨਾਲ ਅਤੇ ਕੈਟੇਗੋਰੀਕਲੀ ਕਹਿੰਦਾ ਹਾਂ ਕਿ ਪੰਜਾਬ ਸਰਕਾਰ ਨੇ, ਹਕੂਮਤ ਨੇ ਕਿਸੇ ਨੂੰ ਨਹੀਂ ਕਿਹਾ ਕਿ ਮੀਟਿੰਗ ਬੁਲਾਉ ਜਾਂ ਤੁਸੀਂ ਸਾਡੀ ਸਹਾਇਤਾ ਕਰੋ । ਕਿਸੇ ਨੂੰ ਨਹੀਂ ਕਿਹਾ ਕਿ ਤੁਸੀਂ ਜਾਉ ਅਤੇ ਕਿਸੇ ਨੂੰ ਨਹੀਂ ਕਿਹਾ ਕਿ ਤੁਸੀਂ ਨਾ ਜਾਉ । ਇਸ ਲਈ ਇਹ ਗਲਤ ਫਹਿਮੀ ਕਿਸੇ ਦੇ ਦਿਮਾਗ ਵਿੱਚ ਨਹੀਂ ਰਹਿਣੀ ਚਾਹੀਦੀ ।

ਸਰਦਾਰ ਅਜਾਇਬ ਸਿੰਘ ਸੰਧੂ: ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਚੀਫ ਮਨਿਸਟਰ ਸਾਹਿਬ ਦਾ ਇਸ ਤਰ੍ਹਾਂ ਗੋਲ ਮੋਲ ਕਹਿ ਦੇਣਾ ਕਿ ਮੈਂ ਬਿਲਕੁਲ ਨਹੀਂ ਕਹਿ ਰਿਹਾ ਜਾਂ ਕਿਹਾ ਹੈ । ਉਸ ਚਿਠੀ ਦੇ ਵਿੱਚ ਸਾਫ ਤੌਰ ਤੇ ਲਿਖਿਆ ਹੈ ਕਿ 5 ਤਾਰੀਖ ਨੂੰ ਦਿਲੀ ਰੈਲੀ ਦੇ ਬਾਰੇ ਬੁਲਾਇਆ ਗਿਆ ਅੱਰ ਕਿਹਾ ਗਿਆ ਕਿ ਚਾਰ ਚਾਰ ਟੀਚਰ ਅੱਰ ਸੌ ਸੌ ਵਿਦਿਆਰਥੀ ਹੋਣਗੇ. . . .(ਵਿਘਨ) (ਸਰਦਾਰ ਪ੍ਰਿਥੀਪਾਲ ਸਿੰਘ ਵਲੋਂ ਵਿਘਨ) ਇਹ ਕੋਈ ਰਈਏ ਦਾ ਕਤਲ ਨਹੀਂ ਹੈ । (ਵਿਘਨ) ਹੁਣ ਚੀਫ ਮਨਿਸਟਰ ਸਾਹਿਬ ਕਹਿੰਦੇ ਹਨ. . (ਵਿਘਨ)

ਸਰਦਾਰ ਪ੍ਰਿਥੀਪਾਲ ਸਿੰਘ: ਇਹ ਤੁਸੀਂ ਕੀਤਾ ਹੈ । (ਵਿਘਨ)

ਸ੍ਰੀ ਸਪੀਕਰ: ਸੰਧੂ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਬੜਾ ਕਲੀਅਰ ਕਹਿ ਦਿਤਾ ਹੈ (ਵਿਘਨ) (Sandhu Sahib, the hon. Chief Minister has cleared the position.) (*interruption*)

(ਇਸ ਵਕਤ ਕਈ ਆਨਰੇਬਲ ਮੈਂਬਰ ਪੁਆਇੰਟ ਆਫ ਆਰਡਰ ਰੇਜ਼ ਕਰਨ ਲਈ ਖੜੇ ਸਨ)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੈਨੂੰ ਪਹਿਲਾਂ ਤੁਸੀਂ ਇਜਾਜ਼ਤ ਦਿਤੀ ਹੋਈ ਹੈ, ਪਹਿਲਾਂ ਮੈਨੂੰ ਬੋਲਣ ਦਿਉ । (ਵਿਘਨ) ਆਈ ਐਮ ਆਲਰੈਡੀ ਆਨ ਮਾਈ ਪੁਆਇੰਟ ਆਫ ਆਰਡਰ । ਤੁਸੀਂ ਸਪੀਕਰ ਸਾਹਿਬ, ਇਨ੍ਹਾਂ ਨੂੰ ਪਹਿਲਾਂ ਬਿਠਾਓ (ਵਿਘਨ)

ਸ੍ਰੀ ਸਪੀਕਰ: ਸਪੀਚ ਨਾ ਕਰੋ, ਪੁਆਇੰਟ ਆਫ ਆਰਡਰ ਤੁਸੀਂ ਆਪਣਾ ਦਸੋ । (ਵਿਘਨ) (You should not make a speech, please confine yourself to the point of order)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਤੁਸੀਂ ਪਹਿਲਾਂ ਇਨ੍ਹਾਂ ਨੂੰ ਬਿਠਾਉ ਫੇਰ ਸਹੀ ।

Original with;
Punjab Vidhan Sabha
Digitized by;
Panjab Digital Library

ਮਾਲ ਅਤੇ ਚੋਣ ਮਤਰੀ: ਸਪੀਕਰ ਸਾਹਿਬ, ਤੁਸੀਂ ਮੈਨੂੰ ਇਕ ਸਕਿੰਟ ਦੇ ਦਿਉ। (ਵਿਘਨ)

ਸਰਦਾਰ ਅਜਾਇਬ ਸਿੰਘ ਸਧੂ: ** ** (ਵਿਘਨ)

Mr. Speaker: This is no point of order. Please resume your seat.

ਸਰਦਾਰ ਅਜਾਇਬ ਸਿੰਘ ਸੰਧੂ: ** **

ਸ਼ੀ ਸਪੀਕਰ: ਜੋ ਕੁਝ ਸੰਧੂ ਸਾਹਿਬ ਬਗੈਰ ਪ੍ਰਮਿਸ਼ਨ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ। (Whatever the hon. Member Sardar Ajaib Singh Sandhu is saying without the permission of the Chair, should not be recorded)

ਸਰਦਾਰ ਅਜਾਇਬ ਸਿੰਘ ਸੰਧੂ: ** **

EXTENSION OF TIME OF THE SITTING OF THE HOUSE

ਸ਼ੀ ਸਪੀਕਰ: ਸੰਧੂ ਸਾਹਿਬ, ਤੁਸੀਂ ਤਸ਼ਰੀਫ ਰਖੋ, ਇਹ ਕੋਈ ਪੁਆਇੰਟ ਆਫ ਆਰਡਰ ਨਹੀਂ। ਮੈਂ ਸਮਝਦਾ ਹਾਂ ਕਿ ਇਸ ਬਾਰੇ ਜੋ ਕਲੈਰੀਫਿਕੇਸ਼ਨ ਸੀ. ਐਮ. ਸਾਹਿਬ ਨੇ ਦੇ ਦਿੱਤੀ ਹੈ ਉਸ ਦੇ ਬਾਅਦ ਕੋਈ ਪੁਆਇੰਟ ਆਫ ਪ੍ਰਿਵਿਲਜ ਇਨਵਾਲਵਡ ਨਹੀਂ ਰਹਿ ਜਾਂਦਾ। ਇਸ ਲਈ ਮੈਂ ਇਸ ਦੀ ਇਜਾਜ਼ਤ ਨਹੀਂ ਦਿੰਦਾ।

ਇਹ ਜਿਹੜੀ ਮੋਸ਼ਨ ਹੈ ਇਹ ਗੁਪਤਾ ਜੀ ਵਲੋਂ ਵੀ ਆਈ ਹੈ, ਅਕਾਲੀਆਂ ਵਲੋਂ ਵੀ ਆਈ ਹੈ ਅਤੇ ਹੋਰਾਂ ਸਾਥੀਆਂ ਵਲੋਂ ਵੀ ਆਈ ਹੈ। ਕੋਈ ਵੀ ਸਜਣ ਇਸ ਬਾਰੇ ਉਠ ਕੇ ਮੂਵ ਕਰ ਸਕਦਾ ਹੈ ਅਤੇ ਸੀ. ਐਮ. ਸਾਹਿਬ ਦੇ ਮੁਤਾਬਕ ਇਸ ਰਿਪੋਰਟ ਤੇ ਜਿੰਨੀ ਦੇਰ ਮੈਂਬਰ ਸਾਹਿਬਾਨ ਬੋਲਣਾ ਚਾਹੁੰਦੇ ਹਨ ਉਹ ਬੋਲ ਸਕਦੇ ਹਨ। ਹਾਊਸ ਆਪਣੀ ਇਸ ਬਾਰੇ ਪ੍ਰਪੋਜ਼ਲ ਦੇ ਦੇਵੇ। (Mr. Sandhu, please resume your seat. This is no point of order. After the clarification given by the Chief Minister I am of the view that there is no question of privilege involved in it. I, therefore, do not give my consent to the Question of Privilege being raised.

The motion, regarding discussion on the Annual Report on the Working of the Punjab Scheduled Castes Land Development and Finance Corporation has been received from Shri Prem Gupta, Members of the Akali Party and from some other hon. Members. Any one of them can move the same. The Chief Minister has stated that the hon. Members may be allowed to take part in the debate for as much time as they like. I would request all the hon. Members to let the House a take decision in the matter.)

*Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

ਕੈਪਟਨ ਰਤਨ ਸਿੰਘ: ਸਪੀਕਰ ਸਾਹਿਬ, ਮੈਂ ਥੋੜ੍ਹੀ ਜਿਹੀ ਕੁਰੈਕਸ਼ਨ ਕਰਨੀ ਚਾਹੁੰਦਾ ਹਾਂ ਕਿ ਜਿਥੋਂ ਤਕ ਮੈਂ ਸੁਣਿਆ ਹੈ ਲੀਡਰ ਆਫ਼ ਦੀ ਹਾਊਸ ਨੇ ਇਹ ਸ਼ਬਦ ਵਰਤੇ ਸਨ ਕਿ 12-00 ਵਜੇ ਤੋਂ ਪਹਿਲਾਂ ਪਹਿਲਾਂ ਜਦ ਤਕ ਮਰਜ਼ੀ ਆਏ ਬੋਲ ਲੈਣ ਕਿਉਂਕਿ ਸਾਈਨੇਡਾਈ ਦੀ ਮੋਸ਼ਨ ਪਾਸ ਹੋ ਚੁਕੀ ਹੈ।

Mr. Speaker: I will not extend the time of the House beyond 12 P. M.

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂ ਇਸ ਵਾਸਤੇ ਕਿਹਾ ਸੀ ਕਿ ਪੌਣੇ ਬਾਰਾਂ ਵਜੇ ਤਕ ਗੁੰਜਾਇਸ਼ ਹੈ ਇਹ ਮੇਰੀ ਆਪਣੀ ਰਾਏ ਹੈ ਅਤੇ ਜੇ ਮੈਂਬਰ ਸਾਹਿਬਾਨ ਪਹਿਲਾਂ ਸਮਾਪਤ ਕਰਨਾ ਚਾਹੁੰਣ ਤਾਂ ਪਹਿਲਾਂ ਕਰ ਸਕਦੇ ਹਨ। ਤੁਸੀਂ ਪੁਛ ਲਵੋ।

ਮੈਂ ਇਹ ਵੀ ਕਹਾਂਗਾ ਕਿ ਜਿਹੜੀ ਹਾਊਸ ਵਿਚ ਕਮੈਂਟਰੀ ਹੁੰਦੀ ਰਹਿੰਦੀ ਹੈ ਉਸ ਨੂੰ ਰੋਕੋ। ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਬੈਠੇ ਬੈਠੇ ਬੋਲੀ ਜਾਂਦੇ ਹਨ ਇਹ ਚੀਜ਼ ਤੁਹਾਨੂੰ ਸਖਤੀ ਨਾਲ ਰੋਕਣੀ ਚਾਹੀਦੀ ਹੈ।

ਮੈਂ ਤਾਂ ਮੈਂਬਰ ਸਾਹਿਬਾਨ ਦੀ ਸਹੂਲਤ ਵਾਸਤੇ ਕਿਹਾ ਸੀ ਕਿਉਂਕਿ ਕਈ ਮੈਂਬਰ ਸਾਹਿਬਾਨ ਨੇ ਕਿਹਾ ਸੀ ਕਿ ਕਿਤੇ 11-45 ਵਜੇ ਤਕ ਤਾਂ ਨਹੀਂ ਲਿਜਾਓਗੇ। ਅਤੇ ਮੈਂ ਤਾਂ ਇੰਨੀ ਗਲ ਆਖੀ ਹੈ ਕਿ ਤੁਹਾਡੇ ਕੋਲ 11-45 ਵਜੇ ਤਕ ਗੁੰਜਾਇਸ਼ ਹੈ।

ਸ਼ੀ ਸਪੀਕਰ: ਆਨਰੇਬਲ ਮੈਂਬਰ ਸਾਹਿਬਾਨ ਦੀ ਖਾਹਸ਼ ਹੈ ਕਿ ਟਾਈਮ ਫਿਕਸ ਕੀਤਾ ਜਾਏ। ਮੈਂਬਰ ਸਾਹਿਬਾਨ ਚਾਹੁੰਦੇ ਹਨ ਕਿ ਹਾਊਸ ਫਿਲਹਾਲ 9-00 ਵਜੇ ਤਕ ਐਕਸਟੈਂਡ ਕੀਤਾ ਜਾਵੇ ਅਤੇ ਜੇ ਫਿਰ ਲੋੜ ਪਈ ਤਾਂ ਹੋਰ ਐਕਸਟੈਂਡ ਕਰ ਲਿਤਾ ਜਾਵੇਗਾ। Is it the pleasure of the House. (It is the wish of the hon. Members of the House that the time of the sitting be fixed. The consensus appeard to be that to begin with the time of the sitting may be extended till 9-00 P. M. If needed, the sitting may be extended further. Is it the pleasure of the House ?)

Voices: Yes, Yes.

Mr. Speaker: The time of the sitting is extended till 9-00. p.m.

DISCUSSION ON THE ANNUAL REPORT ON THE WORKING OF THE PUNJAB SCHEDULED CASTES LAND DEVELOPMENT AND FINANCE CORPORATION, FOR THE YEAR 1971-72

Shri Prem Gupta (Patiala): Sir, I beg to move that—

> The Annual Report on the working of the Punjab Scheduled Castes Land Development and Finance Corporation, for the year 1971-72, which was laid on the Table of the House on the 5th August, 1974, be discussed.

Original with;
Punjab Vidhan Sabha
Digitized by;
Panjab Digital Library

(Shri Prem Gupta)

ਸਪੀਕਰ ਸਾਹਿਬ, ਕਾਰਪੋਰੇਸ਼ਨਜ਼ ਜਿਸ ਮਕਸਦ ਲਈ ਬਣਾਈਆਂ ਜਾਂਦੀਆਂ ਹਨ ਉਹ ਸਾਰੇ ਆਪਾਂ ਜਾਣਦੇ ਹਾਂ । ਇਹ ਕਾਰਪੋਰੇਸ਼ਨਜ਼ ਬਣਾਉਣ ਦੀ ਜ਼ਰੂਰਤ ਕਿਉਂ ਪਈ ਅਤੇ ਕਿਉਂ ਪੈਂਦੀ ਹੈ । ਇਸ ਦੀ ਬੈਕ ਗਰਾਉਂਡ ਹੈ ਉਸ ਦੇ ਵਿਚ ਸਾਨੂੰ ਜਾਣਾ ਪਵੇਗਾ । ਸਪੀਕਰ ਸਾਹਿਬ, ਹਿੰਦੁਸਤਾਨ ਦੇ ਸਮਾਜਕ ਢਾਂਚੇ ਦੀ ਬਣਤਰ ਤੰਤਰ ਦਿਸ ਰਹੀ ਹੈ । ਸਦੀਆਂ ਤੋਂ ਕੁਝ ਇਹੋ ਜਹੀਆਂ ਤਬਦੀਲੀਆਂ ਸਮਾਜ ਦੇ ਵਿਚ ਹੋਈਆਂ, ਜਿਹੜਾ ਤਾਕਤਵਰ ਅਨਸਰ ਸੀ ਉਸ ਨੇ ਕਲਾਸਿਜ਼ ਆਪਣੇ ਫਾਇਦੇ ਵਾਸਤੇ ਬਣਾਈਆਂ ਅਤੇ ਇਕ ਇਹੋ ਜਿਹਾ ਤਬਕਾ ਕਰੀਏਟ ਕਰ ਲਿਆ ਜਿਸ ਨੂੰ ਮਹਾਤਮਾ ਗਾਂਧੀ ਜੀ ਦੀ ਮੂਵਮੈਂਟ ਤੋਂ ਬਾਅਦ ਅਸੀਂ ਹਰੀਜਨ ਕਿਹਾ । ਇਹ ਸਭ ਨਾਲੋਂ ਘੱਟੀਆ ਦਰਜੇ ਦਾ ਰਿਹਾ ਅਤੇ ਸਮਾਜਕ ਅਤੇ ਆਰਥਿਕ ਤੌਰ ਤੇ ਦਬਿਆ ਦਬਿਆ ਰਿਹਾ ।

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਚੀਫ ਮਨਿਸਟਰ ਸਾਹਿਬ ਤਾਂ ਚਲੇ ਗਏ ਹਨ । (ਵਿਘਨ)

ਸ਼੍ਰੀ ਸਪੀਕਰ: ਹੋਰ ਮਨਿਸਟਰ ਸਾਹਿਬਾਨ ਬੈਠੇ ਹਨ । (The other hon. Ministers are sitting in the House)

ਸਰਦਾਰ ਅਜਾਇਬ ਸਿੰਘ ਸੰਧੂ: * * * * (ਵਿਘਨ)

ਸ਼੍ਰੀ ਸਪੀਕਰ: ਇਹ ਸ਼ਬਦ ਐਕਸਪੰਜ ਕੀਤੇ ਜਾਣ । ਇਸ ਦਾ ਮਤਲਬ ਇਹ ਹੈ ਕਿ ਹਾਊਸ ਸੰਜੀਦਗੀ ਨਾਲ ਡਿਸਕਸ਼ਨ ਨਹੀਂ ਕਰਨਾ ਚਾਹੁੰਦਾ । (ਵਿਘਨ) (These words should be expunged. It shows that the hon. Members are not serious about the debate.)

ਸ਼੍ਰੀ ਪ੍ਰੇਮ ਗੁਪਤਾ: ਸਪੀਕਰ ਸਾਹਿਬ, ਹਿੰਦੁਸਤਾਨ ਆਜ਼ਾਦ ਹੋਇਆ ਉਸ ਦੇ ਬਾਅਦ ਵਿਧਾਨ ਵਿਚ ਵੀ ਅਤੇ ਵਿਧਾਨਕ ਤੌਰ ਤੇ ਇਸ ਗਲ ਨੂੰ ਮਹਿਸੂਸ ਕੀਤਾ ਗਿਆ ਕਿ ਸਮਾਜ ਦੇ ਵਿਚ ਜੋ ਡਿਸਪੈਰਿਟੀ ਹੈ ਜੋ ਸਮਾਜਿਕ ਤੌਰ ਤੇ ਉਚ ਨੀਚ ਹੈ ਇਸ ਨੂੰ ਕਾਨੂੰਨੀ ਤੌਰ ਤੇ ਵਿਧਾਨ ਨੇ ਤਸਲੀਮ ਨਹੀਂ ਕੀਤਾ, ਬਲਕਿ ਇਸ ਗਲ ਨੂੰ ਤਸਲੀਮ ਕੀਤਾ ਕਿ ਉਨ੍ਹਾਂ ਵਰਗਾਂ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ ਜੋ ਸਮਾਜਕ ਤੌਰ ਤੇ ਜ਼ਾਤ ਪਾਤ ਦੇ ਤੌਰ ਤੇ ਆਪਣੇ ਆਪ ਨੂੰ ਉਚ ਨੀਚ ਸਮਝਣ । 27 ਵਰ੍ਹਿਆਂ ਦੀ ਆਜ਼ਾਦੀ ਤੋਂ ਬਾਅਦ ਸਰਕਾਰੀ ਤੌਰ ਤੇ ਅਤੇ ਗੈਰ ਸਰਕਾਰੀ ਤੌਰ ਤੇ ਇਸ ਵਰਗ ਦੀ ਹਾਲਤ ਸੁਧਾਰਣ ਲਈ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਜੋ ਹਾਲਤ ਸੁਧਰਨੀ ਚਾਹੀਦੀ ਸੀ ਹਰ ਖੇਤਰ ਵਿਚ ਇਹ ਮੰਨੀ ਹੋਈ ਗਲ ਨੈ ਕਿ ਉਹ ਸੁਧਰੀ ਨਹੀਂ । ਇਸ ਦੇ ਲਈ ਕਈ ਕਿਸਮ ਦੇ ਕਦਮ ਚੁਕੇ ਜਾਂਦੇ ਰਹੇ । ਇਸ ਕਾਰਪੋਰੇਸ਼ਨ ਦੇ ਮਕਸਦ ਤੇ ਮੈਂ 2-4 ਮਿੰਟ ਹੀ ਲਵਾਂਗਾ ਲੇਕਿਨ ਇਸ ਤੋਂ ਪਹਿਲਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਸੂਬੇ ਦੇ ਵਿਚ ਤਕਰੀਬਨ 33 ਲੱਖ ਦੀ ਆਬਾਦੀ ਜਿਹੜੀ ਹੈ ਉਹ ਹਰੀਜਨਾਂ ਦੀ ਹੈ । 33 ਲੱਖ ਦੀ ਐਵਰੇਜ ਦੇ ਤੌਰ ਤੇ ਕੋਈ 7-8 ਲੱਖ ਫੈਮਲੀਜ਼ ਬਣਦੀਆਂ ਹਨ । ਅੱਜ ਵੀ ਸਪੀਕਰ ਸਾਹਿਬ ਜਦੋਂ ਐਜੂਕੇਸ਼ਨ ਮਨਿਸਟਰ ਜਵਾਬ ਦੇ ਰਹੇ ਸਨ ਤਾਂ ਕਿਹਾ ਸੀ ਕਿ ਸ਼ਡਿਊਲਡ ਕਾਸਟਸ ਨੂੰ ਅਤੇ ਸ਼ਡਿਊਲਡ ਟਰਾਈਬਜ਼ ਨੂੰ

* Expunged as ordered by the Chair.

Original with;
Punjab Vidhan Sabha
Digitized by;
Panjab Digital Library

ਬਰਾਬਰ ਲਿਆਉਣਾ ਹੈ ਉਨ੍ਹਾਂ ਨੂੰ ਇਕੋ ਪੱਧਰ ਤੇ ਲਿਆਉਣਾ ਹੈ ਅਤੇ ਸਮਾਜ ਦੇ ਦੂਜੇ ਵਰਗ ਦੇ ਬਰਾਬਰ ਲਿਆਉਣਾ ਚਾਹੀਦਾ ਹੈ (ਵਿਘਨ) ਸਪੀਕਰ ਸਾਹਿਬ, ਇਹ ਦੇਖੋ ਕਿ ਕੀ ਹੋ ਰਿਹਾ ਹੈ ।

ਸ਼੍ਰੀ ਸਪੀਕਰ : Order, Order ਜੇ ਕਰ ਡਿਸਕਸ਼ਨ ਚਾਹੁੰਦੇ ਹੋ ਤਾਂ ਆਪਸ ਵਿਚ ਗਲਾਂ ਨਾ ਕਰੋ । (Order please, order. If the hon. Members realy want to discuss the issue before the House, then they should be serious about it.)

ਸ਼੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਸਕੂਲਾਂ ਅਤੇ ਕਾਲਜਾਂ ਦੀਆਂ ਵਿਗਰਜ਼ ਇਕੱਠੀਆਂ ਕਰਾਓ, ਟਰੇਨਿੰਗ ਸਕੂਲਾਂ ਦੀਆਂ, ਮੈਡੀਕਲ ਕਾਲਜਾਂ ਦੀਆਂ ਤਾਂ ਤੁਹਾਨੂੰ ਨਕਸ਼ਾ ਮਿਲੇਗਾ ਕਿ ਪੰਜਾਬ ਵਿਚ ਕੋਸ਼ਿਸ਼ ਕਰਨ ਦੇ ਬਾਵਜੂਦ ਜਿੰਨੇ ਹਰੀਜਨ ਚਾਹੀਦੇ ਹਨ ਉਨੇ ਨਹੀਂ ਹਨ । ਅਸੀਂ ਉਤਨੇ ਕੈਂਡੀਡੇਟ ਇਲੀਜੀਬਲ ਨਹੀਂ ਕਰ ਸਕੇ ਜਿੰਨੇ ਐਡਮਿਸ਼ਨ ਲੈ ਸਕਣ । ਮੈਨੂੰ ਯਾਦ ਹੈ ਕਿ ਪਿਛਲੇ ਸਾਲ ਯੂਨੀਵਰਸਿਟੀਆਂ ਨੇ ਅਮੈਂਡਮੈਂਟਸ ਕੀਤੀਆਂ ਸਨ ਭਾਵੇਂ ਗੁਰੂ ਨਾਨਕ ਯੂਨੀਵਰਸਿਟੀ ਸੀ ਭਾਵੇਂ ਪੰਜਾਬੀ ਯੂਨੀਵਰਸਿਟੀ ਕਿ ਜਿਥੇ ਆਮ ਸਟੂਡੈਂਟ ਦੀ ਇਲਿਜੀਬਿਲਿਟੀ 60% ਸੀ ਤਾਂ ਹਰੀਜਨ ਵਾਸਤੇ 50% ਰਖੀ ਗਈ । ਪਰ ਹਰੀਜਨ ਇਸ ਸਮਾਜ ਵਿਚ ਇਤਨੇ ਦਬੇ ਹੋਏ ਸਨ ਕਿ ਉਹ 50% ਨੰਬਰ ਨਹੀਂ ਲੈ ਸਕੇ ਸੀ ਅਤੇ ਇਸ ਕਰਕੇ ਪਰੀ ਮੈਡੀਕਲ ਵਿਚ ਦਾਖਲਾ ਨਹੀਂ ਲੈ ਸਕੇ ਅਤੇ ਨਾ ਹੀ ਐਮ. ਬੀ. ਬੀ. ਐਸ. ਵਿਚ ਡਾਕਟਰੀ ਦੇ ਦਾਖਲੇ ਲਈ ਪਹੁੰਚ ਸਕੇ । ਇਸ ਦੇ ਬਾਅਦ ਸਰਕਾਰ ਨੇ ਹਿਦਾਇਤਾਂ ਕੀਤੀਆਂ ਅਤੇ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਯੂਨੀਵਰਸਿਟੀਆਂ ਨਾਲ ਕੇਸ ਟੇਕ ਅੱਪ ਕੀਤਾ ਅਤੇ ਇਲਿਜੀਬਿਲਟੀ 45% ਕਰ ਦਿਤੀ । ਇਹ ਚੀਜ਼ ਪੰਜਾਬੀ ਯੂਨੀਵਰਸਿਟੀ ਅਤੇ ਗੁਰੂ ਨਾਨਕ ਯੂਨੀਵਰਸਿਟੀ ਦੇ ਸੈਨੇਟ ਨੇ ਪਾਸ ਕੀਤੀ ਅਤੇ ਮੌਜੂਦਾ ਹਿਦਾਇਤ ਨੂੰ ਮੰਨਦਿਆਂ ਹੋਇਆਂ ਇਲਿਜੀਬਲ ਕੰਡੀਸ਼ਨ ਘਟਾਈ ਅਤੇ ਉਸ ਦੇ ਬਾਅਦ ਮੈਡੀਕਲ ਕਾਲਜਾਂ ਵਿਚ ਹਰੀਜਨ ਬਚਿਆਂ ਨੂੰ ਦਾਖਲਾ ਮਿਲਿਆ । ਹੋਰ ਵੀ ਕਈ ਇਹੋ ਜਹੀਆਂ ਕਲਾਸਾਂ ਹਨ ਜਿਵੇਂ ਕਿ ਬੀ. ਐਡ, ਫਿਜ਼ੀਕਲ ਟਰੇਨਿੰਗ ਕਾਲਜ ਅਤੇ ਲਾਅ ਕਾਲਜ । ਉਨ੍ਹਾਂ ਕਾਲਜਾਂ ਵਿਚ ਹਰੀਜਨਾਂ ਨੂੰ ਅਜੇ ਤਕ ਇਹੋ ਜਿਹੀ ਕੋਈ ਰੈਜ਼ਰਵੇਸ਼ਨ ਨਹੀਂ ਦਿਤੀ । ਮੈਂ ਲਾਅ ਦੀ ਗਲ ਕਰਦਾ ਹਾਂ ਉਥੇ ਇਕ ਐਸਾ ਕਰਾਈਟੇਰੀਆ ਬਣਾਇਆ ਹੈ ਕਿ ਹਰੀਜਨ ਸਟੂਡੈਂਟਸ ਨੂੰ ਰੈਜ਼ਰਵੇਸ਼ਨ ਪੂਰੀ ਨਹੀਂ ਮਿਲ ਸਕਦੀ । ਉਸ ਨੂੰ ਸਿਰਫ 10% ਨੰਬਰਾਂ ਦੇ ਫ਼ਰਕ ਨਾਲ ਐਡਮਿਸ਼ਨ ਮਿਲਦੀ ਹੈ । ਸਪੀਕਰ ਸਾਹਿਬ, ਜੇ ਹਰੀਜਨਾਂ ਨੇ ਆਪਣੇ ਕੋਟੇ ਵਿਚੋਂ ਐਡਮਿਸ਼ਨ ਲੈਣੀ ਹੈ ਤਾਂ ਉਹ ਜਨਰਲ ਮੈਰਿਟ ਵਿਚ ਕੰਪੀਟ ਨਹੀਂ ਕਰ ਸਕਦੇ । ਤਹਾਨੂੰ ਯਾਦ ਹੋਵੇਗਾ ਕਿ ਪੰਜਾਬ ਸਰਕਾਰ ਨੇ ਨੌਕਰੀਆਂ ਦੇ ਵਿਚ ਅਤੇ ਪ੍ਰਮੋਸ਼ਨਾਂ ਦੇ ਵਿਚ ਰਿਜ਼ਰਵੇਸ਼ਨ ਹਰੀਜਨਾਂ ਵਾਸਤੇ ਵਧਾਈ ਸੀ ਅਤੇ ਜੋ ਨਕਸ਼ਾ ਅੱਜ ਹੈ ਉਹ ਤੁਹਾਡੇ ਸਾਹਮਣੇ ਹੈ । ਅਜੇ ਤਕ ਕਈ ਵੇਕੈਂਸੀਆਂ ਖਾਲੀ ਪਈਆਂ ਹਨ ਤਾਂਕਿ ਉਥੇ ਹਰੀਜਨ ਕੈਂਡੀਡੇਟ ਲਾਇਆ ਜਾ ਸਕੇ । ਕੋਈ ਹਰੀਜਨਾਂ ਦਾ ਮੁੰਡਾ ਇਸ ਤੋਂ ਪਹਿਲਾਂ ਸਕੂਲ ਵਿਚ ਜਾਂ ਆਰਥਿਕ ਰਿਸੋਰਸਿਜ਼ ਵਿਚ ਉਸਦੀ ਮਦਦ ਨਹੀਂ ਸੀ ਕੀਤੀ ਜਾਂਦੀ । ਸਕਾਲਰਸ਼ਿਪਸ ਨਹੀਂ ਸਨ । ਹੁਣ ਸਕਾਲਰਸ਼ਿਪਸ ਦੀਆਂ ਜੋ ਰੇਸ਼ੋ ਸਰਕਾਰ ਨੇ ਫਿਕਸ ਕੀਤੀਆਂ ਹਨ ਉਸ ਦੇ ਨਾਲ ਹਰੀਜਨ ਬੱਚੇ ਐਜੂਕੇਸ਼ਨ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਪ੍ਰੇਮ ਗੁਪਤਾ]

ਨਹੀਂ ਲੈ ਸਕਦੇ । ਜਨਰਲ ਲੋਕਾਂ ਨਾਲ ਕੰਪੀਟ ਨਹੀਂ ਕਰ ਸਕਦੇ । ਇਹੀ ਕਾਰਨ ਹੈ ਕਿ ਅੱਜ ਨੌਕਰੀਆਂ ਵਿਚ ਪੋਸਟਾਂ ਖਾਲੀ ਪਈਆਂ ਹਨ, ਹਰੀਜਨਾਂ ਵਾਸਤੇ ਰਿਜ਼ਰਵ ਹਨ ਪਰ ਹਰੀਜਨ ਕੈਂਡੀਡੇਟ ਨਹੀਂ ਮਿਲ ਰਹੇ । ਆਉਣ ਵਾਲੇ ਸਮੇਂ ਵਿਚ ਮੈਨੂੰ ਉਮੀਦ ਹੈ ਕਿ ਪੰਜਾਬ ਇੱਕ ਐਸਾ ਨਮੂਨਾ ਸਾਰੇ ਦੇਸ਼ ਨੂੰ ਪੇਸ਼ ਕਰੇਗਾ ।

ਸ਼੍ਰੀ ਪਿਆਰਾ ਰਾਮ ਧੰਨੋਵਾਲੀ: ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ ।

ਸ਼੍ਰੀ ਸਪੀਕਰ: ਗੁਪਤਾ ਜੀ ਮਨਿਸਟਰ ਤਾਂ ਨਹੀਂ ਹਨ । ਤੁਸੀਂ ਇਨ੍ਹਾਂ ਤੋਂ ਕੀ ਇਨਫਰਮੇਸ਼ਨ ਲੈਣੀ ਹੈ । (Gupta ji is not a Minister. What information do you want to seek from him ?)

ਸ਼੍ਰੀ ਪਿਆਰਾ ਰਾਮ ਧੰਨੋਵਾਲੀ: ਅੱਛਾ ਜੀ ਤੁਸੀਂ ਇਨਫਰਮੇਸ਼ਨ ਦੇ ਦਿਓ । ਇਹ ਰਿਪੋਰਟ ਸ਼ਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਕਾਰਪੋਰੇਸ਼ਨ 1971-72 ਤੇ ਬਹਿਸ ਹੋ ਰਹੀ ਹੈ । ਗੁਪਤਾ ਜੀ ਕਿਸੇ ਹੋਰ ਮਜ਼ਮੂਨ ਨੂੰ ਟੱਚ ਕਰ ਰਹੇ ਹਨ ।

ਸ਼੍ਰੀ ਸਪੀਕਰ: ਗੁਪਤਾ ਜੀ, ਤੁਸੀਂ ਆਪਣੇ ਆਪ ਨੂੰ ਮੋਸ਼ਨ ਤਕ ਕਨਫਾਈਨ ਕਰੋ । ਸ਼ਡਿਊਲਡ ਕਾਸਟਸ ਬਾਰੇ ਜਨਰਲ ਗਲ ਨਾ ਕਰੋ । (Please confine yourself to the motion before the House. Don't talk about Scheduled Castes in general.)

ਸ਼੍ਰੀ ਪ੍ਰੇਮ ਗੁਪਤਾ: ਮੈਂ ਤਾਂ ਸ਼ਡਿਊਲਡ ਕਾਸਟਸ ਕਾਰਪੋਰੇਸ਼ਨ ਬਾਰੇ ਹੀ ਗਲ ਕਰ ਰਿਹਾਂ ਹਾਂ ਕਿ ਇਸ ਦੀ ਜ਼ਰੂਰਤ ਕਿਉਂ ਪਈ ।

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਧੰਨੋਵਾਲੀ ਸਾਹਿਬ ਨੂੰ ਪਤਾ ਨਹੀਂ । ਜਨਾਬ ਨੂੰ ਪਤਾ ਹੈ ਕਿ ਜਦੋਂ ਰਿਪੋਰਟ ਤੇ ਬਹਿਸ ਰਖਣ ਦਾ ਸਵਾਲ ਆਇਆ ਸੀ ਤਾਂ ਉਥੇ ਸਾਰੀਆਂ ਪਾਰਟੀਆਂ ਦਾ ਐਗਰੀਮੈਂਟ ਹੋਇਆ ਸੀ ਕਿ ਰਿਪੋਰਟ ਦੇ ਨਾਲ ਨਾਲ ਜਨਰਲ ਵੈਲਫੇਅਰ ਆਫ ਦੀ ਸ਼ਡਿਊਲਡ ਕਾਸਟਸ ਵੀ ਡਿਸਕਸ ਹੋਣਗੇ ।

ਸ਼੍ਰੀ ਸਪੀਕਰ: ਇਹ ਤਾਂ ਤੁਹਾਨੂੰ ਹੀ ਪਤਾ ਹੈ ਬਾਕੀਆਂ ਨੂੰ ਨਹੀਂ ਪਤਾ । (You may be in the know of it. Others don't know about it.)

ਸ਼੍ਰੀ ਪ੍ਰੇਮ ਗੁਪਤਾ : 1971-72 ਵਿਚ ਪੰਜਾਬ ਸਰਕਾਰ ਨੇ ਇਹ ਕਾਰਪੋਰੇਸ਼ਨ ਬਣਾਈ । ਅਗਰ ਅਸੀਂ ਇਸ ਕਾਰਪੋਰੇਸ਼ਨ ਦੀ ਰਿਪੋਰਟ ਪੜ੍ਹੀਏ ਅਤੇ ਦੇਖੀਏ ਕਿ ਜੋ ਕਰਜ਼ੇ ਹਰੀਜਨਾਂ ਦੀ ਬਹਿਬੂਦੀ ਵਾਸਤੇ, ਬਿਹਤਰੀ ਵਾਸਤੇ ਦਿੰਦੇ ਹਨ ਤਾਂ ਕਾਰਪੋਰੇਸ਼ਨ ਦਾ ਜੋ ਸਕੋਪ ਹੈ, ਜੋ ਸਟਰਕਚਰ ਹੈ, ਬੜਾ ਲਿਮਟਿਡ ਹੈ । ਇਸ ਨਾਲ ਜੋ ਮੰਤਵ ਹੈ ਸਰਕਾਰ ਦਾ ਹਰੀਜਨਾਂ ਦੀ ਭਲਾਈ ਦਾ ਅਤੇ ਆਲ ਰਾਉਂਡ ਡਿਵੈਲਪਮੈਂਟ ਦਾ ਉਹ ਪੂਰਾ ਨਹੀਂ ਹੋ ਸਕਦਾ । ਧੰਨੋਵਾਲੀਆ ਜੀ ਨੇ ਮੈਨੂੰ ਇੰਟਰਪੱਟ ਕਰ ਦਿੱਤਾ । ਮੈਂ ਸੁਜੈਸ਼ਨਜ਼ ਦੇ ਰਿਹਾ ਸੀ । ਸਾਨੂੰ ਪੰਜਾਬ ਦੇ ਵਿਚ ਐਸੇ ਰੈਜ਼ੀਡੈਂਸ਼ਲ ਸਕੂਲਜ਼ ਅਤੇ ਕਾਲਜ਼ਿਜ਼ ਬਣਾਉਣੇ ਚਾਹੀਦੇ ਹਨ ਜਿਸ ਦੇ ਵਿਚ ਸਿਰਫ ਹਰੀਜਨ ਬੱਚਿਆਂ ਨੂੰ ਹੀ ਦਾਖਲ ਕੀਤਾ ਜਾਵੇ ਅਤੇ ਇਸ ਦਾ ਸਾਰਾ ਖਰਚਾ ਸਰਕਾਰ

Original with;
Punjab Vidhan Sabha
Digitized by;
Panjab Digital Library

ਦੇਵੇ ਜਾਂ ਫਿਰ ਇਹ ਕਾਰਪੋਰੇਸ਼ਨ ਦੇਵੇ ਤਾਕਿ ਉਹ ਟਰੇਨਿੰਗ ਲੈ ਕੇ ਦੂਜਿਆਂ ਬੱਚਿਆਂ ਨਾਲ ਕੰਪੀਟ ਕਰਕੇ ਸਮਾਜਕ ਤੌਰ ਤੇ, ਇਸ ਐਡਮਿਨਿਸਟਰੇਟਿਵ ਢਾਂਚੇ ਵਿਚ ਸੋਸ਼ਲ ਢਾਂਚੇ ਵਿਚ ਦੂਜੇ ਲੋਕਾਂ ਨਾਲ ਕੰਪੀਟ ਕਰ ਸਕਣ । ਇਸ ਕਾਰਪੋਰੇਸ਼ਨ ਦੇ ਬਾਰੇ ਕਈ ਦਫਾ ਜ਼ਿਕਰ ਆਇਆ ਹੈ । ਹਾਊਸ ਦੇ ਵਿਚ ਵੀ ਅਤੇ ਬਾਹਰ ਵੀ ਕਿ ਲੋਨ ਦੇਣ ਦਾ ਪ੍ਰੋਸੀਜਰ ਬੜਾ ਲੈਂਥੀ ਹੈ । ਜੋ ਏਜੰਸੀਆਂ 1971-72 ਵਿਚ ਮੁਕੱਰਰ ਕੀਤੀਆਂ ਉਹ ਜ਼ਿਲੇ ਵਾਈਜ਼ 9 ਜ਼ਿਲ੍ਹਿਆਂ ਵਿਚ ਮੁਕੱਰਰ ਕੀਤੀਆਂ । ਤਿੰਨ ਜ਼ਿਲ੍ਹਿਆਂ ਵਿਚ ਜਾਂ ਤਾਂ ਹਰੀਜਨ ਨਹੀਂ ਰਹਿੰਦੇ ਹੋਣਗੇ ਜਾਂ ਫਿਰ ਜ਼ਰੂਰਤ ਨਹੀਂ ਸਮਝੀ, ਇਸ ਲਈ ਏਜੰਸੀਆਂ ਨਹੀਂ ਦਿੱਤੀਆਂ । ਏਜੰਸੀਆਂ ਜ਼ਿਆਦਾ ਹੋਣੀਆਂ ਚਾਹੀਦੀਆਂ ਹਨ ਤਹਿਸੀਲ ਲੈਵਲ ਤੇ ਵੀ ਅਤੇ ਬਲਾਕ ਲੈਵਲ ਤੇ ਵੀ ਤਾਕਿ ਹਰੀਜਨਾਂ ਨੂੰ ਲੋਨ ਲੈਣ ਵਾਸਤੇ ਸਹੂਲਤ ਹੋਵੇ । ਜਦੋਂ ਇਹ ਕਾਰਪੋਰੇਸ਼ਨ ਬਣੀ ਤਾਂ 7% ਅਤੇ 9% ਲੋਨ ਰੱਖਿਆ ਸੀ ।

ਸਰਦਾਰ ਕਰਨੈਲ ਸਿੰਘ ਮਰੜ੍ਹੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਸੁਝਾਓ ਦੇਣਾ ਚਾਹੁੰਦਾ ਹਾਂ ।

ਸ਼੍ਰੀ ਸਪੀਕਰ: ਗੁਰਮੁਖੀ ਵਿਚ ਰੂਲਜ਼ ਦੀ ਕਿਤਾਬ ਹੈ ਉਹ ਪੜ੍ਹ ਲਿਆ ਕਰੋ । ਤੁਸੀਂ ਪੁਆਇੰਟ ਆਫ ਆਰਡਰ ਤੇ ਬੋਲ ਸਕਦੇ ਹੋ ਕੋਈ ਸਜੈਸ਼ਨ ਨਹੀਂ ਦੇ ਸਕਦੇ । (You should read the Punjabi version of the Rules of Procedure and Conduct of Business. You can speak on a point of order and not give suggestion).

ਸਰਦਾਰ ਕਰਨੈਲ ਸਿੰਘ ਮਰੜ੍ਹੀ: * * *

ਸ਼੍ਰੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਇਹ ਰਿਕਾਰਡ ਨਾ ਕੀਤਾ ਜਾਵੇ । (This is no point of order. It should not be recorded).

ਸ਼੍ਰੀ ਪ੍ਰੇਮ ਗੁਪਤਾ: ਮੈਂ ਅਰਜ਼ ਕਰ ਰਿਹਾ ਸੀ ਕਿ ਇਸ ਕਾਰਪੋਰੇਸ਼ਨ ਦੀ ਡਿਸਪੋਜ਼ਲ ਤੇ ਸਰਕਾਰ ਨੂੰ ਜ਼ਿਆਦਾ ਪੈਸੇ ਰਖਣੇ ਚਾਹੀਦੇ ਹਨ । ਜਿਸ ਤਰ੍ਹਾਂ ਪਿਛਲੇ ਸਾਲ ਰੇਟ ਆਫ ਇੰਟਰਸਟ ਘੱਟ ਸੀ, ਮੈਂ ਸਮਝਦਾ ਹਾਂ ਕਿ ਇਥੇ ਇੰਟਰਸਟ ਫਰੀ ਲੋਨ ਦੇਣੇ ਚਾਹੀਦੇ ਹਨ ਤਾਂ ਕਿ ਉਹ ਛੋਟੀਆਂ-ਛੋਟੀਆਂ ਕੁਆਪਰੇਟਿਵ ਸੋਸਾਇਟੀਜ਼ ਬਣਾ ਕੇ ਇੰਡੀਵੀਜੂਅਲ ਤੌਰ ਤੇ ਵਰਕਸ਼ਾਪਾਂ ਬਣਾ ਕੇ ਉਸਦੇ ਨਾਲ ਛੋਟੇ-ਛੋਟੇ ਜ਼ਮੀਨਾਂ ਦੇ ਟੁਕੜਿਆਂ ਤੇ ਆਪਣੇ ਲਈ ਐਗਰੀਕਲਚਰਲ ਇੰਪਲੀਮੈਂਟਸ ਵਗੈਰਾ ਲਈ ਲੋਨ ਲੈ ਕੇ ਸਬਸਿਡੀ ਲੈ ਕੇ ਆਪਣਾ ਜੀਵਨ ਪੱਧਰ ਸੁਧਾਰ ਸਕਣ । ਸਪੀਕਰ ਸਾਹਿਬ, ਮੈਂ ਇੱਕ ਦਰਖਾਸਤ ਕਰਾਂਗਾ ਕਿ ਕਾਂਸਟੀਚਿਊਸ਼ਨ ਵਿਚ ਸ਼ਡਿਊਲਡ ਕਾਸਟਸ ਅਤੇ ਸ਼ਡਿਊਲਡ ਟਰਾਈਬਜ਼ ਲਈ ਸਹੂਲਤਾਂ ਦੇਣੀਆਂ ਮੰਨੀਆਂ ਹਨ । ਪੰਜਾਬ ਦੇ ਵਿਚ ਕੁਝ ਹਿੱਸੇ ਵਿਚ ਸ਼ਡਿਊਲਡ ਟਰਾਈਬਜ਼ ਵਾਲੇ ਰਹਿੰਦੇ ਹਨ । ਅਸੀਂ ਸ਼ਡਿਊਲਡ ਕਾਸਟਸ ਦੀ ਗਲ ਕਰਦੇ ਹਾਂ । ਜੇ ਕਾਂਸਟੀਚਿਊਸ਼ਨ ਨੇ ਸ਼ਡਿਊਲਡ ਟਰਾਈਬਜ਼ ਨੂੰ ਇਕੁਅਲ ਲੈਵਲ ਤੇ ਰਖਿਆ ਹੈ ਤਾਂ ਫਿਰ ਉਸ ਦੇ ਬਾਅਦ ਸ਼ਡਿਊਲਡ ਟਰਾਈਬਜ਼ ਜਿਹੜੇ

*Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਸ਼੍ਰੀ ਪ੍ਰੇਮ ਗੁਪਤਾ]

ਪੰਜਾਬ ਵਿਚ ਹਨ ਜਿਸ ਤਰ੍ਹਾਂ ਬਾਜ਼ੀਗਰ ਹਨ ਉਨ੍ਹਾਂ ਨੂੰ ਵੀ ਇਹ ਫੈਸੀਲਿਟੀਜ਼ ਮਿਲਣੀਆਂ ਚਾਹੀਦੀਆਂ ਹਨ । ਇਸ ਲਈ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਰਿਪੋਰਟ ਤੇ ਬੋਲਣ ਦਾ ਮੌਕਾ ਦਿੱਤਾ ਹੈ । ਮੈਂ ਫਿਰ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਕਾਰਪੋਰੇਸ਼ਨ ਨੂੰ ਹੋਰ ਜ਼ਿਆਦਾ ਸਟਰੈਂਥਨ ਕੀਤਾ ਜਾਵੇ ।

Mr. Speaker: Motion moved—

> That the Annual Report on the working of the Punjab Scheduled Castes Land Development and Finance Corporation, for the year 1971-72, which was laid on the Table of the House on the 5th August, 1974, be discussed.

ਸਰਦਾਰ ਬਸੰਤ ਸਿੰਘ ਖਾਲਸਾ (ਦਾਖਾ ਐਸ.ਸੀ.): ਸਪੀਕਰ ਸਾਹਿਬ, ਅੱਜ ਅਸੀਂ ਸ਼ਡਿਊਲਡ ਕਾਸਟਸ ਕਾਰਪੋਰੇਸ਼ਨ ਦੀ ਜਿਹੜੀ 1971-72 ਦੀ ਰਿਪੋਰਟ ਹੈ ਉਸ ਦੀ ਬਾਬਤ ਅੱਜ ਵਿਚਾਰ ਕਰਨ ਲੱਗੇ ਹਾਂ । ਸਭ ਤੋਂ ਪਹਿਲਾਂ ਮੈਂ ਇਸ ਗਲ ਨਾਲ ਸਹਿਮਤ ਹਾਂ ਜੋ ਗੁਪਤਾ ਜੀ ਨੇ ਕਹੀ ਹੈ ਕਿ ਸਾਡੀ ਜਿਹੜੀ ਕਾਰਪੋਰੇਸ਼ਨ ਹੈ ਇਸ ਸਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਕਾਰਪੋਰੇਸ਼ਨ ਵਿਚ ਸ਼ਡਿਊਲਡ ਟਰਾਈਬਜ਼ ਜ਼ਰੂਰ ਆਉਣਾ ਚਾਹੀਦਾ ਹੈ । ਭਾਵੇਂ ਉਹ ਲੋਕ ਇਥੇ ਵਸਦੇ ਨਹੀਂ ਹਨ । ਗੁਪਤਾ ਜੀ ਨੇ ਜਿਹੜੀਆਂ ਸ਼ਡਿਊਲਡ ਟਰਾਈਬਜ਼ ਦੀਆਂ ਜ਼ਾਤਾਂ ਗਿਣੀਆਂ ਹਨ ਉਹ ਸ਼ਡਿਊਲਡ ਟਰਾਈਬਜ਼ ਵਿਚ ਨਹੀਂ ਆਉਂਦੇ। ਇਹ ਬੜੀ ਪ੍ਰਫੁਲਤ ਸਟੇਟ ਹੈ । ਇਸ ਵਿਚ ਕੋਈ ਵੀ ਮਾਈਗਰੇਟ ਕਰ ਸਕਦਾ ਹੈ । ਇਹ ਜਿਹੜੀ ਕਾਰਪੋਰੇਸ਼ਨ ਹੈ ਇਹ 18 ਜੂਨ, 1971 ਵਿਚ ਜਦੋਂ ਅਕਾਲੀਆਂ ਦੀ ਸਰਕਾਰ ਸੀ ਉਸ ਵੇਲੇ ਵਜੂਦ ਵਿਚ ਆਈ। (ਤਾੜੀਆਂ) ਮੈਂ ਖੁਸ਼ੀ ਮਹਿਸੂਸ ਕਰਦਾ ਹਾਂ ਕਿ ਉਸ ਵੇਲੇ ਦੀ ਸਰਕਾਰ ਨੇ ਹਰੀਜਨਾਂ ਦੀ ਹਾਲਤ ਨੂੰ ਦੇਖ ਕੇ ਪੱਕੇ ਤੌਰ ਤੇ ਉਨ੍ਹਾਂ ਦੀ ਵੈਲਫੈਅਰ ਨੂੰ ਮੁੱਖ ਰਖ ਕੇ ਇਹ ਕਾਰਪੋਰੇਸ਼ਨ ਬਣਾਈ ਸੀ । ਮੈਂ ਇਹ ਵੀ ਗਲ ਕਹਿਣਾ ਚਾਹੁੰਦਾ ਹਾਂ ਕਿ ਅੱਜ ਜਿਹੜੀ ਇਹ ਕਾਰਪੋਰੇਸ਼ਨ ਹੈ ਇਹ ਚੰਗੇ ਤਰੀਕੇ ਨਾਲ ਕੰਮ ਕਰ ਰਹੀ ਹੈ । ਇਸ ਦਾ ਐਗਜ਼ੈਕਟਿਵ ਡਾਇਰੈਕਟਰ (Executive Director) ਬੜਾ ਚੰਗਾ ਹੈ । ਪਰ ਫੇਰ ਵੀ ਕੁਝ ਖਾਮੀਆਂ ਹਨ । ਮੈਂ ਸੁਜੈਸ਼ਨਜ਼ ਦੇਣੀਆਂ ਚਾਹੁੰਦਾ ਹਾਂ । ਪੰਜਾਬ ਸਰਕਾਰ ਨੂੰ ਇਸਦੇ ਵਾਸਤੇ ਕੁਝ ਹੋਰ ਵੀ ਕਰਨਾ ਚਾਹੀਦਾ ਹੈ । ਸਭ ਤੋਂ ਪਹਿਲਾਂ ਪੰਜ ਕਰੋੜ ਰੁਪਏ ਪੰਜਾਬ ਸਰਕਾਰ ਨੇ ਦੇਣੇ ਸੀ । ਉਸ ਦੇ ਨਾਲ ਪੰਜ ਕਰੋੜ ਰੁਪਏ ਕਾਰਪੋਰੇਸ਼ਨ ਨੇ ਕਿਸੇ ਹੋਰ ਸਾਧਨ ਤੋਂ ਲੋਨ ਰਾਹੀਂ ਲੈਣੇ ਸਨ । 10 ਕਰੋੜ ਰੁਪਏ ਦੀ ਇਹ ਕਾਰਪੋਰੇਸ਼ਨ ਸੀ । ਜਿਹੜੇ ਪੰਜ ਕਰੋੜ ਰੁਪਏ ਪੰਜਾਬ ਸਰਕਾਰ ਨੇ ਦੇਣੇ ਸੀ ਉਹ ਵੀ ਲੰਪ-ਸੰਮ ਵਿਚ ਇਸ ਕਾਰਪੋਰੇਸ਼ਨ ਨੂੰ ਨਹੀਂ ਦਿੱਤੇ ਗਏ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਪੰਜ ਕਰੋੜ ਰੁਪਏ ਪੰਜਾਬ ਸਰਕਾਰ ਨੇ ਦੇਣੇ ਹਨ ਇਹ ਗਰਾਂਟ ਦੀ ਸ਼ਕਲ ਵਿਚ ਮਿਲਣੇ ਚਾਹੀਦੇ ਹਨ। ਕਿਸੇ ਕਿਸਮ ਦੇ ਲੋਨ ਦੀ ਸ਼ਕਲ ਵਿਚ ਇਸ ਕਾਰਪੋਰੇਸ਼ਨ ਨੂੰ ਇਹ ਪੈਸਾ ਪੰਜਾਬ ਸਰਕਾਰ ਨੂੰ ਨਹੀਂ ਦੇਣਾ ਚਾਹੀਦਾ । ਜੇਕਰ ਪੰਜਾਬ ਸਰਕਾਰ ਲੋਨ ਤੇ ਪੈਸੇ ਕਾਰਪੋਰੇਸ਼ਨ ਨੂੰ ਦੇਵੇਗੀ ਤਾਂ ਫਿਰ ਕਾਰਪੋਰੇਸ਼ਨ ਅੱਗੇ ਹਰੀਜਨਾਂ ਨੂੰ ਜ਼ਿਆਦਾ ਰੇਟ ਆਫ ਇੰਟਰਸਟ ਤੇ ਦੇਵੇਗੀ । ਇਸ ਦੇ ਨਾਲ ਹੀ ਨਾਲ, ਸਪੀਕਰ ਸਾਹਿਬ, ਜਿਸ ਵੇਲੇ ਇਹ ਕਾਰਪੋਰੇਸ਼ਨ ਬਣਾਈ ਗਈ ਸੀ ਕੁਝ ਮੁਢਲੀਆ ਗਲਾਂ ਇਸ ਦੇ ਜ਼ਿਮੇਂ ਲਗਾਈਆਂ ਗਈਆਂ ਸਨ । ਮੁਢਲੀਆਂ ਗਲਾਂ ਹਰੀਜਨਾਂ ਲਈ ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਰੋਟੀ ਦੇਣਾ, ਕਪੜਾ ਦੇਣਾ ਅੱਤੇ ਉਨ੍ਹਾਂ ਦੇ ਰਹਿਣ ਲਈ ਮਕਾਨ ਦਾ ਇੰਤਜ਼ਾਮ ਕਰਨਾ

Original with;
Punjab Vidhan Sabha
Digitized by;
Panjab Digital Library

ਹੈ । ਮੈਨੂੰ ਇਹ ਵੀ ਖ਼ੁਸ਼ੀ ਹੈ ਕਿ ਉਸ ਵੇਲੇ ਦੀ ਅਕਾਲੀ ਸਰਕਾਰ ਦੀ ਇਹ ਸਕੀਮ ਸੀ ਤੇ ਸਾਡੀ ਅਕਾਲੀ ਸਰਕਾਰ ਨੇ ਰੋਪੜ ਦੇ ਨੇੜੇ 500 ਏਕੜ ਜ਼ਮੀਨ ਖਰੀਦੀ ਸੀ ਤਾਕਿ ਉਥੇ ਹਰੀਜਨ ਫੈਮਿਲੀਆਂ ਨੂੰ ਵਸਾਇਆ ਜਾ ਸਕੇ । ਉਥੇ ਪਿੱਗਰੀ, ਡੇਰੀ ਇਸ ਤਰ੍ਹਾਂ ਦੇ ਹੋਰ ਧੰਦਿਆਂ ਤੇ ਉਨ੍ਹਾਂ ਨੂੰ ਲਗਾਇਆ ਜਾਵੇ । ਜਿਥੋਂ ਕਿ ਉਨ੍ਹਾਂ ਨੂੰ ਕੁੱਲੀ, ਗੁੱਲੀ ਤੇ ਜੁੱਲੀ ਮਿਲੇ । ਇਹ ਠੀਕ ਹੈ ਕਿ ਉਥੇ ਇਸ ਕਾਰਪੋਰੇਸ਼ਨ ਨੇ ਆਬਾਦੀ ਕਰ ਲਈ ਹੈ । ਸਾਡੀਆਂ 80 ਦੇ ਕਰੀਬ ਫੈਮਿਲੀਆਂ ਉਥੇ ਵੱਸਣ ਲਗ ਪਈਆਂ ਹਨ ਲੇਕਿਨ ਉਥੇ ਹਾਲੇ ਵੀ ਕੋਈ ਪਲੇ ਗਰਾਉਂਡ ਨਹੀਂ ਹੈ, ਕੋਈ ਸਕੂਲ ਬੱਚਿਆਂ ਦੇ ਪੜ੍ਹਨ ਲਈ ਨਹੀਂ ਹੈ । ਪੰਜਾਬ ਦੀ ਸਰਕਾਰ ਨੇ ਉਸ ਫਾਰਮ ਲਈ ਬਾਹਰੋਂ ਮੰਗਵਾਤੀਆਂ ਗਈਆਂ ਸਨ। ਉਹ ਵੀ ਕਾਫੀ ਹੱਦ ਤਕ ਡਿਸਟ੍ਰੀਬਿਊਟ ਕਰ ਦਿਤੀਆਂ ਹਨ । ਪਰ ਜਿਹੜੇ ਸਰਕਾਰ ਬੱਛੜੇ ਬਛੜੀਆਂ ਆਦਿ ਪਾਲ ਰਹੀ ਹੈ, ਉਹ ਵੀ ਉਨ੍ਹਾਂ ਨੂੰ ਮਿਲਣੇ ਚਾਹੀਦੇ ਹਨ । ਇਸ ਦੇ ਨਾਲ ਹੀ ਉਨ੍ਹਾਂ ਨੂੰ ਚੰਗੀ ਨਸਲ ਦੀਆਂ ਭੇਡਾਂ, ਬੱਕਰੀਆਂ ਤੇ ਮੱਝਾਂ ਲਿਆ ਕੇ ਉਨ੍ਹਾਂ ਨੂੰ ਕਾਰੋਬਾਰ ਤੇ ਲਗਾਉਣਾ ਚਾਹੀਦਾ ਹੈ । ਇਹ ਛੋਟੀ ਜਿਹੀ ਕਾਲੋਨੀ ਹੈ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਹਰ ਜ਼ਿਲੇ ਵਿਚ, ਸਾਰੇ ਪੰਜਾਬ ਵਿਚ ਇਸ ਤਰ੍ਹਾਂ ਦੇ ਫਾਰਮ ਖੋਲ੍ਹਣੇ ਚਾਹੀਦੇ ਹਨ ।

(ਇਸ ਸਮੇਂ ਚੀਫ ਮਨਿਸਟਰ ਸਾਹਿਬ, ਚੌਧਰੀ ਦਰਸ਼ਨ ਸਿੰਘ ਜੀ ਨਾਲ ਗਲਾਂ ਕਰ ਰਹੇ ਸਨ)

ਸੀ. ਐਮ. ਸਾਹਿਬ ਜੀ, ਸਾਡੀ ਬੇਨਤੀ ਸੁਣ ਲਓ ।

ਗਿਆਨੀ ਕੁੰਦਨ ਸਿੰਘ ਪਤੰਗ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਅਸੀਂ ਚਾਰ ਪੰਜ ਜਣੇ ਧਰ ਬੈਠ ਕੇ ਹੀ ਆਪਣਾ ਰੋਣਾਂ ਤਾਂ ਰੋ ਸਕਦੇ ਹਾਂ ਜੇਕਰ ਇਨ੍ਹਾਂ ਨੇ ਸਾਨੂੰ ਸੁਣਨਾ ਹੀ ਨਹੀਂ ਹੈ ਤਾਂ ਕੀ ਫਾਇਦਾ ਹੈ ? (ਇਸ ਸਮੇਂ ਸਰਦਾਰ ਗੁਰਦੇਵ ਸਿੰਘ ਸਿੱਧੂ ਜੀ ਖੜੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ)

(ਇਸ ਸਮੇਂ ਮੁੱਖ ਮੰਤਰੀ ਜੀ ਨਾਲ ਕੈਪਟਨ ਰਤਨ ਸਿੰਘ ਜੀ ਉਨ੍ਹਾਂ ਦੀ ਸੀਟ ਤੇ ਗਲਾਂ ਕਰ ਰਹੇ ਜਨ ।

ਸ੍ਰੀ ਸਪੀਕਰ : ਸਿੱਧੂ ਸਾਹਿਬ, ਖਾਲਸਾ ਜੀ ਨੂੰ ਕਿਉਂ ਇਨਟ੍ਰਪਟ ਕਰਦੇ ਹੋ ?
(Sidhu Sahib, why are you interrupting Khalsa Ji ?)

ਸਰਦਾਰ ਗੁਰਦੇਵ ਸਿੰਘ ਸਿੱਧੂ : * * *

Mr. Speaker : This is no point of order.

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਇਹ ਠੀਕ ਹੈ ਕਿ ਸਿੱਧੂ ਸਾਹਿਬ ਦਾ ਪੁਆਇੰਟ ਆਫ ਆਰਡਰ ਨਹੀਂ ਬਣਦਾ ਪਰ ਮੈਂ ਇਹ ਬੇਨਤੀ ਕਰਾਂਗਾ ਕਿ ਇਹ ਸਾਡੇ ਵਲ ਧਿਆਨ ਦੇਣ ।

ਸੋ ਮੈਂ ਬੇਨਤੀ ਕਰ ਰਿਹਾ ਸੀ ਕਿ ਅੱਜ ਸਾਰਿਆਂ ਜ਼ਿਲ੍ਹਿਆਂ ਦੇ ਲੋਕ ਰੋਪੜ ਆ ਕੇ ਉਥੇ ਵੱਸਣ ਵਾਸਤੇ ਤਿਆਰ ਨਹੀਂ ਹਨ, ਇਸ ਲਈ ਹੋਰ ਜ਼ਿਲ੍ਹਿਆਂ ਵਿਚ ਇਸ ਤਰ੍ਹਾਂ ਉਨ੍ਹਾਂ ਨੂੰ ਵਸਾ ਦਿਤਾ ਜਾਵੇ ।

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਤੁਸੀਂ ਲਿਖ ਕੇ ਵੀ ਦੇ ਦਿਉ । (ਵਿਘਨ) (You may also give in writing.)

ਸਰਦਾਰ ਬਸੰਤ ਸਿੰਘ ਖਾਲਸਾ : ਸਾਡੀ ਤਾਂ ਸੀ.ਐਮ. ਸਾਹਿਬ ਨਾਲ ਸਿੱਧੀ ਗੱਲ ਹੈ । (ਹਾਸਾ)

ਸ਼੍ਰੀ ਸਪੀਕਰ : ਤੁਹਾਡੀ ਸਪੀਚ ਦੀ ਰਿਕਾਰਡਿੰਗ ਹੋ ਰਹੀ ਹੈ । (Your speech is being recorded.)

(ਇਸ ਸਮੇਂ ਮੁਖ ਮੰਤਰੀ ਜੀ ਨਾਲ ਕੋਈ ਕਰਮਚਾਰੀ ਗਲਾਂ ਕਰ ਰਿਹਾ ਸੀ)

ਸਰਦਾਰ ਬਸੰਤ ਸਿੰਘ ਖਾਲਸਾ : ਸੀ. ਐਮ. ਸਾਹਿਬ, ਇਹ ਕਿਤਾਬ ਜਿਹੀ ਦੇ ਕੇ ਇਸ ਨੂੰ ਪਰੇ ਤੋਰੋ ਜੀ ਤੇ ਸਾਡੀ ਗੱਲ ਸੁਣੋ । ਮੇਰੀ ਬੇਨਤੀ ਹੈ ਕਿ ਸਾਰਿਆਂ ਜ਼ਿਲ੍ਹਿਆਂ ਵਿਚ ਐਸੀਆਂ ਕਾਲੋਨੀਆਂ ਬਨਾਉਣੀਆਂ ਚਾਹੀਦੀਆਂ ਹਨ । ਪੰਜਾਬ ਸਰਕਾਰ ਪਾਸ 4,000 ਏਕੜ ਦੇ ਕਰੀਬ ਜ਼ਮੀਨ ਸੀਡ ਫਾਰਮਾਂ ਦੀ ਸ਼ਕਲ ਵਿਚ ਪਈ ਸੀ । ਉਸ ਵੇਲੇ ਵੀ ਸਾਡੀ ਹਾਈ-ਪਾਵਰਡ ਕਮੇਟੀ ਨੇ ਇਹ ਫੈਸਲਾ ਕੀਤਾ ਸੀ ਕਿ ਜਿਹੜੇ ਸੀਡ ਫਾਰਮਜ਼ ਹਨ ਇਹ ਕਾਮਯਾਬ ਨਹੀਂ ਹੋ ਸਕਦੇ, ਇਸ ਲਈ ਜਾਂ ਤਾਂ ਉਨ੍ਹਾਂ ਦੇ ਟੁਕੜੇ ਬਣਾ ਕੇ ਹਰੀਜਨਾਂ ਵਿਚ ਤਕਸੀਮ ਕੀਤੇ ਜਾਣ ਜਾਂ ਸਾਰੀ ਜ਼ਮੀਨ ਵੈਸੇ ਹੀ ਉਨ੍ਹਾਂ ਨੂੰ ਦਿਤੀ ਜਾਵੇ । ਮੈਂ ਬੇਨਤੀ ਕਰਾਂ ਕਿ ਜਿਹੜੀ ਜ਼ਮੀਨ ਪੰਜਾਬ ਗੌਰਮਿੰਟ ਨੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਨੂੰ ਦਿਤੀ ਹੈ ਉਸ ਨੂੰ ਪੰਜਾਬ ਯੂਨੀਵਰਸਿਟੀ ਅੱਜ ਕਲ ਵੇਚ ਰਹੀ ਹੈ । ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਇਸ ਤਰ੍ਹਾਂ ਵੇਚਣ ਦਾ ਉਸ ਨੂੰ ਕੋਈ ਅਧਿਕਾਰ ਨਹੀਂ ਸੀ । ਇਸ ਲਈ ਉਹ ਜ਼ਮੀਨ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਤੋਂ ਲੈਕੇ ਸਾਡੀਆਂ ਹਰੀਜਨ ਕਾਲੋਨੀਆਂ ਜਿਹੜੀਆ ਹਨ ਜਿਨ੍ਹਾਂ ਵਿਚ ਸਾਡੇ ਭਰਾਵਾਂ ਨੂੰ ਕੁੱਲੀ ਗੁੱਲੀ ਅਤੇ ਜੁੱਲੀ ਮਿਲੇ ਉਹ ਬਣਾਉਣੀਆਂ ਚਾਹੀਦੀਆਂ ਹਨ ।

ਸਪੀਕਰ ਸਾਹਿਬ, ਜਿਥੋਂ ਤਕ ਜ਼ਮੀਨ ਦਾ ਮਸਲਾ ਹੈ, ਮੇਰੀ ਬੇਨਤੀ ਹੈ ਕਿ ਪੰਜਾਬ ਸਰਕਾਰ ਨੇ ਸੈਂਟਰ ਦੀ ਸਹਕਾਰ ਤੋਂ ਕੋਈ ਤਿੰਨ ਲੱਖ ਏਕੜ ਦੇ ਕਰੀਬ ਜ਼ਮੀਨ ਹਰੀਜਨਾਂ ਨੇ ਡਿਸਟ੍ਰੀਬਿਊਟ ਕਰਨ ਵਾਸਤੇ ਲਈ ਸੀ । ਸਰਦਾਰ ਪਰਤਾਪ ਸਿੰਘ ਕੈਰੋਂ ਤੋਂ ਲੈ ਕੇ ਅੱਜ ਤਕ ਜਿਤਨੀਆਂ ਵੀ ਸਰਕਾਰਾਂ ਆਈਆਂ ਹਨ ਉਨ੍ਹਾਂ ਨੇ ਇਹ ਜ਼ਮੀਨ ਡਿਸਟ੍ਰੀਬਿਊਟ ਕੀਤੀ, ਬਾਦਲ ਸਾਹਿਬ ਦੀ ਸਰਕਾਰ ਨੇ ਵੀ ਡਿਸਟ੍ਰੀਬਿਊਟ ਕੀਤੀ ਹੈ । ਜਦੋਂ ਅਸੀਂ ਹਰੀਜਨ ਭਰਾਵਾਂ ਨੂੰ ਜ਼ਮੀਨ ਡਿਸਟ੍ਰੀਬਿਊਟ ਕਰ ਰਹੇ ਹਾਂ ਤਾਂ ਇਹ ਝੰਡੇ ਲਾਲ ਵਾਲੇ ਅਗੇ ਹੋ ਗਏ । ਅੱਜ ਉਹ ਜ਼ਮੀਨ ਵੰਡਣ ਦਾ ਕੇਸ ਪਿੱਛੇ ਪੈ ਗਿਆ । ਮੈਂ ਕਹਿੰਦਾ ਹਾਂ ਕਿ ਇਹ ਭਰਾ ਹੀ ਸਾਡੇ ਹੱਕ ਵਿਚ ਨਹੀਂ ਹਨ, ਇਹ ਸਾਡਾ ਭਲਾ ਨਹੀਂ ਚਾਹੁੰਦੇ ਤੇ ਐਂਟੀ-ਹਰੀਜਨ ਹਨ । ਅੱਜ ਪੰਜਾਬ ਸਰਕਾਰ ਵੀ ਡਰਦੀ ਹੈ । ਕਾਂਗਰਸ ਪਾਰਟੀ ਭੀ ਡਰਦੀ ਹੈ ਕਿ ਜ਼ਮੀਨ ਕਿਸ ਤਰ੍ਹਾਂ ਛੁਡਵਾਈ ਜਾਵੇ ।

ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਜੀ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਇਨ੍ਹਾਂ ਦਾ ਪੁਆਇੰਟ ਆਫ ਆਰਡਰ ਪਹਿਲਾਂ ਸੁਣ ਲਵੋ ਜੀ ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ : ਸਪੀਕਰ ਸਾਹਿਬ, ਇਨ੍ਹਾਂ ਨੂੰ ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਅਕਾਲੀ ਪਾਰਟੀ ਦੀ ਸਰਕਾਰ ਨੇ ਤਾਂ ਜ਼ਮੀਨ ਖੁਲੇ ਆਮ ਆਕਸ਼ਨ ਕਰਨੀ ਸ਼ੁਰੂ ਕਰ ਦਿਤੀ ਸੀ । ਭਾਵੇਂ ਕੋਈ ਕਿਧਰੋਂ ਦਾ ਵੀ ਸੀ, ਕੋਈ ਵੀ ਸੀ, ਭਾਵੇਂ ਉਹ ਹਰੀਜਨ ਸੀ ਜਾਂ ਨਹੀਂ ਸੀ, ਉਨ੍ਹਾਂ ਨੂੰ ਵੀ ਜ਼ਮੀਨ ਦੇਣ ਲਈ ਹੁਕਮ ਕੀਤਾ ਸੀ ।

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਠੀਕ ਹੈ ਭਾਈ ਸਾਹਿਬ ਨੇ ਪੁਆਇੰਟ ਆਫ ਆਰਡਰ ਰੇਜ਼ ਕੀਤਾ ਹੈ । ਮੇਰਾ ਖਿਆਲ ਹੈ ਕਿ ਇਨ੍ਹਾਂ ਨੇ ਉਹ ਹੁਕਮ ਜਿਹੜੇ ਕਿ ਅਕਾਲੀ ਸਰਕਾਰ ਨੇ ਕੀਤੇ ਸਨ, ਪੜ੍ਹੇ ਨਹੀਂ । ਉਨ੍ਹਾਂ ਵਿਚ ਦਿੱਤਾ ਹੋਇਆ ਸੀ ਕਿ ਕਿਹੜੇ ਕਿਹੜੇ ਆਦਮੀ ਜ਼ਮੀਨ ਲੈ ਸਕਦੇ ਹਨ । ਸ਼ਡਿਊਲਡ ਕਾਸਟਸ ਤੇ ਰਾਏ ਸਿੱਖਾਂ ਨੂੰ ਰਿਆਇਤ ਦਿਤੀ ਗਈ ਸੀ ਕਿ ਜਿਸ ਜਿਸ ਦਾ ਕਬਜ਼ਾ ਹੈ ਉਹ ਉਨ੍ਹਾਂ ਨੂੰ ਹੀ ਦੇ ਦਿਤੀ ਜਾਵੇ ।

ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਹ ਜਿਹੜੀ ਜ਼ਮੀਨ ਹੈ ਇਹ ਅੱਜ ਕਲ ਉਸ ਤਰ੍ਹਾਂ ਹੀ ਗਲਤ ਲੋਕਾਂ ਦੇ ਹੱਥਾਂ ਵਿਚ ਹੈ । ਸਾਡੀ ਬਦਕਿਸਮਤੀ ਇਹ ਹੈ ਕਿ ਗਿਆਨੀ ਜੀ ਸਾਡੇ ਕਾਫੀ ਹਮਦਰਦ ਹਨ ਇਸ ਲਈ ਉਨ੍ਹਾਂ ਨੇ ਇਕ ਵੀ ਏਕੜ ਜ਼ਮੀਨ ਡਿਸਟ੍ਰੀਬਿਊਟ ਨਹੀਂ ਕੀਤੀ । ਮੈਂ ਅਰਜ਼ ਕਰਦਾ ਹਾਂ ਕਿ ਜੇਕਰ ਕੋਈ ਡਿਸਟ੍ਰੀਬਿਊਸ਼ਨ ਵਿਚ ਦਿੱਕਤ ਆਉਂਦੀ ਹੈ ਤਾਂ ਮੈਂ ਬੇਨਤੀ ਕਰਾਂਗਾ ਕਿ ਇਹ ਸਾਰੀ ਦੀ ਸਾਰੀ ਜ਼ਮੀਨ ਕਾਰਪੋਰੇਸ਼ਨ ਨੂੰ ਦਿਤੀ ਜਾਵੇ ਅੱਰ ਉਸ ਲਾਗਤ ਤੇ ਦਿਤੀ ਜਾਵੇ ਜੋ ਸਾਡੀ ਸਰਕਾਰ ਨੇ ਸੈਂਟਰ ਦੀ ਸਰਕਾਰ ਤੋਂ ਲਈ ਹੈ। ਉਹ ਸਾਰੇ ਪੈਸੇ ਜਮ੍ਹਾਂ ਕਰਕੇ ਸਾਡੀ ਭਲਾਈ ਉਪਰ ਲਗਾਉਣੇ ਚਾਹੀਦੇ ਹਨ । ਸਾਡੇ ਕੋਲ ਡੇਢ ਕਰੋੜ ਰੁਪਏ ਦੇ ਕਰੀਬ ਹਰੀਜਨ ਕਲਿਆਣ ਫੰਡ ਪਿਆ ਹੈ। (ਘੰਟੀ) ਸਪੀਕਰ ਸਾਹਿਬ, ਤੁਸੀਂ ਤਾਂ ਕਹਿੰਦੇ ਹੋ ਕਿ ਸਾਰੀ ਰਾਤ ਬੈਠਣਾ ਹੈ । ਅਸੀਂ ਤਾਂ ਇਥੇ ਬੋਲਣ ਲਈ ਬੈਠੇ ਹਾਂ ।

ਸੋ ਸਪੀਕਰ ਸਾਹਿਬ, ਮੈਂ ਬੇਨਤੀ ਕਰ ਰਿਹਾ ਸੀ ਕਿ ਸਾਡਾ ਹਰੀਜਨ ਕਲਿਆਣ ਫੰਡ ਡੇਢ ਕਰੋੜ ਰੁਪਏ ਦੇ ਕਰੀਬ ਪਿਆ ਹੈ ਜਿਸ ਦੀ ਕੋਈ ਸਕੀਮ ਨਹੀਂ ਬਣ ਸਕਦੀ । ਇਸ ਲਈ ਮੇਰੀ ਬੇਨਤੀ ਹੈ ਕਿ ਭਾਵੇਂ ਗਰਾਂਟ ਦੀ ਸ਼ਕਲ ਵਿਚ ਹੀ ਪੈਸੇ ਦਿਤੇ ਜਾਣ ਮਗਰ ਉਹ ਹਰੀਜਨ ਕਲਿਆਣ ਫੰਡ ਦਾ ਕੋਈ ਨਾ ਕੋਈ ਕੰਮ ਹੋਣਾ ਚਾਹੀਦਾ ਹੈ । ਸਾਨੂੰ ਇਸ ਗਲ ਦਾ ਕੋਈ ਇਤਰਾਜ ਨਹੀਂ ਹੈ । ਇਸ ਦੇ ਨਾਲ ਹੀ ਨਾਲ ਮੈਂ ਇਹ ਗਲ ਕਹਿਣੀ ਚਾਹੁੰਦਾ ਹਾਂ ਕਿ ਇਹ ਜਿਹੜੀ ਹਰੀਜਨ ਕਾਰਪੋਰੇਸ਼ਨ ਬਣੀ ਹੈ ਇਹ ਲੋਨ ਦਿੰਦੀ ਹੈ, ਇਹ ਚੰਗੀ ਗਲ ਹੈ । ਪਰ ਕੁਝ ਗੱਲਾਂ ਐਸੀਆਂ ਹਨ ਜਿਵੇਂ ਕਿ ਰਿਕਸ਼ੇ ਵਾਲਿਆਂ ਨੂੰ ਲੋਨ ਦਿਤਾ ਜਾਂਦਾ ਹੈ । ਅਸੀਂ ਲੋਕ ਤਾਂ ਰਿਕਸ਼ੇ ਤੇ ਬੈਠ ਜਾਂਦੇ ਹਾਂ ਪਰ ਉਹ ਗਰੀਬ ਆਦਮੀ ਜਿਹੜਾ ਰਿਕਸ਼ਾ ਖਿਚਦੇ ਹਨ ਉਨ੍ਹਾਂ ਦਾ ਕੀ ਹਾਲ ਹੁੰਦਾ ਹੈ । ਇਸ ਲਈ ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਜਿਸ ਤਰ੍ਹਾਂ ਆਟੋ-ਰਿਕਸ਼ਾ ਹਨ ਇਨ੍ਹਾਂ ਰਿਕਸ਼ਾ ਖਿੱਚਣ ਵਾਲਿਆਂ ਨੂੰ ਇਸ ਕਿੱਤੇ ਤੇ ਲਗਾਉਣਾ ਚਾਹੀਦਾ ਹੈ । ਇਸ ਸਬੰਧੀ ਮੇਰੀ ਇਹ ਵੀ ਬੇਨਤੀ ਹੈ ਕਿ ਜਿਹੜਾ ਆਟੋ-ਰਿਕਸ਼ਾ ਦਾ ਕੋਟਾ ਹੈ, ਉਸ ਦਾ ਘੱਟੋ ਘੱਟ 50 ਪ੍ਰਤੀਸ਼ਤ ਕਾਰਪੋਰੇਸ਼ਨ ਨੂੰ ਦਿਤਾ ਜਾਵੇ ਤਾਕਿ ਉਹ ਸੱਸਤੇ ਇਨਟ੍ਰੈਸਟ ਤੇ ਅੱਗੇ ਦੇ ਸਕੇ ਅੱਰ ਇਸ ਨਾਲ ਸਾਡਾ ਕਲਿਆਣ ਹੋ ਸਕੇ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਬਸੰਤ ਸਿੰਘ ਖਾਲਸਾ]

ਸਪੀਕਰ ਸਾਹਿਬ, ਇਥੇ ਹੀ ਬੱਸ ਨਹੀਂ ਹੈ, ਮੈਂ ਇਹ ਗਲ ਕਹਿਣੀ ਚਾਹੁੰਦਾ ਹਾਂ ਕਿ ਜਿੱਥੋਂ ਤਕ ਸਮਾਲ-ਸਕੇਲ ਇੰਡਸਟਰੀਜ਼ ਦਾ ਸਵਾਲ ਹੈ ਉਸ ਵਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ । ਜ਼ਮੀਨ ਇਤਨੀ ਨਹੀਂ ਹੈ ਜਿਹੜੀ ਕਿ ਵਧਾਈ ਜਾ ਸਕੇ ਅੱਜ ਉਹ 35 ਲੱਖ ਦੀ ਸਾਡੀ ਆਬਾਦੀ ਨੂੰ ਦਿੱਤੀ ਜਾਵੇ ਮਗਰ ਮੈਂ ਇਹ ਕਹਾਂਗਾ ਕਿ ਸਮਾਲ-ਸਕੇਲ ਇੰਡਸਟਰੀਜ਼ ਵਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ । ਅੱਜ ਉਨ੍ਹਾਂ ਨੇ ਜਿਥੇ ਇੰਡਸਟਰੀ ਲਗਾਉਣੀ ਹੈ, ਛੇਤੀ ਬਿਜਲੀ ਦੇ ਕੁਨੈਕਸ਼ਨ ਦਿਤੇ ਜਾਣੇ ਚਾਹੀਦੇ ਹਨ ।

ਵਿਦਿਆ ਮੰਤਰੀ : ਪਰਾਇਰਟੀ ਤੇ ਦਿਤੇ ਜਾਂਦੇ ਹਨ ।

ਸਰਦਾਰ ਬਸੰਤ ਸਿੰਘ ਖਾਲਸਾ : ਪਰਾਇਰਟੀ ਤਾਂ ਕਾਗਜ਼ਾਂ ਵਿਚ ਹੀ ਲਿਖੀ ਹੋਈ ਹੈ, ਸਾਨੂੰ ਕੋਈ ਨਹੀਂ ਦਿੰਦਾ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰੀਕੇ ਨਾਲ ਸਾਡਾ ਰੋਜ਼ਗਾਰ ਦਾ ਦਫਤਰ ਹੈ ਉਥੇ ਜੇ ਕਿਸੇ ਲੂਲੇ ਲੰਗੜੇ ਦੀ ਰਜਿਸਟਰੇਸ਼ਨ ਹੁੰਦੀ ਹੈ ਤਾਂ ਜਦੋਂ ਕੋਈ ਨੌਕਰੀ ਨਿਕਲੇ ਤਾਂ ਉਥੇ ਰਜਿਸਟਰੇਸ਼ਨ ਵੇਲੇ ਲਿਖਿਆ ਜਾਂਦਾ ਹੈ ਕਿ ਉਸ ਦਫਤਰ ਦਾ ਕੋਈ ਆਦਮੀ ਉਸ ਨੂੰ ਲੈ ਕੇ ਜਾਵੇ, ਉਸ ਦੀ ਡਿਊਟੀ ਲਗਾਈ ਜਾਂਦੀ ਹੈ । ਇਸ ਕਰਕੇ ਸਾਨੂੰ ਕੁਨੈਕਸ਼ਨ ਮਿਲਣੇ ਚਾਹੀਦੇ ਹਨ ਅਤੇ ਇਸ ਮਹਿਕਮੇ ਦੇ ਅਫਸਰਾਂ ਦੀ ਇਹ ਡਿਊਟੀ ਲਗਾਉਣੀ ਚਾਹੀਦੀ ਹੈ ਕਿ ਪਰਾਇਰਟੀ ਸਾਡੇ ਤੇ ਲਾਗੂ ਨਾ ਕਰਨ । ਇਸ ਦੇ ਨਾਲ ਹੀ ਜਿਥੇ ਸੈਡਿਊਲਡ ਕਾਸਟਸ ਨੂੰ 3,000 ਰੁਪਿਆ ਫਰੀ ਆਫ ਇੰਟਰੈਸਟ ਮਿਲਦਾ ਹੈ ਇਹ ਰਕਮ 5,000 ਹੋਣੀ ਚਾਹੀਦੀ ਹੈ । ਇਹ ਪਹਿਲਾ 15,00 ਰੁਪਿਆ ਸੀ ਅਤੇ 4-5 ਮਹੀਨੇ ਜਾਂ ਇਕ ਸਾਲ ਤੋਂ ਇਹ 3 ਹਜ਼ਾਰ ਕੀਤਾ ਗਿਆ ਸੀ ਪਰ ਇਸ ਵੇਲੇ ਤਕ ਭਾਅ ਬਹੁਤ ਚੜ੍ਹ ਗਏ ਹਨ । ਇਸ ਕਰਕੇ ਇਹ ਕਰਜ਼ਾ 5,000 ਕਰ ਦੇਣਾ ਚਾਹੀਦਾ ਹੈ ।

ਸ੍ਰੀ ਸਪੀਕਰ : ਲਗਦਾ ਹੈ ਤੁਹਾਡੇ ਕੋਲ ਮਸਾਲਾ ਖਤਮ ਹੋ ਗਿਆ ਹੈ (It seems you have exhausted your points.)

ਸਰਦਾਰ ਬਸੰਤ ਸਿੰਘ ਖਾਲਸਾ : ਡਿਪਟੀ ਸਪੀਕਰ ਸਾਹਿਬ, ਮੈਂ ਜਨਰਲ ਗਲਾਂ ਤੇ ਬੋਲਣਾ ਹੈ . . . .

ਕੁਝ ਆਵਾਜ਼ਾ : ਸਪੀਕਰ ਸਾਹਿਬ ਕੁਰਸੀ ਤੇ ਬੈਠੇ ਹਨ । (ਹਾਸਾ)

ਸ੍ਰੀ ਸਪੀਕਰ : ਇਸੇ ਕਰਕੇ ਤਾਂ ਮਸਾਲਾ ਖਤਮ ਹੋ ਗਿਆ ਹੈ। (That is why he has run short of points.)

ਸਰਦਾਰ ਬਸੰਤ ਸਿੰਘ ਖਾਲਸਾ : ਮੁਆਫ ਕਰਨਾ ਸਪੀਕਰ ਸਾਹਿਬ, ਮੈਂ ਜਿਹੜੀ ਗਲ ਕਹਿਣ ਲਗਾ ਸੀ ਉਹ ਬੜੀ ਦੁੱਖ ਵਾਲੀ ਸੀ, ਇਸੇ ਕਰਕੇ ਡਿਪਟੀ ਸਪੀਕਰ ਸਾਹਿਬ ਕਹਿ ਹੋ ਗਿਆ ।

ਸ੍ਰੀ ਸਪੀਕਰ : ਤੁਸੀਂ ਦੁਖ ਮੇਰੇ ਤੇ ਨਾ ਕਢੋ । (ਹਾਸਾ) (Please don't express pain at my cost)

Original with;
Punjab Vidhan Sabha
Digitized by;
Panjab Digital Library

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਅਨਾਊਂਸ ਕੀਤਾ ਸੀ ਕਿ ਸ਼ੈਡਿਊਲਡ ਕਾਸਟਸ ਲਈ ਸਰਵਿਸਿਜ਼ ਵਿਚ 25 ਪ੍ਰਤੀਸ਼ਤ ਰਿਜ਼ਰਵੇਸ਼ਨ ਹੋ ਜਾਵੇਗੀ ਪਰ ਇਹ ਚੀਜ਼ ਹਾਲਾਂ ਵੀ ਪੂਰੀ ਤਰ੍ਹਾਂ ਲਾਗੂ ਨਹੀਂ ਹੋਈ । ਜਿਥੋਂ ਤਕ ਕਲਾਸ 1 ਅਤੇ ਕਲਾਸ 2 ਦਾ ਸਬੰਧ ਹੈ ਇਸ ਬਾਰੇ ਵੀ ਇਹ ਕਹਿ ਦਿਤਾ ਗਿਆ ਕਿ ਸ਼ੈਡਿਊਲਡ ਕਾਸਟਸ ਦੀ ਪਰਮੋਸ਼ਨ ਹੋਣੀ ਚਾਹੀਦੀ ਹੈ । ਪਰ ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹਰੀਜਨ ਅਫਸਰ ਬੜੇ ਬਦਕਿਸਮਤ ਹਨ, ਇਹ ਕਹਿ ਦਿਤਾ ਜਾਂਦਾ ਹੈ ਕਿ ਉਨ੍ਹਾਂ ਦਾ ਰਿਕਾਰਡ ਮਾੜਾ ਹੈ ਇਸ ਕਰਕੇ ਪਰਮੋਸ਼ਨ ਨਹੀਂ ਦਿਤੀ ਜਾ ਸਕਦੀ । ਜਦੋਂ ਤਕ ਰਿਜ਼ਰਵੇਸ਼ਨ ਦੇਣ ਬਾਰੇ ਅਨਾਊਂਸਮੈਂਟ ਨਹੀਂ ਸੀ ਹੋਈ, ਉਦੋਂ ਤਕ ਉਨ੍ਹਾਂ ਦਾ ਰਿਕਾਰਡ ਏ ਵਨ ਸੀ, ਪਰ ਜਦੋਂ ਰਿਜ਼ਰਵੇਸ਼ਨ ਅਨਾਊਂਸ ਹੋ ਗਈ ਤਾਂ ਉਨ੍ਹਾਂ ਦਾ ਰਿਕਾਰਡ ਖਰਾਬ ਹੋ ਗਿਆ । ਇਸ ਕਰਕੇ ਮੈਂ ਇਹ ਕਹਿੰਦਾ ਹਾਂ ਕਿ ਇਸ ਤਰ੍ਹਾਂ ਉਨ੍ਹਾਂ ਨੂੰ ਪਰਮੋਸ਼ਨ ਨਹੀਂ ਮਿਲ ਸਕਦੀ । ਇਨ੍ਹਾਂ ਦਾ ਰਿਕਾਰਡ ਜਾਣ ਬੁਝ ਕੇ ਖਰਾਬ ਕਰ ਦਿਤਾ ਜਾਂਦਾ ਹੈ । ਇਸ ਬਾਰੇ ਮੇਰੀ ਹੰਬਲ ਸਬਮਿਸ਼ਨ ਹੈ ਕਿ ਉਨ੍ਹਾਂ ਦਾ ਰਿਕਾਰਡ ਜਾਣ ਬੁਝ ਕੇ ਖਰਾਬ ਨਾ ਕੀਤਾ ਜਾਵੇ । ਇਕ ਸਾਡਾ ਅਫਸਰ 12 ਜ਼ਿਲ੍ਹਿਆਂ ਵਿਚ ਡੀ.ਈ.ਓ. ਲਗਿਆ ਸੀ, ਉਸ ਦਾ ਨਾਂ ਸੀ ਬਲਦੇਵ ਸਿੰਘ । ਪਹਿਲਾਂ ਉਸ ਦਾ ਰਿਕਾਰਡ ਏ-ਵਨ ਸੀ । ਉਹ 1917 ਵਿਚ ਕਲਾਸ 2 ਵਿਚ ਆਇਆ ਸੀ । ਜਦੋਂ ਤਕ ਤਾਂ ਇਹ ਪਤਾ ਨਹੀਂ ਲਗਾ ਕਿ ਉਹ ਹਰੀਜਨ ਹੈ, ਤਦ ਤਕ ਤਾਂ ਉਸ ਦਾ ਰਿਕਾਰਡ ਠੀਕ ਰਿਹਾ ਪਰ ਜਦੋਂ ਉਸ ਦੇ ਸੀਨੀਅਰ ਅਫਸਰਾਂ ਨੂੰ ਪਤਾ ਲਗ ਗਿਆ ਕਿ ਉਹ ਹਰੀਜਨ ਹੈ ਤਾਂ ਉਸ ਦਾ ਰਿਕਾਰਡ ਖਰਾਬ ਹੋਣਾ ਸ਼ੁਰੂ ਹੋ ਗਿਆ । ਇਹ ਮੈਂ ਇਸ ਕਰਕੇ ਦਸ ਰਿਹਾ ਹਾਂ ਕਿ ਸਾਡੇ ਨਾਲ ਕੀ ਕੀ ਹੁੰਦਾ ਹੈ .. ..

ਸ਼੍ਰੀ ਸਪੀਕਰ : ਕਾਰਪੋਰੇਸ਼ਨ ਦੇ ਬਾਰੇ ਵਿਚ ਹੀ ਕਹੋ ਜੀ । (Please confine yourself to the Corporation's Report.)

ਸਰਦਾਰ ਬਸੰਤ ਸਿੰਘ ਖਾਲਸਾ : ਇਹ ਜੋ ਮੈਂ ਬੋਲ ਰਿਹਾ ਹਾਂ ਇਹ ਵੀ ਸ਼ਡਿਊਲਡ ਕਾਸਟਸ ਦੇ ਵੈਲਫੇਅਰ ਵਾਸਤੇ ਹੀ ਹੈ ।

ਸ਼੍ਰੀ ਸਪੀਕਰ : ਤੁਸੀਂ ਆਪਣੀ ਸਪੀਚ ਨੂੰ ਕਾਰਪੋਰੇਸ਼ਨ ਦੀ ਰਿਪੋਰਟ ਤਕ ਹੀ ਕੰਨਫਾਈਨ ਕਰੋ । ਰੈਲੇਵੈਂਟ ਰਹੋ । (Please confine your speech to the Corporation's Report and be relevant.)

ਸਰਦਾਰ ਬਸੰਤ ਸਿੰਘ ਖਾਲਸਾ : ਇਸ ਰਿਪੋਰਟ ਰਾਹੀਂ ਜੋ ਡਿਸਕਸ਼ਨ ਹੋ ਰਹੀ ਹੈ, ਉਹ ਸ਼ਡਿਊਲਡ ਕਾਸਟਸ ਦੇ ਭਲੇ ਵਾਸਤੇ ਹੀ ਹੈ । ਇਹ ਕਾਰਪੋਰੇਸ਼ਨ ਸ਼ਡਿਊਲਡ ਕਾਸਟਸ ਦੀ ਭਲਾਈ ਲਈ ਬਣਾਈ ਗਈ ਹੈ ਅਤੇ ਉਨ੍ਹਾਂ ਦੀ ਭਲਾਈ ਦੀ ਹਰ ਗਲ ਡਿਸਕਸ ਹੋ ਸਕਦੀ ਹੈ ।

ਸ਼੍ਰੀ ਸਪੀਕਰ : ਤੁਸੀਂ ਰਿਪੋਰਟ ਤੇ ਹੀ ਕੰਨਫਾਈਨ ਕਰੋ ਜੀ । ਖਤਮ ਵੀ ਜਲਦੀ ਕਰੋ । (Please confine yourself to the scope of the report of the Corporation and try to wind up now.)

Original with;
Punjab Vidhan Sabha
Digitized by;
Panjab Digital Library

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਸਾਨੂੰ ਲੋਨ ਮਿਲਣ. ਉਹ ਸਸਤੇ ਭਾਅ ਤੇ ਹੋਣ, ਸਾਡੇ ਅਫਸਰਾਂ ਨੂੰ ਤਰੱਕੀ ਮਿਲਣੀ ਚਾਹੀਦੀ ਹੈ ਅਤੇ ਉਨ੍ਹਾਂ ਦਾ ਜਾਣ ਬੁਝ ਕੇ ਰਿਕਾਰਡ ਖਰਾਬ ਨਾਂ ਕੀਤਾ ਜਾਵੇ । ਜਿਹੜੀ ਸ਼ਡਿਊਲਡ ਕਾਸਟਸ ਵਾਸਤੇ ਰਿਜ਼ਰਵੇਸ਼ਨ ਹੋਵੇ, ਉਹ ਪੂਰੀ ਦਿਤੀ ਜਾਵੇ ਅਤੇ ਕਿਸੇ ਦਾ ਜਾਣ ਬੁਝ ਕੇ ਰਿਕਾਰਡ ਖਰਾਬ ਨਾ ਕੀਤਾ ਜਾਵੇ ।

ਸ਼੍ਰੀ ਸਪੀਕਰ : ਹੁਣ ਤੁਸੀਂ ਵਾਈਂਡ ਅੱਪ ਕਰੋ ਜੀ । (Please wind up now)

ਸਰਦਾਰ ਬਸੰਤ ਸਿੰਘ ਖਾਲਸਾ : ਮੈਂ ਹੁਣ ਵਾਈਂਡ ਅੱਪ ਕਰ ਦਿੰਦਾ ਹਾਂ ਜੀ । ਇਹ ਜਿਹੜੀ ਰਿਪੋਰਟ ਅੱਜ ਇਥੇ ਪੇਸ਼ ਹੈ, ਇਸ ਵਲ ਸਰਕਾਰ ਨੂੰ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ । ਜਿਹੜਾ ਸ਼ਡਿਊਲਡ ਕਾਸਟਾਂ ਵਾਸਤੇ ਰੁਪਿਆ ਦੇਣ ਵਾਸਤੇ ਰਖਿਆ ਹੈ. ਇਹ ਲੋਨ ਦੀ ਸ਼ਕਲ ਵਿਚ ਨਾ ਦਿਤਾ ਜਾਵੇ ਬਲਕਿ ਗਰਾਂਟ ਦੀ ਸ਼ਕਲ ਵਿਚ ਦਿਤਾ ਜਾਵੇ ਅਤੇ ਇਹ ਜਿਹੜਾ 5 ਕਰੋੜ ਰੁਪਿਆ ਹੈ, ਇਹ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ। ਸਪੀਕਰ ਸਾਹਿਬ ਇੰਨਾ ਕਹਿੰਦਾ ਹੋਇਆ ਮੈਂ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਤੁਸੀਂ ਮੈਨੂੰ ਟਾਈਮ ਦਿਤਾ ਹੈ ।

ਚੌਧਰੀ ਸੁੰਦਰ ਸਿੰਘ (ਨਰੋਟ ਮਹਿਰਾ, ਐਸ. ਸੀ.) : ਸਪੀਕਰ ਸਾਹਿਬ, ਅਜ ਅਸੀਂ ਇਥੇ ਪੰਜਾਬ ਸ਼ਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਐਂਡ ਫਾਈਨੈਂਸ ਕਾਰਪੋਰੇਸ਼ਨ ਦੀ 1971-72 ਦੀ ਰਿਪੋਰਟ ਡਿਸਕਸ ਕਰ ਰਹੇ ਹਾਂ । ਇਸ ਬਾਰੇ ਗਲ ਇਹ ਹੈ ਕਿ 1971-72 ਵਿਚ 16 ਆਦਮੀਆਂ ਨੂੰ ਪੈਸੇ ਮਿਲੇ ਹਨ । ਉਦੋਂ ਪਤਾ ਨਹੀਂ ਕਿ ਸਾਡੀ ਗਵਰਮੈਂਟ ਸੀ ਕਿ ਨਹੀਂ (ਵਿਘਨ) ਇਸ ਕਾਰਪੋਰੇਸ਼ਨ ਕੋਲ ਪੈਸੇ ਬਹੁਤ ਘੱਟ ਹਨ । ਮੇਰਾ ਖਿਆਲ ਹੈ ਪੈਸੇ ਜ਼ਿਆਦਾ ਹੋਣੇ ਚਾਹੀਦੇ ਹਨ । ਜ਼ਮੀਨਾਂ ਦਾ ਜਿਥੋਂ ਤਕ ਤਾਲੁਕ ਹੈ, ਹਰੀਜਨਾਂ ਦੀ ਸਵਾਏ ਜ਼ਮੀਨਾਂ ਦੇ ਕੋਈ ਤਰੱਕੀ ਨਹੀਂ ਹੋ ਸਕਦੀ । ਇਸ ਵਾਸਤੇ ਕਾਰਪੋਰੇਸ਼ਨ ਬਣਾਈ ਗਈ ਹੈ ਤਾਂ ਜੋ ਹਰੀਜਨ ਜ਼ਮੀਨ ਵਗੈਰਾ ਖਰੀਦ ਸਕਣ । ਤੁਹਾਨੂੰ ਪਤਾ ਹੀ ਹੈ ਕਿ ਪੰਜਾਬ ਦੇ ਵਿਚ ਬਲਕਿ ਹਿੰਦੁਸਤਾਨ ਦੇ ਵਿਚ ਕਿਤੇ ਲੈਂਡ ਰੀਫਾਰਮ ਨਹੀਂ ਹੋਈ । ਕਾਨੂੰਨ ਪਾਸ ਕੀਤੇ ਗਏ, ਪਰ ਲੋਕਾਂ ਨੇ ਚਾਚਿਆਂ, ਤਾਇਆਂ ਅਤੇ ਕੁੜਿਆਂ ਦੇ ਨਾਂ ਜ਼ਮੀਨਾਂ ਲਾ ਦਿਤੀਆਂ, ਅਜੇ ਵੀ ਲਗੀਆਂ ਹੋਈਆਂ ਹਨ ਤੇ ਸਾਨੂੰ ਤਾਂ ਸਰਪਲਸ ਜ਼ਮੀਨ ਮਿਲੀ ਨਹੀਂ ਅਗਰ ਕਿਤੇ ਜ਼ਮੀਨ ਦੀ ਰਿਫਾਰਮ ਹੋਈ ਹੈ ਤਾਂ ਜੰਮੂ ਅਤੇ ਕਸ਼ਮੀਰ ਵਿਚ ਹੋਈ ਹੈ ਜਾਂ ਮਿਸਰ ਵਿਚ ਹੋਈ ਹੈ, ਜਿਥੇ ਨਾ ਸਾਡੇ ਹਰੀਜ਼ਨ ਨਾ ਸਿੱਖ ਨਾ ਹਿੰਦੂ ਸਨ । ਇਸ ਕਰਕੇ ਉਥੇ ਤਾਂ ਇਹ ਚੀਜ਼ ਹੋਈ ਹੈ, ਪਰ ਸਾਡੇ ਤਾਂ ਜ਼ਮੀਨਾਂ ਪਿਛੇ ਸਕੇ ਸਕੇ ਨੂੰ ਵੱਢ ਦਿੰਦੇ ਹਨ ਅਤੇ ਇਥੇ ਬਿਲਕੁਲ ਕੋਈ ਲੈਂਡ ਰਿਫਾਰਮ ਨਹੀਂ ਹੋਈ ਅਤੇ ਇਸ ਵਾਸਤੇ ਇਹ ਕਾਰਪੋਰੇਸ਼ਨ ਬਣੀ ਸੀ ਕਿ ਲੋਕੀਂ ਜ਼ਮੀਨ ਖਰੀਦਣ ਅਤੇ ਦਿਹਾਤਾਂ ਵਿਚ ਬਾਇਜ਼ਤ ਤੌਰ ਤੇ ਰਹਿ ਸਕਣ, ਇਸ ਵਾਸਤੇ ਬਣੀ ਸੀ । ਮੈਂ ਇਹ ਕਹਿੰਦਾ ਹਾਂ ਕਿ ਜੇ ਇਸ ਮਸਲੇ ਨੂੰ ਹੱਲ ਕਰਨਾ ਹੈ ਤਾਂ ਕਾਰਪੋਰੇਸ਼ਨ ਵਿਚ 5 ਕਰੋੜ, ਰੁਪਏ ਨਾਲ ਕੰਮ ਨਹੀਂ ਚਲਣਾ, ਤੁਸੀਂ ਲੋਕਾਂ ਨੂੰ ਯੋਗ ਮੁਆਵਜ਼ਾ ਦੇਵੋ । 3,000 ਤੋਂ 5,000 ਕਰ ਦੇਵੋ, ਬਹੁਤ ਮੇਹਰਬਾਨੀ ਹੋਵੇਗੀ, ਪਰ ਕਰਜ਼ੇ ਥੋੜੇ ਇੰਟਰੈਸਟ ਤੇ ਦੇਵੋ । ਇਕ ਕਰੋੜ 40 ਲੱਖ ਨਾਲ ਕੁਝ ਨਹੀਂ ਬਣਨਾ, ਜ਼ਿਆਦਾ ਤਾਂ ਜਲੰਧਰ ਵਾਲੇ ਹੀ ਲੈ ਗਏ ਹਨ ਅਤੇ ਗੁਰਦਾਸਪੁਰ ਨੂੰ ਇਕ ਲੱਖ ਵੀ ਤਕਸੀਮ ਨਹੀਂ ਹੋਇਆ, ਉਥੇ ਜ਼ਮੀਨ ਬੜੀ ਮਹਿੰਗੀ ਹੈ

Original with;
Punjab Vidhan Sabha
Digitized by;
Panjab Digital Library

ਅਤੇ ਇਹ ਪੈਸੇ ਵਧਾਉਣੇ ਚਾਹੀਦੇ ਹਨ, ਜਿੰਨਾਂ ਵੀ ਹੋ ਸਕੇ, ਉਨ੍ਹਾਂ ਵਧਾ ਦੇਣਾ ਚਾਹੀਦਾ ਹੈ। ਦੂਜੇ ਜਿਹੜਾ ਕਰਜ਼ੇ ਦੇਣ ਦਾ ਪ੍ਰੋਸੀਜਰ ਹੈ ਉਹ ਬੜਾ ਦਿਲਾ ਕਰ ਦੇਵੋ, ਖੁਲ੍ਹਾਂ ਕਰ ਦੇਵੋ। ਜਿਸ ਤਰ੍ਹਾਂ ਹੋਰ ਇੰਡਸਟਰੀਜ਼ ਵਗੈਰਾ ਜਾਂ ਵਡਿਆਂ ਆਦਮੀਆਂ ਨੂੰ ਮੁਆਵਜ਼ਾ ਮਿਲਦਾ ਹੈ, ਇਸ ਤਰ੍ਹਾਂ ਗਰੀਬ ਲੋਕਾਂ ਨੂੰ ਜ਼ਿਆਦਾ ਮਿਲਣਾ ਚਾਹੀਦਾ ਹੈ। ਜਿਸ ਤਰ੍ਹਾਂ ਸ਼ਹੀਦ ਊਧਮ ਸਿੰਘ ਨੂੰ ਅਸੀਂ ਅੱਜ ਸ਼ਰਧਾਂਜਲੀ ਭੇਂਟ ਕੀਤੀ ਹੈ, ਉਸ ਤਰ੍ਹਾਂ ਮੈਂ ਇਹ ਕਹਿੰਦਾ ਹਾਂ ਜਿਹੜੀ ਸਰਕਾਰ ਹਕੂਮਤ ਕਰਦੀ ਹੈ, ਉਹ ਜਿਹੜੇ ਅਮੀਰ ਆਦਮੀ ਹਨ ਜਿਹੜੇ ਕਿ ਗਰੀਬਾਂ ਨੂੰ ਤੰਗ ਕਰਦੇ ਹਨ, ਆਪਣਾ ਹੀ ਫਾਇਦਾ ਸੋਚਦੇ ਹਨ, ਉਨ੍ਹਾਂ ਨੂੰ ਵੀ ਸ਼ਹੀਦ ਕਰੋ ਅਸੀਂ ਉਨ੍ਹਾਂ ਦੀ ਅਸਥੀਆਂ ਲੈਕੇ ਜਾਵਾਂਗੇ (ਹਾਸਾ) ਉਨ੍ਹਾਂ ਨੂੰ ਵੀ ਸਾਨੂੰ ਸ਼ਹੀਦ ਕਰਨਾ ਚਾਹੀਦਾ ਹੈ।

ਸਪੀਕਰ ਸਾਹਿਬ, ਜਦੋਂ ਮੈਂ ਚੰਡੀਗੜ੍ਹ ਆ ਰਿਹਾ ਸੀ ਤਾਂ ਮੈਂ ਵੇਖਿਆ ਕਿ ਲੜਕੀਆਂ ਸਿਰ ਤੇ ਭਾਰ ਚੁੱਕੀ ਜਾਂਦੀਆਂ ਸਨ, ਇਹ ਹਾਲਤ ਹੈ ਸਾਡੇ ਹਰੀਜਨਾਂ ਦੀਆਂ ਲੜਕੀਆਂ ਦੀ। ਉਨ੍ਹਾਂ ਗਰੀਬ ਲੋਕਾਂ ਦੀ ਮਦਦ ਨਹੀਂ ਕਰਦੇ। ਫਿਰ ਤੁਸੀਂ ਕਹਿੰਦੇ ਹੋ ਕਿ ਅਸੀਂ ਪਰਮਾਤਮਾ ਨੂੰ ਮੰਨਦੇ ਹਾਂ, ਪਰਮਾਤਮਾ ਕੋਲੋਂ ਡਰਦੇ ਹਾਂ ਅਤੇ ਪਰਮਾਤਮਾ ਹੀ ਗਰੀਬਾਂ ਵਿਚ ਰਹਿੰਦਾ ਹੈ ਤਾਂ ਫਿਰ ਤੁਹਾਨੂੰ ਗਰੀਬਾਂ ਦੀ ਮਦਦ ਕਰਨੀ ਚਾਹੀਦੀ ਹੈ। ਉਨ੍ਹਾਂ ਨਾਲ ਇੰਸਾਫ ਹੋਣਾ ਚਾਹੀਦਾ ਹੈ।

ਹੁਣ ਮੈਂ ਪੁਲਿਸ ਅਫਸਰਾਂ ਦੀ ਗਲ ਦਸਦਾ ਹਾਂ। ਪੁਲਿਸ ਅਫਸਰ ਜਿਹੜੇ ਹਨ ਉਹ ਸਾਰੇ ਵਡੇ ਵਡੇ ਆਦਮੀ ਹੀ ਲਗੇ ਹੋਏ ਹਨ ਕੋਈ ਹਰੀਜਨ ਨਹੀਂ ਲਗਾ ਹੋਇਆ। ਸਾਡੀ ਪ੍ਰਾਈਮ ਮਨਿਸਟਰ ਨੇ ਵੀ ਕਿਹਾ ਸੀ ਕਿ ਪੁਲਿਸ ਵਿਚ ਹਰੀਜਨਾਂ ਦੀ ਭਰਤੀ ਹੋਣੀ ਚਾਹੀਦੀ ਹੈ। ਜੇ ਇਨ੍ਹਾਂ ਪੁਲਿਸ ਵਿਚ ਕੋਈ ਹਰੀਜਨ ਅਫਸਰ ਨਹੀਂ ਹੁੰਦਾ ਤਾਂ ਉਹ ਗਰੀਬ ਹਰੀਜਨਾਂ ਨਾਲ ਬਹੁਤ ਧੱਕਾ ਕਰਦੇ ਹਨ। ਇਸ ਵਾਸਤੇ ਮੈਂ ਤੁਹਾਨੂੰ ਦਸਦਾ ਹਾਂ ਕਿ ਤੁਹਾਨੂੰ ਖੁਲੇ ਦਿਲ ਨਾਲ ਗਰੀਬ ਹਰੀਜਨਾਂ ਦੀ ਮਦਦ ਕਰਨੀ ਚਾਹੀਦੀ ਹੈ। ਜੇ ਤੁਸੀਂ ਗਰੀਬਾਂ ਦੀ ਮਦਦ ਕਰੋਗੇ ਤਾ ਤੁਹਾਡੇ ਸਾਰੇ ਮਸਲੇ ਠੀਕ ਹੋ ਜਾਣਗੇ। ਤੁਸੀਂ ਉਨ੍ਹਾਂ ਨਾਲ ਜਸਟੀਫੀਕੇਸ਼ਨ ਕਰੋ। ਹੁਣ ਤੁਹਾਡੇ ਹੱਥ ਵਿਚ ਤਾਕਤ ਹੈ. ਸਭ ਕੁਝ ਤੁਸੀਂ ਕਰ ਸਕਦੇ ਹੋ। ਤੁਹਾਡੀ ਆਪਣੀ ਮਰਜ਼ੀ ਹੈ ਇਸ ਵਾਸਤੇ ਤੁਹਾਡੀ ਮੇਹਰਬਾਨੀ ਹੈ ਤੁਸੀਂ ਸਾਡੀ ਮਦਦ ਕਰੋ। ਸਾਨੂੰ ਐਕਸਪਲਾਇਟ ਨਾ ਕਰੋ। ਤੁਹਾਨੂੰ ਕੋਈ ਕੰਮ ਕਰਨ ਵਾਸਤੇ ਦੁਨੀਆਂ ਦੀ ਤਾਕਤ ਨਹੀਂ ਰੋਕ ਸਕਦੀ।

ਫਿਰ ਇਹ ਕਹਿੰਦੇ ਹਨ ਕਿ ਹਰੀਜਨਾਂ ਨੂੰ 5, 5 ਏਕੜ ਜ਼ਮੀਨ ਦਿੱਤੀ ਗਈ ਹੈ। ਭਲਾ ਇਨ੍ਹਾਂ ਨੂੰ ਪੁਛੋ ਕਿ ਉਨ੍ਹਾਂ ਦਾ 5 ਏਕੜ ਨਾਲ ਕੀ ਬਣਨਾ ਹੈ। ਹਰੀਜਨ ਇਕ ਕਮਜ਼ੋਰ ਵਰਗ ਹੈ ਅਤੇ ਇਨ੍ਹਾਂ ਦੀ ਗਿਣਤੀ ਵੀ ਥੋੜੀ ਹੈ ਜੇ ਇਨ੍ਹਾਂ ਨਾਲ ਛੋਟੇ ਛੋਟੇ ਜ਼ਿਮੀਂਦਾਰਾਂ ਨੂੰ ਜਿਨ੍ਹਾਂ ਦੀ 10 ਏਕੜ ਜ਼ਮੀਨ ਹੈ ਵੀ ਮਿਲਾ ਦਿਉ ਤਾਂ ਉਹ ਵੀ ਹਰੀਜਨਾਂ ਨਾਲ ਮਿਲ ਜਾਣਗੇ ਅਤੇ ਫਿਰ ਸਾਡੀ ਗਿਣਤੀ ਵੱਧ ਜਾਵੇਗੀ। ਸਾਡੀ ਤਦਾਦ ਵੱਧ ਜਾਵੇਗੀ ਤਾਂ ਫਿਰ ਨਾ ਇਹ ਅਕਾਲੀ ਰਹਿਣਗੇ ਅਤੇ ਨਾ ਜਨਸੰਘੀ ਰਹਿਣਗੇ। (ਹਾਸਾ)

ਮੈਂ ਤੁਹਾਨੂੰ ਦਸਦਾ ਹਾਂ ਕਿ ਖੋਲਾ ਪਿੰਡ ਗੁਰਦਾਸਪੁਰ ਵਿਚ ਅਸੀਂ 269 ਏਕੜ ਜ਼ਮੀਨ ਲੈ ਲਈ ਹੈ, ਇਸ ਦੇ ਲਈ ਅਸੀਂ ਇਸ ਕਾਰਪੋਰੇਸ਼ਨ ਦੇ ਸ਼ੁਕਰਗੁਜ਼ਾਰ ਹਾਂ।

Original with;
Punjab Vidhan Sabha
Digitized by;
Panjab Digital Library

[ਚੌਧਰੀ ਸੁੰਦਰ ਸਿੰਘ]

ਸਰਦਾਰ ਪ੍ਰਤਾਪ ਸਿੰਘ ਦੇ ਵੇਲੇ ਇਹ ਫੈਸਲਾ ਕੀਤਾ ਗਿਆ ਸੀ ਕਿ 8 ਲੱਖ 64 ਹਜ਼ਾਰ ਏਕੜ ਜ਼ਮੀਨ ਜਿਹੜੀ ਹੈ ਇਹ ਹਰੀਜਨਾਂ ਨੂੰ ਦੇਣੀ ਹੈ । ਇਹ ਇਵੈਕੂਈ ਲੈਂਡ ਹੈ। ਉਸ ਜ਼ਮੀਨ ਦੇ ਉਤੇ ਜਿਹੜੇ ਆਦਮੀ ਆਪਣੀ ਚੌਧਰ ਜਮ੍ਹਾਂ ਕੇ ਬੈਠੇ ਹਨ ਉਨ੍ਹਾਂ ਤੋਂ ਇਹ ਜ਼ਮੀਨ ਖਾਲੀ ਕਰਵਾ ਕੇ ਹਰੀਜਨਾਂ ਨੂੰ ਦੇਣੀ ਚਾਹੀਦੀ ਹੈ । ਉਨ੍ਹਾਂ ਨੂੰ ਜ਼ਮੀਨ ਤੋਂ ਇਸ ਤਰ੍ਹਾਂ ਕਢਣਾ ਚਾਹੀਦਾ ਹੈ ਜਿਸ ਤਰ੍ਹਾਂ ਕਿ 20 ਹਜ਼ਾਰ ਮੁਜ਼ਾਰਿਆਂ ਨੂੰ ਕਢਿਆ ਗਿਆ ਹੈ ।

ਇਕ ਗਲ ਮੈਂ ਹੋਰ ਦਸਦਾ ਹਾਂ ਕਿ ਜਦੋਂ ਦੇ ਸਾਡੇ ਗਿਆਨੀ ਜ਼ੈਲ ਸਿੰਘ ਜੀ ਚੀਫ ਮਨਿਸਟਰ ਬਣੇ ਹਨ ਉਨ੍ਹਾਂ ਨੇ ਉਹ ਕੰਮ ਕੀਤੇ ਹਨ ਜਿਹੜੇ ਕਿ ਕਦੇ ਕਿਸੇ ਵੀ ਵਜ਼ੀਰ ਨੇ ਨਹੀਂ ਸੀ ਕੀਤੇ । ਸਾਨੂੰ ਇਸ ਦੀ ਖੁਸ਼ੀ ਹੈ । (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : * * * *

Mr. Speaker : No point of order.

ਚੌਧਰੀ ਸੁੰਦਰ ਸਿੰਘ : ਹੁਣ ਮੈਂ ਸਰਦਾਰ ਉਮਰਾਓ ਸਿੰਘ ਦੀ ਗਲ ਕਰਨ ਲਗਾ ਹਾਂ । ਇਨ੍ਹਾਂ ਦਾ ਪਤਾ ਹੀ ਨਹੀਂ ਲਗਦਾ ਕਿ ਇਹ ਕਿਸ ਨਾਲ ਚੰਗੇ ਹਨ ਅਤੇ ਕਿਸ ਨਾਲ ਮਾੜੇ ਹਨ ਇਹ ਇਥੇ ਕਹਿ ਦਿੰਦੇ ਹਨ ਕਿ ਰਜਿਸਟ੍ਰੇਸ਼ਨ ਫੀ ਅਤੇ ਸਟੈਂਪ ਫੀ ਮੁਆਫ ਕਰ ਦਿੱਤੀ ਹੈ । ਸਾਡੇ ਐਫ. ਐਮ. ਸਾਹਿਬ ਵੀ ਉਨ੍ਹਾਂ ਦੇ ਨਾਲ ਮਿਲ ਜਾਂਦੇ ਹਨ । ਪਰ ਜਦੋਂ ਅਸੀਂ ਪਤਾ ਕਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਨਾ ਸਟੈਂਪ ਫੀ ਮੁਆਫ ਹੋਈ ਹੈ ਅਤੇ ਨਾ ਹੀ ਰਜਿਸਟ੍ਰੇਸ਼ਨ ਫੀ ਮੁਆਫ ਹੋਈ ਹੈ । ਮੈਂ ਕਹਿੰਦਾ ਹਾਂ ਕਿ ਜਿਹੜੀ ਗਲ ਇਹ ਕਹਿਣ ਉਸ ਤੇ ਇਨ੍ਹਾਂ ਨੂੰ ਅਮਲ ਕਰਨਾ ਚਾਹੀਦਾ ਹੈ। ਜਿਥੇ ਵੀ ਹਰੀਜਨ ਜ਼ਮੀਨ ਲਵੇ ਚਾਹੇ ਉਹ ਕਰਜ਼ੇ ਤੇ ਲਵੇ ਚਾਹੇ ਉਹ ਆਪ ਪੈਸੇ ਦੇ ਕੇ ਲਵੇ ਉਸ ਤੇ ਰਜਿਸਟ੍ਰੇਸ਼ਨ ਫੀ ਅਤੇ ਸਟੈਂਪ ਫੀ ਮੁਆਫ ਹੋਣੀ ਚਾਹੀਦੀ ਹੈ ।

ਇਹ ਇਥੇ ਹਰੀਜਨਾਂ ਦਾ ਬੜਾ ਦਮ ਭਰਦੇ ਹਨ । ਉਨ੍ਹਾਂ ਲਈ ਕੰਮ ਤਾਂ ਕੋਈ ਕਰਦੇ ਨਹੀਂ ਵੈਸੇ ਕਹਿ ਦਿੰਦੇ ਹਨ ਕਿ ਅਸੀਂ ਉਨ੍ਹਾਂ ਲਈ ਇਹ ਕਰ ਦਿੱਤਾ ਹੈ ਉਹ ਕਰ ਦਿਤਾ ਹੈ । ਪਰ ਹੁੰਦਾ ਹੁਆਂਦਾ ਕੁਝ ਵੀ ਨਹੀਂ । ਤੁਸੀਂ ਹਰੀਜਨਾਂ ਨੂੰ 5,5 ਏਕੜ ਜ਼ਮੀਨ ਦਿੰਦੇ ਹੋ ਇਸ ਨਾਲ ਹਰੀਜਨ ਦਾ ਕੀ ਬਣਦਾ ਹੈ । ਹਰੀਜਨਾਂ ਨੂੰ ਵੀ ਦੂਸਰਿਆਂ ਦੇ ਬਰਾਬਰ ਜ਼ਮੀਨ ਦਿਉ, 17 ਏਕੜ ਜ਼ਮੀਨ ਉਨ੍ਹਾਂ ਨੂੰ ਜ਼ਰੂਰ ਦੇਣੀ ਚਾਹੀਦੀ ਹੈ । ਉਹ ਵਿਚਾਰੇ ਹੱਥੀਂ ਵਾਹੀ ਕਰਦੇ ਹਨ । ਆਪ ਮਿਹਨਤ ਕਰਕੇ ਉਸ ਦਾ ਫਾਇਦਾ ਉਠਾਉਂਦੇ ਹਨ । ਉਹ ਆਪ ਕਾਸ਼ਤਕਾਰ ਹਨ । ਮੈਂ ਚੀਫ ਮਨਿਸਟਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਇਹ ਹਰੀਜਨ ਆਪ ਹੱਥੀ ਵਾਹੀ ਕਰਕੇ ਆਪਣਾਂ ਖੂਨ ਪਸੀਨਾ ਵਹਾ ਕੇ ਆਪਣੀ ਜ਼ਮੀਨ ਤੇ ਕੰਮ ਕਰਦਾ ਹੈ । ਸਾਨੂੰ ਆਪਣੇ ਆਪ ਤੇ ਵਿਸ਼ਵਾਸ ਹੈ ਕਿ ਅਸੀਂ ਆਪ ਹੱਥੀਂ ਵਾਹੀ ਕਰਕੇ ਫਸਲ ਜ਼ਿਆਦਾ ਪੈਦਾ ਕਰ ਸਕਦੇ ਹਾਂ । ਇਸ ਵਾਸਤੇ ਮੈਂ ਇਨ੍ਹਾਂ ਨੂੰ ਦਸਦਾ ਹਾਂ ਕਿ ਹਰੀਜਨਾਂ ਨੂੰ ਜ਼ਮੀਨ ਜ਼ਿਆਦਾ ਦੇਣੀ ਚਾਹੀਦੀ ਹੈ ਦੂਜਿਆਂ ਦੇ ਬਰਾਬਰ ਦੇਣੀ ਚਾਹੀਦੀ ਹੈ ।

'ਸਫੀਨਾ ਬਰਗੇ ਗੁਲੋਂ ਕਾ ਬਨਾ ਚੇਤਾ ਹੈ ਮੇਰੇ ਕਾਰਵਾਂ ਕੋ'

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਮੈਂ ਇਨ੍ਹਾਂ ਨੂੰ ਦਸਦਾ ਹਾਂ ਕਿ ਚੀਂਟੀਆਂ ਕੁਝਾਂ ਦੀ ਪਤੀਆਂ ਦੀ ਕਿਸ਼ਤੀ ਬਣਾ ਕੇ ਦਰਿਆ ਪਾਰ ਕਰ ਜਾਂਦੀਆਂ ਹਨ ਪਰ ਜਿਹੜੀ ਭਾਰੀ ਚੀਜ਼ ਹੁੰਦੀ ਹੈ ਉਹ ਦਰਿਆ ਪਾਰ ਨਹੀਂ ਕਰ ਸਕਦੀ ।

'ਹੌਲੇ ਹੌਲੇ ਤਰ ਜਾਣਗੇ ਅਤੇ ਡੁਬ ਜਾਣਗੇ ਭਾਰੇ ਸਿਰ ਵਾਲੇ'

ਜਿਹੜੇ ਥੋੜੇ ਵਿਚ ਗੁਜ਼ਾਰਾ ਕਰਦੇ ਹਨ ਆਪਣੀ ਹੱਥੀਂ ਵਾਹੀ ਕਰਦੇ ਹਨ ਉਹ ਹੀ ਤਰੱਕੀ ਕਰ ਸਕਦੇ ਹਨ ਅਤੇ ਜਿਹੜੇ ਇਹ ਵਡੇ ਵਡੇ ਸਰਮਾਏਦਾਰ ਬੈਠੇ ਹਨ ਇਨ੍ਹਾਂ ਨੇ ਤਰੱਕੀ ਨਹੀਂ ਹੋਣ ਦੇਣੀ । ਇਸ ਵਾਸਤੇ ਮੈਂ ਇਨ੍ਹਾਂ ਨੂੰ ਕਹਾਂਗਾ ਕਿ ਇਨ੍ਹਾਂ ਨੂੰ ਹਰੀਜਨਾਂ ਨਾਲ ਜਸਟੀਫੀਕੇਸ਼ਨ ਕਰਨੀ ਚਾਹੀਦੀ ਹੈ ।

ਮੈਂ ਇਕ ਹੋਰ ਗਲ ਵੀ ਦਸਣਾ ਚਾਹੁੰਦਾ ਹਾਂ ਕਿ ਸਰਦਾਰ ਪ੍ਰਤਾਪ ਸਿੰਘ ਦੇ ਵੇਲੇ ਇਹ ਫੈਸਲਾ ਹੋਇਆ ਸੀ ਕਿ ਸਾਰੇ ਦੇ ਸਾਰੇ ਟੈਂਪੂ ਹਰੀਜਨਾਂ ਨੂੰ ਮਿਲਣਗੇ । ਪਰ ਉਨ੍ਹਾਂ ਨੂੰ ਹੁਣ ਤਕ ਨਹੀਂ ਮਿਲ ਸਕੇ । ਉਹ ਟੈਂਪੂ ਹੋਰ ਹੀ ਲੈ ਗਏ ਹਨ । (ਘੰਟੀ)

ਸ਼੍ਰੀ ਸਪੀਕਰ : ਤੁਸੀਂ ਤਸ਼ਰੀਫ ਰਖੋ । (Please resume your seat now.)

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਸਾਡਾ ਟਾਈਮ ਵੀ ਇਨ੍ਹਾਂ ਨੂੰ ਦੇ ਦਿਓ । ਇਨ੍ਹਾਂ ਨੂੰ ਖੁਲ੍ਹਾ ਟਾਈਮ ਦਿਓ ।

ਚੌਧਰੀ ਸੁੰਦਰ ਸਿੰਘ : ਫਿਰ, ਸਪੀਕਰ ਸਾਹਿਬ, ਇੰਡਸਟਰੀਜ਼ ਵਿਚ ਵੀ ਸਾਡਾ ਕੋਈ ਹਿਸਾ ਨਹੀਂ ਹੈ । ਤੁਹਾਨੂੰ ਚਾਹੀਦਾ ਹੈ ਕਿ ਇਨ੍ਹਾਂ ਇੰਡਸਟਰੀਜ਼ ਵਿਚ ਹਰੀਜਨਾਂ ਨੂੰ ਹਿੱਸਾ ਦਿਵਾਓ । (ਘੰਟੀ)

ਫਿਰ ਟ੍ਰਾਂਸਪੋਰਟ ਵਿਚ ਸਾਨੂੰ ਕੋਈ ਹਿੱਸਾ ਨਹੀਂ ਮਿਲਿਆ । ਜਿਹੜੇ ਵਡੇ ਵਡੇ ਟ੍ਰਾਂਸਪੋਰਟਰਜ਼ ਹਨ ਉਹ ਕਮਾਈ ਕਰੀ ਜਾਂਦੇ ਹਨ ਉਨ੍ਹਾਂ ਨੂੰ ਹੀ ਇਹ ਰੂਟ ਵੀ ਦੇ ਰਹੇ ਹਨ ਪਰ ਸਾਨੂੰ ਕੋਈ ਰੂਟ ਨਹੀਂ ਦਿਤੇ ਜਾਂਦੇ । ਇਸ ਤਰ੍ਹਾਂ ਨਾਲ ਹਰੀਜਨ ਉੱਚਾ ਨਹੀਂ ਉਠ ਸਕਦੇ । ਤੁਹਾਨੂੰ ਚਾਹੀਦਾ ਹੈ ਕਿ ਹਰੀਜਨਾਂ ਨੂੰ ਵੀ ਟ੍ਰਾਂਸਪੋਰਟ ਵਿਚ ਹਿੱਸਾ ਦੇ ਕੇ ਇਨ੍ਹਾਂ ਨੂੰ ਰੂਟ ਦੇਵੋ ।

ਪੁਲਿਸ ਡਿਪਾਰਟਮੈਂਟ ਦਾ ਮੈਨੂੰ ਪਤਾ ਹੈ ਕਿ ਪੁਲਿਸ ਵਿਚ ਸਾਡੀ ਕੋਈ ਭਰਤੀ ਨਹੀਂ ਹੈ । ਜਿਹੜੇ ਪੁਲਿਸ ਵਿਚ ਹਰੀਜਨ ਹਨ ਵੀ ਤਾਂ ਉਹ ਆਪਣੇ ਆਪ ਨੂੰ ਦਸਦੇ ਨਹੀਂ ਕਿ ਅਸੀਂ ਹਰੀਜਨ ਹਾਂ, ਨਹੀਂ ਤਾਂ ਉਨ੍ਹਾਂ ਦੀ ਸਾਲਾਨਾ ਰਿਪੋਰਟ ਖਰਾਬ ਕਰ ਦਿੰਦੇ ਹਨ । ਜਦ ਨਵੀਂ ਭਰਤੀ ਕਢਨੀ ਹੁੰਦੀ ਹੈ ਤਾਂ ਉਸ ਵਿਚ ਹਰੀਜਨਾਂ ਨੂੰ ਇਗਨੋਰ ਕੀਤਾ ਜਾਂਦਾ ਹੈ । ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਤੁਹਾਡੀ ਮੇਹਰਬਾਨੀ ਹੈ, ਕਿ ਤੁਹਾਡੇ ਹੱਥ ਵਿਚ ਤਾਕਤ ਹੈ ਤੁਸੀਂ ਜੋ ਚਾਹੋ ਕਰ ਸਕਦੇ ਹੋ ਇਸ ਵਾਸਤੇ ਹਰੀਜਨਾਂ, ਗਰੀਬਾਂ ਦਾ ਵੀ ਭਲਾ ਕਰੋ । ਉਨ੍ਹਾਂ ਨੂੰ ਪੁਲਿਸ ਵਿਚ ਭਰਤੀ ਕਰੋ । ਮੈਂ ਭਾਂ ਫਿਰ ਕਹਾਂਗਾ ਕਿ ਤੁਸੀਂ ਪਰਮਾਤਮਾ ਨੂੰ ਮੰਨਣ ਵਾਲੇ ਹੋ, ਪਰਮਾਤਮਾ ਵਿਚ ਵਿਸ਼ਵਾਸ ਰਖਦੇ ਹੋ ਉਸ ਕੋਲੋਂ ਡਰਦੇ ਹੋ ਭਾਂ ਹਰੀਜਨਾਂ, ਗਰੀਬਾਂ ਨੂੰ ਵੀ ਫਾਇਦਾ ਦੇਵੋ । ਤੁਹਾਡੀ ਬੜੀ ਮੇਹਰਬਾਨੀ ਹੋਵੇਗੀ ।

Original with;
Punjab Vidhan Sabha
Digitized by;
Panjab Digital Library

[ਚੌਧਰੀ ਸੁੰਦਰ ਸਿੰਘ]

ਬਾਕੀ ਰਹਿ ਗਈ ਗਲ ਸੈਸ਼ਨ ਜਜਾਂ ਦੇ ਲਾਉਣ ਦੀ, ਵੇਖੋ ਸਾਡਾ ਕੋਈ ਵੀ ਨਹੀਂ ਬਣਾਇਆ । ਇਹਦੇ ਬਾਰੇ ਤਾਂ ਸਾਨੂੰ ਉਤੇ ਹੀ ਜਾਕੇ ਮਿਲਣਾ ਪੈਣਾ ਹੈ । ਵੇਖੋ ਅਸੀਂ ਤਾਂ ਰਾਈਕੋਰਡ ਵਾਲਿਆਂ ਦੀਆਂ ਗਲਾਂ ਫਟ ਮੰਨ ਲੈਂਦੇ ਹਾਂ, ਉਹ ਸਾਡੀ ਗਲ ਕਿਉਂ ਨਹੀਂ ਮੰਨਦੇ ? ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਿੰਦਾ ਹਾਂ ਕਿ ਤੁਹਾਨੂੰ ਤਕੜੇ ਹੋਕੇ ਇਸ ਮੁਆਮਲੇ ਦੇ ਪਿਛੇ ਪੈ ਜਾਣਾ ਚਾਹੀਦਾ ਹੈ । ਮੈਂ ਤਾਂ ਇਹੋ ਕਹਾਂਗਾ ਕਿ ਬਹੁਤੀਆਂ ਗਲਾਂ ਕਰਨ ਦੀ ਜ਼ਰੂਰਤ ਨਹੀਂ, ਜੇ ਤੁਸੀਂ ਨੈਕ ਨੀਅਤੀ ਰਖਣੀ ਹੈ ਤਾਂ ਸਾਡੇ ਲੋਕਾਂ ਨੂੰ ਰਿਜ਼ਰਵੇਸ਼ਨ ਵਿਚੋਂ ਪਰਮੋਸ਼ਨ ਦਿੱਤੀ ਜਾਵੇ । ਪਰ ਹੁੰਦਾ ਕੀ ਹੈ ? ਹੁਕਮ ਤਾਂ ਬਹੁਤ ਕਰ ਦੇਂਦੇ ਹਨ ਪਰ ਉਸ ਤੇ ਅਮਲ ਕੋਈ ਕਦੇ ਨਹੀਂ ਕਰਦਾ । ਇਸ ਤਰ੍ਹਾਂ ਕਾਨੂੰਨੀ ਤੌਰ ਤੇ ਰਿਪੋਰਟ ਪੇਸ਼ ਕਰ ਦਿਤੀ, ਠੀਕ ਹੈ ਪਰ ਇਸ ਤਰ੍ਹਾਂ ਕਿਸੇ ਨੂੰ ਕੋਈ ਹੱਕ ਨਹੀਂ ਮਿਲਣੇ ਜਿਤਨਾ ਚਿਰ ਕੋਈ ਅਮਲੀ ਕਾਰਵਾਈ ਨਾ ਕੀਤੀ ਜਾਵੇ । (ਸ਼ੋਰ) ਤੁਹਾਨੂੰ ਹਮੇਸ਼ਾ ਹਰੀਜਨਾਂ ਦਾ ਭਲਾ ਸੋਚਣਾ ਚਾਹੀਦਾ ਹੈ, ਜਿਹੜਾ ਆਦਮੀ ਤੁਹਾਡੇ ਖਿਲਾਫ ਹਰੀਜਨਾਂ ਦੀ ਇਧਰਲੀ ਉਧਰਲੀ ਗਲ ਕਰਦਾ ਹੈ ਤੁਸੀਂ ਉਸ ਨੂੰ ਪੈ ਕਿਉਂ ਨਹੀਂ ਜਾਂਦੇ ? (ਹਾਸਾ) ਇਕ ਵਾਰੀ ਉਸ ਨੂੰ ਝਾੜ ਦੇਣਾ ਚਾਹੀਦਾ ਹੈ ਚੀਫ ਮਨਿਸਟਰ ਸਾਹਿਬ ਸਾਡੇ ਸਾਹਮਣੇ ਫੇਰ ਭਾਵੇਂ ਤੁਸੀਂ ਉਸ ਨੂੰ ਮੰਨਾ ਲਿਆ ਕਰੋ । ਇਕ ਵਾਰੀ ਸਾਡੇ ਸਾਹਮਣੇ ਕੁਝ ਕਹਿ ਦਿਆ ਕਰੋ । ਮੈਂ ਗੁਜ਼ਾਰਿਸ਼ ਕਰਦਾ ਹਾਂ ਕਿ ਮੇਰੇ ਹਲਕੇ ਵਿਚ ਹਰੀਜਨਾਂ ਨੂੰ ਪੈਸੇ ਦੇਣੇ ਚਾਹੀਦੇ ਹਨ, ਉਨ੍ਹਾਂ ਨੂੰ ਹੁਣ ਤੱਕ ਲਾਰਿਆਂ ਵਿਚ ਹੀ ਰਖਿਆ ਹੈ । ਕਵੇ ਕਹਿੰਦੇ ਹਨ ਕਿ 20 ਕਰੋੜ ਦਿਆਂਗੇ, ਕਦੇ ਕੁਝ ਕਹਿ ਦਿੰਦੇ ਹਨ ਪਰ ਹੁੰਦਾ ਕੁਝ ਨਹੀਂ । ਜੋ ਕੰਮ ਵੀ ਭਲਾਈ ਦੇ ਕਰਨੇ ਹਨ ਉਹ ਹੋਣੇ ਚਾਹੀਦੇ ਹਨ ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ।

ਕਾਮਰੇਡ ਦਾਨਾ ਰਾਮ (ਲੰਬੀ, ਐਸ. ਸੀ.) : ਸਪੀਕਰ ਸਾਹਿਬ, ਇਸ ਵੇਲੇ ਕਾਰਪੋਰੇਸ਼ਨ ਦੀ ਰਿਪੋਰਟ ਪੇਸ਼ ਹੈ ਪਰ ਜਿਸ ਢੰਗ ਨਾਲ ਕਾਰਪੋਰੇਸ਼ਨ ਚਲਦੀ ਹੈ, ਜਿਹੜੀ ਕਿ ਹਰੀਜਨਾਂ ਦੀ ਬੇਹਤਰੀ ਦੇ ਲਈ ਬਣਾਈ ਗਈ ਸੀ, ਇਸ ਤੋਂ ਕਿਸੇ ਨੂੰ ਕੋਈ ਫਾਇਦਾ ਨਹੀਂ ਹੋਇਆ ਕਿਉਂਕਿ ਇਸ ਦੇ ਵਿਚ ਜਿਹੜੇ ਕੰਮ ਕਰਨ ਵਾਲੇ ਬੰਦੇ ਹਨ ਉਹ ਚੰਗੇ ਨਹੀਂ ਹਨ । ਮੈਂ ਅਰਜ਼ ਕਰਾਂ ਕਿ ਇਹ ਕਾਰਪੋਰੇਸ਼ਨ ਵਡੇ ਵਡੇ ਸ਼ਹਿਰਾਂ ਵਿਚ ਹੀ ਰਹਿੰਦੀ ਹੈ ਜਿਹੜੇ ਸਾਡੇ ਬਾਰਡਰ ਦੇ ਇਲਾਕੇ ਹਨ ਉਥੇ ਤੱਕ ਜਾਂਦੀ ਹੀ ਨਹੀਂ । ਇਕ ਤਾਂ ਮੇਰਾ ਇਹ ਸੁਝਾਉ ਹੈ ਕਿ ਬਾਰਡਰ ਦੇ ਪਾਸੇ ਜਿਤਨਾ ਵੀ ਵੱਧ ਤੋਂ ਵੱਧ ਪੈਸਾ ਵੰਡਿਆ ਜਾਵੇ ਉਤਨਾ ਹੀ ਥੋੜਾ ਹੈ । ਹਰ ਸਾਲ ਇਹ ਪੈਸਾ ਵੰਡਦੇ ਹਨ ਪਰ ਸਾਡੇ ਇਲਾਕੇ ਦਾ ਕੋਈ ਖਿਆਲ ਨਹੀਂ ਕੀਤਾ ਜਾਂਦਾ । ਦਰਖਾਸਤਾਂ ਇਤਨੀਆਂ ਆਉਂਦੀਆਂ ਹਨ ਜਿਹੜੀਆਂ ਫਾਜ਼ਿਲਕਾ ਤੋਂ ਚਲਦੀਆਂ ਹਨ ਅਤੇ ਚੰਡੀਗੜ੍ਹ ਪਹੁੰਚ ਜਾਂਦੀਆਂ ਹਨ ਪਰ ਕੋਈ ਇਮਦਾਦ ਨਹੀਂ ਕੀਤੀ ਜਾਂਦੀ । ਇਕ ਮੇਰਾ ਸੁਝਾਉ ਇਹ ਹੈ ਕਿ 10 ਹਜ਼ਾਰ ਰੁਪਏ ਤੋਂ ਵੱਧ ਕਿਸੇ ਨੂੰ ਪੈਸਾ ਨਹੀਂ ਦੇਣਾ ਚਾਹੀਦਾ । ਥੋੜੇ ਚਿਰ ਵਿਚ ਇਹ ਪੈਸਾ ਦਿਤਾ ਜਾਵੇ ਅਤੇ ਉਨ੍ਹਾਂ ਲੋਕਾਂ ਨੂੰ ਦੇਣਾ ਚਾਹੀਦਾ ਜਿਹੜੇ ਬੇ ਜ਼ਮੀਨੇ ਹਨ ਜਾਂ ਉਹ ਮੁਜ਼ਾਰੇ ਜਿਹੜੇ ਉਜੜ ਕੇ ਆਏ ਹਨ, ਇਨ੍ਹਾਂ ਲੋਕਾਂ ਦੀ ਤਰੱਕੀ ਵਾਸਤੇ ਪੈਸਾ ਦੇਣਾ ਚਾਹੀਦਾ ਹੈ । ਇਹ ਪਹਿਲਾਂ ਕਹਿੰਦੇ ਸਨ ਹਰੀਜਨਾਂ ਦੇ ਲਈ 5 ਕਰੋੜ ਰੁਪਿਆ ਰਖਿਆ ਹੈ ਪਰ ਇਹ ਬਹੁਤ ਹੀ ਘੱਟ ਹੈ । ਇਹ ਘੱਟ ਤੋਂ ਘੱਟ 10 ਕਰੋੜ ਹੋਣਾ ਚਾਹੀਦਾ ਹੈ । ਜਦੋਂ ਖਾਲਸਾ ਜੀ ਵਜ਼ੀਰ ਸਨ ਉਦੋਂ 3 ਹਜ਼ਾਰ ਰੁਪਿਆ ਹਰੀਜਨਾਂ ਨੂੰ ਮਕਾਨ ਵਾਸਤੇ ਦਿੰਦੇ ਸਨ ਹੁਣ ਇਹ 5 ਹਜ਼ਾਰ ਹੋਣਾ ਚਾਹੀਦਾ ਹੈ । ਇਕ ਬੇਨਤੀ ਮੈਂ ਹੋਰ ਕਰਾਂ ਕਿ ਪਿੰਡ

Original with;
Punjab Vidhan Sabha
Digitized by;
Panjab Digital Library

ਸੇਰੋਵਾਲ, ਗਾਧੜਾਂ ਅਤੇ ਲੰਬੀ ਪਿੰਡਾਂ ਦੇ ਖੇਤ ਮਜ਼ਦੂਰਾਂ ਨੂੰ ਸਰਕਾਰ ਕਹਿੰਦੀ ਹੈ 6.50 ਰੁਪਏ ਦਿਉ ਪਰ ਉਹ 7.00 ਰੁਪਏ ਮੰਗਦੇ ਹਨ। ਇਨ੍ਹਾਂ ਵਿਚਾਲੇ ਪੈ ਕੇ ਇਹ ਝਗੜਾ ਖਤਮ ਕਰਾਉਣਾ ਚਾਹੀਦਾ ਹੈ, ਇਹ ਸਿਰਫ਼ ਇਕ ਅਨਾਨੀ ਦੀ ਗਲ ਹੈ। ਇਹ ਜ਼ਿਮੀਂਦਾਰਾ ਤੇ ਮੁਜ਼ਾਰਿਆਂ ਦਾ ਝਗੜਾ ਖਤਮ ਹੋਣਾ ਚਾਹੀਦਾ ਹੈ। ਬੀ. ਡੀ. ਓ. ਜਾਂ ਐਸ. ਡੀ. ਓ. ਉਨ੍ਹਾਂ ਦਾ ਝਗੜਾ ਹੁਣ ਤੱਕ ਨਬੇੜ ਨਹੀਂ ਸਕੇ। ਸਰਕਾਰ ਚਾਹੇ ਕਾਂਗਰਸ ਦੀ ਹੋਵੇ, ਚਾਹੇ ਅਕਾਲੀਆਂ ਦੀ ਇਹ ਸਿਲਸਲਾ ਇਸੇ ਤਰ੍ਹਾਂ ਦਾ ਚਲਿਆ ਆ ਰਿਹਾ ਹੈ। ਬਾਦਲ ਸਾਹਿਬ ਦੇ ਆਪਣੇ ਪਿੰਡ ਦਾ ਝਗੜਾ ਹੈ ਕਿ ਉਨ੍ਹਾਂ ਦਾ ਚਾਚਾ ਕਿਉਂਕਿ ਚੁਗਾਈ ਨਹੀਂ ਸੀ ਦਿੰਦਾ ਉਹ ਖੇਤ ਹੁਣ ਤੱਕ ਉਵੇਂ ਹੀ ਪਿਆ ਹੈ। ਗਰੀਬਾਂ ਨੂੰ ਖਰਾਬ ਕੀਤਾ ਜਾਂਦਾ ਹੈ ਉਨ੍ਹਾਂ ਦੀ ਮਜ਼ਦੂਰੀ ਨਹੀਂ ਦਿੱਤੀ ਜਾਂਦੀ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪਦਾ ਧੰਨਵਾਦ ਕਰਦਾ ਹਾਂ।

ਚੌਧਰੀ ਜਗਤ ਰਾਮ (ਬੰਗਾ, ਐਸ. ਸੀ.) : ਸਪੀਕਰ ਸਾਹਿਬ, ਜਿਹੜੀ ਕਾਰਪੋਰੇਸ਼ਨ ਦੇ ਬਾਰੇ ਰਿਪੋਰਟ 1971-72 ਅੱਜ ਸਾਡੇ ਸਾਹਮਣੇ ਪੇਸ਼ ਹੈ, ਇਹ ਪੁਰਾਣੀ ਸਰਕਾਰ ਜਿਹੜੀ ਅੱਜ ਸਾਡੇ ਸਾਹਮਣੇ ਬੈਠੀ ਹੈ ਉਨ੍ਹਾਂ ਦੇ ਵਕਤ ਦੀ ਹੈ। ਪਰ ਇਕ ਗੱਲ ਮੈਂ ਜ਼ਰੂਰ ਕਹਾਂਗਾ ਕਿ ਜਿਹੜਾ ਸਾਡਾ ਪੁਰਾਣਾ ਸਮਾਜਕ ਢਾਚਾ ਹੈ ਉਨ੍ਹਾਂ ਨੇ ਇਸ ਅੰਗ ਨੂੰ ਬਹੁਤ ਹੀ ਬੁਰੀ ਤਰ੍ਹਾਂ ਲਤਾੜਿਆ ਹੈ। ਬਾਵਜੂਦ ਇਸ ਦੇ ਕਿ ਇਸ ਕੌਮ ਨੇ ਸਭ ਕੁਝ ਇਸ ਮੁਲਕ ਦੇ ਲਈ ਕੀਤਾ ਹੈ। ਇਨ੍ਹਾਂ ਨੇ ਸੋਸ਼ਲ ਐਜੂਕੇਸ਼ਨ ਨੂੰ ਵੀ ਇਸ ਕੌਮ ਵਿਚੋਂ ਹਰ ਢੰਗ ਨਾਲ ਖਤਮ ਕਰਨ ਦੀ ਕੋਸਿਸ਼ ਕੀਤੀ ਹੈ। ਇਸ ਦੇਸ਼ ਦੇ ਅੰਦਰ ਵਡੇ ਵਡੇ ਅਵਤਾਰ ਅਤੇ ਰਿਸ਼ੀ ਮੁਨੀ ਹੋਏ, ਸਾਰਿਆਂ ਨੇ ਨੀਚ ਜਾਤੀ ਨੂੰ ਉਚਾ ਚੁਕਣ ਲਈ ਕਿਹਾ। ਸ਼ਾਸਤਰਾਂ ਵਿਚ ਵੀ ਇਸ ਤਰ੍ਹਾਂ ਦੀਆਂ ਗੱਲਾਂ ਆਉਂਦੀਆਂ ਹਨ। ਏਥੋਂ ਤੱਕ ਕਿ ਜਦੋਂ ਰਾਮ ਜੀ, ਅਵਤਾਰ ਨੇ, ਭੀਲਣੀ ਦੀ ਕੁਟੀਆ ਵਿਚ ਚਰਨ ਪਾਏ ਉਸ ਦੇ ਜੂਠੇ ਬੇਰ ਖਾਦੇ ਪਰ ਉਸ ਮਾਤਾ ਦਾ ਦੁਧ ਚੁੰਘਣ ਵਾਲਾ ਬਾਲਕ ਹੁਣ ਤੱਕ ਬਾਲਮੀਕ ਹੀ ਰਿਹਾ। ਕਾਂਗਰਸ ਸਰਕਾਰ ਨੇ ਆਜ਼ਾਦੀ ਹਾਸਲ ਕਰਨ ਸਾਰ ਹੀ ਫੈਸਲਾ ਕਰ ਲਿਆ ਕਿ ਹਰੀਜਨ ਅਤੇ ਦੂਸਰੀਆਂ ਜ਼ਾਤਾਂ ਵਿਚ ਕੋਈ ਫਰਕ ਨਹੀਂ ਰਹਿ ਸਕਦਾ ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਨੇ ਰੰਗਰੇਟੇ ਗੁਰੂ ਕੇ ਬੇਟੇ ਕਹਿਕੇ ਇਕ ਸ਼ੂਦਰ ਜਾਤੀ ਦੇ ਆਦਮੀ ਨੂੰ ਆਪਣੀ ਛਾਤੀ ਨਾਲ ਲਾਇਆ ਸੀ। ਇਸੇ ਤਰ੍ਹਾਂ ਹਰੀਜਨਾਂ ਨੂੰ ਕਾਂਗਰਸ ਸਰਕਾਰ ਨੇ ਲਾਇਆ।

ਸੋ, ਇਸ ਕਰਕੇ ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਰੁਪਿਆ ਕਾਰਪੋਰੇਸ਼ਨ ਲਈ ਰਖਿਆ ਗਿਆ ਇਹ ਬੜਾ ਘੱਟ ਰਖਿਆ ਗਿਆ ਹੈ। ਇਹ ਬਹੁਤ ਥੋੜਾ ਹੈ ਅਤੇ ਇਸ ਦੀ ਬਜਾਏ ਇਹ ਰੁਪਿਆ ਕਾਫੀ ਜ਼ਿਆਦਾ ਚਾਹੀਦਾ ਹੈ। ਲੇਕਿਨ ਇਕ ਦੋਸਤ ਨੇ ਕਿਹਾ ਹੈ ਕਿ ਇਲਮ ਜਿਹੜਾ ਹੈ ਅਮਲ ਤੋਂ ਬਗੈਰ ਕਿਸੇ ਕੰਮ ਨਹੀਂ (ਵਿਘਨ) ਜੇ ਅਮਲ ਨਹੀਂ ਕਰਾਂਗੇ ਤਾਂ ਬਿਲਕੁਲ ਕੁਝ ਨਹੀਂ ਕਰ ਸਕਦੇ। ਸਪੀਕਰ ਸਾਹਿਬ, ਸਾਡੇ ਦੋ ਡਿੰਨ ਚੀਜ਼ਾਂ ਦਾ ਘਾਟਾ ਹੈ। ਉਸ ਕਾਨੂੰਨ ਵਿਚ ਕਾਰਪੋਰੇਸ਼ਨ ਬਾਰੇ ਉਹਦੇ ਵਿਚ ਇਕ ਚੀਜ਼ ਹੈ ਕਿ ਜਿਸ ਬੰਦੇ ਨੇ ਲੋਨ ਲੈਣਾ ਹੈ ਥੋੜਾ ਜਿਹਾ ਜ਼ਰੂਰ ਪੁਛਿਆ ਜਾਵੇ ਕਿ ਤੇਨੂੰ ਕੁਝ ਐਕਸਪੀਰੀਐਂਸ ਹੈ। ਇਸ ਦੇਸ਼ ਦੇ ਬੰਦੇ, ਜੇ ਸਾਡੇ ਪੱਲੇ ਕੁਝ ਨਾ ਹੋਵੇ ਤਾਂ ਸਾਨੂੰ ਕਹਿੰਦੇ ਹਨ ਕਿ ਇਹ ਗਰੀਬ ਹਨ ਵਿਚਾਰੇ। ਇਕ ਗੱਲ ਯਾਦ ਆਈ ਜਦੋਂ ਸਾਡੇ ਦੇਸ਼ ਦੀ ਪਾਕਿਸਤਾਨ ਨਾਲ ਲੜਾਈ ਹੋਣ ਵਾਲੀ ਸੀ ਅਤੇ ਪਾਕਿਸਤਾਨ ਸਾਨੂੰ ਅੱਖਾਂ ਦਿਖਾ ਰਿਹਾ ਸੀ ਉਸ ਵੇਲੇ ਬਾਬੂ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਤ ਰਾਮ]

ਜਗਜੀਵਨ ਰਾਮ ਨੇ ਜਲੰਧਰ ਵਿਚ ਲੈਕਚਰ ਕੀਤਾ ਸੀ। ਉਨ੍ਹਾਂ ਨੇ ਕਿਹਾ ਸੀ ਕਿ ਪਾਕਿਸਤਾਨ ਨੇ ਜੇ ਸ਼ਰਾਰਤ ਕੀਤੀ ਤਾਂ ਲੜਾਈ ਪਾਕਿਸਤਾਨ ਦੀ ਧਰਤੀ ਤੇ ਲੜੀ ਜਾਏਗੀ। ਲੜਾਈ ਜਦੋਂ ਖਤਮ ਹੋਈ ਉਹ ਫਿਰ ਉਥੇ ਆਏ ਅਤੇ ਬਾਬੂ ਜਗਜੀਵਨ ਰਾਮ ਜੀ ਨੇ ਕਿਹਾ ਕਿ ਜੇ ਸਾਡੀ ਲੜਾਈ (ਘੰਟੀ) ਵਿਚ ਬਦਕਿਸਮਤੀ ਨਾਲ ਅਸੀਂ ਲੋਕ ਲੜਾਈ ਵਿਚ ਹਾਰ ਜਾਂਦੇ ਤਾਂ ਧਰਮ ਦੇ ਠੇਕੇਦਾਰਾਂ ਨੇ ਪਤਾ ਕੀ ਕਹਿਣਾ ਸੀ ਉਨ੍ਹਾਂ ਨੇ ਬਾਬੂ ਜਗਜੀਵਨ ਰਾਮ ਨਹੀਂ ਸੀ ਕਹਿਣਾ ਬਲਕਿ ਉਨ੍ਹਾਂ ਨੇ**ਕਹਿਣਾ ਸੀ। ਉਨ੍ਹਾਂ ਨੇ ਇਹ ਵੀ ਕਹਿਣਾ ਸੀ ਕਿ ਇਹਦੇ ਹੁੰਦੇ ਸਾਨੂੰ ਹਾਰ ਨਾ ਹੁੰਦੀ ਤਾਂ ਹੋਰ ਕੀ ਜਾਣਾ ਸੀ। ਜੇ ਇਨ੍ਹਾਂ ਦੀ ਬਜਾਏ ਕੋਈ ਹੋਰ ਡਿਫੈਂਸ ਮਨਿਸਟਰ ਹੁੰਦਾ ਤਾਂ ਫੇਰ ਇਹ ਗੱਲਾਂ ਨਹੀਂ ਸੀ ਹੋਣੀਆਂ। (ਵਿਘਨ)

ਸ਼੍ਰੀ ਪਿਆਰਾ ਰਾਮ ਧੰਨੋਵਾਲੀ : ਆਨ ਏ ਪੁਆਇੰਟ ਆਫ ਆਰਡਰ, ਸਰ। ਚੌਧਰੀ ਜਗਤ ਰਾਮ ਨੇ ਬੋਲਦਿਆਂ ਬੋਲਦਿਆਂ * * * ਆਖਿਆ ਹੈ। ਇਹ ਕਾਰਵਾਈ ਤੋਂ ਕੱਢ ਦੇਣਾ ਚਾਹੀਦਾ ਹੈ।

ਸ਼੍ਰੀ ਸਪੀਕਰ : ਡਿਫੈਂਸ ਮਨਿਸਟਰ ਆਫ ਇੰਡੀਆ ਵਾਸਤੇ ਇਹ ਸ਼ਬਦ * * * ਦੇ ਠੀਕ ਨਹੀਂ ਹਨ ਅਤੇ ਇਨ੍ਹਾਂ ਨੂੰ ਕਾਰਵਾਈ ਵਿਚੋਂ ਐਕਸਪੰਜ ਕਰ ਦੇਣਾ ਚਾਹੀਦਾ ਹੈ। (It is not proper to use words * * for the Defence Minister of India. Therefore, these words should be expunged from the proceedings of the House.)

ਚੌਧਰੀ ਜਗਤ ਰਾਮ : ਉਹਦਾ ਤਜਰਬਾ ਸਰਟੀਫੀਕੇਟ ਸਾਡੇ ਕੋਲੋਂ ਮੰਗਿਆ ਜਾਂਦਾ ਹੈ। ਮੈਂ ਉਦਾਹਰਣ ਦਿਤੀ ਸੀ ਕਿ ਅਗਰ ਤਜਰਬਾ ਸਾਡੇ ਕੋਲੋਂ ਲੈਣਾ ਹੈ ਤਾਂ ਅਸੀਂ ਦੁਹਮਟ ਨਾਲ ਰੰਡੀ ਕੁਟਦੇ ਪਏ ਹਾਂ ਇੰਡਸਟਰੀ ਲਈ ਪੈਸੇ ਦਿਉ। ਇਸ ਪਾਸੇ ਵੱਧ ਤੋਂ ਵੱਧ ਪੈਸੇ ਦਿਤੇ ਜਾਣੇ ਚਾਹੀਦੇ ਹਨ। ਹਰ ਕੰਮ ਵਿਚ ਇਨ੍ਹਾਂ ਲੋਕਾਂ ਨੂੰ ਮਾਰ ਪੈਂਦੀ ਹੈ। ਸਪੀਕਰ ਸਾਹਿਬ ਕਲਾਸ-1 ਅਤੇ ਕਲਾਸ-2 ਵਿਚ ਜਿਹੜੇ ਅਫਸਰ ਸਾਡੇ ਲਗਾਏ ਹੋਏ ਹਨ ਉਹ ਮੈਜਾਰਿਟੀ ਵਿਚ ਕਾਮਯਾਬ ਹਨ (ਘੰਟੀ) ਤੁਸੀਂ ਵੀ ਮਜਬੂਰ ਹੋ ਪੰਜ ਪੰਜ ਮਿੰਟ ਲਈ ਸਾਰਿਆਂ ਨੇ ਬੋਲਣਾ ਹੈ ਪਰ ਮੇਰੀ ਬੇਨਤੀ ਹੈ ਕਿ ਮੈਨੂੰ ਖੁਲ੍ਹ ਕੇ ਬੋਲ ਲੈਣ ਦਿਉ। 75 % ਅਫਸਰਾਂ ਦੀ ਤਾਂ ਕੋਈ ਗੱਲ ਨਹੀਂ ਕੀਤੀ ਜਾਂਦੀ ਪਰ 25% ਦਾ ਕਿੰਨਾ ਰੌਲਾ ਪੈ ਜਾਂਦਾ ਹੈ। ਰਿਜ਼ਰਵੇਸ਼ਨ ਹੈ ਕਦੋਂ ਨਹੀਂ ਸੀ? ਜਦੋਂ ਦੀ ਦੁਨੀਆਂ ਬਣੀ ਹੈ ਉਦੋਂ ਦੀ ਰਿਜ਼ਰਵੇਸ਼ਨ ਚਲੀ ਆ ਰਹੀ ਹੈ। (ਵਿਘਨ)

EXTENSION OF TIME OF THE SITTING OF THE HOUSE.

ਸ਼੍ਰੀ ਸਪੀਕਰ : 9.00 ਵਜਣ ਵਾਲੇ ਹਨ ਜੇ ਹਾਊਸ ਦੀ ਮਰਜ਼ੀ ਹੋਵੇ ਤਾਂ ਅੱਧਾ ਘੰਟਾ ਸਮਾਂ ਹਾਊਸ ਦਾ ਹੋਰ ਵਧਾ ਦਿਤਾ ਜਾਵੇ। (It is nearly 9.00 p. m. If the House agrees the time of the sitting may be extended by half an hour.)

ਅਵਾਜ਼ਾਂ : ਹਾਂ ਜੀ, ਹਾਂ ਜੀ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਹਾਊਸ ਦਾ ਸਮਾਂ 9.30 ਵਜੇ ਤਕ ਵਧਾ ਦਿਤਾ ਜਾਂਦਾ ਹੈ ਅਤੇ ਜੇ ਫੇਰ ਹੋਰ ਜ਼ਰੂਰਤ ਹੋਈ ਤਾਂ ਹੋਰ ਵਧਾ ਦਿਤਾ ਜਾਵੇਗਾ (The time of the sitting is extended till 9·30 p.m. and in case necessity arises it will be extended further).

DISCUSSION ON THE ANNUAL REPORT ON THE WORKING OF THE PUNJAB SCHEDULED CASTES LAND DEVELOPMENT AND FINANCE CORPORATION FOR THE YEAR 1971-72 (*Resumption*)

ਚੌਧਰੀ ਜਗਤ ਰਾਮ : ਸਾਡੀ ਹਾਈ ਪਾਵਰਡ ਕਮੇਟੀ ਦੀ ਮੀਟਿੰਗ ਹੋਈ। ਉਹਦੇ ਵਿਚ ਗਿਆਨੀ ਜ਼ੈਲ ਸਿੰਘ ਜੀ, ਹੋਰ ਆਪੋਜ਼ੀਸ਼ਨ ਦੇ ਹਰੀਜਨ ਮੈਂਬਰ, ਇਨ੍ਹਾਂ ਸਾਰਿਆਂ ਦੀ ਮੀਟਿੰਗ ਹੋਈ। ਇਸ ਮੀਟਿੰਗ ਵਿਚ ਗਿਆਨੀ ਜੀ ਨੇ ਫੈਸਲਾ ਕਰਾਇਆ ਕਿ 3,000/- ਰੁਪਿਆ ਬਗੈਰ ਸੂਦ ਦੇ ਦਿਤਾ ਜਾਵੇ ਤਾਂ ਕਿ ਸਾਈਕਲਾਂ ਦੇ ਪੁਰਜ਼ੇ ਬਣਾਉਣ ਦਾ ਕੰਮ ਜਾਂ ਥੋੜਾ ਬਹੁਤ ਜੋ ਕੁਝ ਉਹ ਕਰ ਸਕਦੇ ਹਨ, ਕਰ ਸਕਣ। ਇਸ ਤੋਂ ਇਲਾਵਾ ਬਾਕੀ ਦਾ ਰੁਪਿਆ 3% ਸੂਦ ਤੇ 4% ਸਦ ਤੇ ਦਿਤਾ ਜਾਵੇ। ਕਾਮਰੇਡ ਦਾਨਾ ਰਾਮ ਨੇ ਕਿਹਾ ਕਿ ਜ਼ਿਲ੍ਹਾ-ਵਾਈਜ਼ ਵੰਡ ਹੋਣੀ ਚਾਹੀਦੀ ਹੈ, ਮੈਂ ਕਹਿੰਦਾ ਹਾਂ ਕਿ ਪਾਪੂਲੇਸ਼ਨ, ਅਬਾਦੀ ਦੇ ਲਿਹਾਜ਼ ਨਾਲ ਵੰਡ ਕਰੋ। ਤੁਸੀਂ ਸਾਨੂੰ ਟਰਾਂਸਪੋਰਟ ਲਈ ਪੈਸੇ ਦਿਉ। ਮੇਰੇ ਮਹਿਬੂਬ ਨੇਤਾ ਚੌਧਰੀ ਸੁੰਦਰ ਸਿੰਘ ਨੇ ਕਿਹਾ ਹੈ ਕਿ ਟੈਂਪੂ ਲੈ ਦਿਉ। ਪਰ ਤੇਲ ਤਾਂ ਮਿਲਦਾ ਹੀ ਨਹੀਂ। ਮੈਂ ਤਾਂ ਇਹ ਅਰਜ਼ ਕਰਦਾ ਹਾਂ ਕਿ ਬਸਾਂ ਚਲਾਉਣ ਲਈ ਪੈਸੇ ਦਿਉ। ਜਦੋਂ ਤਕ ਟਰਾਂਸਪੋਰਟ ਨੈਸ਼ਨੇਲਾਈਜ਼ ਨਹੀਂ ਹੁੰਦੀ ਉਦੋਂ ਤਕ ਇਹ ਬਸਾਂ ਲਈ ਪੈਸੇ ਦਿਉ। ਸਾਨੂੰ ਰੂਟਸ ਦਿਉ। ਇਹ ਫੈਸਲਾ ਪਾਪੂਲੇਸ਼ਨ ਦੇ ਹਿਸਾਬ ਨਾਲ, ਹਰੀਜਨਾਂ ਦੀ ਪਰਸੈਂਟੇਜ ਦੇ ਹਿਸਾਬ ਨਾਲ ਕਰਕੇ ਜੋ ਰਿਜ਼ਰਵੇਸ਼ਨ ਜੋ ਉਹਨੂੰ ਪੂਰਾ ਕਰ ਦੇਣਾ ਚਾਹੀਦਾ ਹੈ। ਮੈਂ ਤੁਹਾਡੇ ਰਾਹੀਂ ਚੀਫ ਮਨਿਸ਼ਟਰ ਸਾਹਿਬ ਨੂੰ ਕਹਾਂਗਾ ਕਿ ਜੋ ਫੈਸਲੇ ਹਾਈ ਪਾਵਰਡ ਕਮੇਟੀ ਵਿਚ ਹੋਏ ਹਨ ਉਨ੍ਹਾਂ ਨੂੰ ਸਰਕਾਰ ਪੂਰਾ ਕਰੇ। ਉਸ ਦੇ ਵਿਚ ਇਕ ਇਹ ਗੱਲ ਵੀ ਹੈ ਕਿ ਜਿਹੜੇ ਅਫਸਰ ਹਰੀਜਨਾਂ ਦੇ ਅਫਸਰਾਂ ਨੂੰ ਗਲਤ ਢੰਗ ਨਾਲ ਖਰਾਬ ਰਿਪੋਰਟਾਂ ਦਿੰਦੇ ਹਨ ਅਜਿਹਿਆਂ ਅਫਸਰਾਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ। (ਵਿਘਨ)

ਸ਼੍ਰੀ ਸਪੀਕਰ : ਬੈਠੋ ਹੁਣ। ਮਾਸਟਰ ਚੰਦ ਸਿੰਘ ਚੋਪੜਾ। (Please resume your seat now. Master Chand Singh Chopra may speak now.)

ਸਰਦਾਰ ਬੇਅੰਤ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਇਹ ਬੜਾ ਅਹਿਮ ਮਸਲਾ ਹੈ। ਇਸ ਤੇ ਹਰੀਜਨਾਂ ਨੂੰ ਹੀ ਬੋਲਣ ਦੀ ਇਜਾਜ਼ਤ ਹੈ ਜਾਂ ਜੱਟ ਵੀ ਇਸ ਤੇ ਬੋਲ ਸਕਦੇ ਹਨ। ਸਾਡਾ ਵੀ ਹਰੀਜਨਾਂ ਨਾਲ ਸਬੰਧ ਹੈ। (*Interruption*)

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ. ਸੀ.): ਅੱਜ ਜੋ 1971-72 ਦੀ ਪੰਜਾਬ ਸ਼ਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਐਂਡ ਫਾਈਨੈਂਸ ਕਾਰਪੋਰੇਸ਼ਨ ਦੀ ਵਰਕਿੰਗ ਦੀ ਰਿਪੋਰਟ ਤੇ ਬਹਿਸ ਹੋ ਰਹੀ ਹੈ, ਮੈਂ ਉਸ ਤੇ ਬੋਲਣ ਲਈ ਖੜਾ ਹੋਇਆ ਹਾਂ। ਵੈਸੇ ਇਹ ਕਾਰਪੋਰੇਸ਼ਨ ਹਰੀਜਨਾਂ ਦੀ ਹਾਲਤ ਨੂੰ ਚੰਗਾ ਬਣਾਉਣ ਵਾਸਤੇ ਸੀ। ਪਰ ਇਹਦੇ ਵਿਚੋਂ ਜ਼ਿਆਦਾ ਤਰ ਕਰਜ਼ਾ ਵੱਡੇ ਲੋਕ ਲੈ ਜਾਂਦੇ ਹਨ। ਕੋਈ ਬਸ ਵਾਸਤੇ ਮੰਗ ਲੈਂਦਾ ਹੈ ਅਤੇ ਕੋਈ ਟਰੈਕਟਰ ਵਾਸਤੇ ਲੈ ਲੈਂਦਾ ਹੈ ਗਰੀਬਾਂ ਦਾ ਇਸ ਲਈ ਬਹੁਤ ਘੱਟ ਖਿਆਲ ਰਖਿਆ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਸਾਡੇ ਪੰਜਾਬ ਵਿਚ 40% ਲੋਕ ਬਹੁਤ ਗਰੀਬ ਹਨ ਜਿਨ੍ਹਾਂ ਦੀ ਆਮਦਨ 251 - ਰੁਪਏ ਸਾਲਾਨਾ ਹੈ। ਉਨ੍ਹਾਂ ਲੋਕਾਂ ਦਾ ਖਿਆਲ ਰੱਖਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਪੈਸੇ ਦੇਣੇ ਚਾਹੀਦੇ ਹਨ। ਜਦ ਪੈਸੇ ਦੀ ਗੱਲ ਕਰਦੇ ਹਾਂ ਤਾਂ ਇਹ ਕਹਿੰਦੇ ਹਨ ਕਿ ਪੈਸੇ ਘੱਟ ਹਨ। ਪੰਜ ਕਰੋੜ ਰੁਪਏ ਨਾਲ ਉਨ੍ਹਾਂ ਦਾ ਕੁਝ ਨਹੀਂ ਬਣਦਾ। ਮੈਂ ਕਹਿੰਦਾ ਹਾਂ ਕਿ 15 ਕਰੋੜ ਰੁਪਿਆ ਹਰੀਜਨਾਂ ਦੀ ਵੈਲਫੇਅਰ ਵਾਸਤੇ ਹੋਣਾ ਚਾਹੀਦਾ ਹੈ। ਇਹ ਹੀ ਨਹੀਂ ਸਗੋਂ ਜਿਹੜੇ ਹੋਰ ਛੋਟੇ ਤਬਕੇ ਹਨ ਜਿਸ ਤਰ੍ਹਾਂ ਬੈਕਵਰਡ ਕਲਾਸਿਜ਼ ਅਤੇ ਸ਼ੈਡਿਊਲਡ ਟਰਾਈਬਜ਼ ਜਿਹੜੇ ਹਨ ਉਹ ਵੀ ਇਸ ਵਿਚ ਆਉਣੇ ਚਾਹੀਦੇ ਹਨ।

ਸਪੀਕਰ ਸਾਹਿਬ, ਇਹ ਜਿਹੜੀ ਸਟੈਂਪ ਡਿਊਟੀ ਫੀਸ ਵੱਧੀ ਹੈ ਇਹ ਬਿਲਕੁਲ ਨਹੀਂ ਲੱਗਣੀ ਚਾਹੀਦੀ। ਜਿਸ ਵੇਲੇ ਰਜਿਸਟਰੀ ਹੁੰਦੀ ਹੈ ਤਾਂ ਉਸ ਵੇਲੇ ਸਟੈਂਪ ਡਿਊਟੀ, ਰਜਿਸਟਰੀ ਫੀ ਲਗਾਈ ਜਾਂਦੀ ਹੈ ਅਤੇ ਨਾਲ ਹੀ ਚੰਦੇ ਵੀ ਲਏ ਜਾਂਦੇ ਹਨ ਜਿਸ ਤਰ੍ਹਾਂ ਕਿ ਰੈਡ ਕਰਾਸ ਦਾ ਚੰਦਾ ਅਤੇ ਹੋਰ ਕਈ ਬਾਂਡ ਹੁੰਦੇ ਹਨ। ਇਸ ਤਰ੍ਹਾਂ ਇਹ ਜਿਹੜੇ ਚੰਦੇ ਅਤੇ ਬਾਂਡ ਹਨ ਇਹ ਗਰੀਬ ਆਦਮੀ ਤੇ ਭਾਰ ਪੈਂਦਾ ਹੈ ਜੋ ਕਿ ਖ਼ਤਮ ਹੋਣੇ ਚਾਹੀਦੇ ਹਨ।

ਸਪੀਕਰ ਸਾਹਿਬ, ਇਸ ਤੋਂ ਇਲਾਵਾ ਇਕ ਹੋਰ ਸ਼ਰਤ ਹੈ ਮਕਾਨ ਪੱਕੇ ਅਤੇ ਕੱਚੇ ਦੀ। ਕਰਜ਼ਾ ਪੱਕੇ ਮਕਾਨ ਲਈ ਦਿਤਾ ਜਾਂਦਾ ਹੈ ਪਰ ਕੱਚੇ ਮਕਾਨ ਲਈ ਕਰਜ਼ਾ ਨਹੀਂ ਦਿਤਾ ਜਾਂਦਾ। ਗਰੀਬਾਂ ਦੀਆਂ ਤਾਂ ਕੁੱਲੀਆਂ ਹੀ ਹੁੰਦੀਆਂ ਹਨ, ਗਰੀਬ ਕੱਚੇ ਮਕਾਨਾਂ ਵਿਚ ਰਹਿੰਦੇ ਹਨ। ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਜਿਹੜੀ ਕੱਚੇ ਪੱਕੇ ਮਕਾਨ ਦੀ ਸ਼ਰਤ ਹੈ ਇਹ ਸ਼ਰਤ ਖ਼ਤਮ ਹੋਣੀ ਚਾਹੀਦੀ ਹੈ। ਕਚਿਆਂ ਵਾਸਤੇ ਵੀ ਕਰਜ਼ਾ ਦੇਣਾ ਚਾਹੀਦਾ ਹੈ ਤਾਕਿ ਉਹ ਗਰੀਬ ਵੀ ਆਪਣੀ ਹਾਲਤ ਠੀਕ ਬਣਾ ਸਕਣ।

ਇਸ ਤੋਂ ਅੱਗੇ ਜ਼ਮਾਨਤ ਦਾ ਸਵਾਲ ਹੈ। ਕਾਰਪੋਰੇਸ਼ਨ ਵਾਲੇ ਜ਼ਮਾਨਤ ਲੈਣ ਵੇਲੇ ਇਸ ਤਰ੍ਹਾਂ ਕਰਦੇ ਹਨ ਕਿ ਜਿਸ ਨੇ 5 ਹਜ਼ਾਰ ਕਰਜ਼ਾ ਲੈਣਾ ਹੁੰਦਾ ਹੈ ਤਾਂ ਉਸ ਕੋਲੋਂ 10 ਹਜ਼ਾਰ ਦੀ ਜ਼ਮਾਨਤ ਲੈਂਦੇ ਹਨ, ਮੈਂ ਕਹਿੰਦਾ ਹਾਂ ਕਿ ਜੇ ਕੋਈ 5 ਹਜ਼ਾਰ ਕਰਜ਼ਾ ਲੈਂਦਾ ਹੈ ਤਾਂ ਉਸ ਕੋਲੋਂ 5 ਹਜ਼ਾਰ ਦੀ ਹੀ ਜ਼ਮਾਨਤ ਲੈਣੀ ਚਾਹੀਦੀ ਹੈ ਅਤੇ ਜਿਹੜਾ 10 ਹਜ਼ਾਰ ਕਰਜ਼ਾ ਲੈਂਦਾ ਹੈ ਉਸ ਪਾਸੋਂ 10 ਹਜ਼ਾਰ ਦੀ ਜ਼ਮਾਨਤ ਲਈ ਜਾਣੀ ਚਾਹੀਦੀ ਹੈ। ਜ਼ਮਾਨਤ ਵਾਸਤੇ ਵੀ ਹਰੀਜਨ ਕਦੇ ਕਿਸੇ ਕੋਲ ਜਾਂਦਾ ਹੈ ਅਤੇ ਕਦੇ ਕਿਸੇ ਕੋਲ ਜਾਂਦਾ ਹੈ ਅਤੇ ਇਸ ਤਰ੍ਹਾਂ ਉਸ ਨੂੰ ਕਈਆਂ ਦੀਆਂ ਮਿੰਨਤਾਂ ਤਰਲੇ ਕਰਨੇ ਪੈਂਦੇ ਹਨ ਅਤੇ ਉਸ ਨੂੰ ਚੀਜ਼ਾਂ ਗਹਿਣੇ ਰਖਣੀਆਂ ਪੈਂਦੀਆਂ ਹਨ ਅਤੇ ਉਸ ਨੂੰ ਦੂਸਰਿਆਂ ਦੀ ਗੁਲਾਮੀ ਕਰਨੀ ਪੈਂਦੀ ਹੈ।

ਜਿਹੜਾ ਹਰੀਜਨ ਕਰਮਚਾਰੀਆਂ ਨੂੰ ਕਰਜ਼ੇ ਦੇਣ ਵਾਸਤੇ ਰਖਿਆ ਹੈ ਕਿ ਉਹ 2 ਹਜ਼ਾਰ ਕਰਜ਼ਾ ਲੈ ਸਕਦਾ ਹੈ, ਇਤਨਾ ਕਰਜ਼ਾ ਥੋੜ੍ਹਾ ਹੈ। ਮੈਂ ਕਹਾਂਗਾ ਕਿ ਉਨ੍ਹਾਂ ਨੂੰ ਘੱਟੋ ਘੱਟ 5 ਹਜ਼ਾਰ ਪੱਕੇ ਕਰਮਚਾਰੀ ਨੂੰ ਦੇਣਾ ਚਾਹੀਦਾ ਹੈ ਤਾਕਿ ਉਹ ਆਪਣਾ ਕੋਈ ਸਾਈਡ ਬਿਜ਼ਨੈਸ ਚਲਾ ਸਕੇ ਅਤੇ ਆਪਣੀ ਹਾਲਤ ਨੂੰ ਠੀਕ ਕਰ ਸਕੇ। ਬਾਕੀ ਇਹ ਕਾਰਪੋਰੇਸ਼ਨ ਦੇ ਅਧੀਨ ਹੋਣਾ ਚਾਹੀਦਾ ਹੈ ਅਤੇ ਹਰੀਜਨਾਂ ਦੀਆਂ ਜਿਹੜੀਆਂ ਕਾਲੋਨੀਜ਼ ਬਣਨ ਉਥੇ ਸਕੂਲ ਅਤੇ ਧਰਮਸ਼ਾਲਾਵਾਂ ਹੋਣੀਆਂ ਚਾਹੀਦੀਆਂ ਹਨ।

ਇਸ ਤੋਂ ਅੱਗੇ ਮੈਂ ਇਹ ਕਹਿੰਦਾ ਹਾਂ ਕਿ ਹਰੀਜਨਾਂ ਦੇ ਬਾਈਕਾਟ ਬਹੁਤ ਹੁੰਦੇ ਹਨ। ਉਨ੍ਹਾਂ ਨੂੰ ਖਾਹਰ ਨਹੀਂ ਜਾਣ ਦਿਤਾ ਜਾਂਦਾ। ਮੈਂ ਕਹਿੰਦਾ ਹਾਂ ਕਿ ਇਹ ਕਾਰਪੋਰੇਸ਼ਨ ਦੀ

Original with;
Punjab Vidhan Sabha
Digitized by;
Panjab Digital Library

ਡਿਊਟੀ ਹੋਣੀ ਚਾਹੀਦੀ ਹੈ । ਨਾਲ ਦੀ ਨਾਲ ਹੀ ਮੈਂ ਇਹ ਵੀ ਕਹਾਂਗਾ ਕਿ ਫਲੱਸ਼ ਸਿਸਟਮ ਹੋਣਾ ਚਾਹੀਦਾ ਹੈ । (ਘੰਟੀ)

ਇਸ ਤੋਂ ਅੱਗੇ ਮੈਂ ਹੋਰ ਕਹਾਂਗਾ ਕਿ ਜਿਸ ਤਰ੍ਹਾਂ ਅਸੀਂ ਆਮ ਤੌਰ ਤੇ ਸੁਣਦੇ ਹਾਂ ਕਿ ਕਿਸੇ ਦੀ ਲੱਤ ਕੱਟੀ ਗਈ ਅਤੇ ਕਿਸੇ ਦੀ ਬਾਂਹ ਕੱਟੀ ਗਈ, ਇਹ ਸਾਰੇ ਗਰੀਬ ਹਰੀਜਨ ਅਤੇ ਬੈਕਵਰਡ ਕਲਾਸਿਜ਼ ਦੇ ਹੀ ਆਦਮੀ ਹੁੰਦੇ ਹਨ । ਮੈਂ ਕਹਾਂਗਾ ਕਿ ਉਨ੍ਹਾਂ ਨੂੰ ਇਸ ਕਾਰਪੋਰੇਸ਼ਨ ਵਲੋਂ ਪੈਨਸ਼ਨ ਜਾਂ ਗਰਾਂਟ ਦੇ ਤੌਰ ਤੇ ਸਹਾਇਤਾ ਦਿਤੀ ਜਾਵੇ ਤਾਕਿ ਉਹ ਰੋਟੀ ਖਾ ਸਕਣ ਅਤੇ ਉਨ੍ਹਾਂ ਦੀ ਹਾਲਤ ਠੀਕ ਰਹਿ ਸਕੇ ਅਤੇ ਨਾਲ ਹੀ ਉਨ੍ਹਾਂ ਦੇ ਬੱਚੇ ਵੀ ਪਲਦੇ ਰਹਿਣ ।

ਸਪੀਕਰ ਸਾਹਿਬ, ਜਿਥੋਂ ਤੱਕ ਜਨਰਲ ਵਜ਼ੀਫਿਆਂ ਦਾ ਸੁਆਲ ਹੈ, ਇਨ੍ਹਾਂ ਦੀ ਦਰ ਘੱਟ ਹੈ । ਕਿਉਂਕਿ ਮਹਿੰਗਾਈ ਬਹੁਤ ਵੱਧ ਗਈ ਹੈ ਅਤੇ ਹਰ ਰੋਜ਼ ਕੀਮਤਾਂ ਵਧਦੀਆਂ ਜਾਂਦੀਆਂ ਹਨ । ਐਜੂਕੇਸ਼ਨ ਬਹੁਤ ਮਹਿੰਗੀ ਹੋ ਗਈ ਹੈ । ਇਸ ਲਈ ਮੈਂ ਕਹਾਂਗਾ ਕਿ ਵਜ਼ੀਫਾ 30/- ਰੁਪਏ ਮਹੀਨਾ ਹੋਣਾ ਚਾਹੀਦਾ ਹੈ ।

ਇਸ ਤੋਂ ਅੱਗੇ ਪਰਮੋਸ਼ਨ ਅਤੇ ਰਿਜ਼ਰਵੇਸ਼ਨ ਦਾ ਸਵਾਲ ਹੈ ।

Mr. Speaker: Please resume your seat.

ਮਾਸਟਰ ਚੰਦ ਸਿੰਘ : ਬੱਸ ਜੀ ਮੈਂ ਥੋੜ੍ਹਾ ਜਿਹਾ ਕਹਿਕੇ ਖਤਮ ਕਰਾਂਗਾ। ਸਪੀਕਰ ਸਾਹਿਬ, ਉਨ੍ਹਾਂ ਨੂੰ ਰਿਜ਼ਰਵੇਸ਼ਨ ਨਹੀਂ ਮਿਲਦੀ । ਇਹ ਜਿਹੜਾ ਐਜੂਕੇਸ਼ਨ ਬੋਰਡ ਹੈ ਇਸ ਵਿਚ ਰਿਜ਼ਰਵੇਸ਼ਨ ਨਹੀਂ ਹੈ ਹਰੀਜਨ ਬਹੁਤ ਘੱਟ ਰੱਖੇ ਜਾਂਦੇ ਹਨ। ਜਦ ਉਨ੍ਹਾਂ ਨੇ ਆਦਮੀ ਰਖਣੇ ਹੁੰਦੇ ਹਨ ਅਤੇ ਪਤਾ ਲਗ ਜਾਵੇ ਕਿ ਇਹ ਰਿਜ਼ਰਵ ਹੈ ਤਾਂ ਉਸ ਨੂੰ ਰੱਖਦੇ ਨਹੀਂ ਅਤੇ ਸ਼ੰਟ ਆਊਟ ਕਰ ਦਿੰਦੇ ਹਨ । ਛੂਤ ਛਾਤ ਬਹੁਤ ਹੈ । (ਘੰਟੀ)

ਸ਼੍ਰੀ ਸਪੀਕਰ : ਤੁਸੀਂ ਬੈਠ ਜਾਓ । (Please resume your seat.)

ਮਾਸਟਰ ਚੰਦ ਸਿੰਘ : ਬਠਿੰਡੇ ਵਿਚ ਇਕ ਆਦਮੀ ਨੂੰ ਬਰਤਰਫ ਕਰ ਦਿਤਾ ਹੈ ।

ਸ਼੍ਰੀ ਸਪੀਕਰ : ਤੁਸੀਂ ਬੈਠ ਜਾਓ । (Please resume your seat.)

ਸਰਦਾਰ ਕਰਨੈਲ ਸਿੰਘ ਮਰੜ੍ਹੀ : (ਜਡਿਆਲਾ, ਐਸ. ਸੀ.) ਸਪੀਕਰ ਸਾਹਿਬ, ਅੱਜ ਪੰਜਾਬ ਸ਼ਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਐਂਡ ਫਾਈਨੈਂਸ ਕਾਰਪੋਰੇਸ਼ਨ ਦੀ ਐਨੂਅਲ ਰਿਪੋਰਟ ਤੇ ਬਹਿਸ ਹੋ ਰਹੀ ਹੈ । ਸਪੀਕਰ ਸਾਹਿਬ, ਇਹ ਕਾਰਪੋਰੇਸ਼ਨ ਇਕ ਬਹੁਤ ਚੰਗੀ ਚੀਜ਼ ਹੈ । (ਵਿਘਨ) ਮੇਰੇ ਕਹਿਣ ਦਾ ਭਾਵ ਹੈ ਕਿ ਚੰਗੀ ਚੀਜ਼ ਨੂੰ ਚੰਗੀ ਹੀ ਕਹਿਣਾ ਚਾਹੀਦਾ ਹੈ । ਕਾਰਪੋਰੇਸ਼ਨ ਬਹੁਤ ਚੰਗੀ ਚੀਜ਼ ਹੈ, ਕਿਉਂਕਿ ਹਰੀਜਨਾਂ ਦੇ ਕਲਿਆਣ ਵਾਸਤੇ ਅਤੇ ਹਰੀਜਨਾਂ ਨੂੰ ਫਾਇਦਾ ਦੇਣ ਵਾਸਤੇ ਇਹ ਕਾਰਪੋਰੇਸ਼ਨ ਬਣਾਈ ਹੈ। ਇਹ ਕਾਰਪੋਰੇਸ਼ਨ ਅਕਾਲੀ ਸਰਕਾਰ ਨੇ ਸ਼ੁਰੂ ਕੀਤੀ ਸੀ । ਅਕਾਲੀ ਸਰਕਾਰ ਨੇ ਜਦ ਇਹ ਸ਼ੁਰੂ ਕੀਤੀ ਤਾਂ ਉਨ੍ਹਾਂ ਨੇ ਦੇਖਿਆ ਕਿ ਪਿੰਡਾਂ ਵਿਚ ਹਰੀਜਨਾਂ ਨੂੰ ਬਹੁਤ ਤਕਲੀਫਾਂ ਹਨ ਅਤੇ ਉਨ੍ਹਾਂ ਨੇ ਸੋਚਿਆ ਕਿ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਰਨੈਲ ਸਿੰਘ ਮਰੜ੍ਹੀ]

ਇਨ੍ਹਾਂ ਵਾਸਤੇ ਕਾਰਪੋਰੇਸ਼ਨ ਬਣਾਈ ਜਾਵੇ ਤਾਕਿ ਇਨ੍ਹਾਂ ਲੋਕਾਂ ਨੂੰ ਪੈਸੇ, ਕਰਜ਼ੇ ਦਿੱਤੇ ਜਾਣ ਤਾਕਿ ਉਹ ਆਪਣਾ ਰੁਜ਼ਗਾਰ ਚਲਾ ਸਕਣ। ਉਸ ਦੇ ਬਾਅਦ ਗਿਆਨੀ ਜੀ ਦੀ ਸਰਕਾਰ ਆਈ। ਉਨ੍ਹਾਂ ਨੇ ਵੀ ਇਹ ਚੰਗਾ ਕੰਮ ਕੀਤਾ ਹੈ। ਉਨ੍ਹਾਂ ਨੇ ਜਿਹੜਾ ਵਿਆਜ ਸੀ ਉਹ ਘੱਟ ਕੀਤਾ ਹੈ। ਮੈਂ ਕਹਾਂਗਾ ਕਿ ਇਹ ਉਨ੍ਹਾਂ ਨੇ ਚੰਗਾ ਕੰਮ ਕੀਤਾ ਹੈ। ਇਸ ਤੋਂ ਇਲਾਵਾ, ਸਪੀਕਰ ਸਾਹਿਬ, ਇਸ ਵਿਚ ਕਰਜ਼ੇ ਦੇਣ ਦੀ ਕਮੀ ਹੈ ਕਿਉਂਕਿ ਮੈਨੂੰ ਇਸ ਬਾਰੇ ਪਤਾ ਹੈ। ਮੈਂ ਪਿਛਲੀ ਵਾਰੀ ਇਸ ਦਾ ਮੈਂਬਰ ਸੀ। ਮੈਨੂੰ ਪਤਾ ਹੈ ਕਿ ਗਰੀਬਾਂ ਨੂੰ ਪੈਸੇ ਲੈਣ ਵਿਚ ਬਹੁਤ ਮੁਸ਼ਕਲ ਪੇਸ਼ ਆਉਂਦੀ ਹੈ। ਪਹਿਲਾਂ ਦਰਖਾਸਤ ਦੇਣੀ ਪੈਂਦੀ ਹੈ। ਫਾਰਮ ਲੈ ਕੇ ਤਹਿਸੀਲਦਾਰ ਕੋਲ ਕਰਜ਼ੇ ਵਾਸਤੇ ਜਾਣਾ ਪੈਂਦਾ ਹੈ। ਤਹਿਸੀਲਦਾਰ ਉਸ ਕਾਗਜ਼ ਨੂੰ ਮਾਰਕ ਕਰਕੇ ਉਸ ਪਿੰਡ ਦੇ ਪਟਵਾਰੀ ਕੋਲ ਭੇਜਦਾ ਹੈ। ਜਦ ਉਹ ਕਾਗਜ਼ ਪਟਵਾਰੀ ਕੋਲ ਜਾਂਦੇ ਹਨ ਤਾਂ ਪਟਵਾਰੀ ਜਿੰਨਾ ਚਿਰ 5-10 ਰੁਪਏ ਨਾ ਲੈ ਲਵੇ ਉਤਨਾ ਚਿਰ ਉਹ ਨਕਸ਼ਾ ਨਹੀਂ ਬਣਾਉਂਦਾ। ਜਦ ਉਹ ਗਰੀਬ ਨਕਸ਼ਾ ਲੈ ਕੇ ਕਾਰਪੋਰੇਸ਼ਨ ਦੇ ਦਫ਼ਤਰ ਆਉਂਦਾ ਹੈ ਤਾਂ ਇਹ ਜਿਹੜੇ ਇਨ੍ਹਾਂ ਦੇ ਕਾਰਪੋਰੇਸ਼ਨ ਦੇ ਦਫ਼ਤਰ ਸ਼ਹਿਰਾਂ ਵਿਚ ਹਨ, ਉਹ ਕੋਈ ਨਾ ਕੋਈ ਨੁਕਸ ਕੱਢ ਦਿੰਦੇ ਹਨ। ਉਹ ਕਹਿੰਦੇ ਹਨ ਕਿ ਨਕਸ਼ਾ ਠੀਕ ਨਹੀਂ ਹੈ। ਜੇ ਗਰੀਬ ਨੂੰ ਫਿਰ ਪਟਵਾਰੀ ਕੋਲ ਜਾਣਾ ਪਵੇ ਤਾਂ ਫਿਰ ਪਟਵਾਰੀ ਨਕਸ਼ਾ ਨਹੀਂ ਬਣਾਉਂਦਾ। ਇਸ ਕਰਕੇ ਗਰੀਬਾਂ ਨੂੰ ਬਹੁਤ ਤਕਲੀਫ਼ ਪੇਸ਼ ਆਉਂਦੀ ਹੈ। ਫਿਰ ਉਹ ਇਹ ਵੀ ਕਹਿੰਦੇ ਹਨ ਕਿ ਕਾਗਜ਼ ਚੰਗੇ ਨਹੀਂ ਹਨ। ਉਹ ਕਹਿੰਦੇ ਹਨ ਕਿ ਕਚਹਿਰੀ ਵਿਚ ਫਲਾਣੇ ਆਦਮੀ ਕੋਲ ਜਾ ਕੇ ਭਰਵਾਕੇ ਲਿਆ। (ਵਿਘਨ) ਮੈਂ ਇਹ ਆਪ ਵੇਖਿਆ ਹੈ, ਇਸ ਤਰ੍ਹਾਂ ਗਰੀਬਾਂ ਨਾਲ ਹੁੰਦੀ ਹੈ। ਗਰੀਬਾਂ ਨੂੰ ਕਰਜ਼ੇ ਲੈਣ ਵਿਚ ਬੜੀ ਤਕਲੀਫ਼ ਹੈ। ਮੈਂ ਕਹਾਂਗਾ ਕਿ ਜਿਸ ਆਦਮੀ ਨੇ ਕਰਜ਼ਾ ਲੈਣਾ ਹੈ ਇਹ ਪਿੰਡ ਦੀ ਪੰਚਾਇਤ ਨੂੰ ਅਧਿਕਾਰ ਹੋਣਾ ਚਾਹੀਦਾ ਹੈ, ਜੇ ਅਧਿਕਾਰ ਨਹੀਂ ਤਾਂ ਹੋਰ ਪਿੰਡ ਦੀ ਪੰਚਾਇਤ ਨੂੰ ਅਧਿਕਾਰ ਦਿਓ ਅਤੇ ਉਹ ਗਰੀਬ ਆਦਮੀ ਪੰਚਾਇਤ ਕੋਲੋਂ ਹੀ ਕਾਗਜ਼ ਤਸਦੀਕ ਕਰਵਾ ਲਵੇ ਅਤੇ ਉਸ ਨੂੰ ਤਹਿਸੀਲਦਾਰ ਕੋਲ ਨਾ ਜਾਣਾ ਪਵੇ। ਜਿਸ ਨੇ ਕਰਜ਼ਾ ਲੈਣਾ ਹੈ ਉਸ ਨੂੰ ਪੰਚਾਇਤ ਕਰਜ਼ਾ ਦੇਵੇ ਤਾਕਿ ਉਸ ਨੂੰ ਤਹਿਸੀਲਦਾਰ ਅਤੇ ਪਟਵਾਰੀ ਦੇ ਮਗਰ ਮਗਰ ਨਾ ਜਾਣਾ ਪਵੇ ਅਤੇ ਨਾ ਹੀ ਉਸ ਨੂੰ ਕਿਸੇ ਟਾਈਪ ਕਰਨ ਵਾਲੇ ਨੂੰ ਪੈਸੇ ਦੇਣੇ ਪੈਣ। ਇਹ ਹੋਣਾ ਚਾਹੀਦਾ ਹੈ ਕਿ ਪਿੰਡ ਦੀ ਪੰਚਾਇਤ ਤਸਦੀਕ ਕਰੇ ਤਾਂ ਉਸ ਨੂੰ ਕਰਜ਼ਾ ਮਿਲ ਜਾਵੇ।

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਉਨ੍ਹਾਂ ਗਰੀਬਾਂ ਨੂੰ ਹੋਰ ਬਹੁਤ ਤਕਲੀਫ਼ਾਂ ਹਨ। ਜਦ ਕਿਸੇ ਨੇ ਸਕੂਲ ਵਿਚੋਂ ਸਰਟੀਫੀਕੇਟ ਬਣਾਉਣਾ ਹੋਵੇ 10ਵੀਂ ਦਾ ਉਸ ਦੇ ਵਾਸਤੇ ਬੜੀ ਮੁਸ਼ਕਲ ਪੇਸ਼ ਆਉਂਦੀ ਹੈ। ਜਿਸ ਤਰ੍ਹਾਂ ਕਾਰਪੋਰੇਸ਼ਨ ਵਿਚ ਪੈਸੇ ਲੈਂਦੇ ਹਨ, ਤਹਿਸੀਲਦਾਰ ਦੇ ਮਗਰ ਮਗਰ ਫਿਰਨਾ ਪੈਂਦਾ ਹੈ ਅਤੇ ਪਟਵਾਰੀ ਵੀ ਪੈਸੇ ਲਏ ਤੋਂ ਬਗੈਰ ਕੰਮ ਨਹੀਂ ਕਰਦਾ ਅਤੇ ਇਸੇ ਤਰ੍ਹਾਂ ਹੋਰ ਕਈ ਅਫਸਰਾਂ ਦੇ ਕੋਲ ਉਨ੍ਹਾਂ ਨੂੰ ਜਾਣਾ ਪੈਂਦਾ ਹੈ ਅਤੇ ਐਮ. ਐਲ. ਏ. ਕੋਲ ਵੀ ਜਾਣਾ ਪੈਂਦਾ ਹੈ ਅਤੇ ਫਿਰ ਮੁੜਕੇ ਉਸ ਦਾ ਸਰਟੀਫੀਕੇਟ ਬਣਦਾ ਹੈ। ਇਸ ਤਰ੍ਹਾਂ ਉਸ ਨੂੰ ਤਹਿਸੀਲਦਾਰ ਕੋਲ ਅਤੇ ਐਸ. ਡੀ. ਐਮ. ਕੋਲ ਵੀ ਜਾਣਾ ਪੈਂਦਾ ਹੈ। ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਜਦ ਕਿਸੇ ਨੇ ਕੋਈ ਸਰਟੀਫੀਕੇਟ ਬਣਾਉਣਾ ਹੋਵੇ ਤਾਂ ਉਸ ਨੂੰ 15 ਦਿਨ ਲਗ ਜਾਂਦੇ ਹਨ। (ਘੰਟੀ) ਮੈਂ ਕਹਿੰਦਾ ਹਾਂ ਕਿ ਇਹ ਸਰਟੀਫੀਕੇਟ ਵੀ

Original with;
Punjab Vidhan Sabha
Digitized by;
Panjab Digital Library

ਪਿੰਡ ਦੀ ਪੰਚਾਇਤ ਦੀ ਤਰਫੋਂ ਜਾਂ ਐਮ.ਐਲ.ਏ. ਦੀ ਤਰਫੋਂ ਤਸਦੀਕ ਕੀਤਾ ਜਾਣਾ ਚਾਹੀਦਾ ਹੈ । ਸਪੀਕਰ ਸਾਹਿਬ, ਗਰੀਬਾਂ ਦੀ ਹਾਲਤ ਬਹੁਤ ਨਾਜ਼ਕ ਹੈ । ਇਥੇ ਬੜੀਆਂ ਟਾਹਰਾਂ ਮਾਰਦੇ ਹਨ ਕਿ ਅਸੀਂ ਗਰੀਬਾਂ ਦੇ ਬੜੇ ਹਾਮੀ ਹਾਂ । 26-27 ਸਾਲ ਹੋ ਗਏ ਹਨ ਸਾਨੂੰ ਅਜ਼ਾਦੀ ਹਾਸਲ ਕੀਤਿਆਂ ਨੂੰ । ਇਹ ਕਹਿੰਦੇ ਹਨ ਕਿ 5-5 ਏਕੜ ਜ਼ਮੀਨ ਹਰੀਜਨਾਂ ਨੂੰ ਦਿਆਂਗੇ । ਮੈਂ ਕਹਿੰਦਾ ਹਾਂ ਕਿ ਇਨ੍ਹਾਂ ਦੇ ਫਾਰਮ ਵੀ ਚੰਗੇ ਬਣਾਉ । ਤੁਹਾਡੀਆਂ ਤਾਂ ਕੋਠੀਆਂ ਵੀ ਬਣ ਗਈਆਂ, ਸਿਨਮੇ ਵੀ ਬਣਾ ਲਏ, ਕੋਲਡ ਸਟੋਰੇਜ ਵੀ ਬਣਾ ਲਏ ਪਰ ਇਨ੍ਹਾਂ ਦਾ ਵੀ ਕੁਝ ਬਣਾਓ । (ਘੰਟੀ)

ਸ਼੍ਰੀ ਸਪੀਕਰ : ਤੁਸੀਂ ਬੈਠ ਜਾਓ । (Please resume your seat.)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਇਹ ਕਹਿੰਦੇ ਹਨ ਕਿ ਉਨ੍ਹਾਂ ਨੂੰ ਰਕਸ਼ੇ ਦੇਣੇ ਚਾਹੀਦੇ ਹਨ। ਮੈਂ ਕਹਿੰਦਾ ਹਾਂ ਕਿ ਜਿਹੜੀਆਂ ਪ੍ਰਾਈਵੇਟ ਬੱਸਾਂ ਹਨ ਉਨ੍ਹਾਂ ਨੂੰ ਨੈਸ਼ਨੇਲਾਈਜ਼ ਕਰੋ ਅਤੇ ਇਹ ਗਰੀਬਾਂ ਨੂੰ ਦਿਓ ਤਾਕਿ ਇਨ੍ਹਾਂ ਨੂੰ ਵੀ ਕੁਝ ਸਹੂਲਤਾਂ ਮਿਲਣ । ਇਨ੍ਹਾਂ ਵੱਡੇ ਵੱਡੇ ਆਦਮੀਆਂ ਨੇ ਬੱਸਾਂ ਬਹੁਤ ਵਾਹ ਲਈਆਂ ਹਨ ਹੁਣ ਗਰੀਬਾਂ ਨੂੰ ਵਾਹੁਣ ਦਿਉ ਤਾਂ ਹੀ ਗਰੀਬਾਂ ਦਾ ਕੁਝ ਬਣੇਗਾ ਨਹੀਂ ਤਾਂ ਉਨ੍ਹਾਂ ਦਾ ਕੁਝ ਨਹੀਂ ਹੋਣਾ । ਜੇ ਨਿਰੇ ਫੋਕੇ ਨਾਹਰੇ ਮਾਰੋਗੇ ਤਾਂ ਕੁਝ ਨਹੀਂ ਹੋਣਾ ।

Mr. Speaker: Please resume your seat.

ਸਰਦਾਰ ਕਰਨੈਲ ਸਿੰਘ ਮਰੜ੍ਹੀ : ਜੇ ਗਰੀਬਾਂ ਦਾ ਕੁਝ ਨਹੀਂ ਕਰੋਗੇ ਤਾਂ ਇਹ ਜਿਹੜੇ ਆਦਮੀ ਇਧਰ ਬੈਠੇ ਹਨ ਇਹ ਤੁਹਾਡੇ ਵਾਲੇ ਪਾਸੇ ਆ ਜਾਣਗੇ ਅਤੇ ਤੁਸੀਂ ਇਧਰ ਆ ਜਾਵੋਗੇ । ਇਸ ਵਾਸਤੇ ਗਰੀਬਾਂ ਲਈ ਕੁਝ ਕਰੋ । (ਘੰਟੀ) ਐਨੀ ਬੇਨਤੀ ਕਰਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਸ਼੍ਰੀ ਪਿਆਰਾ ਰਾਮ ਧੰਨੋਵਾਲੀ (ਫਗਵਾੜਾ, ਐਸ. ਸੀ.) : ਸਪੀਕਰ ਸਾਹਿਬ, ਪੰਜਾਬ ਸ਼ਡਿਊਲਡ ਕਾਸਟਸ ਲੈਂਡ ਡੀਵੈਲਪਮੈਂਟ ਐਂਡ ਫਾਈਨਾਂਸ ਕਾਰਪੋਰੇਸ਼ਨ ਦੀ ਰਿਪੋਰਟ 1971-72 ਦੀ ਹਾਊਸ ਦੇ ਸਾਹਮਣੇ ਹੈ ....

ਸ਼੍ਰੀ ਸਪੀਕਰ : 4-5 ਮਿੰਟ ਵਿਚ ਹੀ ਤੁਸੀਂ ਆਪਣੀ ਸਪੀਚ ਖਤਮ ਕਰ ਲੈਣਾ। (ਵਿਘਨ) (You should wind up your speech with in four to five minutes please.) (*Interruption*).

ਸ਼੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ, ਮੈਂ 2-3 ਮਿੰਟ ਵਿਚ ਹੀ ਖਤਮ ਕਰ ਦਿਆਂਗਾ ਜੀ । ਮੈਂ ਬਾਹਰ ਨਹੀਂ ਜਾਣਾ, ਮੈਂ ਤਾਂ ਰਿਪੋਰਟ ਦੇ ਮੁਤਲੱਕ ਹੀ ਕਹਿਣਾ ਹੈ । ਅੱਜ ਅਸੀਂ ਇਸ ਕਾਰਪੋਰੇਸ਼ਨ ਦੀ ਵਰਕਿੰਗ ਬਾਰੇ ਜੋ ਰਿਪੋਰਟ ਹੈ ਉਸ ਤੇ ਬਹਿਸ ਕਰ ਰਹੇ ਹਾਂ । 18 ਜਨਵਰੀ, 1971 ਵਿਚ ਇਹ ਕਾਰਪੋਰੇਸ਼ਨ ਇਸ ਅਸੈਂਬਲੀ ਵਿਚ ਇਕ ਐਕਟ ਦੇ ਜ਼ਰੀਏ ਬਣੀ ਅੱਰ ਇਸ ਦਾ ਜੋ ਸਭ ਤੋਂ ਵਡਾ ਏਮ ਸੀ ਉਹ ਇਹ ਸੀ ਕਿ ਸ਼ਡਿਊਲਡ ਕਾਸਟਸ ਲੋਕਾਂ ਨੂੰ ਇਕਨਾਮੀਕਲੀ ਅੱਪ ਲਿਫਟ ਦੇਣੀ ਹੈ । ਇਹੀ ਇਸ ਦਾ ਸਭ ਤੋਂ ਵਡਾ ਮਨਸ਼ਾ ਸੀ । ਅਗੇ ਜਾ ਕੇ ਉਹ ਸਾਰੀਆਂ ਚੀਜ਼ਾਂ ਜਿਨ੍ਹਾਂ ਰਾਹੀਂ ਕਿਸ ਤਰ੍ਹਾਂ ਸ਼ਡਿਊਲਡ ਕਾਸਟਸ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਪਿਆਰਾ ਰਾਮ ਧੰਨੋਵਾਲੀ]

ਲੋਕਾਂ ਨੂੰ ਅੱਪ ਲਿਫਟ ਦੇਣੀ ਹੈ ਉਸ ਦੀ ਡੀਟੇਲ ਇਸ ਰਿਪੋਰਟ ਵਿਚ ਦਰਜ ਹੈ। ਸਭ ਤੋਂ ਪਹਿਲੀ ਚੀਜ਼ ਜੋ ਉਸ ਵੇਲੇ ਕੀਤੀ ਗਈ ਉਹ ਹੈ ਡਿਸਟ੍ਰੀਬਿਊਸ਼ਨ ਆਫ਼ ਸਿਊਇੰਗ ਮਸ਼ੀਨਜ਼ ਜਿਹੜੀਆਂ ਮੇਰੀਆਂ ਭੈਣਾਂ, ਮਾਤਾਵਾਂ ਵਿਧਵਾ ਹੋ ਜਾਂਦੀਆਂ ਹਨ ਜਾਂ ਜਿਹੜੇ ਕੁਝ ਫੌਜੀ ਜੰਗ ਵਿਚ ਮਾਰੇ ਜਾਂਦੇ ਹਨ ਉਨ੍ਹਾਂ ਦੀ ਮਦਦ ਲਈ ਸਰਕਾਰ ਨੇ ਇਹ ਫੈਸਲਾ ਕੀਤਾ ਕਿ ਇਨ੍ਹਾਂ ਨੂੰ ਫਰੀ ਇਨਟਰੱਸਟ ਲੋਨ ਤੇ ਇਹ ਜਿਹੜੀਆਂ ਸਿਊਇੰਗ ਮਸ਼ੀਨਾਂ ਹਨ ਉਹ ਲੈ ਕੇ ਦਿਤੀਆਂ ਜਾਣ। ਮੇਰੀ ਸਰਕਾਰ ਅਗੇ ਇਹ ਬੇਨਤੀ ਹੈ ਕਿ ਕਿਉਂਕਿ ਇਹ ਜਿਹੜੀਆਂ ਮਸ਼ੀਨਾਂ ਹਨ ਇਹ ਉਨ੍ਹਾਂ ਲੜਕੀਆਂ ਵਾਸਤੇ ਹਨ ਜਿਹੜੀਆਂ ਬੇਸਹਾਰਾ ਹੋ ਜਾਂਦੀਆਂ ਹਨ ਇਸ ਲਈ ਉਨ੍ਹਾਂ ਨੂੰ ਇਹ ਫਰੀ ਇਨਟਰੱਸਟ ਲੋਨ ਤੇ ਨਹੀਂ ਉਨ੍ਹਾਂ ਨੂੰ ਗਰਾਂਟ ਦੇ ਤੌਰ ਤੇ ਦੇਣੀਆਂ ਚਾਹੀਦੀਆਂ ਹਨ। (ਵਿਘਨ)

ਅਗੇ ਚਲ ਕੇ, ਸਪੀਕਰ ਸਾਹਿਬ, ਇਸ ਦਾ ਦੂਜਾ ਮਨਸ਼ਾ ਹੈ ਹਰੀਜਨ ਕਾਲੋਨੀਆਂ ਬਣਾਉਣੀਆਂ। ਜਿਸ ਤਰ੍ਹਾਂ ਰੋਪੜ ਵਿਚ ਫਾਰਮ ਬਣਾਇਆ ਗਿਆ ਹੈ ਔਰ ਉਥੇ 100 ਬੰਦਿਆਂ ਨੂੰ 10-10 ਏਕੜ ਜ਼ਮੀਨ ਦੇ ਕੇ ਪਸ਼ੂ ਪਾਲਣ ਲਈ ਜਾਂ ਡੇਅਰੀ ਫਾਰਮਿੰਗ ਦਾ ਕੰਮ ਦਿਤਾ ਹੈ। ਮੈਂ ਇਸ ਦੇ ਲਈ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਰਿਆਂ ਜ਼ਿਲ੍ਹਿਆਂ ਵਿਚ ਜਿਥੇ ਵੀ ਇਸ ਤਰ੍ਹਾਂ ਦੀਆਂ ਜ਼ਮੀਨਾਂ ਹਨ ਉਥੇ ਇਹ ਕੰਮ ਸ਼ੁਰੂ ਕਰਵਾਉਣਾ ਚਾਹੀਦਾ ਹੈ। ਖਾਸ ਤੌਰ ਤੇ ਮੈਂ ਆਪਣੇ ਜ਼ਿਲੇ ਦੀ ਗੱਲ ਦਸਦਾ ਹਾਂ ਕਿ ਉਥੇ ਤਲਵੰਡੀ ਚੌਧਰੀਆਂ ਵਿਚ 5-6 ਸੌ ਏਕੜ ਜ਼ਮੀਨ ਜਿਹੜੀ ਹੈ ਉਹ ਸਰਕਾਰ ਦਾ ਰਕਬਾ ਹੈ ਔਰ ਹੋਰ ਇਸ ਤਰ੍ਹਾਂ ਦੀਆਂ ਜਿਹੜੀਆਂ ਨਾਜਾਇਜ਼ ਕਬਜ਼ੇ ਵਿਚ ਜ਼ਮੀਨਾਂ ਹਨ ਉਨ੍ਹਾਂ ਨੂੰ ਸਰਕਾਰ ਨੂੰ ਆਪਣੇ ਹੱਥਾਂ ਵਿਚ ਲੈ ਕੇ ਕਾਲੋਨੀਆਂ ਬਣਾਉਣੀਆਂ ਚਾਹੀਦੀਆਂ ਹਨ।

ਅਗਲੀ ਗੱਲ, ਸਪੀਕਰ ਸਾਹਿਬ, ਇਨਸਟਾਲੇਸ਼ਨ ਆਫ ਟਿਊਬਵੈਲਜ਼ ਦੇ ਬਾਰੇ ਵਿਚ ਹੈ। ਕਾਰਪੋਰੇਸ਼ਨ ਟਿਊਬਵੈਲਜ਼ ਲਾਉਣ ਲਈ ਜਾਂ ਛੋਟੀ ਇੰਡਸਟਰੀ ਲਾਉਣ ਲਈ ਕਰਜ਼ਾ ਦਿੰਦੀ ਹੈ ਔਰ ਉਸ ਨੇ ਪ੍ਰਾਇਰਟੀ ਬੇਸਿਜ਼ ਤੇ ਕੁਨੈਕਸ਼ਨ ਦੇਣ ਲਈ ਵੀ ਕਿਹਾ ਹੈ। ਮੇਰੀ ਬੇਨਤੀ ਹੈ ਕਿ ਕਣੀ ਵਾਰੀ ਇਲੈਕਟ੍ਰਿਸਿਟੀ ਬੋਰਡ ਕੁਨੈਕਸ਼ਨ ਦੇਣ ਵਿਚ ਬਹੁਤ ਸਮਾਂ ਲਗਾ ਦਿੰਦਾ ਹੈ। ਲੋਕਾਂ ਨੂੰ ਕਰਜ਼ਾ ਮਿਲ ਜਾਂਦਾ ਹੈ ਪਰ ਕੁਨੈਕਸ਼ਨ ਜਿਹੜਾ ਹੈ ਉਹ 6-6 ਮਹੀਨੇ ਬਾਅਦ ਮਿਲਦਾ ਹੈ। ਮੇਰੀ ਪ੍ਰਾਰਥਨਾ ਹੈ ਕਿ ਜੇ ਵਾਕਈ ਤੁਸੀਂ ਲੋਕਾਂ ਦਾ ਭਲਾ ਕਰਨਾ ਹੈ ਤਾਂ ਸਾਨੂੰ ਬਹੁਤ ਹੀ ਪ੍ਰਾਇਰਟੀ ਬੇਸਿਜ਼ ਤੇ ਕੁਨੈਕਸ਼ਨ ਬਿਜਲੀ ਦੇ ਲੋਕਾਂ ਨੂੰ ਦੁਆ ਦੇਣੇ ਚਾਹੀਦੇ ਹਨ ਤਾਂ ਕਿ ਲੋਕਾਂ ਦਾ ਸਹੀ ਮਾਅਨਿਆਂ ਵਿਚ ਭਲਾ ਹੋ ਸਕੇ।

ਅਗੇ ਚਲ ਕੇ ਇਸ ਦੇ ਵਿਚ ਰਜਿਸਟਰੇਸ਼ਨ ਵਿਚ ਫੀਸ ਦੀ ਐਗਜ਼ਮਪਸ਼ਨ ਦਾ ਜ਼ਿਕਰ ਹੈ। ਜਿਸ ਵੇਲੇ, ਸਪੀਕਰ ਸਾਹਿਬ, ਇਹ ਰਿਪੋਰਟ ਤਿਆਰ ਹੋਈ ਸੀ ਉਸ ਵੇਲੇ ਤਾਂ ਇਹ ਚੀਜ਼ ਨਹੀਂ ਸੀ ਪਰ ਹੁਣ ਇਹ ਸਰਕਾਰ ਨੇ ਕਰ ਦਿਤੀ ਹੈ ਜਿਹੜੀ ਕਿ ਇਕ ਚੰਗੀ ਗੱਲ ਹੈ। ਫਿਰ ਜਿਹੜਾ ਇਸ ਦਾ ਪਹਿਲਾਂ ਰੇਟ ਆਫ਼ ਇਨੱਟਰਸਟ ਸੀ ਉਹ 7% ਅਤੇ 9% ਪਰਸੈਂਟ ਸੀ ਪਰ ਸਰਕਾਰ ਨੇ 3,000/- ਰੁਪਏ ਤਕ ਫਰੀ ਇਨਟੱਰਸਟ ਲੋਨ ਅਤੇ ਬਾਕੀ ਦੇ ਜਿਹੜੇ ਲੋਨਜ਼ ਹਨ ਉਨ੍ਹਾਂ ਦਾ ਰੇਟ ਆਫ਼ ਇਨੱਟਰਸਟ ਘਟਾ ਦਿਤਾ ਹੈ। ਇਹ ਚੰਗੀ ਗੱਲ ਕੀਤੀ ਹੈ ਲੇਕਿਨ ਮੇਰੀ ਇਸ ਦੇ ਵਿਚ ਇਕ ਸਬਮਿਸ਼ਨ ਹੈ ਕਿ ਸਰਕਾਰ ਨੇ ਜਿਹੜਾ ਸੂਦ ਦਾ ਰੇਟ ਘਟਾਇਆ ਹੈ ਉਹ ਉਨ੍ਹਾਂ ਲੋਕਾਂ ਨੂੰ ਵੀ ਰਿਆਇਤ ਦੇਣੀ ਚਾਹੀਦੀ ਹੈ ਜਿਨ੍ਹਾਂ ਨੇ ਇਕ

Original with;
Punjab Vidhan Sabha
Digitized by;
Panjab Digital Library

ਸਾਲ ਜਾਂ ਦੋ ਸਾਲ ਪਹਿਲਾਂ ਕਰਜ਼ਾ ਲਿਆ ਹੈ। ਉਨ੍ਹਾਂ ਲੋਕਾਂ ਤੇ ਜੋ ਰੇਟ ਆਫ਼ ਇਨਟਰੱਸਟ ਹੈ ਉਹ ਇਸ ਵੇਲੇ ਉਹੀ ਹੈ। ਮੇਰਾ ਸੁਝਾਵ ਹੈ ਕਿ ਯੂਨੀਫਾਰਮਿਟੀ ਕਰਨੀ ਚਾਹੀਦੀ ਹੈ। ਇਹ ਮੇਰੀ ਤੁਹਾਡੇ ਅੱਗੇ ਬੇਨਤੀ ਹੈ।

ਇਸ ਤੋਂ ਅੱਗੇ ਹੈ ਡਿਸਟ੍ਰੀਬਿਊਸ਼ਨ ਆਫ਼ ਆਟੋ ਰਿਕਸ਼ਾ (ਘੰਟੀ) ਜਿਸ ਤਰ੍ਹਾਂ, ਸਪੀਕਰ ਸਾਹਿਬ, ਚੌਧਰੀ ਸੁੰਦਰ ਸਿੰਘ ਨੇ ਕਿਹਾ ਹੈ ਮੈਂ ਵੀ ਇਹੀ ਕਹਿਣਾ ਚਾਹੁੰਦਾ ਹਾਂ ਕਿ ਇਸ ਦੇ ਵਿੱਚ ਕੋਈ ਕੋਟਾ ਮੁਕੱਰਰ ਹੋਣਾ ਚਾਹੀਦਾ ਹੈ। (ਘੰਟੀ) ਆਖਿਰ ਵਿਚ, ਸਪੀਕਰ ਸਾਹਿਬ, ਮੈਂ ਇਹ ਕਹਾਂਗਾ ਕਿ ਸਰਕਾਰ ਨੇ ਜਿਹੜਾ 5 ਕਰੋੜ ਰੁਪਿਆ ਇਸ ਦੇ ਵਾਸਤੇ ਰਖਿਆ ਹੈ ਇਸ ਨੂੰ ਵੱਧਾ ਕੇ 10 ਕਰੋੜ ਰੁਪਿਆ ਕਰਨਾ ਚਾਹੀਦਾ ਹੈ। ਮੈਂ ਇਹ ਵੀ ਬੇਨਤੀ ਇਸ ਸਰਕਾਰ ਨੂੰ ਕਰਨਾ ਚਾਹੁੰਦਾ ਹਾਂ ਕਿ ਇਸ ਸਰਕਾਰ ਨੇ ਲੋਨ ਤੇ ਰੁਪਿਆ ਜਿਹੜਾ ਦਿਤਾ ਹੋਇਆ ਹੈ ਉਹ ਬਤੇਰ ਗਰਾਂਟ ਦੇ ਦੇਣਾ ਚਾਹੀਦਾ ਹੈ ਤਾਂ ਕਿ ਕਾਰਪੋਰੇਸ਼ਨ ਦਾ ਜਿਹੜਾ ਕੰਮ ਹੈ ਉਹ ਠੀਕ ਤਰ੍ਹਾਂ ਨਾਲ ਚਲ ਸਕੇ। (ਘੰਟੀ)

ਅੰਤ ਵਿਚ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਮੈਂਬਰਾਂ ਨੈ ਬੋਲਦਿਆਂ ਹੋਇਆਂ ਇਸ ਰਿਪੋਰਟ ਵਲ ਬਿਲਕੁਲ ਧਿਆਨ ਨਹੀਂ ਦਿਤਾ ਅੌਰ ਇਸੇ ਤਰ੍ਹਾਂ ਹੀ ਜਨਰਲ ਡਿਸਕਸ਼ਨ ਕੀਤੀ ਹੈ। ਮੈਂ ਸਮਝਦਾ ਹਾਂ ਕਿ ਜਦੋਂ ਜਨਰਲ ਡਿਸਕਸ਼ਨ ਦਾ ਵੇਲਾ ਆਵੇ ਤਾਂ ਉਸ ਵੇਲੇ ਉਨ੍ਹਾਂ ਨੂੰ ਜਨਰਲ ਡਿਸਕਸ਼ਨ ਕਰਨੀ ਚਾਹੀਦੀ ਸੀ। ਕੋਈ ਵੀ ਰਿਪੋਰਟ ਤੇ ਨਹੀਂ ਬੋਲਿਆ (ਘੰਟੀ) ਮੇਰੇ, ਸਪੀਕਰ ਸਾਹਿਬ, ਇਹੀ ਸੁਝਾਵ ਹਨ, ਉਮੀਦ ਹੈ ਕਿ ਸਰਕਾਰ ਇਨ੍ਹਾਂ ਤੇ ਗੌਰ ਕਰੇਗੀ।

ਸ਼੍ਰੀ ਸਪੀਕਰ: ਮੇਰਾ ਖਿਆਲ ਹੈ ਕਿ ਹਾਊਸ ਦੇ ਸਾਰੇ ਪਖਾਂ ਦੇ ਵਿਚਾਰ ਆ ਗਏ ਹਨ ਮੈਂ ਸਮਝਦਾ ਹਾਂ ਕਿ ਮਨਿਸਟਰ ਸਾਹਿਬ ਰਿਪਲਾਈ ਦੇ ਦੇਣ ਤਾਂ ਚੰਗੀ ਗੱਲ ਹੈ। (ਵਿਘਨ) (I think the views of all the parties in the House have come and it will be better now if the Minister Incharge gives reply to the debate.)

(ਇਸ ਵਕਤ ਕਈ ਮੈਂਬਰ ਸਾਹਿਬਾਨ ਬੋਲਣ ਵਾਸਤੇ ਖੜੇ ਹੋ ਗਏ)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਤੁਸੀਂ 11.45 ਤਕ ਕਿਹਾ ਸੀ ਕਮ-ਅਜ਼-ਕਮ 10.00 ਤਾਂ ਵਜਾਓ। (ਵਿਘਨ)

ਸ਼੍ਰੀ ਸਪੀਕਰ: 20-25 ਮਿੰਟ ਮਨਿਸਟਰ ਸਾਹਿਬ ਲੈਣਗੇ। ਮੇਰਾ ਖ਼ਿਆਲ ਹੈ ਕਿ 11.45 ਤਾਂ ਵਜ ਹੀ ਜਾਣਗੇ। (ਵਿਘਨ) (ਸਰਦਾਰ ਦਰਸ਼ਨ ਸਿੰਘ ਕੇ. ਪੀ. ਵਲੋਂ ਵਿਘਨ) ਮਨਿਸਟਰ ਇਨਚਾਰਜ ਸ਼੍ਰੀਮਤੀ ਸਰਲਾ ਪ੍ਰਾਸ਼ਰ (The Minister Incharge will take twenty to twenty five minutes. The time by then will be about 11.45 p. m. (*Interruption by Sardar Darshan Singh K.P.*) Minister Incharge Shrimati Sarla Prasher.)

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ, ਸਮਾਜ ਭਲਾਈ (ਕੁਮਾਰੀ ਸਰਲਾ ਪ੍ਰਾਸ਼ਰ) : ਸਪੀਕਰ ਸਾਹਿਬ, ਅੱਜ ਦੀ ਡਿਸਕਸ਼ਨ ਪੰਜਾਬ ਸ਼ਡਿਊਲਡ ਕਾਸਟਸ ਲੈਂਡ ਡੀਵੈਲਪਮੈਂਟ ਐਂਡ ਫਾਈਨਾਂਸ ਕਾਰਪੋਰੇਸ਼ਨ ਦੀ ਰਿਪੋਰਟ ਦੇ ਬਾਰੇ ਵਿਚ ਹੈ । ਜਿਸ ਤਰ੍ਹਾਂ ਮੈਂਬਰ ਸਾਹਿਬਾਨ ਨੇ ਵੀ ਦਸਿਆ ਹੈ ਕਿ ਇਸ ਕਾਰਪੋਰੇਸ਼ਨ ਦੀ ਸਾਰੀ ਵਰਕਿੰਗ ....(ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਜੇ ਹਾਊਸ ਦੇ ਮੈਂਬਰ ਸਾਹਿਬਾਨ ਹਿੰਮਤ ਨਾਲ ਬੈਠ ਸਕਦੇ ਹਨ ਤਾਂ ਕੁਝ ਮੈਂਬਰਾਂ ਦੀ ਖਾਹਸ਼ ਪੂਰੀ ਕਰ ਦੇਣੀ ਚਾਹੀਦੀ ਹੈ । (ਬੰਪਿੰਗ)

(ਇਸ ਵਕਤ ਕਈ ਆਨਰੇਬਲ ਮੈਂਬਰਜ਼ ਬੋਲਣ ਲਈ ਖੜੇ ਹੋਏ ਜਿਨ੍ਹਾਂ ਵਿਚ ਭਗਤ ਗੁਰਾਂ ਦਾਸ ਹੰਸ ਵੀ ਸਨ)

(ਇਸ ਵਕਤ ਸ਼੍ਰੀ ਸਪੀਕਰ ਨੇ ਸਰਦਾਰ ਦਰਸ਼ਨ ਸਿੰਘ ਕੇ. ਪੀ. ਨੂੰ ਕਾਲ ਅਪੋਨ ਕੀਤਾ) ।

ਭਗਤ ਗੁਰਾਂ ਦਾਸ ਹੰਸ : ਆਨ ਏ ਪ੍ਰਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੇਰੀ ਹੰਬਲ ਰਿਕੁਐਸਟ ਹੈ ਕਿ ਮੈਂ ਚੇਅਰ ਦੀ ਪੂਰੀ ਰਿਸਪੈਕਟ ਕਰਦਾ ਹਾਂ ਮਗਰ ਮੈਂ ਦੇਖਦਾ ਹਾਂ ਕਿ ਤੁਹਾਡਾ ਸੀਨੀਅਰ ਮੈਂਬਰ ਨਾਲ ਐਸਾ ਰਵੱਈਆ ਹੈ ਜੋ ਠੀਕ ਨਹੀਂ । ਮੈਂ 20 ਵਾਰੀ ਖੜਾ ਹੋਇਆ ਹਾਂ ਪਰ ਤੁਸੀਂ ਮੈਨੂੰ ਟਾਈਮ ਨਹੀਂ ਦਿਤਾ । (ਵਿਘਨ)

ਸ਼੍ਰੀ ਸਪੀਕਰ : ਮੈਨੂੰ ਬੜਾ ਅਫ਼ਸੋਸ ਹੈ, ਤੁਸੀਂ ਪਹਿਲਾਂ ਵੀ ਬੋਲੇ ਸੀ ਅੱਜ ਤੁਹਾਨੂੰ ਪਹਿਲਾਂ ਸਮਾਂ ਦਿਤਾ ਗਿਆ ਸੀ । ਹੋਰ ਵੀ ਆਨਰੇਬਲ ਮੈਂਬਰਜ਼ ਬੋਲਣਾ ਚਾਹੁੰਦੇ ਹਨ (ਵਿਘਨ) (I am sorry to say that you had already been given some time to speak. The other hon. Members also want to participate in the debate.) (*Interruption*)

ਸਰਦਾਰ ਦਰਸ਼ਨ ਸਿੰਘ ਕੇ. ਪੀ. (ਜਮਸ਼ੇਰ ਐਸ. ਸੀ.) : ਸਪੀਕਰ ਸਾਹਿਬ, ਜੋ ਪੰਜਾਬ ਸ਼ਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਐਂਡ ਫ਼ਾਈਨਾਂਸ ਕਾਰਪੋਰੇਸ਼ਨ ਦੀ 1971-72 ਦੀ ਰਿਪੋਰਟ ਪੇਸ਼ ਹੋਈ ਹੈ ਮੈਂ ਉਸ ਬਾਰੇ ਪੰਜਾਬ ਸਰਕਾਰ ਦਾ ਸ਼ੁਕਰੀਆ ਅਦਾ ਕਰਦਾ ਹਾਂ । ਹਰ ਸੈਸ਼ਨ ਵਿਚ ਸ਼ਡਿਊਲਡ ਕਾਸਟਸ ਦੀਆਂ ਜਿਹੜੀਆਂ ਕਮੀਆਂ ਹਨ ਅਤੇ ਇਹ ਜਿਹੜਾ ਪਛੜਿਆ ਹੋਇਆ ਅੰਗ ਹੈ ਸਮਾਜ ਦਾ ਉਸ ਬਾਰੇ ਹਾਊਸ ਵਿਚ ਸਾਰੇ ਮੈਂਬਰ ਸਾਹਿਬਾਨ ਨੇ ਆਪਣੇ ਸੁਝਾਵ ਦਿਤੇ ਹਨ ਤੇ ਮੈਂ ਵੀ ਹਾਊਸ ਵਿਚ ਕੁਝ ਆਪਣੇ ਸੁਝਾਵ ਦੇਣਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਇਹ ਜੋ ਕਾਰਪੋਰੇਸ਼ਨ ਹੈ ਇਹ ਗਰੀਬਾਂ ਦੀ ਭਲਾਈ ਵਾਸਤੇ ਹੈ, ਉਨ੍ਹਾਂ ਨੂੰ ਸਹੂਲਤਾਂ ਦੇਣ ਵਾਸਤੇ ਹੈ ਅੱਰ ਉਨ੍ਹਾਂ ਨੂੰ ਆਰਥਿਕ ਤੌਰ ਤੇ ਤਕੜਾ ਕਰਨ ਵਾਸਤੇ ਹੈ । ਇਹ ਕਾਰਪੋਰੇਸ਼ਨ 5 ਕਰੋੜ ਰੁਪਏ ਨਾਲ ਬਣੀ ਅਤੇ ਮੇਰੇ ਦੋਸਤਾਂ ਨੇ ਕਿਹਾ ਹੈ ਕਿ ਇਹ ਰਕਮ ਘੱਟ ਹੈ । ਇਹ ਰਕਮ 10 ਕਰੋੜ ਹੋ ਸਕਦੀ ਹੈ, 20 ਕਰੋੜ ਹੋ ਸਕਦੀ ਹੈ ਅਤੇ 50 ਕਰੋੜ ਰੁਪਏ ਵੀ ਹੋ ਸਕਦੀ ਹੈ । ਇਸ ਬਾਰੇ ਮੈਂ ਦਸਦਾ ਹਾਂ ਕਿ ਕਿਸ ਤਰ੍ਹਾਂ ਹੋ ਸਕਦੀ ਹੈ ।

ਸਪੀਕਰ ਸਾਹਿਬ, ਜ਼ਮੀਨਾਂ ਦਾ ਮਸਲਾ ਹੈ । ਜ਼ਮੀਨਾਂ ਹਰੀਜਨਾਂ ਨੂੰ ਦਿਓ ਕਾਰਪੋਰੇਸ਼ਨ ਰਾਹੀਂ ਉਨ੍ਹਾਂ ਦੀ ਆਰਥਿਕ ਅਵਸਥਾ ਠੀਕ ਹੋ ਸਕਦੀ ਹੈ । ਟਰਾਂਸਪੋਰਟ ਵੀ ਕਵਰ ਹੋ

Original with;
Punjab Vidhan Sabha
Digitized by;
Panjab Digital Library

ਸਕਦੀ ਹੈ ਅਗਰ ਇਹ ਕਾਰਪੋਰੇਸ਼ਨ ਸੋਸਾਇਟੀਆਂ ਦੀ ਸ਼ਕਲ ਵਿਚ ਬਣਾ ਦੇਵੇ । ਫਿਰ ਵਿਦਿਆ ਦੇ ਜਿਹੜੇ ਔਖੇ ਸਾਧਨ ਹਨ ਅਤੇ ਇਹ ਗਰੀਬ ਰਪਿਆ ਖਰਚ ਨਹੀਂ ਕਰ ਸਕਦੇ ਉਥੇ ਵੀ ਇਹ ਕਾਰਪੋਰੇਸ਼ਨ ਗ੍ਰਾਂਟਸ ਦੇਵੇ ।

EXTENSION OF TIME OF THE SITTING OF THE HOUSE

Mr. Speaker : If the House agrees the time of the sitting may be extended till 10-00 P.M. Is it the pleasure of the House ?

Voices : Yes, Yes.

Mr. Speaker : The time of the sitting is extended till 10.00 P.M.

DISCUSSION ON THE ANNUAL REPORT ON THE WORKING OF THE PUNJAB SCHEDULED CASTES LAND DEVELOPMENT AND FINANCE CORPORATION FOR THE YEAR 1971-72 (*Resumption*)

ਸਰਦਾਰ ਦਰਸ਼ਨ ਸਿੰਘ ਕੈ. ਪੀ. : ਸਪੀਕਰ ਸਾਹਿਬ, ਤੁਸੀਂ ਕਹੋਗੇ ਕਿ ਇਹ 50 ਕਰੋੜ ਰੁਪਿਆ ਕਿਥੋਂ ਆ ਸਕਦਾ ਹੈ । ਮੈਂ ਦਸਦਾ ਹਾਂ ਕਿ ਪੰਜਾਬ ਦੀ ਜ਼ਮੀਨ ਖੁਰਦ ਬੁਰਦ ਹੋਈ ਪਈ ਹੈ । ਮੈਂ ਦਸਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਹਰਚੰਦ ਸਿੰਘ ਕਮੇਟੀ ਬਣਾਈ ਅੱਰ ਬੜੀ ਸੋਚ ਸਮਝ ਕੇ ਬਣਾਈ । ਵੱਡੇ ਲੋਕਾਂ ਨੇ ਅਤੇ ਅਫਸਰਾਂ ਨੇ ਉਹ ਜ਼ਮੀਨਾਂ ਜ਼ੋਰ ਨਾਲ ਖੁਰਦਬੁਰਦ ਕੀਤੀਆਂ ਅੱਰ ਸਾਬਤ ਹੋਈਆਂ । ਥੋੜੇ ਦਿਨਾਂ ਦੀ ਗੱਲ ਹੈ ਮੈਂ ਇਥੋਂ ਸੈਸ਼ਨ ਅਟੈਂਡ ਕਰਕੇ ਜਲੰਧਰ ਜਾ ਰਿਹਾ ਸੀ ਤਾਂ ਲੁਧਿਆਣਾ ਦੇ ਨੇੜੇ ਮੈਨੂੰ ਇਕ ਸਜਣ ਸਰਦਾਰ ਗੁਰਮੇਲ ਸਿੰਘ ਮਿਲਿਆ ਅਤੇ ਉਸ ਨੇ ਕਿਹਾ ਕਿ ਮੈਂ 1,600 ਏਕੜ ਇਕ ਜ਼ਮੀਨ ਵਾਹ ਰਿਹਾ ਹਾਂ, 800 ਏਕੜ ਹੋਰ ਅਤੇ 600 ਏਕੜ ਹੋਰ । ਮੈਂ ਬੜਾ ਹੈਰਾਨ ਹੋਇਆ ਅਤੇ ਉਸ ਨੂੰ ਪੁਛਿਆ ਕਿ ਤੂੰ ਪੰਜਾਬ ਦੀ ਗਲ ਕਰ ਰਿਹਾ ਹੈਂ ਕਿ ਯੂ. ਪੀ. ਦੀ । ਉਹ ਕਹਿਣ ਲਗਾ ਕਿ ਪੰਜਾਬ ਵਿਚ ਜੀ । ਉਸ ਨੇ ਦਸਿਆ ਕਿ 1,600 ਏਕੜ ਹਰੀਕੇ ਪੱਤਣ, 100 ਆਦਮੀਆਂ ਦੀ ਸੋਸਾਇਟੀ ਬਣਾ ਕੇ, 800 ਏਕੜ ਮੰਡਤਿਹਾੜਾ ਅਤੇ ਤੀਸਰੀ 600 ਏਕੜ ਖੇਰਾਮਾਜਰਾ । ਇਹੋ ਜਿਹੇ ਸਿਲਸਿਲੇ ਚਲ ਰਹੇ ਹਨ । ਮੈਂ ਕਹਿੰਦਾ ਹਾਂ ਕਿ ਜਿਹੜੇ ਬੜੇ ਬੜੇ ਅਫਸਰਾਂ ਨੇ ਤਿੰਨ ਤਿੰਨ ਸੌ ਏਕੜ ਜ਼ਮੀਨ ਦਬੀ ਹੋਈ ਹੈ ਪੰਜਾਬ ਸਰਕਾਰ ਆਪਣੇ ਕਬਜ਼ੇ ਵਿਚ ਉਹ ਜ਼ਮੀਨ ਲੈ ਲਵੇ ਅਤੇ ਚਾਹੇ ਉਸ ਨੂੰ ਹਰੀਜਨਾਂ ਵਿਚ ਨੀਲਾਮ ਕਰੇ ਚਾਹੇ ਲਾਟਰੀ ਸਿਸਟਮ ਨਾਲ ਦੇਵੇ ਅਤੇ ਉਸ ਦਾ ਜੋ ਰੁਪਿਆ ਹੋਵੇ ਉਹ ਉਸ ਕਾਰਪੋਰੇਸ਼ਨ ਵਿਚ ਜਾਣਾ ਚਾਹੀਦਾ ਹੈ । ਉਸ ਰਕਮ ਨਾਲ ਭਾਵੇਂ ਕਾਰਪੋਰੇਸ਼ਨ ਦੇ ਫੰਡਜ਼ 50 ਕਰੋੜ ਰੁਪਏ ਦੇ ਹੋ ਜਾਣ ਭਾਵੇਂ 80 ਕਰੋੜ ਰੁਪਏ ਦੇ । ਇਸ ਰੁਪਏ ਨਾਲ ਹਰੀਜਨਾਂ ਨੂੰ ਕਾਫੀ ਫਾਇਦਾ ਹੋ ਸਕਦਾ ਹੈ । ਉਹ ਟਰਾਂਸਪੋਰਟ ਚਲਾ ਸਕਦੇ ਹਨ, ਟਰੱਕ ਲੈ ਸਕਦੇ ਹਨ ਅਤੇ ਜ਼ਮੀਨਾਂ ਅੱਛੀਆਂ ਲੈ ਸਕਦੇ ਹਨ । ਮੇਰੀ ਪੰਜਾਬ ਦੇ ਮੁੱਖ ਮੰਤਰੀ ਨੂੰ ਬੇਨਤੀ ਹੈ ਕਿ ਉਨ੍ਹਾਂ ਨੂੰ ਕਿਸੇ ਗਲੋਂ ਘਬਰਾਉਣਾ ਨਹੀਂ ਚਾਹੀਦਾ । ਉਹ ਲੈਂਡ ਸੀਲਿੰਗ ਬਿਲ ਲਿਆ ਰਹੇ ਹਨ ਅਤੇ ਇਸ ਤਰ੍ਹਾਂ ਜੋ ਡੇਢ ਦੋ ਲੱਖ ਏਕੜ ਜ਼ਮੀਨ ਇਨ੍ਹਾਂ ਠੱਗਾਂ ਕੋਲ ਰਖੀ ਹੋਈ ਹੈ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਰਸ਼ਨ ਸਿੰਘ ਕੇ.ਪੀ.]

ਉਹ ਉਨ੍ਹਾਂ ਤੋਂ ਕਢਾਉਣ ਅਤੇ ਗਰੀਬ ਹਰੀਜਨਾਂ ਵਿਚ ਵੰਡਣ । (ਵਿਘਨ) ਜੋ ਪਿੰਡਾਂ ਵਾਲੇ ਹਨ ਉਨ੍ਹਾਂ ਨੂੰ ਉਨ੍ਹਾਂ ਜ਼ਮੀਨਾਂ ਦਾ ਮਾਲਕ ਬਣਾਉਣ । ਅਕਾਲੀਆਂ ਨੇ X X X । ਉਸ ਵੇਲੇ ਉਨ੍ਹਾਂ ਨੇ ਜ਼ਮੀਨਾਂ ਕਿਹੜੀਆਂ ਨਿਲਾਮ ਕੀਤੀਆਂ ? ਜਿਹੜੇ ਛੱਪੜ ਸੀ ਅਤੇ ਨਿਰੇ ਬੂਜੇ ਸੀ । (ਵਿਘਨ)

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਇਹ ਮਾੜੇ ਸ਼ਬਦ ਕਹੇ ਹਨ ਇਹ ਕਢਾ ਦਿਤੇ ਜਾਣ ।

ਸ਼੍ਰੀ ਸਪੀਕਰ : ਇਹ ਜਿਹੜੇ ਸ਼ਬਦ ਕਹੇ ਹਨ ਕਿ * * * ਇਹ ਐਕਸਪੰਜ ਕੀਤੇ ਜਾਣ । (The words * * * should be expunged.)

ਸਰਦਾਰ ਦਰਸ਼ਨ ਸਿੰਘ ਕੇ. ਪੀ. : ਇਸ ਕਰਕੇ ਅਸੀਂ ਪੰਜਾਬ ਦੇ ਮੁੱਖ ਮੰਤਰੀ ਤੇ ਮਾਣ ਕਰਦੇ ਹਾਂ, ਪੰਜਾਬ ਦੀ ਜਨਤਾ ਮਾਣ ਕਰਦੀ ਹੈ, ਉਨ੍ਹਾਂ ਨੇ ਬੜੇ ਉਤਸ਼ਾਹ ਨਾਲ ਲੋਕਾਂ ਲਈ ਕੰਮ ਕੀਤੇ ਅਤੇ ਹਰੀਜਨਾਂ ਲਈ ਸਰਵਿਸਿਜ਼ ਵਿਚ ਅਤੇ ਤਰੱਕੀਆਂ ਵਿਚ ਰਿਜ਼ਰਵੇਸ਼ਨਜ਼ ਕੀਤੀਆਂ, ਅਸੀਂ ਇਨ੍ਹਾਂ ਦੇ ਧੰਨਵਾਦੀ ਹਾਂ । ਮੈਂ ਇਹ ਵੀ ਇਨ੍ਹਾਂ ਨੂੰ ਕਹਾਂਗਾ ਕਿ ਵਡਿਆਂ ਵਡਿਆਂ ਠੱਗਾਂ ਕੋਲੋਂ ਜ਼ਮੀਨਾਂ ਲੈ ਲਵੋ । ਮੈਂ ਮੁੱਖ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਹਰਚੰਦ ਸਿੰਘ ਕਮੇਟੀ ਨੂੰ ਰਖੋ ਅਤੇ ਲੋਕਾਂ ਕੋਲੋਂ ਜ਼ਮੀਨਾਂ ਕਢਾਓ । ਠਾਕਰ ਸਿੰਘ ਜਗਰਾਓ ਵਾਲਾ ਹੈ ਉਸ ਕੋਲ 400 ਏਕੜ ਜ਼ਮੀਨ ਹੈ । ਇਸ ਤਰ੍ਹਾਂ ਚੱਕਰ ਕੱਟ ਕੇ ਵੇਖੋ ਤਾਂ ਪਤਾ ਲਗੇਗਾ ਕਿ ਲੋਕੀਂ ਲੱਖਾਂ ਏਕੜ ਜ਼ਮੀਨ ਦੱਬੀ ਬੈਠੇ ਹਨ । ਉਸ ਜ਼ਮੀਨ ਨੂੰ ਵੇਚ ਕੇ ਜਿਹੜਾ ਪੈਸਾ ਆਵੇ ਉਹ ਇਸ ਕਾਰਪੋਰੇਸ਼ਨ ਵਿਚ ਪਾ ਦਿਉ । ਹਰਚੰਦ ਸਿੰਘ ਕਮੇਟੀ ਬਾਬਤ ਤਾਂ ਸਰਦਾਰ ਉਮਰਾਓ ਸਿੰਘ ਜੀ ਚੰਗੀ ਤਰ੍ਹਾਂ ਜਾਣਦੇ ਹਨ । ਇਨ੍ਹਾਂ ਨੇ ਇਕ ਡੀ. ਐਸ. ਪੀ. ਦੀ ਜ਼ਮੀਨ ਕੈਂਸਲ ਕੀਤੀ ਸੀ ਬਾਅਦ ਵਿਚ ਪਤਾ ਨਹੀਂ ਕਿਸ ਤਰ੍ਹਾਂ ਬਹਾਲ ਕਰ ਦਿਤੀ ਗਈ । ਇਹ ਜਿਹੜੀਆਂ ਮੈਂ ਜ਼ਮੀਨਾਂ ਦਸੀਆਂ ਹਨ ਕਿ 1,600 ਏਕੜ ਇਕ, 800 ਇਕ ਅਤੇ 600 ਏਕੜ ਹੋਰ ਅਤੇ ਇਸ ਤਰ੍ਹਾਂ ਦੀਆਂ ਹੋਰ ਵੀ ਜ਼ਮੀਨਾਂ ਹਨ ਉਹ ਕੱਦਵਾ ਕੇ ਗਰੀਬਾਂ ਨੂੰ ਦਿਓ । (ਘੰਟੀ)

ਅੰਤ ਵਿਚ ਮੈਂ ਇਹ ਕਹਾਂਗਾ ਕੇ ਸਟੈਂਪ ਡਿਊਟੀ ਬਿਲਕੁਲ ਨਹੀਂ ਹੋਣੀ ਚਾਹੀਦੀ, ਫ਼ਰੀ ਇੰਟਰੱਸਟ ਲੋਨ 5-6 ਹਜ਼ਾਰ ਹੋਣਾ ਚਾਹੀਦਾ ਹੈ, ਸ਼ਰ੍ਹਾ ਜ਼ਮਾਨਤ ਦੀ ਬਰਾਬਰ ਹੋਣੀ ਚਾਹੀਦੀ ਹੈ । ਇਹ ਗਲਾਂ ਹਨ ਜਿਨ੍ਹਾਂ ਵਲ ਪੰਜਾਬ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ।

(ਇਸ ਸਮੇਂ ਮਾਨਯਗ ਮੈਂਬਰ ਸਰਦਾਰ ਦਰਬਾਰਾ ਸਿੰਘ ਸ਼ੀ.ਐਮ. ਸਾਹਿਬ ਦੀ ਸੀਟ ਤੇ ਬੈਠੇ ਸਨ)

ਸਰਦਾਰ ਗੁਰਦੇਵ ਸਿੰਘ ਬਾਦਲ : * * * (ਵਿਘਨ)

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ । (This is no point of order.)

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਅਜਾਇਬ ਸਿੰਘ ਸੰਧੂ (ਮੋਰਿੰਡਾ, ਐਸ. ਸੀ.) : ਮਾਨਯੋਗ ਸਪੀਕਰ ਸਾਹਿਬ, ਪੰਜਾਬ ਸ਼ਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਐਂਡ ਫਾਇਨਾਂਸ ਕਾਰਪੋਰੇਸ਼ਨ ਦੀ ਰਿਪੋਰਟ ਤੇ ਬਹਿਸ ਹੋ ਰਹੀ ਹੈ ਅੱਜ ਮੇਰੇ ਕਾਂਗਰਸੀ ਭਰਾਵਾਂ ਨੇ ਬੋਲਦਿਆਂ ਹੋਇਆਂ ਇਹ ਕਹਿਣ ਦੀ ਕੋਸ਼ਿਸ਼ ਕੀਤੀ ਹੈ ਕਿ ਇਹ 1971-72 ਦੀ ਰਿਪੋਰਟ ਹੈ, ਜਦੋਂ ਅਕਾਲੀਆਂ ਦਾ ਰਾਜ ਸੀ। ਇਨ੍ਹਾਂ ਨੇ ਇਹ ਨਹੀਂ ਵੇਖਿਆ ਕਿ 18 ਜਨਵਰੀ ਨੂੰ ਇਹ ਕਾਰਪੋਰੇਸ਼ਨ ਬਣੀ ਸੀ ਅਤੇ ਜੂਨ ਤੋਂ ਬਾਅਦ ਅਕਾਲੀਆਂ ਦੀ ਸਰਕਾਰ ਨਹੀਂ ਸੀ। ਇਸ ਵਿਚ ਇਹੋ ਜਿਹੀ ਕੋਈ ਗਲ ਨਹੀਂ ਹੈ। ਮੈਨੂੰ ਇਸ ਗਲ ਦਾ ਫ਼ਖਰ ਹੈ ਕਿ ਅਕਾਲੀ ਪਾਰਟੀ ਦੀ ਸਰਕਾਰ ਨੇ ਇਹ ਕਾਰਪੋਰੇਸ਼ਨ ਸੈਟ ਅੱਪ ਕੀਤੀ ਅਤੇ ਇਨ੍ਹਾਂ ਨੇ ਆਪਣੇ 27 ਵਰ੍ਹਿਆਂ ਵਿਚ ਕੋਈ ਐਸੀ ਕਾਰਪੋਰੇਸ਼ਨ ਸੈਟ ਅੱਪ ਨਹੀਂ ਕੀਤੀ। ਮੈਂ ਅਰਜ਼ ਕਰਦਾ ਹਾਂ ਕਿ ਜਿਥੋਂ ਤਕ ਇਸ ਕਾਰਪੋਰੇਸ਼ਨ ਦੇ ਕੰਮ ਦਾ ਸਬੰਧ ਹੈ ਇਹ ਕਾਰਪੋਰੇਸ਼ਨ ਕੰਮ ਠੀਕ ਕਰ ਰਹੀ ਹੈ ਅਤੇ ਮੈਂ ਸਮਝਦਾ ਹਾਂ ਕਿ ਜੇ ਇਸ ਕਾਰਪੋਰੇਸ਼ਨ ਦੇ ਕੋਲ ਹੋਰ ਪੈਸੇ ਹੋਣ ਤਾਂ ਬਹੁਤ ਕੰਮ ਹੋ ਸਕਦਾ ਹੈ ਇਸ ਦਾ ਨਾਂ ਹੈ ਪੰਜਾਬ ਲੈਂਡ ਡਿਵੈਲਪਮੈਂਟ ਐਂਡ ਫਾਈਨਾਂਸ ਕਾਰਪੋਰੇਸ਼ਨ। ਮਤਲਬ ਇਹ ਹੈ, ਕਿ ਜਿਹੜੀਆਂ ਜ਼ਮੀਨਾਂ ਸ਼ਡਿਊਲਡ ਕਾਸਟਸ ਦੇ ਕੋਲ ਹਨ ਉਨ੍ਹਾਂ ਦੀ ਡਿਵੈਲਪਮੈਂਟ ਵਾਸਤੇ ਮਦਦ ਕਰੇ ਅਤੇ ਜਿੰਨੇ ਸ਼ਡਿਊਲਡ ਕਾਸਟਸ ਹਨ ਉਨ੍ਹਾਂ ਦੀ ਸੈਟ ਅੱਪ ਵਿਚ ਕਾਰਪੋਰੇਸ਼ਨ ਮਦਦ ਕਰੇ। ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਜਿਥੋਂ ਤਕ ਜ਼ਮੀਨਾਂ ਦਾ ਸੁਆਲ ਹੈ ਜੇ ਜ਼ਮੀਨ ਹੋਵੇਗੀ ਹੀ ਨਹੀਂ ਤਾਂ ਕਾਰਪੋਰੇਸ਼ਨ ਕੀ ਡਿਵੈਲਪਮੈਂਟ ਕਰੇਗੀ। ਮੇਰਾ ਖਿਆਲ ਹੈ ਕਿ ਗਿਆਨੀ ਜ਼ੈਲ ਸਿੰਘ ਜੀ ਨੂੰ ਮੁੱਖ ਮੰਤਰੀ ਬਣੇ ਹੋਏ ਕੋਈ ਢਾਈ ਸਾਲ ਹੋ ਗਏ ਹਨ ਇਨ੍ਹਾਂ ਦੀਆਂ ਦੋ ਮੀਟਿੰਗਾਂ ਸਾਡੇ ਸ਼ਡਿਊਲਡ ਕਾਸਟਸ ਐਮ. ਐਲ. ਏਜ਼. ਨਾਲ ਹੋਈਆਂ ਅਤੇ ਆਖਰੀ ਮੀਟਿੰਗ ਨੂੰ ਇਕ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ ਅਤੇ ਉਨ੍ਹਾਂ ਮੀਟਿੰਗਾਂ ਵਿਚ ਅਸੀਂ ਬੜੇ ਪ੍ਰੇਮ ਅਤੇ ਸਤਿਕਾਰ ਨਾਲ ਕਿਹਾ ਸੀ ਕਿ ਜੋ ਕਦਮ ਤੁਸੀਂ ਸ਼ਡਿਊਲਡ ਕਾਸਟਸ ਦੀ ਭਲਾਈ ਵਾਸਤੇ ਚੁਕੋਗੇ ਉਨ੍ਹਾਂ ਵਿਚ ਅਸੀਂ ਤੁਹਾਡਾ ਸਮਰਥਨ ਕਰਾਂਗੇ ਚਾਹੇ ਅਸੀਂ ਕਿਸੇ ਪਾਰਟੀ ਨਾਲ ਸਬੰਧ ਰਖਦੇ ਹੋਈਏ। ਉਸਤੋਂ ਬਾਅਦ ਜਦੋਂ ਮਿਸ ਸਰਲਾ ਪ੍ਰਾਸ਼ਰ ਹੋਰੀਂ ਵਜ਼ੀਰ ਬਣੇ ਤਾਂ ਇਨ੍ਹਾਂ ਨੇ ਵੀ ਇਸ ਕਾਰਪੋਰੇਸ਼ਨ ਦੀ ਇੱਕ ਮੀਟਿੰਗ ਬੁਲਾਈ ਸੀ। ਇਨ੍ਹਾਂ ਨੇ ਵੀ ਕਿਹਾ ਸੀ ਅਤੇ ਚੀਫ਼ ਮਨਿਸਟਰ ਸਾਹਿਬ ਨੇ ਵੀ ਕਿਹਾ ਸੀ ਕਿ ਅਸੀਂ ਆਏ ਦੋ ਮਹੀਨੇ ਦੇ ਬਾਅਦ ਇਨ੍ਹਾਂ 23 ਸ਼ਡਿਊਲਡ ਕਾਸਟਸ ਐਮ. ਐਲ. ਏਜ਼ ਦੀ ਮੀਟਿੰਗ ਬੁਲਾ ਕੇ ਬੈਠ ਕੇ ਫੈਸਲੇ ਕਰ ਲਵਾਂਗੇ ਰੌਲਾ ਪਾਉਣ ਦੀ ਕੀ ਲੋੜ ਹੈ। ਲੇਕਿਨ ਸਪੀਕਰ ਸਾਹਿਬ, ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਦੋ ਮੀਟਿੰਗਾਂ ਤੋਂ ਬਾਅਦ ਚੀਫ਼ ਮਨਿਸਟਰ ਨੇ ਮੁੜ ਕੇ ਮੀਟਿੰਗ ਕਰਨ ਦਾ ਨਾਂ ਨਹੀਂ ਲਿਆ ਅਤੇ ਨਾ ਹੀ ਮਨਿਸਟਰ ਸਾਹਿਬਾ ਨੇ ਮੁੜ ਕੇ ਮੀਟਿੰਗ ਕਰਨ ਦਾ ਨਾਂ ਲਿਆ। ਜੋ ਫੈਸਲੇ ਉਨ੍ਹਾਂ ਦੋ ਮੀਟਿੰਗਾਂ ਵਿਚ ਹੋਏ ਸਨ ਉਹ ਵੀ ਅਜੇ ਤਕ ਸਿਰੇ ਨਹੀਂ ਚੜ੍ਹੇ। ਮੈਨੂੰ ਯਾਦ ਹੈ ਕਿ ਜਦੋਂ ਪਹਿਲੀ ਮੀਟਿੰਗ ਚੀਫ਼ ਮਨਿਸਟਰ ਸਾਹਿਬ ਨਾਲ ਹੋਈ ਸੀ ਉਦੋਂ ਸਾਰੇ ਐਮ. ਐਲ. ਏਜ਼. ਨੇ ਕਿਹਾ ਸੀ ਕਿ ਜਿਤਨੀ ਨਿਕਾਸੀ, ਜੰਗਲਾਤ, ਨਜ਼ੂਲ ਅਤੇ ਸਰਪੱਲਸ ਜ਼ਮੀਨ ਪਈ ਹੈ, ਇਹ ਸਾਰੀ ਦੀ ਸਾਰੀ ਸ਼ਡਿਊਲਡ ਕਾਸਟਸ ਵਿਚ ਵੰਡ ਦਿੱਤੀ ਜਾਵੇ ਤਾਕਿ ਲੈਂਡ ਡਿਵੈਲਪਮੈਂਟ ਕਾਰਪੋਰੇਸ਼ਨ ਤੋਂ ਮਦਦ ਲੈ ਕੇ ਸ਼ਡਿਊਲਡ ਕਾਸਟਸ ਉਸ ਜ਼ਮੀਨ ਨੂੰ ਵਾਹੀਯੋਗ ਬਣਾ ਸਕਣ ਅਤੇ ਵਾਹੀ ਕਰਨ। ਲੇਕਿਨ ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਅਜੇ ਤਕ ਇੱਕ ਇੰਚ ਵੀ ਨਿਕਾਸੀ, ਨਜ਼ੂਲ, ਜੰਗਲਾਤ ਜਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਅਜਾਇਬ ਸਿੰਘ ਭੰਧੂ]

ਸਰਪੱਲਸ ਜ਼ਮੀਨ, ਜਿਸ ਦੇ ਕਈ ਵਾਰੀ ਐਲਾਨ ਹੋ ਚੁਕੇ ਹਨ ਕਿ ਇਹ ਹਰੀਜਨਾਂ ਨੂੰ ਦੇਣੀ ਹੈ, ਨਹੀਂ ਦਿੱਤੀ ਗਈ । ਇਥੇ ਹੀ ਬੱਸ ਨਹੀਂ, ਇਧਰੋਂ ਵੀ ਆਵਾਜ਼ਾਂ ਆ ਰਹੀਆਂ ਹਨ ਅਤੇ ਉਧਰੋਂ ਵੀ ਆ ਰਹੀਆਂ ਹਨ ਕਿ ਇਸ ਕਾਰਪੋਰੇਸ਼ਨ ਨੂੰ 5 ਕਰੋੜ, 10 ਕਰੋੜ ਜਾਂ 15 ਕਰੋੜ ਰੁਪਿਆ ਸਰਕਾਰ ਨੂੰ ਦੇਣਾ ਚਾਹੀਦਾ ਹੈ । ਸਾਨੂੰ ਪੂਰੀ ਉਮੀਦ ਸੀ ਕਿ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਬਣੇ ਹਨ, ਇਹ ਗਰੀਬਾਂ ਵਿਚੋਂ ਆਏ ਹਨ, ਇਹ ਜ਼ਰੂਰ ਹਰੀਜਨਾਂ ਦੀ ਮਦਦ ਕਰਨਗੇ ਅਤੇ ਅਸੀਂ ਪੁਰਾਣੇ ਮੁੱਖ ਮੰਤਰੀਆਂ ਨੂੰ ਵੀ ਭੁਲਾ ਦੇਵਾਂਗੇ । ਸਪੀਕਰ ਸਾਹਿਬ, ਇਥੇ ਇੱਕ ਮੁੱਖ ਮੰਤਰੀ ਸੀ ਜਿਹੜਾ ਸ਼ਡਿਊਲਡ ਕਾਸਟਾਂ ਨੂੰ ਘੂਰ ਕੇ ਟਾਲਿਆ ਕਰਦਾ ਸੀ, ਦੂਜਾ ਹੱਸ ਕੇ ਟਾਲਿਆ ਕਰਦਾ ਸੀ ਅਤੇ ਇਹ ਤੀਸਰੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਹਨ ਜਿਹੜੇ ਕਿ ਭਾਸ਼ਣ ਦੇ ਕੇ ਹਰੀਜਨਾਂ ਨੂੰ ਟਾਲਦੇ ਹਨ । ਇਸ ਤਰੀਕੇ ਨਾਲ ਕੰਮ ਨਹੀਂ ਚਲੇਗਾ । ਤੁਸੀਂ ਕਦੋਂ ਤਕ ਸਾਨੂੰ ਫੁਦੂ ਬਣਾਉਗੇ । ਕਿਹਾ ਜਾਂਚਾ ਹੈ ਕਿ 1,87,000 ਪਲਾਟ ਹਰੀਜਨਾਂ ਨੂੰ ਦਿੱਤੇ ਗਏ । ਤੁਸੀਂ ਇਕੱਲੇ ਇਕੱਲੇ ਕਾਂਗਰਸੀ ਤੋਂ ਪੁੱਛ ਲਓ ਕਿ ਕੀ ਉਨ੍ਹਾਂ ਦੇ ਹਲਕੇ ਵਿਚ ਕਿਸੇ ਹਰੀਜਨ ਨੂੰ ਪਲਾਟ ਮਿਲਿਆ ਹੈ ? ਮੈਂ ਰੋਪੜ ਬਾਰੇ ਕਹਿ ਸਕਦਾ ਹਾਂ । ਗਿਆਨੀ ਜੀ ਦੇ ਆਪਣੇ ਹਲਕੇ ਵਿਚ ਕਿਸੇ ਹਰੀਜਨ ਨੂੰ ਪਲਾਟ ਨਹੀਂ ਮਿਲਿਆ । ਭਾਸ਼ਣਾਂ ਨਾਲ ਪੇਟ ਨਹੀਂ ਭਰਿਆ ਜਾ ਸਕਦਾ । ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸ਼ਡਿਊਲਡ ਕਾਸਟਸ ਕਾਰਪੋਰੇਸ਼ਨ ਕਿਉਂ ਅਕਾਲੀ ਦਲ ਦੀ ਸਰਕਾਰ ਨੇ ਬਣਾਈ ਸੀ ? ਅਕਾਲੀ ਦਲ ਮਹਿਸੂਸ ਕਰਦਾ ਸੀ ਕਿ ਸ਼ਡਿਊਲਡ ਕਾਸਟਸ ਦੀ ਇਕਨਾਮਿਕ ਕੰਡੀਸ਼ਨ ਨੂੰ ਬੇਹਤਰ ਬਣਾਉਣਾ ਹੈ । ਮੈਂ ਇਸ ਸਬੰਧ ਵਿਚ ਕੁਝ ਸੁਝਾਓ ਦੇਣਾ ਚਾਹੁੰਦਾ ਹਾਂ । ਜਿਸ ਤਰ੍ਹਾਂ ਇਥੇ ਮੈਂਬਰਾਂ ਨੇ ਕਿਹਾ ਹੈ ਕਿ 3,000 ਦੀ ਬਜਾਏ 5,000 ਰੁਪਏ ਤਕ ਕਰਜ਼ਾ ਹਰੀਜਨਾਂ ਨੂੰ ਬਗੈਰ ਸੂਦ ਦੇ ਮਿਲਣਾ ਚਾਹੀਦਾ ਹੈ । ਜਿਹੜੇ ਮਾਸਟਰ ਗੁਰਬੰਤਾ ਸਿੰਘ ਵਰਗੇ, ਸ਼੍ਰੀ ਗੁਰਮੇਲ ਸਿੰਘ, ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ ਜਾਂ ਮੇਰੇ ਵਰਗੇ ਸ਼ਡਿਊਲਡ ਕਾਸਟਸ ਹਨ ਜਿਨ੍ਹਾਂ ਦੇ ਪਹਿਲਾਂ ਹੀ ਚੰਗੇ ਕਾਰੋਬਾਰ ਹਨ ਉਨ੍ਹਾਂ ਨੂੰ ਇਸ ਕਾਰਪੋਰੇਸ਼ਨ ਤੋਂ ਕਰਜ਼ਾ ਨਹੀਂ ਮਿਲਣਾ ਚਾਹੀਦਾ । ਇਹ ਕਰਜ਼ਾ ਛੋਟੇ-ਛੋਟੇ ਗਰੀਬ ਹਰੀਜਨਾਂ ਨੂੰ ਮਿਲਣਾ ਚਾਹੀਦਾ ਹੈ । ਮੈਂ ਸਮਝਦਾ ਹਾਂ ਕਿ 15, 20 ਹਜ਼ਾਰ ਤੋਂ ਵੱਧ ਕਿਸੇ ਨੂੰ ਵੀ ਇਸ ਕਾਰਪੋਰੇਸ਼ਨ ਤੋਂ ਲੋਨ ਨਹੀਂ ਮਿਲਣਾ ਚਾਹੀਦਾ । ਜਿਹੜੇ ਇੰਡਸਟਰੀਜ਼ ਲਈ ਲੋਨ ਦੇਣੇ ਹਨ ਉਹ ਇਸ ਕਾਰਪੋਰੇਸ਼ਨ ਦੇ ਫੰਡਜ਼ ਵਿਚੋਂ ਨਹੀਂ ਦੇਣੇ ਚਾਹੀਦੇ । ਇੰਡਸਟਰੀ ਲਾਉਣ ਲਈ ਲੋਨ ਦਾ ਅਮਾਊਂਟ ਫਿਕਸ ਕਰ ਦਿਉ ਕਿ ਇੱਕ ਲੱਖ ਦੇਣਾ ਹੈ ਜਾਂ ਦੋ ਲੱਖ ਦੇਣਾ ਹੈ । ਇਹ ਐਲਾਨ ਕਰ ਦਿੱਤਾ ਜਾਵੇ ਕਿ ਇਤਨੇ ਪਰਸੈਂਟ ਇੰਡਸਟਰੀ ਦੇ ਲੋਨਾਂ ਵਿਚੋਂ ਇਨ੍ਹਾਂ ਹਰੀਜਨਾਂ ਨੂੰ ਮਿਲੇਗਾ । ਇਹ ਕਾਰਪੋਰੇਸ਼ਨ ਥੋੜੇ ਫੰਡਾਂ ਨਾਲ ਕੁਝ ਨਹੀਂ ਕਰ ਸਕਦੀ । ਫਿਰ ਵੀ ਇਹ 10, ਪੰਦਰਾਂ ਕਰੋੜ ਰੁਪਿਆ ਜਿਹੜਾ ਹੈ ਇਹ ਇਸਦੇ ਕੋਲ ਹੀ ਰਹਿਣਾ ਚਾਹੀਦਾ ਹੈ । ਅੱਜ ਪੰਜਾਬ ਦੀ 25% ਆਬਾਦੀ ਇਨ੍ਹਾਂ ਗਰੀਬ ਹਰੀਜਨਾਂ ਦੀ ਹੈ (ਘੰਟੀ) ਜੇ ਚੀਫ਼ ਮਨਿਸਟਰ ਸਾਹਿਬ ਇਹ ਕਰ ਦੇਣ ਕਿ ਇੰਡਸਟਰੀ ਦੇ ਲਈ ਜਿਹੜੇ ਲੋਨ ਇੰਡਸਟਰੀ ਡਿਪਾਰਟਮੈਂਟ ਦਿੰਦਾ ਹੈ ਉਸਦੇ ਵਿਚੋਂ ਇਨ੍ਹਾਂ ਦੀ ਪਾਪੂਲੇਸ਼ਨ ਦੇ ਹਿਸਾਬ ਨਾਲ 25% ਲੋਨ ਹਰੀਜਨਾਂ ਨੂੰ ਮਿਲੇਗਾ, ਤਾਂ ਇਹ ਲੋਕ ਇਕਨਾਮੀਕਲੀ ਬੜੀ ਤਰੱਕੀ ਕਰ ਸਕਦੇ ਹਨ । ਇਹ ਕਾਰਪੋਰੇਸ਼ਨ ਇਕੱਲੀ ਕੁਝ ਵੀ ਨਹੀਂ ਕਰ ਸਕਦੀ । ਸਰਵਿਸਿਜ਼ ਵਿਚ ਪੂਰਾ ਹਿੱਸਾ ਇਨ੍ਹਾਂ ਨੂੰ ਮਿਲਣਾ ਚਾਹੀਦਾ ਹੈ । ਗਿਆਨੀ ਜੀ ਨੇ ਐਲਾਨ ਤਾਂ ਜ਼ਰੂਰ ਕਰ ਦਿੱਤਾ ਕਿ 25% ਰਿਜ਼ਰਵੇਸ਼ਨ ਡਾਇਰੈਕਟ ਰਿਕਰੂਟਮੈਂਟ ਵਿਚ ਅਤੇ 16% ਰਿਜ਼ਰਵੇਸ਼ਨ

Original with;
Punjab Vidhan Sabha
Digitized by;
Panjab Digital Library

ਪ੍ਰਮੋਸ਼ਨਾਂ ਵਿੱਚ ਦੇਵਾਂਗੇ । ਲੇਕਿਨ ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਿਸ ਸਾਜਿਸ਼ ਦੇ ਨਾਲ ਇਸ ਰਿਜ਼ਰਵੇਸ਼ਨ ਦੇ ਆਰਡਰ ਨੂੰ ਤਾਰਪੀਡੋ ਕੀਤਾ ਜਾ ਰਿਹਾ ਹੈ, ਉਸ ਦਾ ਚੌਧਰੀ ਸੁੰਦਰ ਸਿੰਘ ਜੀ ਨੇ ਵੀ ਜ਼ਿਕਰ ਕੀਤਾ ਹੈ । ਉਨ੍ਹਾਂ ਨੇ ਕਿਹਾ ਹੈ ਕਿ ਸਾਡੇ ਮੁੰਡਿਆਂ ਨਾਲ ਅਫਸਰ ਬੇਇਨਸਾਫੀ ਕਰਦੇ ਹਨ । ਕਾਂਗਰਸ ਦੇ ਪ੍ਰਧਾਨ, ਸਰਦਾਰ ਨਰਿੰਜਨ ਸਿੰਘ ਤਾਲਿਬ ਨਾਲ ਸ਼ਡਿਊਲਡ ਕਾਸਟਸ ਇੰਪਲਾਈਜ਼ ਦੀ ਕਾਨਫਰੈਂਸ ਦਾ ਉਦਘਾਟਨ ਕਰਨ ਅਤੇ ਪੰਜਾਬ ਦੇ ਡਿਪਟੀ ਸਪੀਕਰ, ਸ਼੍ਰੀ ਨਸੀਬ ਸਿੰਘ ਗਿੱਲ ਉਸ ਕਾਨਫਰੰਸ ਦਾ ਉਦਘਾਟਨ ਕਰਨ ਅਤੇ ਉਸਦੇ ਮੈਮੋਰੰਡਮ ਚੀਫ ਮਨਿਸਟਰ ਸਾਹਿਬ ਕੋਲ ਆਉਣ । ਅਸੀਂ ਗਿਆਨੀ ਜ਼ੈਲ ਸਿੰਘ ਕੋਲੋਂ ਤਵਕੋ ਰੱਖਦੇ ਸੀ ਅਤੇ ਹੁਣ ਵੀ ਰਖਦੇ ਹਾਂ ਕਿ ਗਰੀਬਾਂ ਦਾ ਜ਼ਰੂਰ ਉਹ ਭਲਾ ਕਰਨਗੇ । ਮੈਂ ਫਿਰ ਉਨ੍ਹਾਂ ਨੂੰ ਕਹਾਂਗਾ ਕਿ ਭਾਸ਼ਨਾਂ ਨਾਲ ਨਾ ਟਾਲੋ ਕੁਝ ਕਰਕੇ ਦਿਖਾਓ ।

WALK-OUTS

ਸਰਦਾਰ ਗੁਰਦੇਵ ਸਿੰਘ ਸਿੱਧੂ : ਪੁਆਇੰਟ ਆਫ ਆਰਡਰ, ਸਰ ।

ਸ਼੍ਰੀ ਸਪੀਕਰ : 10-00 ਵਜੇ ਤੋਂ ਜ਼ਿਆਦਾ ਹਾਊਸ ਐਕਸਟੈਂਡ ਨਹੀਂ ਕਰਨਾ । ਕਾਫੀ ਸਮਾਂ ਹੋ ਗਿਆ ਹੈ । ਹੁਣ ਕੁਸੀਂ ਤਸ਼ਰੀਫ ਰੱਖੋ । (The time of the sitting will not be extended beyond 10.00 p.m. It is already too late. Please resume your seat now.)

ਸਰਦਾਰ ਗੁਰਦੇਵ ਸਿੰਘ ਸਿੱਧੂ : * * * *

ਸ਼੍ਰੀ ਸਪੀਕਰ : ਜੋ ਕੁਝ ਇਹ ਚੇਅਰ ਦੀ ਪਰਮਿਸ਼ਨ ਤੋਂ ਬਿਨਾ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (Whatever the hon. Member is saying without the permission of the Chair, may not be recorded.)

ਸਰਦਾਰ ਗੁਰਦੇਵ ਸਿੰਘ ਸਿੱਧੂ : * * * *

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਤੁਸੀਂ ਹੁਣ ਤਸ਼ਰੀਫ ਰਖੋ । (This is no point of order. Please resume your seat now.)

ਸਰਦਾਰ ਗੁਰਦੇਵ ਸਿੰਘ ਸਿੱਧੂ : ਤੁਸੀਂ ਮੇਰੀ ਗੱਲ ਤਾਂ ਸੁਣ ਲਓ ।

ਸ਼੍ਰੀ ਸਪੀਕਰ : ਤਸ਼ਰੀਫ ਰਖੋ । (Please resume your seat now)

ਸਰਦਾਰ ਗੁਰਦੇਵ ਸਿੰਘ ਸਿੱਧੂ ; * * * * ।

---

*Not recorded/expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। ਇਹ ਜੋ ਕੁਝ ਕਹਿ ਰਹੇ ਹਨ ਰਿਕਾਰਡ ਨਾ ਕੀਤਾ ਜਾਵੇ। (This is no point of order. Whatever the hon. Member is saying may not be recorded.)

ਸਰਦਾਰ ਗੁਰਦੇਵ ਸਿੰਘ ਸਿੱਧੂ : * * * *।

ਸ਼੍ਰੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ ਰਿਕਾਰਡ ਨਾ ਕੀਤਾ ਜਾਵੇ। (Whatever the hon. Member is saying, may not be recorded)

ਸਰਦਾਰ ਗੁਰਦੇਵ ਸਿੰਘ ਸਿੱਧੂ : * * * *

ਸ਼੍ਰੀ ਸਪੀਕਰ : ਤਸ਼ਰੀਫ਼ ਰਖੋ। ਤੁਸੀਂ ਹਾਊਸ ਦੀਆਂ ਪ੍ਰੋਸੀਡਿੰਗਜ਼ ਨੂੰ ਆਬਸਟਰੱਕਟ ਕਰ ਰਹੇ ਹੋ। (Please resume your seat. You are obstructing the proceedings of the House.)

ਸਰਦਾਰ ਗੁਰਦੇਵ ਸਿੰਘ ਸਿੱਧੂ : * * * *।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਗੁਰਦੇਵ ਸਿੰਘ ਸਿੱਧੂ ਵਾਕ-ਆਊਟ ਕਰ ਗਏ।)

ਸ਼੍ਰੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ। (Whatever the hon. Member is saying may not be recorded.)

ਰਾਜ ਮੰਤਰੀ, ਸਮਾਜ ਭਲਾਈ (ਕੁਮਾਰੀ ਸਰਲਾ ਪ੍ਰਾਸ਼ਰ) : ਸਪੀਕਰ ਸਾਹਿਬ, ਤਕਰੀਬਨ ਜਿਤਨੇ ਵੀ ਖਿਆਲਾਤ ਇਸ ਕਾਰਪੋਰੇਸ਼ਨ ਦੀ ਵਰਕਿੰਗ ਦੇ ਬਾਰੇ ਵਿਚ ਦਿੱਤੇ ਗਏ ਹਨ ਅਤੇ ਜਿਹੜੀਆਂ ਵੀ ਸੁਜੈਸ਼ਨਜ਼ ਆਈਆਂ ਹਨ, ਇਹ ਬਹੁਤ ਹੀ ਚੰਗੀਆਂ ਹਨ। (ਵਿਘਨ)

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਕਰਨੈਲ ਸਿੰਘ ਮਰੜੀ ਅਤੇ ਸਰਦਾਰ ਗੁਰਦੇਵ ਸਿੰਘ ਬਾਦਲ ਇਹ ਕਹਿੰਦੇ ਹੋਏ 'ਤੁਸੀਂ ਮਜ਼ਹਬੀਆਂ ਨੂੰ ਟਾਈਮ ਨਹੀਂ ਦਿੰਦੇ, ਇਸ ਲਈ ਅਸੀਂ ਵਾਕ-ਆਊਟ ਕਰਦੇ ਹਾਂ', ਸਦਨ ਤੋਂ ਬਾਹਰ ਚਲੇ ਗਏ।)

DISCUSSION ON THE ANNUAL REPORT ON THE WORKING OF THE PUNJAB SCHEDULED CASTES LAND DEVELOPMENT AND FINANCE CORPORATION FOR THE YEAR 1971-72 *(Resumption)*

ਰਾਜ ਮੰਤਰੀ ਸਮਾਜ ਭਲਾਈ : ਸਪੀਕਰ ਸਾਹਿਬ, ਇਹ ਕਾਰਪੋਰੇਸ਼ਨ ਹਰੀਜਨ ਵਰਗ ਦੀ ਆਰਥਿਕ ਬੇਹਤਰੀ ਵਾਸਤੇ ਬਣਾਈ ਗਈ। ਗਿਆਨੀ ਜ਼ੈਲ ਸਿੰਘ ਦੀ ਮਨਿਸਟਰੀ ਨੇ ਬੜੀ ਹਿੰਮਤ ਨਾਲ ਇਸ ਕਾਰਪੋਰੇਸ਼ਨ ਦੇ ਕੰਮ ਨੂੰ ਅੱਗੇ ਨਾਲੋਂ ਜ਼ਿਆਦਾ ਚੰਗਾ ਬਣਾਇਆ

*Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

ਹੈ । ਜਿਹੜੇ ਨਿਚਲੇ ਤਬਕੇ, ਗਰੀਬ ਤਬਕੇ ਦੇ ਹਨ ਉਨ੍ਹਾਂ ਦੇ ਵਲ ਜ਼ਿਆਦਾ ਭੱਵਜ਼ ਦਿਤੀ ਗਈ ਹੈ । ਇਹੀ ਵਜ੍ਹਾ ਕਿ 1,500 ਰੁਪਏ ਤੋਂ ਵੱਧਾ ਕੇ ਇੰਟਰਸਟ ਫਰੀ ਲੋਨ ਦੀ ਰਕਮ 3,000 ਰੁਪਏ ਕਰ ਦਿਤੀ ਗਈ ਹੈ । (ਵਿਘਨ) ਜਿਹੜੀਆਂ ਆਨਰੇਬਲ ਮੈਂਬਰਜ਼ ਵਲੋਂ ਸੁਜੈਸ਼ਨਜ਼ ਆਈਆਂ ਹਨ ਉਨ੍ਹਾਂ ਦੇ ਬਾਰੇ ਸਰਕਾਰ ਜ਼ਰੂਰ ਗੌਰ ਕਰੇਗੀ । ਪਹਿਲਾਂ ਮੈਨੂੰ ਇਸ ਕਾਰਪੋਰੇਸ਼ਨ ਦੀ ਵਰਕਿੰਗ ਬਾਰੇ ਕਹਿ ਲੈਣ ਦਿਓ । ਇਕ ਕੰਮ ਇਹ ਹੈ ਕਿ ਇਹ 1,500 ਤੋਂ ਡਬਲ ਕਰ ਦਿੱਤਾ ਗਿਆ ਹੈ ਅੱਤੇ ਜਿਤਨਾ ਵੀ ਇਨਟਰੱਸਟ ਫਰੀ ਲੋਨ ਦਿਤਾ ਗਿਆ ਹੈ ਉਸ ਕੰਮ ਨੂੰ ਵਾਚ ਕਰਨ ਵਾਸਤੇ ਡਿਸਟਰਿਕਟ ਫੀਲਡ ਅਫਸਰ ਰਖੇ ਗਏ ਹਨ । ਕਿਧਰੋਂ ਵੀ ਇਹ ਸ਼ਿਕਾਇਤ ਨਹੀਂ ਮਿਲੀ ਹੈ ਕਿ ਤਿੰਨ ਹਜ਼ਾਰ ਨਾਲ ਕੋਈ ਕੰਮ ਨਹੀਂ ਚਲ ਸਕਦਾ । ਇਨਟਰੱਸਟ ਦੇ ਜਿਹੜੇ ਲੋਨ ਹਨ 10 ਹਜ਼ਾਰ ਤਕ ਤਿੰਨ ਪਰਸੈਂਟ ਇੰਟਰੈਸਟ ਤੇ ਮਿਲਦੇ ਹਨ । ਬਾਕੀ ਜਿਹੜੇ ਲੋਨ ਮਿਲਦੇ ਹਨ 9% ਅੱਤੇ 12% ਵਾਲੇ ਉਨ੍ਹਾਂ ਨਾਲ ਬਹੁਤ ਜ਼ਿਆਦਾ ਟਰਮ ਹੈ । ਉਹ ਬੈਂਕਾਂ ਤੋਂ ਮਿਲਦੇ ਹਨ ਪਰ ਕਾਰਪੋਰੇਸ਼ਨ ਵਲੋਂ ਜਿਹੜੇ ਮਿਲਦੇ ਹਨ ਉਨ੍ਹਾਂ ਉਪਰ 20 ਹਜ਼ਾਰ ਤਕ 4% ਇਨਟਰੱਸਟ ਹੋ ਸਕਦਾ ਹੈ ਅੱਤੇ 20 ਹਜ਼ਾਰ ਨਾਲ ਅੱਛੀ ਤਰ੍ਹਾਂ ਨਾਲ ਕੰਮ ਚਲਦਾ ਹੈ । ਜਿਤਨੇ ਵੀ ਇਨਟਰੱਸਟ ਫਰੀ ਲੋਨਜ਼ ਦਿੱਤੇ ਗਏ ਸੀ ਉਨ੍ਹਾਂ ਦੀ ਰੇਸ਼ੋ ਕੱਢਣ ਤੋਂ ਬਾਅਦ 5% ਨਿਕਲਦੀ ਸੀ । ਹੁਣ ਇਹ 10% ਹੋ ਚੁਕੀ ਹੈ ਅੱਤੇ ਕੋਸ਼ਿਸ਼ ਹੈ ਕਿ ਵੱਧਲ ਜਿਤਨਾ ਲੋਨ ਦਿਤਾ ਜਾਵੇ ਉਸ ਦੇ ਵਿਚੋਂ ਜਿਹੜੇ ਗਰੀਬ ਤਬਕੇ ਲਈ ਲੋਨ ਹਨ ਵਿਦਾਊਟ ਇਨਟਰੱਸਟ ਜਿਹੜੇ ਲੋਨ ਹਨ ਅੱਤੇ ਜਿਹੜੇ 3% ਅੱਤੇ 4 ਇਨਟਰੱਸਟ ਵਾਲੇ ਲੋਨ ਹਨ ਉਹ ਜ਼ਿਆਦਾ ਡਿਸਟਰੀਬਿਊਟ ਕੀਤੇ ਜਾਇਆ ਕਰਨ । ਇਨਟਰੱਸਟ ਫਰੀ ਲੋਨ 20 ਤੋਂ 30% ਕਰਨ ਦੀ ਕੋਸ਼ਿਸ਼ ਹੈ । ਇਸੀ ਦੇ ਬਾਰੇ ਡਿਪਾਰਟਮੈਂਟ ਨੂੰ ਕਹਿ ਦਿਤਾ ਹੋਇਆ ਹੈ ਅੱਤੇ ਜੇਕਰ ਇਹ ਕਰ ਦੀਤੀਏ ਤਾਂ ਇਸ ਦੇ ਨਾਲ ਕਾਰਪੋਰੇਸ਼ਨ ਤੇ ਗੌਰਮਿੰਟ ਤੇ ਕਾਫੀ ਬੋਝ ਪਵੇਗਾ ਲੇਕਿਨ ਹਰੀਜਨਾਂ ਦੀ ਬੇਹਤਰੀ ਲਈ ਇਸ ਬੋਝ ਨੂੰ ਵੀ ਬਰਦਾਸ਼ਤ ਕਰਨ ਦੀ ਸਰਕਾਰ ਸੋਚ ਰਹੀ ਹੈ । ਇਸ ਤਰੀਕੇ ਦੇ ਨਾਲ ਸਟੈਂਪ ਡਿਊਟੀ ਦਾ ਜ਼ਿਕਰ ਆਇਆ ਸੀ । ਉਹ ਵੀ ਸਰਕਾਰ ਨੇ 35 ਹਜ਼ਾਰ ਰੁਪਏ ਦੀ ਲਿਮਿਟ ਕਰ ਦਿੱਤੀ ਹੈ । 35 ਹਜ਼ਾਰ ਰੁਪਏ ਤਕ ਸਟੈਂਪ ਡਿਊਟੀ ਮੁਆਫ ਕਰ ਦਿੱਤੀ ਹੈ । ਅੱਤੇ ਹੁਣ ਇਹ ਵੀ ਕੋਸ਼ਿਸ਼ ਹੈ ਅੱਤੇ ਇਹ ਚੀਜ਼ ਅੰਡਰ ਕਨਸਿਡਰੇਸ਼ਨ ਹੈ ਕਿ ਜਿਹੜਾ ਈਕੁਇਟੀ ਕੈਪੀਟਲ ਸੀ ਉਸ ਨੂੰ ਗਰਾਂਟ ਏਡੀਟ ਕੀਤਾ ਜਾਵੇ । ਇਹ ਚੀਜ਼ ਸਰਕਾਰ ਦੇ ਅੰਡਰ ਕਨਸਿਡਰੇਸ਼ਨ ਹੈ । ਇਸ ਤਰੀਕੇ ਨਾਲ ਜਦੋਂ ਵੀ ਫੈਸਲਾ ਹੋਇਆ ਤਾਂ ਕਾਰਪੋਰੇਸ਼ਨ ਨੂੰ ਇਕ ਲੱਖ ਤੋਂ ਲੈਕੇ ਤਿੰਨ ਲੱਖ ਤੱਕ ਫਾਇਦਾ ਹੋਵੇਗਾ । ਇਸ ਤਰੀਕੇ ਨਾਲ ਸਾਈਕਲ ਰਿਕਸ਼ਾ ਅੱਤੇ ਸਿਉਇੰਗ ਮਸ਼ੀਨਾਂ ਦੀ ਗਲ ਹੈ । ਇਹ 1,200 ਦੇ ਕਰੀਬ ਹੁਣ ਤਕ ਦਿਤੀਆਂ ਜਾ ਚੁਕੀਆਂ ਹਨ । 130 ਰਿਕਸ਼ੇ ਦਿੱਤੇ ਜਾ ਚੁਕੇ ਹਨ ਅੱਤੇ ਹਰ ਇਕ ਫੀਲਡ ਅਫਸਰ ਨੂੰ ਕਹਿ ਦਿਤਾ ਗਿਆ ਹੈ ਕਿ ਵੱਧ ਤੋਂ ਵੱਧ ਐਪਲੀਕੇਸ਼ਨਜ਼ ਇਸ ਸਬੰਧ ਵਿਚ ਲਈਆਂ ਜਾਣ । ਮੈਂ ਮੈਂਬਰਜ਼ ਦੀ ਜਾਣਕਾਰੀ ਲਈ ਇਹ ਵੀ ਦਸ ਦੇਵਾਂ ਕਿ ਉਤਨੀਆਂ ਐਪਲੀਕੇਸ਼ਨਜ਼ ਆ ਨਹੀਂ ਰਹੀਆਂ ਜਿਤਨੀਆਂ ਕਿ ਆਉਣੀਆਂ ਚਾਹੀਦੀਆਂ ਹਨ । ਮੈਂ ਇਹ ਨਹੀਂ ਕਹਿੰਦੀ ਕਿ ਐਮ. ਐਲ. ਏਜ਼. ਦੀ ਮੰਗ ਗਲਤ ਹੈ ਲੇਕਿਨ ਮੈਂ ਇਹ ਜ਼ਰੂਰ ਕਹਾਂਗੀ ਕਿ ਇਹ ਜਿਹੜੀਆਂ ਸਕੀਮਾਂ - ਹਨ ਇਹ ਬਹੁਤ ਚੰਗੀਆਂ ਹਨ ਜਿਨ੍ਹਾਂ ਨਾਲ ਹਰੀਜਨਾਂ ਦਾ ਬਲਿਆਣ ਹੋ ਸਕਦਾ ਹੈ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਮਹਿਤਾਬ ਸਿੰਘ ਨੌਕੈਰੀਆਂ : * * *

ਸ੍ਰੀ ਸਪੀਕਰ : ਇਹ ਪੁਆਇੰਟ ਆਫ ਆਰਡਰ ਨਹੀਂ ਬਣਦਾ । (This is not a point of order.)

ਰਾਜ ਮੰਤਰੀ, ਸਮਾਜ ਭਲਾਈ : ਸਪੀਕਰ ਸਾਹਿਬ, ਵੈਸੇ ਇਸ ਦਾ ਜਵਾਬ ਤਾਂ ਕਾਰਪੋਰੇਸ਼ਨ ਦੇ ਸਬਜੈਕਟ ਤੇ ਦੇਣਾ ਨਹੀਂ ਬਣਦਾ ਵੈਸੇ ਮੈਂ ਇਨ੍ਹਾਂ ਨੂੰ ਇਹ ਦੱਸ ਦਿੰਦੀ ਹਾਂ ਕਿ ਸੋਸ਼ਲ ਵੈਲਫੇਅਰ ਡਿਪਾਰਟਮੈਂਟ ਰਾਹੀਂ ਸ਼ਡਿਊਲਡ ਕਾਸਟਸ ਦਾ ਕੰਮ ਚਲ ਰਿਹਾ ਹੈ । ਬਹੁਤ ਸਾਰੇ ਕਮਿਊਨਿਟੀ ਸੈਂਟਰਜ਼ ਖੋਲ੍ਹੇ ਹਨ ਜਿਨ੍ਹਾਂ ਵਿਚ ਸਿਲਾਈ ਮਸ਼ੀਨ ਦਾ ਅੌਰ ਹੋਰ ਕੰਮ ਸਿਖਲਾਏ ਜਾਂਦੇ ਹਨ । ਅਸੀਂ ਤਾਂ ਚਾਹੁੰਦੇ ਹਾਂ ਕਿ ਲੜਕੀਆਂ ਵੱਧ ਤੋਂ ਵੱਧ ਸਾਡੇ ਪਾਸੋਂ ਟਰੇਨਿੰਗ ਲੈ ਲੈਣ ਅੌਰ ਟਰੇਨਿੰਗ ਲੈਣ ਤੋਂ ਬਾਅਦ ਸਾਡੇ ਪਾਸੋਂ ਮਸ਼ੀਨਾਂ ਲੈਣ । ਅਸੀਂ ਚਾਹੁੰਦੇ ਹਾਂ ਕਿ ਸਰਕਾਰ ਪਾਸੋਂ ਵੱਧ ਤੋਂ ਵੱਧ ਫਾਇਦਾ ਉਠਾਇਆ ਜਾਵੇ ਮੇਰਾ ਮਤਲਬ ਹੈ ਕਿ ਲੋਕ ਉਠਾਉਣ । ਇਸੇ ਤਰੀਕੇ ਨਾਲ ਜ਼ਮੀਨ ਦੀ ਗੱਲ ਹੈ । ਪੰਜ ਏਕੜ ਤਕ, ਪਰ ਏਕੜ ਪੰਜ ਹਜ਼ਾਰ ਰੁਪਏ ਦੇ ਕਰੀਬ ਲੋਨ ਦਿੱਤਾ ਜਾਂਦਾ ਹੈ । ਲੇਕਿਨ ਸਵਾਲ ਇਹ ਹੈ ਕਿ ਜ਼ਮੀਨ ਦੀ ਕੀਮਤ ਵੱਧ ਰਹੀ ਹੈ । ਇਸ ਲਈ ਪਰ ਏਕੜ ਜਿਤਨੀ ਐਕਚੂਅਲ ਪ੍ਰਾਈਸ ਹੋਵੇ ਉਤਨੀ ਹੀ ਉਨ੍ਹਾਂ ਨੂੰ ਪੈਸੇ ਦਿਤੇ ਜਾਣ । ਉਸ ਦੇ ਬਾਰੇ ਮੇਰਾ ਖਿਆਲ ਹੈ ਕਿ ਇਸ ਦੇ ਵਿਚ ਸਰਕਾਰ ਨੂੰ ਖਾਸ ਦਿੱਕਤ ਨਹੀਂ ਆਵੇਗੀ। ਜਿਤਨੀ ਲੋੜ ਹੋਵੇਗੀ ਉਸ ਦੇ ਮੁਤਾਬਿਕ ਕਾਰਪੋਰੇਸ਼ਨ ਨੂੰ ਲੋਨ ਦਿੱਤਾ ਜਾਵੇਗਾ ।

ਕਈ ਐਮ.ਐਲ.ਏ. ਸਾਹਿਬਾਨ ਦੀ ਸੁਜੈਸ਼ਨ ਹੈ ਕਿ ਜਿਸ ਤਰੀਕੇ ਨਾਲ ਰੋਪੜ ਡਿਸਟਰਿਕਟ ਵਿਚ ਫਾਰਮ ਹੈ ਉਸੇ ਤਰ੍ਹਾਂ ਹੀ ਹਰ ਜ਼ਿਲ੍ਹੇ ਵਿਚ ਫਾਰਮ ਬਣਾ ਦਿਤੇ ਜਾਣ । ਇਸ ਫਾਰਮ ਦੀ 838 ਏਕੜ ਜ਼ਮੀਨ ਹੈ । ਇਸ ਦੇ ਵਿਚੋਂ 600 ਏਕੜ ਜ਼ਮੀਨ ਅੰਡਰ ਕਲਟੀਵੇਸ਼ਨ ਹੈ ਅੌਰ ਬਾਕੀ ਦੀ ਜ਼ਮੀਨ ਅੰਡਰ ਕਲਟੀਵੇਸ਼ਨ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । 25 ਏਕੜ ਜ਼ਮੀਨ ਜਿਹੜੀ ਹੈ ਉਹ ਸਕੂਲ, ਧਰਮਸ਼ਾਲਾਵਾਂ ਲਈ ਪਲੇ ਗਰਾਊਂਡਜ਼ ਲਈ ਡੀਵੈਲਪ ਹੋ ਰਹੀ ਹੈ । 200 ਗਾਈਆਂ ਦਿੱਤੀਆਂ ਗਈਆਂ ਹਨ ਅੌਰ ਹੋਰ ਵੀ ਗਾਈਆਂ ਦੇਣ ਦੀ ਸਰਕਾਰ ਕੋਸ਼ਿਸ਼ ਕਰ ਰਹੀ ਹੈ । ਇਹ ਵੀ ਮੈਂ ਦਸ ਦੇਣਾ ਚਾਹੁੰਦੀ ਹਾਂ ਕਿ ਜਿਸ ਡਿਸਟਰਿਕਟ ਵਿਚ ਜ਼ਮੀਨ ਇਸ ਤਰੀਕੇ ਨਾਲ ਮਿਲੇਗੀ ਸਰਕਾਰ ਦਾ ਉਥੇ ਉਥੇ ਫਾਰਮ ਬਣਾਉਣ ਦਾ ਇਰਾਦਾ ਹੈ ।

(ਇਤ ਸਮੇਂ ਮਾਨਯੋਗ ਮੈਂਬਰ, ਸ੍ਰੀ ਪਿਆਰਾ ਰਾਮ ਧੰਨੋਵਾਲੀ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ) ।

ਚੌਧਰੀ ਜਗਤ ਰਾਮ : ਤੂੰ ਅਜੇ ਪੁਆਇੰਟ ਆਫ ਆਰਡਰ ਨਾਲ ਰਜਿਆ ਨਹੀਂ ? (ਹਾਸਾ)

---

*Expunged as ordered by the Chair,

Original with;
Punjab Vidhan Sabha
Digitized by;
Panjab Digital Library

ਸ਼੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ, ਮਨਿਸਟਰ ਸਾਹਿਬਾ ਨੇ ਦਸਿਆ ਹੈ ਕਿ ਜਿਥੇ ਜਿਥੇ ਜ਼ਮੀਨ ਮਿਲੇਗੀ ਉਥੇ ਉਥੇ ਸਰਕਾਰ ਫਾਰਮ ਬਣਾਵੇਗੀ । ਮੈਂ ਇਨ੍ਹਾਂ ਨੂੰ ਦਸਦਾ ਹਾਂ ਕਿ ਜ਼ਿਲ੍ਹਾ ਕਪੂਰਥਲੇ ਵਿਚ ਪੰਜ ਛੇ ਸੌ ਏਕੜ ਜ਼ਮੀਨ ਐਸੀ ਹੈ ਜਿਥੇ ਕਿ ਲੋਕਾਂ ਨੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ ।

ਸ਼੍ਰੀ ਸਪੀਕਰ : ਇਹ ਕਾਰਪੋਰੇਸ਼ਨ ਦਾ ਸਵਾਲ ਨਹੀਂ ਹੈ । ਸਰਲਾ ਜੀ ਕਿਤਨਾਂ ਕੁ ਟਾਈਮ ਲਵੋਗੇ ਤੁਸੀਂ ? (This is not relevant to the report of the Corporation. Sarla Jee, how much time will you take ?)

ਰਾਜ ਮੰਤਰੀ (ਸਮਾਜ ਭਲਾਈ): ਬਸ ਜੀ ਮੈਂ ਛੇਤੀ ਹੀ ਖਤਮ ਕਰ ਦੇਵਾਂਗੀ ।

ਸ਼੍ਰੀ ਸਪੀਕਰ : ਪੰਜ ਮਿੰਟ ਬਾਕੀ ਹਨ । ਸੀ. ਐਮ. ਸਾਹਿਬ ਨੇ ਵੀ ਬੋਲਣਾ ਹੈ । (Five minutes are left. The hon. Chief Minister has also to speak)

ਰਾਜ ਮੰਤਰੀ (ਸਮਾਜ ਭਲਾਈ): ਅਜੇ ਵੈਸੇ ਦੱਸ ਮਿੰਟ ਰਹਿੰਦੇ ਹਨ ਜੀ । ਠੀਕ ਹੈ ਸੀ.ਐਮ. ਸਾਹਿਬ ਨੇ ਬੋਲਣਾ ਹੈ ਤਾਂ ਮੈਂ ਛੇਤੀ ਹੀ ਖਤਮ ਕਰ ਦੇਵਾਂਗੀ । ਸਪੀਕਰ ਸਾਹਿਬ, ਇਕ ਚੀਜ਼ ਹੋਰ ਮੈਂ ਦਸਣਾ ਚਾਹੁੰਦੀ ਹਾਂ ਕਿ ਇਹ ਠੀਕ ਹੈ ਕਿ ਪੰਜ ਕਰੋੜ ਰੁਪਏ ਦਾ ਸਰਮਾਇਆ ਕੋਈ ਬਹੁਤਾ ਸਰਮਾਇਆ ਨਹੀਂ ਹੈ ਲੇਕਿਨ ਸਰਕਾਰ ਇਸ ਤਰੀਕੇ ਨਾਲ ਸੋਚ ਰਹੀ ਹੈ ਕਿ ਹਰ ਇਕ ਮਹਿਕਮੇਂ ਦੇ ਪਾਸ ਜਿਹੜਾ ਲੋਨਜ਼ ਦਾ ਪੈਸਾ ਹੁੰਦਾ ਹੈ, ਜੋ ਬਜ਼ੱਟ ਵਿਚ ਪ੍ਰੋਵਾਈਡਿਡ ਹੁੰਦਾ ਹੈ, ਉਸ ਵਿਚੋਂ ਹਰੀਜਨਾਂ ਨੂੰ ਕੁਝ ਪਰਸੈਂਟ ਦਿਤਾ ਜਾਵੇ । ਮਿਸਾਲ ਦੇ ਤੌਰ ਤੇ ਕੋਆਪ੍ਰੇਟਿਵ ਡਿਪਾਰਟਮੈਂਟ ਹੈ । ਉਸ ਦੀ ਜਿਤਨੀ ਵੀ ਇਨਵੈਸਟਮੈਂਟ ਹੈ ਉਸ ਵਿਚੋਂ ਜੋ ਸ਼ੇਅਰ ਹਰੀਜਨਾਂ ਦਾ ਬਣਦਾ ਹੈ ਉਹ ਉਨ੍ਹਾਂ ਨੂੰ ਦਿਤਾ ਜਾਵੇ । ਇਸ ਤਰ੍ਹਾਂ ਅਗਰ ਕਾਉਂਟ ਕੀਤਾ ਜਾਵੇ ਤਾਂ ਇਹ ਸਰਮਾਇਆ 10 ਕਰੋੜ ਤੱਕ ਡੈਫੀਨੇਟਲੀ ਆ ਸਕਦਾ ਹੈ ।

ਇਸ ਤਰੀਕੇ ਨਾਲ ਇਹ ਵਿਚਾਰ ਵੀ ਅੰਡਰ ਕੰਸਿਡਰੇਸ਼ਨ ਹੈ ਕਿ ਜਿਸ ਤਰ੍ਹਾਂ ਮਾਰਕਫੈਡ ਨੇ ਕਈ ਪ੍ਰਾਜੈਕਟ ਹੱਥਾਂ ਵਿਚ ਲੈ ਕੇ ਕਾਫੀ ਮੁਨਾਫਾ ਕਮਾਇਆ ਹੈ, ਇਸ ਤਜਵੀਜ਼ ਉਤੇ ਵੀ ਕਾਰਪੋਰੇਸ਼ਨ ਵਰਕ ਆਉਟ ਕਰ ਰਹੀ ਹੈ ਕਿ ਕਾਰਪੋਰੇਸ਼ਨ ਇਕਨਾਮਿਕ ਪ੍ਰਾਜੈਕਟ ਲਗਾਵੇ, ਜਿਹੜਾ ਮੁਨਾਫਾ ਹੋਵੇ, ਉਹ ਵੀ ਹਰੀਜਨਾਂ ਦੀ ਡੀਵੈਲਪਮੈਂਟ ਵਾਸਤੇ ਲਗਾਇਆ ਜਾਵੇ । ਹੁਣ ਤੱਕ ਪੰਜ ਕਰੋੜ ਵਿਚੋਂ 2.5 ਕਰੋੜ ਰੁਪਏ ਖਰਚ ਹੋਏ ਹਨ । ਸਾਡਾ ਵਿਚਾਰ ਹੈ ਕਿ ਇਕ ਦੋ ਕਰੋੜ ਅਗਰ ਕਿਸੇ ਪ੍ਰਾਜੈਕਟ ਉਪਰ ਇਨਵੈਸਟ ਕੀਤਾ ਜਾਵੇ ਤਾਂ ਕਾਫੀ ਮੁਨਾਫਾ ਆ ਸਕਦਾ ਹੈ ਅੱਤੇ ਉਹ ਵੀ ਗੌਰਮਿੰਟ ਆਫ ਇੰਡੀਆ ਵਿਚ ਕਾਫੀ ਸ਼ਹਾਈ ਹੋ ਸਕਦਾ ਹੈ । ਅਸੀਂ ਸੋਚ ਰਹੇ ਹਾਂ ਕਿ ਕਾਰਪੋਰੇਸ਼ਨ ਕੋਈ ਇਕਨਾਮਿਕ ਪ੍ਰਾਜੈਕਟ ਸ਼ੁਰੂ ਕਰੇ ਅੱਤੇ ਹੋਰ ਜਿਹੜੇ ਡਿਪਾਰਟਮੈਂਟਸ ਹਨ ਉਨ੍ਹਾਂ ਵਿਚੋਂ ਵੀ ਸ਼ੇਅਰ ਲਏ ਜਾਣ । ਇਸ ਤਰ੍ਹਾਂ ਉਸ ਸਰਮਾਏ ਵਿਚ ਵੀ ਕਾਫੀ ਵਾਧਾ ਹੋਵੇਗਾ ।

Original with;
Punjab Vidhan Sabha
Digitized by;
Panjab Digital Library

(ਰਾਜ ਮੰਤਰੀ, ਸਮਾਜ ਭਲਾਈ)

ਅਸੀਂ ਸਪੀਕਰ ਸਾਹਿਬ,ਇਨ੍ਹਾਂ ਦੋਨਾਂ ਚੀਜ਼ਾਂ ਨੂੰ ਮਦੇ ਨਜ਼ਰ ਰਖ ਕੇ ਜੋ ਰੀਵਾਈਜ਼ਡ ਫੈਸਲਾ ਕੀਤਾ ਹੈ ਕਿ ਇਨਟਰੱਸਟ ਫਰੀ ਲੋਨ ਔਰ ਘੱਟ ਇਨਟਰੱਸਟ ਤੇ ਲੋਨ ਦੇਣ ਦਾ ਜੋ ਫੈਸਲਾ ਕੀਤਾ ਹੈ ਬਹੁਤ ਸਾਰੇ ਗਰੀਬ ਲੋਕਾਂ ਨੂੰ ਇਸ ਤੋਂ ਫ਼ਾਇਦਾ ਹੋ ਸਕਦਾ ਹੈ। ਮੈਂ ਫਿਰ ਐਮ.ਐਲ.ਏਜ਼. ਸਾਹਿਬਾਨ ਨੂੰ ਇਹ ਕਹਾਂਗੀ ਕਿ ਆਪਣੇ ਹਲਕਿਆਂ ਵਿਚ ਲੋਕਾਂ ਨੂੰ ਇਕੱਠੇ ਮਿਲ ਕੇ ਕੰਮ ਕਰਨ ਦੀ ਆਦਤ ਪਾਉਣ। ਕਾਰਪੋਰੇਸ਼ਨ ਪਾਸ ਜਿਤਨੇ ਲੋਕਾਂ ਨੂੰ ਸਹਾਇਤਾ ਦੇਣ ਲਈ ਸਕੀਮਾਂ ਹਨ ਉਤਨੇ ਲੋਕ ਅਗੇ ਨਹੀਂ ਆ ਰਹੇ। ਜਿਸ ਵੇਲੇ ਗੌਰਮਿੰਟ ਇਹ ਫੈਸਲਾ ਕਰੇਗੀ ਇਹ ਪੈਸੇ ਜਿਹੜੇ ਹਨ ਇਨ੍ਹਾਂ ਨੂੰ ਉਸ ਮੁਤਾਬਿਕ ਖਰਚ ਕੀਤਾ ਜਾਵੇਗਾ। ਵੈਸੇ ਇਹ ਮੈਂ ਗੱਲ ਦੱਸ ਦੇਵਾਂ ਕਿ ਹੁਣ ਤੱਕ ਜਿਤਨਾ ਸਾਡੇ ਪਾਸ ਕੰਮ ਆਇਆ ਹੈ ਉਸ ਦੇ ਵਾਸਤੇ ਕਾਫੀ ਪੈਸੇ ਹਨ।

EXTENSION OF TIME OF THE SITTING OF THE HOUSE

ਸ਼੍ਰੀ ਸਪੀਕਰ : ਹੁਣ ਸ਼੍ਰੀ. ਐਮ. ਸਾਹਿਬ ਬੋਲਣਗੇ ਔਰ ਹਾਊਸ ਦਾ ਸਮਾਂ ਇਨ੍ਹਾਂ ਦੀ ਸਪੀਚ ਖਤਮ ਕਰਨ ਤੱਕ ਹੋਵੇਗਾ। (Now the Chief Minister will speak and the time of the House is extended till he finishes his speech).

DISCUSSION ON THE ANNUAL REPORT ON THE WORKING OF THE PUNJAB SCHEDULED CASTES LAND DEVELOPMENT AND FINANCE CORPORATION FOR THE YEAR 1971-72.

(Resumption)

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਸਨਮਾਨ ਯੋਗ ਸਪੀਕਰ ਸਾਹਿਬ, ਹਰ ਖਿਆਲ ਦੇ ਆਨਰੇਬਲ ਮੈਂਬਰ ਸਾਹਿਬਾਨ ਨੇ ਇਸ ਰਿਪੋਰਟ ਤੇ ਸੰਖੇਪ ਰੂਪ ਵਿਚ ਆਪਣੇ ਆਪਣੇ ਵਿਚਾਰ ਰਖੇ ਹਨ। ਕੁਝ ਬਹੁਤ ਸਾਰੀਆਂ ਲਾਹੇਵੰਦ ਸਕੀਮਾਂ ਵੀ ਉਨ੍ਹਾਂ ਨੇ ਦਸੀਆਂ ਹਨ। ਮੈਂ ਇਨ੍ਹਾਂ ਗੱਲਾਂ ਦਾ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿ ਉਨ੍ਹਾਂ ਸਾਰੀਆਂ ਸਕੀਮਾਂ ਉਤੇ ਸਰਕਾਰ ਹਮਦਰਦਾਨਾ ਗੌਰ ਕਰੇਗੀ। ਕੇਵਲ ਹਰੀਜਨ ਮੈਂਬਰਾਂ ਨੂੰ ਬੁਲਾ ਕੇ ਵੀ ਜਿੰਨਾ ਚਿਰ ਉਹ ਚਾਹੁਣਗੇ, ਉਨਾਂ ਚਿਰ ਉਨ੍ਹਾਂ ਨਾਲ ਸਲਾਹ ਮਸ਼ਵਰਾ ਕਰਾਂਗੇ। (ਟਰੈਜ਼ਰੀ ਬੈਂਚਾਂ ਵਲੋਂ ਥੰਪਿੰਗ) ਚੌਧਰੀ ਸੁੰਦਰ ਸਿੰਘ ਨੇ ਸੁਝਾਓ ਦਿੱਤਾ ਹੈ ਕਿ 10 ਏਕੜ ਵਾਲੇ ਨੂੰ ਵੀ ਬੈਕਵਰਡ ਕਰਾਰ ਦਿਤਾ ਜਾਵੇ ਤਾਂ ਜੋ ਉਨ੍ਹਾਂ ਦੀ ਮੈਜੋਰੇਟੀ ਹੋ ਜਾਵੇ। ਇਸ ਉਤੇ ਵੀ ਅਸੀਂ ਹਮਦਰਦੀ ਨਾਲ ਵਿਚਾਰ ਕਰਾਂਗੇ ਔਰ ਉਨ੍ਹਾਂ ਨੂੰ ਬੈਕਵਰਡ ਕਰਾਰ ਦੇਣ ਵਾਸਤੇ ਕੋਸ਼ਿਸ਼ ਕਰਾਂਗੇ। ਮੈਂ ਮਹਿਸੂਸ ਕਰਦਾ ਹਾਂ ਕਿ ਜਿਹੜੀ ਇਹ ਰਜਿਸਟਰੇਸ਼ਨ ਫੀ ਜਾਂ ਸਟੈਂਪ ਡਿਊਟੀ ਹੈ, ਇਹ ਮੁਆਫ ਨਹੀਂ ਹੋਈ। ਇਸ ਦੇ ਨਾਲ ਕੋਈ 3 ਲੱਖ ਤੋਂ ਉਪਰ ਸਰਕਾਰ ਨੂੰ, ਕਾਰਪੋਰੇਸ਼ਨ ਨੂੰ ਘਾਟਾ ਹੋਵੇਗਾ ਲੇਕਿਨ ਲੋਕਾਂ ਨੂੰ ਇਹ ਅਸੀਂ ਮੁਆਫ ਕਰ ਦੇਵਾਂਗੇ। (ਟਰੈਜ਼ਰੀ ਬੈਂਚਾਂ ਵਲੋਂ ਥੰਪਿੰਗ) ਜ਼ਮੀਨਾਂ ਜਿਹੜੀਆਂ ਕੁਝ ਹੁਣ ਤੱਕ ਪਈਆਂ ਹਨ, ਉਨ੍ਹਾਂ ਵਿਚੋਂ ਕੁਝ ਲੋਕਾਂ ਨੇ ਹੇਰਾ ਫੇਰੀ ਨਾਲ ਉਨ੍ਹਾਂ ਜ਼ਮੀਨਾਂ ਤੇ ਕਬਜ਼ੇ ਕੀਤੇ ਸਨ ਅਤੇ ਇਸ ਗੱਲ ਲਈ ਯਤਨ ਅਰੰਭੇ ਹੋਏ ਹਨ ਕਿ ਉਨ੍ਹਾਂ ਪਾਸੋਂ ਉਹ ਜ਼ਮੀਨਾਂ ਵੀ ਛੁਡਵਾਈਆਂ ਜਾਣ। (ਥੰਪਿੰਗ) ਜਿਹੜੀਆਂ ਜ਼ਮੀਨਾਂ ਇਸ ਵੇਲੇ ਤਕਸੀਮ ਕਰਨ ਵਾਲੀਆਂ

Original with;
Punjab Vidhan Sabha
Digitized by;
Panjab Digital Library

ਖਈਆਂ ਹਨ, ਉਨ੍ਹਾਂ ਵਿੱਚ ਰੁਕਾਵਟ ਆ ਗਈ ਸੀ ਕਿਉਂਕਿ ਸਾਡੀ ਮੀਟਿੰਗ ਵਿੱਚ ਮੈਂਬਰਾਂ ਦੀਆਂ ਮੁਖਤਲਿਫ ਰਾਏ ਸਨ ਅਤੇ ਮੁਖਤਲਿਫ ਰਾਏ ਤੇ ਏਕਤਾ ਨਹੀਂ ਹੋ ਸਕੀ। ਸੀ.ਪੀ.ਆਈ. ਵਾਲੇ ਮੈਂਬਰਾਂ ਦਾ ਹੋਰ ਵਿਚਾਰ ਸੀ, ਅਕਾਲੀ ਪਾਰਟੀ ਅਤੇ ਕਾਂਗਰਸ ਪਾਰਟੀ ਦੇ ਮੈਂਬਰਾਂ ਦਾ ਹੋਰ ਵਿਚਾਰ ਸੀ । ਆਖਿਰ ਵਿੱਚ ਇਹ ਫੈਸਲਾ ਹੋਇਆ ਸੀ ਕਿ ਸਰਕਾਰ ਤੱਲ ਬਾਤ ਕਰਨ ਤੋਂ ਬਾਅਦ ਜੋ ਮਰਜ਼ੀ ਹੈ ਫੈਸਲਾ ਕਰ ਦੇਵੇ ਲੇਕਿਨ ਐਸਾ ਨਾ ਹੋਵੇ ਕਿ ਜ਼ਮੀਨ ਕਿਸੇ ਢੰਗ ਢਾਲ ਕੋਈ ਹੋਰ ਤਰੀਕਾ ਵਰਤ ਕੇ ਕਿ ਹਰੀਜਨਾਂ ਦੇ ਨਾਂ ਉਤੇ ਕੋਈ ਹੋਰ ਲੈ ਜਾਵੇ । ਉਸ ਦੇ ਲਈ ਮੈਂ ਇਹ ਸੋਚਿਆ ਕਿ ਨਿਲਾਮੀ ਬੰਦ ਵੀ ਨਾ ਕੀਤੀ ਜਾਵੇ ਅਤੇ ਨਿਲਾਮੀ ਨੂੰ ਲਿਮਿਟਿਡ ਕਰ ਦਿੱਤਾ ਜਾਵੇ । ਜਿਸ ਪਿੰਡ ਵਿੱਚ ਜ਼ਮੀਨ ਪਈ ਹੈ, ਉਸੇ ਪਿੰਡ ਵਿੱਚ ਜ਼ਮੀਨ ਨੀਲਾਮ ਹੋਣੀ ਹੈ, ਭਾਵੇਂ ਲੈਂਡਲੈਸ ਐਗਰੀਕਲਚਰਲ ਵਰਕਰ ਹੈ, ਹਰੀਜਨ ਹੈ, ਬੈਕਵਰਡ ਕਲਾਸ ਹੈ ਜਾਂ ਰਾਏ ਸਿੱਖ ਹਨ, ਜਿਨ੍ਹਾਂ ਦਾ ਕੰਮ ਸਿਰਫ ਕਾਸ਼ਤਕਾਰੀ ਦਾ ਹੈ, ਉਨ੍ਹਾਂ ਨੂੰ ਬੋਲੀ ਦੇਣ ਦਾ ਹੱਕ ਹੋਵੇਗਾ । ਅਗਰ ਉਸੇ ਪਿੰਡ ਵਿਚ ਲੈਂਡਲੈਸ ਹਰੀਜਨ ਵਰਕਰ ਨਾ ਮਿਲੇ ਤਾਂ ਉਥੇ ਦੇ ਪਟਵਾਰ ਸਰਕਲ ਦੇ ਇਨ੍ਹਾਂ ਕੈਟੇਗਰੀਆਂ ਦੇ ਵਸਨੀਕਾਂ ਨੂੰ ਅਖਤਿਆਰ ਹੋਵੇ ਕਿ ਉਹ ਬੋਲੀ ਦੇ ਸਕਣ । ਇਹ ਇਸ ਲਈ ਕੀਤਾ ਗਿਆ ਕਿ ਬਾਹਰੋਂ ਕੋਈ ਬੋਲੀ ਨਾ ਦੇ ਸਕੇ । ਜੇਕਰ ਪਟਵਾਰ ਸਰਕਲ ਵਿਚ ਵੀ ਬੋਲੀ ਦੇਣ ਵਾਲਾ ਨਾ ਹੋਵੇ ਤਾਂ ਉਥੇ ਕਾਨੂੰਗਨੋ ਸਰਕਲ ਦੇ ਵਸਨੀਕ ਬੋਲੀ ਦੇ ਸਕਣਗੇ । ਇਹ ਵੀ ਯਤਨ ਹੋਵੇਗਾ ਕਿ ਬੋਲੀ ਬਹੁਤ ਉਚੀ ਨਾ ਚੜ੍ਹੇ ਤਾਂ ਜੋ ਉਥੇ ਜੋ ਗਰੀਬ ਲੋਕ ਹੋਣ, ਹਰੀਜਨ ਹੋਣ, ਉਹ ਜ਼ਮੀਨ ਨੂੰ ਲੈ ਸਕਣ ਅਤੇ ਬੇਨਾਮੀ ਵੀ ਕੋਈ ਨਾ ਲੈ ਸਕੇ ਅਤੇ ਹਰੀਜਨਾਂ ਵਿਚ ਵੀ ਜਿਹੜੇ ਅਮੀਰ ਹਨ, ਜਿਨ੍ਹਾਂ ਦੀ ਹਾਲਤ ਬਿਜ਼ਨੈਸ ਨਾਲ ਜਾਂ ਹੋਰ ਤਰੀਕੇ ਨਾਲ ਚੰਗੀ ਹੋ ਗਈ ਹੈ, ਉਹ ਬੋਲੀ ਨਾ ਦੇ ਸਕਣ ਤੇ ਬੋਲੀ ਦੇਣ ਵਾਲਾ ਉਹੀ ਹੋਵੇ ਜਿਨ੍ਹਾਂ ਨੇ ਖੇਤੀ ਬਾੜੀ ਕਰਨੀ ਹੈ ਅੱਤ ਕੰਮ ਹੀ ਇਹੀ ਕਰਦੇ ਹਨ । ਇਸ ਮਾਮਲੇ ਵਿਚ ਸਭ ਤੋਂ ਪਹਿਲਾਂ ਜਿਹੜੀ ਜ਼ਮੀਨ ਹੈ, ਉਹ ਹਰੀਜਨਾਂ ਨੂੰ ਮਿਲੇਗੀ । ਇਹ ਵੀ ਫੈਸਲਾ ਕਰ ਦਿਤਾ ਹੈ ਕਿ ਇਹ ਕੰਮ ਸਰਕਾਰ ਕੋਸ਼ਿਸ਼ ਕਰੇ ਕਿ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਨਿਪਟਾ ਦੇਵੇ । (ਟਰੈਜ਼ਰੀ ਬੈਂਚਿਜ਼ ਵਲੋਂ ਥੰਪਿੰਜ)

ਭਗਤ ਗੁਰਦਾਸ ਚੰਸ : ਮੈਂ ਰਿਕੁਐਸਟ ਕਰਦਾ ਹਾਂ ਕਿ ਜਿਹੜੀ ਜੰਗਲਾਤ ਦੀ ਜ਼ਮੀਨ ਪਈ ਹੋਈ ਹੈ, ਉਹ ਵੀ ਹਰੀਜਨਾਂ ਨੂੰ ਦਿਤੀ ਜਾਵੇ ।

ਮੁੱਖ ਮੰਤਰੀ : ਭਗਤ ਗੁਰਦਾਸ ਚਸ ਜੀ ਨੂੰ ਪਤਾ ਹੋਵੇਗਾ ਕਿ ਰਿਹੈਬਲੀਟੇਸ਼ਨ ਡਿਪਾਰਟਮੈਂਟ ਵਲੋਂ ਜਿਹੜੀ ਜ਼ਮੀਨ ਜੰਗਲਾਤ ਨੂੰ ਦਿਤੀ ਗਈ ਸੀ, ਉਸ ਦੇ ਵਿਚ ਇੰਤਜ਼ਾਮ ਇਹ ਰਖਿਆ ਗਿਆ ਸੀ ਕਿ ਨਵੇਂ ਪੰਜਾਬ ਵਿਚ ਫੌਰੈਸਟ ਬਹੁਤ ਥੋੜਾ ਰਹਿ ਗਿਆ ਹੈ, ਇਸ ਵਾਸਤੇ ਕੁਝ ਜੰਗਲਾਤ ਹੋਣੇ ਬਹੁਤ ਜ਼ਰੂਰੀ ਹਨ ਤਾਂ ਜੋ ਜ਼ਮੀਨ ਖੁਰ ਖੁਰ ਕੇ ਦੂਜੀ ਜ਼ਮੀਨ ਨੂੰ ਖਰਾਬ ਨਾ ਕਰੇ ਅਤੇ ਮਿੱਟੀ ਤਾਂ ਹੀ ਰੁਕ ਸਕਦੀ ਹੈ ਜੇ ਦਰਖਤ ਹੋਣ । ਬਾਗਬਾਨੀ ਵੀ ਤਾਂ ਹੀ ਹੁੰਦੀਆਂ ਹਨ ਅਤੇ ਲਕੜੀ ਦੀ ਵੀ ਜ਼ਰੂਰਤ ਹੁੰਦੀ ਹੈ । ਇਸ ਕਰਕੇ ਇਹ ਜ਼ਮੀਨ ਜੰਗਲਾਤ ਨੂੰ ਦਿਤੀ ਗਈ ਸੀ ਲੇਕਿਨ ਪਰੈਕਟੀਕਲ ਤੌਰ ਤੇ ਵੇਖਿਆ ਗਿਆ ਕਿ ਇਸ ਨਾਲ ਹਰੀਜਨ ਅਤੇ ਬੈਕਵਰਡ ਕਲਾਸਿਜ਼ ਦੇ ਲੋਕੀਂ ਜਿਹੜੇ ਉਥੇ ਵਸਦੇ ਸਨ, ਉਨ੍ਹਾਂ ਨੂੰ ਪਹਿਲਾਂ ਨਾਲੋਂ ਵੀ ਜ਼ਿਆਦਾ ਮੁਸੀਬਤ ਹੋ ਗਈ ਜਿਸ ਦਾ ਕਾਰਨ ਇਹ ਸੀ ਕਿ ਉਨ੍ਹਾਂ ਦੀਆਂ ਗਊਆਂ, ਮੱਝਾਂ, ਭੇਡਾਂ ਤੇ ਬਕਰੀਆਂ ਵੀ ਉਥੇ ਨਹੀਂ ਜਾ ਸਕਦੀਆਂ

Original with;
Punjab Vidhan Sabha
Digitized by;
Panjab Digital Library

(ਮੁੱਖ ਮੰਤਰੀ)

ਸਨ । ਅਸੀਂ ਵੇਖਿਆ ਹੈ ਕਿ ਫੌਰੈਸਟ ਡਿਪਾਰਟਮੈਂਟ ਦੇ ਉਥੋਂ ਦੇ ਕਰਮਚਾਰੀ ਉਨ੍ਹਾਂ ਗਰੀਬ ਲੋਕਾਂ ਤੋਂ ਕੁਝ ਲੈਕੇ ਫੌਰੈਸਟ ਨੂੰ ਵੀ ਉਜਾੜ ਸਕਦੇ ਹਨ ਅਤੇ ਉਨ੍ਹਾਂ ਲੋਕਾਂ ਨੂੰ ਵੀ ਤੰਗ ਕਰਦੇ ਹਨ । ਇਸ ਕਰਕੇ ਅਸੀਂ ਨਵੀਂ ਸਕੀਮ ਦੇ ਅਧੀਨ ਐਗਰੀਕਲਚਰ ਮਨਿਸਟਰ, ਸਰਦਾਰ ਗੁਰਬੰਤਾ ਸਿੰਘ ਨੂੰ ਇਹ ਮਸ਼ਵਰਾ ਦਿਤਾ—ਸ਼ਾਇਦ ਉਨ੍ਹਾਂ ਨੇ ਇਹ ਚੀਜ਼ ਮੁਕੰਮਲ ਵੀ ਕਰ ਲਈ ਹੋਵੇ ।

ਖੇਤੀ ਬਾੜੀ ਅਤੇ ਜੰਗਲਾਤ ਮੰਤਰੀ : ਕਰ ਲਿਆ ਹੈ ਜੀ ।

ਮੁੱਖ ਮੰਤਰੀ : ਕਿ ਇਹ ਜ਼ਮੀਨ ਜਿਹੜੀ ਹੈ ਵੰਡੀ ਜਾਵੇ ਅਤੇ ਫੌਰੈਸਟ ਦਾ ਕੰਮ ਵੀ ਚਲਦਾ ਰਹੇ । ਇਸ ਕਰਕੇ ਫੌਰੈਸਟ ਵਾਸਤੇ ਜਿੰਨੇ ਡਿਪਾਰਟਮੈਂਟ ਵਾਲੇ ਕਹਿਣ ਕਿ ਇਕ ਏਕੜ ਵਿਚ ਇੰਨੇ ਦਰਖਤ ਲਗਣਗੇ, ਉਹ ਜ਼ਰੂਰ ਲਗਾਏ ਜਾਣਗੇ ਅਤੇ ਜ਼ਮੀਨ ਨੂੰ ਉਥੇ ਦਾ ਹਰੀਜਨ ਵਰਤੇ, ਉਥੋਂ ਦਾ ਘਾ ਪੱਠਾ ਅਤੇ ਸਬਜ਼ੀ ਵਗੈਰਾ ਵੀ ਵਰਤੇਗਾ, ਸਿਰਫ ਇੱਕ ਗਲ ਕਰਨੀ ਹੋਵੇਗੀ ਕਿ ਉਸ ਜ਼ਮੀਨ ਨੂੰ ਉਹ ਵੇਚੇਗਾ ਨਹੀਂ, ਉਸ ਜ਼ਮੀਨ ਵਿਚ ਜਿੰਨੇ ਦਰਖਤ ਚਾਹੀਦੇ ਹਨ, ਉਹ ਜ਼ਰੂਰ ਲਗਣਗੇ । ਇਸ ਤਰ੍ਹਾਂ ਕਰਨ ਨਾਲ ਦੋਨੋਂ ਮਕਸਦ ਪੂਰੇ ਹੋ ਸਕਦੇ ਹਨ, ਉਨ੍ਹਾਂ ਲੋਕਾਂ ਨੂੰ ਗੁਲਾਮੀ ਵੀ ਨਾ ਰਹੇ ਅਤੇ ਜ਼ਮੀਨਾਂ ਤੋਂ ਲਾਭ ਵੀ ਉਠਾ ਸਕਣ । ਛੋਟੇ ਪਹਾੜਾਂ ਵਿਚ ਇਸ ਚੀਜ਼ ਦੀ ਜ਼ਿਆਦਾ ਜ਼ਰੂਰਤ ਸੀ ਕਿ ਉਥੇ ਫਾਰੈਸਟ ਵੀ ਹੋ ਜਾਵੇ ।

ਭਗਤ ਗੁਰਾਂ ਦਾਸ ਹੰਸ : ਇਹ ਜੋ ਚੀਫ ਮਨਿਸਟਰ ਸਾਹਿਬ ਨੇ ਜੰਗਲਾਤ ਦੀ ਜ਼ਮੀਨ ਬਾਰੇ ਕਿਹਾ ਹੈ, ਇਹ ਬਹੁਤ ਚੰਗਾ ਕੀਤਾ ਹੈ, ਇਸ ਤਰ੍ਹਾਂ ਨਾਲ ਗਰੀਬ ਲੋਕ, ਹਰੀਜਨ ਬਚ ਜਾਣਗੇ ਜਿਨ੍ਹਾਂ ਦਾ ਰੋਜ਼ ਚਾਲਾਨ ਹੁੰਦਾ ਸੀ । ਪਰ ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਉਸ ਜ਼ਮੀਨ ਦਾ ਮਾਲਿਕ ਹਰੀਜਨ ਨੂੰ ਬਣਾਉ, ਇਹ ਨਾ ਕਰੋ ਕਿ ਮਾਲਿਕ ਸਰਕਾਰ ਹੋਵੇ ।

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : ਮੈਂ ਚੀਫ ਮਨਿਸਟਰ ਸਾਹਿਬ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿੰਨੀ ਕੁਲ ਜ਼ਮੀਨ ਹੈ ਅਤੇ ਕਿੰਨੀ ਤੇ ਨਾਜਾਇਜ਼ ਕਬਜ਼ਾ ਹੈ ਅਤੇ ਉਸ ਨਾਜਾਇਜ਼ ਕਬਜ਼ੇ ਵਿਚ ਕਿੰਨਿਆਂ ਹਰੀਜਨਾਂ ਦਾ ਕਬਜ਼ਾ ਹੈ ਅਤੇ ਕਿੰਨੇ ਨਾਨ-ਹਰੀਜਨਾਂ ਦਾ ਕਬਜ਼ਾ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਬੇਨਤੀ ਕਰ ਰਿਹਾ ਸੀ ਕਿ ਉਹ ਜ਼ਮੀਨ ਜਿਹੜੀ ਲਿਮਿਟਿਡ ਨਿਲਾਮੀ ਨਾਲ ਦੇਣੀ ਹੈ ਤੇ ਕਾਇਦੇ ਕਾਨੂੰਨ ਨਾਲ, ਫੌਰੈਸਟ ਮੈਨੂਅਲ ਦੇ ਮੁਤਾਬਿਕ ਜ਼ਮੀਨ ਦੇਣੀ ਹੈ, ਉਸ ਦੇ ਵਿਚ ਕਰਿਸਚੀਅਨ ਜੋ ਖੇਤੀ ਬਾੜੀ ਕਰਦੇ ਹਨ ਉਹ ਵੀ ਹੱਕਦਾਰ ਹੋਣਗੇ ਅਤੇ ਉਸ ਜ਼ਮੀਨ ਦਾ ਉਨ੍ਹਾਂ ਨੂੰ ਵੀ ਹਿਸਾ ਮਿਲੇਗਾ ।

ਸਰਦਾਰ ਬਸੰਤ ਸਿੰਘ ਖਾਲਸਾ : ਮੇਰੀ ਬੇਨਤੀ ਹੈ ਕਿ ਜਿਹੜੀਆਂ ਵਧ ਜ਼ਮੀਨਾਂ ਹਨ, ਉਹ ਹਰੀਜਨਾਂ ਨੂੰ ਹੀ ਦਿਤੀਆਂ ਜਾਣੀਆਂ ਸਨ ਹੋਰ ਕਿਸੇ ਨੂੰ ਨਹੀਂ ਦਿਤੀਆਂ ਜਾਣੀਆਂ ਸਨ । ਇਸ ਕਰਕੇ ਮੈਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜਿਹੜੀ ਸ਼ਡਿਊਲਡ ਕਾਸਟਸ ਵਾਲੀ ਲਿਸਟ ਹੈ, ਉਨ੍ਹਾਂ ਨੂੰ ਹੀ ਇਹ ਜ਼ਮੀਨਾਂ ਦਿਤੀਆਂ ਜਾਣ, ਬਾਕੀ ਦੇ ਤਾਂ ਰੋਟੀ ਖਾਂਦੇ ਹਨ ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਨਿਸ਼ਾਨਾ ਇਹ ਰਖਿਆ ਗਿਆ ਹੈ ਕਿ ਗਰੀਬਾਂ ਦੀ ਮਦਦ ਸਭ ਤੋਂ ਜ਼ਿਆਦਾ ਹੋ ਸਕੇ । ਰਾਜਨੀਤਕ ਤੌਰ ਤੇ, ਸਮਾਜਿਕ ਤੌਰ ਤੇ ਆਰਥਿਕ ਤੌਰ ਤੇ ਜੋ ਪਛੜੇ ਹੋਏ ਅਤੇ ਗਰੀਬ ਲੋਕ ਹਨ ਉਨ੍ਹਾਂ ਨੂੰ ਅਪਰ ਕਲਾਸ ਦੀ ਸੁਸਾਇਟੀਆਂ ਦੇ ਬਰਾਬਰ ਲਿਆਂਦਾ ਜਾਵੇ ਅੱਰ ਉਨ੍ਹਾਂ ਨੂੰ ਉਚਾ ਚੁਕਣ ਵਾਸਤੇ ਜਿਥੇ ਸਰਕਾਰ ਦਾ ਫਰਜ਼ ਹੈ ਉਥੇ ਸਾਰੇ ਸਮਾਜ ਦਾ ਵੀ ਫਰਜ਼ ਹੈ । ਇਸ ਦੇ ਨਾਲ ਨਾਲ ਅਸੀਂ ਇਹ ਵੀ ਯਤਨ ਕਰਾਂਗੇ ਕਿ ਲੋਕਾਂ ਵਿਚ ਬਿਟਰਨੈਸ ਵੀ ਨਾ ਹੋਵੇ । ਜਿਨ੍ਹਾਂ ਲੋਕਾਂ ਨੂੰ ਹੁਣ ਤਕ ਦਬਾ ਕੇ ਥਲੇ ਰਖਿਆ ਗਿਆ ਹੈ ਉਨ੍ਹਾਂ ਲੋਕਾਂ ਨੂੰ ਉਚਾ ਚੁਕਣ ਵਾਸਤੇ ਅਪਰ ਕਲਾਸ ਸੁਸਾਇਟੀਜ਼ ਦਾ ਦਿਮਾਗ ਦਰੁਸਤ ਹੋਣਾ ਚਾਹੀਦਾ ਹੈ, ਅਸੀਂ ਇਸ ਵਾਸਤੇ ਵੀ ਪੂਰੀ ਕੋਸ਼ਿਸ਼ ਕਰਾਂਗੇ ।

ਹਰੀਜਨ ਅਤੇ ਹੋਰ ਪਛੜੇ ਹੋਏ ਲੋਕ, ਗਰੀਬ ਲੋਕ ਜਿਨ੍ਹਾਂ ਨੂੰ ਹੁਣ ਤਕ ਦਬਾ ਕੇ ਰਖਿਆ ਗਿਆ ਹੈ ਉਹ ਇਹ ਨਾ ਸਮਝਣ ਕਿ ਇਸ ਵਿਚ ਸਿਰਫ ਅਪਰ ਕਲਾਸ ਦਾ ਹੀ ਕਸੂਰ ਸੀ । ਮੈਂ ਤਾਂ ਕਹਿੰਦਾ ਹਾਂ ਕਿ ਇਸ ਵਿਚ ਸਾਰੇ ਨਿਜ਼ਾਮ ਦਾ ਕਸੂਰ ਸੀ, ਇਥੇ ਜਿਹੜੀਆਂ ਸਰਕਾਰਾਂ ਆਈਆਂ ਉਨ੍ਹਾਂ ਦਾ ਕਸੂਰ ਸੀ ਜਿਨ੍ਹਾਂ ਨੇ ਅਪਰ ਕਲਾਸ ਨੂੰ ਇਹ ਮੌਕਾ ਦਿਤਾ ਕਿ ਇਨ੍ਹਾਂ ਪਛੜੀਆਂ ਸ਼ਰੇਣੀਆਂ ਨੂੰ ਦਬਾ ਕੇ ਰਖਿਆ ਜਾਵੇ । ਇਸ ਕਰਕੇ ਇਨ੍ਹਾਂ ਦੇ ਮਨ ਵਿਚ ਨਫਰਤ ਨਹੀਂ ਹੋਣੀ ਚਾਹੀਦੀ ਕੋਈ ਬਦਲੇ ਦੀ ਭਾਵਨਾ ਨਹੀਂ ਹੋਣੀ ਚਾਹੀਦੀ । ਮੈਂ ਸਮਝਦਾ ਹਾਂ ਕਿ ਜਿੰਨੀ ਦੇਰ ਤਕ ਅਸੀਂ ਇਨ੍ਹਾਂ ਹਰੀਜਨਾਂ ਨੂੰ ਪਛੜੀਆਂ ਸ਼ਰੇਣੀਆਂ ਦੇ ਵਰਗਾਂ ਨੂੰ ਸਮਾਜਿਕ ਪੱਧਰ ਤੇ ਨਹੀਂ ਲਿਆ ਸਕਦੇ ਅਤੇ ਇਨ੍ਹਾਂ ਨੂੰ ਮਜ਼ਬੂਤ ਨਹੀਂ ਕਰ ਸਕਦੇ, ਸਾਡਾ ਨਿਸ਼ਾਨਾ ਪੂਰਾ ਨਹੀਂ ਹੋ ਸਕਦਾ । ਇਸ ਵਾਸਤੇ ਸਰਕਾਰ ਅਤੇ ਲੋਕਾਂ ਨੂੰ ਮਿਲ ਕੇ ਚਲਣਾ ਚਾਹੀਦਾ ਹੈ ਤਾਂ ਹੀ ਅਸੀਂ ਇਸ ਆਪਣੇ ਨਿਸ਼ਾਨੇ ਵਿਚ ਸਫਲ ਹੋ ਸਕਦੇ ਹਾਂ ।

ਸਰਦਾਰ ਅਜਾਇਬ ਸਿੰਘ ਸੰਧੂ : ਪੁਆਇੰਟ ਆਫ ਇਨਫਰਮੇਸ਼ਨ, ਸਰ । ਸਪੀਕਰ ਸਾਹਿਬ ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿੰਨੀ ਨਿਕਾਸੀ ਜ਼ਮੀਨ ਪੰਜਾਬ ਸਰਕਾਰ ਨੇ ਹਿੰਦ ਸਰਕਾਰ ਤੋਂ ਪੈਕੇਜ ਡੀਲ ਵਾਸਤੇ ਖਰੀਦੀ ਸੀ ਤਾਂ ਕਿਹਾ ਸੀ ਕਿ ਇਹ ਜ਼ਮੀਨ ਹਰੀਜਨਾਂ ਵਿਚ ਵੰਡਣੀ ਹੈ ਉਸ ਵੇਲੇ ਇਹ ਬੈਕਵਰਡ ਕਲਾਸਿਜ਼ ਅਤੇ ਕਰਿਸਚੀਅਨ ਨੂੰ ਨਹੀਂ ਸੀ ਦਿਤੀ ਜਾਣੀ । ਪਰ ਹੁਣ ਇਹ ਸੈਂਟਰ ਨਾਲ ਹੋਏ ਵਾਇਦੇ ਦੀ ਕਿਉਂ ਉਲੰਘਣਾ ਕਰ ਰਹੇ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਵਿਚ ਕੋਈ ਉਲੰਘਣਾ ਨਹੀਂ ਹੋ ਰਹੀ ਹੈ । ਗਵਰਨਰ ਸਾਹਿਬ ਦੇ ਰਾਜ ਦੇ ਵੇਲੇ ਰਾਏ ਸਿਖਾਂ ਨੂੰ ਇਨ੍ਹਾ ਵਿਚ ਸ਼ਾਮਿਲ ਕੀਤਾ ਗਿਆ ਸੀ ਅੱਰ ਇਹ ਕਰਿਸਚੀਅਨ ਵੀ ਹਰੀਜਨਾਂ ਦੀ ਇਕ ਉਂਗਲੀ ਹਨ । ਇਹ ਹਰੀਜਨਾਂ ਵਿਚੋਂ ਹੀ ਪੈਦਾ ਹੋਏ ਹਨ । ਜੇ ਕਿਸੇ ਨੇ ਕਰਿਸਚੀਅਨ ਦਾ ਮਜ਼ਹਬ ਧਾਰਨ ਕਰ ਲਿਆ ਤਾਂ ਉਸ ਨੂੰ ਇਹ ਨਹੀਂ ਕਿਹਾ ਜਾ ਸਕਦਾ ਕਿ ਉਸ ਨੂੰ ਹਰੀਜਨਾਂ ਵਾਲੀ ਰਿਆਇਤ ਨਹੀਂ ਮਿਲਣੀ ਚਾਹੀਦੀ । ਇਨ੍ਹਾਂ ਦੀ ਤਾਦਾਦ ਬਹੁਤ ਘਟ ਹੈ । ਇਹ ਅਸਲ ਵਿਚ ਹਰੀਜਨ ਹੀ ਹਨ ।

Original with;
Punjab Vidhan Sabha
Digitized by
Panjab Digital Library

(ਮੁੱਖ ਮੰਤਰੀ)

ਬੈਕਵਰਡ ਕਲਾਸ ਵਾਲਿਆਂ ਨੂੰ ਵੀ ਰਿਆਇਤਾਂ ਦਿਤੀਆਂ ਜਾਂਦੀਆਂ ਹਨ ਤਾਕਿ ਉਨ੍ਹਾਂ ਨੂੰ ਵੀ ਉਚਾ ਉਠਾਇਆ ਜਾ ਸਕੇ। ਪਰ ਜਿਹੜੀ ਜ਼ਮੀਨ ਹਰੀਜਨਾਂ ਦੇ ਨਾਂ ਤੇ ਲਈ ਗਈ ਹੈ ਉਹ ਹਰੀਜਨਾਂ ਦੇ ਲਈ ਹੈ ਅਤੇ ਉਹ ਹਰੀਜਨਾਂ ਨੂੰ ਹੀ ਦਿਤੀ ਜਾਵੇਗੀ। ਪਰ ਜਿਹੜੀਆਂ ਬੈਕਵਰਡ ਕਲਾਸਿਜ਼ ਹਨ, ਗਰੀਬ ਤਬਕੇ ਹਨ ਉਨ੍ਹਾਂ ਨੂੰ ਵੀ ਆਪਣੇ ਨਾਲ ਉਚਾ ਚੁਕਣਾ ਸਾਡਾ ਫਰਜ਼ ਹੈ ਅਤੇ ਇਹ ਇਕ ਚੰਗਾ ਕਦਮ ਹੈ।

ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਸਾਰਿਆਂ ਪਾਸਿਆਂ ਤੋਂ ਰਿਜ਼ਰਵੇਸ਼ਨ ਦੀ ਪ੍ਰਸੰਸਾ ਹੋਈ ਹੈ ਲੇਕਿਨ ਅਕਾਲੀ ਪਾਰਟੀ ਦੇ ਜੋ ਡਿਪਟੀ ਲੀਡਰ ਸਾਹਿਬ ਹਨ ਉਨ੍ਹਾਂ ਨੇ ਇਸ ਵਿਚ ਵੀ ਸ਼ੰਕਾ ਪਰਗਟ ਕੀਤਾ ਹੈ। ਉਨ੍ਹਾਂ ਦਾ ਇਹ ਖਿਆਲ ਸੀ ਕਿ ਭਾਸ਼ਨ ਕਰਵਾਏ ਜਾਂਦੇ ਹਨ ਪਰ ਅਮਲ ਕੁਝ ਨਹੀਂ ਕੀਤਾ ਜਾਂਦਾ। ਪਰ ਸਪੀਕਰ ਸਾਹਿਬ, ਸਾਡਾ ਇਹ ਨਿਸ਼ਾਨਾ ਜਿਵੇਂ ਉਨ੍ਹਾਂ ਨੇ ਕਿਹਾ ਹੈ ਕੇਵਲ ਭਾਸ਼ਨਾਂ ਤੀਕ ਹੀ ਸੀਮਤ ਨਹੀਂ, ਅਸੀਂ ਤਾਂ ਜੋ ਗਲ ਦਿਲ ਵਿਚ ਰਖਦੇ ਹਾਂ ਉਹੀ ਮੂੰਹ ਤੇ ਲਿਆਉਂਦੇ ਹਾਂ ਅਤੇ ਉਸ ਤੇ ਅਮਲ ਕਰਦੇ ਹਾਂ। ਜਿਹੜੀ ਗਲ ਅਸੀਂ ਪੂਰੀ ਨਹੀਂ ਕਰ ਸਕਦੇ ਉਸ ਦਾ ਅਸੀਂ ਵਾਇਦਾ ਹੀ ਨਹੀਂ ਕਰਦੇ। ਇਸ ਤਰ੍ਹਾਂ ਗਲਤ ਗਲ ਕਹਿਣ ਦੀ ਲੋੜ ਹੀ ਨਹੀਂ ਰਹਿੰਦੀ। ਜਦੋਂ ਫੈਸਲਾ ਹੋ ਜਾਂਦਾ ਹੈ ਤਾਂ ਕਹਿ ਦਿੰਦੇ ਹਾਂ ਕਿ ਇਹ ਅਸੀਂ ਕਰ ਦਿਤਾ ਹੈ ਅਤੇ ਜਦੋਂ ਤਕ ਨਹੀਂ ਹੋਇਆ ਤਾਂ ਕਹਿੰਦੇ ਹਾਂ ਕਿ ਇਸ ਤੇ ਅਸੀਂ ਵਿਚਾਰ ਕਰ ਰਹੇ ਹਾਂ। ਲੇਕਿਨ ਮੈਂ ਜਾਣਦਾ ਹੀ ਹਾਂ ਕਿ ਡਿਪਟੀ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਕੁਝ ਨਾ ਕੁਝ ਤਾਂ ਸਰਕਾਰ ਦੇ ਖਿਲਾਫ ਕਹਿਣਾ ਹੀ ਸੀ।

ਮੈਂ ਮਹਿਸੂਸ ਕਰਦਾ ਹਾਂ ਕਿ ਪਹਿਲਾਂ ਬਹੁਤ ਵਾਰੀ ਕਈ ਗਲਾਂ ਕਹਿ ਦਿਤੀਆਂ ਜਾਂਦੀਆਂ ਸਨ ਪਰ ਉਨ੍ਹਾਂ ਤੇ ਅਮਲ ਨਹੀਂ ਸੀ ਹੁੰਦਾ। ਇਸ ਸਰਕਾਰ ਨੇ ਤਾਂ ਆਪਣੀਆਂ ਗਲਾਂ ਤੇ ਅਮਲ ਕਰਨ ਵਾਸਤੇ, ਇਹ ਪਹਿਲੀ ਸਰਕਾਰ ਹੈ, ਜਿਸ ਵਿਚ 2 ਪੂਰੇ ਮਨਿਸਟਰ ਹਰੀਜਨ ਲਾਏ ਹੋਏ ਹਨ ਅਤੇ ਇਨ੍ਹਾਂ ਦੋਨੋਂ ਕੋਲੋਂ ਇਨ੍ਹਾਂ ਹਰੀਜਨਾਂ ਦੀ ਵੈਲਫੇਅਰ ਤੋਂ ਇਲਾਵਾ ਹੋਰ ਵੀ ਕਈ ਅਹਿਮ ਮਹਿਕਮੇ ਹਨ। ਸਪੀਕਰ ਸਾਹਿਬ, ਐਜੂਕੇਸ਼ਨ ਦਾ ਮਹਿਕਮਾ ਬੜਾ ਅਹਿਮ ਮਹਿਕਮਾ ਹੈ ਜਿਹੜਾ ਕਿ ਸ਼੍ਰੀ ਕੁਲਮੇਲ ਸਿੰਘ ਜੀ ਕੋਲ ਹੈ। ਇਸੇ ਤਰ੍ਹਾਂ ਐਗਰੀਕਲਚਰ ਡਿਪਾਰਟਮੈਂਟ ਅਤੇ ਫੋਰੈਸਟ ਡਿਪਾਰਟਮੈਂਟ ਮਾਸਟਰ ਕੁਰਬੰਤਾ ਸਿੰਘ ਜੀ ਕੋਲ ਹਨ ਅਤੇ ਹੋਰ ਵੀ ਕਈ ਮਹਿਕਮੇ ਅਜਿਹੇ ਹਨ ਜਿਹੜੇ ਸਿਰਫ ਹਰੀਜਨਾਂ ਨਾਲ ਤੁਅਲਕ ਨਹੀਂ ਰਖਦੇ ਬਲਕਿ ਅਪਰ ਕਲਾਸ ਨਾਲ ਤੁਅਲਕ ਰਖਦੇ ਹਨ ਜੋ ਅਸੀਂ ਹਰੀਜਨ ਮੰਤਰੀਆਂ ਨੂੰ ਦਿਤੇ ਹੋਏ ਹਨ। ਜੇ ਅਸੀਂ ਹਰੀਜਨਾਂ ਨੂੰ ਉਚਾ ਨਾ ਚੁਕਣਾ ਹੁੰਦਾ ਤਾਂ ਇਨ੍ਹਾਂ ਵਜ਼ੀਰਾਂ ਕੋਲ ਸਿਰਫ ਲੇਬਰ ਦਾ ਹੀ ਮਹਿਕਮਾ ਹੁੰਦਾ ਜਾਂ ਵੈਲਫੇਅਰ ਦਾ ਮਹਿਕਮਾ ਹੁੰਦਾ। ਪਰ ਸਾਡੀ ਇਹ ਭਾਵਨਾ ਨਹੀਂ ਸੀ। ਅਸੀਂ ਤਾਂ ਇਹ ਚਾਹੁੰਦੇ ਹਾਂ ਕਿ ਹਰੀਜਨਾਂ ਅਤੇ ਹੋਰ ਗਰੀਬ ਤਬਕਿਆਂ ਨੂੰ ਅਪਰ ਕਲਾਸ ਦੇ ਬਰਾਬਰ ਲਿਆਂਦਾ ਜਾਵੇ। ਇਸ ਸਰਕਾਰ ਦੀ ਇਹ ਸਭ ਤੋਂ ਵਡੀ ਮਨਸ਼ਾ ਹੈ।

ਸਪੀਕਰ ਸਾਹਿਬ, ਅਸੀਂ ਇਹ ਨਹੀਂ ਸ਼ੀ ਚਾਹੁੰਦੇ ਕਿ ਸਿਵਲ ਸਪਲਾਈ ਦਾ ਮਹਿਕਮਾ ਕਿਸੇ ਲਾਲੇ ਕੋਲ ਹੁੰਦਾ। ਅਸੀਂ ਇਹ ਸਿਵਲ ਸਪਲਾਈ ਦਾ ਮਹਿਕਮਾ ਕਿਸੇ ਲਾਲੇ ਨੂੰ ਨਹੀਂ ਦਿਤਾ। ਬਲਕਿ ਸਿਵਲ ਸਪਲਾਈ ਦਾ ਮਹਿਕਮਾ ਇਕ ਚੰਗੇ ਹਜੇ ਪੁਜੇ ਜ਼ਿਮੀਂਦਾਰ

Original with;
Punjab Vidhan Sabha
Digitized by;
Panjab Digital Library

ਕੋਲ ਹੈ । ਇਸੇ ਤਰ੍ਹਾਂ ਹੀ ਐਕਸਾਈਜ਼ ਦਾ ਮਹਿਕਮਾ ਇਕ ਆਰੀਆ ਸਮਾਜੀ ਅਤੇ ਮੈਨੇ ਪਰਮੈਨੇ ਹਿੰਦੂ ਨੂੰ ਦਿਤਾ ਗਿਆ ਹੈ । ਸਪੀਕਰ ਸਾਹਿਬ, ਸਾਰਿਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਸ ਤਰ੍ਹਾਂ ਵੱਖ ਵੱਖ ਮੰਤਰੀਆਂ ਨੂੰ ਵੱਖ ਵੱਖ ਕੰਮ ਦੇਣ ਨਾਲ ਫਾਇਦਾ ਹੋਇਆ ਹੈ ਨੁਕਸਾਨ ਨਹੀਂ ਹੋਇਆ ।

ਹਰੀਜਨਾਂ ਦੇ ਹਿੱਤਾਂ ਵਿਚ ਜਿਹੜੇ ਫੈਸਲੇ ਕੀਤੇ ਜਾਂਦੇ ਹਨ ਉਨ੍ਹਾਂ ਨੂੰ ਇੰਮਪਲੀਮੈਂਟ ਕਰਨ ਲਈ ਇਕ ਕਮੇਟੀ ਬਣਾਈ ਗਈ ਹੈ ਅਤੇ ਉਸ ਕਮੇਟੀ ਵਿਚ ਸਾਡੇ ਐਗਰੀਕਲਚਰ ਮਨਿਸਟਰ ਸਾਹਿਬ ਮਾਸਟਰ ਗੁਰਬੰਤਾ ਸਿਘ, ਐਜੂਕੇਸ਼ਨ ਮਨਿਸਟਰ ਸਾਹਿਬ ਸ੍ਰੀ ਗੁਰਮੇਲ ਸਿੰਘ ਅਤੇ ਭਗਤ ਗੁਰਦਾਸ ਹੰਸ ਲਏ ਹੋਏ ਹਨ ਜਿਹੜੇ ਕਿ ਹਰੀਜਨਾਂ ਦੇ ਹਿਤਾਂ ਦੀ ਪੂਰੀ ਦੇਖ ਭਾਲ ਕਰਨ ਵਾਲੇ ਹਨ । ਫਿਰ ਸਪੀਕਰ ਸਾਹਿਬ, ਇਨ੍ਹਾਂ ਨੂੰ ਕਿਹਾ ਗਿਆ ਹੈ ਕਿ ਇਸ ਤਰ੍ਹਾਂ ਦੇ ਅਫਸਰ ਜਿਹੜੇ ਕਿ ਇਨ੍ਹਾਂ ਫੈਸਲਿਆਂ ਤੇ ਅਮਲ ਨਹੀਂ ਕਰਦੇ ਜਾਂ ਨਹੀਂ ਕਰਨ ਦਿੰਦੇ ਉਸ ਦਾ ਨਾਂ ਮੈਨੂੰ ਦਸੋ ਮੈਂ ਉਸ ਨੂੰ ਪੂਰੀ ਪੂਰੀ ਸਜ਼ਾ ਦੇਵਾਂਗਾ ਅਤੇ ਮੈਂ ਹੀ ਉਸ ਨਾਲ ਚੰਗੀ ਤਰਾਂ ਨਿਪਟਾਂਗਾ। (ਤਾੜੀਆਂ) ਅਸੀਂ ਨਿਮਾਣਿਆਂ ਨੂੰ ਮਾਣ, ਨਿਆਸਰਿਆਂ ਨੂੰ ਆਸਰਾ ਅਤੇ ਨਿਤਾਣਿਆਂ ਨੂੰ ਤਾਣ ਦੇਣਾ ਹੈ । (ਤਾੜੀਆਂ)

ਸਪੀਕਰ ਸਾਹਿਬ, ਇਥੇ ਇਕ ਹੋਰ ਸਵਾਲ ਉਠਾਇਆ ਗਿਆ ਸੀ ਕਿ ਕਾਰਪੋਰੇਸ਼ਨ ਵਿਚ ਸਾਰੇ ਦੇ ਸਾਰੇ ਚਮਿਆਰ ਕਮਿਉਨਿਟੀ ਦੇ ਹਰੀਜਨ ਆਏ ਹਨ । ਮੈਂ ਇਸ ਨੂੰ ਚੈਕ ਕਰ ਲਵਾਂਗਾ । ਉਥੇ ਡਾਇਰੈਕਟਰ ਚਮਿਆਰ ਕਮਿਉਨਿਟੀ ਦੇ ਵੀ ਲਾਏ ਗਏ ਹਨ । ਅਸੀਂ ਇਸ ਖਿਆਲ ਨਾਲ ਬਿਲਕੁਲ ਉਨ੍ਹਾਂ ਨੂੰ ਨਹੀਂ ਲਿਆਏ । ਇਥੇ ਸਵਾਲ ਸਿਰਫ ਇਕ ਚਮਿਆਰ ਕਮਿਉਨਿਟੀ ਦਾ ਨਹੀਂ, ਇਥੇ ਤਾਂ ਸਵਾਲ ਹਰੀਜਨਾਂ ਦਾ ਵੀ ਹੈ । ਮੈਂ ਇਹ ਵੀ ਕੋਸ਼ਿਸ਼ ਕਰਾਂਗਾ ਕਿ .. .. ।

ਸ੍ਰੀ ਪਿਆਰਾ ਰਾਮ ਧੰਨੋਵਾਲੀ : ਪੁਆਇੰਟ ਆਫ ਇਨਫਰਮੇਸ਼ਨ, ਸਰ ।

ਸ੍ਰੀ ਸਪੀਕਰ : ਤੁਸੀਂ ਕੀ ਇਨਫਰਮੇਸ਼ਨ ਲੈਣਾ ਚਾਹੁੰਦੇ ਹੋ ? (What information do you want ?)

ਸ੍ਰੀ ਪਿਆਰਾ ਰਾਮ ਧੰਨੋਵਾਲੀ : ਸਪੀਕਰ ਸਾਹਿਬ, ਮੈਂ ਇਹ ਇਨਫਰਮੇਸ਼ਨ ਲੈਣਾ ਚਾਹੁੰਦਾ ਹਾਂ ਕਿ ਹੁਣੇ ਹੁਣੇ ਸਾਡੇ ਮੁੱਖ ਮੰਤਰੀ ਸਾਹਿਬ ਨੇ ਦਸਿਆ ਹੈ ਕਿ ਜਿੰਨੇ ਡਾਇਰੈਕਟਰ ਹਨ ਉਹ ਚਮਿਆਰ ਕਮਿਉਨਿਟੀ ਦੇ ਨਾਲ ਤੁਅੱਲਕ ਰਖਦੇ ਹਨ । ਮੈਂ ਪੁਛਦਾ ਹਾਂ ਕਿ ਜਿਹੜਾ ਚੇਅਰਮੈਨ ਲਾਇਆ ਹੈ ਉਹ ਕਿਹੜੀ ਕਮਿਉਨਿਟੀ ਦਾ ਹੈ ?

ਮੁੱਖ ਮੰਤਰੀ : ਇਕ ਇਹ ਗਲ ਵੀ ਕਿਸੇ ਨੇ ਪਆਇੰਟ ਆਊਟ ਕੀਤੀ ਸੀ ਕਿ ਹਰੀਜਨਾਂ ਨੂੰ ਠੀਕ ਤਰ੍ਹਾਂ ਨਾਲ ਨਹੀਂ ਵੇਖਿਆ ਜਾਂਦਾ, ਉਨ੍ਹਾਂ ਨੂੰ ਨਫਰਤ ਦੀ ਨਿਗਾਹ ਦੇ ਨਾਲ ਵੇਖਿਆ ਜਾਂਦਾ ਹੈ । ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਜੇ ਇਸ ਤਰਾਂ ਹੈ ਤਾਂ ਉਨ੍ਹਾਂ ਨੂੰ ਇਹ ਨਾਉਂ ਬਦਲ ਦੇਣੇ ਚਾਹੀਦੇ ਹਨ । ਬਹਤ ਸਾਰੇ ਲੋਕ ਆਪਣੀ ਜ਼ਾਤ ਛੁਪਾਉਣ ਦਾ ਯਤਨ ਕਰਦੇ ਹਨ ਅਤੇ ਆਪਣੇ ਆਪ ਨੂੰ ਰਾਜਪੂਤ ਜ਼ਾਤ ਅਖਵਾਉਂਦੇ ਹਨ । ਮੈਂ ਤਾਂ ਕਹਿੰਦਾ ਹਾਂ ਹਰ ਇਕ ਦਾ ਇਨਸਾਨੀਅਤ ਜਮਾਂਦਰੂ ਹੱਕ ਹੈ । ਜਿਥੋਂ ਤਕ ਰਿਜ਼ਰਵੇਸ਼ਨ

Original with;
Punjab Vidhan Sabha
Digitized by;
Panjab Digital Library

(ਮੁੱਖ ਮੰਤਰੀ)

ਦਾ ਸਵਾਲ ਹੈ, ਬਾਲਮੀਕ ਭਰਾਵਾਂ ਦਾ ਖਿਆਲ ਸੀ ਕਿ 25% ਵਿਚੋਂ 12% ਰਿਜ਼ਰਵੇਸ਼ਨ ਬਾਲਮੀਕੀਆਂ ਨੂੰ ਮਿਲੇ ਬਾਕੀ ਦੀ ਮਜ਼ਹਬੀ ਸਿੰਘਾਂ ਨੂੰ ਮਿਲਣੀ ਚਾਹੀਦੀ ਹੈ। ਮੈਂ ਸਮਝਦਾ ਹਾਂ ਕਿ ਬਾਲਮੀਕੀ ਬਾਅਦ ਦੇ ਵਿਚ ਬਣੇ ਪਹਿਲਾਂ ਬਾਲਮੀਕ ਰਿਸ਼ੀ ਹੋਏ ਹਨ, ਮਜ਼ਹਬੀਆਂ ਦੀ ਬਾਅਦ ਦੇ ਵਿਚ ਵਾਰੀ ਆਉਂਦੀ ਹੈ। ਐਜੂਕੇਸ਼ਨ ਦੇ ਮਹਿਕਮੇ ਨੇ ਭਰਤੀ ਕਰਨ ਵਾਸਤੇ ਇਕ ਕਮੇਟੀ ਬਣਾਈ ਸੀ। ਉਨ੍ਹਾਂ ਨੇ ਖੋਜ ਕਰਕੇ ਇਕ ਬਾਲਮੀਕੀ ਐਡਵੋਕੇਟ ਲਿਆਂਦਾ ਹੈ, ਜਿਹੜਾ ਕਾਰਪੋਰੇਸ਼ਨ ਦਾ ਚੇਅਰਮੈਨ ਹੈ ਉਹ ਵੀ ਬਾਲਮੀਕ ਹੈ। ਮੈਨੂੰ ਸਮਝ ਨਹੀਂ ਆਉਂਦੀ ਜਿਨ੍ਹਾਂ ਨੇ ਇਤਰਾਜ਼ ਕੀਤਾ ਹੈ ਉਨ੍ਹਾਂ ਨੂੰ ਇਹ ਗਲਾਂ ਕਿਉਂ ਨਹੀਂ ਦਿਸੀਆਂ। ਕੇਵਲ ਕਮੀਆਂ ਹੀ ਨਜ਼ਰ ਆਉਂਦੀਆਂ ਸਨ। ਉਨ੍ਹਾਂ ਨੂੰ ਦਰੁਸਤ ਗਲ ਦਸਣੀ ਚਾਹੀਦੀ ਸੀ। ਮੈਂ ਆਪ ਨੂੰ ਯਕੀਨ ਦਿਵਾਉਂਦਾ ਹਾਂ ਕਿ ਭਾਵੇਂ ਕੋਈ ਰਾਜਨੀਤਕ ਤੌਰ ਤੇ ਫੈਸਲੇ ਹੋਣ, ਭਾਵੇਂ ਐਜੂਕੇਸ਼ਨ ਵਾਸਤੇ ਹੋਣ, ਭਾਵੇਂ ਪਾਰਟੀ ~~ਪਾਲਿਸੀ ਦੇ ਫੈਸਲੇ~~ ਦੇ ਹੋਣ ਅਸੀਂ ਉਨ੍ਹਾਂ ਦੀ ਇੰਪਲੀਮੈਂਟੇਸ਼ਨ ਦੇ ਵਿਚ ਕੋਈ ਰੁਕਾਵਟ ਨਹੀਂ ਪਾਵਾਂਗੇ। ਇਸ ਤਰ੍ਹਾਂ ਦੀ ਮਸ਼ੀਨਰੀ ਸੈਟ-ਅੱਪ ਕਰਨ ਲਈ ਭਾਵੇਂ 4-5 ਮਹੀਨੇ ਹੋਰ ਲਗ ਜਾਣ ਅਸੀਂ ਲਾ ਦੇਵਾਂਗੇ। ਜੇ ਬੰਦੇ ਹੋਰ ਵੀ ਪਾਉਣੇ ਪਏ ਪਾ ਦੇਵਾਂਗੇ ਪਰ ਇਕ ਸਹੀ ਸੈਟ-ਅੱਪ ਕਾਇਮ ਕਰਕੇ ਹਰੀਜਨਾਂ ਦੀ ਭਲਾਈ ਲਈ ਯਤਨ ਕਰਾਂਗੇ। ਸਪੀਕਰ ਸਾਹਿਬ, ਮੈਂ ਮੁਨਾਸਿਬ ਇਹ ਸਮਝਦਾ ਹਾਂ ਕਿ ਜਿਹੜੇ ਹਾਊਸ ਵਿਚ ਚੰਗੇ ਸਜੈਸ਼ਨਜ਼ ਆਉਣ ਉਨ੍ਹਾਂ ਨੂੰ ਖਿੜੇ ਮੱਥੇ ਕਬੂਲ ਕਹਾਂ। ਪਰ ਜਿਹੜੀਆਂ ਮੰਗਾਂ ਇਨ੍ਹਾਂ ਮੈਂਬਰ ਸਾਹਿਬਾਨ ਨੇ ਲਿਆਂਦੀਆਂ ਹਨ ਮੈਂ ਤਾਂ ਇਹੋ ਹੀ ਕਹਾਗਾ ਕਿ ਉਨ੍ਹਾਂ ਨੇ ਆਪ ਹੀ ਲਿਆਂਦੀਆਂ ਹਨ, ਆਪ ਹੀ ਉਹ ਜਾਣਦੇ ਹਨ ਅਤੇ ਆਪ ਹੀ ਉਹ ਉਨ੍ਹਾਂ ਦਾ ਇਲਾਜ ਸਮਝਦੇ ਹਨ। ਬਸ ਇਤਨਾ ਕਹਿਕੇ ਮੈਂ ਬੈਠ ਜਾਂਦਾ ਹਾਂ।

Mr. Speaker : The House stands adjourned *sine die*,

(The Sabha then adjourned sine die)

10.16 P.M.

1151—3-3-75—2800—ਗਵਰਨਮੈਂਟ ਪ੍ਰੈਸ ਪਟਿਆਲਾ

Original with Punjab Vidhan Sabha
Digitized by Panjab Digital Library

Original with;
Punjab Vidhan Sabha
Digitized by;
Panjab Digital Library

Chief Reporter
Punjab Vidhan Sabha
Chandigarh

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library



Original with:
Punjab Vidhan Sabha
Digitized by:
Panjab Digital Library



B-18296

Original from
Punjab Digital Library
Digitized by
Panjab Digital Library



Original with;
Punjab Vidhan Sabha
Digitized by;
Panjab Digital Library